ਭਾਰਤੀ ਲੋਕ ਨੀਚ ਕਿਵੇਂ ਬਣੇ



ਗੁਰਨਾਮ ਸਿੰਘ
ਮੁਕਤਸਰ

ਭਾਰਤੀ ਲੋਕ ਨੀਚ ਕਿਵੇਂ ਬਣੇ



ਗੁਰਨਾਮ ਸਿੰਘ
ਮੁਕਤਸਰ

ਭਾਰਤੀ ਲੋਕ ਨੀਚ ਕਿਵੇਂ ਬਣੇ

(ਭਾਰਤ ਦੇ ਸਮਾਜਕ, ਧਾਰਮਕ, ਆਰਥਕ, ਰਾਜਨੀਤਕ, ਸਭਿਆਚਾਰਕ ਅਤੇ ਨੈਤਿਕ ਪ੍ਰਬੰਧਾਂ ਦਾ ਇਕ ਤੁਲਨਾਤਮਕ ਅਧਿਐਨ)

ਗੁਰਨਾਮ ਸਿੰਘ ਮੁਕਤਸਰ
M-94178-92333.

ਬਹੁਜਨ ਸਮਾਜ ਪ੍ਰਕਾਸ਼ਨ

BHARTI LOKNEECH KIVEN BANE
Prof. GURNAM SINGH
12/6765, Ambedkar Bhavan
Near Courts, Muktsar (Pb.)

ਪਹਿਲਾ ਐਡੀਸ਼ਨ : 1987 (ਸ੍ਰੀ ਗੁਰੂ ਰਵਿਦਾਸ ਪੁਰਬ 'ਤੇ)
ਦੂਜਾ ਐਡੀਸ਼ਨ : 1987 (ਅੰਬੇਡਕਰ ਪ੍ਰੀਨਿਰਵਾਣ ਦਿਵਸ 'ਤੇ)
ਤੀਜਾ ਐਡੀਸ਼ਨ : 1989 ('ਸਿੱਖਾਂ ਦਾ ਹਿੱਤ ਬਸਪਾ ਨਾਲ ਸੁਰੱਖਿਅਤ' ਸੰਮੇਲਨ, ਲੁਧਿਆਣਾ ਸਮੇਂ)
ਚੌਥਾ ਐਡੀਸ਼ਨ : 1994 (ਸਾਹਿਬ ਕਾਸ਼ੀ ਰਾਮ ਦੇ 61ਵੇਂ ਜਨਮ ਦਿਵਸ 'ਤੇ)
ਪੰਜਵਾਂ ਐਡੀਸ਼ਨ : 1999 (ਸ਼ਾਹੂ ਛਤਰਪਤੀ ਮਹਾਰਾਜ ਕੋਹਲਾਪੁਰ ਦੇ ਜਨਮ ਦਿਵਸ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪ੍ਰੀਨਿੱਰਵਾਣ ਦਿਵਸ 'ਤੇ)

ਵੱਲੋਂ : ਸਮਾਜ ਪ੍ਰਵਰਤਨ ਸੱਭਿਆਚਾਰ ਮੰਚ ਪੰਜਾਬ (ਮੁਕਤਸਰ)

ਸਰਵਰਕ : ਸੁਖਵੰਤ
ਕੰਪੋਜ਼ਿੰਗ : ਡੈਮੋਕਰੇਟਿਕ ਕੰਪਜ਼ਿੰਗ ਸੈਂਟਰ
ਛਾਪਕ : ਬ੍ਰਾਈਟ ਪ੍ਰਿੰਟਿਰਜ਼, ਹੁਸ਼ਿਆਰਪੁਰ ਰੋਡ, ਜਲੰਧਰ।

ਭੇਟਾ : ਕੱਚੀ ਜਿਲਦ-150 ਰੁਪਏ।
ਪ੍ਰਦੇਸ : 25 ਡਾਲਰ, 15 ਪੌਂਡ (ਡਾਕ ਸਮੇਤ)

ਭਾਰਤ ਦਾ ਅਸਲੀ ਇਤਿਹਾਸ

ਮਹਾਤਮਾ ਬੁੱਧ, ਭਗਵਾਨ ਵਾਲਮੀਕ,
ਸੰਤਗੁਰੂ ਨਾਮਦੇਵ, ਕਬੀਰ, ਰਵੀਦਾਸ, ਸੈਣ ਅਤੇ
ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਗੁਰੂ ਗੋਬਿੰਦ ਸਿੰਘ,
ਜੋਤੀ ਰਾਓ ਫੂਲੇ, ਸ਼ਾਹੂ ਮਹਾਰਾਜ, ਈ.ਵੀ. ਰਾਮਾ ਸਵਾਮੀ,
ਨਰਾਇਣਾ ਗੁਰੂ, ਬਿਰਸਾ ਮੁੰਡਾ, ਬਾਬਾ ਸਾਹਿਬ ਅੰਬੇਡਕਰ,
ਅਤੇ ਸਾਹਿਬ ਕਾਂਸ਼ੀ ਰਾਮ ਨੂੰ ਸਮਰਪਤ।

ਤਤਕਰਾ

ਦੋ ਸ਼ਬਦ

ਪ੍ਰੋ. ਗੁਰਨਾਮ ਸਿੰਘ ਉਨ੍ਹਾਂ ਕੁਝ ਕੁ ਸ਼ਖਸੀਅਤਾਂ ਵਿਚੋਂ ਹਨ, ਜਿਨ੍ਹਾਂ ਨੇ ਇਸ ਸਮਾਜ ਨੂੰ ਖੂਬਸੂਰਤ ਬਨਾਉਣ ਲਈ ਅਮਲੀ ਸੰਘਰਸ਼ ਦੇ ਨਾਲ-ਨਾਲ ਵਿਚਾਰਧਾਰਕ ਸੰਘਰਸ਼ ਦਾ ਝੰਡਾ ਵੀ ਚੁੱਕਿਆ ਹੋਇਆ ਹੈ। ਉਨ੍ਹਾਂ ਦੀਆਂ ਅਮਲੀ ਸਰਗਰਮੀਆਂ ਨੂੰ ਦੇਖ ਕੇ ਕੋਈ ਵਿਅਕਤੀ ਵੀ ਇਹ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਹ ਸਦੀਆਂ ਤੋਂ ਦੱਬੇ-ਕੁਚਲੇ ਆਪਣੇ ਸਮਾਜ ਦੇ ਲੋਕਾਂ ਦੇ ਦਿਮਾਗਾਂ 'ਚੋਂ ਗਲਤ ਵਿਚਾਰਾਂ ਦੀ ਛਾਈ ਹੋਈ ਧੁੰਦ ਨੂੰ ਸਾਫ ਕਰਨ ਲਈ ਏਨਾ ਸੁਚੱਜਾ ਯਤਨ ਕਰ ਸਕਦੇ ਹਨ। ਮੁੱਢ ਤੋਂ ਹੀ ਲੋਕ ਦੋਖੀ ਵਿਚਾਰਧਾਰਾ ਬ੍ਰਾਹਮਣਵਾਦ ਵਿਰੁੱਧ ਅਮਲੀ ਤੇ ਵਿਚਾਰਧਾਰਕ ਪੱਧਰ 'ਤੇ ਲੜਦੇ ਆ ਰਹੇ ਮਹਾਂਪੁਰਖਾਂ ਤੇ ਗੁਰੂ ਸਾਹਿਬਾਨ ਦੇ ਵਿਚਾਰਾਂ ਦਾ ਇਹ ਸੰਗ੍ਰਹਿ 'ਭਾਰਤੀ ਲੋਕ ਨੀਚ ਕਿਵੇਂ ਬਣੇ' ਉਨ੍ਹਾਂ ਦੇ ਇਨ੍ਹਾਂ ਯਤਨਾਂ ਦੀ ਮੂੰਹ ਬੋਲਦੀ ਤਸਵੀਰ ਹੈ। ਅੱਜ ਸਪੱਸ਼ਟ ਤੌਰ 'ਤੇ ਨਜ਼ਰ ਆ ਰਹੇ ਦਲਿਤ ਤੇ ਪਛੜੇ ਵਰਗਾਂ ਦੇ ਉਭਾਰ ਲਈ ਇਹੋ ਜਿਹੇ ਯਤਨਾਂ ਦਾ ਵੀ ਅਹਿਮ ਰੋਲ ਹੈ। ਪਰ ਇਸ ਤੋਂ ਵੀ ਅਹਿਮ ਗੱਲ ਇਸ ਕਿਤਾਬ ਦੇ ਲਿਖਣ ਪਿੱਛੇ ਪ੍ਰੇਰਨਾ ਦਾ ਕੰਮ ਕਰ ਰਹੇ ਜਜ਼ਬਾਤ ਹਨ। ਇਹੀ ਜਜ਼ਬਾਤ ਹਨ, ਜਿਹੜੇ ਹਜ਼ਾਰਾਂ ਸਾਲਾਂ ਤੋਂ ਸਮਾਜਿਕ ਤੌਰ 'ਤੇ ਜਾਤੀ ਨਫ਼ਰਤ ਦਾ ਪਾਤਰ ਬਣੇ ਆ ਰਹੇ ਨੀਚ ਕਹੇ ਜਾਂਦੇ ਲੋਕਾਂ ਨੂੰ ਭਵਿੱਖ ਦਾ ਮਾਲਕ ਬਣਨਾ ਦੇਖਣਾ ਚਾਹੁੰਦੇ ਹਨ। ਫ੍ਰਿਸਕਾਰੇ ਤੇ ਲਤਾੜੇ ਜਾਂਦੇ ਲੋਕਾਂ ਦਾ ਆਪਣੀ ਹੋਣੀ ਦੇ ਮਾਲਕ ਆਪ ਬਣਨ ਦਾ ਇਹ ਸੁਪਨਾ ਹੁਣ ਕੋਈ ਬਹੁਤ ਦੂਰ ਭਵਿੱਖ ਦੀ ਗੱਲ ਨਹੀਂ ਹੈ। ਅੱਜ ਅਸੀਂ ਉਸ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਦੋਂ ਅਸੀਂ ਛੇਤੀ ਹੀ ਨਵੀਂ ਸਦੀ ਵਿਚ ਦਾਖ਼ਲ ਹੋਣ ਜਾ ਰਹੇ ਹਾਂ। ਪਰ ਹੁਣ ਇਹ ਕਥਨ ਇਕ ਅਟੱਲ ਸਚਾਈ ਜਾਪਦਾ ਹੈ ਕਿ ਨਵੀਂ ਸਦੀ ਦੇ ਨਾਲ ਹੀ ਅਸੀਂ ਨਵੇਂ ਯੁੱਗ ਵਿਚ ਪੈਰ ਧਰਨ ਜਾ ਰਹੇ ਹਾਂ। ਇਹ ਯੁੱਗ ਦੱਬੇ ਕੁਚਲੇ ਲੋਕਾਂ ਦਾ ਯੁੱਗ ਹੋਵੇਗਾ। ਇਹ ਯੁੱਗ ਦਲਿਤਾਂ ਤੇ ਪੱਛੜੇ ਵਰਗਾਂ ਦੀ ਆਜ਼ਾਦੀ ਦਾ ਯੁੱਗ ਹੋਵੇਗਾ। ਇਹ ਯੁੱਗ ਬ੍ਰਾਹਮਵਾਦ ਦੀਆਂ ਸਤਾਈਆਂ ਹੋਈਆਂ ਧਾਰਮਿਕ ਘੱਟ ਗਿਣਤੀਆਂ ਦੀ ਆਜ਼ਾਦੀ ਦਾ ਯੁੱਗ ਹੋਵੇਗਾ।

ਇਸ ਸਦੀ ਦੇ ਸਾਡੇ ਦੇਸ਼ ਦੇ ਸਭ ਤੋਂ ਮਹਾਨ ਚਿੰਤਕ ਤੇ ਦਲਿਤ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਬੜੇ ਭਰੇ ਮਨ ਨਾਲ ਆਪਣੇ ਲੋਕਾਂ ਨੂੰ ਅਪੀਲ ਕਰਦਿਆਂ ਹੋਇਆ ਕਿਹਾ ਸੀ ਕਿ ਦਲਿਤਾਂ ਤੇ ਪੱਛੜੇ ਲੋਕਾਂ ਦਾ ਕਾਫਲਾ ਜਿਥੇ ਉਹ ਸਾਰੀ ਉਮਰ ਅਣਥੱਕ ਮਿਹਨਤ ਕਰਕੇ ਲੈ ਕੇ ਆਏ ਹਨ, ਉਹ ਇਸ ਨੂੰ ਪਿੱਛੇ ਨਾ ਮੁੜਨ ਦੇਣ। ਅੱਜ ਪੂਰੇ ਵਿਸ਼ਵਾਸ ਨਾਲ ਇਹ ਗੱਲ ਕਹੀ ਜਾ ਸਕਦੀ ਹੈ ਕਿ ਇਹ ਕਾਫਲਾ ਹੁਣ ਕਦੀ ਵੀ ਪਿੱਛੇ ਨਹੀਂ ਮੁੜ ਸਕਦਾ ਤੇ ਇਹ ਹੁਣ ਅੱਗੇ ਹੀ ਅੱਗੇ ਵਧਦਾ ਜਾਵੇਗਾ। ਹੁਣ ਤਾਂ ਇਹ ਗੱਲ ਵੀ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜਲਦੀ ਹੀ ਇਹ ਕਾਫਲਾ ਬਾਬਾ ਸਾਹਿਬ ਦੇ ਦਲਿਤਾਂ ਤੇ ਪੱਛੜੇ ਵਰਗਾਂ ਦੇ ਆਪਣੀ ਹੋਣੀ ਦੇ ਮਾਲਕ ਆਪ ਬਣਨ ਲਈ ਸਿਆਸੀ ਸੱਤ੍ਹਾ 'ਤੇ ਕਬਜ਼ਾ ਕਰਨ ਦੇ ਸੁਪਨੇ ਨੂੰ ਪੂਰਾ ਕਰਨ ਜਾ ਰਿਹਾ ਹੈ।

ਦੁਨੀਆ ਦਾ ਇਤਿਹਾਸ ਇਹ ਦਸਦਾ ਹੈ ਕਿ ਜਦੋਂ ਵੀ ਕੋਈ ਜਮਾਤ, ਵਰਗ ਜਾਂ ਵਰਤਾਰਾ ਆਪਣੇ ਅੰਤ ਵੱਲ ਵਧ ਰਿਹਾ ਹੁੰਦਾ ਹੈ ਤਾਂ ਉਹ ਆਪਣੇ ਜਿਉਂਦੇ ਰਹਿਣ ਵਾਸਤੇ ਵੱਧ ਹੱਥ ਪੈਰ ਮਾਰਦਾ ਹੈ। ਖਾਸ ਕਰਕੇ ਪਿਛਾਂਹਖਿੱਚੂ ਵਰਗ ਤੇ ਵਰਤਾਰੇ ਆਪਣੇ ਅੰਤ ਨੂੰ ਦੇਖ ਕੇ ਬੌਖਲਾ ਜਾਂਦੇ ਹਨ ਤੇ ਉਹ ਹੋਰ ਵਹਿਸ਼ੀ, ਕਮੀਨੇ ਤੇ ਨੀਚ ਹੋ ਜਾਂਦੇ ਹਨ। ਅੱਜ ਆਪਣੇ ਖਾਤਮੇ ਵੱਲ ਵਧ ਰਿਹਾ ਬ੍ਰਾਹਮਣਵਾਦ ਕੋਈ ਇਸ ਤੋਂ ਵੱਖਰਾ ਨਹੀਂ ਹੈ । ਇਸ ਲਈ ਦਲਿਤਾਂ ਤੇ ਗਰੀਬਾਂ ਦੇ ਸਾਥੀ ਬੁੱਧੀਜੀਵੀਆਂ 'ਤੇ ਬਹੁਤ ਹੀ ਗੰਭੀਰ ਜ਼ਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਬਿਨਾ ਕਿਸੇ ਭੜਕਾਹਟ 'ਚ ਆਇਓ ਬ੍ਰਾਹਮਣਵਾਦ ਦੇ ਇਨ੍ਹਾਂ ਕੋਝੇ ਤੇ ਕਮੀਨੇ ਵਾਰਾਂ ਦਾ ਬੜੇ ਠਹਮੱਲ ਤੇ ਸੋਚ ਵਿਚਾਰ ਨਾਲ ਜੁਆਬ ਦੇਣ। ਇਸ ਲਈ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਮੌਜੂਦਾ ਸਮੇਂ ਦੇ ਗਿਆਨ ਵਿਗਿਆਨ ਨਾਲ ਦੋ ਚਾਰ ਹੁੰਦੇ ਹੋਏ ਵੱਧ ਤੋਂ ਵੱਧ ਗਿਆਨਵਾਨ ਹੋਣ ਦੀ ਕੋਸ਼ਿਸ਼ ਕਰਨ। ਦਲਿਤ ਵਿਦਵਾਨਾਂ ਨੂੰ ਸੱਚ ਦੀ ਭਾਲ 'ਚ ਨਿਰੰਤਰ ਲੱਗੇ ਰਹਿਣਾ ਚਾਹੀਦਾ ਹੈ। ਇਉਂ ਕਰਦੇ ਹੋਏ ਉਨ੍ਹਾਂ ਨੂੰ ਹਲੀਮੀ ਤੇ ਲੋਕ ਸੇਵਾ ਦਾ ਪੱਲਾ ਕਦੇ ਵੀ ਨਹੀਂ ਛੱਡਣਾ ਚਾਹੀਦਾ। ਕਮਿਊਨਿਸਟਾਂ ਦੇ ਦੁਖਦਾਈ ਅੰਤ ਦਾ ਇਕ ਕਾਰਨ ਇਹ ਵੀ ਹੈ ਕਿ ਉਹ ਬਹੁਤ ਘੁਮੰਡੀ ਹੋ ਗਏ ਸਨ ਤੇ ਉਨ੍ਹਾਂ ਨੂੰ ਇਉਂ ਭਾਸਣ ਲਗ ਪਿਆ ਸੀ ਕਿ ਸਮੇਂ ਦਾ ਸਾਰਾ ਸੱਚ ਉਨ੍ਹਾਂ ਦੇ ਪੱਲੇ ਹੀ ਹੈ । ਜਦੋਂ ਕਿ ਸਮੇਂ ਦਾ ਸੱਚ ਹਮੇਸ਼ਾ ਬਦਲਦਾ ਤੇ ਹੱਥੋਂ ਤਿਲਕਦਾ ਰਹਿੰਦਾ ਹੈ। ਪ੍ਰੋ. ਗੁਰਨਾਮ ਸਿੰਘ ਦੀ ਇਹ ਪੁਸਤਕ ਦਲਿਤ ਵਰਗਾਂ ਦੇ ਵਿਦਿਆਰਥੀਆਂ ਲਈ ਅਹਿਮ ਜਾਣਕਾਰੀ ਦੇ ਸੋਮੇ ਦਾ ਕੰਮ ਕਰ ਸਕਦੀ ਹੈ। ਪਰ ਇਸ ਜਾਣਕਾਰੀ ਨੂੰ ਲਗਾਤਾਰ ਵਧਾਉਣ ਲਈ ਦਲਿਤ ਬੁੱਧੀਜੀਵੀਆਂ ਨੂੰ ਦੁਨੀਆ ਭਰ ਦੇ ਹਰ ਤਰ੍ਹਾਂ ਦੇ ਗਿਆਨ ਦੀ ਜ਼ਰੂਰਤ ਹੈ। ਹੁਣ ਜਦੋਂ ਇਹ ਵਰਗ ਆਪਣੀ ਹੋਣੀ ਦੇ ਮਾਲਕ ਬਣਨ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਦੁਨੀਆ ਭਰ ਦੇ ਅਰਥਚਾਰੇ, ਸਮਾਜ ਸਾਸ਼ਤਰ, ਮਨੋਵਿਗਿਆਨ ਤੇ ਵਿਗਿਆਨ ਦੀਆਂ ਖੋਜਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤਾਂਘ ਹੋਣੀ ਬਹੁਤ ਜ਼ਰੂਰੀ ਹੈ। ਸਭ ਤੋਂ ਵੱਧ ਉਨ੍ਹਾਂ ਲਈ ਇਸ ਕਿਤਾਬ ਦੇ ਪ੍ਰੇਰਨਾਸ੍ਰੋਤ ਜਜ਼ਬੇ ਨੂੰ ਆਪਣੇ ਅੰਦਰ ਆਤਮਸਾਤ ਕਰਨ ਦੀ ਲੋੜ ਹੈ।

ਗੁਰਬਚਨ ਸਿੰਘ

ਲਿਖਤ, ਲਿਖਾਰੀ ਅਤੇ ਪਾਠਕ

ਗਿਆਨੀ ਕਰਤਾਰ ਸਿੰਘ ਦੇ ਘਰ ਮਾਤਾ ਭਗਵਾਨ ਕੌਰ ਜੀ ਦੀ ਕੁਖੋਂ ਜਨਮੇ, ਪੰਜ ਭਰਾਵਾਂ ਅਤੇ ਤਿੰਨ ਭੈਣਾਂ ਵਿਚ ਪਲੇ, ਪੜ੍ਹੇ ਅਤੇ 'ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ' ਦੇ ਅਧੂਰੇ ਕਾਰਵਾਂ ਨੂੰ ਅੱਗੇ ਲੈ ਜਾ ਰਹੇ 'ਸਾਹਿਬ ਸ੍ਰੀ ਕਾਸ਼ੀ ਰਾਮ' ਜੀ ਦੀ ਭਾਰਤ ਵਰਸ਼ ਵਿਚ 'ਸਮਾਜਿਕ ਪਰਿਵਰਤਨ ਆਰਥਿਕ ਮੁਕਤੀ' ਦੀ ਲਹਿਰ ਨੂੰ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਅੱਗੇ ਲਿਜਾਣ ਲਈ ਯਤਨਸ਼ੀਲ, ਅਣਥੱਕ, ਅਰੁੱਕ ਵਰਕਰ, ਦਲਿਤ ਵਕਤਾ ਅਤੇ ਦਲਿਤ ਲੇਖਕ ਪ੍ਰੋਫੈਸਰ ਸਰਦਾਰ ਗੁਰਨਾਮ ਸਿੰਘ ਜੀ ਮੁਕਤਸਰ ਨੂੰ ਕੌਣ ਨਹੀਂ ਜਾਣਦਾ? ਪ੍ਰੋਫੈਸਰ ਸਾਹਿਬ ਕਿਸੇ ਵਿਸ਼ੇਸ਼ ਜਾਣ-ਪਛਾਣ ਦੇ ਮੁਹਤਾਜ ਨਹੀਂ ਹਨ, ਬਲਿਕ ਉਹ ਆਪਣੀ ਪਛਾਣ 'ਸਮਾਜਿਕ ਪਰਿਵਰਤਨ ਆਰਥਿਕ ਮੁਕਤੀ' ਅਤੇ 'ਜਾਤ ਤੋੜੋ ਸਮਾਜ ਜੋੜੋ' ਲਹਿਰ ਵਿਚ 'ਉਤਪ੍ਰੇਰਕ' ਵਜੋਂ ਖੁਦ ਆਪ ਹੀ ਹਨ। ਫਿਰ ਵੀ ਮੈਂ ਇਨ੍ਹਾਂ ਦੀ ਲਿਖੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਤੇ ਪ੍ਰੋਫੈਸਰ ਸਾਹਿਬ ਅਤੇ ਉਨ੍ਹਾਂ ਦੇ ਪਾਠਕਾਂ ਬਾਰੇ ਦੋ ਸ਼ਬਦ ਲਿਖਣ ਲਈ ਆਗਿਆ ਪਾਤਰ ਹੋਣ ਦਾ ਮਾਣ ਲੈ ਰਿਹਾ ਹਾਂ।

ਪ੍ਰੋਫੈਸਰ ਸਾਹਿਬ ਇਕ ਸਧਾਰਨ ਵਿਅਕਤੀ ਨਾ ਹੋ ਕੇ ਇਕ ਗਹਿਰਗੰਭੀਰ ਵਿਚਾਰਧਾਰਾ ਦੇ ਮਾਲਕ, ਦੂਰਦ੍ਰਿਸ਼ਟ ਫਿਲਾਸਫ਼ਰ, 'ਬਹੁਜਨ ਸੁਖਾਏ ਬਹੁਜਨ ਹਿਤਾਏ' ਦੇ ਭਵਿੱਖ ਚਿੰਤਕ ਹੁੰਦੇ ਹੋਏ ਇਸ ਦੇ ਸਮਾਧਾਨ ਲਈ ਕ੍ਰਿਯਾਸ਼ੀਲ ਹਸਤੀ ਹਨ। 'ਵਿਦਿਆ ਵਿਚਾਰੀ ਤਾਂ ਪਰਉਪਕਾਰੀ' ਵਾਲੇ ਗੁਣ ਇਨ੍ਹਾਂ ਵਿਚ ਬਚਪਨ ਤੋਂ ਹੀ ਬਿਰਾਜਮਾਨ ਹਨ। ਆਪਣੀ ਹੀ ਰੁਚੀ ਅਨੁਸਾਰ ਜ਼ਿੰਦਗੀ ਦਾ ਕਾਰਜ ਮੰਤਵ ਚੁਣਨ ਲਈ ਪਰਵਾਰਕ ਜੀਵਨ 'ਚੋਂ ਵਿਚਰ ਕੇ ਇਨ੍ਹਾਂ ਨੂੰ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਵਿਚੋਂ ਲੰਘਣਾ ਪਿਆ। ਹਰ ਇਕ ਉਹ ਸੰਸਥਾ, ਜਿਸ ਵਿਚ ਪ੍ਰੋਫੈਸਰ ਸਾਹਿਬ ਗੁਜਰੇ, ਬੇਸ਼ਕ ਉਸ ਸੰਸਥਾ ਦੀ ਵਿਚਾਰਧਾਰਾ ਸਹੀ ਸੀ ਪਰ ਉਨ੍ਹਾਂ ਸੰਸਥਾਵਾਂ 'ਤੇ ਕਾਬਜ਼ ਮੌਕੇ ਦੇ ਮੋਹਰੀਆਂ ਦੀ ਨੀਤੀ ਸਾਫ ਨਾ ਹੋਣ ਕਰਕੇ ਇਨ੍ਹਾਂ ਨੂੰ ਆਤਮਿਕ ਤੇ ਮਾਨਸਿਕ ਸੰਤੁਸ਼ਟੀ ਨਾ ਮਿਲ ਸਕੀ।

ਅਚਾਨਕ ਅੱਜ ਤੋਂ ਲਗਭਗ ਚੌਦਾਂ ਸਾਲ ਪਹਿਲਾਂ ਪ੍ਰੋਫੈਸਰ ਸਾਹਿਬ ਨੂੰ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਸੰਪਰਕ ਵਿਚ ਆਉਣ ਦਾ ਜਦ ਸੁਭਾਗ ਪ੍ਰਾਪਤ ਹੋਇਆ ਤਾਂ ਬਸ ਜ਼ਿੰਦਗੀ ਤਰੋਤਾਜ਼ਾ ਹੋ ਗਈ। ਜੋ ਬੀਜ ਆਪਣੇ ਅੰਤਰ ਆਤਮੇ ਵਿਚ 'ਬਹੁਜਨ ਸੁਖਾਏ ਬਹੁਜਨ ਹਿਤਾਏ' ਦਾ ਸੰਜੋ ਕੇ ਰੱਖਿਆ ਸੀ ਉਹ ਪੁੰਗਰ ਪਿਆ। ਜਿਥੇ ਬੀਤੀ ਜ਼ਿੰਦਗੀ ਔਰ ਸਮਾਂ ਅਜਾਂਈ ਜਾਣ ਦਾ ਪਛਤਾਵਾ ਸੀ ਉਥੇ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਪਾਸੋ 'ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ' ਬਾਰੇ ਵਧੇਰੇ ਸੂਝ ਮਿਲੀ ਅਤੇ ਸਹੀ ਮਾਰਗ ਦਰਸ਼ਨ ਮਿਲਿਆ। ਗੁਰਬਾਣੀ ਦੀਆਂ ਬਚਪਨ ਵਿਚ ਕੰਠ ਹੋਈਆਂ ਅਨੇਕਾਂ ਪੰਕਤੀਆਂ ਪ੍ਰੋਫੈਸਰ ਸਾਹਿਬ ਦੇ ਦਿਮਾਗ ਅੰਦਰ ਗੂੰਜਣ ਲਗ ਪਈਆ। ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਦਰਸ਼ਨ ਪਾ ਕੇ ਪ੍ਰੋਫੈਸਰ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਅਟੱਲ ਸਚਾਈ ਪ੍ਰਗਟ ਹੁੰਦੀ ਪ੍ਰਤੀਤ ਹੋਈ ਅਤੇ ਭਾਰਤ ਵਰਸ਼ ਵਿਚ ਬ੍ਰਾਹਮਣਵਾਦ ਦਵਾਰਾ ਫੈਲਾਏ ਹੋਏ ਧਾਰਮਿਕ ਸਮਾਜਿਕ ਤੇ ਰਾਜਨੀਤਕ ਭਰਮਜਾਲ ਦਾ ਪਰਦਾ ਫਾਸ਼ ਹੋ ਗਿਆ ਤੇ ਆਤਮਿਕ ਤੇ ਮਾਨਸਿਕ ਸੰਤੁਸ਼ਟੀ ਸੁਰਜੀਤ ਹੋਣੀ ਸ਼ੁਰੂ ਹੋ ਗਈ। ਜਿਵੇਂ :

ਪੂਰਬ ਕਰਮ ਅੰਕਰੁ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।
ਮਿਟਿਓ ਅੰਧੇਰ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।

ਹੁਣ ਪ੍ਰੋਫੈਸਰ ਸਾਹਿਬ ਨੂੰ ਆਪਣੀ ਜ਼ਿੰਦਗੀ ਵਿਚ ਨਵੀਂ ਚੇਤਨਾ, ਨਵਾਂ ਮੋੜ, ਨਵਾਂ ਦ੍ਰਿਸ਼ਟੀਕੋਣ, ਦਿਲ ਅਤੇ ਦਿਮਾਗ ਵਿਚ ਨਵੀਂ ਕ੍ਰਾਂਤੀ ਦੀ ਤਸਵੀਰ ਸਾਫ ਦਿਸਣ ਲਗ ਪਈ। ਜਿਥੇ ਇਨ੍ਹਾਂ ਨੇ ਆਪਣੇ ਪੁਖਤਾ ਇਰਾਦਿਆ ਨੂੰ ਨੇਪਰੇ ਚਾੜਨ ਲਈ ਹੱਥਾਂ ਪੈਰਾਂ ਵਿਚ ਬਰਕਤ ਪੈਦਾ ਕਰਨ ਲਈ ਹਰਕਤ ਦੀ ਲੋੜ ਨੂੰ ਮਹਿਸੂਸ ਕੀਤਾ, ਉਥੇ ਇਨ੍ਹਾਂ ਦੀ ਕਲਮ ਨੂੰ ਵੀ ਹਰਕਤ ਵਿਚ ਆਉਣ ਦੀ ਚੇਤਨਾ ਜਾਗੀ। ਹੁਣ ਪ੍ਰੋਫੈਸਰ ਸਾਹਿਬ ਜੀ ਦਾ ਆਪਣੇ ਹਰ ਗਿਆਨ ਇੰਦਰੇ ਦੀ ਨਵੀਂ ਰੋਸ਼ਨੀ ਵਿਚ ਰੋਮ-ਰੋਮ ਅੰਦੋਲਿਤ ਹੋ ਉਠਿਆ। ਇਨ੍ਹਾਂ ਨੇ ਅੱਸੀਵਿਆਂ

(ਸੰਨ 1980) ਤੋਂ ਮੁਕਤਸਰ ਦੀ ਧਰਤੀ ਤੋਂ ਇਸ ਨਵੇਂ ਜਨ ਜਾਗਰਨ ਅਭਿਆਨ ਦੀ ਸ਼ੁਰੂਆਤ ਕੀਤੀ। ਇਨ੍ਹਾਂ ਦੀ ਦਾਨਿਸ਼ਮੰਦਗੀ ਤੋਂ ਪ੍ਰਭਾਵਿਤ ਕੁਝ ਸੱਜਣ ਪੁਰਸ਼ਾਂ ਨੇ ਇਨ੍ਹਾਂ ਦਾ ਸਹਿਯੋਗੀ ਬਣਨ ਦੀ ਇੱਛਾ ਪ੍ਰਗਟ ਕੀਤੀ। ਬਸ ਫਿਰ ਕੀ ਸੀ, ਅੱਜ ਹੋਰ ਕੱਲ ਹੋਰ। ਜਿਥੇ ਇਨ੍ਹਾਂ ਦੇ ਸਹਿਯੋਗੀਆਂ ਦੀ ਗਿਣਤੀ ਉਂਗਲਾਂ 'ਤੇ ਗਿਣੇ ਜਾਣ ਤੋਂ ਸ਼ੁਰੂ ਹੋਈ, ਉਥੇ ਹੁਣ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪੁੱਜ ਗਈ ਹੈ ਅਤੇ ਇਨ੍ਹਾਂ ਨੂੰ ਸੁਣਨ ਵਾਲੇ ਚਹੇਤਿਆਂ ਦੀ ਤਾਦਾਦ ਲੱਖਾਂ ਤੱਕ ਪੁੱਜ ਗਈ ਹੈ। ਮੁਸ਼ਕਲਾਂ ਭਰੀਆਂ ਰਾਹਾਂ ਵਿਚ ਸਮਾਂ ਆਪਣੀ ਚਾਲ ਚਲਦਾ ਰਿਹਾ। ਪਰ ਪ੍ਰੋਫੈਸਰ ਸਾਹਿਬ ਨੇ ਜੋ ਆਪਣਾ ਕਾਰਜ ਖੇਤਰ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਚੁਣਿਆ ਸੀ, ਆਪਣੇ ਸਹਿਯੋਗੀਆਂ ਨਾਲ ਉਨ੍ਹਾਂ ਨੂੰ ਅੰਬੇਡਕਰਵਾਦ ਅਤੇ ਬ੍ਰਾਹਮਣਵਾਦ ਦੀ ਸਿੱਖਿਆ ਦਿੰਦੇ ਹੋਏ ਅਤੇ ਜਨ-ਜਨ ਤੱਕ ਪ੍ਰਚਾਰ ਕਰਦੇ ਤੇ ਕਰਾਉਂਦੇ ਹੋਏ ਵਿਚਰਦੇ ਰਹੇ।

ਆਪ ਜੀ ਦੇ ਅੰਦਰ ਵਿਦਮਾਨ ਕਾਮਿਲ ਵਕਤਾਂ ਦੇ ਗੁਣ ਜਦੋਂ ਸਰੋਤਿਆਂ ਤੱਕ ਪਹੁੰਚਦੇ ਹਨ ਤਾਂ ਸਰੋਤੇ ਮੰਤਰ ਮੁਗਧ ਹੋ ਜਾਂਦੇ ਹਨ। ਆਪ ਦੇ ਕੋਲ ਸਰੋਤਿਆਂ ਨੂੰ ਉਨ੍ਹਾਂ ਦੇ ਅਤੀਤ ਤੋਂ ਜਾਣੂ ਕਰਾਉਣ, ਵਰਤਮਾਨ ਨੂੰ ਸੰਭਾਲਣ ਤੇ ਭਵਿੱਖ ਨੂੰ ਬਣਾਉਣ ਦੀ ਪ੍ਰੇਰਨਾ ਦੇਣ ਦੀ ਜੋ ਕਲਾ ਹੈ, ਉਹ ਕਿਸੇ ਵਿਰਲੇ ਮਨੁੱਖ ਵਿਚ ਹੀ ਵੇਖਣ ਨੂੰ ਮਿਲਦੀ ਹੈ।

ਪ੍ਰੋਫੈਸਰ ਸਾਹਿਬ ਨੇ ਪਿਛਲੇ ਚੌਹਦਾ ਸਾਲਾਂ ਵਿਚ ਭਾਰਤ ਦੇ ਲੱਖਾਂ ਦੀ ਗਿਣਤੀ ਵਿਚ ਲੋਕਾਂ ਤਕ ਆਪਣੇ ਵਿਚਾਰ ਪਹੁੰਚਾ ਕੇ ਉਨ੍ਹਾਂ ਨੂੰ ਸੁਣਨ, ਸਮਝਣ ਬੋਲਣ ਅਤੇ ਸਮਝਾਉਣ ਦੇ ਕਾਬਲ ਬਣਾਇਆ ਹੈ। ਇਨ੍ਹਾਂ ਨੂੰ ਕਿਸੇ ਆਰਥਿਕ ਜਾਂ ਸਮੇਂ ਦੀ ਘਾਟ ਕਾਰਨ ਜਾਂ ਫਿਰ ਰਾਜਨੀਤਕ ਮਜਬੂਰੀ ਕਾਰਨ ਨਾ ਸੁਣ ਸਕਣ ਵਾਲੇ ਲੋਕਾਂ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆ ਹੋਇਆ, ਅਣਥੱਕ ਮਿਹਨਤ ਕਰਕੇ ਵੇਦਾਂ, ਸ਼ਾਸਤਰਾਂ, ਗ੍ਰੰਥਾਂ, ਸਿਮਰਤੀਆਂ ਪੁਰਾਣਾਂ, ਵਿਦਵਾਨਾਂ ਅਤੇ ਰਾਜਨੀਤਕ ਵਿਦਵਾਨਾਂ ਦੇ ਵਿਚਾਰਾਂ ਦਾ ਅਧਿਐਨ ਕਰਕੇ ਆਪਣੀ ਕਲਮ ਦੀ ਸੇਧ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੁਸਤਕ ਨੂੰ ਦਿੱਤੀ। ਪ੍ਰੋਫੈਸਰ ਸਾਹਿਬ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਚੁੱਕੇ ਜਾਂ ਇਨ੍ਹਾਂ ਬਾਰੇ ਸੁਣ ਚੁੱਕੇ ਲੋਕਾਂ ਤੱਕ ਜਿਸ ਵਕਤ ਇਹ ਪੁਸਤਕ ਪਹੁੰਚੀ ਤਾਂ ਮੰਗ ਇਤਨੀ ਵਧ ਗਈ ਕਿ ਪੁਸਤਕ ਦੁਬਾਰਾ ਛਪਵਾਉਣ ਦਾ ਉਪਰਾਲਾ ਕਰਨ ਦੇ ਬੇਨਤੀ ਪੱਤਰ ਸਰਦਾਰ ਸਾਹਿਬ ਕੋਲ ਪਹੁੰਚਣ ਲੱਗੇ। ਵਿਦੇਸ਼ਾਂ ਤੋਂ ਵੀ ਕਈ ਪੱਤਰ ਸਰਦਾਰ ਸਾਹਿਬ ਨੂੰ ਮਿਲੇ। ਇਕ ਪਾਠਕ ਨੇ ਤਾਂ ਆਪਣੇ ਪੱਤਰ ਵਿਚ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੁਸਤਕ ਨੂੰ 'ਬਾਈਬਲ ਆਫ ਦਲਿਤ' ਲਿਖ ਕੇ ਭੇਜਿਆ ਹੈ।

ਇਸ ਪੁਸਤਕ ਨੂੰ ਪੜ੍ਹ ਕੇ ਅਤੇ ਸਰਦਾਰ ਸਾਹਿਬ ਦੇ ਵਿਚਾਰਾਂ ਤੋਂ ਜਾਣੂ ਹੋ ਕੇ ਅੱਜ ਬਹੁਤ ਸਾਰੇ ਸੱਜਣ ਸਫਲ ਪ੍ਰਚਾਰਕ ਬਣ ਚੁੱਕੇ ਹਨ। ਕਈ ਸੱਜਣ ਤਾਂ ਇਨ੍ਹਾਂ ਦੁਆਰਾ ਚਲਾਏ ਜਾ ਰਹੇ ਜਨ ਜਾਗਰਣ ਅਭਿਆਨ ਵਿਚ ਵਿਅਕਤੀਗਤ ਤੌਰ 'ਤੇ ਕਈ ਸਾਲ ਸੇਵਾ ਕਰਦੇ ਹੋਏ ਇਤਨੇ ਪ੍ਰਭਾਵਿਤ ਹੋ ਚੁੱਕੇ ਹਨ ਕਿ ਆਪਣਾ ਆਪ ਕਾਸ਼ੀ ਰਾਮ ਨੂੰ ਸਮਰਪਤ ਕਰ ਚੁੱਕੇ ਹਨ। ਅਜੋਕੇ ਯੁੱਗ ਵਿਚ ਆਪਣਾ ਆਪ ਸਮਰਪਤ ਕਰਨ ਵਾਲੇ ਵਿਅਕਤੀਆਂ ਦੀ ਸੋਚ ਦੇ ਬਣਨ ਪਿਛੇ ਸਰਦਾਰ ਗੁਰਨਾਮ ਸਿੰਘ ਦੀ ਬੜੀ ਨੇਕ ਨੀਤੀ ਅਤੇ ਨਿਪੁੰਨਤਾ ਨਾਲ ਗੁਰਮਤਿ ਦੀ ਇਸ ਪੰਕਤੀ ਦਾ ਦ੍ਰਿੜ ਕਰਵਾਉਣਾ ਹੈ :

"ਪੈਹਲਾ ਮਰਣ ਕਬੂਲ ਕਰ ਜੀਵਨ ਕੀ ਛਡ ਆਸ।
ਹੋਇ ਸਭਨਾ ਕੀ ਰੇਣੁਕਾ ਤਉ ਆਓ ਹਮਾਰੇ ਪਾਸ।"

ਇਹ ਪਹਿਲੀ ਵਾਰ ਹੈ, ਭਾਰਤ ਵਰਸ਼ ਵਿਚ ਬ੍ਰਾਹਮਣਵਾਦ ਵਿਰੁੱਧ 3500 ਸਾਲਾ ਵਿਚ ਜਾਤਪਾਤ ਵਿਰੋਧੀ ਲਹਿਰ ਨੂੰ ਜੇ ਕਿਸੇ ਨੇ ਇਕ ਲੜੀ ਵਿਚ ਪਰੋ ਕੇ ਸਾਬਤ ਕੀਤਾ ਹੈ ਤਾਂ ਉਹ ਵਿਅਕਤੀ ਸਰਦਾਰ ਗੁਰਨਾਮ ਸਿੰਘ ਹੈ।

ਕਹਿੰਦੇ ਹਨ ਕਿ ਜੇ ਕਿਸੇ ਨੂੰ ਤੈਰਨਾ ਸਿਖਾਉਣਾ ਹੋਵੇ ਤਾਂ ਪਹਿਲਾ ਆਪ ਪਾਣੀ ਵਿਚ ਤੈਰ ਕੇ ਸਿਖਾਉਣਾ ਪੈਂਦਾ ਹੈ। ਚੌਹਦਾਂ ਸਾਲਾਂ ਤੋਂ ਚਲੇ ਆ ਰਹੇ ਕਾਂਸ਼ੀ ਰਾਮ ਜੀ ਦੇ 'ਸਮਾਜਿਕ ਪਰਿਵਰਤਨ ਆਰਥਿਕ ਮੁਕਤੀ' ਸੰਘਰਸ਼ ਵਿਚ ਕਈ ਉਤਾਰ ਚੜਾਅ ਆਏ ਅਤੇ ਕੁਝ ਸਾਥੀ ਸ਼ਹਾਦਤਾ ਪਾ ਕੇ ਸਦੀਵੀ ਵਿਛੋੜਾ ਦੇ ਗਏ ਹਨ।

ਇਕ ਦਫਾ ਕਾਮਯਾਬ ਨਾ ਹੋ ਸਕੀ ਇਕ ਦੁਰਘਟਨਾ, ਜਿਸ ਵਿਚ ਪ੍ਰੋਫੈਸਰ ਸਾਹਿਬ ਦੀ ਬਿਜਲੀ ਦਾ ਕਰੰਟ ਲੱਗਣ ਨਾਲ ਜਾਨ ਜਾ ਸਕਦੀ ਸੀ, ਕੁਦਰਤਨ ਕੁਝ ਦੇਰ ਬਾਅਦ (ਲੱਗਭੱਗ ਇਕ ਘੰਟੇ ਬਾਅਦ) ਪ੍ਰੋਫੈਸਰ ਸਾਹਿਬ ਘਟਨਾ ਵਾਪਰਨ ਸਮੇਂ ਆਪਣੇ ਘਰ ਇਕੱਲੇ ਹੀ ਸਨ, ਨੇ ਮੈਨੂੰ ਦੱਸਿਆ ਕਿ ਅੱਜ ਮੈਂ ਕੁੱਤੇ ਦੀ ਮੌਤ ਮਰ ਜਾਣਾ ਸੀ' ਜੋ ਕਿ ਮੇਰੀ ਪਸੰਦ ਦੀ ਮੌਤ ਨਹੀਂ ਸੀ। ਪ੍ਰੋਫੈਸਰ ਸਾਹਿਬ ਦੇ ਇਨ੍ਹਾਂ ਸ਼ਬਦਾਂ ਤੋਂ ਪਾਠਕ ਉਨ੍ਹਾਂ ਦੀ ਉੱਚੀ ਤੇ ਸੁੱਚੀ ਸੋਚ ਦਾ ਅੰਦਾਜ਼ਾ ਚੰਗੀ ਤਰ੍ਹਾਂ ਲਗਾ ਸਕਦੇ ਹਨ।

ਇਨ੍ਹਾਂ ਸ਼ਬਦਾਂ ਦਾ ਅਰਥ ਅੱਗੇ ਚੱਲ ਕੇ ਹੋਰ ਵੀ ਸਾਫ ਹੋ ਜਾਂਦਾ ਹੈ ਜਦ ਇਕ ਹੋਰ ਸਹਿਯੋਗੀ ਸਾਥੀ ਦੇ ਸ਼ਹੀਦ

ਹੋਣ ਉਪਰੰਤ ਸ਼ਹੀਦ ਦੇ ਪਰਵਾਰ ਨਾਲ ਦੁੱਖ ਵਿਚ ਸ਼ਰੀਕ ਹੁੰਦਿਆਂ ਹੋਇਆ ਪ੍ਰੋਫੈਸਰ ਸਾਹਿਬ ਨੇ ਗੁਰਬਾਣੀ ਦੀ ਇਹ ਪੰਕਤੀ ਉਚਾਰੀ, "ਮਰਨਾ ਮੁਣਸਾ ਸੂਰਿਆ" ਅਤੇ ਕਿਹਾ ਕਿ ਮਨ ਵਿਚ ਧਾਰਨ ਕੀਤੇ ਹੋਏ ਪ੍ਰਣ ਨੂੰ ਪੂਰਾ ਕਰਨ ਵਾਸਤੇ ਮਰਨਾ, "ਸ਼ਹੀਦ ਹੋਣਾ" ਇਹ ਸੂਰਮਿਆ ਦੇ ਮਨ ਦੀ ਮਨਸ਼ਾ ਪਹਿਲਾ ਹੀ ਪੱਕ ਚੁੱਕੀ ਹੁੰਦੀ ਹੈ। ਫਿਰ ਆਪਣੇ ਆਪ 'ਤੇ ਘਟੀ ਘਟਨਾ, ਜਿਸ ਵਿਚ ਮਰ ਜਾਣਾ ਸੀ ਪਰ ਸੁਰਮਗਤੀ ਜਾਂ ਸ਼ਹਾਦਤ ਪ੍ਰਾਪਤ ਨਹੀਂ ਸੀ ਹੋਣੀ, 'ਤੇ ਦੁੱਖ ਪ੍ਰਗਟ ਕੀਤਾ।

ਪਾਠਕ ਜਨ ਆਪਣੀ ਨਿੱਜ ਤੀਖਣ ਬੁੱਧ ਨਾਲ ਭਲੀਭਾਂਤ ਇਹ ਜਾਣ ਸਕਦੇ ਹਨ ਕਿ ਸਰਦਾਰ ਗੁਰਨਾਮ ਸਿੰਘ ਦੀ ਸੇਵਾ ਦਾ ਕੀ ਲਕਸ਼ ਹੋ ਸਕਦਾ ਹੈ।

ਜਿਸ ਕਿਰਦਾਰ ਦੇ ਮਾਲਕ ਪ੍ਰੋਫੈਸਰ ਸਾਹਿਬ ਆਪ ਹਨ ਉਹੀ ਕਿਰਦਾਰ ਉਹ ਆਪਣੇ ਸਹਿਯੋਗੀ ਸੱਜਣਾ ਵਿਚ ਪੈਦਾ ਕਰਨ ਦੀ ਮੰਗ ਰੱਖਦੇ ਹਨ ਅਤੇ ਪਹਿਲਾ ਆਪ ਉਸ 'ਤੇ ਅਮਲ ਕਰਕੇ 'ਕਥਨੀ ਕਰਨੀ' 'ਤੇ ਪੂਰੇ ਉਤਰਦੇ ਹਨ। ਇਕ ਲੇਖਕ ਸਾਥੀ ਦੁਆਰਾ ਪ੍ਰੋਫੈਸਰ ਸਾਹਿਬ ਦੀ ਜੀਵਨੀ ਲਿਖ ਕੇ ਛਪਵਾਉਣ ਦੀ ਇਛਾ ਤੇ ਉਨ੍ਹਾਂ ਦਾ ਜਵਾਬ "ਪ੍ਰੋਫੈਸਰ ਸਾਹਿਬ ਪ੍ਰਤੀ" ਕਿਸੇ ਸ਼ੱਕ ਦੀ ਗੁੰਜਾਇਸ਼ ਬਾਕੀ ਨਹੀਂ ਛੱਡਦਾ।

"ਮੈਂ ਆਪਣੀ ਜੀਵਨੀ ਛਪਵਾਉਣ ਦੀ ਆਗਿਆ ਦੇ ਕੇ ਉਨ੍ਹਾਂ ਲੋਕਾਂ ਦੇ ਮਨ ਅਤੇ ਮਾਨਸਿਕ ਪੀੜਾ ਦਾ ਕਾਰਨ ਨਹੀਂ ਬਣਨਾ, ਚਾਹੁੰਦਾ ਜਿਨ੍ਹਾਂ ਲੋਕਾਂ ਦੀ ਜੀਵਨੀ ਵਪਾਰ ਦੇ ਤੌਰ 'ਤੇ ਨਾਂ ਚਮਕਾਉਣ ਵਾਸਤੇ ਛਾਪੀ ਜਾਂਦੀ ਹੈ।"

"ਕਬੀਰ ਸੰਤ ਨਾ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥
ਪਰਤੱਖ ਨੂੰ ਪਰਮਾਣ ਦੀ ਲੋੜ ਨਹੀਂ।
ਹਜ਼ਾਰ ਅਰਾਇਸ਼ੇ ਸਦਕੇ ਹੈ ਉਸਕੀ ਸਾਦਾਵਾਜੀ ਪਰ,
ਨਹੀ ਮੋਹਤਾਜ ਜ਼ੇਵਰ ਇਲਮੋਂ ਅਕਲ ਨੇ ਜਿਸਕੋ ਸੰਵਾਰਾ ਹੈ।

ਹਥਲੀ ਪੁਸਤਕ, ਜਿਸਨੂੰ ਪ੍ਰੋਫੈਸਰ ਸਾਹਿਬ ਨੇ ਪਾਠਕਾਂ ਦੇ ਮਜਬੂਰ ਕਰਨ 'ਤੇ ਦੁਬਾਰਾ ਛਪਵਾਉਣ ਦਾ ਉਪਰਾਲਾ ਕੀਤਾ ਹੈ ਵਿਚ ਪਾਠਕਾ ਦੀ ਜਾਣਕਾਰੀ ਹਿੱਤ ਬੜੀ ਮੇਹਨਤ ਨਾਲ ਹੋਰ ਇਤਿਹਾਸਕ ਜਾਣਕਾਰੀ ਦਿੱਤੀ ਗਈ ਹੈ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸੰਘਰਸ਼ ਸਮੇਂ ਦੇ ਚਿਤਰ ਅਤੇ ਮੌਜੂਦਾ 'ਕਿੰਗ ਮੇਕਰ' ਤੇ 'ਕੈਲਕੁਲੇਟਿਵ ਪਾਲੀਟੀਸ਼ਿਅਨ' ਦਾ ਖਿਤਾਬ ਹਾਸਲ ਕਰ ਚੁੱਕੇ ਦਲਿਤ ਉਧਾਰਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸੰਘਰਸ਼ ਦੇ ਵੀ ਚਿਤਰ ਛਾਪ ਕੇ ਇਸ ਪੁਸਤਕ ਦੀ ਮਹੱਤਤਾ ਵਿਚ ਵਾਧਾ ਕੀਤਾ ਹੈ। ਕਿਉਂਕਿ ਜਦੋਂ ਵੀ ਤੁਸੀਂ ਪ੍ਰੋਫੈਸਰ ਸਾਹਿਬ ਸ. ਗੁਰਨਾਮ ਸਿੰਘ ਜੀ ਨੂੰ ਸਵਾਲ ਕਰੋਗੇ ਤਾਂ ਉਨ੍ਹਾਂ ਦਾ ਜਵਾਬ ਇਹੀ ਹੁੰਦਾ ਹੈ ਕਿ 'ਮੈਂ ਜੋ ਵੀ ਹਾਂ, ਸਾਹਿਬ ਕਾਂਸ਼ੀ ਰਾਮ ਜੀ ਦੀ ਕ੍ਰਿਸ਼ਮਈ ਕ੍ਰਿਪਾ ਕਰਕੇ ਹੀ ਹਾਂ।"

ਜਿਸ ਤਰ੍ਹਾਂ ਪ੍ਰੋਫੈਸਰ ਸਾਹਿਬ ਨੇ ਵਰਤਮਾਨ ਸਿੱਖ ਲਹਿਰ ਤੇ ਭਾਰਤੀ ਕਮਿਊਨਿਸਟ ਲਹਿਰ ਨੂੰ ਬਹੁਤ ਨੇੜਿਓ ਹੋ ਕੇ ਵੇਖਿਆ, ਹੰਡਾਇਆ ਤੇ ਤੋਲਿਆ, ਤਾਂ ਪਾਇਆ ਕਿ :

ਆਹ ਸ਼ੂਦਰ ਕੇ ਲਿਏ ਹਿੰਦੋਸਤਾਂ ਗਮ ਖਾਨਾ ਹੈ।
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ ॥

ਅੰਤ ਵਿਚ ਪ੍ਰੋਫੈਸਰ ਸਾਹਿਬ ਸਰਦਾਰ ਗੁਰਨਾਮ ਸਿੰਘ ਜੀ ਦੀ ਕਲਮ ਤੋਂ ਭਵਿੱਖ ਵਿਚ ਵੀ ਦਲਿਤ ਮਾਰਗ ਦਰਸ਼ਨ ਲਈ ਆਸ ਰੱਖਦਾ ਹੋਇਆ ਉਨ੍ਹਾਂ ਦੀ ਦੇਹ ਅਰੋਗਤਾ ਦੀ ਕਾਮਨਾ ਕਰਦਾ ਹਾਂ ਤਾਂ ਕਿ ਉਹ ਦਲਿਤ ਸਮਾਜ ਦੀ ਸੇਵਾ ਕਰਦੇ ਰਹਿਣ।

ਸੋਤੇ ਮੇ ਕਟ ਗਈ ਕੁਝ ਗੁਨਾਹੋਂ ਮੇ ਕਟ ਗਈ।
ਰੋਤੇ ਮੇ ਕਟ ਗਈ, ਕੁਝ ਆਹੋਂ ਮੇਂ ਕਟ ਗਈ॥
ਮੰਜ਼ਿਲ ਪੇ ਚਲਨੇ ਵਾਲੇ ਮੰਜ਼ਿਲ ਪੇ ਜਾ ਲਗੇ।
ਰਾਹ ਬਦਲਨੇ ਵਾਲੋਂ ਕੀ ਰਾਹੋਂ ਮੇ ਕੱਟ ਗਈ॥

ਦਲਿਤ ਦਾਸਰੋ,
ਇੰਦਰ ਸਿੰਘ (ਹਰੀਕੇ),
ਪਿੰਡ ਤੇ ਡਾਕਖਾਨਾ, ਹਰੀਕੇ ਕਲਾਂ,
ਤਹਿਸੀਲ : ਮੁਕਤਸਰ, ਜ਼ਿਲ੍ਹਾ : ਫਰੀਦਕੋਟ।

ਪੜ੍ਹਨ ਤੋਂ ਪਹਿਲਾਂ ਜ਼ਰੂਰੀ ਗੱਲਾਂ

ਇਕ ਲੰਬਾ ਅਰਸਾ ਮਾਰਕਸਵਾਦ ਪੜ੍ਹਿਆ। ਭਾਰਤ ਅੰਦਰ ਕਮਿਊਨਿਸਟਾਂ ਦੀਆਂ ਤਿੰਨ ਵੱਖ-ਵੱਖ ਲਹਿਰਾਂ ਸੀ.ਪੀ.ਆਈ., ਸੀ.ਪੀ.ਐਮ. ਅਤੇ ਨਕਸਲਬਾੜੀ ਨੂੰ ਚੜ੍ਹਦਿਆਂ-ਢਹਿੰਦਿਆਂ ਵੇਖਿਆ। ਆਰਥਿਕ ਅਧਾਰਾਂ 'ਤੇ ਵਰਗ ਸੰਘਰਸ਼ ਦਾ ਸੰਕਲਪ ਬਣਿਆ ਰਿਹਾ। ਪੰਜਾਬ ਦੇ ਜੁਝਾਰੂ ਲੋਕਾਂ ਦੀਆਂ ਚੜ੍ਹਾਈਆਂ ਵੇਖੀਆਂ, ਗਰਜਾਂ ਸੁਣੀਆਂ। ਦਮਨ ਦਾ ਮਾਨਸਿਕ ਸੰਤਾਪ ਹੰਢਾਇਆ। ਆਂਧਰਾ, ਬੰਗਾਲ, ਬਿਹਾਰ, ਕੇਰਲਾ ਆਦਿ ਦੇ ਦੁਖਾਂਤਕ ਬਿਰਤਾਂਤ ਪੜ੍ਹੇ। ਹਰ ਪਾਸੇ ਹਾਰ ਹੀ ਹਾਰ। ਹਰ ਪਾਸੇ 'ਵਰਗ ਸੰਘਰਸ਼' ਦੀ ਥਾਂ 'ਆਪਸੀ ਯੁੱਧ' ਦੇਖਿਆ, ਸੁਣਿਆ, ਪੜ੍ਹਿਆ। ਬਚਪਨ ਵਿਚ ਬਾਪੂ ਗਾਂਧੀ? ਤੇ ਚਾਚਾ ਨਹਿਰੂ ? ਦੀਆਂ ਵਾਰਾਂ ਸੁਣੀਆਂ। ਸਟੇਜਾਂ 'ਤੇ ਖੜ੍ਹ-ਖੜ੍ਹ 'ਦੇਸ਼ ਅਜ਼ਾਦ ਕਰਾਇਆ ਬਾਪੂ ਗਾਂਧੀ ਨੇ'' ਲੰਬੀਆਂ ਹੇਕਾਂ 'ਤੇ ਨੱਚ-ਨੱਚ ਕੇ ਗਾਇਆ। ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ, ਮੋਤੀਲਾਲ ਨਹਿਰੂ, ਕਦੀ-ਕਦੀ ਭਗਤ ਸਿੰਘ, ਸੁਭਾਸ਼ ਚੰਦਰ ਬੋਸ ਆਦਿ ਨੂੰ ਸਮਾਜ ਦੇ ਵਿਲੱਖਣ ਵਿਅਕਤੀ ਪ੍ਰਵਾਨ ਕੀਤਾ। ਗਾਂਧੀ, ਨਹਿਰੂ ਬਣਨ ਦੀ ਤਮੰਨਾ ਬਚਪਨ ਵਿਚ ਹੀ ਜਗਾਈ ਗਈ। ਛੋਟੇ ਸਕੂਲਾਂ ਵਿਚ ਲਗਪਗ ਸਾਰੇ ਅਧਿਆਪਕਾਂ ਤੋਂ ਚਾਹੇ ਉਹ ਕਿਸੇ ਵੀ ਜਾਤ ਦੇ ਸਨ, ਪਿਆਰ ਮਿਲਿਆ, ਹਮਦਰਦੀ ਮਿਲੀ, ਮਦਦ ਮਿਲੀ।

ਪਰੰਤੂ ਜਿਸ ਪਿੰਡ ਵਿਚ ਬਚਪਨ ਗੁਜ਼ਾਰਿਆ, ਤਰਖਾਣਾਂ ਦੇ ਮੁੰਡੇ ਸਾਥੀ ਬੇਲੀ ਸਨ, ਪਰ ਉਨ੍ਹਾਂ ਦੀਆਂ ਮਾਵਾਂ ਭਾਂਡਿਆਂ ਨੂੰ ਹੱਥ ਨਾ ਲਾਉਣ ਦਿੰਦੀਆਂ। ਰਸੋਈ ਵੱਲ ਨਾ ਜਾਣ ਦਿੰਦੀਆਂ। ਜੱਟਾਂ, ਬਾਣੀਆਂ ਦੇ ਮੁੰਡੇ ਸਨ, ਉਹ ਸਾਡੇ ਘਰ ਰੁੱਖੀ ਮਿੱਸੀ ਖਾ ਜਾਂਦੇ, ਪਰ ਉਨ੍ਹਾਂ ਦੇ ਘਰ ਅਸੀਂ ਪੂਰਾ ਅਰਸਾ ਕਦੀ ਨਾ ਖਾ ਸਕੇ। ਇਕ ਵਾਰ ਭੁੱਲ ਭੁਲਾ ਕੇ ਅਸਲੋਂ ਗਰੀਬ ਜੱਟ ਦੇ, ਨਾਲ ਪੜ੍ਹਦੇ ਮੁੰਡਿਆਂ ਨੇ, ਨਾਲ ਖੁਆ ਲਿਆ ਤਾਂ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ। ਇਕ ਹੋਰ ਘਰੇ, ਨਾਲ ਪੜ੍ਹਦੇ ਮੁੰਡੇ ਨੇ ਲੱਸੀ ਪਿਆ ਦਿੱਤੀ, ਪਰੰਤੂ ਉਸ ਦੀ ਮਾਂ ਨੇ ਮੇਰਾ ਗਲਾਸ ਚਿਮਟੇ ਨਾਲ ਚੁੱਕ ਕੇ ਚੁੱਲੇ ਵਿਚ ਸੁੱਟਿਆ ਸੀ। ਇਕ ਗੁਆਂਢਣ ਜੱਟੀ ਸਾਡੇ ਘਰ ਸਾਰੀ ਦਿਹਾੜੀ ਨਲੀਆਂ ਵੱਟਦੀ ਪਰੰਤੂ ਪਾਣੀ ਆਪਣੇ ਘਰ ਪੀ ਕੇ ਆਉਂਦੀ। ਏਸੇ ਤਰ੍ਹਾਂ ਇਕ ਗੁਆਂਢਣ ਜੱਟੀ ਜਦੋਂ ਸਾਡੇ ਕੋਲ ਦੀ ਲੰਘਦੀ ਤਾਂ ਸਲਵਾਰ ਕਮੀਜ਼ ਤੇ ਚੁੰਨੀ-ਚਾਦਰ ਸਮੇਟ ਕੇ ਲੰਘਦੀ। ਗੁਰਦੁਆਰੇ ਦੇ ਲੰਗਰ ਵਿਚ ਜਦੋਂ ਮੈਂ ਰੋਟੀ ਦਾਲ ਵਰਤਾਉਣ ਲੱਗਾ ਸਾਂ ਤਾਂ ਮੈਨੂੰ ਇਕ ਜੱਟ ਬੰਦੇ ਨੇ ਹਟਾ ਕੇ, ਭੱਠੀ 'ਚ ਝੋਕਾ ਲਾਉਣ 'ਤੇ ਲਗਾ ਦਿੱਤਾ ਸੀ। ਏਸੇ ਤਰ੍ਹਾਂ ਸਾਡੇ ਗੁਆਂਢ ਵਿਚ ਪਾਥੀਆਂ ਪਥਦਾ ਜੋਗਿੰਦਰ ਛੜਾ ਸਾਡੀ ਖੂਹੀ ਤੋਂ ਪਾਣੀ ਲੈ ਕੇ ਬੱਠਲ (ਬਾਲਟੀ) ਧੋ ਲੈਂਦਾ ਪਰ ਪਾਣੀ ਨਾ ਪੀਂਦਾ। ਫੇਰ ਪੂਰੇ ਬੁਢਾਪੇ 'ਚ ਉਹ ਸਾਡੇ ਹੀ ਘਰਾਂ 'ਚੋਂ ਦਾਲ ਰੋਟੀ ਮੰਗ ਕੇ ਖਾ ਲੈਂਦਾ। ਦੂਜੇ ਪਾਸੇ ਮੇਰੀ ਮਾਂ ਮਜ਼੍ਹਬੀਆਂ ਜਾਂ ਚੁਮਾਰਾਂ ਦੇ ਮੁੰਡਿਆਂ ਨੂੰ ਛੇਤੀ ਕੀਤੇ ਭਾਂਡਿਆਂ ਨੂੰ ਹੱਥ ਨਾ ਲਾਉਣ ਦਿੰਦੀ। ਦੋ-ਚਾਰ ਬੰਦਿਆਂ ਨੂੰ ਮੈਂ ਆਪਣੇ ਹੀ ਘਰ ਬਾਰ 'ਚ ਬੈਠਿਆਂ ਵੇਖਿਆ। ਉਹ ਸ਼ਾਇਦ ਸਾਡੇ ਨਾਲੋਂ ਵੀ ਛੋਟੀ ਜਾਤ ਦੇ ਸਨ। ਸਾਡੇ ਹੀ ਘਰ ਪਾਠ ਦੇ ਭੋਗ 'ਤੇ ਗਾਉਣ ਵਾਲਿਆਂ ਕੂਕਿਆਂ ਨੇ ਪੈਸੇ ਫੜ ਕੇ ਤਾਂ ਜੇਬ 'ਚ ਪਾ ਲਏ ਪਰੰਤੂ ਦੇਗ ਨਹੀਂ ਲਈ। ਮਾਸੀ ਦੇ ਘਰ ਪਾਠੀ ਨੇ ਆਪ ਦੇਗ ਬਣਾ ਕੇ ਬਾਕੀਆਂ ਨੂੰ ਵਰਤਾ ਦਿੱਤੀ, ਪਰੰਤੂ ਆਪ ਨਹੀਂ ਖਾਧੀ। ਇਕ ਵਾਰ ਹਨੇਰੇ ਪਏ ਤਿੰਨ ਚਾਰ ਰਾਹੀ ਔਰਤਾਂ ਘਰ ਆ ਗਈਆਂ, ਰਾਤ ਕੱਟੀ, ਉਨ੍ਹਾਂ ਮੰਜਾ ਬਿਸਤਰਾ ਤਾਂ ਲੈ ਲਿਆ ਪਰੰਤੂ ਰੋਟੀ ਜੱਟਾਂ ਦੇ ਘਰਾਂ ਤੋਂ ਲਿਆਉਣ ਲਈ ਕਿਹਾ ਤੇ ਅਸੀਂ ਇਹੋ ਕੀਤਾ। ਸਕੂਲ ਵਿਚ ਦਸਵੀਂ ਤੀਕ ਕਿਸੇ ਨਫਰਤ ਦਾ ਸਾਹਮਣਾ ਨਹੀਂ ਕਰਨਾ ਪਿਆ, ਸਗੋਂ ਮੁੰਡੇ-ਕੁੜੀਆਂ ਰਲ ਮਿਲ ਕੇ ਪਿਆਰ ਨਾਲ ਰਹੇ। ਫਿਰ ਕਾਲਜ ਵਿਚ ਦਾਖਲਾ ਲਿਆ ਤਾਂ ਪੂਰੇ ਚਾਰ ਸਾਲ ਬਹੁਤੇ ਜੱਟਾਂ ਦੇ ਮੁੰਡਿਆਂ ਨੇ, ਜਾਤੀ ਤੌਰ 'ਤੇ ਨਫ਼ਰਤ ਨਾਲ ਭਰਿਆ ਵਿਹਾਰ ਕੀਤਾ। ਮਾਰਨ ਕੁੱਟਣ ਤੀਕ ਜਾਂਦੇ। ਜਾਤ ਦਾ ਨਾਂ ਲੈ-ਲੈ ਕੇ ਪੁਕਾਰਦੇ, ਨਿਰਾਦਰ ਤੇ ਈਰਖਾ ਕਰਦੇ। ਪ੍ਰਤੀਨਿਧੀ ਚੋਣਾਂ ਵਿਚ ਕਦੀ ਵੋਟ ਨਾ ਪਾਉਂਦੇ, ਸਿਵਾ ਕੁਝ ਚੰਗੇ ਮੁੰਡੇ ਅਤੇ ਕੁੜੀਆਂ ਤੋਂ ਜਿਨ੍ਹਾਂ ਦਾ ਸੰਬੰਧ ਵੀ ਉੱਚੀ ਜਾਤ ਨਾਲ ਹੀ ਸੀ, ਜੋ ਹਰ ਵੇਲੇ ਸਾਥ ਦਿੰਦੇ, ਨਾਲ ਖੜ੍ਹਦੇ। ਸ਼ਹਿਰ ਦੇ ਕਾਲਜ ਵਿਚ ਜਾ ਕੇ ਤਾਂ ਜਾਤ ਲੁਕਾ ਕੇ ਰੱਖਣੀ ਪਈ। ਫਿਰ ਨੌਕਰੀ ਮਿਲੀ। ਸ਼ਹਿਰੀ ਨੌਕਰੀ 'ਚ ਆਮ ਜਿਹੀ ਜਾਤੀ ਸੋਚ ਦਾ ਸਾਹਮਣਾ ਕੀਤਾ। ਪਰੰਤੂ ਪਿੰਡਾਂ ਵਿਚ ਆ ਕੇ ਤਾਂ ਜਾਤੀ ਨਫ਼ਰਤ ਨੇ ਇਕ ਵਾਰ ਮੌਤ

ਦੇ ਮੁੱਦੇ ਤੱਕ ਲੈ ਆਂਦਾ। ਉਦੋਂ ਸੋਚਿਆ ਕਿ ਨਾ ਸਾਡੇ ਖੂਹਾਂ 'ਤੇ ਰੱਬ ਵਸਦਾ ਹੈ ਤੇ ਨਾ ਪਿੰਡਾਂ ਵਿਚ। ਆਪਣੇ ਆਪ ਨੂੰ ਵੱਡੇ ਕਾਮਰੇਡ ਅਖਵਾਉਂਦੇ ਬੰਦੇ ਵੀ ਅੱਗੋਂ ਪਿੱਛੋਂ ਜਾਤੀ ਜ਼ਹਿਰ ਉਗਲਦੇ। ਸੀ.ਪੀ.ਆਈ., ਸੀ.ਪੀ.ਐਮ ਅਤੇ ਨਕਸਲਬਾੜੀ ਸੋਚ ਦੇ ਬੰਦੇ ਵੀ ਆਪਣੀ ਬੋਲੀ 'ਚ ਜਾਤੀ ਤਵਾਜ਼ਨ ਦੀ ਗੱਲ ਕਰਦੇ। ਕਵੀ ਸੰਤਰਾਮ ਉਦਾਸੀ ਨੂੰ ਚੂਹੜਾ ਜਾਂ ਢੇਡ ਕਹਿ ਕੇ ਪੁਕਾਰਿਆ ਜਾਂਦਾ ਕੰਨੀ ਸੁਣਿਆ।

ਇਸ ਦੌਰ ਵਿਚੋਂ ਲੰਘਦਿਆਂ ਜਾਤੀ ਪ੍ਰਬੰਧ ਦਾ ਸੰਤਾਪ ਹੰਢਾਉਂਦਿਆਂ ਅਖੀਰ ਫਤਹਿ ਜੰਗ ਸਿੰਘ ਚੰਡੀਗੜ੍ਹ ਤੋਂ ਡਾਕਟਰ ਅੰਬੇਡਕਰ ਨੂੰ ਪੜ੍ਹਨ ਦੀ ਸਖ਼ਤ ਪ੍ਰੇਰਨਾ ਮਿਲੀ। ਉਸ ਨੂੰ ਪੜ੍ਹਿਆ ਤਾਂ ਲੱਗਿਆ ਜਿਵੇਂ ਹੁਣ ਤੀਕ ਹਨੇਰਾ ਹੀ ਢੋਇਆ ਹੈ, ਕਵਾੜ ਖੁਲ੍ਹ ਗਏ। ਸਾਰੇ ਆਲੇ-ਦੁਆਲੇ ਦੀ ਸਮਝ ਕੁਝ ਹੀ ਸਮੇਂ ਵਿਚ ਪੈ ਗਈ। ਵਰਣ ਪ੍ਰਬੰਧ, ਬ੍ਰਾਹਮਣਵਾਦ, ਮਨੂੰਵਾਦ, ਪੂੰਜੀਵਾਦ, ਜਾਤੀ ਪ੍ਰਬੰਧ, ਧਰਮ, ਛੂਆ-ਛਾਤ, ਆਰਥਿਕਤਾ, ਸਮਾਜਿਕ ਵਿਵਸਥਾ, ਵਿਦਿਅਕ ਪ੍ਰਬੰਧ, ਰਾਜਨੀਤਕ ਪ੍ਰਬੰਧ, ਸਭ ਕੁਝ ਸਮਝ 'ਚ ਆ ਗਿਆ। ਬੀਤੇ ਦੀਆਂ ਕੌੜੀਆਂ ਬਾਤਾਂ ਦੀ ਪਿੱਠ ਭੂਮੀ ਭੁੱਲ ਗਈ। ਇਕ ਵਿਸ਼ਾਲ ਰੋਸ਼ਨੀ ਉਮੜ ਪਈ। ਅੰਤ ਇਹ ਅਨੁਭਵ ਹੋਇਆ ਕਿ ਜਿਸਨੇ ਡਾ. ਅੰਬੇਡਕਰ ਨਹੀਂ ਪੜ੍ਹਿਆ, ਉਸਨੇ ਭਾਰਤ ਦਾ ਕੀ ਜਾਣਿਆ ਅਤੇ ਕੀ ਸਮਝਿਆ ਹੈ? ਬੇਸ਼ੁਮਾਰ ਲਹਿਰਾਂ ਜਿਵੇਂ ਬੁੱਧ ਲਹਿਰ, ਸਿੱਖ ਲਹਿਰ, ਫੂਲੇ ਲਹਿਰ, ਨਾਈਕਰ ਲਹਿਰ, ਈਜਵਾ ਲਹਿਰ, ਰੈਗਰ ਲਹਿਰ, ਜਾਟਵ ਲਹਿਰ, ਆਦਿਧਰਮ ਲਹਿਰ, ਆਦਿ ਆਂਧਰਾ, ਆਦਿ ਕਰਨਾਟਕਾ ਲਹਿਰ, ਕਮਿਊਨਿਸਟ ਲਹਿਰ, ਨਕਸਲਬਾੜੀ ਲਹਿਰ, ਕਾਂਗਰਸ ਤੇ ਹੋਰ ਪਾਰਟੀਆਂ ਦੇ ਨਾਲ-ਨਾਲ ਗਾਂਧੀਵਾਦ, ਨਹਿਰੂਵਾਦ ਦੀ ਸਮਝ ਪਈ ਤੇ ਇਸ ਸਭ ਕੁਝ ਦਾ ਮੂਲ ਲੱਭਿਆ ਹਿੰਦੂ ਧਾਰਮਿਕ ਗ੍ਰੰਥਾਂ ਵਿਚੋਂ। ਜਿਨ੍ਹਾਂ ਬਾਰੇ ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ ਕਿ ਇਹ ਹਿੰਦੂ ਗ੍ਰੰਥ ਧਾਰਮਿਕ ਪੁਸਤਕਾਂ ਨਹੀਂ ਹਨ, ਇਹ ਤਾਂ ਕਾਨੂੰਨ ਦੀਆਂ ਕਿਤਾਬਾਂ ਹਨ, ਜੋ ਇਸ ਦੇਸ਼ ਦੇ ਵਰਣ ਪ੍ਰਬੰਧ ਨੂੰ ਘੜਦੀਆਂ ਹਨ ਅਤੇ ਰੱਬ ਦੇ ਨਾਂ 'ਤੇ ਪੱਕਾ ਕਰਦੀਆਂ ਹਨ। ਇਸ ਦੇਸ਼ ਦਾ ਆਮ ਪ੍ਰਬੰਧ ਇਨ੍ਹਾਂ ਧਾਰਮਿਕ ਗ੍ਰੰਥਾਂ ਦੇ ਅਨੁਸਾਰ ਹੀ ਚਲ ਰਿਹਾ ਹੈ, ਚਲਦਾ ਆਇਆ ਹੈ। ਚਾਹੇ ਬ੍ਰਾਹਮਣ-ਕਸ਼ੱਤਰੀ ਰਾਜ ਸੀ, ਚਾਹੇ ਮੁਗਲ ਰਾਜ, ਚਾਹੇ ਅੰਗਰੇਜ਼ ਰਾਜ ਤੇ ਚਾਹੇ ਲੋਕਤੰਤਰ, ਸਦਾ ਉਹ ਕਾਨੂੰਨ ਹੀ ਸਮਾਜ 'ਤੇ ਲਾਗੂ ਰਹੇ ਹਨ, ਜੋ ਇਨ੍ਹਾਂ ਧਾਰਮਿਕ ਗ੍ਰੰਥਾਂ ਵਿਚ ਦਰਜ ਹਨ। ਹਰ ਲਹਿਰ 'ਤੇ ਮਨੂੰਵਾਦ ਦਾ ਪੂਰਾ ਅਸਰ ਸਾਫ ਦਿਖਾਈ ਦੇ ਰਿਹਾ ਹੈ। ਚਾਹੇ ਉਹ ਗਾਂਧੀਵਾਦੀ ਲਹਿਰ ਹੈ ਤੇ ਚਾਹੇ ਸੋਮਾਜਵਾਦੀ। ਮਨੂੰ ਅਜੇ ਹਰ ਥਾਂ ਜਿਊਂਦਾ ਜਾਗਦਾ ਹੈ। ਮਨੂੰ ਅਜੇ ਮਰਿਆ ਨਹੀਂ, ਸਗੋਂ ਤਕੜਾ ਹੋਇਆ ਹੈ। ਹੁਣ ਤਾਂ ਰਾਜਸਥਾਨ ਹਾਈਕੋਰਟ ਦੇ ਸਾਹਮਣੇ ਮਨੂੰ, ਜਿਸ ਨੇ ਸਮਾਜ ਦਾ ਸਭ ਤੋਂ ਘਟੀਆ ਅਤੇ ਮਨੁੱਖ ਦੋਖੀ ਵਿਧਾਨ 'ਮਨੂੰ ਸਿਮਰਤੀ' ਲਿਖਿਆ, ਦਾ ਬੁੱਤ ਵੀ ਲਗਾ ਦਿੱਤਾ ਗਿਆ ਹੈ।

ਹੁਣ ਜਦੋਂ ਇਨ੍ਹਾਂ ਧਾਰਮਿਕ ਗ੍ਰੰਥਾਂ ਦਾ ਵੀ ਅਧਿਐਨ ਕੀਤਾ ਤਾਂ ਉਹ ਕਾਨੂੰਨੀ ਧਾਰਨਾਵਾਂ, ਜੋ ਭਾਰਤੀਆਂ ਦੀ ਮਾਨਸਿਕ ਅਵਸਥਾ ਬਣ ਚੁੱਕੀਆਂ ਹਨ, ਉਨ੍ਹਾਂ ਨੂੰ ਕੱਢ ਕੇ ਆਮ ਲੋਕਾਂ ਤੀਕ ਪਹੁੰਚਾਉਣ ਦਾ ਯਤਨ ਕੀਤਾ ਹੈ ਤਾਂ ਜੋ ਬੁੱਧੀਜੀਵੀ ਵਰਗ ਤੇ ਮਿਸ਼ਨਰੀ ਵਰਗ ਇਸ ਹਕੀਕਤ ਤੋਂ ਜਾਣੂ ਹੋ ਸਕੇ ਕਿ ਆਖਰ ਉਹ ਕਿਹੜੀ ਪ੍ਰਣਾਲੀ ਹੈ, ਜੋ ਇਸ ਦੇਸ ਦਾ ਕਾਰੋਬਾਰ ਇਨੇ ਨਿੱਘਰ ਚੁੱਕੇ ਮਾਹੌਲ ਵਿਚ ਵੀ ਚਲਾ ਸਕਣ ਦੇ ਯੋਗ ਹੈ।

ਅੰਤ ਵਿਚ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੋ ਲੋਕਾਂ ਵਿਚ ਪਰਚਾਰਿਆ ਜਾਂਦਾ ਹੈ, ਉਹ ਹੋਰ ਹੈ, ਜੋ ਹਕੀਕਤ ਹੈ, ਉਹ ਹੋਰ ਹੈ। ਕਿਉਂਕਿ ਪ੍ਰਚਾਰ ਦੇ ਸਾਰੇ ਸਾਧਨ 'ਮਾਲਕ' ਪਾਸ ਹਨ, ਉਹ ਜੋ ਆਖਦਾ ਹੈ, ਕਰਦਾ ਨਹੀਂ, ਜੋ ਕਰਦਾ ਹੈ, ਉਹ ਆਖਦਾ ਨਹੀਂ। ਪਰ ਜੋ ਮਨਾਉਣਾ ਚਾਹੁੰਦਾ ਹੈ ਉਹ ਮਨਾ ਲੈਂਦਾ ਹੈ, ਜੋ ਬਨਾਉਣਾ ਚਾਹੁੰਦਾ ਹੈ ਬਣਾ ਲੈਂਦਾ ਹੈ। ਉਹ ਹਮੇਸ਼ਾ ਦੂਹਰਾ ਰੋਲ ਕਰਦਾ ਹੈ। ਮੈਂ ਆਪਣੇ ਸੰਭਵ ਯਤਨਾਂ ਨਾਲ ਬਿਨਾਂ ਕਿਸੇ ਲਿਹਾਜ਼ੀ ਦੇ ਇਹ ਹਕੀਕਤ ਜਨਤਾ ਸਾਹਮਣੇ ਪੇਸ਼ ਕਰ ਰਿਹਾ ਹਾਂ ਤਾਂ ਕਿ ਅਸੀਂ ਹਰ ਆਡੰਬਰ ਦੀ ਬੁਨਿਆਦ ਨੂੰ ਜਾਣ ਸਕੀਏ, ਸਮਝ ਸਕੀਏ। ਪੂਰੀ ਸਮਝ ਤੋਂ ਬਗੈਰ ਠੀਕ ਰਸਤੇ ਦੀ ਚੋਣ ਨਹੀਂ ਹੋ ਸਕਦੀ। ਗਲਤ ਰਸਤਾ ਮੰਜ਼ਿਲ ਤਕ ਨਾ ਕਦੀ ਪਹੁੰਚਿਆ ਹੈ ਨਾ ਪਹੁੰਚੇਗਾ।

ਗੁਰਨਾਮ ਸਿੰਘ

ਐਮ.ਏ. ਪੰਜਾਬੀ, ਰਾਜਨੀਤੀ ਅਤੇ ਬੀ.ਐੱਡ.

ਪੁਸਤਕ ਬਾਰੇ

ਵੱਖ-ਵੱਖ ਸਮਿਆਂ 'ਤੇ ਕਾਬਜ਼ ਰਹਿੰਦੀਆਂ ਵਿਚਾਰ ਧਾਰਾਵਾਂ ਵੱਖਰੀ-ਵੱਖਰੀ ਸੋਚ ਵਾਲੇ ਮਨੁੱਖਾਂ ਦੀ ਦੇਣ ਹੁੰਦੀਆਂ ਹਨ, ਜੋ ਸਮੇਂ ਅਤੇ ਸਮਾਜ ਦੇ ਪ੍ਰਸੰਗ ਵਿਚ ਕਿਸੇ ਵੇਲੇ ਸਿਰਜ ਕੇ ਪ੍ਰਚਲਤ ਕੀਤੀਆਂ ਜਾਂਦੀਆਂ ਹਨ ਤੇ ਉਹ ਉਸ ਸਮੇਂ ਚੱਲ ਰਹੀਆਂ, ਮੰਨੀਆਂ ਜਾ ਰਹੀਆਂ ਪਰੰਪਰਾਵਾਂ ਦੇ ਪ੍ਰਤੀਕੂਲ ਕੋਈ ਨਵਾਂ ਉਦੇਸ਼ ਜਾਂ ਨਵਾਂ ਨਾਅਰਾ ਲੈ ਕੇ ਅੱਗੇ ਵਧਦੀਆਂ ਹਨ। ਇਹ ਦੋ ਵਿਚਾਰਧਾਰਾਵਾਂ ਦੇ ਆਪਸੀ ਟੱਕਰਾਅ ਦਾ ਸਮਾਂ ਹੁੰਦਾ ਹੈ। ਕਈ ਵਾਰ ਤਾਂ ਨਵੀਂ ਵਿਚਾਰਧਾਰਾ ਪੁਰਾਣੀ ਨੂੰ ਢਾਅ ਕੇ, ਆਪਣੇ ਅਨੁਕੂਲ ਸਮਾਜ ਦੀਆਂ ਪ੍ਰਵਿਰਤੀਆਂ ਤੇ ਪ੍ਰੰਪਰਾਵਾਂ ਨੂੰ ਖੜ੍ਹੇ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ, ਪਰੰਤੂ ਕਈ ਵਾਰ ਪੁਰਾਣੀਆਂ ਲੀਹਾਂ ਜੋ ਬਹੁਤ ਗਹਿਰੀਆਂ ਤੇ ਮਜ਼ਬੂਤ ਹੁੰਦੀਆਂ ਹਨ, ਉਹ ਨਵੀਆਂ ਧਾਰਨਾਵਾਂ ਲੈ ਕੇ ਵੀ ਦੁਨੀਆ ਨੂੰ ਆਪਣੇ ਅਨੁਸਾਰ ਹੀ ਚਲਾ ਕੇ ਰੱਖ ਸਕਣ ਵਿਚ ਕਾਮਯਾਬ ਰਹਿੰਦੀਆਂ ਹਨ।

ਅਸੀਂ ਵੇਖਦੇ ਹਾਂ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਯਾਨੀ ਪ੍ਰਵਾਨਤ ਸਮੇਂ ਅਨੁਸਾਰ ਲੱਗਪਗ 4000 ਕੁ ਸਾਲ ਪਹਿਲਾਂ ਭਾਰਤ ਅੰਦਰ ਦਰਾਵੜਾਂ ਦੀ ਸਿੰਧੂ ਸਭਿਅਤਾ ਨੂੰ ਸਾਰੀ ਦੁਨੀਆ ਦੇ ਇਤਿਹਾਸਕਾਰ ਦੁਨੀਆ ਦੀ ਉੱਤਮ ਤੇ ਅਮੀਰ ਸੱਭਿਅਤਾ ਪ੍ਰਵਾਨ ਕਰਦੇ ਹਨ, ਜਿਸ ਨੂੰ ਆਰੀਅਨ ਹਮਲਾਵਰਾਂ ਨੇ ਕਈ ਸੌ ਸਾਲਾਂ ਅੰਦਰ ਤਹਿਸ-ਨਹਿਸ ਕਰ ਦਿੱਤਾ ਅਤੇ ਦਰਾਵੜ ਲੋਕਾਂ ਨੂੰ ਆਪਣੇ ਗੁਲਾਮ ਕਰ ਲਿਆ। 'ਸਿੰਧੂ ਸੱਭਿਅਤਾ ਅਤੇ ਆਰੀਆ ਲੋਕ' ਭਾਗ ਵਿਚ ਇਹ ਜ਼ਿਕਰ ਕੀਤਾ ਗਿਆ ਹੈ।

ਗੁਲਾਮਾਂ ਨੂੰ ਹਮੇਸ਼ਾ-ਹਮੇਸ਼ਾ ਲਈ ਗੁਲਾਮ ਬਣਾਈ ਰੱਖਣ ਦੀ ਤਮੰਨਾ ਨਾਲ ਆਰੀਆ ਨੇ ਵਰਣ ਵਿਵਸਥਾ ਪੈਦਾ ਕੀਤੀ। ਭਾਵ ਸਮਾਜ ਨੂੰ ਅਧਿਕਾਰੀ ਅਤੇ ਅਣ-ਅਧਿਕਾਰੀ ਵਰਗ ਵਿਚ ਵੰਡਿਆ। ਜਿਵੇਂ ਆਰੀਆ ਨੇ ਆਪਣੇ ਹੀ ਲੋਕਾਂ ਵਿਚ ਅਧਿਕਾਰ ਇਸ ਪ੍ਰਕਾਰ ਵੰਡੇ, ਸਭ ਤੋਂ ਉੱਤਮ ਅਧਿਕਾਰੀ ਬ੍ਰਾਹਮਣ, ਜਿਸਨੂੰ ਵਿੱਦਿਆ ਹੁਕਮ ਤੇ ਸਰਬਉੱਚਤਾ ਦਾ ਅਧਿਕਾਰੀ ਥਾਪਿਆ ਗਿਆ। ਉਸ ਤੋਂ ਬਾਅਦ ਕਸ਼ੱਤਰੀ ਨੂੰ ਬ੍ਰਾਹਮਣ ਵਰਗ ਦੀ ਰਾਖੀ ਲਈ, ਉਨ੍ਹਾਂ ਨੂੰ ਹਮਲੇ ਤੋਂ ਬਚਾਉਣ ਲਈ ਸਮੁੱਚੇ ਰੂਪ ਵਿਚ ਹਥਿਆਰਾਂ ਦਾ ਅਧਿਕਾਰੀ ਬਣਾਇਆ ਗਿਆ ਤੇ ਦੂਜੇ ਲੋਕਾਂ ਨੂੰ ਹਥਿਆਰ ਰੱਖਣ ਦੀ ਮਨਾਹੀ ਕਰ ਦਿੱਤੀ ਗਈ। ਤੀਜਾ ਅਧਿਕਾਰੀ ਆਰੀਅਨ ਲੋਕਾਂ 'ਚੋਂ ਵੈਸ਼ ਨੂੰ ਥਾਪਿਆ ਗਿਆ, ਜਿਸ ਨੂੰ ਦਰਾਵੜਾਂ ਦੀ ਜ਼ਮੀਨ ਅਤੇ ਵਪਾਰ ਦੇ ਅਧਿਕਾਰ ਸੌਂਪੇ ਗਏ। ਭਾਵ ਤਿੰਨਾਂ ਵਰਗਾਂ ਲਈ ਧਨ ਅਤੇ ਬਾਕੀ ਸਾਧਨ ਮੁਹਈਆ ਕਰਨਾ ਵੈਸ਼ ਦਾ ਕੰਮ ਰਿਹਾ। ਪੈਸਾ ਕਮਾਉਣ ਦੇ ਸਾਰੇ ਸਾਧਨ ਇਸ ਵਰਗ ਨੂੰ ਸੌਂਪ ਦਿੱਤੇ ਗਏ। ਸਿੰਧ ਸਭਿਅਤਾ ਨੂੰ ਤਬਾਹ ਕਰਨ ਵਿਚ ਇੰਦਰ ਅਤੇ ਵਿਸ਼ਨੂੰ ਦਾ ਰਿਗਵੇਦ ਵਿਚ ਵਿਸ਼ੇਸ਼ ਜ਼ਿਕਰ ਆਇਆ ਹੈ।

ਅੰਤ ਵਿਚ ਇਕ ਵਰਗ ਨੂੰ ਸ਼ੂਦਰ ਬਣਾ ਕੇ, ਉਸ ਨੂੰ ਸਾਰੇ ਅਧਿਕਾਰਾਂ ਤੋਂ ਵਰਜਿਤ ਕਰ ਦਿੱਤਾ ਗਿਆ। ਇਹ ਅਣ-ਅਧਿਕਾਰਤ ਵਰਗ ਦਰਾਵੜ ਲੋਕ ਸਨ, ਜਿਨ੍ਹਾਂ ਨੂੰ ਆਰੀਆ ਨੇ ਆਪਣਾ ਗੁਲਾਮ ਬਣਾ ਲਿਆ। ਸੋ ਇਸ ਵਿਸ਼ਾਲ ਵਰਗ ਨੂੰ ਰਾਜ ਭਾਗ, ਹੁਕਮ, ਵਿੱਦਿਆ, ਹਥਿਆਰ, ਜ਼ਮੀਨ, ਵਪਾਰ ਸਭ ਕੁਝ ਤੋਂ ਪੂਰਨ ਰੂਪ ਵਿਚ ਵਾਂਝੇ ਕਰਕੇ ਸੇਵਾਦਾਰ ਦਾ ਦਰਜਾ ਦਿੱਤਾ ਗਿਆ ਤੇ ਇਸ ਦਾ ਖਾਣਾ, ਪੀਣਾ, ਪਹਿਨਣਾ ਤੇ ਕੰਮ ਕਰਨਾ, ਉਪਰੋਕਤ ਤਿੰਨਾਂ ਵਰਗਾਂ ਦੀ ਮਨਮਰਜ਼ੀ 'ਤੇ ਨਿਰਭਰ ਕਰ ਦਿੱਤਾ ਗਿਆ। ਮਨੁੱਖ ਦੀ ਸ਼ਕਤੀ ਅਤੇ ਆਜ਼ਾਦੀ ਲਈ ਉਸ ਪਾਸ ਪੰਜ ਅਧਿਕਾਰ ਹੋਣੇ ਜ਼ਰੂਰੀ ਹਨ । ਉਹ ਹਨ :-

1. ਬੁੱਧੀਬਲ (ਦਿਮਾਗੀ ਜਾਂ ਵਿਚਾਰਧਾਰਕ ਸ਼ਕਤੀ) 2. ਤਨ ਬਲ (ਸਵੈ ਰਾਖੀ ਲਈ ਹਥਿਆਰਬੰਦੀ) 3. ਧਨ ਬਲ (ਧਨ ਦੌਲਤ ਤੇ ਹੋਰ ਆਰਥਿਕ ਸਾਧਨਾਂ 'ਤੇ ਕਬਜ਼ਾ) 4. ਜਨ ਬਲ (ਜਨਤਾ ਦੇ ਮਜ਼ਬੂਤ ਸੰਗਠਨ ਭਾਵ ਏਕਤਾ) 5. ਮਨੋ ਬਲ (ਹੌਸਲਾ ਕੁਝ ਕਰਨ ਦੀ ਤਮੰਨਾ, ਇੱਛਾ, ਜਿਗਰਾ)।

ਜੇ ਮਨੁੱਖ ਪਾਸ ਇਨ੍ਹਾਂ ਵਿਚੋਂ ਕੋਈ ਦੋ ਜਾਂ ਤਿੰਨ ਸ਼ਕਤੀਆਂ ਹੀ ਰਹਿਣ ਤਾਂ ਵੀ ਉਹ ਕਿਸੇ ਸਮੇਂ ਵੀ ਆਪਣੀ ਆਜ਼ਾਦੀ ਬਹਾਲ ਕਰਨ ਦੀ ਹਿੰਮਤ ਕਰ ਸਕਦਾ ਹੈ ਤੇ ਕਾਬਜ਼ ਸ਼੍ਰੇਣੀ ਨੂੰ ਵੰਗਾਰ ਸਕਦਾ ਹੈ। ਪਰੰਤੂ ਅਸੀਂ ਦੇਖਦੇ

ਜਾਂ ਕਿ ਦਾਤਾਵਰਗਾਂ ਪਾਸੋਂ ਇਹ ਸਾਰੇ ਮਨੁੱਖੀ ਅਧਿਕਾਰ ਖੋਹ ਕੇ ਆਰੀਆ ਨੇ ਉਨ੍ਹਾਂ ਨੂੰ ਹਰ ਖੇਤਰ ਵਿਚ ਅਪਾਹਜ ਕਰ ਦਿੱਤਾ। ਉਹ ਸਿਰਫ ਕੰਮ ਕਰ ਸਕਦੇ ਸਨ ਤੇ ਉਸ ਦਾ ਫਲ ਦੇਣਾ ਜਾਂ ਨਾ ਦੇਣਾ ਆਰੀਆ 'ਤੇ ਨਿਰਭਰ ਸੀ।

ਬੁੱਧੀ ਬਲ ਤੋਂ ਭਾਵ ਸ਼ੂਦਰਾਂ ਨੂੰ ਵਿੱਦਿਆ ਤੋਂ, ਸੋਚਣ ਤੋਂ, ਬੋਲਣ ਤੋਂ, ਸੁਣਨ ਤੋਂ, ਹਮੇਸ਼ਾ-ਹਮੇਸ਼ਾ ਲਈ ਵੰਚਿਤ ਕਰ ਦਿੱਤਾ ਗਿਆ। ਸਰੀਰਕ ਬਲ ਭਾਵ ਆਪਣੇ ਖੁੱਸੇ ਅਧਿਕਾਰਾਂ ਲਈ ਲੜਨ ਦੀ ਤਾਕਤ, ਹਥਿਆਰ ਵੀ ਖੋਹ ਲਏ ਗਏ। ਇਥੋਂ ਤੀਕ ਕਿ ਹੱਥ ਚੁੱਕਣ ਦੀ ਸਜ਼ਾ ਨਿਸ਼ਚਿਤ ਕਰ ਦਿੱਤੀ ਗਈ, ਉਸ ਦਾ ਅੰਗ ਕੱਟ ਦੇਣਾ। ਧਨ ਜੋ ਜ਼ਮੀਨ ਵਿਚੋਂ ਪੈਦਾ ਹੁੰਦਾ ਹੈ ਤੇ ਜੋ ਜ਼ਿੰਦਗੀ ਨੂੰ ਜਿਊਣ ਲਈ ਸਾਰੇ ਸਾਧਨ ਮੁਹਈਆ ਕਰਦਾ ਹੈ, ਉਹ ਵੀ ਖੋਹ ਲਿਆ ਗਿਆ।

ਐਸੇ ਗੱਲ ਇਥੋਂ ਤੀਕ ਨਹੀਂ ਰਹਿਣ ਦਿੱਤੀ, ਵਿਸ਼ਾਲ ਸ਼ੂਦਰ ਵਰਗ ਨੂੰ, ਜਨਤਾ ਦੇ ਹਰ ਉਭਾਰ ਨੂੰ ਰੋਕਣ ਲਈ ਜਾਤਾਂ-ਪਾਤਾਂ ਵਿਚ ਵੰਡ ਕੇ ਬੁਰੀ ਤਰ੍ਹਾਂ ਟੁਕੜੇ-ਟੁਕੜੇ ਕਰ ਦਿੱਤਾ ਤਾਂ ਕਿ ਉਨ੍ਹਾਂ ਅੰਦਰ ਮੁੜ ਜੁੜ ਸਕਣ ਦੀ, ਸੰਗਠਨ ਬਣਾ ਸਕਣ ਦੀ ਤਾਕਤ ਹੀ ਨਾ ਰਹੇ। ਇਸ ਦੇ ਨਾਲ ਹੀ ਛੂਆ-ਛਾਤ ਏਨੀ ਵੱਡੀ ਪੱਧਰ 'ਤੇ ਲਾਗੂ ਕੀਤੀ ਗਈ ਕਿ ਸਾਰੇ ਸ਼ੂਦਰਾਂ ਦਾ (ਜਿਨ੍ਹਾਂ ਨੂੰ ਅੱਜ Sc.St. Bc.ਅਤੇ Mc. ਕਿਹਾ ਜਾਂਦਾ ਹੈ) ਮਨੋਬਲ ਗਿਰ ਗਿਆ, ਹੌਸਲਾ ਗਿਰ ਗਿਆ। ਜਿਸ ਪਾਸ ਕੋਈ ਤਾਕਤ ਨਾ ਰਹੇ, ਉਸ ਦਾ ਮਨੋਬਲ ਕਿੰਨਾ ਕੁ ਚਿਰ ਠਹਿਰ ਸਕਦਾ ਹੈ। ਅਜਿਹੀ ਸਦੀਵੀ ਗੁਲਾਮੀ ਪੈਦਾ ਕਰਨ ਲਈ ਜੋ ਨਿਯਮ ਕਾਨੂੰਨ ਘੜੇ ਗਏ ਉਨ੍ਹਾਂ ਨੂੰ ਬ੍ਰਾਹਮਣਵਾਦ, ਮਨੂੰਵਾਦ ਤੇ ਗਾਂਧੀਵਾਦ ਕਹਿੰਦੇ ਹਨ।

ਗੁਲਾਮੀ ਦੇ ਲਗਪਗ 1500 ਸਾਲ ਬਾਅਦ ਸ਼ੂਦਰਾਂ ਦੀ ਇਸ ਚਾਰੇ ਤਰਫੋਂ ਖੁੱਸੀ ਤਾਕਤ ਨੂੰ ਮੁੜ ਇਕੱਠੇ ਕਰਨ ਦਾ ਯਤਨ, ਪਹਿਲਾਂ ਮਹਾਨ ਬੁੱਧ ਨੇ ਕੀਤਾ ਤੇ ਉਸ ਨੇ ਸ਼ੂਦਰਾਂ ਨੂੰ ਪੰਜੇ ਬਲ ਪੈਦਾ ਕਰਨ ਲਈ ਸੰਗਠਤ ਕੀਤਾ। ਸਿੱਟੇ ਵਜੋਂ ਸ਼ੂਦਰ ਰਾਜ ਮੁੜ ਸਥਾਪਿਤ ਹੋਇਆ ਤੇ ਸੁਨਹਿਰੀ ਯੁੱਗ ਕਹਾਇਆ। ਪਰ ਇਸ ਨੂੰ ਵੀ ਬ੍ਰਾਹਮਣਵਾਦ ਅੰਤ ਨਿਗਲ ਗਿਆ। ਫਿਰ ਮਨੂੰ ਸਿਮਰਤੀ ਅੱਗੇ ਆਈ। ਮਨੂੰਵਾਦ ਅਤੇ ਜਾਤੀਵਾਦ ਲਾਗੂ ਹੋਇਆ। ਛੂਆ-ਛਾਤ ਜ਼ੋਰਾਂ 'ਤੇ ਸਥਾਪਤ ਕੀਤੀ ਗਈ, ਜਿਸ ਦਾ ਮਨੋਰਥ ਜਾਤਾਂ ਵਿਚਕਾਰ ਆਪਸੀ ਨਫਰਤ ਭਰਨਾ ਸੀ। ਭਿੱਟ ਦਾ ਸਿਧਾਂਤ ਮਨੁੱਖਾਂ ਨੂੰ ਹਮੇਸ਼ਾ-ਹਮੇਸ਼ਾ ਲਈ ਤੋੜਨ ਵਿਚ ਕਾਮਯਾਬ ਹੋਇਆ।

ਇਸ ਤੋਂ ਲਗਭਗ 1000 ਸਾਲ ਬਾਅਦ ਫਿਰ ਸਤਿਗੁਰੂ ਕਬੀਰ ਅਤੇ ਗੁਰੂ ਰਵਿਦਾਸ ਜੀ ਤੇ ਸਿੱਖ ਗੁਰੂਆਂ ਦੀ ਅਗਵਾਈ ਵਿਚ ਸਿੱਖ ਲਹਿਰ ਨੇ ਜਨਮ ਲਿਆ। ਇਸ ਲਹਿਰ ਨੂੰ ਸ਼ੂਦਰਾਂ ਨੂੰ ਪੰਜੇ ਬਲ ਜੋੜਨ ਲਈ ਤਿਆਰ ਕੀਤਾ। ਸ਼ੂਦਰ ਮੁੜ ਜਰਨੈਲ ਬਣੇ। ਵੱਡੀਆਂ ਮੱਲਾਂ ਮਾਰੀਆਂ, ਪਰੰਤੂ ਇਹ ਲਹਿਰ ਵੀ ਅੰਤ ਬ੍ਰਾਹਮਣਵਾਦ ਦੇ ਵਹੇ ਚੜ੍ਹ ਗਈ। ਲਗਪਗ 250-300 ਸਾਲ ਬਾਅਦ ਉਹੀ ਬਲ ਮਹਾਤਮਾ ਜੋਤੀਬਾ ਫੂਲੇ, ਸ਼ਾਹ ਜੀ, ਪੇਰੀਆਰ ਤੇ ਡਾ. ਅੰਬੇਡਕਰ ਨੇ ਇਕੱਠੇ ਕਰਕੇ ਸ਼ੂਦਰ ਸਮਾਜ ਨੂੰ ਉਭਾਰਨ ਦਾ ਯਤਨ ਕੀਤਾ ਤੇ ਇਹ ਸਮਾਜ ਕਾਫੀ ਕੁਝ ਲੈ ਗਿਆ। ਪਰੰਤੂ ਸਭ ਕੁਝ ਬ੍ਰਾਹਮਣਵਾਦ ਦੇ ਅਨੁਕੂਲ ਵਹਿ ਗਿਆ, ਜਿਸ ਦਾ ਕੋਈ ਫਾਇਦਾ ਨਾ ਹੋ ਸਕਿਆ।

ਹੁਣ ਅਸੀਂ ਵੇਖਣਾ ਹੈ ਕਿ ਬ੍ਰਾਹਮਣਵਾਦ ਕਿਨ੍ਹਾਂ ਸਿਧਾਂਤਾਂ 'ਤੇ ਉਸਾਰਿਆ ਗਿਆ ? ਉਹ ਸਿਧਾਂਤ ਲਿਖੇ ਹਨ, ਹਿੰਦੂ ਧਾਰਮਿਕ ਗਰੰਥਾਂ ਵਿਚ ਤੇ ਇਹ ਧਾਰਮਿਕ ਗ੍ਰੰਥ ਹਨ ; ਵੇਦ-ਸ਼ਾਸਤਰ, ਸਿਮਰਤੀਆਂ, ਸਰੁਤੀਆਂ, ਤੁਲਸੀ ਰਮਾਇਣ, ਮਨੂੰ ਸਿਮਰਤੀ, ਗੀਤਾ, ਮਹਾਂਭਾਰਤ ਅਤੇ ਪੁਰਾਣ ਆਦਿ। ਇਨ੍ਹਾਂ ਗ੍ਰੰਥਾਂ ਨੂੰ ਰੱਬੀ ਕਰਾਰ ਦਿੱਤਾ ਗਿਆ। ਇਹ ਗਰੰਥ ਕੋਈ ਧਾਰਮਿਕ ਗ੍ਰੰਥ ਨਹੀਂ ਹਨ। ਉਨ੍ਹਾਂ ਕਾਨੂੰਨਾਂ ਦੀਆਂ ਕਿਤਾਬਾਂ ਹਨ, ਜਿਨ੍ਹਾਂ ਦੇ ਬਲਬੂਤੇ 'ਤੇ ਬ੍ਰਾਹਮਣਵਾਦ ਉਸਾਰਿਆ ਗਿਆ। ਇਸ ਢਾਂਚੇ ਦੇ ਬਿਲਕੁਲ ਉਲਟ ਸਿੱਖ ਲਹਿਰ ਉੱਠੀ। ਇਸ ਸਿੱਖ ਲਹਿਰ ਦੇ ਕਾਇਦੇ, ਨਿਯਮ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜਿਸ ਨੂੰ ਗੁਰਮਤਿ ਕਹਿਆ ਜਾਂਦਾ ਹੈ। ਏਸੇ ਤਰ੍ਹਾਂ ਜੋ ਲਹਿਰ ਅੰਬੇਡਕਰ ਨੇ ਉਸਾਰੀ ਤੇ ਜਿਹੜੇ ਕਾਨੂੰਨ ਬ੍ਰਾਹਮਣਵਾਦ ਨੂੰ ਖਤਮ ਲਈ ਬਾਬਾ ਸਾਹਿਬ ਡਾ. ਅੰਬੇਡਕਰ ਨੇ ਤਿਆਰ ਕੀਤੇ, ਉਹ ਭਾਰਤੀ ਸੰਵਿਧਾਨ ਵਿਚ ਦਰਜ ਹਨ। ਇੰਜ ਹਿੰਦੂ ਧਾਰਮਿਕ ਗ੍ਰੰਥ/ਬੋਧੀ ਸਿਧਾਂਤ, ਗੁਰੂ ਗ੍ਰੰਥ ਤੇ ਭਾਰਤੀ ਸੰਵਿਧਾਨ ਵੱਖ-ਵੱਖ ਮਤਾਂ ਦੇ ਸੰਵਿਧਾਨ ਹਨ, ਜਿਨ੍ਹਾਂ ਅੰਦਰ ਸਮਾਜ ਦੀ ਤੋਰ ਨੂੰ ਚਲਾਉਣ ਜਾਂ ਬਦਲਣ ਲਈ ਅਜਿਹੇ ਕਾਨੂੰਨ ਜਾਂ ਨੇਮ ਨਿਸ਼ਚਿਤ ਕੀਤੇ ਗਏ ਹਨ ਜੋ ਇਕ ਦੂਜੇ ਨੂੰ ਕੱਟ ਕੇ ਆਪਣੀ ਵਿਚਾਰਧਾਰਾ ਅਨੁਸਾਰ ਸਮਾਜ ਦੀ ਸਿਰਜਣਾ ਕਰਨਾ ਲੋਚਦੇ ਹਨ। ਇਨ੍ਹਾਂ ਸਾਰੇ ਕਿਸਮ ਦੇ ਸੰਵਿਧਾਨਾਂ ਦੀ ਵਿਆਖਿਆ ਹੀ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੁਸਤਕ ਵਿਚ ਕੀਤੀ ਗਈ ਹੈ। ਇਸ ਵਿਚਲੇ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ ਅਤੇ ਰਾਜਨੀਤੀ ਵਿਚ ਕੋਈ ਅੰਤਰ ਨਹੀਂ। ਰੱਬ ਦਾ ਸਿਧਾਂਤ ਆਖਰ ਹੀ ਰਾਜ ਦੀ ਸਥਾਪਨਾ ਵਿਚ ਤਬਦੀਲ ਹੋ ਜਾਂਦਾ ਹੈ। ਇਕ ਜਮਾਤ ਦਾ ਰੱਬ ਦੂਜੀ ਜਮਾਤ ਦੇ ਰੱਬ ਨਾਲ ਮੇਲ ਨਹੀਂ ਖਾਂਦਾ। ਜਿਸ ਜਮਾਤ ਨੇ ਜਿਹੜਾ ਜਿਹੜਾ ਰੱਬ ਘੜਿਆ ਹੁੰਦਾ ਹੈ, ਉਹ ਉਸੇ ਜਮਾਤ ਦੇ ਹੱਕ ਵਿਚ ਭੁਗਤਦਾ ਹੈ। ਦੂਜੀ ਜਮਾਤ ਨੂੰ ਉਸ ਦਾ ਕੋਈ ਲਾਭ ਨਹੀਂ ਹੁੰਦਾ। ਆਰੀਅਨਾਂ ਦੇ ਲਿਖੇ ਇਨ੍ਹਾਂ ਗ੍ਰੰਥਾਂ ਵਿਚੋਂ ਜੋ ਸੰਵਿਧਾਨ ਹਨ, ਉਨ੍ਹਾਂ

ਵਿਚ ਸਮਾਜ ਅੰਦਰ ਸਮੂਹਿਕ ਸਮਤਾ, ਸਮਾਨਤਾ, ਆਜ਼ਾਦੀ ਅਤੇ ਭਾਈਚਾਰਾ ਖਤਮ ਕਰਕੇ, ਇਕ ਵਰਗ (ਭਾਵ ਆਰੀਅਨਾਂ) ਦੀ ਸਰਬਪੱਖੀ ਉੱਚਤਾ ਸਥਾਪਤ ਕੀਤੀ ਗਈ ਹੈ। ਇਸ ਦੇ ਬਿਲਕੁਲ ਉਲਟ ਬੁੱਧਮੱਤ ਅਤੇ ਗੁਰਮੱਤ ਦੇ ਸੰਵਿਧਾਨ ਅੰਦਰ ਸਮੂਹਿਕ ਸਮਤਾ, ਸਮਾਨਤਾ, ਭਾਈਚਾਰਾ ਅਤੇ ਆਜ਼ਾਦੀ ਸਥਾਪਤ ਕਰਨ ਖਾਤਰ ਪ੍ਰਾਣੀ ਲਈ ਨਿਯਮ ਸਥਾਪਤ ਕੀਤੇ ਗਏ ਹਨ। ਇਹ ਸਾਰੀ ਕਿਸਮ ਦੇ ਸੰਵਿਧਾਨ ਰੱਬ ਦੇ ਨਾਂ 'ਤੇ ਜਾਂ ਧਰਮ ਦੇ ਨਾਂ 'ਤੇ ਸਥਾਪਤ ਕੀਤੇ ਗਏ ਹਨ। ਮਸਲਾ ਸਮਾਜ ਨੂੰ ਸਮਾਜ ਦੇ ਬੰਦੇ ਦੀ ਤੋਰ ਨੂੰ ਬਦਲਣ ਦਾ ਹੈ।

ਪਰੰਤੂ ਡਾ. ਅੰਬੇਡਕਰ ਦਾ ਸੰਵਿਧਾਨ ਸਮਾਜ ਦੇ ਨਾਂ 'ਤੇ ਸਿਰਜਿਆ ਗਿਆ, ਜਿਸ ਵਿਚ ਸਮਤਾ, ਸਮਾਨਤਾ, ਭਾਈਚਾਰਾ ਅਤੇ ਆਜ਼ਾਦੀ ਨੂੰ ਕਾਨੂੰਨੀ ਤਾਕਤ ਬਣਾ ਕੇ ਨਿਸ਼ਚਿਤ ਕੀਤਾ ਗਿਆ, ਕਿਉਂਕਿ ਰਾਜਸੀ ਢਾਂਚਾ ਪਰਜਾਤੰਤਰ ਦਾ ਰੂਪ ਧਾਰਨ ਕਰ ਗਿਆ ਸੀ।

ਆਓ ਵੇਖੀਏ ਕਿ ਇਨ੍ਹਾਂ ਸੰਵਿਧਾਨਾਂ ਦੀਆਂ ਮੁੱਖ ਧਾਰਾਵਾਂ ਨੂੰ ਲਾਗੂ ਕਰਨ ਲਈ ਲੰਬਾ ਸਮਾਂ ਜ਼ਿੰਦਗੀ ਦੇ ਖੇਤਰਾਂ ਵਿਚ ਆਰੀਅਨ ਬ੍ਰਾਹਮਣਾਂ, ਮਹਾਂਰਿਸ਼ੀ ਬਾਲਮੀਕ ਰਮਾਇਣ, ਮਹਾਤਮਾ ਬੁੱਧ, ਸਿੱਖ ਗੁਰੂਆਂ, ਮਹਾਤਮਾ ਜੋਤੀਬਾ ਫੂਲੇ, ਸ਼ਾਹੂ ਛਤਰਪਤੀ, ਪੈਰੀਆਰ ਰਾਮਾਸੁਆਮੀ ਨਾਈਕਰ, ਨਰਾਇਣਾ ਗੁਰੂ ਅਤੇ ਡਾ. ਅੰਬੇਡਕਰ ਨੂੰ ਕਿਵੇਂ ਕਰੜਾ ਸੰਘਰਸ਼ ਕਰਨਾ ਪਿਆ। ਸਭ ਤੋਂ ਪਹਿਲਾ ਅਸੀਂ ਸਿੰਧੂ ਸੱਭਿਅਤਾ ਤੇ ਆਰੀਆ ਪ੍ਰਵੇਸ਼ ਬਾਰੇ ਇਤਿਹਾਸ ਦੀ ਗਵਾਹੀ ਭਰਾਂਗੇ ਤੇ ਫੇਰ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਆਰੀਆ ਲੋਕਾਂ ਦੇ ਆਗਮਨ ਬਾਰੇ ਜਾਨਣ ਦੀ ਕੋਸ਼ਿਸ਼ ਕਰਾਂਗੇ।

ਤੀਜੇ ਐਡੀਸ਼ਨ ਬਾਰੇ

ਅੱਜ ਅਸੀਂ ਆਪਣੀ ਜਨਤਾ ਸਾਹਮਣੇ ਇਸ ਪੁਸਤਕ ਦਾ ਤੀਜਾ ਐਡੀਸ਼ਨ ਪੇਸ਼ ਕਰ ਰਹੇ ਹਾਂ। ਕਾਰਨ ਪੁਸਤਕ ਦੀ ਵੱਧ ਰਹੀ ਮੰਗ ਅਤੇ ਜ਼ਰੂਰਤ ਹੈ। ਇਸ ਐਡੀਸ਼ਨ ਵਿਚ ਕਾਫੀ ਸਾਰਾ ਵਾਧਾ ਕੀਤਾ ਗਿਆ ਹੈ, ਜੋ ਪਹਿਲੀ ਵਾਰ ਤੇ ਦੂਜੀ ਵਾਰ ਪ੍ਰਾਪਤ ਨਹੀਂ ਸੀ ਹੋ ਸਕਿਆ ਜਾਂ ਪੁਸਤਕ ਦੀ ਛਪਾਈ ਵਿਚ ਗਲਤੀਆਂ ਰਹਿ ਗਈਆਂ ਸਨ, ਜਿਹੜੀਆਂ ਅਰਥਾਂ ਦਾ ਅਨਰੱਥ ਕਰ ਦਿੰਦੀਆਂ ਹਨ। ਦੂਜੀ ਗੱਲ ਹੈ ਕਿ ਜਿਸ ਮੰਤਵ ਨੂੰ ਲੈ ਕੇ ਇਹ ਪੁਸਤਕ ਸ਼ੁਰੂ ਕੀਤੀ ਗਈ ਸੀ, ਉਸ ਨੂੰ ਹੁਣ ਪੂਰਾ ਕਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ।

ਚੌਥੇ ਐਡੀਸ਼ਨ ਬਾਰੇ

ਤੀਜਾ ਐਡੀਸ਼ਨ ਕੱਢਣ ਤੋਂ ਬਾਅਦ ਅਤੇ ਇਸ ਦੇ ਲੋਕਾਂ ਦੇ ਹੱਥ ਪਹੁੰਚਣ ਤੋਂ ਬਾਅਦ 1994 ਤੱਕ, ਦੇਸ਼ ਦੇ ਕੋਨੇ-ਕੋਨੇ ਤੋਂ ਤੇ ਖਾਸ ਤੌਰ 'ਤੇ ਪੰਜਾਬ, ਹਰਿਆਣਾ, ਰਾਜਸਥਾਨ, ਜੰਮੂ ਅਤੇ ਹਿਮਾਚਲ ਦੇ ਪੰਜਾਬੀ ਬੋਲਦੇ ਇਕਲਾਕਿਆਂ ਤੋਂ ਅਣਗਿਣਤ ਪੱਤਰ ਮਿਲਦੇ ਰਹੇ ਹਨ, ਜਿਨ੍ਹਾਂ ਵਿਚ ਇਸ ਪੁਸਤਕ ਦਾ ਜ਼ਿਕਰ ਕਿਸੇ ਵੀ ਸਮੇਂ ਦੇ ਗ੍ਰੰਥਾਂ ਬਰਾਬਰ ਕੀਤਾ ਗਿਆ ਹੈ ਤੇ ਇਸ ਕੰਮ ਨੂੰ ਬੇਹੱਦ ਸ਼ਾਨਦਾਰ ਕਾਰਗੁਜ਼ਾਰੀ ਕਹਿ ਕੇ ਮੇਰਾ ਸਨਮਾਨ ਕੀਤਾ ਹੁੰਦਾ ਹੈ। ਬਾਹਰਲੇ ਦੇਸ਼ਾਂ ਤੋਂ ਵੀ ਅਨੇਕ ਪੱਤਰ ਪ੍ਰਾਪਤ ਹੋਏ ਹਨ। ਅੱਜ ਜਦੋਂ ਮੈਂ ਚੌਥੇ ਐਡੀਸ਼ਨ ਦੀ ਛਪਾਈ ਸੰਬੰਧੀ ਸੋਚਣ ਬੈਠਾ ਹਾਂ ਤਾਂ ਨਾਦੇੜ ਮਹਾਂਰਾਸ਼ਟਰ ਤੋਂ ਪੱਤਰ ਪ੍ਰਾਪਤ ਹੋਇਆ ਹੈ। ਹਜ਼ਾਰਾਂ ਪੱਤਰਾਂ ਨੇ ਮੈਨੂੰ ਇਹ ਅਨੁਭਵ ਕਰਾਇਆ ਹੈ ਕਿ ਮੇਰੀ ਮੇਹਨਤ ਅਜਾਈ ਨਹੀਂ ਗਈ। ਇਸ ਦੇਸ਼ ਦੇ ਦਬੇ-ਕੁਚਲੇ ਤੇ ਸਿਆਣੇ ਲੋਕਾਂ ਨੇ ਮੇਰੀ ਕਿਰਤ ਨੂੰ ਧੁਰ ਮਸਤਕ ਤੀਕ ਪ੍ਰਵਾਨ ਕੀਤਾ ਹੈ। ਕਿਉਂਕਿ ਮੈਂ ਵਾਲਮੀਕ, ਬੁੱਧ, ਨਾਮਦੇਵ, ਕਬੀਰ, ਰਵੀਦਾਸ, ਨਾਨਕ, ਗੋਬਿੰਦ ਸਿੰਘ, ਜੋਤੀਬਾਫੂਲੇ, ਸਵਿੱਤਰੀ ਬਾਈ, ਪੈਰੀਅਰ ਰਾਮਾ ਸਵਾਮੀ, ਨਰਾਇਣਾ ਗੁਰੂ, ਸ਼ਾਹੂ ਛਤਰਪਤੀ ਮਹਾਰਾਜਾ ਕੋਹਲਾਪੁਰ ਅਤੇ ਬਾਬਾ ਸਾਹਿਬ ਅੰਬੇਡਕਰ ਦਾ ਪੈਰੋਕਾਰ ਹਾਂ ਅਤੇ ਸਾਹਿਬ ਕਾਂਸ਼ੀ ਰਾਮ ਦਾ ਇਕ ਨਿਮਾਣਾ ਜੇਹਾ ਕਾਰਜ ਕਰਤਾ ਹਾਂ, ਇਸ ਲਈ ਮੇਰਾ ਇਹ ਸਭ ਕੁਝ, ਭਾਰਤੀ ਪ੍ਰਸੰਗ ਵਿਚ, ਸਮਾਜਿਕ ਪਰਿਵਰਤਨ, ਆਰਥਿਕ ਮੁਕਤੀ ਅਤੇ ਸਮਾਨ ਭਾਈਚਾਰਾ, ਸਿਧਾਂਤ ਲਈ ਸਮਰਪਤ ਹੈ। ਸਮਾਜ ਨੇ ਮੇਰੀ ਇਸ ਪੁਸਤਕ ਨੂੰ ਇਸ ਪਰਿਵਰਤਨ ਲਈ ਇਕ ਨਿੱਗਰ ਯੋਗਦਾਨ ਵਜੋਂ ਕਬੂਲ ਕੀਤਾ ਹੈ। ਮੈਂ ਅਕਸਰ ਲਗਾਤਾਰ ਸਮਾਜ ਅੰਦਰ ਘੁੰਮਦਾ ਹਾਂ। ਲੱਖਾਂ ਲੋਕਾਂ ਨਾਲ ਸੰਪਰਕ ਹੁੰਦਾ ਹੈ। ਲੋਕ ਮੇਰੇ ਤੋਂ ਇਹ ਪੁਸਤਕ ਇਸ ਸ਼ਿੱਦਤ ਨਾਲ ਮੰਗਦੇ ਹਨ ਕਿ ਮੈਂ ਨਿਰਉੱਤਰ ਹੋ ਕੇ ਰਹਿ ਜਾਂਦਾ ਹਾਂ। ਪਰ ਹੁਣ ਮੈਂ ਇਹ ਫੈਸਲਾ ਲੈਣ ਲਈ ਮਜ਼ਬੂਰ ਹਾਂ ਕਿ ਆਪਣੇ ਸਾਥੀਆਂ ਦੇ ਵੱਡੇ ਤੇ ਨਿੱਘੇ ਸਹਿਯੋਗ ਨਾਲ ਇਕ ਵਾਰ ਫਿਰ ਇਸ ਦਾ ਚੌਥਾ ਐਡੀਸ਼ਨ ਕਢਵਾਉਣਾ ਲਾਜ਼ਮੀ ਹੋ ਗਿਆ ਹੈ। ਮੇਰੀ ਇਹ ਇੱਛਾ ਸੀ ਕਿ ਮੈਂ ਇਸ ਵਾਰ ਇਸ ਪੁਸਤਕ ਦਾ ਹਿੰਦੀ ਐਡੀਸ਼ਨ ਕੱਢਦਾ। ਪਰੰਤੂ ਅਜੇ ਇਹ ਸੰਭਵ ਨਹੀਂ ਹੋ ਸਕਣਾ ਤੇ ਉਦੋਂ ਤੀਕ ਪੰਜਾਬੀ ਭਾਸ਼ਾ ਵਿਚ ਹੀ ਇਸ ਦਾ ਅਗਲਾ ਐਡੀਸ਼ਨ ਛਾਪਣ ਦਾ ਮਨ ਬਣਾ ਲਿਆ ਹੈ। ਕਿੰਨੇ ਚੰਗੇ ਹਨ ਉਹ ਸੰਗੀ ਸਾਥੀ ਜਿਹੜੇ ਵੱਡੀ ਗਿਣਤੀ ਵਿਚ ਸਹਿਯੋਗ ਕਰਨ ਲਈ ਤਿਆਰ ਹਨ। ਤੇ ਵਾਰ-ਵਾਰ ਪ੍ਰੇਰਨਾ ਦੇ ਰਹੇ ਹਨ ਕਿ ਸਮਾਜਿਕ ਚੇਤਨਾ ਦੇ ਇਸ ਸ਼ਾਨਦਾਰ ਮੌਕੇ ਨੂੰ ਲਟਕਾਉਣਾ ਨਹੀਂ ਚਾਹੀਦਾ।

ਮੇਰਾ ਜੀਅ ਕਰਦਾ ਸੀ ਕਿ ਮੈਂ ਬਹੁਤ ਚਿੱਠੀਆਂ ਮੂਲ ਰੂਪ ਵਿਚ ਇਸ ਐਡੀਸ਼ਨ ਵਿਚ ਛਾਪਦਾ। ਪਰੰਤੂ ਪੁਸਤਕ ਵਿਚ ਹੋਰ ਮਜਬੂਰੀ ਵਾਧੇ ਕਾਰਨ ਮੈਂ ਅਜਿਹਾ ਨਹੀਂ ਕਰ ਸਕਾਂਗਾ। ਫਿਰ ਵੀ ਮੈਂ ਬਹੁਤ ਬਹੁਤ ਧੰਨਵਾਦੀ ਹਾਂ ਉਨ੍ਹਾਂ ਹਜ਼ਾਰਾਂ ਪਾਠਕਾਂ ਤੇ ਸਾਥੀਆਂ ਦਾ ਜਿਨ੍ਹਾਂ ਨੇ ਮੈਨੂੰ ਵਡਿਆਈ ਦਿੱਤੀ ਹੈ। ਹੌਸਲਾ ਦਿੱਤਾ ਹੈ। ਮਾਣ ਦਿੱਤਾ ਹੈ ਤੇ ਮੰਗ ਕੀਤੀ ਹੈ ਕਿ ਇਸ ਪੁਸਤਕ ਨੂੰ ਰੁਕਣ ਨਾ ਦਿੱਤਾ ਜਾਵੇ। ਇਹ ਇਕ ਸ਼ਕਤੀ ਹੈ ਬਲ ਹੈ ਸਾਹਸ ਹੈ ਜੋ ਮਨੁੱਖ ਨੂੰ ਹੋਰ ਅੱਗੇ ਵਧਣ ਦੀ ਪਰਬਲ ਚਾਹਤ ਦਿੰਦਾ ਹੈ। ਜੇ ਇਹ ਸ਼ਕਤੀ ਹਾਸਲ ਹੁੰਦੀ ਰਹੀ ਤਾਂ ਮੈਂ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਪੁਸਤਕ ਦਾ ਹਿੰਦੀ ਐਡੀਸ਼ਨ ਤਿਆਰ ਕਰਵਾਉਣ ਦਾ ਭਰਪੂਰ ਯਤਨ ਕਰਾਂਗਾ। ਮੇਰੀ ਖੁਦ ਦੀ ਇਹ ਇੱਛਾ ਹੈ ਕਿ ਮੈਂ ਦੂਰ-ਦੂਰ ਤੱਕ ਫੈਲੇ ਸਮਾਜ ਤੱਕ ਆਪਣੀ ਗੱਲ ਪਹੁੰਚਾ ਸਕਾਂ ਤੇ ਸਾਰੇ ਸਮਾਜ ਨੂੰ ਇਕ ਲੜੀ ਵਿਚ ਪਰੋ ਸਕਾਂ। ਤਾਂ ਕਿ ਸਮਾਜਿਕ ਪਰਿਵਰਤਨ ਹੋ ਸਕੇ। ਸਮਾਜ ਅੰਦਰੋਂ ਜਾਤੀ ਪ੍ਰਥਾ ਉਚ ਨੀਚ, ਛੂਤ-ਛਾਤ, ਨਾ-ਬਰਾਬਰੀ, ਆਪਸੀ ਘਿਰਨਾ ਹਮੇਸ਼ਾ-ਹਮੇਸ਼ਾ ਲਈ ਖਤਮ ਹੋ ਸਕੇ। ਇਕ ਸਮਾਨ ਸਮਾਜ ਦੀ ਸਿਰਜਣਾ ਹੋ ਸਕੇ। ਬ੍ਰਾਹਮਣਵਾਦੀ, ਮਨੂੰਵਾਦੀ, ਜਾਤੀਵਾਦੀ ਪ੍ਰਬੰਧ ਦਾ ਬੀਜ ਨਾਸ਼ ਹੋ ਸਕੇ ਤਾਂ ਕਿ ਭਾਰਤ ਦੀ ਅਰਬ ਦੇ ਕਰੀਬ ਪਹੁੰਚਣ ਵਾਲੀ ਅਬਾਦੀ ਸੁਖਚੈਨ ਅਤੇ ਆਨੰਦ ਦਾ ਸਾਵਾਂ ਅਤੇ ਇਕ ਸਮਾਨ ਇੱਜ਼ਤ ਸਨਮਾਨ ਵਾਲਾ ਜੀਵਨ ਬਸਰ ਕਰ ਸਕੇ ਤੇ ਸਾਡਾ ਭਾਰਤ ਸੰਸਾਰ ਲਈ ਸ਼ਾਨਦਾਰ ਨਮੂਨਾ ਬਣ ਜਾਵੇ।

ਇਸ ਮਨੋਰਥ ਲਈ ਸਾਡੇ ਵਰਣਤ ਮਹਾਨ ਪੁਰਸ਼ਾਂ ਨੇ ਜੀਵਨ ਭਰ ਸੰਘਰਸ਼ ਕੀਤਾ। ਅਜੇ ਤੀਕ ਇਸ ਸੰਘਰਸ਼ ਲੜੀ ਨੂੰ ਸ਼ੈਤਾਨ ਲੋਕਾਂ ਨੇ ਤੋੜ ਕੇ ਰੱਖਿਆ ਤੇ ਹਕੀਕਤਾਂ ਸਮਾਜ ਦੇ ਪਿੜ ਪੱਲੇ ਨਹੀਂ ਪੈਣ ਦਿੱਤੀਆਂ। ਕਾਂਸ਼ੀ ਰਾਮ ਦੀ ਸਮਾਜਿਕ ਪਰਿਵਰਤਨ ਦੀ ਲਹਿਰ ਨੇ ਮੇਰੇ ਵਰਗੇ ਬੰਦੇ ਨੂੰ ਇਸ ਕਾਬਲ ਬਣਾ ਦਿੱਤਾ ਕਿ ਮੈਂ ਸਮਾਜਿਕ ਕ੍ਰਾਂਤੀਆਂ ਵਿਚਕਾਰ ਸਾਂਝ ਨੂੰ ਪ੍ਰਗਟ ਕਰ ਸਕਿਆ ਹਾਂ।

ਅੱਜ ਸਮਾਜ ਬਦਲਾਓ ਦੇ ਦੌਰ 'ਚ ਪਹੁੰਚ ਗਿਆ ਹੈ। ਸਾਰੀਆਂ ਸ਼ਕਤੀਆਂ ਨੂੰ ਸੰਗਠਤ ਕਰਨ ਲਈ ਵਿਚਾਰਧਾਰਕ ਸੰਘਰਸ਼ ਹੋਰ ਤੇਜ਼ ਕਰਨਾ ਜ਼ਰੂਰੀ ਹੋ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ ਅਨਪੜ੍ਹ ਅਤੇ ਅਨਜਾਣ ਰੱਖੇ ਸਮਾਜ ਨੂੰ ਧੁਰ ਹੇਠਾਂ ਤੀਕ ਚੇਤੰਨ ਕੀਤੇ ਬਿਨਾਂ ਕ੍ਰਾਂਤੀਆਂ ਸਿੱਟਿਆਂ ਤੱਕ ਨਹੀਂ ਪਹੁੰਚਦੀਆਂ। ਸਾਡੇ ਸਾਹਮਣੇ ਇਹ ਮਹਾਨ ਕਾਰਜ ਹੈ ਕਿ ਅਸੀਂ ਆਪਣੇ ਮਹਾਨ ਬਜ਼ੁਰਗਾਂ ਦੀਆਂ ਠੋਸ ਸਚਾਈਆਂ ਸਮਾਜ ਦੇ ਸਾਹਮਣੇ ਰੱਖੀਏ ਤੇ ਜਿਹੜੇ ਹਜ਼ਾਰਾਂ ਸਾਲ ਨੀਚ ਬਣਕੇ ਜਿਉਂਦੇ ਮਰਦੇ ਰਹੇ, ਉਹ ਇਸ ਨੀਚਤਾ ਤੋਂ ਮੁਕਤ ਹੋਣ ਦੀ ਹਿੰਮਤ ਕਰ ਲੈਣ।

ਵਿਰੋਧੀ ਧਿਰਾਂ ਸਮਾਜ ਨੂੰ ਹਮੇਸ਼ਾ ਵਾਂਗ ਗੁਲਾਮ ਅਤੇ ਨੀਚ ਬਣਾ ਕੇ ਰੱਖਣ ਦਾ ਪ੍ਰਬੰਧ ਕਰਨਗੀਆਂ। ਅਸੀਂ ਇਸ ਜੰਜਾਲ ਨੂੰ ਤੋੜਨਾ ਹੈ ਤੇ ਬ੍ਰਾਹਮਣਵਾਦ ਦੇ ਭਵਸਾਗਰ ਨੂੰ ਪਾਰ ਕਰਕੇ ਜ਼ਿੰਦਗੀ ਦਾ ਸੁਨਹਿਰਾ ਮੂੰਹ ਤੱਕਣਾ ਹੈ। ਇਸ ਆਸ਼ੇ ਨੂੰ ਮੁੱਖ ਰੱਖ ਕੇ ਅਸੀਂ ਸਮਾਜ ਸਾਹਮਣੇ 'ਭਾਰਤੀ ਲੋਕ ਨੀਚ ਕਿਵੇਂ ਬਣੇ?' ਦਾ ਚੌਥਾ ਐਡੀਸ਼ਨ ਪੇਸ਼ ਕਰਨ ਦਾ ਨਿਮਾਣਾ ਯਤਨ ਕਰ ਰਹੇ ਹਾਂ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਕਿਉਂਕਿ ਸਾਡੇ ਮਹਾਨ ਬਜ਼ੁਰਗਾਂ ਦਾ ਜੀਵਨ ਸੰਘਰਸ਼ ਇਸ ਜਾਤੀ ਬੁੱਧ ਵਖਰੇਵੇਂ ਤੋੜ ਕੇ ਮਨੁੱਖਤਾ ਨੂੰ ਇਕ ਸਮਾਨ ਸਮਾਜ ਵਿਚ ਤਬਦੀਲ ਕਰਨਾ ਸੀ ਤੇ ਇਸੇ ਸੁਪਨੇ ਨੂੰ ਜਦੋਂ ਸਾਹਿਬ ਕਾਂਸ਼ੀ ਰਾਮ ਪੂਰਾ ਕਰਨ ਦਾ ਯਤਨ ਕਰ ਰਹੇ ਹਨ ਤਾਂ ਸਮਾਜ ਵਿਚ ਪੈਦਾ ਕੀਤੀਆਂ ਹਜ਼ਾਰਾਂ ਜਾਤਾਂ ਵਿਚੋਂ ਕਰੋੜਾਂ ਮਨੁੱਖ ਉਠਾ ਕੇ ਜਾਤੀ ਵਲਗਣਾਂ ਤੋੜਕੇ, ਆਪਸੀ ਭਾਈਚਾਰਾ ਬਣਾ ਕੇ, ਪ੍ਰਾਂਤਕ ਬੋਲੀਆਂ ਤੇ ਪਹਿਰਾਵੇ ਤੇ ਵਿਤਰਕੇ ਤੋੜ ਕੇ ਜੁੜ ਰਹੇ ਹਨ ਤੇ ਇਸ ਸੰਕਲਪ ਨਾਲ ਜੁੜ ਰਹੇ ਹਨ ਕਿ ਭਾਰਤ ਵਿਚੋਂ ਜਾਤਪਾਤ ਦਾ ਬੀਜ ਨਾਸ਼ ਕਰਕੇ ਇਕ ਸਮਾਨ ਸਮਾਜ ਦੀ ਸਿਰਜਣਾ ਕਰਨਾ ਜਿੱਥੇ ਭਾਰਤੀ ਲੋਕਾਂ ਦੀ ਜ਼ਿੰਦਗੀ ਨੂੰ ਸੁਹਣੇ ਸਾਵੇਂ ਪੱਧਰੇ ਤੇ ਇਕ ਸਮਾਨ ਰਾਹਾਂ 'ਤੇ ਤੋਰਨ ਦਾ ਕ੍ਰਿਸ਼ਮਾ ਹੋਵੇਗਾ ਉੱਥੇ ਸੰਸਾਰ ਭਰ ਦੇ ਸਮਾਜਾਂ ਅੰਦਰ ਸਮਾਨਤਾ ਦਾ ਸੰਕਲਪ ਹੋਰ ਵੀ ਮਜ਼ਬੂਤ ਹੋਵੇਗਾ ਤੇ ਭਾਰਤ ਮਹਾਨ ਬਣੇਗਾ। ਇਸ ਮਨੋਰਥ ਨੂੰ ਸਮਰਪਤ ਹੈ ਇਹ ਪੁਸਤਕ। ਪਰੰਤੂ, ਕੋਈ ਵੀ ਕੰਮ ਮਨੁੱਖ ਇਕੱਲਾ ਨਹੀਂ ਕਰ ਸਕਦਾ। ਖਾਸ ਕਰਕੇ ਕੋਈ ਵੱਡਾ ਕੰਮ। ਇਸ ਵੱਡੀ ਪੁਸਤਕ ਨੂੰ ਤਿਆਰ ਕਰਨ ਅਤੇ ਛਪਵਾਉਣ ਦੀਂ ਜਿੰਨਾ ਨੇ ਵੱਡਾ ਯਤਨ ਕੀਤਾ ਹੈ ਮੈਂ ਉਨ੍ਹਾਂ ਦਾ ਨਾਂ ਲਏ ਬਿਨਾਂ ਇਸ ਪੁਸਤਕ ਨੂੰ ਅਧੂਰਾ ਸਮਝਦਾ ਹਾਂ। ਕਿਉਂਕਿ ਜੋ ਲੋਕ ਸੁਖ-ਦੁਖ ਤੇ ਚੰਗਿਆਂ ਉਪਰਾਲਿਆਂ ਵਿਚ ਭਰਵਾਂ ਸਾਥ ਦਿੰਦੇ ਹਨ ਉਹ ਇਕ ਪਰਵਾਰ ਬਣ ਜਾਂਦੇ ਹਨ। ਸਾਡੇ ਇਸ ਕੰਮ ਵਿਚ ਜਿਨ੍ਹਾਂ ਨੇ ਤਨ-ਮਨ-ਧਨ ਦਾ ਸਾਥ ਦਿੱਤਾ ਹੈ, ਉਹ ਸਹਿਯੋਗੀ ਸਾਥੀ ਇਸ ਪ੍ਰਕਾਰ ਹਨ:

ਸਰਵ ਸ੍ਰੀ ਬੂਟਾ ਸਿੰਘ, ਅਸ਼ੋਕ ਕੁਮਾਰ, ਸੇਖਾ ਸਿੰਘ, ਬਲਵੀਰ ਸਿੰਘ, ਜਸਵੰਤ ਸਿੰਘ, ਜਗਦੀਸ਼ ਰਾਏ, ਓਮ ਪ੍ਰਕਾਸ਼, ਬਿਹਾਰੀ ਲਾਲ, ਮੰਗਤ ਰਾਮ, ਗੁਰਚਰਨ ਸਿੰਘ, ਗੁਰਦੀਪ ਸਿੰਘ, ਗੁਰਨਾਮ ਸਿੰਘ, ਸਰਬਣ ਕੁਮਾਰ, ਬੁੱਧ ਰਾਮ, ਹੰਸ ਸਿੰਘ, ਹਰਪਾਲ ਸਿੰਘ ਖਾਲਸਾ, ਗੁਰਦੇਵ ਸਿੰਘ ਖਾਲਸਾ, ਬਚਨ ਸਿੰਘ, ਜੀਤ ਰਾਮ, ਸ਼ਿੰਦਰਪਾਲ

ਸਿੰਘ, ਮਨਜੀਤ ਸਿੰਘ, ਸ਼ਾਮ ਸਿੰਘ ਜੌੜਾ, ਸੁਖਦੇਵ ਨਾਨਕਪੁਰੀ, ਰੇਸ਼ਮ ਸਿੰਘ, ਬਿੱਕਰ ਸਿੰਘ ਤਾਰਾ ਚੰਦ, ਦਰਸ਼ਨ ਸਿੰਘ, ਅਜੈਬ ਸਿੰਘ, ਬਲਜਿੰਦਰ ਭੀਮ, ਜੀਤ ਸਿੰਘ, ਮਲਕੀਤ ਸਿੰਘ, ਗੁਰਦੀਪ ਸਿੰਘ, ਪੂਰਨ ਸਿੰਘ, ਬੂਟਾ ਸਿੰਘ, ਵੀਰ ਸਿੰਘ, ਮੰਗੂ ਸਿੰਘ ਭਗਤਾ, ਮੱਖਣ ਸਿੰਘ, ਪਰਵੂਰ ਸਿੰਘ, ਮੁਕੰਦ ਸਿੰਘ, ਪ੍ਰੀਤਮ ਸਿੰਘ, ਲਾਭ ਸਿੰਘ ਗੁਮਟੀ, ਜਗਦੀਪ ਸਿੰਘ ਗੋਗੀ, ਧੰਨਾ ਸਿੰਘ, ਭਾਨ ਸਿੰਘ, ਗੁਰਜੰਟ ਸਿੰਘ ਬੰਗੀ, ਬੱਗਾ ਸਿੰਘ, ਨੇਕ ਸਿੰਘ, ਕ੍ਰਿਸ਼ਨ ਕਾਕਾ, ਬਲਵੀਰ ਸਿੰਘ, ਭੋਲਾ ਸਿੰਘ, ਦਲੇਰ ਸਿੰਘ, ਨਿੱਕਾ ਸਿੰਘ, ਸੰਤ ਰਾਮ, ਬਲਵਿੰਦਰ ਸਿੰਘ ਘਾਲੀ, ਬਖਤਾਵਰ ਸਿੰਘ, ਜੋਰਾਵਰ ਸਿੰਘ, ਸੁਦਰਸ਼ਨ ਸਿੰਘ ਕੜਿਆਲ, ਗੁਰਸੇਵਕ ਸਿੰਘ, ਜਗਰੂਪ ਸਿੰਘ, ਲਾਲ ਸਿੰਘ ਸੁਲਹਾਨੀ, ਤਾਰਾ ਸਿੰਘ, ਗੁਰਮੀਤ ਸਿੰਘ ਸੋਢੀ, ਦੇਸ ਰਾਜ ਚੋਹਾਨ, ਬਲਵੀਰ ਸਿੰਘ, ਜੁਗਿੰਦਰ ਸਿੰਘ, ਨਰੰਜਣ ਸਿੰਘ, ਪ੍ਰੀਤਮ ਸਿੰਘ, ਨਵਤੇਜ ਸਿੰਘ, ਜੰਗ ਲਾਲ, ਭਾਗ ਸਿੰਘ, ਸਵਰਨਜੀਤ ਸਿੰਘ, ਹਾਕਮ ਪੱਢੀ, ਨਿਰਮਲ ਸਿੰਘ ਨਿੰਮਾ, ਮਨਜੀਤ ਕੌਰ, ਦਰਸ਼ਨ ਲਾਲ, ਫਤਿਹ ਜੰਗ ਸਿੰਘ, ਵਰਿਆਮ ਸਿੰਘ, ਲਾਲ ਸਿੰਘ ਗਿੱਲ, ਮੇਜਰ ਪ੍ਰਿਤਪਾਲ ਸਿੰਘ, ਮੇਜਰ ਸੋਮ ਨਾਥ, ਅਮਰੀਕ ਸਿੰਘ, ਪਿਆਰਾ ਲਾਲ, ਸਮਸ਼ੇਰ ਸਿੰਘ, ਮਰਹੂਮ ਸ. ਜੀਤ ਸਿੰਘ, ਮਰਹੂਮ ਸ੍ਰੀ. ਪ੍ਰਭ ਦਿਆਲ ਮਾਂਡੀਆ, ਮਰਹੂਮ ਸ੍ਰੀ. ਸੋਹਨ ਲਾਲ ਰਤਨ, ਹਰਭਜਨ ਲਾਖਾ, ਡਾ. ਨਿਰਮਲ ਸਿੰਘ ਲਾਂਬੜਾ, ਗੁਰਬਖਸ਼ ਸਿੰਘ, ਨਰਾਇਣ ਸਿੰਘ, ਬਲਦੇਵ ਕ੍ਰਿਸ਼ਨ, ਹੁਕਮ ਚੰਦ, ਦਲੀਪ ਸਿੰਘ ਫੌਜੀ, ਲਛਮੀਰ ਸਿੰਘ ਰਾਏ, ਰਾਮ ਪ੍ਰਸਾਦ ਮਹਿਰਾ, ਇੰਦਰ ਸਿੰਘ ਹਰੀਕੇ, ਤਾਰਾ ਚੰਦ, ਜਸਵੀਰ ਸਿੰਘ, ਜਗਰੂਪ ਸਿੰਘ ਰੂਪ, ਸਰੂਪ ਸਿੰਘ, ਚਿਮਨ ਲਾਲ, ਮੱਖਣ ਸਿੰਘ, ਅਮਰਜੀਤ ਸਿੰਘ, ਬਲਦੇਵ ਸਿੰਘ, ਬੰਬੀਹਾ, ਜੁਗਿੰਦਰ ਪਾਲ ਜੋਹਰੀ, ਗਿਆਨੀ ਸੇਵਾ ਸਿੰਘ, ਸੁਖਮਿੰਦਰ ਸਿੰਘ, ਬਲਵੀਰ ਸਿੰਘ, ਸੁਰਿੰਦਰ ਕੌਰ, ਨਰਿੰਦਰ ਸਿੰਘ, ਅਮਰ ਸਿੰਘ, ਸਾਗਰ ਸਿੰਘ ਸਾਗਰ, ਮਿੱਤ ਸਿੰਘ ਸਹਿਜੜਾ, ਸਰਦੂਲ ਸਿੰਘ ਨੋਨਾ, ਗੁਰਬਚਨ ਸਿੰਘ ਅਤੇ ਹੋਰ ਉਹ ਸਾਥੀ ਜਿਨ੍ਹਾਂ ਨੇ ਉਤਸ਼ਾਹ ਧਨ ਅਤੇ ਸੁੱਚੀ ਕਿਰਤ ਦੀ ਬਖਸ਼ਸ਼ ਕੀਤੀ।

ਅੰਤ ਵਿਚ ਮੈਂ ਧੰਨਵਾਦੀ ਹਾਂ ਉਸ ਸਾਰੇ ਸਮਾਜ ਦਾ ਜਿਨ੍ਹਾਂ ਨੇ ਇਸ ਪੁਸਤਕ ਨੂੰ ਪੜ੍ਹਿਆ ਅਤੇ ਹਜ਼ਾਰਾਂ ਪੱਤਰ ਲਿਖਕੇ ਮੇਰੇ ਅੰਦਰਲੇ ਮਨੁੱਖ ਨੂੰ ਸੰਘਰਸ਼ ਮਈ ਮਾਰਗ 'ਤੇ ਤੁਰਨ ਲਈ ਅਨੂਠੀ ਪ੍ਰੇਰਨਾ ਦਿੱਤੀ।

ਹਿਤੂ
ਗੁਰਨਾਮ ਸਿੰਘ

ਪੰਜਵੇ ਐਡੀਸ਼ਨ ਬਾਰੇ

ਜਦੋਂ, ਕਰੀਬ 16-17 ਵਰੇ ਪਹਿਲਾਂ ਅਸੀ, ਭਾਰਤੀ ਲੋਕ ਨੀਚ ਕਿਵੇਂ ਬਣੇ ਦੀ ਚੁਵਰਕੀ ਕੱਢੀ ਸੀ, ਤਾਂ ਤੁਰੰਤ ਸਾਨੂੰ ਦੂਜਾ ਐਡੀਸ਼ਨ ਬਣਾ ਕੇ ਹੋਰ ਵਾਧਾ ਕਰਕੇ ਸਾਈਕਲੋ ਸਟਾਈਲ ਕਰਨਾ ਪਿਆ ਸੀ । ਇਸ ਦੀ ਸ਼ੁਰੂਆਤ ਏਨੀ ਤੇਜ ਤੇ ਤਿੱਖੀ ਸੀ ਕਿ ਮੈਨੂੰ ਉਦੋ ਹੀ ਇਸ ਦੀ ਗਹਿਰਾਈ ਦਾ ਅਨੁਭਵ ਹੋ ਗਿਆ ਸੀ । ਬਹੁਤ ਸਾਰੇ ਸਾਥੀਆਂ ਦੀਆ ਭਾਵਨਾਵਾਂ ਨੇ ਬਲ ਦਿੱਤਾ, ਧਨ ਦਿੱਤਾ, ਸਮਾਂ ਦਿੱਤਾ, ਇਸ ਦੀ ਵਿਕਰੀ ਦਾ ਸਿੱਧਾ ਪ੍ਰਬੰਧ ਕੀਤਾ ਤੇ ਇਸ ਹੀ ਚਲਦਿਆਂ-ਚਲਦਿਆਂ ਅਸੀਂ ਰਲ ਕੇ, ਅੱਜ ਪੰਜਵੀ ਵੱਡੀ ਛਪਾਈ ਤੱਕ ਪਹੁੰਚ ਚੁੱਕੇ ਹਾਂ ।ਮੇਰੇ ਪਿਆਰੇ ਸੱਜਣਾਂ ਸਹਿਯੋਗੀਆਂ ਤੇ ਸਮਰਪਤ ਵਿਅਕਤੀਆਂ ਦੇ ਕਿੰਨੇ ਹੀ ਨਾਂ ਹਨ, ਜਿੰਨ੍ਹਾ ਦਾ ਜਿਕਰ ਕਰਨਾ ਮੈਂ ਕਦੀ ਭੁੱਲਦਾ ਨਹੀਂ ਹਾਂ । ਉਹ ਅੱਜ ਵੀ ਅਡੋਲ ਮੇਰੇ ਅੰਗ-ਸੰਗ ਖੜੇ ਹਨ। ਮੇਰਾ ਉਹ ਮਾਣ ਹਨ, ਤਾਣ ਹਨ, ਉਹਨਾ ਸਦਕਾ ਅੱਜ ਮੇਰੀ ਇਹ ਪੁਸਤਕ ਸੰਸਾਰ ਭਰ ਦੇ ਪੰਜਾਬੀ ਲੋਕਾਂ ਅੰਦਰ ਪਹੁੰਚ ਚੁੱਕੀ ਹੈ ਅਤੇ ਇਸ ਦੀ ਮੰਗ ਜਿਉਂ ਦੀ ਤਿਉਂ ਕਾਇਮ ਹੈ । ਪੰਜਵੀਂ ਛਪਾਈ ਬਾਰੇ ਧਨ ਦਾ ਫਿਕਰ, ਪਹਿਲਾਂ ਵਾਂਗ ਹੀ ਮੇਰੇ ਭਾਈਆਂ ਵਰਗੇ ਸੰਗੀ-ਸਾਥੀ ਤੇ ਮਿੱਤਰ ਪਿਆਰੇ ਕਰਨਗੇ । ਪ੍ਰੰਤੂ ਇਸਦੀ ਜਰੂਰਤ ਕਿਉਂ ਹੈ, ਇਸ ਦਾ ਖੁਲਾਸਾ ਮੈਂ ਆਪਣੇ ਸ਼ਬਦਾਂ ਵਿੱਚ ਨਾ ਕਰਕੇ ਹੇਠਾਂ ਦਿੱਤੇ ਜਾ ਰਹੇ ਪੱਤਰਾਂ ਨਾਲ ਕਰਨਾ ਜਿਆਦਾ ਬੇਹਤਰ ਸਮਝਦਾ ਹਾਂ, ਅਫਸੋਸ ਹੈ ਕਿ ਬਹੁਤ ਪੱਤਰ ਮੇਰੇ ਤੋਂ ਸੰਭਾਲ ਨਹੀਂ ਹੋਏ, ਅਣਜਾਣੇ 'ਚ ਗੁੰਮ ਹੋ ਗਏ, ਪਰ ਜੋ ਸੰਭਾਲ ਲਏ ਗਏ, ਇਸ ਪੁਸਤਕ ਦੀ ਲੋੜ ਦਾ ਇਜਹਾਰ ਕਰਦੇ ਹਨ । ਇਸ ਤੋਂ ਵਧੀਆ ਪੰਜਵੀਂ ਛਪਾਈ ਬਾਰੇ ਹੋਰ ਕਿਹਾ ਵੀ ਕੀ ਜਾ ਸਕਦਾ ਹੈ । ਆਓ ਦੇਖੋ ਇਸ ਪੁਸਤਕ ਬਾਰੇ ਸਨੇਹੀਆਂ ਪਾਠਕਾਂ ਦੀ ਕੀ ਰਾਏ ਹੈ ।

ਤੁਸੀਂ ਸਨੇਹੀ ਸੱਜਣਾਂ ਦੀਆਂ ਇਹ ਚਿੱਠੀਆਂ ਪੜ੍ਹਨ ਤੋਂ ਬਾਅਦ ਇਹ ਜਰੂਰ ਮਹਿਸੂਸ ਕਰੋਗੇ ਕਿ ਇਸ ਪੁਸਤਕ ਨੂੰ ਇੱਕ ਵਾਰ ਹੋਰ ਛਾਪਣਾ ਸਾਡੀ ਕਿੱਡੀ ਵੱਡੀ ਲੋੜ ਹੈ । ਸਾਡੇ ਯਤਨ ਨੇ ਹਜ਼ਾਰਾਂ ਲੋਕਾਂ ਨੂੰ ਸਾਡੇ ਕਰੀਬ ਲਿਆਂਦਾ ਹੈ ਅਤੇ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਸਮਾਜਿਕ ਪਰਿਵਰਤਨ ਦੀ ਲਹਿਰ ਨੂੰ ਮੁੜ ਸੁਰਜੀਤ ਕੀਤਾ ਹੈ । ਬੁਨਿਆਦੀ ਕਾਰਨਾਂ ਨੂੰ ਸੱਥਾਂ ਵਿੱਚ ਲਿਆ ਰਖਿਆ ਹੈ । ਇਸ ਪ੍ਰਸੰਗ ਵਿੱਚ ਮੈਂ ਆਪਣੀ ਅਜੋਕੀ ਹੋਂਦ ਵਿੱਚੋਂ ਤਿੰਨ ਵਿਸ਼ੇਸ਼ ਵਿਅਕਤੀਆਂ ਨੂੰ ਵਿਸਾਰ ਨਹੀਂ ਸਕਦਾ । ਇੱਕ ਫਤਹਿ ਜੰਗ ਸਿੰਘ ਚੰਡੀਗੜ੍ਹ, ਜਿਸਨੇ ਅੱਸੀਵਿਆਂ ਦੇ ਸ਼ੁਰੂ ਵਿੱਚ ਮੈਨੂੰ ਤੇਜ ਰਫਤਾਰ ਤੁਰੇ ਜਾਂਦੇ ਨੂੰ ਫੜ ਕੇ ਖਲ੍ਹਾਰਿਆਂ ਤੇ ਫਿਰ ਜੋਰਦਾਰ ਸੱਚ, ਸੂਝ ਅਤੇ ਸਿਆਣਪ ਨਾਲ ਮੈਨੂੰ ਜੀਵਨ ਦੀ ਏਸ ਹਕੀਕੀ ਦਿਸ਼ਾ ਵੱਲ ਝਾਕਣ-ਵੇਖਣ ਲਈ ਤਿਆਰ ਕੀਤਾ ਤੇ ਆਖਰ ਮੈਂ ਇਹਨਾਂ ਰਾਹਾਂ ਦਾ ਹੋ ਕੇ ਰਹਿ ਗਿਆ । ਦੂਜੇ ਵਿਅਕਤੀ ਨੇ ਸਾਹਿਬ ਕਾਂਸ਼ੀ ਰਾਮ ਜਿਨ੍ਹਾਂ ਨੇ 1983 ਤੋਂ 1989 ਤੱਕ ਮੇਰਾ ਵਿਸ਼ੇਸ਼ ਮਾਰਗ ਦਰਸ਼ਨ ਕੀਤਾ । ਮੇਰੀ ਇਹ ਕਿੰਨੀ ਖੁਸ਼ਕਿਸਮਤੀ ਹੈ ਕਿ ਮੈਂ ਇਸ ਮਹਾਨ ਕ੍ਰਾਂਤੀਕਾਰੀ ਇਨਸਾਨ ਨਾਲ ਹਜਾਰਾਂ ਮੀਲ ਦਾ ਸਫਰ ਕੀਤਾ ਅਤੇ ਪਤਾ ਨਹੀਂ ਕਿੰਨੀਆਂ ਸਾਲਮ ਰਾਤਾਂ ਉਸ ਨੂੰ ਇੱਕਲਿਆਂ-ਦੁਕੱਲਿਆਂ ਬੈਠ ਕੇ ਜਾਗ ਕੇ, ਸੁਣਿਆਂ ਅਤੇ ਸਮਝਿਆ । ਉਸਨੇ ਮੇਰੀ ਬੋਧ ਨੂੰ ਕਿੰਨੀਆਂ ਜਰਬਾਂ ਦਿੱਤੀਆਂ ਇਹ ਤਾਂ ਗਿਣਿਆਂ ਮਾਪਿਆਂ ਨਹੀਂ ਜਾ ਸਕਦਾ, ਪ੍ਰੰਤੂ ਮੈਂ ਆਪਣੇ ਵਰਗੇ ਕਰੋੜਾਂ ਭਾਰਤੀਆਂ ਦੇ ਜੀਵਨ ਦਾ ਅਸਲੀ ਭਿਆਨਕ ਵਿਰਾਟ ਰੂਪ, ਲੱਖਾਂ ਮੀਲ ਸਫਰ ਕਰਕੇ ਵੇਖਿਆ ਅਤੇ ਨਸ-ਨਸ ਤੱਕ ਅਨੁਭਵ ਕੀਤਾ । ਉਸ ਦੇ ਮਾਰਗ ਦਰਸ਼ਨ ਨੇ ਸੰਸਾਰ ਗਿਆਨ ਵੱਲ ਮੈਨੂੰ ਘੁਮਾ ਦਿੱਤਾ । ਉਸੇ ਅਨੁਭਵ ਵਿੱਚੋਂ ਨਿਕਲੀ ਸੀ ਇਹ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੁਸਤਕ ।

ਤੀਜਾ ਇਨਸਾਨ ਜਿਸ ਤੋਂ ਬਿਨ੍ਹਾਂ ਮੈਂ ਆਪਣੇ ਆਪ ਨੂੰ ਬਿਨਾਂ ਬਾਹਾਂ ਵਾਲਾ ਮਨੁੱਖ ਮਹਿਸੂਸ ਕਰਦਾ ਹਾਂ ਤੇ ਜਿਸ ਦੀ ਹੋਂਦ ਨੂੰ ਆਪਣੀ ਹੋਂਦ ਮੰਨਦਾ ਹਾਂ, ਉਹ ਹੈ ਸ੍ਰ. ਗੁਰਬਚਨ ਸਿੰਘ, ਸ਼ਕਤੀ ਨਗਰ, ਜਲੰਧਰ । ਸ੍ਰ. ਗੁਰਬਚਨ ਸਿੰਘ ਅਜਿਹਾ ਅਨੁਭਵੀ ਵਿਅਕਤੀ ਹੈ, ਜਿਸਨੇ ਲੋਕ ਮੁਕਤੀ ਲਈ ਬਹੁਤ ਲੰਬਾ ਸੰਘਰਸ਼ ਕੀਤਾ

ਹੈ । ਪ੍ਰੰਤੂ ਉਹ ਆਪਣੇ ਸਮਾਜਿਕ ਵਾਤਾਵਰਣ ਤੋਂ ਉਲਟ ਇੱਕੋ ਸਮੇਂ ਮਾਰਕਸੀ, ਗੁਰਮੁਖ ਅਤੇ ਅੰਬੇਡਕਰੀ ਹੈ । ਵੱਡੇ ਘੋਲਾਂ ਤੋਂ ਬਾਅਦ ਉਸਨੇ ਭਾਰਤ ਦੇ ਦਲਿਤ ਪਛੜੇ ਵਰਗਾਂ ਦੀ ਬ੍ਰਾਹਮਣੀ ਜਾਤਪਾਤੀ ਪ੍ਰਬੰਧ ਤੋਂ ਮੁਕਤੀ ਦੀ ਤਮੰਨਾ ਜਿਸ ਕਦਰ ਦਿਖਾਈ ਅਤੇ ਨਿਭਾਈ ਹੈ ਇਸ ਨੂੰ ਮੇਰੇ ਤੋਂ ਵਧੇਰੇ ਸ਼ਾਇਦ ਕੋਈ ਹੋਰ ਨਾ ਜਾਣ ਸਕਿਆ ਹੋਵੇ । ਦਲਿਤ ਲਹਿਰ ਦੀ ਹਰ ਪੀੜ ਉਸ ਨੂੰ ਕੁਰੇਦਦੀ ਹੈ, ਦੁੱਖੀ ਕਰਦੀ ਹੈ । ਬਸ ਇਸ ਪੀੜ ਨੇ ਸਾਨੂੰ ਬਹੁਤ ਕਰੀਬ ਲੈ ਆਂਦਾ ਹੈ । ਮੈਂ ਸੋਚਦਾ ਹਾਂ ਕਿ ਖੁਦਾ ਨਾ ਕਰੇ ਕਦੀ ਕੋਈ ਹਾਦਸਾ ਸਾਨੂੰ ਇੱਕ ਦੂਜੇ ਤੋਂ ਦੂਰ ਕਰ ਦੇਵੇ ਤਾਂ ਉਹ ਦੂਰੀ ਬਹੁਤ ਭਿਆਨਕ ਹੋਵੇਗੀ । ਸਮੁੱਚੇ ਜੀਵਨ 'ਤੇ ਅਸਰਅੰਦਾਜ ਹੋਣ ਵਾਲੀ । ਅਜਿਹਾ ਮਨੁੱਖ ਜੋ ਬਹੁਤ ਕੁਝ ਕਰਕੇ ਵੀ ਪ੍ਰਗਟ ਰੂਪ ਵਿੱਚ ਸਫਾ ਸਾਹਮਣੇ ਆਉਣ ਤੋਂ ਕੰਨੀ ਕਤਰਾਉਂਦਾ ਹੈ ਅਤੇ ਆਪਣੇ ਜੀਵਨ ਦਾ ਹਰ ਪਲ ਸਮਾਜਿਕ ਪਰਿਵਰਤਨ ਲਈ ਸਮਰਪਤ ਕਰਨ ਤੋਂ ਜਰਾ ਵੀ ਪਿੱਛੇ ਨਹੀਂ ਹਟਦਾ, ਉਸ ਨੂੰ ਗੁਆ ਕੇ, ਘੱਟ-ਘੱਟ ਮੈਂ ਆਪਣੇ-ਆਪ ਨੂੰ ਪੂਰੀ ਤਰਾ ਅਧੂਰਾ ਆਦਮੀ ਸਮਝਾਂਗਾ । ਉਹ ਮੇਰੇ ਦਿਸਦੇ ਵਿਚਰਦੇ ਰੂਪ ਪਿੱਛੇ ਖੜ੍ਹਾ ਇੱਕ ਉੱਚਾ ਸੁੱਚਾ ਤੇ ਕੱਦਾਵਰ ਇਨਸਾਨ ਹੈ, ਜੋ ਮੇਰੇ ਲਈ ਪੂਰਾ ਇਨਸਾਨ ਬਣਨ ਲਈ ਸ਼ਕਤੀ ਦੇ ਅਮੁੱਕ ਸਰੋਤ ਵਾਂਗ ਹੈ । ਜਿਸ ਕਾਰਨ ਮੈਂ ਚਸ਼ਮਿਆਂ ਵਾਂਗ ਨਿਰੰਤਰ ਵਗਦਾ ਜਾ ਰਿਹਾ ਹਾਂ । ਇਨ੍ਹਾਂ ਤਿੰਨ ਵਿਸ਼ੇਸ਼ ਵਿਅਕਤੀਆਂ ਤੋਂ ਇਲਾਵਾ ਅਜਿਹੇ ਸੈਂਕੜੇ ਵਿਅਕਤੀ ਹਨ ਜੋ ਸਦਾ ਮੇਰੇ ਅੰਗ-ਸੰਗ ਰਹਿੰਦੇ ਹਨ, ਮੇਰੇ ਮੂੰਹੋ ਗੱਲ ਨਹੀਂ ਨਿਕਲਣ ਦਿੰਦੇ, ਉਸ ਨੂੰ ਪੂਰੀ ਕਰਨ ਦੇ ਯਤਨ ਆਰੰਭ ਦਿੰਦੇ ਹਨ । ਜਿਨ੍ਹਾਂ ਦੇ ਹੁੰਦਿਆਂ ਇਹ ਮਾਨਵੀ ਕਦਰਾਂ-ਕੀਮਤਾਂ ਤੋਂ ਪੂਰੀ ਤਰ੍ਹਾਂ ਸੱਖਣੀ ਤੇ ਹੀਣੀ ਧਰਤੀ ਵੀ ਭਰੀ-ਭਰੀ ਲੱਗਦੀ ਹੈ । ਪੂਰਾ ਪੰਜਾਬ ਅਜਿਹੇ ਸੱਜਣਾਂ ਨਾਲ ਭਰਿਆ ਪਿਆ ਹੈ ਤੇ ਖਾਸ ਕਰਕੇ ਮਾਲਵਾ, ਜਿੱਥੇ ਮੈਂ ਉਨ੍ਹਾਂ ਵਿੱਚ ਲਗਾਤਾਰ ਵਿਚਰਦਾ ਹਾਂ । ਜਿਨ੍ਹਾਂ ਨੂੰ ਵੇਖੇ, ਮਿਲੇ ਬਿਨ੍ਹਾਂ ਮਨ ਉਦਾਸ ਹੋ ਜਾਂਦਾ ਹੈ । ਜਿਨ੍ਹਾਂ ਦੇ ਬੋਲ ਸੁਣ ਕੇ ਚਿਹਰੇ ਵੇਖ ਕੇ ਸਕੂਨ ਜਿਹਾ ਰਗਾਂ ਵਿੱਚ ਦੌੜਨ ਲਗਦਾ ਹੈ । ਇਨ੍ਹਾਂ ਨੂੰ ਹੁਣ ਮੈਂ ਨਾਵਾਂ ਵਿੱਚ ਬੰਦ ਨਹੀਂ ਕਰ ਸਕਦਾ । ਜਿਨ੍ਹਾਂ ਦਾ ਜ਼ਿਕਰ ਮੇਰੀਆਂ ਕਿਰਤਾਂ ਵਿਚ ਹੁੰਦਾ ਰਹਿੰਦਾ ਹੈ। ਇਹ ਉਹ ਲੋਕ ਹਨ, ਜਿੰਨ੍ਹਾਂ ਨੇ ਸਮਾਨਤਾ, ਭਾਈਚਾਰਾ, ਆਜ਼ਾਦੀ ਅਤੇ ਸਨਮਾਨ ਲਈ ਮੇਰੇ ਨਾਲ ਕਦਮ ਦਰ ਕਦਮ ਤੁਰ ਕੇ ਸੰਘਰਸ਼ ਕੀਤਾ ਹੈ । ਸ਼ਕਤੀ ਦੇ ਸਰੋਤ, ਇਨ੍ਹਾਂ ਸਾਰੇ ਇਨਸਾਨਾਂ ਦਾ ਇਹ ਨਿੱਕੇ-ਨਿੱਕੇ ਸ਼ਬਦ ਧੰਨਵਾਦ ਨਹੀਂ ਕਰ ਸਕਦੇ ।

ਮੈਂ ਕੁਝ ਅਜਿਹੇ ਪਿਆਰੇ ਨਾਂ ਲੈਵਾ ਨਹੀਂ ਭੁੱਲ ਸਕਦਾ, ਜਿਨ੍ਹਾਂ ਨੇ ਮੇਰੇ ਪਹਿਲੇ ਬੋਲ 'ਤੇ ਲੱਖਾਂ ਰੁਪਏ ਦਾ ਪ੍ਰਬੰਧ ਕਰਨ ਦਾ ਬਚਨ ਪੂਰਾ ਕੀਤਾ । ਇਹ ਹਨ, ਸ੍ਰ. ਬੂਟਾ ਸਿੰਘ ਐੱਸ.ਡੀ.ਓ., ਡਾ. ਜਸਵੰਤ ਸਿੰਘ, ਡਾ. ਗੁਰਦੀਪ ਸਿੰਘ, ਬਲਵੀਰ ਸਿੰਘ ਐਸ.ਡੀ.ਓ., ਹਰਪਾਲ ਸਿੰਘ ਜੇ.ਈ., ਮਨਜੀਤ ਸਿੰਘ ਜੇ.ਈ, ਜੀਤ ਰਾਮ ਸੁਪਰਵਾਈਜ਼ਰ, ਦਰਸ਼ਨ ਸਿੰਘ ਬਰਾੜ ਜੇ.ਈ, ਸ਼ਾਮ ਸਿੰਘ ਐਡਵੋਕੇਟ, ਜਗਸੀਰ ਸਿੰਘ, ਪ੍ਰੋ. ਹੰਸ ਸਿੰਘ, ਸਿੰਦਰਪਾਲ ਸਿੰਘ ਜੇ.ਈ, ਬਦਨ ਸਿੰਘ ਜੇ.ਈ, ਦਰਸ਼ਨ ਸਿੰਘ, ਸ਼ੇਰ ਸਿੰਘ ਜੇ.ਈ, ਪ੍ਰੀਤਮ ਸਿੰਘ ਬੀ.ਪੀ.ਓ., ਮੱਖਣ ਸਿੰਘ ਭਾਈਰੂਪਾ, ਪ੍ਰਭੂਰ ਸਿੰਘ ਭਾਈ ਰੂਪਾ, ਜੋਰਾਵਰ ਸਿੰਘ ਬੱਧਨੀ ਕਲਾ, ਮੋਹਨ ਸਿੰਘ ਪਟਵਾਰੀ, ਬਲਵੀਰ ਸਿੰਘ ਬਰੇਟਾ, ਭੋਲਾ ਸਿੰਘ ਬੁਢਲਾਡਾ, ਜਸਵੰਤ ਸਿੰਘ, ਨਾਜਰ ਸਿੰਘ, ਬਲਵੰਤ ਸਿੰਘ ਅੱਕਾਂਵਾਲੀ, ਕਿਸ਼ਨ ਕਾਕਾ ਮਾਨਸਾ, ਲਛਮੀਰ ਸਿੰਘ ਭੰਬਾ ਵੱਟੂ, ਡਾ. ਸਵਰਨਜੀਤ ਸਿੰਘ, ਮੁਕੰਦ ਸਿੰਘ ਕੋਟਭਾਈ, ਨਰੰਜਣ ਸਿੰਘ ਬੁੱਟਰ ਬਖੂਆ, ਜੰਗ ਲਾਲ ਮਲੋਟ, ਜਲੌਰ ਸਿੰਘ ਮਾਛੀਕੇ, ਅਮਰ ਨਾਥ ਸਿੰਘ ਮਾਮਗੜ੍ਹ, ਗੁਰਦੇਵ ਸਿੰਘ ਬੱਧਨੀ, ਜਰਨੈਲ ਸਿੰਘ ਸਮਾਣਾ, ਰ. ਸਿੰਘ ਰਾਏ, ਸੂਬੇਦਾਰ ਪ੍ਰੇਮ ਸਿੰਘ, ਸੀਤਲ ਸਿੰਘ, ਦਲਬਾਰਾ ਸਿੰਘ, ਬਲਜੀਤ ਸਿੰਘ ਰਾਮਪੁਰਾ, ਪ੍ਰੋ. ਬਲਵਿੰਦਰ ਸਿੰਘ ਅਤੇ ਡਾ. ਜਸਪਾਲ ਸਿੰਘ ਆਦਿ। ਇਨ੍ਹਾਂ ਸਭ ਨੂੰ ਸਤਿਕਾਰ ਨਾਲ ਸਿਰ ਝੁਕਾਉਂਦਾ ਹੋਇਆ ਇਹ ਪੰਜਵਾ ਐਡੀਸ਼ਨ ਸਮਾਜ ਪਰਿਵਰਤਨ ਦੀ ਲਹਿਰ ਨੂੰ ਭੇਟ ਕਰ ਰਿਹਾ ਹਾਂ । ਜਿਸ ਦੀ ਛਪਾਈ ਲਈ ਜਰਨੈਲ ਸਿੰਘ ਸਮਾਣਾ ਵਰਗੇ ਹੋਰ ਅਨੇਕ ਸਾਥੀ ਹਾਜਰ ਹਨ। ਇਸ ਵਾਰ ਅਸੀਂ 'ਮੱਦ ਭਾਗਵਤ ਪੁਰਾਣ' ਗ੍ਰੰਥ ਦੀਆਂ ਵਿਸ਼ੇਸ਼ ਕਥਾਵਾਂ ਦਾ ਸੰਖੇਪ ਮੂਲ ਰੂਪ ਵਿੱਚ ਦੇ ਕੇ, ਨਵਾਂ ਵਾਧਾ ਕਰ ਰਹੇ ਹਾਂ । ਜਿਸ ਗ੍ਰੰਥ ਦੇ ਮੁੱਢ ਵਿੱਚ ਹੀ ਲਿਖਿਆ ਹੋਇਆ ਹੈ ਕਿ ਇਹ ਸਾਰੇ ਹਿੰਦੂ ਧਾਰਮਿਕ ਗ੍ਰੰਥਾਂ ਦਾ ਨਿਚੋੜ ਹੈ । ਇਸ ਇੱਕ ਗ੍ਰੰਥ ਨੂੰ ਪੜ੍ਹਨ ਨਾਲ ਸਾਰੇ ਗ੍ਰੰਥਾਂ ਦਾ ਫਲ ਪ੍ਰਾਪਤ ਹੁੰਦਾ ਹੈ । ਇਸ ਵਾਧੇ ਨਾਲ ਵਿਚਾਰਧਾਰਾਵਾਂ ਅੰਦਰ ਹੋਰ ਜ਼ਿਆਦਾ ਨਿਖਾਰ ਆਉਣਾ ਨਿਸ਼ਚਤ ਹੈ । ਇਸ ਤੋਂ ਇਲਾਵਾ ਸੰਤ ਗੁਰੂ ਬਾਣੀ ਨੂੰ ਇਸ ਦੇ ਅਸਲੀ ਪ੍ਰਸੰਗ ਵਿੱਚ ਨਵੇਂ ਰੂਪ ਵਿੱਚ ਸੋਧ ਕੇ ਪੇਸ਼ ਕਰ ਰਹੇ ਹਾਂ ਅਤੇ ਕੋਸ਼ਿਸ਼ ਕਰ ਰਹੇ ਹਾਂ ਕਿ ਜੋ ਹਕੀਕਤਾ ਜਾਤੀਵਾਦੀ, ਮਾਨਸਿਕਤਾ ਕਾਰਨ ਛੁਪਾ ਕੇ, ਉਲਟ-ਪੁਲਟ ਕਰਕੇ ਪੇਸ਼ ਕੀਤੀਆ ਗਈਆਂ, ਉਹ

ਆਪਣੇ ਹਕੀਕੀ ਰੂਪ ਵਿੱਚ ਪੇਸ਼ ਹੋਣ ਤਾਂ ਕਿ ਲੋਕ ਹੁਣ ਖੁਦ ਫੈਸਲਾ ਕਰਨ ਕਿ ਝੂਠ ਕੀ ਹੈ ਤੇ ਸੱਚ ਕੀ ਹੈ । ਤੀਜਾ ਇਸ ਪੁਸਤਕ ਨੂੰ ਵਿਸ਼ਾਲਤਾ ਦੇਣ ਲਈ ਹੋਰ ਵੀ ਲੋੜੀਂਦੀਆਂ ਸੋਧਾਂ ਕੀਤੀਆਂ ਹਨ ਅਤੇ ਨਵੇਂ ਚੈਪਟਰ ਜੋੜੇ ਹਨ ।

ਮੈਂ ਪੰਜਾਬੀ ਸੱਥ ਲਾਂਬੜਾ (ਜਲੰਧਰ) ਦੇ ਸਮੂਹ ਕਾਰਜ ਕਰਤਾਵਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦਾ। ਜਿਨ੍ਹਾਂ ਨੇ ਮੇਰੀਆਂ ਕਿਰਤਾਂ ਲਈ ਭਾਈ ਗੁਰਦਾਸ ਪੁਰਸਕਾਰ ਨਾਲ, 24 ਜਨਵਰੀ 1999 ਨੂੰ ਲਾਂਬੜਾ ਵਿਖੇ ਸਲਾਨਾ ਸਮਾਗਮ ਵਿਚ ਕੇਵਲ ਸਨਮਾਨਤ ਹੀ ਕੀਤਾ, ਸਗੋਂ ਪੁਸਤਕ ਲਈ ਇਕ ਰਕਮ ਵੀ ਪ੍ਰਦਾਨ ਕੀਤੀ। ਬਹੁਜਨ ਸਮਾਜ ਪ੍ਰਕਾਸ਼ਨ ਪੰਜਾਬੀ ਸੱਥ ਲਾਂਬੜਾ ਦਾ ਧੰਨਵਾਦੀ ਰਹੇਗਾ।

ਸਾਡਾ ਮਕਸਦ ਭਾਰਤੀ ਸਮਾਜ, ਇਸ ਦੇ ਧਰਮ ਅਤੇ ਧਰਮਾਂ ਦੇ ਸਮਾਜਿਕ ਅਤੇ ਮਨੁੱਖੀ ਪ੍ਰਸੰਗਾਂ ਅਤੇ ਉਨ੍ਹਾਂ ਦੇ ਆਰਥਿਕ, ਰਾਜਨੀਤਕ, ਵਿੱਦਿਅਕ ਅਤੇ ਸੱਭਿਆਚਕ ਪ੍ਰਭਾਵਾਂ ਦਾ ਸਾਹਮਣੇ-ਸਾਹਮਣੇ ਰੱਖ ਕੇ ਅਧਿਐਨ ਕਰਨਾ ਹੈ ਅਤੇ ਅਜਿਹੀਆਂ ਮੂਲ ਤੇ ਠੋਸ ਹਕੀਕਤਾਂ ਨੂੰ ਸੱਥਾਂ ਵਿੱਚ ਲਿਆਉਣਾ ਹੈ ਕਿ ਚਲਾਕ ਮੱਕਾਰ ਤੇ ਫਰੇਬੀ ਲੋਕਾਂ ਨੂੰ ਝੂਠ ਮਾਰਨਾ ਔਖਾ ਹੋ ਜਾਵੇ ।ਉਮੀਦ ਹੈ ਇਸ ਪੁਸਤਕ ਦਾ ਇਹ ਐਡੀਸ਼ਨ ਵੀ ਸਾਡੇ ਲੋਕਾਂ ਨੂੰ ਪਹਿਲਾਂ ਵਾਂਗ ਹੀ ਪ੍ਰਵਾਨ ਹੋਵੇਗਾ । ਇਸ ਪੁਸਤਕ ਵਿਚ ਇਸ ਵਾਰ ਜੋ ਨਵਾਂ ਜੋੜਿਆ ਹੈ, ਉਸ ਦੀ ਮੁੱਢਲੀ ਜਾਣਕਾਰੀ ਦੇਣੀ ਜ਼ਰੂਰੀ ਹੋ ਜਾਂਦੀ ਹੈ। ਇਸ ਵਾਰ ਮੱਦ ਭਾਗਵਤ ਪੁਰਾਣ ਦੀਆਂ ਮੱਹਤਵਪੂਰਨ ਕਥਾਵਾਂ ਜੋੜੀਆਂ ਗਈਆਂ ਹਨ, ਜੋ ਸਾਨੂੰ ਹਿੰਦੂਵਾਦ ਦੀ ਰੂਪ ਰੇਖਾ ਦਾ ਮਕਸਦ ਅਤੇ ਚਰਿੱਤਰ ਦਾ ਗਹਿਰਾ ਗਿਆਨ ਦਿੰਦੀਆਂ ਹਨ ਅਤੇ ਮਕਾਰੀ ਨੂੰ ਹਕੀਕਤਾਂ ਬਾਰੇ ਸੋਚਣ ਅਤੇ ਠੀਕ-ਗਲਤ ਦਾ ਨਿਰਨਾ ਕਰਨ ਲਈ ਤਿਆਰ ਕਰਦੀਆਂ ਹਨ। ਮੁੱਖ ਰੂਪ ਵਿਚ ਇਸ ਤੱਥ ਦੀ ਸਮਝ ਪੈਂਦੀ ਹੈ ਕਿ ਹਿੰਦੂ ਭਗਵਾਨ ਜਾਂ ਅਵਤਾਰ ਧਰਤੀ ਤੋਂ ਜੁਲਮ ਅਤੇ ਧਰਮ ਦੀ ਹਾਨੀ ਨੂੰ ਸਮਾਪਤ ਕਰਨ ਲਈ ਆਏ। ਪਰੰਤੂ ਇਹ ਧਰਮ ਦੀ ਹਾਨੀ ਤੇ ਜ਼ੁਲਮ ਕੀ ਹੁੰਦਾ ਹੈ। ਮੱਦ ਭਾਗਵਤ ਪੁਰਾਣ ਵਿਚ ਵਾਰ-ਵਾਰ ਸਪੱਸ਼ਟ ਕੀਤਾ ਗਿਆ ਹੈ ਕਿ ਜਦੋਂ ਬ੍ਰਾਹਮਣ, ਬ੍ਰਾਹਮਣੀ ਧਰਮ ਗਊ ਅਤੇ ਬ੍ਰਾਹਮਣੀ ਰਾਜ ਪਾਠ ਨੂੰ ਖਤਰਾ ਪੈਦਾ ਹੁੰਦਾ ਹੈ ਭਾਵ, ਇਸ ਧਰਤੀ ਉੱਤੇ ਰਹਿੰਦੇ ਦੂਸਰੇ ਲੋਕ ਬ੍ਰਾਹਮਣੀ ਧਰਮ 'ਤੇ ਰਾਜ ਪਾਠ ਨੂੰ ਖਤਮ ਕਰਕੇ, ਵਰਣ ਜਾਤ ਤੇ ਊਚ ਨੀਚ ਤੋਂ ਵਿਰੋਧੀ ਸਮਾਜਿਕ ਸਿਸਟਮ ਪੈਦਾ ਕਰਨ ਲਈ ਖੜੇ ਹੁੰਦੇ ਹਨ ਤਾਂ ਹਰੀ ਨਰਾਇਣ ਈਸ਼ਵਰ ਅਵਤਾਰ ਲੈ ਕੇ ਉਨ੍ਹਾਂ ਵਿਰੋਧੀ ਤੇ ਮਾਨਵਵਾਦੀ ਰਾਖਸ਼ਾਂ, ਦੈਂਤਾਂ, ਦਲਿਤਾਂ, ਬਣਨਰਾਂ, ਪਛੜਿਆਂ, ਸ਼ੂਦਰਾਂ, ਨੀਚਾਂ ਆਦਿ ਦਾ ਨਾਸ਼ ਕਰਦਾ ਹੈ ਤੇ ਧਰਤੀ 'ਤੇ ਬ੍ਰਾਹਮਣੀ ਧਰਮ ਨੂੰ ਮੁੜ ਸਥਾਪਤ ਕਰਦਾ ਹੈ।

ਦੂਸਰੇ ਵਾਧੇ ਵਿਚ ਦਲਿਤ ਸੰਤ ਗੁਰੂ, ਨਾਮਦੇਵ, ਕਬੀਰ, ਰਵੀਦਾਸ ਅਤੇ ਸੈਣ ਆਦਿ ਰਹਿਬਰਾਂ ਦੀ ਅਸਲੀ ਸ਼ਕਤੀ ਦਾ ਵਰਨਣ ਹੈ ਕਿ ਇਹ ਮਹਾਂ ਪੁਰਸ਼ ਹੀ ਸਿੱਖ ਲਹਿਰ ਦੇ ਬਾਨੀ ਸਿਰਜਕ ਹਨ ਤੇ ਸਿੱਖ ਧਰਮ ਨੂੰ ਇਨ੍ਹਾਂ ਨੇ ਹੀ ਨਿਸ਼ਚਿਤ ਕੀਤਾ। ਅਜਿਹੀ ਧਾਰਨਾ ਆਪ ਵਿਅਕਤੀਆਂ ਦੀ ਨਹੀਂ ਹੈ ਸਗੋਂ, ਸਾਰੇ ਗੁਰੂਆਂ ਦੀ ਹੈ। ਅਸੀਂ ਉਨ੍ਹਾਂ ਦੇ ਆਪਣੇ ਲਿਖੇ ਸ਼ਬਦ ਦਿੱਤੇ ਹਨ। ਜੋ ਸਾਨੂੰ ਹਨ੍ਹੇਰੇ ਵਿਚੋਂ ਬਾਹਰ ਕੱਢਦੇ ਹਨ। ਹਕੀਕਤਾਂ ਦੇ ਇਰਦ-ਗਿਰਦ ਜੋ ਜਾਤਪਾਤੀ ਜਾਲ ਤਣਿਆਂ ਗਿਆ ਹੈ। ਉਸ ਤੋਂ ਮੁਕਤ ਹੋਣ ਦਾ ਮਾਰਗ ਸਪੱਸ਼ਟ ਕਰਦੇ ਹਨ। ਜਾਤਪਾਤੀ ਮਾਨਸਿਕਤਾ ਅਧੀਨ ਢੇਰਾਂ ਦੇ ਢੇਰ ਪੈਦਾ ਕੀਤੇ ਗਏ ਸਿੱਖ ਇਤਿਹਾਸ ਤੋਂ ਪਰਦਾ ਚੁੱਕਦੇ ਹਨ। ਸਾਨੂੰ ਮਹਾਨ ਦਲਿਤ ਸੰਤਾਂ ਦੀਆਂ ਉੱਚੀਆਂ ਸੁੱਚੀਆਂ ਅਤੇ ਕ੍ਰਾਂਤੀਕਾਰੀ ਸ਼ਖਸੀਅਤਾਂ ਦੇ ਦਰਸ਼ਨ ਕਰਾਉਂਦੇ ਹਨ। ਅੰਧ-ਵਿਸ਼ਵਾਸਾਂ ਤੋਂ ਮੁਕਤ ਕਰਵਾ ਕੇ ਧਰਮ ਦੇ ਅਸਲੀ ਮਾਰਗ ਦੇ ਦਰਸ਼ਨ ਕਰਾਉਂਦੇ ਹਨ।

ਸਾਡੀ ਖਾਸ ਕਰਕੇ ਦਲਿਤ ਪਛੜੇ ਲੋਕਾਂ ਦੀ ਇਹ ਮੂਰਖਤਾ ਹੀ ਹੋਵੇਗੀ ਕਿ ਜੇ ਅਸੀਂ ਹੁਣ ਵੀ ਇਤਿਹਾਸ ਦੀਆਂ ਹਕੀਕੀ ਪਰਤਾਂ ਨੂੰ ਸਮਝ ਨਾ ਸਕਾਂਗੇ। ਮੈਂ ਸਮਝਦਾ ਹਾਂ ਕਿ ਇਸ ਅਸਲ ਹਕੀਕਤ ਪਹੁੰਚਣਾ ਸਾਡੀ ਵੱਡੀ ਪ੍ਰਾਪਤੀ ਹੈ। ਇਸ ਤੋਂ ਕਿਤੇ ਵੱਡੀ ਪ੍ਰਾਪਤੀ ਸੱਚ ਨੂੰ ਮੰਨਕੇ ਚੱਲਣਾ ਅਤੇ ਰਹਿਬਰਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਨਿਰੰਤਰ ਸੰਘਰਸ਼ ਨੂੰ ਸਿਰੇ ਲਾਉਣ ਖਾਤਰ ਸੰਘਰਸ਼ ਕਰਨਾ ਅਤੇ ਆਪਣੇ ਅੰਦਰ ਮਨੁੱਖੀ ਸਮਾਨਤਾ ਅਤੇ ਸਵੈਮਾਣ ਦਾ ਜਜ਼ਬਾ ਪੈਦਾ ਕਰਨਾ। ਤੀਜਾ ਭਾਗ ਜੋ ਜੋੜਿਆ ਗਿਆ ਉਹ ਹੈ ਪੰਜਾਬ ਅੰਦਰ 1926 ਤੋਂ ਸ਼ੁਰੂ ਹੋਇਆ ਆਦਿ ਧਰਮ ਅੰਦੋਲਨ ਜਿਸ ਨੇ ਪੰਜਾਬ ਦੇ ਅਛੂਤਾਂ ਨੂੰ ਅਨੇਕ ਮਨੁੱਖੀ ਅਧਿਕਾਰ ਦੁਆਏ। ਇਹ ਅੰਦੋਲਨ ਸਾਬਤ ਕਰਦਾ ਹੈ ਕਿ ਪੰਜਾਬ ਦੇ ਹਿੰਦੂਆਂ ਸਮੇਤ ਉੱਚੀ ਜਾਤ ਦੇ ਸਿੱਖ ਵੀ ਜਾਤਪਾਤੀ ਜ਼ੁਲਮਾਂ ਵਿਚ ਸ਼ਾਮਲ ਸਨ। ਪੰਜਾਬ ਪਿੰਡਾਂ ਦਾ ਸੂਬਾ ਰਿਹਾ ਹੈ। ਪਿੰਡਾਂ ਵਿਚ ਸਿੱਖਾਂ ਨੇ ਉਸੇ ਤਰ੍ਹਾਂ ਜ਼ੁਲਮ ਕੀਤੇ ਹਨ ਜਿਵੇਂ ਬਾਹਰ

ਬ੍ਰਾਹਮਣ, ਠਾਕਰ ਤੇ ਬਾਣੀਆਂ ਆਦਿ ਕਰਦੇ ਰਹੇ। ਇਨ੍ਹਾਂ ਦੇ ਮੁਕਾਬਲੇ ਤੇ ਮੁਸਲਮਾਨ ਆਮ ਲੋਕ ਅਛੂਤਾਂ ਨਾਲ ਦੁਰ ਵਿਹਾਰ ਨਹੀਂ ਕਰਦੇ ਸਨ। ਆਮ ਖਾਸ ਸਿੱਖਾਂ ਦਾ ਵਿਹਾਰ ਹਿੰਦੂਆਂ ਵਾਂਗ ਮਾੜਾ ਸੀ। ਜਿਸ ਨੂੰ ਅੱਜ ਅਸੀਂ ਵਰ੍ਹਿਆਂ ਬਾਅਦ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਕਰੀਬ-ਕਰੀਬ ਸਾਰੀਆਂ ਦਲਿਤ ਜਾਤੀਆਂ ਪਿੰਡਾਂ ਦੇ ਸਿੱਖਾਂ ਦਾ ਸ਼ਿਕਾਰ ਹਨ ਅਤੇ ਉਨ੍ਹਾਂ ਤੋਂ ਅਪਮਾਨਤ ਹੁੰਦੀਆਂ ਹਨ।

ਆਦਿ ਧਰਮ ਅੰਦੋਲਨ ਨੂੰ ਗਹਿਰਾਈ ਨਾਲ ਪੜ੍ਹੀਏ ਤਾਂ ਸਮਝ ਪੈਂਦੀ ਹੈ ਕਿ ਪਿੰਡਾਂ ਦੇ ਸਮੂਹ ਦਲਿਤ ਜਾਤਪਾਤੀ ਸਿੱਖ ਚੌਧਰੀਆਂ ਤੋਂ ਵੀ ਹਿੰਦੂਆਂ ਵਾਂਗ ਹੀ ਦੁਖੀ ਸਨ। ਇਸ ਇਤਿਹਾਸਕ ਚਰਚਾ ਨੂੰ ਅਸੀਂ ਜਾਰੀ ਰੱਖਾਂਗੇ। ਚੌਥਾ ਅਤੀ ਮਹੱਤਵਪੂਰਨ ਭਾਗ ਹੈ ਅਜ਼ਾਦੀ ਸੰਗਰਾਮ ਵਿਚ ਅਛੂਤਾਂ ਦਾ ਯੋਗਦਾਨ।

ਲੋਕ ਕਹਿਣਗੇ ਕਿ ਅਸੀਂ ਸ਼ਹੀਦਾਂ ਦੀ ਜਾਤੀ ਵੰਡ ਕਰ ਰਹੇ ਹਾਂ। ਪਰ ਸਚਾਈ ਇਸ ਤੋਂ ਉਲਟ ਹੈ, ਦਲਿਤਾਂ ਅਤੇ ਪਛੜਿਆਂ ਦੀ ਅਜ਼ਾਦੀ ਸੰਗਰਾਮ ਵਿਚ ਬਾਕੀ ਲੋਕਾਂ ਦੀਆਂ ਕੁਰਬਾਨੀਆਂ ਤੋਂ ਸੈਂਕੜੇ ਗੁਣਾ ਵੱਧ ਹਨ। ਪਰੰਤੂ ਦਲਿਤ ਪਛੜੇ ਲੋਕ ਆਪਣੇ ਅਸਲੀ ਇਤਿਹਾਸ ਤੋਂ ਨਾਵਾਕਫ਼ ਰਹਿ ਕੇ, ਸੰਗਠਕ ਨਾ ਹੋ ਕੇ, ਉੱਚੀਆਂ ਜਾਤੀਆਂ ਦੀ ਪੂਛ ਬਣਕੇ, ਕੋਈ ਲਾਭ ਨਹੀਂ ਉਠਾ ਸਕੇ। ਪਰੰਤੂ ਉੱਚੀ ਜਾਤੀ ਦੇ ਲੋਕਾਂ ਨੇ ਉਂਗਲਾਂ ਤੇ ਗਿਣਨ ਜੋਗੀਆਂ ਕੁਰਬਾਨੀਆਂ ਕਰਕੇ, ਆਪਣੇ ਮੀਡੀਏ ਰਾਹੀਂ ਉਨ੍ਹਾਂ ਦਾ ਖੂਬ ਪ੍ਰਚਾਰ ਕਰਕੇ, ਦੇਸ਼ ਦਾ ਰਾਜ ਪਾਠ ਆਪਣੇ ਹੱਥਾਂ ਵਿਚ ਲੈ ਲਿਆ, ਜਿਵੇਂ ਸਿੱਖਾਂ ਨੇ ਪੰਜਾਬ ਦਾ ਰਾਜ ਲੈ ਲਿਆ। ਪਰੰਤੂ ਦਲਿਤਾਂ ਦੀਆਂ ਕੁਝ ਕੁਰਬਾਨੀਆਂ ਦੀ ਗਿਣਤੀ ਤੀਹ ਹਜ਼ਾਰ ਤੋਂ ਵੀ ਵਧੇਰੇ ਸਾਬਤ ਹੁੰਦੀ ਹੈ। ਫਰਕ ਕੇਵਲ ਇਹ ਹੈ ਕਿ ਦਲਿਤ ਪਛੜੇ ਇਕੋ ਸਮੇਂ ਦੇਸ਼ ਵਿਚਲੀਆਂ ਜਾਤੀਵਾਦੀ ਧਾਰਮਿਕ ਅਤੇ ਜਗੀਰੂ ਸ਼ਕਤੀਆਂ ਦੇ ਨਾਲ-ਨਾਲ ਉਨ੍ਹਾਂ ਦੀ ਪਿੱਠ ਪੂਰਦੀ ਅੰਗਰੇਜ਼ੀ ਹਕੂਮਤ ਨਾਲ ਲੜਦੇ ਰਹੇ। ਦੋਵੇਂ ਸ਼ਕਤੀਆਂ ਇਨ੍ਹਾਂ ਨੂੰ ਬਰਾਬਰ ਕੁਚਲਦੀਆਂ ਰਹੀਆਂ। ਧਨਵਾਨ ਅਤੇ ਜਗੀਰੂ ਤਾਕਤਾਂ ਅੰਗਰੇਜ਼ਾਂ ਦਾ ਸਾਥ ਦਿੰਦੀਆਂ ਰਹੀਆਂ। ਜਦੋਂ ਦਬਿਆ-ਕੁਚਲਿਆ ਸਮਾਜ 1848 ਤੋਂ ਬਾਅਦ ਉੱਠ ਕੇ ਖੜ੍ਹਾ ਹੋਣ ਲੱਗਾ ਤਾਂ ਹਿੰਦੂ ਤਾਕਤਾਂ ਨੇ ਬਰਾਬਰ ਧਿਰ ਖੜੀ ਕਰਕੇ, ਅਜ਼ਾਦੀ ਦੀ ਲੜਾਈ ਆਪਣੀ ਸ਼ਾਤਰ ਵਿਧੀ ਨਾਲ ਆਰੰਭ ਕੀਤੀ।

ਤੁਸੀਂ ਵੇਖੋ ਕਿ ਸ਼ਾਹੂ ਛਤਰਪਤੀ ਨੇ 1887 ਵਿਚ ਗੱਦੀ ਸੰਭਾਲੀ ਤੇ ਕਾਂਗਰਸ 1885 ਵਿਚ ਖੜੀ ਹੋਈ। ਦੋਹਾਂ ਵਿਰੋਧੀ ਤਾਕਤਾਂ ਦੀ ਸਰਦਾਰੀ ਮਹਾਂ ਰਾਸ਼ਟਰ ਤੋਂ ਉਠੀ। ਸ਼ਾਹੂ ਛਤਰਪਤੀ ਪੱਛੜੀ ਜਾਤੀ ਦੇ ਸਨ ਤੇ ਕਾਂਗਰਸ ਦੇ ਕਰਤਾ ਧਰਤਾ ਬਾਲਗੰਗਾਧਰ ਤਿਲਕ ਬ੍ਰਾਹਮਣ (ਦੋਵੇਂ ਮਹਾਂਰਾਸ਼ਟਰ ਦੇ), 1922 ਤੱਕ ਦੋਹਾਂ ਦੀ ਮੌਤ ਹੋ ਗਈ। 1925 ਤੱਕ ਦਲਿਤਾਂ ਪਛੜਿਆਂ ਦੇ ਨੇਤਾ ਮਹਾਂਰਾਸ਼ਟਰ ਤੋਂ ਡਾ. ਅੰਬੇਡਕਰ ਬਣੇ। 1925 'ਚ ਮਹਾਂਰਾਸ਼ਟਰ ਦੇ ਬ੍ਰਾਹਮਣ ਐਸ.ਏ. ਡਾਂਗ ਨੇ ਕਮਿਊਨਿਸਟ ਪਾਰਟੀ ਸਥਾਪਤ ਕਰ ਲਈ ਅਤੇ ਇਸੇ ਸਮੇਂ ਗੁਰੂ ਗਵਾਲਕਰ ਬ੍ਰਾਹਮਣ ਨੇ ਨਾਗਪੁਰ ਮਹਾਂਰਾਸ਼ਟਰ ਤੋਂ ਆਰ.ਐਸ.ਐਸ. ਸ਼ੁਰੂ ਕਰ ਦਿੱਤੀ। 1928 'ਚ ਡਾ. ਅੰਬੇਡਕਰ ਤੇ ਘੱਟ ਗਿਣਤੀਆਂ ਨੇ ਸਾਈਮਨ ਕਮਿਸ਼ਨ ਦਾ ਸੁਆਗਤ ਕੀਤਾ ਅਤੇ ਕਾਂਗਰਸ ਅਤੇ ਹਿੰਦੂਆਂ ਨੇ ਗੋ-ਬੈਕ ਕਿਹਾ। 1930 ਵਿਚ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਗੋਲ ਮੇਜ਼ ਕਾਨਫਰੰਸ ਦਾ ਬਾਈਕਾਟ ਕੀਤਾ, ਪਰੰਤੂ ਦਲਿਤਾਂ, ਸਿੱਖਾਂ, ਇਸਾਈਆਂ, ਮੁਸਲਮਾਨਾਂ ਤੇ ਪਾਰਸੀਆਂ ਨੇ ਭਾਗ ਲਿਆ। 1932 'ਚ ਅਛੂਤਾਂ ਧਾਰਮਿਕ ਘੱਟ ਗਿਣਤੀਆਂ ਵਾਂਗ ਰਾਖਵਾਂਕਰਨ ਦੇ ਅਧਿਕਾਰ ਮਿਲੇ। ਮਹਾਤਮਾ ਗਾਂਧੀ ਨੇ ਕਾਂਗਰਸ ਦੀ ਇੱਛਾ ਅਨੁਸਾਰ ਇਨ੍ਹਾਂ ਮਨੁੱਖੀ ਹੱਕਾਂ ਵਿਰੁੱਧ 20 ਸਤੰਬਰ 1932 ਨੂੰ ਜੇਲ੍ਹ ਵਿਚ ਮਰਨ ਵਰਤ ਰੱਖਿਆ। 1942-43 ਵਿਚ ਡਾ. ਅੰਬੇਡਕਰ ਗਵਰਨਰ ਕੌਂਸਲ ਦੇ ਲੇਬਰ ਮੰਤਰੀ ਬਣੇ ਤੇ 1942 'ਚ ਕਾਂਗਰਸ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕਰ ਦਿੱਤਾ। 1946 'ਚ ਡਾ. ਅੰਬੇਡਕਰ ਬੰਬੇ ਤੋਂ ਚੋਣ ਲੜੇ। ਜਿਨ੍ਹਾਂ ਨੂੰ ਮਹਾਤਮਾ ਗਾਂਧੀ ਤੇ ਡਾਂਗੇ ਦੀਆਂ ਪਾਰਟੀਆਂ ਨੇ ਰਲਕੇ ਹਰਾ ਦਿੱਤਾ।

ਡਾ. ਅੰਬੇਡਕਰ ਨੂੰ ਪੱਛਮੀ ਬੰਗਾਲ ਤੋਂ ਅਛੂਤ ਚੰਡਾਲਾਂ ਨੇ ਸਿਲਗੜੀ ਜੇਹੇ ਇਲਾਕੇ ਤੋਂ ਮੁੜ ਜਿਤਾ ਦਿੱਤਾ ਤਾਂ ਕਾਂਗਰਸ ਨੇ ਇਹ ਇਲਾਕਾ ਪੂਰਬੀ ਪਾਕਿਸਤਾਨ ਵਿਚ ਮੁਆ ਦਿੱਤਾ। ਡਾ. ਅੰਬੇਡਕਰ ਫੇਰ ਵੀ ਜਿੱਤ ਕੇ ਸੰਵਿਧਾਨ ਦੇ ਮੁਖੀ ਬਣ ਗਏ ਤਾਂ ਹਿੰਦੂਆਂ ਨੇ ਪਛੜੀ ਜਾਤੀ ਦੇ ਪਟੇਲ ਨੂੰ ਗ੍ਰਹਿ ਮੰਤਰੀ ਬਣਾ ਕੇ ਡਾ. ਅੰਬੇਡਕਰ ਲਈ ਪੱਕਾ ਅੜਿੱਕਾ ਪੈਦਾ ਕਰ ਦਿੱਤਾ। ਜੋ ਡਾ. ਅੰਬੇਡਕਰ ਨੂੰ ਅੱਗੇ ਵਧਣ ਤੋਂ ਰੋਕਣ ਲਈ ਲੋਹ ਪੁਰਸ਼ ਬਣਿਆ। ਇਹ ਜ਼ਿਕਰ ਡਾ. ਅੰਬੇਡਕਰ ਨੇ ਆਪਣੀਆਂ ਲਿਖਤਾਂ ਵਿਚ ਵੀ ਕੀਤਾ ਹੈ। ਡਾ. ਅੰਬੇਡਕਰ ਨੂੰ ਸੁਪਰੀਮ ਕੋਰਟ ਦਾ ਪਹਿਲਾ ਮੁੱਖ ਜੱਜ ਸਥਾਪਤ ਕੀਤਾ ਜਾਣ ਲੱਗਾ ਤਾਂ ਪੰਡਤ ਨਹਿਰੂ ਦੀ ਸ਼ਾਤਰ ਚਾਲ

ਅਧੀਨ ਪਟੇਲ ਨੇ ਤੁਰੰਤ ਇਕ ਦੂਸਰੇ ਬੰਦੇ ਨੂੰ ਨਿਯੁਕਤ ਕਰ ਦਿੱਤਾ। 1857 ਤੱਕ ਭਾਰਤ ਅੰਦਰ ਅੰਗਰੇਜ਼ਾਂ ਵਿਰੁੱਧ ਕੁਝ ਵੀ ਨਹੀਂ ਸੀ। ਹਿਦੂ ਅੰਗਰੇਜ਼ਾਂ ਦੇ ਤਾਬਿਆਦਾਰ ਸਨ। 1848 ਵਿਚ ਜੋਤੀ ਰਾਓ ਫੂਲੇ ਨੇ ਦਲਿਤ ਪਛੜੀਆਂ ਜਾਤੀਆਂ ਨੂੰ ਪੈਰਾਂ ਸਿਰ ਖੜੇ ਕਰਨ ਅਤੇ ਚੇਤਨਤਾ ਪੈਦਾ ਕਰਨ ਦਾ ਸੰਘਰਸ਼ ਸ਼ੁਰੂ ਕੀਤਾ ਤਾਂ 1857 ਦਾ ਕਾਂਡ ਵੀ ਵਾਪਰਿਆ ਤੇ ਫੇਰ 1947 ਤੱਕ ਦੋਵੇਂ ਧਿਰਾਂ ਬਰਾਬਰ ਲੜਦੀਆਂ ਰਹੀਆਂ। ਅੰਤ ਅਜ਼ਾਦੀ ਦਾ ਰਾਜ ਪਾਠ ਹਿਦੂਆਂ ਦੇ ਹੱਥ ਚਲਾ ਗਿਆ ਤੇ ਦਲਿਤ-ਪਛੜੇ ਹਮੇਸ਼ਾ ਵਾਂਗ ਖੜੇ ਰਹਿ ਗਏ।

ਦਲਿਤਾਂ ਨੇ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ, ਪਰੰਤੂ ਉਹ ਇਤਿਹਾਸ ਵਿਚੋਂ ਗਾਇਬ ਹੋ ਗਏ। ਹੁਣ ਅਸੀਂ ਕੋਸ਼ਿਸ਼ ਕਰਕੇ ਉਨ੍ਹਾਂ ਕੁਝ ਕੁਰਬਾਨੀਆਂ ਦੇ ਭਾਗ ਲੱਭ ਕੇ ਇਸ ਪੁਸਤਕ ਰਾਹੀਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਜੋ ਸਨਮਾਨ ਅਤੇ ਸਵੈਮਾਣ ਪੈਦਾ ਕਰਨ ਲਈ ਕਾਫੀ ਹੋ ਸਕਦਾ ਹੈ। ਇਹ ਪੁਸਤਕ ਦਾ ਇਹ ਪੰਜਵਾਂ ਐਡੀਸ਼ਨ ਭਾਰਤ ਦੇ ਅਸਲੀ ਇਤਿਹਾਸ ਦੀ ਨਵੇਂ ਸਿਰਿਓਂ ਸਿਰਜਣਾ ਕਰਨ ਲਈ ਲਾਹੇ ਬੰਦ ਸਾਬਤ ਹੋਵੇਗਾ। ਅਜਿਹਾ ਵਿਸ਼ਵਾਸ ਰੱਖ ਕੇ ਅਸੀਂ ਅੱਗੇ ਵਧੇ ਹਾਂ। ਪਾਠਕਾਂ ਦਾ ਹੁੰਗਾਰਾ ਸਾਨੂੰ ਹੋਰ ਅੱਗੇ ਵਧਣ ਦੀ ਹਿੰਮਤ ਤੇ ਹੌਸਲਾ ਦੇਵੇਗਾ।

ਗੁਰਨਾਮ ਸਿੰਘ ਮੁਕਤਸਰ,

ਪੁਸਤਕ ਦੀ ਜਾਣ-ਪਛਾਣ ਕਰਾਉਂਦੇ ਪੱਤਰ

ਸਤਿਕਾਰਯੋਗ ਵੀਰ ਗੁਰਨਾਮ ਸਿੰਘ ਜੀ, ਜੈ ਭੀਮ,

1. ਸਖਤ ਮੇਹਨਤ ਅਤੇ ਦਾਰਸ਼ਨਿਕਤਾ ਸਦਕਾ ਦਲਿਤ ਬਹੁਜਨ ਸਮਾਜ ਦੇ ਸੰਘਰਸ਼ ਦਾ ਇਤਿਹਾਸਕ ਗ੍ਰੰਥ ਭਾਰਤੀ ਲੋਕ ਨੀਚ ਕਿਵੇਂ ਬਣੇ, ਇਸ ਸੁੱਤੇ ਹੋਏ ਸਮਾਜ ਨੂੰ ਜਗਾਉਣ ਲਈ ਬਹੁਤ ਹੀ ਮਹੱਤਵ ਪੂਰਨ ਰੋਲ ਅਦਾ ਕਰ ਰਿਹਾ ਹੈ । ਇਸ ਲਈ ਆਪ ਜੀ ਨੂੰ ਬਹੁਤ-ਬਹੁਤ ਧੰਨਵਾਦ । ਜਦੋਂ ਵੀ ਕਦੀ ਆਪਣੇ ਦੋਸਤਾਂ ਅਤੇ ਦਲਿਤ ਸਮਾਜ ਦੇ ਲੋਕਾਂ ਨਾਲ ਇਸ ਇਤਿਹਾਸਕ ਗ੍ਰੰਥ ਬਾਰੇ ਵਿਚਾਰ ਕਰਦੇ ਹਾਂ ਤਾਂ ਸਾਰੇ ਹੀ ਪੁਛਦੇ ਹਨ ਕਿ ਕੀ ਇਹ ਦਲਿਤ ਸੰਘਰਸ਼ ਦਾ ਇਤਿਹਾਸ ਹਿੰਦੀ ਵਿੱਚ ਨਹੀਂ ਮਿਲ ਸਕਦਾ ?

ਆਪ ਦਾ ਸ਼ੁੱਭਚਿੰਤਕ,

ਤਰਸੇਮ ਸਿੰਘ ਸੋਰੋਂ, ਦੀਮਾਪੁਰ ਨਾਗਾਲੈਂਡ ।

2. ਆਪ ਦੀ ਕਿਤਾਬ ਬਾਰੇ ਇਸ ਤਰ੍ਹਾਂ ਹੈ ਕਿ ਆਪ ਦੀ ਖੋਜ ਭਰਪੂਰ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ, ਜੋ ਖਬਰਾਂ ਕੈਲੀਫੋਰਨੀਆ, ਨਿਊਯਾਰਕ, ਇੰਗਲੈਂਡ, ਕਨੇਡਾ, ਆਸਟਰੇਲੀਆ ਆਦਿ ਦੀਆਂ ਸੰਗਤਾਂ ਵੱਲੋਂ ਮਿਲੀਆ ਹਨ, ਉਹ ਬਹੁਤ ਹੀ ਹੌਸਲਾ ਅਫਜਾਊ ਹਨ । ਇਹ ਪੁਸਤਕ ਬਾਬਾ ਸਾਹਿਬ ਦੇ ਸਮਾਜਿਕ ਅਤੇ ਰਾਜਨੀਤਕ ਮਿਸ਼ਨ ਨੂੰ ਅੱਗੇ ਲੈ ਜਾਣ ਵਾਸਤੇ ਬਹੁਤ ਹੀ ਵੱਡਾ ਯੋਗਦਾਨ ਪਾ ਰਹੀ ਹੈ । ਇਸ ਤਰ੍ਹਾਂ ਦੇ ਹਾਲਤ ਵਿੱਚ ਐਸੀ ਖੋਜ ਭਰਪੂਰ ਪੁਸਤਕ ਲਿਖਣਾ ਬੜੇ ਹੀ ਦਿਲ ਗੁਰਦੇ ਦਾ ਕੰਮ ਹੈ । ਇਤਿਹਾਸ ਨੂੰ ਖੋਜ ਕੇ ਠੋਸ ਸੱਚਾਈਆਂ ਨਾਲ ਨਿੱਗਰ ਅਤੇ ਸਹੀ ਹਾਲ ਪੇਸ਼ ਕਰਨ ਦੀ ਜੁਰਅਤ ਸਿਰਫ ਆਪ ਜੀ ਦੀ ਕਲਮ ਦੇ ਹਿੱਸੇ ਆਈ ਹੈ। ਇਤਿਹਾਸ ਨੂੰ ਇਸ ਤਰ੍ਹਾਂ ਤੁਸੀਂ ਹੀ ਪੇਸ਼ ਕਰ ਸਕਦੇ ਹੋ !

ਵਤਨ ਚੰਦ ਪਾਲ, ਸੋਹਣ ਸਿੰਘ ਢੋਲਾ, ਧਰਮ ਸਿੰਘ ਭਾਰਤੀ,

ਬੰਸੀ ਲਾਲ ਬੰਗੜ, ਸੂਬੇਦਾਰ ਜੁਗਿੰਦਰ ਸਿੰਘ ਅਤੇ ਹੋਰ ਯੂ. ਐਸ. ਏ.

3. ਆਪ ਜੀ ਦੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਜਿਹੜੀ ਕਿ ਆਪ ਜੀ ਦੀ ਦਸ ਸਾਲਾਂ ਦੀ ਸਖਤ ਮੇਹਨਤ ਤੋਂ ਬਾਦ ਦਲਿਤ ਵਰਗ ਦੇ ਹੱਥਾਂ ਵਿੱਚ ਪੁਹੰਚੀ, ਉਸਨੂੰ ਪੜ੍ਹ ਕੇ ਮਨ ਬਹੁਤ ਪਸੀਜ ਗਿਆ ਕਿ ਇਹਨਾਂ ਲੋਕਾਂ ਨੇ ਏਨਾਂ ਜ਼ੁਲਮ ਅਤੇ ਅਤਿਆਚਾਰ ਸਾਡੇ ਵਰਗ 'ਤੇ ਕੀਤਾ ਹੈ। ਜਿਸ ਕਿਸੇ ਨੇ ਵੀ ਇਸ ਪੁਸਤਕ ਨੂੰ ਪੜ੍ਹਿਆ ਕਿਤਾਬ ਦੀ ਸ਼ਲਾਘਾ ਕੀਤੀ।

ਮਲਕੀਅਤ ਸਿੰਘ ਲੈਕਚਰਾਰ, ਕਲਿਆਣ, ਪਟਿਆਲਾ।

4. ਤੁਹਾਡੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ, ਮੰਗਵਾ ਕੇ ਵੰਡਾਂਗੇ ਆਪ ਦੇ ਲਿਟਰੇਚਰ ਨੇ ਲੋਕਾਂ ਦੇ ਦਿਮਾਗਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਆਪ ਦੇ ਲਿਟਰੇਚਰ ਦੀ ਮੰਗ ਦਿਨੋਂ ਦਿਨ ਵੱਧ ਰਹੀ ਹੈ।

ਭਾਰਤੀ, ਢੋਲਾ ਅਤੇ ਪਾਲ, ਪਿਟਸਬਰਗ

5. ਤੁਹਾਡੀ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਦੇਖੀ, ਕਾਫੀ ਅੱਛੀ ਲੱਗੀ ਅਸੀ ਇਸਦੀ ਥੋਕ ਵਿੱਕਰੀ ਕਰਨਾਂ ਚਾਹੁੰਦੇ ਹਾਂ। ਚਿੱਠੀ ਮਿਲਦੇ ਹੀ ਇਸਦੀਆਂ 50 ਕਾਪੀਆਂ ਭੇਜ ਕੇ ਧੰਨਵਾਦੀ ਬਣਾਓ।

ਭਾਈਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ।

6. ਮੇਰਾ ਚਿੱਠੀ ਲਿਖਣ ਦਾ ਕਾਰਨ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਹੈ। ਮੈਂ ਇਹ ਕਿਤਾਬ ਕਿਸੇ ਕੋਲੋ ਲੈ ਕੇ ਪੜ੍ਹੀ ਪਰੰਤੂ ਬਦਕਿਸਮਤੀ ਨਾਲ ਮੈਂ ਇਸਦੇ ਥੋੜ੍ਹੇ ਪੰਨੇ ਹੀ ਪੜ੍ਹ ਸਕਿਆ। ਕਿਤਾਬ ਖਾਤਰ ਸਾਰੇ ਲੁਧਿਆਣੇ ਦੀਆਂ ਸਾਰੀਆਂ ਬੁੱਕ ਸਟਾਲਾਂ ਗਾਹ ਮਾਰੀਆਂ ਪਰੰਤੂ ਕਿਤਾਬ ਨਹੀਂ ਮਿਲੀ। ਆਪ ਮੈਨੂੰ ਕਿਤਾਬ ਭੇਜ ਦੇਵੋ।

ਹਰਜਿੰਦਰ ਸਿੰਘ ਲਾਲ, ਦਸ਼ਮੇਸ਼ ਨਗਰ, ਲੁਧਿਆਣਾ।

7. ਬਾਬਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਨੂੰ ਸਮਰਪਤ ਆਪ ਦੁਆਰਾ ਲਿਖਤ ਸਾਹਿਤ, ਜੋ ਸਮਾਜ ਨੂੰ ਸੇਧ ਦੇ ਰਿਹਾ ਹੈ, ਦਿੰਦਾ ਰਹੇਗਾ, ਮੈਨੂੰ ਵੀ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਆਪਣੀ ਫੌਜੀ ਨੌਕਰੀ ਦੌਰਾਨ ਜਦੋਂ ਵੀ ਮੇਰਾ ਕੋਈ ਦੋਸਤ ਮਿੱਤਰ ਕਿਧਰੇ ਦੂਸਰੀ ਥਾਂ ਜਾਵੇਗਾ ਤਾਂ ਅਸੀਂ ਵਿਦਾਇਗੀ ਸਮੇਂ ਆਪ ਦੁਆਰਾ ਲਿਖਤ ਦਲਿਤ ਇਤਿਹਾਸ ਹੀ ਤੋਹਫੇ ਵਜੋਂ ਦੇਵਾਂਗੇ। ਭਾਰਤੀ ਲੋਕ ਨੀਚ ਕਿਵੇਂ ਬਣੇ, ਗੁਲਾਮਗਿਰੀ ਅਤੇ ਬਨਾਰਸ ਕੇ ਠੱਗ ਕਿਤਾਬਾਂ ਵੀ. ਪੀ. ਪੀ. ਰਾਹੀ ਭੇਜ ਦਿਉ।

ਨਾਇਬ ਸੂਬੇਦਾਰ, ਲਾਲ ਸਿੰਘ

8. ਪਿਛਲੇ ਕੁੱਝ ਦਿਨਾਂ ਤੋਂ ਤੁਹਾਡੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇਂ ਪੜ੍ਹ ਰਿਹਾ ਹਾਂ। ਤੁਸੀਂ ਉਹ ਸੱਚ ਲੋਕਾਂ ਅੱਗੇ ਰੱਖਿਆ ਹੈ, ਜਿਸ ਤੋਂ ਦੁਨੀਆਂ ਅੱਜ ਤੱਕ ਅਜੇ ਵੀ ਮੁਨਕਰ ਹੈ। ਤੁਹਾਡੀ ਇਹ ਸਫਲ ਖੋਜ ਵਾਕਿਆ ਹੀ ਸ਼ਲਾਘਾਯੋਗ ਹੈ।

ਤਰਸੇਮ ਭੰਗੂ, ਥੀਨ ਡੈਮ (ਪਠਾਨਕੋਟ)

9. ਆਪ ਜੀ ਦੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਤਿੰਨ ਵਾਰ ਪੜ੍ਹੀ, ਬਹੁਤ ਪਸੰਦ ਆਈ।

ਮੱਲ ਸਿੰਘ ਪਿੰਡ ਜਲਾਲ, ਬਠਿੰਡਾ।

10. ਇਸ ਪੱਤਰ ਤੋਂ ਪਹਿਲਾਂ ਵੀ ਖੱਤ ਲਿਖਿਆ ਸੀ ਕਿ ਆਪ ਦੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਵੀ. ਪੀ. ਪੀ. ਦੁਆਰਾ ਭੇਜ ਕੇ ਧੰਨਵਾਦੀ ਬਣਾਉਣਾ।

ਡਾ. ਰਾਮ ਲੁਭਾਇਆ ਦਰਾਵੜ, ਦਸੂਹਾ।

11. ਮੈਨੂੰ ਅਤਿਅੰਤ ਪ੍ਰਸੰਨਤਾ ਹੈ ਕਿ ਤੁਸੀਂ ਦਲਿਤ ਚਿੰਤਨ ਅਤੇ ਅਧਿਕਾਰ ਚੇਤਨਾ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਅਤੇ ਕਈ ਚਰਚਿਤ ਪੁਸਤਕਾਂ ਦੇ ਲੇਖਕ ਹੋ। ਗੁਰਦੇਵ ਸਿੰਘ ਦੁਖੀਆ ਨੇ ਤੁਹਾਡੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇਂ ਦਿਖਾਈ। ਮੇਰਾ ਸਹਿਯੋਗ ਤੁਹਾਡੇ ਨਾਲ ਆਏਗਾ।

ਬਲਬੀਰ ਮਾਧੋਪੁਰੀ, ਨਵੀਂ ਦਿਲੀ।

12. ਮਨੂੰ ਦੇ ਧਰਮ ਸ਼ਾਸ਼ਤਰਾਂ, ਸਿਮਰਤੀਆਂ ਅਤੇ ਵੇਦਾਂ ਵਿੱਚ ਲਿਖਿਆ ਆਖਰ ਉਹ ਕੀ ਹੈ ਜਿਸ ਪਿੱਛੇ ਲੱਗਣ ਦਾ ਧਾਰਮਕ ਹੁਕਮ ਹੋਇਆ ਹੈ ਅਤੇ ਜਿਸ ਉੱਤੇ ਕਿੰਤੂ ਕਰਨ ਦਾ ਅਰਥ ਕਾਫਰ ਗਰਦਾਨਿਆਂ ਜਾਣਾ ਅਤੇ ਸਮਾਜ ਵਿੱਚੋਂ ਛੇਕਿਆ ਜਾਣਾ ਦੱਸਿਆ ਗਿਆ ਹੈ। ਗੁਰਨਾਮ ਸਿੰਘ ਮੁਕਤਸਰ ਨੇ ਆਪਣੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇਂ ਵਿੱਚ ਇਸਨੂੰ ਬਿਆਨ ਕਰਨ ਦਾ ਯਤਨ ਕੀਤਾ ਹੈ। ਜਾਤ ਪਾਤ ਦੇ ਖਾਤਮੇ ਲਈ ਜੂਝ ਰਹੇ ਸਾਥੀ ਜਿਹੜੇ ਭਾਸ਼ਾ ਜਾਂ ਕਿਸੇ ਹੋਰ ਸਮੱਸਿਆ ਕਾਰਨ ਜਾਤਪਾਤ ਨੂੰ ਰੱਬੀ ਕਰਾਰ ਦੇਣ ਵਾਲੇ ਗ੍ਰੰਥਾਂ ਨੂੰ ਨਹੀਂ ਪੜ੍ਹ ਸਕਦੇ ਉਹਨਾਂ ਲਈ ਗੁਰਨਾਮ ਸਿੰਘ ਹੋਰਾਂ ਦਾ ਸੰਗ੍ਰਹਿ ਕਾਫੀ ਸਹਾਈ ਹੋ ਸਕਦਾ ਹੈ।

ਰਸਾਲਾ- ਪੈਗਾਮ ਅਗਸਤ 1987

13. ਆਪ ਨੇ ਜੋ ਆਪਣੀ ਜਿੰਦਗੀ ਦਲਿਤਾਂ ਵਾਸਤੇ ਇਤਿਹਾਸ ਨੂੰ ਖੋਜਣ ਬਾਰੇ ਲਾਈ ਹੈ ਅਤੇ ਕਿਤਾਬਾਂ ਛਾਪ ਕੇ ਤੁਸੀਂ ਸਾਨੂੰ ਦਿੱਤੀਆਂ ਹਨ, ਇਸਦੀ ਅਸੀਂ ਦਲਿਤ ਕੀਮਤ ਨਹੀਂ ਦੇ ਸਕਦੇ। ਕ੍ਰਿਪਾ ਕਰਕੇ ਇਹ ਪੁਸਤਕਾਂ ਸ੍ਰੀ ਗੁਰੂ ਰਵੀਦਾਸ ਲਾਇਬਰੇਰੀ ਭੁੱਲਾਰਾਈ ਫਗਵਾੜਾ ਲਈ ਭੇਜ ਦੇਣੀਆਂ।

ਪ੍ਰਬੰਧਕ, ਲਾਇਬਰੇਰੀ ਭੁਲਾ ਰਾਈ।

14. ਤੁਹਾਡੀਆਂ ਲਿਖੀਆਂ ਪੁਸਤਕਾਂ ਗੁਲਾਮਗਿਰੀ ਅਤੇ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹੀਆਂ ਤੇ

ਪੜ੍ਹ ਕੇ ਅਜੇਹੀ ਸਥਿਤੀ ਦਾ ਪਤਾ ਲੱਗਿਆ ਕਿ ਮੈਂ ਜੇ ਇਹ ਨਾ ਪੜ੍ਹਦਾ ਤਾਂ ਮੇਰਾ ਜੀਵਨ ਅਧੂਰਾ ਸੀ।

ਡਾ. ਨਵਗੀਤ ਸਿੰਘ, ਪਰਸਰਾਮ ਨਗਰ ਬਠਿੰਡਾ।

15. ਤੁਹਾਡੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇਂ ਕਿਸੇ ਕੋਲੋਂ ਲੈ ਕੇ ਪੜ੍ਹੀ , ਜਿਸਨੂੰ ਪੜ੍ਹ ਕੇ ਜਾਗਰਤੀ ਆਈ। ਮੈਨੂੰ ਅਫਸੋਸ ਹੈ ਕਿ ਮੈਂ ਇਹ ਕਿਤਾਬ ਮੁੱਲ ਨਹੀਂ ਲੈ ਸਕਦਾ। ਕਿਰਪਾ ਕਰਕੇ ਇਹ ਕਿਤਾਬ ਮੈਨੂੰ ਭੇਜ ਦਿਉ।

ਰਕੇਸ਼ ਕੁਮਾਰ, ਘੁਰਾਲਾ (ਗੁਰਦਾਸਪੁਰ)

16. ਬੇਹੱਦ ਮੇਹਨਤ ਨਾਲ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇਂ ਪੜ੍ਹੀ ਹੈ। ਇਸ ਕੰਮ ਦੇ ਲਈ ਮੈਂ ਤੁਹਾਡਾ ਬਹੁਤ ਜਿਆਦਾ ਧੰਨਵਾਦ ਕਰਦਾ ਹਾਂ। ਕਦੀ ਅਸੀਂ ਵੀ ਉਸ ਅੱਗ ਵਿਚ ਸੜੇ ਸੀ ਜਿਸਨੂੰ ਤੁਸੀਂ ਖੋੜਿਆ ਅਤੇ ਹੰਢਾਇਆ ਹੈ।

ਤੁਹਾਡਾ ਜਰਨੈਲ ਲੋਅਰ ਕੈਂਪ ਸੁਬਾਥੂ ਸੋਲਨ, ਹਿਮਾਚਲ।

17. ਅਸੀਂ ਆਪ ਦਾ ਬਹੁਤ ਧੰਨਵਾਦ ਕਰਦੇ ਹਾਂ ਕਿ ਜਿਨ੍ਹਾਂ ਨੇ ਸਾਨੂੰ ਆਪਣਾ ਖਾਸਾ ਪਛਾਨਣ ਲਈ ਦਿਨ ਰਾਤ ਕਰੜੀ ਮਿਹਨਤ ਕਰਕੇ ਇਕ ਐਸੀ ਪੁਸਤਕ ਤਿਆਰ ਕਰਕੇ ਦਿੱਤੀ ਹੈ, ਜਿਸਦਾ ਬਦਲ ਅਜੇ ਨਜਰ ਨਹੀਂ ਆਉਂਦਾ। ਜਨਤਾ ਵੱਲੋਂ ਜੋ ਨਿੱਗਰ ਹੁੰਗਾਰਾ ਅਤੇ ਸ਼ਲਾਘਾ ਮਿਲੀ ਹੈ ਉਹ ਸੱਤ ਸਾਲਾਂ ਵਿਚ ਨਹੀਂ ਮਿਲ ਸਕੀ। ਲੋਕਾਂ ਦੀ ਅਵਾਜ਼ ਹੈ ਕਿ ਇਸ ਪੁਸਤਕ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਨ੍ਹੀਂ ਘੱਟ ਹੈ।

ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ, ਕੈਲੀਫੋਰਨੀਆਂ ਯੂ. ਐਸ. ਏ.

18. ਯੂ.ਪੀ. ਦੇ ਸਾਥੀਆਂ ਦੀ ਮੰਗ ਹੈ ਕਿ ਜੇ ਭਾਰਤੀ ਲੋਕ ਨੀਚ ਕਿਵੇਂ ਬਣੇ ਦਾ ਹਿੰਦੀ ਅਡੀਸ਼ਨ ਛਪ ਚੁਕਾ ਹੈ ਤਾਂ ਸਾਨੂੰ ਚਿੱਠੀ ਰਾਹੀਂ ਦੱਸਿਆ ਜਾਵੇ ਤਾਂ ਕਿ ਪੈਸੇ ਭੇਜ ਕੇ ਮੰਗਵਾ ਸਕੀਏ।

ਅਮਰਜੀਤ ਸਿੰਘ, ਲੰਗੜੋਆ, ਨਵਾਂ ਸ਼ਹਿਰ।

19. ਆਪ ਜੀ ਦੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹੀ। ਬਹੁਤ ਪਸੰਦ ਆਈ। ਮੈਂ ਖੁਦਾ ਨੂੰ ਦੁਆ ਕਰਦਾ ਹਾਂ ਕਿ ਤੁਸੀਂ ਹੋਰ ਵੀ ਜਿਆਦਾ ਇਸ ਤਰ੍ਹਾਂ ਦੀਆਂ ਕਿਤਾਬਾਂ ਲਿਖ ਸਕੋ।

ਬੈਜੀਮਨ ਕਰਮ ਚੰਦ, ਚਰਚ ਹਾਊਸ, ਮਹਿਤਪੁਰ (ਜਲੰਧਰ)

20. ਪਹਿਲਾਂ ਵੀ ਪੁਸਤਕ ਮੰਗਵਾਈ ਸੀ। ਹੁਣ ਅਸੀਂ ਚੌਥਾ ਐਡੀਸ਼ਨ ਮੰਗਵਾਉਣਾ ਚਾਹੁੰਦੇ ਹਾਂ। ਸਾਨੂੰ ਦਸੋ ਕਿ ਕਿੰਨੇ ਪੈਸੇ ਭੇਜੀਏ।

ਕੁਲਵੰਤ ਸਿੰਘ, ਬੂਟਮੇਕਰ ਲਹੌਰੀ ਗੇਟ, ਪਟਿਆਲਾ।

21. ਕਿਰਪਾ ਕਰਕੇ ਭਾਰਤੀ ਲੋਕ ਨੀਚ ਕਿਵੇਂ ਬਣੇਂ ਦਾ ਚੋਥਾ ਐਡੀਸ਼ਨ ਵੀ.ਪੀ.ਪੀ. ਰਾਹੀਂ ਭੇਜ ਦਿਉ।

ਹੇਮ ਰੱਜਾ ਮਜੋਤਰਾ, ਮਹਿਸਾਨਾ, ਗੁਜਰਾਤ।

22. ਮੈਂ ਆਪਜੀ ਦੁਆਰਾ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇਂ ਪੜ੍ਹੀ। ਇਸ ਪੁਸਤਕ ਨੂੰ ਪੜ੍ਹਨ 'ਤੇ ਆਪਣੇ ਪਿਛੋਕੜ ਦਾ ਬਹੁਤ ਗਹਿਰਾ ਅਨੁਭਵ ਹੋਇਆ ਹੈ। ਜੋ ਨਵੀਂ ਚੇਤਨਾ ਇਸ ਪੁਸਤਕ ਨੂੰ ਪੜ੍ਹਨ ਤੋਂ ਮਿਲੀ ਕਿਸੇ ਹੋਰ ਤੋਂ ਨਹੀਂ ਮਿਲੀ। ਇਹ ਪੁਸਤਕ ਵਿਸ਼ਾਲ ਅਤੇ ਗਹਿਰੇ ਸਮੁੰਦਰ ਦੀ ਭਾਂਤੀ ਹੈ। ਜਿੰਨ੍ਹਾਂ ਡੂੰਘਾ ਗੋਤਾ ਲਾਉ, ਉਨੇ ਹੀ ਗਿਆਨ ਦੇ ਬਹੁਮੁੱਲੇ ਰਤਨ ਮਿਲਦੇ ਹਨ।

ਹਰਵਿੰਦਰ ਸਿੰਘ, ਕਾਲੇਵਾਲ ਭਗਤਾ, ਹੁਸ਼ਿਆਰਪੁਰ।

23. ਤੁਹਾਡੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਮੈਨੂੰ ਮੇਰੇ ਦੋਸਤ ਸੋਹਣ ਸਿੰਘ ਢੋਲਾ ਦੀ ਕ੍ਰਿਪਾ ਰਾਹੀਂ ਮਿਲੀ। ਆਪ ਦਾ ਬਹੁਤ ਬਹੁਤ ਧੰਨਵਾਦ। ਮੇਰੇ ਪਾਸ ਲਫਜ ਨਹੀਂ ਕਿ ਮੈਂ ਆਪ ਜੀ ਦਾ ਕਿਵੇਂ ਧੰਨਵਾਦ ਕਰਾਂ। ਅਸੀਂ ਤਾਂ ਸਾਰੀ ਜਿੰਦਗੀ ਭੁੱਲੇ ਹੀ ਰਹੇ ਕਿ ਅਸੀਂ ਕੀ ਹਾਂ ਅਤੇ ਕਿੱਥੇ ਖੜ੍ਹੇ ਹਾਂ।

ਕੇ. ਕੇ. ਸੈਣੀ, ਸੈਕਰਾ ਮੈਂਟੋ, ਯੂ. ਐੱਸ. ਏ.

24. ਬੜੇ ਭਾਗਾਂ ਵਾਲੇ ਹੋ ਕਿ ਸਮਾਜ ਅਤੇ ਧਰਮ ਦੇ ਠੇਕਦਾਰਾਂ ਦੀਆਂ ਡਾਂਗਾ ਖਾ ਕੇ ਮੁਕਤੀ ਦੇ ਸਰ ਖਿਦਰਾਣੇ ਦੀ ਢਾਬ 'ਤੇ ਕਲਗੀਆਂ ਵਾਲੇ ਦੀਆਂ ਅਸੀਸਾਂ ਲੈ ਕੇ, ਪੱਥਰੀਆਂ ਤਾਰਨ ਵਾਲੇ ਦੀਆਂ ਵਾਰਾਂ ਗਾਈ ਜਾ ਰਹੇ ਹੋ । ਸਰਬ ਸ਼ਕਤੀਮਾਨ ਤੁਹਾਨੂੰ ਚੜ੍ਹਦੀ ਕਲਾ 'ਚ ਰੱਖੇ। ਬਿਲਕੁਲ ਮੈਦਾਨ ਨਹੀਂ ਛੱਡਣਾ।

ਦਲੀਪ ਕੁਮਾਰ ਭਾਰਤੀ, ਇਲਫੋਰਡ ਗਾਂਟਸ ਹਿੱਲ, ਇੰਗਲੈਂਡ।

25. ਅਸੀਂ ਯੂ.ਪੀ. ਦੇ ਰਹਿਣ ਵਾਲੇ ਹਾਂ । ਨੌਵੀਂ ਪਾਸ ਕੀਤੀ ਹੈ । ਹੁਣ ਇੱਕ ਪਰਾਪਰਟੀ ਡੀਲਰ ਕੋਲ ਸਫਾਈ ਦਾ ਕੰਮ ਕਰਦਾ ਹਾਂ । ਮੈਂ ਭਾਰਤੀ ਲੋਕ ਨੀਚ ਕਿਵੇਂ ਬਣੇ ਦਾ ਚੌਥਾ ਐਡੀਸ਼ਨ ਕਾਮਰੇਡ ਗੁਰਦੀਪ ਸਿੰਘ ਜੀ ਦੀ ਮੇਹਰਬਾਨੀ ਨਾਲ ਪੜ੍ਹ ਸਕਿਆ ਹਾਂ । ਮੈਨੂੰ ਤੁਹਾਡੀ ਕਿਤਾਬ ਬਹੁਤ-ਬਹੁਤ ਚੰਗੀ ਲੱਗੀ । ਕਿਤਾਬ ਪੜ੍ਹਨ ਤੋਂ ਪਹਿਲਾਂ ਮੈਂ ਬਿਲਕੁਲ ਅਣਜਾਣ ਸੀ, ਇਸ ਕਿਤਾਬ ਨਾਲ ਮੇਰੀਆਂ ਅੱਖਾਂ ਖੁੱਲ੍ਹ ਗਈਆਂ ਹਨ । ਮੇਰਾ ਜੀਵਨ ਸਫਲ ਹੋ ਗਿਆ । ਮੇਰੇ ਪਿਤਾ ਜੀ ਦੀ ਕਾਰਪੋਰੇਸ਼ਨ ਵਿੱਚ ਗੰਦਗੀ ਢੋਣ ਦੀ ਨੌਕਰੀ ਹੈ ।

(ਖਤ ਲੁਧਿਆਣੇ ਤੋਂ ਹੈ, ਜਾਪਦਾ ਹੈ, ਪਾਠਕ ਨਾਂ ਪਤਾ ਲਿਖਣਾ ਭੁੱਲ ਗਿਆ ਹੈ)

26. ਏਥੇ ਨਦੇੜ 'ਚ ਹੋਲੀ, ਦੁਸਹਿਰੇ ਤੇ ਲੁਧਿਆਣਾ ਤੋਂ ਸਿੱਖ ਬੁੱਕ ਸੈਂਟਰ ਵਾਲੇ ਪੁਸਤਕ ਪ੍ਰਦਰਸ਼ਨੀ ਲਾਉਂਦੇ ਹਨ । ਉਨ੍ਹਾਂ ਦੇ ਉਪਰਾਲੇ ਸਦਕਾ ਆਪ ਜੀ ਦੀ ਪੁਸਤਕ ਮੈਨੂੰ ਮਿਲ ਸਕੀ । ਮੇਰੇ ਵਿਚਾਰ ਨਾਲ ਆਪ ਜੀ ਦੀ ਪੁਸਤਕ ਹਰ ਘਰ ਵਿੱਚ ਹੋਣੀ ਚਾਹੀਦੀ ਹੈ । ਇਹ ਬੜੇ ਦੁੱਖ ਦੀ ਗੱਲ ਹੈ ਕਿ ਹਿੰਦੀ ਬੋਲਣ ਵਾਲਾ ਵਰਗ ਇਸ ਪੁਸਤਕ ਦਾ ਲਾਭ ਨਹੀਂ ਉਠਾ ਸਕਦਾ । ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਦਿਨੋਂ-ਦਿਨ ਇਹ ਪੁਸਤਕ ਚੜ੍ਹਦੀਕਲਾ ਵਿੱਚ ਪਹੁੰਚੇ । ਵਾਹਿਗੁਰੂ ਆਪ ਦੀ ਉਮਰ ਦਰਾਜ ਕਰੇ ।

ਜਸਵੰਤ ਸਿੰਘ, ਇੰਚਾਰਜ ਵਾਟਰ ਸਪਲਾਈ, ਗੁਰਦੁਆਰਾ ਸੱਚ ਖੰਡ ਨਦੇੜ (ਮਹਾਰਾਸ਼ਟਰ)

27. ਮੈਂ ਤੁਹਾਡੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹੀ ਤੇ ਪੜ੍ਹ ਕੇ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ ।

ਮਨੋਹਰ ਲਾਲ, ਕੁਲੀਆਂ ਡਰਫ ਗੁਰਦਾਸਪੁਰ ।

28. ਮੈਂ ਤੁਹਾਡੀ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ, ਸਾਰੀ ਪੜ੍ਹ ਚੁੱਕਿਆ ਹਾਂ ਜੀ । ਬਹੁਤ ਹੀ ਪੁਰਾਣੀਆਂ ਗੱਲਾਂ ਮਿਲੀਆਂ ਪੜ੍ਹਨ ਵਾਸਤੇ । ਜੋ ਕੁਝ ਲਿਖਿਆ ਸਭ ਬੜੀ ਤੁਹਾਡੀ ਮੇਹਨਤ ਤੇ ਬਰਖਰਦਾਰ ਹਾਂ ਜੀ । ਤੁਹਾਡਾ ਅਤੀ ਧੰਨਵਾਦੀ ਹਾਂ ।

ਸੰਤ ਰਾਮ, ਕੋਟ ਬਖਤੂ (ਤਲਵੰਡੀ ਸਾਬੋ)

29. ਮੈਂ ਕਿਸੇ ਤੋਂ ਲੈ ਕੇ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੜ੍ਹੀ । ਮੈਨੂੰ ਇਸ ਕਿਤਾਬ ਤੋਂ ਬਹੁਤ ਗਿਆਨ ਹੋਇਆ । ਕ੍ਰਿਪਾ ਕਰਕੇ ਮੈਨੂੰ ਇਹ ਕਿਤਾਬ ਭੇਜਣੀ ।

ਨਾਇਬ ਸੂਬੇਦਾਰ ਉਜਾਗਰ ਸਿੰਘ, ਫਤਹਉਲਾ ਪੁਰ (ਰੋਪੜ)

30. ਮੈਂ ਦਲਿਤ ਚੇਤਨਾ ਤੇ ਰਿਸਰਚ ਦਾ ਕੰਮ ਕਰ ਰਹੀ ਹਾਂ ਤੇ ਮੈਨੂੰ ਆਪ ਦੀ ਕਿਤਾਬ 'ਭਾਰਤੀ ਲੋਕ ਨੀਚ ਕਿਵੇਂ ਬਣੇ' ਚਾਹੀਦੀ ਹੈ । ਮੈਨੂੰ ਆਪ ਦੀ ਕਿਤਾਬ 'ਭਾਰਤੀ ਲੋਕ ਨੀਚ ਕਿਵੇਂ ਬਣੇ' ਚਾਹੀਦੀ ਹੈ । ਮੈਨੂੰ ਡਾਕਟਰ ਸਤਿੰਦਰ ਸਿੰਘ ਨੂਰ ਨੇ ਕਿਹਾ ਸੀ ਕਿ ਮੈਂ ਤਾਂ ਤੁਹਾਨੂੰ ਲਿਖਾਂ ਉਮੀਦ ਹੈ, ਤੁਸੀਂ ਮੈਨੂੰ ਇਹ ਕਿਤਾਬ ਜਲਦੀ ਤੋਂ ਜਲਦੀ ਭੇਜ ਦਿਉਗੇ ।

ਗੁਰਿੰਦਰ ਕੌਰ, ਪੂਰਬੀ ਕੈਲਾਸ਼ ਨਵੀ ਦਿੱਲੀ ।

31. ਤੁਹਾਡੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਮੈਨੂੰ ਬਹੁਤ ਲੋੜੀਂਦੀ ਹੈ । ਬथੇਰੀ ਤਲਾਸ਼ ਕਰਨ 'ਤੇ ਵੀ ਮੈਨੂੰ ਨਹੀਂ ਮਿਲ ਸਕੀ ।

ਡਾ. ਮਨਜੀਤ ਸਿੰਘ, ਰੀਡਰ ਪੀ.ਜੀ. ਖਾਲਸਾ, ਈਵਨਿੰਗ ਕਾਲਜ ਨਵੀਂ ਦਿੱਲੀ ।

32. ਮੈਨੂੰ ਆਪਜੀ ਦੀ ਕਿਤਾਬ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੜ੍ਹ ਕੇ ਬਹੁਤ ਵਧੀਆ ਲੱਗੀ । ਮੈਨੂੰ ਹੁਣ ਦੋ ਕਿਤਾਬਾਂ ਦੀ ਜ਼ਰੂਰਤ ਹੈ ।

ਕਮਲਜੀਤ ਸਿੰਘ ਐਡਵੋਕੇਟ, ਕਚਹਿਰੀਆਂ ਫਤਹਿਗੜ੍ਹ ਸਾਹਿਬ ।

33. ਮੇਰੇ ਮਨ ਨੂੰ 'ਭਾਰਤੀ ਲੋਕ ਨੀਚ ਕਿਵੇਂ ਬਣੇ' ਕਿਤਾਬ ਬਹੁਤ ਚੰਗੀ ਲੱਗੀ । ਬਹੁਤ ਵਧੀਆ ਦੇਣ ਹੈ ਸਮਾਜ ਨੂੰ । ਤੁਹਾਡੀ ਜਿੰਨੀ ਵੀ ਤਰੀਫ ਲਿਖਾਂ ਉਤਨੀ ਥੋੜ੍ਹੀ ਹੈ । ਵਾਹਿਗੁਰੂ ਆਪ ਨੂੰ ਤੇ ਤੁਹਾਡੇ ਇਰਾਦਿਆਂ ਨੂੰ ਚੜ੍ਹਦੀਕਲਾ ਬਖਸ਼ੇ ।

ਜਸਵੰਤ ਰਾਏ, ਮੇਨ ਬਜ਼ਾਰ ਸ਼ਾਹਕੋਟ ।

34. ਬਾਬਿਓ ! ਤੁਹਾਡੀਆਂ ਭੇਜੀਆ ਪੁਸਤਕਾਂ ਮਿਲ ਗਈਆਂ ਹਨ । ਤੁਹਾਡੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਬਹੁਤ ਹੀ ਕਾਬਲੇ ਤਾਰੀਫ ਹੈ । ਪੜ੍ਹ ਕੇ ਬਹੁਤ ਹੈਰਾਨ ਹੋਇਆ ਹਾਂ । ਇਹ ਪੁਸਤਕ ਬਹੁਤ ਹੀ

ਸੂਚਨਾ ਅਤੇ ਗਿਆਨ ਨਾਲ ਪੋਭੂਰ ਹੈ । ਪੜ੍ਹ ਕੇ ਬਹੁਤ ਸੁੱਖ ਮਿਲਿਆ ਹੈ ਅਤੇ ਆਪਣੇ ਵਿਰਸੇ ਦੀ ਅਸਲੀਅਤ ਦਾ ਪਤਾ ਚਲਿਆ ਹੈ । ਤੁਹਾਡੀ ਮੇਹਨਤ ਲਗਨ ਅਤੇ ਸਿਰੜ ਪ੍ਰੇਰਨਾ ਜਾਇਜ ਹਨ । ਮੇਰੀ ਜਾਚੇ ਦਲਿਤ ਚੇਤਨਾ ਦੇ-ਸਾਹਿਤ ਨੂੰ ਜਿਸ ਸੰਜੀਦਗੀ ਨਾਲ ਤੁਸੀਂ ਵਿਚਾਰਿਆ ਹੈ, ਉਹ ਸ਼ਾਇਦ ਹੀ ਹੋਰ ਕਿਸੇ ਨੇ ਵਿਚਾਰਿਆ ਹੋਵੇ । ਮੇਰੀਆਂ ਸ਼ੁੱਭ ਇਸ਼ਾਵਾ ਤੁਹਾਡੇ ਲਈ ਹਮੇਸ਼ਾ ਰਾਖਵੀਆ ਹਨ ।

ਡਾ. ਮਨਜੀਤ ਸਿੰਘ, ਬੀ-60, ਫਤਹਿ ਨਗਰ, ਨਵੀਂ ਦਿੱਲੀ ।

35. ਪ੍ਰਮਾਤਮਾ ਤੁਹਾਡੀ ਉਮਰ ਲੰਬੀ ਕਰੇ । ਕਿਉਂਕਿ ਤੁਹਾਡੇ ਜਿਹੇ ਨੇਕ ਇਨਸਾਨਾਂ ਦੀ ਸਮਾਜ ਨੂੰ ਬਹੁਤ ਜਿਆਦਾ ਲੋੜ ਹੈ । ਤੁਸੀਂ ਸਮਾਜ ਨੂੰ ਜਾਗਰਤ ਕਰਨ ਦੇ ਬਹੁਤ ਉਪਰਾਲੇ ਕਰ ਰਹੇ ਹੋ । ਤੁਹਾਡੀਆਂ ਭੇਜੀਆਂ ਪੁਸਤਕਾਂ ਮਿਲ ਗਈਆਂ ਹਨ । ਤੁਹਾਡਾ ਫੇਰ ਬਹੁਤ-ਬਹੁਤ ਧੰਨਵਾਦ, ਕਿਉਂਕਿ ਤੁਸੀਂ ਸਾਡੇ ਸਮਾਜ ਦੇ ਇੱਕ ਅਨਮੋਲ ਰਤਨ ਹੋ ।

ਮਲਕੀਤ ਸਿੰਘ ਲੈਕਚਰਾਰ, ਕਲਿਆਣ, ਪਟਿਆਲਾ ।

36. ਆਪ ਜੀ ਦੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੜ੍ਹ ਕੇ ਲਹਿਰ ਨਾਲ ਜੁੜਿਆ ਹਾਂ ।

ਰੇਸ਼ਮ ਕਦਰਾਲ, ਗੜ੍ਹੀ ਅਜੀਤ ਸਿੰਘ, ਨਵਾਂ ਸ਼ਹਿਰ ।

37. ਬੇਨਤੀ ਹੈ ਕਿ ਸਤਿਗੁਰੂ ਰਵਿਦਾਸ ਜੀ ਦੀ ਜੀਵਨੀ, ਮਾਰਗ ਦਰਸ਼ਨ ਲਈ ਗਲਤ ਪ੍ਰੰਪਰਾਵਾਂ ਨੂੰ ਕੱਟ ਕੇ, ਪੂਰਾ ਗ੍ਰੰਥ ਲਿਖੋ, ਜਿਵੇਂ ਕਿ 'ਭਾਰਤੀ ਲੋਕ ਨੀਚ ਕਿਵੇਂ ਬਣੇ' ਛਪਿਆ ਹੈ, ਲਿਖਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਗੁਰੂ ਰਵਿਦਾਸ ਟੈਂਪਲ ਫਗਵਾੜਾ ਦੀ ਤਰਫ ਤੋਂ ਛਪਵਾਇਆ ਜਾ ਸਕੇ ।

ਮੋਹਨ ਲਾਲ ਜੇ.ਈ, ਨਵਾਂ ਸਤਨਾਮ ਨਗਰ-4, ਫਗਵਾੜਾ ।

38. ਮੈਨੂੰ ਤੁਹਾਡੀ ਪੁਸਤਕ ਪੜ੍ਹਨ ਦਾ ਮੌਕਾ ਮਿਲਿਆ, ਜਿਸ ਨੂੰ ਮੈਂ ਬਹੁਤ ਹੀ ਜਿਆਦਾ ਪਸੰਦ ਕੀਤਾ ।

ਡਾ. ਵਿਜੇ ਪਾਲ ਖਣਗਵਾਲ, ਰੋਹਤਕ, ਹਰਿਆਣਾ ।

39. ਤੁਸੀਂ 'ਜਨ ਪਰਉਪਕਾਰੀ ਆਏ' ਦੀ ਸੱਚੀ ਉਦਾਹਰਣ ਹੋ । ਮੈਂ ਤੁਹਾਡਾ, ਮਹਾਨ ਸੰਤਾਂ ਦੀ ਵਿਚਾਰਧਾਰਾ 'ਤੇ ਲਿਖਤਾ ਲਈ ਧੰਨਵਾਦੀ ਹਾਂ । ਤੁਸੀਂ ਪੰਜਾਬੀ ਵਿੱਚ ਵੱਡੇ ਯਤਨਾਂ ਨਾਲ ਬਹੁਤ ਕੀਮਤੀ ਸਾਹਿਤ ਪੈਦਾ ਕਰ ਰਹੇ ਹੋ, ਦਲਿਤ ਸਮੂਹ ਦੀ ਮੁਕਤੀ ਵਾਸਤੇ ।

ਜਗਦੀਸ਼ ਕੁਮਾਰ ਸਿੰਘ, ਲੰਗੜੋਆ, ਨਵਾਂ ਸ਼ਹਿਰ ।

40. ਆਪ ਦੀ ਜਬਰਦਸਤ ਲੇਖਣੀ ਦਾ ਸਮਾਜ ਨੂੰ ਉਵੇਂ ਲਾਭ ਹੋਵੇਗਾ, ਜਿਵੇਂ ਬਾਬਾ ਸਾਹਿਬ ਦੀਆਂ ਲਿਖਤਾਂ ਦਾ ਅੱਜ ਲਾਭ ਹੋ ਰਿਹਾ ਹੈ । ਮੇਰਾ ਭਾਵ ਹੈ ਜਿਨ੍ਹਾਂ ਪਾਸ ਆਪ ਦੀ ਰਚਨਾ ਜਾਵੇਗੀ । ਆਪ ਰਾਹੀਂ ਬਾਬਾ ਸਾਹਿਬ ਦੀ ਪਾਲ ਦੇ ਸੰਤ ਭਗਤ ਅਤੇ ਗੁਰੂ ਜਾਣਗੇ । ਜੇ ਮਾਨਸਿਕਤਾ ਬਦਲ ਦਿੱਤੀ ਜਾਵੇ, ਇਹੋ ਕਲਚਰ ਬਦਲਣਾ ਹੈ । ਆਪ ਕੋਲੋਂ ਬਹੁਤ ਮਹਾਨ ਕਾਰਜ ਹੋ ਰਿਹਾ ਹੈ । ਜੀਅ ਕਰਦਾ ਹੈ ਕਿ ਆਪ ਦੀ ਟੁੱਟ ਕੇ ਸਹਾਇਤਾ ਕਰਾਂ ।

ਬਲਦੇਵ ਬੰਬੀਹਾ, ਬੰਬੀਹਾ ਭਾਈ ਫਰੀਦਕੋਟ ।

41. ਆਪ ਦੁਆਰਾ ਲਿਖੀ ਗਈ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਦੀਆਂ ਛੇ ਕਾਪੀਆਂ ਡਾਕ ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ । ਇਸ ਪੁਸਤਕ ਨੂੰ ਲਿਖਣ ਵਿੱਚ ਆਪ ਦੁਆਰਾ ਕੀਤੀ ਗਈ ਅਣਥੱਕ ਮੇਹਨਤ ਅਤੇ ਲਗਨ ਅਸੀਂ ਲੋਕਾਂ ਵਿੱਚ ਪ੍ਰਚਾਰਨਾਂ ਚਾਹੁੰਦੇ ਹਾਂ । ਅਕਾਲ ਪੁਰਖ ਆਪ ਨੂੰ ਇਸ ਢੰਗ ਨਾਲ ਕੌਮ ਦੀ ਸੇਵਾ ਕਰਨ ਦੀ ਸਮਰੱਥਾ ਬਖਸ਼ੇ ।

ਕਿਸ਼ਨ ਦਾਸ ਮਹੇ, ਰਿਟਾਇਰਡ ਡਿਪਟੀ ਡੀ.ਈ.ਓ., ਨੂਰਪੁਰ, ਜਲੰਧਰ ।

42. ਸਰਦਾਰ ਸਾਹਿਬ ਜੀ, ਜਿੱਥੇ ਉੱਤਰੀ ਭਾਰਤ ਵਿੱਚ ਤੁਹਾਡੇ ਸ਼ੁੱਭਚਿੰਤਕ, ਸ਼ਰਧਾਵਾਨ ਅਤੇ ਤੁਹਾਨੂੰ ਅਥਾਹ ਪਿਆਰ ਕਰਨ ਵਾਲੇ ਹਨ, ਉਨ੍ਹਾਂ ਲੱਖਾਂ, ਹਜ਼ਾਰਾਂ ਵਿੱਚੋਂ ਮੈਂ ਵੀ ਇੱਕ ਹਾਂ । ਮਹਾਨ ਪੁਰਸ਼ਾਂ ਨੂੰ ਆਮ ਲੋਕਾਂ ਵਿੱਚ ਭਾਵ ਜ਼ਰੂਰਤਮੰਦ ਪੀੜਤ ਲੋਕਾਂ ਵਿੱਚ ਸਥਾਪਤ ਕਰਨ ਵਾਸਤੇ ਆਪ ਵਰਗੇ ਮਹਾਨ ਚਿੰਤਕ ਅਤੇ ਦ੍ਰਿੜ ਇਰਾਦੇ ਦੇ ਇਨਸਾਨਾਂ ਦੀ ਬਹੁਤ ਜਿਆਦਾ ਲੋੜ ਹੈ । ਦਲਿਤ ਸਮਾਜ ਕੋਲ ਬਹੁਤ ਸੀਮਤ ਸਾਧਨ ਹਨ, ਇਜ ਕਹਿ ਲਈਏ ਕਿ ਤੁਹਾਡੇ ਵਰਗੇ ਹੱਠੀ ਇਨਸਾਨਾਂ ਦਾ ਨਿੱਗਰ ਉਦਮ ਹੀ ਹੈ ।

ਇੰਜ. ਅਮਰੀਕ ਸਿੰਘ, ਸ਼ਾਹਪੁਰ ਕੰਡੀ ਪਠਾਨਕੋਟ ।

43. ਸਰਬ ਪ੍ਰਥਮ ਮੈਂ ਨਤਮਸਤਕ ਹੋਤਾ ਹੂੰ ਕਿ ਦਲਿਤੋਂ ਕੇ ਦਬੇ ਹੂਏ ਇਤਿਹਾਸ ਕੋ ਆਪਨੇ ਉਨਕੇ ਸਾਹਮਣੇ ਪੇਸ਼ ਕੀਆ। ਆਪ ਦੁਆਰਾ ਰਚਿਤ 'ਭਾਰਤੀ ਲੋਗ ਨੀਚ ਕੈਸੇ ਬਣੇ' ਪੁਸਤਕ ਦਾ ਪੰਜਾਬੀ ਰੂਪ ਥੋੜ੍ਹਾ ਸਾ ਪੜ੍ਹਾ ਮੁਝੇ ਬਹੁਤ ਹੀ ਅੱਛਾ ਲਗਾ।

ਭੀਮ ਸਿਰ ਭੂੰਠਵਾਲ, ਨਾਰਨੌਲ ਮਹਿੰਦਰਗੜ੍ਹ, ਹਰਿਆਣਾ।

44. ਮੈਂ ਹਿਮਾਚਲ ਪ੍ਰਦੇਸ਼ ਦਾ ਰਹਿਣ ਵਾਲਾ ਹਾਂ। ਦਲਿਤ ਸਮਾਜ ਨਾਲ ਸਬੰਧ ਰੱਖਦਾ ਹਾਂ। ਆਪਣੇ ਇਸ ਪਛੜੇ ਸਮਾਜ ਨੂੰ ਜਾਗਰਤ ਕਰਨ ਲਈ ਮੈਨੂੰ ਆਪ ਦੀ ਲਿਖੀ ਹੋਈ 'ਭਾਰਤੀ ਲੋਕ ਨੀਚ ਕਿਵੇਂ ਬਣੇ' ਕਿਤਾਬ ਦੀ ਸਖਤ ਜ਼ਰੂਰਤ ਹੈ। ਜੇਕਰ ਹਿੰਦੀ ਐਡੀਸ਼ਨ ਹੋਵੇ ਤਾਂ ਸੋਨੇ 'ਤੇ ਸੁਹਾਗਾ ਹੋਵੇਗਾ। ਇਹ ਕਿਤਾਬ ਏਥੇ ਧਾਰਮਿਕ ਗ੍ਰੰਥ ਵਾਂਗ ਕੰਮ ਆਵੇਗੀ।

ਓਮ ਪ੍ਰਕਾਸ਼, ਪਿੰਡ ਬਾਸਾ, ਕਾਂਗੜਾ।

45. 'ਭਾਰਤੀ ਲੋਕ ਨੀਚ ਕਿਵੇਂ ਬਣੇ' ਦੇ ਤੀਜੇ ਵੱਡੇ ਐਡੀਸ਼ਨ ਦੀਆਂ ਤਿੰਨ ਕਾਪੀਆਂ ਚਾਹੀਦੀਆਂ ਹਨ।

ਨੰਦ ਲਾਲ ਕਲਿਆਣਪੁਰੀ, ਕਲਿਆਣਪੁਰ, ਧਾਰੀਵਾਲ।

46. ਆਪ ਜੀ ਦੀ ਵੱਡਮੁੱਲੀ ਰਚਨਾ ਭਾਰਤੀ ਲੋਕ ਨੀਚ ਕਿਵੇਂ ਬਣੇ ਅਜੇ ਪੂਰੀ ਤਰ੍ਹਾਂ ਪੜ੍ਹ ਨਹੀਂ ਸੀ ਸਕਿਆ, ਤੇ ਪਿਤਾ ਜੀ ਨੇ ਆਪਣੇ ਦੋਸਤ ਨੂੰ ਪੜ੍ਹਨ ਲਈ ਦੇ ਦਿੱਤੀ। ਇਹ ਹੋਰ ਅੱਗੇ ਤੁਰਦੀ ਗਈ ਤੇ ਵਾਪਸ ਨਹੀਂ ਆਈ। ਇੱਕ ਪੀਸ ਹੋਵੇ ਤਾਂ ਕ੍ਰਿਪਾ ਕਰਕੇ ਭੇਜ ਦਿਉ।

ਅਵਤਾਰ ਸਿੰਘ ਗੁਲਸ਼ਨ, ਗੈਸ ਮਾਰਕੀਟ, ਤਰਨਤਾਰਨ।

47. ਮੈਨੂੰ ਆਪ ਦੀ ਪ੍ਰਸੰਸਾ ਕਰਨ ਲਈ ਲਫ਼ਜ਼ ਨਹੀਂ ਮਿਲ ਰਹੇ ਕਿ ਮੈਂ ਇਹੋ ਜਿਹੇ ਵਿਅਕਤੀ ਦੀ ਕਿਸ ਤਰ੍ਹਾਂ ਪ੍ਰਸੰਸਾ ਕਰਦਿਆਂ ਇਹ ਪੱਤਰ ਸ਼ੁਰੂ ਕਰਾਂ, ਜਿਸ ਨੇ ਏਨੀ ਵੱਡੀ ਦਲੇਰੀ ਕਰਕੇ ਇਹ ਕਿਤਾਬ ਲਿਖ ਕੇ ਸਾਡੇ ਵਰਗੇ ਮੂਰਖ ਦਲਿਤ ਲੋਕਾਂ ਨੂੰ ਸਮਝਾਉਣ ਲਈ ਸਾਡੇ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ। ਆਪ ਜੀ ਦੀ ਲਿਖੀ, ਤਿਆਰ ਕੀਤੀ ਹੋਈ ਕਿਤਾਬ ਕੁਝ ਦਿਨ ਹੋਏ ਆਈ, ਪੜ੍ਹ ਕੇ ਮਨ ਇਕਦਮ ਉੱਛਲ ਪਿਆ, ਦਿਮਾਗ ਅੰਦਰ ਉੱਥਲ-ਪੁੱਥਲ ਹੋਣੀ ਸ਼ੁਰੂ ਹੋ ਗਈ। ਮੇਰੇ ਦਿਮਾਗ ਅੰਦਰ ਹੋਰ ਗਿਆਨ ਦੀ ਲੋਅ ਉਤਪੰਨ ਹੋਈ।

ਗੁਪਾਲ ਦਾਸ, ਬੀ.ਐੱਸ.ਐੱਫ,

48. ਆਪ ਜੀ ਦੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਪਿਛਲੇ ਹਫਤੇ ਪੜ੍ਹਨ ਨੂੰ ਮਿਲੀ। ਪੜ੍ਹ ਕੇ ਬਹੁਤ ਹੀ ਬੇਹੱਦ ਖੁਸ਼ੀ ਹੋਈ ਕਿ ਤੁਸੀਂ ਦਲਿਤ ਵਰਗ ਦੀ ਨਿੱਗਰ ਅਤੇ ਵੱਡਮੁੱਲੀ ਸੇਵਾ ਕੀਤੀ ਹੈ। ਇਸ ਤੋਂ ਉਪਰੰਤ ਇਹ ਪੰਜਾਬੀ ਸਾਹਿਤ ਵਿੱਚ ਵੱਡਮੁੱਲੀ ਦੇਣ ਹੈ। ਜਿਸ ਨੂੰ ਆਉਣ ਲਈ ਪੀੜ੍ਹੀ ਪੜ੍ਹੇਗੀ ਅਤੇ ਆਪਣੇ ਵਿਰਸੇ ਦੀ ਪਛਾਣ ਕਰੇਗੀ। ਮੈਂ ਸਮੂਹ ਦਲਿਤ ਵਰਗ ਦੇ ਵੀਰਾਂ ਨੂੰ ਅਪੀਲ ਕਰਦਾ ਹਾਂ ਕਿ ਹਰ ਇੱਕ ਵੀਰ ਇਸ ਪੁਸਤਕ ਨੂੰ ਖਰੀਦ ਕੇ ਪੜ੍ਹੇ। ਆਪਣੇ ਮਿੱਤਰਾਂ ਨੂੰ, ਦੋਸਤਾਂ ਨੂੰ ਅਤੇ ਪਰਵਾਰ ਨੂੰ ਪੜ੍ਹਾਵੇ ਤਾਂ ਕਿ ਲੇਖਕ ਦੀ ਕੀਤੀ ਮੇਹਨਤ ਦਾ ਮੁੱਲ ਪੈ ਸਕੇ।

ਗੁਲਜ਼ਾਰ ਸਿੰਘ ਝੱਕੀ, ਧੂਰੀ।

49. ਮੈਂ ਆਪ ਜੀ ਨੂੰ ਪਹਿਲਾਂ ਵੀ ਲਿਖ ਚੁੱਕਾ ਹਾਂ ਕਿ ਮੈਂ ਇਸ ਕਿਤਾਬ ਨੂੰ ਹਾਸਲ ਕਰਨ ਲਈ ਜ਼ਮੀਨ ਅਸਮਾਨ ਇੱਕ ਕਰ ਦਿੱਤਾ ਹੈ, ਪ੍ਰੰਤੂ ਕਿਤਾਬ ਫੇਰ ਵੀ ਨਹੀਂ ਮਿਲੀ। ਮੈਂ ਵੀ ਇਹ ਸੌਂਹ ਖਾਧੀ ਹੋਈ ਹੈ ਕਿ ਕਿਤਾਬ ਤਦ ਹੀ ਪੜ੍ਹਨੀ ਹੈ ਜਦ ਮੈਂ ਇਹ ਕਿਤਾਬ ਨਿੱਜੀ ਤੌਰ 'ਤੇ ਪ੍ਰਾਪਤ ਕਰ ਲਵਾਂ। ਮੈਂ ਇਹ ਪੁਸਤਕ ਖਰੀਦਣ ਲਈ 500 ਰੁਪਏ ਤੱਕ ਖਰਚਣ ਲਈ ਤਿਆਰ ਹਾਂ।

ਡਾ. ਕੇ.ਐੱਸ. ਅਤਰੀ, ਮਾਨ ਕੌਰ ਸਿੰਘ, ਗੁਰਦਾਸਪੁਰ।

50. I am writing you as we require five copies of your book bharti log neech kasai bane. I hope you will surely send the books.

Vir Singh, Technical officer, Jammu।

51. ਮੈਂ ਬਹੁਜਨ ਸਮਾਜ ਦਾ ਵਿਦਿਆਰਥੀ ਹਾਂ। ਮੈਂ ਤੁਹਾਡੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ

ਬਣੇ, ਸਾਰੀ ਪੜ੍ਹੀ ਹੈ। ਕਾਂਸ਼ੀ ਰਾਮ ਜੀ ਦੀ ਅਗਵਾਈ ਵਿੱਚ ਉਸਰ ਰਹੀ ਲਹਿਰ ਮੈਨੂੰ ਬਹੁਤ ਚੰਗੀ ਲੱਗਦੀ ਹੈ।

ਸੁਖਵਿੰਦਰ ਸਿੰਘ, ਖੇਤੀ ਯੂਨੀਵਰਸਿਟੀ ਲੁਧਿਆਣਾ।

52. ਮੈਂ ਤੁਹਾਨੂੰ ਨਿੱਜੀ ਤੌਰ 'ਤੇ ਨਹੀਂ ਜਾਣਦਾ, ਕੇਵਲ ਜਾਣਦਾ ਹਾਂ, ਤੁਹਾਡੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਰਾਹੀਂ। ਤੁਸੀਂ ਤੱਥਾਂ ਦੇ ਅਧਾਰ 'ਤੇ ਬਹੁਤ ਵੱਡੀ ਘਾਲਣਾ ਘਾਲੀ ਹੈ ਤੇ ਇਹ ਸਿੱਧ ਕਰਨ ਵਿੱਚ ਸਫਲ ਹੋਏ ਹੋ ਕਿ ਲੋਕ ਬਦ (ਰਾਖਸ਼) ਨਹੀਂ ਸਨ। ਇਹ ਆਪਣੇ ਵੱਡੇ ਵਡੇਰੇ ਸਨ। ਜੋ ਇੱਥੋਂ ਦੇ ਖੁਦ ਮਾਲਕ ਤੇ ਹਾਕਮ ਸਨ। ਸਾਡੇ ਸਮਾਜਿਕ ਤੌਰ 'ਤੇ ਲੋਕਾਂ ਦੀਆਂ ਸ਼ੁੱਭ ਕਾਮਨਾਵਾਂ ਕਿ ਤੁਸੀਂ ਹੋਰ ਵੱਧ ਸੇਵਾ ਕਰ ਸਕੋਂ।

ਮਾਸਟਰ ਬਲਦੇਵ ਸਿੰਘ, ਪਿੰਡ ਵਾਂਦਰ ਜਟਾਣਾ, ਫਰੀਦਕੋਟ।

53. ਮੈਂ ਤੁਹਾਡਾ ਕਿੰਨ੍ਹਾਂ ਸ਼ਬਦਾਂ ਨਾਲ ਧੰਨਵਾਦ ਕਰਾਂ, ਮੈਂ ਤੁਹਾਡਾ ਸਦਾ ਰਿਣੀ ਹਾਂ। ਤੁਹਾਡੇ ਵੱਲੋ ਲਿਖੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੜ੍ਹੀ ਅਤੇ ਰੋਮ-ਰੋਮ 'ਚੋਂ ਖੂਨ ਖੋਲ ਉਠਿਆ। ਇਸ ਕਿਤਾਬ ਦਾ ਹਰ ਲਫਜ਼ ਮੇਰੇ ਲਈ ਨਵਾਂ ਰਸਤਾ ਲੈ ਕੇ ਆਇਆ। ਜੋ ਵੀਹ ਸਾਲ ਤੋਂ ਅਣਜਾਣ ਸੀ, ਇਸ ਪੁਸਤਕ ਤੋਂ ਉਹ ਸਭ ਕੁਝ ਜਾਣ ਗਿਆ ਕਿ ਅਸਲੀਅਤ ਕੀ ਹੈ। ਜਿਵੇਂ ਕਿਸੇ ਨੇ ਸਮੁੰਦਰ 'ਚੋਂ ਹੀਰਾ ਭਾਲ ਕੇ ਲਿਆਂਦਾ ਹੋਵੇ, ਮੈਂ ਤੁਹਾਡਾ ਅਤੀ ਦਿਲੋਂ ਸ਼ੁੱਕਰ ਗੁਜਾਰ ਹਾਂ ਕਿ ਤੁਸੀਂ ਮੈਨੂੰ ਨਿੱਡਰ ਹੋ ਕੇ ਜ਼ਿੰਦਗੀ ਦੀਆਂ ਰਾਹਾਂ 'ਤੇ ਚੱਲਣ ਦੇ ਕਾਬਲ ਬਣਾਇਆ ਹੈ।

ਸੁਖਵਿੰਦਰ ਸਿੰਘ, ਪਿੰਡ ਨਵਾਂ ਕੋਟ, ਜੰਡਿਆਲਾ ਗੁਰੂ।

54. ਅੱਜ ਤੋਂ ਸੱਤ-ਅੱਠ ਸਾਲ ਪਹਿਲਾਂ ਜਦੋਂ ਸਾਡੇ ਘਰ ਵਿੱਚ ਬਹੁਜਨ ਸਮਾਜ ਦੀ ਗੱਲ ਹੁੰਦੀ ਤਾਂ ਮੈਨੂੰ ਬਹੁਤ ਗੁੱਸਾ ਆਉਂਦਾ। ਇੱਕ ਦਿਨ, ਸਾਲ ਪਹਿਲਾਂ ਦੀ ਗੱਲ ਹੈ ਕਿ ਸਾਡੇ ਘਰ ਵਿੱਚ ਇੱਕ ਕਿਤਾਬ ਮਿਲੀ। ਜਦੋਂ ਮੈਂ ਅਚਾਨਕ ਕਿਤਾਬ ਚੁੱਕੀ ਤੇ ਖੋਲ੍ਹੀ, ਮੈਂ ਕਿਤਾਬ ਨੂੰ ਪੜ੍ਹਨ ਲੱਗੀ ਅਤੇ ਪੜ੍ਹਦੀ ਹੀ ਗਈ। 15 ਦਿਨਾਂ ਵਿੱਚ ਕਿਤਾਬ ਨੂੰ ਚਾਰ ਵਾਰ ਪੜ੍ਹਿਆ, ਪਤਾ ਲੱਗਿਆ ਕਿ ਸਾਡੇ ਲੋਕਾਂ ਨਾਲ ਬ੍ਰਾਹਮਣਵਾਦ ਨੇ ਇਤਨਾ ਕੁਝ ਬੁਰਾ-ਭੇੜਾ ਕੀਤਾ ਹੈ। ਜਿਸ ਮੇਰੇ ਵੀਰ ਨੇ ਇਹ ਕਿਤਾਬ ਲਿਖ ਕੇ ਸਾਡੇ ਲੋਕਾਂ ਨੂੰ ਜ਼ਿੰਦਗੀ ਦਾ ਰਾਹ ਦੱਸਿਆ ਅਤੇ ਸਾਡੀਆਂ ਅੱਖਾਂ ਖੋਲ੍ਹੀਆਂ, ਸਾਡਾ ਬਹੁਜਨ ਸਮਾਜ ਰਹਿੰਦੀ ਦੁਨੀਆ ਤੱਕ ਇਸ ਵੀਰ ਦਾ ਅਸਾਨਮੰਦ ਰਹੇਗਾ। ਸਾਡੇ ਬਹੁਜਨ ਸਮਾਜ ਦੀ ਔਰਤ ਇਸ ਵੀਰ ਦਾ ਕਰਜਾ ਨਹੀਂ ਉਤਾਰ ਸਕਦੀ। ਮੈਂ ਜਿਹੜੀ ਕਿਤਾਬ ਪੜ੍ਹੀ, ਉਸ ਦਾ ਨਾਂਅ 'ਭਾਰਤੀ ਲੋਕ ਨੀਚ ਕਿਵੇਂ ਬਣੇ' ਹੈ ਤੇ ਮੇਰੇ ਵੀਰ ਦਾ ਨਾਂਅ ਗੁਰਨਾਮ ਸਿੰਘ ਹੈ।

ਰਣਜੀਤ ਕੌਰ, ਪਤਨੀ ਸ੍ਰ. ਜਸਬੀਰ ਸਿੰਘ, ਛਾਉਣੀ ਕਲੋਨੀ ਬਠਿੰਡਾ।

55. ਆਪ ਜੀ ਦੀ ਸ਼ੁੱਭ ਕਲਮ ਦੁਆਰਾ ਰਚਿਤ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਦਾ ਕੁਝ ਪਲ ਹੀ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਸਿਰਫ ਪੰਜ-ਸੱਤ ਮਿੰਟ ਹੀ ਉਸ ਪੁਸਤਕ ਦਾ ਆਨੰਦ ਮਾਣ ਸਕਿਆ। ਦੋਸਤ ਨੇ ਉਸ ਪੁਸਤਕ ਬਾਰੇ ਕਿਹਾ ਕਿ ਕੁਝ ਟਾਈਮ ਬਾਅਦ ਹੀ ਇਹ ਪੁਸਤਕ ਮਿਲ ਸਕੇਗੀ। ਮੈਨੂੰ ਆਪ ਜੀ ਦੀ ਪੁਸਤਕ ਦੀ ਮਨੋ ਤਾਂਘ ਹੈ। ਨਿਮਰਤਾ ਸਹਿਤ ਬੇਨਤੀ ਹੈ ਕਿ ਕ੍ਰਿਪਾ ਕਰਕੇ ਭੇਜ ਦੇਣਾ।

ਨਿਰਮਲ ਜੀਤ, ਰਿਹਾਇਸ਼ੀ ਕਾਲੋਨੀ, ਸ਼ਾਹਪੁਰ ਕੰਡੀ।

56. ਪਤਾ ਲੱਗਾ ਕਿ ਕਿਤਾਬ ਦੁਬਾਰਾ ਸੋਧੇ ਹੋਏ ਐਡੀਸ਼ਨ ਨਾਲ ਛਪ ਰਹੀ ਹੈ। ਮੈਂ ਸੋਚਿਆ ਸੀ ਕਾਨਫਰੰਸ ਮੌਕੇ ਕਿਤਾਬ ਲਵਾਂਗੇ। ਪ੍ਰੰਤੂ ਕਾਨਫਰੰਸ 8 ਮਈ ਨੂੰ ਹੋ ਗਈ। ਮੇਰੇ ਪਿਤਾ ਜੀ ਤੇ ਬਾਕੀ ਸਾਰਾ ਪਰਵਾਰ ਲੁਧਿਆਣੇ ਪਹੁੰਚੇ ਸਨ। ਕ੍ਰਿਪਾ ਕਰਕੇ ਤੁਸੀਂ ਖੁਦ ਹੀ ਇੱਕ ਕਾਪੀ ਭੇਜ ਦਿਉ।

ਅਤਵਾਰ ਸਿੰਘ ਗੁਲਸ਼ਨ, ਤਰਨਤਾਰਨ।

57. ਮੈਂ ਆਪ ਜੀ ਦੀ ਪਹਿਲੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹ ਚੁੱਕਿਆ ਹਾਂ। ਮੈਂ ਦੂਸਰਾ ਅਤੇ ਤੀਸਰਾ ਐਡੀਸ਼ਨ ਪੜ੍ਹੇ ਹਨ। ਹੁਣ ਚੌਥਾ ਐਡੀਸ਼ਨ ਪੜ੍ਹਨ ਦਾ ਇੱਛਕ ਹਾਂ। ਕ੍ਰਿਪਾ ਕਰਕੇ ਕਿਤਾਬ ਛੇਤੀ ਤੋਂ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨੀ।

ਬਾਬੂ ਸਿੰਘ, ਮੁਹੱਲਾ ਸੂਦਾ ਵਾਲਾ, ਪਟਿਆਲਾ।

58. ਮੈਂ ਸ੍ਰ. ਹੰਸ ਸਿੰਘ ਨੂੰ ਭਾਰਤੀ ਲੋਕ ਨੀਚ ਕਿਵੇਂ ਬਣੇ ਲਈ 1500 ਰੁਪਏ ਅਡਵਾਂਸ ਜਮ੍ਹਾਂ ਕਰਾਏ ਸਨ। ਮੈਨੂੰ 25 ਕਿਤਾਬਾਂ ਭੇਜ ਦੇਣਾ।

ਬਲਜੀਤ ਸਿੰਘ, ਰਾਮਪੁਰਾ ਫੂਲ।

59. ਕਿਤਾਬ ਬਾਰੇ ਪੜ੍ਹ ਕੇ ਖੁਸ਼ੀ ਹੋਈ। ਲੋਕਾਂ ਦੀ ਕਾਫੀ ਮੰਗ ਸੀ। ਕੋਈ ਮੰਨੇ ਨਾ ਮੰਨੇ ਲਿਖਤਾਂ ਰਾਹੀਂ ਜਨ ਅਧਾਰ ਬਣਾਉਣ ਵਿੱਚ ਤੇਰਾ ਬਹੁਤ ਵੱਡਾ ਰੋਲ ਹੈ। ਇਹ ਕਿਤਾਬ ਤਾਂ ਇਨਕਲਾਬੀ ਹੋ ਨਿੱਬੜੀ ਹੈ। ਵਕਤ ਜ਼ਰੂਰ ਇਸ ਦੀ ਕਦਰ ਪਾਵੇਗਾ। ਤਰਕ, ਰਵਾਨਗੀ, ਜਾਣਕਾਰੀ ਤੇ ਵਿਕਲਤਾ ਦੀ ਕੋਈ ਘਾਟ ਨਹੀਂ ਹੈ।

ਫਤਹਿ ਜੰਗ, ਚੰਡੀਗੜ੍ਹ।

60. ਅਖਬਾਰ ਵਿੱਚ ਪੜ੍ਹਿਆ ਹੈ ਕਿ ਭਾਰਤੀ ਲੋਕ ਨੀਚ ਕਿਵੇਂ ਬਣੇ ਤਿਆਰ ਹੋ ਚੁੱਕੀ ਹੈ। ਮੇਹਰਬਾਨੀ ਕਰਕੇ ਹੇਠ ਲਿਖੇ ਪਤੇ 'ਤੇ ਇੱਕ ਕਾਪੀ ਭੇਜ ਦੇਣਾ।

ਜਗਜੀਤ ਸਿੰਘ, ਟਾਂਡਾ ਉੜਮੜ, ਹੁਸ਼ਿਆਰਪੁਰ।

61. ਆਪ ਜੀ ਦੀ ਰਚਿਤ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹ ਰਹੇ ਹਾਂ। ਜੋ ਵਾਕਿਆ ਹੀ ਬਾਈਬਲ ਆਫ ਦਲਿਤ ਹੈ। ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ। ਅਸੀਂ ਤੁਹਾਡੀ ਇਸ ਅਣਥੱਕ ਮੇਹਨਤ ਦੇ ਵਿਸ਼ੇਸ਼ ਧੰਨਵਾਦੀ ਹਾਂ। ਇਲਾਕੇ ਵਿੱਚ ਆਪ ਦੀ ਬਹੁਤ ਪ੍ਰਸੰਸਾ ਹੈ।

ਈ.ਟੀ.ਟੀ. ਵਿਦਿਆਰਥੀ, ਜਗਤਾਰ ਸਿੰਘ ਸੰਦੋਹਾ,
ਸੋਹਣ ਸਿੰਘ ਪੱਕਾ ਕਾਲੇ ਵਾਲਾ, ਰਾਮ ਪ੍ਰਕਾਸ਼ ਬੋਹਾ ਅਤੇ ਹੋਰ ਸਾਥੀ।

62. 1. ਸਿੰਘ ਬਰਦਰਜ਼ ਅੰਮ੍ਰਿਤਸਰ.
ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਜਾਣਕਾਰੀ ਦਿਉ ਤਾਂ ਕਿ ਆਰਡਰ ਭੇਜਿਆ ਜਾ ਸਕੇ।

2. ਸਿੱਖ ਬੁੱਕ ਸੈਂਟਰ.
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਕ੍ਰਿਪਾ ਕਰਕੇ ਭਾਰਤੀ ਲੋਕ ਨੀਚ ਕਿਵੇਂ ਬਣੇ ਦੀਆਂ ਦਸ ਕਾਪੀਆਂ ਭੇਜਣ ਦੀ ਖੇਚਲ ਕੀਤੀ ਜਾਵੇ।

ਹਰਭਜਨ ਸਿੰਘ।

3. ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ.
ਸਾਨੂੰ ਭਾਰਤੀ ਲੋਕ ਨੀਚ ਕਿਵੇਂ ਬਣੇ ਦੀਆਂ 20 ਕਾਪੀਆਂ ਹੋਰ ਭੇਜ ਦਿਉ।

4. ਲਾਹੌਰ ਬੁੱਕ ਸ਼ਾਪ ਲੁਧਿਆਣਾ.
ਅਸੀਂ ਤੁਹਾਨੂੰ ਪਹਿਲਾਂ ਵੀ ਲਿਖਿਆ ਸੀ ਤੇ ਆਰਡਰ ਭੇਜਿਆ ਸੀ। ਦੁਬਾਰਾ ਫੇਰ ਆਰਡਰ ਭੇਜ ਰਹੇ ਹਾਂ ਕਿ ਕ੍ਰਿਪਾ ਕਰਕੇ ਪੁਸਤਕਾਂ ਜਲਦੀ ਭੇਜਣ ਦੀ ਖੇਚਲ ਕਰਨਾ।

ਭਾਰਤੀ ਲੋਕ ਨੀਚ ਕਿਵੇਂ ਬਣੇ—20
ਬਨਾਰਸ ਕੇ ਠੱਗ—5
ਧਰਮ ਯੁੱਧ ਕਹਾਣੀ ਸੰਗ੍ਰਹਿ—5
ਗੁਲਾਮ ਗਿਰੀ—5

5. ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ.
ਭਾਰਤੀ ਲੋਕ ਨੀਚ ਕਿਵੇਂ ਬਣੇ ਤੁਹਾਡੀ ਪ੍ਰਕਾਸ਼ਤ ਪੁਸਤਕ ਹੈ ਜਾਂ ਕਿਸੇ ਹੋਰ ਦੀ ਜਾਣਕਾਰੀ ਭੇਜਣਾ।

63. ਮੈਂ ਆਪ ਜੀ ਦੀ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹੀ ਤੇ ਬਹੁਤ ਪਸੰਦ ਆਈ। ਪਰ ਉਹ ਕਿਤਾਬ ਮੇਰੇ ਕੋਲੋਂ ਕੋਈ ਹੋਰ ਲੈ ਗਿਆ। ਇਹ ਕਿਤਾਬ ਮੈਨੂੰ ਚਾਰ ਐਡੀਸ਼ਨਾਂ ਵਿੱਚ ਹੀ ਵੀ.ਪੀ. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨੀ।

ਗੁਰਵਿੰਦਰ ਸਿੰਘ, ਪਿੰਡ ਖੁੰਰਾਣਾ, ਅਮਲੋਹ।

64. ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਖੋਜ ਵਿਦਿਆਰਥਣ ਹਾਂ। ਤੁਹਾਡੀਆਂ ਕਿਤਾਬਾਂ ਭਾਰਤੀ ਲੋਕ ਨੀਚ ਕਿਵੇਂ ਬਣੇ ਦੇ ਚਾਰੇ ਐਡੀਸ਼ਨ, ਬਨਾਰਸ ਕੇ ਠੱਗ, ਵਿਹੜਿਆ ਦੀ ਦਾਸਤਾਂ, ਧਰਮ ਯੁੱਧ ਅਤੇ ਬੇਗਮਪੁਰੇ ਦਾ ਵਾਸੀ ਦੇ ਅੰਕਾਂ ਦੀ ਜ਼ਰੂਰਤ ਹੈ। ਮੇਰੇ ਪਤੇ 'ਤੇ ਕਿਤਾਬਾਂ ਭੇਜ ਦੇਣੀਆ।

ਅਮਨਦੀਪ ਹੀਰਾ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ।

65. ਮੈਂ ਜਗਰੂਪ ਸਿੰਘ ਬੰਬੀਹਾ ਭਾਈ (ਮਰਹੂਮ) ਦਾ ਛੋਟਾ ਭਾਈ ਹਾਂ। ਸਾਨੂੰ ਆਪ ਜੀ ਦੀ ਜੋ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਭੇਟਾ ਕੀਤੀ ਹੈ। ਮੈਂ ਕਈ ਲੋਕਾਂ ਨੂੰ ਪੜ੍ਹਾਈ ਹੈ। ਖਰੀਦ ਕੇ ਵੀ ਵੰਡੀਆਂ

ਹਨ। ਤੁਹਾਡਾ ਅਨੇਕ ਵਾਰ ਧੰਨਵਾਦ।

ਚਰਨ ਸਿੰਘ ਬੰਬੀਹਾ ਭਾਈ, ਪਟਿਆਲਾ।

66. ਸਟਾਲ ਚੌੜਾ ਬਜ਼ਾਰ ਲੁਧਿਆਣਾ।

ਆਪ ਜੀ ਦੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਕਈ ਗਾਹਕ ਸਾਥੋਂ ਮੰਗਦੇ ਹਨ, ਪਰ ਇਸ ਕਿਤਾਬ ਦੇ ਸਾਡੇ ਸਟਾਕ ਵਿੱਚ ਨਾ ਹੋਣ ਕਰਕੇ ਗਾਹਕ ਨੂੰ ਖਾਲੀ ਮੁੜਨਾ ਪੈਂਦਾ ਹੈ। ਵਾਪਸੀ ਜਵਾਬ ਦੇਣਾ ਕਿ ਘੱਟ-ਘੱਟ ਕਿੰਨੀਆਂ ਕਾਪੀਆਂ ਦੇ ਸਕੋਗੇ।

67. ਆਪ ਜੀ ਦੀ ਕਿਤਾਬ ਮੈਂ ਕਿਸੇ ਲਾਇਬ੍ਰੇਰੀ ਵਿੱਚ ਪੜ੍ਹੀ ਜੀ। ਪੜ੍ਹ ਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਫਿਰ ਉਤਸ਼ਾਹ ਪੈਦਾ ਹੋ ਗਿਆ। ਮੈਨੂੰ ਇੱਕ ਕਿਤਾਬ ਭੇਜ ਦਿਉ।

ਬੱਚਾ ਹਰਭਜਨ ਸਿੰਘ, ਕ੍ਰਿਸ਼ਨਾ ਨਗਰ, ਜਲੰਧਰ।

68. ਅੱਜ-ਕੱਲ੍ਹ ਮੈਂ ਆਪ ਜੀ ਦੀ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹ ਰਿਹਾ ਹਾਂ। ਅੱਜ ਤੱਕ ਮੈਂ ਜਿਤਨੀਆਂ ਵੀ ਕਿਤਾਬਾਂ ਪੜ੍ਹੀਆਂ ਹਨ, ਇਸ ਦਾ ਦਰਜਾ ਮੇਰੀ ਆਪਣੀ ਰਾਇ ਨਾਲ ਬਹੁਤ ਉੱਚਾ ਹੈ। ਇਹ ਕਿਤਾਬ ਆਪ ਨੇ ਬਹੁਤ ਹੀ ਸੂਝ ਨਾਲ ਵਿਚਾਰ ਕੇ ਲਿਖੀ ਹੈ। ਜਿਸ ਲਈ ਆਪ ਬਹੁਤ ਹੀ ਧੰਨਵਾਦ ਦੇ ਪਾਤਰ ਹੋ। ਮੇਰੇ ਪਾਸ ਸ਼ਬਦ ਨਹੀਂ ਜਿਨ੍ਹਾਂ ਨਾਲ ਮੈਂ ਆਪ ਦੀ ਸਿਫਤ ਕਰਾਂ।

ਹਵਾਲਦਾਰ ਪ੍ਰਕਾਸ਼ ਚੁੰਬਰ, ਚੁਵਾਲੀ ਫਲੌਰ।

69. ਆਪ ਦੀ ਨਵੀਂ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹੀ ਅਤੇ ਇਸ ਪੁਸਤਕ ਵਿੱਚੋਂ ਅੱਛੀਆਂ ਬਾਤਾਂ ਔਰ ਜ਼ਰੂਰੀ ਜਾਣਕਾਰੀ ਮਿਲੀ। ਇਸ ਲੀਏ ਆਪ ਕੋ ਸ਼ੁੱਭ ਕਾਮਨਾ ਭੇਜਤਾ ਹੂੰ। ਆਪ ਜੈਸੇ ਮਹਾਨ ਵਿਦਵਾਨ ਨੇ ਬਹੁਜਨ ਸਮਾਜ ਕੇ ਏਕ ਚੌਕੀਦਾਰ ਕੇ ਲੀਏ ਕੀਮਤੀ ਸਮੇਂ ਨਿਕਾਲਾ, ਮੇਰੇ ਲੀਏ ਧੰਨ ਹੈ।

ਤੀਰਥ ਰਾਮ, ਫਿਰੋਜ਼ਪੁਰ।

70. ਮੈਂ ਆਪ ਜੀ ਦੀਆਂ ਲਿਖੀਆਂ ਰਚਨਾਵਾਂ ਪੜ੍ਹੀਆਂ ਹਨ। ਭਾਰਤ ਦੀ ਸੈਂਕੜੇ ਸਾਲ ਪੁਰਾਣੀ ਕੋਹੜ ਰੂਪੀ ਜਾਤ-ਪਾਤ ਦੀ ਬੀਮਾਰੀ ਦਾ ਨਿਕਾਸ ਅਤੇ ਵਿਕਾਸ, ਬਾਰੇ ਡੂੰਘੀ ਖੋਜ ਅਤੇ ਅਧਿਐਨ ਵੇਖ ਕੇ ਬਹੁਤ ਪ੍ਰਭਾਵਤ ਹੋਇਆ ਹਾਂ। ਬ੍ਰਾਹਮਣ ਰੂਪੀ ਅੰਧਕਾਰ ਸਾਗਰ ਵਿੱਚ ਕਰੋੜਾਂ ਭਾਰਤੀਆਂ ਲਈ ਤੁਸੀਂ ਚਾਨਣ ਮੁਨਾਰਾ ਜਾਪਦੇ ਹੋ। ਆਪ ਜੀ ਦੀ ਲਿਖੀ ਪੁਸਤਕ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹ ਕੇ ਤੁਹਾਡੀ ਵਿਦਤਾ ਅਤੇ ਤੀਖਣ ਬੁੱਧੀ ਬਾਰੇ ਗਿਆਨ ਹੋਇਆ। ਤੁਸੀਂ ਆਉਣ ਵਾਲੇ ਖੋਜੀਆਂ ਤੇ ਸਮਾਜ ਸੁਧਾਰਕਾਂ ਲਈ ਇੱਕ ਮਹਾਨ ਗ੍ਰੰਥ ਦੀ ਰਚਨਾ ਕੀਤੀ ਹੈ। ਜੋ ਵਿਗਿਆਨਕ ਹੈ। ਸਚਾਈ 'ਤੇ ਅਧਾਰਤ ਹੈ। ਸਮਾਜਿਕ ਬਰਾਬਰੀ, ਜਾਤ ਅਤੇ ਜਮਾਤ ਰਹਿਤ ਸਮਾਜ, ਵਿਸ਼ਵ ਭਾਈਚਾਰੇ ਦੇ ਮਹਾਨ ਤੇ ਉੱਚ ਸਿਧਾਤਾਂ ਨਾਲ ਭਰਪੂਰ ਹੈ।

ਗੁਰਬਖਸ਼ ਸਿੰਘ ਹੰਸ, 47 ਸੀ, ਚੰਡੀਗੜ੍ਹ।

71. ਖਤ ਦਾ ਜਵਾਬ ਪੜ੍ਹ ਕੇ ਆਸ ਦੀ ਕਿਰਨ ਮਿਲੀ ਜ਼ਿੰਦਗੀ ਵਿੱਚ ਸੰਘਰਸ਼ ਕਰਨ ਦੇ ਕਾਬਲ ਬਣਾ ਦਿੱਤਾ। ਆਪ ਜੀ ਵੱਲੋਂ ਲਿਖੀ ਪੁਸਤਕ ਨੇ ਮੈਨੂੰ ਹੋਰ ਕਿਤਾਬਾਂ ਪੜ੍ਹਨ ਦੀ ਪ੍ਰੇਰਨਾ ਦਿੱਤੀ। ਭਾਰਤੀ ਲੋਕ ਨੀਚ ਕਿਵੇਂ ਬਣੇ ਦਾ ਤੀਸਰਾ ਐਡੀਸ਼ਨ ਬੁੱਕ ਸਟਾਲ ਤੋਂ ਨਹੀਂ ਮਿਲ ਰਿਹਾ। ਕਿੱਥੋਂ ਮਿਲੇਗਾ ?

ਸੁਖਵਿੰਦਰ ਸਿੰਘ, ਨਵਾਂ ਕੋਟ, ਜੰਡਿਆਲਾ ਗੁਰੂ, ਅੰਮ੍ਰਿਤਸਰ।

72. ਮੈਨੂੰ ਤੁਹਾਡੀ ਵਿਰਾਸਤੀ ਯਾਦਾਂ ਨਾਲ ਭਰੀ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹਨ ਨੂੰ ਮਿਲੀ ਹੈ। ਇਹ ਇੱਕ ਤਰ੍ਹਾਂ ਦੀ ਦਬੇ-ਕੁਚਲੇ, ਦੁਰਕਾਰੇ, ਸਤਾਏ ਭਾਰਤੀ ਲੋਕਾਂ ਦੀ ਬਾਈਬਲ ਹੈ। ਤੁਸੀਂ ਇੱਕ ਤਰ੍ਹਾਂ ਨਾਲ ਭਾਰਤ ਦੇ ਦਲਿਤ ਪਛੜੇ ਵਰਗਾਂ ਲਈ ਅਤਿ ਲੋੜੀਂਦੀ ਗਿਆਨ ਅਤੇ ਸੂਚਨਾ ਨੂੰ ਇਕੱਠਾ ਕਰਨ ਲਈ ਇੱਕ ਮਧੂ ਮੱਖੀ ਦਾ ਕੰਮ ਕੀਤਾ ਹੈ। ਅਸਲ ਬੀਮਾਰੀ ਦੀ ਚੀਰਫਾੜ ਅਤੇ ਪਛਾਣ ਜੋ ਸਹੀ ਤਰੀਕੇ ਨਾਲ ਕੀਤੀ ਗਈ ਹੈ, ਮਹੱਤਵਪੂਰਨ ਹੈ ਤੇ ਇਸ ਬੀਮਾਰੀ ਨੂੰ ਦੂਰ ਕਰਨ ਦੇ ਸਹੀ ਤੌਰ ਤਰੀਕੇ ਤੇ ਯੋਜਨਾਵਾਂ, ਦਰੁਸਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਦਿੱਤੀਆ ਹਨ। ਜਦੋਂ ਵੀ ਇੰਡੀਆ ਆਇਆ ਹੋਰ ਮਸ਼ਵਰਾ ਕਰਾਂਗੇ।

ਹਮੇਸ਼ਾ ਲਈ ਤੁਹਾਡਾ,

ਰਾਮ ਕ੍ਰਿਸ਼ਨ, 128, ਆਈ.ਈ. ਕਲਾਵਗਜ਼, ਸੀ.ਏ. 95035।

73. ਮੈਂ ਤਿੰਨ ਕੁ ਸਾਲ ਪਹਿਲਾਂ ਆਪ ਵੱਲੋਂ ਲਿਖੀ ਇੱਕ ਅਲੌਕਿਕ ਤੇ ਅਨਮੋਲ ਪੁਸਤਕ ਭਾਰਤੀ ਲੋਕ

ਨੀਚ ਕਿਵੇਂ ਬਣੇ ਪੜ੍ਹੀ । ਸ਼ਬਦਾਂ ਵਿੱਚ ਤਾਂ ਮੈਂ ਨਹੀਂ ਲਿਖ ਸਕਦਾ ਕਿ ਇਸ ਕਿਤਾਬ ਨੇ ਮੇਰੇ 'ਤੇ ਕਿੰਨਾ ਡੂੰਘਾ ਪ੍ਰਭਾਵ ਪਾਇਆ । ਪ੍ਰੰਤੂ ਇਸ ਕਿਤਾਬ ਨੇ ਮੇਰੀ ਸੋਚਣੀ 'ਤੇ ਬਹੁਤ ਗਹਿਰਾ ਪ੍ਰਭਾਵ ਪਾਇਆ ਹੈ । ਮੈਂ ਕਿਤਾਬ ਚਾਰ ਪੰਜ ਵਾਰ ਪੜ੍ਹੀ ਹੈ । ਤੁਸੀਂ ਬਹੁਤ ਮੇਹਨਤ ਕੀਤੀ ਹੈ ਅਤੇ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਇਹ ਬੇਬਹਾ ਕੀਮਤੀ ਕਿਤਾਬ ਪਾਈ ਹੈ । ਸਹੀ ਤਸਵੀਰ ਦੁਨੀਆ ਸਾਹਮਣੇ ਪੇਸ਼ ਕੀਤੀ ਹੈ । ਕੋਈ ਸੱਜਣ ਮੇਰੇ ਕੋਲੋਂ ਕਿਤਾਬ ਪੜ੍ਹਨ ਲਈ ਲੈ ਗਿਆ, ਪਰ ਵਾਪਸ ਨਹੀਂ ਕੀਤੀ । ਕੀ ਤੁਸੀਂ ਇਹ ਕਿਤਾਬ ਭੇਜ ਸਕਦੇ ਹੋ ।

ਅੰਗਰੇਜ਼ ਸਿੰਘ, ਢਿੱਲੋਂ ਮਾਰਗ, ਪਟਿਆਲਾ ।

74. ਭਾਰਤੀ ਲੋਕ ਨੀਚ ਕਿਵੇਂ ਬਣੇ ਅਤੇ ਬਨਾਰਸ ਕੇ ਠੱਗ, ਜਿਹੀਆ ਮਹਾਨ ਇਤਿਹਾਸਕ ਅਤੇ ਦਸਤਾਵੇਜੀ ਪੁਸਤਕਾਂ ਦੇ ਰਚੇਤਾ ਸਦੀਆਂ ਤੋਂ ਮਿੱਧੀ ਅਤੇ ਲਤਾੜੀ ਸੋਚ ਨੂੰ ਛੱਡ ਕੇ, ਦਲਿਤਾਂ ਵਿੱਚ ਇਨਸਾਨੀ ਸੋਚ ਨੂੰ ਬਦਲਣ ਵਰਗੇ ਮਹਾਨ ਕਾਰਜ ਵਿੱਚ ਜੁੱਟੇ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਦੇ ਨਕਸ਼ੇ ਕਦਮਾਂ 'ਤੇ ਅੱਗੇ ਵਧਣ ਵਾਲੇ ਨਿਧੜਕ ਲੇਖਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਵਿੱਚ ਬਣਦਾ ਯੋਗਦਾਨ ਪਾ ਰਹੇ ਸਰਗਰਮ ਵੀਰ ਗੁਰਨਾਮ ਸਿੰਘ ਮੁਕਤਸਰ, ਸਮੂਹ ਚੇਤਨ ਵਰਗ ਲਈ ਬੇਗਮਪੁਰੇ ਦਾ ਵਾਸੀ ਮਾਸਕ ਪੱਤਰ ਲੈ ਕੇ ਸਾਡੇ ਬੂਹਿਆਂ 'ਤੇ ਦਸਤਕ ਦੇ ਰਹੇ ਹਨ । ਆਓ ਅਣਖੀ ਅਤੇ ਹੱਕੀ ਆਵਾਜ ਨਾਲ ਜੁੜੀਏ ।

ਦਲਜੀਤ ਬਹਾਦਰ ਖਾਨਖਾਨਾ, ਸੰਪਾਦਕ ਬਹੁਜਨ ਬੁਲਿਟਨ (ਪੰਜਾਬੀ),
5-ਐਲਬੀਅਨ ਏਵ, ਵਿਲਨ ਹਾਲ, ਵੈਸਟ ਮਿਡਲੈਂਡਜ਼, W.V-13 INW U.K।

75. ਮੈਂ ਆਪ ਦੁਆਰਾ ਲਿਖੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਬੜੇ ਧਿਆਨ ਨਾਲ ਪੜ੍ਹੀ ਹੈ। ਇਸ ਪੁਸਤਕ ਨੂੰ ਪੜ੍ਹਕੇ ਮੇਰੇ ਮਨ ਅੰਦਰਲਾ ਹਨੇਰਾ ਖਤਮ ਹੋ ਗਿਆ ਹੈ। ਅਸੀ ਤੁਹਾਡੇ ਵਰਗੇ ਲੇਖਕਾਂ ਦੇ ਰਿਣੀ ਹਾਂ, ਜੋ ਭਾਰਤੀ ਲੋਕਾਂ ਨੂੰ ਹਨ੍ਹੇਰੇ ਵਿਚੋਂ ਕੱਢ ਰਹੇ ਹਨ।

ਪਾਠਕ,
ਬੇਗਮਪੁਰੇ ਦਾ ਵਾਸੀ, ਪਿੰਡ ਡਾਲਾ, ਮੋਗਾ।

76. ਮੈਂ ਭਾਵੇਂ ਤੁਹਾਨੂੰ ਖਤ ਪਹਿਲੀ ਵਾਰ ਲਿਖ ਰਿਹਾ ਹਾਂ, ਪਰ ਮੈਂ ਤੁਹਾਡੀ ਖੋਜ ਪਰਭੂਰ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਪੜ੍ਹ ਚੁੱਕਿਆ ਹਾਂ। ਜਿਸ ਨੂੰ ਪੜ੍ਹਕੇ ਹਰ ਭਾਰਤੀ ਆਪਣੇ ਦੇਸ਼ ਅਤੇ ਆਪਣੇ ਬਾਰੇ ਜਾਣ ਸਕਦਾ ਹੈ। ਮੈਂ ਤਾਂ ਗੁਜਾਰਸ਼ ਕਰਦਾ ਹਾਂ ਕਿ ਇਹ ਪੁਸਤਕ ਹਰ ਘਰ ਵਿਚ ਪੜ੍ਹੀ ਅਤੇ ਰੱਖੀ ਜਾਵੇ।

ਸੱਤਪਾਲ ਸੰਤੋਖਪੁਰੀ, ਸਾਥੀ ਲਾਲ ਸਿੰਘ, ਔਲਨੇ ਸਾਊਸ ਬੋਇਸ-ਫਰਾਂਸ।

77. ਭਾਰਤੀ ਲੋਕ ਨੀਚ ਕਿਵੇਂ ਬਣੇ ਦਾ ਦੂਸਰਾ ਐਡੀਸ਼ਨ ਕਦੋਂ ਛਪ ਰਿਹਾ ਹੈ? ਆਪਦੀ ਲਿਖੀ ਹੋਈ ਇਹ ਪੁਸਤਕ ਸਾਡੇ ਸਮਾਜ ਵਿਚ ਬਹੁਤ ਸਲਾਹੀ ਗਈ ਹੈ। ਇਸ ਕਿਤਾਬ ਅੱਜ ਵੀ ਬਹੁਤ ਹੈ, ਦੱਸਣਾ ਕਿ ਇਹ ਕਿਥੋਂ ਮਿਲੇਗੀ?

ਕਮਲਜੀਤ ਚਾਹਲ, ਗੁਰਾਇਆ।

78. ਮੈਂ ਤੁਹਾਡੀ 1989 ਵਾਲੀ ਛਪੀ ਕਿਤਾਬ ਭਾਰਤੀ ਲੋਕ ਨੀਚ ਕਿਵੇਂ ਬਣੇ ਆਪਣੀ ਹੋਈ ਦੁਰਦਸ਼ਾ ਪੜ੍ਹਕੇ ਅੱਖਾਂ ਭਰ ਆਈਆਂ। ਮੈਨੂੰ ਆਪਣੀ ਕੌਮ ਦੇ ਸਾਰੇ ਬਜ਼ੁਰਗਾਂ ਦੀ ਹਿਸਟਰੀ ਚਾਹੀਦੀ ਹੈ।

ਜਗਦੇਵ ਸਿੰਘ, ਪਾਇਲ, ਲੁਧਿਆਣਾ।

79. ਭਾਰਤੀ ਲੋਕ ਨੀਚ ਕਿਵੇਂ ਬਣੇ ਇੱਕੀਵੀ ਸਦੀ ਦਾ ਮਹਾਨ ਖੋਜ ਗ੍ਰੰਥ ਹੈ। ਜੋ ਭਾਰਤ ਦੇ ਦੱਬੇ-ਕੁਚਲੇ ਲੋਕਾਂ ਲਈ ਜ਼ਰੂਰੀ ਹੈ। ਇਸ ਗ੍ਰੰਥ ਨੂੰ ਇਕਾਗਰ ਚਿੱਤ ਹੋ ਕੇ ਪੜ੍ਹਨਾ ਚਾਹੀਦਾ ਹੈ।

ਚਰਨ ਸਿੰਘ ਬੰਬੀਹਾਭਾਈ (ਫਰੀਦਕੋਟ)।

ਭਾਰਤ ਦਾ ਇਤਿਹਾਸ
(ਹਰਿਆਣਾ ਵਿਦਿਆਲਯ ਸਿਖਸ਼ਾ ਬੋਰਡ ਚੰਡੀਗੜ੍ਹ)

ਭੂਮਿਕਾ :-ਭਾਰਤ ਇਕ ਪ੍ਰਾਚੀਨ ਦੇਸ਼ ਹੈ, ਆਰੀਆਂ ਦੇ ਆਗਮਨ ਤੋਂ ਬਾਅਦ ਇਹ ਦੇਸ਼ ਆਰੀਆ-ਵਰਤ ਦੇ ਨਾਂ ਨਾਲ ਪ੍ਰਸਿੱਧ ਹੋਇਆ ।ਬੋਧੀ ਗ੍ਰੰਥਾਂ ਵਿੱਚ ਦੇਸ਼ ਦਾ ਨਾਂ ਜੰਬੂ ਦੀਪ ਲਿਆ ਜਾਂਦਾ ਸੀ—ਅਫਗਾਨਿਸਤਾਨ ਤਾਂ ਬਹੁਤ ਲੰਮੇ ਸਮੇਂ ਤੱਕ ਭਾਰਤ ਦਾ ਹੀ ਇੱਕ ਅੰਗ ਸੀ ।.......ਭਾਰਤ ਦੀ ਪ੍ਰਾਚੀਨ ਸੱਭਿਅਤਾ ਦੇ ਚਿੰਨ੍ਹ ਹੜੱਪਾ ਅਤੇ ਮੋਹਨਜੋਦੜੋ ਦੇ ਨਗਰਾਂ ਤੋਂ ਪ੍ਰਾਪਤ ਹੋਏ ਹਨ ।ਇੱਕ ਅਤਿਅੰਤ ਵਿਕਸਤ ਅਤੇ ਉਨੱਤ ਸੱਭਿਅਤਾ ਭਾਰਤ ਦੇ ਉੱਤਰ ਅਤੇ ਪੱਛਮ ਵਿੱਚ ਫੈਲੀ ਹੋਈ ਸੀ ।ਇਸ ਦਾ ਸੰਪਰਕ ਸੰਸਾਰ ਦੇ ਹੋਰ ਦੇਸ਼ਾਂ ਵਿਸ਼ੇਸ਼ ਕਰਕੇ ਪੱਛਮੀ ਏਸ਼ੀਆ ਦੇ ਨਾਲ ਰਿਹਾ ।ਕੁਝ ਸਮੇਂ ਤੋਂ ਬਾਅਦ ਆਰੀਆ ਲੋਕਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ।

ਸਫਾ :-12 ; ਸਿੰਧੂ ਘਾਟੀ ਦੀ ਸਭਿਅਤਾ ਕੇਵਲ ਮੋਹਨਜੋਦੜੋ ਅਤੇ ਹੜੱਪਾ ਤੱਕ ਹੀ ਸੀਮਤ ਨਹੀਂ ਸੀ, ਇਹ ਸੱਭਿਅਤਾ ਦੂਰ ਤੱਕ ਫੈਲੀ ਹੋਈ ਸੀ ।ਘੱਘਰ ਘਾਟੀ, ਬੀਕਾਨੇਰ, ਗੁਜਰਾਤ ਵਿੱਚ ਲੋਥਲ ਅਤੇ ਰੰਗਪੁਰ, ਪੰਜਾਬ ਵਿੱਚ ਰੋਪੜ, ਗੰਗਾਨਗਰ ਜਿਲ੍ਹੇ ਵਿੱਚ ਕਾਲੀਬੰਗਾ, ਹਰਿਆਣਾ ਵਿੱਚ ਰਾਖੀਗੜ੍ਹੀ, ਮੇਰਠ ਵਿੱਚ ਆਲਮਗੀਰ ਪੁਰ, ਸਥਾਨਾਂ ਦੀ ਖੁਦਾਈ ਵਿੱਚੋਂ ਪ੍ਰਾਪਤ ਵਸਤੂਆਂ ਹੜੱਪਾ ਅਤੇ ਮੋਹਨਜੋਦੜੋ ਦੀਆਂ ਵਸਤੂਆਂ ਨਾਲ ਮਿਲਦੀਆਂ-ਜੁਲਦੀਆਂ ਹਨ ।ਲੋਥਲ ਭਾਰਤ ਦੇ ਪੱਛਮੀ ਤਟ ਉੱਤੇ ਇਕ ਬਹੁਤ ਵੱਡਾ ਨਗਰ ਅਤੇ ਪ੍ਰਸਿੱਧ ਬੰਦਰਗਾਹ ਸੀ ।ਲੋਥਲ ਪੂਰਨ ਰੂਪ ਵਿੱਚ ਯੋਜਨਾਬੱਧ ਨਗਰ ਸੀ ਅਤੇ ਇੱਥੋਂ ਹੀ ਪੱਛਮ ਦੇਸ਼ਾਂ ਨਾਲ ਵਪਾਰ ਹੁੰਦਾ ਸੀ ।.......

ਸਫਾ :-14 ; ਮੋਹਨਜੋਦੜੋ ਵਿੱਚ ਇੱਕ ਵਿਸ਼ਾਲ ਭਵਨ ਮਿਲਿਆ ਹੈ, ਜੋ 85 ਫੁੱਟ ਚੌੜਾ ਅਤੇ 97 ਫੁੱਟ ਲੰਮਾ ਹੈ ।ਮੋਹਨਜੋਦੜੋ ਦੇ ਘਰਾਂ ਵਿੱਚ ਖੂਹ ਵੀ ਮਿਲੇ ਹਨ । ਰਸੋਈ ਘਰਾਂ ਵਿੱਚ ਛੋਟੀਆਂ ਨਾਲੀਆਂ ਵੀ ਮਿਲੀਆਂ ਹਨ ।ਮਕਾਨ ਦੀਆਂ ਬਾਹਰ ਦੀਆਂ ਨਾਲੀਆਂ ਨਗਰ ਦੀਆਂ ਵੱਡੀਆਂ ਨਾਲੀਆਂ ਨਾਲ ਮਿਲੀਆਂ ਹੁੰਦੀਆਂ ਸਨ ।ਮੋਹਨਜੋਦੜੋ ਦੀਆਂ ਗਲੀਆਂ ਅਤੇ ਸੜਕਾਂ ਦੀ ਚੌੜਾਈ ਘੱਟ ਤੋਂ ਘੱਟ ਸਾਢੇ 13 ਫੁੱਟ ਅਤੇ ਵੱਧ ਤੋਂ ਵੱਧ 33 ਫੁੱਟ ਹੁੰਦੀ ਸੀ ।ਸੜਕਾਂ ਦੇ ਕਿਨਾਰੇ ਅਤੇ ਹੋਰ ਨਾਲੀਆਂ ਢਕੀਆਂ ਹੁੰਦੀਆਂ ਸਨ ।ਮੋਹਨਜੋਦੜੋ ਵਿੱਚ ਇੱਕ ਵਿਸ਼ਾਲ ਸਰਵਜਨਕ ਇਸ਼ਨਾਨ ਘਰ ਮਿਲਿਆ ਹੈ ।ਇਹ ਇਸ਼ਨਾਨ ਘਰ ਪੱਕੀਆਂ ਇੱਟਾਂ ਦਾ ਬਣਿਆ ਹੈ ।

ਸਫਾ :-19 ; ਜਦੋਂ ਸਿੰਧੂ ਘਾਟੀ ਦੀ ਸੱਭਿਅਤਾ ਆਪਣੇ ਸਿਖਰ 'ਤੇ ਪਹੁੰਚ ਚੁੱਕੀ ਸੀ ਤਾਂ ਭਾਰਤ ਵਿੱਚ ਆਰੀਆ ਜਾਤੀ ਨੇ ਪ੍ਰਵੇਸ਼ ਕੀਤਾ......ਇਨ੍ਹਾਂ ਦੀ (ਆਰੀਅਨਾਂ ਦੀ) ਭਾਸ਼ਾ ਸੰਸਕ੍ਰਿਤ ਸੀ......ਆਰੀਆਂ ਨੇ ਅਨਆਰੀਆਂ ਜਾਤੀਆਂ (ਭਾਰਤ ਦੇ ਮੂਲ ਨਿਵਾਸੀ) ਉੱਤੇ ਜਿੱਤ ਪ੍ਰਾਪਤ ਕੀਤੀ ਅਤੇ ਹੌਲੀ-ਹੌਲੀ ਇਹ ਲੋਕ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਫੈਲ ਗਏ ।ਇਨ੍ਹਾਂ ਹਾਰੇ ਲੋਕਾਂ ਵਿੱਚੋਂ ਕੁਝ ਨੂੰ ਆਰੀਆਂ ਨੇ ਆਪਣੇ ਦਾਸ ਬਣਾ ਲਿਆ ਅਤੇ ਕੁਝ ਅਨਆਰੀਆ ਲੋਕ ਉੱਤਰੀ ਭਾਰਤ ਛੱਡ ਕੇ ਦੱਖਣ ਵੱਲ ਚਲੇ ਗਏ ।ਭਾਰਤ, (ਬ੍ਰਾਹਮਣ, ਕਸ਼ੱਤਰੀ, ਵੈਸ਼), ਈਰਾਨ, ਯੂਨਾਨ, ਜਰਮਨੀ, ਇਟਲੀ ਅਤੇ ਬਰਤਾਨੀਆਂ ਵਿੱਚ ਰਹਿਣ ਵਾਲੇ ਲੋਕ ਆਰੀਆ ਜਾਤੀ ਨਾਲ ਹੀ ਸੰਬੰਧਤ ਹਨ ।(ਰੂਸੀ ਲੋਕਾਂ ਨੂੰ ਵੀ ਆਰੀਆ ਨਸਲ ਦੇ ਲੋਕ ਮੰਨਿਆ ਜਾਂਦਾ ਹੈ)

ਸਫਾ :-20 ; ਏਸ਼ੀਆ ਮਾਈਨਰ ਦੇ ਬੋਗਾਸ ਕੋਈ ਸਥਾਨ ਵਿੱਚ ਲਗਪਗ 1400 ਪੂਰਵ ਈਸਵੀ ਦਾ ਇੱਕ ਉਲੇਖ ਮਿਲਿਆ ਹੈ, ਜਿਸ ਦੀਆਂ ਆਰੀਆਂ ਦੇ ਵੈਦਿਕ ਦੇਵਤਾ ਇੰਦਰ, ਮਿੱਤਰ ਅਤੇ ਵਰੁਣ, ਆਦਿ ਦਾ ਜ਼ਿਕਰ ਹੈ ।

ਸਫਾ :-25 ; ਜਿੰਨ੍ਹਾਂ ਜਾਤੀਆਂ ਨੂੰ ਆਰੀਆ ਨੇ ਜਿੱਤ ਲਿਆ ਸੀ, ਉਨ੍ਹਾਂ ਨੂੰ ਦਾਸ ਅਤੇ ਦਸਿਊ ਕਿਹਾ

ਜਾਣ ਲੱਗ ਪਿਆ। ਸ਼ੂਦਰ ਜਾਤੀ ਦਾ ਜਨਮ ਇਨ੍ਹਾਂ ਤੋਂ ਹੋਇਆ। ਆਰੀਆ ਖੁਦ ਬ੍ਰਾਹਮਣ ਅਤੇ ਕਸ਼ੱਤਰੀ ਕਹਿਲਾਏ।.....ਆਰੀਆ ਜਾਤੀ ਨੇ ਆਪਣੇ ਸਮਾਜ ਨੂੰ ਚਾਰ ਵਰਗਾਂ ਜਾਂ ਵਰਣਾਂ ਵਿੱਚ ਵੰਡਿਆ ਹੋਇਆ ਸੀ :ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ।

ਸਫਾ :-29 ; ਰਮਾਇਣ ਕਾਵਿ ਦੇ ਨਾਇਕ ਰਾਮ ਆਰੀਆ ਸਭਿਅਤਾ ਦੇ ਪ੍ਰਤੀਨਿਧ ਹਨ। ਰਮਾਇਣ ਵਿੱਚ ਜਿਨ੍ਹਾਂ ਰਾਖਸ਼ਾਂ ਦਾ ਰਾਮ ਨਾਲ ਸੰਘਰਸ਼ ਦਾ ਵਰਨਣ ਹੈ, ਉਹ ਦੱਖਣੀ ਭਾਰਤ ਦੀਆਂ ਮੂਲ ਜਾਤੀਆਂ ਸਨ, ਜੋ ਆਰੀਆ ਲੋਕਾਂ ਦਾ ਸਖਤ ਵਿਰੋਧ ਕਰਦੀਆਂ ਸਨ। ਦੱਖਣ ਵਿੱਚ ਆਰੀਆ ਸੱਭਿਅਤਾ ਦੇ ਪ੍ਰਸਾਰ ਲਈ, ਰਿਸ਼ੀਆਂ ਮੁਨੀਆਂ ਨੇ ਵੀ ਮਹੱਤਵਪੂਰਨ ਯੋਗਦਾਨ ਪਾਇਆ। ਸਭ ਤੋਂ ਪਹਿਲਾਂ ਦੱਖਣ ਵਿੱਚ ਅਗਸਤਾ ਰਿਸ਼ੀ ਆਰੀਆ ਸੱਭਿਅਤਾ ਨੂੰ ਫੈਲਾਉਣ ਲਈ ਗਏ। ਰਾਮ ਦੇ ਸਮੇਂ ਆਰੀਆ ਨੇ ਗੰਗਾ-ਜਮਨਾ ਦੇ ਮੈਦਾਨ 'ਤੇ ਅਧਿਕਾਰ ਕਰ ਲਿਆ ਸੀ ਅਤੇ ਆਪਣੀ ਸਭਿਅਤਾ ਫੈਲਾਉਣ ਵਿੱਚ ਕਾਮਯਾਬ ਹੋ ਗਏ ਸਨ, ਪ੍ਰੰਤੂ ਉਹ ਵਿੰਧਿਆਚਲ ਤੋਂ ਦੱਖਣ ਵੱਲ ਅੱਗੇ ਨਹੀਂ ਵਧ ਸਕੇ ਸਨ। ਰਾਮ ਨੇ ਆਪਣੇ ਬਨਵਾਸ ਦਾ ਬਹੁਤਾ ਸਮਾਂ ਦੱਖਣ ਵਿੱਚ ਹੀ ਗੁਜ਼ਾਰਿਆ ਅਤੇ ਦੱਖਣ ਵਿੱਚ ਆਰੀਆ ਸੱਭਿਅਤਾ ਦਾ ਹੀ ਪ੍ਰਚਾਰ ਕੀਤਾ। ਰਮਾਇਣ ਦੁਆਰਾ ਸਾਨੂੰ ਆਰੀਆਂ ਅਤੇ ਅਨਆਰੀਅਨ ਸਭਿਆਤਾਵਾਂ ਵਿੱਚ ਹੋਏ ਸੰਘਰਸ਼ ਦੀ ਇੱਕ ਝਾਕੀ ਦੇਖਣ ਨੂੰ ਮਿਲਦੀ ਹੈ। ਮਹਾਂਭਾਰਤ ਦੇ ਸਮੇਂ ਆਰੀਆ ਭਾਰਤ ਦੇ ਹਰੇਕ ਕੋਨੇ ਵਿੱਚ ਫੈਲ ਗਏ ਸਨ। ਅਸੀਂ ਧੰਨਵਾਦੀ ਹਾਂ ਅੰਗਰੇਜ਼ ਅਲੈਗਜ਼ੈਂਡਰ ਕਨਿੰਘਮ (1815) ਦੇ, ਜਿਸ ਨੇ ਹੜੱਪਾ ਸੱਭਿਅਤਾ ਦੀ ਖੋਜ ਕਰਕੇ, ਇੱਕ ਮਹਾਨ ਕਾਰਜ ਕੀਤਾ। ਫਿਰ ਇਸ ਕਾਰਜ ਨੂੰ ਡੀ ਆਰ. ਸਾਹਨੀ ਅਤੇ ਆਰ.ਡੀ. ਬੈਨਰਜੀ ਨੇ ਹੋਰ ਅੱਗੇ ਤੋਰਿਆ ਅਤੇ ਦੁਨੀਆ ਨੂੰ ਇੱਕ ਮਹਾਨ ਉੱਚਤਮ ਸੱਭਿਅਤਾ ਦੀ ਜਾਣਕਾਰੀ ਦਿੱਤੀ।

Anicient Indian civilization, p-22

"The discovery and study of the Harrappan Civilization provided striking proof of the ancient and highly original nature of Indian Culture.``

p-24 ; More advanced stages distinguished by dacorated pottery and more durable, buildings of unburnt bricks.

p-25 ; Scholars unearthed a citadal and regular blocks of dwelling houses.

page 28 ; The Harrapan Civilization embraced an enormous territory, which stretched for more then 1100 Kilometres from north to south and more than 1600 Kilometres from west to east.`

page 31 ; The existance of large cities and a carefully defined system of town planning and architecture pointto the Light level of development attanied by the Harrapan Civilzatioin.``

Page 34 ; Considerable attention was paid to the cities water supply and drainage systems-Public eeuels were bult in every street.

...A town of a original plan was unearthed at Lothal which was not only a trading centre but evidently a port as well. it was surrounded by a stone wall......in the east of the settlement there was a Ship Yard (ਬੰਦਰਗਾਹ) which was linked the canals to the river and thence on to the sea.

page 39 ; Foreign trade was carried on both by sea and land routes.

page 49 ; The immidiate cause of the decline of the Harrapan cities and the whole civilization was the invasion of Aryan Tribes.

Book : 'The Hidden Herritage` S.K. Pandian.

Forward : 'The Dravdian, Shri Pandian maintain, is one of the earliest

civilization and it was the Dravdians who migrated to the North. That gave rise to the Mohanjodaro and Harrappa Culture.

.....There was, the Conjectutres, pre-vedic common non-Aryan religious philosophy.

page 20 ; Brahmi language is a Dravedian language.

Book : 'Indianisation' by Dr. Ehsan-ullah Khan.

page 25 ; As the Aryans advanced from the north west into other parts of India, they (Aryans) gradually absored the customs manners, and traditions of the ancient dewellers (Dravdians) of the regions into their own civilization.

page 41 ; these nomads (Aryans)of central Asia had to make room for the refugees from the north and themselves moving further south ward. the senomads called themselves Aryans......For a sufficiently long time, they (Aryans) had to wage war with wild Tribes (Dravdians) inhabiting these regions. They had to drive away the wild tribes at every step. Gradualy. They move down further south. They (some) were compelled to live with the Aryans as their conquered subjects.'

page 44 ; To propetnate arians gods a particular kind of ox or cow was sacrificed and its flesh was used in the ensuing feast."

page 48 ; Duriug the Budhist Period the Dravdian Shudras had attained a high position in the society.''

'Ancient India' A Text Book of History for class 6 by N.C.E.R.T. deptt. of India Govt.

page 34 ; The Harappa culture lasted for about a thousand years by 1500 BC, when Aryans began to arrive in India, The Harrapa Culture had collapsed.....the Cities may have been attacked and the inhabitants unable to defend themselves.

page 36 ; untill the discovery of Mohanjodaro and Harrappa it was thought that Indian history and Civilization began with the coming of the Aryans. But now we know that it (Indian history and civilization) began much earlier.

page 38 ; The Aryans at first settled in the Panjab gradually they moved south east wards.

.....Here they prepared collection of hyms Known as the 'Rigveda.' (it is clear that vedas are written by Aryans.).....some time later, the Aryans moved still further east wards into Ganga cealley.

page 41 ; The Aryans were also divided amongst themselves into three groups. The most powerful people were the king and his warriors who were called Kashatriays, equally important were the priests or Brahmins and then came the Vaishyas. There was in addition a fourth group called the Shudras. This consisted of Dasyus.

ਸਿੰਧ ਘਾਟੀ ਦੇ ਦਰਾਵੜ ਅਤੇ ਆਰੀਆ ਲੋਕ

ਵਿਦਵਾਨ ਇਤਿਹਾਸਕਾਰ ਰਾਹੁਲ ਸਾਂਕ੍ਰਿਤਯਾਨ ਆਪਣੀ ਪੁਸਤਕ "ਰਿਗਵੇਦਕ ਆਰੀਆ" ਦੇ ਸਫਾ 6 'ਤੇ ਲਿਖਦਾ ਹੈ :-ਮੋਹਨਜੋਦੜੋ-ਹੜੱਪਾ (ਸਿੰਧੂ) ਦੀ ਸੱਭਿਅਤਾ ਦਾ ਅੰਤਮ ਉਤਕਰਸ਼ ਕਾਲ ਈ. ਪੂਰਵ 2400 ਮੰਨਿਆ ਜਾਂਦਾ ਹੈ। ਉਸ ਤੋਂ ਹਜ਼ਾਰ ਵਰ੍ਹੇ ਬਾਅਦ ਆਰੀਆ ਦਾ ਪ੍ਰਵੇਸ਼ (ਦਾਖਲ ਹੋਣਾ) ਉਨ੍ਹਾਂ ਦੀ ਧਰਤੀ 'ਤੇ ਹੋਇਆ ਅਤੇ ਘੱਟ-ਘੱਟ 300 ਸਾਲ ਬਾਅਦ (1200 ਈ. ਪੂਰਵ) ਭਾਰਦਵਾਜ, ਵਸ਼ਿਸ਼ਠ ਅਤੇ ਵਿਸ਼ਵਾ ਮਿੱਤਰ ਆਦਿ ਨੇ ਆਪਣੇ ਪਦੇ ਲਿਖੇ। ਆਰੀਆ ਅਤੇ ਸਿੰਧੂ ਦੇ ਪੁਰਾਣੇ ਨਿਵਾਸੀਆਂ ਦੇ ਸੰਘਰਸ਼ ਦੀ ਜਾਣਕਾਰੀ ਰਿਗਵੇਦ ਵਿੱਚੋਂ ਦੇਵਾਂ ਅਤੇ ਅਸੁਰਾਂ ਦੇ ਯੁੱਧ ਦੀ ਬਾਣੀ (ਕਾਵਿ ਰਚਨਾ) ਦੇ ਰੂਪ ਵਿੱਚ ਵੀ ਮਿਲਦੀ ਹੈ।

ਸਫਾ 14 'ਤੇ ਉਸ ਨੇ ਵਰਣਨ ਕੀਤਾ ਹੈ ਕਿ ਆਰੀਆਂ ਨੇ ਸਿੰਧੂ ਦੀ ਪੁਰਾਣੀ ਸੱਭਿਅਤਾ ਨੂੰ ਤਬਾਹ ਕਰਨ ਅਤੇ ਸਮਾਜ ਦੇ ਚੱਕਰ ਨੂੰ ਉਲਟਾ ਘੁਮਾਉਣ ਦੀ ਕੋਸ਼ਿਸ਼ ਕੀਤੀ। ਸਿੰਧੂ ਸਭਿਅਤਾ ਦੇ ਧਨੀਆਂ ਕੋਲ ਮੋਹਨਜੋਦੜੋ ਵਰਗੇ ਮਹਾਨ ਨਗਰ ਸਨ, ਜਿਸ ਦੇ ਬਾਰੇ ਇੱਕ ਅੰਗਰੇਜ਼ ਲੇਖਕ ਲਿਖਦਾ ਹੈ, "ਮਾਲੂਮ ਹੁੰਦਾ ਹੈ ਕਿ ਅਸੀਂ ਅੱਜ-ਕੱਲ੍ਹ ਦੇ ਲੰਕਾਸ਼ਾਇਰ ਜਿਹੇ ਕਿਸੇ ਨਗਰ ਦੇ ਭੀੜ-ਭੜਕੇ (ਵਸੋਂ) ਵਿੱਚ ਘਿਰੇ ਹੋਏ ਹਾਂ। ਉੱਥੇ (ਸਿੰਧੂ ਵਿੱਚ) ਉੱਤਰ ਤੋਂ ਦੱਖਣ ਵੱਲ ਜਾਣ ਵਾਲੀ ਸੜਕ ਏਨੀ ਚੌੜੀ ਸੀ ਕਿ ਜਿਸ ਤੇ ਪਹੀਏ ਵਾਲੀਆਂ ਸਵਾਰੀਆਂ ਅਤੇ ਪੈਦਲ ਲੋਕ ਮਜ਼ੇ ਨਾਲ ਚੱਲ ਸਕਦੇ ਸਨ। ਨਗਰ ਨੂੰ ਇਕ ਸਹੂਲਤਾਂ ਭਰਪੂਰ ਯੋਜਨਾ ਨਾਲ ਤਿਆਰ ਕੀਤਾ ਗਿਆ ਸੀ।"

ਸੜਕਾਂ 9 ਤੋਂ 34 ਫੁੱਟ ਤੱਕ ਚੌੜੀਆਂ ਸਨ।...ਉਹ ਇੱਕ ਦੂਜੀ ਨੂੰ ਕੱਟ ਕੇ ਚੌਰਾਹਾ ਬਣਾਉਂਦੀਆਂ ਸਨ। ਜ਼ਿਆਦਾ ਘਰਾਂ ਵਿੱਚ ਆਪਣੇ ਨਿੱਜੀ ਖੂਹ ਅਤੇ ਨਹਾਉਣ ਵਾਲੇ ਗੁਸਲਖਾਨੇ ਸਨ....ਪਾਣੀ ਕੱਢਣ ਵਾਸਤੇ ਨਾਲੀਆਂ ਅਤੇ ਮੋਰੀਆਂ ਇਸ ਤਰ੍ਹਾਂ ਲਗਾਈਆਂ ਗਈਆਂ ਸਨ ਕਿ ਅੱਜ-ਕੱਲ੍ਹ ਦੇ ਨਾਗਰਿਕਾਂ ਨੂੰ ਜਿਸ ਨਾਲ ਈਰਖਾ ਹੋ ਸਕਦੀ ਹੈ।...ਨਗਰ ਦੇਖਣ ਤੋਂ ਇੱਕ ਲੋਕਤੰਤਰਕ ਪੂੰਜੀਵਾਦੀ (ਭਾਵ ਲੋਕ ਰਾਜੀ ਅਮੀਰ) ਲਗਦਾ ਹੈ। ਮਕਾਨ ਵਧੇਰੇ ਕਰਕੇ ਪੱਕੀਆਂ ਇੱਟਾਂ ਦੇ ਬਣੇ ਹਨ।...ਇੱਟਾਂ ਦਾ ਜੋੜ ਇਨਾ ਬਰੀਕ ਹੈ ਕਿ ਉਸ ਵਿੱਚ ਬਰੀਕ ਚਾਕੂ ਦਾ ਫਲਾ ਘੁਮਾਉਣਾ ਵੀ ਔਖਾ ਹੈ। ਹਰੇਕ ਘਰ ਬਹੁਤ ਸੁਖਦਾਇਕ ਅਤੇ ਸਾਫ ਸੁੰਦਰ ਸੀ। ਸਭ ਤੋਂ ਛੋਟੇ ਘਰਾਂ ਵਿੱਚ ਦੋ ਕਮਰੇ ਸਨ ਅਤੇ ਵੱਡੇ-ਵੱਡੇ ਘਰ ਤਾਂ ਮਹਿਲਾਂ ਵਾਂਗ ਸਨ। ਵਿਚਕਾਰ ਪੱਕੀਆਂ ਇੱਟਾਂ ਦਾ ਬਣਿਆ ਵਿਹੜਾ ਸੀ। ਕਿਨਾਰਿਆਂ ਵੱਲ ਕਮਰੇ, ਦਰਵਾਜ਼ੇ ਅਤੇ ਖਿੜਕੀਆਂ ਸਨ। ਮੁੱਖ ਦਰਵਾਜ਼ਾ ਸੜਕ ਵੱਲ ਖੁਲ੍ਹਦਾ ਸੀ। ਹਰ ਘਰ ਦਾ ਗੁਸਲਖਾਨਾ ਸੜਕ ਦੇ ਨਾਲ ਹੁੰਦਾ ਸੀ।...ਇਹ ਵੀ ਪਤਾ ਲਗਦਾ ਹੈ ਕਿ ਸ਼ਹਿਰ ਵਿੱਚ ਸੜਕਾਂ 'ਤੇ ਰਾਤ ਨੂੰ ਦੀਪਕ ਜਗਿਆ ਕਰਦੇ ਸਨ।

ਲੋਕ ਕਣਕ ਅਤੇ ਜੌਂ ਦੀ ਖੇਤੀ ਕਰਦੇ ਸਨ। ਚੌਲ (ਧਾਨ), ਤਿਲ ਅਤੇ ਮਟਰ ਵੀ ਪੈਦਾ ਕੀਤੇ ਜਾਂਦੇ ਸਨ।...ਉਹ ਸੂਤੀ ਅਤੇ ਊਨੀ ਕੱਪੜੇ ਪਹਿਨਦੇ ਸਨ।..ਇਸਤਰੀਆਂ ਦਾ ਪਹਿਰਾਵਾ ਵੀ ਪੁਰਸ਼ਾਂ ਵਰਗਾ ਹੀ ਸੀ।...ਇਸਤਰੀਆਂ ਨੂੰ ਸੋਨੇ, ਚਾਂਦੀ, ਤਾਂਬੇ, ਪਿੱਤਲ ਅਤੇ ਮਿੱਟੀ ਪੱਥਰ ਦੇ ਗਹਿਣਿਆਂ ਨਾਲ ਪ੍ਰੇਮ ਸੀ। ਆਦਮੀ ਕੜਾ, ਕੰਠਾ ਅਤੇ ਅੰਗੂਠੀ ਪਹਿਨਦੇ ਸਨ।..ਨਾਪ ਤੋਲ ਤੋਂ ਪਤਾ ਲਗਦਾ ਹੈ ਕਿ ਉਹ ਵਸਤੂ ਵੰਡ ਅੱਜ-ਕੱਲ੍ਹ ਦੇ ਰੁਪਇਆਂ ਦੀ ਤਰ੍ਹਾਂ 16 ਤੋਂ ਹੀ ਕਰਦੇ ਸਨ।....ਲੜਨ ਲਈ ਉਨ੍ਹਾਂ ਕੋਲ ਤਾਂਬੇ ਜਾਂ ਪਿੱਤਲ ਦੇ ਫਰਸੇ, ਭਾਲੇ, ਕਟਾਰ ਅਤੇ ਤਲਵਾਰ ਸਨ। ਧਨੁੱਸ਼ ਬਾਣ ਵੀ ਸਨ। (ਸਫਾ 17)-ਅਸੀਂ ਦੇਖ ਚੁੱਕੇ ਹਾਂ ਕਿ ਆਰੀਆ ਨੇ ਕਿਹੋ ਜਿਹੀ ਸਭਿਅਤਾ ਅਤੇ ਭੌਤਿਕ ਜੀਵਨ ਨੂੰ ਤਬਾਹ ਕਰਨ ਦਾ ਯਤਨ ਕੀਤਾ....ਬਹੁਤ ਨਗਰ ਵਿਰਾਨ ਹੋ ਗਏ। ਪਿੰਡਾਂ ਦੇ ਬਹੁਤ ਲੋਕ ਪੂਰਬ ਅਤੇ ਦੱਖਣ ਵੱਲ ਦੌੜ ਗਏ। ਜੋ ਰਹਿ ਗਏ, ਉਨ੍ਹਾਂ ਨੂੰ ਜੇਤੂਆਂ (ਆਰੀਆ) ਨੇ ਦਾਸ ਜਾਂ ਨੌਕਰ ਬਣਾ ਲਿਆ। ਪ੍ਰਧਾਨ ਜਨਾਂ (ਆਰੀਆ ਨੇ) ਨੇ ਸਿੰਧੂ ਤੋਂ ਲੈ ਕੇ ਪੂਰਬ

ਤੱਕ ਭੂਮੀ 'ਤੇ ਅਧਿਕਾਰ ਜਮਾ ਲਿਆ।"

ਆਰੀਆਂ ਦੇ ਪੰਜ ਮੁੱਖ ਵੰਸ਼ ਸਨ। 1. ਪੁਰੂ ਵੰਸ਼ (ਦੇਵ ਦਾਸ ਸੁਦਾਸ) 2. ਯਦੂ ਵੰਸ਼ (ਕ੍ਰਿਸ਼ਨ ਵੰਸ਼) 3. ਤੁਰਵੰਸ ਵੰਸ਼ 4. ਦਰੁਹੂ ਵੰਸ਼ ਅਤੇ 5. ਅਨੂੰ ਵੰਸ਼। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਲਗਪਗ ਚਾਰ ਹਜ਼ਾਰ ਵਰ੍ਹੇ ਪਹਿਲਾਂ ਦੁਨੀਆ ਭਰ ਦੀ ਜੋ ਸਭ ਤੋਂ ਉੱਤਮ ਸੱਭਿਅਤਾ ਭਾਰਤ ਵਿੱਚ ਮੌਜੂਦ ਸੀ ਤੇ ਜਿਸ ਨੂੰ ਬਦੇਸ਼ੀ ਆਰੀਆਂ ਨੇ ਤਬਾਹ ਕੀਤਾ, ਉਸ ਦੇ ਵਾਰਸਾਂ ਨੂੰ ਅੱਜ ਦਰਾਵੜ, ਸੂਦਰ, ਅਵਰਨ, ਅਛੂਤ, ਸਛੂਤ, ਦਾਸ, ਦਸਿਉ, ਆਸੁਰ, ਦੈਂਤ, ਰਾਖਸ਼, ਬਾਨਰ, ਦਾਨਵ, ਹਰੀਜਨ, ਗਿਰੀਜਨ, ਅਨੁਸੂਚਿਤ ਜਾਤੀਆਂ, ਪਛੜੀਆਂ ਜਾਤੀਆਂ ਅਤੇ ਨਿੱਕੀਆਂ ਸੁੱਕੀਆਂ ਜਾਤਾਂ ਕਹਿ ਕੇ ਪੁਕਾਰਿਆ ਜਾਂਦਾ ਹੈ ਪ੍ਰੰਤੂ ਸੰਸਾਰ ਭਰ ਦਾ ਇਤਿਹਾਸ ਗਵਾਹ ਹੈ ਕਿ ਇਹ ਲੋਕ ਮਹਾਨ ਸਿੰਧੂ ਸੱਭਿਅਤਾ ਦੇ ਵਾਰਸ ਹਨ ਅਤੇ ਭਾਰਤ ਦੇ ਮੂਲ ਨਿਵਾਸੀ ਵੰਸ਼ ਹਨ।

ਪੰਜਾਬੀ ਟ੍ਰਿਬਿਊਨ 2 ਅਕਤੂਬਰ, 1988 (ਡਾ. ਟੀ.ਆਰ. ਸ਼ਰਮਾ)

ਪਰ ਸ਼ਾਇਦ ਇਸ ਸਦੀ ਦੀ ਸਭ ਤੋਂ ਵੱਡੀ ਖੋਜ 4500 ਸਾਲ ਪੁਰਾਣਾ ਸ਼ਹਿਰ ਮੋਹਨਜੋਦੜੋ ਹੈ, ਜਿਹੜਾ ਹਜ਼ਾਰਾਂ ਸਾਲ ਪਾਕਿਸਤਾਨ ਦੀ ਪ੍ਰਸਿੱਧ ਬੰਦਰਗਾਹ ਕਰਾਂਚੀ ਤੋਂ ਤਕਰੀਬਨ 250 ਮੀਲ ਦੂਰ ਉੱਤਰ ਵਿੱਚ ਧਰਤੀ ਹੇਠਾਂ ਲੁਕਿਆ ਰਿਹਾ ਅਤੇ ਜਿਸ ਦਾ ਪਤਾ ਮਨੁੱਖ ਨੂੰ ਕੇਵਲ 1921 ਵਿੱਚ ਲੱਗਾ। ਪ੍ਰਾਚੀਨ ਸੰਸਾਰ ਦਾ ਇਹ ਸਭ ਤੋਂ ਵੱਡਾ ਸ਼ਹਿਰ ਲਾਲ ਰੰਗ ਦੀਆਂ ਪੱਕੀਆਂ ਇੱਟਾਂ ਦਾ ਬਣਿਆਂ, ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਦਾ ਪਹਿਲਾ ਪੰਘੂੜਾ ਸਮਝਿਆ ਜਾਂਦਾ ਹੈ। ਇਹ ਸੰਸਾਰ ਦਾ ਪਹਿਲਾ ਸ਼ਹਿਰ ਹੈ, ਜਿਸ ਨੂੰ ਵਿਉਂਤ ਅਨੁਸਾਰ ਉਲੀਕਿਆ ਗਿਆ ਸੀ, ਜਿਸ ਦੀਆਂ ਨਾਲੀਆਂ ਧਰਤੀ ਥੱਲੇ ਵਗਦੀਆਂ ਸਨ ਤੇ ਜਿੱਥੇ ਸੰਸਾਰ ਦਾ ਰੂੰ ਕੱਤਣ ਤੇ ਬੁਣਨ ਦਾ ਪਹਿਲਾ ਕਾਰਖਾਨਾ ਲਗਾਇਆ ਗਿਆ ਸੀ। ਭਾਰਤੀ ਉਪ ਮਹਾਂਦੀਪ ਦਾ ਇਹ ਪ੍ਰਸਿੱਧ ਮਹਾਨ ਨਗਰ ਸੀ। ਇਜ ਲਗਦਾ ਹੈ ਕਿ ਸ਼ਹਿਰ ਦੇ ਟਾਊਨਪਲੈਨਰ ਨੂੰ ਵਸਨੀਕਾਂ ਦੀਆਂ ਸਰੀਰਕ, ਸਮਾਜਿਕ, ਬੌਧਿਕ, ਆਰਥਿਕ ਤੇ ਸੱਭਿਆਚਾਰਕ ਲੋੜਾਂ ਦਾ ਪੂਰਾ-ਪੂਰਾ ਗਿਆਨ ਸੀ ਤੇ ਉਹ ਸਿਹਤ ਵਿਗਿਆਨ ਅਤੇ ਗਣਿਤ ਤੇ ਜੁਮੈਟਰੀ ਦੇ ਨਿਯਮਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਸ਼ਹਿਰ ਦੀ ਬਣਤਰ ਵਿਸ਼ਾਲ ਆਇਤਾਕਾਰ ਦੇ ਰੂਪ ਵਿੱਚ ਹੈ। ਉੱਤਰ ਤੋਂ ਦੱਖਣ ਵੱਲ ਅਤੇ ਪੂਰਬ ਤੋਂ ਪੱਛਮ ਵੱਲ ਸਿੱਧੀਆਂ ਤੇ ਚੌੜੀਆਂ ਇੱਟਾਂ ਪੱਥਰਾਂ ਦੀਆਂ ਬਣੀਆਂ ਸੜਕਾਂ ਸ਼ਹਿਰ ਦੇ ਵਿੱਚੋਂ ਦੀ ਦੌੜਦੀਆਂ ਸਨ। ਉਨ੍ਹਾਂ ਨਾਲ ਜੁੜੀਆਂ ਸਨ ਪੱਕੀਆਂ ਗਲੀਆਂ, ਉਹ ਵੀ ਬਿਲਕੁੱਲ ਸਿੱਧੀਆਂ ਤੇ ਚੌੜੀਆਂ। ਗਲੀਆਂ ਦੇ ਥੱਲੇ ਪਾਣੀ ਦੇ ਨਿਕਾਸ ਦੀਆਂ ਅਤੇ ਸੀਵਰ ਦੀਆਂ ਨਾਲੀਆਂ ਦਾ ਬੜਾ ਠੋਸ ਪ੍ਰਬੰਧ ਸੀ। ਇਥੋਂ ਦੀ ਲਿੱਪੀ ਦੀ ਪ੍ਰਕਿਰਤੀ ਬਾਰੇ ਵੀ ਮਤਭੇਦ ਹਨ। ਮੋਹਨਜੋਦੜੋ ਸ਼ਹਿਰ ਵਿਚਲੀਆਂ ਕੰਧਾਂ 'ਤੇ ਬੰਦਿਆਂ, ਮੱਛੀਆਂ, ਪੰਛੀਆਂ, ਪੱਤਿਆਂ, ਰੁੱਖਾਂ, ਫਲਾਂ ਆਦਿ ਦੇ ਚਿੱਤਰ ਮਿਲਦੇ ਹਨ। ਇਸ ਤੋਂ ਇਲਾਵਾ ਜੁਮੈਟਰੀ ਦੀਆਂ ਭਿੰਨ-ਭਿੰਨ ਸ਼ਕਲਾਂ—ਸਿੱਧੀਆਂ ਲਕੀਰਾਂ, ਚਕੋਰਾਂ, ਵਰਗਾਂ, ਆਇਤਾਂ, ਗੋਲਿਆਂ, ਤ੍ਰਿਕੋਣਾਂ, ਛੇਕੋਣਾਂ ਆਦਿ ਵੀ ਕਾਫੀ ਮਾਤਰਾ ਵਿੱਚ ਵੇਖਣ ਵਿੱਚ ਆਉਂਦੀਆਂ ਹਨ। ਕਈ ਮਾਹਰਾਂ ਦਾ ਖਿਆਲ ਹੈ ਕਿ ਮੋਹਨਜੋਦੜੋ ਦੀ ਲਿੱਪੀ ਵਿੱਚ ਪਸ਼ੂ-ਪੰਛੀਆਂ ਦੇ ਚਿੱਤਰਾਂ ਅਤੇ ਜੁਮੈਟਰੀ ਦੀਆਂ ਸ਼ਕਲਾਂ ਦਾ ਮਿਸ਼ਰਣ ਹੈ।

ਕੁਝ ਕੁ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਮੋਹਨਜੋਦੜੋ ਦੇ ਵਸਨੀਕਾਂ ਦੀ ਭਾਸ਼ਾ ਡਰਾਵੀਡੀਅਨ (ਦਰਾਵੜੀਅਨ) ਭਾਸ਼ਾ ਹੋਵੇਗੀ, ਜਿਹੜੀ ਹੁਣ ਬਿਲਕੁੱਲ ਖਤਮ ਹੋ ਚੁੱਕੀ ਹੈ ਤੇ ਜਿਸ ਵਿੱਚੋਂ ਤਾਮਿਲ, ਤੇਲਗੂ, ਕੰਨੜ ਆਦਿ ਭਾਸ਼ਾਵਾਂ ਦਾ ਜਨਮ ਹੋਇਆ ਹੈ। ਕਿਉਂਕਿ ਉਸ ਵੇਲੇ ਦੀ ਲਿੱਪੀ ਨੂੰ ਅਜੇ ਪੜ੍ਹਿਆ ਨਹੀਂ ਜਾ ਸਕਿਆ। ਇਸ ਲਈ ਕਿਹਾ ਨਹੀਂ ਜਾ ਸਕਦਾ ਕਿ ਉਨ੍ਹਾਂ ਲੋਕਾਂ ਦਾ ਸਮਾਜਿਕ, ਅਧਿਆਤਮਕ ਅਦੇ ਸਿਆਸੀ ਜੀਵਨ ਕਿਸ ਤਰ੍ਹਾਂ ਦਾ ਹੋਵੇਗਾ, ਪਰ ਸ਼ਹਿਰ ਦੇ ਖੰਡਰਾਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦਾ ਸਮਾਜ ਸਮਾਨਤਵਾਦੀ ਸੀ। ਸ਼ਹਿਰ ਵਿੱਚ ਤਕਰੀਬਨ 40,000 ਬੰਦੇ ਰਹਿੰਦੇ ਸਨ, ਜਿਨ੍ਹਾਂ ਦੇ ਮਕਾਨ ਇਕ ਕਮਰੇ ਦੀਆਂ ਬੈਰਕਾਂ ਤੋਂ ਲੈ ਕੇ ਦੋ ਮੰਜ਼ਲਾਂ ਵਾਲੇ ਵੀਹ-ਵੀਹ ਕਮਰਿਆਂ ਦੇ ਮਕਾਨਾਂ ਵਰਗੇ ਭਿੰਨ-ਭਿੰਨ ਕਿਸਮ ਦੇ ਸਨ। ਸ਼ਹਿਰ ਵਿੱਚ ਬਣੇ ਵਿਸ਼ਾਲ ਇਸ਼ਨਾਨ ਘਰ, ਦਾਣਿਆਂ ਦੇ ਗੋਦਾਮ ਅਤੇ ਕਿੰਨੇ ਸਾਰੇ ਸਤੰਭਾਂ 'ਤੇ ਖੜ੍ਹੀ ਛੱਤ ਵਾਲਾ ਵਿਸ਼ਾਲ ਹਾਲ, ਆਮ ਜਨਤਾ ਦੀ ਵਰਤੋਂ ਲਈ ਸਨ। ਕਈ ਲੇਖਕ ਇਹ ਵੀ ਲਿਖਦੇ ਹਨ ਕਿ ਸ਼ਾਇਦ ਇੱਥੇ ਲੋਕਤੰਤਰ ਪ੍ਰਣਾਲੀ ਵਾਲਾ ਗਣਰਾਜ ਸੀ।

ਸਿੰਧੂ ਘਾਟੀ ਦੀ ਸੱਭਿਅਤਾ ਦੇ ਚਿੰਨ੍ਹ ਹੋਰ ਕਈ ਥਾਵਾਂ, ਜਿਵੇਂ ਲੁਧਿਆਣਾ, ਰੋਪੜ ਆਦਿ ਵਿਚ ਵੀ ਮਿਲੇ

ਹਨ। ਇਨ੍ਹਾਂ ਥਾਵਾਂ 'ਤੇ ਮਿਲੇ ਪੁਰਾਣੇ ਸ਼ਹਿਰਾਂ ਦੀ ਰੂਪ-ਰੇਖਾ ਵਿੱਚ ਕਾਫੀ ਸਾਂਝ ਹੈ, ਮਾਪ ਅਤੇ ਤੋਲ ਦੇ ਪੈਮਾਨੇ ਇਕੋ ਜਿਹੇ ਹਨ। ਮੋਹਨਜੋਦੜੋ ਦੇ ਵਸਨੀਕ ਸੁੰਦਰਤਾ ਦੀ ਸ਼ਲਾਘਾ ਕਰਦੇ ਸਨ, ਉਹ ਮਨਪ੍ਰਚਾਵੇ ਦੀ ਲੋੜ ਤੋਂ ਵੀ ਅਣਭਿੱਜ ਨਹੀਂ ਸਨ। ਸਰ ਜਾਨ ਮਾਰਸ਼ਲ, ਜਿਸ ਨੇ ਮੁੱਢਲੀ ਖੁਦਾਈ ਕਰਵਾਈ ਸੀ, ਲਿਖਦਾ ਹੈ ਕਿ ਉਸ ਵੇਲੇ ਦੀਆਂ ਔਰਤਾਂ, ਚਾਂਦੀ-ਸੋਨੇ ਦੇ ਬੜੇ ਬਾਰੀਕ ਪੇਚੀਦਾ ਤੇ ਮਨਮੋਹਕ ਜ਼ੇਵਰ ਪਹਿਨਦੀਆਂ ਸਨ, ਗਹਿਣਿਆਂ ਦੀ ਫਿਨਸ਼ਿੰਗ ਇੰਨੀ ਵਧੀਆ ਤੇ ਚਮਕ ਇੰਨੀ ਤਿਲਸਮਾਤੀ ਸੀ ਕਿ ਗਹਿਣੇ ਹੁਣੇ-ਹੁਣੇ ਲੰਦਨ ਦੇ ਸ਼ਰਾਫਾਂ ਦੀਆਂ ਦੁਕਾਨਾਂ ਵਿੱਚੋਂ ਲਿਆਂਦੇ ਜਾਪਦੇ ਹਨ। ਔਰਤਾਂ ਰੰਗਦਾਰ ਪੋਸ਼ਾਕਾਂ ਨਾਲ ਆਪਣੇ-ਆਪ ਨੂੰ ਸਜਾਉਂਦੀਆਂ ਸੰਵਾਰਦੀਆਂ ਸਨ। ਉਹ ਲੋਕ, ਮਰਦ ਅਤੇ ਔਰਤਾਂ ਚੌਪਟ ਅਤੇ ਸ਼ਤਰੰਜ ਦਾ 'ਲੁਤਫ' ਵੀ ਲੈਂਦੇ ਸਨ। ਸ਼ਿਲਪਕਾਰ ਮਿੱਟੀ ਦੇ ਸੁੰਦਰ ਖਿਡੌਣੇ ਬੱਚਿਆਂ ਲਈ ਅਤੇ ਸਜਾਵਟ ਲਈ ਬਣਾਉਂਦੇ ਸਨ। ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਲੋਕਾਂ ਨੇ ਰਾਤ ਨੂੰ ਗਲੀਆਂ ਵਿੱਚ ਰੌਸ਼ਨੀ ਕਰਨ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਵੱਡੀਆਂ-ਵੱਡੀਆਂ ਸੜਕਾਂ ਅਤੇ ਨਿੱਕੀਆਂ-ਨਿੱਕੀਆਂ ਗਲੀਆਂ ਦੇ ਚੌਰਸਤਿਆਂ 'ਤੇ ਉੱਚੇ-ਉੱਚੇ ਮੀਨਾਰ ਬਣਾ ਕੇ ਉਨ੍ਹਾਂ 'ਤੇ ਬੱਤੀਆਂ ਬਾਲਣ ਦਾ ਬੜਾ ਸਫਲ ਪ੍ਰਬੰਧ ਸੀ। ਹੋਰ ਤਾਂ ਹੋਰ ਪਬਲਿਕ ਇਸ਼ਨਾਨ ਘਰ ਵਿੱਚ ਠੰਢੇ ਅਤੇ ਗਰਮ ਪਾਣੀ ਦੋਵਾਂ ਦਾ ਇੰਤਜ਼ਾਮ ਸੀ।

ਉੱਤਰੀ ਦਰਾਵੜ ਸੱਭਿਅਤਾ ਦਾ ਖੇਤਰ:-ਬਲੋਚਸਤਾਨ, ਅਫਗਾਨਸਤਾਨ, ਪਾਕਿਸਤਾਨ, ਪੰਜਾਬ, ਰਾਜਸਥਾਨ, ਗੁਜਰਾਤ ਅਤੇ ਉੱਤਰ ਪ੍ਰਦੇਸ਼। ਦੱਖਣੀ ਖੇਤਰ :-ਕਰਨਾਟਕ, ਆਂਧਰਾ, ਕੇਰਲ, ਤਾਮਿਲਨਾਡੂ, ਉੜੀਸਾ ਦੇ ਆਸ-ਪਾਸ। ਪ੍ਰਮੁੱਖ ਸਥਾਨ :-ਮੋਹਨਜੋਦੜੋ, ਹੜੱਪਾ, ਕਾਲੀਬੰਗਾ, ਲੋਥਲ, ਰੋਪੜ, ਚਹੁਨਜੋਦੜੋ, ਸੰਘੋਲ ਆਦਿ।

ਸੰਸਾਰ ਭਰ ਦੇ ਇਤਿਹਾਸਕਾਰਾਂ ਨੇ ਸਮੂਹਿਕ ਰੂਪ ਵਿੱਚ ਇਹ ਗੱਲ ਮੰਨੀ ਹੈ ਕਿ ਈਸਾ ਤੋਂ ਚਾਰ ਪੰਜ ਸੌ ਸਾਲ ਪਹਿਲਾਂ ਜਿਹੜੀਆਂ ਸੱਭਿਆਤਾਵਾਂ ਭਾਵ ਮਨੁੱਖੀ ਅਬਾਦੀਆਂ, ਇਸ ਧਰਤੀ 'ਤੇ ਮੌਜੂਦ ਸਨ, ਉਨ੍ਹਾਂ ਵਿੱਚੋਂ ਇੱਕ ਸੱਭਿਅਤਾ ਸਿੰਧੂ ਘਾਟੀ ਦੀ ਦਰਾਵੜ ਸੱਭਿਅਤਾ ਸੀ, ਜਿਸ ਨੇ ਹੈਰਾਨੀਜਨਕ ਤਰੱਕੀ ਕੀਤੀ ਹੋਈ ਸੀ। ਇਸ ਦੀ ਇਹ ਉਦਾਹਰਣ ਹੀ ਕਾਫੀ ਹੈ ਕਿ ਇਸ ਘਾਟੀ ਦੇ ਲੋਕ ਜਹਾਜ਼ ਬਣਾਇਆ ਕਰਦੇ ਸਨ ਤੇ ਇਨ੍ਹਾਂ ਜਹਾਜ਼ਾਂ ਰਾਹੀਂ ਬਾਹਰਲੇ ਦੇਸ਼ਾਂ ਨਾਲ ਵਪਾਰ ਕਰਦੇ ਸਨ। ਇਨ੍ਹਾਂ ਜਹਾਜ਼ਾਂ ਦੇ ਖੜ੍ਹਣ ਲਈ ਬਣਾਈ ਗਈ ਬੰਦਰਗਾਹ ਅੱਜ ਵੀ ਸਮੁੰਦਰ ਦੇ ਕਿਨਾਰੇ 'ਤੇ ਮੌਜੂਦ ਹੈ। ਸ਼ਹਿਰਾਂ ਦੀ ਬਣਤਰ, ਕਿਲ੍ਹਿਆਂ ਦੀ ਬਣਤਰ, ਗੁਦਾਮਾਂ ਅਤੇ ਕਾਰਖਾਨਿਆਂ ਦੀ ਬਣਤਰ, ਸੜਕਾਂ ਦੀ ਹੋਂਦ, ਗੰਦੇ ਪਾਣੀ ਦਾ ਨਿਕਾਸ ਪ੍ਰਬੰਧ, ਸਾਫ ਪਾਣੀ ਦੀ ਪਹੁੰਚ ਦਾ ਪ੍ਰਬੰਧ, ਪੱਕੀਆਂ ਇੱਟਾਂ ਅਤੇ ਮੂਰਤੀ ਕਲਾ, ਹਾਰ ਸ਼ਿੰਗਾਰ, ਕਣਕ ਦੀ ਉਗਾਈ ਆਦਿ ਸਭ ਕੁਝ ਨੂੰ ਵੇਖ ਕੇ ਇਤਿਹਾਸਕਾਰ ਇਸ ਸ਼ਾਨਦਾਰ ਤਰੱਕੀ 'ਤੇ ਹੈਰਾਨੀ ਪ੍ਰਗਟ ਕਰਦੇ ਹਨ। (ਦੇਖੋ ਰੂਸੀ ਇਤਿਹਾਸਕਾਰਾਂ ਦੀ ਲਿਖੀ ਪੁਸਤਕ 'ਭਾਰਤ ਦਾ ਇਤਿਹਾਸ')

ਹੁਣ ਸਾਡੇ ਸਾਹਮਣੇ ਪ੍ਰਸ਼ਨ ਇਹ ਹੈ ਕਿ ਏਨੀ ਤਰੱਕੀਯਾਫਤਾ ਸੱਭਿਅਤਾ ਵਿੱਚ ਵਸਣ ਵਾਲੇ ਲੋਕ ਕੌਣ ਸਨ? ਉਨ੍ਹਾਂ ਲੋਕਾਂ ਬਾਰੇ ਜੋ ਜਾਣਕਾਰੀ ਅੱਜ ਤੱਕ ਪ੍ਰਾਪਤ ਹੋਈ ਹੈ, ਉਸ ਵਿੱਚੋਂ ਕੁਝ ਜ਼ਰੂਰੀ ਵਰਣਨ ਕਰਕੇ ਉਸ ਸੱਭਿਅਤਾ ਦੇ ਮਾਲਕਾਂ ਬਾਰੇ ਠੀਕ-ਠੀਕ ਪਤਾ ਕਰਨ ਦਾ ਯਤਨ ਕਰਾਂਗੇ। ਰਿਗਵੇਦ ਆਰੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ। ਜਿਸ ਦੇ ਹਵਾਲਿਆਂ ਨਾਲ ਅਸੀਂ ਉਪਰੋਕਤ ਤੱਥ ਜਾਣਨਾ ਠੀਕ ਸਮਝਾਂਗੇ ਕਿਉਂਕਿ ਇਹ ਗ੍ਰੰਥ ਆਰੀਆਂ ਨੇ ਲਿਖਿਆ ਹੈ ਅਤੇ ਇਸ ਗ੍ਰੰਥ ਵਿੱਚ ਆਰੀਆਂ ਅਤੇ ਸਿੰਧੂ ਲੋਕਾਂ ਬਾਰੇ ਵੱਡੀ ਪੱਧਰ 'ਤੇ ਜਾਣਕਾਰੀ ਦਿੱਤੀ ਹੋਈ ਹੈ। ਆਓ ਵੇਖੀਏ ਰਿਗਵੇਦ ਕਿਸ-ਕਿਸ ਦੀ ਗਵਾਹੀ ਭਰਦਾ ਹੈ।

ਰਿਗਵੇਦ (1,53,8/1, 103, 3) ਦਸਿਊ (ਭਾਵ ਸਿੰਧੂ ਘਾਟੀ ਦੇ ਲੋਕ) ਸ਼ਹਿਰਾਂ ਵਿੱਚ ਰਹਿੰਦੇ ਸਨ। ਉਨ੍ਹਾਂ ਪਾਸ ਪਰਚਰ-ਦਰੱਵ ਸੀ। ਗਊਆਂ, ਘੋੜੇ ਅਤੇ ਰੱਥ ਸਨ।

ਰ.ਵ.—(2, 15, 4):-ਇਹ ਸਭ (ਭਾਵ ਪਦਾਰਥ ਤੇ ਪਸ਼ੂ) 100 ਫਾਟਕਾਂ ਵਾਲੇ ਨਗਰ ਵਿੱਚ ਰੱਖੇ ਜਾਂਦੇ ਸਨ।

ਰ.ਵ.—(70, 09, 3):-ਇੰਦਰ ਨੇ ਇਹ ਸਭ ਕੁਝ ਲੈ ਕੇ ਆਪਣੇ ਭਗਤ ਆਰੀਆਂ ਨੂੰ ਦੇ ਦਿੱਤੇ।

ਰ.ਵ.—(1, 176, 4):-ਦਸਿਊ ਧਨੀ ਸਨ।

ਰ.ਵ.—(10, 69, 6) :-ਉਨ੍ਹਾਂ ਦੇ ਵਸਤਰ ਸੋਨੇ ਅਤੇ ਰਤਨਾਂ ਨਾਲ ਸਜੇ ਹੁੰਦੇ ਸਨ।

ਰ.ਵ.–(1, 33, 4) :-ਉਨ੍ਹਾਂ ਦੀ ਜਾਇਦਾਦ ਮੈਦਾਨ ਅਤੇ ਪਹਾੜ 'ਤੇ ਸੀ ।

ਰ.ਵ.–(4, 67, 3) :-ਦਸਿਊ, ਆਰੀਆਂ ਦੀ ਤਰ੍ਹਾਂ ਰੱਥ 'ਤੇ ਚੜ੍ਹ ਕੇ ਯੁੱਧ ਵਿੱਚ ਆਉਂਦੇ ਸਨ ਅਤੇ ਆਰੀਆਂ ਦੀ ਤਰ੍ਹਾਂ ਸ਼ਸਤਰ ਚਲਾਉਂਦੇ ਸਨ ।

ਬ੍ਰਹਮ ਪੁਰਾਣ (ਅਧਿ:73) :-ਦੈਂਤ ਰਾਜ ਹਰਨਾਖਸ਼ ਨੇ ਵਿਸ਼ਵ ਵਿਜੈ ਪ੍ਰਾਪਤ ਕੀਤੀ ਸੀ, ਜੋ ਵਿਸ਼ਨੂੰ ਦਾ ਵਿਰੋਧੀ ਸੀ । ਵਿਸ਼ਨੂੰ ਉਸ ਤੋਂ ਭੈ-ਭੀਤ ਸੀ । ਪ੍ਰਲਾਦ ਦੇ ਪੁੱਤਰ ਬਲੀ ਨੇ ਚੜ੍ਹਾਈ ਕਰਕੇ ਆਰੀਆਂ ਦਾ ਰਾਜ ਜਿੱਤ ਲਿਆ ਅਤੇ ਦੇਵ ਰਾਜ ਇੰਦਰ ਉੱਥੋਂ ਭੱਜ ਗਿਆ। ਬਲੀ ਨਾਮ ਦਾ ਇੱਕ ਵੱਡਾ ਦੈਂਤ ਸੀ ਜੋ ਦੇਵਤਾਵਾਂ (ਭਾਵ ਆਰੀਆਂ) ਦਾ ਦੁਸ਼ਮਣ ਸੀ । ਉਸ ਨੂੰ ਕੋਈ ਵੀ ਜਿੱਤ ਨਾ ਸਕਿਆ । ਉਸ ਦੇ ਰਾਜ ਵਿੱਚ ਤਿੰਨਾਂ ਲੋਕਾਂ ਦੇ ਦੁੱਖ ਦੂਰ ਹੁੰਦੇ ਸਨ । ਨਾ ਕੋਈ ਸ਼ਤਰੂ ਸੀ, ਨਾ ਕੋਈ ਰੋਗੀ ਅਤੇ ਨਾ ਹੀ ਕਿਸੇ ਨੂੰ ਕੋਈ ਮਾਨਸਿਕ ਚਿੰਤਾ ਸੀ ਅਤੇ ਨਾ ਹੀ ਕਿਤੇ ਗੁੰਡੇ ਜਾਂ ਬਦਮਾਸ਼ ਸਨ। ਇਹ ਲੋਕ (ਭਾਵ : ਆਰੀਆ) ਰਾਜਾ ਬਲੀ ਦੀ ਜਸਰੂਪੀ ਅਗਨੀ ਨਾਲ ਝੁਲਸ ਕੇ ਵਿਸ਼ਨੂੰ ਦੇ ਕੋਲ ਗਏ ਤੇ ਕਿਹਾ-(73-15) ਆਪ (ਵਿਸ਼ਨੂੰ) ਬ੍ਰਾਹਮਣ ਰੂਪ ਵਿੱਚ ਸ੍ਰਿਸ਼ਟੀ ਚਲਾਉਂਦੇ ਹੋ । ਤੁਸੀਂ ਆਪ ਹੀ ਦੱਸੋ ਕਿ ਅਸੀਂ ਦੈਂਤਾਂ ਦੇ ਅੱਗੇ ਕਿਵੇਂ ਸਿਰ ਝੁਕਾ ਦੇਈਏ । ਸਪੱਸ਼ਟ ਹੈ ਕਿ ਸਿੰਧੂ ਘਾਟੀ ਦੇ ਦਰਾਵੜ ਆਦਿਵਾਸੀਆਂ ਦੀ ਸੱਭਿਅਤਾ ਇੱਕ ਮਹਾਨ ਅਤੇ ਅਮੀਰ ਸਭਿਅਤਾ ਸੀ । ਇਸ ਬਾਰੇ ਆਰੀਆਂ ਨੇ ਆਪਣੇ ਗ੍ਰੰਥਾਂ ਵਿੱਚ ਬਹੁਤ ਹੀ ਸਪੱਸ਼ਟ ਕਰਕੇ ਲਿਖਿਆ ਹੈ । ਖਾਸ ਕਰਕੇ ਰਿਗਵੇਦ ਵਿੱਚ ਆਰੀਆਂ ਅਤੇ ਦਰਾਵੜਾਂ ਦੇ ਯੁੱਧਾਂ ਦਾ ਵਰਨਣ ਵੱਡੀ ਪੱਧਰ 'ਤੇ ਮਿਲਦਾ ਹੈ । ਦਰਾਵੜਾਂ ਦੀ ਰਹਿਣੀ-ਬਹਿਣੀ ਅਤੇ ਸਮਾਜਿਕ-ਆਰਥਿਕ ਪੱਧਰ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਅਸੀਂ ਉਪਰੋਕਤ ਹਵਾਲਿਆਂ ਵਿੱਚ ਵੇਖ ਚੁੱਕੇ ਹਾਂ।

ਮਹਾਨ ਦਰਾਵੜ ਸੱਭਿਅਤਾ ਦੀ ਤਬਾਹੀ ਕਿਵੇਂ ਹੋਈ, ਇਸ ਬਾਰੇ ਕੁਝ ਵਰਨਣ ਕਰਨ ਤੋਂ ਪਹਿਲਾਂ ਜ਼ਰੂਰੀ ਹੋਵੇਗਾ ਕਿ ਆਰੀਆ ਨਸਲ ਦੇ ਲੋਕਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ, ਤਾਂ ਕਿ ਕਿਸੇ ਠੋਸ ਨਿਰਣੇ 'ਤੇ ਪਹੁੰਚਿਆ ਜਾ ਸਕੇ । ਵੱਖ-ਵੱਖ ਇਤਿਹਾਸਕਾਰਾਂ ਅਤੇ ਖੋਜਕਾਰਾਂ ਨੇ ਆਰੀਆਂ ਬਾਰੇ ਇਸ ਪ੍ਰਕਾਰ ਲਿਖਿਆ ਹੈ :-ਪੰਡਤ ਬਾਲ ਗੰਗਾਧਰ ਤਿਲਕ :-ਪੁਸਤਕ 'ਆਰੀਅਨ' ਵਿੱਚ ਲਿਖਦੇ ਹਨ ਕਿ ਆਰੀਆ ਲੋਕ ਸਭ ਤੋਂ ਪਹਿਲਾਂ ਉਤਰੀ ਧਰੁਵ ਦੇ ਵਸਨੀਕ ਸਨ । ਪੰਡਤ ਜਵਾਹਰ ਲਾਲ ਨਹਿਰੂ :-'ਪਿਤਾ ਕੀ ਓਰ ਸੇ ਪੁੱਤਰੀ ਕੇ ਨਾਮ ਪੱਤਰ' ਵਿੱਚ ਲਿਖਦੇ ਹਨ, "ਉੱਤਰ ਵੱਲੋਂ ਆਰੀਆਂ ਨੇ ਇਨ੍ਹਾਂ ਦਰਾਵੜ ਲੋਕਾਂ 'ਤੇ ਹਮਲਾ ਕੀਤਾ। ਜ਼ਰੂਰ ਹੀ ਇਨ੍ਹਾਂ ਆਰੀਆ ਲੋਕਾਂ ਦਾ ਮੱਧ ਏਸ਼ੀਆ ਵਿੱਚ ਬਹੁਤ ਵੱਡਾ ਸਮੂਹ ਹੋਵੇਗਾ।

ਲਾਲਾ ਲਾਜਪਤ ਰਾਏ :-'ਭਾਰਤ ਵਰਸ਼ ਦਾ ਇਤਿਹਾਸ' ਵਿੱਚ ਸਫ਼ਾ 21-22 'ਤੇ ਲਿਖਦੇ ਹਨ ਕਿ ਕੀ ਹਿੰਦੂ (ਕਹਿਣ ਤੋਂ ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼ ਜਾਤੀ ਦੇ ਲੋਕ) ਭਾਰਤ ਦੇ ਮੂਲ ਨਿਵਾਸੀ ਹਨ ? ਪ੍ਰਸ਼ਨ ਉਠਾ ਕੇ ਆਪ ਹੀ ਉੱਤਰ ਦਿੰਦੇ ਹਨ : ਮੇਰੇ ਵਿਚਾਰ ਅਨੁਸਾਰ ਇਸ ਗੱਲ ਨੂੰ ਇਤਿਹਾਸਕ ਤੌਰ 'ਤੇ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਹਿੰਦੂ ਆਰੀਆ ਭਾਰਤ ਦੇ ਮੂਲ ਨਿਵਾਸੀ ਨਹੀਂ ਹਨ।

Hevell in "Aryan Rule in India`` Page-32

Vishnu, popularly, was a deified Hero, a great cashatria teacher, reincarnated from time to instruct the Aryan Race and led them to victory.

ਹੈਵਲ–'ਭਾਰਤ ਵਿੱਚ ਆਰੀਆਂ ਦਾ ਸ਼ਾਸਨ' ਸਫ਼ਾ-32

ਵਿਸ਼ਨੂੰ, ਜਿਸ ਤਰ੍ਹਾਂ ਮਸ਼ਹੂਰ ਹੈ, ਇਕ ਪੂਜਾਯੋਗ ਹੀਰੋ ਸੀ। ਇਕ ਮਹਾਨ ਕਸ਼ੱਤਰੀ ਆਗੂ ਜਿਸ ਨੇ ਸਮੇਂ-ਸਮੇਂ ਸਿਰ ਆਰੀਅਨ ਵੰਸ਼ ਨੂੰ ਰਾਹ ਪਾਉਣ ਲਈ ਅਤੇ ਉਨ੍ਹਾਂ ਨੂੰ ਜਿੱਤ ਤੱਕ ਲੈ ਜਾਣ ਲਈ ਵਾਰ-ਵਾਰ ਜਨਮ ਲਿਆ।

Ramesh Chandra Majumdar M.A. Ph.D. in Outline of Ancient India, History and civilisation, page 21-22, "The dravdians were firmly settled in different parts of Northern and Southren India more than four thousand years ago when fair complexioned aryan rided the north west accross the Hindu Kush mountains and entered India through Afganistan. The Dravdians naturally

resisted the new-comers with all their might and a fierce and protracted struggle ensured. It was not merely a struggle between two nationalities but a conflict between two types of civilisations."

ਰਮੇਸ਼ ਚੰਦਰ ਮਜੂਮਦਾਰ ਐੱਮ.ਏ., ਪੀ.ਐੱਚ.ਡੀ. "ਪੁਰਾਤਨ ਭਾਰਤੀ ਇਤਿਹਾਸ ਅਤੇ ਸੱਭਿਅਤਾ ਦਾ ਖਾਕਾ" ਸਫਾ 21-22 ਵਿੱਚ ਲਿਖਦੇ ਹਨ :- "ਦਰਾਵੜ ਚਾਰ ਹਜ਼ਾਰ ਸਾਲ ਤੋਂ ਪਹਿਲਾਂ ਭਾਰਤ ਦੇ ਦੱਖਣੀ ਅਤੇ ਉੱਤਰੀ ਭਾਗਾਂ ਵਿੱਚ ਚੰਗੀ ਤਰ੍ਹਾਂ ਵਸੇ ਹੋਏ ਸਨ। ਜਦੋਂ ਸਾਫ-ਰੰਗੇ ਆਰੀਅਨ, ਉੱਤਰ-ਪੱਛਮ ਦੇ ਹਿੰਦੂ-ਕੁਸ਼ ਪਹਾੜਾਂ ਨੂੰ ਪਾਰ ਕਰਕੇ ਅੱਗੇ ਵਧੇ ਅਤੇ ਅਫਗਾਨਿਸਤਾਨ ਵਿੱਚੋਂ ਦੀ ਲੰਘਦਿਆਂ ਭਾਰਤ ਅੰਦਰ ਦਾਖਲ ਹੋਏ ਤਾਂ ਦਰਾਵੜਾਂ ਨੇ ਕੁਦਰਤੀ ਹੀ ਆਪਣੀ ਸਾਰੀ ਤਾਕਤ ਲਾ ਕੇ ਨਵੇਂ ਬਦੇਸ਼ੀਆਂ ਨੂੰ ਰੋਕਣ ਦੀ ਵਾਹ ਲਾਈ ਅਤੇ ਇੱਕ ਭਿਆਨਕ ਲੰਬੀ ਜੱਦੋ-ਜਹਿਦ ਹੋਈ। ਇਹ ਕੋਈ ਦੋ ਕੌਮੀਅਤਾਂ ਵਿਚਕਾਰ ਜੱਦੋ-ਜਹਿਦ ਨਹੀਂ ਸੀ, ਪ੍ਰੰਤੂ ਇੱਕ ਯੁੱਧ ਸੀ, ਟਕਰਾਅ ਸੀ, ਦੋ ਵੱਖਰੀਆਂ-ਵੱਖਰੀਆਂ ਸੱਭਿਆਤਾਵਾਂ ਵਿਚਕਾਰ।

Pt. Jawahar Lal Nehru in 'Discovery of India' page 75-76

The Ramayna and the Mahabharta deal with the days of Indo-aryans, their conquest and civil wars.

ਪੰਡਤ ਜਵਾਹਰ ਲਾਲ ਨਹਿਰੂ 'ਭਾਰਤ ਦੀ ਖੋਜ' ਸਫਾ 75-76

"ਰਮਾਇਣ ਅਤੇ ਮਹਾਂਭਾਰਤ ਇੰਡੋ-ਆਰੀਅਨ ਦੇ ਸਮੇਂ ਦੀਆਂ, ਉਨ੍ਹਾਂ ਦੀਆਂ ਜਿੱਤਾਂ ਤੇ ਉਨ੍ਹਾਂ ਦੀਆਂ ਘਰੇਲੂ ਲੜਾਈਆਂ ਦੀਆਂ ਕਹਾਣੀਆਂ ਹਨ।"

Page 62 :- The coming of Aryan into India raised new problem social and political in conqured race the Dravdians had a Long backgrond of civilisation behind them, but there is little doubt that the Aryans considered themselves vastly superior to them and wide gulf separated the lwo.

ਸਫਾ 62 :- ਆਰੀਆਂ ਦੇ ਭਾਰਤ ਵਿੱਚ ਆਉਣ ਨਾਲ ਨਵੀਆਂ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਖੜੀਆਂ ਹੋਈਆਂ, ਜਿਨ੍ਹਾਂ ਨੂੰ ਆਰੀਆਂ ਨੇ ਜਿੱਤਿਆ ਭਾਵ ਦਰਾਵੜ ਕੌਮ ਦੀ ਇੱਕ ਲੰਬੀ ਸੱਭਿਅਤਾ ਵਾਲੀ ਪਿੱਠ ਭੂਮੀ ਸੀ, ਪ੍ਰੰਤੂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਆਰੀਆਂ ਨੇ ਆਪਣੇ-ਆਪ ਨੂੰ, ਉਨ੍ਹਾਂ ਦਰਾਵੜਾਂ ਨਾਲੋਂ ਬੇਹੱਦ ਚੰਗੇ ਉੱਚੇ ਸਮਝਿਆ ਤੇ ਇਸ ਵਿਸ਼ਾਲ ਖਾਈ ਨੇ ਦੋਹਾਂ ਨੂੰ ਅਲੱਗ-ਥਲੱਗ ਕਰ ਦਿੱਤਾ।

page-82 :- The Ramayana story is one of the Aryan expansion on the South.

ਸਫਾ-82.ਰਮਾਇਣ ਦੀ ਕਹਾਣੀ (ਆਰੀਆਂ ਵੱਲੋਂ) ਦੱਖਣ ਵੱਲ ਰਾਜ ਵਧਾਉਣ ਦੀ ਕਹਾਣੀ ਹੈ।

The Historians History of World vol. 2 at page 531

The Ramayana distinguished the SURAS who indulged themselves in these liquors from ASURAS who obtained from them.

ਇਤਿਹਾਸਕਾਰ : ਸੰਸਾਰ ਦਾ ਇਤਿਹਾਸ, ਜਿਲਦ-2 ਸਫਾ ~~521~~, 531

ਰਮਾਇਣ ਨੇ ਸੁਰਾਂ ਨੂੰ ਵੱਖਰੇ ਕਰ ਦਿੱਤਾ, ਉਹ ਸੁਰ ਜਿਹੜੇ ਆਮ ਤੌਰ 'ਤੇ ਨਸ਼ਾ ਪੀਂਦੇ ਸਨ, ਉਨ੍ਹਾਂ ਆਸੁਰਾਂ ਨਾਲੋਂ ਜਿਨ੍ਹਾਂ ਨੇ ਇਹ ਨਸ਼ਾ ਉਨ੍ਹਾਂ ਤੋਂ ਪ੍ਰਾਪਤ ਕੀਤਾ। (ਭਾਵ ਸੁਰ ਜੋ ਨਸ਼ਾ ਪੀਂਦੇ ਸਨ/ਆਸੁਰ ਜੋ ਨਹੀਂ ਪੀਂਦੇ ਸਨ। ਭਾਵ ਸੁਰ ਆਰੀਅਨ/ਆਸੁਰ ਦਰਾਵੜ)

A.C. Dass M.A.B.L. in 'Rig Vedic India' page 151., "The followers and the worshipers of Indra and other deities were called the DEVAS and the opponents of Indra worshipers and sacrifice were called the ASURAS and these terms became the hateful terms to one party or the other.

ਏ.ਬੀ. ਦਾਸ ਐੱਮ.ਏ., ਬੀ, ਐੱਲ. 'ਰਿਗਵੇਦਕ ਭਾਰਤ' ਸਫਾ-151, "ਇੰਦਰ ਅਤੇ ਹੋਰ ਦੇਵੀ-ਦੇਵਤਿਆਂ ਦੇ ਪੂਜਣ ਵਾਲਿਆਂ ਨੂੰ ਦੇਵ ਪੁਰਸ ਕਿਹਾ ਗਿਆ ਅਤੇ ਜਿਨ੍ਹਾਂ ਨੇ ਇੰਦਰ ਅਤੇ ਬਲੀਆਂ ਦਾ ਵਿਰੋਧ ਕੀਤਾ ਉਨ੍ਹਾਂ ਨੂੰ ਆਸੁਰ ਕਿਹਾ ਗਿਆ । ਇਹ ਸ਼ਬਦ (ਦੇਵ/ਆਸੁਰ) ਇਕ ਦੂਜੀ ਪਾਰਟੀ ਲਈ ਘ੍ਰਿਣਾ ਦਾ ਕਾਰਨ ਬਣੇ।"

P.H. Gupta, In 'My Studies in Ramayna` (page-1 Chapter 1)

The Ramayna is not a religious book, it is the story of the conquest of South India by the alien Aryans, after their occupation of the North. Valmiki himself avows that his epic narrates the story of the victory of Rama (yudha kanda chapter 130)

ਪੀ.ਐੱਚ. ਗੁਪਤਾ 'ਮੇਰੀ ਰਮਾਇਣ ਖੋਜ' ਸਫਾ 1 ਚੈਪਟਰ 1

ਰਮਾਇਣ ਕੋਈ ਧਾਰਮਿਕ ਪੁਸਤਕ ਨਹੀਂ । ਇਹ ਤਾਂ ਬਦੇਸ਼ੀ ਆਰੀਆਂ ਵੱਲੋਂ ਦੱਖਣੀ ਭਾਰਤ ਉੱਤੇ ਜਿੱਤ ਦੀ ਕਹਾਣੀ ਹੈ ।ਉੱਤਰੀ ਭਾਰਤ ਦੇ ਜਿੱਤੇ ਜਾਣ ਤੋਂ ਬਾਅਦ ਵਾਲਮੀਕ ਆਪ ਲਿਖਦੇ ਹਨ ਕਿ ਉਨ੍ਹਾਂ ਦਾ ਇਹ ਮਹਾਂਕਾਵਿ ਰਾਮ ਦੀ ਜਿੱਤ ਦਾ ਬਿਰਤਾਂਤ ਹੈ ।(ਯੁੱਧ ਕਾਂਡ ਚੈਪਟਰ 130 ਵਾਲਮੀਕੀ ਰਾਮਾਇਣ)

page 28 :- The aim of Rama was not just to kill Ravana and recover seeta. but the destruction of the whole of Rakhsha Race.

ਉਪਰੋਕਤ ਸਫਾ-28 :- ਰਾਮ ਦਾ ਮਨੋਰਥ ਸਿਰਫ ਰਾਵਣ ਨੂੰ ਮਾਰਨਾ ਹੀ ਨਹੀਂ ਸੀ ਸੀਤਾ ਨੂੰ ਮੋੜ ਲਿਆਉਣਾ ਹੀ ਨਹੀਂ ਸੀ, ਪ੍ਰੰਤੂ ਉਸ ਦਾ ਮੰਤਵ ਸੀ ਸਾਰੇ ਰਾਖਸ਼ ਵੰਸ਼ ਦਾ ਖਾਤਮਾ ਕਰ ਦੇਣਾ ।

page-29 :- This is obivious that the ethics of war of the Aryan Invaders of India were not less.barbarous than those of the Muslims, Spanis and other white imperialists, expansionists and coloniser.

ਉਪਰੋਕਤ, ਸਫਾ-29 :- ਇਹ ਗੱਲ ਸਾਫ ਜ਼ਾਹਰ ਹੈ ਕਿ ਆਰੀਅਨ ਹਮਲਾਵਰਾਂ ਦੇ ਯੁੱਧ ਢੰਗ, ਮੁਸਲਮਾਨਾਂ, ਸਪੇਨਸ਼ਾਂ ਅਤੇ ਹੋਰ ਗੋਰੇ ਸਾਮਰਾਜੀਆਂ, ਪਸਾਰਵਾਦੀਆਂ ਅਤੇ ਬਸਤੀਵਾਦੀਆਂ ਨਾਲੋਂ ਘੱਟ ਅਸਭਿਅਕ ਨਹੀਂ ਸਨ ।

D. Raghava Chandraya Sath Shastri secretary, write in The Real Indian National Congress party, "Is not the Brahmin a foreigner ?

page 21 : (a) And the Brahmin's own deffnitions, Aryan thrai-Varnikah Anaryah Sudrah` (sanskrit) the three Dwijas (Highcasted) i.e. the Brahmin, the Kashatria and the Vyshas are three Aryan communities where as the sudras are non-Aryans. (Hara datta`s Commentry on Gauthama Dharma sutra)

ਡੀ. ਰਾਘਵ ਚੰਦਰਈਆ ਸਥ ਸਾਸ਼ਤਰੀ ਸੈਕਟਰੀ, 'ਅਸਲੀ ਨੈਸ਼ਨਲ ਕਾਂਗਰਸ ਪਾਰਟੀ', "ਕੀ ਬ੍ਰਾਹਮਣ ਬਦੇਸ਼ੀ ਨਹੀਂ ?" ਸਫਾ 21. "ਬ੍ਰਾਹਮਣ ਦੀਆਂ ਆਪਣੀਆਂ ਵਿਆਖਿਆਵਾਂ 'ਆਰੀਆਂ ਥਰਾਏ ਵਰਨੀਕਾਹ, ਅਨਾਰੀਆ ਸ਼ੂਦਰਾ (ਸੰਸਕ੍ਰਿਤ ਸ਼ਲੋਕ) ਭਾਵ ਤਿੰਨ ਦਵਿਜ (ਉੱਚ) ਜਾਤੀਆਂ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਤਿੰਨੇ ਆਰੀਅਨ ਜਾਤੀਆਂ ਹਨ ਅਤੇ ਸ਼ੂਦਰ ਲੋਕ ਅਨ-ਆਰੀਅਨ ।(ਹਰ ਦੱਤਾ ਦੇ 'ਗੌਤਮ ਧਰਮ ਸੂਤਰ' ਉਪਰ ਵਿਚਾਰ)

K. Veera Mani M.A., B.L. in 'Why reservation ? page-3, It is Known fact that the original inhabitants of India were only Dravdians. The advent of Aryans lead to the dicisions amongst Dravidians, the SC`s, S.T`s and B.C.`s were all Dravdians.

ਕੇ. ਵੀਰਾ ਮਨੀ ਐੱਮ.ਏ ਬੀ.ਐੱਲ. 'ਰਾਖਵਾਂਕਰਨ ਕਿਉਂ ? ਸਫਾ-3,

ਇਹ ਪ੍ਰਵਾਨਤ ਸਚਾਈ ਹੈ ਕਿ ਭਾਰਤ ਦੇ ਮੂਲ ਵਾਸ਼ਿੰਦੇ ਕੇਵਲ ਦਰਾਵੜ ਸਨ ।ਆਰੀਆ ਦੇ ਦਾਖਲੇ ਨੇ ਦਰਾਵੜਾਂ ਵਿਚਕਾਰ ਵੰਡੀਆਂ ਪਾ ਦਿੱਤੀਆਂ ।ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਅਤੇ ਪਛੜੀਆਂ ਜਾਤੀਆਂ ਸਭ ਦਰਾਵੜ ਹੀ ਸਨ।

ਦਸੌਂਧਾ ਸਿੰਘ 'ਅਨੁਸੂਚਿਤ ਜਾਤੀਆਂ ਦਾ ਗੌਰਵਮਈ ਨਿਕਾਸ ਅਤੇ ਵਿਕਾਸ' ਵਿੱਚ-ਸਫਾ-5,

1500 ਪੂਰਬ ਈਸਾ ਮਸੀਹ ਦੇ ਕਰੀਬ ਆਰੀਆ ਲੋਕ ਹਿੰਦੁਸਤਾਨ ਵਿੱਚ ਆਏ ।ਉਸ ਸਮੇਂ ਉੱਤਰ-ਪੱਛਮੀ ਭਾਰਤ ਵਿੱਚ ਬੜੀ ਉਨਤ ਅਤੇ ਖੁਸ਼ਹਾਲ ਸੰਸਕ੍ਰਿਤੀ ਮੌਜੂਦ ਸੀ......ਇਹ ਸਭਿਅਤਾ ਸੰਸਾਰ ਦੀਆਂ ਉੱਨਤ ਸੱਭਿਆਤਾਵਾਂ ਵਿੱਚੋਂ ਇੱਕ ਸੀ ।ਉਨ੍ਹਾਂ ਨੇ ਲੋਥਲ (ਗੁਜਰਾਤ) ਵਿੱਚ 700 ਫੁੱਟ ਦੀ ਪੱਕੀ ਬੰਦਰਗਾਹ ਬਣਾਈ ਹੋਈ ਸੀ, ਜੋ ਬੜੀ ਲਾਸਾਨੀ ਸੀ ।ਏਥੇ ਉਹ ਆਪਣੇ ਜਹਾਜ਼ਾਂ ਵਿੱਚ ਮਾਲ ਲੱਦਦੇ ਅਤੇ ਉਤਾਰਦੇ ਸਨ ।

ਸਫਾ-6 ; ਜਦ ਆਰੀਆ ਲੋਕ ਹਿੰਦੁਸਤਾਨ ਵਿੱਚ ਆਏ ਤਾਂ ਉਹ ਤਿੰਨ ਜਾਤਾਂ ਵਿੱਚ ਵੰਡੇ ਹੋਏ ਸਨ-

(1) ਕਬੀਲਿਆਂ ਦੇ ਸਰਦਾਰ ਅਤੇ ਉਨ੍ਹਾਂ ਦੇ ਯੋਧੇ ਖਤਰੀ ਉੱਤਮ ਗਿਣੇ ਗਏ ਅਤੇ ਕਬੀਲਿਆਂ ਦੇ ਹਾਕਮ । (2) ਇਨ੍ਹਾਂ ਦੇ ਪਿੱਛੋਂ ਬ੍ਰਾਹਮਣ ਦਾ ਦਰਜਾ ਆਉਂਦਾ ਹੈ ਅਤੇ ਉਨ੍ਹਾਂ ਦਾ ਕੰਮ ਧਾਰਮਿਕ ਪੂਜਾ ਅਰਚਨਾ ਬਾਰੇ ਧਿਆਨ ਰੱਖਣਾ ਸੀ ।(ਨੋਟ-ਰਿਗਵੇਦ ਅਨੁਸਾਰ ਬ੍ਰਾਹਮਣ ਦਾ ਦਰਜਾ ਉਤਮ ਹੈ, ਜੋ ਬ੍ਰਹਮਾ ਨੇ ਆਪਣੇ ਸਿਰ ਤੋਂ ਪੈਦਾ ਕੀਤਾ ਹੈ ਅਤੇ ਕਸ਼ਤਰੀ ਦਾ ਦਰਜਾ ਦੂਜਾ ਹੈ, ਜੋ ਬ੍ਰਾਹਮਣ ਦੀਆਂ ਬਾਹਾਂ ਵਿੱਚੋਂ ਉਤਪੰਨ ਹੋਇਆ ਹੈ।) (3) ਵੈਸ਼-ਇਨ੍ਹਾਂ ਦਾ ਕੰਮ ਪਸ਼ੂ ਚਾਰਨਾ ਸੀ ।ਇਹ ਚਰਵਾਹੇ ਗਿਣੇ ਜਾਂਦੇ ਸਨ ।ਇਨ੍ਹਾਂ ਵਿੱਚੋਂ ਕੁਝ ਵਪਾਰ ਕਰਦੇ ਸਨ।ਸਫਾ-7-ਇਨ੍ਹਾਂ ਵਿੱਚ ਸ਼ੂਦਰ ਨਹੀਂ ਸਨ, ਜੋ ਬਾਅਦ ਵਿੱਚ ਹੋਂਦ ਵਿੱਚ ਆਏ ਸਨ । ਨੋਟ-ਉਪਰੋਕਤ ਕਥਨ ਅਨੁਸਾਰ ਆਰੀਆਂ ਦੀਆਂ ਮੂਲ ਤਿੰਨ ਜਾਤੀਆਂ ਸਨ, ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ।

ਡੀ.ਆਰ. ਨਿਮ 'ਆਰੀਆ ਅਨ-ਆਰੀਆ ਸੰਘਰਸ਼' ਵਿੱਚ, ਸਫਾ-37.

ਜੋ ਆਰੀਆ ਦੇ ਸਾਹਮਣੇ ਸਿਰ ਨਹੀਂ ਝੁਕਾਉਂਦੇ ਸਨ, ਜੋ ਵਿਦਰੋਹੀ ਹੋ ਕੇ ਜੰਗਲਾਂ ਜਾਂ ਪਹਾੜਾਂ ਵਿੱਚ ਛੁੱਪ ਕੇ, ਆਰੀਆਂ ਦੀਆਂ ਬਸਤੀਆਂ 'ਤੇ ਹਮਲੇ ਕਰਦੇ ਸਨ, ਉਨ੍ਹਾਂ ਨੂੰ ਆਰੀਆ ਨੇ 'ਦਸਿਊ' ਨਾਮ ਦਿੱਤਾ ।

Dalit Voice 1-15/88 Feb. page 15

Writes K.C. Mishra, 'A Brahmin scholar in his latest book, Tribes in Maharashtra 1987 comes out with a rare truth that Aryans destroyed the identity of indigenious people of India and created the heirrcically graded castes out the egalitarians tribal groups. The following are the excerpts from his conclusions. page 383-388

ਦਲਿਤ ਵਾਇਸ 1-15-88 ਫਰਵਰੀ ਸਫਾ 15.

ਕੇ.ਸੀ. ਮਿਸ਼ਰਾ, "ਇਕ ਬ੍ਰਾਹਮਣ ਵਿਦਵਾਨ ਆਪਣੀ ਨਵੀਂ ਪੁਸਤਕ 'ਮਹਾਂਰਾਸ਼ਟਰ ਦੇ ਕਬੀਲੇ-1987" ਵਿੱਚ ਇਕ ਅਣ-ਸਧਾਰਨ ਸਚਾਈ ਪੇਸ਼ ਕਰਦਾ ਹੈ ਕਿ ਆਰੀਅਨਾਂ ਨੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਦੀ ਪਛਾਣ ਤਬਾਹ ਕਰ ਦਿੱਤੀ ਅਤੇ ਪੁਰਖੀ ਆਧਾਰ ਤੇ ਸਮਾਨ ਵਸਿੰਦੇ ਕਬੀਲੇ ਗਰੋਹਾਂ ਨੂੰ ਜਾਤੀ ਆਧਾਰਾਂ 'ਤੇ ਦਰਜਾ ਬਦਰਜਾ (ਉਚ-ਨੀਚ) ਵੰਡ ਕੇ ਰੱਖ ਦਿੱਤਾ ।ਇਹ ਉਸ ਦੁਆਰਾ ਕੱਢੇ ਗਏ ਸਿੱਟਿਆਂ ਦਾ ਸਾਰ ਅੰਸ਼ ਹਨ ।ਸਫਾ 383-388.

Khushwant Singh (Dalit voice Nov. 87 page-8)

"Hinduism was brought in by Aryans and Islam by Muslims"

ਖੁਸ਼ਵੰਤ ਸਿੰਘ (ਪੱਤਰਕਾਰ) ਦਲਿਤ ਵਾਇਸ ਨਵੰਬਰ 87 ਸਫਾ 8 (ਟਾਈਮਜ਼ ਆਫ ਇੰਡੀਆ 9 ਅਕਤੂਬਰ 87) "ਹਿੰਦੂਵਾਦ ਆਰੀਆਂ ਦੁਆਰਾ ਅਤੇ ਇਸਲਾਮ ਮੁਸਲਮਾਨਾਂ ਦੁਆਰਾ ਲਿਆਂਦਾ ਗਿਆ ।"

E.M.S. Namoodaripad (A top Brahmin Marxist leader) speech at Sultan battery Feb. 10, 87 (Dalit Vqice April 87) page 19 'Hinduism is not born in India. It is as foreign as other religions but is got flourished in India."

ਈ.ਐਮ.ਐਸ. ਨਬੂੰਦਰੀਪਾਦ (ਉੱਚ ਜਾਤੀ ਬ੍ਰਾਹਮਣ ਮਾਰਕਸਵਾਦੀ) 10 ਫਰਵਰੀ, 1987 ਨੂੰ ਸੁਲਤਾਨ ਬਾਟਰੀ ਵਿਖੇ ਦਿੱਤੇ ਗਏ ਭਾਸ਼ਣ ਵਿੱਚੋਂ, ਦਲਿਤ ਵਾਇਸ ਅਪ੍ਰੈਲ 1987 (ਸਫਾ-19) "ਹਿੰਦੂਵਾਦ ਭਾਰਤ ਵਿੱਚ ਨਹੀਂ ਜਨਮਿਆ। ਇਹ ਦੂਜੇ ਧਰਮਾਂ (ਇਸਾਈ, ਮੁਸਲਮ ਧਰਮ) ਵਾਂਗ ਹੀ ਬਦੇਸ਼ੀ ਹੈ। ਪ੍ਰੰਤੂ ਇਹ ਭਾਰਤ ਦੀ ਧਰਤੀ 'ਤੇ ਵਧਿਆ, ਫੁੱਲਿਆ ਅਤੇ ਫੈਲਿਆ।

Great African thinkers vol. I by Sheikh Anta Diop page 135-141 (Ref. D.V. March 87) :- It is the invading Aryans who enslaved women, destroyed the Indus Civilisation, it is the abnovious Aryan ideas that gave birth to the sati (window burning) and jati system. says runoko Rashidi. Aryans are barbarins. they had no culture. It is the Aryans who enforsed caste system on the black pouplation (the original habitants of India) page 141.

Says Rashidi-It was only during Moryan period blacks recovered a little. Iran the lanu of the Aryans had caste system. Budha was the first man to revolt agaist Aryans and their cast system.

ਮਹਾਨ ਅਫਰੀਕਨ ਵਿਚਾਰਕ ਡਾਇਪ ਜਿਲਦ 1 ਵੱਲੋਂ ਸ਼ੇਖ ਅੰਤਾ ਸਫਾ 135-141

ਦਲਿਤ ਵਾਇਸ ਮਾਰਚ 87, ਇਹ ਹਮਲਾਵਰ ਆਰੀਅਨ ਹਨ, ਜਿਨ੍ਹਾਂ ਨੇ ਔਰਤਾਂ ਨੂੰ ਗੁਲਾਮ ਬਣਾਇਆ, ਸਿਧੂ ਸਭਿਅਤਾ ਤਬਾਹ ਕੀਤੀ। ਇਹ ਗੈਰ-ਮਨੁੱਖੀ ਆਰੀਅਨ ਵਿਚਾਰਧਾਰਾ ਹੈ, ਜਿਸ ਨੇ ਸਤੀ ਪ੍ਰਥਾ ਨੂੰ ਜਨਮ ਦਿੱਤਾ (ਵਿਧਵਾਵਾਂ ਨੂੰ ਸਾੜਨਾ) ਅਤੇ ਜਾਤੀ ਪ੍ਰਬੰਧ ਨੂੰ ਜਨਮ ਦਿੱਤਾ। ਇਹ ਗੱਲ ਰੁਨੋਕੋ ਰਸ਼ੀਦੀ ਲਿਖਦਾ ਹੈ ਕਿ ਆਰੀਅਨ ਅਸਭਿਅਕ ਘੁਮੰਤਰੂ ਕਬੀਲੇ ਸਨ। ਉਨ੍ਹਾਂ ਦਾ ਕੋਈ ਸਭਿਆਚਾਰ ਨਹੀਂ ਸੀ। ਇਹ ਆਰੀਅਨ ਹੀ ਹਨ, ਜਿਨ੍ਹਾਂ ਨੇ ਸਾਂਵਲੀ ਅੰਬਾਦੀ ਭਾਰਤ ਦੇ ਮੂਲ ਨਿਵਾਸੀਆਂ (ਦਰਾਵੜ ਲੋਕਾਂ) ਉਪਰ ਜਾਤੀ ਪ੍ਰਬੰਧ ਠੋਸਿਆ।

ਸਫਾ 141 :- ਰਸ਼ੀਦੀ ਕਹਿੰਦੇ ਹਨ ਕਿ ਇਹ ਕੇਵਲ ਮੋਰੀਆ ਦਾ ਸਮਾਂ ਸੀ ਜਦੋਂ ਦਰਾਵੜਾਂ ਨੇ ਕੁਝ ਉਨਤੀ ਕੀਤੀ। ਇਰਾਨ, ਜੋ ਆਰੀਆਂ ਦੀ ਧਰਤੀ ਹੈ, ਉੱਥੇ ਜਾਤੀ ਸਿਸਟਮ ਸੀ। ਬੁੱਧ ਪਹਿਲਾ ਮਨੁੱਖ ਸੀ, ਜਿਸ ਨੇ ਆਰੀਆ ਅਤੇ ਉਨ੍ਹਾਂ ਦੇ ਜਾਤੀ ਪ੍ਰਬੰਧ ਵਿਰੁੱਧ ਸੰਘਰਸ਼ ਲਾਮਬੰਦ ਕੀਤਾ।

S.K. Pandian in 'The hidden heritage CEdu. Secretary to the govt of Andhra Pardesh) DV March 87 page 18

The auther says, "Dravdians is one of the earliest civilisation It was the Dravdians who imigrated to North and created the Indus Civilisation Which Bears close similarity to the Tung Bhadra valley south. Aggressive imposition of Brahminism and forced sanskritization brought the end of a glorious pre-Aryan Civilisation.

ਐਸ. ਕੇ. ਪੰਡੀਅਨ ਸਿੱਖਿਆ ਸਕੱਤਰ ਆਂਧਰਾ ਸਰਕਾਰ 'ਦੀ ਹਿਡਨ ਹੈਰੀਟੇਜ' ਵਿੱਚ ਲਿਖਦਾ ਹੈ, 'ਦਰਾਵੜ ਸਭਿਅਤਾ ਮੁੱਢਲੀਆਂ ਸੱਭਿਆਤਾਵਾਂ 'ਚੋਂ ਇਕ ਹੈ। ਇਹ ਦਰਾਵੜ ਹੀ ਸਨ ਜੋ ਉੱਤਰ ਵੱਲ ਫੈਲੇ ਅਤੇ ਜਿਨ੍ਹਾਂ ਨੇ ਸਿਧੂ ਘਾਟੀ ਸੱਭਿਅਤਾ ਦਾ ਨਿਰਮਾਣ ਕੀਤਾ, ਜਿਸ ਦਾ ਦੱਖਣ ਦੀ ਤੁੰਗ ਭੱਦਰਾ ਸੱਭਿਅਤਾ ਨਾਲ ਨੇੜੇ ਦਾ ਸੰਬੰਧ ਹੈ। ਬ੍ਰਾਹਮਣਵਾਦ ਅਤੇ ਸੰਸਕ੍ਰਿਤ ਦੇ ਜ਼ਬਰਦਸਤੀ ਲਾਗੂ ਹੋਣ ਨਾਲ ਆਰੀਆਂ ਦੇ ਆਉਣ ਤੋਂ ਪਹਿਲਾਂ ਦੀ ਸ਼ਾਨਦਾਰ ਸਭਿਅਤਾ ਦਾ ਅੰਤ ਹੋ ਗਿਆ।

'History of Ancient wortd' by F. Korovkin (U.S.S.R Historian)

He says (page-81) Aryan tribes entered India from the North West. The Aryans were nomads at that time-In cultural development. The Aryans Nomads were for behind the ancient city devellers of the Indus valley. They had no

writing and passed their ancient tales down from the older generations to the younger orrally. About a thousand years B.C. the Indians learned to mine, Iron, ore and make things out of it. He further says : It was the Aryans who introduced caste system in India and divided the people. He also says that untouchables had suffered the most humilitating life. those who broke the caste laws were punished."

page-83 :- Religion supported the state owning state while the state supported the religion. He says that Brahmins emerged as rulers with the help of caste system. What the Brahmin likes, must be given without regret (ibid)

'ਪੁਰਾਤਨ ਸੰਸਾਰ ਦਾ ਇਤਿਹਾਸ' ਲੇਖਕ ਸੋਵੀਅਤ ਇਤਿਹਾਸਕਾਰ ਔਫ. ਕੋਰੋਵਕਿਨ,

ਸਫਾ 81 : ਉਹ ਆਖਦਾ ਹੈ ਕਿ ਆਰੀਅਨ ਕਬੀਲੇ ਉੱਤਰ-ਪੱਛਮ ਵੱਲੋਂ ਭਾਰਤ ਅੰਦਰ ਦਾਖਲ ਹੋਏ। ਆਰੀਅਨ ਉਸ ਸਮੇਂ ਘੁਮੰਤਰੂ ਕਬੀਲੇ ਹੀ ਸਨ। ਇਹ ਘੁਮੰਤਰੂ ਆਰੀਅਨ, ਸਿਧੂ ਘਾਟੀ ਦੇ ਪੁਰਾਤਨ ਸ਼ਹਿਰੀਆਂ ਤੋਂ ਬਹੁਤ ਜਿਆਦਾ ਪਛੜੇ ਹੋਏ ਲੋਕ ਸਨ। ਉਹ ਲਿਖਣਾ ਨਹੀਂ ਜਾਣਦੇ ਸਨ ਅਤੇ ਆਪਣੀਆਂ ਪੁਰਾਣੀਆਂ ਕਥਾਵਾਂ ਨੂੰ ਜ਼ੁਬਾਨੀ ਬਜ਼ੁਰਗ ਪੀੜ੍ਹੀ ਤੋਂ ਅਗਲੀ ਜਵਾਨ ਪੀੜ੍ਹੀ ਤੱਕ ਪਹੁੰਚਾਉਂਦੇ ਸਨ। ਈਸਾ ਤੋਂ ਲਗਪਗ 1000 ਸਾਲ ਪਹਿਲਾਂ ਭਾਰਤੀ (ਦਰਾਵੜ) ਲੋਹਾ ਢਾਲਣ, ਕੋਲਾ ਤਿਆਰ ਕਰਨ ਅਤੇ ਉਨ੍ਹਾਂ ਤੋਂ ਵਸਤੂਆਂ ਬਣਾਉਣੀਆਂ ਜਾਣਦੇ ਸਨ। ਅੱਗੇ ਜਾ ਕੇ ਉਹ ਕਹਿੰਦਾ ਹੈ ਕਿ ਆਰੀਆ ਹੀ ਸਨ, ਜਿਨ੍ਹਾਂ ਨੇ ਭਾਰਤ ਅੰਦਰ ਜਾਤੀ ਪ੍ਰਬੰਧ ਲਾਗੂ ਕੀਤਾ ਅਤੇ ਲੋਕਾਂ ਨੂੰ ਵੰਡ ਦਿੱਤਾ। ਉਹ ਇਹ ਵੀ ਕਹਿੰਦਾ ਹੈ ਕਿ ਅਛੂਤਾਂ ਨੂੰ ਸਭ ਤੋਂ ਵੱਧ ਨਿਰਾਦਰੀ ਭਰੇ ਜੀਵਨ ਦੇ ਦੁੱਖ ਝੱਲਣੇ ਪਏ।

ਸਫਾ 83 ; ਉਹ ਲੋਕ ਜਿਨ੍ਹਾਂ ਨੇ ਜਾਤ ਦੇ ਕਾਨੂੰਨ ਤੋੜੇ ਉਨ੍ਹਾਂ ਨੂੰ ਬੁਰੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਧਰਮ ਨੇ ਗੁਲਾਮਦਾਰੀ ਵਾਲੀ ਸਟੇਟ ਦੀ ਧਾਰਨਾ ਪੈਦਾ ਕੀਤੀ। ਉਹ ਇਹ ਵੀ ਕਹਿੰਦਾ ਹੈ ਕਿ ਜਾਤੀ ਪ੍ਰਬੰਧ ਦੀ ਸਹਾਇਤਾ ਨਾਲ, ਬ੍ਰਾਹਮਣ ਸ਼ਾਸਕਾਂ ਵਜੋਂ ਉਭਰੇ, ਜੋ ਕੁਝ ਬ੍ਰਾਹਮਣ ਪਸੰਦ ਕਰਦਾ ਸੀ ਭਾਵ ਚਾਹੁੰਦਾ ਸੀ, ਉਹ ਬਿਨਾ ਕਿਸੇ ਮੁਆਫੀ ਜਾਂ ਛੋਟ ਤੋਂ ਦਿੱਤਾ ਜਾਣਾ ਜ਼ਰੂਰੀ ਸੀ।

V.T. Rajshekar in D.V. Dec (page-14) :- We (means S.C, S.T., O.B.C. and converted) belong to this land, we are the original inhabitants of this land, we were descendants of that great civilisation of Indus vallcy. The world's most ancient and most glorious. In our own land we are enslaved by persons who come as invaders.

ਵੀ.ਟੀ. ਰਾਜ ਸ਼ੇਕਰ ਦਲਿਤ ਵਾਇਸ ਦਸੰਬਰ 86, ਸਫਾ-14

ਅਸੀਂ (ਭਾਵ ਐੱਸ.ਸੀ., ਐੱਸ.ਟੀ., ਓ.ਬੀ.ਸੀ. ਅਤੇ ਧਰਮ ਬਦਲੇ) ਇਸ ਧਰਤੀ ਨਾਲ ਸੰਬੰਧਤ ਹਾਂ। ਅਸੀਂ ਇਸ ਧਰਤੀ (ਭਾਵ ਭਾਰਤ) ਦੇ ਮੂਲ ਬਾਸ਼ਿੰਦੇ ਹਾਂ। ਅਸੀਂ ਮਹਾਨ ਸਿੰਧੂ ਘਾਟੀ ਸੱਭਿਅਤਾ ਦੇ ਸਿਰਜਨਹਾਰ ਹਾਂ, ਉਹ ਸਭਿਅਤਾ ਜੋ ਦੁਨੀਆ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਸ਼ਾਨਦਾਰ ਅਬਾਦੀ ਸੀ। ਸਾਡੀ ਆਪਣੀ ਧਰਤੀ 'ਤੇ ਸਾਨੂੰ, ਉਨ੍ਹਾਂ ਲੋਕਾਂ ਰਾਹੀਂ ਜੋ ਬਾਹਰੋਂ ਹਮਲਾਵਰ ਬਣ ਕੇ ਆਏ, ਗੁਲਾਮ ਬਣਾ ਲਿਆ ਗਿਆ ਹੈ।

P.N. Deshpande (P.T.I. Indian post May, 21, 87) Nagpur

Aryans destroyed the advanced Sindhu civilisation in Harrappa........

That the Sindhu civilisation was the most advanced in the world and the Aryans were responsible for plundering it. A great civilisation existed mush before the Aryans, basically barbarians came and brought about its down fall. He said, "It was the Aryans who created the caste distinctions in India.

they did this by subjugating and humiliting the local people of Indus valley and dividing them into lower categories. This was the reason for the existance of scheduled castes and scheduled tribes in the country."

In Times of India (May 23, 1987) he says, "Aryans were arsnists who burned down the urban settlements of the Indus civilisation. That was why the ruins found today were mostly remnants of burnt down cities. Deshmukh said the word, 'Arya' meant, came from outside. These people while they mixed with locals kept them at a lower level."

ਪੀ.ਐੱਨ. ਦੇਸ਼ ਪਾਂਡੇ (ਪੀ.ਟੀ.ਆਈ. ਇੰਡੀਅਨ ਪੋਸਟ ਮਈ 21, 87 ਨਾਗਪੁਰ)

ਆਰੀਆਂ ਨੇ ਹੜੱਪਾ ਦੀ ਉੱਨਤ ਸਿੰਧੂ ਸਭਿਅਤਾ ਨੂੰ ਤਬਾਹ ਕੀਤਾ । ਇਹ ਸਿੰਧੂ ਸਭਿਅਤਾ, ਜੋ ਦੁਨੀਆ ਵਿੱਚ ਉੱਤਮ ਸਭਿਅਤਾ ਸੀ ਅਤੇ ਆਰੀਅਨ ਲੋਕ ਇਸ ਦੀ ਤਬਾਹੀ ਦੇ ਜ਼ਿੰਮੇਵਾਰ ਸਨ । ਇਹ ਮਹਾਨ ਸਭਿਅਤਾ ਆਰੀਆਂ ਦੇ ਆਉਣ ਤੋਂ ਬਹੁਤ ਚਿਰ ਪਹਿਲਾਂ ਸਥਾਪਤ ਸੀ । ਅਸਲ ਵਿੱਚ ਅਸੱਭਿਅਕ ਆਰੀਆ ਆਏ ਤੇ ਉਨ੍ਹਾਂ ਇਸ ਦਾ ਸਤਿਆਨਾਸ ਕਰ ਦਿੱਤਾ । ਇਹ ਆਰੀਆ ਹੀ ਸਨ, ਜਿਨ੍ਹਾਂ ਨੇ ਭਾਰਤ ਅੰਦਰ ਜਾਤੀ ਵੰਡ ਪੈਦਾ ਕੀਤੀ । ਅਜਿਹਾ ਉਨ੍ਹਾਂ ਨੇ ਸਥਾਨਕ ਸਿੰਧੂ ਲੋਕਾਂ (ਭਾਵ ਦਰਾਵੜਾਂ) ਦਾ ਦਮਨ ਅਤੇ ਅਪਮਾਨ ਕਰਕੇ ਕੀਤਾ ਅਤੇ ਉਨ੍ਹਾਂ ਨੂੰ ਨੀਵੀਆਂ ਜਾਤੀਆਂ ਵਿੱਚ ਵੰਡ ਕੇ ਕੀਤਾ । ਇਹੀ ਕਾਰਨ ਸੀ ਕਿ ਭਾਰਤ ਅੰਦਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਹੋਂਦ ਵਿੱਚ ਆਏ । ਟਾਈਮਜ਼ ਆਫ ਇੰਡੀਆ 23 ਮਈ 1987 'ਚ ਉਹ ਲਿਖਦੇ ਹਨ ਕਿ ਆਰੀਅਨ ਅੱਗਾਂ ਲਾਉਂਦੇ ਸਨ । ਉਨ੍ਹਾਂ ਨੇ ਸਿੰਧੂ ਆਬਾਦੀ ਦੇ ਕਸਬਿਆਂ ਨੂੰ ਅੱਗਾਂ ਲਾ ਕੇ ਸੜ ਦਿੱਤਾ । ਇਹੀ ਕਾਰਨ ਹੈ ਕਿ ਜੋ ਖੰਡਰਾਤ ਅੱਜ ਮਿਲਦੇ ਹਨ, ਉਹ ਜਲਾਏ ਗਏ ਸ਼ਹਿਰਾਂ ਦਾ ਬਚਿਆ ਖੁਚਿਆ ਭਾਗ ਹਨ । ਦੇਸ਼ਮੁਖ ਨੇ ਕਿਹਾ : ਸ਼ਬਦ ਆਰੀਆ ਦਾ ਅਰਥ ਹੈ ਬਾਹਰੋਂ ਆਏ ਲੋਕ । ਇਹ ਲੋਕ ਜਦੋਂ ਇਥੋਂ ਦੇ ਲੋਕਾਂ ਨਾਲ ਘੁਲੇ-ਮਿਲੇ ਤਾਂ ਇਨ੍ਹਾਂ (ਆਰੀਆਂ ਨੇ) ਸਥਾਨਕ ਲੋਕਾਂ ਨੂੰ (ਭਾਵ ਦਰਾਵੜਾਂ) ਨੂੰ ਨੀਵੇਂ ਦਰਜੇ ਦਾ ਬਣਾ ਕੇ ਰੱਖ ਦਿੱਤਾ ।

ਐੱਮ.ਐੱਸ. ਮਨਕਦ 'ਆਰੀਅਨ ਭਾਰਤ' ਦਲਿਤ ਵਾਇਸ ਜਨਵਰੀ 86 (ਸਫਾ-12)

ਆਰੀਆਵਾਦ, ਆਰੀਆਂ ਤੋਂ ਪਹਿਲਾਂ ਦੀ ਸਭਿਅਤਾ ਦੀਆਂ ਪ੍ਰਾਪਤੀ ਦੀ ਕਹਾਣੀ ਹੈ । ਉਹ ਸਭਿਅਤਾ, ਜਿਸ ਨੂੰ ਆਰੀਅਨ ਹਮਲਾਵਰਾਂ ਨੇ ਪੂਰੇ ਦਮਨ ਨਾਲ ਤਬਾਹ ਕੀਤਾ ਅਤੇ ਜਿਨ੍ਹਾਂ ਨੇ ਜਾਤੀ ਪ੍ਰਬੰਧ ਲਾਗੂ ਕਰਕੇ ਇਸ ਧਰਤੀ ਦੇ ਮੂਲ ਨਿਵਾਸੀਆਂ ਨੂੰ ਅਧੀਨ ਕਰ ਲਿਆ, ਅਨ-ਆਰੀਅਨ (ਭਾਵ ਦਰਾਵੜ) ਬਹੁ ਗਿਣਤੀ ਵਿੱਚ ਸਨ । ਪ੍ਰੰਤੂ ਆਰੀਅਨ ਹਮਲਾਵਰ ਜੋ ਕਿ ਅੱਜ ਵੀ ਭਾਰਤ 'ਤੇ ਰਾਜ ਕਰਦੇ ਹਨ, ਅਸਲ ਵਿੱਚ ਬਹੁ-ਗਿਣਤੀ ਨੂੰ ਘੱਟ ਗਿਣਤੀਆਂ ਕਹਿੰਦੇ ਸਨ । ਆਰੀਆਂ ਦੇ ਆਉਣ ਤੋਂ ਪਹਿਲੇ ਦਿਨਾਂ ਵਿੱਚ ਏਥੇ ਕੋਈ ਹਿੰਦੂਵਾਦ ਨਹੀਂ ਸੀ, ਜਿਹੜਾ ਕਿ ਆਰੀਆਂ ਦੁਆਰਾ ਭਾਰਤ ਵਿੱਚ ਲਿਆਂਦਾ ਗਿਆ । ਉਨ੍ਹਾਂ (ਆਰੀਆ) ਨੇ ਮੂਲ ਨਿਵਾਸੀਆਂ ਨੂੰ ਹਿਦੂ ਧਰਮ ਵਿੱਚ ਬਦਲ ਲਿਆ, ਸ਼ਾਮਲ ਕਰ ਲਿਆ, ਜੋ ਕਿ ਉਨ੍ਹਾਂ (ਦਰਾਵੜਾਂ) ਦਾ ਆਪਣਾ ਧਰਮ ਨਹੀਂ ਹੈ ।

* M.S. Mankad (an Aryan India) Ref. D.V. jan 1986, page 12)

Aryanism the story of the acheivements of the glorious pre-Aryan civilisation destroyed by the Aryan invaders who imposed caste system in and subjugated the original injhabitants of India the non-Aryans are in majority, but the aryan invaders who are today, ruling India, call the real majority as minorities. In the pre-Aryan days there was no Hinduism which was brought to India by Aryans. They converted the original inhabitants in Hinduism which is not their religion. Runoko Rashidi (an African Historian) in 'The black presence in ancient and modern India.'

Ref. D.V. April,1988 page 1.

Often refered to as Dravdians, these proud blacks of the Indus valley were eventually pushed into the central and southren regions of India by the increasingly aggressive incursions of the Indo-European tribes. By 800 B.C. these nomad Aryan people had conqured most of norhren India and renamed their newly won dominions Arya Varta (the Aryan Land). Through out Aryavarta a rigid carte regimented social order was established with masses of conqured blacks (sudras) positioned as the lowest castes. With the passage of time this bruttaly harsh caste system became the basis of the religion which in now practiced throughout India. This is the religion known as Hinduism.

ਰੁਨਕੋ ਰਸ਼ੀਦੀ (ਅਫਰੀਕਨ ਇਤਿਹਾਸਕਾਰ) 'ਪੁਰਾਤਨ ਅਤੇ ਨਵੀਨ ਭਾਰਤ ਵਿੱਚ ਕਾਲੇ ਲੋਕਾਂ ਦੀ ਹੋਂਦ' ਦਲਿਤ ਵਾਇਸ ਅਪ੍ਰੈਲ 1988

ਸਫਾ-1 ; ਜਿਨ੍ਹਾਂ ਨੂੰ ਅਕਸਰ ਦਰਾਵੜ ਕਹਿ ਕੇ ਪੁਕਾਰਿਆ ਜਾਂਦਾ ਹੈ, ਸਿਧੂ ਸਭਿਅਤਾ ਦੇ ਸਨਮਾਨ ਯੋਗ ਕਾਲੇ ਲੋਕਾਂ ਨੂੰ, ਅਖੀਰ ਅੱਗੇ ਵਧਦੇ ਹੋਏ ਲਾਪਰਵਾਹ ਹਮਲਾਵਰ ਯੂਰਪੀਨ ਕਬੀਲਿਆਂ ਵੱਲੋਂ ਭਾਰਤ ਦੇ ਕੇਂਦਰੀ ਅਤੇ ਦੱਖਣੀ ਭਾਗਾਂ ਵੱਲ ਧੱਕ ਦਿੱਤਾ ਗਿਆ । ਈਸਾ ਤੋਂ ਲਗਪਗ 800 ਸਾਲ ਪਹਿਲਾਂ, ਇਨ੍ਹਾਂ ਘੁਮੰਤਰੂ ਆਰੀਅਨ ਕਬੀਲਿਆਂ ਨੇ ਉਤਰੀ ਭਾਰਤ ਦਾ ਬਹੁਤ ਹਿੱਸਾ ਜਿੱਤ ਲਿਆ ਸੀ । ਇਸ ਜਿੱਤੇ ਇਲਾਕਿਆਂ ਦਾ ਨਾਂ ਆਰੀਆ ਵਰਤ ਰੱਖ ਲਿਆ (ਭਾਵ ਆਰੀਆਂ ਦੀ ਧਰਤੀ) । ਸਾਰੀ ਆਰੀਆਵਰਤ ਧਰਤੀ 'ਤੇ ਇੱਕ ਜਾਤੀ ਵਖਰੇਵਿਆਂ ਵਾਲਾ ਸਮਾਜਿਕ ਪ੍ਰਬੰਧ ਪੱਕੇ ਤੌਰ 'ਤੇ ਲਾਗੂ ਕਰ ਦਿੱਤਾ ਗਿਆ ਅਤੇ ਜਿੱਤੀ ਹੋਈ ਕਾਲੇ ਰੰਗ ਦੀ (ਸ਼ੂਦਰ) ਜਨਤਾ ਨੂੰ ਨੀਵੀਆਂ ਜਾਤਾਂ ਕਰਾਰ ਦਿੱਤਾ ਗਿਆ, ਜੋ ਹੁਣ ਸਾਰੇ ਭਾਰਤ ਵਿੱਚ ਲਾਗੂ ਹੈ । ਇਸ ਧਰਮ ਦਾ ਨਾਂ 'ਹਿੰਦੂਵਾਦ' ਹੈ ।

N.K. Sharma New Delhi, "Is it correct to say India is 85 percent 'Hindu' ?`` (D.V. june 88)

In 1892 upper classes clarified that these lower castes have no place in Arya Dharma, Vedic Dharma or Hinduism. They continued to describe themselves as Aryans or Belong to Vedic Dharma. BalGanga Dhar Tilak and Madan mohan Malvea, the then two brahmin leaders, when asked by the British as to who are the 'Hindu ? they replied saying 'Hindus` are those who subscribe to the authority of the Vedas thus confining their religion of Hinduism to Brahmins, Kashatryas, Vaishas and Sudras. Untouchables are thus excluded. Untouchables means outsiders to Hinduism. SCs, BCs, STs are all untouchables to Hinduism and accordiug to Arya Dharma or Vedic Dharma.

ਐੱਨ. ਕੇ. ਸ਼ਰਮਾ (ਨਵੀਂ ਦਿੱਲੀ) 'ਕੀ ਇਹ ਕਹਿਣਾ ਦਰੁਸਤ ਹੈ ਕਿ 85% ਭਾਰਤ ਹਿੰਦੂ ਹੈ ?' ਦਲਿਤ ਵਾਇਸ ਜੂਨ 1988.

1892 ਵਿੱਚ ਉੱਚ ਜਾਤੀ ਲੋਕਾਂ ਨੇ ਸਪੱਸ਼ਟ ਕੀਤਾ ਕਿ ਇਹ ਨੀਵੀਆਂ ਜਾਤੀਆਂ ਆਰੀਆ ਧਰਮ/ਵੈਦਿਕ ਧਰਮ ਜਾਂ ਹਿੰਦੂ ਧਰਮ ਵਿੱਚ ਕੋਈ ਸਥਾਨ ਨਹੀਂ ਰਖਦੀਆਂ । ਉਨ੍ਹਾਂ (ਭਾਵ ਉਚੀਆਂ ਜਾਤੀਆਂ) ਨੇ ਆਪਣੇ-ਆਪ ਨੂੰ ਆਰੀਅਨ ਜਾਂ ਵੈਦਿਕ ਧਰਮ ਵਾਲੇ ਸਾਬਤ ਕਰਨਾ ਜਾਰੀ ਰੱਖਿਆ । ਉਸ ਵੇਲੇ ਦੇ ਦੋ ਬ੍ਰਾਹਮਣ ਨੇਤਾਵਾਂ, ਬਾਲ ਗੰਗਾਧਰ ਤਿਲਕ ਅਤੇ ਮਦਨ ਮੋਹਨ ਮਾਲਵੀਆ ਨੂੰ ਜਦੋਂ ਅੰਗਰੇਜ਼ਾਂ ਨੇ ਪੁਛਿਆ ਕਿ ਹਿੰਦੂ ਕੌਣ ਹਨ ? ਤਾਂ ਉਨ੍ਹਾਂ ਉੱਤਰ ਦਿੱਤਾ ਕਿ ਹਿੰਦੂ ਉਹ ਲੋਕ ਹਨ ਜਿਹੜੇ ਵੇਦਾਂ ਦੀ ਸ਼ਕਤੀ ਨੂੰ ਮੰਨਦੇ ਹਨ । ਇਸ ਤਰ੍ਹਾਂ ਉਨ੍ਹਾਂ ਆਪਣੇ ਹਿੰਦੂਵਾਦੀ ਧਰਮ ਨੂੰ ਬ੍ਰਾਹਮਣਾਂ, ਕਸ਼ੱਤਰੀਆਂ ਅਤੇ ਵੈਸ਼ਾਂ ਨਾਲ ਜੋੜ ਕੇ ਪੇਸ਼ ਕੀਤਾ ਅਤੇ

ਸੂਦਰ-ਅਛੂਤ ਇਸ ਵਿੱਚੋਂ ਬਾਹਰ ਰੱਖੇ ਗਏ । ਅਛੂਤਾਂ ਦਾ ਅਰਥ ਹੈ ਹਿੰਦੂ ਧਰਮ ਤੋਂ ਬਾਹਰੀ ਲੋਕ । ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਸਭ ਹਿੰਦੂਵਾਦ ਅਨੁਸਾਰ ਅਛੂਤ ਹਨ । ਇਹ ਸਭ ਕੁਝ ਆਰੀਅਨ ਧਰਮ ਜਾਂ ਵੈਦਿਕ ਧਰਮ ਅਨੁਸਾਰ ਹੈ ।

Ref: Kaumi Udarian july 88 page 20. G.E.O. Australia`s Geographical Magazine June August 1984, page 91, "When the Aryans invaded India from the West in 1500 B.C. They found an advanced civilisation in the Indus River Valley. The river was the first large water course the invades sfrom ancient Persia (Iran) discovered on their march East.

ਹਵਾਲਾ ਕੌਮੀ ਉਡਾਰੀਆਂ ਜੁਲਾਈ 1988 ਸਫਾ-20.

ਜੀ.ਈ.ਓ. ਆਸਟਰੇਲੀਆ ਜੀਓਗਰਾਫੀਕਲ ਮੈਗਜ਼ੀਨ ਜੂਨ-ਅਗਸਤ 1984 ਸਫਾ-91.

1500 ਪੂਰਵ ਈਸਵੀ ਸਮੇਂ ਜਦੋਂ ਆਰੀਆਂ ਨੇ ਭਾਰਤ ਉੱਪਰ ਹਮਲਾ ਕੀਤਾ ਤਾਂ ਉਨ੍ਹਾਂ ਨੇ ਵੇਖਿਆ ਕਿ 'ਸਿੰਧੂ ਦਰਿਆ-ਘਾਟੀ' ਇੱਕ ਉੱਨਤ ਸਭਿਅਤਾ ਸੀ । ਇਹ ਦਰਿਆ ਹੀ ਪਹਿਲਾ ਵਿਸ਼ਾਲ ਜਲ ਮਾਰਗ ਸੀ ਜਿਹੜਾ ਕਿ ਪੂਰਬ ਵੱਲ ਵਧਣ ਸਮੇਂ ਹਮਲਾਵਰ ਬਣ ਕੇ ਆਏ ਪੁਰਾਤਨ ਪਰਸੀਆਂ (ਇਰਾਨ) ਨੇ ਲੱਭਿਆ ।

ਕੌਮੀ ਉਡਾਰੀਆ ਜੁਲਾਈ 88 ਸਫਾ-19.

'ਪੰਜਾਬ ਦਾ ਇਤਿਹਾਸਕ ਅਤੇ ਸੱਭਿਆਚਾਰਕ ਪਿਛੋਕੜ' ਡਾ. ਹਰਦੇਵ ਬਾਹਰੀ: ਹੜੱਪਾ (ਜ਼ਿਲ੍ਹਾ ਮਿੰਟਗੁਮਰੀ) ਤੇ ਮੋਹਨਜੋਦੜੋ (ਸਿੰਧੂ) ਦੀ ਸਾਰੀ ਸਭਿਅਤਾ ਨੂੰ ਵੇਖ ਕੇ ਅੰਦਾਜ਼ਾ ਕੀਤਾ ਜਾ ਸਕਦਾ ਹੈ ਕਿ ਆਰੀਆਂ ਦੇ ਆਉਣ ਤੋਂ ਪਹਿਲਾਂ ਪੰਜਾਬ ਅਤੇ ਸਿਧ ਇੱਕ ਸਨ। ਆਰੀਆਂ ਨੇ ਪੰਜਾਬ ਨੂੰ ਪਹਿਲੀ ਭਾਰਤੀ ਬਸਤੀ ਬਣਾਇਆ। ਆਰੀਆਂ ਦੇ ਕਬੀਲੇ ਆਏ ਅਤੇ ਦੁਆਬਿਆਂ (ਭਾਵ ਦਰਿਆਵਾਂ ਦੇ ਵਿਚਕਾਰਲੇ ਮੈਦਾਨਾਂ 'ਚ) ਵਿੱਚ ਵਸਣ ਲੱਗੇ।

ਉਹੀ, ਸਫਾ-19 : ਲੇਖਕ ਸ੍ਰ. ਸਮਸ਼ੇਰ ਸਿੰਘ ਅਸ਼ੋਕ 'ਪੰਜਾਬੀ ਗੱਦ ਦਾ ਮੁਢ ਤੇ ਵਿਕਾਸ' ਵਿੱਚ ਲਿਖਦੇ ਹਨ, ਆਰੀਆ ਲੋਕ ਮੱਧ ਏਸ਼ੀਆ ਵਿੱਚੋਂ ਆ ਕੇ ਪੰਜਾਬ ਦੀਆਂ ਪ੍ਰਸਿੱਧ ਨਦੀਆਂ ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਆਦਿ ਦੇ ਕੰਢਿਆਂ 'ਤੇ ਅਬਾਦ ਹੋਏ.........

ਉਹੀ, ਸਫਾ 20. ਲੇਖਕ : ਪ੍ਰੋ: ਰਾਮੇਸ਼ਵਰ ਗੁਪਤਾ ਐੱਮ.ਏ. ਪੁਸਤਕ 'ਮਾਨਵ ਕੀ ਕਹਾਨੀ' ਵਿੱਚ ਲਿਖਦੇ ਹਨ : ".....ਜਿਨ੍ਹਾਂ ਲੋਕਾਂ ਨੇ ਇਸ ਸਭਿਅਤਾ (ਸਿੰਧੂ ਘਾਟੀ ਸਭਿਅਤਾ) ਦਾ ਵਿਕਾਸ ਕੀਤਾ ਉਹ ਆਰੀਆ ਨਹੀ ਸਨ......"

ਸਫਾ:-3 ; 1947 ਈ: ਦੀ ਵੰਡ ਤੋਂ ਪਹਿਲਾਂ ਭਾਰਤ, ਰੂਸ ਨੂੰ ਛੱਡ ਕੇ ਸਾਰੇ ਯੂਰਪ ਦੇ ਬਰਾਬਰ ਅਤੇ ਇਕੱਲੇ ਇੰਗਲੈਂਡ ਤੋਂ ਵੀਹ ਗੁਣਾ ਵੱਡਾ ਸੀ । ਵੈਦਕ ਕਾਲ (ਜਦੋਂ ਵੇਦ ਲਿਖੇ ਗਏ) ਵਿੱਚ ਇਸ ਨੂੰ (ਭਾਵ ਜਦੋਂ ਜੰਬੂ ਦੀਪ, ਸਪਤ ਸਿੰਧੂ, ਸਿੰਧੂ ਘਾਟੀ ਦੇ ਦਰਾਵੜ ਲੋਕ ਆਰੀਆਂ ਤੋਂ ਹਾਰ ਗਏ ਤਾਂ) ਕਿਹਾ ਜਾਂਦਾ ਸੀ ।

ਸਫਾ:-25 ; ਮੱਧ ਕਾਲ (ਜਦੋਂ ਮੁਸਲਮਾਨਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ) ਸਮੇਂ ਇਸ ਦਾ ਨਾਂ ਹਿੰਦੁਸਤਾਨ ਸੀ, ਜਿਸ ਦੇ ਸ਼ਬਦਕ ਅਰਥ ਹਨ ਹਿੰਦੂਆਂ ਦੀ ਧਰਤੀ ਭਾਵ ਆਰੀਆਂ ਦੀ ਧਰਤੀ-(ਪੁੱਛੂ ਕੀ ਇਹ ਧਰਤੀ ਆਰੀਆ ਹਿੰਦੂਆਂ ਦੀ ਹੈ ਜਾਂ ਦਰਾਵੜ ਸਿੰਧੂਆਂ ਦੀ ? ਇਹ ਗੱਲ ਪਾਠਕ ਖੁਦ ਸਮਝਣ ।) ਹਿੰਦੂ (ਆਰੀਆ ਵੰਸ਼) ਵੇਦ ਉਪਨਿਸ਼ਦ, ਰਮਾਇਣ (ਤੁਲਸੀ) ਅਤੇ ਮਹਾਂਭਾਰਤ (ਲੇਖਕ ਗੀਤਾ ਅਤੇ ਮਨੂੰ ਸਿਮਰਤੀ ਦਾ ਜ਼ਿਕਰ ਕਰਨਾ ਭੁੱਲ ਗਏ ਜਾਪਦੇ ਹਨ) ਨੂੰ ਪਵਿੱਤਰ ਗ੍ਰੰਥ ਮੰਨਦੇ ਹਨ । ਬ੍ਰਹਮਾ, ਵਿਸ਼ਨੂੰ, ਸ਼ਿਵ, ਰਾਮ ਅਤੇ ਕ੍ਰਿਸ਼ਨ ਦੀ ਪੂਜਾ ਸਾਰੇ ਭਾਰਤ ਵਿੱਚ ਇੱਕ ਸਮਾਨ ਪ੍ਰਚੱਲਤ ਹੈ । (ਕਿਉਂਕਿ ਹਾਕਮ ਲੋਕ ਹਮੇਸ਼ਾ ਆਪਣਾ ਸੱਭਿਆਚਾਰ ਲਾਗੂ ਕਰਦੇ ਹਨ) ਹਿੰਦੂਆਂ ਦੇ ਕੁੱਲ 68 ਤੀਰਥ ਸਥਾਨ ਹਨ । ਉਦਾਹਰਣ ਲਈ ਕਸ਼ਮੀਰ ਵਿੱਚ ਅਮਰਨਾਥ, ਕਾਂਗੜਾ ਵਿੱਚ ਜਵਾਲਾਜੀ, ਯੂ.ਪੀ. ਵਿੱਚ ਕਾਸ਼ੀ, ਮਥਰਾ ਅਤੇ ਬਿੰਦਰਾਬਣ, ਪੱਛਮੀ ਭਾਰਤ ਵਿੱਚ ਸੋਮਨਾਥ, ਉੜੀਸਾ ਵਿੱਚ ਜਗਨ ਨਾਥ ਪੁਰੀ, ਦੱਖਣ ਵਿੱਚ ਰਮੇਸ਼ਵਰ ਆਦਿ ਪ੍ਰਸਿੱਧ ਤੀਰਥ ਅਸਥਾਨ ਹਨ ।

-ਇੱਕ ਵਿਅਕਤੀ ਨੂੰ ਮੁਕਤੀ ਦੀ ਪ੍ਰਾਪਤੀ ਲਈ ਅਯੁੱਧਿਆ, ਮਥਰਾ, ਹਰਦੁਆਰ, ਕਾਸ਼ੀ, ਕਾਂਚੀ, ਅਵਾਂਤਿਕਾ, ਪੁਰੀ, ਦੁਆਰਕਾ ਆਦਿ ਪਵਿੱਤਰ ਸਥਾਨਾਂ 'ਤੇ ਯਾਤਰਾ ਕਰਨੀ ਚਾਹੀਦੀ ਹੈ ।

ਸਫਾ:-31 ; ਇਤਿਹਾਸ ਜਾਂ ਦੂਜੇ ਗ੍ਰੰਥ ਲਿਖਣਾ ਜਾਤੀ ਪ੍ਰਥਾ ਅਨੁਸਾਰ ਬ੍ਰਾਹਮਣਾਂ ਦਾ ਹੀ ਕੰਮ ਸੀ।

ਸਫਾ:-33 ; ਹਿੰਦੂਆਂ ਦੇ ਧਾਰਮਿਕ ਗ੍ਰੰਥ (ਜੋ ਬ੍ਰਾਹਮਣਾਂ ਨੇ ਹੀ ਲਿਖੇ) ਪੁਰਾਤਨ ਭਾਰਤੀ ਇਤਿਹਾਸ ਦੇ ਬਹੁਤ ਮਹੱਤਵਪੂਰਨ ਸੋਮੇ ਹਨ। ਇਨ੍ਹਾਂ ਗ੍ਰੰਥਾਂ ਵਿੱਚ ਸਭ ਤੋਂ ਪੁਰਾਣਾ ਗ੍ਰੰਥ ਰਿਗਵੇਦ ਹੈ)

ਇਹ ਆਰੀਆਂ ਦੀ ਸਭ ਤੋਂ ਪੁਰਾਣੀ ਸੱਭਿਅਤਾ ਦਾ ਇੱਕ ਮਾਤਰ ਸੋਮਾ ਹੈ।.....ਰਿਗਵੇਦ ਤੋਂ ਸਾਨੂੰ ਆਰੀਆਂ ਦੇ ਦਸਿਊਆਂ (ਭਾਵ ਭਾਰਤੀ ਮੂਲ ਨਿਵਾਸੀਆਂ-ਰਾਖਸ਼ਾਂ, ਦਾਨਵਾਂ, ਦੈਂਤਾਂ, ਬਾਨਰਾਂ, ਕਿੰਨਰਾਂ, ਯਕਸ਼ਾਂ, ਸਿੰਧੂਆਂ, ਆਸੁਰਾਂ, ਦਨੂੰਆਂ ਦਰਾਵੜ ਜਾਤੀਆਂ, ਜਿਨ੍ਹਾਂ ਨੂੰ ਅੱਜ ਐੱਸ.ਸੀ, ਐੱਸ.ਟੀ., ਓ.ਬੀ.ਸੀ. ਤੇ ਮਾਇਨਾਰਟੀ ਦੇ ਲੋਕ ਕਿਹਾ ਜਾਂਦਾ ਹੈ) ਨਾਲ ਕੀਤੇ ਗਏ ਯੁੱਧਾਂ ਤੇ ਉਨ੍ਹਾਂ ਦੀ ਯੁੱਧ ਪ੍ਰਨਾਲੀ ਦੇ ਵਿਸ਼ੇ ਵਿੱਚ ਗਿਆਨ ਪ੍ਰਾਪਤ ਹੁੰਦਾ ਹੈ।......

ਰਿਗਵੇਦ ਪਿੱਛੋਂ, ਸਾਮਵੇਦ, ਯਜੁਰਵੇਦ, ਅਥਰਵਵੇਦ, ਬ੍ਰਾਹਮਣ, ਅਰਣਯਕ ਉਪਨਿਸ਼ਦ ਆਦਿ ਹਿੰਦੂਆਂ ਦੇ ਮਹਾਨ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਤੋਂ ਸਾਨੂੰ ਆਰੀਆਂ ਦੀ ਉਤਰ ਵੈਦਕ ਕਾਲ ਦੀ ਸੱਭਿਅਤਾ ਦਾ ਗਿਆਨ ਹੁੰਦਾ ਹੈ। ਇਨ੍ਹਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਆਰੀਆਂ ਦਾ ਇਸ ਸਮੇਂ ਤਕ ਉੱਤਰੀ ਭਾਰਤ (ਭਾਵ ਅਫਗਾਨਿਸਤਾਨ, ਪਾਕਿਸਤਾਨ, ਪੰਜਾਬ, ਗੁਜਰਾਤ, ਯੂ.ਪੀ. ਆਦਿ ਤੱਕ) ਅਥਵਾ 'ਆਰੀਆ ਵਰਤ' ਵਿੱਚ ਫੈਲਾਅ ਹੋ ਚੁੱਕਾ ਸੀ ਅਤੇ ਉਨ੍ਹਾਂ ਦੇ ਸ਼ਕਤੀਸ਼ਾਲੀ ਰਾਜ ਸਥਾਪਤ ਹੋ ਚੁੱਕੇ ਸਨ।

ਸਫਾ:-47 :- ਆਰੀਆ (ਭਾਵ ਬ੍ਰਾਹਮਣ ਕਸ਼ੱਤਰੀ) ਦੇ ਭਾਰਤ ਵਿੱਚ ਆਉਣ ਤੋਂ ਪਹਿਲਾਂ ਇੱਥੇ ਇੱਕ ਉੱਨਤ ਸ਼ਹਿਰੀ ਸੱਭਿਅਤਾ (ਸਿੰਧੂ ਘਾਟੀ-ਦਰਾਵੜ ਸੱਭਿਅਤਾ) ਕਾਇਮ ਸੀ। ਸਰ ਜਾਨ ਮਾਰਸ਼ਲ ਦੇ ਕਥਨ ਅਨੁਸਾਰ, "ਸਿੰਧੂ ਘਾਟੀ ਸੱਭਿਅਤਾ (ਭਾਵ ਅੱਜ ਦੀਆਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਪੱਛੜੀਆਂ ਜਾਤੀਆਂ ਤੇ ਉਹ ਲੋਕ ਜੋ ਮੁਸਲਮਾਨ, ਸਿੱਖ, ਇਸਾਈ, ਬੋਧੀ ਬਣ ਗਏ ਹਨ) ਮੁੱਖ ਰੂਪ ਵਿੱਚ ਸੁਤੰਤਰ ਅਤੇ ਸਵਦੇਸ਼ੀ ਸੱਭਿਅਤਾ ਸੀ, ਜੋ ਭਾਰਤ ਦੀ ਧਰਤੀ ਦੀ ਉਪਜ ਸੀ (ਭਾਵ ਆਰੀਆਂ ਨੇ ਮੱਧ ਏਸ਼ੀਆ ਵਰਗੇ ਇਲਾਕਿਆਂ ਵਿੱਚੋਂ ਆ ਕੇ ਇਸ ਨੂੰ ਤਬਾਹ ਕੀਤਾ-ਜਿੱਤਿਆਂ ਤੇ ਆਪਣਾ ਹਿੰਦੂ ਸੱਭਿਆਚਾਰ ਲਾਗੂ ਕੀਤਾ।)......ਇਹ ਸੱਭਿਅਤਾ ਬਲੋਚਸਤਾਨ-ਬਹਾਵਲਪੁਰ ਰਿਆਸਤ, (ਪਕਿਸਤਾਨ)-ਰਾਜਸਥਾਨ, ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਗੁਜਰਾਤ-ਅਰਬ ਸਾਗਰ ਤੋਂ ਹਿਮਾਲਾ ਪਰਬਤ ਤੱਕ......ਸਿੰਧੂ ਨਦੀ ਤੋਂ ਤਾਪਤੀ ਨਦੀ ਤੱਕ ਫੈਲੀ ਹੋਈ ਸੀ। ਦੱਖਣ ਵਿੱਚ ਹੈਦਰਾਬਾਦ, ਕਰਨਾਟਕ ਅਤੇ ਨੀਲਗੀਰੀ ਪਰਬਤ ਤੱਕ ਸੀ।

ਸਫਾ :-48 :- ਸਿੰਧੂ ਘਾਟੀ ਦੀ ਸੱਭਿਅਤਾ ਅਵੱਸ਼ ਹੀ ਸ਼ਹਿਰੀ ਸੱਭਿਅਤਾ ਸੀ।.....ਉਹ ਲੋਕ ਨਗਰ ਯੋਜਨਾ ਬਣਾਉਣ ਵਿੱਚ ਬਹੁਤ ਮਾਹਰ ਹਨ। ਉੱਥੇ ਇੱਕ, ਕਈ ਕਮਰਿਆਂ ਵਾਲਾ ਵਿਸ਼ਾਲ ਭਵਨ ਮਿਲਿਆ ਹੈ, ਜੋ 230 ਫੁੱਟ ਲੰਬਾ ਅਤੇ 78 ਫੁੱਟ ਚੌੜਾ ਹੈ। ਉੱਥੇ 90 ਫੁੱਟ ਲੰਬਾ ਅਤੇ 90 ਫੁੱਟ ਹੀ ਚੌੜਾ ਇੱਕ ਵੱਡਾ ਹਾਲ ਮਿਲਿਆ ਹੈ।

......ਹੜੱਪਾ ਦਾ ਸਭ ਤੋਂ ਵੱਡਾ ਭਵਨ ਇਕੱ ਵਿਸ਼ਾਲ ਗੁਦਾਮ ਹੈ ਜੋ 169 ਫੁੱਟ ਲੰਬਾ ਤੇ 135 ਫੁੱਟ ਚੌੜਾ ਹੈ।......ਹਰ ਇੱਕ ਗਲੀ ਵਿੱਚ ਇੱਕ ਫੁੱਟ ਤੋਂ ਦੋ ਫੁੱਟ ਤੱਕ ਡੂੰਘੀਆਂ 9 ਇੰਚ ਤੋਂ ਇੱਕ ਫੁੱਟ ਤੱਕ ਚੌੜੀਆਂ ਨਾਲੀਆਂ ਬਣੀਆਂ ਹੋਈਆਂ ਸਨ। ਸ਼ਹਿਰ ਦੇ ਵੱਡੇ ਨਾਲਿਆਂ ਦਾ ਘੇਰਾ 2 ਫੁੱਟ ਤੋਂ ਲੈ ਕੇ 5 ਫੁੱਟ ਤੱਕ ਸੀ।' ...ਨਾਲੀਆਂ ਦਾ ਵਿਸਥਾਰਮਈ ਪ੍ਰਬੰਧ ਸਿੰਧੂ ਘਾਟੀ ਦੀ ਸੱਭਿਅਤਾ ਦੀ ਇੱਕ ਅਦੁੱਤੀ ਵਿਸ਼ੇਸ਼ਤਾ ਹੈ ਕਿ ਉਸ ਪ੍ਰਾਚੀਨ ਯੁੱਗ ਦੇ ਸੰਸਾਰ ਦੇ ਕਿਸੇ ਹੋਰ ਨਗਰ ਵਿੱਚ ਅਜਿਹੀ ਵਿਵਸਥਾ ਨਹੀਂ ਪਾਈ ਗਈ।"

(64) ਇਹ ਮੰਨਣਾ ਠੀਕ ਪ੍ਰਤੀਤ ਹੁੰਦਾ ਹੈ ਕਿ ਸਿੰਧੂ ਘਾਟੀ ਦੇ (ਹੜੱਪਾ) ਲੋਕਾਂ ਦਾ ਈਸਾ ਪੂਰਵ ਦੀ ਸਤਾਰਵੀਂ ਸਦੀ ਜਾਂ ਉਸ ਦੇ ਲਗਪਗ ਪੱਤਨ ਹੋਇਆ ਤੇ ਉਹ ਹਮਲਾਵਰ ਆਰੀਆਂ ਤੋਂ ਉਸੇ ਤਰ੍ਹਾਂ ਹਾਰੇ, ਜਿਸ ਤਰ੍ਹਾਂ ਕਿ ਵੇਦਾਂ ਦੇ ਮੰਤਰ ਦੱਸਦੇ ਹਨ। (ਸਰ ਮੋਰਟੀਮਰ ਵੀਲਰ)

(2) ਸਿੰਧੂ ਸੱਭਿਅਤਾ ਦੇ ਲੋਕਾਂ ਨੂੰ ਆਧੁਨਿਕ ਵਿਦਵਾਨਾਂ ਨੇ ਦਰਾਵੜ ਜਾਤੀ ਦੇ ਮੰਨਿਆ ਹੈ, ਜਦੋਂ ਕਿ ਵੈਦਿਕ ਸੱਭਿਅਤਾ ਦੇ ਲੋਕ ਆਰੀਆ ਜਾਤੀ ਦੇ ਹਨ। ਆਰੀਆ ਲੋਕ, ਇਨ੍ਹਾਂ ਦਰਾਵੜ ਲੋਕਾਂ ਜਾਂ ਅਣ-ਆਰੀਆ ਲੋਕਾਂ ਨੂੰ ਬਹੁਤ ਨਫਰਤ ਕਰਦੇ ਸਨ। ਰਿਗਵੇਦ ਤੋਂ ਪਤਾ ਲਗਦਾ ਹੈ ਕਿ ਉਹ ਕਈ ਵਰ੍ਹਿਆਂ ਤੱਕ ਉਨ੍ਹਾਂ ਦੇ ਵਿਰੁੱਧ ਲੜਾਈਆਂ ਲੜਦੇ ਰਹੇ, ਅਖੀਰ ਵਿੱਚ ਆਰੀਆਂ ਨੇ ਉਨ੍ਹਾਂ ਨੂੰ ਹਰਾ ਦਿੱਤਾ ਤੇ ਉਨ੍ਹਾਂ ਦੀ (ਦਰਾਵੜ) ਸੱਭਿਅਤਾ ਨੂੰ ਨਸ਼ਟ ਕਰ ਦਿੱਤਾ।

ਸਫਾ:-65-5 ; ਸਿੰਧੂ ਸੱਭਿਅਤਾ ਦੇ ਲੋਕ ਅਮਨ ਪਸੰਦ ਸਨ।

ਸਫਾ:-75 ; ਲੋਕਮਾਨੀਜ ਬਾਲ ਗੰਗਾਧਰ ਤਿਲਕ (ਸਾਰਸਵਤ ਬ੍ਰਾਹਮਣ) ਦੇ ਕਥਨ ਅਨੁਸਾਰ ਆਰੀਆ ਜਾਤੀ ਨੇ 6000 ਈ: ਪੂਰਵ ਭਾਰਤ ਵਰਗ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਸਮੇਂ ਆਪਣੇ ਪ੍ਰਸਿੱਧ ਗ੍ਰੰਥ ਰਿਗਵੇਦ ਦੀ ਰਚਨਾ ਕੀਤੀ ।.....ਆਰੀਆ ਲੋਕ ਭਾਰਤ ਵਿੱਚ ਇੱਕ ਵਾਰ ਨਹੀਂ ਆਏ ਬਲਕਿ ਕਈ ਵਰ੍ਹਿਆਂ ਤੱਕ ਆਉਂਦੇ ਰਹੇ.....ਹਿੰਦੂਕੁਸ਼ ਅਤੇ ਅਫਗਾਨਿਸਤਾਨ ਨੂੰ ਪਾਰ ਕਰਕੇ ਭਾਰਤ ਆਉਂਦੇ ਰਹੇ ਅਤੇ ਅੱਗੇ ਵਧਦੇ ਰਹੇ।

ਸਫਾ:-142 ; ਹਿਦੂ ਧਰਮ (ਪੁਰਾਤਨ ਆਰੀਆ ਧਰਮ-ਜਾਂ ਵੇਦਕ ਧਰਮ) ਦੇ ਪ੍ਰਸਿੱਧ ਗ੍ਰੰਥ ਵੇਦ ਉਪਨਿਸ਼ਟ, ਬ੍ਰਾਹਮਣ ਗ੍ਰੰਥ, ਰਮਾਇਣ, ਮਹਾਂਭਾਰਤ ਆਦਿ ਪ੍ਰਾਚੀਨ ਕਾਲ ਦੀ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਗਏ ਸਨ ।

ਸਫਾ:-397 ; ਗੁਪਤ ਕਾਲ ਵਿੱਚ ਬ੍ਰਾਹਮਣਾਂ ਨੂੰ ਸਭ ਤੋਂ ਉੱਚਾ ਦਰਜਾ ਪ੍ਰਾਪਤ ਸੀ । ਗੁਪਤ ਹਾਕਮ ਬ੍ਰਾਹਮਣਾਂ ਦਾ ਬਹੁਤ ਸਤਿਕਾਰ ਕਰਦੇ ਸਨ । ਬ੍ਰਾਹਮਣਾਂ ਨੂੰ ਸਮਾਜ ਵਿੱਚ ਖਾਸ ਅਧਿਕਾਰ ਪ੍ਰਾਪਤ ਸਨ । ਉਨ੍ਹਾਂ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ, ਭਾਵੇਂ ਉਨ੍ਹਾਂ ਨੇ ਕਿੰਨਾ ਵੀ ਵੱਡਾ ਅਪਰਾਧ ਕਿਉਂ ਨਾ ਕੀਤਾ ਹੋਵੇ । ਉਨ੍ਹਾਂ ਦੀ ਹੱਤਿਆ ਕਰਨ ਵਾਲੇ ਅਪਰਾਧੀ ਨੂੰ ਸਭ ਤੋਂ ਸਖਤ ਸਜ਼ਾ ਦਿੱਤੀ ਜਾਂਦੀ ਸੀ। ਹਰ ਇੱਕ ਬ੍ਰਾਹਮਣ ਨੂੰ ਇੱਕ ਸਮੇਂ ਹੀ ਤਿੰਨ ਇਸਤਰੀਆਂ ਨਾਲ ਵਿਆਹ ਕਰਾਉਣ ਦਾ ਅਧਿਕਾਰ ਪ੍ਰਾਪਤ ਸੀ। ਕਸ਼ੱਤ੍ਰੀਆਂ ਅਤੇ ਵੈਸ਼ਾਂ ਨੂੰ ਵੀ ਸਮਾਜ ਵਿੱਚੋਂ ਸਨਮਾਨਪੂਰਵਕ ਸਥਾਨ ਪ੍ਰਾਪਤ ਸੀ, ਪ੍ਰੰਤੂ ਸ਼ੂਦਰਾਂ (ਦਰਾਵੜਾਂ) ਦੀ ਹਾਲਤ ਤਸੱਲੀ ਬਖਸ਼ ਨਹੀਂ ਸੀ। ਗੁਪਤ ਕਾਲ ਦੇ ਸ਼ਾਸਕ ਵੈਸ਼ ਸਨ।

ਇਸ ਤਰ੍ਹਾਂ ਜੋ ਸਥਿਤੀ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਲਗਪਗ 4000 ਸਾਲ ਪਹਿਲਾਂ ਭਾਰਤ ਦੀ ਧਰਤੀ 'ਤੇ ਇੱਕ ਮਹਾਨ ਸੱਭਿਅਤਾ ਮੌਜੂਦ ਸੀ, ਜਿਸ ਦਾ ਨਾਂ ਸਿੰਧੂ ਘਾਟੀ ਦੀ ਸੱਭਿਅਤਾ ਸੀ, ਜੋ ਦੂਰ-ਦੂਰ ਤੱਕ ਫੈਲੀ ਹੋਈ ਸੀ। ਇਸ ਸੱਭਿਅਤਾ ਦੇ ਬਾਸ਼ਿੰਦਿਆਂ ਨੇ ਅਸਚਰਜ ਕਰਨ ਵਾਲੀ ਤਰੱਕੀ ਕੀਤੀ ਹੋਈ ਸੀ । ਦੂਜੀ ਸਥਿਤੀ ਇਹ ਹੈ ਕਿ ਇਸ ਸੱਭਿਅਤਾ ਨੂੰ ਵੱਡੀ ਪੱਧਰ 'ਤੇ ਆਰੀਆ ਲੋਕਾਂ ਨੇ ਤਬਾਹ ਕੀਤਾ ਅਤੇ ਇਹ ਆਰੀਆ ਲੋਕ ਬਦੇਸ਼ੀ ਲੋਕ ਸਨ ਜੋ ਮੱਧ ਏਸ਼ੀਆ ਦੇ ਆਸ-ਪਾਸ ਤੋਂ ਆਏ। ਸੈਂਕੜੇ ਸਾਲ ਭਾਰਤ ਦੇ ਮੂਲ ਨਿਵਾਸੀਆਂ ਨੂੰ ਹਰਾਉਣ ਵਿੱਚ ਲੱਗੇ ਰਹੇ।

ਇਹ ਵੇਖਣਾ ਹੈ ਕਿ ਇਸ ਸੱਭਿਅਤਾ ਦੇ ਸੰਬੰਧ ਵਿੱਚ ਜੋ ਆਰੀਅਨ-ਅਨਆਰੀਅਨ ਸੰਘਰਸ਼ ਹੋਇਆ, ਕੀ ਉਸ ਦਾ ਜ਼ਿਕਰ ਇਤਿਹਾਸ ਦੇ ਪੰਨਿਆਂ 'ਤੇ ਅੰਕਤ ਹੈ? ਇਸ ਪ੍ਰਸੰਗ ਵਿੱਚ 'ਉਪਰੋਕਤ ਤੱਥ ਐੱਸ.ਐੱਸ. ਸੀਕਰੀ ਅਤੇ ਏ.ਸੀ. ਅਰੋੜਾ ਲਿਖਤ ਪੁਸਤਕ ਇਤਿਹਾਸ ਦਾ ਪ੍ਰਾਚੀਨ ਕਾਲ ਵਿੱਚੋਂ ਹਨ।

ਰਿਗਵੇਦ ਦੇ ਹਵਾਲੇ ਦੱਸਣਾ ਵਧੇਰੇ ਉਚਿਤ ਹੋਵੇਗਾ, ਕਿਉਂਕਿ ਇਹ ਗ੍ਰੰਥ ਖੁਦ ਆਰੀਆਂ ਦਾ ਲਿਖਿਆ ਪਹਿਲਾ ਪੁਰਾਤਨ ਗ੍ਰੰਥ ਹੈ ਅਤੇ ਇਹ ਉਸ ਸਮੇਂ ਦੇ ਸੰਘਰਸ਼ ਦੌਰਾਨ ਹੀ ਲਿਖਿਆ ਜਾਪਦਾ ਹੈ । ਆਓ ਵੇਖੀਏ ਕਿ ਰਿਗਵੇਦ ਵਿੱਚ ਆਰੀਆਂ ਅਤੇ ਆਦਿਵਾਸੀਆਂ ਦਾ ਕਿਸ ਤਰ੍ਹਾਂ ਦਾ ਜ਼ਿਕਰ ਮਿਲਦਾ ਹੈ । ਰਿਗਵੇਦ ਵਿੱਚ ਦਸਿਊਆਂ ਦੇ ਮਾਰੇ ਜਾਣ ਦਾ ਜ਼ਿਕਰ ਇਸ ਪ੍ਰਕਾਰ ਹੈ:-

ਰਿਗਵੇਦ ਪੰਨਾ—	(6)-16-13	50000 ਦਸਿਊ ਮਾਰੇ ਗਏ ।
	(4) 30-21	30000 ਦਸਿਊ ਮਾਰੇ ਗਏ ।
	(4) 30-15	50000 ਦਸਿਊ ਮਾਰੇ ਗਏ ।
	(6) 26-6	60000 ਦਸਿਊ ਮਾਰੇ ਗਏ ।
	(7) 18-4	66000 ਦਸਿਊ ਮਾਰੇ ਗਏ ।
	(8) 99-5	10000 ਦਸਿਊ ਮਾਰੇ ਗਏ ।

ਰ.ਵ. (3)—34-9 :-ਉਸ ਨੇ (ਇੰਦਰ ਨੇ) ਦਸਿਊ ਦੀ ਹੱਤਿਆ ਕਰਕੇ ਆਰੀਆ ਵਰਨ ਦੀ ਸਦਾ ਰੱਖਿਆ ਕੀਤੀ ਹੈ ।

ਰ.ਵ. (8)—53-3 :-ਹੇ ਇੰਦਰ ! ਮੈਨੂੰ ਇਕ-ਇਕ ਸੌ ਘੋੜੇ, ਗਧੇ ਅਤੇ ਦਾਸ ਪਰਦਾਨ ਕਰੋ । (ਦਾਸ ਤੋਂ ਭਾਵ ਜੋ ਜਿੱਤ ਲਏ ਗਏ ਜਾਂ ਬੰਦੀ ਬਣਾ ਲਏ ਗਏ)

ਰ.ਵ. (6)—18-5 :-ਤੂੰਨੇ ਅੰਗਰਾਓ ਵਿੱਚ ਯੁੱਧ ਸ਼ਕਤੀ ਨਾਲ ਬਲ ਨਾਂ ਦੇ ਦੈਂਤ ਨੂੰ ਮਾਰਿਆ ਸੀ ਅਤੇ

ਉਸ ਦੇ ਨਗਰਾਂ ਦੇ ਦਰਵਾਜ਼ੇ ਖੋਲ੍ਹੇ ਸਨ।

ਰ.ਵ.(6)—20-10 :-ਤੂਨੇ (ਇੰਦਰ ਨੇ) ਸੱਤ ਜਬਰਦਸਤ ਕਿਲ੍ਹਿਆਂ ਨੂੰ ਤੋੜ ਦਿੱਤਾ, ਜਿਨ੍ਹਾਂ ਵਿੱਚ ਦਾਸ ਸ਼ਰਨ ਲੈਂਦੇ ਸਨ।

ਰ.ਵ.—28-10 :-ਹੇ ਇੰਦਰ ਤੂਨੇ ਛੋਟੀ ਨੱਕ ਵਾਲੇ ਦਸਿਊਆਂ ਨੂੰ ਸ਼ਸ਼ਤਰਾਂ ਨਾਲ ਮਾਰਿਆ ਅਤੇ ਸੰਗਰਾਮ ਵਿੱਚ ਬੋਲਣ ਵਾਲਿਆਂ ਨੂੰ ਮਾਰਿਆ।

ਰ.ਵ.(4)—16-13 :-ਹੇ ਇੰਦਰ, ਤੂਨੇ ਪੰਜ ਹਜ਼ਾਰ ਕਾਲੇ ਵਰਣ ਦੇ ਆਸੁਰਾਂ ਨੂੰ ਮਾਰਿਆ ਅਤੇ ਜਿਸ ਤਰ੍ਹਾਂ ਲੋਕ ਜੀਰਣ-ਸ਼ੀਰਨ ਕੱਪੜਿਆਂ ਨੂੰ ਪਾੜ ਦਿੰਦੇ ਹਨ, ਉਸੇ ਤਰ੍ਹਾਂ ਤੂੰ ਸ਼ੱਤਰੂ ਦੇ ਨਗਰਾਂ ਨੂੰ ਤੋੜ ਦਿੱਤਾ।

ਰ.ਵ.(7)—5-3 :-ਹੇ ਅਗਨੀ ! ਜਦੋਂ ਤੂੰ ਪੁਰੂ ਰਾਜਾ ਵਾਸਤੇ ਤੇਜਮਾਨ ਹੋ ਕੇ ਸ਼ਤਰੂ ਦੇ ਨਗਰਾਂ ਨੂੰ ਜਲਾ ਦਿੱਤਾ ਤਾਂ ਭੈ-ਭੀਤ ਹੋ ਕੇ ਸ਼ੱਤਰੂ ਦੀ ਕਾਲੇ ਰੰਗ ਦੀ ਪਰਜਾ ਭੋਜਨ ਆਦਿ ਤਿਆਗ ਕੇ ਭੱਜ ਉਠੀ।

ਰ.ਵ.(7)—18-9 :-ਤਾਂ ਇੰਦਰ ਨੇ ਸੁਦਾਸ ਦੇ ਵਧਰੀਵਾਸ ਸ਼ੱਤਰੂਆਂ ਨੂੰ ਆਪਣੇ ਵੱਸ ਕਰ ਲਿਆ।

ਰ.ਵ.(7)—18-13 :-ਹੇ ਇੰਦਰ ! ਸਾਡੇ 'ਤੇ ਅਜਿਹੀ ਕ੍ਰਿਪਾ ਕਰੋ ਕਿ ਅਸੀਂ ਇਨ੍ਹਾਂ ਵਰਿਧਰਵਾਚਾਂ (ਦਰਾਵੜਾਂ) 'ਤੇ ਵਿਜੇ ਪਾ ਸਕੀਏ।

ਰ.ਵ.(10)—22-8 :-ਅਸੀਂ (ਭਾਵ ਆਰੀਆ) ਦਸਿਊਆਂ ਦੇ ਵਿਚਕਾਰ ਰਹਿੰਦੇ ਹਾਂ। ਇਹ ਲੋਕ ਯੱਗ ਨਹੀਂ ਕਰਦੇ ਅਤੇ ਕਿਸੇ ਵਿੱਚ ਭਗਤੀ ਭਾਵ ਨਹੀਂ ਰੱਖਦੇ। (ਆਰੀਅਨ ਕਰਮ ਕਾਂਡ) ਇਨ੍ਹਾਂ ਦੀਆਂ ਰੀਤਾਂ ਪ੍ਰਿਥਕ ਹਨ।..... ਸ਼ੱਤਰੂਆਂ ਦਾ ਨਾਸ਼ ਕਰਨ ਵਾਲੇ ਇੰਦਰ, ਇਨ੍ਹਾਂ ਲੋਕਾਂ ਦਾ (ਭਾਵ ਅਨ-ਆਰੀਅਨ ਦਸਿਊਆਂ ਦਾ) ਨਾਸ਼ ਕਰੋ।

ਰ.ਵ.(2)—19-6 :-ਇੰਦਰ ਨੇ ਆਪਣੇ ਆਰੀਆਂ ਭਗਤ ਦੇਵਦਾਸ ਲਈ ਸਾਂਭਰ ਦੇ 99 ਨਗਰਾਂ ਨੂੰ ਤੋੜ ਦਿੱਤਾ। (ਭਾਵ ਢਾਅ ਦਿੱਤਾ ਜਾਂ ਜਲਾ ਦਿੱਤਾ)

ਰ.ਵ.(6)—31-4 :-ਹੇ ਇੰਦਰ ! ਤੂੰ ਸਾਂਬਰ ਨਾਲ ਦਸਿਊ ਦੇ 100 ਨਗਰਾਂ ਨੂੰ ਢਾਹ ਦਿੱਤਾ।

ਰ.ਵ.(6)—20-10 :-ਹੇ ਇੰਦਰ ! ਤੂੰ ਸੁਰਦਾਸੁਰ ਦੀਆਂ ਸੱਤ ਪੁਰੀਆਂ ਨੂੰ ਬੱਜਰਾਂ ਨਾਲ ਚੂਰ-ਚੂਰ ਕਰ ਦਿੱਤਾ।

ਰ.ਵ.(3)—12-6 :-ਹੇ ਇੰਦਰ ! ਤੂੰ ਪਹਿਲੀ ਚਾਹਨਾਂ ਨਾਲ ਹੀ ਆਸੁਰਾਂ ਦੇ 90 ਨਗਰਾਂ ਨੂੰ ਇੱਕੋ ਸਮੇਂ ਹੀ ਕੰਬਾ ਦਿੱਤਾ। (ਭਾਵ ਢਾਅ ਦਿੱਤਾ ਜਾਂ ਭੰਨ-ਤੋੜ ਦਿੱਤਾ)

ਰ.ਵ.(1)—51-1 :-ਹੇ ਇੰਦਰ ! ਤੂੰ ਪਿਪਰੂ ਨਾਂ ਦੇ ਦਸਿਊ ਦਾ ਕਿਲ੍ਹਾ ਤੋੜ ਕੇ, ਯੁੱਧ ਵਿੱਚ ਦਸਿਊਆਂ ਦਾ ਨਾਸ਼ ਕਰਕੇ ਰਿਹਿਜਸਬ ਦੀ ਰੱਖਿਆ ਕੀਤੀ।

ਰ.ਵ.(1)—51-6 :-ਹੇ ਇੰਦਰ, ਤੂੰ ਸ਼ੁਗਣ ਨਾਲ ਯੁੱਧ ਕਰਕੇ ਕੁਤਸ ਨੂੰ ਬਚਾ ਲਿਆ। ਸ਼ਾਬਰ ਨੂੰ ਅਤਿਥਿਗਣ (ਆਰੀਆ) ਤੋਂ ਜਿਤਵਾਇਆ। ਅਵਰਥ ਨਾਂ ਦੇ ਆਸੁਰ ਨੂੰ ਪੈਰਾਂ ਨਾਲ ਕੁਚਲ ਦਿੱਤਾ। ਤੁਸੀਂ ਦਸਿਊਆਂ ਦਾ ਨਾਸ਼ ਕਰਨ ਲਈ ਹੀ ਉਤਪੰਨ ਹੋਏ ਹੋ।

ਰ.ਵ.(10)—29-7 :-ਜਦੋਂ ਉਸ ਨੇ (ਭਾਵ ਇੰਦਰ ਨੇ) ਦਸਿਊਆਂ ਦਾ ਕਤਲ ਕੀਤਾ ਅਤੇ ਉਸ ਦੀਆਂ ਅਨੇਕ ਨਗਰੀਆਂ ਨੂੰ ਤਬਾਹ ਕੀਤਾ।

ਰ.ਵ (2)—20-7 :-ਉਸ ਬਰਿੱਤਰ ਨੂੰ ਮਾਰਨ ਵਾਲੇ ਅਤੇ ਸ਼ੱਤਰੂਆਂ ਦੀਆਂ ਨਗਰੀਆਂ ਨੂੰ ਤੋੜਨ ਵਾਲੇ ਇੰਦਰ ਨੇ ਸਾਰੀਆਂ ਕਾਲੀਆਂ ਦਾਸੀਆਂ ਨੂੰ ਮਾਰ ਦਿੱਤਾ।

ਰ.ਵ.(2)—20-8 :-ਜਦੋਂ ਇੰਦਰ ਨੇ ਬੱਜਰ ਹੱਥ ਵਿੱਚ ਲਿਆ ਤਾਂ ਉਸ ਨਾਲ ਦਸਿਊਆਂ ਨੂੰ ਮਾਰ ਕੇ ਉਨ੍ਹਾਂ ਦੇ ਲੋਹੇ ਦੇ ਕਿਲ੍ਹੇ ਨੂੰ ਤੋੜ ਦਿੱਤਾ।

ਰ.ਵ.(1)—30-7 :-ਹੇ ਇੰਦਰ, ਤੂੰ ਪੁਰੂ ਦੇਵਦਾਸ ਲਈ ਸ਼ਤਰੂ (ਭਾਵ ਦਰਾਵੜਾਂ) ਦੇ ਕਿਲ੍ਹੇ (ਦੁਰਗ) ਨੂੰ ਤੋੜਿਆ। ਆਪਣੀ ਤਾਕਤ ਨਾਲ ਅਤਿਥਿਗਣ ਨੂੰ ਬੇਅੰਤ ਧਨ ਦਿੱਤਾ ਅਤੇ ਸ਼ਾਬਰ ਨੂੰ ਪਰਬਤ ਤੋਂ ਗਿਰਾ ਦਿੱਤਾ।

ਰ.ਵ.(2)—11-19 :-ਹੇ ਇੰਦਰ, ਤੇਰੇ ਇਸ ਅਸ਼ਤਰ ਨੇ ਹੰਕਾਰੀਆਂ (ਭਾਵ ਜੋ ਆਪਣੀ ਹੋਂਦ ਲਈ ਡਟੇ ਰਹੇ) ਦਸਿਊਆਂ ਨੂੰ ਭਜਾ ਦਿੱਤਾ।

ਰ.ਵ.(10)—99-6 :-ਇੰਦਰ ਨੇ ਦਸਿਊਆਂ 'ਤੇ ਸ਼ਾਸਨ ਕੀਤਾ ।

ਰ.ਵ.(6)—25-23 :-ਹੇ ਇੰਦਰ, ਪਾਸ ਜਾਂ ਦੂਰ ਤੋਂ ਜੋ ਸ਼ੱਤਰੂ ਸਾਡੇ ਸਾਹਮਣੇ ਆ ਕੇ ਹਿੰਸਾ ਕਰਨਾ ਚਾਹੁੰਦਾ ਹੈ, ਉਨ੍ਹਾਂ ਸ਼ਤਰੂਆਂ ਦਾ ਆਪਣੇ ਬਲ ਨਾਲ ਨਾਸ ਕਰੋ ।

ਰ.ਵ.(2)—11.4 :-ਹੇ ਇੰਦਰ, ਤੁਸੀਂ ਉਨ੍ਹਾਂ ਦਾਸਾਂ ਨੂੰ ਸੂਰਜ ਦੇ ਤੇਜ ਦੇ ਸਮਾਨ ਹਰਾਉਂਦੇ ਹੋ ।

ਰ.ਵ.(6)—20-12 :-ਅਤੇ (6) 45-1 : ਇੰਦਰ ਯਦੂ ਅਤੇ ਤਰਿਤਵਾ ਸਾਊਆ ਨੂੰ ਸਮੁੰਦਰ ਪਾਰੋਂ ਬਹੁਤ ਦੂਰ ਤੋਂ ਸੁਰੱਖਿਆ ਪੂਰਵਕ ਲੈ ਕੇ ਆਏ ਹੋ ।

ਰ.ਵ.(6)—16-15 :-ਤੁਸੀਂ ਦਸਿਊਆਂ ਨੂੰ ਮਾਰਨ ਵਾਲੇ ਅਤੇ ਧਨ ਜਿੱਤਣ ਵਾਲੇ ਹੋ ।

ਰ.ਵ.(2)—12-4 :-ਜਿਸ ਨੇ ਸੰਸਾਰ ਨੂੰ ਰਚਿਆ ਅਤੇ ਦਾਸ ਵਰਣ ਨੂੰ ਨੀਵੀਆਂ ਗੁਫਾਵਾਂ ਵਿੱਚ ਵਸਾਇਆ ਅਤੇ ਜੋ ਸ਼ੱਤਰੂ ਦੇ ਧਨ ਨੂੰ ਜਿੱਤਦਾ ਹੈ, ਉਹ ਇੰਦਰ ਹੈ ।

ਰ.ਵ.(5)—34-6 :-ਸ਼ੱਤਰੂਆਂ ਦਾ ਯੁੱਧ ਵਿੱਚ ਨਾਸ਼ ਕਰਨ ਵਾਲੇ ਇੰਦਰ ਰੱਥ ਦੇ ਪਹੀਏ ਨੂੰ ਤੇਜ਼ ਹੋਣ ਦੀ ਸ਼ਕਤੀ ਦਿੰਦੇ ਹਨ ।

ਰ.ਵ.(1)—103-3 :-ਬੱਜਰਧਾਰੀ ਉਹ ਇੰਦਰ ਦਾਸਾਂ ਦੇ ਕਿਲ੍ਹਿਆਂ ਨੂੰ ਨਸ਼ਟ ਕਰ ਜਾਂਦੇ ਹਨ । ਹੇ ਇੰਦਰ, ਦਸਿਊਆਂ 'ਤੇ ਬੱਜਰ ਮਾਰੋ ਅਤੇ ਆਰੀਆਂ ਦੇ ਬਲ ਅਤੇ ਜਸ ਵਿੱਚ ਵਾਧਾ ਕਰੋ ।

ਰ.ਵ.(4)—30-13 :-ਜਦੋਂ ਤੂੰ ਸ਼ੁਸਣ ਦੇ ਨਗਰਾਂ ਨੂੰ ਨਸ਼ਟ ਕੀਤਾ ਤਾਂ ਤੂੰ ਉਸ ਦੇ ਧਨ ਨੂੰ ਵੀ ਲੁੱਟਿਆ ।

ਰ.ਵ.(1)—176-4 :-ਹੇ ਇੰਦਰ, ਸੋਮ (ਇੱਕ ਕਿਸਮ ਦੀ ਮਦਰਾ) ਦੀ ਵਰਤੋਂ ਨਾ ਕਰਨ ਵਾਲਿਆਂ ਅਤੇ ਕਠਿਨਾਈ ਨਾਲ ਵੱਸ ਵਿੱਚ ਆਉਣ ਵਾਲਿਆਂ ਦਾ ਕਤਲ ਕਰੋ, ਕਿਉਂਕਿ ਉਹ ਤੈਨੂੰ ਸੁਖੀ ਨਹੀਂ ਕਰ ਸਕਦੇ । ਉਨ੍ਹਾਂ ਦਾ ਧਨ ਅਸਾਨੂੰ ਦਿਓ । ਤੁਹਾਡੀ ਸ਼ਕਤੀ ਧਨ ਪ੍ਰਾਪਤ ਕਰਨ ਦੇ ਯੋਗ ਹੈ ।

ਰ.ਵ.(3)—37-9 :-ਉਸ਼ ਨੇ ਪਾਪੀਆਂ (ਭਾਵ ਦਸਿਊਆਂ ਭਾਵ ਦਰਾਵੜਾਂ) ਦਾ ਸੰਹਾਰ ਕਰਕੇ ਆਰੀਆ-ਵਰਣ ਦੀ ਸਦਾ ਹੀ ਰਾਖੀ ਕੀਤੀ ।

ਰ.ਵ.(6)—28-4 :-ਹੇ ਇੰਦਰ, ਤੁਸੀਂ ਸਾਰੇ ਦਸਿਊਆਂ ਨੂੰ ਸਦਗੁਣਾਂ ਤੋਂ ਵਿਹੀਨ ਕਰਦੇ ਹੋ ।

ਰ.ਵ.(4)—16-13 :-ਹੇ ਇੰਦਰ, ਤੂਨੇ ਪਿਪਰ ਅਤੇ ਪਰਵਿਰਧ ਨਾਂ ਦੇ ਆਸੁਰਾਂ ਨੂੰ ਕਤਲ ਕੀਤਾ । ਤੂਨੇ ਵਿਦੀਥ ਦੇ ਪੁੱਤਰ ਸ਼ਰਿਜਸਵਾ ਨੂੰ ਬੰਦੀ ਬਣਾਇਆ ਅਤੇ 50 ਹਜ਼ਾਰ ਕਾਲੇ ਰੰਗ ਵਾਲੇ ਦੈਂਤਾਂ (ਭਾਵ ਦਰਾਵੜਾਂ) ਨੂੰ ਮਾਰ ਦਿੱਤਾ ।

ਰ.ਵ.(7)—5-6 :-ਹੇ ਅਗਨੀ, ਤੂੰ ਆਰੀਆਂ ਵਾਸਤੇ ਅਧਿਕ ਤੇਜ਼ ਉਤਪੰਨ ਕਰਕੇ ਦਸਿਊਆਂ ਨੂੰ ਉਨ੍ਹਾਂ ਦੇ ਸਥਾਨਾਂ ਤੋਂ ਕੱਢ ਦਿੱਤਾ । ਇਹ ਦਸਿਊਆਂ ਦੀਆਂ ਅਬਾਦੀਆਂ ਨੂੰ ਅੱਗ ਲਗਾ ਕੇ ਤਬਾਹ ਕਰਨ ਦਾ ਸੰਕੇਤ ਜਾਪਦਾ ਹੈ ।

ਰ.ਵ.(4)—16-16 :-ਹੇ ਇੰਦਰ, ਤੂਨੇ 50000 ਕਾਲੇ ਰੰਗ ਵਾਲੇ ਲੋਕਾਂ ਨੂੰ ਮਾਰ ਦਿੱਤਾ ।

ਰ.ਵ.(1)—133-5 :-ਹੇ ਇੰਦਰ....ਤੁਸੀਂ ਸਾਰੇ ਰਾਖਸ਼ਾਂ (ਭਾਵ ਅਨ-ਆਰੀਆਂ) ਨੂੰ ਸਮਾਪਤ ਕਰ ਦਿਓ ।

ਗੌਤਮ ਧਰਮ ਸੂਤਰ (10)—69 :-ਅਨੁਸਾਰ ਅਨ-ਆਰੀਆ ਸ਼ੂਦਰ ਹਨ । ਬੁੱਧ ਦੇ ਅਨੁਸਾਰ ਜੋ ਲੋਕ ਬੈ-ਗੀਤ ਸਨ, ਨੀਵੇਂ ਦਰਜੇ ਦੇ ਕੰਮ ਕਰਨ ਵਾਲੇ ਸਨ, ਉਹ ਸ਼ੂਦਾ (ਭਾਵ ਸ਼ੂਦਰ) ਦੇ ਤੌਰ 'ਤੇ ਜਾਣੇ ਜਾਂਦੇ ਸਨ ।

ਰਾਹੁਲ ਸਾਂਕਰਤਿਆਨ "ਰਿਗਵੈਦਿਕ ਆਰੀਆ ਮੇਂ", ਸਫਾ—6

"ਤਾਮਰ ਪਿਤੱਲ ਯੁਗ ਵਿੱਚ ਹੁੰਦੇ ਹੋਏ ਵੀ ਸਿੰਧੂ ਵਾਸੀ ਧਨ-ਦੌਲਤ ਵਿੱਚ ਸੰਪੰਨ, ਵੱਡੇ-ਵੱਡੇ ਮਹਿਲਾਂ ਵਿੱਚ, ਸਾਫ-ਸੁਥਰੇ ਅਤੇ ਆਰਾਮ ਨਾਲ ਰਹਿੰਦੇ ਸਨ । ਨਾਗਰਿਕ, ਸਵਰਥ ਅਤੇ ਸਫਾਈ ਦੇ ਨਿਯਮਾਂ ਵਿੱਚ ਉਹ ਆਪਣੇ ਅੱਜ ਦੇ ਉਤਰਾਧਿਕਾਰੀ ਨਾਲੋਂ ਕਿਤੇ ਅੱਗੇ ਸਨ । ਉਹ ਸੁੰਦਰ ਕਪਾਹ ਦੇ ਕੱਪੜੇ ਪਾਉਂਦੇ ਸਨ, ਜਦੋਂ ਕਿ ਉਨ੍ਹਾਂ ਦੀ ਥਾਂ ਲੈਣ ਵਾਲੇ ਆਰੀਆ ਗਰਮ ਦੇਸ਼ ਵਿੱਚ ਹਮੇਸ਼ਾ ਹੀ ਊਨੀ ਅਤੇ ਚਮੜੇ ਦੀ ਪੋਸ਼ਾਕ ਹੀ ਪਾਈ ਰੱਖਦੇ । ਮੋਹਨਜੋਦੜੋ, ਹੜੱਪਾ ਦੀ ਸੱਭਿਅਤਾ ਦਾ ਆਖਰੀ ਉੱਤਰਕਾਲ ਈ: ਪੂ: 2400 ਮੰਨਿਆ ਜਾਂਦਾ ਹੈ । ਉਸ ਦੇ ਹਜ਼ਾਰਾਂ ਸਾਲਾਂ ਬਾਅਦ ਉਨ੍ਹਾਂ ਦੀ ਧਰਤੀ ਵਿੱਚ ਆਰੀਆਂ ਦਾ ਆਉਣ ਮੰਨਿਆ ਜਾਂਦਾ ਹੈ । ਇਸ ਤੋਂ

ਘੱਟ ਤੋਂ ਘੱਟ ਕਿੰਨ ਸੌ ਸਾਲ ਪਿੱਛੋਂ ਭਾਰਦੁਆਜ, ਵਸ਼ਿਸ਼ਠ, ਵਿਸ਼ਵਾ ਮਿੱਤਰ ਆਦਿ ਨੇ ਆਪਣੀ ਪਦ ਰਚਨਾ ਕੀਤੀ। ਆਰੀਆ ਅਤੇ ਸਿੰਧੂ ਦੇ ਪੁਰਾਣੇ ਨਿਵਾਸੀਆਂ ਦੇ ਸੰਘਰਸ਼ ਦੀ ਜਾਣਕਾਰੀ ਰਿਗਵੇਦ ਦੇ ਦੋਹੇ ਅਤੇ ਆਸੁਰਾਂ ਦੀ ਪ੍ਰਤੀਧਵਨੀ ਦੇ ਰੂਪ ਵਿੱਚ ਹੀ ਮਿਲਦੀ ਹੈ।

ਸਫ਼ਾ–11 (ਰਿਗਵੇਦ 6/31/4) ਜਿੱਥੇ ਪ੍ਰਤਾਪੀ ਰਾਜੇ ਸੰਬਰ ਨੇ ਦਿਵੋਦਾਸ ਦੇ ਛੱਕੇ ਛੁਡਾਏ ਸੀ। ਉਸ ਦੇ ਸੌ ਕਿਲ੍ਹੇ ਆਰੀਆਂ ਦੇ ਲਈ ਲੋਹੇ ਦੇ ਚਨੇ ਸੀ।

ਸਫ਼ਾ-13 ਪਹਾੜ ਦੇ ਰਾਜਾ ਕਿਰਾਤ ਸੰਬਰ ਨਾਲ ਅਨੇਕਾਂ ਜ਼ਬਰਦਸਤ ਲੜਾਈਆਂ ਲੜ ਕੇ 40 ਸਾਲ ਬਾਅਦ ਦਿਵੋਦਾਸ ਜੇਤੂ ਹੋਣ ਵਿੱਚ ਸਫਲ ਹੋਇਆ।

ਸਫ਼ਾ–29 ਆਰੀਆਂ ਦੇ ਨੇੜੇ ਦੇ ਸੰਬੰਧਾਂ ਅਤੇ ਸੰਘਰਸ਼ ਵਿੱਚ ਆਉਣ ਵਾਲੇ (1) ਮੋਹਨਜੋਦੜੋ ਅਤੇ ਹੜੱਪਾ ਦੀ ਸਭਿਆ ਜਾਤੀ ਦਰਾਵਿੜ ਅਤੇ (2) ਕਸ਼ਮੀਰ ਤੋਂ ਆਸਾਮ ਅੱਗੇ ਦੇ ਪਹਾੜਾਂ ਅਤੇ ਤਰਾਈ ਵਿੱਚ ਵਸਣ ਵਾਲੀ ਮੁੱਖ ਜਾਤੀ ਕਿਰਾਤ ਸੀ।

ਸਫ਼ਾ–33 ਆਰੀਆ ਆਪਣੇ ਦੁਸ਼ਮਣਾਂ ਨੂੰ ਦਾਸ ਅਤੇ ਦਸਿਊ ਵੀ ਕਿਹਾ ਕਰਦੇ ਸੀ।

ਰਿਗਵੇਦ 2/12/4 ਜਿਸ ਨੇ ਇਸ ਦੁਨੀਆ ਨੂੰ ਬਣਾਇਆ, ਜਿਹਨੇ ਦਾਸ ਵਰਣਾ ਨੂੰ ਨੀਚ ਅਤੇ ਗੁਹਾਵਾਸੀ ਬਣਾਇਆ, ਜੋ ਵਿਆਧੀ ਦੀ ਤਰ੍ਹਾਂ ਆਰੀਆ ਪੁਸ਼ਟ ਧਨ ਨੂੰ ਦਿੰਦਾ ਹੈ, ਮਨੁੱਖੋ ! ਉਹੀ ਇੰਦਰ ਹੈ।

ਰਿਗਵੇਦ 7/8/4 ਸੁਦਾਸ ਦੇ ਨਾਲ ਸੰਘਰਸ਼ ਵਿੱਚ ਦੁਰਹਵੇ ਅਤੇ ਅਣੂਆਂ (ਦਰਾਵਿੜਾਂ) ਅਤੇ 66 ਹਜ਼ਾਰ ਆਦਮੀ ਮਾਰੇ ਗਏ।

—6/20/4 ਇੰਦਰ ਤੁਹਾਡੇ ਕ੍ਰਿਪਾ ਪਾਤਰ ਕਵੀ ਤੋਂ ਸੈਂਕੜੇ ਪਨੀ (ਸਿੰਧੂ ਵਪਾਰੀ) ਭੱਜ ਗਏ। ਸਫ਼ਾ 81 (ਪਨੀ ਰਾਜਨੀਤਿਕ ਸੰਘਰਸ਼ ਛੱਡ ਚੁੱਕੇ ਸਿੰਧੂ ਜਾਤੀ ਦੇ ਹੀ ਆਦਮੀ ਸਨ)

ਸਫ਼ਾ–92 ਪਹਾੜੀ ਦਾਸ ਹਿਮਾਲਾ ਦੇ ਕਿਰਾਤ ਸੀ। ਇਨ੍ਹਾਂ ਨੂੰ ਖਤਮ (ਬਰਬਾਦ) ਕਰਨ ਲਈ ਆਰੀਆ ਤੁਲੇ ਹੋਏ ਸੀ।

ਰਿਗਵੇਦ 2/20/7 ਇੰਦਰ ਨੇ ਕ੍ਰਿਸ਼ਨ (ਕਾਲੇ) ਚਮੜੀ ਵਾਲਿਆਂ ਨੂੰ ਮਾਰਿਆ।

—7/18/21 ਇੰਦਰ ਨੇ ਮਾਇਆਵੀ ਦਾਨਵ ਨੂੰ ਮਾਇਆ (ਧੋਖੇ) ਨਾਲ ਹੀ ਮਾਰਿਆ। ਗਰੀਤਸੱਮਦ 2/12/4 ਹੇ ਇੰਦਰ ਧਨੀ ਦਸਿਊਆਂ ਨੂੰ ਮਾਰੋ।

ਗਰੀਤਸੱਮਦ 2/12/4 ਹੇ ਇੰਦਰ ਧਨੀ ਦਸਿਊਆਂ ਨੂੰ ਮਾਰੋ।

—4/16/13 ਇੰਦਰ ਨੇ 40000 ਕ੍ਰਿਸ਼ਨਾਂ (ਕਾਲਿਆਂ) ਨੂੰ ਮਾਰਿਆ। ਉਨ੍ਹਾਂ ਦੇ ਕਿਲ੍ਹਿਆਂ ਨੂੰ ਬਰਬਾਦ ਕੀਤਾ।

—2/20/8 ਇੰਦਰ ਨੇ ਦਸਿਊਆਂ ਨੂੰ ਮਾਰ ਕੇ ਉਨ੍ਹਾਂ ਦੀਆਂ ਆਰਾਮਦਾਇਕ ਹਵੇਲੀਆਂ (ਪੁਰਾਂ) ਨੂੰ ਤਬਾਹ ਕਰ ਦਿੱਤਾ।

—4/30/21 ਦਬੀਤੀ ਦੇ ਲਈ 30000 ਦਾਸ ਮਾਰ ਦਿੱਤੇ।

—9/19/2 ਇੰਦਰ ਤੂੰ ਕੁੱਤਸਕੀ ਦੀ ਰੱਖਿਆ ਕੀਤੀ। ਇੰਦਰ ਤੂੰ ਦਾਸ ਸੁਸਨ ਅਤੇ ਕੁਯਵ ਨੂੰ ਅਰਜਨ ਦੇ ਲਈ ਮਾਰਿਆ।

—4/16/12 ਕੁੱਤਸ ਦੇ ਲਈ ਸੁਸਨ ਅਸੁਰਾਂ ਨੂੰ ਮਾਰਿਆ। ਇੰਦਰ ਤੂੰ ਕੁਯਵ ਦੇ ਹਜ਼ਾਰਾਂ ਦਸਿਊਆਂ ਦਾ ਤੁਰੰਤ ਹਨਨ ਕੀਤਾ।

—6/42/21–4/30/14 ਸੌ ਹਜ਼ਾਰ ਵੀਰ ਦੇ ਨਾਲ ਵਰਚਾ (ਅਸੁਰ ਰਾਜਾ) ਨੂੰ ਮਾਰਿਆ।

—7/99/4 ਇੰਦਰ ਅਤੇ ਵਿਸ਼ਨੂੰ ਨੇ ਸੰਬਰ (ਦਰਾਵਿੜ ਰਾਜਾ) ਦਿਆਂ 99 ਵੱਡੇ ਸ਼ਹਿਰਾਂ ਨੂੰ ਤਬਾਹ ਕੀਤਾ।

—7/27/3 ਇੰਦਰ ਜਗਤ ਦੇ ਲੋਕਾਂ ਦਾ ਰਾਜਾ, ਧਰਤੀ ਵਿਚਲਾ ਜੋ ਧਨ ਹੈ, ਉਸ ਦਾ ਰਾਜਾ ਹੈ।

—10/6/20 ਹੇ ਇੰਦਰ.....ਤੂੰਨੇ ਦਾਸਾਂ ਦੀ ਸ਼ਰਨ ਵਾਲੇ ਸੱਤ ਕਿਲ੍ਹਿਆਂ ਨੂੰ ਬਰਬਾਦ ਕੀਤਾ।

—8/1/103 ਹੇ ਇੰਦਰ, ਜਿਵੇਂ ਤੁਸੀਂ ਸੁਸ਼ਨ, ਪਿੱਪਰੂ, ਕੁਯਵ, ਵਿੱਤਰਕੋ ਅਤੇ ਸੰਬਰ ਦੇ ਵੱਡੇ ਸ਼ਹਿਰਾਂ (ਪੁਰਾਂ) ਨੂੰ ਤਬਾਹ ਕੀਤਾ।

—4/1/33 ਹੇ ਇੰਦਰ, ਸ਼ਕਤੀਸ਼ਾਲੀ ਮਹੂਤੇ (ਹਾਥੀ) ਦੇ ਨਾਲ ਜਾਂ ਇਕੱਲੇ ਤੁਸੀਂ ਧਨੀ ਦਸਿਊਆਂ ਨੂੰ ਘਨ (ਹਥੌੜਾ ਵੱਜਰ) ਨਾਲ ਮਾਰਿਆ ।

—13/2/20 (ਗਰੀਤ ਸੱਮਦ) ਹੇ ਇੰਦਰ ਤੂਨੇ 50 ਹਜ਼ਾਰ ਕਾਲਿਆਂ ਨੂੰ ਤਬਾਹ (ਨਸ਼ਟ) ਕੀਤਾ ।

—21/4/30 (ਵਾਮਦੇਵ) ਇੰਦਰ ਨੇ ਦਭੀਤੀ ਦੇ ਲਈ ਆਪਣੀ ਮਾਇਆ (ਸ਼ਕਤੀ ਧੋਖੇਬਾਜ਼ੀ) ਅਤੇ ਹਥਿਆਰਾਂ ਨਾਲ 30000 ਦਾਸਾਂ ਨੂੰ ਮਾਰ ਕੇ ਸੁਲਾ ਦਿੱਤਾ ।

—8/1/43 (ਸੰਵਯ ਅੰਗਰਸ) ਹੇ ਇੰਦਰ, ਤੂਨੇ ਕਰੰਜ ਅਤੇ ਪਰਨਯ ਨੂੰ ਮਾਰਿਆ...ਵੰਗਰਿਦ ਦੀਆਂ ਸੌ ਪੁਰੀਆਂ (ਸ਼ਹਿਰਾਂ) ਨੂੰ ਤਬਾਹ ਕੀਤਾ ।

—49/7/99 (ਵਸ਼ਿਸ਼ਠ) ਹੇ ਇੰਦਰ ਅਤੇ ਵਿਸ਼ਨੂੰ ਤੂਨੇ ਸੰਬਰ ਦੇ 99 ਮਜ਼ਬੂਤ ਕਿਲ੍ਹਿਆਂ ਨੂੰ ਤਬਾਹ ਕੀਤਾ । ਨਾਲ ਹੀ ਤੂੰ ਵਰਚਾ ਅਸੁਰ ਦੇ ਸੌ ਹਜ਼ਾਰ ਅਪ੍ਰੀਤਮ ਵੀਰਾਂ ਨੂੰ ਮਾਰਿਆ ।

—2/1/174 (ਅਗਸਤਯ) ਹੇ ਇੰਦਰ ਜਦੋਂ ਤੂਨੇ ਦਾਨਵ ਪਰਜਾ ਦੀਆਂ ਰਹਿਣ ਵਾਲੀਆਂ ਸੱਤ ਸਰਦੀ ਰੁੱਤ ਦੀਆਂ ਰਹਿਣ ਵਾਲੀਆਂ (Airconditioned) ਸ਼ਹਿਰਾਂ (ਪੁਰੀਆਂ) ਨੂੰ ਤਬਾਹ ਕੀਤਾ ।

—8/46-1/43 (ਅੰਗਰਸ) ਹੇ ਇੰਦਰ ਤੂਨੇ ਕਰੰਜ ਅਤੇ ਪਰਨਯ ਨੂੰ ਮਾਰਿਆ ।

ਸ਼ੂਦਰ ਕੌਣ (ਅਮਰ ਕੋਸ਼ (2) 10-5-10)

ਮਾਲੀ, ਧੋਬੀ, ਘੁਮਿਆਰ, ਚਮਾਰ, ਠਠੇਰੇ, ਸਾਖਕਾਰ, ਚਿੱਤਰਕਾਰ, ਲੁਹਾਰ, ਪਥੇਰੇ, ਬੁਣਕਰ, ਦਰਜ਼ੀ, ਸੁਨਿਆਰ, ਤਰਖਾਣ, ਨਟ, ਨਚਾਰ ਅਤੇ ਗਾਉਣ ਵਾਲੇ ਸਭ ਸ਼ੂਦਰ ਹਨ।

ਇਹ ਪ੍ਰਵਾਨਤ ਹਵਾਲੇ ਸਪੱਸ਼ਟ ਕਰਦੇ ਹਨ ਕਿ ਦਸਿਊਆਂ ਦੀ ਮੁਕੰਮਲ ਤਬਾਹੀ ਦਾ ਜ਼ਿੰਮੇਵਾਰ ਇੰਦਰ ਹੈ, ਜੋ ਵਿਸ਼ਨੂੰ ਦਾ ਵੱਡਾ ਭਰਾ ਹੈ । ਇੰਦਰ ਅਤੇ ਵਿਸ਼ਨੂੰ, ਦਖਸ਼ ਦੀ ਪੁੱਤਰੀ ਅਦਿੱਤੀ ਦੇ ਪੁੱਤਰ ਦੱਸੇ ਜਾਂਦੇ ਹਨ । (ਦੇਖੋ ਆਰੀਆ-ਅਨਆਰੀਆ ਸੰਘਰਸ਼ ਲੇਖਕ ਡੀ ਆਰ. ਨਿਮ : ਸਫਾ-17) ਜਾਪਦਾ ਹੈ ਕਿ ਇਨ੍ਹਾਂ ਦੋਹਾਂ ਯੋਧਿਆਂ ਦੀ ਸ਼ਕਤੀ ਨੂੰ ਮਾਪ ਕੇ ਹੀ ਆਰੀਆ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਪ੍ਰਮੁੱਖ ਦੇਵਤਿਆਂ ਵਜੋਂ ਮਾਨਤਾ ਦਿੱਤੀ ਹੈ, ਕਿਉਂਕਿ ਉਨ੍ਹਾਂ ਨੇ ਆਰੀਆਂ ਦੇ ਮੋਹਰੀ ਬਣ ਕੇ, ਦਰਾਵੜਾਂ, ਦਸਿਊਆਂ, ਦਾਸਾਂ ਦੀਆਂ ਅਬਾਦੀਆਂ ਨੂੰ ਤਬਾਹ ਕਰ ਕੇ, ਉਨ੍ਹਾਂ ਦੇ ਸ਼ਕਤੀਸ਼ਾਲੀ ਰਾਜਿਆਂ ਨੂੰ ਹਰਾ ਕੇ, ਆਰੀਆਂ ਦੇ ਗੁਲਾਮ ਬਣਾਉਣ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਨਿਭਾਈ, ਜਿਹਾ ਕਿ ਰਿਗਵੇਦ ਦੇ ਪੰਨਿਆਂ 'ਤੇ ਅੰਕਤ ਹੈ ।

ਇੰਦਰ ਨੂੰ ਸੁਰਗ ਦਾ ਦੇਵਤਾ ਅਤੇ ਮੀਂਹ ਦੇ ਦੇਵਤੇ ਵਜੋਂ, ਵਿਸ਼ਨੂੰ ਨੂੰ ਸ੍ਰਿਸ਼ਟੀ ਦੇ ਪਾਲਣਹਾਰ ਵਜੋਂ, ਬ੍ਰਹਮਾ, ਵਿਸ਼ਨੂੰ ਸ਼ਿਵਜੀ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ । ਸ਼ਾਇਦ ਹੀ ਕੋਈ ਅਜਿਹਾ ਭਾਰਤੀ ਹੋਵੇ, ਜਿਸ ਨੂੰ ਘੱਟੋ-ਘੱਟ ਇਨ੍ਹਾਂ ਚਾਰ ਸ਼ਕਤੀਆਂ, ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਅਤੇ ਇੰਦਰ ਬਾਰੇ ਕੁਝ ਪਤਾ ਨਾ ਹੋਵੇ । ਅੱਜ ਦੇ ਪ੍ਰਸੰਗ ਵਿੱਚ ਕਿਹਾ ਜਾ ਸਕਦਾ ਹੈ ਕਿ ਵੱਡੀ ਗਿਣਤੀ ਵਿੱਚ ਭਾਰਤੀ ਲੋਕ ਇੰਦਰ ਨੂੰ ਦੇਵਤੇ ਦੇ ਰੂਪ ਵਿੱਚ ਅਤੇ ਵਿਸ਼ਨੂੰ ਨੂੰ ਭਗਵਾਨ ਦੇ ਰੂਪ ਵਿੱਚ ਪੂਜਦੇ ਹਨ ਅਤੇ ਉਨ੍ਹਾਂ ਦੀ ਉਪਾਸਨਾ ਕਰਦੇ ਹਨ । ਇੱਥੋਂ ਤੱਕ ਕਿ ਮਹਾਤਮਾ ਬੁੱਧ, ਜਿਸ ਦਾ ਕਿਸੇ ਦੈਵੀ ਸ਼ਕਤੀ ਵਿੱਚ ਕੋਈ ਵਿਸ਼ਵਾਸ ਨਹੀਂ ਸੀ, ਨੂੰ ਵੀ ਭਗਵਾਨ ਵਿਸ਼ਨੂੰ ਦਾ ਅਵਤਾਰ ਬਣਾਇਆ ਗਿਆ ਹੈ । ਇਸੇ ਕਰਕੇ ਉਸ ਨੂੰ ਬਾਅਦ ਵਿੱਚ ਭਗਵਾਨ ਬੁੱਧ ਕਿਹਾ ਜਾਣਾ ਲੱਗ ਪਿਆ ਹੈ । ਗ੍ਰੰਥਾਂ ਦੇ ਹਵਾਲਿਆਂ ਵਿੱਚ ਇਹ ਗੱਲ ਆਉਂਦੀ ਹੈ ਕਿ ਇੰਦਰ ਨੇ ਕਈ ਰਾਖਸ਼, ਦੈਂਤ ਰਾਜਿਆਂ ਤੋਂ ਹਾਰ ਖਾਧੀ ਜਿਵੇਂ ਨਹੁਸ਼, ਹਰਨਾਖਸ਼, ਬਲੀ, ਹਿਰਨਾਕਸ਼ਪ ਆਦਿ ਤੋਂ । ਜਦੋਂ ਇੰਦਰ ਹਾਰ ਖਾ ਕੇ ਦੌੜ ਗਿਆ ਤੇ ਲੁਕ-ਛਿਪ ਕੇ ਰਹਿਣ ਲਗ ਪਿਆ ਤਾਂ ਇਹ ਉਸ ਦਾ ਭਰਾ ਵਿਸ਼ਨੂੰ ਹੀ ਸੀ, ਜਿਸ ਨੇ ਉਸ ਨੂੰ ਰਾਜਨੀਤਿਕ ਸਲਾਹ ਦੇ ਕੇ ਮੁੜ ਕਾਮਯਾਬ ਕਰ ਦਿੱਤਾ ।

ਦੱਖਣ ਦੇ ਰਾਖਸ਼ ਰਾਜਾ ਰਾਵਣ ਦੇ ਲੜਕੇ ਮੇਘਨਾਥ ਨੇ ਜਦੋਂ ਇੰਦਰ ਨੂੰ ਵੀ ਹਰਾ ਦਿੱਤਾ, ਤਾਂ ਉਸ ਨੂੰ ਇੰਦਰਜੀਤ ਦੇ ਨਾਂ ਨਾਲ ਪੁਕਾਰਿਆ ਜਾਣ ਲੱਗਾ । ਉਹ ਇੰਦਰ ਨੂੰ ਸੁਰਗ 'ਚੋਂ ਜ਼ੰਜੀਰਾਂ ਨਾਲ ਬੰਨ੍ਹ ਕੇ ਆਪਣੇ ਦੇਸ਼ ਲੰਕਾ ਲੈ ਆਇਆ ਸੀ । (ਦੇਖੋ ਮਾਈ ਸਟੱਡੀਜ਼ ਇਨ ਰਮਾਇਣਾ ਪੀ ਐੱਚ. ਗੁਪਤਾ ਸਫਾ 159) ਇਸ ਤਰ੍ਹਾਂ ਅਸੀਂ ਇਤਿਹਾਸ ਵਿੱਚੋਂ ਇਸ ਫੈਸਲੇ 'ਤੇ ਪਹੁੰਚ ਸਕਦੇ ਹਾਂ, ਜਿਸ ਨੂੰ ਭਾਰਤ ਦੇ ਹੀ ਨਹੀਂ ਸਗੋਂ ਸੰਸਾਰ ਭਰ ਦੇ ਪੰਡਿਤ ਇਤਿਹਾਸਕਾਰਾਂ ਨੇ ਮੰਨ ਲਿਆ ਹੈ ਕਿ ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਨੂੰ ਆਰੀਆ ਲੋਕਾਂ ਨੇ ਤਬਾਹ ਕੀਤਾ । ਆਰੀਆ ਨੇ ਦਰਾਵੜਾਂ, ਦੈਂਤਾਂ, ਰਾਖਸ਼ਾਂ, ਆਸੁਰਾਂ, ਕਾਲੇ ਲੋਕਾਂ, ਬਾਨਰਾਂ ਦੀਆਂ ਕੌਮਾਂ ਸਨ

ਅਤੇ ਜੋ ਬਹੁਤ ਹੀ ਹੈਰਾਨੀਜਨਕ ਤਰੱਕੀ ਕਰ ਚੁੱਕੀਆਂ ਸਨ । ਇਨ੍ਹਾਂ ਆਰੀਆਂ ਨੇ ਵੱਡੀ ਪੱਧਰ 'ਤੇ ਇਨ੍ਹਾਂ ਦਾਸਾਂ, ਦਸਿਊਆਂ, ਅਸੁਰਾਂ ਨੂੰ ਮਾਰ ਕੇ, ਹਰਾ ਕੇ, ਲੁੱਟ ਕੇ ਆਪਣੇ ਗੁਲਾਮ ਬਣਾ ਲਿਆ । ਅੰਤ ਇਨ੍ਹਾਂ ਹੀ ਗੁਲਾਮਾਂ ਨੂੰ, ਜੋ ਕਦੀ ਮਾਲਕ ਸਨ ਇੱਕ ਸ਼ਾਨਦਾਰ ਸਭਿਅਤਾ ਦੇ, ਸ਼ੂਦਰ ਦਾ ਦਰਜਾ ਦਿੱਤਾ ਅਤੇ ਆਰੀਆਂ ਦੀ ਸੇਵਾ ਵਿੱਚ ਲਗਾ ਲਿਆ ਗਿਆ। ਇਹ ਸਥਿਤੀ ਹਜ਼ਾਰਾਂ ਸਾਲਾਂ ਤੋਂ ਜਿਉਂ ਦੀ ਤਿਉਂ ਬਣੀ ਹੋਈ ਹੈ । ਵਰਣਵੰਡ, ਜਾਤੀ ਵੰਡ, ਛੂਆ-ਛਾਤ ਸਭ ਆਰੀਆ ਦੀ ਦੇਣ ਹੈ । ਇਸ ਸੱਚ ਨੂੰ ਸੰਸਾਰ ਭਰ ਦੇ ਇਤਿਹਾਸਕਾਰਾਂ ਨੇ ਪ੍ਰਵਾਨ ਕੀਤਾ ਹੈ । ਇਨ੍ਹਾਂ ਵਿੱਚੋਂ ਕੁਝ ਹਵਾਲਿਆਂ ਨਾਲ ਅਸੀਂ ਇਸ ਸਥਿਤੀ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ।

ਭਾਗ ਤੀਜਾ
ਦਰਾਵੜ ਆਰੀਅਨ ਰਾਜੇ (ਮੂਲ ਆਦਿਵਾਸੀ ਦਰਾਵੜ ਰਾਜੇ)

ਸਰਹੱਦ : ਉੱਤਰ ਪੱਛਮੀ ਸੀਮਾ : 'ਅਫਗਾਨਿਸਤਾਨ', ਪੂਰਬੀ ਸੀਮਾ 'ਬਰਮਾ', ਦੱਖਣੀ ਸੀਮਾ 'ਲੰਕਾ' ।

ਰਾਜੇ : ਕਾਬਲ 'ਤੇ 'ਬਾਲਹੀਕ ਪਿਸ਼ਾਵਰ 'ਤੇ ਆਰਜਿਕ ।

ਪੰਜਾਬ ਅਤੇ ਸਿੰਧ ਵਿੱਚ : ਪਲੀ, ਪਾਰਾਵਤ, ਦੈਂਤਰਾਜ ਹਰਨਾਖਸ਼, ਹਰਨਾਕਸ਼ਪ, ਪ੍ਰਹਲਾਦ, ਵਿਰੋਚਨ, ਬਲੀ ਬਜਰਾਂਗ, ਬਰਿਜਨਾਭੀ ਅਤੇ ਅੰਧਕ ਭੈਰਵੀ (ਭੈਰੋਂ) ਮਹਿਖਾਸੁਰ (ਮੈਸੂਰ) ਆਦਿ ।

ਮੋਹਨਜੋਦੜੋ 'ਤੇ ਮੁਜਬਨ

ਦਾਸ ਰਾਜੇ : ਰਾਜਾ ਬਰਚੀ, ਸ਼ੰਬਰ, ਬਰਮੰਜ ਅਤੇ ਅਯੂ, ਸੁਸ਼ਣ ।

ਅਸੁਰ ਰਾਜੇ : ਕਪਲਾਸੁਰ, ਕਧਲ ਵਦਰ, ਸਹਸਤਰਬਾਹੂ, ਕਾਰਤਬੀਰ, ਅਰਜਨ, ਤ੍ਰਿਪੁਰ ਅਤੇ ਜਲੰਧਰ ।

ਦਾਨਵ ਰਾਜੇ : ਮੇਰਠ ਤੇ ਰਾਜਾ ਮਯ ।

ਦੱਖਣੀ ਅਬਧ ਤੇ ਕੀਕਟ (ਰਾਜਾ ਪਰਮ ਮੰਡ)

ਮੱਧ ਰਾਜਸਥਾਨ ਅਤੇ ਦੱਖਣ ਵਿੱਚ : ਬਾਨਰ ਜਾਤੀ 'ਬਾਲੀ'। ਰਾਖਸ਼ਸ਼ ਜਾਤੀ 'ਰਾਵਣ' ।

ਮਹਿਸ਼ ਮੰਡਲ (ਮੈਸੂਰ) ਤੇ ਮਹਿਸ਼ ਵੰਸ਼ੀ ਰਾਜਾ ਮਹਿਖਾਸੁਰ।

ਹੋਰ ਆਦਿਵਾਸੀ ਰਾਜੇ : ਮਹਾਰਾਜ ਧੀਰਾਜ, ਤਾਰਕਾਸੁਰ, ਯਮ ਆਦਿ।

ਨਿਸ਼ਧ (ਵਰਤਮਾਨ ਅਗਰ ਕੈਟਕ ਪਰਬਤ) ਨਾਗਵੰਸ਼ੀ ਰਾਜੇ।

ਨਾਗ ਜਾਤੀ ਦੇ ਰਾਜੇ ਤਕਸ਼ਿਲਾ, ਭੱਦਰਵਾਹ, ਮਣੀਪੁਰ, ਸਥਾਨਾਂ ਉੱਪਰ ਰਾਜ ਕਰਦੇ ਸਨ । ਵਰਤਮਾਨ ਨਾਗਪੁਰ ਨਾਗ ਰਾਜਿਆਂ ਦੀ ਰਾਜਧਾਨੀ ਸੀ । ਦੱਖਣੀ ਪੂਰਬੀ ਭਾਗ ਵੱਲ ਦਰਾਵੜ ਜਾਤੀ ਦੀ ਗੌਂਡ, ਭੀਲ, ਕੋਲ, ਸੰਥਾਲ ਆਦਿ ਜਾਤੀਆਂ ਦੇ ਰਾਜ ਸਨ ।

ਮੂਲਰੂਪ ਵਿੱਚ ਇਹ ਦਰਾਵੜ ਜਾਤੀ ਦੇ ਰਾਜ ਸਨ, ਜਿਨ੍ਹਾਂ ਨੂੰ ਦਰਾਵੜੀਅਨ, ਆਦਿਵਾਸੀ, ਬਾਲਹੀਕ, ਦੈਂਤ, ਦਾਨਵ, ਨਾਗ, ਅਸੁਰ, ਰਾਖਸ਼ਸ਼, ਬਾਨਰ, ਭੀਲ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ । ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰਾਜੇ ਸਨ, ਜਿਵੇਂ ਦੱਖਣੀ ਭਾਰਤ ਦੇ ਰਾਜੇ ਦਰਾਵੜ, ਗੌਂਡ, ਭੀਲ ਅਤੇ ਸੰਥਾਲ ।

ਕੁਝ ਹੋਰ ਰਾਜੇ ਸਨ : ਸ਼ਾਬਰ (ਅਸੁਰ) ਮਹਾ ਪਦਮਣੀ, ਮੈਨਾਕ, ਉਰਧੰਵਕ, ਸਿਤਕੇਸ਼, ਵਿਕਚ, ਸੁਬਾਹੂ, ਵਿਆਧਰਾਕਸ਼, ਏਕਾਕਸ਼, ਰਾਜਸਕੰਧ, ਰਾਜਸ਼ੀਰਸ਼, ਕਾਲ ਚਿੰਨਹਾ, ਕਪਿਲਾਕਸ਼, ਧੇਨਕ, ਯੁਬਰਾਜ ਬਾਣ, ਅਤਾਯੁਬ, ਨਮੁਚੀ, ਯਮ, ਪਲੋਮਾਂ, ਹੈਗੀਰਵ, ਅਨੁਲਾਦ (ਹਿਰਨਾਕਸ਼ ਦਾ ਲੜਕਾ ਪ੍ਰਹਿਲਾਦ ਦਾ ਭਾਈ) ਏਕਚਕਰ, ਰਾਹੂ, ਵਿਪਰਚਿਤ ਦਾਨਵ, ਕੇਸ਼ੀ ਦਾਨਵ, ਹੇਮਾਯਲੀ, ਵਰਿਤਾਸੁਰ ਆਦਿ ।

ਹਿੰਦੂ ਦੇਵਤੇ :-ਅਗਨੀ, ਵਾਯੂ, ਇੰਦਰ, ਸਰੁਤਗਣ, ਅਰਿਤੂ, ਸੋਮ, ਵਰੁਣ, ਅਸ਼ਵਨੀ ਕੁਮਾਰ, ਸਵਿਤਾ, ਜਲ, ਬ੍ਰਾਹਮਣਸਪਤੀ, ਊਸ਼ਾ, ਪੂਸ਼ਾ, ਰੁਦਰ, ਵਿਸ਼ਵਦੇਵ, ਮਿਤਰਾਵਰੁਣ, ਵਿਸ਼ਣੂ, ਅਸ਼ਵ, ਅੰਨ, ਬ੍ਰਹਿਸਪਤੀ, ਤੁਵਸ਼ਪ, ਸ਼ੁਕਰ, ਗੌ, ਭਗਦੇਵਤਾ, ਪਰਜਨ (ਬੱਦਲ) ਮੰਡੂਕ, ਸਰਸਵਤੀ ਕਸ਼ਤਰਪਤੀ । ਇਨ੍ਹਾਂ ਦਰਾਵੜ ਰਾਜਿਆਂ ਨਾਲ ਬਦੇਸ਼ੀ ਆਰੀਅਨ ਜਾਤੀ ਦੇ ਲੋਕਾਂ ਨੇ ਯੁੱਧ ਕੀਤੇ । ਇਹ ਯੁੱਧ ਲਗਪਗ 500 ਸਾਲ ਤੱਕ ਜਾਰੀ ਰਹੇ ।

ਹਿੰਦੂ ਗ੍ਰੰਥਾਂ ਵਿੱਚ ਆਰੀਅਨ ਜਾਤੀ ਦੇ ਲੋਕਾਂ ਨੂੰ ਕਿਹਾ ਗਿਆ ਹੈ—

ਦੇਵ, ਦੇਵਤੇ, ਸੁਰ, ਰਿਸ਼ੀ-ਮੁਨੀ, ਗੁਰੂ ਆਦਿ।

ਆਰੀਅਨ ਜਾਤੀ ਦੇ ਮੁਖੀ, ਜਿਨ੍ਹਾਂ ਦਾ ਵਰਨਣ ਵੇਦਾਂ, ਗ੍ਰੰਥਾਂ, ਸ਼ਾਸਤਰਾਂ ਵਿੱਚ ਆਉਂਦਾ ਹੈ, ਉਹ ਹਨ—ਇੰਦਰ, ਬ੍ਰਹਮਾਂ, ਵਿਸ਼ਨੂੰ, ਮਹੇਸ਼, ਦੁਰਗਾ, ਸ਼ਿਵ, ਸਾਰੇ ਰਿਸ਼ੀ ਅਤੇ ਮੁਨੀ, ਰਾਮ ਅਤੇ ਕ੍ਰਿਸ਼ਨ ਦੇਵਤੇ ਹਨ।

ਆਰੀਅਨਾਂ ਦੇ ਲਿਖੇ ਗ੍ਰੰਥ ਹਨ : ਚਾਰੇ ਵੇਦ, ਸ਼ਾਸਤਰ, ਪੁਰਾਣ, ਸਿਮਰਤੀਆਂ, ਸਰੁਤੀਆਂ, ਮਨੂੰ ਸਿਮਰਤੀ, ਮਹਾਂ ਭਾਰਤ, ਤੁਲਸੀ ਰਮਾਇਣ ਅਤੇ ਗੀਤਾ। ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚੋਂ ਜੋ ਮਿਲਦਾ ਹੈ :-

× ਆਰੀਅਨ ਅਤੇ ਅਨਆਰੀਅਨ ਦਰਾਵੜ ਰਾਜਿਆਂ ਦੇ ਯੁੱਧਾਂ ਦਾ ਵਰਨਣ।

× ਆਰੀਅਨਾਂ ਦੇ ਆਪਸੀ ਯੁੱਧਾਂ ਦਾ ਵਰਨਣ ਜਿਵੇਂ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਰਾਜਿਆਂ ਦੇ ਆਪਸੀ ਯੁੱਧਾਂ ਦਾ ਵਰਨਣ।

× ਬ੍ਰਾਹਮਣਵਾਦ ਦੀ ਸਿਰਜਣਾ : ਸਵਰਨ ਜਾਂ ਦਵਿਜ ਜਾਂ ਉਚ ਜਿਵੇਂ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ · ਵਰਣ (ਆਰੀਅਨ) ਸ਼ੂਦਰ (ਅਨ ਆਰੀਅਨ) ਨੀਚ।

× ਆਰੀਅਨਾਂ ਦਾ ਮੁੱਢਲਾ ਧਰਮ ਵੈਦਕ ਧਰਮ, ਦੂਜਾ ਨਾਂ ਬ੍ਰਾਹਮਣੀ ਧਰਮ (ਵਰਣ ਵੰਡ), ਤੀਜਾ ਨਾਂ ਮਨੂੰਵਾਦ (ਜਾਤਪਾਤੀ ਪ੍ਰਬੰਧ ਤੇ ਛੂਆਛਾਤ), ਚੌਥਾ ਨਾਂ ਹਿੰਦੂ ਧਰਮ, ਜੋ ਆਰੀਆਂ ਦੀ ਆਪਣੀ ਉਪਜ ਨਹੀਂ ਸਗੋਂ ਮੁਸਲਮਾਨਾਂ ਨੇ ਏਧਰ ਆ ਕੇ ਇਨ੍ਹਾਂ ਨੂੰ ਇਹ ਨਾਂ ਦਿੱਤਾ।

ਅਜੋਕੇ ਭਾਰਤ ਵਿੱਚ ਸ਼ੂਦਰ ਜਾਤੀਆਂ (ਅਨਆਰੀਅਨ)

ਪਹਿਲਾਂ ਦਾਸ ਤੇ ਦਸਿਊ, ਰਾਖਸ਼ ਦੈਂਤ ਦਾਨਵ, ਬਾਨਰ, ਕਿੰਨਰ, ਆਸੁਰ ਫਿਰ ਸ਼ੂਦਰ, ਫਿਰ ਅਛੂਤ, ਅਛੂਤ ਕਬੀਲੇ, ਸਛੂਤ।

1919 ਤੋਂ ਬਾਅਦ ਦਬੀਆਂ ਕੁਚਲੀਆਂ ਜਮਾਤਾਂ।

1932 ਤੋਂ ਬਾਅਦ ਅਨੁਸੂਚਿਤ ਜਾਤੀ-ਅਨੁਸੂਚਿਤ ਕਬੀਲੇ-ਪਛੜੀਆਂ ਸ਼੍ਰੇਣੀਆਂ ਅਤੇ ਹਰੀਜਨ-ਗਿਰੀਜਨ।

1947 ਤੋਂ ਬਾਅਦ ਅਨੁ-ਜਾਤੀਆਂ, ਅਨੁ-ਕਬੀਲੇ (ਗਿਰੀਰਾਜ) ਪਛੜੀਆਂ ਸ਼੍ਰੇਣੀਆਂ, ਧਾਰਮਿਕ ਘੱਟ ਗਿਣਤੀਆਂ ਜਿਵੇਂ ਸਿੱਖ, ਇਸਾਈ, ਮੁਸਲਮਾਨ ਅਤੇ ਬੋਧੀ ਆਦਿ।

1960 ਤੋਂ ਬਾਅਦ ਨਵਾਂ ਨਾਂ ਦਲਿਤ ਲੋਕ।

1978 ਤੋਂ ਬਾਅਦ ਦਲਿਤ ਸ਼ੋਸ਼ਤ ਸਮਾਜ।

1984 ਤੋਂ ਬਾਅਦ ਬਹੁਜਨ ਸਮਾਜ।

ਜਿਨ੍ਹਾਂ ਮਹਾਂਪੁਰਸ਼ਾਂ ਨੇ ਇਨ੍ਹਾਂ ਦਰਾਵੜ ਜਾਤੀਆਂ ਦੀ ਜਾਤੀ ਬੰਧਨਾਂ ਤੋਂ ਮੁਕਤੀ ਲਈ ਘੋਲ ਲੜੇ—

× ਮਹਾਂ ਰਿਸ਼ੀ ਬਾਲਮੀਕ-ਰਿਸ਼ੀ ਸ਼ੰਬੂਕ।

× ਮਹਾਤਮਾ ਬੁੱਧ ਲਗਪਗ 2600 ਸਾਲ ਪਹਿਲਾਂ (ਪ੍ਰਾਪਤੀ ਮੌਰੀਆ ਵੰਸ਼ ਸ਼ੂਦਰ ਰਾਜ-ਸੁਨਹਿਰੀ ਯੁੱਗ)

× ਗੁਰੂ ਰਵੀਦਾਸ, ਗੁਰੂ ਕਬੀਰ, ਗੁਰੂ ਨਾਮਦੇਵ, ਗੁਰੂ ਸੈਣ ਜੀ ਆਦਿ 14ਵੀਂ ਸਦੀ।

× ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ 14ਵੀਂ ਤੋਂ 17ਵੀਂ ਸਦੀ ਤੱਕ।

× ਮਹਾਤਮਾ ਜੋਤੀ ਰਾਓ ਫੂਲੇ (19ਵੀਂ ਸਦੀ)।

× ਸੀਆ ਜੀ ਮਹਾਰਾਜ ਤੇ ਸਾਹੂ ਜੀ ਮਹਾਰਾਜ 19ਵੀਂ ਤੇ 20ਵੀਂ ਸਦੀ।

× ਡਾਕਟਰ ਅੰਬੇਡਕਰ, ਪੈਰੀਅਰ ਰਾਮਾਸੁਆਮੀ ਨਾਈਕਰ-ਨਰਾਇਣਾ, ਗੁਰੂ ਘਾਸੀ ਦਾਸ, ਬਿਰਸਾ ਮੁੰਡਾ ਆਦਿ 19ਵੀਂ ਅਤੇ 20ਵੀਂ ਸਦੀ।

× ਕਾਂਸ਼ੀ ਰਾਮ : ਵੀਹਵੀਂ ਸਦੀ ਦੇ ਸੱਤਰਵਿਆਂ 'ਚ।

ਇੱਥੇ ਇਹ ਜਿਕਰ ਕਰਨਾ ਵੀ ਜਰੂਰੀ ਹੈ ਕਿ ਮੁਸਲਮਾਨ ਅਤੇ ਮੁਗਲ ਰਾਜ ਦੌਰਾਨ ਇਨ੍ਹਾਂ ਦਲਿਤ ਸ਼੍ਰੇਣੀਆਂ ਨੂੰ ਮੁਕਤ ਕਰਨ ਲਈ ਕੋਈ ਯਤਨ ਨਹੀਂ ਕੀਤਾ ਗਿਆ, ਸਗੋਂ ਜਿਨ੍ਹਾਂ ਲੋਕਾਂ ਨੇ ਕਰੋੜਾਂ ਦੀ ਗਿਣਤੀ ਵਿੱਚ ਮੁਸਲਮ ਧਰਮ ਅਪਨਾਇਆ ਉਹ ਲੋਕ ਵੀ ਇਨ੍ਹਾਂ ਜਾਤਪਾਤ ਦੇ ਬੰਧਨਾਂ ਅਤੇ ਗਰੀਬੀ ਤੋਂ ਪੂਰੀ ਤਰ੍ਹਾਂ ਮੁਕਤ

ਨਹੀਂ ਹੋ ਸਕੇ । 1947 ਤੋਂ ਬਾਅਦ ਤਾਂ ਮੁਸਲਮ ਲੋਕਾਂ ਦੀ ਹਾਲਤ ਬਹੁਤ ਜਿਆਦਾ ਬਦਤਰ ਹੋ ਗਈ । ਮੁਸਲਮਾਨ ਜਾਂ ਮੁਗਲ ਰਾਜਿਆਂ ਨੇ ਸਗੋਂ ਜਾਤੀ ਪ੍ਰਬੰਧ ਕਾਇਮ ਰੱਖਿਆ ।

× ਮਰਾਠਾ ਰਾਜ, ਜੋ ਅਸਲ ਵਿੱਚ ਪਛੜੀਆਂ ਜਾਤੀਆਂ ਦਾ ਸ਼ੂਦਰ ਰਾਜ ਸੀ, ਦੌਰਾਨ ਵੀ ਬ੍ਰਾਹਮਣੀ ਪ੍ਰਬੰਧ ਹੀ ਕਾਬਜ਼ ਰਿਹਾ, ਕਿਉਂਕਿ ਸਾਰਾ ਕਾਰੋਬਾਰ ਪੇਸ਼ਵਾਵਾਂ ਦੇ ਹੱਥ ਹੀ ਰਿਹਾ, ਜੋ ਸਵਰਨ ਚਿਤਪਾਵਨ ਬ੍ਰਾਹਮਣ ਸਨ ।

× ਸਿੱਖ ਲਹਿਰ ਦੌਰਾਨ ਦਲਿਤ ਸ਼੍ਰੇਣੀਆਂ ਨੇ ਸਨਮਾਨ ਤੇ ਬਰਾਬਰੀ ਹਾਸਲ ਕੀਤੀ । ਪ੍ਰੰਤੂ ਸਿੱਖ ਮਿਸਲਾਂ ਅਤੇ ਰਣਜੀਤ ਸਿੰਘ ਦੇ (ਸਾਂਸੀ-ਅਛੂਤ) ਰਾਜ ਤੋਂ ਹੀ ਸਿੱਖ ਸਮਾਜ ਅੰਦਰ ਜਾਤ-ਪਾਤ ਅਤੇ ਬ੍ਰਾਹਮਣੀ ਕਰਮਕਾਂਡ ਭਾਰੂ ਹੋ ਗਿਆ । ਭਾਵੇਂ ਮਹਾਰਾਜਾ ਰਣਜੀਤ ਸਿੰਘ ਖੁਦ ਸਾਂਸੀ ਜਾਤ ਦਾ ਅਛੂਤ ਰਾਜਾ ਸੀ, ਪ੍ਰੰਤੂ ਉਸ ਦਾ ਕਾਰੋਬਾਰ ਸਾਰੇ ਦਾ ਸਾਰਾ ਬ੍ਰਾਹਮਣਵਾਦੀ ਲੋਕਾਂ ਦੇ ਹੀ ਹੱਥ ਸੀ । ਉਸ ਦੇ ਸਮੇਂ ਵਿੱਚ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਸਵਰਨਾਂ ਕੋਲ ਚਲਾ ਗਿਆ । ਇੱਥੋਂ ਤੀਕ ਕਿ ਸਿੱਖਾਂ ਅੰਦਰ ਸਤੀ ਰਸਮ ਵੀ ਪ੍ਰਵੇਸ਼ ਕਰ ਗਈ । ਰਣਜੀਤ ਸਿੰਘ ਦੇ ਰਾਜ ਵਿੱਚ (ਜੋ ਖੁਦ ਸਾਂਸੀ ਜਾਤੀ ਦਾ ਦਲਿਤ ਸੀ) ਦਲਿਤਾਂ, ਇੱਥੋਂ ਤੀਕ ਕਿ ਜੱਟਾਂ, ਜੋ ਆਪਣੇ-ਆਪ ਨੂੰ ਦਲਿਤ ਨਹੀਂ ਮੰਨਦੇ, ਪ੍ਰੰਤੂ ਹਨ ਸ਼ੂਦਰ ਹੀ, ਨੂੰ ਵੀ ਕੋਈ ਵਿਸ਼ੇਸ਼ ਪ੍ਰਤੀਨਿਧਤਾ ਨਹੀਂ ਮਿਲੀ ।

× ਵਰਨਣ ਯੋਗ ਸਮਾਂ ਹੈ ਅੰਗਰੇਜ਼ੀ ਰਾਜ :-ਗੁਲਾਮੀ-ਕੋਈ ਵੀ ਹੋਵੇ ਕਿਸੇ ਦੀ ਵੀ ਹੋਵੇ, ਇਹ ਗੈਰ ਇਨਸਾਨੀ ਵਤੀਰਾ ਹੈ । ਅੰਗਰੇਜ਼ ਬਦੇਸ਼ੀ ਸਨ । ਉਨ੍ਹਾਂ ਦੋ ਸਦੀਆਂ ਤੋਂ ਉਪਰ ਭਾਰਤ 'ਤੇ ਰਾਜ ਕੀਤਾ । ਉਹ ਸਾਮਰਾਜੀ ਲੋਕ ਸਨ । ਉਨ੍ਹਾਂ ਭਾਰਤ ਨੂੰ ਦੋਹੀਂ ਹੱਥੀਂ ਲੁੱਟਿਆ, ਪ੍ਰੰਤੂ ਅੰਗਰੇਜ਼ੀ ਰਾਜ ਦੀ ਦਲਿਤਾਂ ਨੂੰ ਜੋ ਦੇਣ ਹੈ ਉਹ ਭੁੱਲਣ ਯੋਗ ਨਹੀਂ, ਸਗੋਂ ਹਰ ਥਾਂ ਵਰਨਣ ਯੋਗ ਹੈ, ਜਿਸ ਦਾ ਜ਼ਿਕਰ ਅੱਗੇ ਕੀਤਾ ਜਾਵੇਗਾ ।

ਦਲਿਤਾਂ ਦੀਆਂ, ਫੂਲੇ ਲਹਿਰ, ਰਾਮਾ ਸੁਆਮੀ ਲਹਿਰ, ਨਰਾਇਣ ਗੁਰੂ ਦੀ ਈਜਵਾ ਲਹਿਰ ਆਦਿ ਆਂਧਰਾ, ਆਦਿ ਕਰਨਾਟਕਾ ਲਹਿਰ, ਰੈਗਰ ਲਹਿਰ, ਜਾਟਵ ਲਹਿਰ ਆਦਿ ਧਰਮ ਲਹਿਰ, ਇਹ ਦਲਿਤ ਲਹਿਰਾਂ ਅੰਗਰੇਜ਼ੀ ਰਾਜ ਸਮੇਂ ਹੀ ਉੱਠ ਸਕੀਆਂ । ਅੰਬੇਡਕਰ, ਅੰਗਰੇਜ਼ੀ ਰਾਜ ਸਮੇਂ ਹੀ ਪੜ੍ਹ ਕੇ ਮਹਾਨ ਬਣ ਸਕੇ । 1919 ਦੇ ਐਕਟ ਰਾਹੀਂ, ਪੱਛੜੀਆਂ ਸ਼੍ਰੇਣੀਆਂ ਨੂੰ ਮਾਨਤਾ ਪਹਿਲੀ ਵਾਰ ਕਾਨੂੰਨੀ ਤੌਰ 'ਤੇ ਮਿਲੀ । 1932 'ਚ ਅੰਬੇਡਕਰ ਦਲਿਤਾਂ ਲਈ ਬੁਨਿਆਦੀ ਅਧਿਕਾਰ ਲੈ ਸਕੇ । 1935 ਦੇ ਐਕਟ 'ਚ ਕਾਨੂੰਨੀ ਮਾਨਤਾ ਲੈ ਸਕੇ । 1946 'ਚ ਚੋਣ ਜਿੱਤ ਕੇ ਸੰਵਿਧਾਨ ਅਸੰਬਲੀ 'ਚ ਪਹੁੰਚੇ ਅਤੇ ਫਿਰ ਸੰਵਿਧਾਨ ਦੇ ਨਿਰਮਾਤਾ ਬਣੇ । ਦਲਿਤ ਸ਼੍ਰੇਣੀਆਂ ਨੂੰ ਅੰਗਰੇਜ਼ੀ ਰਾਜ ਦਾ ਮੁਤਾਲਿਆ ਇਸ ਦ੍ਰਿਸ਼ਟੀਕੋਣ ਤੋਂ ਅਵੱਸ਼ ਕਰਨਾ ਹੋਵੇਗਾ, ਕਿਉਂਕਿ ਸਾਡਾ ਵਿਸ਼ਵਾਸ ਮਾਨਵਤਾ ਵਿੱਚ ਹੈ । ਮਾਨਵ ਕਲਿਆਣ ਲਈ ਕੋਈ ਵੀ ਕਿਧਰੇ ਵੀ ਆ ਕੇ ਕੁਝ ਵੀ ਕਰ ਸਕਦਾ ਹੈ ।

ਅੱਜ ਦੀ 'ਕਾਂਸ਼ੀ ਰਾਮ ਲਹਿਰ' ਉਪਰੋਕਤ ਵਰਨਣ ਕੀਤੇ ਗਏ ਸਮੁੱਚੇ ਇਤਿਹਾਸ ਉੱਪਰ ਅਧਾਰਿਤ ਹੈ, ਜੋ ਜਾਤਪਾਤੀ ਪ੍ਰਬੰਧ ਨੂੰ ਖਤਮ ਕਰਕੇ, ਸਮਤਾ, ਸਮਾਨਤਾ, ਭਾਈਚਾਰਾ ਅਤੇ ਅਜ਼ਾਦੀ ਦੀ ਪ੍ਰਾਪਤੀ ਦਾ ਮੰਤਵ ਲੈ ਕੇ ਅੱਗੇ ਵਧ ਰਹੀ ਹੈ ਤਾਂ ਜੋ ਭਾਰਤ ਮੁੜ 'ਸੁਨਹਿਰੀ ਯੁੱਗ' ਵਿੱਚ ਪ੍ਰਵੇਸ਼ ਕਰ ਸਕੇ ਅਤੇ ਭਾਰਤੀ ਲੋਕ ਹਰ ਤਰ੍ਹਾਂ ਦੀ ਬਰਾਬਰੀ ਮਾਣ ਸਕਣ । ਕਾਂਸ਼ੀ ਰਾਮ ਦੀ ਲਹਿਰ ਦੇ ਮਗਰ 2600 ਸਾਲਾਂ ਤੋਂ ਜਾਰੀ ਮਾਨਵਵਾਦੀ ਸੰਘਰਸ਼ ਦਾ ਇਤਿਹਾਸ ਖੜੋਤਾ ਹੈ, ਜਿਸ ਦਾ ਜ਼ਿਕਰ ਅਸੀਂ ਅਗਲੇ ਸਫਿਆਂ 'ਤੇ ਕਰਨਾ ਹੈ ।

ਆਰੀਅਨਾਂ ਦੀ ਭਾਸ਼ਾ : ਸੰਸਕ੍ਰਿਤ

ਜਿਹਨੂੰ ਦੇਵ-ਬਾਣੀ ਵੀ ਕਿਹਾ ਗਿਆ । ਇਸ ਨੂੰ ਦਰਾਵੜ ਨਹੀਂ ਪੜ੍ਹ ਸਕਦੇ ਸਨ । ਇਸ ਦੇ ਵੇਖਣ, ਸੁਣਨ, ਪੜ੍ਹਨ ਤੇ ਬੋਲਣ ਲਈ ਭਿਆਨਕ ਸਜ਼ਾਵਾਂ ਰੱਖੀਆਂ ਸਨ । (ਇਹੀ ਕਾਰਨ ਹੈ ਕਿ ਆਮ ਲੋਕਾਂ ਭਾਵ ਦਰਾਵੜਾਂ, ਸ਼ੂਦਰਾਂ, ਗੁਲਾਮਾਂ ਨੇ ਪ੍ਰਾਕ੍ਰਿਤ (ਬ੍ਰਹਮੀ ਭਾਸ਼ਾ), ਜੋ ਬੁੱਧ ਸਮੇਂ ਪਾਲੀ ਅਖਵਾਈ, ਅਪਨਾਈ । ਤਾਮਿਲ ਨੂੰ ਵੀ ਦਰਾਵੜਾਂ ਦੀ ਮੂਲ ਭਾਸ਼ਾ ਕਿਹਾ ਜਾ ਸਕਦਾ ਹੈ । ਪਾਲੀ ਬੋਲੀ ਭਾਰਤ ਦੇ ਸਮੁੱਚੇ ਸ਼ੂਦਰਾਂ ਦੀ ਮੂਲ ਭਾਸ਼ਾ ਹੈ। ਪੰਜਾਬੀ ਇਸੇ ਵਿਚੋਂ ਉਤਪੰਨ ਹੋਈ ਹੈ।

ਆਰੀਆਂ ਦਾ ਨੈਤਕ ਪੋਲ ਪ੍ਰਕਾਸ਼, ਵਿੱਚੋਂ

(28) ਵਿਸ਼ਨੂੰ ਨੇ ਹਿਰਨਾਕਸ਼ਪ ਨੂੰ ਸ਼ੇਰ ਦਾ ਪੰਜਾ ਤੇ ਖੱਲ ਪਾ ਕੇ ਧੋਖੇ ਨਾਲ ਮਾਰਿਆ ।

(29) ਉਸ ਦੇ ਲੜਕੇ ਪ੍ਰਹਿਲਾਦ ਨੇ ਵਿਸ਼ਨੂੰ ਦੀ ਸਹਾਇਤਾ ਕੀਤੀ, ਪ੍ਰੰਤੂ ਬਾਅਦ ਵਿੱਚ ਉਸ ਨੂੰ ਆਰੀਆਂ ਦੀ ਕੂਟਨੀਤੀ ਸਮਝ ਲੱਗੀ। ਫਿਰ ਉਹ ਆਪਣੇ ਪੁੱਤਰ ਵਿਰੋਚਨ ਨਾਲ ਰਲ ਕੇ ਆਰੀਆਂ ਨਾਲ ਲੜਿਆ। ਵਿਰੋਚਨ ਦੇ ਪੁੱਤਰ ਬਲੀ ਨੂੰ ਵੀ ਧੋਖੇ ਨਾਲ ਮਾਰਿਆ ਗਿਆ।

(30) ਕਾਗ ਭਸੁੰਡ ਕਾਂ ਨਹੀਂ ਸੀ ਇੱਕ ਆਦਿਵਾਸੀ ਵਿਦਵਾਨ ਸੀ।

(30) ਜਾਮਵੰਤ ਰਿੱਛ ਜਾਂ ਭਾਲੂ ਨਹੀਂ ਸਨ, ਰਾਜਨੀਤੀਵੇਤਾ ਮੰਤਰੀ ਸਨ।

(30) ਜਟਾਊ ਗਿੱਧ (ਗਿਰਝ) ਨਹੀਂ ਸਨ ਆਦਿਵਾਸੀ ਜਾਟ, ਜਾਟਵ ਜਾਂ ਜਾਦਵ ਸਨ।

ਰਾਮ ਨੇ ਭੀਲਣੀ ਦੇ ਜੂਠੇ ਬੇਰ ਇਸ ਲਈ ਖਾਧੇ ਤਾਂ ਜੋ ਉਸ ਦੇ ਲੋਕ ਰਾਖਸ਼ ਰਾਜ ਖਤਮ ਕਰਨ ਵਿੱਚ ਉਸ ਦੀ ਸਹਾਇਤਾ ਕਰਨ।

(33) ਲਛਮਣ ਦੇ ਸਹਿਯੋਗ ਨਾਲ ਰਾਮ ਨੇ ਸ਼ੂਦਰ ਤਪੱਸਵੀ ਸ਼ੰਬੂਕ ਨੂੰ ਦੰਡਾਕਾਰਨੀਆਂ ਵਿੱਚ, ਭਾਰਤ ਤੇ ਸ਼ਤਰੂਘਣ ਨੇ ਰਿਸ਼ੀ ਸੰਬੂਕ ਦੇ ਚੇਲੇ ਲਵਣਾਸੁਰ ਨੂੰ ਮਧੂਬਨ-ਗਥਮ ਵਿੱਚ ਅਤੇ ਕ੍ਰਿਸ਼ਨ ਦੇ ਵੱਡੇ ਭਰਾ ਬਲਰਾਮ ਨੇ ਲੋਮਹਰਸ਼ਣ ਨੂੰ ਮਾਰਿਆ।

(36) ਮਗਧ ਨਰੇਸ਼ (ਬ੍ਰਿਹਦਰਥ ਦੇ ਪੁੱਤਰ) ਜਰਾਸੰਧ ਨੇ ਆਪਣੇ ਪ੍ਰਧਾਨ ਸੈਨਾਪਤੀ ਕਾਲਯਬਨ ਦੀ ਅਗਵਾਈ ਵਿੱਚ ਤੇਈ ਖੂਹਣੀਆਂ ਸੈਨਾ ਸਮੇਤ ਕ੍ਰਿਸਨ ਉੱਪਰ, ਕੰਸ ਦੀ ਮੌਤ ਤੋਂ ਬਾਅਦ, ਚੜ੍ਹਾਈ ਕਰ ਦਿੱਤੀ।.....ਲਹੂ ਲੁਹਾਣ, ਫਟੇਹਾਲ ਅਤੇ ਮੈਲੇ ਕੁਚੈਲੇ ਕਈ ਦਿਨਾਂ ਦਾ ਮਾਰਗ ਪੈਦਲ ਤਹਿ ਕਰਕੇ ਕੁਝ ਗਵਾਲਿਆਂ ਸਮੇਤ ਕ੍ਰਿਸਨ ਆਪਣੇ ਆਦਿ ਨਿਵਾਸੀ ਮਿੱਤਰ 'ਇਕਲਵੇ' ਦੇ ਪਾਸ ਸ਼ਰੰਗਬੇਰਪੁਰ ਪਹੁੰਚਿਆ ਅਤੇ ਰੋ-ਰੋ ਕੇ ਆਪਣੀ ਬੀਤੀ ਦੁਰਦਸ਼ਾ ਵਾਰ-ਵਾਰ ਕਹਿ ਸੁਣਾਈ। ਤਰਸ ਖਾ ਕੇ ਦਾਨਵੀਰ ਇਕਲਵੇ ਨੇ, ਆਪਣੀ ਦਵਾਰਕਾਪੁਰੀ (ਮਹੱਲ) ਉਸ ਨੂੰ ਦਾਨ ਕਰ ਦਿੱਤੀ।.....ਇਹ ਬਾਅਦ ਵਿੱਚ ਆਭੀਰ ਪ੍ਰਦੇਸ਼ ਕਿਹਾ ਜਾਣ ਲੱਗਾ, ਜਿਸ ਨੂੰ ਗੁਜਰਾਤ ਕਿਹਾ ਜਾਂਦਾ ਹੈ।

(37) ਦੁਸ਼ਾਸਨ ਨੇ ਜਦੋਂ ਦਰੋਪਤੀ ਦੀ ਸਾੜ੍ਹੀ ਖਿਚ ਕੇ ਉਸ ਨੂੰ ਅੱਧੀ ਨੰਗੀ ਕਰ ਦਿੱਤਾ ਤਾਂ ਉਸ ਦੇ ਛੋਟੇ ਭਰਾ 'ਵਿਕਰਣ' ਨੇ ਆਪਣੀ ਗਦਾ ਉਠਾ ਕੇ, ਲਲਕਾਰ ਕੇ ਦੁਸ਼ਾਸਨ ਨੂੰ ਰੋਕ ਦਿੱਤਾ ਸੀ।

(38) ਵਿਕਰਣ ਧਰਿਤਰਾਸ਼ਟਰ ਦਾ ਛੋਟਾ ਲੜਕਾ ਸੀ। ਉਸ ਨੇ ਕਿਹਾ, "ਸਾੜ੍ਹੀ ਛੱਡ ਦੇਹ ਦੁਰਯੋਧਨ ! ਜੂਏ ਵਿੱਚ ਜਿੱਤੀ ਦਰੋਪਤੀ ਸਹਿਤ, ਸਾਰੀਆਂ ਵਸਤੂਆਂ, ਯੁਧਿਸ਼ਟਰ ਨੂੰ ਵਾਪਸ ਕਰ ਦੇਹ।"

(38) ਇਸ ਘਟਨਾ ਸਮੇਂ ਕ੍ਰਿਸ਼ਨ ਹਜ਼ਾਰ ਮੀਲ ਦੂਰ ਰੁਕਮਣੀ ਵਿਲਾਸ ਦਵਾਰਕਾਪੁਰੀ ਵਿੱਚ ਅਨੰਦ ਮਾਣ ਰਿਹਾ ਸੀ।

(39) ਜਦੋਂ ਗੁਜਰਾਤ (ਦਵਾਰਕਾਪੁਰੀ) ਪ੍ਰਦੇਸ਼ ਵਿੱਚੋਂ ਅਭੀਰਾਂ ਦੀ ਅਬਾਦੀ ਵਧੀ ਤਾਂ ਉਹ ਲੋਕ ਇਕਲਵੇ ਦੇ ਦੂਜੇ ਨਾਲ ਦੇ ਪ੍ਰਦੇਸ਼ ਭੀਲਵਾੜਾ ਉੱਤੇ ਹੌਲੀ-ਹੌਲੀ ਕਬਜ਼ਾ ਕਰਨ ਲੱਗੇ। ਕ੍ਰਿਸ਼ਨ (ਜਿਸ ਨੂੰ ਇਕਲਵੇ ਨੇ ਦਵਾਰਕਾਪੁਰੀ ਦਿੱਤੀ) ਦੀ ਨਵੀਂ ਨਰਾਇਣੀ ਸੈਨਾ ਅਤੇ ਇਕਲਵੇ ਦੀ ਸੈਨਾ ਵਿੱਚ ਮੁਕਾਬਲਾ ਹੋਇਆ। ਇਕਲਵੇ ਹੀ 'ਜਰਾ' ਨਾਮਕ ਬਹੇਲੀਆ ਬਣਿਆ, ਜਿਸ ਨੇ ਕ੍ਰਿਸ਼ਨ ਨੂੰ ਮਾਰਿਆ। ਇਕਲਵੇ ਦੇ ਪਿਤਾ ਦਾ ਨਾਮ ਹਿਰਣਧਨੁਸ਼ ਸੀ।

ਧਾਰਮਿਕ ਇਤਿਹਾਸ ਜਿਸ ਨੂੰ ਮਿਥਿਹਾਸ ਕਹਿ ਕੇ ਲੋਕਾਂ ਤੋਂ ਦੂਰ ਰੱਖਿਆ ਗਿਆ ਤੇ ਜੋ ਪੁਰਬਲੇ ਸਮਾਜ ਦੀ ਮੁਕੰਮਲ ਤਸਵੀਰ ਹੈ, ਅਨੁਸਾਰ ਆਰੀਅਨ ਦੇਵਤੇ ਇਸ ਪ੍ਰਕਾਰ ਹਨ :

(1) ਇੰਦਰ, (2) ਵਿਸ਼ਨੂੰ, (3) ਬ੍ਰਹਮਾ, (4) ਸ਼ਿਵਜੀ (ਮਹੇਸ਼, ਜਿਸ ਦੇ ਦਰਾਵੜ ਹੋਣ ਬਾਰੇ ਅਜੇ ਸ਼ੰਕਾ ਮੌਜੂਦ ਹੈ ਤੇ ਹੋਰ ਖੋਜ ਦੀ ਜ਼ਰੂਰਤ ਹੈ), (5) ਗਣੇਸ਼, (6) ਰਾਮ, (7) ਕ੍ਰਿਸ਼ਨ, (8) ਪਰਸੂ ਰਾਮ,

(9) ਸੱਤ ਦੇਵੀਆਂ—ਜਿਵੇਂ ਦੁਰਗਾ, ਅੰਬੇ, ਕਾਲਕਾ, ਨੈਣਾ ਦੇਵੀ, ਵੈਸ਼ਨੋ ਦੇਵੀ, ਚੰਡੀ ਅਤੇ ਗੰਗਾ-ਸਰਸਵਤੀ।

ਇਸੇ ਤਰ੍ਹਾਂ ਬੇਸ਼ੁਮਾਰ ਦੇਵਤੇ ਹਨ, ਜਿਨ੍ਹਾਂ ਦੇ ਨਾਂ ਲਿਖਣੇ ਬੰਦੇ ਦੇ ਵੱਸ ਦੀ ਗੱਲ ਨਹੀਂ।

ਆਰੀਅਨਾਂ ਦੁਆਰਾ ਰਚਿਤ ਗ੍ਰੰਥ— 1. ਚਾਰ ਵੇਦ ਰਿਗਵੇਦ, ਯਜੁਰ ਵੇਦ, ਅਥਰਵ ਵੇਦ, ਸਾਮਵੇਦ। 2. ਸਿਮਰਤੀਆਂ ਸਰੁਤੀਆਂ-ਮਨੂੰ ਸਿਮਰਤੀ। 3. ਵਿਸ਼ਨੂੰ ਪੁਰਾਣ-ਗਰੁੜ ਪੁਰਾਣ। 4. ਸ਼ਾਸਤਰ ਜਿਵੇਂ ਕੁਟੱਲਿਆ ਸ਼ਾਸਤਰ 5. ਗੀਤਾ 6. ਮਹਾਂਭਾਰਤ 7. ਤੁਲਸੀ ਰਮਾਇਣ (ਰਾਮ ਚਰਿੱਤ ਮਾਨਸ) (ਜੋ ਅਕਬਰ ਦੇ ਸਮੇਂ ਤੁਲਸੀ

ਬ੍ਰਾਹਮਣ ਦੁਆਰਾ ਲਿਖੀ ਗਈ) 8. ਉਪਨਿਸ਼ਦ

ਨੋਟ:-ਵਾਲਮੀਕ ਰਮਾਇਣ ਆਰੀਅਨ ਗ੍ਰੰਥ ਨਹੀਂ ਹੈ।

ਇਸ ਵਿੱਚ ਆਰੀਅਨਾਂ ਅਤੇ ਦਰਾਵੜ ਰਾਜਿਆਂ ਦੇ ਯੁੱਧਾਂ ਦਾ ਵਰਨਣ ਹੈ। ਇਸ ਵਿੱਚ ਰਾਜਾਸ਼ਾਹੀ, ਸਮਾਜਿਕ, ਧਾਰਮਿਕ, ਆਰਥਿਕ, ਨੈਤਿਕ ਅਤੇ ਵਿਦਿਅਕ ਵਿਵਸਥਾ ਦਾ ਜ਼ਿਕਰ ਹੈ। ਇਸੇ ਕਰਕੇ ਇਹ ਗ੍ਰੰਥ ਹਿੰਦੂ ਮੰਦਰਾਂ ਵਿੱਚ ਨਹੀਂ ਰੱਖਿਆ ਜਾਂਦਾ, ਸਗੋਂ ਤੁਲਸੀ ਰਮਾਇਣ ਹੈ ਜੋ ਇੱਕ ਬ੍ਰਾਹਮਣ ਨੇ ਲਿਖੀ ਹੈ।

8. ਰਿਸ਼ੀ-ਮੁਨੀ ਆਰੀਅਨ ਸਮਾਜ ਦੇ ਆਗੂ ਸਨ, ਜੋ ਰਾਜਿਆਂ ਦੀ ਅਗਵਾਈ ਕਰਦੇ ਸਨ ਤੇ ਉਨ੍ਹਾਂ ਨੂੰ ਯੁੱਧਨੀਤੀ ਹੀ ਨਹੀਂ, ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਕ, ਨੈਤਿਕ ਅਤੇ ਵਿੱਦਿਅਕ ਢਾਂਚੇ ਬਾਰੇ ਪੂਰੀ ਜਾਣਕਾਰੀ ਦਿੰਦੇ ਸਨ। ਜਿਵੇਂ ਰਿਸ਼ੀ ਭਾਰਦਵਾਜ, ਸ਼ਰਿੰਗ ਰਿਸ਼ੀ, ਅਗਸਤਯ ਰਿਸ਼ੀ, ਵਸ਼ਿਸ਼ਠ ਮੁਨੀ, ਵਿਸ਼ਵਾ ਮਿੱਤਰ, ਦਰੋਣਾਚਾਰੀਆ ਆਦਿ ਵਿਸ਼ੇਸ਼ ਕਰਕੇ ਮਸ਼ਹੂਰ ਰਹੇ। ਪੂਰਾ ਇਤਿਹਾਸ ਪੜ੍ਹਨ ਤੋਂ ਬਾਅਦ ਪਤਾ ਲੱਗ ਜਾਂਦਾ ਹੈ ਕਿ ਅਸਲ ਰੂਪ ਵਿੱਚ ਆਰੀਅਨ ਸਮਾਜ ਦਾ ਮੁੱਖ ਸੰਚਾਲਕ ਬ੍ਰਾਹਮਣ ਹੀ ਸੀ, ਜਿਸ ਪਾਸ ਏਨੀਆਂ ਵਿਸ਼ਾਲ ਤੇ ਅਸੀਮ ਸ਼ਕਤੀਆਂ ਸਨ ਕਿ ਉਹ ਆਪਣੇ ਈਸ਼ਵਰ ਨੂੰ ਵੀ ਸਰਾਪ ਦੇ ਕੇ ਮਰਜ਼ੀ ਦੀ ਜੂਨੀ ਪਾ ਸਕਦਾ ਸੀ। ਵਿੱਦਿਆ, ਧਰਮ ਅਤੇ ਅੰਤਮ ਹੁਕਮ ਸਿਰਫ ਬ੍ਰਾਹਮਣ ਪਾਸ ਸਨ। ਬ੍ਰਾਹਮਣ ਪਾਸ ਸਮਾਜਿਕ ਜੀਵਨ ਦੀ ਪੂਰੀ ਅਜਾਰੇਦਾਰੀ ਸੀ ਜਿਸ ਨੂੰ ਚੈਲਿੰਜ ਕਰਨਾ ਰੱਬ ਦੇ ਮੂਹਰੇ ਹੋਣਾ ਸੀ। ਉਹੀ ਸਮਾਜ ਦਾ ਆਗੂ ਸੀ, ਰਿਸ਼ੀ ਸੀ, ਗੁਰੂ ਸੀ, ਮੁਨੀ ਸੀ, ਦੇਵਤਾ ਸੀ ਅਤੇ ਹਾਕਮ ਸੀ। ਉਸ ਦੇ ਮੂੰਹੋਂ ਨਿਕਲੇ ਸ਼ਬਦ ਸੰਸਾਰ ਦੇ ਲੋਕਾਂ ਦਾ ਧਰਮ ਸੀ। ਸੀ ਨਹੀਂ ਅੱਜ ਵੀ ਹੈ। ਬੱਸ ਰੂਪ ਰੰਗ ਢੰਗ ਬਦਲ ਗਿਆ ਹੈ, ਬਾਕੀ ਸਭ ਕੁਝ ਉਸੇ ਤਰ੍ਹਾਂ ਹੈ।

ਬੈਕੁੰਠ

1. ਸਫਾ 5. ਬ੍ਰਾਹਮਣ ਆਰੀਆਂ ਦੁਆਰਾ ਪਰਚਾਰਿਆ ਗਿਆ 'ਬੈਕੁੰਠ' ਪੂਰਵੀ ਪਰਸ਼ੀਆ ਦਾ ਇੱਕ ਇਲਾਕਾ ਸੀ, ਜਿਸ ਨੂੰ ਅੱਜ-ਕੱਲ੍ਹ ਇਰਾਨੀਅਨ ਪੈਰਾਡਾਈਜ਼ (ਸੁਰਗ) ਕਿਹਾ ਜਾਂਦਾ ਹੈ। ਇਹ ਦੋਮਾਬੰਦ ਐਲਬੁਰਜ ਪਰਬਤ 'ਤੇ ਹੈ। ਬੈਕੁੰਠ ਧਾਮ ਕਿਸੇ ਸਮੇਂ ਬੈਕੁਸ਼ਠ ਜਾਤੀ ਦੀ ਰਾਜਧਾਨੀ ਸੀ। (ਕਿਉਂਕਿ ਆਰੀਆ ਏਸੇ ਤਰਫੋਂ ਆਏ ਸਨ, ਇਸ ਕਰਕੇ ਉਨ੍ਹਾਂ ਨੇ ਬੈਕੁੰਠ ਨੂੰ ਸੁਰਗ ਕਹਿ ਕੇ ਪਰਚਾਰਿਆ। ਪ੍ਰੰਤੂ ਭਾਰਤੀ ਮੂਲ ਨਿਵਾਸੀਆਂ ਨੂੰ ਦੱਸਿਆ ਗਿਆ ਕਿ ਜੋ ਬ੍ਰਾਹਮਣ ਕਸ਼ੱਤਰੀ ਤੇ ਵੈਸ਼ ਵਰਣਾਂ ਦੀ ਸੇਵਾ ਕਰੇਗਾ ਉਹ ਬੈਕੁੰਠ ਜਾਵੇਗਾ ਜੋ ਰੱਬ ਦਾ ਘਰ ਹੈ।

2. ਉਰਵਸ਼ੀ ਅਪਸਰਾ ਮਿਸਰ ਦੇ ਉਰ ਪ੍ਰਦੇਸ਼ ਦੀ ਇੱਕ ਅਤਿ ਸੁੰਦਰ ਲੜਕੀ ਸੀ।

(6) ਨਹੁੱਸ਼ ਆਸੁਰਾਂ ਦਾ ਪਹਿਲਾ ਚੱਕਰਵਰਤੀ ਰਾਜਾ ਸੀ ਜਿਸ ਨੇ ਇੰਦਰ ਨੂੰ ਮਾਰ ਕੇ ਦੌੜਾ ਦਿੱਤਾ ਸੀ। ਇਸ ਸਮੇਂ ਦੈਂਤਾਂ ਦਾ ਸੈਨਾਪਤੀ ਪ੍ਰਹਿਲਾਦ ਸੀ (ਹਿਰਨਾਕੁਸ਼ ਦਾ ਪੁੱਤਰ) ਤੇ ਨਹੁੱਸ਼ ਦਾ ਛੋਟਾ ਭਰਾ ਰਜੀ ਸੀ, ਜਿਸ ਨੇ ਦੇਵ ਆਸੁਰ ਯੁੱਧ ਵਿੱਚ ਦੇਵਤਿਆਂ ਦਾ ਪੱਖ ਲਿਆ ਅਤੇ ਆਪਣੀ ਕੌਮ ਨਾਲ ਗਦਾਰੀ ਕੀਤੀ, ਪ੍ਰੰਤੂ ਬਾਅਦ ਵਿੱਚ ਉਸ ਨੇ ਇੰਦਰ ਆਸਣ 'ਤੇ ਕਬਜ਼ਾ ਕਰ ਲਿਆ ਸੀ।

(7) (ਸਿੰਧੂ ਸੱਭਿਅਤਾ) ਬਲੋਚਸਤਾਨ ਦੇ ਰਾਜਾ ਮੂਰਤੇ ਨਾਲ ਇੰਦਰ ਨੇ ਸੰਧੀ ਕੀਤੀ ਤੇ 100 ਸੈਨਿਕ ਅੱਡੇ ਬਣਾ ਲਏ ਜਿਸ ਦਾ ਅਸੁਰਾਂ ਨੇ ਵਿਰੋਧ ਕੀਤਾ। ਅਸੁਰ ਰਾਜੇ ਤਵਸ਼ਟਾ ਨੇ ਇੰਦਰ ਨੂੰ ਭਜਾ ਦਿੱਤਾ, ਤਾਂ ਵਿਸ਼ਨੂੰ ਦੀ ਸਲਾਹ 'ਤੇ ਇੰਦਰ ਨੇ ਬਰਿਤਰ ਨਾਲ ਫੇਰ ਸੰਧੀ ਕਰ ਲਈ, ਪ੍ਰੰਤੂ ਮੌਕਾ ਪਾ ਕੇ ਇੰਦਰ ਨੇ (ਧੋਖੇ ਨਾਲ) ਬਰਿਤਰ ਨੂੰ ਮਾਰ ਦਿੱਤਾ ਤਾਂ ਦੇਵਤਿਆਂ ਨੇ ਅਚਾਨਕ ਦਾਸਾਂ (ਦਰਾਵੜਾਂ) 'ਤੇ ਹਮਲਾ ਕਰਕੇ ਮੋਹਨਜੋਦੜੋ ਤੇ ਹੜੱਪਾ ਨੂੰ ਇੰਦਰ ਦੀ ਅਗਵਾਈ ਵਿੱਚ ਤਬਾਹ ਕਰ ਦਿੱਤਾ। ਇਸੇ ਤਰ੍ਹਾਂ ਇੰਦਰ ਨੇ ਸੁਦਾਸ ਦੀ ਸਹਾਇਤਾ ਨਾਲ ਨਹੁੱਸ਼ ਵੰਸ਼ੀਆ ਨੂੰ ਹਰਾਇਆ। ਵਸ਼ਿਸ਼ਠ ਦੇ ਕਹਿਣ 'ਤੇ ਸਮਬਰਣ ਆਰੀਆਂ ਨੇ ਸੁਦਾਸ ਨੂੰ ਵੀ ਅਖੀਰ ਕਤਲ ਕਰ ਦਿੱਤਾ।

(10) ਨਰਕ:-ਵਰੁਣ ਨੇ ਯਮ ਨੂੰ ਪਿਤਰ ਲੋਕ ਦਾ ਲੋਕ ਪਾਲ ਬਣਾਇਆ। ਉਹ 'ਨਰਕ' ਨਾਂ ਦੀ ਰਾਜਧਾਨੀ ਬਣਾ ਕੇ ਰਹਿਣ ਲੱਗੇ। ਵਰਤਮਾਨ ਈਰਾਨ ਵਿੱਚ ਅਯਵਰਤ ਸਥਾਨ ਨੂੰ ਅੱਜ ਦੋਜ਼ਖ ਕਹਿੰਦੇ ਹਨ। (ਸਪੱਸ਼ਟ ਹੈ ਕਿ ਆਰੀਆਂ ਨੇ ਏਸੇ ਨਰਕ ਜਾਂ ਦੋਜ਼ਖ ਦਾ ਨਾਂ ਵਰਤ ਕੇ, ਯਮਾਂ ਦਾ ਨਾਂ ਵਰਤ ਕੇ ਮੂਲ ਭਾਰਤੀ ਨਿਵਾਸੀਆਂ ਅੰਦਰ ਡਰ-ਭੈਅ ਨਾਲ ਮਾਨਸਿਕ ਗੁਲਾਮੀ ਪੈਦਾ ਕੀਤੀ ਤੇ ਆਰੀਆਂ ਦੀ ਪੂਜਾ ਲਈ ਬੈਕੁੰਠ ਦਾ ਲਾਲਚ ਦਿੱਤਾ।)

(11) ਏਸ਼ੀਆ ਮਾਈਨਰ ਵਿੱਚ ਦੈਂਤ ਤੇ ਨਾਗ ਜਾਤੀਆਂ ਦੇ ਰਾਜਾ ਸਨ ।

(15) ਪੁਰਾਣਾਂ ਅਨੁਸਾਰ ਸਮੁੰਦਰ ਦੇ ਇੱਕ ਹਿੱਸੇ ਦਾ ਨਾਂ 'ਪਤਾਲ' ਹੈ ਜੋ ਰਾਜਾ ਬਲੀ ਦਾ ਨਗਰ ਸੀ । ਪਤਾਲ ਵਿੱਚ ਅਸੁਰ, ਨਾਗ ਤੇ ਰਾਖਸ਼ ਰਹਿੰਦੇ ਸਨ ਤੇ ਕੁਝ ਦੇਵ ਲੋਕ ਵੀ ਸਨ। ਹਿਰਣਾਕਸ਼ਪ ਨੇ ਦੇਵ ਲੋਕਾਂ ਦੀ ਰਾਜਧਾਨੀ ਅਮਰਾਵਤੀ 'ਤੇ ਕਬਜ਼ਾ ਕਰ ਲਿਆ ਸੀ ਤੇ ਉਸ ਦੇ ਪੁੱਤਰ ਅੰਧਰ ਨੇ ਵੀ ਦੇਵਤਿਆਂ ਨੂੰ ਹਰਾ ਦਿੱਤਾ ਸੀ । ਬਾਅਦ ਵਿੱਚ ਵਿਸ਼ਨੂੰ ਨੇ ਧੋਖੇ ਨਾਲ ਹਿਰਨਾਖਸ਼ ਨੂੰ ਮਾਰ ਦਿੱਤਾ ਸੀ ।

(16) ਤਾਰਕਾਸੁਰ ਨੇ ਵੀ ਅਮਰਾਵਤੀ 'ਤੇ ਅਧਿਕਾਰ ਜਮਾਇਆ । ਅਸੁਰ ਜਲੰਧਰ ਨੇ ਸਾਰੀ ਦੇਵ ਸੈਨਾ ਨੂੰ ਹਰਾ ਦਿੱਤਾ ਸੀ ਤਾਂ ਹੀ ਵਿਸ਼ਨੂੰ ਨੇ ਉਸ ਦੀ ਪਤਨੀ ਸੀਤਲਾ (ਬਰਿੰਦਾ) ਦੀ ਧੋਖੇ ਨਾਲ ਪੱਤ ਲੁਟੀ ਸੀ ।

(28) ਸਾਂਬਰ ਉੱਤਰੀ ਪੰਜਾਬ ਦਾ ਸ਼ਕਤੀਸ਼ਾਲੀ ਅਸੁਰ ਰਾਜਾ ਸੀ, ਜਿਸ ਦੇ ਨਗਰਾਂ ਨੂੰ ਇੰਦਰ ਨੇ ਅੱਗ ਲਗਾ ਕੇ ਨਸ਼ਟ ਕੀਤਾ । ਦੇਖੋ ਰਿਗਵੇਦ 1-54-6/7-19-5

(29) ਕ੍ਰਿਸ਼ਨ ਅਸੁਰ ਆਪਣੀ 10000 ਸੈਨਾ ਲੈ ਕੇ ਆਰੀਆਂ ਨਾਲ ਲੜਿਆ, ਪ੍ਰੰਤੂ ਇੰਦਰ ਨੇ ਦੂਜੇ ਦਾਸ ਰਾਜਾ ਜਿਤਵਨ ਦੀ ਮਦਦ ਨਾਲ ਉਸ ਨੂੰ ਅਤੇ ਉਸ ਜਾਤੀ ਦੀਆਂ ਔਰਤਾਂ ਨੂੰ ਵੀ ਮਾਰ ਦਿੱਤਾ ।

ਰਿਗਵੇਦ (1-133-5) 'ਤੇ ਕਿਹਾ ਗਿਆ ਹੈ, "ਇੰਦਰ, ਤੂੰ ਸਾਰੇ ਰਾਖਸ਼ਾਂ ਅਤੇ ਅਨਾਰੀਆਂ ਨੂੰ ਸਮਾਪਤ ਕਰ ਦੇ ।"

ਰਿਗਵੇਦ ਸਫ਼ਾ (4-16-16) 'ਤੇ ਕਿਹਾ ਹੈ, "ਹੇ ਅਗਨੀ, ਤੂਨੇ ਆਰੀਆਂ ਲਈ ਅਧਿਕ ਤੇਜ਼ ਪੈਦਾ ਕਰਕੇ ਦਸਿਊਆਂ ਨੂੰ ਉਨ੍ਹਾਂ ਦੇ ਸਥਾਨਾਂ ਤੋਂ ਨਿਕਾਲ ਦਿੱਤਾ ।

(21) ਦੱਖਣੀ ਭਾਰਤ ਵਿੱਚ ਨਿਸ਼ਾਦ, ਕਿਰਾਤ, ਨਾਗ, ਸਾਂਬਰ, ਗੁਰਤਵ, ਪੁਲਿੰਦ, ਪ੍ਰੰਤੂ, ਆਂਧਰ, ਦਰਾਵੜ, ਪੁਕਸ ਗਿੱਧ ਆਦਿ ਅਨਾਰੀਆ ਦਾਸ ਜਾਤੀਆਂ ਰਹਿੰਦੀਆਂ ਸਨ ।

(32) ਮੁੰਡਾ ਭਾਸ਼ਾ ਭਾਰਤੀ ਅਨਾਰੀਆਂ ਦੀ ਪ੍ਰਾਚੀਨ ਭਾਸ਼ਾ ਹੈ । ਆਰੀਆ ਸੰਸਕ੍ਰਿਤ ਦੇਵ ਬਾਣੀ ਬੋਲਦੇ ਸਨ । ਅਨਾਰੀਆਂ ਪ੍ਰਾਕ੍ਰਿਤ ਬੋਲਦੇ ਸਨ, ਜੋ ਬਾਅਦ ਵਿੱਚ ਪਾਲੀ ਬੋਲੀ ਕਰਕੇ ਮਸ਼ਹੂਰ ਹੋਈ ਤੇ ਜਿਸ ਨੇ ਅਨੇਕ ਭਾਸ਼ਾਵਾਂ ਨੂੰ ਜਨਮ ਦਿੱਤਾ । ਤਾਮਿਲ ਭਾਸ਼ਾ ਸ਼ਾਇਦ ਮੁੰਡਾ ਭਾਸ਼ਾ ਹੀ ਹੋਵੇ ਜਾਂ ਉਸ ਦੀ ਕੋਈ ਉਪ ਭਾਸ਼ਾ । ਇਹ ਦਰਾਵੜ ਭਾਸ਼ਾਵਾਂ ਹਨ ।

(37) ਦਾਸ ਉਹ ਲੋਕ ਕਹੇ ਗਏ ਜਿਨ੍ਹਾਂ ਆਰੀਆਂ ਦੀ ਅਧੀਨਗੀ ਕਬੂਲ ਕਰ ਲਈ । ਜੋ ਅਧੀਨਗੀ ਕਬੂਲ ਨਾ ਕਰਕੇ ਜੰਗਲਾਂ 'ਚ ਦੌੜ ਗਏ ਤੇ ਆਰੀਆਂ ਨਾਲ ਲੜਦੇ ਰਹੇ, ਉਨ੍ਹਾਂ ਨੂੰ ਦਸਿਊ ਕਿਹਾ ਗਿਆ ।

ਹਵਾਲਾ ਪੁਸਤਕ ਆਰੀਆ-ਅਨਾਰੀਆ ਸੰਘਰਸ਼ (ਡੀ.ਆਰ. ਨਿੰਗ)

(43) ਨਿਸ਼ਾਦ ਅਨਾਰੀਆ ਜਾਤੀ ਨਾਲ ਦਸ਼ਰਥ ਰਾਜਾ ਆਰੀਆ ਨੇ ਮਿੱਤਰਤਾ ਬਣਾ ਲਈ ਸੀ । ਗਿਰਾਧਾਰਸ ਇੱਕ ਹੋਰ ਘੁਮੰਤਰੂ ਜਾਤੀ ਸੀ, ਜਿਸ ਦੇ ਦੋ ਰਾਜਾ ਜਟਾਊ ਤੇ ਸਮਪਾਤੀ ਸਨ । ਦਸ਼ਰਥ ਦੀ ਮਿੱਤਰਤਾ ਜਟਾਊ (ਅਨਾਰੀਆ) ਨਾਲ ਸੀ । ਇਸੇ ਕਰਕੇ ਉਨ੍ਹਾਂ ਰਾਮ ਚੰਦਰ ਦਾ ਸਾਥ ਦਿੱਤਾ, ਤੇ ਸੀਤਾ ਦੀ ਦੇਖਭਾਲ ਕੀਤੀ ।

(44) ਨਾਗਜਾਤੀ ਦੇ ਰਾਜਾ ਸਨ ਬਾਸੁਕੀ, ਤਕਸ਼ਕ, ਸ਼ਾਖ ਆਦਿ । ਸੁਰਸਾ ਇੱਕ ਨਾਗ ਲੜਕੀ ਸੀ, ਜਿਸ ਨੇ ਹਨੂਮਾਨ ਦਾ ਮੁਕਾਬਲਾ ਕੀਤਾ ਸੀ (ਕਿਉਂਕਿ ਉਹ ਆਰੀਆਂ ਨਾਲ ਰਲਿਆ ਹੋਇਆ ਸੀ ਤੇ ਰਾਵਣ ਨੂੰ ਮਾਰਨ ਲਈ ਰਾਮ ਚੰਦਰ ਆਰੀਆਂ ਦੀ ਸਹਾਇਤਾ ਕਰ ਰਿਹਾ ਸੀ ।)

(45) ਰਾਵਣ ਜਨਮ :-ਵਿਧੁਤ ਕੇਸਾ ਰਾਜਾ ਨੇ ਸੰਧਿਆ ਦੀ ਪੁਤਰੀ ਤਲਾਕ ਟੰਕਪ ਨਾਲ ਵਿਆਹ ਕੀਤਾ, ਜਿਸ ਤੋਂ ਸੁਕੇਸਾ ਨਾਂ ਦਾ ਪੁੱਤਰ ਪੈਦਾ ਹੋਇਆ । ਸੁਕੇਸਾ ਦੇ ਘਰ ਤਿੰਨ ਪੁੱਤਰ ਪੈਦਾ ਹੋਏ ਮਾਲ ਯਾਵਨ, ਸੁਮਾਲੀ ਅਤੇ ਮਾਲੀ । ਸੁਮਾਲੀ ਦੀ ਪੁੱਤਰੀ ਕੇਕਸੀ ਵਿਸ਼ਰਵਾ ਨਾਲ ਵਿਆਹੀ ਗਈ, ਜਿਸ ਨੇ ਕੁੰਭਕਰਣ, ਸਰੂਪਨਖਾ ਅਤੇ ਰਾਵਣ ਨੂੰ ਜਨਮ ਦਿੱਤਾ । ਰਾਵਣ ਦਾ ਵਿਆਹ ਮੰਦੋਦਰੀ ਨਾਲ ਹੋਇਆ, ਜਿਸ ਨੇ ਮੇਘਨਾਥ-ਇੰਦਰਜੀਤ ਵਰਗੇ ਬਲੀ ਨੂੰ ਜਨਮ ਦਿੱਤਾ ।

(46) ਅਸੁਰ ਅਤੇ ਰਾਖਸ਼ ਰਿਸ਼ਤੇਦਾਰ ਸਨ ।

(47) ਬਾਨਰ ਜਾਤੀ, ਜੋ ਬਾਲੀ ਦੇ ਮਾਰੇ ਜਾਣ ਤੋਂ ਬਾਅਦ ਆਰੀਆ ਰਾਮਚੰਦਰ ਨਾਲ ਰਲ ਗਈ, ਦੀਆਂ ਤਿੰਨ ਉਪ ਜਾਤੀਆਂ ਸਨ, ਰਾਖਸ਼ਸ਼, ਗੋਲਾਨ ਅਤੇ ਬਾਨਰ । ਬਾਨਰ ਆਰੀਆਂ ਦੇ ਦੇਵਤਿਆਂ ਦੀ ਪੂਜਾ ਕਰਨ

ਲੱਗ ਪਏ ਸਨ । ਬਾਨਰ ਜਾਤੀ ਦਾ ਮਹਾਨ ਇੰਜੀਨੀਅਰ 'ਨਲ' ਸੀ ।

(55) ਦਖਸ਼ ਦੀ ਵੱਡੀ ਧੀ ਦਤਿ ਤੋਂ ਦੈਂਤ ਵੰਸ਼ ਚਲਿਆ । ਹਿਰਣਾਕਸ਼ਪ ਤੇ ਹਿਰਨਾਖਸ਼ ਦੋਵੇਂ ਉਸ ਦੇ ਪੁੱਤਰ ਸਨ, ਜਿਨ੍ਹਾਂ ਨੂੰ ਵਿਸ਼ਨੂੰ ਨੇ ਰੂਪ ਵਟਾ ਕੇ ਮਾਰ ਦਿੱਤਾ ਸੀ ।

(57) ਦਰੋਪਤੀ ਦੇ ਚੀਰ ਹਰਣ ਦਾ ਸਾਰੇ ਭਾਰਤੀਆਂ ਨੂੰ ਪਤਾ ਹੈ, ਪ੍ਰੰਤੂ ਕ੍ਰਿਸ਼ਨ ਨੇ ਰੁਕਮਣੀ, ਅਰਜਨ ਨੇ ਸੁਭੱਦਰਾ, ਭੀਮ ਨੇ ਕਾਸ਼ੀ ਰਾਜ ਦੀਆਂ ਤਿੰਨਾਂ ਲੜਕੀਆਂ ਅਤੇ ਪ੍ਰਿਥਵੀ ਰਾਜ ਨੇ ਸੰਯੋਗਤਾ ਦਾ ਜ਼ਬਰਦਸਤੀ ਹਰਣ ਕੀਤਾ। ਇਨ੍ਹਾਂ ਵਿਚਾਰੀਆਂ ਲੜਕੀਆਂ ਨੂੰ ਬਚਾਉਣ ਲਈ ਆਰੀਆਂ ਦਾ ਕੋਈ ਭਗਵਾਨ ਨਹੀਂ ਬਹੁੜਿਆ । ਸ਼ਾਇਦ ਇਸ ਕਰਕੇ ਕਿ ਇਹ ਸਾਰੇ ਆਰੀਆ ਪੁੱਤਰ ਸਨ, ਜਿਨ੍ਹਾਂ ਨੂੰ ਪਾਪ ਕਰਮ ਦਾ ਕੋਈ ਦੋਸ਼ ਨਹੀਂ ਲਗਦਾ । ਪ੍ਰੰਤੂ ਦਰਾਵੜ ਰਾਵਣ ਨੇ ਸੀਤਾ ਨੂੰ ਸਿਰਫ ਉਠਾਇਆ ਤੇ ਘਰ ਲਿਜਾ ਕੇ ਉਸ ਦੀ ਇੱਛਾ ਬਗੈਰ ਉਸ ਨੂੰ ਛੂਹਿਆ ਤੱਕ ਨਹੀਂ । ਭਾਰਤੀ ਆਰੀਆ ਤਾਂ ਕੀ, ਦਰਾਵੜਾਂ ਦੀ ਕੁਲੱਛਣੀ ਔਲਾਦ ਵੀ 'ਰਾਵਣ' ਦੀਆਂ ਆਏ ਸਾਲ ਵੱਖੀਆਂ ਪਾੜਦੀ ਹੈ ਤੇ 'ਦੁਸ਼ਟ' ਆਤਮਾ ਹੈ, ਤੋਂ ਘੱਟ ਗੱਲ ਨਹੀਂ ਕਰਦੇ । ਇਹ ਕੇਹਾ ਨਿਆਂ ਹੈ ?

(59) ਜੇ ਸੀਤਾ ਹਰਣ ਕਾਰਨ ਰਾਵਣ ਨੂੰ ਗਧੇ ਦਾ ਸਿਰ ਲਗਾਇਆ ਜਾਂਦਾ ਹੈ ਤਾਂ ਕ੍ਰਿਸ਼ਨ ਭੀਸ਼ਮ, ਪ੍ਰਿਥਵੀ ਰਾਜ ਅਤੇ ਅਰਜਨ ਦੇ ਕਿਉਂ ਨਹੀਂ ?

(64) ਆਸੁਰਾਂ ਅਤੇ ਦੈਂਤਾਂ ਦੇ ਪ੍ਰਸਿੱਧ ਸ਼ਕਤੀਸ਼ਾਲੀ ਰਾਜਾ ਹਿਰਣਾਕਸ਼, ਹਿਰਣਾਕਸ਼ਪ, ਜਲੰਧਰ, ਰਾਵਣ, ਬਕਾਸੁਰ, ਤਾਰਕਾਸੁਰ, ਬਾਲੀ ਅਤੇ ਬਲੀ ਹੋਏ ਹਨ, ਜਿਨ੍ਹਾਂ ਦਾ ਆਰੀਆਂ ਨੇ ਕਿਵੇਂ ਨਾ ਕਿਵੇਂ ਮੌਕਾ ਪਾ ਕੇ ਕਤਲ ਕੀਤਾ। ਸਪੱਸ਼ਟ ਹੋ ਜਾਂਦਾ ਹੈ ਕਿ ਆਰੀਆ ਹਮਲੇ ਕਰਕੇ, ਅੱਗ ਲਗਾ ਕੇ, ਧੋਖੇ ਨਾਲ ਕਤਲ ਕਰਦੇ, ਸੰਧੀ ਕਰਕੇ ਤੇ ਪਿੱਛੋਂ ਮੌਕੇ ਨਾਲ ਕਤਲ ਕਰਕੇ ਜਾਂ ਉਸੇ ਕੌਮ ਦੇ ਰਾਜਿਆਂ ਨੂੰ ਨਾਲ ਲੈ ਕੇ ਜਾਂ ਆਰੀਆ ਕੰਨਿਆਵਾਂ ਭੇਜ ਕੇ ਜਾਂ ਜ਼ਹਿਰ ਦੇ ਕੇ, ਅਨਾਰੀਆ ਰਾਜਿਆਂ ਨੂੰ ਮਾਰ ਕੇ ਕਾਮਯਾਬ ਹੁੰਦੇ ਰਹੇ । ਭਰਾਵਾਂ ਨੂੰ ਰਾਜ ਧਨ ਦਾ ਲਾਲਚ ਦੇ ਕੇ ਭੇਦ ਲੈ ਕੇ ਮਾਰਦੇ ਰਹੇ । ਉਹਲਿਆਂ ਦੀ ਓਟ ਲੈ ਕੇ ਵੀ ਮਾਰਦੇ ਰਹੇ । ਲਗਪਗ ਹਰ ਅਨਾਰੀਆ ਰਾਜੇ ਨਾਲ ਇਹੋ ਕੁਝ ਵਾਪਰਿਆ ।

ਬਾਨਰ ਰਾਜਾ ਬਾਲੀ ਅਤੇ ਰਾਖਸ਼ ਰਾਜਾ ਰਾਵਣ

ਬਲੀ, ਜੋ ਚੱਕਰਵਰਤੀ ਰਾਜਾ ਸੀ, ਉਸ ਨੂੰ ਵਿਸ਼ਨੂੰ ਨੇ ਬਾਮਨ ਦਾ ਰੂਪ ਧਾਰ ਕੇ, ਪਰੋਹਿਤ-ਬ੍ਰਹਿਸਪਤੀ ਦੀ ਸਹਾਇਤਾ ਨਾਲ ਕਾਬੂ ਕਰ ਲਿਆ ਸੀ ਤੇ ਗ੍ਰਿਫਤਾਰ ਕਰਕੇ ਸਤਪੁੜਾ ਜਾਂ ਅਮਰ ਕੰਟਕ ਵਿੱਚ ਬੰਦੀ ਬਣਾ ਕੇ ਰੱਖਿਆ, ਜਿੱਥੇ ਉਸ ਦੀ ਮੌਤ ਹੋਈ ।

ਇਸੇ ਤਰ੍ਹਾਂ ਰਾਮ ਚੰਦਰ ਨੇ ਬਾਲੀ ਨੂੰ ਦਰੱਖਤ ਉਹਲੇ ਖੜ੍ਹ ਕੇ ਤੀਰ ਨਾਲ ਮਾਰਿਆ ਸੀ ਅਤੇ ਰਾਵਣ ਨੂੰ ਉਸ ਦੇ ਭਰਾ ਭਵੀਖਣ ਅਤੇ ਬਾਨਰ ਸੈਨਾਪਤੀ ਹਨੂੰਮਾਨ ਦੀ ਸਹਾਇਤਾ ਨਾਲ ਭੇਤ ਲੈ ਕੇ ਮਾਰਿਆ ਸੀ । ਬ੍ਰਹਿਦਰਥ ਦੇ ਪੁੱਤਰ ਜਰਾਸੰਧ ਨੂੰ ਕ੍ਰਿਸ਼ਨ ਨੇ ਪਹਿਲਾਂ ਭੀਮ ਨਾਲ ਟਕਰਾ ਕੇ ਤੇ ਫਿਰ ਆਪ ਸਹਾਇਤਾ ਕਰਕੇ ਮਾਰ ਦਿੱਤਾ । ਹਿਰਨਾਖਸ਼ ਨੂੰ ਉਸ ਦੇ ਪੁੱਤਰ ਪ੍ਰਹਿਲਾਦ ਦੀ ਸਹਾਇਤਾ ਨਾਲ ਵਿਸ਼ਨੂੰ ਨੇ ਨਰਸਿੰਘ ਦਾ ਰੂਪ ਧਾਰਨ ਕਰਕੇ ਧੋਖੇ ਨਾਲ, ਉਹਲੇ ਦੀ ਆੜ ਲੈ ਕੇ ਮਾਰਿਆ ਸੀ ।

ਰਾਜਾ ਤਾਰਕਾਸੁਰ ਨੂੰ ਇਕ ਆਰੀਆ ਪੁੱਤਰ ਨੇ ਉਸ ਦੀ ਸ਼ਰਨ ਲੈ ਕੇ, ਮੌਕਾ ਪਾ ਕੇ ਇਕ ਦਿਨ ਉਸ ਦੇ ਦੁੱਧ ਵਿੱਚ ਜ਼ਹਿਰ ਮਿਲਾ ਕੇ ਮਾਰ ਦਿੱਤਾ ਸੀ ਤੇ ਮਗਰੋਂ ਗਰਦਨ ਕੱਟ ਦਿੱਤੀ ਸੀ । ਆਦਿਵਾਸੀਆਂ ਦੇ ਸੈਨਾਪਤੀ ਜਮ ਨੂੰ ਵਿਸ਼ਨੂੰ ਨੇ ਧੋਖੇ ਨਾਲ ਸੁਦਰਸ਼ਨ ਚੱਕਰ ਨਾਲ ਮਾਰ ਦਿੱਤਾ ਸੀ । ਆਰੀਆ ਕੰਨਿਆ 'ਦੁਰਗਾ' ਨੇ (ਜੋ ਅੱਜ ਦੇਵੀ ਦੇ ਰੂਪ ਵਿੱਚ ਪੂਜੀ ਜਾਂਦੀ ਹੈ) ਮਹਿਖਾਸੁਰ ਨੂੰ ਬੇਹੋਸ਼ੀ ਦੀ ਦਵਾ ਪਿਲਾ ਤੇ ਉਸ ਦਾ ਸਿਰ ਕੱਟ ਲਿਆ ਸੀ ।

(ਉਪਰੋਕਤ ਜ਼ਿਕਰ ਪੁਸਤਕ 'ਆਰੀਆਂ ਦਾ ਨੈਤਕ ਪੋਲ' ਪ੍ਰਕਾਸ਼ ਦੇ ਪੰਨਿਆਂ 14-19 'ਤੇ ਹੈ ।)

ਦਾਸ ਦਸਿਊ ਤੇ ਸ਼ੂਦਰ ਕੌਣ ?

ਮਨੂੰ ਸਿਮਰਤੀ (8-415)

ਦਾਸ ਕੌਣ- 1. ਲੜਾਈ ਵਿੱਚੋਂ ਜਿੱਤ ਕੇ ਲਿਆਂਦਾ ਹੋਇਆ। 2. ਭਗਤੀ ਨਾਲ ਦਾਸ (ਭਗਤ ਬਣਿਆ) 3. ਦਾਸ-ਦਾਸੀ ਦਾ ਬੇਟਾ। 4. ਖਰੀਦਿਆ ਹੋਇਆ। 5. ਦਾਨ ਵਿਚ ਮਿਲਿਆ। 6. ਪੁਸ਼ਤਾਂ ਤੋਂ ਦਾਸਤਾ ਕਰਨ ਵਾਲਾ। 7. ਕਿਸੇ ਸਜ਼ਾ ਰਾਹੀਂ ਦਾਸ ਬਣਾਇਆ ਹੋਇਆ। ਗੌਤਮ ਧਰਮ ਸੂਤਰ ਦੇ ਅਨੁਸਾਰ (10-69) ਅਨਾਰਿਆ ਸ਼ੂਦਰ ਹਨ। ਵਿਸ਼ਨੂੰ ਪੁਰਾਨ ਪਹਿਲਾ ਭਾਗ ਅਧਿਆਇ 13 (ਵੇਖੋ ਅਧਿਆਇ 8) ਕਿਹਾ ਜਾਂਦਾ ਹੈ ਕਿ ਜਿਵੇਂ ਹੀ ਬੇਨ ਰਾਜਾ ਨੂੰ ਧਰਤੀ ਦਾ ਰਾਜ ਪ੍ਰਾਪਤ ਹੋਇਆ ਤਾਂ ਉਹਨੇ ਯੱਗ, ਧਾਰਮਿਕ ਕੰਮਾਂ ਤੇ ਰੋਕ ਲਗਾ ਦਿੱਤੀ। ਸਾਰੇ ਬ੍ਰਾਹਮਣ ਮਿਲ ਕੇ ਰਾਜਾ ਨੂੰ ਮਿਲੇ ਅਤੇ ਕਿਹਾ 'ਹੇ ਰਾਜ ! ਜੇਕਰ ਯੱਗ, ਧਾਰਮਿਕ ਕਰਮ ਨਾ ਕੀਤੇ ਗਏ ਅਤੇ ਵਿਸ਼ਨੂੰ ਦੀ ਪੂਜਾ ਨਹੀਂ ਹੁੰਦੀ ਤਾਂ ਸਮਾਜ ਵਿਚ ਉੱਥਲ-ਪੁੱਥਲ ਫੈਲ ਜਾਵੇਗੀ ਅਤੇ ਵੱਖ ਵੱਖ ਜਾਤੀ ਦੇ ਮਰਦ ਤੇ ਔਰਤਾਂ ਤੋਂ ਮਿਸ਼ਰਤ (ਸੰਕਰ) ਜਾਤੀਆਂ ਪੈਦਾ ਹੋਣ ਲੱਗ ਜਾਣਗੀਆਂ।

ਹਵਾਲੇ :- ਅਮਰਕੋਸ਼ (11-10-5-10) ਵਿੱਚ ਇਨ੍ਹਾਂ ਸ਼ਿਲਪਕਾਰਾਂ ਦੀ ਸੂਚੀ ਦਿੱਤੀ ਹੋਈ ਹੈ, ਜਿਹੜੇ ਸ਼ੂਦਰ ਵਰਗ ਵਿੱਚ ਆਉਂਦੇ ਹਨ । ਮਾਲਾ ਬਣਾਉਣ ਵਾਲੇ (ਮਾਲੀ), ਧੋਬੀ, ਕੁੰਭਕਾਰ, ਇੱਟਾਂ ਪੱਥਣ ਵਾਲੇ, ਬੁਣਕਰ, ਦਰਜੀ, ਚਿੱਤਰਕਾਰ, ਹਥਿਆਰ ਬਣਾਉਣ ਵਾਲੇ, ਚਮੜੇ ਦਾ ਕੰਮ ਕਰਨ ਵਾਲੇ, ਠਠੇਰੇ, ਸੰਖਕਾਰ, ਸੁਨਾਰ, ਤਰਖਾਣ (ਖਾਤੀ), ਨੱਚਣ-ਗਾਉਣ-ਵਜਾਉਣ ਵਾਲੇ ।

ਅਥਰਵ ਵੇਦ (4-20-4) ਵਿੱਚ ਆਰੀਆ ਸ਼ਬਦ ਤਿੰਨ ਵਰਣਾਂ ਲਈ ਅਤੇ ਦਾਸ, ਸ਼ੂਦਰਾਂ ਦੇ ਲਈ ਆਇਆ ਹੈ। ਮੈਤਾਯਣੀ ਸੰਹਿਤਾ (4-2-7, 10) ਦੇ ਅਨੁਸਾਰ ਸ਼ੂਦਰਾਂ ਦੇ ਕੋਲ ਪਸ਼ੂ ਸੀ, ਜਿਨ੍ਹਾਂ ਨੂੰ ਉੱਚ ਵਰਗ ਦੇ ਲੋਕ ਯੱਗਾਂ ਦੇ ਲਈ ਖੋਹ ਸਕਦੇ ਸੀ। ਤੈਤਿਰੀਯ ਸੰਹਿਤਾ (7-1-1) ਦੇ ਅਨੁਸਾਰ ਕੋਈ ਸ਼ੂਦਰ ਯੱਗ ਵਿੱਚ ਹਿੱਸਾ (ਭਾਗ) ਨਹੀਂ ਲੈ ਸਕਦਾ । ਪਰ ਉਹ ਧਾਰਮਿਕ ਦਵਿਜਾਂ ਦੇ ਪੈਰ ਧੋ ਕੇ ਭਾਗ (ਹਿੱਸਾ) ਲੈ ਸਕਦਾ ਹੈ । ਭਾਵ ਉਨ੍ਹਾਂ ਦੇ ਪੈਰ ਧੋਣ ਦਾ ਉਹੀ ਮਹੱਤਵ ਹੈ, ਜੋ ਯੱਗ ਵਿੱਚ ਭਾਗ ਲੈਣ ਦਾ। ਸਤਪਥ ਬ੍ਰਾਹਮਣ (4-1-1-10) ਕਿਸੇ ਯੱਗ ਦੇ ਸਮੇਂ, ਉਸ ਵਿੱਚ ਭਾਗ ਲੈਣ ਵਾਲੇ ਦਵਿਜਾਂ ਨੂੰ ਸ਼ੂਦਰ ਨਾਲ ਗੱਲ ਨਹੀਂ ਕਰਨੀ ਚਾਹੀਦੀ । ਪੰਚਵਿਸ ਬ੍ਰਾਹਮਣ (4-1-11) ਸ਼ੂਦਰ ਦੀ ਉੱਤਪਤੀ ਬਿਨਾ ਦੇਵਤਾ ਅਤੇ ਯੱਗ ਦੇ ਹੋਈ ਹੈ, ਪ੍ਰੰਤੂ ਉਹ ਬਹੁਤ ਸਾਰੇ ਪਸ਼ੂਆਂ ਦਾ ਮਾਲਕ ਹੈ । ਜੈਮਿਨੀ ਬ੍ਰਾਹਮਣ (1-68-69) ਸ਼ੂਦਰ ਦੀ ਉੱਤਪਤੀ ਪਰਜਾਪਤੀ ਦੇ ਪੈਰਾਂ ਤੋਂ ਦੇਵਤਾਵਾਂ ਤੋਂ ਬਿਨਾਂ ਹੋਈ ਹੈ, ਇਸ ਲਈ ਘਰ ਦੇ ਸਵਾਮੀ (ਬ੍ਰਾਹਮਣ) ਹੀ ਉਨ੍ਹਾਂ ਦੇ ਦੇਵਤਾ ਹਨ, ਇਸ ਲਈ ਉਨ੍ਹਾਂ ਦੇ ਚਰਨ (ਪੈਰ) ਧੋ ਕੇ ਆਪਣੀ ਰੋਜ਼ੀ-ਰੋਟੀ ਕਮਾਉਣੀ ਚਾਹੀਦੀ ਹੈ। ਆਪਸਤੰਭ ਧਰਮ ਸੂਤਰ (1-9-27-11) ਕਾਲੀ ਜਾਤੀ (ਸ਼ੂਦਰ) ਬ੍ਰਾਹਮਣਾਂ ਦੀ ਵਿਰੋਧੀ ਹੈ ਜਾਂ ਵਿਰੁੱਧ ਹੈ। ਆਪਸਤੰਭ ਧਰਮ ਸੂਤਰ (11-10-27-15) ਜੇਕਰ ਸ਼ੂਦਰ ਦਵਿਜਾਂ ਦੀ ਬਰਾਬਰੀ ਕਰਨ ਤਾਂ ਉਨ੍ਹਾਂ ਨੂੰ ਕੋੜੇ ਲਾਏ ਜਾਣ। ਗੌਤਮ ਧਰਮ ਸੂਤਰ (×-51 ਤੋਂ 59) ਸ਼ੂਦਰ ਨਰਮ ਅਤੇ ਸਚਾਈ ਨਾਲ ਰਹਿਣ, ਦਵਿਜਾਂ ਦੇ ਪੈਰ ਧੋਣ, ਉਨ੍ਹਾਂ ਦੀ ਸੇਵਾ ਕਰਨ, ਉਨ੍ਹਾਂ ਤੋਂ ਗੁਜ਼ਾਰਾ ਚਲਾਉਣ, ਉਨ੍ਹਾਂ ਦੇ ਪੁਰਾਣੇ ਕੱਪੜੇ, ਛੱਤਰੀ, ਚਟਾਈ ਅਤੇ ਜੂਠਨ ਪ੍ਰਾਪਤ ਕਰਨ । ਗੌਤਮ ਸੰਹਿਤਾ (××) ਸ਼ੂਦਰਾਂ ਨੂੰ ਪੜ੍ਹਾਉਣ ਵਾਲਾ ਅਧਿਆਪਕ, ਅਗਲੇ ਜਨਮ ਵਿੱਚ ਸ਼ੂਦਰ ਦਾ ਜਨਮ ਲਵੇਗਾ ।

ਆਰੀਆਂ-ਅਨਆਰੀਆਂ ਬਾਰੇ ਵਿਸ਼ੇਸ਼ ਜਾਣਕਾਰੀ

ਆਰੀਆਂ ਦਾ ਨੈਤਕ ਪੋਲ ਪ੍ਰਕਾਸ਼ (ਸਫਾ 71) ਅਗਸਤਯ ਬ੍ਰਾਹਮਣ ਨੇ ਸਮੁੰਦਰ ਦਾ ਪਾਣੀ ਪੀ ਲਿਆ । ਫਿਰ ਪਿਸ਼ਾਬ ਕਰ ਦਿੱਤਾ । ਫਲਸਰੂਪ ਸਮੁੰਦਰ ਦਾ ਪਾਣੀ ਖਾਰਾ ਹੋ ਗਿਆ ।"

ਨਿਯੋਗ ਪ੍ਰਥਾ ਕੀ ਹੈ...ਮਨੂੰ (1/59/1)

"ਸੰਤਾਨ ਦੇ ਨਾ ਹੋਣ 'ਤੇ ਇਸਤਰੀ ਪਤੀ ਦੇ ਨਿਯੁਕਤ ਕਰਨ 'ਤੇ ਦਿਉਰ ਜਾਂ ਹੋਰ ਕਿਸੇ ਸਹਿਵੰਸ਼ੀ ਆਦਮੀ ਤੋਂ ਇੱਛਾ ਨਾਲ ਸੰਤਾਨ ਪੈਦਾ ਕਰ ਲਵੇ ।"

ਉਦਾਹਰਣ : (ਮਹਾਂ ਭਾਰਤ ਆਦਿ ਪਰਵ ਅਧਿ :105:)

ਵਿਆਸ ਰਿਸ਼ੀ ਨੇ ਕਿਹਾ, "ਜੇਕਰ ਅੰਬਕਾ ਮੇਰੇ ਕਰੂਪ ਅਤੇ ਦੁਰਗੰਧ ਭਰੇ ਸਰੀਰ ਅਤੇ ਕੁਵੇਸ ਨੂੰ ਸਹਿ ਸਕੇ ਤਾਂ ਉਹ ਅੱਜ ਹੀ ਗਰਭਵਤੀ ਹੋ ਜਾਵੇ । (ਇਸ ਦਾ ਸਪੱਸ਼ਟ ਅਰਥ ਹੈ ਕਿ ਮਸਲਾ ਸਰੀਰ ਭੋਗਣ ਦਾ ਹੈ ਤੇ ਵਿਆਸ ਕੋਲੋਂ ਗਰਭ ਧਾਰਨ ਕਰਨ ਦਾ ਹੈ ।)

ਇਹ ਵੀ ਦ੍ਰਿਸ਼ਟਾਂਤ ਹੈ ਕਿ ਸੱਤਿਆਵਤੀ ਨੂੰ ਬਹੁਤ ਕੁਝ ਸਮਝਾ ਬੁਝਾ ਕੇ ਅੰਬਕਾ ਨੂੰ ਪੁੱਤਰ ਪ੍ਰਾਪਤੀ ਲਈ, ਵਿਆਸ ਨਾਲ ਸਹਿਵਾਸ ਕਰਨ ਲਈ ਰਾਜ਼ੀ ਕਰਨਾ ਪਿਆ ਤੇ ਸੱਤਿਾਵਤੀ ਨੇ ਆਪਣੀ ਨੂੰਹ ਅੰਬਕਾ ਨੂੰ ਇਕਾਂਤ ਵਿੱਚ ਲਿਜਾ ਕੇ ਕਿਹਾ :-

(ਸਲੋਕ 46-47-98) 'ਹੇ ਕੁਸ਼ੱਲਿਆ, ਤੈਨੂੰ ਜੋ ਧਰਮ ਅਨੁਸਾਰ ਸਲਾਹ ਦਿੰਦੀ ਹਾਂ, ਉਹ ਤੂੰ ਸੁਣ ! ਭੀਸ਼ਣ ਨੇ ਮੈਨੂੰ ਦੁਖੀ ਹੋ ਕੇ, ਆਪਣੇ ਵੰਸ਼ ਨੂੰ ਖਤਮ ਹੁੰਦੇ ਵੇਖ ਕੇ ਇਸ ਕੁਲ ਦੇ ਵਾਧੇ ਲਈ ਇੱਕ ਤਰਕੀਬ ਦੱਸੀ ਹੈ —ਇਹ ਤਰਕੀਬ ਤੇਰੇ ਲਈ ਹੈ । ਇਸ ਨਸ਼ਟ ਹੋਏ ਭਾਰਤ ਵੰਸ਼ ਦਾ ਫਿਰ ਤੋਂ ਉਦਾਰ ਕਰੋ ।

' ਹੇ ਸੁੰਦਰੀ ! ਤੇਜ਼ ਵਿੱਚ ਦੇਵਰਾਜ ਸਮਾਨ ਪੁੱਤਰ ਪੈਦਾ ਕਰੋ । ਉਹ ਕੁਮਾਰ ਸਾਡੇ ਕੁਲ ਦੇ ਇਸ ਵੱਡੇ ਰਾਜ ਨੂੰ ਸੰਭਾਲੇਗਾ ।' ਸੱਤਿਆਵਤੀ ਨੇ, ਉਸ ਧਰਮ ਨੂੰ ਧਰਮ ਅਨੁਸਾਰ ਵਿਖਿਆਨ ਕਰਕੇ ਕਿਸੇ ਪ੍ਰਕਾਰ ਰਾਜ਼ੀ ਕਰ ਲਿਆ ।

ਇਸ ਪ੍ਰਸੰਗ ਵਿੱਚ ਰਾਮ ਲਛਮਣ ਜਨਮ ਬਾਰੇ ਇਹ ਪ੍ਰਸੰਗ ਵੇਖੋ— ਵਾਲਮੀਕ ਰਮਾਇਣ ਅਧਿ : 12 ਸਫਾ 92 (ਪੰਜਾਬੀ ਰੂਪ)

ਪੁੱਤਰ ਲਈ ਬਹੁਤ ਤਰਸਣ 'ਤੇ ਵੀ ਮੈਨੂੰ ਸੰਤਾਨ ਦਾ ਸੁੱਖ ਨਹੀਂ ਮਿਲਿਆ ਹੈ । ਇਸ ਲਈ ਮੈਂ ਚਾਹੁੰਦਾ ਹਾਂ ਕਿ ਅਸ਼ਵਮੇਧ ਯੱਗ ਕਰਾਂ । ਇਹ ਯੱਗ ਮੈਂ ਸ਼ਾਸਤਰ ਦੀ ਵਿਧੀ (ਧਰਮ ਵਿਧੀ) ਅਨੁਸਾਰ ਕਰਨਾ ਚਾਹੁੰਦਾ ਹਾਂ । ਮੈਨੂੰ ਯਕੀਨ ਹੈ ਕਿ ਰਿਸ਼ੀ ਸ਼ਰੰਗ ਜੀ ਦੀ ਕ੍ਰਿਪਾ ਨਾਲ ਮੇਰਾ ਮਨੋਰਥ ਪੂਰਾ ਹੋ ਜਾਵੇਗਾ । (ਸ਼ਲੋਕ 37-41) (96) ਤਦ ਵਸ਼ਿਸ਼ਠ ਆਦਿ ਪ੍ਰਮੁੱਖ ਬ੍ਰਾਹਮਣਾਂ ਨੇ ਰਿਸ਼ੀ ਸ਼ਰੰਗ ਨੂੰ ਅੱਗੇ ਕਰਕੇ ਯੱਗਸ਼ਾਲਾ ਵਿੱਚ 'ਵਿਧੀ' ਅਨੁਸਾਰ ਯੱਗ ਕਾਰਜ ਸ਼ੁਰੂ ਕੀਤਾ ਅਤੇ ਮਹਾਰਾਜ ਨੇ ਰਾਣੀਆਂ ਸਹਿਤ ਯੱਗ ਦੀ ਦੀਖਿਆ ਲਈ ।" (ਬਾਕੀ ਸ਼ਲੋਕ ਰਮਾਇਣ ਚੈਪਟਰ ਵਿੱਚ ਦੇ ਦਿੱਤੇ ਗਏ ਹਨ ।)

ਮਹਾਂਭਾਰਤ ਅਧਿ :106 (ਸ਼ਲੋਕ 1-2) ਤਾਂ ਅੰਬਕਾ ਨੂੰ ਨਿਯੋਗ ਕਾਲ ਵਿੱਚ ਰਿਤੂ ਇਸ਼ਨਾਨ ਕਰਨ 'ਤੇ ਸੱਤਿਆਵਤੀ ਨੂੰ ਅੱਛੇ ਸਜੇ ਹੋਏ ਬਿਸਤਰੇ 'ਤੇ ਬਿਠਾ ਕੇ ਕਿਹਾ, 'ਹੇ ਕੌਸ਼ੱਲਿਆ, ਅੱਜ ਅੱਧੀ ਰਾਤ ਨੂੰ ਤੇਰਾ ਦਿਉਰ ਤੇਰੇ ਪਾਸ ਆਵੇਗਾ ਤੂੰ ਸਾਵਧਾਨ ਹੋ ਕੇ ਉਸ ਦਾ ਇੰਤਜ਼ਾਰ ਕਰੀਂ ।"

(ਸ਼ਲੋਕ 6) ਵਿਆਸ ਨੇ ਮਾਤਾ ਦੀ ਇੱਛਾ ਪੂਰੀ ਕਰਨ ਲਈ ਅੰਬਕਾ ਨਾਲ ਅੱਛੀ ਤਰ੍ਹਾਂ ਸੰਗਮ ਕੀਤਾ।

(ਸ਼ਲੋਕ 26) ਹੇ ਰਾਜਨ, ਵਰਤਸ਼ੀਲ ਮਹਾਰਿਸ਼ੀ ਵਿਆਸ, ਉਸ ਦਾਸੀ ਕੋਲ ਇਕੱਲੇ ਰਹਿ ਕੇ, ਉਸ ਨਾਲ ਕਾਮ ਭੋਗ ਕਰਕੇ ਬਹੁਤ ਖੁਸ਼ ਹੋਏ ।

ਅਧਿ :121 ਸ਼ਲੋਕ 2-3-4-5 : ਕੁੰਤੀ ਨੇ ਪਾਂਡੂ ਨੂੰ ਨਿਯੋਗ ਸਮੇਂ ਕਿਹਾ, "ਹੇ ਧਰਮ ਨੂੰ ਜਾਣਨ ਵਾਲੇ, ਮੈਂ ਤੁਹਾਡੀ ਧਰਮ ਪਤਨੀ ਹਾਂ ਅਤੇ ਕੰਵਲ ਵਰਗੀਆਂ ਅੱਖਾਂ ਵਾਲੇ ਮੈਂ ਤੁਹਾਨੂੰ ਪਿਆਰ ਕਰਦੀ ਹਾਂ । ਤੁਹਾਡੇ ਲਈ, ਮੈਨੂੰ ਅਜਿਹੀ ਗੱਲ (ਭਾਵ ਕਿਸੇ ਨਾਲ ਨਿਯੋਗ) ਕਹਿਣੀ ਠੀਕ ਨਹੀਂ ਹੈ ।"

"ਹੇ, ਮਹਾਂ ਬਾਹੂ ਵੀਰ ਭਾਰਤ ! ਧਰਮ ਅਨੁਸਾਰ ਤੁਸੀਂ ਹੀ ਆਪਣੇ ਵੀਰਜ ਨਾਲ ਮੇਰੇ ਤੋਂ ਸੰਤਾਨ ਉਤਪੰਨ ਕਰੋ । ਹੇ ਕੁਰੂ ਨੰਦਨ ਤੁਸੀਂ ਹੀ ਸੰਤਾਨ ਲਈ ਮੇਰੇ ਨਾਲ ਸੰਭੋਗ ਕਰੋ । ਮੈਂ ਤੁਹਾਨੂੰ ਛੱਡ ਕੇ ਕਿਸੇ ਦੂਜੇ ਪੁਰਸ਼ ਨਾਲ ਮਨ ਕਲਪਨਾ ਵਿੱਚ ਵੀ ਨਹੀਂ ਜਾ ਸਕਦੀ ।"

ਹਿੰਦੂ ਜਾਤੀ ਕਾ ਉਥਾਨ ਔਰ ਪਤਨ (ਰ.ਕ. ਸ਼ਾਸਤਰੀ, ਸਫਾ 60) ਫੇਰ ਪਾਂਡੂ ਨੇ ਕੁੰਤੀ ਨੂੰ ਨਿਯੋਗ ਪ੍ਰਤੀ ਅਨੇਕ ਪੁਰਾਣੇ ਧਾਰਮਿਕ ਹਵਾਲੇ ਦੇ ਕੇ ਮਸਾਂ ਰਾਜ਼ੀ ਕੀਤਾ ਤੇ ਕੁੰਤੀ ਆਪਣੇ ਪਤੀ ਦੀ ਆਗਿਆ ਨੂੰ ਟਾਲ ਨਾ ਸਕੀ ਅਤੇ ਧਰਮ ਰਾਜ ਵਾਯੂ (ਜਿਸ ਨੇ ਅੰਜਨਾਂ ਨਾਲ ਜ਼ਬਰਦਸਤੀ ਕਰਕੇ ਹਨੂੰਮਾਨ ਪੈਦਾ ਕੀਤਾ—ਸ਼ਲੋਕ ਦੇਖੋ ਰਮਾਇਣ-ਚੈਪਟਰ ਵਿੱਚ) ਅਤੇ ਇੰਦਰ ਦੇਵਤਿਆਂ ਨਾਲ ਨਿਯੋਗ ਕਰਕੇ ਯੁਧਿਸ਼ਟਰ, ਭੀਮ ਅਤੇ ਅਰਜਨ ਪੈਦਾ ਕੀਤੇ । ਇਸੇ ਤਰ੍ਹਾਂ ਦੂਜੀ ਰਾਣੀ ਮਾਦਰੀ ਨੇ ਅਸ਼ਨੀ ਕੁਮਾਰਾਂ ਨਾਲ ਨਿਯੋਗ ਕਰਕੇ, ਨਕੁਲ ਅਤੇ ਸਹਿਦੇਵ ਪੈਦਾ ਕੀਤੇ ।"

(ਉਹੀ—ਸਫਾ 64.) ਵਸ਼ਿਸ਼ਠ ਸਿਮਰਤੀ : ਕੰਨਿਆਂ ਦਾ ਪਿਤਾਵਰ ਕਹਿੰਦਾ ਹੈ ਕਿ ਮੈਂ ਆਪਣੀ ਭਾਗਹੀਣ ਕੰਨਿਆ ਨੂੰ ਹਾਰ ਸ਼ਿੰਗਾਰ ਕਰਕੇ ਤੁਹਾਨੂੰ ਇਸ ਸ਼ਰਤ 'ਤੇ ਦਿੰਦਾ ਹਾਂ ਕਿ ਇਸ ਕੰਨਿਆ ਤੋਂ ਜੋ ਪੁੱਤਰ ਪੈਦਾ ਹੋਵੇਗਾ, ਉਹ ਮੇਰਾ ਹੋਵੇਗਾ ।"

ਹਿੰਦੂ ਮਿਥਿਹਾਸ ਕੋਸ਼—167 'ਕਰਣ' ਪ੍ਰਿਥਾ ਜਾਂ ਕੁੰਤੀ ਦਾ ਪੁੱਤਰ ਸੀ, ਜਿਹੜਾ ਸੂਰਜ ਦੇ ਸੰਜੋਗ ਨਾਲ ਉਸ ਦੇ ਪਾਂਡੂ ਨਾਲ ਵਿਆਹ ਹੋਣ ਤੋਂ ਪਹਿਲਾਂ ਪੈਦਾ ਹੋਇਆ ਸੀ ।

ਇਨ੍ਹਾਂ ਹਵਾਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਯੋਗ ਪ੍ਰਥਾ ਆਰੀਆਂ ਦੀ ਇੱਕ ਵਿਸ਼ੇਸ਼ ਧਾਰਮਿਕ ਵਿਧੀ ਹੈ ਜੋ ਅਸ਼ਵਮੇਧ ਯੱਗ ਜਾਂ ਪੁਤਰੇਸ਼ਠ ਯੱਗ ਨਾਲ ਜੁੜੀ ਹੋਈ ਹੈ । ਪ੍ਰੰਤੂ ਅਸਲੀਅਤ ਇਹੀ ਹੈ ਕਿ ਤੀਜੇ ਆਦਮੀ ਵਿਸ਼ੇਸ਼ ਤੋਰ 'ਤੇ ਰਿਸ਼ੀਆਂ, ਦੇਵਤਿਆਂ, ਬ੍ਰਾਹਮਣਾਂ ਆਦਿ ਤੋਂ ਪੁੱਤਰ ਪੈਦਾ ਕਰਵਾਉਣ ਲਈ ਹੀ ਇਸ ਢੰਗ ਨੂੰ ਧਾਰਮਿਕ ਵਿਧੀ ਦਾ ਨਾਂ ਦਿੱਤਾ ਗਿਆ ।

ਵਿਸ਼ੇਸ਼ ਜਾਣਕਾਰੀ

(ਹਿੰਦੂ ਮਿਥਿਹਾਸ ਕੋਸ਼, ਭਾਸ਼ਾ ਵਿਭਾਗ ਪਟਿਆਲਾ) :

ਅਕਸ : ਰਾਵਣ ਦਾ ਵੱਡਾ ਲੜਕਾ ਜਿਸ ਨੂੰ ਹਨੂੰਮਾਨ ਨੇ ਮਾਰਿਆ ।

ਅੰਬਾ : ਦੁਰਗਾ ਦਾ ਦੂਜਾ ਨਾਂ (ਅੰਬੇ) ਕਾਸ਼ੀ ਦੇ ਰਾਜਾ ਦੀ ਵੱਡੀ ਲੜਕੀ । ਭੀਸ਼ਮ ਇਸ ਨੂੰ ਅਤੇ ਇਸ ਦੀਆਂ ਦੋ ਭੈਣਾਂ ਅੰਬਕਾ ਅਤੇ ਅੰਬਾਲਿਕਾ ਨੂੰ ਚੁੱਕ ਕੇ ਲੈ ਗਿਆ ਸੀ । ਦੁਰਗਾ ਨੇ ਸ਼ਿਖੰਡੀ ਦਾ ਰੂਪ ਧਾਰ ਕੇ ਭੀਸ਼ਮ ਨੂੰ ਮਾਰ ਕੇ ਬਦਲਾ ਲਿਆ ।

ਇੰਦਰ : (74-75-76) ਇਸ ਨੂੰ ਆਸੁਰਾਂ, ਅਰਥਾਤ ਅਸਮਾਨੀ ਦਾਨਵਾਂ ਦਸਯੂ ਜਾਂ ਭਾਰਤ ਦੇ ਆਦਿਵਾਸੀਆਂ ਦੇ ਪੱਥਰਾਂ ਨਾਲ ਬਣੇ ਹੋਏ ਸ਼ਹਿਰਾਂ ਦਾ ਵਿਨਾਸ਼ ਕਰਦੇ ਹੋਏ ਵਿਖਾਇਆ ਗਿਆ ਹੈ ।

—ਇਸ ਦੀ ਯੁਧਾਂ ਵਿੱਚ ਮਰੁਤਾਂ ਦੀ ਸੈਨਾ ਸਹਾਇਤਾ ਕਰਦੀ ਹੈ ਅਤੇ ਮਿੱਤਰ ਅਤੇ ਵਿਸ਼ਨੂੰ ਇਸ ਦਾ ਸਾਥ ਦਿੰਦੇ ਹਨ ।

—ਇਹ ਸਵਰਗ ਉੱਤੇ, ਜਿਥੇ ਦੇਵਤੇ ਅਤੇ ਸੋਹਣੀਆਂ ਰੂਹਾਂ (ਪਰੀਆਂ ਅਤੇ ਅਪਸਰਾਵਾਂ) ਦਾ ਵਾਸਾ ਹੈ, ਰਾਜ ਕਰਦਾ ਹੈ ।

—ਇਹ ਸੋਮ ਰਸ ਪੀਣ ਦਾ ਬਹੁਤ ਸ਼ੌਕੀਨ ਹੈ ।

—ਲੰਕਾ ਦੇ ਰਾਜੇ ਰਾਵਣ ਨੇ ਸਵਰਗ ਵਿੱਚ ਜਾ ਕੇ ਇਸ ਨਾਲ ਯੁੱਧ ਕੀਤਾ । ਇੰਦਰ ਹਾਰ ਗਿਆ ਤੇ ਰਾਵਣ ਦੇ ਪੁੱਤਰ ਮੇਘ ਨਾਥ ਨੇ ਇਸ ਨੂੰ ਬੰਦੀ ਬਣਾ ਕੇ ਲੰਕਾ ਲੈ ਆਂਦਾ ਜਿਸ ਕਰਕੇ ਉਸ ਦਾ ਨਾਂ ਇੰਦਰਜੀਤ ਹੈ ।

—ਇੰਦਰਾਣੀ ਨੂੰ (ਭੋਗ) ਵਿਲਾਸਤਾ ਕਾਰਨ ਹੀ ਹੋਰਾਂ ਦੇਵਤਿਆਂ ਦੇ ਮੁਕਾਬਲੇ ਵਿੱਚ ਆਪਣੀ ਪਤਨੀ ਚੁਣਿਆ ।

—ਉਸ ਦਾ ਸਤ ਭੰਗ ਕੀਤਾ । ਉਸ ਦੇ ਪਿਤਾ ਨੂੰ ਵੀ ਮਾਰ ਦਿੱਤਾ ।

—ਇਹ ਬੜੇ ਹੀ ਅਵਾਰਾ ਚਰਿਤਰ ਦਾ ਸੀ । ਇਹ ਰਿਸ਼ੀਆਂ ਅਤੇ ਤਪੱਸਵੀਆਂ ਦੀ ਤਪੱਸਿਆ ਅਤੇ ਭਗਤੀ ਭੰਗ ਕਰਨ ਲਈ ਅਪਸਰਾਵਾਂ ਨੂੰ ਉਨ੍ਹਾਂ ਕੋਲ ਭੇਜਿਆ ਕਰਦਾ ਸੀ ।

—ਇਸ ਦੇ ਵਿਸ਼ੇਸ਼ਣ ਤੇ ਉਪਾਧੀਆਂ ਵੀ ਬਹੁਤ ਹਨ ।

ਦੂਜੀ ਤਰਫ ਦਰਾਵੜ ਔਰਤਾਂ ਦਾ ਕਿਰਦਾਰ ਦੇਖੋ—

ਵਿਸ਼ਨੂੰ 115-116 (ਹਿੰਦੂ ਜਾਤੀ ਕਾ ਉਥਾਨ ਔਰ ਪਤਨ) ਰੁਦਰ ਸਹੰਤਾ ਯੁੱਧ ਕਾਂਡ ਅਧਿ :24

ਵਿਸ਼ਨੂੰ ਨੇ, ਉਸ ਸਮੇਂ ਜਦੋਂ ਸ਼ਿਵਜੀ, ਜਲੰਧਰ ਰਾਜਾ (ਦਰਾਵੜ) ਨਾਲ ਯੁੱਧ ਕਰ ਰਿਹਾ ਸੀ ਤਾਂ, ਜਲੰਧਰ ਦੇ ਭੇਸ ਵਿੱਚ ਜਾ ਕੇ ਜਲੰਧਰ ਦੀ ਪਤਨੀ ਬ੍ਰਿੰਦਾ ਦਾ ਸਤ ਭੰਗ ਕਰ ਦਿੱਤਾ । ਜਦੋਂ ਉਸ ਨੂੰ ਪਤਾ ਲੱਗਾ ਤਾਂ ਉਸ ਨੇ ਕਿਹਾ—

"ਹੇ ਵਿਸ਼ਨੂੰ, ਪਰਾਈ ਇਸਤਰੀ ਨਾਲ ਵਿਭਚਾਰ ਕਰਨ ਵਾਲੇ । ਤੇਰੇ ਇਸ ਆਚਰਣ 'ਤੇ ਧਿਕਾਰ ਹੈ । ਹੁਣ ਮੈਂ ਤੈਨੂੰ ਚੰਗੀ ਤਰ੍ਹਾਂ ਜਾਣ ਗਈ ਹਾਂ। ਤੂੰ ਦੇਖਣ ਨੂੰ ਤਾਂ ਮਹਾਂ ਸਾਧ ਦਿਸ ਰਿਹਾ ਹੈਂ ਪਰ ਹੈ ਤੂੰ ਮਹਾਂ ਧੋਖੇਬਾਜ਼ ।"

"ਓ, ਦੈਂਤਾਂ ਦੇ ਵੈਰੀ ਅਤੇ ਦੂਜਿਆਂ ਦਾ ਧਰਮ ਵਿਗਾੜਨ ਵਾਲੇ ਮਹਾਂਨੀਚ (ਸ਼ਠ) ਮੇਰਾ ਦਿੱਤਾ ਹੋਇਆ ਸਰਾਪ ਤੈਨੂੰ ਲੱਗੇ ।"

(ਜਦੋਂ ਕਿ ਅਹੱਲਿਆ—ਰਿਸ਼ੀ ਦੀ ਪਤਨੀ ਆਰੀਆ ਵੰਸ਼ੀ ਨੇ ਇੰਦਰ ਦਾ ਜ਼ਰਾ ਵੀ ਵਿਰੋਧ ਨਹੀਂ ਸੀ ਕੀਤਾ ਸਗੋਂ ਖੁਸ਼ ਹੋਈ ਸੀ ।)

ਸ੍ਰੀਮਦ ਭਗਵਤ ਸਕੰਧ 3 ਅਧਿ : 12 ਸ਼ਲੋਕ (28-29)

ਮੈਤਰੇ ਕਹਿੰਦੇ ਹਨ ਕਿ ਹੇ ਬਿਦਰ ਅਸੀਂ ਸੁਣਿਆ ਹੈ ਕਿ ਬ੍ਰਹਮਾਂ ਨੇ ਆਪਣੀ ਕਾਮ ਰਹਿਤ (ਭਾਵ ਬਿਲਕੁਲ ਨਾਬਾਲਗ) ਕੰਨਿਆਂ ਸਰਸਵਤੀ ਦੀ ਕਾਮਨਾ ਕਾਮਗ੍ਰਸਤ ਹੋ ਕੇ ਕੀਤੀ । ਪਿਤਾ ਦੀ ਇਸ ਅਧਰਮੀ ਬੁੱਧੀ ਨੂੰ ਵੇਖ ਕੇ ਮਰੀਚਿਆ ਆਦਿ ਪੁੱਤਰਾਂ ਨੇ ਉਸ ਨੂੰ ਨੇਮ ਪੂਰਵਕ ਸਮਝਾਇਆ (ਪ੍ਰੰਤੂ ਉਹ ਟਲਿਆ ਨਹੀਂ ।)

ਸਤੀ : (95) ਦਕਸ਼ ਦੀ ਪੁੱਤਰੀ ਅਤੇ ਸ਼ਿਵਜੀ (ਰੁਦਰ ਦੂਜਾ ਨਾਂ) ਦੀ ਪਤਨੀ ।

ਸ਼ੰਬੂਕ (99) ਇੱਕ ਸ਼ੂਦਰ ਰਿਸ਼ੀ । ਰਘੂਵੰਸ਼ ਵਿੱਚ ਲਿਖਿਆ ਹੈ ਕਿ ਇਸ ਨੇ ਆਪਣੀ ਜਾਤੀ ਦੇ ਵਿਰੁੱਧ ਸ਼ਾਸਤਰਾਂ ਦੀ ਆਗਿਆ ਦਾ ਪਾਲਣ ਨਾ ਕਰਦਿਆਂ ਬੜੀ ਕਠੋਰ ਤਪੱਸਿਆ ਕੀਤੀ । ਮਹਾਂਰਿਸ਼ੀ ਵਾਲਮੀਕ ਸਮੇਂ ਦਾ ਪਹਿਲਾ ਕ੍ਰਾਂਤੀਕਾਰੀ, ਜਿਸਨੇ ਆਰੀਅਨਾਂ ਦੇ ਖਿਲਾਫ ਵੱਡੀ ਬਗਾਵਤ (ਭਗਤੀ) ਕਰਨ ਦਾ ਯਤਨ ਕੀਤਾ । ਪਰੰਤੂ ਬ੍ਰਾਹਮਣਾਂ ਦੇ ਹੁਕਮ ਅਨੁਸਾਰ ਰਾਮ ਨੇ ਇਸ ਨੂੰ ਕਤਲ ਕੀਤਾ ਤਾਂ ਜੋ ਕੋਈ ਆਰੀਆਂ ਵਿਰੁੱਧ ਅਜਿਹਾ ਕਰਨ ਦੀ ਮੁੜ ਹਿੰਮਤ ਨਾ ਕਰ ਸਕੇ । ਦੱਸਿਆ ਜਾਂਦਾ ਹੈ ਕਿ ਭੀਲ ਇਕਲਵਿਆ ਇਸੇ ਸ਼ੂਦਰ ਰਿਸ਼ੀ ਦਾ ਪੈਰੋਕਾਰ ਸੀ।

ਸੋਮ (ਸੋਮਰਸ) (143) ਇੱਕ ਦੋਧੀਆ ਵੇਲ ਦਾ ਰਸ ਜੋ ਇਸ ਦਾ ਅਰਕ ਕੱਢ ਕੇ ਅਤੇ ਉਬਾਲ ਕੇ ਬਣਾਇਆ ਜਾਂਦਾ ਹੈ ਤੇ ਇਹ ਇੱਕ ਕਿਸਮ ਦੀ ਮਦਰਾ (ਸ਼ਰਾਬ) ਬਣ ਜਾਂਦੀ ਹੈ ।

......ਇਸ ਨੂੰ ਬ੍ਰਾਹਮਣ ਵੀ ਪੀਂਦੇ ਹਨ ।

ਹਿਰਣਾਕਸ਼ (ਹਰਨਾਕਸ਼) 156, ਸੁਨਿਹਰੀ ਅੱਖਾਂ ਵਾਲਾ ਇੱਕ ਦੈਂਤ ਹਿਰਨਾਕਸ਼ਪ ਦਾ ਭਰਾ । ਇਸ ਨੂੰ ਵਿਸ਼ਨੂੰ ਨੇ ਵਰਾਹ (ਭਾਵ ਸੂਰ) ਦਾ ਅਵਤਾਰ (ਭਾਵ ਭੇਸ) ਧਾਰ ਕੇ ਮਾਰ ਦਿੱਤਾ ਸੀ ।

ਹਿਰਣਾਕਸ਼ਪ (ਸੁਨਿਹਰੀ ਪੁਸ਼ਾਕ ਵਾਲਾ) ਇੱਕ ਦੈਂਤ ਰਾਜਾ, ਜਿਸ ਨੇ ਸ਼ਿਵਜੀ ਤੋਂ ਤਰਲੋਕੀ ਦਾ ਰਾਜ (ਭਾਵ ਪਹਾੜ, ਮੈਦਾਨ ਅਤੇ ਸਮੁੰਦਰ ਭਾਵ ਸਵਰਗ ਧਰਤੀ ਅਤੇ ਪਤਾਲ ਦਾ ਰਾਜ) ਜਿੱਤ ਲਿਆ ਸੀ ।

(ਇਸ ਦਾ ਪੁੱਤਰ ਪ੍ਰਲਾਦ ਆਰੀਆਂ ਨਾਲ ਰਲ ਗਿਆ ਸੀ ਤੇ ਵਿਸ਼ਨੂੰ ਦੀ ਸਿੱਖਿਆ ਲੈਣ ਲੱਗ ਪਿਆ ਸੀ । ਇਸੇ ਕਰਕੇ, ਹਿਰਣਾਕਸ਼ਪ ਨੇ ਪ੍ਰਲਾਦ ਉੱਤੇ ਵਿਸ਼ਨੂੰ (ਆਰੀਅਨ) ਦੀ ਭਗਤੀ ਕਰਨ ਦੇ ਦੋਸ਼ ਕਾਰਨ ਬੜੇ ਅੱਤਿਆਚਾਰ ਕੀਤੇ ਸਨ ।)

(ਨੋਟ—ਇਸੇ ਪੁਸਤਕ ਵਿੱਚ ਵਰਨਣ ਹੈ ਕਿ ਜਦੋਂ ਪ੍ਰਲਾਦ ਕਾਰਨ ਉਸ ਦੇ ਪਿਤਾ ਨੂੰ ਵਿਸ਼ਨੂੰ ਨੇ ਨਰ ਸਿੰਘ ਦਾ ਭੇਸ ਧਾਰ ਕੇ ਮਾਰ ਦਿੱਤਾ ਸੀ ਤਾਂ ਉਹ ਰਾਜਾ ਬਣਿਆ ਤੇ ਜਲਦੀ ਹੀ ਉਸ ਨੇ ਆਰੀਆਂ ਦੀਆਂ ਕਰਤੂਤਾਂ ਸਮਝ ਕੇ, ਉਨ੍ਹਾਂ ਨੂੰ ਆਪਣੇ ਰਾਜ ਵਿੱਚੋਂ ਭਜਾ ਦਿੱਤਾ ਸੀ ਤੇ ਉਨ੍ਹਾਂ ਵਿਰੁੱਧ ਲੜਾਈਆਂ ਕੀਤੀਆਂ ਸਨ । ਆਰੀਆ ਵੰਸ਼ੀ ਬ੍ਰਾਹਮਣਾਂ ਨੇ ਪ੍ਰਲਾਦ ਨੂੰ, ਆਪਣਾ ਪਿਉ ਆਰੀਆਂ ਹੱਥੋਂ ਮਰਵਾ ਦੇਣ ਕਾਰਨ ਹੀ, ਧਰੂ ਭਗਤ

ਦੀ ਪਦਵੀ ਦਿੱਤੀ। ਜਿਵੇਂ ਹਨੂੰਮਾਨ ਨੂੰ ਮਹਾਂਬਲੀ, ਬਜਰੰਗ ਬਲੀ ਆਦਿ।

ਕਾਲ ਨੇਮੀ (179) ਇੱਕ ਰਾਖਸ਼। ਰਾਵਣ ਦਾ ਚਾਚਾ। ਇੱਕ ਵੱਡਾ ਆਸੁਰ ਅਤੇ ਵਿਰੋਚਣ ਦਾ ਪੁੱਤਰ, ਹਿਰਨਾਕਸ਼ਪ ਦੈਂਤ ਦਾ ਪੋਤਰਾ ਸੀ, ਨੂੰ ਵਿਸ਼ਨੂੰ ਨੇ ਮਾਰ ਦਿੱਤਾ ਸੀ (ਭਾਵ ਰਾਖਸ਼ ਅਤੇ ਦੈਂਤ ਸਕੇ ਰਿਸ਼ਤੇਦਾਰ ਸਨ ਇੱਕੋ ਕੌਮ—ਇੱਕੋ ਖੂਨ, ਭਾਰਤੀ ਮੂਲ ਨਿਵਾਸੀ ਰਾਜੇ ਤੇ ਪਰਜਾ)

ਕਾਲਿਕਾ (180) ਕਾਲੀ ਦੇਵੀ, ਮਹਾਂ ਮਾਯਾ,

ਕ੍ਰਿਸ਼ਨ (186) ਇਸ ਨੇ ਪ੍ਰਲੰਭ, ਨਰਕ, ਜੰਭ, ਪੀਥ ਅਤੇ ਵੱਡੇ ਆਸੁਰ ਗੁਰੂ ਨੂੰ ਮਾਰਿਆ ਸੀ। ਇਸ ਨੇ ਜਰਾਸੰਧ ਨੂੰ ਮਾਰਿਆ। ਇਸ ਨੇ ਦੈਂਤਾਂ ਦੇ ਨਗਰ 'ਸੌਭ' ਨੂੰ ਤਬਾਹ ਕੀਤਾ। ਇਸ ਨੇ ਅੰਗਸ, ਬੰਗਸ ਕਬੀਲਿਆਂ ਨੂੰ ਜਿੱਤਿਆ। ਸਮੁੰਦਰੀ ਦੈਂਤਾਂ ਨਾਲ ਲੜਾਈਆਂ ਲੜੀਆਂ। ਪੰਚਜਨ ਨੂੰ ਮਾਰਿਆ। ਇਸ ਨੇ (187) ਨਿਸ਼ਾਦਾਂ (ਦਰਾਵੜਾਂ) ਦੇ ਰਾਜੇ ਇਕਲਵਿਆ ਨੂੰ ਮਾਰਿਆ। (ਜਿਸ ਨੇ ਉਸ ਨੂੰ ਤਰਸ ਖਾ ਕੇ ਆਪਣੀ ਦੁਆਰਕਾ ਪੁਰੀ ਦਿੱਤੀ ਸੀ।) ਇਸ ਨੇ ਗੁਰੂ, ਓਘ ਤੇ ਨਰਕ ਨਾਂ ਦੇ ਰਾਖਸ਼ਾਂ ਨੂੰ ਮਾਰਿਆ ਤੇ ਅੰਤ ਸਰਸ (ਭੀਲ ਬਹੇਲੀਆ ਜੋ ਏਕਲਵਿਆ ਹੀ ਸੀ, ਜਿਸ ਨਾਲ ਕ੍ਰਿਸ਼ਨ ਨੇ ਧੋਖਾ ਕੀਤਾ ਸੀ) ਹੱਥੋਂ ਮਾਰਿਆ ਗਿਆ। (ਸਰਸ ਭੀਲ ਬਹੇਲੀਆ, ਏਕਲਵਿਆ ਦਾ ਵਟਾਇਆ ਨਾਂ ਹੈ ਜਿਸ ਨੇ ਤਰਸ ਖਾ ਕੇ ਕ੍ਰਿਸ਼ਨ ਨੂੰ ਦੁਆਰਕਾ ਪੁਰੀ ਦਿੱਤੀ, ਪ੍ਰੰਤੂ ਉਸ ਨੇ ਇਕਲਵੇ 'ਤੇ ਹੀ ਚੜ੍ਹਾਈ ਕੀਤੀ ਤੇ ਉਸੇ ਹੱਥੋਂ ਮਾਰਿਆ ਗਿਆ।)

ਕੁਬੇਰ (201) ਇਹ ਰਾਵਣ ਦਾ ਮਤਰੇਆ ਭਰਾ ਸੀ। 'ਵਿਸ਼ਵਕਰਮਾਂ' ਦੁਆਰਾ ਬਣਾਈ ਲੰਕਾ ਪਹਿਲਾਂ ਇਸ ਦੇ ਹੱਥ ਸੀ, ਪ੍ਰੰਤੂ ਇਹ ਬ੍ਰਹਮਾਂ (ਆਰੀਆਂ) ਨਾਲ ਰਲਿਆ ਹੋਇਆ ਸੀ। ਇਸ ਕਰਕੇ ਰਾਵਣ ਨੇ ਇਸ ਨੂੰ ਮਾਰ ਕੇ, ਆਪਣਾ ਰਾਜ ਭਾਵ ਲੰਕਾ ਰਾਜ ਆਪਣੇ ਅਧੀਨ ਕਰ ਲਿਆ ਸੀ। ਬ੍ਰਹਮਾਂ ਕੁਬੇਰ ਦਾ ਸਹਾਇਕ ਸੀ।

ਕੇਤੂ (203) (ਇਹ ਬ੍ਰਾਹਮਣਾਂ ਦੀਆਂ ਪੱਤਰੀਆਂ ਵਾਲਾ ਕੇਤੂ ਹੀ ਹੈ, ਜਿਸ ਤੋਂ ਭੈਅ ਖਾਣ ਕਾਰਨ ਹੀ ਰਾਹੂ ਕੇਤੂ ਨੂੰ ਅਸ਼ੁਭ ਗਿਣਿਆ ਗਿਆ।) ਇਹ ਬੋਦੀ ਵਾਲਾ ਤਾਰਾ ਤੇ ਨੌਵਾਂ ਗ੍ਰਹਿ ਹੈ। (ਭਾਵ ਅੱਜ ਤੱਕ ਵੀ ਆਰੀਅਨ ਬ੍ਰਾਹਮਣ ਇਸ ਤੋਂ ਭੈਅ ਖਾਂਦੇ ਹਨ ਤੇ ਪੂਜਾ ਕਰਦੇ ਹਨ। ਇਸ ਗ੍ਰਹਿ ਨੂੰ ਟਾਲਣ ਦਾ ਉਪਾਅ ਕਰਦੇ ਹਨ।)

ਅਸਲੀਅਤ ਇਹ ਹੈ ਕਿ : ਇਹ ਦਾਨਵ ਵਿਪ੍ਰਚਿਤੀ ਸਹਿਕਾ ਦਾ ਪੁੱਤਰ ਸੀ (ਜਿਸ ਨੇ ਆਰੀਅਨਾਂ ਦੇ ਛੱਕੇ-ਛੁਡਾਏ ਹੋਣਗੇ, ਤੇ ਉਨ੍ਹਾਂ ਲਈ ਇਹ ਮਹਾਂ ਭਿਅੰਕਰ ਦਾਨਵ ਹੋਇਆ ਜਾਪਦਾ ਹੈ। ਰਾਖਸ਼ਾਂ ਦੈਂਤਾਂ ਦਾਨਵਾਂ ਤੇ ਆਸੁਰਾਂ ਦੀ ਸੰਤਾਨ ਲਈ ਤਾਂ ਇਹ ਪੂਜਕ ਹੋਣਾ ਚਾਹੀਦਾ ਹੈ।)

ਖਰ (210) ਇਹ ਰਾਵਣ ਦਾ ਛੋਟਾ ਭਰਾ (ਰਾਖਸ਼) ਸੀ, ਜਿਸ ਨੂੰ ਰਾਮ ਚੰਦਰ ਨੇ ਮਾਰਿਆ ਸੀ।

ਗੰਧਰਵ (215) ਇਹ ਦੇਵਤਿਆਂ ਲਈ ਸੋਮਰਸ (ਭਾਵ ਸ਼ਰਾਬ) ਤਿਆਰ ਕਰਦੇ ਸਨ ਅਤੇ ਔਰਤਾਂ ਦੇ ਸ਼ੌਕੀਨ ਸਨ। ਇਹ ਗਾਇਕ ਤੇ ਸੰਗੀਤਕਾਰ ਸਨ।

ਇਨ੍ਹਾਂ ਦੀ 'ਨਾਗਾਂ' (ਭਾਰਤੀ ਮੂਲ ਨਿਵਾਸੀਆਂ) ਨਾਲ ਵੀ ਲੜਾਈ ਹੋਈ।

ਗੋਪੀਆਂ (225) ਗੁਆਲਿਆਂ ਦੀਆਂ ਕੁਆਰੀਆਂ ਤੇ ਵਿਆਹੀਆਂ ਇਸਤਰੀਆਂ, ਜਿਨ੍ਹਾਂ ਨਾਲ ਕ੍ਰਿਸ਼ਨ ਜਵਾਨੀ ਵਿੱਚ ਰਾਮ ਲੀਲਾ ਰਚਾਇਆ ਕਰਦੇ ਸਨ।

ਚੰਡੀ (229) ਦੁਰਗਾ ਦਾ ਦੂਜਾ ਨਾਂ। (ਇਸ ਨੇ ਮਹਾਂਬਲੀ ਆਸੁਰ ਮਹਿਖਾਸੁਰ ਨੂੰ ਮਾਰਿਆ ਸੀ।) ਚੰਡੀ ਉਹ ਰੂਪ ਹੈ, ਜਿਹੜਾ ਇਸ ਨੇ ਮਹਿਸ਼ ਰਾਖਸ਼ (ਮਹਿਖਾਸੁਰ) ਨੂੰ ਮਾਰਨ ਲਈ ਧਾਰਿਆ ਸੀ।

ਜਟਾਸੁਰ (246) ਇੱਕ ਰਾਖਸ਼ ਜਿਸ ਨੇ ਬ੍ਰਾਹਮਣ ਦਾ ਭੇਸ ਧਾਰ ਕੇ ਯੁਧਿਸ਼ਟਰ, ਸਹਿਦੇਵ, ਨਕੁਲ ਅਤੇ ਦਰੋਪਤੀ ਨੂੰ ਚੁੱਕ ਲਿਆ ਸੀ।

ਜੰਬੂ ਰਮਲੀ (248) ਇੱਕ ਰਾਖਸ਼ ਜੋ ਰਾਵਣ ਦਾ ਜਰਨੈਲ ਸੀ।

ਜਰਾਸੰਧ (252) ਇਹ ਬ੍ਰਿਹਦਰਥ ਦਾ ਪੁੱਤਰ ਅਤੇ ਮਗਧ ਦਾ ਰਾਜਾ ਸੀ। ਇਸ ਦਾ ਕ੍ਰਿਸ਼ਨ ਨਾਲ ਯੁੱਧ ਹੋਇਆ, ਜਿਸ ਨੇ ਇਸ ਦੀਆਂ ਭਾਵ ਜਰਾਸੰਧ ਦੀਆਂ ਦੋ ਧੀਆਂ ਅਤੇ ਕੰਸ ਨੂੰ ਮਾਰ ਦਿੱਤਾ ਸੀ। ਇਸ ਨੇ ਮਥਰਾ ਦਾ ਘੇਰਾ ਘੱਤ ਲਿਆ ਅਤੇ ਕ੍ਰਿਸ਼ਨ ਉੱਪਰ ਅਨਾਰਾਂ ਵਾਰ ਹਮਲਾ ਕੀਤਾ। .....ਕ੍ਰਿਸ਼ਨ ਏਨਾ ਕਮਜ਼ੋਰ ਹੋ ਗਿਆ ਸੀ ਕਿ ਉਹ ਦਵਾਰਕਾ ਚਲਾ ਗਿਆ। (ਇਕਲਵਿਆ ਦੀ ਸ਼ਰਨ ਗਿਆ ਸੀ ਜਿਸ ਨੇ ਤਰਸ ਖਾ ਕੇ ਦੁਆਰਕਾ ਪੁਰੀ ਕ੍ਰਿਸ਼ਨ ਨੂੰ ਰਹਿਣ ਲਈ ਦੇ ਦਿੱਤੀ ਸੀ।)

.......ਜਰਾਸੰਧ ਨੇ ਕਿੰਨੇ ਹੀ ਰਾਜਿਆਂ ਨੂੰ ਕੈਦੀ ਬਣਾਇਆ ਹੋਇਆ ਸੀ ।(ਜਰਾਸੰਧ ਦੀ ਮੌਤ ਭੀਮ ਨਾਲ ਲੜਦਿਆਂ ਪ੍ਰੋਖ਼ ਦੂਰੋਂ ਕ੍ਰਿਸ਼ਨ ਦੁਆਰਾ ਕੀਤੇ ਵਾਰ ਨਾਲ ਹੋਈ । ਜੱਗ ਬਾਣੀ ਪੱਤਰਕਾ 42ਵੀਂ ਕਿਸ਼ਤ ਵਿੱਚ ਇਸ ਤਰ੍ਹਾਂ ਦਾ ਇਸ਼ਾਰਾ ਮਿਲਦਾ ਹੈ ।)

ਦਾਸ (288) ਨੌਕਰ (ਗੁਲਾਮ) ਭਾਰਤ ਦੇ ਲੋਕ ਅਤੇ ਕਬੀਲੇ, ਜਿਨ੍ਹਾਂ ਨੇ ਹਮਲਾਵਰ ਆਰੀਆਂ ਦੇ ਵਿਕਾਸ (ਭਾਵ ਅੱਗੇ ਵਧਣ) ਦਾ ਵਿਰੋਧ ਕੀਤਾ ਸੀ ।

ਦਾਨਵ (289) ਇਹ ਦੈਂਤ ਸਨ, ਜੋ ਦੇਵਤਿਆਂ (ਭਾਵ ਆਰੀਆਂ) ਵਿਰੁੱਧ ਲੜੇ ।

ਦੁਰਗਾ (292) ਸ਼ਿਵ ਦੀ (ਆਰੀਅਨ) ਪਤਨੀ ।

ਨਰਕ (311) ਇਕ ਆਸੁਰ, ਪ੍ਰਾਗ ਯੋਤਸ਼ ਦਾ ਰਾਜਾ, ਨਰਕ, ਦੇਵਤਿਆਂ ਦਾ ਜਾਨੀ ਦੁਸ਼ਮਣ ਸੀ ।

ਬਲੀ (376) ਦੈਂਤਾਂ ਦਾ ਇਕ ਰਾਜਾ, ਜੋ ਬੜਾ ਹੀ ਨੇਕਨਾਮੀ ਸੀ । ਇਹ ਹਿਰਨਾਕਸ਼ਪ ਦਾ ਪੜਪੋਤਰਾ, ਪ੍ਰਹਲਾਦ ਦਾ ਪੋਤਰਾ ਅਤੇ ਵਿਰੋਚਨ ਦਾ ਪੁੱਤਰ ਸੀ । ਇਸ ਨੇ ਇੰਦਰ ਨੂੰ ਹਰਾ ਦਿੱਤਾ । ਦੇਵਤਿਆਂ (ਭਾਵ ਬਦੇਸ਼ੀ ਹਮਲਾਵਰ ਆਰੀਆਂ) ਨੂੰ ਅਪਮਾਨਤ ਕੀਤਾ । ਇਸ ਨੂੰ ਵਿਸ਼ਨੂੰ ਨੇ ਵਾਮਨ ਦਾ ਰੂਪ ਧਾਰ ਕੇ ਕੈਦੀ ਬਣਾ ਲਿਆ ਸੀ ।

ਬਾਣ (377) ਇਕ ਰਾਖਸ਼ ਜੋ ਬਲੀ ਦਾ ਪੁੱਤਰ ਸੀ ਅਤੇ ਵਿਸ਼ਨੂੰ ਦਾ ਦੁਸ਼ਮਣ ਸੀ ।

ਮਯ (423) ਇੱਕ ਦੈਂਤ ਜਿਹੜਾ ਵਿਸ਼ਕਰਮਾਂ ਦੀ ਤਰ੍ਹਾਂ ਆਸੁਰਾਂ ਦਾ ਉਸਰਈਆ ਤੇ ਸ਼ਿਲਪਕਾਰ ਸੀ । ਇਹ ਰਾਵਣ ਦੀ ਪਤਨੀ ਮੰਦੋਦਰੀ ਦਾ ਪਿਤਾ ਸੀ ।

(432) ਇੱਕ ਰਾਖਸ਼, ਜੋ ਤਾਰਲਾਂ ਦਾ ਪੁੱਤਰ ਸੀ । ਰਾਵਣ ਦਾ ਵਜ਼ੀਰ ।

ਗੁਰ ਜਾਂ ਗੁਰੂ (437) ਇੱਕ ਵੱਡਾ ਦੈਂਤ । ਦੈਂਤ ਨਰਕ ਦਾ ਸਾਥੀ । ਇਸ ਨੂੰ ਕ੍ਰਿਸ਼ਨ ਨੇ ਮਾਰਿਆ ।

ਮੌਰੀਆ ਵੰਸ਼ (439) ਜੋ ਚੰਦਰ ਗੁਪਤ ਤੋਂ ਚੱਲਿਆ ।

2 ਬਿਦੂਸਾਰ, 3 ਅਸ਼ੋਕ ਵਰਧਨ, 4 ਸੁਯਸ਼ਸ਼, 5 ਦਸ਼ਰਥ, 6 ਸੰਗਤ, 7 ਸ਼ਾਲੀ ਸ਼ੂਕ, 8 ਸੋਮ-ਸ਼ਰਮਨ, 9 ਸੁਸਧਰਮਨ, 10 ਬ੍ਰਿਹਦਰਥ ।

ਵਿਸ਼ਵਕਰਮਾਂ (520) ਜਿਸ ਨੇ ਰਾਖਸ਼ਾਂ ਲਈ ਲੰਕਾ ਸ਼ਹਿਰ ਬਣਾਇਆ ਸੀ ।

ਆਰੀਆਂ ਦਾ ਨੈਤਿਕ ਪੋਲ ਪ੍ਰਕਾਸ਼ ਪੁਸਤਕ

ਉੱਚ ਜਾਤੀਆਂ ਦੇ ਬਾਰੇ ਇਤਿਹਾਸ ਕਹਿੰਦਾ ਹੈ :

(70) ਸਿੰਧ ਨਰੇਸ਼ ਦਾਹਰ ਦੇ ਦੇਵੀ ਜੀ ਦੇ ਮੰਦਰ ਦੇ ਬ੍ਰਾਹਮਣ ਪੁਜਾਰੀ ਨੇ ਰਾਜਾ ਦਾਹਰ ਦੇ ਹਾਰ ਜਾਣ ਦੀ ਵਿਉਂਤ (ਕੇਸਰੀ ਝੰਡਾ ਮੰਦਰ ਤੋਂ ਉਤਾਰਨ ਬਾਰੇ) ਮੁਹੰਮਦ ਬਿਨ ਕਾਸਮ ਨੂੰ ਦੱਸੀ ।

* ਸੋਮ ਨਾਥ ਦੇ ਮੰਦਰ ਨੂੰ ਲੁਟਵਾਉਣ ਲਈ ਉਸ ਮੰਦਰ ਦੇ ਫਾਟਕ ਨੂੰ ਵੱਡੇ ਪੁਜਾਰੀ ਬ੍ਰਾਹਮਣ ਨੇ ਖੋਲ੍ਹਿਆ ਸੀ ।

* ਭਾਰਤ ਨੂੰ ਗੁਲਾਮ ਕਰਾਉਣ ਲਈ ਜੈ ਚੰਦ ਦੀ ਚਿੱਠੀ ਲੈ ਕੇ, ਇੱਕ ਬ੍ਰਾਹਮਣ ਮੁਹੰਮਦ ਗੌਰੀ ਦੇ ਪਾਸ ਗਿਆ ਸੀ ।

* ਮੀਰ ਜ਼ਾਫਰ, ਜੋ ਆਰੀਆਂ ਤੋਂ ਮੁਸਲਮਾਨ ਬਣਿਆ ਸੀ, ਅੰਗਰੇਜ਼ਾਂ ਨਾਲ ਜਾ ਮਿਲਿਆ ਸੀ ।

* ਗੁਰੂ ਗੋਬਿੰਦ ਸਿੰਘ ਦੇ ਬੱਚੇ ਨੀਹਾਂ ਵਿੱਚ ਚਿਣਵਾਉਣ ਵਾਲਾ ਇਕ ਬ੍ਰਾਹਮਣ ਗੰਗੂ ਸੀ ।

* ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਨਾਸ਼ ਕਰਨ ਵਾਲਾ ਲਾਲ ਸਿੰਘ ਬ੍ਰਾਹਮਣ ਸੀ ।

* ਰਿਸ਼ੀ ਦਇਆਨੰਦ ਸਰਸਵਤੀ ਨੂੰ ਇੱਕ ਬ੍ਰਾਹਮਣ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ ।

* ਸ਼ੂਦਰ ਰਾਜਾ ਬ੍ਰਿਹਦਰਥ ਦਾ ਕਤਲ ਉਸ ਦੇ ਬ੍ਰਾਹਮਣ ਸੈਨਾਪਤੀ ਪੁਸ਼ਯ ਮਿੱਤਰ ਨੇ ਕੀਤਾ ਸੀ ।

* ਰਾਸ਼ਟਰ ਪਿਤਾ ਮੋਹਨ ਦਾਸ ਕਰਮ ਚੰਦ ਗਾਂਧੀ ਨੂੰ ਪੂਨੇ ਦੇ ਬ੍ਰਾਹਮਣ ਗੋਡਸੇ ਨੇ ਗੋਲੀ ਮਾਰੀ ਸੀ ।

(82) ਸ਼ੰਕਰਚਾਰੀਆ ਦੀ ਇੱਛਾ ਅਨੁਸਾਰ ਰਾਜਾ ਸੁਧੰਬਾ ਨੇ ਆਪਣੇ ਭਾਈਆਂ ਨੂੰ ਹੁਕਮ ਦਿੱਤਾ ਸੀ ਕਿ ਰਮੇਸ਼ਵਰ ਸੇਤੂ ਤੋਂ ਹਿਮਾਲੀਆ ਅਰਥਾਤ ਦੱਖਣ ਤੋਂ ਉੱਤਰ ਤੱਕ ਬੋਧੀਆਂ ਨੂੰ, ਉਨ੍ਹਾਂ ਦੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਮਾਰ ਦਿੱਤਾ ਜਾਵੇ ।

* ਪੁਸ਼ਯ ਮਿੱਤਰ ਸ਼ੁੰਗ ਵੰਸ਼ੀ ਬ੍ਰਾਹਮਣ ਰਾਜੇ ਨੇ ਪਾਟਲੀਪੁੱਤਰ ਤੇ ਜਲੰਧਰ ਦੇ ਸਾਰੇ ਬੁੱਧ ਵਿਹਾਰਾਂ ਨੂੰ ਜਲਾ ਦਿੱਤਾ ਸੀ । ਉਸ ਨੇ ਹੁਕਮ ਦਿੱਤਾ ਸੀ ਕਿ ਜੋ ਵਿਅਕਤੀ ਜਿੰਨੇ ਭਿਖਸ਼ੂਆਂ ਦਾ ਸਿਰ ਕੱਟ ਕੇ ਲਿਆਵੇਗਾ ਉਸ ਨੂੰ ਪ੍ਰਤੀ ਸਿਰ ਇੱਕ ਸੌ ਅਸ਼ਰਫੀਆਂ ਇਨਾਮ ਦਿੱਤੀਆਂ ਜਾਣਗੀਆਂ ।

(82) ਪੰਜਾਬ ਦੇ ਆਰੀਆ ਹਿੰਦੂ ਰਾਜਾ ਮਿਹਰਗੁਲ ਨੇ ਪੰਜਾਂ ਖੰਡਾਂ ਦੇ ਬੋਧੀ ਭਿਖਸ਼ੂਆਂ ਨੂੰ ਮਾਰ ਦੇਣ ਦੀ ਆਗਿਆ ਦਿੱਤੀ ।

* ਇਸ ਨੇ ਸਿੰਧੂ ਨਦੀ ਦੇ ਤਟ 'ਤੇ ਤਿੰਨ ਲੱਖ ਬੋਧੀਆਂ ਦਾ ਇੱਕੋ ਸਮੇਂ ਕਤਲ ਕੀਤਾ ।

* ਸਿੱਖਾਂ ਦੇ ਗੁਰੂ ਅਰਜਨ ਨੂੰ ਮੁਗਲ ਸਮਰਾਟ ਵੱਲੋਂ ਤੱਤੀ ਤਵੀ ਉੱਤੇ ਬਿਠਾ ਕੇ ਜਲਾਉਣ ਪਿੱਛੇ ਇੱਕ ਆਰੀਅਨ ਦਾ ਹੱਥ ਸੀ ।

* ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਨੂੰ ਵੀ ਕਸ਼ਮੀਰ ਦੇ ਬ੍ਰਾਹਮਣਾਂ ਕਾਰਨ ਮੁਗਲ ਬਾਦਸ਼ਾਹ ਪਾਸੋਂ ਸੀਸ ਲੁਹਾਉਣਾ ਪਿਆ, ਜਦੋਂ ਕਿ ਉਸੇ ਸਮੇਂ ਉੱਚ ਜਾਤੀ ਦੇ ਲੋਕ ਆਪਣੀਆਂ ਧੀਆਂ ਮੁਗਲ ਬਾਦਸ਼ਾਹਾਂ ਨੂੰ ਦੇ ਕੇ, ਆਪਣੀ ਸ਼ਾਨ-ਸ਼ੌਕਤ ਕਾਇਮ ਰੱਖਦੇ ਸਨ ।

* 23 ਮਾਰਚ ਦੀ ਰਾਤ ਨੂੰ ਭਗਤ ਸਿੰਘ ਨੂੰ ਦਿੱਤੀ ਫਾਂਸੀ ਤੋਂ ਬਾਅਦ ਝੂਠ-ਮੂਠ ਸਿੱਖ ਸੰਸਕਾਰਾਂ ਅਨੁਸਾਰ ਕੀਤੇ ਸਸਕਾਰ ਦੀ ਗਵਾਹੀ ਕਸੂਰ ਦੇ ਗ੍ਰੰਥੀ ਅਤੇ ਪੰਡਤਾਂ ਤੋਂ ਪੁਆਈ ਗਈ ।

* ਹਿੰਦੂਆਂ ਦੀ ਗਦਾਰੀ ਕਾਰਨ ਰਾਣਾ ਪ੍ਰਤਾਪ ਨੂੰ ਕਤਲ ਕੀਤਾ ਗਿਆ, ਪ੍ਰੰਤੂ ਭੀਲ ਆਦਿ ਵਾਸੀਆਂ ਨੇ ਜਾਨ 'ਤੇ ਖੇਡ ਕੇ ਉਸ ਦੇ ਪਰਵਾਰ ਦੀ ਰਾਖੀ ਕੀਤੀ ।

* ਹਿੰਦੂ ਸਰਦਾਰਾਂ ਨੇ ਸ਼ਿਵਾ ਜੀ ਨੂੰ ਕੈਦ ਕਰਵਾਇਆ, ਪ੍ਰੰਤੂ ਇੱਕ ਅਛੂਤ ਮੇਹਤਰ ਉਸ ਨੂੰ ਮਠਿਆਈ ਦੀ

ਟੋਕਰੀ ਵਿੱਚ ਬਿਠਾ ਕੇ ਕੱਢ ਲਿਆਇਆ ।

* ਸ਼ਿਵਾ ਜੀ ਦੇ ਲੜਕੇ ਸ਼ੰਭਾਜੀ ਦੀਆਂ ਬ੍ਰਾਹਮਣ ਸਰਦਾਰਾਂ ਨੇ ਅੱਖਾਂ ਕੱਢੀਆਂ ਤੇ ਫਿਰ ਕਤਲ ਕਰ ਦਿੱਤਾ ।

ਜਾਣੇ-ਪਛਾਣੇ ਹੋਰ ਤੱਥ :-ਮਹਾਤਮਾ ਜੋਤੀਬਾ ਫੂਲੇ ਨੂੰ ਮਾਰਨ ਲਈ ਬ੍ਰਾਹਮਣਾਂ ਨੇ ਦੋ ਅਛੂਤ ਖਰੀਦੇ ਅਤੇ ਅੱਧੀ ਰਾਤ ਹਮਲਾ ਕਰਨ ਲਈ ਭੇਜੇ ।

* ਸ਼ਾਹੂ ਜੀ ਮਹਾਰਾਜ ਨੂੰ ਪਰਵਾਰ ਸਮੇਤ ਬੰਬ ਨਾਲ ਮਾਰਨ ਲਈ ਬ੍ਰਾਹਮਣਾਂ ਨੇ ਕਈ ਵਾਰ ਯਤਨ ਕੀਤਾ, ਪ੍ਰੰਤੂ ਕਾਮਯਾਬ ਨਾ ਹੋ ਸਕੇ ।

* 1984 ਤੋਂ ਬਾਅਦ ਦੇਸ਼ ਦੀ ਸੁਰੱਖਿਆ ਸੰਬੰਧੀ ਗੁਪਤ ਦਸਤਾਵੇਜ਼ ਬਦੇਸ਼ਾਂ ਨੂੰ ਵੇਚਣ ਵਾਲੇ ਫੜੇ ਗਏ ਸਾਰੇ ਲੋਕ ਉੱਚ ਜਾਤੀ ਦੇ ਸਨ ।

* ਰਾਜਾ ਬਲੀ ਨੂੰ ਵਿਸ਼ਨੂੰ ਨੇ ਬ੍ਰਾਹਮਣ ਬਣ ਕੇ ਮਾਰਿਆ ।

* ਸ਼ੂਦਰ ਰਿਸ਼ੀ ਸ਼ੰਬੂਕ ਦਾ ਕਤਲ, ਰਾਮ ਚੰਦਰ ਨੇ ਬ੍ਰਾਹਮਣਾਂ ਦੇ ਕਹਿਣ 'ਤੇ ਕੀਤਾ ।

* ਬ੍ਰਾਹਮਣਾਂ ਨੇ, ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ, ਦੇਸ਼ ਦਾ ਇੱਕ ਨੰਬਰ ਦਾ ਸ਼ਹਿਰੀ ਹੋਣ ਦੇ ਬਾਵਜੂਦ ਵੀ, ਅਛੂਤ ਹੋਣ ਕਾਰਨ, ਕੇਰਲਾ ਦੇ ਗੁਰੂ ਵਯੂਰ ਮੰਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ।

* ਅੰਗਰੇਜ਼ੀ ਹਕੂਮਤ ਸਮੇਂ ਕਾਰਤੂਸਾਂ ਦੇ ਮਗਰ ਲਗਾਈ ਜਾਂਦੀ ਚਰਬੀ ਦੀ ਸਪਲਾਈ ਇਕ ਹਿੰਦੂ ਠੇਕੇਦਾਰ ਨੇ ਕੀਤੀ ਸੀ ।(ਡਾ: ਅੰਬੇਡਕਰ ਨੇ ਕਿਆ ਕੀਆ-88)

* ਅਕਬਰ ਦਾ ਵਿਆਹ ਮਾਨ ਸਿੰਘ ਰਾਜਪੂਤ ਦੀ ਧੀ ਮਾਨਬਾਈ ਨਾਲ ਹੋਇਆ ।

* ਜਹਾਂਗੀਰ ਨੇ ਰਾਜਾ ਉਦੇ ਸਿੰਘ ਦੀ ਬੇਟੀ ਜੋਧਾਬਾਈ ਨਾਲ ਵਿਆਹ ਕੀਤਾ ।

* ਜਹਾਂਗੀਰ ਦੇ ਹਰਮ ਵਿੱਚ, ਜਗਨਾਥ ਪੁਰੀ ਦੇ ਰਾਜਾ ਪ੍ਰਸ਼ੋਤਮ ਦਾਸ ਅਤੇ ਜਗਤ ਸਿੰਘ ਨੇ ਆਪਣੀਆਂ ਧੀਆਂ ਦਿੱਤੀਆਂ ।

* ਸ਼ਾਹਜਹਾਂ ਜੋਧਾਬਾਈ ਦਾ ਪੁੱਤਰ ਸੀ ।

* ਔਰੰਗਜ਼ੇਬ ਦੇ ਵੱਡੇ ਲੜਕੇ ਮੁਅੱਜਮ ਦਾ ਵਿਆਹ ਰਾਜਾ ਰੂਪ ਸਿੰਘ ਦੀ ਬੇਟੀ ਨਾਲ ਹੋਇਆ ।

* ਬਹਾਦਰ ਸ਼ਾਹ ਲੀਲਾ ਬਾਈ ਦਾ ਪੁੱਤਰ ਸੀ ।

* ਬਹਾਦਰ ਸ਼ਾਹ ਦੀ ਪਤਨੀ ਦਾ ਨਾਂ ਲਾਲ ਕੁੰਵਰ ਸੀ ।

* ਦਾਰਾ ਸ਼ਿਕੋਹ ਦੀ ਪਤਨੀ ਅਜੀਤ ਸਿੰਘ ਦੀ ਬੇਟੀ ਸੀ ।

* ਫਿਰੋਜ਼ਸ਼ਾਹ ਤੁਗਲਕ ਦੀ ਮਾਂ ਹਿੰਦੂ ਸੀ ।

* ਸਿਕੰਦਰ ਲੋਧੀ ਨੂੰ ਪੰਜਾਬ ਦੀ ਹਿੰਦੂ ਔਰਤ ਜੀਬਾ ਨੇ ਜਨਮਿਆ ।

—(ਡਾ. ਅੰ: ਨੇ ਕਿਆ, ਕੀਆ ਸਫਾ 50)

ਹਿੰਦੂ ਮੁਸਲਮਾਨ ਬਣੇ :-ਵਿਦੇਸ਼ਾਂ ਵਿੱਚੋਂ ਆਏ ਮੁਸਲਮਾਨ 'ਅਸ਼ਰਾਫ' ਕਹਾਏ ।ਉੱਚ ਜਾਤੀ ਹਿੰਦੂਆਂ 'ਚੋਂ ਬਣੇ ਮੁਸਲਮਾਨ, 'ਅਜਲਫ' ਕਹਾਏ ।ਸ਼ੂਦਰ ਨੀਚ ਜਾਤੀਆਂ 'ਚੋਂ ਬਣੇ ਮੁਸਲਮਾਨ, 'ਅਰਜਲ' ਕਹਾਏ ।

* ਮਹਿਮੂਦ ਗਜ਼ਨੀ ਦਾ ਇੱਕ ਸੈਨਾਪਤੀ 'ਤਿਲਕ' (ਸਾਰਸਵਤ ਬ੍ਰਾਹਮਣ ਜਾਤੀ) ਨਾਂ ਦਾ ਹਿੰਦੂ ਸੀ ।

* ਅਕਬਰ ਦੇ ਰਾਜ ਵਿੱਚੋਂ ਬ੍ਰਾਹਮਣਾਂ ਨੇ 'ਅੱਲਮ ਉਪਨਿਸ਼ਦ' ਲਿਖਿਆ ।

ਜਨਰਲ ਵੈਲਸਲੇ :-ਵਸ਼ਿਗਟਨਜ਼ ਸਪਲੀਮੈਂਟ ਡਿਸਪੈਚਜ 1797-1805

* ਹਿੰਦੂ ਬਹੁਤ ਧੋਖੇਬਾਜ਼ ਤੇ ਸ਼ਰਾਰਤੀ ਨਸਲ ਦੇ ਲੋਕ ਹਨ, ਜਿਹੇ ਜਿਹੇ ਨਾ ਕਦੀ ਮੈਂ ਪੜ੍ਹੇ ਤੇ ਨਾ ਵੇਖੇ ।ਮੈਂ ਇੱਕ ਵੀ ਅਜਿਹੇ ਹਿੰਦੂ ਨੂੰ ਨਹੀਂ ਮਿਲਿਆ, ਜਿਸ ਵਿੱਚ ਇਕ ਵੀ ਚੰਗਾ ਗੁਣ ਹੋਵੇ ।ਇਮਾਨਦਾਰ ਮੁਸਲਮਾਨ ਵੀ ਨਹੀਂ ਹਨ ।"

* 1818 ਤੱਕ ਬ੍ਰਾਹਮਣਾਂ ਨੂੰ ਮੌਤ ਦੰਡ ਨਹੀਂ ਦਿੱਤਾ ਜਾ ਸਕਦਾ ਸੀ, ਭਾਵੇਂ ਕਿੱਡਾ ਵੀ ਗੁਨਾਹ ਕਿਉਂ ਨਾ ਕੀਤਾ ਹੋਵੇ ।

* ਬ੍ਰਾਹਮਣ, ਗੈਰ ਬ੍ਰਾਹਮਣਾਂ, ਖਾਸ ਕਰਕੇ ਕਾਲੀਕਟ ਦੇ ਜ਼ਮੋਰੀਨ ਅਤੇ ਵੈਸ਼ਨਵਾਂ ਦੇ ਵਲਬਚਾਰੀਆ ਸੰਪਰਦਾਇ ਦੀਆਂ ਨਵ-ਵਿਆਹੀਆਂ ਲੜਕੀਆਂ ਦਾ ਸਤ ਭੰਗ ਕਰਨ ਦਾ ਆਪਣਾ ਅਧਿਕਾਰ ਸਮਝਦੇ

ਸਨ ।(ਭਾ. ਅੰ: ਨੇ ਕਿਆ ਕੀਆ-86)

*23-24 ਮਾਰਚ ਨੂੰ ਮਹਾਰਾਜਾ ਬੜੋਦਾ ਦੀ ਪ੍ਰਧਾਨਗੀ ਹੇਠ ਛੂਤ-ਛਾਤ ਵਿਰੁੱਧ ਪਾਸ ਮਤੇ 'ਤੇ ਬ੍ਰਾਹਮਣ ਬਾਲ ਗੰਗਾਧਰ ਤਿਲਕ ਨੇ ਦਸਖਤ ਨਹੀਂ ਸਨ ਕੀਤੇ ।

*ਮਹਾਤਮਾ ਬੁੱਧ ਨੂੰ, ਲੋਕਾਂ ਦੇ ਸਾਹਮਣੇ ਬੈਠਿਆਂ, ਆਪਣੇ ਪੇਟ ਦੇ ਕੱਪੜੇ ਹੇਠ ਲੀੜ ਕੱਪੜ ਤੁੰਨ ਕੇ, ਕਿੰਚੀ ਨਾਂ ਦੀ ਬ੍ਰਾਹਮਣੀ ਨੇ ਜ਼ਲੀਲ ਕਰਨ ਦਾ ਯਤਨ ਕੀਤਾ ਸੀ ।

*ਸ਼ਾਹੂ ਛਤਰਪਤੀ ਦਾ ਸਭ ਤੋਂ ਵੱਡਾ ਵਿਰੋਧੀ ਬਾਲ ਗੰਗਾਧਰ ਤਿਲਕ ਸੀ ।

*ਬਾਲ ਗੰਗਾਧਰ ਤਿਲਕ ਦੇ ਮਰਨ ਸਮੇਂ, ਗਾਂਧੀ ਜੋ ਕਿ ਵੈਸ਼ ਸੀ, ਨੂੰ ਮੁਰਦਾ ਦੇਹ ਦੇ ਕੋਲ ਨਹੀਂ ਜਾਣ ਦਿੱਤਾ ਗਿਆ ਸੀ ।

*ਭਾਰਤ ਦੇ ਰਾਸ਼ਟਰਪਤੀ ਰਜਿੰਦਰ ਪ੍ਰਸਾਦ ਨੇ ਗੱਦੀ 'ਤੇ ਬੈਠਣ ਤੋਂ ਪਹਿਲਾਂ ਬ੍ਰਾਹਮਣਾਂ ਦੇ ਪੈਰ ਧੋ ਕੇ ਪੀਤੇ ਸਨ ।

*1972 ਤੱਕ ਹਿੰਦੂ ਮੰਦਰਾਂ ਪਾਸ 138 ਕੁਇੰਟਲ ਤੇ 79 ਕਿਲੋ ਸੋਨਾ ਐਲਾਨ ਕੀਤਾ ਗਿਆ ।

*ਗੁਜਰਾਤ ਵਿੱਚ ਇੱਕ ਸਵਰਨ ਔਰਤ ਨੇ ਅਛੂਤ ਡਾਕਟਰ ਕੋਲੋਂ ਅਪਰੇਸ਼ਨ ਨਹੀਂ ਕਰਾਇਆ ਅਤੇ ਮਰ ਗਈ ।

*ਤੀਰ ਅੰਦਾਜ਼ੀ ਵਿੱਚ ਨਿਪੁੰਨ ਭੀਲ ਏਕਲਵਿਆ ਦਾ ਅੰਗੂਠਾ ਬ੍ਰਾਹਮਣ ਗੁਰੂ ਦਰੋਣਾਚਾਰੀਆ ਨੇ ਛਲ ਨਾਲ ਲੁਹਾ ਲਿਆ ਸੀ ।

ਵੇਦਾਂ ਅਤੇ ਬ੍ਰਾਹਮਣਾਂ ਦੀ ਉੱਚਤਾ
(ਪੁਸਤਕ : ਜਾਤ-ਪਾਤ ਤੇ ਸਿੱਖ : ਜਗਜੀਤ ਸਿੰਘ)

(ਸਫਾ-16) ਮਨੂੰ ਨੇ ਵੇਦਾਂ ਨੂੰ ਸਿੱਧਾ ਭਗਵਾਨ ਵੱਲੋਂ ਉਤਰੇ ਹੋਏ ਦੱਸਿਆ ਹੈ ਅਤੇ ਇਨ੍ਹਾਂ ਨੂੰ ਹੀ ਸਾਰੇ ਦੁਨਿਆਵੀ ਤੇ ਰੂਹਾਨੀ ਗਿਆਨ ਦਾ ਸੋਮਾ ਸਮਝਣ ਲਈ ਕਿਹਾ ਹੈ ।

—ਜੋ ਕੁਝ ਵੀ ਵੇਦਾਂ ਤੋਂ ਬਾਹਰ ਹੈ ਜਾਂ ਜੋ ਕੁਝ ਵੀ ਮਨੂੰ ਦੀ ਸੰਪੂਰਨ ਸਿਆਣਪ ਰਾਹੀਂ ਵੇਦਾਂ ਵਿੱਚੋਂ ਲੈ ਕੇ ਧਰਮ ਸ਼ਾਸਤਰ ਵਿੱਚ ਲਿਖਿਆ ਗਿਆ, ਉਹ ਮਨੁੱਖੀ ਕੰਮ ਹੈ । ਬੇਕਾਰ ਹੈ ਅਤੇ ਝੂਠ ਹੈ ।

—ਵੇਦਾਂ ਵਿੱਚ ਵਿਸ਼ਵਾਸ ਨਾ ਕਰਨਾ ਘੋਰ ਪਾਪ ਹੈ ।

—ਜੋ ਕੋਈ ਕਾਫਰ ਕਿਤਾਬਾਂ ਦਾ ਆਸਰਾ ਲੈ ਕੇ ਧੁਰੋਂ ਉਤਰੇ ਹੋਏ ਵੇਦਾਂ ਅਤੇ ਧਰਮ ਸ਼ਾਸਤਰਾਂ ਦੇ ਅਧਿਕਾਰ ਉੱਤੇ ਕਿੰਤੂ ਕਰਦਾ ਹੈ, ਉਹ ਕਾਫਰ ਸਮਝਿਆ ਜਾਣ ਯੋਗ ਅਤੇ ਸਦਾਚਾਰੀ ਲੋਕਾਂ ਦੇ ਸਮਾਜ ਵਿੱਚੋਂ ਛੇਕੇ ਜਾਣ ਦੇ ਯੋਗ ਹੈ । (ਇਹੀ ਕਾਰਨ ਹੈ ਕਿ ਉੱਚੀ ਜਾਤ ਲੋਕਾਂ ਵੱਲੋਂ, ਜਿਨ੍ਹਾਂ ਦਾ ਵੇਦਾਂ ਆਦਿ ਵਿੱਚ ਵਿਸ਼ਵਾਸ ਸੀ, ਸ਼ੰਭੂਕ, ਮਹਾਨ ਬੁੱਧ, ਕਬੀਰ, ਰਵੀਦਾਸ, ਨਾਮਦੇਵ, ਗੁਰੂ ਨਾਨਕ, ਗੁਰੂ ਅਰਜਨ, ਗੁਰੂ ਗੋਬਿੰਦ ਸਿੰਘ, ਮਹਾਤਮਾ ਫੂਲੇ, ਸ਼ਾਹੂ ਮਹਾਰਾਜ, ਬਾਬਾ ਸਾਹਿਬ ਅੰਬੇਡਕਰ ਆਦਿ 'ਤੇ ਮਾਰੂ ਹਮਲੇ ਕੀਤੇ ਜਾਂਦੇ ਰਹੇ ।)

—ਜੋ ਵੇਦਾਂ ਦੇ ਅਧਿਕਾਰ ਨੂੰ ਨਹੀਂ ਮੰਨਦਾ, ਸ਼ਾਸਤਰਾਂ ਦੀ ਸਿੱਖਿਆ ਦੀ ਪਾਲਣਾ ਨਹੀਂ ਕਰਦਾ, ਉਹ ਆਪਣਾ ਬੇੜਾ ਆਪ ਡੋਬਦਾ ਹੈ ।

—ਉਹ ਬ੍ਰਾਹਮਣ ਜੋ ਆਪਣੇ-ਆਪ ਨੂੰ ਪੰਡਤ ਸਮਝਦਾ ਹੈ (ਜਿਵੇਂ ਵਾਲਮੀਕ ਰਮਾਇਣ ਦਾ ਰਿਸ਼ੀਯਵਾਲੀ) ਪਰ ਵੇਦਾਂ ਦੀ ਨਿੰਦਿਆ ਕਰਦਾ ਹੈ, ਵਾਦ ਦੀਆਂ ਹੁਜੱਤਾਂ 'ਤੇ ਦਲੀਲਬਾਜ਼ੀ ਵਿੱਚ ਪੈਂਦਾ ਹੈ, ਸਦਾਚਾਰਕ ਲੋਕਾਂ ਨਾਲ ਆ ਕੇ ਬਹਿਸ ਸ਼ੁਰੂ ਕਰਦਾ ਹੈ ਤੇ ਆਪਣੀ ਤਰਕ ਵਿਧੀ ਨਾਲ ਉਨਾਂ ਨੂੰ ਹਰਾਉਂਦਾ ਹੈ, ਬ੍ਰਾਹਮਣ ਗ੍ਰੰਥਾਂ ਨੂੰ ਨਿਸ਼ਾਨਾ ਬਣਾਉਂਦਾ ਹੋਇਆ ਮੰਦੇ ਬਚਨ ਬੋਲਦਾ ਹੈ, ਉਹ ਸਾਰੇ ਜੱਗ ਦਾ ਛਟਿਆ ਹੋਇਆ ਸ਼ੱਕੀ ਤੇ ਮੂਰਖ ਹੁੰਦਾ ਹੈ ਅਤੇ ਉਸ ਨੂੰ ਨਿਆਣ ਬੁੱਧੀ ਵਾਲਾ ਸਮਝਣਾ ਚਾਹੀਦਾ ਹੈ । ਲੋਕ ਉਸ ਨੂੰ ਇੱਕ ਕੁੱਤਾ ਸਮਝਦੇ ਹਨ । ਜਿਵੇਂ ਕੁੱਤੇ ਦਾ ਕੰਮ ਭੌਂਕਣਾ ਹੈ, ਇਸੇ ਤਰ੍ਹਾਂ ਅਜਿਹਾ ਬੰਦਾ ਪਵਿੱਤਰ ਗ੍ਰੰਥਾਂ ਬਾਰੇ ਖੱਪ ਪਾਉਂਦਾ ਅਤੇ ਉਨ੍ਹਾਂ ਦੀ ਹੇਠੀ ਕਰਦਾ ਹੈ ।

—ਵਾਧੂ ਦੀ ਦਲੀਲਬਾਜ਼ੀ ਛੱਡ ਕੇ ਵੇਦਾਂ ਤੇ ਸਿਮਰਤੀਆਂ ਦੇ ਪਿੱਛੇ ਲੱਗਣਾ ਚਾਹੀਦਾ ਹੈ ।

—ਬ੍ਰਾਹਮਣਾਂ ਦੀ ਸਿੱਖਿਆ ਮਨੁੱਖਾਂ ਵਾਸਤੇ ਸਿਰੇਬੰਦ ਹੈ, ਕਿਉਂਕਿ ਇਸ ਦੀ ਨੀਂਹ ਵੇਦ ਹਨ ।

(18) ਮਨੂੰ ਦਾ ਦਾਅਵਾ ਹੈ ਕਿ ਬ੍ਰਹਮਾਂ ਨੇ ਕਾਨੂੰਨ ਪ੍ਰਣਾਲੀ ਆਪ ਤਿਆਰ ਕੀਤੀ ਹੈ ਅਤੇ ਉਸ ਨੂੰ (ਮਨੂੰ ਨੂੰ) ਸਿਖਾਈ ਹੈ । ਮਨੂੰ ਨੇ ਇਹ ਭ੍ਰਿਗੂ ਨੂੰ ਸਮਝਾਈ ਅਤੇ ਭ੍ਰਿਗੂ ਨੇ ਫੇਰ ਇਹ ਰਿਸ਼ੀਆਂ ਨੂੰ ਸਿਖਾਈ ।

—ਜੋ ਆਦਮੀ ਆਪਣੇ ਜਾਤੀ ਬਾਪ ਨੂੰ ਨਹੀਂ ਮੰਨਦਾ, ਉਹ ਦੈਂਤ ਦੀ ਜੂਨ ਪੈਂਦਾ ਹੈ ।

ਮਹਾਂਭਾਰਤ-ਪਸ਼ੂਆਂ ਲਈ ਜਿਵੇਂ ਜਲ ਕੁੰਡ ਹੈ, ਖੇਤ ਲਈ ਆਡਾਂ ਹਨ, ਧਰਮ ਦਾ ਸਦੀਵੀ ਰਹਿਣ ਵਾਲਾ ਕਾਨੂੰਨ ਸਿਮਰਤੀ ਹੈ ਜੋ ਕਦੀ ਵੀ ਗਲਤ ਨਹੀਂ ਹੋ ਸਕਦਾ ।

—ਰਾਜੇ ਨੂੰ ਆਪਣੇ ਧਰਮ ਦੀ ਪਾਲਣਾ ਲਈ ਵੇਦਾਂ ਵਿੱਚੋਂ ਅਤੇ ਧਰਮ ਸਾਸਤਰਾਂ 'ਤੇ ਨਿਰਭਰ ਹੋਣਾ ਚਾਹੀਦਾ ਹੈ ।

(21) ਕ੍ਰਿਤਅ ਬ੍ਰਾਹਮਣ ਗ੍ਰੰਥ—ਬਲੀ ਰਾਹੀਂ ਦੇਵਤੇ ਸੁਰਗ ਪ੍ਰਾਪਤ ਕਰ ਸਕਦੇ ਹਨ ।

—ਅਥਰਵ ਵੇਦ-ਜੇ ਬਲੀ ਦੇਣ ਵਿੱਚ ਜ਼ਰਾ ਵੀ ਦੇਰ ਹੋ ਜਾਵੇ ਤਾਂ ਦੇਵਤੇ ਵਰਖਾ ਨੂੰ ਰੋਕ ਦੇਣਗੇ । ਸੂਰਜ ਦਾ ਉਦੇ ਅਤੇ ਅਸਤ (ਚੜ੍ਹਨਾ ਲਹਿਣਾ) ਸਮੇਂ ਸਿਰ ਨਹੀਂ ਹੋਵੇਗਾ । ਨਾ ਹੀ ਫਸਲਾਂ ਉਗਣਗੀਆਂ, ਪੱਕਣਗੀਆਂ,

ਕਿਉਂਕਿ ਫੇਰ ਉਹ ਅਜਿਹਾ ਨਾ ਹੀ ਕਰਨਾ ਚਾਹੁੰਣਗੇ ਅਤੇ ਨਾ ਹੀ ਸ਼ਾਇਦ ਕਰ ਸਕਣ ਦੇ ਸਮਰੱਥ ਹੋਣਗੇ ।

—ਰਿਗਵੇਦ-ਜੋ ਵੀ ਇੰਦਰ ਨੂੰ ਅਰਘ ਨਹੀਂ ਦਿੰਦਾ, ਭਾਵੇਂ ਉਹ ਕਿੰਨਾ ਵੀ ਬਲੀ ਕਿਉਂ ਨਾ ਹੋਵੇ, ਇੰਦਰ ਉਸ ਨੂੰ ਮਾਰ ਦੇਵੇਗਾ ।

—ਜੋ ਬੰਦਾ ਅਰਘ ਨਹੀਂ ਦਿੰਦਾ ਉਸ ਨੂੰ ਮਾਰ ਦੇਵੋ ।

—ਕੋਈ ਚੋਰ, ਪਾਪੀ, ਕੁਕਰਮੀ, ਜੋ ਬਲੀ ਦੇਣਾ ਚਾਹੁੰਦਾ ਹੈ, ਉਹ ਚੰਗਾ ਬੰਦਾ ਹੈ ।

(23) ਮਹਾਂਕਾਵਿ (ਮਤੰਗਾ ਸ਼ੂਦਰ) ਆਪਣੇ ਖੁੱਸੇ ਹੋਏ ਜਾਤੀ ਰੁਤਬੇ ਨੂੰ ਹਾਸਿਲ ਕਰਨ ਲਈ ਮੁਤੰਗਾ ਨੇ ਸੈਂਕੜੇ ਸਾਲਾਂ ਤੱਕ ਤਪੱਸਿਆ ਕੀਤੀ । ਆਪਣੇ ਸਿੰਘਾਸਨ 'ਤੇ ਬਿਰਾਜਮਾਨ ਇੰਦਰ ਦੇਵਤਾ ਵੀ ਪਸੀਜ ਗਿਆ ਤੇ ਉਸ ਨੂੰ ਖਾਸ ਰਿਆਇਤਾਂ ਦੇਣ ਦਾ ਬਚਨ ਦਿੱਤਾ (ਜਿਵੇਂ ਬ੍ਰਾਹਮਣ ਦੀ ਸੇਵਾ ਕਰਦਿਆਂ ਗਿਆਨੀ ਜ਼ੈਲ ਸਿੰਘ, ਬਾਬੂ ਜਗਜੀਵਨ ਰਾਮ, ਸ੍ਰ. ਬੂਟਾ ਸਿੰਘ, ਸੋਲੰਕੀ, ਕਰਪੂਰੀ ਠਾਕਰ, ਅਮਰ ਸਿੰਘ ਚੌਧਰੀ, ਰਾਮ ਧਨ ਆਦਿ ਨੂੰ ਰਿਆਇਤਾਂ ਮਿਲੀਆਂ। 1947-89) ਪੁਰਾਤਨ ਯੁੱਗ ਵਿੱਚ ਹਨੂੰਮਾਨ, ਸੁਗਰੀਵ ਤੇ ਭਵੀਖਣ ਨੂੰ ਰਾਮ ਭਗਤੀ ਕਾਰਨ ਇਹ ਮੁਰਾਦਾਂ ਮਿਲੀਆਂ ਹਨ । ਪ੍ਰੰਤੂ ਮੁਤੰਗਾ ਨੇ ਇਹ ਰਿਆਇਤ ਮੰਗੀ ਕਿ ਉਸ ਨੂੰ ਉਚੇਰੀ ਜਾਤ ਵਿੱਚ ਸ਼ਾਮਲ ਕਰ ਲਿਆ ਜਾਵੇ । ਇਹ ਅਸੰਭਵ ਹੈ, ਇੰਦਰ ਨੇ ਉੱਤਰ ਦਿੱਤਾ।

—"ਨੀਵੀਂ ਜਾਤ ਤੋਂ ਉੱਚੀ ਜਾਤ ਵਿੱਚ ਦਾਖਲਾ ਲੈਣ ਲਈ ਹਜ਼ਾਰਾਂ ਤੇ ਲੱਖਾਂ ਜਨਮ ਲੈਣੇ ਪੈਂਦੇ ਹਨ ।"

(ਸੱਚ ਇਹ ਹੈ ਕਿ ਜਾਤ-ਪਾਤ ਆਰੀਆਂ ਨੇ ਹੀ ਬਣਾਈ । ਫਿਰ ਜੇ ਸ਼ੂਦਰ ਹੀ ਉੱਚਾ ਹੋ ਗਿਆ ਤਾਂ ਉੱਚਾ ਕੌਣ ਰਹੇਗਾ ? ਤੇ ਜੇ ਆਰੀਆਂ ਪਾਸੋਂ ਉੱਚਤਾ ਹੀ ਖੁੱਸ ਗਈ ਤੇ ਸ਼ੂਦਰਾਂ ਕੋਲੋਂ ਨੀਚਤਾਂ, ਆਰੀਆਂ ਦਾ ਕਬਜ਼ਾ ਤਾਂ ਗਿਆ ।)

(25) ਇਕ ਨਾਇਰ ਜਾਤੀ ਦਾ ਬੰਦਾ ਨਬੂੰਦਰੀਪਾਦ ਬ੍ਰਾਹਮਣ ਦੇ ਪਾਸ ਤਾਂ ਜਾ ਸਕਦਾ ਸੀ ਪ੍ਰੰਤੂ ਉਸ ਨੂੰ ਛੂਹ ਨਹੀਂ ਸੀ ਸਕਦਾ । ਇੱਕ ਤਿਆਨ (ਤਾੜੀ ਸ਼ਰਾਬ ਤਿਆਰ ਕਰਨ ਵਾਲਾ) ਉਸ ਤੋਂ 36 ਕਦਮ ਦੂਰ ਰਹਿੰਦਾ । ਇਕ ਪੁਲਾਇਣ (ਪਾਨਾਨ) ਤਿੰਨ ਜਾਂ ਚਾਰ ਕਦਮ ਦੂਰ ਰਹਿੰਦਾ । ਇਕ ਪਲਾਇਣ (ਅਛੂਤ) ਬ੍ਰਾਹਮਣ ਤੋਂ 36 ਕਦਮ ਦੂਰ ਰਹਿੰਦਾ ।

ਨੀਵੀਆਂ ਜਾਤਾਂ ਦਾ ਸਿਧਾਂਤ

ਇੱਕ ਪਾਨਾਨ, ਇੱਕ ਤਾਇਣ ਪਾਸ ਜਾ ਤਾਂ ਸਕਦਾ ਸੀ, ਪ੍ਰੰਤੂ ਉਸ ਨੂੰ ਛੂਹ ਨਹੀਂ ਸੀ ਸਕਦਾ । ਇਕ ਪੁਲਾਇਣ ਇੱਕ ਪਾਨਾਨ-ਪੁਲਾਇਣ ਦੇ ਪਾਸ ਢੁਕ ਨਹੀਂ ਸੀ ਸਕਦਾ ।

(27) ਕਰਮ ਸਿਧਾਂਤ—"ਕੋਈ ਸਨਾਤਨੀ ਹਿੰਦੂ ਜਦ ਕਿਸੇ ਪਲੀਤ ਜਾਤੀ ਦੇ ਬੰਦੇ ਦੀ ਮਾੜੀ ਦਸ਼ਾ ਦੇਖਦਾ ਹੈ ਤਾਂ ਸਿਰਫ ਇਹ ਸੋਚਦਾ ਹੈਂ ਕਿ ਉਹ ਬੰਦਾ, ਪਿਛਲੇ ਜਨਮ ਦੇ ਪਾਪਾਂ ਦਾ ਫਲ ਭੋਗ ਰਹਿਆ ਹੈ ।"

—ਭਾਗਵਤ ਪੁਰਾਣ ਗ੍ਰੰਥ (ਪੁ:11 ਕਾਂਡ 10) ਭਗਵਤ ਧਰਮ ਦੇ ਪੈਰੋਕਾਰ, ਆਪਣੀਆਂ ਸਾਰੀਆਂ ਤਾਂਘਾਂ ਨੂੰ ਤਿਆਗ ਕੇ ਜਾਤਾਂ ਦੇ ਨਿਯਮਾਂ ਅਨੁਸਾਰ ਚੱਲਣ ।

(29) ਆਪਣੀ ਜਾਤੀ ਦੇ ਕਰਮਾਂ ਅਤੇ ਨਿਯਮਾਂ ਦੀ ਉਲੰਘਣਾ ਕਰਨਾ ਘੋਰ ਪਾਪ ਹੈ ।

—'ਸਭ ਤੋਂ ਘੋਰ ਜੁਰਮ ਹੈ ਜੋ ਜਾਤਪਾਤੀ ਪ੍ਰਬੰਧ ਵਿਰੁੱਧ ਕੀਤਾ ਜਾਵੇ ।'

—ਜਾਤਪਾਤ ਦੇ ਕਰਮਾਂ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਾ ਆਪਣੀ ਜਾਤ ਅਤੇ ਧਰਮ ਦੋਵਾਂ ਤੋਂ ਹੱਥ ਧੋਅ ਬਹਿੰਦਾ ਹੈ ।

(31) "ਕੋਈ ਜਾਤ ਭਾਵੇਂ ਕਿੰਨੀ ਵੀ ਨਫਰਤ ਨਾਲ ਵੇਖੀ ਜਾਂਦੀ ਹੋਵੇ, ਪਰ ਇਸ ਦੇ ਬਾਵਜੂਦ ਜੇ ਉਹ ਬ੍ਰਾਹਮਣੀ ਰੀਤਾਂ ਅਤੇ ਨਿਯਮਾਂ ਦੀ ਵਧੇਰੇ ਪਾਲਣਾ ਕਰਦੀ ਹੈ ਤਾਂ ਉਸ ਨੂੰ ਵਡਿਆਈ ਮਿਲਦੀ ਹੈ ।"

ਬ੍ਰਾਹਮਣਾਂ ਤੇ ਸ਼ੂਦਰਾਂ ਦੀ ਉਤਪਤੀ

ਤੈਤਰੇਅ ਬ੍ਰਾਹਮਣ (1.2.6.7) ਬ੍ਰਾਹਮਣਾਂ ਦੀ ਉਤਪਤੀ ਦੇਵਤਿਆਂ ਤੋਂ ਅਤੇ ਸ਼ੂਦਰ ਦੀ ਆਸੁਰਾਂ ਤੋਂ ਹੋਈ ਹੈ ।

ਬ੍ਰਹਮ ਵੈਵਰਤ ਪੁਰਾਣ :-ਬ੍ਰਹਮ ਖੰਡ ਅਧਿਆਇ 10, ਸਲੋਕ 19, 20-21 ਵਿਸ਼ਵਕਰਮਾ ਨੇ ਸ਼ੂਦਰਾਂ ਨੂੰ ਵੀਰਜ ਦਾਨ ਕੀਤਾ, ਜਿਸ ਤੋਂ ਸ਼ਿਲਪਾਕਾਰ 9 ਪੁੱਤਰ ਪੈਦਾ ਹੋਏ । ਮਾਲੀ, ਲੁਹਾਰ, ਸ਼ਾਖਕਾਰ, ਜੁਲਾਹਾ, ਘੁਮਾਰ, ਕੇਸਮ, ਠਠੇਰਾ ਤੇ ਤਮੇੜਾ ਆਦਿ 6 ਸ੍ਰੇਸ਼ਠ ਹਨ ।

ਵਰਤਾਂ ਬਾਰੇ

ਸਮਵਰਤ ਸਿਮਰਤੀ (165 ਤੋਂ 168)

—ਆਦਮੀ ਜਦੋਂ ਗਊ ਨਾਲ ਭੋਗ ਕਰੇ ਤਾਂ ਉਸ ਨੂੰ ਵੀ ਸ਼ੁੱਧ ਹੋਣ ਲਈ ਚੰਦਰਾਇਣ ਵਰਤ ਕਰਨਾ ਚਾਹੀਦਾ ਹੈ।

—ਗੁਰੂ ਦੀ ਪੁੱਤਰੀ ਅਤੇ ਪਿਤਾ ਦੀ ਭੈਣ (ਭਾਵ ਭੂਆ) ਅਤੇ ਉਸ ਦੀ ਧੀ ਨਾਲ ਗਮਨ ਭਾਵ ਭੋਗ ਕਰਨ 'ਤੇ ਵੀ ਚੰਦਰਾਇਣ ਵਰਤ ਰੱਖਣਾ ਚਾਹੀਦਾ ਹੈ।

—ਮਾਮੀ ਸਨਾਭੀ, ਮਾਮੇ ਦੀ ਪੁੱਤਰੀ ਅਤੇ ਉਸ ਦੀ ਬਹੂ, ਇਨ੍ਹਾਂ ਨਾਲ ਗਮਨ ਮੋਹਵਸ ਕਰੇ ਤਾਂ ਪਗਨ ਨਾਲ ਸ਼ੁੱਧੀ ਹੁੰਦੀ ਹੈ।

—ਚਾਚੇ ਦੀ ਔਰਤ, ਭਾਈ ਦੀ ਵਹੁਟੀ ਨਾਲ ਗਮਨ ਕਰਨ 'ਤੇ ਗੁਰੂ ਤਲਪ ਗਮਨ ਦਾ ਹੀ ਵਰਤ ਕਰਨਾ ਚਾਹੀਦਾ ਹੈ।

—ਜੋ ਮਨੁੱਖ ਪਿਤਾ ਦੀ ਦੂਜੀ ਪਤਨੀ ਦਾ ਕੇਵਲ ਆਪਣੀ ਮਾਂ ਨੂੰ ਛੱਡ ਕੇ ਗਮਨ ਕਰੇ, ਭੈਣ, ਮਾਮੇ ਦੀ ਪੁੱਤਰੀ ਅਤੇ ਭੈਣ, ਜੋ ਦੂਜੀ ਮਾਂ ਤੋਂ ਪੈਦਾ ਹੋਈ ਹੋਵੇ, ਇਨ੍ਹਾਂ ਤਿੰਨਾਂ ਇਸਤਰੀਆਂ ਨਾਲ ਗਮਨ ਕਰੇ, ਉਸ ਨੂੰ ਤਪਤ ਕਰੂਛ ਵਰਤ ਰੱਖਣਾ ਚਾਹੀਦਾ ਹੈ।

ਮਨੂੰ ਸਿਮਰਤੀ ਅਧਿਆਏ 2, ਸਲੋਕ 155

—ਬ੍ਰਾਹਮਣ ਦੀ ਵਿੱਦਿਆ ਤੋਂ, ਕਸ਼ੱਤਰੀਆ ਦੀ ਬਲ ਤੋਂ, ਵੈਸ਼ਾਂ ਦੀ ਧਨ ਤੋਂ ਅਤੇ ਸ਼ੂਦਰਾਂ ਦੀ ਜਨਮ ਤੋਂ ਸ੍ਰੇਸ਼ਠਤਾ ਹੁੰਦੀ ਹੈ।

—ਕੁਆਰੀ ਦੇ ਗਮਨ ਨਾਲ ਅਤੇ ਵੇਸ਼ਿਆ ਦੇ ਗਮਨ ਤੇ ਪਰਜਾਪਤ ਵਰਤ ਕਰਨਾ ਚਾਹੀਦਾ ਹੈ।

—ਜੇ ਕੋਈ ਬ੍ਰਾਹਮਣੀ ਕਿਸੇ ਵੀ ਤਰ੍ਹਾਂ ਸ਼ੂਦਰ ਦੇ ਸੰਪਰਕ ਵਿੱਚ ਆ ਜਾਵੇ ਤਾਂ ਉਸ ਨੂੰ ਕਰੂਛ ਚੰਦਰਾਇਣ ਵਰਤ ਹੀ ਪਰਮ ਪਾਵਨ ਕਰਦਾ ਹੈ।

—ਚੰਡਾਲ, ਪੁਕਸ਼-ਸੁਵਪਾਕ ਅਤੇ ਪਤਿਤ ਨਾਲ ਜੇ ਕੋਈ ਸ੍ਰੇਸ਼ਠ ਔਰਤ ਗੁਮਨ ਕਰੇ ਤਾਂ ਸ਼ੁੱਧੀ ਲਈ ਤਿੰਨ ਚੰਦਰਾਇਣ ਵਰਤ ਕਰੇ। (ਇਹ ਆਰੀਆ ਧਰਮ ਹੈ !)

ਰਿਗਦੇਵ 10/72/8 ਅਦਿਤੀ ਦੇ ਅੱਠ ਪੁੱਤਰ ਹੋਏ।

ਮਿਤਰ, ਵਰੁਣ, ਦਾਬ, ਅਰਯੰਮਾ, ਅੰਸ਼ ਭਗ, ਵਿਵਸਬਾਨ ਅਤੇ ਆਦਿਤ। ਇਨ੍ਹਾਂ ਵਿੱਚੋਂ ਸੱਤਾਂ ਨੂੰ ਲੈ ਕੇ ਉਹ ਦੇਵ ਲੋਕ ਗਈ ਅਤੇ ਅੱਠਵੇਂ ਸੂਰਜ ਨੂੰ ਅਕਾਸ਼ ਵਿੱਚ ਛੱਡ ਦਿੱਤਾ।

ਰਿਗਵੇਦ 90/85/1 ਦੇਵਤਿਆਂ 'ਚੋਂ ਸੱਤ ਸਰੂਪ ਬ੍ਰਹਮਾ ਨੇ ਪ੍ਰਿਥਵੀ ਨੂੰ ਅਕਾਸ਼ ਵਿੱਚ ਰੋਕ ਰੱਖਿਆ ਹੈ।

ਦੇਵਲੋਕ—ਮਾਤ ਲੋਕ ਤੇ ਪਤਾਲ (ਸੁਰਗ-ਧਰਤੀ ਤੇ ਨਰਕ, ਅਕਾਸ਼-ਪਤਾਲ)

ਦੇਵੀ ਭਾਗਵਤ ਸਕੰਧ 3, ਅਧਿ :13

ਕੰਵਲ ਤੋਂ ਉਤਪੰਨ ਬ੍ਰਹਮਾ ਜੀ ਨੇ ਸ੍ਰਿਸ਼ਟੀ ਰਚੀ। ਉਨ੍ਹਾਂ ਦਾ ਬ੍ਰਹਮ ਲੋਕ ਵੀ ਹਿਮਾਲੀਆ 'ਤੇ ਹੈ। ਸਭ ਤੋਂ ਉੱਪਰ ਬੈਕੁੰਠ ਵਿੱਚ ਵਿਸ਼ਨੂੰ ਭਗਵਾਨ ਦਾ ਕਰੀੜਾ ਸਥਲ ਹੈ। ਸ਼ਿਵਜੀ ਵੀ ਕੈਲਾਸ਼ ਪਰਬਤ 'ਤੇ ਭੂਤਗਣਾਂ ਦੇ ਨਾਲ ਰਹਿੰਦੇ ਹਨ। ਇੰਦਰ ਦੇ ਸਵਰਗ ਦੀ ਮੇਰੂ ਪਰਬਤ (ਤਿੱਬਤ) 'ਤੇ ਕਲਪਨਾ ਕੀਤੀ ਗਈ ਹੈ। ਏਥੇ ਅਨੇਕ ਪ੍ਰਕਾਰ ਦੇ ਅਨੋਖੇ ਰਤਨ ਵੀ ਮੌਜੂਦ ਹਨ।

ਕੇਦਾਰ ਕਲਪ ਉਪਰ ਪੁਰਾਣ ਪਟਲ—18 ਉੱਥੇ ਸਵਰਗ ਦੀ ਸੋਭਾ ਦੇ ਸਮਾਨ ਪ੍ਰਕਾਸ਼ਤ ਇੰਦਰਪੁਰੀ ਦਿਖਾਈ ਦਿੰਦੀ ਹੈ। ਫੇਰ ਉੱਤਰ ਦਿਸ਼ਾ ਵੱਲ ਬ੍ਰਹਮਪੁਰੀ ਅਤੇ ਵਿਸ਼ਨੂੰਪੁਰੀ ਹੈ ਅਤੇ ਕੈਲਾਸ਼ ਦੇ ਸਿਖਰ 'ਤੇ ਸ਼ੰਕਰਪੁਰੀ ਹੈ ਜੋ ਅਤਿਅੰਤ ਮਨੋਹਰ ਅਤੇ ਮੰਗਲ ਹੈ।

ਵੈਸ਼ਨੂੰ ਦੇਵੀ

(ਸਰਿਤਾ ਮੁਕਤਾ ਰੀਪਰਿੰਟ ਸੈੱਟ-4)

7. ਤਰੇਤਾ ਯੁੱਗ ਵਿੱਚ ਜਦੋਂ ਪ੍ਰਿਥਵੀ 'ਤੇ ਰਾਵਣ, ਕੁੰਭਕਰਣ, ਖਰਦੂਸ਼ਣ, ਤਾੜਕਾ ਆਦਿ ਰਾਖਸ਼ਾਂ ਨੇ ਬਹੁਤ ਹੀ ਅਤਿਆਚਾਰ ਸ਼ੁਰੂ ਕੀਤੇ (ਵਾਲਮੀਕ ਰਮਾਇਣ ਅਨੁਸਾਰ ਇਹ ਅੱਤਿਆਚਾਰ ਦੇਵਦਿਆਂ, ਬ੍ਰਾਹਮਣਾਂ-

ਰਿਸ਼ੀਆਂ, ਮੁਨੀਆਂ ਨੂੰ ਮਾਰਨਾ, ਤੰਗ ਕਰਨਾ, ਯੱਗ ਨਾ ਕਰਨ ਦੇਣਾ, ਬਲੀਆਂ ਨਾ ਕਰਨ ਦੇਣਾ ਭਾਵ ਆਰੀਆ ਵੈਦਕ ਧਰਮ ਨਾ ਚੱਲਣ ਦੇਣਾ) ਤਾਂ ਭਗਵਤੀ ਦੀਆਂ ਸਾਰੀਆਂ ਸ਼ਕਤੀਆਂ ਨੇ ਇਕੱਠੇ ਹੋ ਕੇ, ਧਰਮ (ਆਰੀਆ ਵੈਦਕ ਧਰਮ-ਕਰਮ ਕਾਂਡ ਅਤੇ ਸਾਧੂਆਂ ਭਾਵ ਰਿਸ਼ੀਆਂ-ਮੁਨੀਆਂ) ਦੀ ਰੱਖਿਆ ਲਈ ਆਪਣੇ ਸਮੂਹ ਤੇਜ਼ ਪ੍ਰਤਾਪ ਤੋਂ ਇਕ ਦਿੱਵ ਸ਼ਕਤੀ ਨੂੰ ਜਨਮ ਦਿੱਤਾ।(ਉਂਜ ਉਪਰੋਕਤ ਰਾਖਸ਼ਾਂ ਨੂੰ ਮਾਰਨ ਲਈ ਕਸ਼ੱਤਰੀ ਰਾਜੇ ਰਾਮ ਦਾ ਅਵਤਾਰ ਪੈਦਾ ਹੋਇਆ ਸੀ, ਜਿਸ ਨੇ ਬ੍ਰਾਹਮਣੀ ਧਰਮ ਦੀ ਰੱਖਿਆ ਕੀਤੀ ਅਤੇ ਰਾਖਸ਼ਾਂ ਨੂੰ ਮਾਰਿਆ) ਇੱਕ ਕੰਨਿਆ ਦਾ ਜਨਮ ਹੋਇਆ ਜੋ ਰਤਨਾਕਰ ਸਾਗਰ ਦੀ ਪੁੱਤਰੀ ਬਣੀ ਕੇ ਰਹੀ। ਇਸ ਕੰਨਿਆ ਦਾ ਜਨਮ ਧਰਮ (ਬ੍ਰਾਹਮਣੀ ਧਰਮ) ਦਾ ਹਿਤ ਕਰਨਾ ਸੀ। ਕੰਨਿਆ ਦਾ ਜਨਮ, ਰਤਨਾਕਰ ਦੇ ਘਰ, ਵਿਸ਼ਨੂੰ ਦੀ ਕ੍ਰਿਪਾ ਨਾਲ ਹੋਇਆ (ਵਿਸ਼ਨੂੰ ਕ੍ਰਿਪਾ ਦਾ ਅਰਥ ਬਾਰੇ ਬਹੁਤ ਹਵਾਲੇ ਦਿੱਤੇ ਗਏ ਹਨ) ਇਸ ਲਈ ਇਹ ਤਰਿਕੁੱਪ ਦੇ ਨਾਲ-ਨਾਲ ਵੈਸ਼ਨਵੀ (ਭਾਵ ਵੈਸ਼ਨੂੰ ਦੇਵੀ) ਵੀ ਕਹਿਲਾਈ।

ਵੈਸ਼ਨੂੰ ਦੇਵੀ ਦਾ ਨਾਂ ਫੈਲਿਆ। ਲੋਕ ਦੂਰ-ਦੂਰ ਤੋਂ ਦਰਸ਼ਨ ਕਰਨ ਆਉਣ ਲੱਗੇ। ਲੇਕਿਨ ਬਜਾਏ ਧਰਮ ਹਿੱਤ ਦਾ ਕੋਈ ਕੰਮ ਕਰਨ ਦੇ, ਦੇਵੀ ਨੇ ਰਾਮ ਨੂੰ ਪਾਉਣ ਲਈ ਤਪੱਸਿਆ (ਯਤਨ) ਸ਼ੁਰੂ ਕਰ ਦਿੱਤੀ।

ਸੀਤਾ ਦੀ ਤਲਾਸ਼ ਵਿੱਚ ਲੰਕਾ ਜਾਂਦਿਆਂ ਹੋਇਆ ਰਾਮ ਨੇ ਵੈਸ਼ਨੂੰ ਦੇਵੀ ਨੂੰ ਕਿਹਾ, "ਮੈਂ ਇਸ ਅਵਤਾਰ ਵਿੱਚ, ਇੱਕ ਪਤਨੀ ਵਰਤ ਹੋਣ ਦਾ ਵਰਤ ਲਿਆ ਹੈ, ਲੇਕਿਨ ਤੇਰੇ ਤਪ ਦਾ ਫਲ ਤੈਨੂੰ ਮਿਲੇ, ਇਸ ਲਈ ਮੈਂ ਕਿਸੇ ਦਿਨ ਵੇਸ਼ (ਭਾਵ ਰੂਪ ਵੇਸ) ਬਦਲ ਕੇ ਤੇਰੇ ਪਾਸ ਆਊਂਗਾ। ਕਿਹਾ ਜਾਂਦਾ ਹੈ ਕਿ ਲੰਕਾ ਤੋਂ ਵਾਪਸ ਲੋਟਦੇ ਹੋਏ ਰਾਮ ਵੈਸ਼ਨੂੰ ਦੇਵੀ ਦੇ ਪਾਸ, ਬਿਰਧ ਦੇ ਭੇਸ ਵਿੱਚ ਗਏ ਪ੍ਰੰਤੂ ਦੇਵੀ ਉਸ ਨੂੰ ਪਛਾਣ ਨਾ ਸਕੀ। ਇਸ ਗੱਲ ਦਾ ਨਤੀਜਾ ਇਹ ਨਿਕਲਿਆ ਕਿ ਤਿਰਕੁਪ ਪਰਬਤ 'ਤੇ ਵੈਸ਼ਨੂੰ ਦੇਵੀ ਨੂੰ ਹਜ਼ਾਰਾਂ ਸਾਲਾਂ ਤੋਂ ਰਾਮ ਨੂੰ ਪਤੀ ਦੇ ਰੂਪ ਵਿੱਚ ਪ੍ਰਾਪਤ ਕਰਨ ਲਈ ਤਪੱਸਿਆ ਕਰਨੀ ਪੈ ਰਹੀ ਹੈ।

ਦੂਜੀ ਕਹਾਣੀ

(8) ਜਦੋਂ ਦੁਰਗਾ (ਵੈਸ਼ਨੂੰ ਦੇਵੀ) ਰਾਖਸ਼ਾਂ ਨੂੰ ਮਾਰਨ ਤੋਂ ਬਾਅਦ ਮੈਤਰੀ ਪੁੱਤਰ ਵਿੱਚ ਨਦੀ ਦੇ ਕਿਨਾਰੇ ਰਹਿ ਰਹੀ ਸੀ ਤਾਂ ਇਕ ਦਿਨ ਭੈਰੋਂ ਰਾਖਸ਼ (ਭੈਰੋਂ ਆਦਿਵਾਸੀ ਹੈ) ਘੁੰਮਦਾ ਹੋਇਆ ਆਇਆ। ਦੁਰਗਾ ਨੂੰ ਵੇਖਕੇ ਉਸ ਦੇ ਮਨ ਵਿੱਚ ਕਾਮਵਾਸ਼ਨਾ ਪੈਦਾ ਹੋ ਗਈ। ਦੁਰਗਾ ਨੇ ਭੈਰੋਂ ਦਾ ਜਦੋਂ ਇਹ ਦੁਰਸਾਹਸ ਵੇਖਿਆ ਤਾਂ ਉੱਥੋਂ ਉਹ ਚੱਲ ਪਈ। ਹਮਾਲੀ ਨਾਮਕ ਪਿੰਡ ਵਿੱਚ ਉਸ ਨੇ ਯੱਗ ਕੀਤਾ। ਭੈਰੋਂ ਨੇ ਯੱਗ ਨੂੰ ਖੰਡਤ ਕੀਤਾ, (ਜਾਪਦਾ ਹੈ ਕਿ ਅਜਿਹੇ ਯੱਗ, ਦਰਾਵੜਾਂ ਵਿਰੁੱਧ ਕਿਸੇ ਸਾਜ਼ਿਸ਼ ਦਾ ਕੇਂਦਰ ਹੋਣਗੇ, ਜਿਸ ਕਰਕੇ ਸਾਰੇ ਆਸੁਰ, ਰਾਖਸ਼ ਜਾਂ ਦੈਂਤ ਦਾਨਵ, ਇਨ੍ਹਾਂ ਯੱਗਾਂ ਨੂੰ ਭੰਗ ਕਰਦੇ ਰਹੇ) ਤਾਂ ਭੈਰੋਂ ਅਤੇ ਦੁਰਗਾ ਵਿਚਕਾਰ ਲੜਾਈ ਹੋਈ। ਭੈਰੋਂ ਹਾਰ ਗਿਆ, ਪ੍ਰੰਤੂ ਉਸ ਨੇ ਦੁਰਗਾ ਦਾ ਪਿੱਛਾ ਕਰਨਾ ਜਾਰੀ ਰੱਖਿਆ। (ਕਿਉਂਕਿ ਉਹ ਆਰੀਅਨ ਪੁੱਤਰੀ ਸੀ, ਜੋ ਦਰਾਵੜਾਂ ਨੂੰ ਮਾਰ ਰਹੀ ਸੀ।) ਆਖਰੀ ਵਾਰ ਦੋਵਾਂ ਵਿੱਚ ਇੱਕ ਗੁਫਾ ਦੇ ਬਾਹਰ ਲੜਾਈ ਹੋਈ, ਜਿਸ ਵਿੱਚ ਦੁਰਗਾ ਨੇ ਚੱਕਰ ਨਾਲ ਉਸ ਦਾ ਸਿਰ ਕੱਟ ਦਿੱਤਾ।

ਤੀਜੀ ਕਹਾਣੀ

ਰਾਮ ਨੇ ਜਦੋਂ ਵੈਸ਼ਨੋ ਦੇਵੀ ਨੂੰ ਤਿਰਕੁੱਪ ਪ੍ਰਬਤ 'ਤੇ ਤਪੱਸਿਆ ਕਰਨ ਲਈ ਕਿਹਾ, ਉਸ ਸਮੇਂ ਸਤਿਲੁਜ ਤੋਂ ਜੇਲ੍ਹਮ ਨਦੀ ਤੱਕ ਦੇ ਇਲਾਕੇ 'ਤੇ ਭੈਰੋਂ ਦਾ ਆਪਣਾ ਰਾਜ ਕਾਇਮ ਸੀ। ਉਹ ਵੈਸ਼ਨੂੰ ਭਗਤਾਂ ਦਾ ਦੁਸ਼ਮਣ ਸੀ, ਕਿਉਂਕਿ ਇਹ ਸਭ ਆਰੀਅਨ ਸਨ ਅਤੇ ਦਰਾਵੜਾਂ ਦਾ ਰਾਜ ਖਤਮ ਕਰਨ ਵਿੱਚ ਲੱਗੇ ਹੋਏ ਸਨ। ਇਹ ਦੇਖਕੇ ਵੈਸ਼ਨੋ ਦੇਵੀ ਨੇ ਭੈਰੋਂ ਵਿਰੁੱਧ ਮੁਹਿਮ ਸ਼ੁਰੂ ਕੀਤੀ।.....ਇਹ ਦੇਖਕੇ ਭੈਰੋਂ ਨੂੰ ਗੁੱਸਾ ਆ ਗਿਆ।.....ਇੱਕ ਦਿਨ ਉਹ ਦੇਵੀ ਦੁਆਰਾ ਦਿੱਤੇ ਜਾਣ ਵਾਲੇ ਭੰਡਾਰ ਵਿੱਚ ਗੁਪਤ ਰੂਪ ਵਿੱਚ ਸ਼ਾਮਲ ਹੋ ਗਿਆ। ਉੱਥੇ ਦੇਵੀ ਨੂੰ ਦੇਖ ਕੇ ਉਸ ਨੇ ਫੈਸਲਾ ਕੀਤਾ ਕਿ ਉਹ ਉਸ ਨਾਲ ਸ਼ਾਦੀ ਕਰੇਗਾ। ਦੇਵੀ ਨੇ ਉਸ ਦੀ ਤਮੰਨਾ ਠੁਕਰਾ ਦਿੱਤੀ। ਇਸ ਤੋਂ ਦੋਵਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਕਦੀ ਭੈਰੋਂ ਜਿੱਤਦਾ ਤੇ ਕਦੀ ਦੇਵੀ। ਇਹ ਭੱਜ-ਦੌੜ ਚਲਦੀ ਰਹੀ। ਰਿਆਸੀ ਅਤੇ ਸਲਾਲ ਸਥਾਨਾਂ ਨੂੰ ਦੇਵੀ ਨੇ ਜਲਦੀ ਹੀ ਭੈਰੋਂ ਦੇ ਕਬਜ਼ੇ ਤੋਂ ਛੁਡਾ ਲਿਆ। ਆਦੀ-ਕੁਆਰੀ ਵਿੱਚ ਦੇਵੀ ਨੇ ਯੁੱਧ ਦਾ ਸੰਚਾਲਨ ਇਕ ਗੁਫਾ ਵਿੱਚ ਬੈਠ ਕੇ ਕੀਤਾ। ਬਾਅਦ ਵਿੱਚ ਦੋ ਯੁੱਧਾਂ ਵਿੱਚ ਭੈਰੋਂ ਨੂੰ ਹਾਰ ਹੋਈ। ਇਸ ਨਾਲ ਦੇਵੀ ਨੂੰ ਕਿਸ਼ਤਵਾੜ, ਰਾਮ ਨਗਰ ਅਤੇ ਭਦਰਵਾਹ ਵਿੱਚ ਆਪਣਾ ਸਾਮਰਾਜ ਕਾਇਮ ਕਰਨ ਵਿੱਚ ਸਹਾਇਤਾ ਮਿਲੀ। ਇਸ ਸ਼ਾਸਨ ਨੂੰ ਚਲਾਉਣ ਲਈ ਵੈਸ਼ਨੋ ਦੇਵੀ ਨੇ ਕੁਝ ਦੇਵੀਆਂ

ਨਿਯੁਕਤ ਕੀਤੀਆਂ, ਜੋ ਉਸ ਦੀਆਂ ਭੈਣਾਂ ਹੀ ਸਨ। ਅੰਤਮ ਲੜਾਈ ਵਿੱਚ ਭੈਰੋ ਦੀ ਮ੍ਰਿਤੂ ਹੋ ਗਈ । ਇਸ ਤਰ੍ਹਾਂ ਉਸ ਦੇ ਸਾਮਰਾਜ ਤੇ ਵੈਸ਼ਨੋ ਦੇਵੀ ਦਾ ਅਧਿਕਾਰ ਹੋ ਗਿਆ। (ਸਪੱਸ਼ਟ ਹੈ ਕਿ ਜਿਨਾ ਆਦਮੀਆਂ ਨੇ ਭਾਰਤੀ ਮੂਲ ਨਿਵਾਸੀ ਰਾਜਿਆਂ ਨੂੰ ਹਰਾ ਕੇ, ਮਾਰ ਕੇ ਆਰੀਅਨ ਰਾਜ ਕਾਇਮ ਕੀਤਾ, ਉਨ੍ਹਾਂ ਨੂੰ ਦੇਵਤਿਆਂ ਦਾ ਖਤਾਬ ਮਿਲਿਆ । ਜਿਨ੍ਹਾਂ ਔਰਤਾਂ (ਆਰੀਆ ਪੁੱਤਰੀਆਂ) ਨੇ ਅਜਿਹਾ ਕੀਤਾ ਉਨ੍ਹਾਂ ਨੂੰ ਦੇਵੀਆਂ ਦੀ ਉਪਾਧੀ ਮਿਲੀ । ਮਸਲਾ ਆਰੀਆਂ ਅਨਆਰੀਆਂ ਯੁੱਧਾਂ ਦਾ ਹੈ ।)

ਕ੍ਰਿਸ਼ਨ ਜਨਮ

ਕ੍ਰਿਸ਼ਨ ਨੇ, ਜਿਸ ਨੂੰ ਹਿੰਦੂ ਆਪਣਾ ਭਗਵਾਨ ਕਹਿੰਦੇ ਹਨ, ਮੰਨਦੇ ਹਨ, ਪੂਜਦੇ ਨੇ, ਭਗਵਤ ਗੀਤਾ 4/8 ਵਿੱਚ ਕਿਹਾ ਹੈ- ਸੱਜਣ ਜਨਾ ਦੀ ਰੱਖਿਆ ਲਈ ਦੁਰਜਨਾਂ ਦੇ ਵਿਨਾਸ਼ ਲਈ ਅਤੇ ਧਰਮ ਨੂੰ ਭਲੀ-ਭਾਂਤ ਸਥਾਪਤ ਕਰਨ ਲਈ, ਮੈਂ ਸਮੇਂ-ਸਮੇਂ ਜਨਮ ਲੈਂਦਾ ਹਾਂ ।

(ਬ੍ਰਾਹਮਣੀ ਧਰਮ ਗ੍ਰੰਥਾਂ ਅਨੁਸਾਰ ਧਰਮ ਦਾ ਅਰਥ ਹੈ :ਬ੍ਰਾਹਮਣੀ ਵਰਣ ਵੰਡ, ਜਾਤਪਾਤ, ਛੂਆ-ਛਾਤ, ਉਚ-ਨੀਚ ਕਾਇਮ ਰੱਖਣਾ । ਤੋੜਨ ਵਾਲਿਆਂ ਨੂੰ ਸਜ਼ਾਵਾਂ ਦੇਣੀਆਂ । ਬ੍ਰਾਹਮਣ ਦੀ ਉਚਤਾ ਸਦਾ ਕਾਇਮ ਰੱਖਣੀ ਅਤੇ ਆਸੁਰਾਂ, ਰਾਖਸ਼ਾਂ, ਦਾਨਵਾਂ, ਦੈਂਤਾਂ, ਬਾਨਰਾਂ ਕਿੰਨਰਾਂ ਆਦਿ ਦੀ ਸੰਤਾਨ ਨੀਚ ਵਰਗ ਨੂੰ ਹਰ ਸਹੂਲਤ ਤੋਂ ਵਾਂਝਿਆ ਕਰਨਾ । ਆਰੀਅਨ ਰਾਜ ਦੀ ਸਥਾਪਤੀ, ਦਰਾਵੜ ਰਾਜ ਦਾ ਵਿਨਾਸ਼ ਦੇਵਤਿਆਂ, ਦੇਵੀਆਂ, ਰਿਸ਼ੀਆਂ-ਮੁਨੀਆਂ ਅਤੇ ਬ੍ਰਾਹਮਣਾਂ ਤੇ ਉਨ੍ਹਾਂ ਦੇ ਕਰਮ ਕਾਂਡ ਦੀ ਰਾਖੀ ਕਰਨਾ ਧਰਮ ਹੈ । ਇਸ ਦੇ ਉਲਟ ਕਿਸੇ ਵੀ ਵਿਚਾਰ ਧਾਮ ਨੂੰ ਧਰਮ ਨੂੰ ਖਤਮ ਕਰਨਾ ਧਰਮ ਹੈ । ਇਸ ਤਰ੍ਹਾਂ ਦਾ ਵਿਚਾਰ ਹਿੰਦੂ ਧਾਰਮਿਕ ਗ੍ਰੰਥਾਂ ਦੇ ਸਫਿਆਂ 'ਤੇ ਭਰਿਆ ਪਿਆ ਹੈ ।) ਕ੍ਰਿਸ਼ਨ ਲਈ ਸੱਜਣ ਜਨ, ਆਰੀਆ ਜਾਤੀ ਦੇ ਲੋਕ ਹਨ ਤੇ ਦੁਰਜਨ ਦਰਾਵੜ ਮੂਲ ਨਿਵਾਸੀ । ਜਾਂ ਫਿਰ ਉਹ ਦੁਰਜਨ ਹੈ ਜੋ ਆਰੀਆ ਹੋ ਕੇ ਵੀ ਬ੍ਰਾਹਮਣੀ ਮੂਲਾਂ ਸਿਧਾਂਤਾਂ ਦੀ ਪਾਲਣਾ ਨਹੀਂ ਕਰਦਾ । ਭਗਵਾਨ ਨੇ ਜਿੰਨੇ ਵੀ ਅਵਤਾਰ ਲਏ, ਸਭਨੇ ਰਾਖਸ਼ਾਂ, ਦਾਨਵਾਂ, ਦੈਂਤਾਂ, ਬਾਨਰਾ ਕਿੰਨਰਾਂ ਭਾਵ ਦਰਾਵੜ ਜਾਤੀਆਂ ਦੇ ਰਾਜਿਆਂ ਨੂੰ ਕਿਵੇਂ ਨਾ ਕਿਵੇਂ ਖਤਮ ਕਰਕੇ, ਆਰੀਅਨ ਰਾਜ ਸਥਾਪਤ ਕੀਤਾ ।) ਪ੍ਰੰਤੂ ਦਰਾਵੜ ਰਾਜਿਆਂ ਨੇ ਵੀ ਇਨ੍ਹਾਂ ਅਵਤਾਰਾਂ ਨਾਲ ਡਟ ਕੇ ਆਢਾ ਲਿਆ । ਅੰਤਮ ਸਮੇਂ ਤੱਕ ਆਪਣੀ ਸੱਭਿਅਤਾ ਲਈ ਲੜਦੇ ਰਹੇ ।

ਕ੍ਰਿਸ਼ਨ ਦੇ ਮੂੰਹੋਂ ਹੀ ਸੁਣੋ :-

ਮਹਾਂ ਭਾਰਤ ਸਭਾ, ਅਧਿ : 14/67 (ਸੈੱਟ-4)

ਯੁਧਿਸ਼ਟਰ ਸਾਹਮਣੇ ਇਹ ਤੱਥ ਬਿਆਨ ਕੀਤਾ ਗਿਆ :.

'ਹੇ ਮਹਾਰਾਜ, ਤ੍ਰਾਂ ਅਸੀਂ ਜਰਾਸੰਧ (ਬ੍ਰਿਹਦਰਥ ਦਾ ਪੁੱਤਰ) ਦੇ ਭੈਅ ਤੋਂ, ਮਥਰਾ ਛੱਡ ਕੇ ਦੁਆਰਕਾ ਪੁਰੀ (ਜੋ ਕ੍ਰਿਸ਼ਨ 'ਤੇ ਤਰਸ ਖਾ ਕੇ ਇਕਲਵਿਆ ਨੇ ਭੇਂਟ ਕੀਤੀ ਸੀ) ਵਿੱਚ ਚਲੇ ਗਏ ਸੀ । ਇਸ ਤੋਂ ਬਾਅਦ ਜਰਾਸੰਧ ਵੀ ਉੱਥੇ ਜਾ ਪਹੁੰਚਿਆ ਤਾਂ ਕ੍ਰਿਸ਼ਨ ਪਰਵਿਰਸ਼ਣ ਪਰਬਤ 'ਤੇ ਜਾ ਛੁਪੇ । ਜਰਾਸੰਧ ਉੱਥੇ ਅੱਗ ਲਾ ਕੇ ਮੁੜ ਆਇਆ, ਪ੍ਰੰਤੂ ਕ੍ਰਿਸ਼ਨ ਜਿਵੇਂ ਕਿਵੇਂ ਬਚ ਨਿਕਲੇ ।'

(16) ਦੇਵੀ ਭਗਵਤ ਸਕੰਧ 4/25 (ਸੈੱਟ-4)

ਇਕ ਵਾਰ ਕ੍ਰਿਸ਼ਨ ਸ਼ਿਵਜੀ ਪਾਸ ਜਾ ਕੇ ਬੋਲੇ, ਹੇ ਸ਼ਿਵ ਸ਼ੰਕਰ, ਰੁਕਮਣੀ ਨੂੰ ਸੰਤਾਨਵਤੀ ਅਤੇ ਆਪਣੇ-ਆਪ ਨੂੰ ਨਿਰਸੰਤਾਨ ਦੇਖਕੇ ਜਾਂਬਤੀ ਨੇ ਮੈਨੂੰ ਪੁੱਤਰ ਪ੍ਰਾਪਤੀ ਲਈ ਤਪ ਕਰਨ ਨੂੰ ਕਿਹਾ ਹੈ । ਉਹ ਤਾਂ ਮੈਂ ਕਰ ਲਿਆ ਹੈ । ਹੁਣ ਤੁਹਾਡੇ ਤੋਂ ਪੁੱਤਰ ਸੁੱਖ ਦੀ ਕਾਮਨਾ ਕਰਦਾ ਹਾਂ ।

ਨਾਸਤਕ ਕੌਣ ਹੈ ?

ਮਨੂੰ ਸਿਮਰਤੀ 2/11 ਜੋ ਦਵਿੱਜ (ਬ੍ਰਾਹਮਣ ਕਸ਼ੱਤਰੀ ਵੈਸ਼) ਤਰਕ ਸ਼ਾਸਤਰ ਦਾ ਸਹਾਰਾ ਲੈ ਕੇ ਧਰਮ ਦੇ ਦੋ ਮੂੱਲਾਂ (ਵੇਦਾਂ ਤੇ ਸਿਮਰਤੀਆਂ) ਦਾ ਨਿਰਾਦਰ ਕਰਦਾ ਹੈ, ਉਹ ਵੇਦ ਨਿੰਦਕ ਨਾਸਤਕ ਹੈ ਅਤੇ ਸੱਜਣਾ ਦੁਆਰਾ ਵਹਿਸ਼ਕਾਰ (ਤਿਆਗਣ) ਦੇ ਯੋਗ ਹੈ ।

ਮਹਾਂਭਾਰਤ ਆਦਿ ਪਰਵ ਅਧਿ : 96 (5-6-7) ਸੈੱਟ-4

ਇੱਕ ਵਾਰ ਰਜਾ ਸ਼ਾਂਤਨੂੰ ਦੇ ਪਿਤਾ ਰਾਜਾ ਪ੍ਰਤੀਪ ਹਰਿਦੁਆਰ ਵਿੱਚ ਬੈਠੇ ਪੂਜਾ ਕਰ ਰਹੇ ਸਨ ਤਾਂ ਗੰਗਾ ਇੱਕ ਸੁੰਦਰ ਯੁਵਤੀ ਦਾ ਰੂਪ ਧਾਰਨ ਕਰਕੇ ਨਿਕਲੀ ਅਤੇ ਉਸ ਦੇ ਪੱਟ 'ਤੇ ਬੈਠ ਗਈ । ਪ੍ਰਤੀਪ ਨੇ ਜਦੋਂ ਉਸ ਦੀ

ਇੱਛਾ ਪੁੱਛੀ ਤਾਂ ਬੋਲੀ—

ਗੰਗਾ-ਰਾਜਨ' ਮੈਂ ਤੁਹਾਨੂੰ ਚਾਹੁੰਦੀ ਹਾਂ । ਤੁਹਾਡੇ ਪ੍ਰਤੀ ਮੈਨੂੰ ਮੋਹ ਹੈ, ਤੁਸੀਂ ਮੈਨੂੰ ਸਵੀਕਾਰ ਕਰੋ । ਕਾਮ ਦੇ ਅਧੀਨ ਹੋ ਕੇ ਆਪਣੇ ਪਾਸ ਆਈ ਹੋਈ ਇਸਤਰੀ ਦੇ ਤਿਆਗ ਦੀ ਸਾਧੂ ਪੁਰਸ਼ਾਂ ਨੇ ਨਿੰਦਾ ਕੀਤੀ ਹੈ ।

ਪ੍ਰਤੀਪ ਬੋਲੇ—ਸੁੰਦਰੀ ਮੈਂ ਕਾਮ ਵੱਸ ਪਰਾਈ ਇਸਤਰੀ ਨਾਲ ਸਮਾਗਮ ਨਹੀਂ ਕਰ ਸਕਦਾ । ਜੋ ਆਪਣੇ ਵਰਣ (ਜਾਤ) ਦੀ ਨਾ ਹੋਵੇ ਉਸ ਨਾਲ ਮੈਂ ਸੰਬੰਧ ਨਹੀਂ ਰੱਖ ਸਕਦਾ । ਇਹ ਮੇਰਾ ਧਰਮ ਅਨੁਕੂਲ ਵਰਤ ਹੈ ।

ਗੰਗਾ ਬੋਲੀ—ਰਾਜਨ ਮੈਂ ਅਸ਼ੁੱਭ ਜਾਂ ਅਮੰਗਲ ਕਰਨ ਵਾਲੀ ਨਹੀਂ ਹਾਂ । ਸਮਾਗਮ ਦੇ ਅਯੋਗ ਨਹੀਂ ਹਾਂ ਕਿ ਕੋਈ ਕਦੇ ਮੇਰੇ 'ਤੇ ਕਲੰਕ ਲਗਾਏ । ਮੈਂ ਆਪ ਪ੍ਰਤੀ ਅਨੁਰਕਤ ਹੋ ਕੇ ਆਈ ਦਿਵਯ ਸੁੰਦਰੀ ਕੰਨਿਆ ਹਾਂ ।

ਮਹਾਂਰਿਸ਼ੀ ਪਰਾਸ਼ਰ ਤੇ ਸੱਤਿਆਵਤੀ

ਮਹਾਂ ਭਾਰਤ ਆਦਿ ਪਰਵ ਅਧਿ :104 (5–14)

ਸੱਤਿਆਵਤੀ ਨੇ ਦੱਸਿਆ :–ਮੇਰੇ ਧਰਮਾਤਮਾ ਪਿਤਾ ਪਾਸ ਇੱਕ ਕਿਸ਼ਤੀ ਸੀ, ਜਿਸ ਦਾ ਪ੍ਰਯੋਗ ਧਰਮ ਅਰਥ ਹੁੰਦਾ ਸੀ । ਇੱਕ ਦਿਨ ਮੈਂ ਉਸ ਕਿਸ਼ਤੀ 'ਤੇ ਬੈਠੀ ਸੀ । ਉਸ ਸਮੇਂ ਮਹਾਂਰਿਸ਼ੀ ਪਰਾਸ਼ਰ ਕਿਸ਼ਤੀ ਰਾਹੀਂ ਯਮਨਾ ਪਾਰ ਕਰਨ ਆਏ । ਉਹ ਮੁਨੀ ਕਾਮਪੀੜਤ ਹੋ ਕੇ ਮੇਰੇ ਨਿਕਟ ਆਏ ਤੇ ਮੈਨੂੰ ਸਮਝਾਉਂਦੇ ਹੋਏ ਉਨ੍ਹਾਂ ਆਪਣਾ ਉੱਤਮ ਜਨਮ ਅਤੇ ਕੁਲ ਦੱਸਿਆ ।

ਮੈਂ ਕਿਹਾ : ਭਗਵਾਨ ਮੈਂ ਤਾਂ ਨਿਸ਼ਾਦ ਕੰਨਿਆ ਹਾਂ ।

—ਮਹਾਂ ਰਿਸ਼ੀ ਨੇ ਮੈਨੂੰ 'ਦਰ ਲੱਭ ਵਰ' ਦੇ ਕੇ ਉਤਸ਼ਾਹਤ ਕੀਤਾ । ਉਨ੍ਹਾਂ ਨੇ ਮੈਨੂੰ ਬਾਲਿਕਾ ਨੂੰ ਆਪਣੇ ਤੇਜ਼ ਨਾਲ ਪਰਾਭੂਤ ਕਰਕੇ ਉਸ ਨੌਕਾ ਵਿੱਚ ਹੀ ਵੱਸ ਵਿੱਚ ਕਰ ਲਿਆ । ਉਨ੍ਹਾਂ ਚਾਰੋਂ ਤਰਫ ਕੋਰਾ ਧੁੰਦ ਫੈਲਾ ਕੇ ਪਰਦਾ ਕਰ ਲਿਆ । ਇਸ ਤੋਂ ਬਾਅਦ ਮੁਨੀ ਮੈਨੂੰ ਬੋਲੇ : ਇਸ ਨਦੀ ਦੇ ਦੀਪ, ਵਿੱਚ ਮੇਰਾ ਗਰਭ ਤਿਆਗ ਕੇ ਤੂੰ ਫੇਰ ਕੰਨਿਆ ਹੀ ਹੋ ਜਾਵੇਗੀ ।'

(ਉਸ ਗਰਭ ਤੋਂ ਪਰਾਸ਼ਰ ਪੁੱਤਰ ਮਹਾਂਯੋਗੀ ਵਿਆਸ ਪ੍ਰਗਟ ਹੋਏ । ਇਹ ਮੇਰੀ ਕੰਨਿਆ ਅਵਸਥਾ ਦਾ ਪੁੱਤਰ ਹੈ।

* ਸਤੀ ਨਾ ਹੋਣ ਤੇ ਸਮਾਜ ਵਿਚ ਵਿਧਵਾਵਾਂ ਦਾ ਜਿਊਣਾ ਦੁੱਭਰ ਹੋ ਜਾਂਦਾ ਹੈ। ਬਿੰਦਰਾਵਨ ਵਿਚ ਕਥਿਤ ਭਗਵਾਨ ਸੇਵਾ ਵਿਚ ਗਾਉਣ ਵਜਾਉਣ ਵਿਚ ਮਜਬੂਰ ਵਿਧਵਾਵਾਂ

ਸ਼ੰਕਰਾਚਾਰੀਆ ਪੁਰੀ ਆਖਦਾ ਹੈ

(ਜਨਤਕ ਪੈਗਾਮ ਸਫਾ 31 ਸਤੰਬਰ; 1988)

1. ਵਰਣ ਵਿਵਸਥਾ ਅੱਜ ਵੀ ਮੰਨਣ ਯੋਗ ਹੈ। ਸਾਡੇ ਏਥੇ ਜਾਤ ਪਾਤ ਪਹਿਲਾਂ ਤੋਂ ਹੈ। ਪਰਮਾਤਮਾ ਨੇ ਆਪਣੇ ਸਰੀਰ ਤੋਂ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਪੈਦਾ ਕੀਤੇ ਤੇ ਉਹਨਾਂ ਨੂੰ ਆਪਣਾ ਕੰਮ ਦੱਸ ਦਿੱਤਾ ਗਿਆ। ਭਾਵ ਜਾਤ ਪਾਤ ਵਰਣ ਵੰਡ ਪ੍ਰਮਾਤਮਾ ਨੇ ਪੈਦਾ ਕੀਤੀ ਹੈ ਤੇ ਹਰ ਇਕ ਲਈ ਉਸਦਾ ਕਿੱਤਾ ਨਿਸ਼ਚਿਤ ਕਰਕੇ ਜਨਮ ਦਿੱਤਾ ਹੈ। ਇਹੀ ਉਹ ਪ੍ਰਮਾਤਮਾ ਹੈ, ਜਿਸਨੂੰ ਮਹਾਤਮਾ ਬੁੱਧ ਨੇ ਕਿਹਾ ਸੀ ਕਿ ਉਹ ਨਹੀਂ ਹੈ। ਨਾ ਆਤਮਾ ਹੈ ਨਾ ਉਸਦਾ ਨਰਕ ਹੈ ਨਾ ਸੁਰਗ। ਇਹੀ ਉਹ ਪ੍ਰਮਾਤਮਾ ਹੈ ਜਿਸਦੇ ਬਰਾਬਰ ਗੁਰਬਾਣੀ ਨੇ ਅਜਿਹਾ ਰੱਬ ਪੇਸ਼ ਕੀਤਾ ਜੋ ਸਭ ਨੂੰ ਬਰਾਬਰ ਪੈਦਾ ਕਰਦਾ ਹੈ। ਕਿਸੇ ਦਾ ਕੋਈ ਕਾਰੋਬਾਰ ਜਾਂ ਜਾਤ ਨਿਸ਼ਚਿਤ ਨਹੀਂ ਕਰਦਾ। ਇਸ ਜਨਮ 'ਚ ਚੰਗੇ ਕੰਮ ਕਰਨ ਵਾਲਾ ਚੰਗਾ ਤੇ ਬੁਰੇ ਕੰਮ ਕਰਨ ਵਾਲਾ ਬੁਰਾ। ਸਾਰਾ ਫੈਸਲਾ ਇਸ ਜਨਮ ਦੇ ਚੰਗੇ ਬੁਰੇ ਕਰਮਾਂ ਤੇ ਹੈ।

2. ਜੇ ਅੱਜ ਜਾਤ-ਪਾਤ ਨੂੰ ਨਾ ਮੰਨਿਆਂ ਗਿਆ ਤਾਂ ਅਨਰਥ ਹੋ ਜਾਵੇਗਾ। (ਅਨਰਥ ਤਾਂ ਹੋਵੇਗਾ ਹੀ ਜਦੋਂ ਸਦੀਆਂ ਤੋਂ ਕੁੱਤੇ ਬਿੱਲੇ ਸਮਝੇ ਜਾਣ ਵਾਲੇ ਬੰਦੇ ਸ਼ੰਕਰਾਚਾਰੀਆ ਵਰਗਿਆਂ ਨਾਲ ਹਿਸਾਬ ਕਿਤਾਬ ਕਰਨਗੇ।)

3. ਸੰਸਾਰ ਵਿਚ ਸ਼ਾਂਤੀ ਤਾਂ ਹੀ ਹੋ ਸਕਦੀ ਹੈ ਜੇ ਵਰਣ ਵਿਵਸਥਾ ਦਾ ਪਾਲਣ ਕੀਤਾਜਾਵੇ। (ਭਾਵ ਗੁਲਾਮ ਗੁਲਾਮੀ ਕਰੇ ਤੇ ਮਾਲਕ ਮਾਲਕੀ ਕਰਦਾ ਰਹੇ।)

4. ਅੰਤਰ ਜਾਤੀ ਵਿਆਹ ਬਹੁਤ ਬੁਰਾ ਹੈ। (ਕਿਉਂਕਿ ਇਸ ਨਾਲ ਜਾਤ ਪਾਤ ਟੁੱਟੇਗੀ, ਤਾਂ ਖ਼ੂਨ ਸਾਂਝਾ ਹੋਵੇਗਾ, ਨਫਰਤ ਘਟੇਗੀ, ਪਿਆਰ ਵਧੇਗਾ, ਸ਼ਾਂਤੀ ਕਾਇਮ ਹੋ ਜਾਵੇਗੀ। ਭਾਈਚਾਰਾ ਸ਼ਾਂਤੀ ਕਾਇਮ ਕਰਨ ਦਾ ਬੁਨਿਆਦੀ ਸਾਧਨ ਹੈ।

ਕੀ ਗੱਲ ਹੈ ਕਿ ਖੋਤੇ ਤੇ ਘੋੜੀ ਤੋਂ ਖੱਚਰ ਪੈਦਾ ਹੁੰਦੀ ਹੈ। ਕੁੱਤਾ ਕੁੱਤੀ ਤੋਂ ਬੱਚੇ ਪੈਦਾ ਕਰਦਾ ਹੈ। ਇਸ ਤਰ੍ਹਾਂ ਮਨੁੱਖ ਨੂੰ ਅੰਤਰਜਾਤੀ ਵਿਆਹ ਨਹੀਂ ਕਰਨਾ ਚਾਹੀਦਾ, ਸਗੋਂ ਆਪਣੀ ਜਾਤੀ ਵਿਚ ਸਬੰਧ ਬਣਾਉਣੇ ਚਾਹੀਦੇ ਹਨ। (ਭਾਵ ਸ਼ੰਕਰਾਚਾਰੀਆ ਇਹ ਦਲੀਲ ਦਿੰਦਾ ਹੈ ਕਿ ਮਨੁੱਖ ਵੀ ਪਸ਼ੂ ਹੈ। ਪਸ਼ੂ ਦਾ ਤਾਂ ਜਾਤ ਹੁੰਦੀ ਹੈ, ਜਾਨਵਰ ਦੀ ਵੀ ਜਾਤ ਹੁੰਦੀ ਹੈ, ਪਰੰਤੂ ਸਾਡੀ ਦਲੀਲ ਇਹ ਹੈ ਕਿ ਘੋੜੀ ਅਤੇ ਖੋਤੇ ਦੀ ਥਾਂ ਦੁਨੀਆਂ ਦਾ ਕੋਈ ਬੰਦਾ ਤੇ ਉੱਚ ਜਾਤੀ ਦਾ ਕੋਈ ਔਰਤ ਸ਼ਾਦੀ ਕਰ ਲੈਣ, ਉਹਨਾਂ ਤੋਂ ਨਾ ਖੱਚਰ ਪੈਦਾ ਹੋਵੇਗਾ ਨਾ ਕਤੂਰਾ। ਬਸ ਇਨਸਾਨ ਦਾ ਬੱਚਾ ਹੀ ਜਨਮੇਗਾ। ਜਿਵੇਂ ਪਾਰਸੀ ਫਿਰੋਜ ਗਾਂਧੀ ਅਤੇ ਇੰਦਰਾ ਜੀ ਦੇ ਦੋ ਦੋ ਬੱਚੇ ਹੋਏ, ਜਿੰਨ੍ਹਾਂ ਵਿਚੋਂ ਇਕ ਅੱਜ ਦੇਸ਼ ਦਾ ਪ੍ਰਧਾਨ ਮੰਤਰੀ ਹੈ ਅਤੇ ਤੇ ਉਸਨੇ ਇਟਲੀ ਦੀ ਇਕ ਔਰਤ ਨਾਲ ਵਿਆਹ ਕਰ ਲਿਆ ਹੈ ਤੇ ਉਸ ਤੋਂ ਵੀ ਦੋ ਸੁੰਦਰ ਇਨਸਾਨੀ ਬੱਚੇ ਪੈਦਾ ਹੋਏ ਹਨ। ਸ਼ੰਕਰਾਚਾਰੀਆ ਦਾ ਘੋੜੇ ਗਧਿਆਂ ਤੇ ਕੁੱਤਿਆਂ ਵਾਲਾ ਸਿਧਾਂਤ ਇਥੇ ਤਾਂ ਲਾਗੂ ਨਹੀਂ ਹੋਇਆ। ਪ੍ਰਧਾਨ ਮੰਤਰੀ ਦੇ ਬੱਚੇ ਵੀ, ਹੋ ਸਕਦਾ ਹੈ ਬ੍ਰਾਹਮਣਾਂ ਦੇ ਘਰ ਸ਼ਾਦੀ ਨਾ ਕਰਾਉਣ। ਇਵੇਂ ਜਿਹੜੀਆਂ ਰਾਜਪੂਤ ਜਾਂ ਹੋਰ ਉੱਚ ਜਾਤੀਆਂ ਨੇ ਆਪਣੀਆਂ ਲੜਕੀਆਂ ਮੁਗਲ ਜਾਂ ਮੁਸਲਮਾਨ ਬਾਦਸ਼ਾਹਾਂ ਨੂੰ ਦਿੱਤੀਆਂ, ਉਹਨਾਂ ਤੋਂ ਕੋਈ ਜਾਨਵਰ ਨਹੀਂ, ਸਗੋਂ ਇਨਸਾਨ ਪੈਦਾ ਹੋਏ ਤੇ ਬਾਦਸ਼ਾਹ ਬਣੇ। ਜਗਜੀਵਨ ਰਾਮ ਦੇ ਲੜਕੇ ਘਰ ਵੀ ਇਕ ਨੂਕਰਾਣੀ ਜਾਂ ਜਾਣਨੀ ਦੱਸੀ ਜਾਂਦੀ ਹੈ। ਇਸੇ ਤਰ੍ਹਾਂ ਸੈਂਕੜੇ ਨੀਵੀਂ ਜਾਤੀ ਆਈ. ਏ. ਐਸ. ਕਾਡਰ ਦੇ ਲੜਕੇ ਹੋਣਗੇ ਜਿਨ੍ਹਾਂ ਨੂੰ ਉੱਚੀ ਜਾਤੀ ਦੇ ਲੋਕਾਂ ਨੇ ਆਪਣੀਆਂ ਲੜਕੀਆਂ ਦਿੱਤੀਆਂ ਹੋਈਆਂ ਹਨ। ਕੀ ਉਹਨਾਂ ਤੋਂ ਬੰਦਿਆਂ ਵਰਗੇ ਬੱਚੇ ਪੈਦਾ ਨਹੀਂ ਹੋਏ?

–ਸ਼ੰਕਰਾਚਾਰੀਆ ਦਾ ਸਿਧਾਂਤ ਜਾਤ ਪਾਤ ਪੱਕਾ ਰੱਖਣ ਦਾ ਸਿਧਾਂਤ ਹੈ। ਕੋਈ ਵਿਗਿਆਨਕ ਦਲੀਲ ਨਹੀਂ। ਉਸ ਦਾ ਇਹ ਸਿਧਾਂਤ ਸਤਿਯੁਗ ਦਾ, ਦੁਆਪਰ ਦਾ ਜਾਂ ਤਰੇਤੇ ਦਾ ਸਿਧਾਂਤ ਤਾਂ ਹੋ ਸਕਦਾ ਹੈ ਪਰੰਤੂ ਇਹ ਕਲਯੁਗ ਹੈ। ਇਸ ਯੁੱਗ ਵਿਚ ਵੇਦਾਂ ਦਾ, ਸ਼ਾਸ਼ਤਰਾਂ ਦਾ ਤੇ ਉਸ ਵਿਚਲੇ ਪ੍ਰਮਾਤਮਾ ਦਾ ਸੱਚ ਨਹੀਂ ਚਲਦਾ।

ਅਜੇ ਤਾਂ ਘੋਰ ਕਲਯੁੱਗ ਦੇ ਆਉਣ ਦੀ ਪੂਰੀ ਉਮੀਦ ਹੈ। ਉਸ ਸਮੇਂ ਇਹ ਜਾਤ ਪਾਤ, ਊਚ ਨੀਚ, ਛੂਤ ਛਾਤ, ਨਹੀਂ ਰਹੇਗੀ। ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਦਾ ਸਿਧਾਂਤ ਘੜਨ ਵਾਲਾ ਸਭ ਨਕਾਰ ਦਿੱਤਾ ਜਾਵੇਗਾ। ਉਸ ਘੋਰ ਕਲਯੁਗ ਸਮੇਂ ਸਾਰੇ ਇਨਸਾਨ ਹੋਣਗੇ, ਬਸ ਇਨਸਾਨ। ਉਹਨਾਂ ਇਨਸਾਨਾਂ ਨੂੰ ਸ਼ੰਕਰਾਚਾਰੀਆ ਦੇ ਸਿਧਾਂਤ ਨਹੀਂ, ਇਨਸਾਨੀਅਤ ਦੇ ਸਿਧਾਂਤ ਚਲਣਗੇ।

5. ਵੇਦਾਂ ਅਨੁਸਾਰ ਵਿਧਵਾ ਨੂੰ ਸਨਿਆਸਣ ਬਣ ਚਾਹੀਦਾ ਹੈ। ਵਿਧਵਾ ਦਾ ਦੁਬਾਰਾ ਵਿਆਹ ਨਹੀਂ ਹੋਣਾ ਚਾਹੀਦਾ। (ਘੋਰ ਕਲਿਯੁਗ ਵਿਚ ਸ਼ਾਇਦ ਵਿਧਵਾ ਤੇ ਆਮ ਔਰਤਾਂ ਪੁਛਣਗੀਆਂ ਕਿ ਪ੍ਰਮਾਤਮਾਂ ਨੇ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਬਣਾਏ ਹਨ ਤਾਂ ਬ੍ਰਾਹਮਣੀ, ਕਸ਼ੱਤਰਾਣੀ, ਵੈਸ਼ਰਾਣੀ ਅਤੇ ਸ਼ੂਦਰਾਣੀ ਨੂੰ ਵੀ ਆਪਣੇ ਸ਼ਰੀਰ 'ਚੋਂ ਹੀ ਪੈਦਾ ਕੀਤਾ ਹੋਵੇਗਾ ਤੇ ਜਿਹੜੇ ਅਧਿਕਾਰ ਬ੍ਰਾਹਮਣ ਬੰਦੇ ਨੂੰ ਹਨ, ਉਹ ਬ੍ਰਾਹਮਣ ਔਰਤ ਨੂੰ ਕਿਉਂ ਨਹੀਂ?)

6. ਔਰਤ ਦਾ ਆਪਣੇ ਪਤੀ ਦੀ ਮੌਤ ਤੋਂ ਬਾਦ ਮਰ ਜਾਣਾ ਹੀ ਬੇਹਤਰ ਹੈ।

7. ਦੇਸ਼ ਵਿਚ ਇਕ ਵੀ 'ਹਰੀਜਨ' ਐਸਾ ਨਹੀਂ ਜਿਹੜਾ ਬ੍ਰਾਹਮਣ ਦੇ ਬਰਾਬਰ ਯੋਗ ਹੋਵੇ। (ਹਰੀਜਨ ਦਾ ਅਰਥ ਹੈ ਅਜਿਹੀ ਸੰਤਾਨ ਜਿਸਦੇ ਬਾਪ ਦਾ ਪਤਾ ਨਾ ਹੋਵੇ। ਇਹ ਗੁਜਰਾਤੀ ਭਾਸ਼ਾ ਦਾ ਸ਼ਬਦ ਹੈ। ਭਾਵ ਪਾਪ ਜੋਨੀ ਦੀ ਔਲਾਦ। ਇਹ ਸ਼ਬਦ ਮਹਾਤਮਾ ਗਾਂਧੀ ਨੇ 1932 ਵਿਚ ਭਾਰਤ ਦੇ 18–20 ਕਰੋੜ ਅਛੂਤਾਂ ਲਈ ਵਰਤਿਆ।) ਫਿਰ ਇਹਨਾਂ ਦਾ ਨਾਂ ਅੰਗਰੇਜਾਂ ਸਮੇਂ ਅਨੁ: ਜਾਤੀਆਂ ਅਤੇ ਅਨੁ: ਕਬੀਲੇ ਪੈ ਗਿਆ। ਹੁਣ ਇਹ ਆਮ ਹੀ ਅਛੂਤਾਂ ਲਈ ਵਰਤਿਆ ਜਾਂਦਾ ਹੈ। ਬੇਸ਼ੱਕ ਇਹ ਸ਼ਬਦ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਵਰਤਣਾ ਬੰਦ ਕੀਤਾ ਗਿਆ ਹੈ, ਫਿਰ ਵੀ ਦੇਸ਼ ਦੇ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਤੋਂ ਹਰੀਜਨ ਹਰੀਜਨ ਪੁਕਾਰਦੇ ਜਾ ਰਹੇ ਹਨ ਤੇ ਅਛੂਤ ਤਾੜੀਆਂ ਮਾਰਦੇ ਜਾ ਰਹੇ ਹਨ।

ਹੁਣ ਸਵਾਲ ਹੈ ਕਿ ਕੀ ਇਕ ਵੀ ਅਛੂਤ, ਬ੍ਰਾਹਮਣ ਦੇ ਬਰਾਬਰ ਯੋਗ ਨਹੀਂ? ਸ਼ੰਕਰਾਚਾਰੀਆ ਜੀ ਤੁਹਾਡੀ ਜਮਾਤ ਹਜਾਰਾਂ ਸਾਲਾਂ ਵਿਚ ਇਕ ਵੀ ਅੰਬੇਡਕਰ ਪੈਦਾ ਨਹੀਂ ਕਰ ਸਕੀ। ਇਕ ਵੀ ਵਾਲਮੀਕ ਪੈਦਾ ਨਹੀਂ ਕਰ ਸਕੀ। ਅਛੂਤਾਂ ਨੂੰ ਸੰਕਰਾਚਾਰੀਆ ਦਾ ਚੈਲੰਜ ਕਬੂਲ ਕਰ ਲੈਣਾ ਚਾਹੀਦਾ ਹੈ। ਅਤੇ ਉਸ ਨੂੰ ਯਾਦ ਕਰਵਾ ਦੇਣਾ ਚਾਹੀਦਾ ਹੈ ਕਿ 'ਅਗਨੀ ਮਿਜ਼ਾਈਲ' ਬਣਾਉਣ ਵਾਲਾ ਮੁਸਲਮਾਨ ਡਾ. ਅਬਦੁੱਲ ਕਲਾਮ ਇਕ ਅਛੂਤ ਹੈ।

ਬ੍ਰਾਹਮਣਵਾਦ ਅਤੇ ਮਨੂੰਵਾਦ ਦੇ ਸੰਵਿਧਾਨ ਦੀਆਂ ਮੁੱਖ ਧਾਰਾਵਾਂ

1. ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ ।2. ਉਹ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ ਅਤੇ ਧਰਮ ਦੇ ਖਜ਼ਾਨੇ ਦਾ ਰੱਖਿਅਕ ਹੈ ।3. ਸੰਸਾਰ ਅੰਦਰ ਜੋ ਵੀ ਸੰਪੱਤੀ ਹੈ, ਉਹ ਸਾਰੀ ਬ੍ਰਾਹਮਣ ਦੀ ਨਿਜੀ ਹੈ ।ਬਾਕੀ ਸਾਰੇ ਲੋਕ ਬ੍ਰਾਹਮਣ ਦੀ ਦਇਆ ਤੋਂ ਹੀ ਭੋਜਨ ਆਦਿ ਪ੍ਰਾਪਤ ਕਰਦੇ ਹਨ ।4. ਸੰਸਾਰ ਵਿੱਚ ਬ੍ਰਾਹਮਣ ਤੋਂ ਵੱਧ ਕੇ ਕੋਈ ਪ੍ਰਾਣੀ ਨਹੀਂ ਹੈ । 5. ਸੰਸਾਰ, ਦੇਵਤੇ ਅਤੇ ਮੰਤਰ ਬ੍ਰਾਹਮਣ ਦੇ ਅਧੀਨ ਹਨ । 6. ਬ੍ਰਾਹਮਣ ਦੀ ਕ੍ਰੋਪੀ ਤੋਂ ਕੋਈ ਬਚਾ ਨਹੀਂ ਸਕਦਾ ।ਬ੍ਰਾਹਮਣੀ ਕਰੋਧ ਕਰੋੜਾਂ ਕੁਲਾਂ ਨੂੰ ਭਸਮ ਕਰ ਦਿੰਦਾ ਹੈ । 7. ਸਾਰੇ ਨਰ-ਨਾਰੀ ਬ੍ਰਾਹਮਣ ਦੇ ਚਰਨਾ ਦੇ ਸੇਵਕ ਹਨ । 8. ਕੋਈ ਸ਼ੂਦਰ, ਬ੍ਰਾਹਮਣ ਇਸਤਰੀ ਨਾਲ ਭੋਗ ਨਹੀਂ ਕਰ ਸਕਦਾ ।ਉਹ ਦੰਡ ਦਾ ਭਾਗੀ ਹੋਵੇਗਾ ।9. ਚਾਰ ਵਰਣ ਹਨ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ।ਚਾਰੇ ਇੱਕ-ਦੂਜੇ ਨਾਲੋਂ ਹੇਠ ਉੱਤੇ ਸ਼੍ਰੇਸ਼ਟ ਹਨ। 10. ਬ੍ਰਾਹਮਣ ਤੋਂ ਬਿਨਾਂ ਕੋਈ ਤਪੱਸਿਆ ਨਹੀਂ ਕਰ ਸਕਦਾ ।

11. ਬ੍ਰਾਹਮਣ ਨੂੰ ਸ਼ੂਦਰ ਦੇ ਰਾਜ ਵਿੱਚ ਨਹੀਂ ਰਹਿਣਾ ਹੋਵੇਗਾ ।12. ਬ੍ਰਾਹਮਣ ਭੈੜੇ ਕੰਮ ਕਰਕੇ ਵੀ ਅਪਵਿੱਤਰ ਨਹੀਂ ਹੁੰਦਾ । 13. ਸ਼ੂਦਰ ਨੂੰ ਧਰਮ ਕਰਮ ਸਿਖਾਉਣ ਵਾਲਾ ਬ੍ਰਾਹਮਣ ਨਰਕ ਨੂੰ ਜਾਵੇਗਾ ।14. ਸ਼ੂਦਰ ਦਾ ਨਾਂ ਘ੍ਰਿਣਾਯੋਗ ਹੋਣਾ ਚਾਹੀਦਾ ਹੈ । 15. ਬ੍ਰਾਹਮਣ ਦਾ, ਸ਼ੂਦਰ ਦਾ ਅੰਨ ਖਾਣ ਨਾਲ ਸਭ ਕੁਝ ਭ੍ਰਿਸ਼ਟਿਆ ਜਾਂਦਾ ਹੈ ।16. ਬ੍ਰਾਹਮਣ 'ਤੇ ਹਮਲਾ ਕਰਨ ਵਾਲੇ ਸ਼ੂਦਰ ਦੇ ਦੋਨੋਂ ਹੱਥ ਕੱਟ ਦਿਉ । 17. ਸ਼ੂਦਰ ਜਾਂ ਉਸ ਦੀ ਵਸਤੂ ਨਾਲ ਲੱਗ ਕੇ ਬ੍ਰਾਹਮਣ ਅਪਵਿੱਤਰ ਹੋ ਜਾਵੇ ਤਾਂ ਪੰਜ ਗਵੇ, ਗਾਂ ਦਾ ਦੁੱਧ, ਮੱਖਣ ਘਿਓ, ਪਿਸਾਬ ਤੇ ਦਹੀਂ ਖਾ ਕੇ ਪਵਿੱਤਰ ਹੋਵੇ ।18. ਬ੍ਰਾਹਮਣ ਤਿੰਨ ਵਰਨਾਂ ਦੀਆਂ ਕੁੜੀਆਂ ਨਾਲ ਵਿਆਹ ਕਰਾਉਣ ਦਾ, ਖੱਤਰੀ ਦੋ ਅਤੇ ਵੈਸ਼ ਇੱਕ ਵਰਨ ਵਿਆਹ ਕਰਾਉਣ ਦੇ ਅਧਿਕਾਰੀ ਹਨ ।19. ਸਾਰੇ ਗਿਆਨ (ਭਾਵ ਵਿਦਿਆ) ਦਾ ਮਾਲਕ ਬ੍ਰਾਹਮਣ ਹੈ ।20. ਬ੍ਰਾਹਮਣ ਦੇ ਮੂੰਹ ਰਾਹੀਂ ਦੇਵਤੇ ਤੇ ਪਿਤਰ ਆਪਣਾ ਹਿੱਸਾ ਖਾਂਦੇ ਹਨ।

21. ਰਾਜਾ ਬ੍ਰਾਹਮਣ ਨੂੰ ਦੁਖੀ ਨਹੀਂ ਕਰ ਸਕਦਾ ।22. ਬ੍ਰਾਹਮਣ ਤੇ ਕਸ਼ੱਤਰੀ ਰਲ ਕੇ ਹੀ ਮਾਨਤਾ ਪਾ ਸਕਦੇ ਹਨ ।23. ਬ੍ਰਾਹਮਣ ਸ਼ੂਦਰ ਤੋਂ ਧਨ ਖੋਹ ਸਕਦਾ ਹੈ ।24. ਰਾਜਾ ਬ੍ਰਾਹਮਣ ਤੋਂ ਟੈਕਸ ਨਹੀਂ ਲੈ ਸਕਦਾ । 25. ਰਾਜਾ ਬ੍ਰਾਹਮਣ ਦੀ ਰੱਖਿਆ ਕਰੇਗਾ ।26. ਰਾਜਾ ਬ੍ਰਾਹਮਣ ਨੂੰ ਇਸਤਰੀਆਂ, ਘਰ, ਗੱਡੀ, ਧਨ ਅਤੇ ਖਾਸ ਪਦਾਰਥ ਦੇਵੇਗਾ ।27. ਬ੍ਰਾਹਮਣ ਦਾ ਖੂਨ (ਕਤਲ) ਕਰਨ ਵਾਲੇ ਦਾ ਮਾਸ ਗਿੱਦੜ, ਕੁੱਤੇ ਤੇ ਗਿਰਜਾਂ ਖਾਂਦੇ ਹਨ ।28. ਹਰ ਆਦਮੀ ਬ੍ਰਾਹਮਣ ਨੂੰ ਪ੍ਰਣਾਮ ਕਰੇਗਾ ।29. ਬ੍ਰਾਹਮਣ ਦੀ ਪੂਜਾ ਕਰੋ ।30. ਬ੍ਰਾਹਮਣ ਦੀ ਰਾਖੀ ਕਰਨ ਵਾਲਾ ਹੱਤਿਆ ਤੋਂ ਮੁਕਤ ਹੋਵੇਗਾ ।

31. ਬ੍ਰਾਹਮਣ ਨੂੰ ਭੋਜਨ ਕਰਾਉਣ ਵਾਲਾ ਗਊ ਹੱਤਿਆ ਦਾ ਪਾਪ ਵੀ ਨਸ਼ਟ ਹੋ ਜਾਂਦਾ ਹੈ ।32. ਬ੍ਰਾਹਮਣ ਨੂੰ ਮਾਰਨਾ ਘੋਰ ਜ਼ੁਲਮ ਹੈ । 33. ਸਰਾਪੀ, ਮਾਰਨ ਵਾਲਾ, ਗਾਲ੍ਹਾਂ ਦੇਣ ਵਾਲਾ, ਚਰਿੱਤਰ ਹੀਣ ਤੇ ਮੂਰਖ ਬ੍ਰਾਹਮਣ ਵੀ ਪੂਜਾ ਯੋਗ ਹੈ। 34. ਬ੍ਰਾਹਮਣ ਗਊ ਮਾਸ ਖਾ ਸਕਦਾ ਹੈ।35. ਭਗਵਾਨ, ਗਊ, ਦੇਵਤਾ, ਸੰਤਾਂ ਦੀ ਰਾਖੀ ਲਈ ਬੰਦੇ ਦਾ ਰੂਪ ਧਾਰਨ ਕਰਕੇ ਆਉਂਦਾ ਹੈ ।36. ਸੰਸਾਰ 'ਚ ਉੱਤਮ ਪੂਜਾ ਬ੍ਰਾਹਮਣ ਨੂੰ ਪੂਜਣਾ ਹੈ। 37. ਗਾਇਤਰੀ ਪਾਠ ਕਰਨ ਨਾਲ ਤਿੰਨ ਵੇਦਾਂ ਦਾ ਫਲ ਮਿਲਦਾ ਹੈ।38. ਧਨ ਦੇ ਕੇ ਬ੍ਰਾਹਮਣ ਨੂੰ ਇਸਤਰੀ ਭੋਗ ਲਈ ਬੁਲਾਇਆ ਜਾ ਸਕਦਾ ਹੈ।39. ਸ਼ੂਦਰ ਦਾ ਅੰਨ ਖਾਣ ਵਾਲਾ ਬ੍ਰਾਹਮਣ ਪਿੰਡ ਦਾ ਕੁੱਤਾ ਬਣੇਗਾ ਜਾਂ ਸੂਰ ਬਣੇਗਾ ।40. ਰਾਜਾ ਸ਼ੂਦਰਾਂ ਤੋਂ ਨਿਸ਼ਚਿਤ ਕੀਤੇ ਕੰਮ ਲਵੇ।

41. ਅਪੂਰਨ ਯੱਗ ਸ਼ੂਦਰਾਂ ਦੇ ਘਰ ਲੁੱਟ ਕੇ ਪੂਰਾ ਕੀਤਾ ਜਾਵੇ ।42. ਸ਼ੂਦਰ ਨੂੰ ਕੁਦਰਤ ਨੇ ਗੁਲਾਮ ਬਣਾ ਕੇ ਪੈਦਾ ਕੀਤਾ ਹੈ ।43. ਬ੍ਰਾਹਮਣਾਂ ਨੇ ਆਪਣੇ ਮੂੰਹ 'ਚੋਂ ਬ੍ਰਾਹਮਣਾਂ, ਬਾਹਾਂ 'ਚੋਂ ਕਸ਼ੱਤਰੀ, ਲੱਤਾਂ 'ਚੋਂ ਵੈਸ਼ ਅਤੇ ਪੈਰਾਂ 'ਚੋਂ ਸ਼ੂਦਰ ਨੂੰ ਪੈਦਾ ਕੀਤਾ।44. ਈਸ਼ਵਰ ਦਾ ਸ਼ੂਦਰ ਲਈ ਆਦੇਸ਼ ਹੈ, ਉਪਰਲੇ ਤਿੰਨਾਂ ਵਰਨਾਂ (ਸਵਰਨਾਂ) ਦੀ ਸੇਵਾ ਕਰੇ ।45. ਸ਼ੂਦਰ ਨੂੰ ਖਾਣ ਲਈ ਦਵਿਜਾਂ ਦੀ ਜੂਠ ਤੇ ਪਹਿਨਣ ਲਈ ਫਟੇ ਪੁਰਾਣੇ ਕੱਪੜੇ ਦਿਓ ।46.

ਨੀਚਾਂ ਦੀ ਸੰਪਤੀ ਕੁੱਤੇ, ਗਧੇ ਤੇ ਸੂਰ ਹੋਵੇਗੀ। ਇਹ ਪਿੰਡ ਤੋਂ ਬਾਹਰ ਵਸਣਗੇ।47. ਇਹ ਮੁਰਦਿਆਂ ਤੋਂ ਲਾਹੇ ਕੱਪੜੇ ਪਹਿਨਣਗੇ।ਟੁੱਟੇ ਬਰਤਨਾਂ 'ਚ ਖਾਣਗੇ।48. ਸ਼ੂਦਰ ਦੀ ਰੋਜ਼ੀ ਦਵਿਜਾਂ ਦੇ ਅਧੀਨ ਹੋਵੇਗੀ।49. ਸ਼ੂਦਰ ਪਤਿਤ ਹਨ।50. ਪੰਚ ਗਵੇ ਪੀਣ ਵਾਲਾ ਸ਼ੂਦਰ ਨਰਕ ਨੂੰ ਜਾਵੇਗਾ।

51. ਸ਼ੂਦਰ ਦਾ ਅੰਨ ਖਾਣ ਵਾਲਾ ਬ੍ਰਾਹਮਣ ਸੱਤ ਜਨਮ ਕੁੱਤਾ ਬਣੇਗਾ।52. ਸ਼ੂਦਰ ਨੂੰ ਅਕਲ ਨਹੀਂ ਸਿਖਾਉਣੀ।53. ਸ਼ੂਦਰ ਪਾਸੋਂ ਸਿਰਫ ਸੇਵਾ ਕਰਾਉਣੀ ਹੈ।54. ਬ੍ਰਾਹਮਣ ਜਾਤ ਦੀ ਇਸਤਰੀ ਨਾਲ ਵਿਸ਼ਾ ਕਰਨ ਵਾਲੇ ਸ਼ੂਦਰ ਨੂੰ ਜਿੰਦਾ ਅੱਗ ਵਿੱਚ ਸੁੱਟਣ ਦੀ ਸਜ਼ਾ ਹੈ।55. ਨਿਸ਼ਚਤ ਕੀਤਾ ਧਰਮ ਤੇ ਕਰਮ ਛੱਡਣ ਵਾਲੇ ਲੋਕਾਂ ਨੂੰ ਰਾਜਾ ਸਜ਼ਾ ਦੇਵੇਗਾ।56. ਆਪਣਾ ਨਿਸ਼ਚਤ ਧਰਮ (ਭਾਵ ਸੇਵਾ ਧਰਮ) ਪਾਲਣ ਵਾਲਾ ਸ਼ੂਦਰ ਸਵਰਗ ਨੂੰ ਜਾਵੇਗਾ। 57. ਸ਼ੂਦਰ ਆਪਣੀ ਜਾਨ, ਧਨ ਅਤੇ ਇਸਤਰੀ ਬ੍ਰਾਹਮਣ ਦੀ ਸੇਵਾ 'ਚ ਅਰਪਨ ਕਰਨਗੇ।58. ਸ਼ੂਦਰ ਨੂੰ ਸੋਮਰਸ ਨਹੀਂ ਪਿਆਉਣਾ।59. ਸ਼ੂਦਰ ਹੱਥ ਜੋੜ ਕੇ, ਹੇਠਾਂ ਝੁਕ ਕੇ, ਅੱਗੇ ਨੂੰ ਹੱਥ ਵਧਾ ਕੇ, ਨਮਸਕਾਰ ਕਰੇਗਾ।60. ਜੇ ਸ਼ੂਦਰ, ਬ੍ਰਾਹਮਣ ਨੂੰ ਉਪਦੇਸ਼ ਕਰੇ ਤਾਂ ਰਾਜਾ ਉਸ ਦੇ ਮੂੰਹ 'ਚ ਤੱਤਾ ਤੇਲ ਭਰਵਾ ਦੇਵੇ।ਜੇ ਉਹ ਦਵਿਜ ਦਾ ਅਪਮਾਨ ਕਰੇ ਤਾਂ ਵੱਡਾ ਸਰੀਆ ਮੂੰਹ ਵਿੱਚ ਪਾਇਆ ਜਾਵੇ।

61. ਸ਼ੂਦਰ ਵੇਦ ਪਾਠ ਪੜ੍ਹੇ ਜਾਂ ਸੁਣੇ ਤਾਂ ਉਸ ਦੇ ਕੰਨਾਂ 'ਚ ਪਿਘਲਾਇਆ ਸ਼ੀਸ਼ਾ ਪਾ ਦਿਉ।62. ਦਾਸ ਜਾਤੀਆਂ ਯੱਗ ਨਹੀਂ ਕਰਨਗੀਆਂ।63. ਸ਼ੂਦਰਾਂ ਨੂੰ ਗਰੀਬ ਬਣਾਈ ਰੱਖਣਾ ਹੀ ਹਿੰਦੂ ਧਰਮ ਦਾ ਪਾਲਣ ਕਰਨਾ ਹੈ।64. ਸੇਵਾ ਕਰਨਾ ਹੀ ਸ਼ੂਦਰਾਂ ਦਾ ਪਰਮੋ ਧਰਮ ਹੈ।65. ਇਸਤਰੀਆਂ ਅਤੇ ਸ਼ੂਦਰਾਂ ਨੂੰ ਲੜਾਉਂਦੇ ਰਹਿਣਾ ਚਾਹੀਦਾ ਹੈ। 66. ਭੰਗੀ ਮੁਰਦੇ ਢੋਣਗੇ . 67. ਸ਼ੂਦਰਾਂ ਨੂੰ ਵਿਧਾਤਾ (ਭਗਵਾਨ) ਨੇ ਬ੍ਰਾਹਮਣਾਂ ਦੇ ਦਾਸ (ਗੁਲਾਮ) ਹੀ ਬਣਾਇਆ ਹੈ।68. ਅਤੀ ਸਿਆਣਾ ਸ਼ੂਦਰ ਵੀ ਆਦਰਯੋਗ ਨਹੀਂ। 69. ਨੀਚ ਜਾਤੀਆਂ ਦੇ ਲੋਕ ਪਿੰਡ ਜਾਂ ਨਗਰ ਵਿੱਚ ਨਾ ਰਹਿਣਗੇ ਅਤੇ ਨਾ ਹੀ ਘੁੰਮਣਗੇ।70. ਸ਼ੂਦਰਾਂ ਦਾ ਕੰਮ ਹੈ ਗੰਦੇ ਕਿੱਤੇ ਕਰਨਾ।

71. ਯੱਗ ਸਮੇਂ ਬਲੀਆਂ ਦੇਣਾ ਧਰਮ ਕਰਮ ਹੈ।72. ਪਰਮਾਤਮਾ ਦਾ ਸ਼ੂਦਰ ਲਈ ਹੁਕਮ ਹੈ ਤਿੰਨਾਂ ਵਰਨਾਂ ਦੀ ਸੇਵਾ ਕਰਨਾ।73. ਅਛੂਤ ਲੋਕ ਗੈਰਕਾਸ਼ਤਕਾਰ ਰਹਿਣਗੇ।74. ਸਫਾਈ ਮਜ਼ਦੂਰ ਸਫਾਈ ਤੋਂ ਨਾਂਹ ਕਰੇ ਤਾਂ ਉਸ ਨੂੰ ਕੈਦ ਕਰ ਦਿਓ।75. ਅਛੂਤਾਂ ਦਾ ਮੰਦਰ ਪ੍ਰਵੇਸ਼ ਕਰਨਾ, ਜੁਰਮ ਤੇ ਸਜ਼ਾ ਦਾ ਭਾਗੀ ਹੈ।76. ਨੀਚ ਜਾਤੀ ਤੇ ਔਰਤਾਂ ਕੀੜੇ ਸਮਾਨ ਹਨ।77. ਸ਼ੂਦਰ ਦਾ ਅਪਮਾਨ ਕਰਨ ਦੀ ਕੋਈ ਸਜ਼ਾ ਨਹੀਂ ਹੈ।78. ਦਵਿਜ ਜਾਤੀਆਂ ਖਾਸ ਕਰਕੇ ਬ੍ਰਾਹਮਣ ਨੂੰ ਹਰ ਪ੍ਰਕਾਰ ਦਾ ਮਾਸ ਖਾਣ ਦੀ ਆਗਿਆ ਹੈ।ਸ਼ਰਾਧ 'ਚ ਉਹ ਗਊ ਮਾਸ ਵੀ ਖਾ ਸਕਦਾ ਹੈ।79. ਪਿਤਰਾਂ ਦੀ ਮੁਕਤੀ ਲਈ ਬ੍ਰਾਹਮਣਾਂ ਨੂੰ ਸਰਾਧ ਖੁਆਉਣੇ ਪੁੰਨ ਕਰਮ ਹੈ।80. ਜੋ ਰਮੇਸ਼ਵਰ ਤੀਰਥ ਤੇ ਗੰਗਾ ਜਲ ਲਿਆ ਕੇ ਚੜ੍ਹਾਉਣਗੇ ਉਹ ਸੁਰਗ ਨੂੰ ਜਾਣਗੇ।

81. ਸ਼ੰਕਰਾਚਾਰੀਆਂ ਦੀ ਇੱਛਾ ਹੈ ਕਿ ਰਮੇਸ਼ਵਰ ਤੋਂ ਲੈ ਕੇ ਹਿਮਾਲੀਆ ਤੀਕ ਬੋਧੀਆਂ ਨੂੰ ਮਾਰ ਦਿੱਤਾ ਜਾਵੇ, ਸਮੇਤ ਬੱਚੇ-ਬੁੱਢੇ।82. ਆਰੀਅਨ ਸੁਰਾ ਪਾਨ ਕਰੇਗਾ।83. ਦੇਵਤੇ ਲੋਕ ਭਾਵ ਬ੍ਰਾਹਮਣ ਵਾਰੁਣੀ ਸੁਰਾ ਪੀਣਗੇ।84. ਹਰ ਦੇਵਤੇ ਨੂੰ ਵਿਆਹੀ ਜਾਂ ਕੁਆਰੀ ਔਰਤ ਨਾਲ ਬਲਾਤਕਾਰ ਕਰਨ ਦੀ ਆਗਿਆ ਹੈ।85. ਇਸਤਰੀਆਂ ਸੁਭਾਅ ਤੋਂ ਹੀ ਮੂਰਖ ਤੇ ਗਿਆਨ ਹੀਣ ਮੰਨੀਆ ਜਾਣ।86. ਇੰਦਰ ਨੂੰ ਦਾਸਾਂ ਦਾ ਕਤਲ ਕਰਨ ਲਈ ਸਥਾਪਤ ਕੀਤਾ ਹੈ।87. ਹਰ ਔਰਤ, ਜਿਸ ਦੇ ਦਸ ਪਤੀ ਹੋਣ, ਜੇ ਗਿਆਰਵਾਂ ਬ੍ਰਾਹਮਣ ਉਸ ਦੀ ਬਾਂਹ ਫੜ ਲਵੇ ਤਾਂ ਉਹ ਉਸ ਦੀ ਹੋ ਜਾਵੇਗੀ।88. ਦੇਵਤਿਆਂ ਨੂੰ ਆਪਣੀਆਂ ਧੀਆਂ ਨਾਲ ਵੀ ਭੋਗ ਵਿਲਾਸ ਦੀ ਖੁੱਲ੍ਹ ਹੈ।89. ਆਦਮੀ ਪਸ਼ੂਆਂ ਨਾਲ ਵੀ ਭੋਗ ਕਰਨ ਉਪਰੰਤ ਪਵਿੱਤਰ ਹੋ ਸਕਦਾ ਹੈ।90. ਗੁਰੂ ਦੀ ਪਤਨੀ, ਭੂਆ ਅਤੇ ਸਕੀ ਭੈਣ ਨਾਲ ਵੀ ਭੋਗ ਕਰਨ ਦੀ ਦਵਿਜਾਂ ਨੂੰ ਆਗਿਆ ਹੈ।ਚੰਦਰਾਇਣ ਵਰਤ ਨਾਲ ਇਹੋ ਜਿਹੇ ਆਦਮੀ ਪਵਿੱਤਰ ਹੋ ਜਾਣਗੇ।

91. ਬ੍ਰਾਹਮਣ, ਮਾਸੂਮ ਲੜਕੀਆਂ ਨੂੰ ਦੇਵਦਾਸੀਆਂ ਬਣਾ ਕੇ ਭੇਟਾ ਵਜੋਂ ਲੈ ਸਕਦੇ ਹਨ। ਇਨ੍ਹਾਂ ਅਣਵਿਆਹੀਆਂ ਦੇਵ ਦਾਸੀਆਂ ਦੇ ਪੇਟੋਂ ਜਨਮੇਂ ਬੱਚੇ ਦਾ ਨਾਮ 'ਹਰੀਜਨ' ਹੋਵੇਗਾ।92. ਯੱਗ ਤੋਂ ਸਾਰੇ ਫਲ ਪ੍ਰਾਪਤ ਹੁੰਦੇ ਹਨ।93. ਯੱਗ 'ਚ ਮਰਿਆ ਪਸ਼ੂ ਸੁਰਗ ਨੂੰ ਪਹੁੰਚਦਾ ਹੈ।94. ਜੋ ਯੱਗ ਅਤੇ ਸਰਾਧਾਂ ਅੰਦਰ ਬਲੀ-ਦਾਨ (ਭਾਵ ਬਲੀ ਚੜ੍ਹਾਏ ਜਾਨਵਰ ਦਾ ਮਾਸ) ਨਹੀਂ ਖਾਂਦਾ, ਉਹ 21 ਜਨਮ ਸੂਰ ਬਣਦਾ ਹੈ।95. ਗਊ ਨੂੰ ਕੁਹਾੜੀ ਨਾਲ ਮਾਰ ਕੇ ਬਲੀ ਦਿਉ।96. ਸੁੰਦਰ, ਸੁਡੌਲ ਨੌਜਵਾਨ, ਦੁਰਗਾ, ਸਾਹਮਣੇ ਬਲੀ ਚੜ੍ਹਾਏ ਜਾਣ। 97. ਯੱਗਾਂ ਅੰਦਰ ਲੱਖਾਂ ਪਸ਼ੂ ਤੇ ਆਦਮੀ ਕਤਲ ਕੀਤੇ ਜਾ ਸਕਦੇ ਹਨ।98. ਕੋਈ ਵੀ ਨੀਚ ਜਾਤ ਦਾ

ਆਦਮੀ ਵਿੱਦਿਆ ਜਾਂ ਗਿਆਨ ਹਾਸਲ ਨਹੀਂ ਕਰ ਸਕਦਾ ।99. ਜਿਉਂਦਾ ਤੇ ਮਰਿਆ ਬੰਦਾ ਵੀ ਬੱਚੇ ਨੂੰ ਜਨਮ ਦੇ ਸਕਦਾ ਹੈ ।100. ਘਾਹ ਫੂਸ 'ਤੇ ਡਿੱਗਿਆ ਵੀਰਜ ਵੀ ਬੱਚੇ ਪੈਦਾ ਕਰ ਸਕਦਾ ਹੈ ।

101. ਦੇਵਤੇ ਯੋਗ ਮਾਇਆ ਨਾਲ ਕਿਸੇ ਔਰਤ ਦੇ ਗਰਭ ਵਿੱਚ ਵੜ ਸਕਦੇ ਹਨ ।102. ਦੇਵਤਿਆਂ, ਰਿਸ਼ੀਆਂ, ਮੁਨੀਆਂ ਨੂੰ ਸੁੰਦਰ ਔਰਤਾਂ 'ਤੇ ਮੋਹਤ ਹੋ ਕੇ ਉਨ੍ਹਾਂ ਨਾਲ ਭੋਗ ਕਰਨ 'ਤੇ ਵੀ ਕੋਈ ਪਾਪ ਨਹੀਂ ਲਗਦਾ। 103. ਦਾਨ ਨਾ ਕਰਨ ਵਾਲੇ ਭਿਆਨਕ ਯਮ ਲੋਕ ਵਿੱਚ ਜਾ ਕੇ ਸਜ਼ਾਵਾਂ ਪਾਉਣਗੇ ।104. ਬ੍ਰਾਹਮਣ ਦਾ ਧਨ ਖਾਣ ਨਾਲ ਬੰਦਾ ਸੱਤ ਪੀੜ੍ਹੀਆਂ ਦੁੱਖੀ ਹੋਵੇਗਾ ।105. ਪਤੀ ਨਾਲ ਨਾ ਮਰਨ ਵਾਲੀ ਇਸਤਰੀ ਨੂੰ 84 ਜਨਮਾਂ ਤੀਕ ਸਰੀਰ ਧਾਰਨ ਕਰਕੇ ਦੁੱਖ ਭੋਗਣੇ ਪੈਣਗੇ ।106. ਤੀਰਥ ਯਾਤਰੀਆਂ ਨੂੰ ਲੁੱਟਣ ਵਾਲਾ ਕਸਾਈ ਦਾ ਬੱਕਰਾ ਬਣੇਗਾ ।107. ਬ੍ਰਾਹਮਣ ਨੂੰ ਵਿਵਾਦ ਵਿੱਚ ਜਿੱਤਣ ਵਾਲਾ ਰਾਖਸ਼ ਬਣੇਗਾ ।108. ਬ੍ਰਾਹਮਣ ਨੂੰ ਗਊਆਂ, ਸੋਨਾ, ਚਾਂਦੀ, ਜ਼ਮੀਨ, ਇਸਤਰੀ, ਸੁੰਦਰ ਮਿੱਠੇ ਪਕਵਾਨ, ਤਰ੍ਹਾਂ-ਤਰ੍ਹਾਂ ਦਾ ਮਾਸ, ਸੁੰਦਰ ਬਸਤਰ, ਸੁੰਦਰ ਘਰ ਅਤੇ ਅੰਨ ਨਾਲ ਭਰੇ 12 ਘੜੇ ਦਾਨ ਕਰੋ ।109. ਬ੍ਰਾਹਮਣ ਪ੍ਰਮਾਤਮਾ ਨੂੰ ਵੀ ਸਰਾਪ ਦੇ ਸਕਦਾ ਹੈ।110. ਨਰਕ ਅਤੇ ਸੁਰਗ ਵਿੱਚ ਪ੍ਰਾਣੀ ਨੂੰ ਬ੍ਰਾਹਮਣਾਂ ਨੂੰ ਦਾਨ ਕੀਤੀ ਹੋਈ ਵਸਤੂ ਹੀ ਪ੍ਰਾਪਤ ਹੋ ਸਕਦੀ ਹੈ ।

111. ਬ੍ਰਾਹਮਣ ਦੇਵਤੇ ਹੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲੇ, ਪਾਲਣ ਵਾਲੇ ਤੇ ਵਿਨਾਸ਼ ਕਰਨ ਵਾਲੇ ਹਨ । 112. ਔਰਤਾਂ, ਸ਼ੂਦਰ ਤੇ ਚੰਡਾਲ ਸਭ ਪਾਪਾਂ ਦੀ ਔਲਾਦ ਹਨ ।113. ਔਰਤ ਕਦੇ ਆਜ਼ਾਦੀ ਦੇ ਯੋਗ ਨਹੀਂ ਹੁੰਦੀ । 114. ਪਤਨੀ, ਬਦਚਲਣ, ਕਰੂਪ, ਨਿਕੰਮੇ, ਵਿਹਲੜ, ਮਾਰਨ ਵਾਲੇ ਮੂਰਖ ਪਤੀ ਨਾਲ ਵੀ ਰਹੇਗੀ, ਉਸ ਦੀ ਸੇਵਾ ਕਰੇਗੀ, ਇਹੀ ਉਸ ਦਾ ਧਰਮ ਹੈ ।115. 30 ਸਾਲ ਦਾ ਆਦਮੀ 12 ਸਾਲ ਦੀ ਲੜਕੀ ਨਾਲ ਸ਼ਾਦੀ ਕਰ ਸਕਦਾ ਹੈ ।116. ਔਰਤ ਦਾ ਘੋੜੇ ਨਾਲ ਵੀ ਸੰਪਰਕ ਕਰਾਇਆ ਜਾ ਸਕਦਾ ਹੈ ।117. ਪਤੀ ਦੇ ਮਰਨ ਬਾਅਦ ਦੂਜਾ ਵਿਆਹ ਕਰਾਉਣ ਵਾਲੀ ਪਤਨੀ ਪਰਲੋਕ ਵਿੱਚ ਗਿੱਦੜ ਦੀ ਜੂਨ ਵਿੱਚ ਪਵੇਗੀ ।118. ਜਿਉਂਦੀ ਪਤਨੀ, ਮਰੇ ਪਤੀ ਨਾਲ ਜਲ ਮਰੇ, ਇਹੀ ਉਸ ਦਾ ਧਰਮ ਹੈ ।119. ਅਜਿਹੀ ਪਤਨੀ ਨੂੰ ਸਵਰਗ ਦੇ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ ਅਤੇ ਉਹ ਪਤੀ ਨਾਲ ਉਥੇ ਹਜ਼ਾਰਾਂ ਸਾਲ ਖੁਸ਼ੀ ਬਤੀਤ ਕਰਦੀ ਹੈ ।120. ਔਰਤ ਗਿਆਰਾਂ ਆਦਮੀਆਂ ਨਾਲ ਭੋਗ ਕਰ ਸਕਦੀ ਹੈ ।

121. ਇਸਤਰੀ ਦਾ ਦਿਲ ਕਪਟ, ਪਾਪਾਂ ਤੇ ਔਗੁਣਾਂ ਦੀ ਖਾਣ ਹੈ ।122. ਇਸਤਰੀ ਨੂੰ ਅਕਲ ਘੱਟ ਹੁੰਦੀ ਹੈ ।123. ਢੋਲ, ਪਸ਼ੂ, ਔਰਤ ਅਤੇ ਸ਼ੂਦਰ, ਕੁੱਟੇ ਜਾਣ ਦੇ ਹੀ ਅਧਿਕਾਰੀ ਹਨ । 124. ਇਸਤਰੀਆਂ ਨੀਚਾਂ ਤੋਂ ਨੀਚ ਹਨ ।125. ਇਸਤਰੀਆਂ ਨੂੰ ਪਰਾਏ ਬੰਦੇ ਤੋਂ ਨਿਯੋਗ ਰਾਹੀਂ ਸੰਤਾਨ ਪੈਦਾ ਕਰਨ ਦੀ ਖੁਲ੍ਹ ਹੈ ।126. ਦੂਜੀਆਂ ਜਾਤੀਆਂ ਦੀਆਂ ਔਰਤਾਂ ਨਾਲ ਭੋਗ ਕਰਨ ਦਾ ਦਰਜਾ ਵੱਖਰੇ-ਵੱਖਰੇ ਤੀਰਥਾਂ 'ਤੇ ਇਸ਼ਨਾਨ ਕਰਨ ਬਰਾਬਰ ਹੈ ।127. ਜੋ ਗਊ ਰੱਖਿਆ ਵਿੱਚ ਵਿਸ਼ਵਾਸ ਨਹੀਂ ਰੱਖਦਾ, ਉਹ ਹਿੰਦੂ ਨਹੀਂ । 128. ਜਾਤ-ਪਾਤ ਬਣਾਉਣਾ ਅਦੁੱਤੀ ਸ਼ਕਤੀ ਹੈ ।129. ਵਰਣ ਵਿਵਸਥਾ ਜਨਮ 'ਤੇ ਅਧਾਰਿਤ ਹੈ ।130. ਵਿਅਕਤੀ ਦਾ ਪੇਸ਼ਾ ਪਹਿਲੇ ਹੀ ਨਿਸ਼ਚਤ ਹੈ ।ਇਸ ਨੂੰ ਛੱਡਣਾ ਪਾਪ ਹੈ ।

131. ਭੰਗੀਆਂ ਦਾ ਟੱਟੀ ਚੁੱਕੀ ਜਾਣਾ ਪਵਿੱਤਰ ਕੰਮ ਹੈ ।132. ਬ੍ਰਾਹਮਣ ਹਿੰਦੂ ਧਰਮ ਦਾ ਅਤੇ ਮਾਨਵਤਾ ਦਾ ਸਭ ਤੋਂ ਸੁੰਦਰ ਫੁੱਲ ਹੈ ।133. ਤੀਰਥ ਯਾਤਰਾ ਕਰਨਾ, ਦੇਵੀ-ਦੇਵਤਿਆਂ ਦੀ ਪੂਜਾ ਕਰਨਾ, ਪੁਨਰ ਜਨਮ ਕਰਮ ਕਾਂਡ ਵਿੱਚ ਵਿਸ਼ਵਾਸ ਕਰਨਾ ਹੀ ਅਸਲੀ ਧਰਮ ਹੈ ।134. ਚੰਗਾ ਮਾੜਾ ਜੀਵਨ ਪੂਰਬਲੇ ਜਨਮ ਦੇ ਚੰਗੇ ਮਾੜੇ ਕਰਮ ਕਰਕੇ ਹੈ।135. ਬ੍ਰਾਹਮਣ ਨੂੰ ਕਿਸੇ ਦੀ ਪਤਨੀ ਜਾਂ ਹੋਰ ਔਰਤ ਨਾਲ ਘਰ ਦੇ ਜੀਆਂ ਸਾਹਮਣੇ ਹੀ ਭੋਗ ਲਈ ਲੈ ਜਾਣ ਦੀ ਆਗਿਆ ਹੈ ।136. ਬੰਦਾ ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਅਗਲੀ ਜੂਨੀ ਵਿੱਚ ਭੋਗਦਾ ਹੈ ।137. ਗੰਗਾ ਇੱਕ ਅਤਿ ਪਵਿੱਤਰ ਨਦੀ ਹੈ, ਜਿਸ ਵਿੱਚ ਇਸ਼ਨਾਨ ਕਰਨ ਨਾਲ ਜਨਮ-ਜਨਮਾਂਤਰਾਂ ਦੇ ਪਾਪ ਕੱਟੇ ਜਾਂਦੇ ਹਨ।138. ਪੱਥਰਾਂ ਦੇ ਭਗਵਾਨ ਵੀ ਸੁਣਦੇ, ਦੇਖਦੇ, ਕਰੋਪ ਹੁੰਦੇ ਅਤੇ ਬਖਸ਼ਸ਼ਾਂ ਕਰਦੇ ਹਨ ।139. ਦੇਵਤੇ ਆਪਣਾ ਅਹਾਰ ਬ੍ਰਾਹਮਣਾਂ ਰਾਹੀਂ ਪ੍ਰਾਪਤ ਕਰਦੇ ਹਨ । 140. ਆਦਮੀਆਂ ਤੇ ਪਸ਼ੂਆਂ ਦੀਆਂ ਬਲੀਆਂ ਦੇਣ ਨਾਲ ਸੁਰਗ ਪ੍ਰਾਪਤ ਹੁੰਦਾ ਹੈ ।141. ਤੀਰਥ ਯਾਤਰਾਵਾਂ ਪੁੰਨ ਦਾ ਕੰਮ ਹੈ । 142. ਮਨੁੱਖ ਨੂੰ ਸਾਰਾ ਜੀਵਨ ਬ੍ਰਾਹਮਣਾਂ ਨੂੰ ਦਾਨ ਪੁੰਨ ਕਰਨ ਲਈ ਲਗਾਉਣਾ ਚਾਹੀਦਾ ਹੈ।143. ਮੰਦਰਾਂ ਵਿੱਚ ਹਜ਼ਾਰਾਂ ਕੁਆਰੀਆਂ, ਦੇਵਦਾਸੀਆਂ ਵਜੋਂ ਰੱਖੀਆਂ ਜਾ ਸਕਦੀਆਂ ਹਨ ।

ਬ੍ਰਾਹਮਣ ਦੀ ਉੱਚਤਾ ਸਥਾਪਤ ਕਰਨ ਬਾਰੇ

ਮਨੂੰ ਸਿਮਰਤੀ (1,99-100)—ਬ੍ਰਾਹਮਣ ਜਨਮ ਲੈਂਦਿਆਂ ਹੀ ਪ੍ਰਿਥਵੀ ਦੇ ਸਾਰੇ ਜੀਵਾਂ ਤੋਂ ਸ੍ਰੇਸ਼ਟ ਹੈ ।ਉਸ ਸਾਰੇ ਪ੍ਰਾਣੀਆਂ ਦਾ ਈਸ਼ਵਰ ਹੈ ਅਤੇ ਧਰਮ ਦੇ ਖਜ਼ਾਨੇ ਦਾ ਰੱਖਿਅਕ ਹੈ । ਇਸ ਸੰਸਾਰ ਵਿੱਚ ਜੋ ਵੀ ਸੰਪਤੀ ਹੈ, ਉਹ ਸਾਰੀ ਬ੍ਰਾਹਮਣ ਦੀ ਨਿੱਜੀ ਹੈ ।ਆਪਣੇ ਉੱਤਮ ਜਨਮ ਦੇ ਕਾਰਨ ਹੀ ਬ੍ਰਾਹਮਣ ਸਾਰੀਆਂ ਸੰਪਤੀਆਂ ਗ੍ਰਹਿਣ ਕਰਨ ਦੇ ਯੋਗ ਹੈ । ਬ੍ਰਾਹਮਣ ਜਦੋਂ ਪਰਾਇਆ ਅੰਨ ਖਾਂਦਾ ਹੈ, ਪਰਾਇਆ ਵਸਤਰ ਪਹਿਨਦਾ ਹੈ ਅਤੇ ਪਰਾਏ ਧਨ ਲੈ ਕੇ ਦੂਜਿਆਂ ਨੂੰ ਦਿੰਦਾ ਹੈ ਤਾਂ ਉਹ ਸਭ ਉਸੇ ਦੇ ਹੀ ਰਿਣੀ ਹਨ, ਕਿਉਂਕਿ ਬਾਕੀ ਸਾਰੇ ਲੋਕ ਬ੍ਰਾਹਮਣ ਦੀ ਦਇਆ ਤੋਂ ਹੀ ਭੋਜਨ ਆਦਿ ਪ੍ਰਾਪਤ ਕਰਦੇ ਹਨ ।

(1-95)—ਮਨੂੰ-ਦੇਵਤਾ ਲੋਕ ਬ੍ਰਾਹਮਣ ਦੇ ਮੂੰਹ ਰਾਹੀਂ ਹੀ ਭੋਜਨ ਕਰਦੇ ਹਨ । ਇਸ ਲਈ ਸੰਸਾਰ ਵਿੱਚ ਬ੍ਰਾਹਮਣ ਤੋਂ ਵੱਧ ਕੇ ਕੋਈ ਪ੍ਰਾਣੀ ਨਹੀਂ ਹੈ ।

ਯਮਿਆਤਨਮ (51-53/8)—ਜੋ ਰਾਜਾ ਹੋ ਕੇ ਬ੍ਰਾਹਮਣ ਨੂੰ ਭੂਮੀ ਦਾਨ ਨਹੀਂ ਕਰਦਾ, ਉਹ ਸੰਸਾਰ ਵਿੱਚ ਦੂਜੇ ਜਨਮ ਵਿੱਚ ਇੱਕ ਪਿੰਡ ਵਿੱਚ ਕੁਟੀਆ ਵੀ ਨਹੀਂ ਪਾ ਸਕਦਾ ।

ਰਿਗ ਵੇਦ—ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ । ਦੇਵਤੇ ਮੰਤਰਾਂ ਦੇ ਅਧੀਨ ਹਨ । ਮੰਤਰ ਬ੍ਰਾਹਮਣਾਂ ਦੇ ਅਧੀਨ ਹਨ । ਇਸ ਲਈ ਬ੍ਰਾਹਮਣਾਂ ਨੂੰ ਪੂਜੋ ਅਤੇ ਇਨ੍ਹਾਂ ਦਾ ਹੁਕਮ ਮੰਨੋ ।

ਗਾਂਧੀ—ਬ੍ਰਾਹਮਣ ਹਿੰਦੂ ਧਰਮ ਅਤੇ ਮਾਨਵਤਾ ਦਾ ਸਭ ਤੋਂ ਚੰਗਾ ਫੁੱਲ ਹੈ । ਮੈਂ ਅਜਿਹਾ ਕੁਝ ਨਹੀਂ ਕਰਾਂਗਾ, ਜਿਸ ਨਾਲ ਇਹ ਮੁਰਝਾ ਜਾਵੇ ।

ਰਾਮ ਚੰਦਰ (ਤੁਲਸੀ ਰਮਾਇਣ ਵਿੱਚ) ਅਰਣ ਕਾਂਡ (39-4)—ਮੈਨੂੰ ਬ੍ਰਾਹਮਣ ਕੁਲ ਦਾ ਦੋਖੀ ਅੱਛਾ ਨਹੀਂ ਲਗਦਾ । (ਨੋਟ—ਤੁਲਸੀ ਰਮਾਇਣ ਮੁਗਲ ਅਕਬਰ ਦੇ ਸਮੇਂ ਲਿਖੀ ਗਈ)

ਤੁਲਸੀ ਰਮਾਇਣ ਬਾਲ ਕਾਂਡ (165-3)—ਭਲਾ ਬ੍ਰਾਹਮਣ ਅਤੇ ਗੁਰੂ ਦੇ ਕ੍ਰੋਧ ਤੋਂ ਕੌਣ ਬਚਾ ਸਕਦਾ ਹੈ ?

(204-3)—ਬ੍ਰਾਹਮਣ ਦਾ ਸਰਾਪ ਬਹੁਤ ਭਿਆਨਕ ਹੈ । ਇਹ ਕਿਸੇ ਵੀ ਹਾਲਤ ਟਲ ਨਹੀਂ ਸਕਦਾ । ਬ੍ਰਾਹਮਣ ਦਾ ਸਰਾਪ ਕਦੇ ਝੂਠਾ ਨਹੀਂ ਹੋ ਸਕਦਾ ।

ਅਯੁੱਧਿਆ ਕਾਂਡ (126-2)—ਬ੍ਰਾਹਮਣਾਂ ਦਾ ਖੁਸ਼ ਹੋਣਾ ਹੀ ਸਾਰੀਆਂ ਖੁਸ਼ੀਆਂ ਦੀ ਖਾਣ ਹੈ । ਬ੍ਰਾਹਮਣਾਂ ਦਾ ਕ੍ਰੋਧ ਕਰੋੜਾਂ ਕੁਲਾਂ ਨੂੰ ਭਸਮ ਕਰ ਦਿੰਦਾ ਹੈ ।

ਉੱਤਰ ਕਾਂਡ (44-4)—ਸਾਰੇ ਨਰ-ਨਾਰੀ ਬ੍ਰਾਹਮਣਾਂ ਦੇ ਚਰਨਾਂ ਦੇ ਸੇਵਕ ਹਨ ।

ਬ੍ਰਿਹਤ ਪਰਾਸ਼ਰ ਸਹਿੰਤਾ (ਅ-2)—ਬ੍ਰਾਹਮਣ, ਵੇਦ-ਵਿਰੁੱਧ ਕੰਮ ਕਰਨ 'ਤੇ ਵੀ ਦੋਸ਼ੀ ਨਹੀਂ ਹੁੰਦਾ ।

ਸੰਵਰਤ ਸਹਿੰਤਾ (152-54, 166-168)—ਬ੍ਰਾਹਮਣ ਜਾਤ ਦੀ ਇਸਤਰੀ ਨਾਲ ਵਿਸ਼ਾ (ਭੋਗ) ਕਰਨ ਵਾਲੇ ਸ਼ੂਦਰ ਨੂੰ ਅੱਗ ਵਿੱਚ ਸੁੱਟ ਦੇਵੋ ।

ਤੈਤਰੀਆ ਬ੍ਰਾਹਮਣ—ਸਾਰੀ ਸ੍ਰਿਸ਼ਟੀ ਬ੍ਰਹਮ ਤੋਂ ਬਣੀ (ਉਪਜੀ) ਹੈ । ਰਿਗਵੇਦ ਤੋਂ ਵੈਸ਼ ਬਣੇ, ਯਜੁਰ ਵੇਦ ਤੋਂ ਕਸ਼ੱਤਰੀ ਬਣੇ ਅਤੇ ਸਾਮਵੇਦ ਤੋਂ ਬ੍ਰਾਹਮਣ ਪੈਦਾ ਹੋਏ । ਵਿਸ਼ਨੂੰ (5,19,25)—ਜੇਕਰ ਸ਼ੂਦਰ, ਬ੍ਰਾਹਮਣ ਨੂੰ ਉਪਦੇਸ਼ ਦੇਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਹ ਸ਼ੂਦਰ ਦਾ ਮੂੰਹ ਗਰਮ ਤੇਲ ਨਾਲ ਭਰ ਦੇਵੇ ।

ਅਪਸਤੰਭ ਧਰਮ ਸੂਤਰ (1, 4, 5)—ਚਾਰ ਵਰਣ ਹਨ । ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ । ਸ਼ੂਦਰ ਨਾਲੋਂ ਵੈਸ਼, ਵੈਸ਼ ਨਾਲੋਂ ਖੱਤਰੀ ਅਤੇ ਖੱਤਰੀ ਨਾਲੋਂ ਬ੍ਰਾਹਮਣ ਸ੍ਰੇਸ਼ਟ ਹਨ ।

ਮਨੂੰ ਸਿਮਰਤੀ (5,95)—ਬ੍ਰਾਹਮਣ, ਸ਼ੂਦਰ ਦੇ ਰਾਜ ਵਿੱਚ ਨਾ ਰਹੇ ਅਤੇ ਨਾ ਹੀ ਉਥੇ ਰਹੇ ਜਿੱਥੇ ਪਤਿਤ, ਨਾਸਤਕ ਤੇ ਨੀਚ ਰਹਿੰਦੇ ਹੋਣ । ਜੋ ਬ੍ਰਾਹਮਣ ਸ਼ੂਦਰ ਦਾ ਯੱਗ ਕਰਾਉਂਦਾ ਹੈ ਉਸ ਨੂੰ ਸ਼ਰਧਾ ਨਾਲ ਦੂਜੇ ਬ੍ਰਾਹਮਣ

ਸਮਾਨ ਨਾ ਬੁਲਾਉ ।

ਬਾਲਮੀਕੀ ਰਮਾਇਣ (4, 16, 22)—ਸਤਿਯੁਗ ਵਿੱਚ ਬ੍ਰਾਹਮਣ ਤੋਂ ਬਿਨਾਂ ਹੋਰ ਕੋਈ ਤਪੱਸਿਆ ਨਹੀਂ ਕਰ ਸਕਦਾਂ ਅਤੇ ਤਰੇਤਾ ਯੁੱਗ ਵਿੱਚ ਬ੍ਰਾਹਮਣ ਤੇ ਖੱਤਰੀ ਤਪੱਸਿਆ ਕਰ ਸਕਦੇ ਹਨ, ਹੋਰ ਕੋਈ ਨਹੀਂ ।

ਰਿਗਵੇਦ (ਮੰਡਲ 10 ਸੂਤਰ 10, ਖੰਡ 11-12)—ਮੂੰਹ ਬ੍ਰਾਹਮਣ ਹੈ । ਬਾਹਾਂ ਖੱਤਰੀ, ਲੱਤਾਂ ਵੈਸ਼ ਅਤੇ ਪੈਰ ਸ਼ੂਦਰ ਹਨ ।

ਮਨੂੰ ਸਿਮਰਤੀ (2/13)—ਦਸ ਸਾਲ ਦੇ ਬ੍ਰਾਹਮਣ ਅਤੇ ਸੌ ਸਾਲ ਦੇ ਖੱਤਰੀ ਨੂੰ ਕ੍ਰਮਵਾਰ ਪਿਤਾ ਅਤੇ ਪੁੱਤਰ ਸਮਝੋ ।

ਮਨੂੰ ਸਿਮਰਤੀ (9/31, 18/93/9)—ਜਿਸ ਤਰ੍ਹਾਂ ਤੇਜ਼ ਵਾਲੀ ਅੱਗ ਸ਼ਮਸਾਨਘਾਟ ਵਿੱਚ ਮੁਰਦਿਆਂ ਨੂੰ ਜਲਾ ਕੇ ਅਪਵਿੱਤਰ ਨਹੀਂ ਹੁੰਦੀ, ਇਸੇ ਤਰ੍ਹਾਂ ਬ੍ਰਾਹਮਣ ਭੈੜੇ ਕੰਮ ਕਰਨ ਤੋਂ ਬਾਅਦ ਵੀ ਅਪਵਿੱਤਰ ਨਹੀਂ ਹੁੰਦਾ ਅਤੇ ਉਸ ਸਭ ਦੇ ਪੂਜਣਯੋਗ ਹੀ ਰਹੇਗਾ, ਕਿਉਂਕਿ ਬ੍ਰਾਹਮਣ ਪਰਮ ਦੇਵਤਾ ਸਰੂਪ ਹੈ ।

ਮਨੂੰ ਸਿਮਰਤੀ (7/61)—ਜੋ ਬ੍ਰਾਹਮਣ ਆਪਣੇ ਧਰਮ ਦੇ ਭੇਦ ਕਿਸੇ ਸ਼ੂਦਰ ਨੂੰ ਸਿਖਾਏਗਾ ਤਾਂ ਉਹ ਉਸੇ ਸ਼ੂਦਰ ਦੇ ਸਾਥ ਨਰਕ ਵਿੱਚ ਸੁੱਟਿਆ ਜਾਵੇਗਾ ।

ਮਨੂੰ ਸਿਮਰਤੀ (2-31)—ਬ੍ਰਾਹਮਣ ਦਾ ਨਾਉਂ ਮੰਗਲਕਾਰੀ, ਕਸ਼ੱਤਰੀ ਦਾ ਨਾਉਂ ਬਲਸ਼ਾਲੀ ਸੂਚਕ, ਵੈਸ਼ ਦਾ ਧਨਸ਼ਾਲੀ ਸੂਚਕ, ਸ਼ੂਦਰ ਦਾ ਘਿਰਣਾ ਅਤੇ ਨਿੰਦਨ ਯੋਗ ਹੋਣਾ ਚਾਹੀਦਾ ਹੈ ।

ਆਂਗਰਸ ਸਿਮਰਤੀ :-ਜੇ ਬ੍ਰਾਹਮਣ ਸ਼ੂਦਰ ਦੇ ਪ੍ਰਣਾਮ ਨਾ ਕਰਨ 'ਤੇ ਵੀ 'ਤੇਰਾ ਕਲਿਆਣ ਹੋ' ਕਹਿ ਦਿੰਦਾ ਹੈ ਤਾਂ ਇਸ ਪਾਪ ਲਈ ਸ਼ੂਦਰ ਅਤੇ ਉਸ ਨੂੰ ਅਸੀਰਵਾਦ ਦੇਣ ਵਾਲਾ (ਬ੍ਰਾਹਮਣ) ਦੋਵੇਂ ਨਰਕਧਾਰੀ ਹੁੰਦੇ ਹਨ ।

ਮਹਾਂਰਿਸ਼ੀ ਆਂਗਰਸ :-ਅਗਨੀ ਭੇਟਾ ਕਰਨ ਵਾਲਾ ਬ੍ਰਾਹਮਣ ਜੇ ਸ਼ੂਦਰ ਦਾ ਅੰਨ ਖਾ ਲਵੇ ਤਾਂ ਉਸ ਦਵਿਜ ਦੇ ਵੇਦ-ਪਾਠ, ਆਤਮਾ ਅਤੇ ਹਵਨ, ਤਿੰਨੇ ਭ੍ਰਿਸ਼ਟ ਹੋ ਜਾਂਦੇ ਹਨ ।

ਮਨੂੰ ਸਿਮਰਤੀ (5-104) :-ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸ਼ੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਵੇ, ਨਹੀਂ ਤਾਂ ਬ੍ਰਾਹਮਣ ਸਵਰਗ 'ਚ ਨਹੀਂ ਜਾ ਸਕੇਗਾ ।

ਮਨੂੰ ਸਿਮਰਤੀ (2-283) :-ਜਦੋਂ ਕੋਈ ਅਭਿਮਾਨੀ ਸ਼ੂਦਰ, ਬ੍ਰਾਹਮਣ ਦੀ ਬੋਦੀ, ਪੈਰ, ਦਾੜ੍ਹੀ, ਗਰਦਨ ਜਾਂ ਅੰਡਕੋਸ਼ ਨੂੰ ਹੱਥ ਪਾਵੇ ਤਾਂ ਰਾਜਾ ਬਿਨਾਂ ਕਿਸੇ ਵਿਚਾਰ ਕੀਤਿਆਂ, ਉਸ ਦੇ ਦੋਵੇਂ ਹੱਥ ਕਟਵਾ ਦੇਵੇ । (8-280) ਜਦੋਂ ਕੋਈ ਅਛੂਤ ਕਿਸੇ ਬ੍ਰਾਹਮਣ ਨੂੰ ਮਾਰਨ ਲਈ ਹੱਥ ਉਠਾਵੇ ਤਾਂ ਉਸਦਾ ਹੱਥ ਕਟਵਾ ਦੇਣਾ ਚਾਹੀਦਾ ਹੈ।

ਅਤਰੇ ਸਿਮਰਤੀ- ਜਦੋਂ ਚੰਡਾਲ ਅਤੇ ਬ੍ਰਾਹਮਣ ਇਕ ਹੀ ਦਰੱਖਤ ਤੇ ਚੜ੍ਹ ਕੇ ਫਲ ਖਾਂਦੇ ਹੋਣ ਤਾਂ ਉਸਦੇ ਪਛਤਾਵੇ ਲਈ ਬ੍ਰਾਹਮਣਾਂ ਤੋਂ ਆ ਦੇਸ਼ ਲੈ ਕੇ ਸਣੇ ਵਸਤਰ ਇਸ਼ਨਾਨ ਕਰੇ ਤੇ ਇਕ ਰਾਤ ਉਪਵਾਸ ਕਰਕੇ, ਪੰਚ ਗਵਿਆ ਪੀਵੇ ਤਾਂ ਹੀ ਅਪਵਿੱਤਰਤਾ ਦੂਰ ਹੋ ਸਕਦੀ ਹੈ। (ਨੋਟ- ਪੰਜ ਗਵਿਆ 3-3 ਮਾਸ਼ੇ ਗਊ ਦਾ ਗੋਬਰ ਤੇ ਪਿਸ਼ਾਬ ਅਤੇ 8-8 ਮਾਸ਼ੇ ਗਊ ਦਾ ਘਿਉ, ਦੁੱਧ ਅਤੇ ਦਹੀਂ)

ਔਸ਼ਨਿਸ਼ ਸਿਮਰਤੀ (32-34)- ਬ੍ਰਾਹਮਣ ਦੁਆਰਾ ਵੈਸ਼ ਇਸਤਰੀ ਨਾਲ ਚੋਰੀ-ਚੋਰੀ ਜਾਰਚਰਮ (ਭੋਗ) ਕਰਨ ਨਾਲ ਘੁਮਿਆਰ ਪੈਦਾ ਹੁੰਦਾ ਹੈ। ਉਹ ਮਿਟੀ ਦੇ ਬਰਤਨ ਬਣਾ ਕੇ ਰੋਜ਼ੀ ਕਮਾਵੇ।

ਯਜਨ ਬਾਲਕਿਆ ਸਿਮਰਤੀ (57)- ਬ੍ਰਾਹਮਣ ਤਿੰਨਾ ਵਰਣਾਂ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਸਕਦਾ ਹੈ। ਖੱਤਰੀ ਦੋ ਵਰਣਾਂ ਦੀਆਂ ਕੁੜੀਆਂ ਨਾਲ ਅਤੇ ਵੈਸ਼ ਆਪਣੇ ਹੀ ਵਰਣ ਦੀ ਕੁੜੀ ਨਾਲ ਵਿਆਹ ਕਰਵਾ ਸਕਦਾ ਹੈ।

ਵੇਦ ਵਿਆਸ ਸਿਮਰਤੀ (9-10)- ਬ੍ਰਾਹਮਣੀ ਅਤੇ ਸ਼ੂਦਰ ਪਿਤਾ ਤੋਂ ਪੈਦਾ ਹੋਇਆ ਚੰਡਾਲ ਧਰਮ ਤੋਂ ਵਰਜਿਤ ਹੁੰਦਾ ਹੈ।

ਅਪਸਤੰਬ ਸਿਮਰਤੀ (11)- ਸ਼ੂਦਰ ਦਾ ਅੰਨ ਪੇਟ ਵਿਚ ਹੋਵੇ ਤੇ ਉਹ ਬ੍ਰਾਹਮਣ ਮਰ ਜਾਵੇ ਤਾਂ ਉਹ ਸੂਅਰ ਜਾਂ ਕੁੱਤੇ ਜਾ ਜਨਮ ਲੈਂਦਾ ਹੈ।

ਰਮਾਇਣ ਬਾਲਮੀਕ (ਸੁੰਦਰ ਕਾਂਡ ਚੈਪਟਰ 28)- ਸਾਰੇ ਗਿਆਨ ਦਾ ਮਾਲਕ ਬ੍ਰਾਹਮਣ ਸੀ। ਰਾਜਾ ਬ੍ਰਾਹਮਣਾਂ ਦੀ ਸਲਾਹ ਨਾਲ ਹੀ ਰਾਜ ਚਲਾਉਂਦਾ ਸੀ।

ਮਨੂੰ ਸਿਮਰਤੀ (ਸ਼ਲੋਕ 95, 96, 98-99, 100-101 ਅਧਿ-1) ਬ੍ਰਾਹਮਣ ਦੇ ਮੂੰਹ ਰਾਹੀਂ ਦੇਵਤਾ ਲੋਕ

ਆਪਣਾ ਹਿੱਸਾ ਅਤੇ ਪਿਤਰ ਲੋਕ ਆਪਣਾ ਹਿੱਸਾ ਖਾਂਦੇ ਹਨ। ਬ੍ਰਾਹਮਣ ਤੋਂ ਸ਼੍ਰੇਸ਼ਟ ਕੌਣ ਹੋ ਸਕਦਾ ਹੈ।

ਪਦਾਰਥਾਂ ਵਿੱਚੋਂ ਪ੍ਰਾਣੀ, ਪ੍ਰਾਣੀਆਂ ਵਿੱਚੋਂ ਬੁੱਧੀ ਜੀਵੀ, ਬੁੱਧੀ-ਜੀਵੀਆਂ ਵਿਚੋਂ ਮਨੁੱਖ ਸ਼੍ਰੇਸ਼ਟ ਹੈ ਅਤੇ ਮਨੁੱਖਾਂ ਵਿੱਚੋਂ ਬ੍ਰਾਹਮਣ ਦੀ ਦੇਹ ਧਰਮ ਦੀ ਦੇਹ ਹੈ। ਧਰਮ ਲਈ ਪੈਦਾ ਕੀਤਾ ਬ੍ਰਾਹਮਣ ਮੁਕਤੀ ਪ੍ਰਾਪਤ ਕਰਨ ਦੇ ਯੋਗ ਹੈ। ਜਨਮ ਲੈਣ ਤੋਂ ਹੀ ਬ੍ਰਾਹਮਣ ਸ਼੍ਰੇਸ਼ਟ ਧਰਮੀਂ ਮੰਨਿਆ ਜਾਂਦਾ ਹੈ, ਕਿਉਂਕਿ ਉਹ ਧਰਮ ਦੀ ਰੱਖਿਆ ਦੇ ਸਮਰੱਥ ਹੈ। ਪ੍ਰਿਥਵੀ ਤੇ ਜੋ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ। ਬ੍ਰਹਮਾ ਦੇ ਮੁੱਖ ਤੋਂ ਪੈਦਾ ਹੋਣ ਕਰਕੇ ਤੇ ਪਵਿੱਤਰ ਹੋਣ ਕਾਰਨ ਉਹ ਪ੍ਰਿਥਵੀ ਦੇ ਸਾਰੇ ਧਨ ਦਾ ਮਾਲਕ ਹੈ। ਦੂਜੇ ਸਾਰੇ ਲੋਕ ਬ੍ਰਾਹਮਣ ਦੀ ਦਇਆ ਦੇ ਕਾਰਨ ਹੀ ਸਾਰੇ ਪਦਾਰਥ ਭੋਗ ਰਹੇ ਹਨ।

2 (9/313) – ਮਹਾਂ ਬਿਪਤਾ ਵਿਚ ਫਸ ਕੇ ਵੀ ਰਾਜਾ ਬ੍ਰਾਹਮਣਾਂ ਨੂੰ ਦੁੱਖੀ ਨਾ ਕਰੇ, ਕਿਉਂਕਿ ਦੁੱਖੀ ਬ੍ਰਾਹਮਣ, ਸੈਨਾ ਅਤੇ ਸਾਧਨਾਂ ਸਹਿਤ ਰਾਜੇ ਨੂੰ ਨਸ਼ਟ ਕਰ ਦਿੰਦੇ ਹਨ।

3 (9/315-316) – ਜੋ ਬ੍ਰਾਹਮਣ ਸਵੱਰਗ ਲੋਕ ਅਤੇ ਲੋਕਪਾਲਾਂ ਦੀ ਰਚਨਾ ਕਰਦੇ ਹਨ ਅਤੇ ਜੋ ਕ੍ਰੋਧੀ ਹੋ ਕੇ ਸਰਾਪ ਆਦਿ ਨਾਲ ਦੇਵਤਿਆਂ ਨੂੰ ਵੀ ਅਦੇਵ ਬਣਾ ਦਿੰਦੇ ਹਨ, ਉਹਨਾਂ ਨੂੰ ਦੇਵ-ਪਨ ਤੋਂ ਡੇਗ ਸਕਦੇ ਹਨ, ਉਹਨਾਂ ਬ੍ਰਾਹਮਣਾਂ ਨੂੰ ਪੀੜਤ ਕਰਨ ਵਾਲਾ ਕਿਹੜਾ ਆਦਮੀ ਤਰੱਕੀ ਕਰ ਸਕਦਾ ਹੈ?

4 (9/316)– ਯੱਗ ਆਦਿ ਕਰਾਉਣ ਵਾਲੇ ਬ੍ਰਾਹਣਾਂ ਦੇ ਆਸਰੇ ਹੀ ਪ੍ਰਿਥਵੀ-ਲੋਕ ਅਤੇ ਇੰਦਰ-ਲੋਕ ਸਥਿੱਤ ਹਨ।

(317) ਮੂਰਖ ਅਤੇ ਵਿਦਵਾਨ ਦੋਨੋਂ ਬ੍ਰਾਹਮਣ ਹੀ ਸ਼੍ਰੇਸ਼ਟ ਦੇਵਤਾ ਹਨ।

(318)– ਜੇ ਬ੍ਰਾਹਮਣ ਨਿੰਦਣ ਯੋਗ ਕੰਮਾਂ 'ਚ ਲੱਗ ਜਾਵੇ ਤਾਂ ਵੀ ਉਹ ਪੂਜਣ ਯੋਗ ਹੈ।

(319) ਕਿਉਂਕਿ ਬ੍ਰਾਹਮਣ ਸਭ ਤੋਂ ਉੱਤਮ ਦੇਵਤਾ ਹੈ।

ਮਨੂੰ (8/22) –ਜਿਸ ਰਾਜੇ ਦੇ ਰਾਜ ਵਿਚ ਬ੍ਰਾਹਮਣ ਨਾ ਹੋਣ ਉਹ ਰਾਜ ਪੀੜਤ ਹੋ ਕੇ ਨਸ਼ਟ ਹੋ ਜਾਂਦਾ ਹੈ।

(9/322) – ਬ੍ਰਾਹਮਣ ਤੋਂ ਬਿਨਾਂ ਕਸ਼ੱਤਰੀ ਅਤੇ ਕਸ਼ੱਤਰੀ ਤੋਂ ਬਿਨਾਂ ਬ੍ਰਾਹਮਣ, ਦੋਹਾਂ ਲੋਕਾਂ ਵਿਚ ਮਾਨਤਾ ਨਹੀਂ ਪਾ ਸਕਦੇ।

(11/13) ਜਦੋਂ ਕਿਸੇ ਕਸ਼ੱਤਰੀ ਆਦਿ ਤੋਂ ਧਨ ਨਾ ਮਿਲੇ ਤਾਂ ਬ੍ਰਾਹਮਣ ਬੇ-ਰਹਿਮੀ ਨਾਲ ਸ਼ੂਦਰ ਦੇ ਘਰੋਂ ਖੋਹ ਲਵੇ।

(7/133) – ਬਹੁਤ ਗਰੀਬ ਹੋ ਜਾਣ ਤੇ ਵੀ ਰਾਜਾ ਬ੍ਰਾਹਮਣ ਤੋਂ ਟੈਕਸ ਨਾ ਲਵੇ ਬਲਕਿ ਧਿਆਨ ਰੱਖੇ ਕਿ ਉਸਦੇ ਦੇਸ਼ ਵਿਚ ਰਹਿੰਦਾ ਬ੍ਰਾਹਮਣ ਭੁੱਖ ਨਾਲ ਦੁਖੀ ਨਾ ਹੋਵੇ।

(7-134) ਜਿਸ ਰਾਜੇ ਦੇ ਦੇਸ਼ ਵਿਚ ਬ੍ਰਾਹਮਣ ਭੁੱਖ ਨਾਲ ਮਰਦਾ ਹੋਵੇ, ਉਥੇ ਰਾਜੇ ਦਾ ਸਾਰਾ ਰਾਜ ਹੀ ਭੁੱਖ ਨਾਲ ਪੀੜਤ ਹੋ ਜਾਂਦਾ ਹੈ। ਰਾਜ ਵਿਚ ਖਤਰਨਾਕ ਕਾਲ ਪੈ ਸਕਦਾ ਹੈ।

(6/135-136)– ਜਿਸ ਤਰ੍ਹਾਂ ਪਿਤਾ ਸਕੇ ਪੁੱਤਰ ਦੀ ਰੱਖਿਆ ਕਰਦਾ ਹੈ, ਉਸੇ ਤਰ੍ਹਾਂ ਹੀ ਰਾਜਾ ਬ੍ਰਾਹਮਣਾਂ ਦੀ ਰੱਖਿਆ ਕਰੇ। ਰਾਜੇ ਦੁਆਰਾ ਸੁਰੱਖਿਅਤ ਬ੍ਰਾਹਮਣ ਪ੍ਰਤੀ ਦਿਨ ਜੋ ਧਰਮ ਦੇ ਕੰਮ ਕਰਦਾ ਹੈ, ਉਸ ਨਾਲ ਰਾਜੇ ਦੀ ਉਮਰ, ਉਸ ਦਾ ਧਨ ਅਤੇ ਰਾਜ ਵਧਦਾ ਰਹਿੰਦਾ ਹੈ।

(7/79) – ਰਾਜਾ ਵੱਡੀਆਂ ਵੱਡੀਆਂ ਦਖਸ਼ਣਾਂ ਵਾਲਾ ਯੱਗ ਕਰੇ। ਧਰਮ ਕਰਮ ਲਈ ਬ੍ਰਾਹਮਣਾਂ ਨੂੰ ਇਸਤਰੀ, ਘਰ, ਮੋਟਰ-ਗੱਡੀ, ਖਾਧ ਪਦਾਰਥ ਤੇ ਧਨ ਦੇਵੇ।

(7/82) ਬ੍ਰਾਹਮਣ ਨੂੰ ਦਿੱਤੇ ਦਾਨ ਨੂੰ ਚੋਰ ਚਰਾਉਂਦੇ ਨਹੀਂ, ਦੁਸ਼ਮਣ ਖੋਂਹਦੇ ਨਹੀਂ।

(7/85) ਗੈਰ ਬ੍ਰਾਹਮਣ ਨੂੰ ਦਾਨ ਦੇਣ ਨਾਲ ਸਧਾਰਨ ਫਲ ਮਿਲਦਾ ਹੈ। ਬ੍ਰਾਹਮਣਾਂ ਵਾਲੇ ਕੰਮ ਕਰਨ ਵਾਲੇ, ਜਾਤ ਮਾਤਰ ਬ੍ਰਾਹਮਣ ਨੂੰ ਦਾਨ ਦੇ ਕੇ ਦੁੱਗਣਾ ਫਲ ਮਿਲਦਾ ਹੈ। ਵਿਦਵਾਨ ਬ੍ਰਾਹਮਣ ਨੂੰ ਦਾਨ ਦੇਣ ਨਾਲ ਦਸ ਲੱਖ ਗੁਣਾ ਫਲ ਮਿਲਦਾ ਹੈ। ਵੇਦਾਂ ਦੇ ਗਿਆਤਾ ਬ੍ਰਾਹਮਣ ਨੂੰ ਦਾਨ ਦੇਣ ਦਾ ਇਨਾ ਫਲ ਮਿਲਦਾ ਹੈ ਕਿ ਉਸਦਾ ਹਿਸਾਬ ਨਹੀਂ ਕੀਤਾ ਜਾ ਸਕਦਾ।

(4/166)– ਜਾਣ ਬੁੱਝ ਕੇ ਕਰੋਧ ਨਾਲ ਜੋ ਬ੍ਰਾਹਮਣ ਨੂੰ ਇਕ ਤਿਨਕੇ ਨਾਲ ਵੀ ਮਾਰੇ ਉਹ 21 ਵਾਰ ਕੁੱਤੇ ਬਿੱਲਿਆਂ ਦੀਆਂ ਪਾਪ ਜੋਨੀਆਂ 'ਚ ਜਨਮ ਲੈਂਦਾ ਹੈ।

ਮਨੂੰ (167, 168, 169) ਜੋ ਬ੍ਰਾਹਮਣ ਦੇ ਖੂਨ ਵਿਚੋਂ ਖੂਨ ਗਿਰਾਉਂਦਾ ਹੈ, ਉਹ ਮਰਨ ਤੋਂ ਬਾਦ ਬਹੁਤ ਵੱਡੇ

ਦੁੱਖ ਪਾਉਂਦਾ ਹੈ। ਬ੍ਰਾਹਮਣ ਦਾ ਖੂਨ ਡਿੱਗ ਕੇ ਜਿੰਨੇ ਕਣਾਂ ਨੂੰ ਗਿੱਲਾ ਕਰਦਾ ਹੈ, ਉਤਨੇ ਵਰਸ਼ ਤਕ ਹਮਲਾ ਕਰਨ ਵਾਲੇ ਨੂੰ ਗਿੱਦੜ ਕੁੱਤੇ ਅਤੇ ਗਿਰਝਾਂ ਆਦਿ ਖਾਂਦੇ ਹਨ।

(4/39)- ਜੇ ਰਸਤੇ ਵਿਚ ਬ੍ਰਾਹਮਣ ਮਿਲ ਜਾਵੇ ਤਾਂ ਮਿਲਣ ਵਾਲਾ ਆਦਮੀ ਪਹਿਲਾਂ ਬ੍ਰਾਹਮਣ ਨੂੰ ਪ੍ਰਨਾਮ ਕਰੇ, ਫਿਰ ਪੂਜਾ ਕਰੇ ਤੇ ਫਿਰ ਅੱਗੇ ਜਾਵੇ।

(4/48) ਬ੍ਰਾਹਮਣ ਬਹੁਤ ਪਵਿੱਤਰ ਹੈ। ਇਸ ਕਰਕੇ, ਉਸ ਨੂੰ ਦੇਖਦੇ ਹੋਏ ਪਿਸ਼ਾਬ ਵੀ ਨਹੀਂ ਕਰਨਾ ਚਾਹੀਦਾ।

(3/209) - ਸਰਾਧਾਂ ਵਿਚ ਬ੍ਰਾਹਮਣ ਨੂੰ ਆਸਣ ਤੇ ਬਿਠਾ ਕੇ ਉਸ ਦੀ ਪੂਜਾ ਕਰੇ।

(3/237) - ਜੋ ਵਸਤੂ ਉਸਨੂੰ ਪਸੰਦ ਹੈ, ਉਸ ਨੂੰ ਖੁਸ਼ੀ ਨਾਲ ਪਰੋਸੇ।

'ਪਰਾਸ਼ਰ ਸਿਮਰਤੀ (2/17) - ਬ੍ਰਾਹਮਣ ਤੋਂ ਜਪ-ਤਪ ਕਰਵਾਉਂਦਾ ਹੈ,ਉਹਨਾਂ ਨੂੰ ਦਾਨ ਦਖਸ਼ਨਾ ਦਿੰਦਾ ਹੈ, ਉਸ ਨੂੰ ਜਪ ਤਪ ਦਾ ਪੂਰਾ ਫਲ ਮਿਲਦਾ ਹੈ।

(7/38-39)ਅਗਨੀ, ਜਲ, ਵੇਦ, ਸੋਮ, ਵਾਯੂ, ਇਹ ਸੱਭ ਬ੍ਰਾਹਮਣ ਦੇ ਸੱਜੇ ਕੰਨ ਵਿਚ ਹਨ।

(8/30) ਵੇਦ ਜਾਨਣ ਵਾਲਾ ਬ੍ਰਾਹਮਣ ਸਰਲਭੱਖੀ (ਭਾਵ ਮੀਟ ਸ਼ਰਾਬ ਤੇ ਹੋਰ ਕਰ ਪ੍ਰਕਾਰ ਦੇ ਕਰਮ) ਹੋ ਕੇ ਵੀ ਪਵਿੱਤਰ ਰਹਿੰਦਾ ਹੈ।

(8/43) ਜੋ ਆਦਮੀ, ਬ੍ਰਾਹਮਣ ਦੀ ਰਾਖੀ ਲਈ ਜਾਨ ਦੀ ਬਾਜੀ ਲਗਾ ਦੇਵੇ ਤਾਂ ਉਹ ਹੱਤਿਆ ਵਰਗੇ ਮਾੜੇ ਅਪਰਾਧ ਤੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

(8/49,50) ਗਊ ਹੱਤਿਆ ਬਹੁਤ ਵੱਡਾ ਪਾਪ ਹੈ। ਪਰੰਤੂ ਬ੍ਰਾਹਮਣਾਂ ਨੂੰ ਭੋਜਨ ਕਰਵਾ ਕੇ, ਉਹਨਾਂ ਨੂੰ ਦਾਨ ਦਖਸ਼ਣਾ ਦੇਣ ਨਾਲ ਗਊ ਹੱਤਿਆ ਦਾ ਪਾਪ ਨਸ਼ਟ ਹੋ ਜਾਂਦਾ ਹੈ।

ਪਰਾਸ਼ਰ ਸਿਮਰਤੀ (8/17)- ਤਿੰਨ ਚਾਰ ਬ੍ਰਾਹਮਣ ਜਿਸ ਨੂੰ ਪਵਿਤਰ ਕਹਿ ਦੇਣ, ਉਹ ਉਸੇ ਤਰ੍ਹਾਂ ਪਾਪ ਰਹਿਤ ਹੋ ਜਾਂਦਾ ਹੈ ਤੇ ਸ਼ੁੱਧ ਹੋ ਜਾਂਦਾ ਹੈ, ਜਿਵੇਂ ਪੱਥਰ ਉਪਰੋਂ ਬਿਲਕੁੱਲ ਸੁੱਕ ਜਾਂਦਾ ਹੈ।

(12/53) - ਜੋ ਬ੍ਰਾਹਮਣ ਬਰਤਨ ਨਾਲ ਪਾਣੀ ਪੀਂਦਾ ਹੈ, ਹੱਥਾਂ ਨਾਲ ਨਹੀਂ, ਉਹ ਹਰ ਹਾਲਤ ਕੁੱਤੇ ਦੀ ਜੂੰਨ ਜਨਮਦਾ ਹੈ।

(11/6) ਜਦੋਂ ਬ੍ਰਾਹਮਣ ਮੇਂਡਕ (ਡੱਡੂ) ਤੇ ਚੂਹੇ ਦਾ ਮਸਾ ਖਾ ਲਵੇ ਤਾਂ ਉਸ ਨੂੰ ਇਕ ਦਿਨ ਜੌਂ ਖਾ ਲੈਣੇ ਚਾਹੀਦੇ ਹਨ ਉਸ ਤੇ ਬੁਰੇ ਪ੍ਰਭਾਵ ਨਹੀਂ ਪੈਣਗੇ।

ਯਜੁਰ ਵੇਦ- ਹੋਰ ਆਦਮੀ ਦੇ ਮੁਕਾਬਲੇ ਬ੍ਰਾਹਮਣਾਂ ਨੂੰ ਮਾਰਨਾ ਘੋਰ ਜੁਲਮ ਹੈ।

ਰਮਾਇਣ ਤੁਲਸੀ ਦਾਸ- ਬ੍ਰਾਹਮਣ ਦੀ ਨਿੰਦਿਆ ਕਰਨ ਵਾਲਾ ਅਨੇਕ ਜਨਮ ਭੋਗ ਕੇ ਕਾਂ ਦੇ ਜਾਮੇਂ ਪੈਂਦਾ ਹੈ।

ਅਪਸਤੰਵ ਧਰਮ ਸੂਤਰ- ਬ੍ਰਾਹਮਣ ਰੱਬ ਨੂੰ ਵੀ ਸਰਾਪ ਦੇ ਸਕਦਾ ਹੈ। ਬ੍ਰਾਹਮਣ ਦੇ ਪੈਰਾਂ ਵਿਚ ਕਾਲ ਵੀ ਸਿਰ ਝੁਕਾ ਦਿੰਦਾ ਹੈ।

"ਈਸਟ ਇੰਡਜੀਆ ਕੰਪਨੀ" ਨੇ 1817 ਤੱਕ ਬ੍ਰਾਹਣ ਨੂੰ ਮੌਤ ਦੀ ਸਜ਼ਾ ਤੋਂ ਛੋਟ ਦੇ ਰੱਖੀ ਸੀ। ਇਹ ਚੋਫ ਹਿੰਦੂ ਧਾਰਮਿਕ ਗਰੰਥਾਂ ਦੇ ਹੁਕਮ ਨਾਮਿਆਂ ਅਨੁਸਾਰ ਸੀ।

ਰਮਾਇਣ ਤੁਲਸੀ ਦਾਸ- ਜੋ ਆਦਮੀ ਬ੍ਰਾਹਮਣਾਂ ਦੀ ਉੱਚਤਾ ਸਵੀਕਾਰ ਨਹੀਂ ਕਰਦੇ। ਉਹਨਾਂ ਨੂੰ ਰਾਮ ਕਥਾ ਨਹੀਂ ਸੁਣਾਉਣੀ ਚਾਹੀਦੀ।

ਜਦੋਂ ਬ੍ਰਾਹਮਾਂ ਨੂੰ ਕਰੋਧ ਹੋਵੇ ਤਾਂ ਬ੍ਰਾਹਮਣ ਬਚਾ ਲੈਂਦਾ ਹੈ। ਪਰੰਤੂ ਜਦ ਬ੍ਰਾਹਮਣ ਕ੍ਰੋਧਵਾਨ ਹੋ ਜਾਵੇ ਤਾਂ ਕੋਈ ਬਚਾਉਣ ਵਾਲਾ ਨਹੀਂ ਹੈ।

ਬ੍ਰਾਹਮਣਾਂ ਦਾ ਸਰਾਪ ਬਹੁਤ ਭਿਆਨਕ ਹੁੰਦਾ ਹੈ। ਇਸ ਨੂੰ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾ ਸਕਦਾ।

ਰਮਾਇਣ ਤੁਲਸੀ ਦਾਸ)- ਜੋ ਮਨ ਬਚ ਕਰਮ ਨਾਲ ਛਲ ਕਪਟ ਛੱਡ ਕੇ ਬ੍ਰਾਹਮਣ ਦੀ ਸੇਵਾ ਕਰਦਾ ਹੈ, ਤਾਂ ਉਸਦੇ ਮੈਂ (ਰਾਮ), ਬ੍ਰਹਮਾਂ ਅਤੇ ਸ਼ਿਵਜੀ ਵਰਗੇ ਦੇਵਤਾ ਵੱਸ ਵਿਚ ਜਾਂਦੇ ਹਨ।

ਬ੍ਰਾਹਮਣ ਚਾਹੇ ਸਰਾਪ ਦੇਵੇ, ਚਾਹੇ ਮਾਰ ਦੇਵੇ, ਚਾਹੇ ਗਾਲ੍ਹਾਂ ਕੱਢੇ, ਫਿਰ ਵੀ ਪੂਜਣ ਯੋਗ ਚਾਹੇ ਉਹ ਚਰਿਤਰ-ਰਹਿਤ ਵੀ ਕਿਉਂ ਨਾ ਹੋਵੇ, ਚਾਹੇ ਉਸ ਵਿਚ ਕੋਈ ਵੀ ਅਵਗੁਣ ਹੋਵੇ, ਚਾਹੇ ਉਹ ਬਿਲਕੁਲ

ਅਗਿਆਨੀ ਹੋਵੇ, ਜੇ ਉਹ ਬ੍ਰਾਹਮਣ ਹੈ ਤਾਂ ਪੂਜਨ ਯੋਗ ਹੈ।

ਮਹਾਂ ਭਾਰਤ (ਸ਼ਾਂਤੀ ਪਰਵ 188) ਬ੍ਰਾਹਮਣ ਗੋਰੇ ਰੰਗ ਦੇ, ਕਸ਼ੱਤਰੀ ਲਾਲ ਰੰਗ ਦੇ, ਵੈਸ਼ ਪੀਲੇ ਰੰਗ ਦੇ, ਅਤੇ ਸ਼ੂਦਰ ਕਾਲੇ ਰੰਗ ਦੇ ਹੁੰਦੇ ਹਨ।

ਤੁਲਸੀ ਰਮਾਇਣ (ਬਾਲ ਕਾਂਡ 149) ਇਕ ਵਾਰ ਬ੍ਰਾਹਮਣ ਨਾਰਦ ਨੇ ਭਗਵਾਨ ਨੂੰ ਹੀ ਸਰਾਪ ਦੇ ਦਿੱਤਾ।

ਬਾਲ ਕਾਂਡ (149-1, 3) ਬ੍ਰਾਹਮਣ ਦਾ ਕੋਈ ਪਾਰ ਨਹੀਂ ਪਾ ਸਕਦਾ।ਹੇ ਰਾਜਨ ਤੇਰਾ ਨਾਸ਼ ਹੋਵੇਗਾ ਤਾਂ ਸਿਰਫ ਬ੍ਰਾਹਮਣ ਦੇ ਸਰਾਪ ਨਾਲ ਹੀ ਹੋਵੇਗਾ।

ਰਾਮ ਚੰਦਰ (ਸੁੰਦਰ ਕਾਂਡ 49)- ਜੋ ਗੁਣਧਾਰੀ ਬ੍ਰਾਹਮਣ ਦੇ ਉਪਾਸ਼ਕ ਹਨ, ਜਿੰਨ੍ਹਾਂ ਦਾ ਬ੍ਰਾਹਮਣਾਂ ਦੇ ਚਰਨਾਂ ਨਾਲ ਪ੍ਰੇਮ ਹੈ ਉਹ ਲੋਕ ਮੈਨੂੰ ਆਪਣਾ ਪ੍ਰਾਣਾਂ ਵਾਂਗ ਪਿਆਰੇ ਹਨ।

ਅਥਰਵ ਵੇਦ (ਕਾਂਡ 3 ਸੂਤਕ 32) ਜੋ ਬ੍ਰਾਹਮਣ ਯੱਗ ਵਿਚ ਬੈਲ ਦੀ ਬਲੀ ਦਿੰਦਾ ਹੈ ਉਸਦੀ ਸਾਰੇ ਦੇਵਤਾ ਸਹਾਇਤਾ ਕਰਦੇ ਹਨ।ਐਤਰੇਅ ਬ੍ਰਾਹਮਣ ਲਈ ਹਰ ਦਿਨ ਗਊ ਮਾਸ ਛੱਕਣ ਦਾ ਦਿਨ ਸੀ।ਬ੍ਰਾਹਮਣ ਸਭ ਤੋਂ ਵੱਧ ਮਾਸ ਖਾਂਦੇ ਸਨ।ਬ੍ਰਾਹਮਣ ਗੁਰੂ ਦਰੋਣਾਚਾਰੀਆ ਨੇ ਆਦਿਵਾਸੀ ਭੀਲ ਲੜਕੇ ਏਕਲੱਭਯ ਦਾ ਅੰਗੂਠਾ ਧੋਖੇ ਨਾ ਦਾਨ-ਦੱਖਨ ਤੇ ਨਾਮ ਕਟਵਾਇਆ ਤਾਂ ਕਿ ਉਹ ਆਰੀਅਨ ਹਮਲਾਵਰਾਂ ਲਈ ਖਤਰਾ ਨਾ ਬਣ ਸਕੇ।

ਤੁਲਸੀ ਰਮਾਇਣ- ਵਰ ਦੇ ਬਲ ਨਾਲ ਬ੍ਰਾਹਮਣ ਸਦਾ ਬਲਵਾਨ ਰਹਿੰਦੇ ਹਨ।ਉਹਨਾਂ ਦੇ ਕ੍ਰੋਧ ਤੋਂ ਰੱਖਿਆ ਕਰਨ ਵਾਲਾ ਕੋਈ ਨਹੀਂ।

ਉੱਤਰ ਕਾਂਡ (157) ਸ਼ੂਦਰ ਲੋਕ ਬ੍ਰਾਹਮਣ ਦੇ ਨਾਲ ਵਿਵਾਦ ਕਰਦੇ ਹਨ ਤੇ ਕਹਿੰਦੇ ਕਿ ਅਸੀਂ ਤੁਹਾਡੇ ਨਾਲੋਂ ਕਿਹੜੀ ਗੱਲੋਂ ਘੱਟ ਹਾਂ? ਇਹ ਕਹਿਕੇ ਅੱਖਾਂ ਦਖਾਉਂਦੇ ਹਨ ਕਿ ਜੋ ਬ੍ਰਾਹਮਣ (ਕੁਦਰਤੀ ਪਸਾਰ) ਨੂੰ ਜਾਣਦਾ ਹੈ, ਉਹੀ ਬ੍ਰਾਹਮਣ ਹੈ।

ਬਾਲ ਕਾਂਡ (146-3,4) - ਜਦੋਂ ਜਦੋਂ ਧਰਮ (ਬ੍ਰਾਹਮਣਵਾਦ) ਦੀ ਹਾਨੀ ਹੁੰਦੀ ਹੈ, ਨੀਚ (ਭਾਰਤੀ ਆਦੀਵਾਸੀ ਦਰਾਵੜ ਨਾਗ) ਹੰਕਾਰੀ (ਰਾਵਣ, ਹਰਨਾਖਸ਼ ਤੇ ਬਾਲੀ ਵਰਗੇ ਕੌਮ ਰੱਖਿਅਕ), ਅਸੁਰ (ਦੈਂਤ, ਰਾਖਸ਼, ਦਾਨਵ, ਬਾਨਰ ਸ਼ੂਦਰ ਆਦਿ ਵੱਧ ਜਾਂਦੇ ਹਨ, ਜਿਸ ਤੋਂ ਬ੍ਰਾਹਮਣ, ਗੁਰੂ ਦੇਵਤੇ ਅਤੇ ਧਰਤੀ ਦੁੱਖ ਪਾਉਂਦੇ ਹਨ ਤਾਂ ਪ੍ਰਭੂ ਰੂਪ ਧਾਰਨ ਕਰਕੇ ਸੱਜਨ ਲੋਕਾਂ ਦੇ ਦੁੱਖ ਦੂਰ ਕਰਦਾ ਹੈ।

ਬਾਲ ਕਾਂਡ (224) ਭਗਵਾਨ ਨੇ ਗਊ, ਦੇਵਤਾ ਅਤੇ ਸੰਤਾਂ ਦੇ ਹਿਤਾਂ ਦੀ ਰਾਖੀ ਲਈ ਮਨੁੱਖ ਦਾ ਰੂਪ ਧਾਰਨ ਕੀਤਾ।

ਬਾਲ ਕਾਂਡ (230-3) ਭਗਵਾਨ (ਭਾਵ ਰਾਮ ਚੰਦਰ) ਦੀ ਛਾਤੀ ਤੇ ਬ੍ਰਾਹਮਣ ਦੇ ਚਰਨ ਦਾ ਹੀ ਚਿੰਨ ਸੀ।

ਤੁਲਸੀ-ਬ੍ਰਾਹਮਣ ਜਨਮ ਤੋਂ ਹੀ ਦੇਵਤਿਆਂ ਦਾ ਦੇਵਤਾ ਹੈ। ਸੰਸਾਰ ਵਿਚ ਇਕ ਹੀ ਪੂਜਾ ਹੈ ਉਹ ਹੈ ਬ੍ਰਾਹਮਣਾਂ ਨੂੰ ਪੂਜਣਾ।

ਬਾਲ ਕਾਂਡ (284-1) ਹੇ ਦੇਵਤਾ, ਬ੍ਰਾਹਮਣ ਅਤੇ ਗਊ ਦੀ ਰੱਖਿਆ ਕਰਨ ਵਾਲੇ ! ਆਪ ਕੀ ਜੈ ਹੋ।

ਤੁਲਸੀ ਰਮਾਇਣ ਅਰਣ ਕਾਂਡ (15-3) ਪਹਿਲਾਂ ਤਾਂ ਬ੍ਰਾਹਮਣਾਂ ਦੇ ਚਰਨ 'ਚ ਅਥਾਹ ਪ੍ਰੀਤ ਹੋਵੇ ਅਤੇ ਵੇਦ-ਰੀਤੀ ਅਨੁਸਾਰ ਆਪਣੇ ਆਪਣੇ ਵਰਣ (ਭਾਵ- ਜਾਤ ਕਰਮ) ਕਰਮ ਵਿਚ ਲੱਗਾ ਰਹੇ।

ਮਨੂੰ ਸਿਮਰਤੀ (ਅਧਿ-2) ਜੋ ਪ੍ਰਾਣੀ ਸਵੇਰੇ ਸ਼ਾਮ ਗਾਇਤ੍ਰੀ ਪਾਠ ਕਰੇ ਤਾਂ ਉਸਨੂੰ ਤਿੰਨ ਵੇਦ ਪੜ੍ਹਨ ਸਮਾਨ ਫਲ ਮਿਲਦਾ ਹੈ।

ਗਾਇਤ੍ਰੀ ਨੂੰ ਬ੍ਰਹਮਾ (ਆਦਿ ਬ੍ਰਾਹਮਣ) ਅਤੇ ਵੇਦ ਦੇ ਮੁੱਖ ਸਮਝਣਾ ਚਾਹੀਦਾ ਹੈ।

ਮਹਾਂ ਆਦਿ ਪਰਵ (ਅਧਿ-104) ਬ੍ਰਹਮ ਪੁਰਾਣ- ਕਿਸੇ ਗੁਣਵਾਨ ਬ੍ਰਾਹਮਣ ਨੂੰ ਧਨ ਦੇ ਕੇ ਬਲਾਓ ਜੋ ਵਸਤ੍ਰ ਵੀਰਜ ਨਾਲ ਇਸਤਰੀਆਂ ਵਿਚ ਸੰਤਾਨ ਪੈਦਾ ਕਰ ਸਕੇ।

ਵਸਿਸ਼ਠ ਧਰਮ ਸੂਤਰ (6-26)- ਜਿਸ ਬ੍ਰਾਹਮਣ ਨੇ ਸ਼ੂਦਰ ਦਾ ਅੰਨ ਨਾ ਖਾਧਾ ਹੋਵੇ, ਉਹ ਸਰਬ ਉੱਤਮ ਪਾਤਰ ਹੈ।

(6,27,19) ਜਦੋਂ ਬ੍ਰਾਹਮਣ ਸ਼ੂਦਰ ਦਾ ਅੰਨ ਖਾ ਕੇ ਮਰ ਜਾਵੇ ਤਾਂ ਉਹ ਸ਼ੂਦਰ ਦੇ ਘਰ ਜਨਮ ਲਵੇਗਾ ਜਾਂ ਪਿੰਡ ਦਾ ਕੁੱਤਾ ਹੋਵੇਗਾ।

ਆਦਿਵਾਸੀ (ਸ਼ੂਦਰ) ਦੀ ਨੀਚਤਾ ਸਥਾਪਤ ਕਰਨ ਬਾਰੇ

ਰਿਗਵੇਦ (ਮੰਡਲ, ਸੂਤਰ 10 ਮੰਤਰ 11-12) :-ਮੂੰਹ ਬ੍ਰਾਹਮਣ, ਬਾਹਾਂ ਖੱਤਰੀ ਹਨ। ਲੱਤਾਂ ਵੈਸ਼ ਹਨ ਤੇ ਪੈਰ ਸ਼ੂਦਰ ਹਨ।

ਮਨੂੰ ਸਿਮਰਤੀ (8/415): ਜੋ ਯੁੱਧ ਵਿਚੋਂ ਜਿੱਤ ਕੇ ਲਿਆਂਦੇ ਗਏ, ਉਹਨਾਂ ਨੂੰ ਦਾਸ ਹੀ ਬਣਾਇਆ ਗਿਆ।

ਮਨੂੰ (8/418): ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸ਼ੂਦਰਾਂ ਨੂੰ ਉਹਨਾਂ ਲਈ ਨੀਯਤ ਕੀਤੇ ਹੋਏ ਕੰਮ ਕਰਨ ਲਈ ਲਾਵੇ। ਅਗਰ ਉਹ ਆਪਣੇ ਨੀਯਤ ਕੀਤੇ ਕੰਮ ਤੋਂ ਮੁਨਕਰ ਹੋਣਗੇ ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ।

ਮਨੂੰ (11/13): ਜਦੋਂ ਯੱਗ ਦੇ ਦੋ ਜਾਂ ਤਿੰਨ ਹਿੱਸੇ ਅਪੂਰਨ ਰਹਿ ਜਾਣ ਤਾਂ ਸ਼ੂਦਰਾਂ ਦੇ ਘਰਾਂ ਨੂੰ ਲੁੱਟ ਕੇ ਯੱਗ ਨੂੰ ਪੂਰਾ ਕੀਤਾ ਜਾਵੇ।

ਗੀਤਾ (4/7, 4/8)ਕ੍ਰਿਸ਼ਨ: ਜਦੋਂ ਵੀ ਧਰਮ ਦਾ ਪਤਨ ਅਤੇ ਅਧਰਮ ਦਾ ਬੋਲਬਾਲਾ ਹੁੰਦਾ ਹੈ ਤਾਂ ਮੈਂ ਸਾਧੂਆਂ ਦੀ ਰਖਸ਼ਾਂ ਲਈ, ਦੁਸ਼ਟਾਂ (ਸ਼ੂਦਰਾਂ ਦਾ) ਨਾਸ਼ ਕਰਨ ਲਈ ਹਰ ਯੁੱਗ ਵਿਚ ਜਨਮ ਲੈਂਦਾ ਹਾਂ।

ਮਨੂੰ ਸਿਮਰਤੀ (7/61): ਜੋ ਬਰਾਹਮਣ ਆਪਣੇ ਧਰਮ ਦੇ ਵੇਦ ਕਿਸੇ ਸ਼ੂਦਰ ਨੂੰ ਸਿਖਾਉਂਦਾ ਹੈ ਉਹ ਉਸੇ ਸ਼ੂਦਰ ਦੇ ਨਾਲ ਹੀ ਨਰਕ ਵਿਚ ਸੁੱਟਿਆ ਜਾਵੇਗਾ।

ਮਨੂੰ (10/129) : ਜੇ ਕਿਸੇ ਸ਼ੂਦਰ ਨੂੰ ਅਜਾਦ ਵੀ ਕਰ ਦਿੱਤਾ ਜਾਵੇ ਤਾਂ ਵੀ ਉਸ ਨੂੰ ਅਜਾਦ ਨਹੀਂ ਸਮਝਿਆ ਜਾਵੇਗਾ, ਕਿਉਂਕਿ ਕੁਦਰਤ ਨੇ ਉਸਨੂੰ ਗੁਲਾਮ ਬਣਾ ਕੇ ਹੀ ਪੇਸ਼ ਕੀਤਾ ਹੈ।

ਮਨੂੰ (5/22) : ਜੇ ਕਿਸੇ ਸ਼ੂਦਰ ਦਾ ਹੱਥ ਬ੍ਰਾਹਮਣ ਦੇ ਖਾਣੇ ਨੂੰ ਲੱਗ ਜਾਵੇ ਤਾਂ ਬ੍ਰਾਹਮਣ ਨੂੰ ਇਹ ਖਾਣਾ ਬਿਲਕੁਲ ਨਹੀਂ ਖਾਣਾ ਚਾਹੀਦਾ।

ਮਨੂੰ ਸਿਮਰਤੀ (ਅਧਿ 1 ਸ਼ਲੋਕ 287) : ਉਸ ਮਹਾਨ ਤੇਜ ਵਾਲੇ ਬ੍ਰਹਮਾਂ ਨੇ ਇਸ ਲੋਕ ਦੀ ਰੱਖਿਆ ਲਈ, ਆਪਣੇ ਮੂੰਹ, ਬਾਹਾਂ, ਜੰਘਾ ਅਤੇ ਪੈਰਾਂ ਵਿਚੋਂ ਕਰਮਵਾਰ ਚੋਹਾਂ ਵਰਣਾਂ ਨੂੰ ਉਤਪੰਨ ਕੀਤਾ ਅਤੇ ਇਹਨਾਂ ਦੇ ਕੰਮ ਅਲੱਗ-ਅਲੱਗ ਨਿਸ਼ਚਿਤ ਕਰ ਦਿੱਤੇ ਹਨ।

ਮਨੂੰ ਸਿਮਰਤੀ (1/91) : ਈਸ਼ਵਰ ਨੇ ਸ਼ੂਦਰਾਂ ਲਈ ਇਹ ਹੀ ਕੰਮ ਕਰਨ ਦਾ ਆਦੇਸ਼ ਦਿੱਤਾ ਹੈ ਕਿ ਉਹ ਦੂਜੇ ਤਿੰਨਾਂ ਵਰਣਾਂ (ਸਵਰਨਾਂ) ਦੀ ਸੇਵਾ ਕਰਨ।

(8/313) : ਅਗਰ ਇਹ ਨੀਚ ਵਰਗ ਆਪਣੇ ਕੰਮ ਨੂੰ (ਸੇਵਾ ਭਾਵ ਗੁਲਾਮੀ ਨੂੰ) ਨਹੀਂ ਕਰਨਗੇ ਤਾਂ ਸਾਰੇ ਜਗਤ ਨੂੰ ਦੁਖੀ ਬਣਾ ਦੇਣਗੇ।

(2/31) : ਬ੍ਰਾਹਮਣ ਦਾ ਨਾਮ ਮੰਗਲਕਾਰੀ, ਕਸ਼ੱਤਰੀ ਦਾ ਬਲਸ਼ਾਲੀ ਅਤੇ ਵੈਸ਼ ਦਾ ਨਾਮ ਧਨਸ਼ਾਲੀ, ਅਤੇ ਸ਼ੂਦਰ ਦਾ ਘਿਰਣਾ ਅਤੇ ਨਿੰਦਣਯੋਗ ਹੋਣਾ ਚਾਹੀਦਾ ਹੈ ਤਾਂ ਕਿ ਉਸਦਾ ਨਾਉਂ ਸੁਣਦਿਆਂ ਹੀ ਨਫਰਤ ਦੀ ਭਾਵਨਾ ਪੈਦਾ ਹੋ ਸਕੇ।

(10/125) : ਸ਼ੂਦਰਾਂ ਨੂੰ ਖਾਣ ਲਈ ਦਵਿਜਾਂ ਦੀ ਜੂਠ, ਪਹਿਨਣ ਲਈ ਫਟੇ ਪੁਰਾਣੇ ਕੱਪੜੇ ਅਤੇ ਜੇ ਉਹਨਾਂ ਨੂੰ ਅੰਨ ਦੇਣਾ ਹੋਵੇ ਤਾਂ ਬਿਲਕੁਲ ਘਟੀਆ ਅੰਨ ਦਿੱਤਾ ਜਾਵੇ। ਕੁੱਤਿਆਂ, ਪਤਿਤਾਂ (ਸ਼ੂਦਰਾਂ), ਨੀਚ ਪਾਪੀ, ਰੋਗੀ, ਕਾਵਾਂ ਤੇ ਕੀੜਿਆਂ ਨੂੰ ਜੇ ਚੀਜ ਦੇਣੀ ਹੋਵੇ ਤਾਂ ਦੂਰੋਂ ਸੁੱਟ ਦਿੱਤੀ ਜਾਵੇ।

(10/15) : ਚੰਡਾਲ, ਭੰਗੀ, ਚਮਿਆਰ ਆਦਿ ਜਾਤੀਆਂ ਪਿੰਡਾਂ ਤੋਂ ਬਾਹਰ ਰਹਿਣ ਜਾਂ ਵਸਣ। ਇਹਨਾਂ ਦੇ ਬਰਤਨ ਬਹੁਤ ਘਟੀਆ ਹੋਣ। ਇਹਨਾਂ ਦੀ ਸੰਪਤੀ ਕੁੱਤੇ ਗਧੇ, ਅਤੇ ਸੂਰ ਆਦਿ ਹੋਣਗੇ।

(10/52) : ਇਹ (ਸ਼ੂਦਰ) ਮੁਰਦਿਆਂ ਦੇ ਕੱਪੜੇ ਲਾਹ ਕੇ ਪਹਿਨਣ। ਟੁੱਟੇ ਬਰਤਨਾਂ ਵਿਚ ਰੋਟੀ ਖਾਣ। ਲੋਹੇ ਦੇ ਗਹਿਣੇ ਪਹਿਨਣ ਅਤੇ ਇਧਰ-ਉੱਧਰ ਪਿੰਡਾਂ ਵਿਚ ਘੁੰਮਦੇ ਰਹਿਣ।

(15/53) : ਪਰਮਾਤਮਾ ਲੋਕ (ਉੱਚ ਜਾਤੀਏ) ਇਹਨਾਂ ਨਾਲ ਵਿਵਹਾਰ ਵਰਤ-ਵਰਤਾਰਾ ਨਾ ਕਰਨ। ਇਹਨਾਂ ਨੂੰ ਵੇਖਣਾ ਵੀ ਪਾਪ ਸਮਝਣ। ਇਹਨਾਂ ਦੀਆਂ ਸ਼ਾਦੀਆਂ ਵੀ ਆਪਸ ਵਿਚ ਹੋਣ ਤੇ ਲੈਣਦੇਣ ਵੀ ਆਪਸ ਵਿਚ ਹੀ ਕਰਨ।

(10/54) : ਇਹਨਾਂ ਦੀ ਰੋਜੀ ਵੀ ਦਵਿਜਾਂ (ਸਵਰਨਾਂ) ਦੇ ਅਧੀਨ ਹੈ। ਇਹਨਾਂ ਨੂੰ ਟੁੱਟੇ ਬਰਤਨਾਂ ਵਿਚ ਅੰਨ ਦੇਣਾ ਚਾਹੀਦਾ ਹੈ। ਇਹ ਲੋਕ ਸੰਧਿਆ ਜਾਂ ਰਾਤ ਦੇ ਸਮੇਂ ਪਿੰਡ ਜਾਂ ਸ਼ਹਿਰ ਤੋਂ ਬਾਹਰ ਨਾ ਨਿਕਲਣ।

(10/59) : ਘਿਰਣਾ ਯੋਗ ਵਿਅਕਤੀ (ਸ਼ੂਦਰ) ਤੋਂ ਧੰਨ ਲੈਣਾ, ਉਸ ਦੇ ਨਾਲ ਵਣਜ ਵਪਾਰ ਕਰਨਾ ਅਤੇ ਉਸਦੀ ਸੇਵਾ ਕਰਨਾ, ਇਹ ਕੁਕਰਮ ਹੈ।

(12/131) : ਸ਼ੂਦਰ ਦੀ ਹੱਤਿਆ ਕੁੱਤੇ ਦੇ ਬਰਾਬਰ ਹੈ। *ਅਪਸਤੰਭ ਧਰਮ ਸੂਤਰ (1,4,5) : ਚਾਰ ਵਰਣ ਹਨ: ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਇਹਨਾਂ ਚਾਰਾਂ ਵਰਣਾਂ ਚੋਂ ਹਰ ਕੋਈ ਵਰਣ ਕਰਮ ਅਨੁਸਾਰ ਆਪਣੇ ਨਿਚਲੇ ਵਰਗ ਤੋਂ ਉੱਤਮ ਹੈ। * ਸ਼ੂਦਰ ਪਤਿਤ ਹੈ। ਉਸ ਨੂੰ ਛੱਡ ਕੇ ਬਾਕੀ ਤਿੰਨਾਂ ਵਰਣਾਂ ਨੂੰ ਜਨੇਊ ਪਾਉਣ, ਵੇਦਪਾਠ ਅਤੇ ਯੱਗ ਕਰਨ ਦਾ ਅਧਿਕਾਰ ਹੈ।

ਲਘੂਅਤਰ ਸਹਿਤਾ (ਅ-5): ਸ਼ੂਦਰ ਦਾ ਅੰਨ ਲਹੂ ਬਰਾਬਰ ਹੈ। ਸ਼ੂਦਰ ਦਾ ਅੰਨ ਪੇਟ ਵਿਚ ਹੁੰਦਿਆ ਹੋਇਆਂ ਜੇ ਔਲਾਦ ਪੈਦਾ ਹੋਵੇਗੀ, ਉਹ ਸ਼ੂਦਰ ਹੀ ਸਮਝੀ ਜਾਵੇਗੀ।

ਮਨੂੰ (ਅ-4 ਸ਼ਲੋਕ 60) : ਸ਼ੂਦਰ ਦੇ ਰਾਜ ਵਿਚ ਵੱਸਣਾ ਨਹੀਂ ਚਾਹੀਦਾ।

ਵਿਸ਼ਨੂੰ ਸਿਮਰਤੀ (ਅ-54) : ਜੇਕਰ ਸ਼ੂਦਰ ਪੰਚ-ਗਵੇ ਪੀਵੇ ਤਾਂ ਨਰਕ ਨੂੰ ਚਲਿਆ ਜਾਂਦਾ ਹੈ। (ਪੰਚਗਵਿਆ= ਗਾਂ ਦਾ ਗੋਹਾ+ ਗੂ ਦਾ ਮੂਤਰ+ ਗਊ ਦੁੱਧ+ ਦਹੀਂ+ ਘੀ)

ਬਿਰਧ ਅਤਰ ਸਹਿਤਾ (ਅ-5) ਸ਼ੂਦਰ ਦਾ ਅੰਨ ਖਾ ਕੇ ਬ੍ਰਾਹਮਣ ਸੱਤ ਜਨਮ ਕੁੱਤਾ ਹੁੰਦਾ ਹੈ, ਨੌ ਜਨਮ ਸੂਰ ਅਤੇ ਅੱਠ ਜਨਮ ਗਿਰਝ ਬਣਦਾ ਹੈ।

ਪਰਾਸ਼ਰ ਸਹਿਤਾ (ਅ-2) ਕਪਿਲਾ ਗਊ ਦਾ ਦੁੱਧ ਪੀਣ ਨਾਲ ਅਤੇ ਵੇਦ ਦਾ ਅਖਰ ਉਚਾਰਨ ਨਾਲ, ਸ਼ੂਦਰ ਨਰਕ ਨੂੰ ਜਾਂਦਾ ਹੈ।

ਵਸ਼ਿਸ਼ਠ ਸਹਿਤਾ (ਅ-18) : ਸ਼ੂਦਰ ਨੂੰ ਅਕਲ ਨਾ ਸਿਖਾਵੇ। ਧਰਮ ਦਾ ਉਪਦੇਸ਼ ਨਾ ਕਰੇ ਅਤੇ ਵਰਤ ਆਦਿਕ ਨਾ ਦੱਸੇ। ਜੋ ਸ਼ੂਦਰ ਨੂੰ ਇਹ ਗੱਲਾਂ ਸਿਖਾਉਂਦਾ ਹੈ ਉਹ ਸ਼ੂਦਰ ਸਮੇਤ ਘੁੱਪ ਹਨੇਰੇ ਵਿਚ ਜਾ ਪੈਂਦਾ ਹੈ।

ਸਤਪਥ ਬ੍ਰਾਹਮਣ (4/1/1/10): ਧਰਮ ਕਰਮ ਅਤੇ ਯੱਗ ਕਰਨ ਸਮੇਂ ਕੋਈ ਸ਼ੂਦਰ ਤੁਹਾਡੇ ਕੋਲ ਨਾ ਹੋਵੇ।

ਮਨੂੰ ਸਿਮਰਤੀ (8/413-10/128) : ਸ਼ੂਦਰ ਪਾਸੋਂ ਆਪਣੀ ਸੇਵਾ ਹੀ ਕਰਵਾਏ ਚਾਹੇ ਉਹ ਮੁੱਲ ਖਰੀਦਿਆ ਹੋਵੇ ਜਾ ਨਾਂ। ਬ੍ਰਾਹਮਾਂ ਨੇ ਸ਼ੂਦਰ ਨੂੰ ਤਾਂ ਸੇਵਾ ਲਈ ਹੀ ਪੈਦਾ ਕੀਤਾ ਹੈ।

(4/80) ਸ਼ੂਦਰ ਨੂੰ ਅਕਲ ਦੀ ਗੱਲ ਨਹੀਂ ਦੱਸਣੀ ਚਾਹੀਦੀ।

ਮਨੂੰ ਸਿਮਰਤੀ (10/96): ਜੇ ਸ਼ੂਦਰ (ਨੀਚ ਜਾਤ) ਉੱਚੀ ਜਾਤ ਵਾਲੇ ਕੰਮ ਕਰਕੇ ਧੰਨ ਕਮਾ ਲਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਸ ਤੋਂ ਧਨ ਖੋਹ ਕੇ ਉਸ ਨੂੰ ਦੇਸ਼ ਨਿਕਾਲਾ ਦੇ ਦੇਵੇ।

ਅੰਤਰੀ ਸਹਿਤਾ (19) : ਜੋ ਸ਼ੂਦਰ ਜਪ ਕਰਦਾ ਹੈ ਜਾਂ ਹਵਨ ਆਦਿਕ ਧਾਰਮਿਕ ਕੰਮ ਕਰਦਾ ਹੈ ਤਾਂ ਰਾਜਾ ਉਸ ਨੂੰ ਕਠੋਰ ਸਜ਼ਾ ਦੇਵੇ।

ਸੰਵਰਤ ਸਹਿਤਾ (152-54, 166-60) : ਬ੍ਰਾਹਮਣ ਜਾਤ ਦੀ ਇਸਤਰੀ ਨਾਲ ਵਿਸ਼ਾ ਕਰਨ ਵਾਲੇ ਸ਼ੂਦਰ ਨੂੰ ਅੱਗ ਵਿਚ ਸੁੱਟ ਦੇਵੇ।

ਬ੍ਰਹਮ ਸੂਤਰ (1/3/38) : ਸ਼ੂਦਰਾਂ ਨੂੰ ਗਿਆਨ ਨਹੀਂ ਦੇਣਾ ਚਾਹੀਦਾ। ਸ਼ੂਦਰ ਸ਼ਮਸ਼ਾਨ ਭੂਮੀ ਦੇ ਬਰਾਬਰ ਹੁੰਦਾ ਹੈ। ਇਸ ਲਈ ਉਸ ਦੇ ਲਾਗੇ ਖੜ੍ਹਨਾ ਵੀ ਨਹੀਂ ਚਾਹੀਦਾ।

ਵਿਆਸ ਸਿਮਰਤੀ (1/11/12) ਕੰਜਰ, ਚੰਡਾਲ, ਭੰਗੀ ਆਦਿ ਨਾਲ ਗੱਲ ਕਰਨ ਦਾ ਦੋਸ਼ ਇਸ਼ਨਾਨ ਕਰਨ ਨਾਲ, ਉਹਨਾਂ ਨੂੰ ਦੇਖਣ ਦਾ ਦੋਸ਼ ਸੂਰਜ ਵੱਲ ਵੇਖਣ ਨਾਲ ਦੂਰ ਹੋ ਜਾਂਦਾ ਹੈ।

ਅਤਰੇ ਸਿਮਰਤੀ (17-18) : ਜੋ ਆਪਣਾ ਧਰਮ ਛੱਡ ਕੇ ਦੂਜੇ ਧਰਮ ਵਿਚ ਚਲੇ ਜਾਂਦੇ ਹਨ, ਐਸੇ ਲੋਕਾਂ

ਨੂੰ ਸਜਾ ਦੇਣ ਵਾਲਾ ਰਾਜਾ ਸਵਰਗ ਨੂੰ ਜਾਂਦਾ ਹੈ। * ਆਪਣੇ ਧਰਮ ਦਾ ਪਾਲਣ ਕਰਨ ਵਾਲਾ ਸ਼ੂਦਰ ਵੀ ਸਵਰਗ ਨੂੰ ਪ੍ਰਾਪਤ ਕਰਦਾ ਹੈ।

ਵਿਸ਼ਨੂੰ (5/11) : ਜੋ ਸ਼ੂਦਰ ਆਪਣੀ ਜਾਨ, ਧਨ ਅਤੇ ਇਸਤਰੀ ਨੂੰ ਬ੍ਰਾਹਮਣ ਦੀ ਸੇਵਾ ਵਿਚ ਅਰਪਨ ਕਰ ਦੇਵੇ, ਉਸ ਸ਼ੂਦਰ ਦਾ ਅੰਨ ਭੋਜਨ ਯੋਗ ਹੁੰਦਾ ਹੈ ਅਤੇ ਹੋਰ ਸ਼ੂਦਰਾਂ ਦਾ ਅੰਨ ਭੋਜਨ ਯੋਗ ਨਹੀਂ ਹੁੰਦਾ।

ਹਰੀਤ ਸਿਮਰਤੀ (2/13/14) : ਸ਼ੂਦਰ ਪੁਰਾਣੇ ਕੱਪੜੇ ਪਹਿਨੇ, ਜੂਠ ਖਾਵੇ ਅਤੇ ਆਪਣੀ ਹੀ ਜਾਤੀ ਨਾਲ ਪ੍ਰੇਮ ਕਰੇ। ਜੇਕਰ ਸ਼ੂਦਰ ਮਨ-ਬਚਨ, ਕਰਮ ਨਾਲ ਅਜਿਹਾ ਕਰੇਗਾ ਤਾਂ ਉਸਦੇ ਪਾਪਾਂ ਦਾ ਨਾਸ਼ ਹੋਵੇਗਾ ਤੇ ਉਹ ਇੰਦਰ ਦੀ ਪਦਵੀ ਤੱਕ ਪਹੁੰਚੇਗਾ।

ਕਥਨ ਸਹਿਤਾ (31,2) : ਜਿਸ ਗਾਂ ਦਾ ਦੁੱਧ ਅਗਨੀ ਹੋਮ ਲਈ ਕੰਮ ਆਉਂਦਾ ਹੋਵੇ, ਉਸ ਨੂੰ ਸ਼ੂਦਰ ਵੇਖੇ ਤੱਕ ਨਾਂ।

ਗੌਤਮ ਰਿਸ਼ੀ (ਅਧਿ-12) ਮਹਾਂਰਿਸ਼ੀ ਵਸ਼ਿਸਠ ਸਿਮਰਤੀ (ਅਧਿ-18): ਅਗਰ ਸ਼ੂਦਰ ਕਿਸੇ ਦਵਿਜ (ਸਵਰਨ) ਦੇ ਖਿਲਾਫ ਬੋਲੇ, ਉਸ ਤੇ ਹਮਲਾ ਕਰੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਸ਼ੂਦਰ ਦਾ ਉਹੀ ਅੰਗ ਕਟਵਾ ਦੇਵੇ, ਜਿਸ ਨਾਲ ਉਸਨੇ ਹਮਲਾ ਕੀਤਾ ਹੈ।

ਸਤਪਥ ਬ੍ਰਾਹਮਣ (3/1/10) : ਯੱਗ ਕਰਨ ਸਮੇਂ ਸ਼ੂਦਰ ਨਾਲ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਅਤੇ ਨਾ ਹੀ ਸ਼ੂਦਰ ਦੀ ਹਾਜਰੀ ਵਿਚ ਯੱਗ ਕਰਨਾ ਚਾਹੀਦਾ। ਸ਼ੂਦਰ ਨੂੰ ਸੋਮ ਰੱਸ ਨਹੀਂ ਪਿਆਉਣਾ ਚਾਹੀਦਾ।

ਮੈਤਰਯਾਨੀ ਸਹਿਤਾ (4,113,8) : ਗੌਤਮ ਰਿਸ਼ੀ (ਅਧਿ-12) ਵਸ਼ਿਸ਼ਠ ਸਿਮਰਤੀ (ਅਧਿ-18) : ਅਗਰ ਸ਼ੂਦਰ ਸਵਰਨ ਔਰਤ ਨਾਲ ਭੋਗ ਕਰੇ ਤਾਂ ਰਾਜਾ ਉਸ ਦਾ ਲਿੰਗ (ਇੰਦਰੀ) ਕਟਵਾ ਦੇਵੇ। ਜੇ ਕਰ ਉਹ ਵੇਦ ਮੰਤਰ ਦਾ ਉਚਾਰਨ ਕਰੇ, ਤਾਂ ਉਸਦੀ ਜੀਭ ਕਟਵਾ ਦੇਵੇ।

ਐਤਰੇ ਬ੍ਰਾਹਮਣ (7,28,4) ਸ਼ੂਦਰ ਸਿਰਫ ਦੂਜਿਆਂ ਦਾ ਸੇਵਾਦਾਰ ਹੈ। ਇਸ ਤੋਂ ਬਿਨਾਂ ਉਸਨੂੰ ਕੋਈ ਅਧਿਕਾਰ ਨਹੀਂ ਹੈ।

ਅਪਸਤੰਭ (2,5,16) : ਬ੍ਰਾਹਮਣ ਕੰਨਾ ਤੱਕ ਹੱਥ ਉਠਾ ਕੇ ਪ੍ਰਨਾਮ ਕਰੇ, ਖੱਤਰੀ ਬਗਲ ਤੀਕ ਹੱਥ ਉਠਾ ਕੇ, ਵੈਸ਼ ਕਮਰ ਤੀਕ ਅਤੇ ਸ਼ੂਦਰ ਹੱਥ ਜੋੜ ਕੇ ਹੇਠਾਂ ਨੂੰ ਨੀਵਾਂ ਹੋ ਕੇ ਅਤੇ ਅੱਗੇ ਹੱਥ ਵਧਾ ਕੇ ਪ੍ਰਨਾਮ ਕਰੇ।

ਗੌਤਮ ਧਰਮ ਸੂਤਰ (12, 18, 13) : ਅਗਰ ਸ਼ੂਦਰ ਨੂੰ ਤਿੰਨੇ ਵਰਣ ਵਾਲਾ ਗਾਲ੍ਹਾਂ ਕੱਢਣ ਤਾਂ ਉਹਨਾਂ ਨੂੰ ਇਸ ਦੇ ਬਦਲੇ ਕੋਈ ਸਰਕਾਰੀ ਜੁਰਮਾਨਾ ਨਹੀਂ ਕੀਤਾ ਜਾ ਸਕਦਾ। ਅਗਰ ਬ੍ਰਾਹਮਣ, ਖੱਤਰੀ ਅਤੇ ਵੈਸ਼ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਤਾਂ ਉਹਨਾਂ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ।

ਵਿਸ਼ਨੂੰ (5,19, 25) ਜੇਕਰ ਸ਼ੂਦਰ, ਬ੍ਰਾਹਮਣ ਨੂੰ ਉਪਦੇਸ਼ ਦੇਵੇ ਤਾਂ ਰਾਜੇ ਨੂੰ ਚਾਹੀਦਾ ਹੈ ਕਿ ਉਹ ਸ਼ੂਦਰ ਦਾ ਮੂੰਹ ਗਰਮ ਤੇਲ ਨਾਲ ਭਰ ਦੇਵੇ ਅਤੇ ਜੇਕਰ ਸ਼ੂਦਰ ਕਿਸੇ ਉੱਚ ਵਰਗ ਦੇ ਬੰਦੇ ਨਾਲ ਅਪਮਾਨਜਨਕ ਲਫਜ ਬੋਲੇ ਤਾਂ ਉਸ ਦੀ ਜੀਭ ਵਿਚ ਚਾਰ ਉਂਗਲਾ ਕਿੱਲ ਗਰਮ ਕਰਕੇ, ਲਾਲ ਕੀਤਾ ਹੋਇਆ ਗਡਵਾ ਦੇਵੇ।

ਅਪਸ਼ੰਭ ਧਰਮ ਸੂਤਰ (13,9,6,11) ਜਿਸ ਮਕਾਨ ਵਿਚ ਸ਼ੂਦਰ ਅਰਥਾਤ ਪਤਿਤ ਰਹਿੰਦਾ ਹੈ ਉੱਥੇ ਵੇਦ ਪਾਠ ਨਾ ਕਰੋ। ਅਗਰ ਸ਼ੂਦਰ ਔਰਤ ਕਿਸੇ ਵੇਦ ਪਾਠ ਵੱਲ ਵੇਖ ਲਵੇ ਤਾਂ ਪਾਠ ਬੰਦ ਕਰ ਦੇਣਾ ਚਾਹੀਦਾ ਹੈ।

ਮਨੂੰ ਸਿਮਰਤੀ (5,95) : ਬ੍ਰਾਹਮਣ ਸ਼ੂਦਰ ਦੇ ਰਾਜ ਵਿਚ ਨਾ ਰਹੇ ਤੇ ਨਾ ਹੀ ਉੱਥੇ ਰਹੇ ਜਿੱਥੇ ਪਤਿਤ ਨਾਸਤਕ ਤੇ ਨੀਚ ਰਹਿੰਦੇ ਹੋਣ। ਜੇ ਬ੍ਰਾਹਮਣ ਸ਼ੂਦਰ ਦਾ ਯੱਗ ਕਰਵਾਉਂਦਾ ਹੈ, ਉਸ ਨੂੰ ਸ਼ਰਧਾ ਨਾਲ ਦੂਜੇ ਬ੍ਰਾਹਮਣਾਂ ਵਾਂਗ ਨਾ ਬਲਾਓ। ਸ਼ੂਦਰ ਦੀ ਲਾਸ਼ ਨੂੰ ਦੱਖਣੀ ਫਾਟਕ ਵਲੋਂ ਲਿਜਾਇਆ ਜਾਵੇ।

ਗੌਤਮ ਧਰਮ ਸੂਤਰ (20, 4-5) : ਅਗਰ ਸ਼ੂਦਰ ਵੇਦਾਂ ਨੂੰ ਜਾਣ ਬੁੱਝ ਕੇ ਸੁਣੇ ਜਾਂ ਪੜ੍ਹੇ ਤਾਂ ਉਸ ਦੇ ਕੰਨਾਂ ਵਿਚ ਪਿਘਲਾਇਆ ਹੋਇਆ ਸ਼ੀਸ਼ਾ (ਸਿਕਾ ਜਾਂ ਲੋਹਾ ਪਾ ਦਿਉ। ਅਗਰ ਉਹ ਵੇਦਾਂ ਦਾ ਉਚਾਰਨ ਕਰੇ ਅਤੇ ਵੇਦ ਨੂੰ ਯਾਦ ਕਰ ਲਵੇ ਤਾਂ ਉਸਦੇ ਟੁਕੜੇ ਕਰ ਦਿਉ। (ਜਿਵੇਂ ਕਿ ਰਾਮ ਚੰਦਰ ਨੇ ਅਛੂਤ ਸ਼ੰਬੂਕ ਨੇ ਆਪਣੀ ਤਲਵਾਰ ਨਾਲ ਕਤਲ ਕੀਤਾ ਸੀ।

ਅਪਸਤਵੰ (2,10, 27, 8,9) ਅਗਰ ਕੋਈ ਸਵਰਨ (ਦਵਿਜ) ਸ਼ੂਦਰ ਇਸਤਰੀ ਨਾਲ ਭੋਗ ਕਰੇ ਤਾਂ ਉਸਨੂੰ ਦੇਸ਼ ਵਿਚੋਂ ਕੱਢ ਦਿਉ। ਪਰ ਜੇਕਰ ਸ਼ੂਦਰ ਕਿਸੇ ਸਵਰਨ ਇਸਤਰੀ ਨਾਲ ਸੰਭੋਗ ਕਰੇ ਤਾਂ ਉਸਨੂੰ ਮੌਤ ਦੀ ਸਜਾ ਦਿੱਤੀ ਜਾਵੇ।

ਰਿਗਵੇਦ (8,24,27) ਅਸੀਂ ਭਾਵ ਆਰੀਆ ਲੋਕ, ਦਾਸ ਜਾਤੀਆਂ ਵਿਚਕਾਰ ਰਹਿੰਦੇ ਹਾਂ ਜੋ ਯੱਗ ਨਹੀਂ
ਕਰਦੀਆਂ। ਇਹਨਾਂ ਦੇ ਰਿਵਾਜ ਵਖਰੇ ਹਨ। ਇਹ ਮਨੁੱਖ ਕਹਾਉਣ ਦੇ ਯੋਗ ਨਹੀਂ। ਹੇ ਸ਼ਤਰੂਆ ਦਾ ਨਾਸ਼ ਕਰਨ
ਵਾਲੇ ਇੰਦਰ ਨੂੰ ਇਹਨਾਂ ਲੋਕਾਂ ਦਾ ਨਾਸ਼ ਕਰ ਦਿਓ। ਹੇ, ਇੰਦਰ! ਤੂੰ ਸਾਡੀ ਰਾਖਸ਼ਾਂ (ਸ਼ੂਦਰਾਂ) ਤੋਂ ਰਾਖੀ ਕੀਤੀ
ਹੈ ਜੋ ਸਿੰਧੂ ਨਦੀ ਦੇ ਤਟ ਤੇ ਰਹਿੰਦੇ ਹਨ।

ਵਾਲਮੀਕੀ ਰਮਾਇਣ (18-1623) ਅਯੁੱਧਿਆ ਪਤੀ ਰਾਮ!........ ਸ਼ੂਦਰ ਦਾ ਤਪ ਕਰਨਾ ਮਹਾਨ
ਅਨਰਥ ਮੰਨਿਆ ਗਿਆ ਹੈ।

ਮਹਾਂ ਭਾਰਤ (ਸ਼ਾਂਤੀ ਪਰਵ ਮੰਡਰ 1-2) ਕ੍ਰਿਸ਼ਨ ਨੇ ਮੂੰਹ ਵਿੱਚੋਂ 100 ਸਰੇਸ਼ਠ ਬ੍ਰਾਹਮਣਾਂ ਨੂੰ ਦੋਹਾਂ ਬਾਹਾਂ
ਚੋ 100 ਖੱਤਰੀਆਂ ਨੂੰ, ਦੋਹੇਂ ਲੱਤਾਂ ਚੋਂ 100 ਵੈਸ਼ਾਂ ਨੂੰ ਅਤੇ ਦੋਹਾਂ ਪੈਰਾਂ ਚੋਂ 100 ਸ਼ੂਦਰਾਂ ਨੂੰ ਪੈਦਾ ਕੀਤਾ।

ਮਹਾਂਰਿਸ਼ੀ ਆਗਰਸ: ਸ਼ੂਦਰ ਦਾ ਅੰਨ ਲੈਣਾ, ਸ਼ੂਦਰ ਨਾਲ ਮੇਲ ਜੋਲ ਰੱਖਣਾ, ਸ਼ੂਦਰ ਦੇ ਨਾਲ ਇਕ ਥਾਂ
ਬੈਠਣਾ ਤੇ ਸ਼ੂਦਰ ਤੋਂ ਗਿਆਨ ਪ੍ਰਾਪਤ ਕਰਨਾ, ਇਹਨਾ ਚੋਂ ਕੀ ਕੰਮ ਤੇਜੱਸਵੀ ਦਵਿਜ ਦਾ ਪਤਨ ਕਰ ਸਕਦਾ
ਹੈ।(ਅਜਿਹਾ ਕਰਨ ਨਾਲ ਦੂਜੇ ਦਵਿਜ ਉਸਦਾ ਹੁੱਕਾ ਪਾਣੀ ਤਿਆਗ ਦੇਣਗੇ।

*ਮਨੂੰ: ਸ਼ੂਦਰ ਨੂੰ ਗਰੀਬ ਬਣਾਈ ਰੱਖਣਾ ਹੀ ਹਿੰਦੂ ਧਰਮ ਦਾ ਪਾਲਣ ਕਰਨਾ ਹੈ। * ਸ਼ੂਦਰ ਧਨਵਾਨ ਜਾ
ਸਮਰੱਥ ਹੋ ਕੇ ਦਵਿਜ ਨੂੰ ਦੁੱਖ ਪਹੁੰਚਾਉਂਦਾ ਹੈ।

*ਮਹਾਂਰਿਸ਼ੀ ਆਗਰਸ: ਅਗਨੀ ਭੇਟਾ ਕਰਨ ਵਾਲਾ ਬ੍ਰਾਹਮਣ ਜੇ ਸ਼ੂਦਰ ਦਾ ਅੰਨ ਖਾ ਲਵੇ ਤਾਂ ਉਸ ਦਵਿਜ
ਦੇ ਵੇਦ ਪਾਠ, ਆਤਮਾ ਅਤੇ ਹਵਨ ਤਿੰਨੇ ਨਸ਼ਟ ਹੋ ਜਾਣਗੇ। * ਸ਼ੂਦਰ ਦਾ ਅੰਨ ਖਾ ਕੇ ਸੰਤਾਨ ਪੈਦਾ ਕਰਨ
ਵਾਲੇ ਬ੍ਰਾਹਮਣ ਦੀ ਔਲਾਦ ਵੀ ਸ਼ੂਦਰ ਹੋ ਜਾਂਦੀ ਹੈ। * ਧੋਬੀ, ਚਮਾਰ, ਬਾਜੀਗਰ, ਬਰੂੜ, ਮਲਾਹ, ਭੇਦ, ਭੀਲ,
ਇਹ ਸੱਤ ਜਾਤਾਂ ਨੀਚ ਹਨ। ਇਹਨਾਂ ਦੇ ਬਰਤਨਾਂ ਵਿਚ ਖਾਣਾ, ਇਹਨਾਂ ਦੇ ਖੂਹ ਤੋਂ ਭੁੱਲ ਕੇ ਪਾਣੀ ਪੀ ਲੈਣਾ,
ਦਵਿਜਾਂ ਨੂੰ ਭ੍ਰਿਸ਼ਟ ਬਣਾਉਂਦਾ ਹੈ।

ਗੀਤਾ (ਅ-18 ਸ਼ਲੋਕ 44): ਸੇਵਾ ਕਰਨਾ ਸ਼ੂਦਰਾਂ ਦਾ ਸੁਭਾਵਕ ਧਰਮ ਹੈ।

(ਅ-9 ਸ਼ਲੋਕ 32): ਔਰਤਾਂ, ਵੈਸ਼, ਸ਼ੂਦਰ ਤੇ ਚੰਡਾਲ, ਸਭ ਪਾਪ ਦੀ ਜੋਨੀ ਵਿਚੋਂ ਪੈਦਾ ਹੁੰਦੇ ਹਨ।

ਸੰਕਰਾਚਾਰੀਆ: ਇਸਤਰੀਆਂ ਅਤੇ ਸ਼ੂਦਰਾਂ ਨੂੰ ਲੜਾਇਆ ਜਾਣਾ ਚਾਹੀਦਾ ਹੈ।

ਮਨੂੰ ਸਿਮਰਤੀ (5-104): ਬ੍ਰਾਹਮਣਾਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਸ਼ੂਦਰ ਨੂੰ ਬ੍ਰਾਹਮਣ ਦੀ ਮਿਰਤਕ
ਦੇਹ ਵੀ ਨਾ ਛੂਹਣ। ਜਦੋਂ ਸ਼ੂਦਰ ਬ੍ਰਾਹਮਣ ਦੀ ਮਿਰਤਕ ਦੇਹ ਨੂੰ ਸਪੱਰਸ਼ ਕਰੇਗਾ ਤਾਂ ਬ੍ਰਾਹਮਣ ਸੁਰਗ ਨਹੀਂ ਜਾ
ਸਕੇਗਾ।(10-511) ਚੰਡਾਲ, ਭੰਗੀ, ਚਮਾਰ ਆਦਿ ਜਾਤੀਆਂ ਪਿੰਡ ਤੋਂ ਬਾਹਰ ਰਹਿਣ। ਉਹ ਬਰਤਚਨ ਨਾ
ਰੱਖਣ। ਉਹਨਾਂ ਦੀ ਜਾਇਦਾਦ ਕੁੱਤੇ ਤੇ ਗਧੇ ਹਨ।(10-55) ਇਹ ਲੋਕ ਆਪਣੇ ਸਾਥ ਅਜਿਹਾ ਕੋਈ ਚਿੰਨ
ਰੱਖਣ ਜਿਸ ਤੋਂ ਪਤਾ ਲੱਗੇ ਕਿ ਹਿ ਭੰਗੀ ਹਨ। ਰਾਜੇ ਦੇ ਆਦੇਸ਼ ਅਨੁਸਾਰ ਦਿਨੇ ਹੀ ਕੰਮ ਕਰਨ ਅਤੇ ਲਾਵਾਰਸ
ਮੁਰਦੇ ਢੋਣ।

ਔਸ਼ਨਿਸ ਸਿਮਰਤੀ (32-34): ਬ੍ਰਾਹਮਣ ਦੁਆਰਾ ਵੈਸ਼ ਇਸਤਰੀ ਨਾਲ ਚੋਰੀ-2 ਜਾਰ ਕਰਮ ਨਾਲ
ਘੁਮਿਆਰ ਪੈਦਾ ਹੁੰਦਾ ਹੈ।

ਅਪਸਤੰਭ ਸਿਮਰਤੀ (11): ਸ਼ੂਦਰ ਦਾ ਅੰਨ ਪੇਟ ਵਿਚ ਹੋਏ ਤੇ ਬ੍ਰਾਹਮਣ ਮਰ ਜਾਵੇ ਤਾਂ ਉਹ ਸੂਰ ਜਾਂ ਕੁੱਤੇ
ਦਾ ਜਨਮ ਲੈਂਦਾ ਹੈ।

ਮਨੂੰ (11-13): ਜਦੋਂ ਕਿਸੇ ਵੈਸ਼ ਤੋਂ ਧਨ ਆਦਿ ਨਾ ਮਿਲੇ ਤਾਂ ਬ੍ਰਾਹਮਣ ਬੇ-ਰਹਿਮੀ ਨਾਲ ਸ਼ੂਦਰ ਦੇ ਘਰੋਂ
ਧਨ ਖੋਹ ਲਵੇ।(8-13) ਸ਼ੂਦਰ ਬ੍ਰਾਹਮਣ ਦੇ ਵਿਧਾਤਾ ਦੁਆਰਾ ਬਣਾਏ ਹੋਏ ਦਾਸ ਹਨ।

ਪਰਾਸ਼ਰ ਸਿਮਰਤੀ (8/33): ਸ਼ੂਦਰ ਜਾਤੀ ਦਾ ਵਿਅਕਤੀ ਚਾਹੇ ਕਿਨਾਂ ਵੀ ਸੁੱਘੜ ਸਿਆਣਾ ਹੋਵੇ, ਉਹ
ਆਦਰ ਯੋਗ ਨਹੀਂ ਹੈ।(6/26) ਚੰਡਾਲ ਦਾ ਬਰਤਨ ਜੇ ਖੂਹ ਨਾਲ ਲੱਗ ਜਾਵੇ ਤੇ ਖੂਹ ਤੋਂ ਕੋਈ ਪਾਣੀ ਪੀ ਲਵੇ
ਤਾਂ ਉਸ ਨੂੰ ਤਿੰਨ ਦਿਨ ਤੱਕ ਗਊ ਦਾ ਪਿਸ਼ਾਬ ਪੀਣਾ ਚਾਹੀਦਾ ਹੈ।

ਮਨੂੰ (10/54): ਨੀਚ ਜਾਤੀਆਂ ਦੇ ਲੋਕ ਰਾਤ ਨੂੰ ਪਿੰਡ ਤੇ ਨਗਰ ਵਿਚ ਨਾ ਘੁੰਮਣ।(8/20): ਸ਼ੂਦਰ
ਚਾਹੇ ਕਿੰਨਾ ਵੀ ਯੋਗ ਨਾ ਹੋਵੇ, ਉਹ ਅਧਿਕਾਰੀ ਬਣ ਜਾਣ ਦਾ ਹੱਕਦਾਰ ਨਹੀਂ।

ਭ੍ਰਿਗੂ ਸਹਿੰਤਾ: ਚੰਡਾਲਾਂ, ਸੱਤ ਅਛੂਤ ਜਾਤਾਂ, ਅੰਤਰਜਾਤੀ ਵਿਆਹ ਦੀ ਸੰਤਾਨ, ਮਲੇਛਾਂ, ਨੀਚਾਂ

ਅਤੇ ਪਤਿਤਾਂ ਨੂੰ ਮੰਦਰ ਛੂਹਣ ਦੀ, ਉਹਨਾਂ ਅੰਦਰ ਜਾਣ ਦੀ, ਮੰਦਰ ਪੂਜਾ ਕਰਨ ਦੀ ਅਤੇ ਉਸ ਨੂੰ ਵੇਖਣ ਦੀ ਮਨਾਹੀ ਹੈ।

ਅਪਸਤੰਭ ਧਰਮ ਸੂਤਰ: ਜਿਵੇਂ ਕੁੱਤਾ ਹੈ ਤਿਵੇਂ ਸ਼ੂਦਰ ਹੈ।

ਨਾਰਦ ਸਿਮਰਤੀ (ਅ-5) ਸ਼ੂਦਰ ਦਾ ਕੰਮ ਦਰਵਾਜਿਆਂ , ਟੱਟੀ ਖਾਨਿਆਂ,ਸੜਕਾਂ ਅਤੇ ਕੂੜਾ ਸੁੱਟਣ ਦੀ ਥਾਂ ਝਾੜੂ ਫੇਰਨਾ, ਸਰੀਰ ਦੇ ਗੁਪਤ ਅੰਗਾਂ ਦੀ ਮਾਲਸ਼ ਕਰਨਾ, ਜੂਠਾ ਭੋਜਨ ਅਤੇ ਟੱਟੀ ਪਿਸ਼ਾਬ ਇਕੱਠਾ ਕਰਕੇ ਸੁੱਟਣਾ।

ਕੌਟੱਲਿਆ ਅਰਥ ਸ਼ਾਸ਼ਤਰ: ਸ਼ੂਦਰ ਦਾ ਧਰਮ ਹੈ, ਖੇਤੀ ਪਸ਼ੂਪਾਲਣ, ਕਾਰੀਗੀਰੀ ਅਤੇ ਗਾਉਣ ਵਜਾਉਣ ਲਈ ਕੌਤਕ ਵਿਖਾਉਣਾ।

ਵਿਆਸ ਸਿਮਰਤੀ: ਬੜਈ (ਤਰਖਾਣ) ਨਾਈ, ਗਵਾਲੇ, ਘੁਮਿਆਰ, ਵਣਿਕ, ਕਿਰਾਤ, ਕਾਇਸਥ,ਮਾਲੀ, ਭੰਗੀ, ਕੋਲ, ਚੰਡਾਲ, ਸਭ ਅਪਵਿੱਤਰ ਹਨ।

ਵਸ਼ਿਸ਼ਟ ਧਰਮ ਸੂਤਰ: ਮੋਚੀ, ਦੋਬੀ, ਬੜਈ, ਖਟੀਕ ਦੇ ਹੱਥਾਂ ਦਾ ਅੰਨ ਨਾ ਖਾਣ ਦਾ ਆਦੇਸ਼ ਹੈ ।

ਮਨੂੰ ਸਿਮਰਤੀ: ਨਟ ਦਰਜੀ, ਲੁਹਾਰ, ਮਲਾਹ, ਰੰਗਸਾਜ, ਸੁਨਿਆਰ, ਬੰਸ ਮੋਰ ਅਤੇ ਰੰਗਰੇਜ ਦਾ ਅੰਨ ਨਾ ਖਾਓ। ਸੁਨਿਆਰ ਦਾ ਅੰਨ ਉਮਰ, ਚਮਿਆਰਿ ਦਾ ਅੰਨ ਵਡਿਆਈ ਘਟਾਉਂਦਾ ਹੈ। ਬਈ (ਤਰਖਾਣ) ਦਾ ਅੰਨ ਸੰਤਾਨ ਅਤੇ ਰੰਗਰੇਜ ਦਾ ਅੰਨ ਤਾਕਤ ਨਸ਼ਟ ਕਰਦਾ ਹੈ।

ਵੇਦ: ਪੁਸ਼ਵਮੇਘ ਯੱਗ ਸਮੇਂ 184 ਨਰ-ਨਰੀਆਂ ਦੀ ਬਲੀ ਦਿੱਤੀ ਗਈ। ਜਿਨ੍ਹਾਂ ਵਿਚ ਇਕ ਬਰਾਹਮਣ, ਇਕ ਖੱਤਰੀ, ਇਕ ਵੈਸ਼ ਅਤੇ ਬਾਕੀ ਨੀਚ ਜਾਤੀਆਂ ਵਿੱਚੋਂ 16-17 ਆਦਮੀ ਬਲੀ ਚੜ੍ਹਾਏ ਜਾਂਦੇ ਸਨ।

ਮਨੂੰ ਸਿਮਰਤੀ: ਪ੍ਰਮਾਤਮਾ ਨੇ ਸ਼ੂਦਰ ਨੂੰ ਸਿਰਫ ਇਕ ਹੁਕਮ ਦਿੱਤਾ ਹੈ ਕਿ ਉਹ ਉਪਰ ਵਾਲੇ ਤਿੰਨਾ ਵਰਣਾਂ ਦੀ ਸੇਵਾ ਕਰੇ।

ਸ਼ਤਪਥ ਬ੍ਰਾਹਮਣ (1/41/1/31) ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਵਿਚ ਝੂਠ ਪਾਪ ਅਤੇ ਅੰਧਕਾਰ ਬਣੇ ਰਹਿੰਦੇ ਹਨ।

ਪੰਜਾਬ ਕਾਨੂੰਨ 1872: ਇਸ ਕਾਨੂੰਨ ਅਨੁਸਾਰ ਨਗਰ ਵਿਚ ਮਰਨ ਵਾਲੇ, ਮੁਰਦਾ ਪਸ਼ੂਆਂ ਨੂੰ ਉਠਾਉਣਾ ਸਫਾਈ ਮਜਦੂਰ ਦਾ ਕੰਮ ਸੀ। ਇਸ ਦੇ ਬਦਲੇ ਇਸ ਨੂੰ ਕੋਈ ਮਿਹਨਤਾਨਾ ਨਹੀਂ ਸੀ ਦਿੱਤਾ ਜਾਂਦਾ। ਪੰਜਾਬ ਵਿਚ ਕਿਸੇ ਭੰਗੀ ਨੂੰ ਕਿਸੇ ਰਾਹ ਵਿਚੋਂ ਲੰਘਣ ਲਈ, ਦੂਰ ਹਟੋ,ਦੂਰ ਹਟੋ ਕਹਿਣਾ ਪੈਂਦਾ ਸੀ। ਪੰਜਾਬ ਲੈਂਡ ਐਲੀਨੇਸ਼ਨ ਐਕਟ: ਅਨੁਸਾਰ ਅਛੂਤਾਂ ਨੂੰ ਗੈਰ ਕਾਸ਼ਤਕਾਰ ਕਰਾਰ ਦਿੱਤਾ ਗਿਆ। ਉਹ ਖੇਤੀ ਲਈ ਤਾਂ ਕੀ, ਮਕਾਨ ਵਾਸਤੇ ਵੀ ਜਮੀਨ ਨਹੀਂ ਸੀ ਖਰੀਦ ਸਕਦਾ। ਮਿਉਂਸਪਲ ਸਰਵੈਂਟਸ ਐਕਟ 1890 ਧਾਰਾ 3: ਜੇਕਰ ਨੀਵੀਆਂ ਜਾਤੀਆਂ ਦਾ ਕੋਈ ਸਫਾਈ ਮਜਦੂਰ ਬਿਨਾਂ ਸੂਚਨਾ ਦਿੱਤੇ ਕੰਮ ਤੋਂ ਗੈਰ ਹਾਜਰ ਹੁੰਦਾ ਜਾਂ ਤਿਆਗ ਪੱਤਰ ਦਿੰਦਾ ਸੀ ਤੇ ਉਸਨੂੰ ਕੈਦ ਦੀ ਸਜਾ ਹੁੰਦੀ ਸੀ।

ਮਦਰਾਸ ਰੈਗੂਲੇਸ਼ਨ ਨੰ: 11 (1816) ਜੇਕਰ ਨੀਵੀਆਂ ਜਾਤੀਆਂ ਦਾ ਕੋਈ ਵਿਅਕਤੀ ਅਪਰਾਧ ਕਰੇ ਤਾਂ ਉਸਨੂੰ ਡੰਡਾ ਲਾ ਦਿੱਤਾ ਜਾਂਦਾ ਸੀ, ਪਰ ਉੱਚੀਆਂ ਜਾਤੀਆਂ ਲਈ ਇਸ ਦੀ ਛੋਟ ਸੀ। 1898 ਵਿਚ ਗਟੇਕਰ ਕਮਿਸ਼ਨ ਦੇ ਫੈਸਲੇ ਅਨੁਸਾਰ ਫੌਜ ਦੀ ਵੰਡ ਜਾਤੀ ਵੰਡ ਦੇ ਅਧਾਰ ਤੇ ਮਰਾਠਾ, ਰਾਜਪੂਤ, ਸਿੱਖ, ਗੋਰਖਾ ਅਤੇ ਜਾਟ ਰਾਜਮੈਂਟਾਂ, ਇਸ ਤਰ੍ਹਾਂ ਕਰ ਦਿੱਤੀ। 1892 ਵਿਚ ਅਛੂਤਾਂ ਦੀ ਫੌਜ ਇਸ ਵਿਚ ਭਰਤੀ ਬੰਦ ਕਰ ਦਿੱਤੀ ਗਈ। ਚਮਾਰਾਂ ਅਤੇ ਮਹਾਰਾਂ ਨੂੰ ਫੌਜ ਵਿਚੋਂ ਬਾਹਰ ਕੱਢ ਦਿੱਤਾ ਗਿਆ।

22-24 ਮਾਰਚ 1918 ਨੂੰ ਡੀਪਰੈਸਡ ਕਲਾਸਜ ਮਿਸਨ ਸੁਸਾਇਟੀ ਆਫ ਇੰਡੀਆ ਦੀ ਬੰਬਈ 'ਚ ਕਾਨਫਰੰਸ ਹੋਈ, ਜਿਸ ਦੀ ਪ੍ਰਧਾਨਗੀ ਮਹਾਰਾਜਾ ਬੜੋਦਾ ਨੇ ਕੀਤੀ। ਬਹੁਤ ਸਾਰੇ (ਸਵਰਨ) ਲੀਡਰਾਂ ਨੇ ਛੂਆ ਛਾਤ ਮਿਟਾਉਣ ਲਈ ਅਹਿਦਨਾਮੇ ਤੇ ਦਸਖਤ ਕੀਤੇ ਪਰ ਇਸ ਮੈਨੀਫੈਸਟੋ ਵਿਚ ਬਾਲ ਗੰਗਾਧਰ ਤਿਲਕ ਨੇ (ਹਿੰਦੂਆਂ ਦਾ ਪ੍ਰੀਨਿਧ ਹੋਣ ਦੀ ਸੂਰਤ ਵਿਛ) ਦਸਖਤ ਕਰਨ ਤੋਂ ਇਨਕਾਰ ਕਰ ਦਿੱਤਾ। 1921, 22, 23, ਵਿਚ ਗਾਂਧੀ ਨੇ ਤਿਲਕ ਸਵਰਾਜ ਫੰਡ ਦੇ ਨਾਉਂ ਦੇ ਫੰਡ ਵਿਚ, ਅਛੂਤਾਂ ਦੇ ਕਲਿਆਣ ਕਰਨ ਦੇ ਨਾਉਂ ਤੇ 1, 30, 1, 9, 415 ਰੁਪੈ 15 ਆਨੇ 7 ਪਾਈ ਇਕੱਠੇ ਕੀਤੇ, ਪਰੰਤੂ ਅਛੂਤਾਂ ਦੀ ਭਲਾਈ ਲਈ ਕੇਵਲ 43,381 ਰੁਪੈ ਹੀ ਖਰਚ ਕੀਤੇ।

ਮਾਰਚ 1926 ਵਿਚ ਇਕ ਅਛੂਤ ਨੂੰ ਮਦਰਾਸ ਦੇ ਇਕ ਮੰਦਰ ਵਿਚ ਪ੍ਰਵੇਸ਼ ਕਰਨ ਦੇ ਜੁਰਮ ਵਿਚ ਸਜਾ ਦਿੱਤੀ ਗਈ। 1927 ਵਿਚ ਅਛੂਤਾਂ ਦੇ ਰਹਿਬਰ ਡਾ. ਅੰਬੇਡਕਰ ਨੂੰ ਮਾਰਨ ਦੀ ਸਾਜਿਸ਼ ਸਵਰਨਾਂ ਵੱਲੋਂ ਉਸ ਸਮੇਂ ਘੜੀ ਗਈ ਜਦੋਂ ਉਹ ਸ਼ਿਵਾਜੀ ਦੇ ਸਮੇਂ ਦੇ ਇਕ ਕਿਲ੍ਹੇ ਨੂੰ ਵੇਖਣ ਗਏ ਅਤੇ ਉਥੇ ਰਾਤ ਨੂੰ ਸੌਂ ਰਹੇ ਸਨ, ਪਰ ਅਛੂਤਾਂ ਦੀ ਚੌਕਸੀ ਕਾਰਨ ਸਵਰਨ ਇਸ ਸਾਜਿਸ਼ ਵਿਚ ਸਫਲ ਨਹੀਂ ਹੋ ਸਕੇ।

* ਰਮਾਇਣ ਤੁਲਸੀ ਦਾਸ: ਕੋਲ, ਕਿਰਾਤ, ਨੀਚ ਜਾਤੀਆਂ ਦੀ ਰਚਨਾ ਭਗਵਾਨ ਨੇ ਆਪ ਹੀ ਕੀਤੀ ਹੈ ਅਤੇ ਜੰਗਲਾਂ ਵਿਚ ਉਹਨਾਂ ਦਾ ਖਾਣਾ ਵੀ ਆਪ ਹੀ ਨਿਸ਼ਚਿਤ ਕੀਤਾ ਹੈ।

* ਨੀਚ ਜਾਤੀਆਂ ਦੀ ਔਰਤਾ ਪੱਥਰ ਦੇ ਕੀੜੇ ਸਮਾਨ ਕੋੜੇ ਸੁਭਾ ਦੀਆਂ ਹੁੰਦੀਆਂ ਹਨ।

* ਸ਼ੂਦਰ ਗੁਣਵਾਨ ਹੁੰਦੇ ਹੋਏ ਵੀ ਪੂਜਣ ਯੋਗ ਨਹੀਂ ਹੈ।

ਮਹਾਂ ਭਾਰਤ (ਸ਼ਾਂਤੀ ਪਰਵ 188) ਬ੍ਰਾਹਮਣ ਗੋਰੇ ਰੰਗ ਦੇ, ਕਸ਼ੱਤਰੀ ਲਾਲ ਰੰਗ ਦੇ, ਵੈਸ਼ ਪੀਲੇ ਰੰਗ ਦੇ, ਅਤੇ ਸ਼ੂਦਰ ਕਾਲੇ ਰੰਗ ਦੇ ਹੁੰਦੇ ਹਨ।

(ਰਿਗਵੇਦ 10, 49, 3) : ਇੰਦਰ: ਮੈਂ ਦਸਿਊਆਂ ਨੂੰ ਆਰੀਆ ਕਹਾਉਣਾ ਬੰਦ ਕਰ ਦਿੱਤਾ ਹੈ।

(8,24,27) : ਹੇ ਇੰਦਰ ਤੂੰ ਸਾਡੇ ਲੋਕਾਂ ਦੀ ਰਾਖਸ਼ਾਂ ਅਤੇ ਆਰੀਆਂ (ਜੋ ਰਾਖਸ਼ਾਂ ਨਾਲ ਮਿਲੇ ਹੋਏ ਸਨ) ਤੋਂ ਰੱਖਿਆ ਕੀਤੀ, ਜੋ ਸਿੰਧੂ ਨਦੀ ਦੇ ਤੱਟ ਤੇ ਰਹਿੰਦੇ ਹਨ। ਹੁਣ ਦਾਸਾਂ (ਸ਼ੂਦਰਾਂ) ਨੂੰ ਵੀ ਨਿਹੱਥੇ ਕਰ ਦੇਹ।

ਗੌਤਮ ਧਰਮ ਸੂਤਰ (12-8-13) ਸ਼ੂਦਰਾਂ ਨੂੰ ਗਾਲਾਂ ਕੱਢਣ ਦੀ ਕੋਈ ਸਜਾ ਨਹੀਂ ਹੈ।

ਨਾਰਦ ਸਿਮਰਤੀ: ਜਦੋਂ ਕੋਈ ਸ਼ੂਦਰ ਕਿਸੇ ਦਵਿਜ ਤੇ ਝੂਠਾ ਦੋਸ਼ ਲਗਾਏ ਤਾਂ ਰਾਜਾ ਦੇ ਕਰਮਚਾਰੀਆਂ ਨੂੰ ਚਾਹੀਦਾ ਹੈ ਕਿ ਉਸ ਦੀ ਜੀਭ ਦੇ ਟੁੱਕੜੇ ਕਰ ਦੇਣ ਅਤੇ ਉਸ ਨੂੰ ਸੂਲੀ 'ਤੇ ਚੜ੍ਹਾ ਦੇਣ।

ਕੀ ਹਿੰਦੂਆਂ ਨੇ ਮਾਸ ਖਾਧਾ?

(ਰਿਗਵੇਦ ਮੰਡਲ ਦਸ ਸੂਤਰ 89 ਮੰਤਰ 14): ਹੇ ਇੰਦਰ ਜਿਵੇਂ ਗਊ ਹੱਤਿਆ ਦੇ ਸਥਾਨ ਤੇ ਗਊ ਕੱਟੀ ਜਾਂਦੀ ਹੈ, ਉਸੇ ਤਰ੍ਹਾਂ ਅਸਤਰ ਨਾਲ ਮਿਤਰ ਧਰੋਹੀ ਰਾਖਸ਼ ਲੋਕ ਕੱਟਕੇ ਧਰਤੀ ਤੇ ਸਦਾ ਲਈ ਸੌਂ ਜਾਣ।

ਰਿਗਵੇਦ ਸੂਤਰ 1 (10/85/13): ਉਥੇ ਦੁਲਹਣ ਯੁਗਤ ਨਾਲ ਬੈਠ ਕੇ ਖਾਣਾ ਖਾਂਦੀ ਸੀ, ਮਹਿਮਾਨਾਂ ਨੂੰ ਉਸ ਮੌਕੇ 'ਤੇ ਮਾਰੀ ਗਈ ਗਾਂ ਦਾ ਮਾਸ ਪਰੋਸਿਆ ਜਾਂਦਾ ਸੀ।

ਰਿਗਵੇਦ (10/28/3): ਹੇ ਇੰਦਰ, ਅੰਨ ਦੀ ਕਾਮਨਾ ਕਰਦੇ ਜਿਸ ਸਮੇਂ ਤੇਰੇ ਲਈ ਹਵਨ ਕੀਤਾ ਜਾਂਦਾ ਹੈ,ਉਸ ਸਮੇਂ ਜਲਦੀ ਨਾਲ ਪੱਥਰ ਦੇ ਦੋ ਟੁਕੜਿਆਂ ਤੇ ਸੋਮ ਰਸ ਤਿਆਰ ਕਰਦੇ ਹਾਂ, ਤੁਸੀਂ ਉਸ ਨੂੰ ਪੀਂਦੇ ਹੋ। ਯਜਮਾਨ ਬੈਲ ਪਕਾਉਂਦੇ ਹਨ। ਉਸ ਨੂੰ ਖਾਂਦੇ ਹੋ।

ਸਤਪਥ ਬ੍ਰਾਹਮਣ (3/4/1/2): ਅਤਿਥੀ ਭਾਵ ਮਹਿਮਾਨ ਵਾਸਤੇ ਵੱਡਾ ਬੈਲ ਮਾਰਨਾ ਚਾਹੀਦਾ ਹੈ।

ਤੈਤਰੀਆ ਬ੍ਰਾਹਮਣ (2/7/11/1): ਅਗਾਸਤ ਨਾਮ ਦੇ ਯੱਗ ਕਰਤਾ ਨੇ 100 ਬੈਲਾਂ ਦੀ ਬਲੀ ਦਿੱਤੀ।

ਸ਼ਤਪਥ ਬ੍ਰਾਹਮਣ (3/1/2/21) : ਪ੍ਰੋਹਤਾਂ ਦੇ ਇਸ ਆਪਸੀ ਵਿਰੋਧ 'ਤੇ ਕਿ ਮਾਸ ਬੈਲ ਦਾ ਖਾਣਾ ਚਾਹੀਦਾ ਹੈ ਜਾਂ ਗਾਂ ਦਾ, ਯਜਨ ਵਾਲਕਿਆ (ਰਿਸ਼ੀ) ਕਹਿੰਦਾ ਹੈ : "ਦੋਹਾਂ 'ਚੋਂ ਜਿਹੜਾ ਨਰਮ ਹੋਵੇ, ਉਹ ਖਾ ਲੈਣਾ ਚਾਹੀਦਾ ਹੈ।"

ਸਵਾਮੀ ਨਿਖਲਾ ਨੰਦ (ਵਿਵੇਕਾਨੰਦ ਬਾਇਓਗਰਾਫੀ) ਸਫਾ 96 : "ਪੰਜ ਬ੍ਰਾਹਮਣ ਇੱਕ ਗਾਂ ਚੱਟ ਕਰ ਜਾਂਦੇ ਸਨ।

ਖਦਿਰ ਮਰਿਹ ਸੂਕਤ (3/4/1) ਗੋਭਿਲ ਗਰਹਿ ਸੂਕਤ (33/10/16) : ਤਿੰਨ ਜਾਂ ਚਾਰ ਅਸ਼ਟਕਾ-ਸਰਾਧਾਂ ਵਿੱਚ ਗਾਂ ਕੱਟਣ ਦੀ ਆਗਿਆ ਸੀ।

ਸੰਸਕ੍ਰਿਤ ਨਾਟਕ ਉਤਰ ਰਾਮ ਚਰਿਤ ਅੰਕ 4 : ਬਾਲਮੀਕ ਦੇ ਆਸ਼ਰਮ ਵਿੱਚ ਜਦੋਂ ਵਸ਼ਿਸ਼ਠ ਪਹੁੰਚੇ ਤਾਂ ਉਸ ਦਾ ਸਤਿਕਾਰ ਦੋ ਵਰ੍ਹੇਂ ਦੀ ਵੱਛੀ ਦਾ ਮਾਸ ਖਵਾ ਕੇ ਕੀਤਾ ਗਿਆ।

ਉਤਰ ਰਾਮਚਰਿਤ (ਚੰਦਰ ਕਲਾ ਵਿਆਖਿਆ ਸਹਿਤ) ਪੰਜਵਾਂ ਸੰਸਕਰਣ ਅੰਕ 207 : ਵੱਡਾ ਬੈਲ ਜਾਂ ਵੱਡਾ ਬੱਕਰਾ ਵੇਦ ਦੇ ਵਿਧਾਨ ਨਮਿੱਤ ਕਰੇ, ਉਸ ਨੂੰ ਖਾਣ ਲਈ ਜੁਟ ਜਾਣ।

ਵਸ਼ਿਸ਼ਠ ਸਿਮਰਤੀ : ਆਪਣੇ ਘਰ ਜਦੋਂ ਬ੍ਰਾਹਮਣ ਜਾਂ ਰਾਜਾ ਮਹਿਮਾਨ ਬਣੇ ਤਾਂ ਉਨ੍ਹਾਂ ਲਈ ਇੱਕ ਵੱਡਾ ਬੱਕਰਾ ਪਕਾਉਣਾ ਚਾਹੀਦਾ ਹੈ। ਇਸ ਤਰ੍ਹਾਂ ਮਹਿਮਾਨ ਦਾ ਸਤਿਕਾਰ ਕਰਿਆ ਜਾਂਦਾ ਹੈ।

ਅਪਸ਼ਤੰਭ ਧਰਮ ਸੂਤਰ : ਸਰਾਧ ਵਿੱਚ ਜੇ ਗਊ ਮਾਸ ਪਰੋਸਿਆ ਜਾਵੇ ਤਾਂ ਪਿਤਰਾਂ ਦੀ ਇੱਕ ਸਾਲ ਲਈ ਤ੍ਰਿਪਤੀ ਹੋ ਜਾਂਦੀ ਹੈ।

ਅਪਸ਼ਤੰਭ ਧਰਮ ਸੂਤਰ : (2/7/16/25-2/7/17/3) : ਸਰਾਧ ਵਿੱਚ ਗਊ ਖਵਾਉਣ ਨਾਲ ਪਿਤਰ ਇਕ ਸਾਲ ਲਈ ਸੰਤੁਸ਼ਟ ਹੋ ਜਾਂਦੇ ਹਨ। ਭੈਂਸ (ਮੱਝ) ਦਾ ਮਾਸ ਖੁਆਉਣ ਨਾਲ ਉਸ ਤੋਂ ਵੀ ਜ਼ਿਆਦਾ ਸਮੇਂ ਲਈ ਸੰਤੁਸ਼ਟੀ ਹੁੰਦੀ ਹੈ। ਇਹੀ ਨਿਯਮ ਖਰਗੋਸ਼ ਆਦਿ ਜੰਗਲੀ ਪਸ਼ੂਆਂ ਅਤੇ ਬੱਕਰੀ ਆਦਿ ਗ੍ਰਾਮੀਣ ਪਸ਼ੂਆਂ ਦੇ ਮਾਸ ਬਾਰੇ ਹੈ। ਮੇਂਡੇ ਦੇ ਚੰਮ 'ਤੇ ਬਿਠਾ ਕੇ ਜਦੋਂ ਬ੍ਰਾਹਮਣ ਨੂੰ ਮੇਂਡੇ ਦਾ ਹੀ ਮਾਸ ਖਵਾਇਆ ਜਾਵੇ ਤਾਂ ਪਿਤਰ ਅਨੰਤ ਕਾਲ ਲਈ ਸੰਤੁਸ਼ਟ ਹੋ ਜਾਂਦੇ ਹਨ। ਇਹੀ ਗੱਲ 'ਸ਼ਤਬਲੀ' ਨਾਂ ਦੀ ਮੱਛੀ ਦੇ ਮਾਸ ਬਾਰੇ ਹੈ। (ਮਹਾਂਭਾਰਤ ਅਨੁਸਾਸ਼ਨ ਪਰਵ ਅਧਿ :88 ਸਲੋਕ 5): ਗਊ ਦੇ ਮਾਸ ਨਾਲ ਸ਼ਰਾਧ ਸੇਵਨ ਕਰਨ 'ਤੇ ਪਿਤਰਾਂ ਦੀ ਇਕ ਸਾਲ ਦੀ ਤ੍ਰਿਪਤੀ ਹੋ ਜਾਂਦੀ ਹੈ।

(ਸਲੋਕ 5/35) ਮਨੂੰ : ਜੋ ਸ਼ਰਾਧ ਅਤੇ ਮਧੁਪੂਰਕ ਵਿਚ ਪਰੋਸੇ ਗਏ ਮਾਸ ਨੂੰ ਨਹੀਂ ਖਾਂਦਾ, ਉਹ ਮਰਕੇ 21

ਜਨਮਾਂ ਤੀਕ ਪਸ਼ੂ ਬਣਦਾ ਹੈ, ਅਤੇ ਯੱਗ ਜਾਂ ਸਰਾਧ ਵਿੱਚ ਜੋ ਸਵਰਨ ਨਹੀਂ ਖਾਂਦਾ, ਉਹ ਅਪਵਿੱਤਰ ਹੋ ਜਾਂਦਾ ਹੈ।

ਵਿਸ਼ਨੂੰ ਧਰਮ ਉਤਰ ਪ੍ਰਮਾਣ (1/40/48-50) : ਜੋ ਵਿਅਕਤੀ ਸਰਾਧ ਵਿੱਚ ਭੋਜਨ ਕਰਨ ਵਾਲੀ ਪੰਕਤੀ ਵਿੱਚ ਪਰੋਸੇ ਗਏ ਮਾਸ ਦੀ ਭਖਿਆ ਨਹੀਂ ਕਰਦਾ, ਭਾਵ ਖਾਂਦਾ ਨਹੀਂ, ਉਹ ਨਰਕ ਵਿੱਚ ਜਾਂਦਾ ਹੈ।

(ਮਹਾਂਭਾਰਤ ਅਧਿ : 218/199) : ਰਾਂਤੀ ਦੇਵਾ ਨਾਮਕ ਰਾਜਾ ਗਊ ਦਾ ਮਾਸ ਪਰੋਸਨ ਕਾਰਨ ਤੇਜਵੱਸੀ ਬਣਿਆ। ਸਲੋਕ 8-10 : ਰਾਜਾ ਰਾਂਤੀ ਦੇਵਾ (ਜਿਸ ਦੀ ਕਹਾਣੀ 10ਵੀਂ ਗਿਆਰਵੀਂ 'ਚ ਧਰਮਾਤਮਾ ਕਰਕੇ ਪੜ੍ਹਾਈ ਜਾਂਦੀ ਹੈ) ਦੀ ਰਸੋਈ ਵਿੱਚ 2000 ਪਸ਼ੂ ਕੱਟੇ ਜਾਂਦੇ ਸਨ। ਪ੍ਰਤੀ ਦਿਨ ਦੋ ਹਜ਼ਾਰ ਗਊਆਂ ਕੱਟੀਆਂ ਜਾਂਦੀਆਂ ਸਨ।

ਮਹਾਂਭਾਰਤ ਸ਼ਾਂਤੀਪਰਵ (ਅਧਿ : 29 ਸ਼ਲੋਕ 179) : ਇੱਕ ਦਿਨ ਰਾਜਾ ਰਾਂਤੀ ਦੇਵਾ ਦੇ ਘਰ ਬਹੁਤ ਜ਼ਿਆਦਾ ਮਹਿਮਾਨ ਆ ਗਏ ਤਾਂ ਉਸ ਨੇ 20100 ਗਊਆਂ ਕਤਲ ਕੀਤੀਆਂ।

ਤਰਿਤਰ ਜਾਤਕ ਅੰਕ 438 : ਉਹ ਸਾਧੂ ਗੋਹ, ਬੱਛਾ ਅਤੇ ਗਾਂ ਮਾਰ ਕੇ ਖਾ ਗਿਆ। ਆਸ਼ਰਮ ਵਿੱਚ ਗਾਂ ਤੇ ਇਕ ਉਸ ਦਾ ਬੱਛਾ ਸੀ। ਪਾਸ ਹੀ ਖੱਡ ਵਿੱਚ ਇਕ ਗੋਹ ਰਹਿੰਦੀ ਸੀ, ਉਸ ਨੇ ਸਭ ਨੂੰ ਖਾ ਲਿਆ।

ਡਾ : ਅੰਬੇਡਕਰ (ਅਛੂਤ ਕੌਣ ਵਿੱਚੋਂ) : ਇਹ ਬ੍ਰਾਹਮਣਾਂ ਦੀ ਯੁੱਧ ਨੀਤੀ ਦਾ ਇਕ ਅੰਗ ਹੈ ਕਿ ਉਹ ਗਊ ਮਾਸਾਹਾਰੀ ਨਾ ਬਣੇ ਰਹਿ ਕੇ, ਗਊ ਪੂਜਕ ਬਣ ਗਏ। ਗਊ ਪੂਜਦੇ ਰਹਿਣ ਦਾ ਮੂਲ, ਬੋਧੀਆਂ ਅਤੇ ਬ੍ਰਾਹਮਣਾਂ ਦੇ ਵਿੱਚ 400 ਵਰ੍ਹੇ ਤੱਕ ਚਲੇ ਸੰਘਰਸ਼ ਵਿੱਚੋਂ ਅਤੇ ਉਨ੍ਹਾਂ ਉਪਾਵਾਂ ਵਿੱਚੋਂ ਢੂੰਡਣਾਂ ਹੋਵੇਗਾ ਜੋ ਬ੍ਰਾਹਮਣਾਂ ਨੇ ਬੋਧੀਆਂ ਕੋਲੋਂ ਬਾਜ਼ੀ ਮਾਰ ਲੈਣ ਲਈ ਕੀਤੇ।

ਬ੍ਰਹਮ ਵੈਵਰਤ ਪ੍ਰਾਣ। ਪ੍ਰਕ੍ਰਿਤੀ ਖੰਡ ਅਧਿ : 61 : ਪੰਜ ਕਰੋੜ ਗਊਆਂ ਦਾ ਮਾਸ ਅਤੇ ਮਾਲ੍ਹਪੂੜੇ ਬ੍ਰਾਹਮਣ ਲੋਕ ਖਾ ਗਏ।

ਬ੍ਰਹਮ ਵੈਵਰਤ ਪੁਰਾਣ ਸਲੋਕ 48 ਅਧਿ : 54 : ਮਨੂੰ ਯੱਗ ਵਿੱਚ ਤਿੰਨ ਕਰੋੜ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਕਰਦਾ ਸੀ। ਉਹ ਨੂੰ ਘਿਓ ਵਿੱਚ ਤਲਿਆ ਅਤੇ ਅੱਛੀ ਤਰ੍ਹਾਂ ਪੱਕਿਆ ਪੰਜ ਲੱਖ ਗਊਆਂ ਦਾ ਮਾਸ ਅਤੇ ਦੂਸਰੇ ਚੂਸਣ, ਚੱਟਣ ਅਤੇ ਪੀਣ ਵਾਲੇ ਪਦਾਰਥ ਪਰੋਸੇ ਜਾਂਦੇ ਹਨ।

ਸਤਪਥ ਬ੍ਰਾਹਮਣ (ਯੱਗ ਵਾਲਕਿਆ 3/1/2/21) ਬੈਲ ਅਤੇ ਗਾਂ ਦਾ ਮਾਸ ਖਾਣਾ ਚਾਹੀਦਾ ਹੈ ਜੋ ਉਹ ਮਾਸ ਨਰਮ-ਨਰਮ ਹੋਵੇ।

ਮਹਾਂਭਾਰਤ ਅਧਿ : 208 ਸਲੋਕ 8-9 : ਰਾਜਾ ਰਾਂਤੀ ਦੇਵਾ ਦੀ ਧਰਮਸ਼ਾਲਾ ਵਿੱਚ ਪ੍ਰਤੀ ਦਿਨ 2000 ਗਊਆਂ ਕੱਟੀਆਂ ਜਾਂਦੀਆਂ ਸਨ। ਮਾਸ ਦੇ ਨਾਲ-ਨਾਲ ਅੰਨ ਦਾਨ ਕਰਦਿਆਂ ਰਾਂਤੀ ਦੇਵਾ ਦੀ ਉਸਤਤ ਬਹੁਤ ਵਧ ਗਈ।

ਮਹਾਂਭਾਰਤ ਦਰੋਣ ਪਰਵ (ਅਧਿ : 67 ਸਲੋਕ 16) : ਸੰਸਕ੍ਰਿਤੀ ਦੇ ਪੁੱਤਰ ਰਾਂਤੀ ਦੇਵਾ ਦੇ ਘਰ ਜਿਸ ਰਾਤ ਮਹਿਮਾਨਾਂ ਨੇ ਨਿਵਾਸ ਕੀਤਾ, ਉਸ ਰਾਤ 21 ਹਜ਼ਾਰ ਗਊਆਂ ਮਾਰੀਆਂ ਗਈਆਂ।

ਰਿਗਵੇਦ ਮੰਡਲ 15 (ਸੂਤਰ 96, ਮੰਤਰ 13, 64) : ਹੇ ਧਨਵਾਨ, ਸੁੰਦਰ ਪੁੱਤਾਂ ਅਤੇ ਨੂੰਹਾਂ ਵਾਲੀ ਇੰਦਰਾਣੀ ਤੇਰਾ ਪਤੀ ਦੇਵ ਇੰਦਰ, ਸਾਨ੍ਹਾਂ ਦਾ ਮਾਸ ਛੇਤੀ ਖਾਵੇ, ਜਿਹੜਾ ਸੁਖਦਾਇਕ ਹੈ ਤੇ ਉਸ ਨੂੰ ਬਹੁਤ ਪਸੰਦ ਹੈ। ਤੁਸੀਂ ਉਸ ਮਾਸ ਨੂੰ ਰਿੰਨ੍ਹੋ।

ਇੰਦਰ : ਮੇਰੀ ਪਤਨੀ ਮੇਰੇ ਲਈ ਪੰਦਰਾਂ ਵੀਹਾਂ ਸਾਨ੍ਹਾਂ ਦਾ ਮਾਸ ਰਿੰਨ੍ਹਦੀ ਹੈ। ਮੈਂ ਉਹ ਮਾਸ ਖਾਂਦਾ ਹਾਂ। ਤਾਹੀਓਂ ਮੈਂ ਸਾਨ੍ਹ ਵਾਂਗ ਨਿਗਰ, ਨਰੋਆ ਅਤੇ ਦਰਸ਼ਨੀ ਹੋ ਗਿਆ ਹਾਂ। ਮੇਰੀਆਂ ਦੋਵੇਂ ਕੁੱਖਾਂ ਮਾਸ ਅਤੇ ਸ਼ਰਾਬ ਨਾਲ ਭਰੀਆਂ ਰਹਿੰਦੀਆਂ ਹਨ।

ਅਥਰਵ (9/6/39 ਬ੍ਰਹਮਾਂ ਰਿਸ਼ੀ "ਜੋ ਇਹ ਗਾਂ ਦਾ ਮਾਸ ਅਤੇ ਦੁੱਧ ਹੈ, ਇਹ ਬਹੁਤ ਸੁਆਦ ਹੁੰਦਾ ਹੈ।

ਸਤਪਥ ਬ੍ਰਾਹਮਣ (11/7/1/3) ਜੋ ਇਹ ਮਾਸ ਹੈ, ਬਹੁਤ ਉੱਤਮ ਅੰਨ ਹੈ।

ਗੌਤਮ ਧਰਮ ਸੂਤਰ (7/16/25-26) ਗਊ ਮਾਸ ਨਾਲ ਪਿਤਰ ਪੂਰਾ ਸਾਲ ਤ੍ਰਿਪਤ ਰਹਿੰਦੇ ਹਨ।

ਵਾਲਮੀਕ ਰਮਾਇਣ ਕਿਸ਼ਕਿੰਧਾ ਕਾਂਡ (18/37) : ਹੇ ਰਾਜਨ! (ਰਾਮ— ਬ੍ਰਾਹਮਣ ਅਤੇ ਕਸ਼ੱਤਰੀ ਤਾਂ ਪੰਜ ਨਹੁੰਆਂ ਵਾਲੇ ਪ੍ਰਾਣੀਆਂ 'ਚੋਂ ਇਨ੍ਹਾਂ ਪੰਜਾਂ ਨੂੰ ਹੀ ਖਾਂਦੇ ਹਨ, ਸਾਹੀ, ਸੇਹ, ਗੋਹ, ਖਰਗੋਸ਼ ਅਤੇ ਕੱਛੂ।

ਅਪਸਤੰਭ ਧਰਮ ਸੂਤਰ : ਗਾਂ ਅਤੇ ਬੈਲ ਪਵਿੱਤਰ ਹਨ, ਇਸ ਲਈ ਉਸ ਦਾ ਮਾਸ ਖਾ ਕੇ ਸਾਨੂੰ ਵੀ ਪਵਿੱਤਰ ਹੋਣਾ ਚਾਹੀਦਾ ਹੈ।

ਮਨੂੰ ਸਿਮਰਤੀ (ਅਧਿ : 5 ਸਲੋਕ 18) : ਪੰਜ ਨੌਹੇ ਪਸ਼ੂਆਂ ਵਿੱਚੋ ਸੇਹ, ਗੋਹ, ਮੈਂਡਾ, ਕੱਛੂ, ਖਰਗੋਸ਼ ਖਾਣੇ ਉਚਿਤ ਹਨ । ਊਠ ਤੋਂ ਬਿਨਾਂ ਇਕਹਰੇ ਦੰਦਾਂ ਵਾਲੇ ਪਸ਼ੂ ਖਾਣ ਦਾ ਕੋਈ ਹਰਜ ਨਹੀਂ ।

ਮਨੂੰ ਸਿਮਰਤੀ (ਅਧਿ :5 ਸਲੋਕ 27-32) : ਮੰਤਰਾਂ ਨਾਲ ਮਾਸ ਪਵਿੱਤਰ ਕਰਕੇ ਖਾ ਲੈਣਾ ਚਾਹੀਦਾ ਹੈ । ਮੁੱਲ ਖਰੀਦੇ, ਆਪ ਸ਼ਿਕਾਰ ਕਰਕੇ ਜਾਂ ਦੂਜੇ ਵੱਲੋਂ ਭੇਂਟ ਕੀਤੇ ਮਾਸ ਨੂੰ ਦੇਵਤਿਆਂ ਜਾਂ ਪਿਤਰਾਂ ਦੇ ਅਰਪਣ ਕਰਕੇ ਖਾਣ ਵਾਲੇ ਮਨੁੱਖ ਨੂੰ ਪਾਪ ਨਹੀਂ ਲਗਦਾ ।

ਸਤਪਥ ਬ੍ਰਾਹਮਣ (11-7-1-3) ਜੋ ਇਹ ਮਾਸ ਹੈ, ਇਹ ਸਰਵ-ਉੱਤਮ ਅੰਨ ਹੈ ।

ਬਰਹਿਦਰਥ ਗੋਪਨਿਸ਼ਟ (16-4-19) : ਜੋ ਵਿਅਕਤੀ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਵਿਦਵਾਨ, ਵਿਖਿਆਤਾ, ਸਭਾ ਵਿਜੇਤਾ, ਚੰਗਾ ਬੁਲਾਰਾ, ਸਾਰੇ ਵੇਦਾਂ ਦਾ ਜਾਣੂ ਅਤੇ ਦੀਰਘ ਜੀਵੀ ਪੈਦਾ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਮਾਸ ਦਾ ਪਲਾਓ ਬਣਾ ਕੇ ਪਤੀ ਤੇ ਪਤਨੀ ਦੋਵੇਂ ਖਾਣ ਤੇ ਇਹ ਮਾਸ ਵੀ ਬੈਲ ਅਤੇ ਸਾਨ੍ਹ ਦਾ ਹੋਣਾ ਚਾਹੀਦਾ ਹੈ ।

ਰਿਗਵੇਦ (10-27-2) : ਜਦੋਂ ਮੈਂ ਦੇਵਤਾ ਵਿਰੋਧੀ ਪਸ਼ੂਆਂ ਤੇ ਆਪਣੇ ਸਾਥੀਆਂ ਸਮੇਤ ਹਮਲਾ ਕਰੂੰਗਾ, ਤੁਹਾਡੇ ਲਈ ਵਧੀਆ ਬੈਲ ਪਕਾਊਂਗਾ ਅਤੇ ਸੋਮਰਸ ਨਿਚੋੜਾਂਗਾ ।

ਵਾਲਮੀਕੀ ਰਮਾਇਣ ਅਤੇ ਹੋਰ ਰਮਾਇਣਾਂ ਅਨੁਸਾਰ 'ਰਾਮ'

*(ਅਯੁਧਿਆ ਕਾਂਡ ਸਰਗ 53/10) : ਰਾਮ ਚੰਦਰ, "ਹੇ ਲਛਮਣ, ਸੰਸਾਰ ਵਿੱਚ ਕੋਈ ਅਜਿਹਾ ਅਣਪੜ੍ਹ (ਮੂਰਖ) ਮਨੁੱਸ਼ ਵੀ ਭਲਾ ਹੋਵੇਗਾ, ਜੋ ਆਪਣੀ ਇਸਤਰੀ ਖਾਤਰ ਮੇਰੇ ਵਰਗੇ ਆਗਿਆਕਾਰੀ ਪੁੱਤਰ ਨੂੰ ਤਿਆਗ ਦੇਵੇਗਾ।

*(ਅਯੁਧਿਆ ਕਾਂਡ 53/7,6,14,15) : ਰਾਮ ਚੰਦਰ ਨੇ ਲਛਮਣ ਨੂੰ ਕਿਹਾ ਕਿ ਕਾਮਨਾ ਪੂਰੀ ਹੋ ਜਾਣ 'ਤੇ ਕੈਕਈ ਬਹੁਤ ਖ਼ੁਸ਼ ਹੋਵੇਗੀ। ਮੈਨੂੰ ਇਹੀ ਚਿੰਤਾ ਹੈ ਕਿ ਕੈਕਈ, ਭਰਤ ਨੂੰ ਦੇਖਕੇ ਪੂਰਾ ਰਾਜ ਹਥਿਆਉਣ ਲਈ ਕਿਤੇ ਮਹਾਰਾਜਾ ਦਸ਼ਰਥ ਦੇ ਪ੍ਰਾਣ ਨਾ ਲੈ ਲਵੇ।

(6-7) : ਮੇਰਾ ਤਾਂ ਖਿਆਲ ਹੈ ਕਿ ਮਹਾਰਾਜਾ ਦਸ਼ਰਥ ਦੀ ਮੌਤ, ਮੇਰਾ ਬਨਵਾਸ ਅਤੇ ਭਰਤ ਨੂੰ ਰਾਜਾ ਬਣਾਉਣ ਦੀ ਇੱਛਾ ਲਈ ਹੀ ਕੈਕਈ ਦਾ ਜਨਮ ਹੋਇਆ।

(14) ਕੈਕਈ ਖੋਟੇ ਕਰਮ ਵਾਲੀ ਇਸਤਰੀ ਹੈ।

(18) ਇਸ ਲਈ ਇਹ ਮੇਰੀ ਅਤੇ ਤੇਰੀ ਮਾਂ ਨੂੰ ਜ਼ਹਿਰ ਵੀ ਦੇ ਸਕਦੀ ਹੈ।

*(ਅਯੁਧਿਆ ਕਾਂਡ ਸਰਗ 50/8-17) ਰਾਮ : ਕਾਮੀ ਮਹਾਰਾਜ ਦਸ਼ਰਥ ਕੈਕਈ ਦੇ ਵੱਸ ਹੈ। ਉਹ ਬਿਰਧ ਵੀ ਹੈ ਤੇ ਮੇਰੇ ਨਾ ਰਹਿਣ ਕਰਕੇ ਅਨਾਥ ਵੀ ਹੈ। ਹੇ ਲਛਮਣ ! ਅਜਿਹਾ ਮੂਰਖ ਮਨੁੱਖ ਭਲਾ ਕੌਣ ਹੋਵੇਗਾ ਜੋ ਇਸਤਰੀ ਵਾਸਤੇ ਮੇਰੇ ਵਰਗੇ ਆਗਿਆਕਾਰੀ ਪੁੱਤਰ ਨੂੰ ਤਿਆਗ ਦੇਵੇਗਾ।

*(ਅਰਣਾ ਕਾਂਡ ਸਰਗ 18/20-21) : ਅਨੁਸਾਰ ਰਾਮ ਨੇ ਲਛਮਣ ਨੂੰ ਕਿਹਾ ਕਿ ਇਸ ਸਰੂਪਨਖਾ ਰਾਖਸ਼ਣ ਨੂੰ ਕਰੂਪ ਕਰਦੇ। ਰਾਮ ਦੇ ਅਜਿਹਾ ਕਹਿਣ 'ਤੇ ਮਹਾਂਬਲੀ ਲਛਮਣ ਨੇ ਉਸ ਦੇ ਨੱਕ ਅਤੇ ਕੰਨ ਕੱਟ ਦਿੱਤੇ।

*ਅਰਣਾ ਕਾਂਡ ਸਰਗ (46/32-35) : ਅਨੁਸਾਰ ਸੀਤਾ ਨੇ, ਹਰਨ ਸਮੇਂ, ਰਾਵਣ ਦੀ ਜ਼ਰੂਰੀ ਸਾਰੀਆਂ ਵਸਤਾਂ ਨਾਲ ਪੂਜਾ ਕੀਤੀ। ਉਸ ਨੂੰ ਬੈਠਣ ਲਈ ਆਸਣ ਦਿੱਤਾ। ਪੈਰ ਧੋਣ ਲਈ ਜਲ ਦਿੱਤਾ, ਤੇ ਫੇਰ ਭੋਜਨ ਖਾਣ ਲਈ ਪ੍ਰਾਰਥਨਾ ਕੀਤੀ। ਸੀਤਾ ਨੇ ਕਿਹਾ ਕਿ ਹੇ ਬ੍ਰਾਹਮਣ ਦੇਵਤਾ (ਰਾਵਣ ਬ੍ਰਾਹਮਣ ਰੂਪ ਬਣਾ ਕੇ ਆਇਆ ਹੋ ਸਕਦਾ ਹੈ), ਇਹ ਬੈਠਣ ਲਈ ਆਸਣ ਹੈ। ਆਪ ਨਿਸ਼ਚਿੰਤ ਹੋ ਕੇ ਭੋਜਨ ਖਾਓ। (ਏਥੇ ਲਛਮਣ ਰੇਖਾ ਵਾਲੀ ਗੱਲ ਝੂਠ ਸਾਬਤ ਹੁੰਦੀ ਹੈ।)

*(ਯੁੱਧ ਕਾਂਡ ਸਰਗ 119/8-10) : ਅਨੁਸਾਰ ਸੀਤਾ ਨੇ ਰਾਮ ਨੂੰ ਕਿਹਾ, ਕਿ ਜਿਸ ਸਮੇਂ ਰਾਵਣ ਨੇ ਮੇਰੇ ਸਰੀਰ ਨੂੰ ਛੂਹਿਆ, ਉਸ ਸਮੇਂ ਮੈਂ ਬੇਵੱਸ ਸੀ। ਉਸ ਨੇ ਮੇਰੀ ਇੱਛਾ ਅਨੁਸਾਰ ਮੈਨੂੰ ਨਹੀਂ ਛੂਹਿਆ। ਦੇਵਤਿਆਂ ਦੀ ਅਜਿਹੀ ਹੀ ਮਰਜ਼ੀ ਸੀ। ਮੈਂ ਨਿਰਦੋਸ਼ ਹਾਂ। ਜਿਸ ਹਿਰਦੇ 'ਤੇ ਮੇਰਾ ਅਧਿਕਾਰ ਹੈ, ਇਹ ਅੱਜ ਵੀ ਤੁਹਾਡੇ ਨਾਲ ਜੁੜਿਆ ਹੈ। ਸਰੀਰ 'ਤੇ ਮੇਰਾ ਕੋਈ ਅਧਿਕਾਰ ਨਹੀਂ ਸੀ। ਕਾਰਨ ਇਹ ਹੈ ਕਿ ਮੈਂ ਨਿਰਬਲ ਇਸਤਰੀ ਹੋਣ ਕਾਰਨ, ਉਸ ਦੀ ਰੱਖਿਆ ਨਹੀਂ ਕਰ ਸਕਦੀ ਸੀ। ਇਸ ਲਈ ਮੈਂ ਨਿਰਦੋਸ਼ ਹਾਂ।

(ਉੱਤਰ ਕਾਂਡ ਸਰਗ 43/16-22) ਰਾਮ ਨੂੰ ਭੱਦਰ ਨੇ ਕਿਹਾ ਕਿ ਰਾਵਣ ਦੇ ਮਾਰਨ ਨਾਲ ਸੀਤਾ ਦਾ ਛੁਟਕਾਰਾ ਜ਼ਰੂਰ ਹੋਇਆ ਹੈ, ਪ੍ਰੰਤੂ ਰਾਵਣ ਦੇ ਸਪੱਰਸ਼ ਨਾਲ ਜੋ ਦੋਸ਼ ਪੈਦਾ ਹੋਇਆ, ਰਾਮ ਚੰਦਰ ਨੇ ਉਸ ਦਾ ਕੋਈ ਵਿਚਾਰ ਨਹੀਂ ਕੀਤਾ ਅਤੇ ਸੀਤਾ ਨੂੰ ਪਵਿੱਤਰ ਸਮਝ ਕੇ ਘਰ ਵਿੱਚ ਰੱਖ ਲਿਆ।

(ਯੁੱਧ ਕਾਂਡ ਸਰਗ 118/19-24): ਹੇ ਸੀਤਾ ! ਹਰਣ ਸਮੇਂ ਰਾਵਣ ਨੇ ਤੈਨੂੰ ਗੋਦ ਵਿੱਚ ਉਠਾਇਆ, ਬੁਰੀ ਨਜ਼ਰ ਨਾਲ ਵੇਖਿਆ ਤੇ ਮੈਂ ਇਕ ਮਹਾਨ ਕੁਲ ਵਿੱਚ ਪੈਦਾ ਹੋ ਕੇ ਤੈਨੂੰ ਕਿਸ ਤਰ੍ਹਾਂ ਸਵੀਕਾਰ ਕਰ ਸਕਦਾ ਹਾਂ। ਮੈਂ ਰਾਵਣ ਨੂੰ ਮਾਰ ਕੇ ਉਸ ਦੇ ਹੱਥੋਂ ਤੇਰਾ ਛੁਟਕਾਰਾ ਕਰਾ ਦਿੱਤਾ ਹੈ। ਮੇਰਾ ਉਦੇਸ਼ ਪੂਰਾ ਹੋ ਗਿਆ। ਹੁਣ ਤੇਰੇ

ਨਾਲ ਮੇਰਾ ਕੋਈ ਸੰਬੰਧ ਨਹੀਂ। ਤੂੰ ਜਿਥੇ ਚਾਹੇ ਜਾ ਸਕਦੀ ਹੈ। ਹੇ ਕਲਿਆਣੀ ਮੈਂ ਬਹੁਤ ਵਿਚਾਰ ਕੀਤਾ ਹੈ, ਸੋਚਿਆ ਹੈ ਅਤੇ ਸਮਝਿਆ ਹੈ। ਅੰਤ ਇਹ ਹੀ ਨਿਸ਼ਚਾ ਕੀਤਾ। ਇਸ ਲਈ ਹੁਣ ਤੂੰ ਆਪਣੇ ਜੀਵਨ ਨਿਰਬਾਹ ਲਈ ਲਛਮਣ ਜਾਂ ਭਰਤ ਪਾਸ ਜਾ ਕੇ ਰਹਿ ਸਕਦੀ ਹੈ। ਸ਼ੱਤਰੂਘਣ, ਸੁਗਰੀਵ ਜਾਂ ਰਾਖਸ਼ ਰਾਜਾ ਭਵੀਖਣ ਕੋਲ ਜਾ ਕੇ ਰਹਿ ਸਕਦੀ ਹੈ ਜਾਂ ਜਿਥੇ ਚੰਗਾ ਲੱਗੇ ਉਥੇ ਰਹੋ। ਹੇ ਸੀਤਾ! ਆਪਣੇ ਘਰ 'ਚ ਰਹਿੰਦਿਆਂ, ਤੇਰੇ ਇਸ ਸੁੰਦਰ ਰੂਪ ਨੂੰ ਦੇਖ ਕੇ ਰਾਖਸ਼ ਰਾਜਾ ਰਾਵਣ ਇੰਨੇ ਦਿਨਾਂ ਤਕ ਕਾਮਪੀੜਾ ਨੂੰ ਕਿਵੇਂ ਸਹਿਣ ਕਰ ਸਕਿਆ ਹੋਵੇਗਾ।

(ਯੁੱਧ ਕਾਂਡ ਸਰਗ 17/22-30): ਲਛਮਣ ਨੇ ਰਾਮ ਨੂੰ ਕਿਹਾ ਕਿ ਹੇ ਰਾਘਵ ਏਸੇ ਭਰਤ ਦੇ ਕਾਰਨ ਆਪ ਨੂੰ, ਮੈਨੂੰ ਅਤੇ ਸੀਤਾ ਨੂੰ ਕਿੰਨੇ ਕਸ਼ਟ ਸਹਿਣੇ ਪਏ ਹਨ। ਆਪ ਨੂੰ ਆਪਣੇ ਰਾਜ ਤੋਂ ਵਾਂਝੇ ਹੋਣਾ ਪਿਆ ਹੈ। ਇਹ ਸਾਡਾ ਦੁਸ਼ਮਣ ਹੈ। ਇਸ ਨੂੰ ਮਾਰਨ ਵਿੱਚ ਕੋਈ ਦੋਸ਼ ਨਹੀਂ ਦਿਸਦਾ। ਜਿਸ ਨੇ ਪਹਿਲਾ ਅਪਰਾਧ ਕੀਤਾ ਹੈ, ਉਸ ਨੂੰ ਮਾਰਨ ਵਿੱਚ ਕੋਈ ਅਪਰਾਧ ਨਹੀਂ। ਇਹ ਸਾਡੇ ਲਈ ਪਹਿਲਾ ਅਪਰਾਧੀ ਹੈ। ਹੇ ਰਾਘਵ! ਇਸ ਨੇ ਧਰਮ ਤਿਆਗਿਆ ਹੈ। ਇਸ ਦੁਸ਼ਟ ਦੇ ਮਰ ਜਾਣ 'ਤੇ ਤੁਸੀਂ ਨਿਸ਼ਚਿੰਤ ਹੋ ਕੇ ਧਰਤੀ 'ਤੇ ਰਾਜ ਕਰੋਗੇ। ਲਛਮਣ: ਰਾਜ ਦੀ ਲਾਲਚਣ ਕੈਕਈ ਆਪਣੇ ਬੇਟੇ ਨੂੰ ਮੇਰੇ ਹੱਥੋਂ ਇਸ ਪ੍ਰਕਾਰ ਮਰਿਆ ਹੋਇਆ ਵੇਖੇ ਜਿਵੇਂ ਹਾਥੀ ਰੁਖ ਨੂੰ ਉਖਾੜ ਕੇ ਟੁਕੜੇ-ਟੁਕੜੇ ਕਰ ਦਿੰਦਾ ਹੈ। ਮੈਂ ਕੈਕਈ, ਮੰਥਰਾ ਅਤੇ ਉਸ ਦੇ ਸੰਬੰਧੀਆਂ ਨੂੰ ਸਮਾਪਤ ਕਰ ਦੇਵਾਂਗਾ।

(ਅਰਣਾ ਕਾਂਡ ਸਰਗ 18/11-12) ਅਨੁਸਾਰ ਲਛਮਣ ਨੇ ਸਰੂਪਨਖਾ ਨੂੰ ਕਿਹਾ ਕਿ ਸੀਤਾ ਕਰੂਪ ਹੈ, ਕਰਕਸ਼ਾ ਹੈ, ਵੇਖਣ ਵਿੱਚ ਭਿਆਨਕ ਹੈ। ਉਸ ਦੀ ਕਮਰ ਬਹੁਤ ਪਤਲੀ ਹੈ। ਰਾਮ ਉਸ ਬੁੱਢੀ ਨੂੰ ਛੱਡਕੇ ਤੇਰਾ ਹੀ ਸਮਮਾਨ ਕਰਨਗੇ। ਸੰਸਾਰ ਵਿੱਚ ਭਲਾ ਅਜਿਹਾ ਕੌਣ ਸਮਝਦਾਰ ਮਨੁੱਖ ਹੋਵੇਗਾ, ਜੋ ਤੇਰੇ ਵਰਗੀ ਲਾਵਣਮਈ ਲਲਨਾਂ ਨੂੰ ਛੱਡ ਕੇ ਮਾਨੁਸ਼ੀ ਨੂੰ ਪਿਆਰ ਕਰੇਗਾ।

(ਅਰਣਾ ਕਾਂਡ ਸਰਗ 15/5, 21,27) ਅਨੁਸਾਰ ਜਦੋਂ ਮਾਰੀਚ ਨੇ ਮਰਨ ਸਮੇਂ ਹੇ ਲਛਮਣ, ਹੇ ਸੀਤੇ, ਕਿਹਾ ਤਾਂ ਸੀਤਾ ਨੇ ਕਰੋਧਤ ਹੋ ਕੇ ਕਿਹਾ ਕਿ ਲਛਮਣ! ਇਉਂ ਲੱਗਦਾ ਹੈ ਜਿਵੇਂ ਤੂੰ ਆਪਣੇ ਭਾਈ ਰਾਮ ਦਾ ਮਿੱਤਰ ਬਣ ਕੇ ਵੀ, ਉਸ ਦਾ ਸ਼ੱਤਰੂ ਹੈ। ਤਾਂ ਹੀ ਤਾਂ ਅਜਿਹੀ ਹਾਲਤ ਵਿੱਚ ਤੂੰ ਦੌੜ ਕੇ ਉਸ ਦੇ ਪਾਸ ਨਹੀਂ ਜਾ ਰਿਹਾ। ਲਛਮਣ ਤੂੰ ਚਾਹੁੰਦਾ ਹੈ ਕਿ ਰਾਮ ਮਰ ਜਾਵੇ ਤੂੰ ਮੈਨੂੰ ਆਪਣੀ ਇਸਤਰੀ ਬਣਾ ਲਵੇਂ। ਮੈਨੂੰ ਪਾਉਣ ਦੇ ਲਾਲਚ ਕਾਰਨ ਤੂੰ ਰਾਮ ਦੇ ਨਾਲ ਨਹੀਂ ਜਾ ਰਿਹਾ। ਜਿੰਨੀ ਤੇਰੇ ਮਨ ਵਿੱਚ ਦੁਰਵਾਸ਼ਨਾ ਹੈ, ਉੱਨੀ ਭਾਈ ਦੇ ਵਾਸਤੇ ਪ੍ਰੀਤ ਨਹੀਂ ਹੈ।'

ਫਿਰ ਸੀਤਾ ਨੇ ਕਿਹਾ ਕਿ ਓ ਅਨਆਰੀਆ, ਓ ਨਿਰਦਈ, ਓ ਕੁੱਤੇ, ਓ ਕੁਲਾਗਰ, ਮੈਂ ਸਮਝਦੀ ਹਾਂ ਕਿ ਅੱਜ (ਰਾਮ ਦਾ) ਵਿਨਾਸ਼ ਹੀ ਤੈਨੂੰ ਪਿਆਰਾ ਹੈ। ਉਸ ਨੂੰ ਮੌਤ ਕਿਨਾਰੇ ਵੇਖਕੇ ਹੀ ਤੂੰ ਅਜਿਹੀਆਂ ਗੱਲਾਂ ਕਰ ਰਿਹਾ ਹੈ.....ਤੇਰੇ ਜੈਸਾ ਕਰੂਰ ਅਤੇ ਕਪਟੀ ਮਿੱਤਰ ਅਜਿਹਾ ਹੀ ਕਰਦੇ ਹਨ। ਤੂੰ ਬਹੁਤ ਦੁਸ਼ਟ ਹੈ। ਮੈਨੂੰ ਆਪਣੀ ਔਰਤ ਬਣਾਉਣ ਲਈ ਜਾਂ ਭਰਤ ਦੀ ਪ੍ਰੇਰਣਾ 'ਤੇ ਤੂੰ ਇਕੱਲਾ (ਉਰਮਲਾ ਨੂੰ ਛੱਡ ਕੇ) ਸਾਡੇ ਨਾਲ ਜੰਗਲ 'ਚ ਆਇਆ ਹੈ। ਲਛਮਣ! ਤੂੰ ਅੱਛੀ ਤਰ੍ਹਾਂ ਸਮਝ ਲੈ ਕਿ ਤੇਰੀ ਤੇ ਭਰਤ ਦੀ ਇਹ ਦੂਸ਼ਤ ਕਾਮਨਾ ਕਦੇ ਪੂਰੀ ਨਹੀਂ ਹੋਵੇਗੀ। ਰਾਮ ਦੀ ਪਤਨੀ ਹੋ ਕੇ ਤੇਰੇ ਜੈਸੇ ਨੀਚ ਦੀ ਔਰਤ ਮੈਂ ਕਦੀ ਨਹੀਂ ਬਣਾਂਗੀ।

(ਕਿਸ਼ਕੰਧਾ ਕਾਂਡ ਸਰਗ 1/22-23): ਵਿੱਚ ਰਾਮ ਨੇ ਲਛਮਣ ਨੂੰ ਕਿਹਾ ਕਿ ਮੈਨੂੰ ਕਾਮਦੇਵ ਸਤਾ ਰਿਹਾ ਹੈ।

(ਬਾਲ ਕਾਂਡ ਸੁਰਗ 6/19): ਰਾਜਾ ਦਸਰਥ ਦੇ ਰਾਜ ਵਿੱਚ ਕਸ਼ੱਤਰੀ ਬ੍ਰਾਹਮਣ ਦੇ ਅਤੇ ਵੈਸ਼ ਕਸ਼ੱਤਰੀ ਦੇ ਅਨੁਆਈ ਸਨ। ਸ਼ੂਦਰ ਆਪਣੇ ਧਰਮ 'ਤੇ ਚਲਦੇ ਹੋਏ ਤਿੰਨਾਂ ਵਰਨਾਂ ਦੀ ਸੇਵਾ ਕਰਦੇ ਸਨ। (104) ਰਾਮ ਰਾਜ ਵਿੱਚ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਲੋਭ ਰਹਿਤ ਹੋ ਕੇ ਆਪਣੇ-ਆਪਣੇ ਕੰਮਾਂ 'ਚ (ਜੋ ਬ੍ਰਾਹਮਣ ਨਿਸ਼ਚਤ ਕਰਦਾ ਸੀ) ਸੰਤੁਸ਼ਟ ਰਹਿੰਦੇ ਸਨ।

(ਯੁੱਧ ਕਾਂਡ ਸਰਗ 128/43-44): ਅਨੁਸਾਰ ਰਾਮ ਆਗਮਨ ਦੀ ਪ੍ਰਸੰਨਤਾ ਵਿੱਚ ਭਰਤ ਨੇ ਹਨੂੰਮਾਨ ਨੂੰ ਇੱਕ ਲੱਖ ਗਊ, ਇਕ ਸੌ ਪਿੰਡ, ਵਸਤਰਾਂ ਨਾਲ ਸਜੀਆਂ, ਜਿਨ੍ਹਾਂ ਦਾ ਰੰਗ ਸੋਨੇ ਸਮਾਨ ਸੀ, ਸੁੰਦਰ ਨੱਕ ਤੇ ਸੁੰਦਰ ਲੱਤਾਂ ਵਾਲੀਆਂ ਸ਼੍ਰੇਸ਼ਠ ਕੁਲ ਵਿੱਚ ਪੈਦਾ ਹੋਇਆ 16 ਲੜਕੀਆਂ, ਇਸਤਰੀਆਂ ਬਣਾਉਣ ਲਈ ਦਿੱਤੀਆਂ।

ਉਤਰ ਕਾਂਡ (ਚੈਪਟਰ 123) ਰਾਮ ਚੰਦਰ ਨੇ ਸਰਊ ਦਰਿਆ ਵਿੱਚ ਛਾਲ ਮਾਰ ਕੇ ਆਤਮ ਹੱਤਿਆ

ਕੀਤੀ । ਰਾਮ ਤੋਂ ਪਹਿਲਾਂ ਲਛਮਣ ਨੇ ਛਾਲ ਮਾਰ ਕੇ ਆਤਮਘਾਤ ਕੀਤਾ ।

(ਰਮਾਇਣ ਤੁਲਸੀ ਦਾਸ) ਰਾਮ ਚੰਦਰ : ਬ੍ਰਾਹਮਣਕੁਲ ਨਾਲ ਧਰੋਹ ਕਰਨ ਵਾਲਾ ਮੈਨੂੰ ਚੰਗਾ ਨਹੀਂ ਲਗਦਾ ।

(ਅਰਣਾ ਕਾਂਡ 39-4) ਰਾਮ ਚੰਦਰ : ਸੀਤਾ ਨੂੰ ਹੁਣ ਫੇਰ ਇਸ ਮਹਾਂਤੀਰਥ ਪਰਿਆਹ ਨੂੰ ਦੇਖੋ ਜਿਸ ਦੇ ਦਰਸ਼ਨਾਂ ਨਾਲ ਕਰੋੜਾਂ ਜਨਮਾਂ ਦੇ ਪਾਪ ਲਹਿ ਜਾਂਦੇ ਹਨ । ਫਿਰ ਤਾਂ ਤ੍ਰਿਵੇਣੀ ਦੇ ਦਰਸ਼ਨ ਕਰੋ, ਜੋ ਦੁੱਖਾਂ ਨੂੰ ਖਤਮ ਕਰਨ ਵਾਲੀ ਅਤੇ ਪ੍ਰਭੂ ਦੇ ਧਾਮ ਤੱਕ ਪਹੁੰਚਾਣ ਵਾਲੀ ਪਾਉੜੀ ਦੇ ਸਮਾਨ ਹੈ ।

ਵਾਲਮੀਕੀ ਰਮਾਇਣ (2,53,8,9) : ਸੀਤਾ (ਗੰਗਾ ਨੂੰ) 'ਹੇ ਦੇਵੀ ਗੰਗਾ ! ਜਦੋਂ ਮੈਂ ਬਨਵਾਸ ਯਾਤਰਾ ਖਤਮ ਕਰਕੇ ਠੀਕ-ਠਾਕ ਆਪਣੇ ਪਤੀ ਨਾਲ ਵਾਪਸ ਆਊਂਗੀ ਤਾਂ ਇੱਕ ਹਜ਼ਾਰ ਘੜਾ ਸੁਰਾ (ਸ਼ਰਾਬ) ਅਤੇ ਅਨੇਕ ਪ੍ਰਕਾਰ ਦੇ ਮਾਸ ਤੋਂ ਬਣੇ ਭੋਜਨ, ਮਿੱਠੇ ਫਲ, ਤਾਮਬੂਲ ਅਤੇ ਬਸਤਰਾਂ ਨਾਲ ਮੈਂ, ਰਾਮਜੀ ਅਤੇ ਲਛਮਣ ਦੇ ਨਾਲ ਤੇਰੀ ਪੂਜਾ ਕਰੂੰਗੀ ਅਤੇ ਬ੍ਰਾਹਮਣਾਂ ਨੂੰ ਭੋਜਨ ਕਰਵਾਉਂਗੀ ।

(ਅਯੁਧਿਆ ਕਾਂਡ 108) : ਵਿਦਵਾਨ ਜਵਾਲੀ ਰਾਮ ਚੰਦਰ ਨੂੰ ਕਹਿੰਦਾ ਹੈ, "ਮੈਂ ਉਨ੍ਹਾਂ ਵਿਅਕਤੀਆਂ ਲਈ ਚਿੰਤਤ ਹਾਂ ਜੋ ਇਸ ਲੋਕ ਦੀ ਚਿੰਤਾ ਛੱਡ ਕੇ ਪ੍ਰਲੋਕ ਦੀ ਚਿੰਤਾ 'ਚ ਡੁੱਬੇ ਰਹਿੰਦੇ ਹਨ । ਮੈਂ ਹੋਰ ਕਿਸੇ ਵਿਅਕਤੀ ਲਈ ਚਿੰਤਾ ਨਹੀਂ ਕਰਦਾ । ਚਿੰਤਾਗ੍ਰਸਤ ਤਾਂ ਉਹ ਲੋਕ ਹਨ ਜੋ ਹਰ ਸਾਲ ਆਪਣੇ ਮਰੇ ਪਿਤਰਾਂ ਦਾ ਸਰਾਧ ਕਰਨ ਦੇ ਨਾਉਂ 'ਤੇ ਅੰਨ ਨਸ਼ਟ ਕਰਦੇ ਹਨ, ਕਿਉਂਕਿ ਉਨ੍ਹਾਂ ਦੇ ਸੰਬੰਧੀ ਲੋਕ ਘਰ ਬੈਠੇ ਹੀ ਕਿਸੇ ਬ੍ਰਾਹਮਣ ਨੂੰ ਭੋਜਨ ਕਰਵਾ ਦਿੰਦੇ ਤਾਂਕਿ ਯਾਤਰਾ 'ਤੇ ਨਿਕਲੇ ਹੋਏ ਵਿਅਕਤੀਆਂ ਦਾ ਪੇਟ ਭਰ ਸਕੇ । ਹੇ ਰਾਮ ! ਇਹ ਸਾਰੇ ਦੇ ਸਾਰੇ ਧਰਮ ਅਤੇ ਆਦੇਸ਼ (ਹੁਕਮ) ਉਨ੍ਹਾਂ ਸ਼ੈਤਾਨ ਵਿਅਕਤੀਆਂ ਦੁਆਰਾ ਪੈਦਾ ਕੀਤੇ ਗਏ ਹਨ, ਜੋ ਭੋਲੇ-ਭਾਲੇ ਲੋਕਾਂ ਨੂੰ ਗੁੰਮਰਾਹ ਕਰਨ 'ਚ ਰੁੱਝੇ ਹੋਏ ਸਨ । ਇਸ ਤਰ੍ਹਾਂ ਹੋਰਨਾਂ ਨੂੰ ਦਾਨ ਦਖਣਾ ਦੇਣ ਲਈ ਉਕਸਾ ਕੇ, ਆਪ ਧਨ ਇਕੱਠਾ ਕਰਨ ਦੇ ਸੌਖੇ ਤਰੀਕੇ ਤਿਆਰ ਕਰਦੇ ਰਹਿੰਦੇ ਸਨ । ਉਨ੍ਹਾਂ ਦਾ ਸਿਧਾਂਤ ਤਾਂ ਉਹੀ ਸੀ ਕਿ ਦੂਜਿਆਂ ਨੂੰ ਕਹੋ 'ਯੱਗ ਕਰੋ । ਆਪ ਵਰਤ ਰੱਖੋ । ਮਾਸ ਸਾਨੂੰ ਦਿਓ ।' ਹੇ ਰਾਮ ! ਆਪ ਬੁੱਧੀ ਤੋਂ ਕੰਮ ਲਓ । ਇਸ ਜੀਵਨ ਤੋਂ ਇਲਾਵਾ ਹੋਰ ਕੋਈ ਜੀਵਨ ਮਿਲਣ ਵਾਲਾ ਨਹੀਂ ਹੈ ।"

ਤੁਲਸੀ (ਅਰਣਾ ਕਾਂਡ-9) : ਇਸਤਰੀ ਸੁਭਾਅ ਤੋਂ ਹੀ ਅਪਵਿੱਤਰ ਹੈ ।

(ਕਿਸ਼ਕਿੰਧਾ ਕਾਂਡ) ਰਾਮ ਚੰਦਰ : ਹੇ ਨੀਚ ਬਾਲੀ ! ਮੇਰੇ ਬਾਹੂਬਲ ਦੇ ਆਸਰੇ ਪਲਣ ਵਾਲੇ ਸੁਗਰੀਵ (ਬਾਲੀ ਦਾ ਛੋਟਾ ਭਰਾ) ਨੂੰ ਤੂੰ ਮਾਰਨ ਦਾ ਹੌਸਲਾ ਕਿਵੇਂ ਕਰ ਲਿਆ ?

ਬਾਲੀ : 'ਹੇ ਰਾਮ ! ਜਦੋਂ ਆਪਣੇ ਧਰਮ ਦੀ ਰਾਖੀ ਲਈ ਅਵਤਾਰ ਲਿਆ ਹੈ ਤਾਂ ਮੇਰੇ 'ਤੇ ਇਸ ਤਰ੍ਹਾਂ ਨਿਸ਼ਚਿੰਤ ਹੋ ਕੇ ਪ੍ਰਾਣ ਖਤਮ ਕਰਨ ਵਾਲਾ ਬਾਣ (ਤੀਰ) ਕਿਉਂ ਚਲਾਇਆ ?'

ਤੁਲਸੀ ਰਮਾਇਣ (148, 3-4) : ਹਿਰਨਾਕਸ਼ਪ (ਹਰਨਾਖਸ਼) ਅਤੇ ਹਿਰਨਾਯਕਸ਼ ਦੋ ਅਸੁਰ (ਮਲ ਨਿਵਾਸੀ) ਭਰਾ ਸਨ । ਵਿਸ਼ਨੂੰ ਨੇ ਹਿਰਨਾਯਕਸ਼ ਨੂੰ ਸੂਰ ਦਾ ਰੂਪ ਧਾਰ ਕੇ ਮਾਰਿਆ ਅਤੇ ਹਰਨਾਕਸ਼ ਨੂੰ ਨਰ ਸਿੰਘ ਦਾ ਰੂਪ ਧਾਰ ਕੇ ਮਾਰਿਆ । (ਵਿਸ਼ਨੂੰ ਇੰਦਰ ਦਾ ਚਚੇਰਾ ਭਾਈ ਹੈ ਅਤੇ ਦੋਵੇਂ ਆਰੀਅਨ ਕਮਾਂਡਰ ਸਨ ।)

(ਬਾਲ ਕਾਂਡ 8/233-25) : ਦਸ਼ਰਥ ਨੇ ਭਵਨ ਵਿੱਚ ਜਾਂਦੀਆਂ ਆਪਣੀਆਂ ਪਿਆਰੀਆਂ ਰਾਣੀਆਂ ਨੂੰ ਕਿਹਾ ਕਿ ਆਪ ਦੀਖਸ਼ਾ ਲੈਣ ਲਈ ਤਿਆਰ ਹੋ ਜਾਓ । ਅਸੀਂ ਪੁੱਤਰ ਪ੍ਰਾਪਤੀ ਦੇ ਯੱਗ ਕਰਾਂਗੇ ।

(ਸਰਗ 14/33-35) : ਤਾਂ ਮਹਾਰਾਣੀ ਕੁਸ਼ੱਲਿਆ ਨੇ ਬਹੁਤ ਹੀ ਖੁਸ਼ੀ ਮਨ ਨਾਲ, ਉਸ ਘੋੜੇ ਦੀ ਪੂਜਾ ਕੀਤੀ ਤੇ ਤਿੰਨ ਵਾਰ ਤਲਵਾਰ ਚਲਾ ਕੇ ਘੋੜੇ ਦਾ ਕਤਲ ਕੀਤਾ । ਧਰਮ ਦੇ ਅਨੁਸਾਰ ਕਾਮਨਾ ਲੈ ਕੇ, ਮਹਾਰਾਣੀ ਇਕ ਮਨ ਹੋ ਕੇ, ਇਕ ਰਾਤ ਉਸ ਘੋੜੇ ਨਾਲ ਹੀ ਰਹੀ । ਉਸ ਤੋਂ ਬਾਅਦ ਘੋੜਾ, ਅਧਿਵਰਯੂ ਅਤੇ ਉਦਰਗਾਤਾ ਦੀ ਆਗਿਆ ਨਾਲ ਮਹਾਰਾਜ ਦੀਆਂ ਕਸ਼ੱਤਰੀ ਰਾਣੀਆਂ, ਵੈਸ਼ ਜਾਤੀ ਦੀਆਂ ਇਸਤਰੀਆਂ ਨੂੰ ਘੋੜੇ ਦੇ ਲਿੰਗ ਨਾਲ ਸਪੱਰਸ਼ ਕਰਾਇਆ ਗਿਆ ।

(ਉਤਰ ਕਾਂਡ 62/16/19) ਵਾਲਮੀਕ ਰਮਾਇਣ)

ਆਹਮਣੇ-ਸਾਹਮਣੇ ਦੀ ਲੜਾਈ ਵਿੱਚ ਲਵਣਾਸੁਰ ਨੂੰ ਹਰਾਉਣਾ ਬਹੁਤ ਹੀ ਔਖਾ ਸੀ । ਇਸ ਲਈ ਰਾਮ ਨੇ ਸ਼ੱਤਰੂਘਣ ਨੂੰ ਛਲਕਪਟ ਨਾਲ ਕੰਮ ਲੈਣ ਦੀ ਸਲਾਹ ਦਿੰਦਿਆਂ ਕਿਹਾ :-

"ਜਦੋਂ ਲਵਣਾਸੁਰ ਸ਼ਸਤਰ ਰਹਿਤ ਹੋ ਕੇ ਭੋਜਨ ਲਈ, ਪੂਜਾ ਗ੍ਰਹਿ ਤੋਂ ਬਾਹਰ ਨਿਕਲੇ ਤਾਂ ਉਸ ਦੇ ਮੁੜਨ

ਤੋਂ ਪਹਿਲੇ ਹੀ ਤੂੰ ਸ਼ਸਤਰ ਸਜਾ ਕੇ ਬੂਹੇ 'ਤੇ ਖੜ੍ਹੇ ਹੋ ਜਾਣਾ ਅਤੇ ਉਸ ਦਾ ਇੰਤਜ਼ਾਰ ਕਰਨਾ। ਉਹ ਆਵੇਗਾ, ਉਸ ਦੇ ਘਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਤੂੰ ਉਸ ਨੂੰ ਮਾਰ ਦੇਣਾ। ਇਸ ਤਰੀਕੇ ਨਾਲ ਉਸ ਦਾ ਮਰਨਾ ਸੰਭਵ ਹੈ। (ਨੋਟ :-ਇਹੋ ਢੰਗ ਵਿਸ਼ਨੂੰ ਨੇ ਆਦਿਵਾਸੀ ਦਰਾਵੜ ਰਾਜੇ ਹਰਨਾਖਸ਼ ਨੂੰ ਮਾਰਨ ਸਮੇਂ ਵਰਤਿਆ ਸੀ, ਜਿਸ ਨੂੰ ਉੱਪਰ ਨਰਸਿੰਘ ਅਵਤਾਰ ਕਿਹਾ ਗਿਆ ਹੈ।)

(ਅਰਣਾ ਕਾਂਡ 10 ਸਰਗ) : ਰਾਮ, ਮੈਂ ਕੇਵਲ ਰਾਖਸ਼ਾਂ ਨੂੰ ਮਾਰਨ ਲਈ ਵਣ (ਜੰਗਲ 'ਚ) ਗਿਆ ਸੀ। ਮੈਂ ਰਾਖਸ਼ਾਂ ਦਾ ਸੰਹਾਰ (ਕਤਲੇਆਮ) ਕਰਨ ਦਾ ਬ੍ਰਾਹਮਣਾਂ ਨੂੰ ਬਚਨ ਦਿੱਤਾ ਸੀ।

(ਅਰਣਾ ਕਾਂਡ ਸਰਗ) : ਰਾਮ ਨੇ ਰਾਖਸ਼ਾਂ ਨੂੰ ਲੜਾਈ ਵਿੱਚ ਪਾਉਣ ਦਾ ਨਿਸ਼ਚਾ ਕੀਤਾ ਅਤੇ ਸੀਤਾ ਵੱਲੋਂ ਵਿਰੋਧ ਕਰਨ 'ਤੇ ਵੀ ਉਨ੍ਹਾਂ ਨੇ ਰਾਵਣ ਦੇ ਦੇਸ਼ ਵਿੱਚ ਪ੍ਰਵੇਸ਼ ਕੀਤਾ।

(ਅਰਣਾ ਕਾਂਡ ਸਰਗ 21) : ਖਰ ਨਾਲ ਲੜਦੇ ਹੋਏ ਰਾਮ ਨੇ ਕਿਹਾ, "ਲੋਭ ਤੋਂ ਪ੍ਰੇਰਤ ਹੋ ਕੇ ਮੈਂ ਕੇਵਲ ਰਾਖਸ਼ਾਂ ਦਾ ਬਧ (ਕਤਲ) ਕਰਨ ਹਿੱਤ ਵਣ ਵਿੱਚ ਆਇਆ ਹਾਂ। (ਦਰਾਵੜ ਆਦਿਵਾਸੀਆਂ ਦਾ ਖੇਤਰੀ ਨਾਮ ਹੀ ਰਾਖਸ਼ ਸੀ, ਜਿਸ ਦਾ ਅਰਥ ਹੈ ਰੱਖਿਆ ਕਰਨ ਵਾਲੇ।)

ਲੰਕਾ : (ਸਫਾ 487 ਹਿੰਦੂ ਮਿਥਿਹਾਸ ਕੋਸ਼ ਪੰਜਾਬੀ) (ਲੰਕਾ ਦਾ) ਇਹ ਸ਼ਹਿਰ ਵਿਸ਼ਵਕਰਮਾ ਨੇ ਬਣਾਇਆ ਸੀ। (ਵਿਸ਼ਵਕਰਮਾ ਜੋ ਭਾਰਤੀ ਮੂਲ ਨਿਵਾਸੀ ਕਾਰੀਗਰਾਂ ਦਾ ਦੇਵਤਾ ਹੈ।)

ਵਾਲਮੀਕ ਰਮਾਇਣ (1-4-33) ਰਾਮ ਚੰਦਰ "ਮੇਰੀ ਮਾਂ ਕੌਸ਼ਲਿਆ ਨੇ ਧਰਮ ਇੱਛਾ ਨਾਲ ਇਕ ਰਾਤ ਉਸ ਅਸ਼ਵ (ਘੋੜੇ) ਦੇ ਨਾਲ ਗੁਜਾਰੀ ਸੀ, ਇਸ ਤੋਂ ਪਹਿਲਾਂ ਅਸ਼ਵ ਦੀ ਭਲੀ ਪ੍ਰਕਾਰ.....(ਪਰਿਚਰਿਆ) ਕਰਕੇ ਵੀ ਤਿੰਨਾਂ ਤਲਵਾਰਾਂ ਨਾਲ ਉਸ ਦਾ ਸਪੱਰਸ਼ ਕੀਤਾ ਸੀ।

(4-7-22) ਬਾਲੀ ਰਾਮ ਚੰਦਰ ਨੂੰ, "ਤੂੰ ਮੰਦ ਬੁੱਧੀ ਵਾਲਾ ਹੈਂ, ਤੂੰ ਧਰਮ (ਧਰੋਹੀ) ਹੈਂ। ਦਿਖਾਉਣ ਲਈ ਧਰਮ ਦਾ ਚੋਲਾ ਪਾਇਆ ਹੋਇਆ ਹੈ ਤੇ ਅਸਲ ਵਿੱਚ ਅਧਰਮੀ ਹੈਂ। ਤੇਰਾ ਅਚਾਰ ਵਿਹਾਰ ਪਾਪ ਦਾ ਭਰਿਆ ਹੈ। ਤੂੰ ਘਾਹ ਫੂਸ ਵਿੱਚ ਛੁਪੇ ਸੱਪ ਵਾਂਗ ਧੋਖਾ ਦੇਣ ਵਾਲਾ ਹੈਂ।"

(4-17-24) "ਤੂੰ ਕਾਮ ਇੱਛਾ ਦਾ ਗੁਲਾਮ ਹੈਂ। ਕਰੋਧੀ ਹੈਂ। ਅਸੂਲਾਂ 'ਤੇ ਨਾ ਚੱਲਣ ਵਾਲਾ ਹੈਂ। ਰਾਜਿਆਂ ਦੇ ਅਸੂਲਾਂ ਦਾ ਵਿਚਾਰ ਜਾਂ ਧਿਆਨ ਕੀਤੇ ਬਿਨਾਂ ਤੂੰ ਕਿਸੇ ਨੂੰ ਵੀ ਆਪਣੇ ਤੀਰ ਦਾ ਨਿਸ਼ਾਨਾ ਬਣਾ ਸਕਦਾ ਹੈਂ।"

ਰਾਮ ਚੰਦਰ : ਨਾਰਦ ਮੁਨੀ ਨੇ ਦੱਸਿਆ ਕਿ ਮੇਰੇ ਰਾਜ ਵਿੱਚ ਕਿਸੇ ਸੀਮਾਂ 'ਤੇ ਕੋਈ ਸ਼ੂਦਰ ਤਪੱਸਿਆ ਕਰ ਰਿਹਾ ਹੈ। ਉਸੇ ਕਾਰਨ ਉਸ ਬ੍ਰਾਹਮਣ ਦਾ ਬਾਲਕ ਮਰ ਗਿਆ ਹੈ। ਤਾਂ ਮੈਂ ਦੱਖਣ ਦਿਸ਼ਾ ਵੱਲ ਗਿਆ........ਮੈਂ ਤਪੱਸਿਆ ਕਰਦੇ ਉਸ ਤਪੱਸਵੀ ਕੋਲ ਪਹੁੰਚਿਆ........। ਪੁੱਛਿਆ, "ਤੂੰ ਕਿਸ ਜਾਤੀ ਵਿੱਚ ਪੈਦਾ ਹੋਇਆ ਹੈਂ? ਕਿਸ ਚੀਜ਼ ਨੂੰ ਪਾਉਣ ਦੀ ਇੱਛਾ ਹੈ?"

ਸ਼ੰਬੂਕ : "ਹੇ ਮਹਾਂ ਸ਼ਸ਼ਤਰਧਾਰੀ ਰਾਮ, ਮੈਂ ਸ਼ੂਦਰ ਜੂਨੀ ਤੋਂ ਪੈਦਾ ਹੋਇਆ ਹਾਂ... ਮੈਂ ਝੂਠ ਨਹੀਂ ਬੋਲਦਾ। ਮੈਂ ਦੇਵਲੋਕ (ਆਰੀਆ ਦੇ ਕਬਜ਼ੇ 'ਚ ਜੋ ਇਲਾਕਾ ਸੀ) 'ਤੇ ਜਿੱਤ ਪ੍ਰਾਪਤ ਦੀ ਇੱਛਾ ਨਾਲ ਤਪੱਸਿਆ ਕਰ ਰਿਹਾ ਹਾਂ।" (ਸਵੈਰਾਜ ਲਈ ਯਤਨ)

ਰਾਮ : "ਮੈਂ ਆਵ ਦੇਖਿਆ ਨਾ ਤਾਵ" ਆਪਣੀ ਮਿਆਨ ਤੋਂ ਚਮਕਦੀ ਹੋਈ ਤਲਵਾਰ ਖਿੱਚੀ ਅਤੇ ਉਸ ਦਾ ਸ਼ੰਬੂਕ ਦਾ ਸਿਰ ਕੱਟ ਦਿੱਤਾ।"

(106) ਰਾਮ : ਲੋਕਾਂ ਨੇ ਮੇਰੀ ਸੈਨਿਕ ਸ਼ਕਤੀ ਵੇਖ ਲਈ ਹੈ। ਮੈਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਮੇਰਾ ਯਤਨ ਸਫਲ ਰਿਹਾ। ਮੈਂ ਇੱਥੇ ਰਾਵਣ ਨੂੰ ਮਾਰਨ ਅਤੇ ਆਪਣਾ ਅਪਜਸ਼ ਧੋਣ ਆਇਆ ਸੀ। ਮੈਂ ਇਹ ਸਭ ਕੁਝ (ਸੀਤਾ ਨੂੰ) ਤੇਰੇ ਲਈ ਨਹੀਂ ਕੀਤਾ। ਮੈਨੂੰ ਤੇਰੇ ਆਚਰਣ 'ਤੇ ਸੰਦੇਹ ਹੈ। ਰਾਵਣ ਨੇ ਹਰ ਹਾਲਤ ਤੇਰਾ ਸ਼ੀਲ ਭੰਗ ਕੀਤਾ ਹੋਵੇਗਾ। ਤੈਨੂੰ ਵੇਖ ਕੇ ਮੈਨੂੰ ਬਹੁਤ ਘਿਰਣਾ ਹੁੰਦੀ ਹੈ। ਜਨਕ ਦੀ ਪੁੱਤਰੀ!......ਮੇਰੀ ਤਰਫੋਂ ਤੈਨੂੰ ਛੁੱਟੀ। ਜਿੱਥੇ ਜੀ ਕਰੇ ਚਲੀ ਜਾਓ....ਇਹ ਗੱਲ ਤਾਂ ਮੈਂ ਮੰਨ ਨਹੀਂ ਸਕਦਾ ਕਿ ਤੇਰੀ ਵਰਗੀ ਸੁੰਦਰ ਔਰਤ ਨੂੰ ਵੇਖ ਕੇ ਰਾਵਣ ਨੇ ਤੇਰਾ ਉਪਯੋਗ ਨਾ ਕੀਤਾ ਹੋਵੇਗਾ। (ਯੁੱਧ ਕਾਂਡ ਚੈਪਟਰ 117) ਉਸ ਨੇ ਕਈ ਮਹੀਨਿਆਂ ਦੀ ਗਰਭਵਤੀ ਸੀਤਾ ਨੂੰ ਜੰਗਲ ਵਿੱਚ ਛੱਡ ਦਿੱਤਾ। ਇੱਥੇ ਨਾ ਉਸ ਦਾ ਕੋਈ ਜਾਣਕਾਰ ਸੀ, ਨਾ ਖਾਣ-ਪੀਣ ਤੇ ਰਹਿਣ ਦਾ ਪ੍ਰਬੰਧ ਸੀ.....ਇਹ ਸਭ ਕੁਝ ਧੋਖੇ ਨਾਲ ਕੀਤਾ ਗਿਆ। ਸੀਤਾ ਨੂੰ ਲਛਮਣ ਛੱਡ ਕੇ ਗਿਆ ਸੀ

। ਧੁਰ ਜੰਗਲ 'ਚ ਜਾ ਕੇ ਲਛਮਣ ਨੇ ਕਿਹਾ ਕਿ ਉਹ ਤਾਂ ਰਾਜਾ ਰਾਮ ਤੇ ਵੱਡੇ ਭਰਾ ਦਾ ਹੁਕਮ ਵਜਾਉਣ ਆਇਆ ਸੀ। ਰਾਮ ਨੇ ਸੀਤਾ ਦੀ ਕੋਈ ਇੱਛਾ ਪੁੱਛੀ ਸੀ ਤਾਂ ਸੀਤਾ ਨੇ ਕਿਹਾ ਸੀ ਕਿ ਉਹ ਕੁਝ ਸਮਾਂ, ਗੰਗਾ ਕਿਨਾਰੇ ਜਾ ਕੇ ਕਿਸੇ ਰਿਸ਼ੀ ਦੇ ਆਸ਼ਰਮ 'ਤੇ ਆਰਾਮ ਨਾਲ ਬਿਤਾਉਣਾ ਚਾਹੁੰਦੀ ਹੈ। ਇਸੇ ਇੱਛਾ ਪੂਰਤੀ ਦੇ ਬਹਾਨੇ ਸੀਤਾ ਨਾਲ ਧੋਖਾ ਕੀਤਾ ਗਿਆ।

ਸੀਤਾ ਨੂੰ ਛੱਡਣ ਸਮੇਂ ਲਛਮਣ ਨੇ ਕਿਹਾ, "ਹੇ ਨਿਰਦੋਸ਼ ਰਾਣੀ ! ਜੋ ਕੁਝ ਮੈਂ ਕਰ ਰਿਹਾ ਹਾਂ ਉਸ ਲਈ ਮੈਨੂੰ ਮੁਆਫ ਕਰੀਂ। ਮੇਰੇ ਭਾਈ ਨੇ ਮੈਨੂੰ ਹੁਕਮ ਦਿੱਤਾ ਹੈ ਕਿ ਤੈਨੂੰ ਇਸ ਥਾਂ ਤਿਆਗ ਦਿੱਤਾ ਜਾਵੇ, ਕਿਉਂਕਿ ਲੋਕ ਉਸ ਉਪਰ ਦੋਸ਼ ਲਾਉਂਦੇ ਹਨ। ਤੈਨੂੰ ਘਰ ਰੱਖਣ ਕਰਕੇ ਲੋਕ ਰਾਮ ਦੀ ਨਿੰਦਿਆ ਕਰਦੇ ਹਨ।"

ਵਾਲਮੀਕ : ਹੇ ਦਸ਼ਰਥ ਪੁੱਤਰ, ਇਹ ਹੈ ਸੀਤਾ, ਜਿਸ ਨੂੰ ਤੂੰ ਲੋਕਾਂ ਵਿਚ ਫੈਲੀ ਬਦਨਾਮੀ ਕਾਰਨ ਤਿਆਗ ਦਿੱਤਾ ਹੈ। ਤੁਸੀਂ ਕਹੋ ਤਾਂ ਇਹ ਕਸਮ ਖਾ ਕੇ ਆਪਣੀ ਪਵਿੱਤਰਤਾ ਸਿੱਧ ਕਰੇਗੀ। ਇਹ ਹਨ ਤੇਰੇ ਜੁੜਵੇਂ (ਜੋੜੇ) ਪੁੱਤਰ।"

ਨੋਟ :-ਵਾਲਮੀਕ ਦੁਆਰਾ, ਕੱਖਾਂ ਨਾਲ ਬਣਾਏ ਬੱਚੇ ਵਾਲੀ ਕਹਾਣੀ ਝੂਠੀ ਹੈ.... (ਦੇਖੋ ਬਿਆਨ ਵਾਲਮੀਕ) "ਜਿਨ੍ਹਾਂ ਦਾ ਪਾਲਣ-ਪੋਸ਼ਣ ਮੈਂ ਆਪਣੇ ਆਸ਼ਰਮ ਵਿੱਚ ਕੀਤਾ ਹੈ।"

ਰਮਾਇਣ ਵਾਲਮੀਕ (ਯੁੱਧ ਕਾਂਡ ਚੈਪਟਰ 130) : ਰਮਾਇਣ ਵਾਲਮੀਕ ਰਾਮ ਦੀ ਜਿੱਤ ਦੀ ਕਹਾਣੀ ਹੈ।

ਨੋਟ :-ਕਿਸ਼ਕੰਧਾ ਅਤੇ ਲੰਕਾ ਦਰਾਵੜ (ਆਦਿਵਾਸੀ) ਭਾਰਤੀ ਐੱਸ.ਸੀ., ਬੀ.ਸੀ., ਐੱਸ.ਟੀ., ਲੋਕਾਂ ਦੀਆਂ ਰਾਜਧਾਨੀਆਂ ਸਨ, ਜਿੱਥੇ ਰਾਖਸ਼ (ਰਾਵਣ) ਅਤੇ ਬਾਨਰ (ਬਾਲੀ) ਕੌਮਾਂ ਰਾਜ ਕਰਦੀਆਂ ਸਨ। ਇਹ ਰਾਜ ਮੈਸੂਰ ਅਤੇ ਆਂਧਰਾ ਦੇ ਇਲਾਕੇ ਮਦਰਾਸ ਅਤੇ ਕੇਰਲਾ (ਜਿਸ ਵਿੱਚ ਲੰਕਾ ਦਾ ਟਾਪੂ ਵੀ ਸ਼ਾਮਲ ਸੀ) ਵਿੱਚ ਫੈਲਿਆ ਹੋਇਆ ਸੀ। ਇੱਥੇ ਨਾ ਕੋਈ ਰੱਬ ਸੀ, ਨਾ ਨਰਕ ਅਤੇ ਨਾ ਸੁਰਗ, ਨਾ ਕੋਈ ਦੇਵੀ-ਦੇਵਤੇ, ਨਾ ਜਾਤਪਾਤ ਅਤੇ ਨਾ ਛੂਆਛਾਤ। ਇਨ੍ਹਾਂ ਦੇ ਹਾਰਨ ਤੋਂ ਬਾਅਦ ਸਾਡਾ ਭਾਰਤ, ਅਯੁੱਧਿਆ ਦੇ ਰਾਜੇ ਰਾਮ (ਆਰੀਅਨ) ਕੋਲ ਆ ਗਿਆ।

ਯੁੱਧ ਕਾਂਡ (ਚੈਪਟਰ 20-24) ਰਾਵਣ ਨੇ ਦਰਾਵੜ ਸੁਗਰੀਵ ਨੂੰ ਆਰੀਆਂ ਦੇ ਵਿਰੁੱਧ ਸਾਂਝਾ ਮੋਰਚਾ ਬਣਾਉਣ ਦੀ ਅਪੀਲ ਕੀਤੀ।

(ਚੈਪਟਰ 39) : ਬਾਲੀ ਅਤੇ ਰਾਵਣ ਵਿਚਕਾਰ ਦੋਸਤੀ ਅਤੇ ਸਹਾਇਤਾ ਦੀ ਪੱਕੀ ਸੰਧੀ ਹੋਈ ਸੀ।

ਯੁੱਧ ਕਾਂਡ (ਚੈਪਟਰ 114) : ਦੱਖਣ 'ਤੇ ਜਿੱਤ ਪ੍ਰਾਪਤ ਕਰ ਲੈਣ ਤੋਂ ਬਾਅਦ ਰਾਮ ਨੇ ਜਲਦੀ ਹੀ ਭਰਤ ਦੀ ਕਮਾਂਡ ਹੇਠ, ਪੱਛਮ ਵੱਲ ਰਾਜ ਕਰਦੇ, ਗੰਧਰਵ (ਭਾਰਤੀ) ਰਾਜਿਆਂ 'ਤੇ ਚੜ੍ਹਾਈ ਕਰ ਦਿੱਤੀ ਤੇ ਇਨ੍ਹਾਂ ਨੂੰ ਖਤਮ ਕਰਕੇ ਆਪਣੇ ਰਾਜ ਵਿੱਚ ਮਿਲਾ ਲਿਆ। ਇਹ ਰਾਜ ਸਿੰਧ ਦਰਿਆ ਦੇ ਨਾਲ-ਨਾਲ ਸੀ।

ਅਯੁੱਧਿਆ ਕਾਂਡ (ਚੈਪਟਰ 96) : ਹਿਰਨ ਦਾ ਭੁੰਨਿਆ (ਰੋਸਟਡ) ਮਾਸ ਰਾਮ ਚੰਦਰ ਦਾ ਮਨ ਭਾਉਂਦਾ ਖਾਣਾ ਸੀ।

ਵਾਲਮੀਕ ਰਮਾਇਣ (6-24-1) (6-97-15) : ਸੀਤਾ 'ਮੇਰਾ ਚਰਿੱਤਰ ਸ਼ੁੱਧ ਹੈ ਤਾਂ ਵੀ ਮੈਨੂੰ ਦੋਸ਼ੀ ਸਮਝਿਆ ਜਾ ਰਿਹਾ ਹੈ.....ਸੁਮਿਤਰਾ ਨੰਦਰ ! ਮੇਰੇ ਵਾਸਤੇ ਚਿਤਾ ਤਿਆਰ ਕਰ ਦਿਓ। ਮੇਰੇ ਇਸ ਦੁੱਖ ਦੀ ਇਕ ਹੀ ਦਵਾ ਹੈ।.....ਝੂਠ ਨਾਲ ਕਲੰਕਤ ਹੋ ਕੇ ਮੈਂ ਜਿਉਂਦੀ ਨਹੀਂ ਰਹਿ ਸਕਦੀ।.....ਮੈਂ ਮਨ, ਬਾਣੀ (ਬੋਲ ਬਾਣੀ ਅਤੇ ਕਾਰਵਿਹਾਰ (ਕਰਮ) ਵਿੱਚ ਕੇਵਲ ਸ੍ਰੀ ਰਾਮ ਦੀ ਹੀ ਅਰਾਧਨਾ ਕਰਦੀ ਹਾਂ। ਜੇ ਇਹ ਸੱਚ ਹੈ ਤਾਂ ਧਰਤੀ ਮਾਂ ਮੈਨੂੰ ਆਪਣੀ ਗੋਦ ਵਿੱਚ ਸਮਾ ਲੈ। ਸਾਰੇ ਲੋਕਾਂ ਦੇ ਦੇਖਦਿਆਂ-ਦੇਖਦਿਆਂ ਸੀਤਾ ਧਰਤੀ ਵਿੱਚ ਸਮਾ ਗਈ। (ਭਾਵ ਚਿਤਾ ਵਿੱਚ ਛਾਲ ਮਾਰ ਗਈ।)

(ਉਤਰ ਕਾਂਡ ਸਰਗ 42 ਸਲੋਕ 28-21) ਰਾਜਾ ਦਸ਼ਰਥ ਦੇ ਵੰਸ਼ ਵਿੱਚ ਪੈਦਾ ਹੋਏ ਰਾਮ ਚੰਦਰ ਨੇ ਸੀਤਾ ਜੀ ਨੂੰ ਹੱਥ ਤੋਂ ਫੜਕੇ ਪਵਿੱਤਰ 'ਮੈਰੇਅ' ਨਾਮ ਦੀ ਸ਼ਰਾਬ (ਜਿਵੇਂ ਇੰਦਰ ਸ਼ਾਚੀ ਨੂੰ ਪਿਲਾਉਂਦਾ ਹੈ,) ਇਸੇ ਤਰ੍ਹਾਂ ਪਿਲਾਈ। ਨੌਕਰ, ਉੱਤਮ ਪ੍ਰਕਾਰ ਦਾ ਪੱਕਿਆਂ ਮਾਸ ਅਤੇ ਕਈ ਪ੍ਰਕਾਰ ਦੇ ਫਲ ਰਾਮ ਚੰਦਰ ਪਾਸ ਲੈ ਆਏ। ਰਾਮ ਚੰਦਰ ਦੇ ਸਾਹਮਣੇ ਜਾ ਕੇ ਨੱਚਣ, ਗਾਉਣ ਵਿੱਚ ਮਾਹਰ ਅਪੱਸਰਾਂ, ਨਾਗ ਲੜਕੀਆਂ (ਸੁੰਦਰ ਲੜਕੀਆਂ) ਕਿੰਨਰੀਆਂ ਅਤੇ ਹੋਰ ਗੁਣੀ ਤੇ ਸੋਹਣੀਆਂ ਸੁੰਦਰ ਇਸਤਰੀਆਂ ਸ਼ਰਾਬ ਦੇ ਨਸ਼ੇ ਵਿੱਚ ਮਤਵਾਲੀਆਂ ਹੋ ਕੇ ਨੱਚਣ ਲੱਗੀਆਂ।

ਦੇਵਤਿਆਂ ਨੇ, ਬ੍ਰਾਹਮਣਾਂ ਦੇ ਆਦੇਸ਼ਾਂ ਨੂੰ ਪੂਰਾ ਕਰਨ ਲਈ ਨਾ ਕੇਵਲ ਯਕਸ਼ਾਂ ਅਤੇ ਨਾਗਾਂ ਦੀਆਂ ਕਵਾਰੀਆਂ ਲੜਕੀਆਂ ਨਾਲ ਵਿਭਚਾਰ ਕੀਤਾ ਬਲਕਿ ਰਾਖਸ਼ਾਂ, ਵਿਦਯਾਧਰਾਂ, ਗੰਧਰਵਾਂ, ਕਿੰਨਰਾਂ ਅਤੇ ਬਾਨਰਾਂ ਦੀਆਂ ਧਰਮ ਪਤਨੀਆਂ ਨਾਲ ਵੀ ਵਿਭਚਾਰ ਕੀਤਾ ਤਾਂਕਿ ਹੋਰ ਅਜਿਹੇ ਬਾਨਰਾਂ ਨੂੰ ਪੈਦਾ ਕੀਤਾ ਜਾਵੇ ਜੋ ਰਾਮ ਚੰਦਰ ਦੇ ਸਹਿਯੋਗੀ ਬਣ ਸਕਣ । ਯਕਸ਼, ਨਾਗ, ਰਾਖਸ਼, ਬਾਨਰ ਆਦਿ ਜਾਤੀਆਂ ਦੇ ਲੋਕ ਅਨਆਰੀਅਨ ਭਾਰਤ ਦੇ ਮੂਲ ਨਿਵਾਸੀ ਸਨ, ਜੋ ਬਾਲੀ ਅਤੇ ਸੁਗਰੀਵ ਤੋਂ ਪਹਿਲਾਂ ਆਰੀਆਂ ਦੇ ਗੁਲਾਮ ਹੋ ਚੁੱਕੇ ਸਨ ਤੇ ਗੁਲਾਮਾਂ ਨੂੰ ਆਪਣੇ ਹਿੱਤ ਲਈ ਵਰਤ ਰਹੇ ਸਨ । (ਦੇਵਤੇ ਭਾਵ ਆਰੀਆਨ ਭਾਵ ਬ੍ਰਾਹਮਣ, ਕਸ਼ੱਤਰੀ ਤੇ ਵੈਸ਼)

ਉੱਤਰ ਕਾਂਡ (ਚੈਪਟਰ 18) ਰਾਖਸ਼ ਰੱਬੀ ਜਾਲ ਤੋਂ ਮੁਕਤ ਸਨ ਅਤੇ ਬਾਦਸ਼ਾਹ ਰਾਵਣ ਦੇਵਤੇ ਤੇ ਬ੍ਰਾਹਮਣ ਲਈ ਇੱਕ ਡੈ ਬਣਿਆ ਹੋਇਆ ਸੀ । ਉਹ ਭਾਵ ਰਾਵਣ ਯੱਗ, ਬਲੀਆਂ, ਹਿੰਸਾ ਤੇ ਧਰਮ ਦੇ ਨਾਉਂ 'ਤੇ ਪਾਪ ਨਹੀਂ ਸੀ ਕਰਨ ਦਿੰਦਾ । ਪਸ਼ੂਆਂ ਅਤੇ ਬੰਦਿਆਂ ਦੀਆਂ ਬਲੀਆਂ ਦੇ ਵਿਰੁੱਧ ਸੀ । ਜਿੱਥੇ ਅਜਿਹਾ ਹੁੰਦਾ ਸੀ, ਉੱਥੇ ਉਹ ਅਜਿਹੇ ਕਰਮਾਂ ਵਿੱਚ ਲੱਗੇ ਆਰੀਅਨਾਂ 'ਤੇ ਹਮਲਾ ਕਰ ਦਿੰਦਾ ਅਤੇ ਪ੍ਰਾਣੀਆਂ ਦੀ ਬਲੀਆਂ ਤੋਂ ਜਾਨ ਛੁੜਵਾ ਦਿੰਦਾ ਸੀ । ਇਸ ਲਈ ਆਰੀਅਨ ਉਸ ਤੋਂ ਬਹੁਤ ਦੁਖੀ ਸਨ ।

ਚੈਪਟਰ (31,33,34) ਰਾਵਣ ਨੇ ਦੇਵਲੋਕ ਭਾਵ ਆਰੀਅਨਾਂ ਦੇ ਸਵਰਗ ਨੂੰ ਜਿੱਤ ਕੇ ਇੰਦਰ ਨੂੰ ਕੈਦ ਕਰ ਲਿਆ ਸੀ ।

(ਕਿਸ਼ਕਿੰਧਾ ਕਾਂਡ ਚੈਪਟਰ 24) : (ਗ਼ਦਾਰ ਸੁਗਰੀਵ) ਆਪਣੇ ਬਹਾਦਰ ਅਤੇ ਭਲੇ ਭਰਾ ਨੂੰ ਰਾਮ ਤੋਂ ਮਰਵਾਉਣ ਮਗਰੋਂ ਅਤੇ ਰਾਵਣ ਵਿਰੁੱਧ ਲੜਾਈ ਵਿੱਚ ਸ਼ਾਮਲ ਹੋਣ ਲਈ ਰਾਮ ਨਾਲ ਕੀਤੀ ਸੰਧੀ ਮਗਰੋਂ, ਜਦੋਂ (ਸਭ ਕੁਝ ਲੁਟਵਾਕੇ) ਸੁਗਰੀਵ ਨੂੰ ਅਕਲ ਆਈ ਤਾਂ ਉਸ ਨੇ ਕਿਹਾ, "ਮੈਂ ਆਪਣੀ ਹੀ ਕੌਮ ਦਾ ਨਾਸ਼ਕ ਹਾਂ ।"

(ਸੁੰਦਰ ਕਾਂਡ ਚੈਪਟਰ 35) ਜੇ ਹਨੂੰਮਾਨ ਨਾ ਹੁੰਦਾ ਤਾਂ ਰਾਮ ਚੰਦਰ ਭੁਲਕੇ ਵੀ ਲੰਕਾ ਵੱਲ ਮੂੰਹ ਨਾ ਕਰਦਾ ਅਤੇ ਨਾ ਹੀ ਕਿਸ਼ਕੰਧਾ ਅਤੇ ਲੰਕਾ ਨੂੰ ਜਿੱਤ ਸਕਦਾ ।

(ਯੁੱਧ ਕਾਂਡ ਚੈਪਟਰ 74-22) ਜਦੋਂ ਰਾਮ ਤੇ ਲਛਮਣ ਨੇ ਸਰੂਪਨਖਾ ਨਾਲ ਬੇਇੱਜ਼ਤੀ ਭਰਿਆ ਸਲੂਕ ਕੀਤਾ, ਉਸ ਦਾ ਨੱਕ, ਛਾਤੀਆਂ ਕੱਟ ਦਿੱਤੀਆਂ ਤਾਂ ਰਾਵਣ ਨੇ ਆਪਣੇ ਸਲਾਹਕਾਰਾਂ ਨੂੰ ਕਿਹਾ, "ਮੇਰੀ ਭੈਣ ਨੇ ਦੁੱਖ ਅਤੇ ਬੇਇੱਜ਼ਤੀ ਝੱਲੀ ਹੈ । ਮੈਂ ਆਪਣੀ ਕੌਮ ਦੀ ਸੌਂਹ ਖਾ ਕੇ ਆਖਦਾ ਹਾਂ ਕਿ ਰਾਮ ਨੂੰ ਸਜ਼ਾ ਦੇਣਾ ਮੇਰਾ ਫਰਜ਼ ਬਣਦਾ ਹੈ ।"

(ਉੱਤਰ ਕਾਂਡ ਚੈਪਟਰ 46) ਦੇਵਰਿਸ਼ੀ ਨਾਰਦ ਨੇ ਕਿਹਾ ਕਿ ਰਾਵਣ ਨੇ ਸੀਤਾ ਨੂੰ ਆਪਣੀ ਮਾਤਾ ਤੋਂ ਵੀ ਵੱਧ ਧਿਆਨ ਨਾਲ ਰੱਖਿਆ ਹੋਇਆ ਹੈ ।

ਵਾਲਮੀਕ ਰਮਾਇਣ ਦਾ ਸੱਚ

(ਇਹ ਹਵਾਲੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਛਾਪੀ (ਪੰਜਾਬੀ ਰੂਪ) ਵਾਲਮੀਕ ਰਾਮਾਇਣ ਵਿੱਚੋਂ ਲਏ ਹਨ ।)

62 (80-81) ਫੇਰ (ਰਾਮ) ਸੀਤਾ ਜੀ ਨੂੰ ਮਿਲੇ ਪਰ ਉਨ੍ਹਾਂ ਨੂੰ ਬੜੀ ਲੱਜਿਆ ਆਈ । ਉਸ ਤੋਂ ਪਿੱਛੋਂ ਭਰੀ ਸਭਾ ਵਿੱਚ ਸੀਤਾ ਜੀ ਨੂੰ ਰਾਮ ਜੀ ਨੇ ਕੁਝ ਕਠੋਰ ਬਚਨ ਕਹੇ । ਉਨ੍ਹਾਂ ਦੀ ਗੱਲ ਨੂੰ ਸੀਤਾ ਨਾ ਸਹਿ ਸਕੀ । ਆਖਰਕਾਰ ਉਹ ਅਗਨੀ ਵਿੱਚ ਪ੍ਰਵੇਸ਼ ਕਰ ਗਈ । (ਸੀਤਾ ਨੂੰ ਰਾਮ ਚੰਦਰ ਕਾਰਨ ਜੰਗਲਾਂ 'ਚ ਭਟਕਣਾ ਪਿਆ ਅਤੇ ਉਸ ਦੀ ਮੌਤ ਵੀ ਅੰਤ ਰਾਮ ਚੰਦਰ ਦੇ ਵਤੀਰੇ ਕਾਰਨ ਹੋਈ ।)

75 (1) ਜਿਸ ਵੰਸ਼ ਵਿੱਚ ਉਹ ਸਗਰ ਨਾਂ ਦੇ ਰਾਜਾ ਹੋਏ, ਜਿਨ੍ਹਾਂ ਦੇ ਪਿੱਛੇ-ਪਿੱਛੇ ਸੱਠ ਹਜ਼ਾਰ ਪੁੱਤਰ ਤੁਰਿਆ ਕਰਦੇ ਸਨ ਅਤੇ ਜਿਨ੍ਹਾਂ ਨੇ ਸਮੁੰਦਰ ਨੂੰ ਖੋਦਿਆ ਸੀ ।

ਰਾਮ ਰਾਜ

79 (18) ਉੱਥੋਂ ਦੇ ਕਸ਼ੱਤਰੀ ਬ੍ਰਾਹਮਣਾਂ ਦੇ ਆਗਿਆਕਾਰੀ ਵੈਸ਼ ਕਸ਼ੱਤਰੀਆਂ ਦੇ ਕਹਿਣ 'ਤੇ ਤੁਰਨ ਵਾਲੇ ਅਤੇ ਸ਼ੂਦਰ ਵਰਣ ਦੇ ਧਰਮ ਅਨੁਸਾਰ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਜਾਤੀ ਦੇ ਲੋਕਾਂ ਦੀ ਸੇਵਾ ਕਰਨ ਵਾਲੇ ਸਨ । (ਭਾਵ ਰਾਮ ਰਾਜ, ਬ੍ਰਾਹਮਣ ਰਾਜ ਸੀ ਜੋ ਵਰਣ ਵੰਡ ਦੇ ਅਧਾਰ 'ਤੇ ਚਲਦਾ ਸੀ, ਜਿਸ ਵਿੱਚ ਬ੍ਰਾਹਮਣ ਉੱਤਮ ਸੀ, ਕਸ਼ੱਤਰੀ ਤੇ ਵੈਸ਼ ਅਧਿਕਾਰੀ ਸਨ, ਪ੍ਰੰਤੂ ਸ਼ੂਦਰਾਂ ਨੂੰ ਤਿੰਨਾਂ ਵਰਣਾਂ ਦੀ ਮੁਫਤ ਸੇਵਾ ਕਰਨ ਤੋਂ ਬਿਨ੍ਹਾਂ

ਕੋਈ ਅਧਿਕਾਰ ਨਹੀਂ ਸੀ ।) (ਆਰੀਅਨ ਰਾਜਾ ਦਸ਼ਰਥ ਕੋਈ ਪੁੱਤਰ ਪੈਦਾ ਨਹੀਂ ਕਰ ਸਕਿਆ ।)

83 (6) ਮੈਂ ਪੁੱਤਰ ਲਈ ਬਹੁਤ ਦੁਖੀ ਹਾਂ, ਮੈਨੂੰ ਪੁੱਤਰ ਸੁੱਖ ਨਹੀਂ ਪ੍ਰਾਪਤ ਹੋਇਆ । ਇਸ ਲਈ ਪੁੱਤਰ ਪ੍ਰਾਪਤੀ ਲਈ ਅਸ਼ਵਮੇਧ ਯੱਗ ਕਰਨ ਦੀ ਮੇਰੀ ਇੱਛਾ ਹੈ । ਮੈਂ ਸ਼ਾਸਤਰ ਦੇ ਕਹੇ ਢੰਗ ਅਨੁਸਾਰ ਯੱਗ ਕਰਨਾ ਚਾਹੁੰਦਾ ਹਾਂ । ਤੁਸੀਂ ਸੋਚ ਵਿਚਾਰ ਕੇ ਦੱਸੋ ਕਿ ਸਾਡੀ ਇਸ਼ਟ ਸਿੱਧੀ ਕਿਵੇਂ ਹੋ ਸਕਦੀ ਹੈ ?

85 (9-11) ਹੇ ਰਾਜਨ ਜਿਵੇਂ ਹੋ ਸਕੇ ਤਿਵੇਂ ਵਿਭਾਂਡਕ ਮੁਨੀ ਦੇ ਪੁੱਤਰ ਰਿਸ਼ਯਸ਼੍ਰਿੰਗ ਨੂੰ ਇੱਥੇ ਲਿਆਉ । ਉਨ੍ਹਾਂ ਨੂੰ ਇਥੇ ਲਿਆਕੇ ਉਨ੍ਹਾਂ ਦਾ ਸਤਿਕਾਰ ਕਰੋ ਅਤੇ ਵਿਧੀ ਅਨੁਸਾਰ ਉਨ੍ਹਾਂ ਨਾਲ ਪੁੱਤਰੀ ਸ਼ਾਂਤਾ ਦਾ ਵਿਆਹ ਕਰੋ ।

(ਪੁੱਤਰ ਰਿਸ਼ੀ ਸ਼੍ਰਿੰਗ ਤੋਂ ਮਿਲੇ)

86 (16-17) ਰਾਜਾ ਵੇਸਵਾਵਾਂ ਰਾਹੀਂ ਰਿਸ਼ੀ ਪੁੱਤਰ ਨੂੰ ਸੱਦਣਗੇ ਅਤੇ ਉਨ੍ਹਾਂ ਦੇ ਆਉਣ 'ਤੇ ਵਰਖਾ ਹੋਵੇਗੀ ਅਤੇ ਰਾਜਾ ਦੀ ਪੁੱਤਰੀ ਸ਼ਾਂਤਾ ਨੂੰ ਰਿਸ਼ੀ ਨਾਲ ਵਿਆਹ ਦੇਣਗੇ । ਉਹ ਰਿਸ਼ਯਸ਼੍ਰਿੰਗ ਆਪ ਜੀ ਨੂੰ ਪੁੱਤਰ ਦੇਣਗੇ । ਇਹ ਕਥਾ ਮੈਨੂੰ ਸਨਤ ਕੁਮਾਰ ਜੀ ਨੇ ਪਹਿਲਾਂ ਹੀ ਕਹੀ ਅਤੇ ਉਹ ਹੀ ਅੱਜ ਮੈਂ ਆਪ ਜੀ ਨੂੰ ਕਹੀ ਹੈ ।

(ਹੇਠਲੇ ਪੈਰ੍ਹੇ ਨੂੰ ਪੜ੍ਹ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਰੀਅਨ ਰਿਸ਼ੀ ਨੂੰ ਲਿਆਉਣ ਲਈ ਕਾਮਣੀਆਂ ਵੇਸ਼ਵਾਵਾਂ ਦੀ ਲੋੜ ਹੈ—ਕੋਈ ਹੋਰ ਢੰਗ ਤਰੀਕਾ ਨਹੀਂ ।)

87 (3-4) ਇਸ ਲਈ ਮਨੁੱਖ ਨੂੰ ਮੋਹ ਲੈਣ ਵਾਲੀਆਂ ਇੰਦ੍ਰੀਆਂ ਦੇ ਵਿਸ਼ਿਆਂ ਰਾਹੀਂ ਅਸੀਂ ਉਨ੍ਹਾਂ ਨੂੰ ਛੇਤੀ ਨਗਰ ਵਿੱਚ ਲੈ ਆਵਾਂਗੇ । ਬੱਸ ਹੁਣ ਇਸ ਦਾ ਛੇਤੀ ਨਿਸ਼ਚਾ ਕਰਨਾ ਚਾਹੀਦਾ ਹੈ । ਰੂਪਵਤੀ ਅਤੇ ਗਹਿਣਿਆਂ ਨਾਲ ਸਜੀਆਂ ਬਣੀਆਂ ਠਣੀਆਂ ਵੇਸਵਾਵਾਂ ਭੇਜੀਆਂ ਜਾਣ । ਉਹ ਮੁਨੀ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਸਤਿਕਾਰ ਪੂਰਵਕ ਲੈ ਆਉਣਗੀਆਂ ।

ਰਿਸ਼ੀ ਬ੍ਰਾਹਮਣ ਹੀ ਹੋ ਸਕਦਾ ਹੈ ਜੋ ਘਰ-ਬਾਰ ਛੱਡ ਕੇ ਜੰਗਲ 'ਚ ਚਲਾ ਜਾਵੇ

87 (11-13) ਹੇ ਬ੍ਰਾਹਮਣ ਤੁਸੀਂ ਕਿਸ ਜਾਤੀ ਦੇ ਹੋ ? ਕਿਸ ਦੇ ਲੜਕੇ ਹੋ ? ਤੁਹਾਡਾ ਕੀ ਨਾਂ ਹੈ ਅਤੇ ਤੁਸੀਂ ਇਥੇ ਕੀ ਕਰਦੇ ਹੋ ? ਅਸੀਂ ਇਹ ਜਾਣਨਾ ਚਾਹੁੰਦੀਆਂ ਹਾਂ ਕਿ ਤੁਸੀਂ ਕਿਸ ਲਈ ਇਸ ਸੁੰਨੇ ਜੰਗਲ ਵਿੱਚ ਇਕੱਲੇ ਘੁੰਮਦੇ-ਫਿਰਦੇ ਹੋ ? ਰਿਸ਼ਯਸ਼੍ਰਿੰਗ ਨੇ ਤਾਂ ਅੱਜ ਤੋਂ ਪਹਿਲਾਂ ਕਦੀ ਸੁੰਦਰ ਰੂਪ ਜੋਬਨ ਵਾਲੀਆਂ ਇਸਤਰੀਆਂ ਜੰਗਲ ਵਿੱਚ ਵੇਖੀਆ ਨਹੀਂ ਸਨ । ਉਨ੍ਹਾਂ ਦਾ ਮਨ ਮੋਹਿਤ ਹੋ ਗਿਆ ਤੇ ਉਨ੍ਹਾਂ ਦੇ ਪ੍ਰੇਮ ਜਾਲ ਵਿੱਚ ਫਸ ਕੇ ਆਪਣੇ ਪਿਤਾ ਦਾ ਨਾਂ ਦੱਸਣ ਲਈ ਤਿਆਰ ਹੋ ਗਏ । ਉਨ੍ਹਾਂ ਕਿਹਾ ਮੇਰੇ ਪਿਤਾ ਨੂੰ ਵਿਭਾਂਡਕ ਕਹਿੰਦੇ ਹਨ ਅਤੇ ਮੈਂ ਉਨ੍ਹਾਂ ਦਾ ਸਕਾ ਪੁੱਤਰ ਹਾਂ । ਮੇਰਾ ਨਾਂ ਰਿਸ਼ਯਸ਼੍ਰਿੰਗ ਹੈ । ਮੇਰਾ ਨਾਂ ਅਤੇ ਮੈਂ ਜੋ ਕਾਰਜ ਇਥੇ ਕਰਦਾ ਹਾਂ ਉਹ ਸਭ ਨੂੰ ਮਾਲੂਮ ਹੈ । ਹੇ ਸੁੰਦਰੀ ! ਇਥੋਂ ਨੇੜੇ ਹੀ ਮੇਰਾ ਆਸ਼ਰਮ ਹੈ । ਉਥੇ ਮੈਂ ਉਸੇ ਵਿਧੀ ਅਨੁਸਾਰ ਆਪਦਾ ਸਤਿਕਾਰ ਕਰਾਂਗਾ । (ਵੱਡੇ-ਵੱਡੇ ਰਿਸ਼ੀਆਂ ਦਾ ਔਰਤਾਂ 'ਤੇ ਮੋਹਤ ਹੋ ਜਾਣਾ ਤੇ ਉਨ੍ਹਾਂ ਨਾਲ ਸੰਬੰਧ ਪੈਦਾ ਕਰ ਲੈਣੇ, ਸਾਰੇ ਗ੍ਰੰਥਾਂ ਵਿੱਚ ਇਹ ਕਥਾਵਾਂ ਦਰਜ ਹਨ ।)

88 (23-26) ਅਗਲੇ ਦਿਹਾੜੇ ਉਹ ਆਪ ਮੁੜ ਉੱਥੇ ਪੁੱਜੇ ਜਿੱਥੇ ਪਹਿਲੇ ਦਿਨ ਉਨ੍ਹਾਂ ਦੀ ਭੇਂਟ ਉਨ੍ਹਾਂ ਦਾ ਮਨ ਮੋਹਨ ਵਾਲੀਆਂ ਬਣੀਆਂ ਠਣੀਆਂ ਵੇਸ਼ਵਾਵਾਂ ਨਾਲ ਹੋਈ ਸੀ । ਰਿਸ਼ੀ ਕੁਮਾਰ ਨੂੰ ਉੱਥੇ ਆਉਂਦਾ ਵੇਖ ਕੇ ਵੇਸ਼ਵਾਵਾਂ ਬਹੁਤ ਖੁਸ਼ ਹੋਈਆਂ ਅਤੇ ਉਨ੍ਹਾਂ ਪਾਸ ਜਾ ਕੇ ਇਹ ਕਹਿਣ ਲਗੀਆਂ, ਮਹਾਰਾਜ ! ਆਉ ਸਾਡਾ ਆਸ਼ਰਮ ਵੀ ਵੇਖੋ । ਇਥੇ ਨਾਲੋਂ ਉਥੇ ਆਪ ਦਾ ਵੱਧ ਸਤਿਕਾਰ ਹੋਵੇਗਾ । ਇਹ ਸੁਣ ਕੇ ਰਿਸ਼ੀ ਕੁਮਾਰ ਦੇ ਮਨ ਵਿੱਚ ਉਨ੍ਹਾਂ ਦੇ ਨਾਲ ਜਾਣ ਦੀ ਇੱਛਾ ਹੋਈ ਅਤੇ ਉਨ੍ਹਾਂ ਨੂੰ ਵੇਸ਼ਵਾਵਾਂ ਆਪਣੇ ਨਾਲ ਲੈ ਆਈਆਂ ।

89 (2) ਅੰਗੇਜ ਦੇ ਪੁੱਤਰ ਰੋਮਪਾਦ ਕੋਲ ਬਹੁਤ ਯਸ਼ ਵਾਲੇ ਮਹਾਰਾਜ ਦਸ਼ਰਥ ਜਾਣਗੇ ਅਤੇ ਕਹਿਣਗੇ ਕਿ ਮੇਰੇ ਸੰਤਾਨ ਹੋਣ ਲਈ ਯੱਗ ਕਰਾਉਣ ਵਾਸਤੇ ਤੁਸੀਂ ਸ਼ਾਂਤਾ ਅਤੇ ਰਿਸ਼ਯਸ਼੍ਰਿੰਗ ਨੂੰ ਮੇਰੇ ਪਾਸ ਭੇਜਣ ਦੀ ਖੇਚਲ ਕਰੋ । (ਪੁੱਤਰ ਪੈਦਾ ਹੋਣ ਬਾਰੇ ਪਹਿਲਾਂ ਹੀ ਨਿਸ਼ਚਿਤ ਕਰ ਦਿੱਤਾ ਗਿਆ ਹੈ । ਇਸ ਪ੍ਰਾਪਤੀ ਲਈ ਰਿਸ਼ਯਸ਼੍ਰਿੰਗ ਨੂੰ ਤਿਆਰ ਕੀਤਾ ਗਿਆ ਤੇ ਇਹ ਕੰਮ ਵੇਸ਼ਵਾਵਾਂ ਨੇ ਕੀਤਾ ।)

90 (6-8) ਮਨ ਵਿੱਚ ਬਹੁਤ ਖੁਸ਼ ਹੋ ਕੇ ਮਹਾਰਾਜ ਦਸ਼ਰਥ ਉਸ ਸ੍ਰੇਸ਼ਠ ਰਿਸ਼ੀ ਨੂੰ ਨਾਲ ਲੈ ਜਾਣਗੇ ਅਤੇ ਯੱਗ ਕਰਵਾਉਣ ਦੀ ਇੱਛਾ ਰੱਖਣ ਵਾਲੇ ਦਸ਼ਰਥ ਹੱਥ ਜੋੜ ਕੇ ਧਰਮਾਤਮਾ ਰਿਸ਼ਯਸ਼੍ਰਿੰਗ ਨੂੰ ਯੱਗ ਕਰਵਾਉਣ

ਜੀ ਵਰਣ ਕਰਨਗੇ । ਅਰਥਾਤ ਪੁੱਤਰ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਯੱਗ ਵਿੱਚ ਪੁਰੋਹਿਤ ਬਣਾਉਣਗੇ । ਇਸ ਯੱਗ ਦੇ ਪ੍ਰਭਾਵ ਨਾਲ ਮਹਾਰਾਜ ਦਸ਼ਰਥ ਦੇ ਬਹੁਤ ਪਰਾਕ੍ਰਮੀ ਚਾਰ ਪੁੱਤਰ ਹੋਣਗੇ ।

91 (26-29) ਨਗਰ ਵਿੱਚ ਇੰਦਰ ਵਾਂਗ ਪਰਾਕ੍ਰਮੀ ਮਹਾਰਾਜ ਦਸ਼ਰਥ ਰਾਹੀਂ ਰਿਸ਼ਯਸ਼੍ਰਿੰਗ ਦਾ ਧੂਮ-ਧਾਮ ਨਾਲ ਸਵਾਗਤ ਹੋਇਆ ਵੇਖ ਕੇ ਸਾਰੇ ਨਗਰ ਨਿਵਾਸੀ ਬਹੁਤ ਖੁਸ਼ ਹੋਏ । ਦਰਬਾਰ ਵਿੱਚ ਉਨ੍ਹਾਂ ਦੇ ਜਾਣ 'ਤੇ ਉਥੇ ਵੀ ਸ਼ਾਸਤਰ ਵਿਧੀ ਅਨੁਸਾਰ ਉਨ੍ਹਾਂ ਦਾ ਪੂਜਨ ਕੀਤਾ ਗਿਆ ਅਤੇ ਮਹਾਰਾਜ ਨੇ ਮੁਨੀ-ਸ਼੍ਰੇਸ਼ਠ ਦੇ ਆਉਣ 'ਤੇ ਆਪਣੇ-ਆਪ ਨੂੰ ਵਡਭਾਗੀ ਮੰਨਿਆ । ਹਰਮ ਵਿੱਚ ਰਹਿਣ ਵਾਲੀਆਂ ਸਾਰੀਆਂ ਰਾਣੀਆਂ ਨੇ ਬਹੁਤ ਅਨੰਦ ਦੇ ਨਾਲ ਉਨ੍ਹਾਂ ਦੀ ਪਤਨੀ ਵੱਡੀਆਂ-ਵੱਡੀਆਂ ਅੱਖਾਂ ਵਾਲੀ ਸ਼ਾਂਤਾ ਨੂੰ ਆਇਆਂ ਵੇਖ ਕੇ ਉਤਸਵ ਮਨਾਇਆ । ਰਾਣੀਆਂ ਨਾਲ ਖਾਸ ਕਰਕੇ ਮਹਾਰਾਜ ਦਸ਼ਰਥ ਰਾਹੀਂ ਪੂਜੀ ਗਈ ਸ਼ਾਂਤਾ ਆਪਣੇ ਪਤੀ ਰਿਸ਼ਯਸ਼੍ਰਿੰਗ ਨਾਲ ਰਣਵਾਸ ਵਿੱਚ ਕੁਝ ਦਿਨਾਂ ਤੱਕ ਸੁਖ ਨਾਲ ਰਹੀ ।

92 (7-11) ਪੁੱਤਰ ਲਈ ਬਹੁਤ ਤਰਸਣ 'ਤੇ ਵੀ ਮੈਨੂੰ ਸੰਤਾਨ ਦਾ ਸੁੱਖ ਨਹੀਂ ਮਿਲਿਆ ਹੈ, ਇਸ ਲਈ ਮੈਂ ਚਾਹੁੰਦਾ ਹਾਂ ਕਿ ਅਸ਼ਵਮੇਧ ਯੱਗ ਕਰਾਂ । ਇਹ ਯੱਗ ਮੈਂ ਸ਼ਾਸਤਰ ਦੀ ਵਿਧੀ ਅਨੁਸਾਰ ਕਰਨਾ ਚਾਹੁੰਦਾ ਹਾਂ । ਮੈਨੂੰ ਯਕੀਨ ਹੈ ਕਿ ਰਿਸ਼ਯਸ਼੍ਰਿੰਗ ਜੀ ਦੀ ਕ੍ਰਿਪਾ ਨਾਲ ਮੇਰਾ ਮਨੋਰਥ ਪੂਰਨ ਹੋਵੇਗਾ । ਵਸ਼ਿਸ਼ਠ ਆਦਿ ਪ੍ਰਮੁੱਖ ਬ੍ਰਾਹਮਣਾਂ ਨੇ ਮਹਾਰਾਜ ਦੇ ਮੂੰਹੋਂ ਇਹ ਗੱਲ ਸੁਣ ਕੇ ਬੜੀ ਸਿਫਤ ਕੀਤੀ । ਰਿਸ਼ਯਸ਼੍ਰਿੰਗ ਆਦਿ ਬ੍ਰਾਹਮਣ ਦਸ਼ਰਥ ਨੂੰ ਕਹਿਣ ਲੱਗੇ : ਤੁਸੀਂ ਹੁਣ ਯੱਗ ਕਰਨ ਲਈ ਸਾਰਾ ਸਾਮਾਨ ਇਕੱਠਾ ਕਰਵਾਓ ਅਤੇ ਯੱਗ ਦਾ ਘੋੜਾ ਛੁੜਵਾਓ । ਜਦ ਆਪ ਦੀ ਬੁੱਧੀ ਪੁੱਤਰ ਪ੍ਰਾਪਤੀ ਲਈ ਇਸ ਤਰ੍ਹਾਂ ਧਰਮਮਈ ਹੋ ਰਹੀ ਹੈ ਤਦ ਨਿਸ਼ਚੇ ਹੀ ਤੁਹਾਡੇ ਬਹੁਤ ਪਰਾਕ੍ਰਮੀ ਚਾਰ ਪੁੱਤਰ ਹੋਣਗੇ ।

96 (36-40) ਤਦ ਵਸ਼ਿਸ਼ਠ ਅਤੇ ਰਿਸ਼ਯਸ਼੍ਰਿੰਗ ਦੋਹਾਂ ਦੇ ਕਹਿਣ 'ਤੇ ਸ਼ੁੱਭ ਦਿਨ ਅਤੇ ਨਕਸ਼ੱਤਰ ਵਿੱਚ ਮਹਾਰਾਜ ਦਸ਼ਰਥ ਯੱਗ ਸ਼ਾਲਾ ਵਿੱਚ ਗਏ । ਤਦ ਵਸ਼ਿਸ਼ਠ ਆਦਿ ਪ੍ਰਮੁੱਖ ਬ੍ਰਾਹਮਣਾਂ ਨੇ ਰਿਸ਼ਯਸ਼੍ਰਿੰਗ ਨੂੰ ਅੱਗੇ ਕਰਕੇ ਯੱਗ ਸ਼ਾਲਾ ਵਿੱਚ ਵਿਧੀ ਅਨੁਸਾਰ ਯੱਗ ਕਾਰਜ ਸ਼ੁਰੂ ਕੀਤਾ ਅਤੇ ਮਹਾਰਾਜ ਨੇ ਰਾਣੀਆਂ ਸਹਿਤ ਯੱਗ ਦੀ ਦੀਖਿਆ ਲਈ ।

98 (29-35) ਉਨ੍ਹਾਂ ਖੰਭਿਆਂ ਵਿੱਚ ਤਿੰਨ ਸੌ ਪਸ਼ੂ ਅਤੇ ਹਰ ਇੱਕ ਦਿਸ਼ਾ ਵਿੱਚ ਘੁੰਮ ਕੇ ਆਇਆ ਹੋਇਆ ਮਹਾਰਾਜ ਦਾ ਬਹੁਤ ਉੱਤਮ ਘੋੜਾ ਬੰਨ੍ਹਿਆ ਗਿਆ । ਕੌਸ਼ਲਿਆ ਜੀ ਨੇ ਉਸ ਘੋੜੇ ਦੀ ਚੰਗੀ ਤਰ੍ਹਾਂ ਪੂਜਾ ਕੀਤੀ ਅਤੇ ਖੁਸ਼ ਹੋ ਕੇ ਤਿੰਨ ਤਲਵਾਰਾਂ ਨਾਲ ਉਸ ਘੋੜੇ ਦੇ ਟੁਕੜੇ ਕੀਤੇ । ਮੁੜ ਪਰਮਸਿੱਧੀ ਦੀ ਕਾਮਨਾ ਨਾਲ ਕੌਸ਼ਲਿਆ ਜੀ ਉਸ ਮਰੇ ਹੋਏ ਘੋੜੇ ਦੀ ਹੱਤਿਆ ਕਰਨ ਲਈ ਇੱਕ ਰਾਤ ਮੁਰਦੇ ਦੀ ਛੂਹਣ 'ਤੇ ਘ੍ਰਿਣਾ ਤੋਂ ਰਹਿਤ ਮਨ ਨਾਲ ਉਸ ਪਾਸ ਰਹੀ । ਮੁੜ ਹੋਤਾ (ਪੁਜਾਰੀ) ਅਧਵਰਯੂ ਅਤੇ ਉਦਗਾਤਾ (ਮੰਤਰ ਪੜ੍ਹਨ ਵਾਲੇ) ਨੇ ਕੌਸ਼ਲਿਆ ਜੀ ਨੂੰ ਪਰਿਵਤੀ ਨੂੰ ਅਤੇ ਵਾਵਾਤਾਂ ਨੂੰ ਘੋੜੇ ਨਾਲ ਨਿਯੋਜਿਤ ਕੀਤਾ । ਇਕਾਗਰਚਿਤ ਹੋ ਕੇ ਰਿਤਵਿਜਾਂ ਨੇ ਉਸ ਘੋੜੇ ਦੀ ਚਰਬੀ ਲਈ ਅਤੇ ਉਸ ਨੂੰ ਢੰਗ ਅਨੁਸਾਰ ਅੱਗ 'ਤੇ ਚੜ੍ਹਾ ਕੇ ਪਕਾਇਆ। ਮਹਾਰਾਜ ਦਸ਼ਰਥ ਹੋਮ ਦੇ ਸਮੇਂ ਵਿੱਚ ਚਰਬੀ ਦੇ ਪਕਾਉਣ 'ਤੇ ਨਿਕਲੀ ਹੋਈ ਗੰਧ ਨੂੰ ਸ਼ਾਸਤਰ ਦੀ ਵਿਧੀ ਅਨੁਸਾਰ ਸੁੰਘ-ਸੁੰਘ ਕੇ ਆਪਣੇ ਪਾਪਾਂ ਨੂੰ ਖਤਮ ਕਰਨ ਲੱਗੇ । ਸੋਲਾਂ ਰਿਤਵਿਜ ਉਸ ਘੋੜੇ ਦੇ ਅੰਗ ਕੱਟ-ਕੱਟ ਕੇ ਵਿਧੀ ਪੂਰਵਕ ਅੱਗ ਵਿੱਚ ਹਵਨ ਕਰਨ ਲੱਗੇ । (ਨਿਯੋਗ ਦਾ ਅਰਥ ਬਾਕੀ ਭਾਗਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ।)

100 (54-55-56) ਮਹਾਰਾਜਾ ਦਸ਼ਰਥ ਇਸ ਉੱਤਮ ਯੱਗ ਨੂੰ ਸਮਾਪਤ ਕਰਕੇ ਰਿਸ਼ਯਸ਼੍ਰਿੰਗ ਜੀ ਨੂੰ ਕਹਿਣ ਲੱਗੇ, 'ਹੇ ਸੁਵਰਤ ! ਹੁਣ ਤੁਸੀਂ ਮੇਰੇ ਕੁਲ ਦੇ ਵਾਧੇ ਲਈ ਉਪਾਅ ਕਰੋ । ਇਹ ਸੁਣ ਕੇ ਅਤੇ 'ਇਹ ਹੀ ਹੋਵੇਗਾ' ਕਹਿ ਕੇ ਬ੍ਰਾਹਮਣ ਸ਼੍ਰੇਸ਼ਠ ਰਿਸ਼ਯਸ਼੍ਰਿੰਗ ਕਹਿਣ ਲੱਗੇ, "ਹੇ ਰਾਜਨ ! ਤੁਹਾਡੇ ਵੰਸ਼ ਨੂੰ ਵਧਾਉਣ ਵਾਲੇ ਚਾਰ ਪੁੱਤਰ ਹੋਣਗੇ ।' ਹੇ ਰਾਜਨ ! ਮੈਂ ਤੁਹਾਡੇ ਲਈ ਅਥਰਵਵੇਦ ਵਿੱਚ ਕਹੀ ਹੋਈ ਪੁਤਰੇਸ਼ਟੀ ਯੱਗ ਦੀ ਵਿਧੀ ਅਨੁਸਾਰ, ਸਿੱਧੀ ਦੇਣ ਵਾਲਾ ਪੁਤਰੇਸ਼ਟੀ ਯੱਗ ਕਰਾਂਗਾ, ਜਿਸ ਨਾਲ ਤੁਹਾਡੀ ਮਨੋਕਾਮਨਾ ਪੂਰੀ ਹੋਵੇਗੀ । ਇਹ ਕਹਿ ਕੇ ਪੁੱਤਰ ਪ੍ਰਾਪਤੀ ਲਈ ਉਨ੍ਹਾਂ ਪੁਤਰੇਸ਼ਟ ਯੱਗ ਸ਼ੁਰੂ ਕੀਤਾ ।

ਪੁੱਤਰ ਦੇਣ ਵਾਲੀ ਖੀਰ ਤਿਆਰ ਹੋਈ

104 (0) ਉਧਰ ਮਹਾਰਾਜ ਦਸ਼ਰਥ ਦੇ ਅਗਨੀ ਕੁੰਡ ਵਿੱਚੋਂ ਅਗਨੀ ਤੋਂ ਮਹਾਂਬਲੀ ਅਤੁਲ ਪ੍ਰਭਾ ਵਾਲੇ,

ਕਾਲੇ ਰੰਗ ਦਾ, ਲਾਲ ਬਸਤਰ ਧਾਰਨ ਕੀਤੇ ਹੋਏ, ਲਾਲ ਰੰਗ ਦੇ ਮੂੰਹ ਵਾਲਾ, ਨਗਾੜੇ ਜਿਹਾ ਸ਼ਬਦ ਕਰਦਾ ਹੋਇਆ, ਸ਼ੇਰ ਦੇ ਨੌਹਾਂ ਵਾਂਗ ਰੋਮ, ਅਤੇ ਮੁੱਛਾਂ ਵਾਲਾ, ਸ਼ੁੱਭ ਲੱਛਣਾਂ ਵਾਲਾ, ਬਲਦੀ ਹੋਈ ਅੱਗ ਦੀ ਲਾਟ ਵਾਂਗ ਰੂਪ ਵਾਲਾ, ਪਤੀ ਦੀ ਤਰ੍ਹਾਂ ਪਿਆਰਾ....ਹੈਰਾਨ ਕਰਨ ਵਾਲਾ ਇੱਕ ਪੁਰਸ਼ ਨਿਕਲਿਆ ਤੇ ਕਹਿਣ ਲੱਗਾ :–

104 (17-19) ਦੇਵਤਿਆਂ ਦੀ ਪੂਜਾ ਕਰਨ ਨਾਲ ਅੱਜ ਤੁਹਾਨੂੰ ਇਹ ਪਦਾਰਥ ਮਿਲਿਆ ਹੈ। ਹੇ ਰਾਜਨ ਇਹ ਦੇਵਤਿਆਂ ਦੀ ਬਣਾਈ ਹੋਈ ਖੀਰ ਹੈ, ਜਿਹੜੀ ਸੰਤਾਨ ਦੇਣ ਵਾਲੀ ਅਤੇ ਧਨ ਤੇ ਪ੍ਰਤਿਸ਼ਠਾ ਨੂੰ ਵਧਾਉਣ ਵਾਲੀ ਹੈ। ਇਸ ਨੂੰ ਆਪਣੀਆਂ ਰਾਣੀਆਂ ਨੂੰ ਖਵਾਓ। ਇਸ ਦੇ ਪ੍ਰਭਾਵ ਨਾਲ ਆਪ ਦੀਆਂ ਰਾਣੀਆਂ ਦੇ ਪੁੱਤਰ ਪੈਦਾ ਹੋਣਗੇ ਅਤੇ ਜਿਸ ਲਈ ਤੁਸਾਂ ਇਹ ਯੱਗ ਕੀਤਾ ਹੈ।

105 (30-31) ਉਸ ਤੋਂ ਬਾਅਦ ਉਨ੍ਹਾਂ ਉੱਤਮ ਰਾਣੀਆਂ ਨੇ, ਮਹਾਰਾਜ ਦੀ ਵੱਖਰੀ-ਵੱਖਰੀ ਦਿੱਤੀ ਹੋਈ ਖੀਰ ਖਾ ਕੇ ਅਗਨੀ ਅਤੇ ਸੂਰਜ ਦੇ ਸਮਾਨ ਤੇਜ਼ ਵਾਲੇ ਗਰਭ ਧਾਰਣ ਕੀਤੇ। ਮਹਾਰਾਜ ਦਸ਼ਰਥ ਵੀ ਆਪਣੀਆਂ ਰਾਣੀਆਂ ਨੇ ਗਰਭਵਤੀ ਅਤੇ ਆਪਣੇ ਮਨੋਰਥ ਨੂੰ ਪੂਰਾ ਹੁੰਦਿਆਂ ਵੇਖ ਕੇ ਇਂਜ ਖੁਸ਼ ਹੋਏ ਜਿਵੇਂ ਭਗਵਾਨ ਵਿਸ਼ਨੂੰ ਦੇਵਤਿਆਂ ਅਤੇ ਸਿੱਧਾਂ ਤੋਂ ਪੂਜੇ ਜਾਣ ਤੋਂ ਬਾਅਦ ਸਵਰਗ ਵਿੱਚ ਖੁਸ਼ ਹੁੰਦੇ ਹਨ।

ਦੇਵਤਿਆਂ ਦੀ ਖੀਰ ਖਾ ਕੇ ਗਰਭ ਧਾਰਨ ਹੋ ਗਿਆ ਤੇ ਖੁਸ਼ੀਆਂ ਵਿਖਰ ਗਈਆਂ

(ਹੇਠਲੇ ਪੈਰ੍ਹੇ ਨੂੰ ਪੜ੍ਹ ਕੇ ਸਾਫ ਹੋ ਜਾਂਦਾ ਹੈ ਕਿ ਆਰੀਅਨ ਰਾਜਾ ਦਸ਼ਰਥ, ਰਾਖਸ਼ਾਂ ਭਾਵ ਮੂਲ ਨਿਵਾਸੀ ਦਰਾਵੜਾਂ ਨਾਲ ਲੜਨ ਦੇ ਸਮੱਰਥ ਨਹੀਂ ਸੀ। ਉਸ ਦੇ ਯੋਧੇ ਵੀ ਉਨ੍ਹਾਂ ਨਾਲ ਨਹੀਂ ਲੜ ਸਕਦੇ ਤੇ ਰਾਮ ਅਜੇ ਬੱਚਾ ਹੈ, ਰਾਖਸ਼ ਬਹੁਤ ਸ਼ਕਤੀਸ਼ਾਲੀ ਹਨ। ਯੱਗ ਆਰੀਆਂ ਦੀ ਰਸਮ ਹੈ, ਜਿਸ ਨੂੰ ਭਾਰਤੀ ਮੂਲ ਨਿਵਾਸੀ ਪਸੰਦ ਨਹੀਂ ਕਰਦੇ, ਇਸੇ ਕਰਕੇ ਉਹ ਯੱਗ ਸਮੇਂ ਵਿਘਨ ਪਾਉਂਦੇ ਸਨ। ਉਨ੍ਹਾਂ ਦੀ ਧਰਤੀ ਆਰੀਆਂ ਦੇ ਅਧੀਨ ਹੋ ਰਹੀ ਸੀ, ਜਿਸ ਕਾਰਨ ਉਹ ਬਹੁਤ ਦੁਖੀ ਸਨ।)

114 (1-6) ਮੇਰੇ ਕਮਲ ਨੈਨ ਸ੍ਰੀ ਰਾਮ ਜੀ ਅਜੇ ਕੁਲ 15 ਵਰ੍ਹਿਆਂ ਦੇ ਹੀ ਹਨ। ਮੈਂ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਰਾਖਸ਼ਾਂ ਨਾਲ ਲੜਨ ਦੇ ਯੋਗ ਨਹੀਂ ਸਮਝਦਾ। ਮੇਰੇ ਕੋਲ ਜਿਹੜੀ ਵੱਡੀ ਫੌਜ ਹੈ, ਉਸ ਨੂੰ ਨਾਲ ਲੈ ਕੇ ਮੈਂ ਉਨ੍ਹਾਂ ਰਾਖਸ਼ਾਂ ਨਾਲ ਲੜਾਂਗਾ। ਇਹ ਮੇਰੇ ਸੂਰਬੀਰ, ਪ੍ਰਾਕਰਮੀ ਅਤੇ ਯੁੱਧ ਵਿੱਦਿਆ ਵਿੱਚ ਨਿਪੁੰਨ ਯੋਧੇ ਰਾਖਸ਼ਾਂ ਨਾਲ ਯੁੱਧ ਕਰਨ ਦੇ ਯੋਗ ਨਹੀਂ ਹਨ। ਤੁਸੀਂ ਰਾਮ ਨੂੰ ਨਾ ਲੈ ਜਾਵੋ। ਮੈਂ ਆਪ ਧਨੁੱਸ਼ ਬਾਣ ਲੈ ਕੇ ਰਣ-ਖੇਤਰ ਵਿੱਚ ਆਪ ਦੇ ਯੱਗ ਦੀ ਰੱਖਿਆ ਕਰਦਾ ਹੋਇਆ ਤਦ ਤੱਕ ਲੜਾਂਗਾ ਜਦ ਤੱਕ ਸਰੀਰ ਵਿੱਚ ਪ੍ਰਾਣ ਰਹਿਣਗੇ। ਤੁਹਾਡਾ ਯੱਗ ਨਿਰਵਿਘਨ ਸਮਾਪਤ ਹੋਵੇਗਾ। ਮੈਂ ਆਪ ਉੱਥੇ ਜਾਵਾਂਗਾ। ਤੁਸੀਂ ਰਾਮ ਨੂੰ ਨਾ ਲੈ ਕੇ ਜਾਵੋ, ਕਿਉਂ ਜੋ ਸ੍ਰੀ ਰਾਮ ਜੀ ਅਜੇ ਨਿਰੇ ਬੱਚੇ ਹੀ ਹਨ। ਉਹ ਨਾ ਤਾਂ ਅਨੁਭਵੀ ਹੀ ਹਨ ਨਾ ਹੀ ਦੁਸ਼ਮਣ ਦੀ ਤਾਕਤ ਤੇ ਕਮਜ਼ੋਰੀ ਨੂੰ ਸਮਝਦੇ ਹਨ ਅਤੇ ਨਾ ਹੀ ਯੁੱਧ ਦੀ ਵਿੱਦਿਆ ਵਿੱਚ ਹੀ ਨਿਪੁੰਨ ਹਨ।

115 (13-18) ਹੇ ਰਾਜਨ, ਮਹਾਂਰਿਸ਼ੀ ਪੁਲਸਤਸ ਦੇ ਵੰਸ਼ ਵਿੱਚ ਪੈਦਾ ਹੋਇਆ ਰਾਵਣ ਨਾਂ ਦਾ ਰਾਖਸ਼, ਜਿਸ ਨੂੰ ਬ੍ਰਹਮਾਂ ਜੀ ਨੇ ਵਰਦਾਨ ਦੇ ਰੱਖਿਆ ਹੈ, ਤਿੰਨਾਂ ਲੋਕਾਂ ਨੂੰ ਬਹੁਤ ਸਤਾਉਂਦਾ ਹੈ। ਉਹ ਆਪ ਬਹੁਤ ਬਲਵਾਨ ਅਤੇ ਬਹੁਤ ਪ੍ਰਾਕਰਮੀ ਹੈ ਅਤੇ ਅਨੇਕਾਂ ਰਾਖਸ਼ ਉਸ ਦੇ ਅਨੁਯਾਈ ਹਨ। ਅਸੀਂ ਸੁਣਦੇ ਹਾਂ ਕਿ ਉਹ ਮਹਾਂਵੀਰ ਰਾਖਸ਼ ਰਾਵਣ ਰਾਖਸ਼ਾਂ ਦਾ ਰਾਜਾ ਹੈ। ਉਹ ਸਾਖਿਆਤ ਕੁਬੇਰ ਦਾ ਭਰਾ ਅਤੇ ਵਿਸ਼੍ਰਵਾ ਮੁਨੀ ਦਾ ਪੁੱਤਰ ਹੈ। ਉਹ ਮਹਾਂਬਲੀ ਨਿੱਕੇ ਯੱਗਾਂ ਵਿੱਚ ਆਪ ਤਾਂ ਵਿਘਨ ਨਹੀਂ ਪਾਉਂਦਾ, ਪ੍ਰੰਤੂ ਉਸ ਦੀ ਪ੍ਰੇਰਨਾ ਤੋਂ ਬਹੁਤ ਬਲਵਾਨ ਦੋ, ਰਾਖਸ਼ ਜਿਨ੍ਹਾਂ ਦਾ ਨਾਂ ਮਾਰੀਚ ਅਤੇ ਸੁਬਾਹੂ ਹੈ, ਅਜਿਹੇ ਯੱਗਾਂ ਵਿੱਚ ਵਿਘਨ ਪਾਉਂਦੇ ਹਨ। ਮੈਂ ਤਾਂ ਉਸ ਦੁਸ਼ਟ ਦਾ ਸਾਹਮਣਾ ਨਹੀਂ ਕਰ ਸਕਦਾ।

(ਰਾਵਣ ਪ੍ਰਾਕਰਮੀ ਹੈ। ਬਲਵਾਨ ਹੈ। ਰਾਖਸ਼ਾਂ ਦਾ ਰਾਜਾ ਹੈ। ਭਾਵ ਮੂਲ ਨਿਵਾਸੀ ਰਾਜਾ ਹੈ। ਉਸ ਦਾ ਸਾਹਮਣਾ ਕਰਨ ਤੋਂ ਆਰੀਆ ਡਰਦੇ ਸਨ। ਉਹ ਇਤਨਾ ਬਲਵਾਨ ਸੀ ਕਿ ਦੇਵਤਾ, ਦਾਨਵ ਤੇ ਗੰਧਰਵ ਆਦਿ, ਜੋ ਪਹਿਲਾਂ ਰਾਵਣ ਨਾਲ ਯੁੱਧ ਕਰ ਚੁੱਕੇ ਹਨ, ਉਸ ਨੂੰ ਜਿੱਤ ਨਹੀਂ ਸਕੇ। ਉਸ ਤੋਂ ਦਸ਼ਰਥ ਪੂਰੀ ਤਰ੍ਹਾਂ ਭੈ-ਭੀਤ ਹੈ। ਪ੍ਰੰਤੂ ਆਰੀਅਨ ਰਿਸ਼ੀ ਹਰ ਹਾਲ ਰਾਵਣ ਨੂੰ ਜਿੱਤਣ ਦੀ ਵਿਉਂਤ ਬਣਾ ਰਿਹਾ ਸੀ।) ਰਾਵਣ ਦੀ ਸ਼ਕਤੀ ਬਾਰੇ ਅਗਲਾ ਪ੍ਰਸੰਗ ਪੜ੍ਹੋ :-

116 (20-27) ਜਦ ਦੇਵਤਾ, ਦਾਨਵ, ਗੰਧਰਵ, ਯਕਸ, ਪੰਛੀ ਅਤੇ ਸੱਪ ਵੀ ਰਾਵਣ ਨੂੰ ਲੜਾਈ ਵਿੱਚ ਜਿੱਤ ਨਹੀਂ ਸਕਦੇ ਤਾਂ ਵਿਚਾਰੇ ਮਨੁੱਖ ਕਿਸ ਗਿਣਤੀ ਵਿੱਚ ਹਨ। ਰਾਵਣ ਯੁੱਧ ਵਿੱਚ ਬਲਵਾਨਾਂ ਦੇ ਬਲ ਨੂੰ

ਨਸ਼ਟ ਕਰ ਦਿੰਦਾ ਹੈ। ਇਸ ਲਈ ਮੈਂ ਉਸ ਦੀ ਫੌਜ ਨਾਲ ਯੁੱਧ ਕਰਕੇ ਪਾਰ ਨਹੀਂ ਪਾ ਸਕਦਾ। ਮੁੜ ਮੈਂ ਉਨ੍ਹਾਂ ਲੋਕਾਂ ਨਾਲ ਲੜਨ ਲਈ ਆਪਣੇ ਪੁੱਤਰ ਨੂੰ ਕਿਵੇਂ ਭੇਜ ਦਿਆਂ। ਜਿਹੜਾ ਦੇਵਤਿਆਂ ਵਾਂਗ ਰੂਪ ਵਾਲਾ ਹੈ। ਜੋ ਬਹੁਤ ਬਲਵਾਨ ਅਤੇ ਯੁੱਧ ਕਰਨ ਲਈ ਵੀ ਪੂਰੇ ਕੁਸ਼ਲ ਹਨ ਅਤੇ ਯੱਗ ਵਿੱਚ ਵਿਘਨ ਕਰਨ ਵਾਲੇ ਹਨ, ਉਨ੍ਹਾਂ ਨਾਲ ਲੜਨ ਲਈ ਮੈਂ ਆਪਣੇ ਪੁੱਤਰ ਨੂੰ ਨਹੀਂ ਦਿਆਂਗਾ। ਉਨ੍ਹਾਂ ਨੂੰ ਛੱਡ ਕੇ ਤੁਸੀਂ ਜਿਸ ਨੂੰ ਕਹੋ, ਉਸ ਨਾਲ ਆਪਣੇ ਮਿੱਤਰ ਅਤੇ ਦੋਸਤਾਂ ਸਹਿਤ ਮੈਂ ਲੜਨ ਲਈ ਤਿਆਰ ਹਾਂ।

126 (13-163) ਇਸ ਲਈ ਹੇ ਰਾਮ, ਤੁਸੀਂ ਇਸ ਦੁਸ਼ਟਾ ਡਰਾਉਣੀ ਅਤੇ ਬਲਵਾਨ ਤਾੜਕਾ ਨੂੰ ਮਾਰ ਕੇ ਗਊ ਬ੍ਰਾਹਮਣ ਦੀ ਭਲਾਈ ਦਾ ਉਪਾਇ ਕਰੋ, ਕਿਉਂ ਜੋ ਹੋਰ ਕੋਈ ਮਨੁੱਖ ਇਸ ਸਰਾਪ ਵਾਲੀ ਨੂੰ ਨਹੀਂ ਮਾਰ ਸਕਦਾ। ਹੇ ਨਰੋਤਮ ਤਿੰਨਾਂ ਲੋਕਾਂ ਵਿੱਚ ਤੁਹਾਡੇ ਤੋਂ ਇਲਾਵਾ ਹੋਰ ਕੋਈ ਨਹੀਂ ਜਿਹੜਾ ਇਸ ਨੂੰ ਮਾਰ ਸਕੇ। ਚਾਰ ਵਰਨਾਂ ਦੀ ਭਲਾਈ ਕਰਨ ਵਾਲੇ ਰਾਜ ਕੁਮਾਰ ਅਰਥਾਤ ਕਸ਼ੱਤਰੀ ਦਾ ਇਹ ਕਰਤੱਵ ਹੈ। ਹੇ ਰਾਮ ਇਸ ਅਧਰਮ ਕਰਨ ਵਾਲੀ ਤਾੜਕਾ ਨੂੰ ਮਾਰੋ। ਇਸ ਤਾੜਕਾ ਵਿੱਚ ਤਾਂ ਤਿਲ ਭਰ ਵੀ ਧਰਮ ਨਹੀਂ। ਸੁਣਿਆ ਜਾਂਦਾ ਹੈ ਕਿ ਪਹਿਲਾਂ ਵਿਰੋਚਨ ਰਾਜੇ ਦੀ ਲੜਕੀ ਮੰਥਰਾ ਨੂੰ, ਜਿਹੜੀ ਪ੍ਰਿਥਵੀ ਰਾਜ ਦਾ ਨਾਸ਼ ਕਰਨਾ ਚਾਹੁੰਦੀ ਸੀ, ਇੰਦਰ ਨੇ ਜਾਨੋਂ ਮਾਰ ਸੁੱਟਿਆ ਸੀ। ਇਸੇ ਤਰ੍ਹਾਂ ਹੇ ਰਾਮ! ਭਗਵਾਨ ਵਿਸ਼ਨੂੰ ਨੇ ਵੀ ਭ੍ਰਿਗੂ ਦੀ ਪਤੀਵਰਤਾ ਪਤਨੀ ਅਤੇ ਸ਼ੁਕਰ ਦੀ ਮਾਤਾ ਨੂੰ ਜਿਹੜੀ ਇੰਦਰ ਦਾ ਨਾਸ਼ ਕਰਨਾ ਚਾਹੁੰਦੀ ਸੀ, ਮਾਰ ਦਿੱਤਾ ਸੀ।

(ਉਪਰ ਅਸੀਂ ਦੇਖਦੇ ਹਾਂ ਕਿ ਆਰੀਆਂ 'ਤੇ ਹਮਲਾ ਪੁਰਸ਼ ਰਾਜਿਆਂ ਨੇ ਹੀ ਨਹੀਂ ਕੀਤਾ, ਸਗੋਂ ਦਰਾਵੜਾਂ ਦੀਆਂ ਬਲਵਾਨ ਔਰਤਾਂ ਨੇ ਵੀ ਕੀਤਾ, ਜੋ ਆਪਣੇ ਰਾਜ ਦੀ ਰਾਖੀ ਲਈ, ਆਰੀਅਨਾਂ ਹੱਥੋਂ ਮਾਰੀਆਂ ਗਈਆਂ। ਭਾਵ ਰਾਖਸ਼ਾਂ ਦੀਆਂ ਔਰਤਾਂ ਵੀ ਬਹਾਦਰ ਤੇ ਸੁਚੇਤ ਸਨ, ਜੋ ਦੂਜੇ ਲੋਕਾਂ ਦੀ ਗੁਲਾਮੀ ਕਬੂਲ ਕਰਨ ਦੀ ਥਾਂ ਮਰ ਜਾਣਾ ਬੇਹਤਰ ਸਮਝਦੀਆਂ ਸਨ।)

ਰਾਜਾ ਵਿਰੋਚਨ ਦੇ ਪੁੱਤਰ ਬਾਲੀ ਨੇ ਇੰਦਰ ਅਤੇ ਮਰੁਨਾਣ ਸਹਿਤ ਦੇਵਤਿਆਂ ਨੂੰ ਜਿੱਤ ਕੇ ਸੰਸਾਰ ਵਿੱਚ ਪ੍ਰਸਿੱਧ ਤਿੰਨਾਂ ਲੋਕਾਂ ਦਾ ਰਾਜ ਕੀਤਾ ਸੀ। ਭਾਵ ਦਰਾਵੜਾਂ ਦਾ ਇੱਕ ਹੋਰ ਰਾਜਾ ਸੀ, ਜਿਹੜਾ ਬਲੀ ਦੇ ਨਾਂ ਨਾਲ ਮਸ਼ਹੂਰ ਹੈ, ਜਿਸ ਦਾ ਤਿੰਨਾਂ ਲੋਕਾਂ ਭਾਵ ਪਹਾੜਾਂ, ਮੈਦਾਨਾਂ ਅਤੇ ਸਮੁੰਦਰਾਂ 'ਤੇ ਵੀ ਰਾਜ ਸੀ। ਪ੍ਰੰਤੂ ਆਰੀਅਨ ਦੇਵਤਾ ਵਿਸ਼ਨੂੰ ਨੇ ਬੜੀ ਚਲਾਕੀ ਨਾਲ ਬਲੀ ਨੂੰ ਮਾਰ ਮੁਕਾਇਆ ਸੀ ਤੇ ਉਸ ਦਾ ਰਾਜ ਅਧੀਨ ਕਰ ਲਿਆ ਸੀ। ਅਗਲਾ ਪੈਰ੍ਹਾ ਦੇਖੋ:-

135-136 (17-20) ਇਹ ਸੁਣ ਕੇ ਮਹਾਂ ਤੇਜੱਸਵੀ ਭਗਵਾਨ ਵਿਸ਼ਨੂੰ ਅਦਿਤੀ ਦੇ ਗਰਭ ਤੋਂ ਵਾਮਨ ਰੂਪ ਧਾਰਨ ਕਰਕੇ ਰਾਜਾ ਬਲੀ ਪਾਸ ਗਏ ਅਤੇ ਉਨ੍ਹਾਂ ਪਾਸੋਂ ਤਿੰਨ ਕਦਮ ਭੂਮੀ ਦੀ ਯਾਚਨਾ ਕੀਤੀ ਅਤੇ ਤਿੰਨਾਂ ਕਦਮਾਂ ਵਿੱਚ ਸਭ ਦੀ ਭਲਾਈ ਲਈ ਤਿੰਨਾਂ ਲੋਕਾਂ ਨੂੰ ਮਾਪ ਦਿੱਤਾ। ਮੁੜ ਇੰਦਰ ਨੂੰ ਤਿੰਨਾਂ ਲੋਕਾਂ ਦਾ ਰਾਜ ਦੇ ਕੇ ਬਲੀ ਨੂੰ ਆਪਣੇ ਬਲ ਦੇ ਪ੍ਰਭਾਵ ਨਾਲ ਬੰਨ੍ਹ ਲਿਆ ਅਤੇ ਪਾਤਾਲ ਵਿੱਚ ਭੇਜ ਦਿੱਤਾ।

ਮਹਾਂਦੇਵ ਭਾਵ ਸ਼ਿਵਜੀ ਅਤੇ ਪਾਰਵਤੀ ਵੀ ਕੋਈ ਪੁੱਤਰ ਪੈਦਾ ਨਾ ਕਰ ਸਕੇ

150 (5-6) ਹੇ ਰਾਮ, ਪੂਰਬ ਕਾਲ ਵਿੱਚ ਮਹਾਂ ਤਪੱਸਵੀ ਮਹਾਂਦੇਵ ਜੀ ਦਾ ਵਿਆਹ ਪਾਰਵਤੀ ਜੀ ਦੇ ਨਾਲ ਹੋਇਆ। ਉਹ ਉਨ੍ਹਾਂ ਨੂੰ ਵੇਖ ਕੇ ਕਾਮ ਵੱਸ ਹੋ ਕੇ ਉਨ੍ਹਾਂ ਨਾਲ ਵਿਹਾਰ ਕਰਨ ਲੱਗੇ। ਸੌ ਵਰ੍ਹਿਆਂ ਤਕ ਨੀਲਕੰਠ ਮਹਾਂਦੇਵ ਜੀ ਦੇ ਦੇਵੀ ਦੇ ਨਾਲ ਵਿਹਾਰ ਕਰਨ 'ਤੇ ਵੀ ਕੋਈ ਸੰਤਾਨ ਨਾ ਹੋਈ।

(ਇਕ ਆਮ ਲੋਕ ਕਥਾ ਅਨੁਸਾਰ ਪਾਰਵਤੀ ਦੇ ਪੇਟੋਂ ਗਣੇਸ਼ ਪੈਦਾ ਹੋਇਆ, ਜਦੋਂ ਸ਼ਿਵਜੀ 12 ਸਾਲ ਲਈ ਘਰ ਛੱਡ ਕੇ ਤਪੱਸਿਆ ਲਈ ਗਏ ਹੋਏ ਸਨ। ਸ਼ਿਵਜੀ ਦੇ ਵਾਪਸ ਪਰਤਣ ਸਮੇਂ ਇਹ ਪੁੱਤਰ ਉਸ ਨੂੰ ਘਰ ਦੇ ਬੂਹੇ 'ਤੇ ਬੈਠਾ ਮਿਲਿਆ-ਜਿਸ ਦਾ ਸ਼ਿਵਜੀ ਨੇ ਗਲ ਕੱਟ ਦਿੱਤਾ ਸੀ, ਪਰ ਮਗਰੋਂ ਪਾਰਵਤੀ ਦੇ ਕਹਿਣ 'ਤੇ ਉਸ ਨੂੰ ਹਾਥੀ ਦਾ ਸਿਰ ਲਗਾ ਦਿੱਤਾ।)

ਗੰਗਾ ਦੇਵੀ ਨੇ ਅਗਨੀ ਦੇਵ ਤੋਂ ਗਰਭ ਧਾਰਨ ਕੀਤਾ

152 (11-12) ਅਗਨੀ ਦੇਵ ਨੇ ਦੇਵਤਿਆਂ ਨਾਲ ਇਹ ਕਾਰਜ ਕਰਨ ਦੀ ਪ੍ਰਤਿੱਗਿਆ ਕੀਤੀ ਅਤੇ ਗੰਗਾ ਜੀ ਨੂੰ ਕਿਹਾ-ਹੇ ਦੇਵੀ ਤੂੰ ਮੇਰੇ ਕੋਲੋਂ ਗਰਭ ਧਾਰਨ ਕਰ, ਕਿਉਂ ਜੋ ਇਹ ਦੇਵਤਿਆਂ ਨੂੰ ਪਸੰਦ ਹੈ। ਅਗਨੀ ਦੇਵ ਦਾ ਇਹ ਬਚਨ ਸੁਣ ਕੇ ਗੰਗਾ ਦੇਵੀ ਨੇ ਦੇਵੀ ਇਸਤਰੀ ਦਾ ਰੂਪ ਧਾਰਨ ਕੀਤਾ। ਅਗਨੀ ਨੇ ਗੰਗਾ ਜੀ ਦੀ ਸੁੰਦਰਤਾ ਵੇਖ ਕੇ ਸਭ ਅੰਗਾਂ ਤੋਂ ਤੇਜ ਛੱਡਿਆ।

ਰਿਸ਼ੀ ਸ਼ਕੰਦ ਦਾ ਪੈਦਾ ਹੋਣਾ

153 (23-25) ਤਕ ਸਭ ਦੇਵਤਿਆਂ ਨੇ ਕਿਹਾ 'ਇਹ ਬਾਲਕ ਤੁਹਾਡਾ ਪੁੱਤਰ ਵੀ ਅਖਵਾਏਗਾ ਅਤੇ ਉਸ ਦਾ 'ਕਾਰਤਿਕੇਯ' ਨਾਂ ਰੱਖ ਕੇ ਕਿਹਾ 'ਇਹ ਬਾਲਕ ਤਿੰਨਾਂ ਲੋਕਾਂ ਵਿੱਚ ਪ੍ਰਸਿੱਧ ਹੋਵੇਗਾ। ਇਹ ਸੁਣ ਕੇ ਕ੍ਰਿਤਿਕਾਵਾਂ ਨੇ ਗਿਰੇ ਹੋਏ ਗਰਭ ਤੋਂ ਉਤਪੰਨ ਉਸ ਕੁਮਾਰ ਨੂੰ ਚੰਗੀ ਤਰ੍ਹਾਂ ਨੁਹਾਇਆ, ਜਿਸ ਨਾਲ ਉਸ ਬਾਲਕ ਦਾ ਸਰੀਰ ਅਗਨੀ ਵਾਂਗ ਚਮਕਣ ਲੱਗਾ। ਇਹ ਬਾਲਕ ਗਰਭਸਰਣ ਤੋਂ ਪੈਦਾ ਹੋਇਆ ਸੀ, ਇਸ ਲਈ ਦੇਵਤਿਆਂ ਨੇ ਉਸ ਦਾ ਸ਼ਕੰਦ ਨਾਮ ਰੱਖਿਆ।

ਦੇਵਤੇ ਸੁਰ ਕਹਿਲਾਏ ਕਿਉਂਕਿ ਉਹ ਸ਼ਰਾਬ ਪੀਂਦੇ ਸਨ

172 (36-38) ਹੇ ਰਾਮ, ਦਿੱਤੀ ਦੇ ਪੁੱਤਰਾਂ ਨੇ ਤਾਂ ਵਰੁਣ ਦੀ ਬੇਟੀ ਨੂੰ ਗ੍ਰਹਿਣ ਨਾ ਕੀਤਾ ਪਰ ਆਦਿੱਤੀ ਦੇ ਪੁਤਰਾਂ ਨੇ ਉਸ ਅਨੰਦਿਤ ਵਾਰੁਪਣੀ ਸੁਰਾ ਸ਼ਰਾਬ ਨੂੰ ਗ੍ਰਹਿਣ ਕੀਤਾ। ਸੁਰਾ ਅਰਥਾਤ ਮਦਿਰਾ ਨੂੰ ਨਾ ਗ੍ਰਹਿਣ ਕਰਨ ਵਾਲੇ ਅਸੁਰ ਅਤੇ ਉਸਨੂੰ ਗ੍ਰਹਿਣ ਕਰਨ ਵਾਲੇ ਸੁਰ ਕਹਿਲਾਏ। ਸੁਰ ਅਰਥਾਤ ਦੇਵਤਾ ਸੁਰਾ ਨੂੰ ਗ੍ਰਹਿਣ ਕਰਕੇ ਬਹੁਤ ਖੁਸ਼ ਹੋਏ।

ਦੇਵਤਿਆਂ ਅਤੇ ਦੈਂਤਾਂ ਦਾ ਯੁੱਧ, ਆਰੀਆ ਅਤੇ ਅਨਆਰੀਆ 'ਚ ਹੋਇਆ

172 (43-44) ਦੇਵਤਿਆਂ ਅਤੇ ਦੈਂਤਾਂ ਦੇ ਇਸ ਘੋਰ ਸੰਗਰਾਮ ਵਿਚ ਆਦਿੱਤੀ ਦੇ ਪੁੱਤਰਾਂ ਨੇ ਅਰਥਾਤ ਦੇਵਤਿਆਂ ਨੇ ਦਿੱਤੀ ਦੇ ਪੁਤਰਾਂ ਨੂੰ ਅਰਥਾਤ ਅਸੁਰਾਂ ਨੂੰ ਛਿੰਨ ਭਿੰਨ ਕਰ ਦਿੱਤਾ। ਆਦਿੱਤੀ ਦੇ ਪੁਤਰ ਅਰਥਾਤ ਅਸੁਰਾਂ ਨੂੰ ਮਾਰ ਕੇ ਇੰਦਰ ਨੇ ਰਾਜ ਪਾਇਆ ਅਤੇ ਉਹ ਰਿਸ਼ੀਆਂ ਅਤੇ ਚਾਰਣਾਂ ਸਹਿਤ ਪ੍ਰਸੰਨ ਹੋ ਕੇ ਰਾਜ ਕਰਨ ਲੱਗਾ।

ਇੰਦਰ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨਾਲ ਵਿਹਾਰ ਕੀਤਾ

179 (16-28) ਸ੍ਰੀ ਰਾਮ ਇਸ ਤਰ੍ਹਾਂ ਅਹੱਲਿਆ ਨਾਲ ਸਮਾਗਮ ਕਰਕੇ ਇੰਦਰ ਜਦ ਉਸ ਕੁਟੀਆ ਤੋਂ ਬਾਹਰ ਨਿਕਲੇ ਤਦ ਗੌਤਮ ਦੇ ਆਉਣ ਦੀ ਆਸ਼ੰਕਾ ਦੇ ਡਰ ਨਾਲ ਬੜੀ ਉਤਾਵਲੀ ਨਾਲ ਛੇਤੀ ਛੇਤੀ ਨੱਸਣ ਦੀ ਕੋਸ਼ਿਸ਼ ਕਰਨ ਲੱਗੇ।

ਇਨੇ ਵਿਚ ਹੀ ਉਹਨਾਂ ਨੇ ਵੇਖਿਆ ਕਿ ਦੇਵਤਿਆਂ ਅਤੇ ਦਾਨਵਾਂ ਲਈ ਵੀ ਪੂਜਨੀਕ ਤਪੋਬਲ ਵਾਲੇ ਮਹਾਮੁਨੀ ਗੌਤਮ ਹੱਥ ਵਿਚ ਯੱਗ ਦੀਆਂ ਲਕੜਾਂ ਲੈ ਕੇ ਆਸ਼ਰਮ ਵਿਚ ਦਾਖਿਲ ਹੋਏ। ਉਨ੍ਹਾਂ ਦਾ ਸਰੀਰ ਤੀਰਥ ਦੇ ਜਲ ਨਾਲ ਭਿਜਿਆ ਹੋਇਆ ਸੀ ਅਤੇ ਉਹ ਬਲਦੀ ਅਗ ਵਾਂਗ ਪ੍ਰਜਵਲਿਤ ਹੋ ਰਹੇ ਸਨ। ਉਨ੍ਹਾਂ ਨੂੰ ਵੇਖਿਦਿਆਂ ਹੀ ਦੇਵਰਾਜ ਇੰਦਰ ਡਰ ਨਾਲ ਕੰਬ ਉੱਠੇ। ਉਹਨਾਂ ਦਾ ਮੂੰਹ ਫੱਕ ਹੋ ਗਿਆ।

ਦੁਰਾਚਾਰੀ ਇੰਦਰ ਨੂੰ ਮੁਨੀ ਦਾ ਵੇਸ ਧਾਰਨ ਕੀਤੇ ਦੇਖ ਕੇ ਗੌਤਮ ਨੇ ਗੁਸੇ ਵਿਚ ਭਰ ਕੇ ਕਿਹਾ ਮੂਰਖ ਤੂੰ ਮੇਰਾ ਵੇਸ ਧਾਰਨ ਕਰਕੇ ਇਹ ਅਯੋਗ ਪਾਪ ਕਰਮ ਕੀਤਾ ਹੈ ਇਸ ਲਈ ਤੂੰ ਅੰਡਕੋਸ਼ਾਂ ਤੋਂ ਰਹਿਤ ਹੋ ਜਾਵੇਗਾ। ਗੁਸੇ ਵਿਚ ਭਰੇ ਹੋਏ ਮਹਾਤਮਾ ਗੌਤਮ ਦੇ ਅਜਿਹਾ ਕਹਿੰਦੇ ਸਾਰ ਹੀ ਹਜਾਰ ਅੱਖਾਂ ਵਾਲੇ ਇੰਦਰ ਦੇ ਦੋਵੇਂ ਅੰਡਕੋਸ਼ ਉਸੇ ਜਮੀਨ 'ਤੇ ਡਿੱਗ ਪਏ।

ਭੋਗ ਵਿਲਾਸੀ ਵਿਸ਼ਵਾਮਿੱਤਰ ਤੇ ਮੇਨਕਾ

210 (4-7) ਬੱਦਲਾਂ ਵਿਚ ਗਰਜਦੀ ਹੋਈ ਬਿਜਲੀ ਵਾਂਗ ਮੇਨਕਾ ਦੀ ਸੁੰਦਰਤਾ ਵੇਖ ਕੇ ਵਿਸ਼ਵਾਮਿੱਤਰ ਮੁਨੀ ਕਾਮ ਆਸਕਤ ਹੋ ਕੇ ਉਸਨੂੰ ਕਹਿਣ ਲੱਗੇ 'ਹੇ ਅਪਛਰਾ, ਮੈਂ ਤੇਰਾ ਸੁਆਗਤ ਕਰਦਾ ਹਾਂ, ਤੂੰ ਮੇਰੇ ਇਸ ਆਸ਼ਰਮ ਵਿਚ ਰਹਿ। ਤੇਰਾ ਭਲਾ ਹੋਵੇ ਤੂੰ ਮੇਰੇ 'ਤੇ ਕ੍ਰਿਪਾ ਕਰ, ਕਿਉਂ ਜੋ ਤੈਨੂੰ ਵੇਖ ਕੇ ਕਾਮ ਆਸਕਤ ਹੋ ਗਿਆ ਹਾਂ। ਇਹ ਸੁਣ ਕੇ ਉਹ ਸੁੰਦਰੀ ਮੇਨਕਾ ਰਿਸ਼ੀ ਦੇ ਆਸ਼ਰਮ ਵਿਚ ਰਹਿਣ ਲੱਗੀ। ਮੇਨਕਾ ਉੱਥੇ ਆਸ਼ਰਮ ਵਿਚ ਰਹਿਣ ਵਜੋਂ ਵਿਸ਼ਵਾਮਿੱਤਰ ਜੀ ਦੀ ਤਪੱਸਿਆ ਵਿਚ ਬਹੁਤ ਵਿਘਨ ਪਿਆ। ਹੇ ਰਾਘਵ, ਮੇਨਕਾ ਅਪਛਰਾ ਦਸ ਵਰ੍ਹੇ ਤਕ ਵਿਸ਼ਵਾਮਿੱਤਰ ਦੇ ਉਸ ਆਸ਼ਰਮ ਵਿਚ ਸੁੱਖ ਪੂਰਵਕ ਰਹੀ। ਮੁਨੀ ਰਾਜ ਵਿਸ਼ਵਾਮਿੱਤਰ ਨਾਲ ਭੋਗ ਵਿਲਾਸ ਵਿਚ, ਦਸ ਵਰ੍ਹੇ ਲੰਘਾ ਦਿੱਤੇ। ਦਸ ਵਰ੍ਹੇ ਬੀਤਣ 'ਤੇ ਮਹਾਂਰਿਸ਼ੀ ਵਿਸ਼ਵਾਮਿਤਰ ਜੀ ਸ਼ਰਮਸਾਰ ਹੋਏ ਅਤੇ ਚਿੰਤਾ ਵਿਚ ਪੈ ਕੇ ਦੁਖੀ ਹੋਏ।

ਸੀਤਾ ਦਾ ਰਾਮ ਨਾਲ, ਉਰਮਿਲਾ ਦਾ ਲਛਮਣ ਨਾਲ ਵਿਆਹ ਹੋਇਆ

229 (19-21) ਹੇ ਮਹਾਂਰਿਸ਼ੀ ਇਹ ਮੇਰਾ ਛੋਟਾ ਭਰਾ ਹੈ ਅਤੇ ਮੈਂ ਇਸ ਦਾ ਵੱਡਾ ਭਰਾ ਹਾਂ। ਹੇ ਮੁਨੀਸ਼ਰੇਸ਼ਠ

ਮੈਂ ਬੜੀ ਪ੍ਰੀਤੀ ਨਾਲ ਦੋ ਬਹੂਆਂ ਆਪ ਨੂੰ ਦੇਂਦਾ ਹਾਂ। ਉਨ੍ਹਾਂ ਵਿੱਚੋਂ ਸੀਤਾ ਸ੍ਰੀ ਰਾਮ ਚੰਦਰ ਲਈ ਅਤੇ ਉਰਮਿਲਾ ਲਛਮਣ ਲਈ ਦੇਂਦਾ ਹਾਂ। ਵੀਰਯਸੁਲਕਾ ਸੀਤਾ ਜਿਹੜੀ ਦੇਵ ਕੰਨਿਆ ਵਾਂਗ ਹੈ ਅਤੇ ਦੂਜੀ ਉਰਮਿਲਾ ਮੈਂ ਤੀਜੀ ਵਾਰ ਸ੍ਰੀ ਰਾਮ ਚੰਦਰ ਅਤੇ ਲੱਛਮਣ ਨੂੰ ਰ੍ਵਿਾਜਾਂ ਕਰਕੇ ਦੇਂਦਾ ਹਾਂ। ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ। ਹੁਣ ਤੁਸੀਂ ਦੋਹਾਂ ਰਾਜਕੁਮਾਰਾਂ ਤੋਂ ਗੋਦਾਨ ਕਰਾਓ।

323 (2-3) ਇਸ ਤਰ੍ਹਾਂ ਵਿਰਲਾਪ ਕਰਦੀ ਹੋਈ ਕੌਸ਼ਲਿਆ ਜੀ ਪ੍ਰਤੀ ਲਛਮਣ ਜੀ ਦੁਖੀ ਹੋ ਕੇ ਕਹਿਣ ਲੱਗੇ- ਹੇ ਮਾਤਾ ਇਹ ਗੱਲ ਅੱਛੀ ਨਹੀਂ ਲਗਦੀ ਕਿ ਨਾਰੀ ਦੇ ਵੱਸ ਪਏ ਮਹਾਰਾਜ ਦੇ ਕਹਿਣ 'ਤੇ ਰਾਜ ਲੱਛਮੀ ਨੂੰ ਛੱਡ ਕੇ ਸ੍ਰੀ ਰਾਮ ਚੰਦਰ ਜੀ ਵਣਾਂ ਨੂੰ ਚਲੇ ਜਾਣ। ਬਹੁਤ ਬਿਰਧ ਹੋਣ ਕਾਰਨ ਮਹਾਰਾਜ ਦੀ ਬੁੱਧੀ ਵਿਪਰੀਤ ਹੋ ਗਈ ਹੈ ਅਤੇ ਇਸ ਬੁਢਾਪੇ ਵਿਚ ਵੀ ਉਹ ਵਿਸ਼ੇ ਵਾਸਨਾਂ ਵਿਚ ਇਸ ਤਰ੍ਹਾਂ ਫਸੇ ਹਨ ਜਿਸ ਦਾ ਕੋਈ ਟਿਕਾਣਾ ਨਹੀਂ। ਕਾਮਗ੍ਰਸਤ ਮਨੁੱਖ ਦੂਜੇ ਦੀ ਪ੍ਰੇਰਣਾ ਨਾਲ ਕੀ ਕੁੱਝ ਨਹੀਂ ਕਹਿ ਸਕਦਾ। (ਇਹ ਪੈਰਾ ਸਪੱਸ਼ਟ ਕਰਦਾ ਹੈ ਕਿ ਦਸ਼ਰਥ ਬੁਢਾਪੇ ਵਿਚ ਵੀ ਆਪਣੀ ਵਾਸਨਾ ਦਾ ਗੁਲਾਮ ਸੀ, ਜਿਸ ਕਾਰਨ ਉਸਨੇ ਆਪਣੇ ਬੱਚਿਆਂ ਨੂੰ ਬਨਵਾਸ ਭੇਜਿਆ)

ਰਾਮ ਅਤੇ ਲਛਮਣ ਦੀ ਸ਼ਕਤੀ ਦਾ ਤੋਲ

324 (7-9) ਹੇ ਭਾਈ, ਲੋਕਾਂ ਵਿਚ ਅਸ਼ਾਂਤੀ ਫੈਲਣ ਤੋਂ ਪਹਿਲਾਂ ਆਪ ਇਸ ਰਾਜ ਨੂੰ ਆਪਣੇ ਕਾਬੂ ਕਰ ਲਉ। ਮੈਂ ਇਸ ਕੰਮ ਵਿਚ ਤੁਹਾਡੀ ਮਦਦ ਕਰਾਂਗਾ। ਹੇ ਰਾਮ ਜਦ ਮੈਂ ਕਾਲ ਦੀ ਤਰ੍ਹਾਂ ਹੱਥ ਵਿਚ ਧਨੁੱਸ਼ ਲਈ ਆਪ ਦੀ ਰੱਖਿਆ ਲਈ ਆਪ ਦੇ ਨੇੜੇ ਖੜ੍ਹਾਂ ਹਾਂ ਤਾਂ ਕਿਸ ਦੀ ਮਜਾਲ ਕਿ ਅੱਖ ਉਠਾ ਕੇ ਆਪ ਵੱਲ ਵੇਖ ਸਕੇ। ਫਿਰ ਇਕ ਦੋ ਦਾ ਤਾਂ ਕਹਿਣਾ ਹੀ ਕੀ ਜੇ ਸਾਰੇ ਦੇ ਸਾਰੇ ਅਯੁੱਧਿਆ ਵਾਸੀ ਮਿਲ ਕੇ ਇਸ ਕੰਮ ਵਿਚ ਵਿਘਨ ਪਾਉਣ ਤਾਂ ਮੈਂ ਆਪਣੇ ਤਿੱਖੇ ਬਾਣਾਂ ਨਾਲ ਇਸ ਅਯੁੱਧਿਆ ਨੂੰ ਸੁੰਨਸਾਨ ਕਰ ਦੇਵਾਂਗਾ।

324 (10-12) ਭਰਤ ਦੇ, ਜੋ ਪੱਖਪਾਤੀ ਹਨ ਜਾਂ ਉਸਦੇ ਮਿੱਤਰ ਹਨ, ਉਨ੍ਹਾਂ ਵਿਚੋਂ ਇਕ ਨੂੰ ਵੀ ਜਿਉਂਦਾ ਨਹੀਂ ਛੱਡਾਂਗਾ, ਸਾਰਿਆਂ ਨੂੰ ਮਾਰ ਦੇਵਾਂਗਾ ਕਿਉਂਕਿ ਜੋ ਸਰਲ ਸਿੱਧੇ ਹੁੰਦੇ ਹਨ, ਲੋਕ ਉਨ੍ਹਾਂ ਨੂੰ ਹੀ ਦਬਾਉਂਦੇ ਹਨ। ਜੇ ਕੈਕਈ ਦੇ ਉਕਸਾਉਣ 'ਤੇ ਸਾਡੇ ਦੁਸ਼ਟ ਪਿਤਾ ਦੁਸ਼ਮਣ ਬਣ ਜਾਣ ਤਾਂ ਬਿਰਧ ਹੋਣ 'ਤੇ ਵੀ ਉਨ੍ਹਾਂ ਨੂੰ ਮਾਰ ਦੇਣਾ ਚਾਹੀਦਾ ਹੈ।

(ਆਗਿਆਕਾਰੀ ਪੁੱਤਰ ਲਛਮਣ, ਭਰਤ, ਕੈਕਈ, ਅਤੇ ਪਿਤਾ ਬਾਰੇ ਜੋ ਵਿਚਾਰ ਰਖਦਾ ਹੈ ਉਹ ਉਪਰੋਕਤ ਗੱਲਾਂ ਤੋਂ ਸਪੱਸ਼ਟ ਹਨ। ਇਸ ਤੋਂ ਅੱਗੇ ਲਛਮਣ ਆਖਦਾ ਹੈ, ਕੈਕਈ ਦੇ ਵੱਸ ਵਿਚ ਰਹਿਣ ਵਾਲੇ ਬਿਰਧ, ਨਿਰਦਈ ਚੰਚਲ ਅਤੇ ਥੋੜੀ ਬੁੱਧੀ ਵਾਲੇ ਪਿਤਾ ਨੂੰ, ਜਿਨਾਂ ਦੀ ਬੁੱਧੀ ਬੁਢੇਪੇ ਨਾਲ ਵਿਗੜ ਗਈ ਹੈ ਮਾਰ ਦੇਵਾਂਗਾ।

ਸੀਤਾ ਦੇ ਰਾਮ ਪ੍ਰਤੀ ਵਿਚਾਰਾਂ ਦੀ ਇਕ ਝਲਕ

352-353 (2-4) ਹੇ ਰਾਮ, ਜੇ ਮੇਰੇ ਪਿਤਾ ਮਿਥਲੇਸ਼ ਇਹ ਜਾਣਦੇ ਕਿ ਤੁਸੀਂ ਵੇਖਣ ਪਾਖਣ ਲਈ ਪੁਰਸ਼ ਹੋ, ਵਿਹਾਰ ਵਿਚ ਇਸਤਰੀ ਹੋ, ਤਾਂ ਉਹ ਕਦੇ ਵੀ ਮੇਰਾ ਵਿਆਹ ਤੁਹਾਡੇ ਨਾਲ ਕਰਕੇ ਤੁਹਾਨੂੰ ਆਪਣਾ ਜਵਾਈ ਨਾ ਬਣਾਉਂਦੇ। ਦੁੱਖ ਦੀ ਗੱਲ ਹੈ ਕਿ ਲੋਕ ਅਣਜਾਣਪੁਣੇ ਵਿਚ ਹੀ ਕਹਿਣ ਲੱਗ ਪਏ ਕਿ ਰਾਮ ਸੂਰਜ ਵਾਂਗ ਤੇਜੱਸਵੀ ਹਨ। ਦਰਅਸਲ ਤੁਹਾਡੇ ਵਿਚ ਤੇਜ ਨਹੀਂ ਹੈ। ਹੇ ਰਾਮ ਤੁਸੀ ਕਿਸ ਕਾਰਣ ਏਨੇ ਉਦਾਸ ਹੋ ਰਹੇ ਹੋ? ਕਿਉਂ ਏਨੇ ਡਰ ਰਹੇ ਹੋ ਕਿ ਮੇਰੇ ਵਰਗੀ ਭਗਤਣੀ ਨੂੰ ਇਥੇ ਛੱਡ ਕੇ ਵਣ ਜਾਣਾ ਚਾਹੁੰਦੇ ਹੋ।

ਹੇ ਪਵਿੱਤਰ ਤੁਸੀਂ ਜਿਸ ਨੂੰ ਪਿਆਰ ਕਰਦੇ ਹੋ ਤੇ ਜਿਸ ਦੇ ਕਾਰਣ ਤੁਹਾਡੇ ਤਿਲਕ ਵਿਚ ਰੁਕਾਵਟ ਪਈ ਹੈ, ਉਸ ਦੇ ਵੱਸ ਵਿਚ ਆਗਿਆਕਾਰ ਬਣ ਕੇ ਤੁਸੀਂ ਹੀ ਰਹੋ। ਮੈਂ ਉਸ ਦੀ ਆਗਿਆਕਾਰ ਬਣ ਕੇ ਇਥੇ ਨਹੀਂ ਰਹਿਣਾ ਚਾਹੁੰਦੀ। ਇਸ ਲਈ ਤੁਸੀਂ ਮੈਨੂੰ ਆਪਣੇ ਨਾਲ ਵਣ ਲੈ ਚਲੋ ਭਾਵੇਂ ਤੁਸੀ ਪਾਪ ਕਰੋ। ਭਾਵੇਂ ਬਨਵਾਸ ਜਾਂ ਸਵਰਗ ਵਿਚ ਰਹੋ, ਮੇਰਾ ਤਾਂ ਤੁਹਾਡੇ ਨਾਲ ਹੀ ਰਹਿਣਾ ਬਣਦਾ ਹੈ।

(ਇਸ ਪੈਰ੍ਹੇ 'ਚੋਂ ਪਤਾ ਲੱਗਦਾ ਹੈ ਕਿ ਸੀਤਾ ਨੂੰ ਭਰਤ ਨਾਲ ਤੇ ਕੈਕਈ ਨਾਲ ਸਖਤ ਨਫਰਤ ਹੈ। ਉਹ ਉਹਨਾਂ ਦੀ ਗੁਲਾਮ ਬਣ ਕੇ ਰਹਿਣ ਨੂੰ ਤਿਆਰ ਨਹੀਂ। ਉਹ ਸਵੈ ਜੀਵਨ ਦੇ ਦੁੱਖਾਂ ਵਿਚ ਵੀ ਅਜ਼ਾਦੀ ਮਹਿਸੂਸ ਕਰਦੀ ਹੈ ਤੇ ਅਜ਼ਾਦ ਰਹਿਣ ਲਈ ਹਰ ਕਸ਼ਟ ਸਹਿਣ ਨੂੰ ਤਿਆਰ ਹੈ। ਉਹ ਰਾਜ ਭਾਗ ਦੇ ਖੁੱਸ ਜਾਣ 'ਤੇ ਵੀ ਚਿੰਤਾਵਾਨ ਜਾਪਦੀ ਹੈ। ਉਸਦੀ ਰਾਜ ਭਾਗ ਦੀ ਤਮੰਨਾ ਹੇਠ ਲਿਖੇ ਪੈਰ੍ਹੇ ਤੋਂ ਝਲਕਦੀ ਹੈ।)

426 (86-88) ਹੇ ਸ਼ੋਭਾਵਤੀ! ਮੈਂ ਆਪ ਨੂੰ ਪ੍ਰਣਾਮ ਕਰਦੀ ਹਾਂ ਅਤੇ ਆਪ ਦੀ ਉਸਤਤੀ ਕਰਦੀ ਹਾਂ।

ਜਦੋਂ ਸ੍ਰੀ ਰਾਮ ਚੰਦਰ ਜੀ ਠੀਕ ਠਾਕ ਵਣ ਤੋਂ ਆਉਣਗੇ ਤੇ ਉਨ੍ਹਾਂ ਨੂੰ ਰਾਜ ਮਿਲ ਜਾਵੇਗਾ ਤਾਂ ਮੈਂ ਆਪ ਦੀ ਇਸ ਖੁਸ਼ੀ ਲਈ ਇਕ ਲੱਖ ਗਊਆਂ, ਸੁੰਦਰ ਬਸਤਰ ਅਤੇ ਅੰਨ ਬ੍ਰਾਹਮਣਾਂ ਨੂੰ ਦਾਨ ਕਰਾਂਗੀ। ਅਯੁੱਧਿਆ ਵਿਚ ਵਾਪਸ ਆ ਕੇ ਮੈਂ ਅੰਮ੍ਰਿਤ ਤੇ ਮਾਸ ਵਾਲੇ ਚੌਲਾਂ ਦੇ ਹਜਾਰ ਘੜੇ ਤੁਹਾਨੂੰ ਦੇ ਕੇ ਪੂਜਾਂ ਕਰਾਂਗੀ।

(ਸਾਫ ਹੈ ਕਿ ਆਰੀਅਨ ਲੋਕ ਧਰਮ ਅਯੁੱਧਿਆ ਰਾਜ ਵਿਚ ਮਾਸ ਅਤੇ ਸ਼ਰਾਬ ਦੀ ਵਰਤੋਂ ਆਮ ਕਰਦੇ ਸਨ, ਉਹ ਸਗੋਂ ਪੂਜਾ ਲਈ ਵੀ ਆਮ ਵਰਤੀ ਜਾਂਦੀ ਸੀ।)

ਰਾਮ ਬਾਪ ਦਸਰਥ ਦੇ ਕਾਮੀਂ ਹੋਣ ਅਤੇ ਰਾਜ ਖੁੱਸਣ ਕਾਰਨ ਦੁਖੀ ਹੈ

428 (8-2) ਇਸ ਦੁੱਖ ਨੂੰ ਤੇ ਮਹਾਰਾਜ ਦੀ ਵੱਡੀ ਕੁਮੱਤ ਨੂੰ ਵੇਖ ਕੇ ਮੈਂ ਤਾਂ ਇਹੀ ਸਮਝਦਾ ਹਾਂ ਕਿ ਅਰਥ ਅਤੇ ਧਰਮ ਦੋਹਾਂ ਨਾਲੋਂ ਕਾਮ ਵਧੇਰੇ ਪ੍ਰਬਲ ਹੈ। ਹੇ ਲਛਮਣ ਕੋਈ ਮੂਰਖ ਵੀ ਇਸ ਤਰ੍ਹਾਂ ਨਾ ਕਰੇ ਕਿ ਇਸਤਰੀ ਦੇ ਕਹਿਣ 'ਤੇ ਮੇਰੇ ਵਰਗੇ ਆਗਿਆਕਾਰੀ ਪੁੱਤਰ ਨੂੰ ਤਿਆਗ ਦੇਵੇ। ਇਕੱਲੇ ਕੈਕਈ ਪੁਤਰ ਭਰਤ ਹੀ ਆਪਣੀ ਪਤਨੀ ਨਾਲ ਸੁਖੀ ਹੋਣਗੇ, ਕਿਉਂਕਿ ਉਹ ਬਹੁਤ ਪ੍ਰਸੰਨ ਹੋ ਕੇ ਸਾਰੀ ਅਯੁੱਧਿਆ ਦਾ ਰਾਜ ਕਿਸੇ ਵੱਡੇ ਰਾਜੇ ਵਾਂਗ ਮਾਨਣਗੇ। ਹੁਣ ਭਰਤ ਸਾਰੇ ਰਾਜ ਦੇ ਮੁੱਖ ਸ਼ਾਸ਼ਕ ਹੋ ਜਾਣਗੇ, ਕਿਉਂਕਿ ਮਹਾਰਾਜ ਦੀ ਉਮਰ ਤਾਂ ਬੀਤਣ ਵਾਲੀ ਹੈ ਅਤੇ ਮੈਂ ਇਥੇ ਵਣਾਂ ਵਿਚ ਆ ਗਿਆ ਹਾਂ। ਜੋ ਮਨੁੱਖ ਧਰਮ ਤੇ ਅਰਥ ਨੂੰ ਛੱਡ ਕੇ ਕੇਵਲ ਕਾਮਵਸ ਹੋ ਜਾਂਦਾ ਹੈ, ਉਸ 'ਤੇ ਉਸੇ ਤਰ੍ਹਾਂ ਬਿਪਤਾ ਪੈਂਦੀ ਹੈ ਜਿਵੇਂ ਮਹਾਰਾਜ ਦਸ਼ਰਥ 'ਤੇ ਪਈ ਹੈ। ਹੇ ਭਲੇ ਪੁਰਸ਼, ਮੈਂ ਸਮਝਦਾ ਹਾਂ ਕਿ ਮਹਾਰਾਜ ਨੂੰ ਮਾਰਨ, ਮੈਨੂੰ ਵਣ ਭੇਜਣ ਤੇ ਭਰਤ ਨੂੰ ਰਾਜ ਦਿਵਾਉਣ ਲਈ ਹੀ ਕੈਕਈ ਸਾਡੇ ਘਰ ਆਈ। ਮੈਨੂੰ ਡਰ ਹੈ ਕਿ ਕੈਕਈ ਆਪਣੇ ਸੁਭਾਅ ਤੋਂ, ਖੁਸ਼ ਹੋ ਕੇ ਮੇਰੇ ਸਬੰਧ ਦੇ ਕਾਰਣ ਕਿਧਰੇ ਕੌਸ਼ਲਿਆ ਤੇ ਸੁਮਿਤ੍ਰਾ ਨੂੰ ਤੰਗ ਨਾ ਕਰਦੀ ਹੋਵੇ। ਮੇਰੇ ਕਾਰਨ ਕੌਸ਼ਲਿਆ ਤੇ ਸੁਮਿਤ੍ਰਾ ਕਸ਼ਟ ਨਾ ਪਾਉਣ। ਹੇ ਲਛਮਣ ਤੁਸੀਂ ਕਲ੍ਹ ਹੀ ਅਯੁਧਿਆ ਜਾ ਪਹੁੰਚੋ ਸੀਤਾ ਨੂੰ ਲੈ ਕੇ। ਮੈਂ ਇਕੱਲਾ ਹੀ ਦੰਡਕ ਵਣ ਚਲਾ ਜਾਵਾਂਗਾ। ਤੁਸੀਂ ਅਯੁੱਧਿਆ ਪਹੁੰਚ ਕੇ ਅਨਾਥ ਕੌਸ਼ਲਿਆ ਦੀ ਰੱਖਿਆ ਕਰੋ। ਉਸ ਕੈਕਈ ਦੀ ਆਦਤ ਬਹੁਤ ਹੀ ਹੋਛੀ ਹੈ। ਉਹ ਸਾਡੇ ਨਾਲ ਵੈਰ ਭਾਵ ਕਰਕੇ ਤੁਹਾਡੀ ਅਤੇ ਮੇਰੀ ਮਾਤਾ ਨੂੰ ਜਹਿਰ ਦੇ ਦੇਵੇਗੀ। ਹੇ ਲਛਮਣ, ਪਹਿਲੇ ਜਨਮ ਵਿਚ ਮੇਰੀ ਮਾਤਾ ਨੇ ਜਰੂਰ ਹੀ ਇਸਤ੍ਰੀਆਂ ਦਾ ਉਨ੍ਹਾਂ ਦੇ ਪੁਤਰਾਂ ਤੋਂ ਵਿਛੋੜਾ ਕਰਾਇਆ ਸੀ। ਇਸ ਜਨਮ ਵਿਚ ਉਸ ਦਾ ਫਲ ਸਾਹਮਣੇ ਆਇਆ ਹੈ। ਮੈਨੂੰ ਧਿਰਕਾਰ ਹੈ ਜਿਸ ਮਾਤਾ ਨੇ ਵੱਡੇ ਵੱਡੇ ਦੁੱਖ ਸਹਿ ਕੇ ਮੇਰਾ ਪਾਲਣ ਪੋਸ਼ਣ ਕਰਕੇ ਮੈਨੂੰ ਏਨਾ ਵੱਡਾ ਕੀਤਾ ਹੈ ਉਸੇ ਮਾਂ ਨੂੰ ਜਦੋਂ ਸੁੱਖ ਦੇਣ ਦਾ ਵਕਤ ਆਇਆ ਤਾਂ ਮੈਂ ਤਿਆਗ ਦਿੱਤਾ। ਹੇ ਲਛਮਣ, ਕੋਈ ਵੀ ਸੁਭਾਗਵਤੀ ਇਸਤਰੀ ਮੇਰੇ ਵਰਗੇ ਪੁਤਰ ਨੂੰ ਜੋ ਮਾਤਾ ਨੂੰ ਕਸ਼ਟ ਦੇ ਰਿਹਾ ਹੈ ਕਦੇ ਜਨਮ ਨਾ ਦੇਵੇ।

(ਰਾਮ ਇਕ ਸਧਾਰਨ ਆਦਮੀ ਵਾਂਗ ਸੋਚਦਾ ਹੈ। ਉਸਦਾ ਇਹ ਭਰੋਸਾ ਹੈ ਕਿ ਕੌਸ਼ੱਲਿਆ ਨੇ ਪਿਛਲੇ ਜਨਮ ਵਿਚ ਅਜਿਹਾ ਮੰਦਾ ਕੰਮ ਕੀਤਾ ਹੈ ਜਿਸ ਕਰਕੇ ਉਹ ਇਸ ਜਨਮ ਵਿਚ ਸਜਾ ਭੁਗਤ ਰਹੀ ਹੈ, ਇਹ ਬ੍ਰਾਹਮਣਵਾਦੀ ਸਿਧਾਂਤ ਕਰਮਕਾਂਡ ਦੀ ਪੁਸ਼ਟੀ ਕਰਦਾ ਹੈ। ਇਹ ਸਜਾ ਰਾਮ ਨੂੰ ਭੁਗਤਣੀ ਪੈ ਰਹੀ ਹੈ। ਰਾਮ ਦਾ ਭਰੋਸਾ ਕਰਮਕਾਂਡ ਵਿਚ ਹੈ। ਇਸ ਲਈ ਉਹ ਇਕ ਸਧਾਰਨ ਵਿਅਕਤੀ ਹੈ, ਜੋ ਖੁੱਦ ਕਰਮਾਂ ਦੇ ਚੱਕਰ ਵਿਚ ਫੱਸਿਆ ਦਿਖਾਈ ਦਿੰਦਾ ਹੈ ਥੱਲੇ ਦੇਖੋ, ਸੀਤਾ ਇਕ ਨਦੀ ਨੂੰ ਨਮਸਕਾਰ ਕਰਦੀ ਹੈ ਅਤੇ ਉਸ ਤੋਂ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਬਾਰੇ ਪ੍ਰਾਥਨਾ ਕਰਦੀ ਹੈ।)

436 (17-21) ਜਮਨਾ ਨਦੀ ਦੇ ਵਿਚਕਾਰ ਆ ਜਾਣ 'ਤੇ ਸੀਤਾ ਨੇ ਉਸ ਨੂੰ ਨਮਸਕਾਰ ਕੀਤਾ ਤੇ ਕਿਹਾ, ਹੇ ਕਲਿਆਣਮਈ ਦੇਵੀ ਮੈਂ ਤੇਰੇ ਪਾਰ ਜਾ ਰਹੀ ਹਾਂ। ਤੂੰ ਮੇਰੇ ਪਤੀ ਦੀ ਪ੍ਰਤੀਗਿਆ ਪੂਰੀ ਕਰੀਂ। ਮਹਾਰਾਜ ਇਕਗਵਾਕੂ ਦੀ ਨਗਰੀ ਵਿਚ ਸ੍ਰੀ ਰਾਮ ਦੇ ਰਾਜੀ ਖੁਸ਼ੀ ਆਉਣ 'ਤੇ ਮੈਂ ਹਜਾਰ ਗਊਆਂ ਦਾਨ ਕਰਕੇ ਅਤੇ ਸੌ ਘੜੇ ਸੁਰਾ ਚੜ੍ਹਾ ਕੇ ਤੇਰੀ ਪੂਜਾ ਕਰਾਂਗੀ। ਇਸ ਤਰ੍ਹਾਂ ਹੱਥ ਜੋੜ ਕੇ ਜਮਨਾ ਦੀ ਮੰਨਤ ਮਨਾਉਂਦੀ ਹੋਈ ਸੀਤਾ ਸੂਰਜ ਦੀ ਪੁਤੱਰੀ, ਤੇਜ ਵਹਿਣ ਅਤੇ ਲਹਿਰਾਂ ਵਾਲੀ ਜਮਨਾ ਦੇ ਸੱਜੇ ਕੰਢੇ 'ਤੇ ਪੁਹੰਚ ਗਈ।

(ਸੀਤਾ ਜਮਨਾ ਸਾਹਮਣੇ ਹੱਥ ਜੋੜਦੀ ਹੈ। ਸੌ ਗਊ ਅਤੇ ਸੌ ਸ਼ਰਾਬ ਦੇ ਘੜੇ ਦੀ ਸੁੱਖਣਾ ਸੁੱਖਦੀ ਹੈ। ਇਕ ਅੱਤ ਸਧਾਰਨ ਔਰਤ ਵਾਂਗ ਹੀ ਉਹ ਪਾਣੀਆਂ ਦੀ ਪੂਜਾ ਕਰਦੀ ਹੈ।

436 (23-24) ਹਰੇ ਪੱਤਿਆਂ ਵਾਲੇ ਸਾਂਵਲੇ ਅਤੇ ਠੰਢੇ ਬੋਹੜ ਦੇ ਰੁੱਖ ਕੋਲ ਪਹੁੰਚ ਗਏ। ਬੋਹੜ ਦੇ ਲਾਗੇ ਪਹੁੰਚ ਕੇ ਵਿਦੇਹ ਰਾਜ ਦੀ ਪੁਤਰੀ ਨੇ ਇਹ ਬਚਨ ਕਹੇ, ਹੇ ਮਹਾਨ ਰੁੱਖ ਨਮਸਕਾਰ ਕਰਦੀ ਹਾਂ। ਮੇਰਾ ਪਤੀ ਆਪਣੀ ਪ੍ਰਤਿਗਿਆ ਨੂੰ ਪੂਰਾ ਕਰੇ ਅਤੇ ਮੈਂ ਮਾਤਾ ਕੌਸ਼ਲਿਆ ਅਤੇ ਮਾਤਾ ਸੁਮਿਤਰਾ ਨੂੰ ਮੁੜ ਵੇਖ ਸਕਾਂ।

([illegible] ਤੋਂ ਆਸ਼ਾ ਰੱਖਦੀ ਹੈ, ਉਸਦੀ ਪੂਜਾ ਕਰਦੀ ਹੈ ਤੇ ਆਪਣੇ ਰਾਮ ਦੀ ਖੈਰ ਮੰਗਦੀ ਹੈ।)

438 (21-22) ਅਸੀਂ ਹਿਰਨ ਦਾ ਮਾਸ ਲਿਆ ਕੇ ਇਸ ਕੁਟੀਆ ਵਿਚ ਯੱਗ ਕਰਾਂਗੇ ਕਿਉਂਕਿ ਹੇ ਲਛਮਣ, ਜਿਥੇ ਕਿਸੇ ਨੇ ਚਿਰਕਾਲ ਵੱਸਣਾ ਹੋਵੇ ਉੱਥੇ ਮਕਾਨ ਲਈ ਯੱਗ ਕਰਨਾ ਚਾਹੀਦਾ ਹੈ ਹੇ ਸ਼ੁਭ ਦਰਸ਼ਨਾਂ ਵਾਲੇ ਲਛਮਣ, ਜਲਦੀ ਇਕ ਹਿਰਨ ਮਾਰ ਕੇ ਇਥੇ ਲੈ ਆਉ। ਜੋ ਸ਼ਾਸ਼ਤਰਾਂ ਵਿਚ ਵਿਧੀ ਦੱਸੀ ਗਈ ਹੈ, ਉਸ ਅਨੁਸਾਰ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ।

(ਅਸੀਂ ਜਾ ਕੇ ਦੇਖਾਂਗੇ ਕਿ ਹਿਰਨ ਦਾ ਮਾਸ ਕਿਸੇ ਘਰ ਵਿਚ ਪ੍ਰਵੇਸ਼ ਕਰਨ ਸਮੇਂ ਇਕ ਯੱਗ ਦੀ ਰਸਮ ਹੀ ਨਹੀਂ ਸੀ ਇਹ ਮਾਸ, ਖਾਸ ਕਰਕੇ ਹਿਰਨ ਦਾ ਮਾਸ ਰਾਮ ਚੰਦਰ ਦਾ ਮਨਭਾਉਂਦਾ ਖਾਣਾ ਵੀ ਸੀ। ਹੇਠਲਾ ਪ੍ਰਸੰਗ ਵੀ ਇਸ ਵਲ ਇਸ਼ਾਰਾ ਕਰਦਾ ਹੈ।)

439 (24-27) ਇਕ ਹਿਰਨ ਦੇ ਮਾਸ ਨੂੰ ਪਕਾਉ। ਅਸੀਂ ਕੁੱਟੀਆਂ ਲਈ ਯੱਗ ਕਰਾਂਗੇ। ਹੇ ਸੁਸ਼ੀਲ ਲਛਮਣ ਜਲਦੀ ਕਰੋ। ਇਹ ਮਹੂਰਤ ਬਹੁਤ ਚੰਗਾ ਹੈ ਅਤੇ ਦਿਨ ਵੀ ਅਛਾ ਹੈ। ਪ੍ਰਤਾਪੀ ਲਛਮਣ ਨੇ ਕਾਲੇ ਹਿਰਨ ਨੂੰ ਮਾਰ ਕੇ ਅਗਨੀ ਦੇ ਖੂਬ ਬਾਲਣ ਬਾਅਦ ਉਸਨੂੰ ਉਸ ਵਿਚ ਪਾਇਆ। ਜਦੋਂ ਤਪ ਕੇ ਉਸਦਾ ਲਹੂ ਸੁਕ ਗਿਆ ਅਤੇ ਉਸ ਚੰਗੀ ਤਰ੍ਹਾਂ ਭੁੱਜ ਗਿਆ, ਤਦ ਲਛਮਣ ਨੇ ਪੁਰਸ਼ਾਂ ਵਿਚੋਂ ਸ਼ੀਂਹ ਤੁੱਲ ਸ੍ਰੀ ਰਾਮ ਚੰਦਰ ਨੂੰ ਕਿਹਾ, ਇਸ ਕਾਲੇ ਹਿਰਨ ਦੇ ਸੱਭ ਅੰਗ ਸਮਾਪਤ ਹੋ ਚੁੱਕੇ ਹਨ ਕਿਉਂਕਿ ਇਹ ਹਿਰਨ ਪੂਰੀ ਤਰ੍ਹਾਂ ਭੁੱਜ ਗਿਆ ਹੈ। ਹੇ ਦੇਵਤਾ ਤੁੱਲ ਤੇਜਸਵੀ ਸ੍ਰੀ ਰਾਮ ਤੁਸੀਂ ਦੇਵਤਾ ਲਈ ਯੱਗ ਕਰੋ। ਤੁਸੀ ਇਸ ਦੇ ਯੋਗ ਹੋ।

460 (49-50) ਤੁਸੀਂ ਆਪਣੇ ਮਨ ਵਿਚ ਬ੍ਰਾਹਮਣ ਦੀ ਹੱਤਿਆ ਦੇ ਡੈ ਨੂੰ ਕੱਢ ਦਿਉ। ਮੈਂ ਬ੍ਰਾਹਮਣ ਨਹੀਂ ਹਾਂ। ਇਸ ਲਈ ਤੁਹਾਡੇ ਮਨ ਵਿਚ ਇਹ ਫਿਕਰ ਨਹੀਂ ਹੋਣਾ ਚਾਹੀਦਾ। ਹੇ ਮਹਾਰਾਜ ਮੇਰੀ ਮਾਂ ਸ਼ੂਦਰ ਹੈ ਤੇ ਮੈਂ ਵੈਸ਼ ਹਾਂ।

(ਸਪੱਸ਼ਟ ਹੈ ਕਿ ਰਾਮ ਰਾਜ ਵਿਚ, ਰਾਮ ਨੂੰ ਵੀ ਬ੍ਰਾਹਮਣ ਨੂੰ ਮਾਰਨ ਦਾ ਅਧਿਕਾਰ ਨਹੀਂ ਸੀ। ਬ੍ਰਾਹਮਣ ਸ਼ਕਤੀਸ਼ਾਲੀ ਸੀ। ਹਰ ਰਾਜਾ ਉਸਦੇ ਆਦੇਸ਼ਾਂ ਅਨੁਸਾਰ ਰਾਜ ਚਲਾਉਂਦਾ ਸੀ। ਇਸਦੇ ਉਲਟ ਸ਼ੂਦਰ ਜਾਂ ਵੈਸ਼ ਨੂੰ ਕਤਲ ਕਰਨ 'ਤੇ ਕੋਈ ਪਾਪ ਨਹੀਂ ਸੀ ਲਗਦਾ।)

520 (15-17) ਇਹ ਦੇਸ਼ ਤੁਹਾਡੇ ਘਰ ਦੇ ਬਗੀਚੇ ਵਰਗਾ ਹੈ। ਤੁਸੀਂ ਸਾਨੂੰ ਆਉਣ ਦੀ ਖਬਰ ਨਾ ਦੇ ਕੇ ਸਾਨੂੰ ਆਪਣੀ ਸੇਵਾ ਤੋਂ ਵਾਂਝਿਆ ਰੱਖਿਆ ਹੈ ਪਰ ਅਸੀਂ ਸਭ ਤੁਹਾਡੇ ਹਾਂ। ਅਸੀਂ ਸਾਰੇ ਹੀ ਤੁਹਾਡੇ ਸਾਹਮਣੇ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਦਾਸਾਂ ਦੇ ਘਰ ਨਿਵਾਸ ਕਰੋ। ਭੀਲਾਂ ਦੁਆਰਾ ਲਿਆਂਦੇ ਗਏ ਬਣਾਂ ਦੇ ਕੰਦਮੂਲ ਤੇ ਫਲ ਹਾਜਰ ਹਨ। ਤਾਜਾ ਅਤੇ ਸੁੱਕਾ ਮਾਸ ਅਤੇ ਵਣ ਵਿਚ ਮਿਲਣ ਵਾਲੇ ਛੋਟੇ ਮੋਟੇ ਪਦਾਰਥ ਵੀ ਹਾਜਰ ਹਨ। ਮੇਰੀ ਬੇਨਤੀ ਹੈ ਕਿ ਅੱਜ ਦੀ ਰਾਤ ਫੌਜ ਸਾਡੇ ਖਾਏ ਪੀਏ ਅਤੇ ਰਾਤ ਗੁਜਾਰੇ। ਸਾਡੀਆਂ ਮਨ ਚੀਆਂ ਸਾਧਾਂ ਅਨੁਸਾਰ ਪੂਜਾ ਕਰਵਾ ਕੇ ਕਲ ਤੁਸੀਂ ਆਪਣੀ ਫੌਜ ਸਮੇਤ ਚਲੇ ਜਾਣਾ।

(ਜਾਪਦਾ ਹੈ ਕਿ ਭੀਲ ਦਸ਼ਰਥ ਰਾਜ ਦੇ ਅਧੀਨ ਹੋ ਚੁੱਕੇ ਸਨ ਤੇ ਉਹ ਹੁਣ ਮਾਲਕਾਂ ਤੋਂ ਦਾਸ ਬਣ ਕੇ ਜੰਗਲਾ ਅੰਦਰ ਗੁਜਾਰਾਂ ਕਰਨ ਲੱਗ ਪਏ ਸਨ। ਉਹ ਆਰੀਅਨ ਹਾਕਮਾਂ ਦੀ ਸੇਵਾ ਤਾਜੇ ਸੁੱਕੇ ਮਾਸ ਅਤੇ ਜੰਗਲੀ ਫਲਾਂ ਨਾਲ ਕਰਦੇ ਸਨ।)

526 (13-17) ਅਨੇਕ ਭਾਂਤ ਦੇ ਅੰਨ ਅਤੇ ਖਾਣੇ, ਕਈ ਪ੍ਰਕਾਰ ਦੇ ਫਲ ਅਤੇ ਕੰਦਮੂਲ ਲਿਆ ਕੇ ਸ੍ਰੀ ਰਾਮ ਲਈ ਉਨ੍ਹਾਂ ਅੱਗੇ ਭੇਟਾ ਕੀਤੇ। ਸੱਚੇ ਸੂਰਬੀਰ ਰਾਮ ਨੇ ਮੇਰਾ ਮਨ ਰੱਖਣ ਲਈ ਸਵੀਕਾਰ ਕਰ ਲਿਆ ਪਰ ਕਸ਼ੱਤਰੀ ਧਰਮ ਨੂੰ ਯਾਦ ਰਖਦਿਆਂ ਹੋਇਆ ਕੁੱਝ ਵੀ ਨਹੀਂ ਲਿਆ। ਹੇ ਮਹਾਰਾਜ ਉਨ੍ਹਾਂ ਮਹਾਤਮਾਂ ਸ੍ਰੀ ਰਾਮ ਨੇ ਸਾਨੂੰ ਇਹ ਸਮਝਾਇਆ ਕਿ ਸਾਨੂੰ ਕਸ਼ੱਤਰੀਆਂ ਨੂੰ ਕਿਸੇ ਤੋਂ ਕੁੱਝ ਲੈਣਾ ਨਹੀਂ ਚਾਹੀਦਾ। ਹਮੇਸ਼ਾਂ ਦੂਜਿਆਂ ਨੂੰ ਦੇਣਾ ਹੀ ਚਾਹੀਦਾ ਹੈ। ਉਸ ਮਹਾਨ ਮਨ ਵਾਲੇ ਸ਼੍ਰੀ ਰਾਮ ਨੇ ਸੀਤਾ ਸਮੇਤ ਲਛਮਣ ਦੁਆਰਾ ਲਿਆਂਦੇ ਪਾਣੀ ਨੂੰ ਪੀ ਕੇ ਉਪਵਾਸ ਕੀਤਾ। ਉਸ ਤੋਂ ਬਾਅਦ ਬਚੇ ਹੋਏ ਪਾਣੀ ਨੂੰ ਪੀ ਕੇ ਲਛਮਣ ਨੇ ਵੀ ਉਪਵਾਸ ਕੀਤਾ ਅਤੇ ਤਿੰਨਾਂ ਨੇ ਮੋਨ ਇਕਾਗਰਚਿੱਤ ਹੋ ਕੇ ਸੰਧਿਆ ਦੀ ਪੂਜਾ ਕੀਤੀ।

(ਭੀਲ, ਜੋ ਦਰਾਵੜਾਂ ਤੋਂ ਦਾਸ ਬਣ ਚੁੱਕੇ ਸਨ, ਉਹਨਾਂ ਆਪਣੇ ਵਿਤ ਅਨੁਸਾਰ ਆਰੀਅਨ ਰਾਜ ਕੁਮਾਰ, ਰਾਮ ਦੀ ਸੇਵਾ ਵਿਚ ਸਭ ਕੁੱਝ ਅਰਪਣ ਕੀਤਾ ਪਰੰਤੂ ਕਸ਼ੱਤਰੀ ਧਰਮ, ਜੋ ਬ੍ਰਾਹਮਣ ਦੇ ਹੁਕਮ ਨਾਮਿਆਂ ਅਨੁਸਾਰ ਪ੍ਰਚੱਲਤ ਕੀਤਾ ਗਿਆ ਸੀ, ਅਨੁਸਾਰ ਸ਼ੂਦਰਾਂ ਦੇ ਹੱਥੋਂ ਖਾਣਾ, ਪਾਪ ਸੀ, ਅਧਰਮ ਸੀ। ਇਸ ਕਰਕੇ ਰਾਮ ਨੇ ਭੀਲਾਂ

ਹੱਥੋਂ ਨਾ ਖਾ ਕੇ ਲਛਮਣ ਦੁਆਰਾ ਲਿਆਂਦਾ ਪਾਣੀ ਪੀ ਕੇ ਰਾਤ ਕਟੀ। ਭੀਲਣੀ ਦੇ ਬੇਰ ਖਾਣਾ ਰਾਮ ਦੀ ਮਜਬੂਰੀ ਸੀ ਜਾਂ ਫਿਰ ਲਛਮਣ ਦੇ ਦੱਸਣ 'ਤੇ ਉਸਨੂੰ ਪਤਾ ਲੱਗਾ ਕਿ ਉਸ ਨੇ ਸ਼ੂਦਰ ਔਰਤ ਹੱਥੋਂ ਬੇਰ ਖਾ ਕੇ ਅਧਰਮ ਕੀਤਾ ਹੈ ਤਾਂ ਉਸਨੇ ਬੇਰ ਸੁੱਟ ਦਿੱਤੇ ਸਨ। ਅਜਿਹੀ ਲੋਕ ਕਥਾ ਅੱਜ ਤੀਕ ਸੁਣਾਈ ਜਾਂਦੀ ਹੈ।)

537 (46-47) ਭਾਰਦਵਾਜ ਜੀ ਦੇ ਹੁਕਮ ਨਾਲ ਅਲੰਬੁਸ਼, ਮਿਸ਼ਰਕੇਸੀ ਪੁੰਡਰੀਕਾ ਅਤੇ ਵਾਸਨਾ ਦੀਆਂ ਅਪਛਰਾਵਾਂ ਭਰਤ ਦੇ ਅੱਗੇ ਨੱਚਣ ਲੱਗ ਪਈਆਂ। ਜਿੰਨੇ ਫੁੱਲਾਂ ਦੇ ਹਾਰ ਦੇਵਤਿਆਂ ਕੋਲ ਹਨ ਜਿੰਨੇ ਚੈਤਰਨਥ ਨਾਂ ਦੇ ਬਾਗ ਵਿਚ ਹਨ, ਉਨੇ ਹੀ ਭਾਰਤਵਾਜ ਜੀ ਦੇ ਪ੍ਰਭਾਵ ਸਦਕਾ ਪ੍ਰਯੰਗ ਵਿਚ ਵਿਖਾਈ ਦੇਣ ਲੱਗੇ।

(ਰਿਸ਼ੀ ਭਾਰਦਵਾਜ ਦੇ ਆਸ਼ਰਮ ਵਿਚ ਅਪੱਛਰਾਵਾਂ ਸਨ ਜੋ ਦਿਲ ਬਹਿਲਾਉਣ ਲਈ ਨਾਚ ਦਾ ਕੰਮ ਕਰਦੀਆਂ ਸਨ। ਗੱਲ ਇਥੇ ਹੀ ਬਸ ਨਹੀਂ, ਸ਼ਰਾਬ, ਮਾਸ ਅਤੇ ਸੇਵਾ ਟਹਿਲ ਕਰਨ ਵਾਲੀਆਂ ਸੁੰਦਰ ਔਰਤਾਂ ਦੀ ਚਹਿਲ ਪਹਿਲ ਸੀ।) ਇਹ ਅਗਲਾ ਪ੍ਰਸੰਗ ਵੇਖੋ ;

538 (50) ਟਾਹਲੀ, ਔਲਾ, ਜਾਮਣ, ਬੇਲਾ ਵਣਾਂ ਵਿਚ ਹੀ ਹੁੰਦੀਆਂ ਹਨ, ਉਹ ਸਭ ਔਰਤਾਂ ਦਾ ਰੂਪ ਧਾਰਣ ਕਰਕੇ ਭਾਰਦਵਾਜ ਰਿਸ਼ੀ ਦੇ ਆਸ਼ਰਮ ਵਿਚ ਆ ਪੁੱਜੀਆਂ ਅਤੇ ਲੋਕਾਂ ਨੂੰ ਕਹਿਣ ਲੱਗੀਆਂ ਸ਼ਰਾਬ ਪੀਣ ਵਾਲੇ ਲੋਕੋ ਤੁਸੀਂ ਸ਼ਰਾਬ ਪੀਓ ਤੇ ਭੁੱਖੇ ਲੋਕੋ ਤੁਸੀਂ ਖੀਰ ਖਾਓ। ਜਿੰਨੀ ਤੁਹਾਡੀ ਇੱਛਾ ਹੋਵੇ ਉਨਾ ਵਧੀਆ ਮਾਸ ਖਾਓ। ਇਕ-ਇਕ ਆਦਮੀ ਨੂੰ ਸੱਤ ਸੱਤ ਅੱਠ ਅੱਠ ਸੁੰਦਰ ਅੱਖਾਂ ਵਾਲੀਆਂ ਔਰਤਾਂ ਮਾਲਸ਼ ਕਰਦੀਆਂ ਅਤੇ ਉਨ੍ਹਾਂ ਨੂੰ ਸੁੰਦਰ ਨਦੀਆਂ ਦੇ ਕੰਢਿਆਂ 'ਤੇ ਮਲ ਮਲ ਕੇ ਨਹਿਲਾਉਂਦੀਆਂ ਸਨ। (ਮੌਜ ਮੇਲੇ ਦੀ ਹੋਰ ਝੱਲਕ ਇਸ ਪ੍ਰਸੰਗ ਵਿਚੋਂ ਡੁੱਲ ਡੁੱਲ ਪੈਂਦੀ ਹੈ)

539 (58-60) ਅਪਰਛਾਵਾਂ ਦੀਆਂ ਟੋਲੀਆਂ ਨਾਲ ਘੁੰਮਦੇ ਹੋਏ ਫੌਜੀ ਕਹਿਣ ਲੱਗੇ ਅਸੀਂ ਹੁਣ ਨਾਂ ਤਾਂ ਅਯੁੱਧਿਆ ਜਾਵਾਂਗੇ ਅਤੇ ਨਾ ਹੀ ਦੰਡਕ ਵਣ ਨੂੰ ਜਾਵਾਂਗੇ। ਭਰਤ ਜੀ ਸੁਖਸਾਂਦ ਰਹਿਣ ਅਤੇ ਸ੍ਰੀ ਰਾਮ ਚੰਦਰ ਜੀ ਵੀ ਸੁੱਖ ਵਿਚ ਵਸਣ। ਇਸ ਤਰ੍ਹਾਂ ਪੈਦਲ ਸੈਨਿਕ, ਹਾਥੀ ਅਤੇ ਘੋੜਿਆਂ ਦੇ ਸਵਾਰ ਸੁਤੰਤਰ ਹੋ ਕੇ ਉਸ ਖੁੱਲ ਅਤੇ ਮੌਜ ਭਰੇ ਸਤਿਕਾਰ ਤੋਂ ਪ੍ਰਸੰਨ ਹੋ ਕੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗੇ ਅਤੇ ਪ੍ਰਸੰਨ ਹੋਏ ਹਜਾਰਾਂ ਸੈਨਿਕ ਮੌਜਾਂ ਕਰਨ ਲਗ ਪਏ।

548 (64-73) ਕਿਸੇ ਵੀ ਆਦਮੀ ਦੇ ਕੇਸਾਂ ਨੂੰ ਧੂੜ ਲੱਗੀ ਨਹੀਂ ਸੀ ਦਿਸਦੀ। ਬੱਕਰਿਆਂ ਅਤੇ ਜੰਗਲੀ ਸੂਰਾਂ ਦੇ ਮਾਸ ਅਤੇ ਅਨੇਕ ਪ੍ਰਕਾਰ ਦੇ ਪਕਵਾਨਾਂ ਨਾਲ, ਜਿਹੜੇ ਕਿ ਫਲਾਂ ਦੇ ਰਸਾਂ ਵਿਚ ਪਕਾਏ ਗਏ ਸਨ, ਖੁਸ਼ਬੂਦਾਰ ਮਸਾਲਿਆਂ ਨਾਲ ਤਿਆਰ ਕੀਤੀਆਂ ਗਈਆਂ ਦਾਲਾਂ ਨਾਲ ਫੁੱਲਾਂ ਦੀਆਂ ਝੰਡੀਆਂ ਨਾਲ ਸੱਜੀਆਂ ਦੁੱਧ ਵਰਗੀਆਂ ਚਿੱਟੀਆਂ ਤਿਆਰ ਚੀਜ਼ਾਂ ਨਾਲ ਭਰੀਆਂ ਕੜ੍ਹਾਹੀਆਂ ਨੂੰ ਚੌਹੀਂ ਪਾਸੀ ਵੇਖ ਕੇ ਹਜਾਰਾਂ ਲੋਕੀ ਹੈਰਾਨ ਹੁੰਦੇ ਸਨ, ਮੈਰੇਯ ਸ਼ਰਾਬ ਨਾਲ ਭਰੀਆਂ ਅਤੇ ਕੀਮਾਂ ਅਤੇ ਮਾਸ ਦੇ ਢੇਰਾਂ ਨਾਲ ਘਿਰੀਆਂ ਹੋਈਆਂ ਸਨ। ਹਿਰਨਾਂ, ਗੋਹਾ ਅਤੇ ਕੁੱਕੜਾਂ ਨਾਲ ਸਾਫ ਕੀਤੇ ਅਤੇ ਚੰਗੀ ਤਰ੍ਹਾਂ ਪਕਾਏ ਹੋਏ ਮਾਸ ਦੇ ਢੇਰ ਲੱਗੇ ਹੋਏ ਸਨ। ਸੋਨੇ ਦੇ ਕਰੋੜਾਂ ਹੀ ਬਰਤਨ ਅਤੇ ਬਿਲਕੁਲ ਚਿੱਟੇ, ਖੁਸ਼ਬੂਦਾਰ ਅਤੇ ਥੋੜਾ ਚਿਰ ਪਹਿਲਾਂ ਤਿਆਰ ਕੀਤੇ ਮਿੱਠੇ ਮੱਠੇ ਦੇ ਤਲਾਅ ਨਾਲ ਭਰੇ ਹੋਏ ਸਨ। ਕੁੱਝ ਚਿੱਟ ਦਹੀਂ ਦੇ ਸਨ, ਕੁੱਝ ਵਿਚ ਸੀ ਖੀਰ ਅਤੇ ਕੁੱਝ ਵਿਚ ਸ਼ੱਕਰ ਦੇ ਢੇਰ ਸਨ। ਕਿਤੇ ਨਹਾਉਣ ਲਈ ਕਈ ਤਰ੍ਹਾਂ ਦੇ ਚੂਰਨ ਅਤੇ ਵਟਨੇ ਆਦਿ ਤਿਆਰ ਕੀਤੇ ਪਏ ਸਨ।

(ਬੱਕਰਾ, ਸੂਰ, ਹਿਰਨ, ਗੋਹ, ਕੁੱਕੜ, ਕੀਮਾਂ ਆਦਿ ਵਰਤਾਏ ਜਾਂਦੇ ਸਨ ਤੇ ਮੈਰੇਯ ਨਾਂ ਦੀ ਸ਼ਰਾਬ ਪੀਤੀ ਜਾਂਦੀ ਸੀ! ਇਹ ਟਹਿਲ ਸੇਘ ਭਾਰਦਵਾਜ ਰਿਸ਼ੀ ਵਲੋਂ ਹੋ ਰਹੀ ਸੀ।)

ਰਾਮ ਅਤੇ ਸੀਤਾ ਵੱਲੋਂ ਵਰਤੇ ਜਾਂਦੇ ਮਾਸ ਦਾ ਜਿਕਰ ਹੇਠਲੇ ਪ੍ਰਸੰਗ ਵਿਚ ਦਰਜ ਹੈ-

550 (1-) ਇਸ ਤਰ੍ਹਾਂ ਸੀਤਾ ਜੀ ਨੂੰ ਉਹ ਪਹਾੜੀ ਨਦੀ ਵਿਖਾ ਕੇ ਸ੍ਰੀ ਰਾਮ ਉਸਨੂੰ ਮਾਸ ਨਾਲ ਖੁਸ਼ ਕਰਦੇ ਹੋਏ ਪਹਾੜ ਦੀ ਚੋਟੀ ਉੱਤੇ ਬੈਠ ਗਏ। ਇਹ ਮਾਸ ਖਾਣ ਯੋਗ ਹੈ। ਇਹ ਬਹੁਤ ਸੁਆਦੀ ਮਾਸ ਹੈ। ਇਹ ਅੱਗ ਵਿਚ ਚੰਗੀ ਤਰ੍ਹਾਂ ਭੁੰਨਿਆ ਹੋਇਆ ਹੈ। ਇਸ ਤਰ੍ਹਾਂ ਧਰਮਾਤਮਾ ਸ੍ਰੀ ਰਾਮ ਸੀਤਾ ਜੀ ਨਾਲ ਬੈਠੇ ਗੱਲਾਂ ਕਰ ਰਹੇ ਸਨ।)

552 (21-25) ਹੇ ਸ੍ਰੀ ਰਾਮ ਜਿਸ ਭਰਤ ਕਾਰਨ, ਤੁਹਾਨੂੰ ਮੈਨੂੰ ਅਤੇ ਸੀਤਾ ਜੀ ਨੂੰ ਇਸ ਹਾਲਤ ਵਿਚ ਪੈਣਾ ਪਿਆ ਹੈ ਅਤੇ ਜਿਸਦੇ ਕਾਰਣ ਤੁਹਾਨੂੰ ਸਦੀਵੀ ਰਾਜ ਤੋਂ ਹਟਾ ਦਿੱਤਾ ਗਿਆ, ਉਹ ਵੀ ਹੁਣ ਇਥੇ ਆ ਗਿਆ ਹੈ। ਇਸ ਲਈ ਹੇ ਸੂਰਬੀਰ ਭਰਤ ਮੇਰੇ ਹੱਥੋਂ ਮਾਰੇ ਜਾਣ ਯੋਗ ਹੀ ਹੈ। ਹੇ ਰਘੂਵੰਸ਼ੀ ਸ਼੍ਰੀ ਰਾਮ, ਮੈਂ ਭਰਤ ਦੇ ਮਾਰਨ ਵਿਚ ਕੋਈ ਪਾਪ ਨਹੀਂ ਸਮਝਦਾ। ਜਿਸ ਦੇ ਨੇ ਪਹਿਲਾਂ ਕੋਈ ਬੁਰਾਈ ਕੀਤੀ ਹੋਵੇ, ਉਸਦੇ ਤਿਆਗ ਦੇਣ

ਵਿਚ ਕੋਈ ਪਾਪ ਨਹੀਂ। ਭਰਤ ਪਹਿਲਾਂ ਸਾਡੀ ਬੁਰਾਈ ਕਰ ਚੁੱਕਿਆ ਹੈ ਅਤੇ ਉਸਨੇ ਧਰਮ ਨੂੰ ਵੀ ਛੱਡ ਦਿੱਤਾ ਹੈ। ਇਸ ਭਰਤ ਦੇ ਮਾਰੇ ਜਾਣ 'ਤੇ ਤੁਸੀਂ ਸਾਰੀ ਧਰਤੀ ਦਾ ਰਾਜ ਭੋਗਣਾ। ਰਾਜ ਦੀ ਕਾਮਨਾ ਕਰਨ ਵਾਲੀ ਕੈਕਈ ਅੱਜ ਆਪਣੇ ਪੁਤਰ ਨੂੰ ਲੜਾਈ ਵਿਚ ਮੇਰੇ ਹੱਥੋਂ ਮਾਰੇ ਗਏ ਨੂੰ ਦੁੱਖੀ ਹੋ ਕੇ ਵੇਖੇ। ਮੈਂ ਉਸਨੂੰ ਉਸੇ ਤਰ੍ਹਾਂ ਪੁੱਟ ਸੁੱਟਾਂਗਾ ਜਿਵੇਂ ਹਾਥੀ ਰੁੱਖਾਂ ਨੂੰ ਪੁੱਟ ਸੁੱਟਦਾ ਹੈ। ਮੈਂ ਕੈਕਈ ਨੂੰ ਵੀ ਉਸਦੇ ਨੌਕਰਾਂ ਚਾਕਰਾਂ ਅਤੇ ਸਬੰਧੀਆਂ ਸਮੇਤ ਮਾਰ ਦੇਵਾਂਗਾ।

(ਲਛਮਣ, ਰਾਜ ਖੁੱਸ ਜਾਣ ਕਾਰਨ ਭਰਤ ਤੇ ਕੈਕਈ ਦਾ ਦੁਸ਼ਮਣ ਬਣ ਗਿਆ ਸੀ। ਧਰਤੀ ਦੇ ਰਾਜ ਦੀ ਲਾਲਸਾ ਉਸਨੂੰ ਬੇਚੈਨ ਕਰੀ ਖੜੋਤੀ ਸੀ ਤੇ ਉਹ ਮਰਨ ਮਾਰਨ ਲਈ ਤਿਆਰ ਹੋ ਚੁੱਕਾ ਸੀ।

560 (36-38) ਇਸ ਤਰ੍ਹਾਂ ਭਰਤ ਬਹੁਤ ਦੁੱਖੀ ਹੋ ਕੇ ਵਿਰਲਾਪ ਕਰ ਰਹੇ ਸਨ। ਉਹਨਾਂ ਦਾ ਕੰਵਲ ਵਰਗਾ ਮੁਖੜਾ ਪਸੀਨੇ ਨਾਲ ਤਰ ਹੋ ਗਿਆ ਸੀ। ਉਹ ਰੋਂਦੇ ਹੋਏ ਸ੍ਰੀ ਰਾਮ ਦੇ ਪੈਰਾਂ 'ਤੇ ਡਿਗਣ ਤੋਂ ਪਹਿਲਾਂ ਹੀ ਡਿੱਗ ਪਏ। ਦੁੱਖ ਨਾਲ ਤਪੇ ਹੋਏ ਮਹਾਂਬਲੀ ਰਾਜ ਕੁਮਾਰ ਭਰਤ ਸਿਰਫ ਇਕ ਵਾਰ ਆਰਯ ਹੀ ਕਹਿ ਸਕੇ। ਉਨ੍ਹਾਂ ਦੇ ਮੂੰਹੋਂ ਕੋਈ ਗੱਲ ਨਾ ਨਿਕਲ ਸਕੀ। ਤੇਜਸਵੀ ਸ੍ਰੀ ਰਾਮ ਦੇ ਵੇਖਦਿਆਂ ਹੀ ਭਰਤ ਦਾ ਗਲਾ ਭਰ ਗਿਆ ਸੀ। ਇਸੇ ਲਈ ਕੇਵਲ ਆਰਯ ਕਹਿ ਕੇ ਹੋਰ ਕੁੱਝ ਵੀ ਨਾ ਬੋਲ ਸਕੇ। (ਇਸ ਸ਼ਲੋਕ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਰਾਮ ਆਰੀਅਨ ਹੈ)

513 (24) ਤੁਸੀਂ ਉੱਤਮ ਲੋਕਾਂ ਨੂੰ ਉੱਤਮ ਕੰਮਾਂ 'ਤੇ ਮੱਧਮ ਲੋਕਾਂ ਨੂੰ ਮੱਧਮ ਕੰਮਾਂ ਤੇ ਅਤੇ ਛੋਟੇ ਸੇਵਕਾਂ ਨੂੰ ਛੋਟੇ ਕੰਮਾਂ ਤੇ ਹੀ ਨਿਯੁਕਤ ਕੀਤਾ ਹੈ ਨਾ?

ਰਾਮ ਰਾਜ ਸਮੇਂ ਤਕ ਸਮਾਜ ਉੱਤਮ ਮੱਧਮ ਅਤੇ ਨੀਚ ਸੇਵਕ ਲੋਕਾਂ ਵਿਚ ਵੰਡਿਆ ਜਾ ਚੁੱਕਾ ਸੀ। ਆਰੀਆ ਉੱਤਮ ਸਨ ਤੇ ਦਰਾਵੜ ਅਨਆਰੀਆ ਸੇਵਕ ਨੀਚ।)

(ਮਹਾਂਰਿਸ਼ੀ ਵਾਲਮੀਕ ਦੀ ਰਮਾਇਣ ਦਾ ਹੇਠਲਾ ਦ੍ਰਿਸ਼ਟਾਂਤ ਮਨੁੱਖਾਂ ਨੂੰ ਬ੍ਰਾਹਮਣਵਾਦੀ ਕਰਮਕਾਂਡਾਂ ਵਿੱਚੋਂ ਨਿਕਲ ਜਾਣ ਦਾ ਤਰਕ ਪੇਸ਼ ਕਰਦਾ ਹੈ) :-

588 (13-15) ਇਸ ਸੰਸਾਰ ਦੇ ਲੋਕ ਜੋ ਪਿੱਤਰਾਂ ਅਤੇ ਦੇਵਤਿਆਂ ਦੇ ਨਿਮਿਤ ਹਰ ਸਾਲ ਅਸਟਕਾ ਆਦਿ ਸਰਾਧ ਕਰਦੇ ਹਨ, ਉਹ ਅੰਨ ਦਾ ਹੀ ਨਾਸ਼ ਕਰਦੇ ਹਨ । ਕੀ ਕੋਈ ਮਰਿਆ ਹੋਇਆ ਆਦਮੀ ਵੀ ਕੁਝ ਖਾ ਸਕਦਾ ਹੈ । ਜੇ ਇੱਥੇ ਕਿਸੇ ਦਾ ਖਾਦਾ ਭੋਜਨ ਕਿਸੇ ਹੋਰ ਸਰੀਰ ਨੂੰ ਪ੍ਰਾਪਤ ਹੋ ਜਾਂਦਾ ਤਾਂ ਪ੍ਰਦੇਸ਼ ਗਏ ਦੇ ਨਾਂ 'ਤੇ ਵੀ ਸਰਾਧ ਕਰ ਦਿਆ ਕਰਦੇ । ਉਸ ਨੂੰ ਰਸਤੇ ਵਾਸਤੇ ਭੋਜਨ ਨਾਲ ਬੰਨ੍ਹਣ ਦੀ ਕੀ ਲੋੜ ਹੈ ?

588 (15-18) ਪਰਾਇਆ ਧਨ ਲੁੱਟਣ ਵਿੱਚ ਚਤੁਰ ਲੋਕਾਂ ਨੇ ਦਾਨ ਦੇ ਫੰਦੇ ਵਿੱਚ ਫਸਾਉਣ ਲਈ ਇਹ ਗ੍ਰੰਥ ਰਚੇ ਸਨ, ਜਿੰਨ੍ਹਾਂ ਵਿੱਚ ਲਿਖਿਆ ਹੈ, "ਯੱਗ ਕਰੋ, ਦਾਨ ਦਿਉ, ਗੁਰੂ ਸਿੱਖਿਆ ਲਓ, ਤਪ ਕਰੋ ਅਤੇ ਸਭ ਕੁਝ ਤਿਆਗ ਕੇ ਸੰਨਿਆਸ ਲੈ ਲਓ । ਇਸ ਸੰਸਾਰ ਤੋਂ ਇਲਾਵਾ ਹੋਰ ਕੋਈ ਪ੍ਰਲੋਕ ਨਹੀਂ ਹੈ । ਹੇ ਮਹਾਨ ਬੁੱਧੀਮਾਨ ਸ੍ਰੀ ਰਾਮ ਤੁਸੀਂ ਇਹੋ ਆਪਣੇ ਮਨ ਵਿੱਚ ਵਸਾ ਲਓ । ਜੋ ਕੁਝ ਪ੍ਰਤੱਖ ਹੈ, ਉਸ ਨੂੰ ਮੰਨੋ। ਜੋ ਪ੍ਰਤੱਖ ਨਹੀਂ ਹੈ, ਉਸ ਨੂੰ ਛੱਡ ਦਿਉ । ਸਾਰੇ ਲੋਕਾਂ ਦੀ ਰਾਏ ਵਾਲੀ ਸੱਜਣ ਪੁਰਸ਼ਾਂ ਦੀ ਅਕਲ ਨੂੰ ਮੁੱਖ ਮੰਨ ਕੇ ਭਰਤ ਜੀ ਦੀ ਪ੍ਰਾਰਥਨਾ ਅਨੁਸਾਰ ਤੁਸੀਂ ਰਾਜ ਨੂੰ ਸਵੀਕਾਰ ਕਰੋ ।"

(ਪ੍ਰਤੱਖ ਹੈ ਕਿ ਰਾਮ ਸਮੇਂ ਵੀ ਅਜਿਹੇ ਬੁੱਧੀਮਾਨ ਲੋਕ ਮੌਜੂਦ ਸਨ, ਜਿੰਨ੍ਹਾਂ ਨੇ ਬ੍ਰਾਹਮਣਵਾਦੀ ਕਰਮ ਕਾਂਡਾਂ ਨੂੰ ਧਰ ਕੇ ਲਿਆ ਅਤੇ ਇਕ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਮਾਰਗ ਦਰਸ਼ਨ ਪੇਸ਼ ਕੀਤਾ । ਭਾਵੇਂ ਰਾਮ ਚੰਦਰ ਦਾ ਕਸ਼ੱਤਰੀ ਧਰਮ ਉਸ ਨੂੰ ਅਜਿਹਾ ਕਰਨ ਤੋਂ ਵਰਜਦਾ ਹੈ, ਕਿਉਂਕਿ ਕਸ਼ੱਤਰੀ ਦਾ ਹਰ ਕਰਮ ਬ੍ਰਾਹਮਣਾਂ ਦੇ ਹੁਕਮਨਾਮਿਆਂ ਅਧੀਨ ਨਿਸ਼ਚਿਤ ਸੀ, ਫਿਰ ਵੀ ਹਰ ਯੁੱਗ ਵਿੱਚ ਸਿਆਣੇ ਲੋਕ ਸਹੀ ਮਾਰਗ ਦਰਸ਼ਨ ਪੇਸ਼ ਕਰਦੇ ਰਹੇ ਹਨ ।)

592 (34-35) ਉਸ ਤੋਂ ਪਹਿਲਾਂ ਦੇ ਪੁਰਾਤਨ ਅਤੇ ਸ਼੍ਰੇਸ਼ਠ ਲੋਕਾਂ ਨੇ ਅਨੇਕ ਸ਼ੁੱਧ ਧਰਮ ਕਰਮ ਕੀਤੇ ਸਨ ਅਤੇ ਉਨ੍ਹਾਂ ਸਭ ਕਰਮਾਂ ਸਦਕਾ ਹੀ ਉਨ੍ਹਾਂ ਨੇ ਇਸ ਲੋਕ ਪਰਲੋਕ ਨੂੰ ਜਿੱਤਿਆ ਸੀ । ਇਸੇ ਲਈ ਨੇਕੀ ਦੇ ਕੰਮ ਕਰਨਾ, ਯੱਗ ਕਰਨਾ ਆਦਿ ਹੀ ਬ੍ਰਾਹਮਣਾਂ ਦਾ ਧਰਮ ਹੈ । ਜਿਹੜੇ ਸਦਾ ਧਰਮ ਕਰਮ ਵਿੱਚ ਲੱਗੇ ਹੋਏ ਸੱਜਣ ਪੁਰਸ਼ਾਂ ਦੇ ਸਤਿਸੰਗ ਵਿੱਚ ਰਹਿਣ ਵਾਲੇ, ਤੇਜੱਸਵੀ, ਦਾਨ ਦੇ ਗੁਣ ਵਿੱਚ ਪ੍ਰਧਾਨ ਹਿੰਸਾ ਤੋਂ ਦੂਰ ਅਤੇ ਪਾਪਾਂ ਤੋਂ ਪਰੇ, ਸ਼੍ਰੇਸ਼ਠ ਮੁਨੀ ਹਨ, ਉਹੀ ਪੂਜਾ ਦੇ ਯੋਗ ਹਨ ।

(ਇਸ ਪ੍ਰਸੰਗ ਰਾਹੀਂ ਨੇਕੀ ਅਤੇ ਗੁਣਾਂ ਵਾਲੇ ਕਰਮ ਕਰਨ ਵਾਲੇ ਲੋਕਾਂ ਨੂੰ ਹੀ ਪ੍ਰਧਾਨ ਜਾਂ ਮਹਾਨ ਕਿਹਾ ਗਿਆ ਹੈ, ਜੋ ਪਾਪ ਕਰਨ ਤੋਂ ਪਰ੍ਹੇ ਰਹਿਣ ।ਉਪਰੋਕਤ ਵਿਚਾਰ ਜਬਾਲੀ ਰਿਸ਼ੀ ਦੇ ਹਨ ।)

610 (8-12) ਨੇਕ ਸੁਭਾਅ ਵਾਲੀ ਅਤੇ ਨੇਕੀ ਦੇ ਕੰਮਾਂ ਵੱਲ ਲੱਗੀ ਸੀਤਾ ਕਿਸ ਤਰ੍ਹਾਂ ਅਨੁਚਿਤ ਕੰਮ ਕਰ ਸਕਦੀ ਹੈ ਅਤੇ ਉਹ ਵੀ ਖਾਸ ਕਰਕੇ ਤਪੱਸਵੀਆਂ ਦੇ ਨਾਲ ।ਅਸਲ ਗੱਲ ਇਹ ਹੈ ਕਿ ਤੁਹਾਡੇ ਰਾਖਸ਼ਾਂ ਨੇ ਰਿਸ਼ੀਆਂ 'ਤੇ ਜ਼ਿਆਦਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ।ਇਸੇ ਲਈ ਦੁਖੀ ਹੋ ਕੇ ਰਿਸ਼ੀ ਲੋਕ ਆਪਸ 'ਚ ਗੱਲਾਂ ਕਰਦੇ ਰਹਿੰਦੇ ਹਨ ।ਇਥੇ ਕੋਈ ਖਰ ਨਾਂ ਦਾ ਰਾਖਸ਼ ਹੈ, ਜੋ ਰਾਵਣ ਦਾ ਭਰਾ ਹੈ ।ਉਹ ਜਨਸਥਾਨ ਦੇ ਰਹਿਣ ਵਾਲੇ ਤਪੱਸਵੀਆਂ ਨੂੰ ਉਨ੍ਹਾਂ ਦੇ ਘਰਾਂ ਵਿੱਚੋਂ ਪੁੱਟ ਕੇ ਕੱਢ ਰਿਹਾ ਹੈ ।ਉਹ ਬਹੁਤ ਢੀਠ, ਲੜਾਈਆਂ ਵਿੱਚ ਜਿੱਤ ਪ੍ਰਾਪਤ ਕਰਨ ਵਾਲਾ, ਨਿਰਦਈ, ਹੰਕਾਰੀ ਪਾਪੀ ਅਤੇ ਆਦਮਖੋਰ ਹੈ ।ਉਹ ਤੁਹਾਨੂੰ ਬਰਦਾਸ਼ਤ ਨਹੀਂ ਕਰ ਰਿਹਾ ।ਇਸ ਲਈ ਹੇ ਪਿਆਰੇ ਸ੍ਰੀਰਾਮ, ਜਦ ਤੀਕ ਤੁਸੀਂ ਇਸ ਆਸ਼ਰਮ ਵਿੱਚ ਰਹੋਗੇ, ਉਦੋਂ ਤੀਕ ਰਾਖਸ਼ ਤਪੱਸਵੀ ਲੋਕਾਂ ਦੇ ਵਿਰੁੱਧ ਕੁਝ ਨਾ ਕੁਝ ਕਰਦੇ ਹੀ ਰਹਿਣਗੇ ।

(ਇਹ ਵਿਖਿਆਨ ਸਪੱਸ਼ਟ ਕਰਦਾ ਹੈ ਕਿ ਰਾਖਸ਼ ਆਰੀਅਨ ਰਾਜਿਆਂ, ਰਿਸ਼ੀਆਂ, ਮੁਨੀਆਂ ਨੂੰ ਬਰਦਾਸ਼ਤ ਨਹੀਂ ਕਰਦੇ ਸਨ, ਕਿਉਂਕਿ ਉਹ ਆਪਣੇ ਰਾਜ ਅੰਦਰ ਬਦੇਸ਼ੀ ਦਖਲ ਨਹੀਂ ਚਾਹੁੰਦੇ ਸਨ ।ਹਰ ਆਜ਼ਾਦ ਕੌਮ ਇਸੇ ਤਰ੍ਹਾਂ ਸੋਚਦੀ ਹੈ ।ਇਹੀ ਕਾਰਨ ਹੈ ਕਿ ਉਨ੍ਹਾਂ ਰਾਖਸ਼ਾਂ ਨੂੰ ਪਾਪੀ, ਨਿਰਦਈ, ਹੰਕਾਰੀ, ਆਦਮਖੋਰ, ਜਾਬਰ ਆਦਿ ਨਾਵਾਂ ਨਾਲ ਪੁਕਾਰਿਆ ਗਿਆ ।ਰਾਖਸ਼ਾਂ ਨੇ ਆਰੀਅਨਾਂ ਦੇ ਦਖਲ ਕਾਰਨ ਹੋਰ ਵੀ ਭਿਆਨਕ ਰੂਪ ਧਾਰ ਕੇ ਹਮਲੇ ਜਾਰੀ ਰੱਖੇ ਹੋਏ ਸਨ ।ਉਹ ਬ੍ਰਾਹਮਣੀ ਕਰਮਕਾਂਡ ਤੋਂ ਦੁਖੀ ਸਨ ।ਇਹ ਉਨ੍ਹਾਂ ਦੀਆਂ ਰੀਤਾਂ ਜਾਂ ਰਿਵਾਜ ਨਹੀਂ ਸਨ ।) ਇਹ ਵਰਨਣ ਵੇਖੋ :-

610 (13-16) ਉਹ ਤਪੱਸਵੀਆਂ ਨੂੰ ਬੜੇ ਡਰਾਉਣੇ, ਭਿਆਨਕ, ਕਠੋਰ ਤੇ ਕਈ ਤਰ੍ਹਾਂ ਦੇ ਉਲਟੇ ਸਿੱਧੇ ਰੂਪ ਅਤੇ ਟੇਢੀਆਂ ਵਿੰਗੀਆਂ ਅੱਖਾਂ ਵਿਖਾ ਕੇ ਡਰਾਉਂਦੇ ਰਹਿੰਦੇ ਹਨ ।ਉਹ ਤਪੱਸਵੀਆਂ ਦੇ ਆਸ਼ਰਮਾਂ ਵਿੱਚ ਭੈੜੀਆਂ ਅਤੇ ਅਪਵਿੱਤਰ ਚੀਜ਼ਾਂ ਸੁੱਟਦੇ ਰਹਿੰਦੇ ਹਨ ਅਤੇ ਕਦੇ-ਕਦੇ ਤਾਂ ਉਹ ਦੁਸ਼ਟ, ਸਾਹਮਣੇ ਖੜ੍ਹੇ ਪ੍ਰਾਣੀ ਨੂੰ ਮਾਰ ਵੀ ਦੇਂਦੇ ਹਨ ।ਨੀਚ ਬੁੱਧੀ ਵਾਲੇ ਉਹ ਰਾਖਸ਼ ਅਲੱਗ-ਅਲੱਗ ਆਸ਼ਰਮਾਂ ਵਿੱਚ ਬਿਨਾਂ ਕਿਸੇ ਨੂੰ ਪਤਾ ਦਿੱਤੇ ਛੁਪ ਕੇ ਜਾਂਦੇ ਹਨ ਅਤੇ ਤਪੱਸਵੀਆਂ ਨੂੰ ਮਾਰ ਛੱਡਦੇ ਹਨ ।ਜਦ ਰਿਸ਼ੀ ਲੋਕ ਹਵਨ ਕਰਨ ਲੱਗਦੇ ਤਾਂ ਉਹ ਰਾਖਸ਼ ਯੱਗ ਦੇ ਭਾਂਡਿਆਂ ਨੂੰ ਚੁੱਕ ਕੇ ਸੁੱਟ ਦੇਂਦੇ ਹਨ, ਅੱਗ ਉੱਤੇ ਪਾਣੀ ਪਾ ਦੇਂਦੇ ਹਨ ਅਤੇ ਕਲਸ਼ਾਂ ਨੂੰ ਭੰਨ ਸੁੱਟਦੇ ਹਨ ।

610 (17-19) ਉਨ੍ਹਾਂ ਦੁਸ਼ਟ ਰਾਖਸ਼ਾਂ ਦੇ ਤੰਗ ਕਰਨ 'ਤੇ ਆਸ਼ਰਮਾਂ ਨੂੰ ਛੱਡ ਕੇ ਜਾਣ ਦੇ ਚਾਹਵਾਨ ਰਿਸ਼ੀ ਮੈਨੂੰ ਹੁਣ ਕਿਸੇ ਹੋਰ ਥਾਂ ਜਾਣ ਲਈ ਕਹਿ ਰਹੇ ਹਨ ।ਹੇ ਸ੍ਰੀਰਾਮ, ਉਹ ਰਾਖਸ਼ ਤਪੱਸਵੀਆਂ ਨੂੰ ਸਰੀਰਕ ਤੌਰ 'ਤੇ ਵੀ ਤੰਗ ਕਰਨ ਲੱਗ ਗਏ ਹਨ ਅਤੇ ਉਹ ਉਨ੍ਹਾਂ ਦੀ ਹੱਤਿਆ ਵੀ ਕਰ ਦਿੰਦੇ ਹਨ ।ਇਸ ਲਈ ਅਸੀਂ ਇਸ ਆਸ਼ਰਮ ਨੂੰ ਛੱਡ ਦਿਆਂਗੇ ।ਇਥੋਂ ਨੇੜੇ ਹੀ ਇਕ ਵਣ ਹੈ, ਜਿਸ ਵਿੱਚ ਬਹੁਤ ਸਾਰੇ ਫਲ ਅਤੇ ਕੰਦਮੂਲ ਹਨ ।ਮੈਂ ਆਪਣੇ ਸਾਰੇ ਤਪੱਸਵੀਆਂ ਨੂੰ ਨਾਲ ਲੈ ਕੇ ਉਸ ਪੁਰਾਣੇ ਆਸ਼ਰਮ ਵਿਚ ਜਾ ਰਹਾਂਗਾ ।

(ਮੂਲ ਰੂਪ ਵਿੱਚ ਦੇਵ-ਰਾਖਸ਼ ਸੰਘਰਸ਼ ਆਰੀਅਨਾਂ ਅਤੇ ਦਰਾਵੜਾਂ ਵਿਚਕਾਰ ਹੋ ਰਹੀ ਰਾਜਸੀ ਜੰਗ ਸੀ ।)

ਨੌਵਾਂ ਅਧਿਆਇ, ਅਰਣਯ ਕਾਂਡ

641 (7-8) ਪਰ ਇਹ ਤੀਜੀ ਭਿਆਨਕ ਬੁਰਿਆਈ ਦੂਜਿਆਂ ਦੇ ਪ੍ਰਾਣ ਲੈਣ ਵਾਲੀ ਹੈ ।ਇਹ ਬੁਰਿਆਈ ਮੋਹ ਦੇ ਕਾਰਨ ਪੈਦਾ ਹੁੰਦੀ ਹੈ ।ਇਹ ਦੋਸ਼ ਹੁਣ ਤੁਹਾਡੇ ਵਿੱਚ ਉਪਸਥਿਤ ਹੋ ਰਿਹਾ ਹੈ, ਕਿਉਂਕਿ ਹੇ ਵੀਰ ਤੁਸੀਂ ਦੰਡਕ ਜੰਗਲ ਵਿੱਚ ਰਹਿਣ ਵਾਲੇ ਰਿਸ਼ੀਆਂ ਦੀ ਰੱਖਿਆ ਕਰਨ ਲਈ ਯੁੱਧ ਵਿੱਚ ਰਾਖਸ਼ ਨੂੰ ਮਾਰਨ ਦੀ ਪ੍ਰਤਗਿਆ ਕਰ ਚੁੱਕੇ ਹੋ ਅਤੇ ਇਸ ਕਾਰਨ ਤੁਸੀਂ ਦੰਡਕ ਵਣ ਵਿੱਚ ਤੀਰ-ਕਮਾਣ ਚੁੱਕ ਕੇ ਆਪਣੇ ਭਰਾ ਨਾਲ ਜਾ ਰਹੇ ਹੋ ।ਤੁਹਾਨੂੰ ਇਸ ਤਰ੍ਹਾਂ ਜਾਂਦੇ ਵੇਖ ਕੇ ਮੇਰਾ ਮਨ ਚਿੰਤਿਤ ਹੈ ।(9-12)

645 (17-18) ਮੈਨੂੰ ਭਾਵੇਂ ਆਪਣੇ ਪ੍ਰਾਣ ਕਿਉਂ ਨਾ ਨਿਛਾਵਰ ਕਰਨੇ ਪੈਣ, ਭਾਵੇਂ ਲਛਮਣ ਸਹਿਤ ਤੈਨੂੰ ਕਿਉਂ ਨਾ ਛੱਡਣਾ ਪਵੇ, ਮੈਂ ਆਪਣੀ ਪ੍ਰਤੱਗਿਆ ਨੂੰ ਨਹੀਂ ਤੋੜ ਸਕਦਾ ।ਖਾਸ ਕਰ ਉਨ੍ਹਾਂ ਬ੍ਰਾਹਮਣਾਂ ਨਾਲ ਕੀਤੀ ਹੋਈ ਪ੍ਰਤੱਗਿਆ ਨੂੰ ।ਇਸ ਲਈ ਹੇ ਸੀਤਾ ! ਰਿਸ਼ੀਆਂ ਦੀ ਆਗਿਆ ਦੀ ਪਾਲਣਾ ਤਾਂ, ਭਾਵੇਂ ਉਹ ਮੈਨੂੰ ਕਹਿਣ ਜਾਂ ਨਾ ਕਹਿਣ, ਮੈਨੂੰ ਜ਼ਰੂਰ ਹੀ ਕਰਨੀ ਹੈ ਅਤੇ ਜਦੋਂ ਪ੍ਰਤੱਗਿਆ ਹੀ ਕਰ ਲਈ, ਤਾਂ ਫਿਰ ਕੀ

ਕਹਿਣਾ।

(ਇਹ ਪ੍ਰਸੰਗ ਬੁਨਿਆਦੀ ਗੱਲ ਨੂੰ ਸਪੱਸ਼ਟ ਕਰ ਦਿੰਦਾ ਹੈ ਕਿ ਰਾਮ ਨੇ ਬ੍ਰਾਹਮਣ ਰਿਸ਼ੀਆਂ ਨਾਲ ਪ੍ਰਣ ਕੀਤਾ ਕਿ ਉਹ ਰਾਖਸ਼ਾਂ ਨੂੰ ਖਤਮ ਕਰ ਦੇਵੇਗਾ। ਇਹੀ ਉਸ ਦਾ ਕਸ਼ੱਤਰੀ ਧਰਮ ਹੈ। ਇਸ ਧਰਮ ਦੇ ਸਾਹਮਣੇ ਸੀਤਾ ਜਾਂ ਲਛਮਣ ਕੋਈ ਚੀਜ਼ ਨਹੀਂ ਹਨ। ਕਿਉਂਕਿ ਕਸ਼ੱਤਰੀ ਦਾ ਧਰਮ ਹੀ ਬ੍ਰਾਹਮਣਾਂ ਦੀ ਰੱਖਿਆ ਕਰਨਾ ਹੈ, ਇਸ ਲਈ ਰਾਮ ਦੀ ਤਲਵਾਰ ਦਾ ਨਿਸ਼ਾਨਾ ਮੂਲ ਨਿਵਾਸੀ ਦਰਾਵੜ ਸੰਤਾਨ ਰਾਖਸ਼ ਹਨ। ਇਹੀ ਉਸ ਦੀ ਮਰਿਯਾਦਾ ਹੈ, ਇਹੀ ਮਰਿਆਦਾ ਧਰਮ ਹੈ, ਜੋ ਉਸ ਨੇ ਆਖਰ ਪੂਰਾ ਕੀਤਾ ਬਾਲੀ ਤੇ ਰਾਵਣ ਰਾਜ ਨੂੰ ਆਪਣੇ ਅਧੀਨ ਕਰਕੇ।)

ਸਫਾ 658-59 (28) ਹੇ ਰਾਮ, ਸੁਰਸਾ ਨੇ ਨਾਗਾਂ ਨੂੰ ਅਤੇ ਕਦ੍ਰੂ ਨੇ ਸੱਪਾਂ ਨੂੰ ਜਨਮ ਦਿੱਤਾ। ਹੇ ਨਰ ਸ੍ਰੇਸ਼ਠ ਮਨੂੰ ਨਾਂ ਦੀ ਇਸਤਰੀ ਤੋਂ ਮਨੁੱਖ ਉਤਪੰਨ ਹੋਏ। ਜਿਹੜੇ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸੂਦਰ ਹਨ।(29) ਮਹਾਤਮਾ ਕਸ਼ਯਪ ਦੇ ਮੂੰਹ ਤੋਂ ਬ੍ਰਾਹਮਣ, ਪੇਟ ਤੋਂ ਕਸ਼ੱਤਰੀ, ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸੂਦਰਾਂ ਦੀ ਉਤਪਤੀ ਹੋਈ। (ਇਸ ਤਰ੍ਹਾਂ ਸਮਾਜ ਦੀ ਵੰਡ ਆਰੀਆ ਨਸਲ ਅਤੇ ਅਨਾਰੀਆ ਨਸਲ ਵਿਚਕਾਰ ਹੋਈ, ਜਿਸ ਦਾ ਮੁੱਢਲਾ ਜ਼ਿਕਰ ਰਿਗਵੇਦ ਵਿੱਚ ਹੈ।)

ਸਰੂਪਨਖਾ ਨਾਲ ਰਾਮ ਭਰਾਵਾਂ ਦੀ ਵਾਰਤਾ

ਸਫਾ 669 (2-4) ਮੇਰਾ ਇਹ ਲਛਮਣ ਨਾਂ ਦਾ ਛੋਟਾ ਭਰਾ ਬੜਾ ਹੀ ਚਰਿੱਤਰਵਾਨ ਅਤੇ ਸੁੰਦਰ ਹੈ। ਇਸ ਕੋਲ ਪਤਨੀ ਨਹੀਂ ਹੈ ਅਤੇ ਇਹ ਬੜਾ ਹੀ ਬਲਵਾਨ ਅਤੇ ਸ਼ੋਭਾ ਵਾਲਾ ਹੈ। ਇਹ ਜਵਾਨ ਹੈ, ਸੁੰਦਰ ਹੈ ਅਤੇ ਇਸਤਰੀ ਦਾ ਇੱਛਕ ਹੈ। ਵੇਖਣ ਵਿੱਚ ਵੀ ਚੰਗਾ ਹੋਣ ਕਰਕੇ ਇਹ ਪਤੀ ਰੂਪ ਵਿੱਚ ਸਭ ਭਾਂਤ ਤੇਰੇ ਯੋਗ ਸਿੱਧ ਹੋਵੇਗਾ। ਹੇ ਦੀਰਘ ਨੈਣੀ, ਤੂੰ ਮੇਰੇ ਭਰਾ ਨੂੰ ਆਪਣਾ ਪਤੀ ਬਣਾ ਲੈ। (ਜਦੋਂ ਕਿ ਲਛਮਣ ਉਰਮਿਲਾ ਨਾਲ ਵਿਆਹਿਆ ਜਾ ਚੁੱਕਾ ਹੈ। ਉਰਮਲਾ ਸੀਤਾ ਦੀ ਛੋਟੀ ਭੈਣ ਹੈ। ਉਸ ਨੂੰ ਇਕ ਲੜਕਾ ਵੀ ਪੈਦਾ ਹੋ ਚੁੱਕਾ ਹੈ। ਪ੍ਰੰਤੂ ਰਾਮ ਕਹਿੰਦਾ ਹੈ ਕਿ ਉਸ ਕੋਲ ਪਤਨੀ ਨਹੀਂ ਹੈ।)

ਸਫਾ 669 (8-11) ਹੇ ਕੰਵਲ ਵਰਗੇ ਸਰੀਰ ਵਾਲੀ, ਤੂੰ ਮੇਰੇ ਵਰਗੇ ਪਰਾਧੀਨ ਦੀ ਪਤਨੀ ਬਣ ਕੇ ਕਿਉਂ ਦਾਸੀ ਬਣਨਾ ਚਾਹੁੰਦੀ ਹੈ? ਕਿਉਂਕਿ ਮੈਂ ਤਾਂ ਆਪਣੇ ਭਰਾ ਦੇ ਅਧੀਨ ਹਾਂ। ਹੇ ਦੀਰਘ ਨੈਣੀ ਜੇ ਤੂੰ ਮੇਰੇ ਇਸ਼ਰਤ ਭਰਪੂਰ ਇਸ ਭਰਾ ਦੀ ਛੋਟੀ ਪਤਨੀ ਬਣੇਂਗੀ ਤਾਂ ਤੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋਣਗੀਆਂ ਅਤੇ ਤੂੰ ਬੜੀ ਖੁਸ਼ ਹੋਵੇਂਗੀ ਅਤੇ ਫਿਰ ਇਹ ਇਸ ਕਰੂਪ, ਭਿਆਨਕ ਵੱਡੇ ਪੇਟ ਵਾਲੀ ਅਤੇ ਬੁੱਢੀ ਪਤਨੀ (ਭਾਵ ਸੀਤਾ) ਨੂੰ ਛੱਡ ਕੇ ਤੈਨੂੰ ਹੀ ਆਦਰ ਸਹਿਤ ਸਵੀਕਾਰ ਕਰ ਲੈਣਗੇ। ਹੇ ਵਰ ਚੁਣਨ ਵਾਲੀ ਸੁੰਦਰੀ, ਅਜਿਹਾ ਕੌਣ ਵਿਅਕਤੀ ਹੋਵੇਗਾ ਜੋ ਤੇਰੇ ਇਸ ਸ੍ਰੇਸ਼ਠ ਰੂਪ ਨੂੰ ਛੱਡ ਕੇ ਮਨੁੱਖੀ ਜਾਤੀ ਨਾਲ ਪਿਆਰ ਕਰੇਗਾ?

ਮਾਸ ਦਾ ਸੇਵਨ

ਸਫਾ 750 (22-23) ਹੇ ਸ੍ਰੇਸ਼ਠ ਬ੍ਰਾਹਮਣ, ਅਸੀਂ ਆਪਣੀ ਸ਼ਕਤੀ ਨਾਲ ਇਸ ਭਿਆਨਕ ਜੰਗਲ ਵਿੱਚ ਘੁੰਮ ਰਹੇ ਹਾਂ। ਤੁਸੀਂ ਕੁਝ ਦੇਰ ਇਥੇ ਰਹਿ ਕੇ ਆਰਾਮ ਕਰੋ। ਮੇਰੇ ਪਤੀ ਜੰਗਲੀ ਚੀਜ਼ਾਂ ਲੈ ਕੇ ਹੁਣੇ ਆ ਜਾਣਗੇ। ਉਹ ਹਿਰਨ, ਗੋਹ ਅਤੇ ਜੰਗਲੀ ਸੂਰਾਂ ਨੂੰ ਮਾਰ ਕੇ ਬਹੁਤ ਸਾਰਾ ਮਾਸ ਲਿਆਉਣਗੇ।

ਲੰਕਾ ਵਰਨਣ ਵੇਖੋ

ਸਫਾ 774 (6-9) ਉਹ ਮਹਿਲ ਇਕ ਹਵੇਲੀ ਵਾਂਗ ਜਾਪਦਾ ਸੀ। ਉਥੇ ਕਈ ਪ੍ਰਕਾਰ ਦੇ ਚੁਬਾਰੇ ਸਨ। ਉਥੇ ਹਜ਼ਾਰਾਂ ਇਸਤਰੀਆਂ ਦਾ ਨਿਵਾਸ ਸੀ। ਕਈ ਤਰ੍ਹਾਂ ਦੇ ਪੰਛੀ ਉਥੇ ਕਲੋਲਾਂ ਕਰ ਰਹੇ ਸਨ। ਅਨੇਕ ਪ੍ਰਕਾਰ ਦੇ ਰਤਨ ਜੜੇ ਹੋਏ ਸਨ। ਉਸ ਮਹਿਲ ਦੇ ਥੰਮ ਹਾਥੀ ਦੰਦ, ਸੋਨਾ, ਸਫਟਿਕ ਮਣੀ, ਚਾਂਦੀ ਅਤੇ ਵੈਦੂਰਯ ਮਣੀ ਨਾਲ ਜੜੇ ਤੇ ਸਜੇ ਹੋਏ ਸਨ ਅਤੇ ਵੇਖਣ ਵਿੱਚ ਬੜੇ ਸੁੰਦਰ ਸਨ। ਉਥੇ ਸੁਰੀਲੇ ਨਗਾੜੇ ਵਜ ਰਹੇ ਸਨ ਅਤੇ ਦਰਵਾਜ਼ਿਆ ਉਪਰ ਸੋਨੇ ਦੇ ਬੰਦਨਵਾਰ ਲਟਕ ਰਹੇ ਸਨ। ਸੀਤਾ ਦੇ ਨਾਲ ਰਾਵਣ ਸੋਨੇ ਦੀਆਂ ਪੌੜੀਆਂ ਉਪਰ ਚੜ੍ਹਿਆ। ਉਥੇ ਉਸ ਦੇ ਚੁਬਾਰਿਆਂ ਦੇ ਝਰੋਖੇ ਹਾਥੀ ਦੰਦ ਦੇ ਬਣੇ ਹੋਏ ਸਨ। ਉਥੇ ਕਈ ਅਜਿਹੇ ਚੁਬਾਰੇ ਵੀ ਸਨ, ਜਿਨ੍ਹਾਂ ਨੂੰ ਸੋਨੇ ਦੇ ਜੰਗਲੇ ਲੱਗੇ ਹੋਏ ਸਨ।

ਚਿੰਤਾਗ੍ਰਸਤ ਰਾਮ ਚੰਦਰ

ਸਫਾ 783 (14-17) ਹੇ ਲਛਮਣ, ਸੀਤਾ ਨੂੰ ਜੰਗਲ ਵਿੱਚ ਇਕੱਲੇ ਛੱਡ ਕੇ ਤੂੰ ਚੰਗਾ ਨਹੀਂ ਕੀਤਾ। ਤੂੰ

ਉਨ੍ਹਾਂ ਕਠੋਰ ਰਾਖਸ਼ਾਂ ਨੂੰ ਮੇਰੇ ਕੋਲੋਂ ਬਦਲਾ ਲੈਣ ਦਾ ਮੌਕਾ ਦੇ ਦਿੱਤਾ। ਮੇਰੇ ਦੁਆਰਾ ਖਰ ਦੇ ਮਾਰੇ ਜਾਣ ਕਾਰਨ ਮਾਸਾਹਾਰੀ ਰਾਖਸ਼ ਦੁਖੀ ਸਨ। ਉਨ੍ਹਾਂ ਭਿਅੰਕਰ ਰਾਖਸ਼ਾਂ ਨੇ ਸੀਤਾ ਨੂੰ ਅਵੱਸ਼ ਹੀ ਖਾ ਲਿਆ ਹੋਵੇਗਾ। ਹੇ ਦੁਸ਼ਮਣ ਨੂੰ ਮਾਰ ਮੁਕਾਉਣ ਵਾਲੇ ਲਛਮਣ, ਮੈਂ ਤਾਂ ਬੜੇ ਭਾਰੀ ਸੰਕਟ ਵਿੱਚ ਪੈ ਗਿਆ ਹਾਂ। ਮੈਨੂੰ ਤਾਂ ਹੁਣ ਇਹ ਚਿੰਤਾ ਹੈ ਕਿ ਅਜਿਹੀਆਂ ਮੁਸੀਬਤਾਂ ਦੇ ਆ ਜਾਣ ਕਾਰਨ ਮੈਂ ਕੀ ਕਰਾਂਗਾ।

ਸਫਾ 783 (18) ਭੁਖ ਪਿਆਸ ਅਤੇ ਥਕਾਵਟ ਦੇ ਮਾਰੇ ਸ੍ਰੀਰਾਮ ਦਾ ਮੂੰਹ ਸੁੱਕ ਗਿਆ ਤੇ ਚੇਹਰੇ ਦਾ ਰੰਗ ਫਿੱਕਾ ਪੈ ਗਿਆ।

ਸਫਾ 784 (3) ਹੇ ਲਛਮਣ, ਤੈਨੂੰ ਸੀਤਾ ਤੋਂ ਬਿਨਾਂ ਆਉਂਦੇ ਵੇਖ ਕੇ ਦੂਰੋਂ ਹੀ ਮੇਰੀ ਖੱਬੀ ਅੱਖ ਤੇ ਖੱਬੀ ਬਾਂਹ ਫੜਕਣ ਲੱਗ ਪਈਆਂ ਸਨ ਅਤੇ ਮੇਰਾ ਹਿਰਦਾ ਧੜਕਣ ਲੱਗ ਪਿਆ ਸੀ।

ਸਫਾ 785 (16-19) ਮੇਰੇ ਉਪਰ ਤੂੰ ਬਦਨੀਤ ਹੋ ਗਿਆ ਹੈ, ਪਰ ਯਾਦ ਰੱਖੀ ਸ੍ਰੀ ਰਾਮ ਦੇ ਮਰ ਜਾਣ 'ਤੇ ਵੀ ਤੂੰ ਮੈਨੂੰ ਪ੍ਰਾਪਤ ਨਹੀਂ ਕਰ ਸਕਦਾ। ਤੂੰ ਭਰਤ ਦੇ ਇਸ਼ਾਰੇ ਨਾਲ ਹੀ ਸ੍ਰੀ ਰਾਮ ਦੇ ਨਾਲ ਇਥੇ ਆਇਆ ਹੈ। ਇਸ ਲਈ ਸ੍ਰੀਰਾਮ ਦੁਆਰਾ ਬੁਲਾਏ ਜਾਣ 'ਤੇ ਵੀ ਤੂੰ ਸਹਾਇਤਾ ਕਰਨ ਲਈ ਉਸ ਕੋਲ ਨਹੀਂ ਜਾਂਦਾ। ਤੂੰ ਛੁਪਿਆ ਹੋਇਆ ਮਿੱਤਰ ਰੂਪੀ ਦੁਸ਼ਮਣ ਹੈ ਅਤੇ ਮੇਰੇ ਕਾਰਨ ਹੀ ਸ੍ਰੀ ਰਾਮ ਨਾਲ ਇੱਥੇ ਆਇਆ। ਤੂੰ ਸਦਾ ਇਸ ਮੌਕੇ ਦੀ ਤਲਾਸ਼ ਵਿੱਚ ਰਹਿੰਦਾ ਹੈ ਕਿ ਕਦੋਂ ਸ੍ਰੀ ਰਾਮ ਜਾਣ ਅਤੇ ਕਦੋਂ ਤੂੰ ਮੈਨੂੰ ਪ੍ਰਾਪਤ ਕਰੇ। ਇਸੇ ਲਈ ਤੂੰ ਸ੍ਰੀ ਰਾਮ ਦੀ ਮਦਦ ਲਈ ਨਹੀਂ ਜਾਂਦਾ। (ਉਪਰੋਕਤ ਸ਼ਬਦ ਸੀਤਾ ਦੇ ਹਨ ਜੋ ਉਸ ਨੇ ਲਛਮਣ ਨੂੰ ਕਹੇ ਜਦੋਂ ਰਾਮ ਚੰਦਰ ਜੰਗਲ 'ਚ ਉਸ ਨੂੰ ਕਿਸੇ ਮੁਸੀਬਤ ਵਿੱਚ ਘਿਰਿਆ ਪ੍ਰਤੀਤ ਹੋਇਆ। ਵੇਖਣ ਵਾਲੀ ਗੱਲ ਇਹ ਹੈ ਕਿ ਇਨੇ ਅਣਹੋਣੇ ਸ਼ਬਦ ਕਿਵੇਂ ਕਹੇ ਗਏ?)

787 (1) ਮਾਰੀਚ ਨੂੰ ਮਾਰ ਕੇ ਆਸ਼ਰਮ ਵਲ ਆਉਂਦੇ ਹੋਏ ਸ੍ਰੀ ਰਾਮ ਦੀ ਖੱਬੀ ਅੱਖ ਦਾ ਹੇਠਲਾ ਪਾਸਾ ਚਾਰ ਵਾਰ ਫੜਕਿਆ। ਚੱਲਣ ਲੱਗੇ ਅਚਾਨਕ ਹੀ ਉਨ੍ਹਾਂ ਦਾ ਪੈਰ ਫਿਸਲ ਗਿਆ ਅਤੇ ਸਰੀਰ ਕੰਬਣ ਲੱਗਾ। ਇਸ ਤਰ੍ਹਾਂ ਦੇ ਬਦਸ਼ਗਣਾਂ ਨੂੰ ਵੇਖ ਕੇ ਸ੍ਰੀ ਰਾਮ ਸੋਚੀਂ ਪੈ ਗਏ ਕਿ ਸੀਤਾ ਪਤਾ ਨਹੀਂ ਠੀਕ ਹੈ ਕਿ ਨਹੀਂ।

(ਇਹ ਦ੍ਰਿਸ਼ਟਾਂਤ ਰਾਮ ਚੰਦਰ ਨੂੰ ਇਕ ਅਤਿ ਸਧਾਰਨ ਆਦਮੀ ਸਾਬਤ ਕਰਦਾ ਹੈ ਜੋ ਘਟਨਾਵਾਂ ਨਾਲ ਫੜਕਦਾ, ਕੰਬਦਾ, ਫਿਸਲਦਾ ਹੈ। ਉਸ ਦੀ ਬੇਹੱਦ ਡਾਵਾਂਡੋਲ ਸਥਿਤੀ ਹੇਠਲੇ ਭਾਗ ਵਿੱਚ ਜ਼ਾਹਰ ਹੁੰਦੀ ਹੈ।)

ਸਫਾ 790 (34-36) ਇਸ ਤਰ੍ਹਾਂ ਵਾਰ-ਵਾਰ ਵਿਰਲਾਪ ਕਰਦੇ ਹੋਏ ਰਾਮ ਚੰਦਰ ਜੀ ਜੰਗਲ ਵਿੱਚ ਇਧਰ ਉਧਰ ਦੌੜਦੇ ਫਿਰਦੇ ਸਨ। ਕਦੇ ਤਾਂ ਭਜਦੇ-ਭਜਦੇ ਉਹ ਡਿੱਗ ਪੈਂਦੇ ਅਤੇ ਕਦੇ ਹਵਾ ਵਾਂਗ ਚੱਕਰ ਕੱਟਣ ਲੱਗਦੇ ਸਨ। ਆਪਣੀ ਪਤਨੀ ਦੀ ਖੋਜ ਵਿੱਚ ਉਹ ਪਾਗਲਾਂ ਵਾਂਗ ਬੜੀ ਤੇਜ਼ੀ ਨਾਲ ਨਦੀਆਂ, ਜੰਗਲਾਂ, ਪਹਾੜਾਂ ਅਤੇ ਝਰਨਿਆਂ ਕੋਲ ਘੁੰਮ ਰਹੇ ਸਨ।

ਸਫਾ 791 (5) ਹੇ ਲਛਮਣ ਸੀਤਾ ਤੋਂ ਬਿਨਾਂ ਮੈਂ ਜਿਉਂਦਾ ਨਹੀਂ ਰਹਿ ਸਕਦਾ। ਸੀਤਾ ਚੁਰਾ ਲਏ ਜਾਣ ਦੀ ਬਹੁਤ ਵੱਡੀ ਚਿੰਤਾ ਨੇ ਮੈਨੂੰ ਘੇਰ ਲਿਆ ਹੈ।

792 (27-32) ਸੀਤਾ ਹਰਣ ਦੇ ਦੁੱਖ ਨਾਲ ਬੇਚੈਨ ਸ੍ਰੀਰਾਮ ਇਸ ਤਰ੍ਹਾਂ ਵਿਰਲਾਪ ਕਰਦੇ ਹੋਏ ਉਦਾਸੀ ਅਤੇ ਸੋਗ ਨਾਲ ਘਬਰਾ ਕੇ ਪਲ ਲਈ ਦੁੱਖ ਵਿੱਚ ਡੁੱਬ ਗਏ। ਦੁੱਖੀ ਹੋਣ ਕਰਕੇ ਕਮਜ਼ੋਰ, ਬੇਸੁੱਧ, ਚੇਸ਼ਟਾ ਰਹਿਤ, ਬੇਚੈਨ ਅਤੇ ਦੀਨ ਹੋ ਕੇ ਉਹ ਲੰਮੇ-ਲੰਮੇ ਸਾਹ ਲੈਣ ਲੱਗੇ। ਕੰਵਲ ਨੈਣ ਸ੍ਰੀ ਰਾਮ ਵਾਰ-ਵਾਰ ਲੰਮਾ ਸਾਹ ਲੈ ਕੇ 'ਹਾਏ ਪਿਆਰੀ' ਕਹਿ ਕੇ ਉੱਚੀ-ਉੱਚੀ ਰੋਣ ਲੱਗ ਪਏ। ਸ੍ਰੀ ਰਾਮ ਦੀ ਅਜਿਹੀ ਹਾਲਤ ਵੇਖ ਕੇ ਉਨ੍ਹਾਂ ਦੇ ਪਿਆਰੇ ਭਰਾ ਧਰਮਾਤਮਾ ਲਛਮਣ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਕਈ ਤਰ੍ਹਾਂ ਨਾਲ ਹੌਸਲਾ ਦਿੱਤਾ, ਪਰ ਸ੍ਰੀ ਰਾਮ ਪਿਆਰੀ ਸੀਤਾ ਨੂੰ ਨਾ ਵੇਖ ਕੇ ਲਛਮਣ ਦੀਆਂ ਕਹੀਆਂ ਗੱਲਾਂ ਦੀ ਉਪੇਖਿਆ ਕਰਕੇ ਵਾਰ-ਵਾਰ ਉੱਚੀ ਆਵਾਜ਼ ਵਿੱਚ ਰੋਣ ਲੱਗੇ।

795 (3-5) ਪਹਿਲੇ ਜਨਮ ਵਿੱਚ ਮੈਂ ਜ਼ਰੂਰ ਹੀ ਬਹੁਤ ਪਾਪ ਕੀਤੇ ਹੋਣੇ ਹਨ ਜੋ ਕਿ ਉਨ੍ਹਾਂ ਦਾ ਫਲ ਮੈਨੂੰ ਅੱਜ ਭੋਗਣਾ ਪੈ ਰਿਹਾ ਹੈ ਅਤੇ ਇਸੇ ਕਾਰਨ ਮੇਰੇ ਉਪਰ ਇਕ ਤੋਂ ਬਾਅਦ ਇੱਕ ਦੁੱਖ ਪੈ ਰਿਹਾ ਹੈ। ਪਹਿਲਾਂ ਰਾਜ ਗੱਦੀ ਦਾ ਤਿਆਗ, ਫੇਰ ਆਪਣੇ ਰਿਸ਼ਤੇਦਾਰਾਂ ਤੋਂ ਵਿਛੋੜਾ, ਫੇਰ ਪਿਤਾ ਦੀ ਮੌਤ, ਮਾਂ ਤੋਂ ਵਿਛੋੜਾ। ਇਨ੍ਹਾਂ ਗੱਲਾਂ ਨੂੰ ਜਦ ਮੈਂ ਯਾਦ ਕਰਦਾ ਹਾਂ ਤਾਂ ਮੇਰਾ ਮਨ ਸੋਗ ਨਾਲ ਭਰ ਜਾਂਦਾ ਹੈ। ਹੇ ਲਛਮਣ, ਇਸ ਸੁੰਨੇ ਜੰਗਲ

ਵਿੱਚ ਆ ਕੇ ਮੈਂ ਸਭ ਦੁੱਖਾਂ ਨੂੰ ਭੁੱਲ ਗਿਆ ਸੀ, ਪਰ ਸੀਤਾ ਦੇ ਵਿਛੜ ਜਾਣ ਨਾਲ ਮੇਰੇ ਭੁੱਲੇ ਹੋਏ ਦੁੱਖ ਫੇਰ ਉਸੇ ਤਰ੍ਹਾਂ ਨਵੇਂ ਹੋ ਗਏ ਹਨ, ਜਿਵੇਂ ਲੱਕੜੀ ਦੀ ਰਗੜ ਨਾਲ ਅੱਗ ਬਲ ਉੱਠਦੀ ਹੈ ।

(ਰਾਮ ਚੰਦਰ ਨੂੰ ਬ੍ਰਹਮਾਂ ਦਾ ਅਵਤਾਰ ਮੰਨਿਆ ਗਿਆ ਹੈ, ਜਿਸ ਨੇ ਰਾਖਸ਼ਾਂ ਨੂੰ ਖਤਮ ਕਰਨ ਲਈ ਜਨਮ ਲਿਆ । ਪ੍ਰੰਤੂ ਰਾਮ ਚੰਦਰ ਤਾਂ ਆਪਣੇ-ਆਪ ਨੂੰ ਪਿਛਲੇ ਜਨਮ ਵਿੱਚ ਕੀਤੇ ਗਏ ਪਾਪਾਂ ਨਾਲ ਜੋੜਦਾ ਹੈ ।)

801 (51–53) ਵੇਖੋ ਸੀਤਾ ਦੇ ਹਰਣ ਦੇ ਸਮੇਂ ਇਸ ਜੰਗਲ ਵਿੱਚ ਧਰਮ ਨੇ ਵੀ ਉਸ ਦੀ ਰੱਖਿਆ ਨਹੀਂ ਕੀਤੀ । ਹੇ ਲਛਮਣ, ਮਰਨ ਵੇਲੇ ਜੇ ਸੀਤਾ ਦੀ ਕਿਸੇ ਨੇ ਰੱਖਿਆ ਨਹੀਂ ਕੀਤੀ ਤਾਂ ਇਸ ਸੰਸਾਰ ਵਿੱਚ ਦਿਵ ਸ਼ਕਤੀ ਵਾਲਾ ਕੌਣ ਵਿਅਕਤੀ ਮੇਰਾ ਕੁਝ ਸੰਵਾਰ ਸਕਦਾ ਹੈ ?

(ਰਾਮ ਚੰਦਰ ਕਿਸੇ ਦੂਸਰੀ ਸ਼ਕਤੀ ਦੇ ਆਸਰੇ ਲਈ ਬੇਸਬਰ ਹੈ । ਉਹ ਧਰਮ ਜਾਂ ਕਿਸੇ ਵਿਅਕਤੀ ਤੋਂ ਪਰਿਵਾਰ ਦੀ ਅਤੇ ਆਪਣੀ ਰੱਖਿਆ ਦੀ ਤਮੰਨਾ ਕਰਦਾ ਹੈ ।)

ਦੂਜੇ ਪਾਸੇ ਪਹਿਲੇ ਤੋਂ ਉਲਟ ਕਿੱਡਾ ਅਜੀਬ ਕਿਸਮ ਦਾ ਇਹ ਦ੍ਰਿਸ਼ਟਾਂਤ ਹੈ ;

802 (61–63) ਜੇ ਦੇਵਤੇ ਸੀਤਾ ਨੂੰ ਠੀਕ-ਠਾਕ ਮੈਨੂੰ ਵਾਪਸ ਨਹੀਂ ਕਰਨਗੇ ਤਾਂ ਮੈਂ ਤਿੰਨਾਂ ਲੋਕਾਂ ਵਿਚ ਪਰਲੋ ਲਿਆ ਦੇਵਾਂਗਾ । ਹੇ ਲਛਮਣ, ਮੈਂ ਹੁਣੇ ਉਨ੍ਹਾਂ ਨੂੰ ਆਪਣੀ ਤਾਕਤ ਵਿਖਾ ਦੇਵਾਂਗਾ । ਆਕਾਸ਼ ਵਿੱਚ ਜਾ ਕੇ ਵੀ ਕੋਈ ਨਹੀਂ ਬਚ ਸਕੇਗਾ । ਮੇਰੇ ਧਨੁਸ਼ ਤੋਂ ਛੁਟੇ ਹੋਏ ਤੀਰਾਂ ਨਾਲ ਸਾਰੇ ਪ੍ਰਾਣੀ ਦੁਖੀ ਹੋਣਗੇ । ਪਸ਼ੂ, ਪੰਛੀ ਸਭ ਮੇਰੇ ਤੀਰਾਂ ਨਾਲ ਫੱਟੜ ਹੋ ਕੇ ਅਤੇ ਘਬਰਾ ਕੇ ਨਸ਼ਟ ਹੋ ਜਾਣਗੇ ।

802 (64–70) ਹੇ ਲਛਮਣ, ਵੇਖੀਂ ਅੱਜ ਸਾਰਾ ਸੰਸਾਰ ਘਬਰਾ ਕੇ ਮਰਿਆਦਾ ਨੂੰ ਤਿਆਗ ਦੇਵੇਗਾ । ਸੀਤਾ ਲਈ ਮੈਂ ਆਪਣੇ ਧਨੁਸ਼ ਦੀ ਡੋਰ ਕੰਨ ਤੱਕ ਖਿੱਚ ਕੇ ਜੀਵ ਲੋਕ ਲਈ ਨਾ ਸਹੇ ਜਾਣ ਵਾਲੇ ਤੀਰ ਛਡਾਂਗਾ ਅਤੇ ਸਾਰੇ ਸੰਸਾਰ ਨੂੰ ਪਿਸ਼ਾਚਾਂ ਅਤੇ ਰਾਖਸ਼ਾਂ ਤੋਂ ਰਹਿਤ ਕਰ ਦੇਵਾਂਗਾ । ਅੱਜ ਮੇਰੇ ਇਨ੍ਹਾਂ ਤੀਰਾਂ ਦੀ ਮਹਿਮਾ ਨੂੰ, ਜਿਨ੍ਹਾਂ ਨੂੰ ਮੈਂ ਕਰੋਧ ਨਾਲ ਭਰ ਕੇ ਚਲਾਵਾਂਗਾ ਅਤੇ ਜੋ ਬਹੁਤ ਦੂਰ ਤੱਕ ਜਾਣਗੇ, ਦੇਵਤਾ ਲੋਕ ਦੇਖਦੇ ਰਹਿ ਜਾਣਗੇ । ਦੇਵਤੇ, ਪਿਸ਼ਾਚ, ਰਾਖਸ਼-ਇਹ ਸਭ ਕਰੋਧ ਨਾਲ ਤ੍ਰਿਲੋਕੀ ਦਾ ਨਾਸ਼ ਕਰਨ ਵਾਲੇ ਮੇਰੇ ਸਾਹਮਣੇ ਟਿਕ ਨਹੀਂ ਸਕਣਗੇ । ਦੇਵਤਿਆਂ, ਦਾਨਵਾਂ, ਯਕਸ਼ਾਂ ਅਤੇ ਰਾਖਸ਼ਾਂ ਦੇ ਵੀ ਜਿਹੜੇ ਲੋਕ ਹਨ, ਉਹ ਮੇਰੇ ਤੀਰਾਂ ਦੀ ਚੋਟ ਨਾਲ ਟੁਕੜੇ-ਟੁਕੜੇ ਹੋ ਕੇ ਥੱਲੇ ਡਿੱਗ ਪੈਣਗੇ । ਅੱਜ ਮੈਂ ਆਪਣੇ ਤੀਰਾਂ ਨਾਲ ਇਨ੍ਹਾਂ ਸਾਰੇ ਲੋਕਾਂ ਨੂੰ ਮਰਿਆਦਾ ਰਹਿਤ ਕਰ ਦੇਵਾਂਗਾ । ਜੇ ਦੇਵਤੇ ਮੇਰੀ ਸੀਤਾ ਨੂੰ ਭਾਵੇਂ ਉਹ ਹਰ ਲਈ ਗਈ ਹੋਵੇ ਜਾਂ ਮਰ ਗਈ ਹੋਵੇ, ਠੀਕ-ਠਾਕ ਵਾਪਸ ਨਹੀਂ ਕਰਨਗੇ ਤਾਂ ਮੈਂ ਜੜ ਚੇਤਨ-ਸੰਸਾਰ ਨੂੰ ਹੀ ਨਹੀਂ ਸਗੋਂ ਤਿੰਨਾਂ ਲੋਕਾਂ ਨੂੰ ਆਪਣੇ ਤੀਰਾਂ ਨਾਲ ਨਸ਼ਟ ਕਰ ਦੇਵਾਂਗਾ ।

803 (75–76) ਹੇ ਲਛਮਣ, ਜਿਵੇਂ ਬੁਢੇਪੇ ਨੂੰ, ਮੌਤ ਦੇ ਸਮੇਂ ਨੂੰ ਅਤੇ ਕਿਸਮਤ ਨੂੰ ਕੋਈ ਰੋਕ ਨਹੀਂ ਸਕਦਾ, ਉਸੇ ਤਰ੍ਹਾਂ ਗੁੱਸੇ ਨਾਲ ਭਰੇ ਹੋਏ ਮੈਨੂੰ ਵੀ ਨਿਸ਼ਚੇ ਹੀ ਕੋਈ ਕਿਸੇ ਤਰ੍ਹਾਂ ਰੋਕ ਨਹੀਂ ਸਕਦਾ । ਸੁਹਣੇ ਦੰਦਾਂ ਵਾਲੀ ਤੇ ਕਿਸੇ ਤਰ੍ਹਾਂ ਦੀ ਵੀ ਬੁਰਿਆਈ ਤੋਂ ਰਹਿਤ ਸੀਤਾ ਜੇ ਮੈਨੂੰ ਨਾ ਮਿਲੀ ਤਾਂ ਮੈਂ ਗੰਧਰਵ, ਮਨੁੱਖ, ਪੰਨਗੇ (ਸੱਪ) ਅਤੇ ਪਹਾੜਾਂ ਸਹਿਤ ਸਾਰੇ ਸੰਸਾਰ ਨੂੰ ਨਸ਼ਟ ਕਰ ਦੇਵਾਂਗਾ।

ਅਗਲੇ ਹੀ ਪਲ ਰਾਮ ਚੰਦਰ ਦੀ ਇਹ ਸਥਿਤੀ ਹੈ ;

809 (21) ਧੀਰਜ ਵਾਲੇ ਹੁੰਦੇ ਹੋਏ ਵੀ ਸ੍ਰੀ ਰਾਮ ਦਾ ਦੁੱਖ ਦੂੱਗਣਾ ਹੋ ਗਿਆ ਅਤੇ ਉਹ ਜ਼ਮੀਨ ਉਪਰ ਡਿੱਗ ਕੇ ਲਛਮਣ ਸਮੇਤ ਰੋਣ ਲੱਗੇ ।

ਬਦਕਿਸਮਤ ਰਾਮ

809 (23–26) ਰਾਜ ਗੱਦੀ ਤੋਂ ਉਤਰਨਾ, ਬਨਵਾਸ, ਸੀਤਾ ਹਰਣ ਅਤੇ ਇਸ ਪੰਛੀ ਦੀ ਮੌਤ ਇਹ ਸਭ ਮੇਰੇ ਖੋਟੇ ਭਾਗਾਂ ਦਾ ਹੀ ਨਤੀਜਾ ਹੈ । ਮੇਰੇ ਇਹ ਖੋਟੇ ਭਾਗ ਵੀ ਜੇ ਚਾਹੁਣ ਤਾਂ ਅੱਗ ਨੂੰ ਵੀ ਸੁਆਹ ਕਰ ਸਕਦੇ ਹਨ । ਮੈਂ ਆਪਣੇ ਭਾਗਾਂ ਦਾ ਕੀ ਵਰਨਣ ਕਰਾਂ ? ਜੇ ਮੈਂ ਆਪਣੇ ਦੁੱਖ ਦੀ ਸ਼ਾਂਤੀ ਵਾਸਤੇ ਸਮੁੰਦਰ ਵਿੱਚ ਵੀ ਛਾਲ ਮਾਰਾਂ ਤਾਂ ਉਹ ਵੀ ਮੇਰੇ ਖੋਟੇ ਭਾਗਾਂ ਨਾਲ ਸੁੱਕ ਜਾਵੇਗਾ । ਇਸ ਜੜ੍ਹ ਚੇਤਨਾ ਸੰਸਾਰ ਵਿੱਚ ਮੇਰੇ ਵਰਗਾ ਬਦਨਸੀਬ ਹੋਰ ਕੋਈ ਨਹੀਂ ਹੈ, ਕਿਉਂਕਿ ਇਸ ਬਦਕਿਸਮਤੀ ਦੇ ਕਾਰਨ ਹੀ ਮੈਨੂੰ ਮਹਾਨ ਦੁੱਖ ਰੂਪੀ ਜਾਲ ਵਿੱਚ ਫਸਣਾ ਪਿਆ ਹੈ । ਇਹ ਗਿੱਧਾਂ ਦਾ ਰਾਜਾ ਜਟਾਯੂ ਮੇਰੇ ਪਿਤਾ ਦਾ ਮਿੱਤਰ ਹੈ । ਮੇਰੀ ਬਦਕਿਸਮਤੀ ਕਾਰਨ ਹੀ ਇਹ ਜ਼ਮੀਨ ਉੱਪਰ ਡਿੱਗਿਆ ਪਿਆ ਹੈ ।

809 (28) ਮੇਰੀ ਪ੍ਰਾਣਾਂ ਤੋਂ ਵੀ ਵੱਧ ਪਿਆਰੀ ਸੀਤਾ ਕਿੱਥੇ ਹੈ ? ਇਹ ਕਹਿ ਕੇ ਸ੍ਰੀ ਰਾਮ ਜ਼ਮੀਨ ਉੱਪਰ ਡਿੱਗ ਪਏ।

ਕੋਈ ਆਮ ਵਿਅਕਤੀ ਤੇਜੱਸਵੀ ਰਾਮ ਅਤੇ ਲਛਮਣ ਨੂੰ ਹੇਠ ਲਿਖੀ ਅਕਲ ਸਿਖਾਉਂਦਾ ਹੈ

882 (6-9) ਹੇ ਰਾਮ, ਸੁਣੋ ਮੈਂ ਹੁਣ ਦੱਸਦਾ ਹਾਂ ਕਿ ਸੀਤਾ ਕਿਵੇਂ ਮਿਲੇਗੀ। ਇਸ ਸੰਸਾਰ ਵਿੱਚ ਕੰਮ ਕਰਨ ਦੇ ਛੇ ਨਿਯਮ ਹਨ, ਸੰਧੀ (ਮੇਲ), ਵਿਗ੍ਰਹ (ਲੜਾਈ), ਯਾਨ (ਦੁਸ਼ਮਣ ਉੱਤੇ ਹਮਲਾ ਕਰਨਾ), ਆਸਨ (ਵੈਰੀ ਦੇ ਸਾਹਮਣੇ ਫੌਜਾਂ ਨੂੰ ਰੋਕ ਲੈਣਾ), ਦਵੈਦੀਭਾਵ (ਪਰਸਪਰ ਇੱਕ ਦੂਜੇ ਨੂੰ ਲੜਾ ਦੇਣਾ) ਅਤੇ ਸੰਸ੍ਰਯ (ਕਿਸੇ ਦੀ ਮਦਦ ਲੈਣੀ)। ਉੱਤਮ ਪੁਰਸ਼ ਇਨ੍ਹਾਂ ਦੀ ਸਹਾਇਤਾ ਨਾਲ ਹੀ ਸਭ ਗੱਲਾਂ ਉੱਪਰ ਵਿਚਾਰ ਕਰਦੇ ਹਨ। ਜਿਸ ਮਨੁੱਖ ਨੂੰ ਮੁਸੀਬਤ ਘੇਰ ਲੈਂਦੀ ਹੈ, ਉਸ ਦੀ ਦੁਰਦਸ਼ਾ ਹੀ ਹੁੰਦੀ ਚਲੀ ਜਾਂਦੀ ਹੈ। ਤੁਸੀਂ ਦੋਵੇਂ ਰਾਮ ਅਤੇ ਲਛਮਣ, ਮੁਸੀਬਤ ਨਾਲ ਘਿਰੇ ਹੋਏ ਹੋ। ਤੁਸੀਂ ਅਵੱਸ਼ ਹੀ ਉਸ (ਸੁਗਰੀਵ) ਨਾਲ ਮਿੱਤਰਤਾ ਕਰ ਲਉ। ਬਿਨਾਂ ਮਿੱਤਰਤਾ ਕੀਤੇ ਤੁਹਾਡੇ ਕੰਮ ਵਿੱਚ ਸਫਲਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਮੇਰਾ ਵਿਚਾਰ ਹੈ।

832 (10) ਹੇ ਰਾਮ ਸੁਣੋ, ਮੈਂ ਦਸ ਰਿਹਾ ਹਾਂ ਕਿ ਸੁਗਰੀਵ ਨਾਂ ਦਾ ਇਕ ਵਾਨਰ ਹੈ, ਜਿਸ ਨੂੰ ਇੰਦਰ ਦੇ ਪੁੱਤਰ ਬਾਲੀ ਨੇ, ਜੋ ਕਿ ਉਸ ਦਾ ਭਰਾ ਹੈ, ਗੁੱਸੇ ਵਿੱਚ ਆ ਕੇ ਘਰੋਂ ਕੱਢ ਦਿੱਤਾ ਹੈ।

821,823 (13-14) ਉਸ ਮਹਾਂਬਲੀ ਨੂੰ ਉਸ ਦੇ ਵੱਡੇ ਭਰਾ ਬਾਲੀ ਨੇ ਰਾਜ ਪਿੱਛੇ ਬਾਹਰ ਕੱਢ ਦਿੱਤਾ ਹੈ। ਨਿਸ਼ਚੇ ਹੀ ਉਹ ਤੁਹਾਡੇ ਨਾਲ ਮਿੱਤਰਤਾ ਕਰੇਗਾ ਅਤੇ ਸੀਤਾ ਨੂੰ ਢੂੰਡਣ ਵਿੱਚ ਤੁਹਾਡੀ ਸਹਾਇਤਾ ਕਰੇਗਾ। ਹੇ ਰਾਮ, ਤੁਸੀਂ ਦੁਖੀ ਨਾ ਹੋਵੋ।

823 (16-17) ਹੇ ਸੂਰਬੀਰ, ਉਸ ਮਹਾਂਬਲੀ ਸੁਗਰੀਵ ਕੋਲ ਜਲਦੀ ਜਾਉ। ਅੱਜ ਜਲਦੀ ਹੀ ਉਸ ਕੋਲ ਜਾ ਕੇ ਉਸ ਨਾਲ ਦੋਸਤੀ ਗੰਢ ਲਉ। ਤੁਸੀਂ ਅੱਗ ਨੂੰ ਗਵਾਹ ਬਣਾ ਕੇ ਮਿੱਤਰਤਾ ਕਰਨਾ ਤਾਂ ਜੋ ਬਾਅਦ ਵਿੱਚ ਝਗੜਾ ਨਾ ਹੋਵੇ। ਇਹ ਵੀ ਯਾਦ ਰੱਖਣਾ ਕਿ ਵਾਨਰਾਂ ਦੇ ਰਾਜਾ ਸੁਗਰੀਵ ਦਾ ਤੁਸੀਂ ਕਦੇ ਵੀ ਅਪਮਾਨ ਨਾ ਕਰਨਾ।

825 (13-14) ਹੇ ਰਾਮ, ਤੁਸੀਂ ਉਨ੍ਹਾਂ ਘਿਉ ਦੇ ਡਲਿਆਂ ਵਰਗੇ ਮੋਟੇ-ਮੋਟੇ ਪੰਛੀਆਂ ਨੂੰ ਅਤੇ ਰੋਹਿਤ, ਵਕਰ, ਤੁੰਡ ਅਤੇ ਨਲ ਨਾਂ ਦੀਆਂ ਮੱਛੀਆਂ ਨੂੰ ਮਾਰ-ਮਾਰ ਕੇ ਖਾਣਾ। ਹੇ ਰਾਮ, ਪੰਪਾਂ ਵਿੱਚ ਰਹਿਣ ਵਾਲੀਆਂ ਮੱਛੀਆਂ ਦੇ ਪੰਖ ਨਹੀਂ ਹਨ। ਉਹ ਬੜੀਆਂ ਮੋਟੀਆਂ, ਮੋਟੀ ਚਮੜੀ ਵਾਲੀਆਂ ਅਤੇ ਕੰਡੇਦਾਰ ਹਨ। ਅਜਿਹੀਆਂ ਮੱਛੀਆਂ ਨੂੰ ਕੰਡੇ ਵਿੱਚ ਵਿੰਨ੍ਹ ਕੇ ਅੱਗ ਉੱਤੇ ਭੁੰਨ ਕੇ ਬੜੇ ਚਾਅ ਨਾਲ ਲਛਮਣ ਤੁਹਾਨੂੰ ਦੇਣਗੇ। ਇਸ ਤਰ੍ਹਾਂ ਤੁਸੀਂ ਕੰਵਲ ਫੁੱਲਾਂ ਦੇ ਵਿਚਕਾਰ ਘੁੰਮ ਰਹੀਆਂ ਬਹੁਤ ਸਾਰੀਆਂ ਮੱਛੀਆਂ ਖਾਉਗੇ।

823 (19-23) ਭਾਵੇਂ ਉਸ ਦਾ ਕੰਮ ਪੂਰਾ ਹੋਵੇ ਜਾਂ ਨਾ ਹੋਵੇ, ਉਹ ਤੁਹਾਡੀ ਸਹਾਇਤਾ ਜ਼ਰੂਰ ਕਰੇਗਾ। ਉਹ ਰਿਕਸ਼ਰਾਜ ਨਾਂ ਦੇ ਵਾਨਰ ਦਾ ਬੇਟਾ ਹੈ। ਉਹ ਭਰਾ ਦੇ ਡਰ ਦੇ ਮਾਰੇ ਪੰਪਾ ਨਾਂ ਦੇ ਸਰੋਵਰ ਦੇ ਕਿਨਾਰੇ ਘੁੰਮਦਾ ਹੈ। ਉਹ ਸੂਰਜ ਦਾ ਸੱਕਾ ਪੁੱਤਰ ਹੈ। ਉਹ ਬਾਲੀ ਨਾਲ ਦੁਸ਼ਮਣੀ ਹੋਣ ਕਰਕੇ ਬੜਾ ਦੁਖੀ ਰਹਿੰਦਾ ਹੈ। ਤੁਸੀਂ ਸਾਰੇ ਹਥਿਆਰ ਰੱਖ ਕੇ ਰਿਸ਼ਯਮੁਕ ਪਰਬਤ 'ਤੇ ਰਹਿਣ ਵਾਲੇ ਵਾਨਰ ਨਾਲ ਜ਼ਰੂਰ ਮਿੱਤਰਤਾ ਕਰੋ, ਕਿਉਂਕਿ ਵਾਨਰਾਂ ਵਿੱਚ ਹਾਥੀ ਵਰਗਾ ਉਹ ਸੁਗਰੀਵ ਮਨੁੱਖਾਂ ਨੂੰ ਖਾ ਜਾਣ ਵਾਲੇ ਰਾਖਸ਼ਾਂ ਦੀਆਂ ਸਭ ਥਾਵਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਹੇ ਰਾਮ ਸੰਸਾਰ ਵਿੱਚ ਕੋਈ ਵੀ ਥਾਂ ਅਜਿਹੀ ਨਹੀਂ, ਜਿਸ ਨੂੰ ਉਹ ਨਾ ਜਾਣਦਾ ਹੋਵੇ।

(ਸੁਗਰੀਵ ਦਰਾਵੜ ਰਾਜੇ ਬਾਲੀ ਦਾ ਛੋਟਾ ਭਾਈ ਹੈ, ਜੋ ਹਰ ਚੀਜ਼ ਦਾ ਭੇਤੀ ਹੈ।)

ਕਾਮ ਪੀੜਤ ਰਾਮ

837 (34-37) ਹੇ ਲਛਮਣ, ਮੈਂ ਚਿੰਤਾ ਅਤੇ ਦੁੱਖ ਨਾ ਪੀੜਤ ਹਾਂ। ਉਹ ਮ੍ਰਿਗਨੈਣੀ ਸੀਤਾ ਮੈਨੂੰ ਵਧੇਰੇ ਦੁਖੀ ਕਰ ਰਹੀ ਹੈ। ਇਹ ਮੋਰ ਹਵਾ ਵਿੱਚ ਕੰਬ ਰਹੇ ਅਤੇ ਫੈਲੇ ਖੰਭਾਂ ਵਿੱਚ ਇਧਰ-ਉਧਰ ਨੱਚਦੇ ਹੋਏ ਬੜੇ ਸੁਹਣੇ ਭਾਸ ਰਹੇ ਹਨ। ਉਨ੍ਹਾਂ ਦੇ ਫੈਲੇ ਹੋਏ ਖੰਭ ਬਲੌਰ ਮਣੀ ਦੇ ਬਣੇ ਝਰੋਖਿਆਂ ਵਾਂਗ ਜਾਪ ਰਹੇ ਹਨ। ਮੋਰਨੀਆਂ ਨਾਲ ਘਿਰੇ ਹੋਏ ਇਹ ਮਦਹੋਸ਼ ਮੋਰ ਕਾਮ ਤੋਂ ਸੜੇ ਹੋਏ ਮੇਰੀ ਕਾਮ-ਪੀੜ ਨੂੰ ਹੋਰ ਅਧਿਕ ਵਧਾ ਰਹੇ ਹਨ। ਹੇ ਲਛਮਣ ਉਹ ਵੇਖੋ ਪਹਾੜ ਦੀ ਚੋਟੀ 'ਤੇ ਮੋਰ ਨਚ ਰਿਹਾ ਹੈ ਤੇ ਆਪਣੇ ਨਰ ਦੇ ਨਾਲ ਉਹ ਮੋਰਨੀ ਦੀ ਕਾਮ ਵਾਸ਼ਨਾ ਤੋਂ ਪੀੜਿਤ ਹੋ ਕੇ ਨੱਚ ਰਹੀ ਹੈ।

838 (41-43) ਵੇਖੋ ਇਹ ਮੋਰਨੀ ਕਾਮ ਵਾਸਨਾ ਨਾਲ ਆਪਣੇ ਸਵਾਮੀ ਨਰ ਮੋਰ ਅੱਗੇ ਆ ਖਲੋਤੀ।

ਵੱਡੀਆਂ-ਵੱਡੀਆਂ ਅੱਖਾਂ ਵਾਲੀ ਉਹ ਸੀਤਾ ਵੀ, ਜੇ ਉਸ ਦਾ ਅਪਹਰਣ ਨਾ ਹੋਇਆ ਹੁੰਦਾ ਤਾਂ ਇਸੇ ਤਰ੍ਹਾਂ ਪਿਆਰ ਭਾਵ ਅਤੇ ਆਦਰ ਸਹਿਤ ਮੇਰੇ ਕੋਲ ਆ ਜਾਂਦੀ ।

839 (55-58) ਇਨ੍ਹਾਂ ਉੱਤੇ ਪੰਛੀਆਂ ਦੀ ਇਹ ਚਹਿਕ (ਵਿਰਹੀ ਲੋਕਾਂ ਦੀ) ਕਾਮ ਭਾਵਨਾ ਨੂੰ ਵਧਾ ਦੇਣ ਵਾਲੀ ਹੈ । ਹਵਾ ਦੁਆਰਾ ਝੰਜੋੜੇ ਗਏ ਤਿਲਕ ਬ੍ਰਿਛ ਦੇ ਫੁੱਲਾਂ ਦੇ ਗੁੱਛੇ (ਮੰਜਰੀ) ਵਲ ਇਹ ਭੌਰਾ ਤੇਜ਼ੀ ਨਾਲ ਇਉਂ ਅੱਗੇ ਵਧ ਰਿਹਾ ਹੈ ਜਿਵੇਂ ਕਿ ਉਹ ਮੰਜਰੀ ਕਾਮ ਭਾਵਨਾ ਦੀ ਮਸਤੀ ਨਾਲ ਕੰਬ ਰਹੀ, ਉਸ ਦੀ ਪ੍ਰਿਯਾ ਹੋਵੇ । ਇਹ ਅਸ਼ੋਕ ਬ੍ਰਿਛ ਵਿਰਹੀ ਕਾਮੀ ਪੁਰਸ਼ਾਂ ਨੂੰ ਬਾਹਲਾ ਦੁਖੀ ਕਰਦਾ ਹੈ ।

842 (92-93) ਇਹ ਬੱਤਖ ਪੰਪਾ ਸਰੋਵਰ ਦੇ ਸਵੱਛ ਜਲ ਵਿੱਚ ਦਾਖਲ ਹੋ ਕੇ ਆਪਣੀ ਪ੍ਰਿਯਾ ਨਾਲ ਆਨੰਦ ਮਾਣ ਰਿਹਾ ਹੈ । ਇਹ ਪੰਛੀ ਜਿਵੇਂ ਮੇਰੀ ਕਾਮ ਭਾਵਨਾ ਨੂੰ ਜਗਾ ਰਿਹਾ ਹੈ । ਗੰਗਾ ਨਦੀ ਵਾਂਗ ਸੁੰਦਰ ਇਹ ਪੰਪਾ ਸਰੋਵਰ ਦੀ ਸ਼ੋਭਾ ਮਨ ਨੂੰ ਮੋਹ ਲੈਣ ਵਾਲੀ ਹੈ ।

ਲਛਮਣ ਮਹਾਂਤੇਜੱਸਵੀ ਭਰਾ ਨੂੰ ਅਕਲ ਦੀ ਗੱਲ ਸਿਖਾਉਂਦਾ ਹੈ

845 (120-122) ਹੇ ਭਾਈ, ਉਤਸ਼ਾਹ ਹੀ ਬਲਵਾਨ ਹੁੰਦਾ ਹੈ । ਉਤਸ਼ਾਹ ਤੋਂ ਵੱਧ ਕੇ ਕੋਈ ਵੀ ਪਦਾਰਥ ਦੁਰਲੱਭ ਨਹੀਂ ਹੁੰਦਾ । ਉਤਸ਼ਾਹਪੂਰਣ ਮਨੁੱਖ ਦੁੱਖਾਂ ਵਿੱਚ ਵੀ ਆਪਣਾ ਹੌਸਲਾ ਨਹੀਂ ਛੱਡਦੇ । ਅਸੀਂ ਕੇਵਲ ਉਤਸ਼ਾਹ ਦਾ ਸਹਾਰਾ ਲੈ ਕੇ ਹੀ ਸੀਤਾ ਨੂੰ ਮੁੜ ਪ੍ਰਾਪਤ ਕਰਨ ਵਿੱਚ ਸਫਲ ਹੋ ਸਕਦੇ ਹਾਂ । ਸ਼ੋਕ ਜਾਂ ਦੁੱਖ ਦੇ ਭਾਵ ਨੂੰ ਪਿੱਛੇ ਛੱਡ ਕੇ ਤੁਸੀਂ ਕਾਮੀ ਅਥਵਾ ਵਿਰਹੀ ਮਨੁੱਖਾਂ ਵਾਲੇ ਵਿਵਹਾਰ ਦਾ ਤਿਆਗ ਕਰੋ ।

852 (20-22) ਮੈਂ ਵੀ ਵਾਨਰ ਹਾਂ ਤੇ ਮੇਰਾ ਨਾਂ ਹਨੂੰਮਾਨ ਹੈ । ਉਹ ਧਰਮਾਤਮਾ ਸੁਗਰੀਵ ਤੁਸਾਂ ਦੋਹਾਂ ਨਾਲ ਦੋਸਤੀ ਕਰਨਾ ਚਾਹੁੰਦਾ ਹੈ । ਮੈਂ ਉਸ ਦਾ ਮੰਤਰੀ ਹਾਂ । ਮੈਂ ਵਾਯੂ ਦੇਵਤਾ ਦਾ ਪੁੱਤਰ ਵਾਨਰ ਹਾਂ । ਮੈਂ ਆਪਣੀ ਇੱਛਾ ਅਨੁਸਾਰ ਜਿੱਥੇ ਚਾਹਵਾਂ ਜਾ ਸਕਦਾ ਹਾਂ ਅਤੇ ਜੋ ਰੂਪ ਚਾਹਵਾਂ ਧਾਰ ਸਕਦਾ ਹਾਂ । ਸੁਗਰੀਵ ਦਾ ਹਿਤ ਕਰਨ ਦੇ ਮਨੋਰਥ ਨਾਲ ਮੈਂ ਇਸ ਵੇਲੇ ਇਕ ਭਿਕਸ਼ੂ ਦਾ ਕਪਟੀ ਭੇਖ ਧਾਰ ਕੇ ਰਿਸ਼ਯਮੂਕ ਪਰਬਤ ਤੋਂ ਇੱਥੇ ਆਇਆ ਹਾਂ । (ਹਨੂੰਮਾਨ ਵੀ ਬਾਨਰ ਦਰਾਵੜ ਜਾਤੀ ਵਿੱਚੋਂ ਹੈ ਜੋ ਸਮਾਜਿਕ ਤੌਰ 'ਤੇ ਕੌਸਰੀਨ ਦਾ ਖੇਟਾ ਹੈ । ਉਹ ਸੁਗਰੀਵ ਪੱਖੀ ਹੈ ਤੇ ਰਾਮ ਨਾਲ ਦੋਸਤੀ ਕਰਨ ਦਾ ਇੱਛਾਵਾਨ ਹੈ ।)

ਵਡਿਆਉਣ ਅਤੇ ਮਿੱਤਰਤਾ ਦੀ ਨੀਤੀ ਤਿਆਰ ਹੋਈ

853 (33-37) ਹੇ ਨਿਰਪਾਪ ਲਛਮਣ, ਜਿਸ ਰਾਜਾ ਕੋਲ ਇਹੋ ਜਿਹਾ ਦੂਤ ਨਾ ਹੋਵੇ ਉਸ ਰਾਜਾ ਨੂੰ ਆਪਣੇ ਕੰਮਾਂ ਵਿੱਚ ਸਫਲਤਾ ਕਿਵੇਂ ਪ੍ਰਾਪਤ ਹੋ ਸਕਦੀ ਹੈ । ਜਿਸ ਦੇ ਕੰਮ ਨੂੰ ਪੂਰਾ ਕਰਨ ਵਾਲੇ ਇਹੋ ਜਿਹੇ ਸ਼੍ਰੇਸ਼ਟ ਗੁਣਾਂ ਨਾਲ ਭਰਪੂਰ ਦੂਤ ਹੁੰਦੇ ਹਨ, ਉਹ ਰਾਜਾ ਦੇ ਸਭ ਮਨੋਰਥ ਉਨ੍ਹਾਂ ਦੂਤਾਂ ਦੀ ਗੱਲਬਾਤ ਰਾਹੀਂ ਹੀ ਸਫਲ ਹੋ ਜਾਂਦੇ ਹਨ । ਸ੍ਰੀ ਰਾਮ ਦੀ ਇਹ ਗੱਲ ਸੁਣ ਕੇ ਗੱਲਬਾਤ ਕਰਨ ਵਿੱਚ ਚਤੁਰ ਲਛਮਣ ਨੇ ਗੱਲਾਂ ਵਿੱਚ ਪ੍ਰਵੀਣ ਉਸ ਪਵਨ ਪੁੱਤਰ ਵਾਨਰ ਹਨੂੰਮਾਨ ਨੂੰ, ਜੋ ਸੁਗਰੀਵ ਦਾ ਮੰਤਰੀ ਸੀ, ਇਨ੍ਹਾਂ ਸ਼ਬਦਾਂ ਨਾਲ ਸੰਬੋਧਿਤ ਕੀਤਾ : ਹੇ ਵਿਦਵਾਨ ਵਾਨਰ, ਅਸੀਂ ਮਹਾਤਮਾ ਸੁਗਰੀਵ ਦੇ ਗੁਣਾਂ ਤੋਂ ਜਾਣੂ ਹਾਂ । ਇਸ ਵੇਲੇ ਅਸੀਂ ਉਸੇ ਵਾਨਰਪਤੀ ਸੁਗਰੀਵ ਨੂੰ ਢੂੰਡ ਰਹੇ ਹਾਂ । ਹੇ ਸ਼੍ਰੇਸ਼ਟ ਹਨੂੰਮਾਨ, ਤੁਸੀਂ ਸੁਗਰੀਵ ਵੱਲੋਂ ਜੋ ਕੁਝ ਕਿਹਾ ਹੈ, ਦੋਸਤੀ ਕਰਨ ਦੀ ਜਿਹੜੀ ਗੱਲ ਤੁਸਾਂ ਕੀਤੀ ਹੈ, ਉਹ ਸਾਨੂੰ ਸਵੀਕਾਰ ਹੈ । ਅਸੀਂ ਤੁਹਾਡੇ ਆਖੇ ਅਨੁਸਾਰ ਹੀ ਕਰਾਂਗੇ ।

854 (1) ਹੁਣ ਅਵੱਸ਼ ਹੀ ਮਹਾਤਮਾ ਸੁਗਰੀਵ ਨੂੰ ਰਾਜ ਭਾਗ ਦੀ ਪ੍ਰਾਪਤੀ ਹੋ ਜਾਵੇਗੀ, ਕਿਉਂਕਿ ਉਹ (ਸ੍ਰੀ ਰਾਮ) ਕਿਸੇ ਖਾਸ ਕੰਮ ਨੂੰ ਮਨ ਵਿੱਚ ਧਾਰ ਕੇ ਇੱਥੇ ਆਏ ਹਨ ਅਤੇ ਇਹ ਕੰਮ ਸੁਗਰੀਵ ਰਾਹੀਂ ਹੀ ਸਿੱਧ ਹੋਣ ਵਾਲਾ ਪ੍ਰਤੀਤ ਹੁੰਦਾ ਹੈ । (ਸੁਗਰੀਵ ਨੂੰ ਆਪਣੇ ਵੱਡੇ ਭਾਈ ਤੋਂ ਰਾਜ ਖੋਹਣ ਦੀ ਲਾਲਸਾ ਤੰਗ ਕਰ ਰਹੀ ਹੈ, ਓਵੇਂ ਜਿਵੇਂ ਲਛਮਣ ਭਰਤ ਨੂੰ ਮਾਰ ਕੇ ਅਯੁੱਧਿਆ ਰਾਜ ਲੈਣ ਲਈ ਤਿਆਰ ਸੀ ।)

857 (30) ਹੇ ਭਾਈ ਸ੍ਰੀ ਰਾਮ ਇਹ ਪਵਨ ਪੁੱਤਰ ਵਾਨਰ ਹਨੂੰਮਾਨ ਸਾਡੇ 'ਤੇ ਅਤਿਅੰਤ ਪ੍ਰਸੰਨ ਹੈ । ਇਹ ਜਿਵੇਂ ਆਖਦਾ ਹੈ, ਉਸ ਤੋਂ ਇਜ ਜਾਪਦਾ ਹੈ ਕਿ ਇਸ ਦੇ ਸਵਾਮੀ ਨੂੰ ਵੀ ਤੁਹਾਥੋਂ ਕੁਝ ਕੰਮ ਹੈ । ਇਹ ਹਾਲਤ ਵਿੱਚ ਤੁਸੀਂ ਆਪਣਾ ਕੰਮ ਸਿੱਧ ਹੋਇਆ ਹੀ ਸਮਝੋ । (ਲਛਮਣ ਸੁਗਰੀਵ ਦੀ ਲਾਲਸਾ ਨੂੰ ਹਨੂੰਮਾਨ ਦੀ ਗੱਲਬਾਤ ਵਿੱਚੋਂ ਭਾਂਪ ਗਿਆ ਹੈ ।)

ਕਿਸੇ ਦੀ ਵਡਿਆਈ ਕਰਕੇ ਮਨ ਜਿੱਤਣਾ ਤੇ ਨੇੜੇ ਹੋਣਾ ਰਣਨੀਤੀ ਹੈ ;

859 (8) ਤੁਸੀਂ ਧਰਮ ਦੇ ਗਿਆਨੀ, ਮਹਾਨ ਤਪੱਸਵੀ ਤੇ ਸਭਨਾਂ ਪ੍ਰਾਣੀਆਂ ਉੱਤੇ ਦਇਆ ਕਰਨ ਵਾਲੇ

ਹੈ।ਪਵਨ ਪੁੱਤਰ ਹਨੂੰਮਾਨ ਨੇ ਤੁਹਾਡੇ ਗੁਣਾਂ ਦਾ ਵਖਾਨ ਠੀਕ ਹੀ ਕੀਤਾ ਹੈ ।(ਰਾਮ ਨੇ ਸੁਗਰੀਵ ਨੂੰ ਸਹਾਇਤਾ ਦੇਣ ਦੀ ਪਹਿਲ ਕੀਤੀ ਤਾਂ ਜੋ ਰਸਤੇ ਵਿੱਚੋਂ ਰੋੜਾ ਹਟਾਇਆ ਜਾ ਸਕੇ ।)

868 (20) ਮੈਂ ਅੱਜ ਹੀ ਤੁਹਾਡੀ ਪਤਨੀ ਦਾ ਅਪਹਰਣ ਕਰਨ ਵਾਲੇ ਉਸ ਬਾਲੀ ਦਾ ਵੱਧ ਕਰਾਂਗਾ।

868 (23) ਤੁਸੀਂ ਵੇਖਣਾ, ਇਨ੍ਹਾਂ ਬਾਣਾਂ ਨਾਲ ਮੈਂ ਬਾਲੀ ਨਾਂ ਦੇ ਤੁਹਾਡੇ ਭਰਾ ਨੂੰ, ਜੋ ਤੁਹਾਡਾ ਦੁਸ਼ਮਣ ਹੈ ਤੇ ਜਿਸ ਨੇ ਤੁਹਾਡਾ ਅਹਿਤ ਕੀਤਾ ਹੈ, ਮਾਰ ਛੱਡਾਂਗਾ । ਉਹ ਟੁਟੇ ਤੇ ਖਿਲਰੇ ਹੋਏ ਪਹਾੜ ਵਾਂਗ ਭੋਂਇ 'ਤੇ ਪਿਆ ਹੋਵੇਗਾ।(ਬਾਲੀ, ਸੁਗਰੀਵ ਤੋਂ ਦੁਖੀ ਹੋਇਆ ਸੀ, ਕਿਉਂਕਿ ਬਾਲੀ ਨੂੰ ਮਾਰਨ ਆਇਆ ਦੁਸ਼ਮਣ ਇਕ ਖੁੱਡ ਵਿੱਚ ਵੜ ਗਿਆ ਸੀ ।ਬਾਲੀ ਸੁਗਰੀਵ ਨੂੰ ਬਾਹਰ ਰੋਕ ਕੇ ਅੰਦਰ ਚਲਾ ਗਿਆ, ਪ੍ਰੰਤੂ ਸੁਗਰੀਵ ਨੇ ਮੌਕਾ ਪਾ ਕੇ ਬਾਲੀ ਦਾ ਰਾਜ ਸਿੰਘਾਸਨ ਅਤੇ ਔਰਤ ਕਾਬੂ ਕਰ ਲਈ ।)

872 (2) ਜਦੋਂ ਤੀਕ ਮੈਂ ਇਸ ਖੁੱਡ ਵਿੱਚ ਦਾਖਲ ਹੋ ਕੇ ਲੜਾਈ ਵਿੱਚ ਸ਼ਤਰੂ ਨੂੰ ਮਾਰ ਕੇ ਵਾਪਸ ਨਹੀਂ ਮੁੜਦਾ, ਤਦੋਂ ਤੀਕ ਹੇ ਸੁਗਰੀਵ ਤੂੰ ਇਸ ਦੇ ਦੁਆਰ 'ਤੇ ਸੁਚੇਤ ਹੋ ਕੇ ਖਲੋ ਰਹੀ ।

872 (14-18) ਉਸ ਖੁੱਡ ਵਿੱਚ ਦਾਖਲ ਹੋਇਆ ਉਸ ਨੂੰ ਇੱਕ ਵਰ੍ਹੇ ਤੋਂ ਵੀ ਵੱਧ ਸਮਾਂ ਬੀਤ ਗਿਆ ਤੇ ਮੈਂ ਸਮਝਿਆ ਕਿ ਉਹ ਕਿਤੇ ਮਰ ਮੁੱਕ ਗਿਆ ਹੋਵੇਗਾ ।ਇਸ ਤਰ੍ਹਾਂ ਮੇਰੇ ਮਨ ਵਿੱਚ ਉਸ ਦੇ ਮਾਰ ਦਿੱਤੇ ਜਾਣ ਬਾਰੇ ਸ਼ੰਕਾ ਹੋਣ ਲੱਗ ਪਈ ।ਉਸ ਖੁੱਡ ਤੋਂ ਅਚਾਨਕ ਝੱਗ ਰਲੀ ਖੂਨ ਦੀ ਧਾਰ ਬਾਹਰ ਵੱਲ ਨਿਕਲੀ ।ਉਸ ਨੂੰ ਵੇਖਕੇ ਮੈਂ ਬੇਹੱਦ ਦੁਖੀ ਹੋਇਆ । ਤਦ ਮੈਂ ਉਸ ਖੁੱਡ ਦੇ ਦੁਆਰ 'ਤੇ ਇੱਕ ਬਹੁਤ ਵੱਡੀ ਚਟਾਨ ਰੱਖ ਦਿੱਤੀ ਤੇ ਉਸ ਦੁਆਰ ਨੂੰ ਬੰਦ ਕਰ ਦਿੱਤਾ ।

873 (19-20) ਬਾਲੀ ਦੀ ਮੌਤ ਦੀ ਅਸਲੀਅਤ ਨੂੰ ਮੈਂ ਮੰਤਰੀਆਂ ਕੋਲੋਂ ਯਤਨ ਨਾਲ ਛੁਪਾ ਰਿਹਾ ਸੀ ।ਪ੍ਰੰਤੂ ਉਨ੍ਹਾਂ ਇਹ ਗੱਲ ਕਿਸੇ ਤਰ੍ਹਾਂ ਜਾਣ ਲਈ ।ਇਸ ਉਪਰੰਤ ਸਭਨਾਂ ਨੇ ਮਿਲ ਕੇ ਮੇਰਾ ਰਾਜ ਤਿਲਕ ਕਰ ਦਿੱਤਾ ਤੇ ਮੈਂ ਹੇ ਰਘੂਵੰਸ਼ੀ ਸ੍ਰੀ ਰਾਮ, ਨਿਆਂ ਪੂਰਵਕ ਰਾਜ ਚਲਾਉਣ ਲੱਗ ਪਿਆ ।ਇਸ ਦੇ ਕੁਝ ਸਮੇਂ ਮਗਰੋਂ ਉਹ ਵਾਨਰ ਬਾਲੀ ਆਪਣੇ ਸ਼ਤਰੂ ਨੂੰ ਮਾਰ ਕੇ ਘਰ ਪਰਤ ਆਇਆ । ਵਾਪਸ ਪਰਤ ਆਉਣ 'ਤੇ ਜਦ ਉਸ ਨੇ ਵੇਖਿਆ ਕਿ ਮੇਰਾ ਰਾਜ ਤਿਲਕ ਹੋ ਚੁੱਕਾ ਹੈ, ਤਦ ਉਸ ਦੀਆਂ ਅੱਖਾਂ ਰੋਹ ਨਾਲ ਲਾਲ ਹੋ ਗਈਆਂ ।

(ਇਹ ਵਿਖਿਆਨ ਸੁਗਰੀਵ ਰਾਮ ਚੰਦਰ ਨੂੰ ਖੁਦ ਸੁਣਾ ਰਿਹਾ ਹੈ ।)

874 (17) ਹੇ ਸੁਗਰੀਵ, ਜਦੋਂ ਤੀਕ ਮੈਂ ਆਪਣੇ ਇਸ ਸ਼ਤਰੂ ਨੂੰ ਮਾਰ ਨਹੀਂ ਲੈਂਦਾ ਤਦੋਂ ਤੀਕ ਮੈਂ ਰਾਜਧਾਨੀ ਨੂੰ ਵਾਪਸ ਨਹੀਂ ਜਾ ਸਕਦਾ ।ਇਸ ਲਈ ਜਦ ਤੱਕ ਮੈਂ ਉਸ ਨੂੰ ਮਾਰ ਕੇ ਵਾਪਸ ਨਹੀਂ ਪਰਤਦਾ, ਤਦ ਤੱਕ ਤੂੰ ਇਸ ਖੁੱਡ ਦੇ ਦੁਆਰ 'ਤੇ ਖਲੋਕੇ ਮੇਰੀ ਉਡੀਕ ਕਰੀਂ ।

(ਇਹ ਬਾਲੀ ਦਾ ਛੋਟੇ ਭਰਾ ਨੂੰ ਹੁਕਮ ਸੀ ।ਚਾਹੀਦਾ ਤਾਂ ਇਹ ਸੀ ਕਿ ਉਹ ਲਛਮਣ ਵਾਂਗ ਵੱਡੇ ਭਰਾ ਦੀ ਸੱਜੀ ਬਾਂਹ ਬਣਦਾ ਪ੍ਰੰਤੂ ਉਸ ਨੇ ਤਾਂ ਰਾਜ ਸਾਂਭਣ ਦੀ ਕੀਤੀ, ਜਿਸ ਕਾਰਨ ਭਰਾ-ਭਰਾ ਦਾ ਵੈਰੀ ਬਣ ਗਿਆ ਤੇ ਸਿੱਟਾ ਇਹ ਨਿਕਲਿਆ) :-

884 (73-75) ਬਾਲੀ ਬਹਾਦਰ ਹੈ ਤੇ ਉਸ ਨੂੰ ਆਪਣੀ ਬਹਾਦਰੀ ਦਾ ਮਾਣ ਹੈ ।ਉਸ ਦੀ ਸ਼ਕਤੀ ਤੇ ਸਾਹਸ ਪ੍ਰਸਿੱਧ ਹੈ ।ਉਸ ਸ਼ਕਤੀਸ਼ਾਲੀ ਵਾਨਰ ਨੂੰ ਕਦੇ ਵੀ ਯੁੱਧ ਵਿੱਚ ਹਾਰ ਨਹੀਂ ਹੋਈ ਹੈ ।ਉਹ ਬਾਲੀ ਅਜਿਹੇ ਕੰਮ ਕਰਨ ਦੀ ਸਮਰੱਥਾ ਰੱਖਦਾ ਹੈ, ਜਿਨ੍ਹਾਂ ਨੂੰ ਕਰਨਾ ਦੇਵਤਿਆਂ ਲਈ ਵੀ ਔਖਾ ਹੈ ।ਇਸੇ ਗੱਲ ਦਾ ਖਿਆਲ ਕਰਕੇ ਮੈਂ ਭੈਭੀਤ ਹਾਂ ਤੇ ਮੈਂ ਇਸ ਰਿਸ਼ਯਮੂਕ ਪਰਬਤ ਦੀ ਸ਼ਰਣ ਲਈ ਹੈ ।ਉਸ ਨੂੰ ਜਿੱਤਣਾ ਅਸੰਭਵ ਹੈ ਤੇ ਉਸ ਉੱਤੇ ਵਾਰ ਕਰਨਾ ਵੀ ਅਸੰਭਵ ਹੈ । ਬਾਨਰਾਂ ਦਾ ਰਾਜਾ ਉਹ ਬਾਲੀ ਸ਼ੱਤਰੂ ਦੀ ਵੰਗਾਰ ਨੂੰ ਵੀ ਨਹੀਂ ਸਹਿ ਸਕਦਾ ।

888 (12-14) ਹੇ ਸੁਗਰੀਵ, ਅਸੀਂ ਛੇਤੀ ਹੀ ਇਸ ਥਾਂ ਤੋਂ ਕਿਸ਼ਕੰਧਾ ਵਲ ਚਲਦੇ ਹਾਂ ।ਤੂੰ ਸਾਥੋਂ ਪਹਿਲਾਂ ਹੀ ਜਾਹ ਤੇ ਉਸ ਬਾਲੀ ਨੂੰ, ਜੋ ਤੇਰਾ ਭਰਾ ਬਣਿਆ ਫਿਰਦਾ ਹੈ, ਯੁੱਧ ਲਈ ਵੰਗਾਰ ।ਇਸ ਉਪਰੰਤ ਉਹ ਸਭ ਬਾਲੀ ਦੀ ਰਾਜਧਾਨੀ ਕਿਸ਼ਕੰਧਾ ਵਲ ਚਲ ਪਏ ।ਉਸ ਦੇ ਨੇੜੇ ਪੁੱਜਕੇ ਉਹ ਸੰਘਣੇ ਬੀੜ ਵਿੱਚ ਬ੍ਰਿਛਾਂ ਦੀ ਆੜ ਵਿੱਚ ਲੁਕ ਕੇ ਖਲੋ ਗਏ ।ਸੁਗਰੀਵ ਨੇ ਆਪਣੀ ਕਮਰ ਚੰਗੀ ਤਰ੍ਹਾਂ ਬੰਨ੍ਹ ਲਈ ਤੇ ਭਿਆਨਕ ਗਰਜਣਾ ਕਰਕੇ ਉਸ ਨੇ ਬਾਲੀ ਨੂੰ ਯੁੱਧ ਲਈ ਵੰਗਾਰਿਆ ।ਉਹ ਪੂਰੇ ਜ਼ੋਰ ਨਾਲ ਗਜਿਆ ।ਉਸ ਦੀ ਗਰਜ ਨਾਲ ਅਸਮਾਨ ਜਿਵੇਂ ਪਾੜਿਆ ਗਿਆ ।

(ਦੋਹਾਂ ਭਰਾਵਾਂ ਦਾ ਸਿੱਧਾ ਵਿਰੋਧ ਸ਼ੁਰੂ ਹੋਇਆ ਤੇ ਰਾਮ ਚੰਦਰ ਨੇ ਇੱਕ ਦਰਖਤ ਓਹਲੇ ਲੁਕ ਕੇ ਬਾਲੀ ਨੂੰ ਮਾਰਨ ਦੀ ਵਿਉਂਤ ਬਣਾਈ।) ਪ੍ਰੰਤੂ :-

889 (18-19) ਤਦ ਹੱਥ ਵਿੱਚ ਧਨੁਸ਼ ਫੜ ਕੇ ਸ੍ਰੀ ਰਾਮ ਨੇ ਉਨ੍ਹਾਂ ਦੋਹਾਂ ਵੱਲ ਵੇਖਿਆ। ਅਸ਼ਵਨੀ ਕੁਮਾਰਾਂ ਵਾਂਗ ਉਨ੍ਹਾਂ ਦੋਹਾਂ ਦੀ ਸ਼ਕਲ ਇੱਕ ਦੂਜੇ ਨਾਲ ਮਿਲਦੀ ਸੀ। ਸ੍ਰੀ ਰਾਮ ਨੂੰ ਇਹ ਪਤਾ ਨਾ ਲੱਗਾ ਕਿ ਉਨ੍ਹਾਂ ਦੋਵਾਂ ਵਿੱਚੋਂ ਸੁਗਰੀਵ ਕਿਹੜਾ ਹੈ ਤੇ ਬਾਲੀ ਕਿਹੜਾ। ਇਸ ਕਰਕੇ ਉਨ੍ਹਾਂ ਨੇ ਆਪਣੇ ਮਾਰੂ ਬਾਣ ਚਲਾਉਣ ਦਾ ਖਿਆਲ ਛੱਡ ਦਿੱਤਾ।

889 (29) ਹੇ ਸੁਗਰੀਵ, ਤੂੰ ਤੇ ਤੇਰਾ ਭਰਾ ਬਾਲੀ ਭੇਖ, ਅਲੰਕਾਰ, ਕੱਦ ਤੇ ਚਾਲ ਵਿੱਚ ਵੀ ਇੱਕ ਦੂਜੇ ਨਾਲ ਮਿਲਦੇ ਜੁਲਦੇ ਹੋ।

890 (31) ਹੇ ਸ਼੍ਰੇਸ਼ਠ ਵਾਨਰ ਤੁਸਾਂ ਦੋਹਾਂ ਦੀ ਸਮਾਨਤਾ ਨੂੰ ਵੇਖ ਕੇ ਸੰਦੇਹ ਵਿੱਚ ਪੈ ਗਿਆ ਤੇ ਇਸ ਲਈ ਮੈਂ ਆਪਣੇ ਮਾਰੂ ਤੇ ਵੇਗ ਭਰਪੂਰ ਬਾਣ ਦਾ ਪ੍ਰਯੋਗ ਨਹੀਂ ਕੀਤਾ।

890 (37-38) ਹੇ ਵਾਨਰਾਂ ਦੇ ਰਾਜਾ, ਤੂੰ ਆਪਣੀ ਪਛਾਣ ਲਈ ਕੋਈ ਨਿਸ਼ਾਨੀ ਧਾਰ ਲੈ ਤਾਂ ਜੋ ਮੈਂ ਯੁੱਧ ਖੇਤਰ ਵਿੱਚ ਲੜਦਿਆਂ ਤੈਨੂੰ ਭਲੀ-ਭਾਂਤ ਪਛਾਣ ਲਵਾਂ। ਹੇ ਲਛਮਣ, ਉਹ ਸੁਹਣੀ ਤੇ ਚੰਗੇ ਲੱਛਣਾਂ ਵਾਲੀ ਰਾਜਪੁਸ਼ਪੀ ਦੀ ਬੇਲ ਫੁੱਲੀ ਹੋਈ ਹੈ। ਇਸ ਨੂੰ ਪੁੱਟ ਕੇ ਤੂੰ ਮਹਾਤਮਾ ਸੁਗਰੀਵ ਦੇ ਗਲ ਵਿੱਚ ਪਾ ਦੇ।

ਸਕੇ ਭਰਾਵਾਂ ਵਿਚਕਾਰ ਲੜਾਈ ਦਾ ਅਗਲਾ ਦੌਰ ਫਿਰ ਤੋਂ ਸ਼ੁਰੂ ਹੋਇਆ

897 (2) ਤਦ ਸੋਨੇ ਵਾਂਗ ਪੀਲੀ ਚਮਕ ਵਾਲੇ ਬਾਲੀ ਦਾ ਸਰੀਰ ਰੋਹ ਨਾਲ ਭਰ ਗਿਆ।

898 (12-14) ਮੇਰਾ ਵਿਚਾਰ ਹੈ ਕਿ ਸੁਗਰੀਵ ਇਸ ਵਾਰੀ ਕਿਸੇ ਸ਼ਕਤੀਸਾਲੀ ਸਹਾਇਕ ਤੋਂ ਬਿਨਾਂ ਇਥੇ ਨਹੀਂ ਆਇਆ। ਉਹ ਕਿਸੇ ਬਲਵਾਨ ਸਹਾਇਕ ਨੂੰ ਨਾਲ ਲੈ ਕੇ ਹੀ ਆਇਆ ਜਾਪਦਾ ਹੈ ਤੇ ਉਸੇ ਦੇ ਜ਼ੋਰ 'ਤੇ ਉਹ ਇਸ ਤਰ੍ਹਾਂ ਗੱਜ ਰਿਹਾ ਹੈ। ਉਹ ਵਾਨਰ ਸੁਗਰੀਵ ਸੁਭਾਵ ਤੋਂ ਚਤੁਰ ਤੇ ਬੁੱਧੀਮਾਨ ਹੈ। ਉਹ ਕਿਸੇ ਅਜਿਹੇ ਵਿਅਕਤੀ ਨਾਲ ਮਿੱਤਰਤਾ ਨਹੀਂ ਕਰੇਗਾ, ਜਿਸ ਦੀ ਤਾਕਤ ਨੂੰ ਉਸ ਨੇ ਭਲੀ-ਭਾਂਤ ਨਾ ਪਰਖ ਲਿਆ ਹੋਵੇ। ਹੇ ਵੀਰ, ਮੈਂ ਪਹਿਲਾਂ ਹੀ ਕੰਵਰ ਅੰਗਦ ਦੇ ਮੂੰਹੋਂ ਇਹ ਗੱਲ ਸੁਣੀ ਹੈ। ਇਸ ਲਈ ਮੈਂ ਤੁਹਾਡੇ ਹਿੱਤ ਦੀ ਉਹ ਗੱਲ ਦੱਸਦੀ ਹਾਂ।

(ਬਾਲੀ ਦੀ ਸਿਆਣੀ ਪਤਨੀ ਤਾਰਾ ਹਾਲਤਾਂ ਤੋਂ ਸਮਝ ਗਈ ਹੈ ਕਿ ਸੁਗਰੀਵ ਸਮਝ ਬੂਝ ਵਾਲਾ ਹੈ ਤੇ ਉਹ ਕਿਸੇ ਦੂਜੀ ਸ਼ਕਤੀ ਦੇ ਆਸਰੇ ਏਨਾ ਗਰਜ ਰਿਹਾ ਹੈ।)

(ਇਸ ਦੇ ਨਾਲ ਹੀ ਤਾਰਾ ਨੇ ਪਤੀ ਬਾਲੀ ਨੂੰ ਸਮਝਾਇਆ ਕਿ ਭਰਾ ਬਹੁਤ ਵੱਡਾ ਆਸਰਾ ਹੁੰਦੇ ਹਨ। ਨਹੁੰ ਮਾਸ ਦਾ ਰਿਸ਼ਤਾ ਹੈ। ਉਸ ਨਾਲ ਸਮਝੌਤਾ ਕਰਨ 'ਤੇ ਉਸ ਨਾਲ ਪਿਆਰ ਬਣਾ ਕੇ ਰੱਖਣ ਵਿੱਚ ਹੀ ਭਲਾਈ ਹੈ।(ਦਰਾਵੜ ਔਰਤਾਂ ਦੀ ਸਿਆਣਪ ਦਾ ਜ਼ਿਕਰ ਅਸੀਂ ਪਹਿਲਾਂ ਵੀ ਕਰ ਆਏ ਹਾਂ। ਉਹ ਸਮਝਦਾਰ ਵੀ ਹਨ ਤੇ ਸੁਚੇਤ ਵੀ। ਦੂਰਦਰਸ਼ੀ ਵੀ। ਤਾਰਾ ਵੀ ਸਮਝ ਦਾ ਨਮੂਨਾ ਵੇਖੋ।)

1899 (24-28) ਇਹ ਵਾਨਰ ਸੁਗਰੀਵ ਤੁਹਾਡਾ ਛੋਟਾ ਭਰਾ ਹੈ। ਇਸ ਲਈ ਇਹ ਤੁਹਾਡੇ ਪਿਆਰ ਤੇ ਸਨੇਹ ਦਾ ਪਾਤਰ ਹੈ। ਉਹ ਭਾਵੇਂ ਪਰਬਤ ਰਿਸ਼ਯਮੂਕ 'ਤੇ ਵਾਸ ਕਰੇ ਭਾਵੇਂ ਇੱਥੇ ਕਿਸ਼ਕੰਧਾ ਵਿਖੇ ਰਹੇ ਉਹ ਤੁਹਾਡਾ ਭਰਾ ਹੈ। ਮੇਰੇ ਖਿਆਲ ਵਿੱਚ ਇਸ ਦੁਨੀਆ ਵਿੱਚ ਉਸ ਵਰਗਾ ਤੁਹਾਡਾ ਕੋਈ ਬੰਧੂ ਨਹੀਂ। ਉਸ ਨੂੰ ਉਚਿਤ ਭੇਟਾ ਦੇ ਕੇ ਉਸ ਦਾ ਸਤਿਕਾਰ ਕਰਕੇ ਤੁਸੀਂ ਆਪਣਾ ਦਿਲੀ ਦੋਸਤ ਬਣਾ ਲਓ ਤਾਂ ਜੋ ਉਹ ਇਸ ਵੈਰ ਭਾਵ ਨੂੰ ਛੱਡ ਕੇ ਇੱਥੇ ਹੀ ਤੁਹਾਡੇ ਕੋਲ ਰਵ੍ਹੇ। ਭਾਰੀ ਧੌਣ ਵਾਲਾ ਉਹ ਸੁਗਰੀਵ ਸਭ ਤੋਂ ਵੱਡਾ ਬੰਧੂ ਹੈ। ਇਹ ਮੇਰਾ ਵਿਚਾਰ ਹੈ। ਤੁਹਾਡਾ ਸਭ ਤੋਂ ਵੱਡਾ ਸਹਾਰਾ ਹੈ। ਉਸ ਦੀ ਸਦਭਾਵਨਾ ਪ੍ਰਾਪਤ ਕਰਨ ਤੋਂ ਬਿਨਾਂ ਤੁਹਾਡੇ ਲਈ ਕੋਈ ਦੂਜੀ ਗਤੀ ਨਹੀਂ। ਜੇਕਰ ਤੁਸੀਂ ਮੇਰੀ ਭਲਾਈ ਲੋਚਦੇ ਹੋ ਤੇ ਜੇਕਰ ਤੁਸੀਂ ਮੈਨੂੰ ਆਪਣੀ ਹਿਤੂ ਸਮਝਦੇ ਹੋ ਤਾਂ ਤੁਸੀਂ ਮੇਰੀ ਇਹ ਨੇਕ ਸਲਾਹ ਮੰਨ ਲਓ। ਮੈਂ ਤੁਹਾਨੂੰ ਪਿਆਰ ਭਾਵ ਨਾਲ ਬੇਨਤੀ ਕਰਦੀ ਹਾਂ।

901 (6) ਤੂੰ ਘਬਰਾਹਟ ਛੱਡ ਦੇਹ। ਮੈਂ ਅੱਗੇ ਵੱਧ ਕੇ ਸੁਗਰੀਵ ਦਾ ਮੁਕਾਬਲਾ ਕਰਾਂਗਾ। ਮੈਂ ਉਸ ਦੇ ਅਭਿਮਾਨ ਨੂੰ ਨਸ਼ਟ ਕਰ ਦਿਆਂਗਾ, ਪ੍ਰੰਤੂ ਮੈਂ ਉਸ ਨੂੰ ਜਾਨ ਤੋਂ ਨਹੀਂ ਮਾਰਾਂਗਾ। ਜਦ ਸੁਗਰੀਵ ਯੁੱਧ ਦੇ ਮੈਦਾਨ ਵਿੱਚ ਆਵੇਗਾ ਤਦ ਮੈਂ ਉਸ ਦੀ ਜੋ ਵੀ ਇੱਛਾ ਹੋਵੇਗੀ, ਉਹ ਪੂਰੀ ਕਰਾਂਗਾ।

(ਬਾਲੀ ਵੀ, ਜੋ ਸ਼ਕਤੀਸ਼ਾਲੀ ਹੈ, ਸਮਝਦਾਰ ਹੈ, ਭਰਾ ਨਾਲ ਪਿਆਰ ਭਾਵਨਾ ਰੱਖਦਾ ਹੈ, ਉਸ ਨੂੰ ਯੋਗ

ਸਜ਼ਾ ਦੇਣਾ ਚਾਹੁੰਦਾ ਹੈ । ਪ੍ਰੰਤੂ ਮਾਰਨਾ ਨਹੀਂ ਚਾਹੁੰਦਾ, ਸਗੋਂ ਉਸ ਦੀਆਂ ਇੱਛਾਵਾਂ ਪੂਰੀਆਂ ਕਰਨਾ ਲੋਚਦਾ ਹੈ । ਕਿਉਂਕਿ ਸੁਗਰੀਵ ਉਸ ਨੂੰ ਲਲਕਾਰ ਰਿਹਾ ਹੈ, ਇਸ ਲਈ ਉਸ ਨੂੰ ਛੋਟੇ ਭਰਾ ਨਾਲ ਲੜਨ ਲਈ ਮਜ਼ਬੂਰ ਹੋਣਾ ਪਿਆ ਹੈ ।)

903 (26) ਬਾਲੀ ਨੇ ਸੁਗਰੀਵ ਦਾ ਘੁਮੰਡ ਚੂਰ-ਚੂਰ ਕਰ ਦਿੱਤਾ ਤੇ ਸੁਗਰੀਵ ਦੀ ਤਾਕਤ ਮੰਦ ਪੈਣ ਲੱਗੀ । ਤਦ ਬਾਲੀ ਪ੍ਰਤੀ ਗੁੱਸੇ ਵਿੱਚ ਭਰ ਕੇ ਉਸ ਨੇ ਸ੍ਰੀ ਰਾਮ ਨੂੰ ਆਪਣੀ ਹਾਲਤ ਬਾਰੇ ਸ਼ਰਮਿੰਦਾ ਕੀਤਾ ।

(ਇਸ ਉਪਰੰਤ ਦਰਖ਼ਤ ਉਹਲੇ ਖੜੋਤੇ ਰਾਮ ਚੰਦਰ ਨੇ ਆਪਣਾ ਧਨੁਸ਼ ਹਰਕਤ ਵਿੱਚ ਲਿਆਂਦਾ ।)

903 (34-35) ਉਸ ਨੇ ਆਪਣਾ ਉਹ ਬਾਣ ਬਾਲੀ ਵਲ ਛੱਡ ਦਿੱਤਾ । ਉਹ ਬਾਣ ਉਸ ਦੀ (ਬਾਲੀ ਦੀ) ਦੀ ਛਾਤੀ 'ਤੇ ਡਿੱਗਿਆ । ਉਹ ਬਾਣ ਵਾਨਰਾਂ ਦੇ ਰਾਜਾ ਬਾਲੀ ਉੱਤੇ ਪੂਰੇ ਜ਼ੋਰ ਨਾਲ ਡਿੱਗਿਆ ਤੇ ਉਸ ਨਾਲ ਫੱਟੜ ਹੋ ਕੇ ਮਹਾਨ ਤੇਜੱਸਵੀ ਤੇ ਸ਼ਕਤੀਸ਼ਾਲੀ ਬਾਲੀ ਉਸੇ ਵੇਲੇ ਧਰਤੀ 'ਤੇ ਡਿੱਗ ਪਿਆ ।

(ਧਰਤੀ 'ਤੇ ਡਿੱਗਣ ਵੇਲੇ ਸੂਰਬੀਰ ਬਾਲੀ ਨੇ ਰਾਮ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਕੀਤਾ ।)

907 (19-22) ਮੈਂ ਤੁਹਾਡੇ ਉੱਚੇ ਖਾਨਦਾਨ ਬਾਰੇ ਵੀ ਜਾਣੂ ਸਾਂ । ਇਸੇ ਕਰਕੇ ਤਾਰਾ ਦੇ ਮਨ੍ਹਾਂ ਕਰਨ 'ਤੇ ਵੀ ਮੈਂ ਸੁਗਰੀਵ ਨਾਲ ਯੁੱਧ ਕਰਨ ਲਈ ਆ ਗਿਆ । ਮੈਂ ਤੁਹਾਨੂੰ ਪਹਿਲਾਂ ਕਦੇ ਨਹੀਂ ਸੀ ਵੇਖਿਆ, ਤਾਂ ਵੀ ਮੇਰੇ ਮਨ ਵਿੱਚ ਇਹੋ ਵਿਚਾਰ ਉੱਠਦਾ ਸੀ ਕਿ ਕਿਸੇ ਦੂਜੇ ਨਾਲ ਜੂਝਦਿਆਂ ਮੈਨੂੰ ਤੁਸੀਂ ਬੇਖ਼ਬਰੀ ਦੀ ਹਾਲਤ ਵਿੱਚ ਆਪਣੇ ਬਾਣ ਨਾਲ ਨਹੀਂ ਵਿੰਨ੍ਹੋਗੇ । ਪ੍ਰੰਤੂ ਅੱਜ ਮੈਨੂੰ ਪਤਾ ਲਗਾ ਕਿ ਤੁਹਾਡੀ ਆਤਮਾ ਮਰ ਚੁੱਕੀ ਹੈ । ਤੁਸੀਂ ਧਰਮੀ ਹੋਣ ਦਾ ਪਾਖੰਡ ਕਰਦੇ ਹੋ, ਕਿੰਤੂ ਅਸਲ ਵਿੱਚ ਧਰਮੀ ਨਹੀਂ ਹੋ । ਤੁਹਾਡਾ ਆਚਾਰ-ਵਿਵਹਾਰ ਪਾਪ ਨਾਲ ਭਰਪੂਰ ਹੈ ਤੇ ਤੁਸੀਂ ਘਾਹ ਫੂਸ ਨਾਲ ਢਕੇ ਸੱਪ ਵਾਂਗ ਧੋਖਾ ਦੇਣ ਵਾਲੇ ਹੋ । ਤੁਸਾਂ ਨੇ ਸਾਧੂ ਸੰਤਾਂ ਵਾਲਾ ਭੇਖ ਧਾਰਿਆ ਹੋਇਆ ਹੈ, ਪ੍ਰੰਤੂ ਤੁਸੀਂ ਪਾਪੀ ਹੋ । ਸੁਆਹ ਨਾਲ ਢਕੀ ਅੱਗ ਵਾਂਗ ਤੁਹਾਡਾ ਅਸਲੀ ਰੂਪ ਸਾਧੂ ਦੇ ਭੇਖ ਵਿੱਚ ਲੁਕ ਗਿਆ ਹੈ । ਮੈਂ ਨਹੀਂ ਸਾਂ ਜਾਣਦਾ ਕਿ ਤੁਸਾਂ ਲੋਕਾਂ ਨੂੰ ਛਲਣ ਲਈ ਧਰਮੀ ਹੋਣ ਦਾ ਪਾਖੰਡ ਕੀਤਾ ਹੋਇਆ ਹੈ । ਮੈਂ ਨਾ ਤੁਹਾਡੇ ਰਾਜ ਵਿੱਚ ਸਾਂ ਨਾ ਤੁਹਾਡੇ ਸ਼ਹਿਰ ਵਿੱਚ । ਕੋਈ ਅਪਰਾਧ ਨਹੀਂ ਸਾਂ ਕਰ ਰਿਹਾ ਤੇ ਨਾ ਹੀ ਤੁਹਾਡਾ ਅਪਮਾਨ ਕਰ ਰਿਹਾ ਸਾਂ, ਤਾਂ ਤੁਸਾਂ ਨਿਰਅਪਰਾਧ ਨੂੰ ਆਪਣੇ ਬਾਣ ਨਾਲ ਮੈਨੂੰ ਕਿਉਂ ਵਿੰਨ੍ਹਿਆ । ਮੈਂ ਸਦਾ ਫੁੱਲ ਮੂਲ ਦਾ ਆਹਾਰ ਕਰਨ ਵਾਲਾ ਤੇ ਵਣ ਵਿੱਚ ਹੀ ਵਿਚਰਣ ਕਰਨ ਵਾਲਾ ਵਾਨਰ ਹਾਂ । ਮੈਂ ਤੁਹਾਡੇ ਨਾਲ ਯੁੱਧ ਨਹੀਂ ਸਾਂ ਕਰ ਰਿਹਾ । ਕਿਸੇ ਦੂਜੇ ਨਾਲ ਮੈਂ ਜੂਝ ਰਿਹਾ ਸਾਂ, ਫਿਰ ਤੁਸਾਂ ਮੇਰੇ 'ਤੇ ਹਮਲਾ ਕਿਉਂ ਕੀਤਾ?

907 (26-27) ਬੁੱਧੀ ਤੋਂ ਰਹਿਤ ਧਾਰਮਿਕ ਭੇਖ ਦੇ ਧਾਰਨੀ ਹੋ ਕੇ ਵੀ ਕੌਣ ਦੂਜਾ ਮਨੁੱਖ ਅਜਿਹਾ ਘੋਰ ਪਾਪ ਕਰਮ ਕਰ ਸਕਦਾ ਹੈ ? ਹੇ ਸ੍ਰੀ ਰਾਮ ਤੁਸੀਂ ਰਘੂਵੰਸ਼ੀ ਰਾਜਿਆਂ ਦੀ ਸੰਤਾਨ ਹੋ ਅਤੇ ਤੁਸੀਂ ਧਰਮ ਦੇ ਧਾਰਨੀ ਮੰਨੇ ਗਏ ਹੋ । ਜੇਕਰ ਤੁਸੀਂ ਆਪਣੇ ਅਸਲੀ ਰੂਪ ਵਿੱਚ ਇੰਨੇ ਪਾਪੀ ਹੋ ਤਾਂ ਤੁਸਾਂ ਸਾਧੂ-ਸੰਤਾਂ ਦਾ ਇਹ ਰੂਪ ਕਿਉਂ ਧਾਰਨ ਕੀਤਾ ਹੋਇਆ ਹੈ?

908 (32-34) ਪ੍ਰੰਤੂ ਤੁਸੀਂ ਤਾਂ ਆਪਣੀ ਮਨਮਰਜ਼ੀ ਕਰਨ ਵਾਲੇ ਹੋ ਤੇ ਰੋਹਲੇ ਅਤੇ ਚੰਚਲਭਾਵ ਦੇ ਮਨੁੱਖ ਹੋ । ਨੀਤੀ ਅਨੁਸ਼ਾਸਨ ਆਦਿਕ ਰਾਜਾਂ ਦੇ ਜਿਹੜੇ ਧਰਮ ਹਨ, ਉਨ੍ਹਾਂ ਦਾ ਤੁਸੀਂ ਬੇਮੌਕਾ ਤੇ ਅਨੁਚਿਤ ਪ੍ਰਯੋਗ ਕਰਨ ਵਾਲੇ ਹੋ । ਤੁਸੀਂ ਮਨਮਰਜ਼ੀ ਨਾਲ ਜਿਸ ਕਿਸੇ 'ਤੇ ਬਾਣ ਚਲਾਉਂਦੇ ਫਿਰਦੇ ਹੋ । ਤੁਹਾਡੇ ਮਨ ਅੰਦਰ ਧਰਮ ਲਈ ਆਦਰ ਭਾਵ ਨਹੀਂ ਹੈ ਤੇ ਨਾ ਹੀ ਤੁਹਾਡਾ ਮਨ ਅਰਥ ਦੀ ਸਾਧਨਾ ਵਿੱਚ ਰੁਝਿਆ ਹੋਇਆ ਹੈ । ਹੇ ਰਾਜਾ ਸ੍ਰੀ ਰਾਮ ਤੁਸੀਂ ਮਨਮਰਜ਼ੀ ਵਾਲੇ ਹੋ, ਇਸ ਲਈ ਤੁਹਾਡੀਆਂ ਇੰਦਰੀਆਂ ਤੁਹਾਨੂੰ ਕਿਤੇ ਵੀ ਖਿੱਚ ਲੈ ਜਾਂਦੀਆਂ ਹਨ । ਹੇ ਕੁਕਤਸਥ ਵੰਸ਼ੀ ਰਾਜਾ, ਮੈਂ ਹਰ ਹਾਲਤ ਵਿੱਚ ਨਿਰਅਪਰਾਧ ਸਾਂ ਤਾਂ ਵੀ ਤੁਸਾਂ ਮੇਰੇ 'ਤੇ ਬਾਣ ਨਾਲ ਪ੍ਰਹਾਰ ਕੀਤਾ । ਇਹ ਨਿੰਦਣ ਯੋਗ ਕੰਮ ਕਰਕੇ ਹੁਣ ਤੁਸੀਂ ਸੱਜਣ ਪੁਰਸ਼ਾਂ ਵਿਚਕਾਰ ਆਪਣੇ ਬਾਰੇ ਕੀ ਕਹੋਗੇ ? ਆਪਣੇ ਇਸ ਕੰਮ ਦੀ ਕੀ ਸਫ਼ਾਈ ਪੇਸ਼ ਕਰੋਗੇ ?

909 (37-50) ਤੁਹਾਡੇ ਵਰਗੇ ਧਰਮੀ ਲੋਕਾਂ ਲਈ ਮਾਸ ਖਾਣਾ ਵੀ ਵਰਜਿਤ ਹੈ । ਹੇ ਰਘੂਵੰਸ਼ੀ ਸ੍ਰੀ ਰਾਮ, ਬ੍ਰਾਹਮਣਾਂ ਤੇ ਕਸ਼ੱਤਰੀਆਂ ਲਈ ਪੰਜ ਨਹੁੰਆਂ ਵਾਲੇ ਜੀਵਾਂ ਵਿੱਚੋਂ ਕੇਵਲ ਪੰਜ ਜੀਵ ਹੀ ਖਾਣ ਯੋਗ ਦੱਸੇ ਗਏ ਹਨ । ਇਹ ਪੰਜ ਜੀਵ ਹਨ—ਸ਼ੇਰ, ਗੈਂਡਾ, ਗੋਹ, ਖ਼ਰਗੋਸ਼ ਅਤੇ ਕੱਛੂ । ਹੇ ਸ੍ਰੀ ਰਾਮ ਬੁੱਧੀਮਾਨ ਮਨੁੱਖ ਸਾਡੀ ਖੱਲ ਤੇ ਹੱਡੀਆਂ ਦਾ ਸਪੱਰਸ਼ ਨਹੀਂ ਕਰਦੇ । ਸਾਡਾ ਮਾਸ ਵੀ ਉਨ੍ਹਾਂ ਲਈ ਖਾਣ ਯੋਗ ਨਹੀਂ ਹੁੰਦਾ । ਇਸ ਤਰ੍ਹਾਂ ਮੈਂ ਪੰਜ

ਨਹੁੰਆਂ ਵਾਲਾ ਜੀਵ ਹਾਂ ਜਿਸ ਦਾ ਸਭ ਕੁਝ ਤੁਹਾਡੇ ਵਰਗੇ ਲੋਕਾਂ ਲਈ ਵਰਜਿਤ ਹੈ । ਤਾਂ ਵੀ ਤੁਸੀਂ ਮੈਨੂੰ ਮਾਰ ਛੱਡਿਆ ਹੈ । ਮੇਰੀ ਬੁੱਧੀਮਾਨ ਪਤਨੀ ਤਾਰਾ ਨੇ ਮੈਨੂੰ ਸੱਚੀ ਤੇ ਹਿਤ ਭਰੀ ਗੱਲ ਆਖੀ ਸੀ ਪ੍ਰੰਤੂ ਆਪਣੀ ਮੂਰਖਤਾ ਕਾਰਨ ਮੈਂ ਉਸ ਦੀ ਗੱਲ ਨਹੀਂ ਮੰਨੀ ਤੇ ਫਲਸਰੂਪ ਮੌਤ ਦੇ ਵੱਸ ਪੈ ਗਿਆ ਹਾਂ । ਤੇ ਕਕੁਤਸਕ ਵੰਸ਼ੀ ਸ੍ਰੀ ਰਾਮ ਜਿਸ ਤਰ੍ਹਾਂ ਚੰਗੇ ਸ਼ੀਲ ਸੁਭਾਅ ਵਾਲੀ ਇਸਤਰੀ ਆਪਣੇ ਪਾਪੀ ਪਤੀ ਦੁਆਰਾ ਸੁਰੱਖਿਅਤ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਤੁਹਾਡੇ ਵਰਗ ਸੁਆਮੀ ਜਾਂ ਰਾਜੇ ਨੂੰ ਪਾ ਕੇ ਇਹ ਧਰਤੀ ਵੀ ਸੁਖੀ ਨਹੀਂ ਰਹਿ ਸਕਦੀ । ਤੁਸੀਂ ਚਲਾਕ ਤੇ ਦੁਸ਼ਟ, ਦੂਜਿਆਂ ਦਾ ਬੁਰਾ ਕਰਨ ਵਾਲੇ ਨੀਚ ਸੁਭਾਅ ਵਾਲੇ ਅਤੇ ਸ਼ਾਂਤ-ਚਿੱਤ ਹੋਣ ਦਾ ਪਾਖੰਡ ਕਰਨ ਵਾਲੇ ਮਨੁੱਖ ਹੋ । ਮਹਾਤਮਾ ਰਾਜਾ ਦਸ਼ਰਥ ਨੇ ਤੁਹਾਡੇ ਵਰਗੇ ਪਾਪੀ ਪੁੱਤਰ ਨੂੰ ਕਿਵੇਂ ਜਨਮ ਦਿੱਤਾ ? ਜਿਸ ਮਨੁੱਖ ਨੇ ਸਦਾਚਾਰ ਦੇ ਸਭ ਬੰਧਨ ਤੋੜ ਦਿੱਤੇ ਹਨ, ਜਿਸ ਨੇ ਸ਼੍ਰੇਸ਼ਠ ਪੁਰਸ਼ਾਂ ਦੇ ਧਰਮ ਅਤੇ ਮਰਿਆਦਾ ਦੀ ਉਲੰਘਣਾ ਕੀਤੀ ਹੈ ਅਤੇ ਜਿਸ ਨੇ ਧਰਮ ਦੇ ਅੰਕੁਸ਼ ਨੂੰ ਉੱਕਾ ਹੀ ਤਿਆਗ ਦਿੱਤਾ ਹੈ । ਉਸ ਰਾਮ ਰੂਪੀ ਹਾਥੀ ਨੇ ਮੈਨੂੰ ਮਾਰ ਮੁਕਾਇਆ ਹੈ । ਅਜਿਹਾ ਅਸ਼ੁਭ ਅਨੁਚਿਤ ਅਤੇ ਸ਼੍ਰੇਸ਼ਠ ਪੁਰਸ਼ਾਂ ਦੀ ਨਿਖੇਧੀ ਪ੍ਰਾਪਤ ਕਰਨ ਵਾਲਾ ਕੰਮ ਕਰਕੇ ਤੁਸੀਂ ਸਾਧੂ ਸੁਭਾਅ ਦੇ ਮਨੁੱਖਾਂ ਅੱਗੇ ਆਪਣੇ ਇਸ ਕੰਮ ਬਾਰੇ ਕੀ ਕਹੋਗੇ ? ਹੇ ਸ੍ਰੀ ਰਾਮ ਅਸੀਂ ਤੁਹਾਡਾ ਕੁਝ ਨਹੀਂ ਵਿਗਾੜਿਆ, ਫਿਰ ਵੀ ਤੁਸਾਂ ਸਾਡੇ 'ਤੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ । ਜਿਨ੍ਹਾਂ ਤੁਹਾਡਾ ਬੁਰਾ ਕੀਤਾ ਹੈ, ਉਨ੍ਹਾਂ ਪ੍ਰਤੀ ਤੁਸਾਂ ਆਪਣੀ ਸ਼ਕਤੀ ਵਿਖਾਈ ਹੋਵੇ-ਇਹ ਮੈਨੂੰ ਨਹੀਂ ਦਿਸਦਾ । ਜੇਕਰ ਤੁਸੀਂ ਮੇਰੇ ਸਾਹਮਣੇ ਹੋ ਕੇ ਮੇਰੇ ਨਾਲ ਯੁੱਧ ਕਰਦੇ ਤਾਂ ਅੱਜ ਅਵੱਸ਼ ਹੀ ਮੇਰੇ ਦੁਆਰਾ ਮਾਰੇ ਜਾਂਦੇ ਤੇ ਸੂਰਜ ਦੇ ਪੁੱਤਰ ਯਮਰਾਜ ਦਾ ਦਰਸ਼ਨ ਕਰ ਰਹੇ ਹੁੰਦੇ । ਮੈਨੂੰ ਯੁੱਧ ਖੇਤਰ ਵਿੱਚ ਅਜਿੱਤ ਹੋਣ ਦਾ ਮਾਣ ਹੈ, ਪਰ ਤੁਸਾਂ ਲੁਕ ਕੇ ਧੋਖੇ ਨਾਲ ਮਾਰਿਆ ਹੈ, ਜਿਵੇਂ ਕਿ ਕੋਈ ਸੱਪ ਕਿਸੇ ਸੁੱਤੇ ਹੋਏ ਮਨੁੱਖ ਨੂੰ ਡੰਗ ਮਾਰ ਦੇਵੇ । ਅਜਿਹਾ ਕੰਮ ਕਰਕੇ ਤੁਸੀਂ ਪਾਪ ਦੇ ਭਾਗੀ ਬਣ ਗਏ ਹੋ, ਜਿਸ ਉਦੇਸ਼ ਨੂੰ ਮੁੱਖ ਰੱਖਕੇ ਤੁਸੀਂ ਸੁਗਰੀਵ ਦਾ ਭਲਾ ਚਾਹੁਣ ਨਾਲ ਮੇਰੇ 'ਤੇ ਘਾਤਕ ਪ੍ਰਹਾਰ ਕੀਤਾ ਹੈ, ਉਸੇ ਉਦੇਸ਼ ਦੀ ਪੂਰਤੀ ਲਈ ਜੇਕਰ ਤੁਸੀਂ ਪਹਿਲਾਂ ਮੈਨੂੰ ਆਖਦੇ ਤਾਂ ਮੈਂ ਇੱਕ ਦਿਨ ਵਿੱਚ ਸੀਤਾ ਨੂੰ ਲੱਭ ਕੇ ਤੁਹਾਡੇ ਕੋਲ ਪਹੁੰਚਾ ਦਿੰਦਾ ।

910 (51-52) ਤੁਸਾਂ ਮੈਨੂੰ ਯੁੱਧ ਖੇਤਰ ਵਿੱਚ ਧੋਖੇ ਨਾਲ ਮਾਰਿਆ ਹੈ । ਭਾਵੇਂ ਲੋਕੀਂ ਕਦੇ ਨਾ ਕਦੇ ਕਾਲ ਜਾਂ ਮੌਤ ਦੇ ਵੱਸ ਪੈਂਦੇ ਹੀ ਹਨ ਤੇ ਇਹ ਦੁਨੀਆ ਦਾ ਸੁਭਆ ਹੀ ਹੈ ਤਾਂ ਵੀ ਮੈਨੂੰ ਇਸ ਤਰ੍ਹਾਂ ਧੋਖੇ ਨਾਲ ਮਾਰਨ ਬਾਰੇ ਕੀ ਸਫਾਈ ਦਿੰਦੇ ਹੋ ?

ਰਾਮ ਦਾ ਸਪੱਸ਼ਟੀਕਰਣ

913 (25-26) ਸੁਗਰੀਵ ਨਾਲ ਮਿੱਤਰਤਾ ਹੋ ਚੁੱਕੀ ਹੈ । ਇਸ ਲਈ ਮੇਰੇ ਦਿਲ ਵਿੱਚ ਉਹੋ ਸਨੇਹ ਭਾਵ ਹੈ, ਜੋ ਲਛਮਣ ਲਈ ਹੈ । ਉਹ ਆਪਣੀ ਪਤਨੀ ਨਾਲ ਰਾਜ ਮੁੜ ਪ੍ਰਾਪਤ ਕਰਨ ਲਈ ਤਿਆਰ ਹੈ । ਮੈਂ ਵਾਨਰਾਂ ਅੱਗੇ ਇਸ ਨੂੰ ਇਸ ਦੀ ਪਤਨੀ ਤੇ ਰਾਜ ਦਿਲਾਉਣ ਦੀ ਪ੍ਰਤਿਗਿਆ ਕਰ ਲਈ ਹੈ । ਅਜਿਹੀ ਹਾਲਤ ਵਿੱਚ ਮੇਰੇ ਵਰਗਾ ਮਨੁੱਖ ਆਪਣੀ ਕੀਤੀ ਪ੍ਰਤਿਗਿਆ ਤੋਂ ਕਿਵੇਂ ਮੂੰਹ ਮੋੜ ਸਕਦਾ ਹੈ ?

915 (36-38) ਹੇ ਸ਼ਰੇਸ਼ਠ ਵਾਨਰ ਆਪਣੇ ਇਸ ਕੰਮ ਲਈ ਨਾ ਮੇਰੇ ਮਨ ਵਿਚ ਕੋਈ ਸੰਤਾਪ ਤੇ ਨਾ ਹੀ ਕੋਈ ਰੋਹ ਦਾ ਭਾਵ। ਲੋਕੀਂ ਵੱਡੇ-ਵੱਡੇ ਜਾਲ ਵਿਛਾ ਕੇ ਫੰਦੇ ਫੈਲਾ ਕੇ ਅਨੇਕ ਪ੍ਰਕਾਰ ਦੇ ਕਪਟ ਭਰਪੂਰ ਉਪਾਅ ਕਰਕੇ, ਪਹਿਲਾਂ ਲੁਕਕੇ ਤੇ ਪਿੱਛੋਂ ਸਾਹਮਣੇ ਆਕੇ ਬਹੁਤ ਸਾਰੇ ਹਿਰਨਾਂ ਨੂੰ ਫੜ ਲੈਂਦੇ ਹਨ, ਭਾਵੇਂ ਉਹ ਹਿਰਨ ਭੈ ਭੀਤ ਹੋ ਕੇ ਨੱਠਣ ਤੇ ਭਾਵੇਂ ਵਿਸ਼ਵਾਸ ਵਿਚ ਆ ਕੇ ਕੋਲ ਹੀ ਬੈਠੇ ਰਹਿਣ। ਮਾਸ ਦਾ ਅਹਾਰ ਕਰਨ ਵਾਲੇ ਲੋਕੀਂ ਜਾਨਵਰਾਂ ਨੂੰ ਬੁਰੀ ਤਰ੍ਹਾਂ ਵਿੰਨ੍ਹ ਦਿੰਦੇ ਹਨ, ਭਾਵੇਂ ਉਹ ਜਾਨਵਰ ਖਬਰਦਾਰ ਹਾਲਤ ਵਿਚ ਹੋਣ ਜਾਂ ਬੇਖਬਰ ਹਾਲਤ ਵਿਚ ਤੇ ਭਾਵੇਂ ਉਹ ਨੱਠ ਰਹੇ ਹੋਣ। ਅਜਿਹਾ ਕੰਮ ਕਰਨ ਵਾਲੇ ਨੂੰ ਦੋਸ਼ ਨਹੀਂ ਲੱਗਦਾ।

(ਕਹਿਣ ਦਾ ਭਾਵ ਹੈ ਕਿ ਛਲ, ਕਪਟ, ਧੋਖਾ ਫਰੇਬ ਜੋ ਵੀ ਕੰਮ ਆ ਸਕੇ ਕਰ ਲੈਣਾ ਚਾਹੀਦਾ ਹੈ। ਇਹ ਆਰੀਆ ਰਣਨੀਤੀ ਹੈ। ਇਤਿਹਾਸ ਦੇ ਪੰਨਿਆਂ ਤੋਂ ਜਾਹਰ ਹੈ ਕਿ ਆਰੀਅਨਾਂ ਨੇ ਆਦਿਵਾਸੀ ਦਰਾਵੜ ਰਾਜਿਆਂ ਨੂੰ ਵੱਡੀ ਗਿਣਤੀ ਵਿਚ ਇਸੇ ਛਲ ਕਪਨ ਦੀ ਨੀਤੀ ਨਾਲ ਮਾਰਿਆ। ਕਿਉਂ ਕਿ ਛਲ ਕਪਟ ਦੀ ਨੀਤੀ ਦਰਾਵੜ ਨੀਤੀ ਨਹੀਂ ਸੀ, ਇਸੇ ਕਰਕੇ ਦਰਾਵੜ ਮਾਰ ਖਾਂਦੇ ਗਏ, ਹਾਰਦੇ ਗਏ ਤੇ ਅੰਤ ਸਭ ਕੁਝ ਗੁਆ ਲਿਆ। ਉਹ ਆਰੀਅਨਾਂ ਦੀ ਛਲ ਕਪਟ ਦੀ ਨੀਤੀ ਨੂੰ ਸਮਝਣ ਵਿਚ ਅਸਮਰਥ ਰਹੇ। ਇਸ ਸਬੰਧੀ ਰਾਮ ਚੰਦਰ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਇਸ ਪ੍ਰਕਾਰ ਕੀਤੀ)-

915 (39-41) ਧਰਮ ਦੇ ਗਿਆਤਾ ਰਾਜ-ਰਿਸ਼ੀ ਵੀ ਦੁਨੀਆਂ ਵਿਚ ਸ਼ਿਕਾਰ ਕਰਦੇ ਹਨ ਤੇ ਬਹੁਤ ਸਾਰੇ ਪ੍ਰਾਣੀਆਂ ਦਾ ਘਾਤ ਕਰਦੇ ਹਨ। ਹੇ ਵਾਨਰ, ਮੈਂ ਇਸ ਯੁੱਧ ਵਿਚ ਤੁਹਾਨੂੰ ਆਪਣੇ ਬਾਣ ਦਾ ਨਿਸ਼ਾਨ ਬਣਾਇਆ ਹੈ। ਭਾਵੇਂ ਤੁਸੀਂ ਮੇਰੇ ਨਾਲ ਯੁੱਧ ਕਰ ਰਹੇ ਸੀ, ਭਾਵੇਂ ਨਹੀਂ ਕਰ ਰਹੇ ਸੀ, ਤੁਹਾਡੇ ਵੱਧ ਯੋਗ ਹੋਣ ਵਿਚ ਕੋਈ ਅੰਤਰ ਨਹੀਂ ਆਉਂਦਾ, ਕਿਉਂਕਿ ਤੁਸੀਂ ਵਾਨਰ ਹੋ। ਰਾਜਾ ਲੋਕ ਦੁਰਲਭ ਧਰਮ ਦੇ ਜੀਵਨ ਦੇ ਰਾਹ ਤੇ ਸੰਸਾਰਕ ਕਲਿਆਣ ਦੇ ਦੇਣ ਵਾਲੇ ਹੁੰਦੇ ਹਨ। ਇਸ ਵਿਚ ਕੋਈ ਸੰਦੇਹ ਨਹੀਂ ਹੈ। ਇਸ ਲਈ ਲੋਕਾਂ ਨੂੰ ਚਾਹਦੀਾ ਹੈ ਕਿ ਉਹ ਰਾਜੇ ਦਾ ਵਧ ਨਾ ਕਰਨ, ਉਸ ਦੀ ਨਿੰਦਾ ਨਾ ਕਰਨ, ਉਸ 'ਤੇ ਦੋਸ਼ ਨਾ ਲਗਾਉਣ ਅਤੇ ਉਸ ਪ੍ਰਤੀ ਕੌੜੇ ਸ਼ਬਦ ਨਾ ਉਚਾਰਨ, ਕਿਉਂਕਿ ਇਹ ਰਾਜੇ ਅਸਲ ਵਿਚ ਦੇਵਤਾ ਹਨ ਜੋ ਕਿ ਧਰਤੀ 'ਤੇ ਮਨੁੱਖ ਦੇ ਭੇਖ ਵਿਚ ਵਿਚਰਦੇ ਹਨ। (ਇਸ ਤਰ੍ਹਾਂ ਰਾਮ ਚੰਦਰ ਨੇ ਆਪਣੇ ਦੇਵ ਧਰਮ ਦੀ ਆੜ ਵਿਚ, ਬਾਲੀ ਨੂੰ ਹੋਰ ਕੁੱਝ ਵੀ ਬੋਲਣ ਤੋਂ ਰੋਕ ਦਿੱਤਾ ਤੇ ਆਪਣੇ ਆਪ ਨੂੰ ਧਰਮ ਅਤੇ ਸੰਸਾਰ ਦੇ ਕਲਿਆਣ ਦੇ ਦੇਵਤਾ ਦਾ ਰੂਪ ਬਣਾ ਕੇ ਪੇਸ਼ ਕੀਤਾ।)

(ਤਾਂ ਸਾਡੇ ਸਾਹਮਣੇ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਰਣਨੀਤੀ ਵਿਚ ਹਰ ਛਲਕਪਟ ਧੋਖਾ ਵਾਜਬ ਹੈ ਤਾਂ ਆਪਣੀ ਭੈਣ ਦਾ ਨੱਕ ਕੰਨ ਅਤੇ ਛਾਤੀਆਂ ਕੱਟੇ ਜਾਣ ਤੇ ਰਾਜਾ ਰਾਵਣ ਦੀ ਬਦਲੇ ਦੀ ਭਾਵਨਾ ਉਚਿਤ ਕਿਵੇਂ ਨਹੀਂ ਹੈ?)

920 (8-) ਜੇ ਰਾਜ ਭਾਗ ਦੇ ਲਾਲਚ ਕਰਕੇ ਉਸ ਨਿਰਦਈ ਭਰਾ ਸੁਗਰੀਵ ਨੇ ਸ੍ਰੀ ਰਾਮ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਦੁਆਰਾ ਛੱਡੇ ਗਏ ਤੇ ਦੂਰ ਤੀਕ ਮਾਰ ਕਰਨ ਵਾਲੇ ਬਾਣਾ ਦੇ ਪ੍ਰਹਾਰ ਨਾਲ ਆਪਣੇ ਭਰਾ ਨੂੰ ਮਰਵਾ ਦਿੱਤਾ ਹੈ ਤਾਂ ਤੁਸੀਂ ਭੈ ਭੀਤ ਹੋ ਕੇ ਇੱਧਰ ਉੱਧਰ ਕਿਉਂ ਭੱਜ ਰਹੇ ਹੋ? (ਇਸ ਤਰ੍ਹਾਂ ਤਾਰਾ ਆਪਣੇ ਰਾਜ ਦੇ ਬਾਕੀ ਲੋਕਾਂ ਨੂੰ ਵੰਗਾਰਦੀ ਹੈ।)

923 (3-6) ਯੁੱਧ ਵਿਚ ਭਿਆਨਕ ਵੀਰਤਾ ਤੇ ਬਹਾਦਰੀ ਵਿਖਾਉਣ ਵਾਲੇ ਹੇ ਮਹਾਨ ਵੀਰ ਤੇ ਵਾਨਰਾਂ ਦੇ ਰਾਜਾ, ਇਹ ਮੈਂ ਇਸ ਵੇਲੇ ਤੁਹਾਡੇ ਸਾਹਮਣੇ ਖਲੋਤੀ ਹਾਂ। ਅੱਜ ਤੁਸੀਂ ਮੇਰੇ ਨਾਲ ਗੱਲ ਕਿਉਂ ਨਹੀਂ ਕਰਦੇ। ਹੇ ਸ਼ਰੇਸ਼ਠ ਵਾਨਰ, ਤੁਸੀਂ ਉੱਠੋ ਤੇ ਵਧੀਆ ਸੇਜ 'ਤੇ ਲੰਮੇ ਪਉ। ਤੁਹਾਡੇ ਵਰਗੇ ਨੇਕ ਰਾਜਾ ਭੋਏਂ 'ਤੇ ਨਹੀਂ ਪੈਂਦੇ। ਹੇ ਧਰਤੀ ਦੇ ਸਵਾਮੀ, ਨਿਸਚੇ ਹੀ ਇਹ ਧਰਤੀ ਤੁਹਾਨੂੰ ਅਤਿਅੰਤ ਪਿਆਰੀ ਹੈ। ਤਦੇ ਤਾਂ ਬੇਜਾਨ ਹੋ ਜਾਣ 'ਤੇ ਵੀ ਤੁਸੀਂ ਮੈਨੂੰ ਛੱਡ ਕੇ ਇਸ ਧਰਤੀ ਨੂੰ ਗਲਵਕੜੀ ਪਾਈ ਹੈ। ਹੇ ਵੀਰ, ਤੁਸਾਂ ਧਰਮ ਯੁੱਧ ਕਰਕੇ ਸਵਰਗ ਲੋਕ ਦੇ ਰਸਤੇ 'ਤੇ ਵੀ ਅਵੱਸ਼ ਹੀ ਕਿਸ਼ਕੰਧਾ ਵਾਂਗ ਕੋਈ ਰਮਣੀਕ ਨਗਰੀ ਆਪਣੇ ਨਿਵਾਸ ਲਈ ਬਣਾ ਲਈ ਹੈ।

(ਸੁਗਰੀਵ ਨੇ ਮਹਾਨ ਬਾਲੀ ਨੂੰ ਜਦੋਂ ਧਰਤੀ 'ਤੇ ਮਰਿਆ ਪਿਆ ਵੇਖਿਆ ਤਾਂ ਉਹ ਇਸ ਤਰ੍ਹਾਂ ਕੁਰਲਾਇਆ ਤੇ ਉਸ ਨੂੰ ਆਪਣੀ ਮਹਾਂ ਮੂਰਖਤਾ ਦਾ ਚੇਤਾ ਆਇਆ)-

936 (6-7) ਕਿੰਤੂ ਆਪਣੇ ਭਰਾ ਦਾ ਵੱਧ (ਕਤਲ) ਕਰਕੇ ਜੇ ਹੁਣ ਮੈਨੂੰ ਸਵਰਗ ਲੋਕ ਦਾ ਰਾਜ ਵੀ ਮਿਲ ਜਾਵੇ ਤਾਂ ਮੈਂ ਉਸਨੂੰ ਵੀ ਆਪਣੇ ਲਈ ਚੰਗਾ ਨਹੀਂ ਸਮਝਦਾ। ਬੁੱਧੀਮਾਨ ਮਹਾਂਤਮਾ ਬਾਲੀ ਨੇ ਯੁੱਧ ਦੇ ਸਮੇਂ ਮੈਨੂੰ ਆਖਿਆ ਸੀ ਕਿ ਤੂੰ ਚਲਾ ਜਾਹ, ਮੈਂ ਤੇਰੀ ਜਾਨ ਨਹੀਂ ਲੈਣਾ ਚਾਹੁੰਦਾ।

(ਸੁਗਰੀਵ ਆਪਣੇ ਭਰਾ ਦਾ ਅਸਲੀ ਰੂਪ ਪੇਸ਼ ਕਰਦਾ ਹੈ ਕਿ ਉਹ ਬੁੱਧੀਮਾਨ ਸੀ, ਗੁਣਵੰਤ ਸੀ, ਮਹਾਤਮਾ ਪੁਰਸ਼ ਸੀ, ਉਹ ਭਰਾ ਨੂੰ ਮਾਰਨਾ ਕੁਲ ਨੂੰ ਕਲੰਕਤ ਕਰਨਾ ਸਮਝਦਾ ਸੀ)

936 (8-9) ਉਹ ਭਰਾ ਹੋ ਕੇ ਆਪਣੇ ਮਹਾਨ ਤੇ ਗੁਣਵੰਤੇ ਭਰਾ ਦੇ ਵੱਧ ਨੂੰ ਕਿਵੇਂ ਚੰਗਾ ਸਮਝਦਾ ਹੈ? ਬਾਲੀ ਦੇ ਮਨ ਵਿਚ ਮੈਨੂੰ ਮਾਰਨ ਦਾ ਕੋਈ ਖਿਆਲ ਨਹੀਂ ਸੀ ਕਿਉਂਕਿ ਇੰਜ ਕਰਨ ਨਾਲ ਉਸਨੂੰ ਆਪਣੇ ਗੌਰਵ 'ਤੇ ਵਡਿਆਈ ਉੱਤੇ ਕਲੰਕ ਲਗਣ ਦਾ ਡਰ ਸੀ। ਦੂਜੇ ਪਾਸੇ ਮੇਰੀ ਹੀ ਬੁੱਧੀ ਦੁਸ਼ਟਤਾ ਭਰੀ ਹੋਈ ਸੀ, ਜਿਸ ਕਰਕੇ ਮੈਂ ਆਪਣੇ ਧਰਮ ਦੀ ਉਲੰਘਣਾ ਕੀਤੀ ਤੇ ਆਪਣੇ ਭਰਾ ਦੀ ਮੌਤ ਦਾ ਕਾਰਨ ਬਣਿਆ।

937 (10-11) 'ਜਾਹ ਮੁੜ ਤੂੰ ਮੇਰੇ ਨਾਲ ਕਦੇ ਯੁੱਧ ਨਾ ਕਰੀਂ।" ਬਾਲੀ ਨੇ ਸਦਾ ਹੀ ਮੇਰੇ ਪ੍ਰੀਤ ਭਰਾਤਰੀ ਭਾਵ ਕੀਤੇ। ਆਪਣੇ ਚਰਿੱਤਰ ਦੀ ਉਦਾਰਤਾ ਤੇ ਆਪਣੇ ਧਰਮ ਦੀ ਰੱਖਿਆ ਕੀਤੀ ਹੈ, ਪ੍ਰੰਤੂ ਮੈਂ ਉਸ ਪ੍ਰਤੀ ਹਮੇਸ਼ਾਂ ਆਪਣੇ ਰੋਹ ਤੇ ਸੁਆਰਥ ਦਾ ਭਾਵ ਹੀ ਪ੍ਰਗਟ ਕੀਤਾ ਤੇ ਆਪਣਾ ਬਾਂਦਰਪੁਣਾ ਹੀ ਵਿਖਾਇਆ।

(ਸਪੱਸ਼ਟ ਹੋ ਗਿਆਹੈ ਕਿ ਬਾਲੀ ਸਹੀ ਸੀ ਪਰੰਤੂ ਸੁਗਰੀਵ ਦਾ ਮਨ ਸੁਆਰਥ ਨਾਲ ਭਰਿਆ ਹੋਣ ਕਰਕੇ ਉਸਨੇ ਦੂਜੇ ਬੰਦਿਆ ਨਾਲ ਲੈਣ ਦੇਣ ਦੀ ਸੰਧੀ ਕਰਕੇ ਭਰਾ ਨੂੰ ਮਰਵਾ ਦਿੱਤਾ। ਉਹ ਆਪਣੇ ਕੀਤੇ 'ਤੇ ਪਛਤਾਵਾ ਕਰ ਕੇ ਰਹਿੰਦਾ ਹੈ)-

936 (12) ਤਿਵੇਂ ਹੀ ਆਪਣੇ ਭਰਾ ਦਾ ਵੱਧ ਕਰਾਕੇ ਮੈਂ ਵੀ ਪਾਪ ਦਾ ਭਾਗੀ ਬਣ ਗਿਆ ਹਾਂ। ਇਹ ਪਾਪ ਅਜਿਹਾ ਹੈ, ਜਿਸਨੂੰ ਕਰਨਾ ਤਾਂ ਕਿ ਉਸ ਬਾਰੇ ਸੋਚਣਾ ਵੀ ਅਨੁਚਿਤ ਸੀ। ਅਜਿਹਾ ਪਾਪ ਸ਼੍ਰੇਸ਼ਠ ਪੁਰਸ਼ਾਂ ਲਈ ਸਭ ਭਾਂਤ ਤਿਆਗਣ ਯੋਗ ਹੈ। ਉਸ ਬਾਰੇ ਇੱਛਾ ਕਰਨੀ ਜਾਂ ਉਸ ਵੱਲ ਤੱਕਣਾ ਵੀ ਅਯੋਗ ਹੈ।

(ਸੁਗਰੀਵ ਸਮਝ ਚੁੱਕਾ ਹੈ ਕਿ ਉਸਨੇ ਸੁਆਰਥ ਕਰਨਾ ਮਹਾਂ ਨੀਚ ਕੰਮ ਕੀਤਾ ਹੈ ਤੇ ਆਪਣੀ ਲੁਕਾਈ ਨੂੰ ਵੱਡੀ ਹਾਨੀਂ ਪਹੁੰਚਾਈ ਹੈ।)

937 (14-15) ਹੇ ਰਘੂਵੰਸ਼ੀ ਸ਼੍ਰੀ ਰਾਮ, ਆਪਣੇ ਖਾਨਦਾਨ ਦਾ ਨਾਸ਼ ਕਰਨ ਵਾਲਾ ਅਜਿਹਾ ਪਾਪ ਪੂਰਣ ਕੰਮ ਕਰਕੇ ਮੈਂ ਹੁਣ ਪਰਜਾ ਦੇ ਆਦਰ ਤੇ ਸਤਿਕਾਰ ਦਾ ਪਾਤਰ ਨਹੀਂ ਰਿਹਾ। ਮੈਂ ਯੁਵਰਾਜ ਬਣਨ ਦੇ ਯੋਗ ਵੀ ਨਹੀਂ ਰਿਹਾ। ਰਾਜ ਭਾਗ ਪ੍ਰਾਪਤ ਕਰਨ ਦੀ ਗੱਲ ਤਾਂ ਦੂਰ ਦੀ ਹੈ। ਮੈਂ ਨਿੰਦਿਆਂ ਯੋਗ ਪਾਪ ਕਰਮ ਕੀਤਾ ਹੈ। ਅਜਿਹਾ ਪਾਪ ਕਰਮ ਨੀਚ ਪੁਰਸ਼ਾਂ ਦੇ ਯੋਗ ਹੈ ਤੇ ਸਭ ਦੁਨੀਆਂ ਲਈ ਹਾਨੀਕਾਰਕ ਹੈ। (ਸੁਗਰੀਵ ਨੇ ਅੰਤ ਅਨੁਭਵ ਕੀਤਾ ਹੈ ਕਿ ਉਸਨੇ ਦਰਾਵੜੀ ਸਦਾਚਾਰ ਦਾ ਕਤਲ ਕੀਤਾ ਹੈ।)

938 (18) ਹੇ ਸ਼੍ਰੇਸ਼ਠ ਸ਼੍ਰੀ ਰਾਮ, ਮੈਂ ਜਿਹੜਾ ਅਸਹਿ ਪਾਪ ਕੀਤਾ ਹੈ, ਉਹ ਮੇਰੇ ਹਿਰਦੇ ਵਿਚ ਸਥਿਤ ਸਦਾਚਾਰ ਨੂੰ ਉਸੇ ਤਰ੍ਹਾਂ ਨਸ਼ਟ ਕਰ ਰਿਹਾ ਹੈ ਜਿਸ ਤਰ੍ਹਾਂ ਅੱਗ ਵਿਚ ਤਪਾਇਆ ਜਾਣ ਵਾਲਾ ਖੋਟ ਭਰਿਆ ਸੋਨਾ ਆਪਣੇ ਅੰਦਰ ਦੀ ਖੋਟ ਨੂੰ ਨਸ਼ਟ ਕਰ ਦਿੰਦਾ ਹੈ।

(ਸੁਗਰੀਵ, ਦਰੱਖਤ ਉਹਲੇ ਖੜ੍ਹਕੇ ਤੀਰ, ਮਾਰਨ ਵਾਲੇ ਨੂੰ ਦੋਸ਼ੀ ਨਹੀਂ ਸਮਝਦਾ, ਸਗੋਂ ਆਪਣੇ ਮਹਾਤਮਾ ਭਰਾ ਦੇ ਕਤਲ ਦਾ ਕਾਰਨ ਆਪਣੇ ਆਪ ਨੂੰ ਮੰਨਦਾ ਹੈ।)

ਵੀਰ ਅੰਗਦ ਹੁਣ ਸ਼ਾਇਦ ਜੀਉਂਦਾ ਨਾ ਰਹੇ। ਆਪਣੇ ਪੁੱਤਰ ਤੋਂ ਬਿਨਾਂ ਉਸਦੀ ਮਾਤਾ ਵੀ ਦੁੱਖ ਨਾਲ ਕਮਜੋਰ ਹੋ ਕੇ ਜੀਉਂਦੀ ਨਾ ਰਹਿ ਸਕੇਗੀ-ਇਹ ਗੱਲ ਨਿਸ਼ਚਿਤ ਹੈ ਕਿ ਕਿਉਂਕਿ ਉਹ ਤਾਂ ਆਪਣੇ ਪੁਤਰ ਦੀ ਰਾਖੀ ਲਈ ਹੀ ਜਿਉਂਦੀ ਰਹਿ ਸਕਦੀ ਹੈ।)

(ਉਸਨੇ ਆਪਣੇ ਆਪ ਨੂੰ ਹਤਿਆਰਾ ਤੇ ਅਪਰਾਧੀ ਮੰਨ ਲਿਆ ਤੇ ਆਪਣੀ ਵੰਸ਼ ਨੂੰ ਖਤਮ ਕਰਨ ਵਾਲਾ ਕਬੂਲ ਕੀਤਾ।)

937-938 (22) ਮੈਂ ਆਪਣੇ ਵੰਸ ਦਾ ਹਤਿਆਰਾ ਹਾਂ ਤੇ ਇਸ ਤਰ੍ਹਾਂ ਅਪਰਾਧੀ ਹਾਂ। ਮੈਂ ਦੁਨੀਆਂ ਵਿਚ ਜੀਉਂਦਾ ਰਹਿਣ ਜੋਗਾ ਨਹੀਂ ਰਿਹਾ।

ਉੱਧਰ ਦੁੱਖਾਂ ਵਿਚ ਲਿਪਟੀ ਤਾਰਾ, ਆਖਦੀ ਹੈ-

939 (32) ਤੁਸਾਂ ਜਿਸ ਬਾਣ ਨਾਲ ਮੇਰੇ ਪਤੀ ਦਾ ਵੱਧ ਕੀਤਾ ਹੈ ਉਸੇ ਨਾਲ ਤੁਸੀਂ ਮੈਨੂੰ ਵੀ ਮਾਰ ਦਿਉ। ਮੈਂ ਮਰ ਕੇ ਉਨ੍ਹਾਂ ਕੋਲ ਚਲੀ ਜਾਵਾਂਗੀ। ਹੇ ਵੀਰ ਸ੍ਰੀ ਰਾਮ, ਮੈਥੋਂ ਬਿਨਾਂ ਬਾਲੀ ਕਿਤੇ ਵੀ ਸੁਖੀ ਨਹੀਂ ਰਹਿ ਸਕਣਗੇ।

ਤਾਰਾ ਨੇ ਆਪਣੇ ਦੁੱਖ ਨੂੰ ਰਾਮ ਤੇ ਸੀਤਾ ਦੇ ਦੁਖ ਨਾਲ ਮੇਲ ਕੇ ਪ੍ਰਸ਼ਨ ਪੈਦਾ ਕਰ ਦਿੱਤਾ ਤੇ ਕਿਹਾ ;

939 (34) ਹੇ ਸ੍ਰੀ ਰਾਮ, ਮੇਰੇ ਪਤੀ ਬਾਲੀ ਮੈਥੋਂ ਬਿਨਾਂ ਸਵਰਗ ਲੋਕ ਵਿਚ ਵੀ ਸੋਗ ਤੇ ਦੁੱਖ ਮਨਾਉਣਗੇ ਤੇ ਉਨ੍ਹਾਂ ਦੀ ਦੇਹ ਤੇ ਆਭਾ ਫਿੱਕੀ ਪੈ ਜਾਵੇਗੀ। ਉਹ ਉਸੇ ਤਰ੍ਹਾਂ ਦੁਖੀ ਰਹਿਣਗੇ ਜਿਸ ਤਰ੍ਹਾਂ ਰਿਸ਼ਯਮੂਕ ਪਰਬਤ ਦਿਆਂ ਇਨ੍ਹਾਂ ਮਨੋਹਰ ਪ੍ਰਦੇਸ਼ਾਂ ਵਿਚ ਸੀਤਾ ਤੋਂ ਬਿਨਾਂ ਤੁਸੀਂ ਦੁੱਖ ਅਨੁਭਵ ਕਰਦੇ ਹੋ।

939 (35-36) ਆਪਮੀ ਪ੍ਰਿਯਾ ਪਤਨੀ ਤੋਂ ਬਿਨਾਂ ਜਵਾਨ ਪੁਰਸ਼ ਨੂੰ ਜੋ ਦੁੱਖ ਭੋਗਣਾ ਪੈਂਦਾ ਹੈ ਉਸਨੂੰ ਤੁਸੀਂ ਭਲੀ ਭਾਂਤ ਸਮਝ ਸਕਦੇ ਹੋ। ਇਸ ਤੱਥ ਨੂੰ ਸਮਝ ਕੇ ਤੁਸੀਂ ਮੈਨੂੰ ਵੀ ਮਾਰ ਮੁਕਾਓ ਤਾਂ ਜੋ ਬਾਲੀ ਨੂੰ ਮੇਰੇ ਬਿਰਹਾ ਦਾ ਦੁੱਖ ਨਾ ਭੋਗਣਾ ਪਵੇ। ਹੇ ਰਾਜ ਕੁਮਾਰ, ਤੁਸੀਂ ਵੱਡੀ ਆਤਮਾ ਵਾਲੇ ਪੁਰਸ਼ ਹੋ, ਇਸ ਲਈ ਜੇਕਰ ਤੁਸੀਂ ਇਹ ਚਾਹੁੰਦੇ ਹੋ ਕਿ ਮੈਨੂੰ ਇਸਤਰੀ ਹੱਤਿਆ ਦਾ ਪਾਪ ਨਾ ਲੱਗੇ ਤਾਂ ਇਹ ਬਾਲੀ ਦੀ ਆਤਮਾ ਹੈ' ਇੰਜ ਸਮਝਕੇ ਮੇਰਾ ਵੱਧ ਕਰ ਦਿਉ ਤਾਂਜੋ ਤੁਹਾਨੂੰ ਇਸਤਰੀ ਹੱਤਿਆ ਦਾ ਪਾਪ ਨਾ ਲੱਗੇ"।

(ਦੂਜੇ ਪਾਸੇ ਰਾਮ ਚੰਦਰ ਸਾਹਮਣੇ ਵਾਪਰੀ ਹੋਣੀ ਤੋਂ, ਜਿਸ ਵਿਚ ਉਹ ਖੁੱਦ ਸ਼ਰੀਕ ਹੈ, ਸਬੰਧਤ ਲੋਕਾਂ ਦਾ ਧਿਆਨ ਸਵਰਗ ਦੇ ਨਾਂ 'ਤੇ ਮੋੜ ਦਿੰਦਾ ਹੈ ਤੇ ਜਲਦੀ ਕਿਰਿਆ ਕਰਮ ਕਰਨ ਵਲ ਰੁਚੀ ਦਿਖਾਉਂਦਾ ਹੈ।)

942 (9-10) ਮਹਾਤਮਾ ਬਾਲੀ ਨੇ ਆਪਣੇ ਧਰਮ ਦੀ ਪਾਲਣਾ ਕਰਕੇ ਸਵਰਗ ਲੋਕ ਨੂੰ ਜਿੱਤਿਆ ਹੈ ਤੇ ਯੁੱਧ ਵਿਚ ਆਪਣੇ ਪ੍ਰਾਣਾਂ ਦੀ ਬਲੀ ਦੇ ਕੇ ਉਸਨੇ ਉਸ ਸਵਰਗ ਲੋਕ ਆਪਣੇ ਅਧੀਨ ਕਰ ਲਿਆ ਹੈ। ਇਹ

ਨਿਯਤੀ ਹੀ ਸਭ ਤੋਂ ਸ਼੍ਰੇਸ਼ਠ ਜਾਂ ਬਲਵਾਨ ਹੈ। ਇਸ ਲਈ ਉਸ ਲਈ ਸੋਗ ਕਰਨਾ ਵਿਅਰਥ ਹੈ। ਹੁਣ ਤੁਸੀਂ ਸਭ ਅਵਸਰ ਦੇ ਮੁਤਾਬਿਕ ਜੋ ਕਰਨਾ ਬਣਦਾ ਹੈ, ਉਹ ਕਰੋ।

942 (16-17) ਖਾਸ ਕਰਕੇ ਅਜਿਹੇ ਮੌਕੇ 'ਤੇ ਫੁਰਤੀ ਵਿਖਾਉਣਾ ਚੰਗੀ ਹੈ। ਪਾਲਕੀ ਨੂੰ ਉਠਾ ਲੈਣ ਯੋਗ ਬਲਵਾਨ ਸਮਰਥ ਵਾਨਰ ਤਿਆਰ ਹੋ ਜਾਣ। ਉਹੋ ਬਾਲੀ ਨੂੰ ਇਥੋਂ ਮਰਘਟ ਤੀਕ ਲੈ ਜਾਣਗੇ। (ਅਜਿਹੇ ਸਮੇਂ ਤੇ ਫੁਰਤੀ ਕਿਉਂ? ਮਤੇ ਸੁਗਰੀਵ ਵਿਗੜ ਖੜੋਵੇ ਜਾਂ ਦੁੱਖ ਵਿਚ ਭਿੱਜੀ ਜਨਤਾ ਉਬਾਲਾ ਖਾ ਜਾਵੇ। ਜਾਂ ਤਾਰਾ ਆਪਣੀ ਸੈਨਾਂ ਤੋਂ ਕੋਈ ਕਾਰਾ ਕਰਵਾ ਦੇਵੇ। ਇਸ ਬਣੇ ਹੋਏ ਡਰ ਨੂੰ ਭਾਂਪ ਕੇ ਰਾਮ ਚੰਦਰ ਜਲਦੀ ਜਲਦੀ ਬਾਲੀ ਨੂੰ ਮਰਘਟ ਵਿਚ ਲੈ ਜਾਣ ਲਈ ਆਖਦਾ ਹੈ।)

934 (26-27) ਹੁਣ ਛੇਤੀ ਹੀ ਬਾਲੀ ਨੂੰ ਇਸ ਵਿਚ ਪਾਕੇ ਮਰਘਟ ਵੱਲ ਲੈ ਚਲੋ ਤੇ ਉਸਦਾ ਅੰਤਿਮ ਸੰਸਾਰ ਕਰੋ। ਤਦ ਅੰਗਦ ਨਾਲ ਕਰੁਣ ਵਿਰਲਾਪ ਕਰਿਦਆਂ ਸੁਗਰੀਵ ਨੇ ਬਾਲੀ ਨੂੰ ਚੁੱਕਕੇ ਉਸ ਪਾਲਕੀ ਵਿਚ ਰੱਖਿਆ।

ਅੰਤ ਤਾਰਾ ਦਾ ਵਿਰਾਲਪ ਸੱਚ ਉਘਾੜ ਦਿੰਦਾ ਹੈ।

944-945 (42) ਹੇ ਵਾਨਰਾ ਦੇ ਰਾਜਾ, ਸ਼੍ਰੀ ਰਾਮ ਦੇ ਰੂਪ ਵਿਚ ਇਹ ਕਾਲ ਹੀ ਤੁਹਾਨੂੰ ਖਿੱਚ ਕੇ ਲੈ ਜਾ ਰਿਹਾ ਹੈ, ਉਸ ਸ੍ਰੀ ਰਾਮ ਦੇ ਰੂਪ ਵਿਚ, ਜਿਸਨੇ ਯੁੱਧ ਦੇ ਖੇਤਰ ਵਿਚ ਇਕੋ ਬਾਣ ਮਾਰਕੇ ਸਾਨੂੰ ਸਭ ਨੂੰ ਵਿਧਵਾ ਬਣਾ ਦਿੱਤਾ ਹੈ।

949 (28-29) ਸਰੇਸ਼ਠ ਬ੍ਰਾਹਣਾਂ ਨੂੰ ਭਾਂਤ-ਭਾਂਤ ਦਿਆ ਰਤਨਾ, ਬਸਤ੍ਰਾਂ ਤੇ ਖਾਦ ਪਦਾਰਥਾਂ ਨਾਲ ਖੁਸ਼ ਕਰਕੇ ਸਰੇਸ਼ਠ ਵਾਨਰ ਸੁਗਰੀਵ ਦਾ ਵਿਧੀ ਪੂਰਬਕ ਰਾਜ ਤਿਲਕ ਜਾਂ ਅਭਿਸ਼ੇਕ ਦਾ ਕਾਰਜ ਕਰਨਾ ਆਰੰਭ ਕੀਤਾ ਹੈ। ਫਿਰ ਉਨ੍ਹਾਂ ਨੇ ਮੰਤਰ ਦੁਆਰਾ ਪਵਿੱਤਰ ਕੀਤੇ ਗਏ ਹਵੀ-ਪਦਾਰਥ ਦੀ ਆਹੂਤੀ ਦਿੱਤੀ।

(ਦਰਾਵੜ ਬਾਲੀ ਦਾ ਅਜਾਦ ਰਾਜ ਹੁਣ ਸੁਗਰੀਵ ਦੇ ਨਾਂ ਰਾਮ ਰਾਜ ਬਣ ਗਿਆ ਹੈ। ਰਾਮ ਰਾਜ ਵਿਚ ਬ੍ਰਾਹਮਣ ਹੀ ਸ਼੍ਰੇਸ਼ਟ ਹਨ। ਉਹ ਅਸੱਲੀ ਮਾਲਕ ਹਨ, ਤੇ ਹੁਣ ਉਹਨਾਂ ਦੇ ਹੁਕਮ ਅਨੁਸਾਰ ਰਾਜ ਚੱਲੇਗਾ। ਇਸ ਰਾਜ ਦਾ ਅਗਲਾ ਨਿਸ਼ਾਨਾ ਰਾਵਨ ਰਾਜ ਹੈ।

(954 (46-) ਹੇ ਰਾਜਾ ਸ਼੍ਰੀ ਰਾਮ, ਜਿਵੇਂ ਤੁਸਾਂ ਆਖਿਆ ਹੈ, ਵਾਨਰਾਂ ਦੇ ਰਾਜਾ ਸੁਗਰੀਵ ਤੁਹਾਡਾ ਇਹ ਮਨੋਰਥ ਪੂਰਾ ਕਰ ਦੇਣਗੇ। ਇਸ ਲਈ ਤੁਸੀਂ ਸ਼ੱਤਰੂ ਦਾ ਨਾਸ਼ ਕਰਨ ਦਾ ਪੱਕਾ ਇਰਾਦਾ ਕਰਕੇ ਸਰਦੀ ਦੀ ਰੁੱਤ ਦੀ ਉਡੀਕ ਕਰੋ।

(ਹੇਠਲਾ ਪ੍ਰਸੰਗ ਰਾਮ ਚੰਦਰ ਦੀ ਅਸਲੀ ਸਥਿਤੀ ਇਸ ਤਰ੍ਹਾਂ ਪੇਸ਼ ਕਰਦਾ ਹੈ।)

961-962 (57-58) ਹੇ ਲਛਮਣ, ਮੈਂ ਆਪਣੇ ਵਿਸ਼ਾਲ ਰਾਜ ਤੋਂ ਵੀ ਲਾਹ ਦਿੱਤਾ ਗਿਆ ਹਾਂ, ਤੇ ਮੇਰੀ ਪਤਨੀ ਵੀ ਉਧਾਲ ਲਈ ਗਈਹੈ ਇਸ ਤਰ੍ਹਾਂ ਪਾਣੀ ਨਾਲ ਗਲ ਗਏ ਨਦੀ ਦੇ ਕੰਢੇ ਵਾਂਗ ਮੈਂ ਦੁੱਖ ਭੋਗ ਰਿਹਾ ਹਾਂ। ਮੇਰੀ ਪੀੜ ਬਹੁਤ ਵੱਧ ਗਈ ਹੈ ਤੇ ਵਰਖਾ ਦੀ ਇਹ ਰੁੱਤ ਕੱਟਣਾ ਮੈਨੂੰ ਬਹੁਤ ਔਖਾ ਹੋ ਗਿਆ। ਰਾਵਣ ਮੈਨੂੰ ਇਸ ਵੇਲੇ ਇਕ ਵੱਡਾ ਸ਼ਤਰੂ ਜਾਣ ਪੈਂਦਾ ਹੈ, ਜਿਸਨੂੰ ਜਿੱਤਣਾ ਮੇਰੇ ਲਈ ਔਖਾ ਹੈ।

(ਰਾਮ ਚੰਦਰ ਭੈ ਭੀਤ ਹੈ ਕਿ ਉਹ ਰਾਵਣ ਨੂੰ ਜਿੱਤ ਨਹੀਂ ਸਕੇਗਾ।)

963 (1-5) ਵਾਯੂ-ਪੁੱਤਰ ਹਨੂੰਮਾਨ ਸ਼ਾਸ਼ਤਰਾਂ ਦੇ ਸਿਧਾਂਤਾ ਦਾ ਗਿਆਤਾ ਸੀ। ਉਹ ਇਹ ਭਲੀ ਭਾਂਤ ਜਣਦਾ ਸੀ ਕਿ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ ਤੇ ਕਿਸ ਵੇਲੇ ਕਿਸ ਵਿਸ਼ੇਸ਼ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹ ਗੱਲਬਾਤ ਕਰਨ ਵਿਚ ਵੀ ਚਤੁਰ ਸੀ। ਹੁਣ ਸੁਗਰੀਵ ਦਾ ਮਤਲਬ ਨਿਕਲ ਗਿਆ ਹੈ। ਇਸ ਲਈ ਉਹ ਧਰਮ ਦੇ ਕੰਮਾਂ 'ਚ ਤੇ ਧਨ-ਸੰਗ੍ਰਹਿ ਵਿਚ ਢਿੱਲ ਦੇਣ ਲੱਗ ਪਿਆ ਹੈ। ਉਹ ਮੰਦੇ ਲੋਕਾਂ ਦੇ ਮਾਰਗ 'ਤੇ ਚਲਣ ਲੱਗ ਪਿਆ ਹੈ। ਹੁਣ ਉਹ ਆਪਣੀ ਪਤਨੀ ਨਾਲ ਇਕਾਂਤ ਵਿਚ ਰਹਿਣਾ ਅਧਿਕ ਪਸੰਦ ਕਰਨ ਲੱਗ ਪਿਆ ਹੈ। ਹੁਣ ਉਸਦਾ ਮਤਲਬ ਸਿੱਧ ਹੋ ਗਿਆਹੈ। ਉਸਦਾ ਮਤਲਬ ਨਿਕਲਗਿਆ ਹੈ। ਹੁਣ ਉਹ ਹਰ ਵੇਲੇ ਮੁਟਿਆਰ ਇਸਤ੍ਰੀਆਂ ਨਾਲ ਭੋਗ ਵਿਲਾਸਾ ਵਿੱਚ ਹੀ ਰੁੱਝਿਆ ਰਹਿੰਦਾ ਹੈ। ਆਖਰ ਉਸਦੀ ਇੱਛਾ ਪੂਰੀ ਹੋ ਗਈ ਹੈ। ਉਸਨੇ ਆਪਣੀ ਪਿਆਰੀ ਪਤਨੀ ਰੁਮਾ ਤੇ ਸੁੰਦਰੀ ਤਾਰਾ ਨੂੰ ਵੀ ਪ੍ਰਾਪਤ ਕਰ ਲਿਆ ਹੈ। ਹੁਣ ਸਦਾ ਮਨੋਰਥ ਪੂਰਾ ਹੋ ਗਿਆ ਹੈ। ਹੁਣ ਉਹ ਬੇਫਿਕਰੀ ਨਾਲ ਰਾਤੀ ਤੇ ਦਿਨੇ ਭੋਗ ਵਿਲਾਸਾਂ ਵਿਚ ਰੰਗ ਰਲੀਆਂ ਮਨਾਉਂਦਾ ਫਿਰਦਾ ਹੈ। ਰਾਜ ਦੇ ਮੰਤਰੀ ਭਲੇ ਲੋਕ ਹਨ, ਇਸ ਲਈ ਉਨ੍ਹਾਂ ਤੋਂ ਰਾਜ ਨੂੰ ਕਿਸੇ ਤਰ੍ਹਾਂ ਦੀ ਹਾਨੀ ਹੋਣ ਦਾ ਕਤਰਾ

ਨਹੀਂ ਪ੍ਰੰਤੂ ਸੁਗਰੀਵ ਆਪ ਹੀ ਸਵੈ-ਇੱਛਾ ਹੁੰਦਾ ਜਾ ਰਿਹਾ ਹੈ।

ਰਾਮ ਚੰਦਰ, ਸੁਗਰੀਵ ਤੋਂ ਦੁੱਖੀ ਹੋ ਕੇ ਇਹ ਸਿੱਟਾ ਕੱਢਦਾ ਹੈ ਕਿ:-

ਹਨੂੰਮਾਨ ਜਾਣਕਾਰ ਤੇ ਚਤੁਰ ਹੈ (ਬਾਲੀ ਨੂੰ ਮਰਵਾਉਣ ਵਿਚ ਜਾਂ ਵਿਉਂਤ ਵਿਚ ਵੱਡਾ ਹੱਥ ਹਨੂੰਮਾਨ ਦਾ ਸੀ, ਉਹ ਬਾਨਰ ਰਾਜ ਦਾ ਸੈਨਾਪਤੀ ਸੀ।) ਪਰੰਤੂ ਉਸਦੀਆਂ ਰਗਾਂ ਵਿਚ ਆਪਣੇ ਬਾਨਰ ਪਿਤਾ ਦਾ ਕੈਸਰੀਨ ਦਾ ਨਹੀਂ, ਆਰੀਅਨ ਦੇਵਤਾ ਦਾ ਖੂਨ ਸੀ। ਦੂਜਾ ਸੁਗਰੀਵ ਭੋਗ ਵਿਲਾਸੀ ਹੋ ਗਿਆ ਹੈ। ਅਸਲ ਵਿਚ ਉਸਨੇ ਇਸੇ ਮੰਤਵ ਲਈ ਭਰਾ ਦਾ ਵੱਧ ਕਰਾਇਆ। ਤੀਜਾ ਰਾਮ ਦੇ ਕਹਿਣ ਅਨੁਸਾਰ ਇੰਦਰ ਗੰਧਰਵਾਂ ਰਤਾਂ ਅਤੇ ਅਪਰਛਰਾਵਾਂ ਨਾਲ ਰੰਗ ਰਲੀਆਂ ਮਨਾਉਣ ਵਾਲਾ ਹੈ। ਚੌਥਾ ਬਾਨਰ ਰਾਜ ਦੇ ਮੰਤਰੀ ਸਿਆਣੇ ਹਨ ਜੋ ਆਪਣਾ ਰਾਜ ਭਾਗ ਠੀਕ ਚਲਾ ਰਹੇ ਹਨ, ਪਰੰਤੂ ਮੂਰਖ ਸੁਗਰੀਵ ਤਾਂ ਐਸ਼ਪ੍ਰਸਤ ਹੈ। ਇਹੀ ਕਾਰਨ ਹੈ ਕਿ ਬਾਲੀ ਉਸ ਨੂੰ ਰਾਜ ਤੋਂ ਦੂਰ ਰੱਖਦਾ ਸੀ।

ਰਾਮ ਚੰਦਰ ਕਾਮ ਗ੍ਰਸਤ ਹੋ ਕੇ ਇਸ ਤਰ੍ਹਾਂ ਆਪਣੇ ਮਨੋਭਾਵ ਪ੍ਰਗਟ ਕਰਦਾ ਹੈ:-

971 (37-38) ਇਸ ਰੁੱਤ ਗਊਆਂ ਵਿਚਕਾਰ ਖਲੋਤੇ ਸੰਢੇ ਬੇਹੱਦ ਖੁਸ਼ੀ ਵਿਚ ਭਬਕ ਮਾਰ ਰਹੇ ਹਨ। ਹੌਲੇ-ਹੌਲੇ ਵਿਚਰਦੀ ਹੋਈ ਚੰਗੀ ਨਸਲ ਦੀ ਇਹ ਹਥਿਣੀ ਆਪਣੇ ਮਤਵਾਲੇ ਪ੍ਰਿਯ ਹਾਥੀ ਨੂੰ ਘੇਰ ਕੇ ਉਸਦਾ ਪਿੱਛਾ ਕਰ ਰਹੀ ਹੈ। ਇਸ ਹਥਣੀ ਵਿਚ ਕਾਮ ਵਾਸਨਾ ਜਾਗ ਪਈ ਹੈ ਤੇ ਇਸ ਦੀ ਕਾਮ ਕੇਲੀ ਦੀ ਇੱਛਾ ਤੀਬਰ ਹੋ ਗਈ ਹੈ।

975 (65-68) ਹੇ ਲਛਮਣ, ਮੈਂ ਪਣੀ ਪਿਆਰੀ ਸੀਤਾ ਤੋਂ ਵਿਛੜਿਆ ਹੋਇਆ ਹਾਂ। ਮੇਰਾ ਰਾਜ ਵੀ ਅੱਜ ਮੇਰੇ ਕੋਲ ਨਹੀਂ ਤੇ ਮੈਂ ਦੇਸ਼ ਤੋਂ ਕੱਢਿਆ ਗਿਆ ਹਾਂ। ਇਸਪ੍ਰਕਾਰ ਮੈਂ ਹਰ ਤਰ੍ਹਾਂ ਨਾਲ ਦੁੱਖੀ ਹਾਂ। ਫਿਰ ਵੀ ਰਾਜਾ ਸੁਗਰੀਵ ਮੇਰੇ ਤੇ ਦਇਆ ਨਹੀਂ ਕਰ ਰਿਹਾ ਹੈ। ਹੇ ਪਿਆਰੇ ਭਾਈ ਮੈਂ ਅੱਜ ਅਨਾਥ ਹਾਂ। ਮੇਰਾ ਰਾਜ ਅੱਜ ਮੇਰੇ ਕੋਲ ਨਹੀਂ ਹੈ। ਰਾਵਨ ਨੇ ਮੇਰਾ ਅਪਮਾਨ ਕੀਤਾ ਹੈ। ਮੈਂ ਅੱਜ ਦਇਆ ਦਾ ਪਾਤਰ ਹਾਂ। ਮੈਂ ਆਪਣੇ ਘਰ ਤੋਂ ਬਹੁਤ ਦੂਰ ਹਾਂ। ਸੁਗਰੀਵ ਇਹ ਸਭ ਕੁੱਝ ਜਾਣਦਾ ਇਨ੍ਹਾਂ ਕਾਰਨਾਂ ਕਰਕੇ ਹੀ ਵਾਨਰਾਂ ਦਾ ਰਾਜਾ ਦੁਸ਼ਟ ਉਹ ਸੁਗਰੀਵ ਅੱਜ ਮੈਨੂੰ ਜਲੀਲ ਕਰ ਰਿਹਾ ਹੈ ਕਿ ਮੈਂ ਆਪਣੇ ਸ਼ਤਰੂਆਂ ਦਾ ਨਾਸ਼ ਕਰਨ ਦੀ ਸਮਰੱਥਾ ਰੱਖਦਾ ਹਾਂ। ਉਸ ਨੇ ਸੀਤਾ ਦੀ ਖੋਜ ਕਰਨ ਲਈ ਸਮਾਂ ਨਿਸ਼ਚਿਤ ਕਰ ਦਿੱਤਾ ਸੀ। ਉਹ ਦੁਸ਼ਟ ਵਾਨਰ ਪ੍ਰੱਤਗਿਆ ਕਰਕੇ ਵੀ ਉਸਨੂੰ ਪੂਰੀ ਕਰਨ ਵਿਚ ਅਣਗਹਿਲੀ ਕਰ ਰਿਹਾ ਹੈ।

(ਰਾਮ ਚੰਦਰ ਆਖਦਾ ਹੈ ਕਿ ਉਹ ਦਇਆ ਦਾ ਪਾਤਰ ਹੈ, ਅਨਾਥ ਹੈ, ਬੇਘਰ ਹੈ। ਆਪਣੇ ਮਨੋਰਥ ਲਈ ਉਸਨੇ ਸੁਗਰੀਵ ਦੀ ਸ਼ਰਨ ਲਈ ਹੈ ਤੇ ਸੁਗਰੀਵ ਉਸਦੀ ਸਹਾਇਤਾ ਨਹੀਂ ਕਰ ਰਿਹਾ ਜਿਸ ਕਾਰਨ ਉਹ ਲਾਚਾਰ, ਮਜਬੂਰ ਤੇ ਬੇਚੈਨ ਹੈ।)

ਫਿਰ ਉਹ ਆਪਣਾ ਧਾਰਮਿਕ ਬਾਣ ਛੱਡਦਾ ਹੈ:-

975 (69-72) ਹੇ ਲਛਮਣ, ਤੂੰ ਮੇਰੀ ਆਗਿਆ ਨਾਲ ਕਿਸ਼ਕੰਧਾ ਨਗਰੀ ਜਾ ਕੇ ਵਿਸ਼ਾ ਭੋਗ ਵਿਚ ਰੁੱਝੇ ਉਸ ਮੂਰਖ ਵਾਨਰਪਤੀ ਸੁਗਰੀਵ ਨੂੰ ਇਹ ਆਖ ਕਿ ਜਿਹੜਾ ਪੁਰਸ਼ ਸ਼ਕਤੀਸ਼ਾਲੀ ਤੇ ਉਪਕਾਰ ਕਰ ਚੁੱਕੇ ਪੁਰਸ਼ ਦੇ ਕੰਮਾਂ ਨੂੰ ਪੂਰਾ ਕਰਨ ਦੀ ਪ੍ਰਤੱਗਿਆ ਕਰਕੇ ਉਸ ਪੁਰਸ਼ ਨੂੰ ਇਸ ਬਾਰੇ ਪੂਰੀ ਆਸ ਦਿਲਾ ਕੇ ਮਗਰੋਂ ਆਪਣੀ ਪ੍ਰਤੱਗਿਆ ਨੂੰ ਤੋੜ ਦਿੰਦਾ ਹੈ, ਉਹ ਇਸ ਦੁਨੀਆਂ ਵਿਚ ਸਭ ਤੋਂ ਨੀਚ ਪੁਰਸ਼ਹੈ। ਜਿਹੜਾ ਪੁਰਸ਼ ਆਪਣੇ ਮੂੰਹ ਤੋਂ ਕੱਢੇ ਚੰਗੇ ਜਾਂ ਮੰਦੇ ਕਿਸੇ ਤਰ੍ਹਾਂ ਦੇ ਬਚਨ ਨੂੰ ਅਵੱਸ਼ ਪੂਰਾ ਕਰਨ ਯੋਗ ਮੰਨਕੇ ਸਚਾਈ ਦੀ ਰੱਖਿਆ ਲਈ ਉਸਦੀ ਪਾਲਣਾ ਕਰਦਾ ਹੈ, ਉਹ ਵੀਰ ਸਭਨਾਂ ਪੁਰਸ਼ਾਂ ਵਿਚ ਸਰੇਸ਼ਠ ਮੰਨਿਆ ਜਾਂਦਾ ਹੈ। ਜਿਹੜੇ ਪੁਰਸ਼ ਆਪਣਾ ਸਵਾਰਥ ਸਿੱਧ ਹੋ ਜਾਣ 'ਤੇ ਉਨ੍ਹਾਂ ਮਿਤਰਾਂਦੀ ਸਹਾਇਤਾ ਨਹੀਂ ਕਰਦੇ, ਜਿੰਨ੍ਹਾਂ ਨੇ ਮਨੋਰਥ ਪੂਰੇ ਨਹੀਂ ਹੋਏ, ਉਨ੍ਹਾਂ ਪੁਰਸ਼ਾਂ ਦੇ ਮਰਨ 'ਤੇ ਮਾਸ ਖਾਣ ਵਾਲੇ ਜੀਵ ਜੰਤੂ ਵੀ ਉਨ੍ਹਾਂ ਦਾ ਮਾਸ ਖਾਣ ਤੋਂ ਸੰਕੋਚ ਕਰਦੇ ਹਨ।

976 (78) ਰਾਮ- ਅਸੀਂ ਸੋਗ ਨਾਲ ਵਿਆਕੁਲ ਹਾਂ ਫਿਰ ਵੀ ਉਹ (ਸੁਗਰੀਵ) ਸਾਡੇ ਤੇ ਦਇਆ ਨਹੀ ਕਰਦਾ। (76) ਕਿਉਂਕਿ ਉਸਦਾ ਆਪਣਾ ਸਵਾਰਥ ਸਿੱਧ ਹੋ ਚੁੱਕਾ ਹੈ।

ਦੂਜਾ ਬਾਣ ਡਰਾਵੇ ਦਾ ਛੱਡਿਆ ਜਾਂਦਾ ਹੈ

977 (83) ਤੂੰ ਆਪਣੇ ਨਿਤ ਧਰਮ ਜਾਂ ਕਰਤੱਵ ਦਾ ਖਿਆਲ ਕਰਕੇ ਆਪਣੀ ਕੀਤੀ ਪ੍ਰਤੱਗਿਆ ਨੂੰ ਪੂਰੀ ਕਰ। ਕਿਤੇ ਇੰਜ ਨਾ ਹੋਵੇ ਕਿ ਮੇਰੇ ਹੱਥੋਂ ਮਾਰਿਆ ਜਾਕੇ ਤੂੰ ਅੱਜ ਹੀ ਯਮਲੋਕ ਵਿਖੇ ਬਾਲੀ ਦਾ ਦਰਸ਼ਨ ਕਰਨ

ਲਈ ਮਜਬੂਰ ਹੋ ਜਾਵੇ।

(2-3) ਸੁਗਰੀਵ ਦੀ ਬੁੱਧੀ ਮਾਰੀ ਗਈ ਹੈ, ਇਸ ਲਈ ਉਹ ਸੰਸਾਰਕ ਵਿਸ਼ਾ-ਭੋਗਾਂ ਵਿਚ ਰੁੱਝ ਗਿਆਹੈ। ਤੁਹਾਡੀ ਕ੍ਰਿਪਾ ਦੇ ਫਲ ਵਜੋਂ ਉਸਨੂੰ ਰਾਜ ਦੀ ਪ੍ਰਾਪਤੀ ਹੋਈ ਹੈ, ਇਸਲਈ ਉਹ ਹੁਣ ਸਾਡੇ ਹੱਥੋਂ ਮਾਰਿਆ ਜਾਵੇਗਾ ਤੇ ਛੇਤੀ ਹੀ ਆਪਣੇ ਭਰਾ ਬਾਲੀ ਦੇ ਦਰਸ਼ਨ ਕਰੇਗਾ।ਆਪਣਾ ਬਚਨ ਪੂਰਾ ਨਾ ਕਰਨ ਵਾਲੇ ਸੁਗਰੀਵ ਨੂੰ ਮੈਂ ਅੱਜ ਹੀ ਮਾਰ ਮੁਕਾਵਾਂਗਾ।

981 (37) ਕਿੰਤੂ ਸੁਗਰੀਵ ਨਸ਼ੇ ਵਿਚ ਧੁੱਤ ਪਿਆ ਸੀ ਤੇ ਉਹ ਕਾਮ ਵਾਸਨਾ ਵਿਚ ਬੇਸੁੱਧ ਹੋਇਆ ਪਿਆ ਸੀ ਉਸ ਦੀਆਂ ਅੱਖਾਂ ਵਿਚ ਨੀਂਦਰ ਛਾਈ ਹੋਈ ਸੀ।

ਨਸ਼ੇ ਵਿਚ ਧੁੱਤ ਸੁਗਰੀਵ ਇਸ ਤਰ੍ਹਾਂ ਆਖਦਾ ਹੈ:-

984 (5-6) ਉਂਜ ਮੈਨੂੰ ਲਛਮਣ ਜਾਂ ਸ੍ਰੀ ਰਾਮ ਤੋਂ ਵੀ ਕੋਈ ਭੈ ਨਹੀਂ ਹੈ, ਫਿਰ ਵੀ ਇਕਤਰਫੇ ਢੰਗ ਨਾਲ ਨਾਰਾਜ ਹੋਇਆ ਮਿੱਤਰ ਚਿੱਤ ਵਿਚ ਘਬਰੇਵਾਂ ਪੈਦਾ ਕਰਦਾ ਹੀ ਹੈ।ਕਿਸੇ ਨੂੰ ਮਿੱਤਰ ਬਣਾਉਣਾ ਅਸਾਨ ਹੈ ਪ੍ਰੰਤੂ ਮਿੱਤਰਤਾ ਨੂੰ ਕਾਇਮ ਰੱਖਣਾ ਬੜਾ ਹੀ ਔਖਾ ਕੰਮ ਹੈ।ਕਿਉਂਕਿ ਮਨੁੱਖੀ ਜੀਵਨ ਬੜਾ ਅਸਥਿਰ ਤੇ ਚੰਚਲ ਹੁੰਦਾ ਹੈ, ਸਿ ਲਈ ਇਕ ਨਿੱਕੀ ਜਿਹੀ ਗੱਲ ਪਿੱਛੇ ਵੀ ਮਿਤਰਤਾ ਜਾਂ ਪਿਆਰ ਵਿਚ ਫਰਕ ਆ ਜਾਂਦਾ ਹੈ।

(ਤੇ ਤਾਰਾ, ਲਛਮਣ ਨੂੰ ਵੇਖ ਕੇ ਬਾਹਰ ਆਉਂਦੀ ਹੈ।)

989 (37-39) ਸੁਗਰੀਵ ਦੇ ਇੰਝ ਕਹਿਣ ਤੇ ਸ਼ੁੱਭ ਲਛਣਾਂ ਵਾਲੀ ਉਹ ਤਾਰਾ ਲਛਮਣ ਕੋਲ ਗਈ। ਵਾਨਰਪਤੀ ਦੀ ਪਤਨੀ ਤਾਰਾ ਉੱਤੇ ਨਜਰ ਪੈਂਦਿਆਂ ਸਾਰ ਲਛਮਣ ਆਪਣਾ ਮੂੰਹ ਨੀਵਾਂ ਕਰਕੇ ਸ਼ਾਂਤ ਤੇ ਵਿਹਾਰ ਭਰੇ ਭਾਵ ਨਾਲ ਇਕ ਪਾਸੇ ਹੋ ਗਿਆ।ਇਕ ਤੀਵੀਂ ਨੂੰ ਆਪਣੇ ਕੋਲ ਖਲੋਤੀ ਵੇਖ ਕੇ ਉਸਦਾ ਕਰੋਧ ਸ਼ਾਂਤ ਹੋ ਗਿਆ।ਮਦਿਰਾ ਪੀਣ ਕਾਰਨ ਤਾਰਾ ਆਪਣਾ ਲੱਜਾ ਗੁਆ ਚੁੱਕੀ ਸੀ।

(ਸਿਆਣੀ ਔਰਤ ਤਾਰਾ ਵੀ ਹੁਣ ਸੁਗਰੀਵ ਕਾਰਨ, ਸ਼ਰਮ ਹਯਾ ਗੁਆ ਚੁੱਕੀ ਹੈ, ਕਿਉਂਕਿ ਸੁਗਰੀਵ ਨੇ ਆਪਣੇ ਵੱਡੇ ਭਰਾ ਦੀ ਪਤਨੀ ਨੂੰ ਵੀ ਸਾਂਭ ਲਿਆ ਹੈ।) ਲਛਮਣ ਤਾਰਾ ਨੂੰ ਇਸ ਤਰ੍ਹਾਂ ਆਖਦਾ ਹੈ:-

990 (42-44) ਆਪਣੇ ਪਤੀ ਦੀ ਹਿਤਚਿੰਤਕ ਤਾਰਾ, ਤੇਰਾ ਪਤੀ ਵਿਸ਼ੇ ਵਾਸਨਾਵਾਂ ਦੇ ਵੱਸ ਹੋ ਕੇ ਧਰਮ ਤੇ ਅਰਥ ਵੱਲ ਅਣਗਹਿਲੀ ਵਿਖਾ ਰਿਹਾ ਹੈ।ਕੀ ਤੈਨੂੰ ਇਹ ਸਭ ਪਤਾ ਨਹੀਂ ਹੈ? ਤੂੰ ਉਸਨੂੰ ਸਮਝਾਉਂਦੀ ਕਿਉਂ ਨਹੀਂ? ਹੇ ਤਾਰਾ ਆਪਣਾ ਰਾਜ ਭਾਗ ਭੋਗਣ ਵਿਚ ਰੁਝਿਆ ਸੁਗਰੀਵ ਸਾਡੇ ਬਾਰੇ ਕੁੱਝ ਵੀ ਨਹੀਂ ਸੋਚ ਰਿਹਾ ਹੈ ਤੇ ਅਸੀਂ ਸੋਗ ਨਾਲ ਵਿਆਕੁਲ ਹਾਂ।ਆਪਣੇ ਮੰਤਰੀਆਂ ਦੇ ਰਾਜ ਦਰਬਾਰ ਤੇ ਹੋਰ ਦਰਬਾਰੀਆਂ ਸਹਿਤ ਉਸ ਕੇਵਲ ਵਿਸ਼ੇ ਭੋਗਾਂ ਦਾ ਹੀ ਸੇਵਨ ਕਰ ਰਿਹਾ ਹੈ।ਪ੍ਰੰਤੂ ਮਦਿਰਾ ਦੇ ਨਸ਼ੇ ਵਿਚ ਚੂਰ ਉਹ ਵਿਸ਼ੇ ਭੋਗਾਂ ਵਿਚ ਰੁੱਝਕੇ ਇਸ ਬਾਰੇ ਸਭ ਕੁੱਝ ਭੁੱਲ ਗਿਆ ਹੈ।

(ਸਪੱਸ਼ਟ ਹੈ ਕਿ ਰਾਮ ਅਤੇ ਲਛਮਣ ਨਾ ਤਾਂ ਸੀਤਾ ਦੀ ਤਲਾਸ਼ ਕਰਨ ਯੋਗ ਹਨ ਅਤੇ ਨਾ ਹੀ ਰਾਵਣ ਵਰਗੇ ਬਲੀ ਯੋਧੇ ਨਾਲ ਮੁਕਾਬਲਾ ਕਰਨ ਦੇ ਕਾਬਲ ਹਨ।ਇਸੇ ਕਰਕੇ ਉਹ ਵਿਸ਼ਈ ਤੇ ਸੁਆਰਥੀ ਸੁਗਰੀਵ ਨਾਲ ਮਿਤਰਤਾ ਕਰਦੇ ਹਨ ਤੇ ਸਮਝਦਾਰ ਬਾਲੀ ਨੂੰ ਮਾਰ ਦਿੰਦੇ ਹਨ।ਦੁੱਖਾਂ ਵਿੱਚ ਲਚਾਰੀ ਵਿਚ ਡੁੱਬੇ ਰਹਿਣ ਤੋਂ ਇਲਾਵਾ ਉਹਨਾਂ ਪਾਸ ਕੁੱਝ ਨਹੀਂ ਹੈ।ਉਹ ਆਸਰਾ ਭਾਲ ਰਹੇ ਹਨ।)

991 (53-54) ਹੇ ਸ਼੍ਰੇਸ਼ਟ ਮਨੁੱਖ ਸਰੀਰਕ ਵਿਸ਼ਾ ਵਾਸਨਾਵਾਂ ਦੇ ਅਸਹਿ ਵੇਗ ਤੋਂ ਵੀ ਮੈਂ ਭਲੀ ਭਾਂਤ ਪ੍ਰੀਚਤ ਹਾਂ।ਮੈਂ ਇਹ ਜਾਣਦੀ ਹਾਂ ਕਿ ਸੁਗਰੀਵ ਕਾਮ ਦੇ ਵੱਸ ਪੈ ਕੇ ਕਿਸ ਸੁੰਦਰੀ ਦੇ ਪਿਆਰ ਵਿਚ ਰੁੱਝਿਆਹੋਇਆ ਹੈ।ਇਹ ਵੀ ਸੱਚ ਹੈ ਕਿ ਕਾਮ ਵਾਸਨਾ ਵਿਚ ਰੁੱਝੇ ਹੋਣ ਕਾਰਣ ਇਨ੍ਹੀਂ ਦਿਨੀਂ ਉਸ ਦਾ ਮਨ ਕਿਸੇ ਹੋਰ ਕੰਮ ਵਿਚ ਨਹੀਂ ਲਗਦਾ।ਤੁਸੀਂ ਇਕਦਮ ਕ੍ਰੋਧ ਦੇ ਵੱਸ ਪੈ ਗਏ ਹੋ- ਇਸਤੋਂ ਜਾਪਦਾ ਅਤੇ ਸਥਾਨ ਦੀ, ਧਰਮ ਅਤੇ ਅਰਥ ਦੀ ਕੋਈ ਚਿੰਤਾ ਨਹੀਂ ਕਰਦਾ।ਉਹ ਇਨ੍ਹਾਂ ਵਿੱਚੋਂ ਬੇਖਬਰ ਹੋ ਜਾਂਦਾ ਹੈ।ਸ਼ਤਰੂ ਵੀਰ ਦਾ ਨਾਸ਼ ਕਰਨ ਵਾਲੇ ਹੇ ਰਾਜਕੁਮਾਰ, ਵਾਨਰਪਤੀ ਸ਼ੁਗਰੀਵ ਵਿਸ਼ਾ ਭੋਗਾਂ ਦੇ ਵੱਸ ਹੋ ਕੇ ਇਸ ਸਮੇਂ ਮੇਰੇ ਕੋਲ ਹੀ ਸਨ।ਕਾਮ ਵਾਸਨਾ ਦੀ ਤੀਬਰਤਾ ਵਿਚ ਉਨ੍ਹਾਂ ਆਪਣੀ ਸੁਭਾਵਕ ਲੱਜਾ ਨੂੰ ਵੀ ਭੁੱਲਾ ਦਿੱਤਾਹੈ।

(ਤਾਰਾ ਅਜੇ ਵੀ ਰਾਜਸੀ ਸੂਝਬੂਝ ਦੀ ਮਾਲਕ ਹੈ ਤੇ ਸਪੱਸ਼ਟ ਆਖਦੀ ਹੈ ਕਿ ਕਾਮ ਵਾਸਨਾਵਾਂ ਅਤੇ ਹੋਰ ਐਸ਼ ਵਿਚ ਰੁੱਝਿਆ ਮਨੁੱਖ ਆਪਣਾ ਸਭ ਕੁੱਝ ਖੋਅ ਬੈਠਦਾ ਹੈ।ਸ਼ਰਮ, ਲੱਜਾ, ਸਿਆਣਪ ਸਭ ਗੁਆਚ ਜਾਂਦੇ ਹਨ।ਕਿਉਂਕਿ ਬਾਲੀ ਅਜਿਹੇ ਐਸ਼ ਕਰਮ ਤੋਂ ਰਹਿਤ ਸੀ, ਇਸ ਕਰਕੇ ਹੀ ਉਸਨੂੰ ਰਸਤੇ 'ਚੋਂ ਹਟਾਇਆ ਗਿਆ।

ਸੁਆਰਥੀ ਅਤੇ ਨੀਚ ਬੁੱਧੀ ਵਾਲਾ ਬੰਦਾ ਹੀ ਕਿਸੇ ਦਾ ਸੁਆਰਥ ਪੂਰਾ ਕਰਨ ਲਈ ਕੁਰਬਾਨ ਹੋ ਸਕਦਾਹੈ।)

993 (5) ਇਸਤਰੀਆਂ ਵਿਚਕਾਰ ਖਲੋਤਾ ਸੁਗਰੀਵ ਤਾਰਿਆਂ ਵਿਚਕਾਰ ਲਿਸ਼ਕਦੇ ਚੰਦਰਮਾਂ ਵਾਂਗ ਭਾਸ ਰਿਹਾ ਸੀ। ਉਸਨੂੰ ਵੇਖਕੇ ਕ੍ਰੋਧ ਵਿਚ ਭਰਕੇ ਲਛਮਣ ਨੇ ਕਿਹਾ:-

994 (12-14) ਹੇ ਵਾਨਰ ਤੂੰ ਨੀਚ, ਕ੍ਰਿਤਘਨ ਤੇ ਝੂਠਾ ਹੈ। ਸ਼੍ਰੀ ਰਾਮ ਦੀ ਸਹਾਇਤਾ ਨਾਲ ਪਹਿਲਾਂ ਤੂੰ ਆਪਣਾ ਕੰਮ ਬਣਾ ਲਿਆ, ਪ੍ਰੰਤੂ ਹੁਣ ਉਸ ਲਈ ਤੂੰ ਕੁੱਝ ਨਹੀਂ ਕਰ ਰਿਹਾ। ਹੇ ਵਾਨਰ ਤੇਰਾ ਕਾਰਜ ਸਿੱਧਿਓਂ ਚੁੱਕਾ ਹੈ। ਇਸ ਲਈ ਹੁਣ ਤੈਨੂੰ ਉਪਕਾਰ ਦਾ ਬਦਲਾ ਚੁਕਾਉਣ ਲਈ ਸ੍ਰੀ ਰਾਮ ਦੀ ਪਤਨੀ ਸੀਤਾ ਦੀ ਖੋਜ ਬਾਰੇ ਯਤਨ ਕਰਨਾ ਚਾਹੀਦਾ ਹੈ। ਸ੍ਰੀ ਰਾਮ ਤੇਰੇ ਬਾਰੇ ਅਸਲੀਅਤ ਨਹੀਂ ਜਾਣਦੇ ਕਿ ਤੂੰ ਡੱਡੂ ਦੀ ਬੋਲੀ ਬੋਲਣ ਵਾਲਾ ਸੱਪ ਹੈ। (ਹੁਣ ਧਰਮ ਕਰਮ ਦੇ ਅਰਥ ਬਦਲ ਚੁੱਕੇ ਹਨ। ਬਾਲੀ ਨੂੰ ਮਾਰਨ ਸਮੇਂ ਇਸ ਧਰਮ ਕਰਮ ਦੇ ਅਰਥ ਹੋਰ ਸਨ, ਹੁਣ ਹੋਰ। ਉੱਥੇ ਛਲ ਕਪਟ ਧੋਖਾ ਜਾਇਜ ਸੀ, ਇਥੇ ਅਧਰਮ ਹੈ।)

ਤਾਰਾ ਅੱਗੇ ਹੋ ਕੇ ਸੁਗਰੀਵ ਦਾ ਚਰਿਤਰ ਇਸ ਤਰ੍ਹਾਂ ਬਿਆਨ ਕਰਦੀ ਹੈ:-

995 (1-2) ਹੇ ਲਛਮਣ, ਤੁਹਾਨੂੰ ਸੁਗਰੀਵ ਪ੍ਰਤੀ ਇਹ ਸਭ ਕੁੱਝ ਨਹੀਂ ਕਹਿਣਾ ਚਾਹੀਦਾ। ਇਹ ਵਾਨਰਾਂ ਦੇ ਰਾਜਾ ਹਨ, ਇਸ ਲਈ ਇਹ ਕਾਬ ਕਰਕੇ ਤੁਹਾਡੇ ਮੂੰਹੋਂ ਇਸ ਤਰ੍ਹਾਂ ਦੇ ਕਠੋਰ ਸ਼ਬਦ ਸੁਣਨ ਦੇ ਯੋਗ ਨਹੀਂ ਹਨ ਤੇ ਵੀਰ ਵਾਨਰ ਪਤੀ ਸੁਗਰੀਵ ਕ੍ਰਿਤਗਨ ਨਹੀਂ ਹਨ ਤੇ ਨਾ ਉਹ ਦੁਸ਼ਟ ਤੇ ਨਿਰਦਈ ਹਨ। ਉਹ ਝੂਠੇ ਤੇ ਕੁਟਿਲ ਸੁਭਾਵ ਦੇ ਵੀ ਨਹੀਂ ਹਨ।

996 (4-5) ਸ਼ਤਰੂਆਂ ਨੂੰ ਪੀੜਤ ਕਰਨ ਵਾਲੇ ਹੇ ਲਛਮਣ, ਸ੍ਰੀ ਰਾਮ ਦੀ ਕ੍ਰਿਪਾ ਨਾਲ ਹੀ ਸੁਗਰੀਵ ਨੇ ਵਾਨਰਾਂ ਦੇ ਅਖੰਡ ਰਾਜ ਨੂੰ ਜਸ ਨੂੰ, ਰੂਮਾ ਨੂੰ ਅਤੇ ਮੈਨੂੰ ਪ੍ਰਾਪਤ ਕੀਤਾ ਹੈ। ਪਹਿਲਾਂ ਏਨਾ ਬੜਾ ਦੁੱਖ ਭੋਗਿਆ ਹੈ। ਹੁਣ ਇਸ ਸ੍ਰੇਸ਼ਠ ਸੁੱਖਾਂ ਨੂੰ ਪ੍ਰਾਪਤ ਕਰਕੇ ਇਹ ਉਸ ਵਿਚ ਇੰਨੇ ਰੁੱਝ ਗਏ ਹਨ ਕਿ ਇਨ੍ਹਾਂ ਉਚਿਤ ਸਮੇਂ ਦਾ ਖਿਆਲ ਨਹੀਂ ਰਿਹਾ। ਠੀਕ ਉਸੇ ਤਰ੍ਹਾਂ ਜਿਵੇਂ ਮੁਨੀ ਵਿਸ਼ਵਾ ਮਿੱਤਰ ਨੂੰ ਮੇਨਕਾ ਦੇ ਪਿਆਰ ਵਿਚ ਰੁੱਝ ਜਾਣ ਕਰਕੇ ਸਮੇਂ ਦਾ ਗਿਆਨ ਨਹੀਂ ਰਿਹਾ ਸੀ।

(ਇਸ ਤਰ੍ਹਾਂ ਤਾਰਾ ਨੇ ਇਕ ਚੋਟ ਮਾਰੀ। ਜਾਪਦਾ ਹੈ ਕਿ ਉਹ ਆਰੀਅਨ ਧਰਮ ਤੋਂ ਵਾਕਫ ਹੈ। ਤਾਂ ਹੀ ਉਹ ਕਹਿੰਦੀ ਹੈ ਕਿ ਸੁਗਰੀਵ ਅੱਜ ਰਿਸ਼ੀ ਵਿਸ਼ਵਾਮਿੱਤਰ ਵਾਂਗ ਹੀ ਪਿਆਰ ਵਿਚ ਗਲਤਾਨ ਹੈ। ਵਿਸ਼ਵਾਮਿੱਤਰ (ਬ੍ਰਾਹਮਣ ਗੁਰੂ) ਮੇਨਕਾ ਨਾਲ ਗਲਤਾਨ ਹੈ ਤਾਂ ਉਹ ਰਿਸ਼ੀ ਹੈ, ਮੁਨੀ ਹੈ, ਉੱਤਮ ਤੇ ਸ੍ਰੇਸ਼ਠ ਹੈ, ਪ੍ਰੰਤੂ ਜੇ ਸੁਗਰੀਵ ਗਲਤਾਨ ਹੈ ਤਾਂ ਉਹ ਕ੍ਰਿਤਘਣ, ਨੀਚ ਤੇ ਝੂਠਾ ਹੈ।

ਇਸ ਦੇ ਨਾਲ ਹੀ ਉਹ ਰਾਖਸ਼ਾਂ ਦੀ ਤਾਕਤ ਨੂੰ ਬਿਆਨ ਕਰਦੀ ਹੈ

996 (13-16) ਸੁਗਰੀਵ ਨੀਚ ਰਾਖਸ਼ ਦਾ ਵੱਧ ਕਰਕੇ ਸ੍ਰੀ ਰਾਮ ਦਾ ਸੀਤਾ ਨਾਲ ਉਸੇ ਤਰ੍ਹਾਂ ਮੇਲ ਕਰਾਉਣਗੇ ਜਿਵੇਂ ਚੰਦਰਮਾ ਤੇ ਰੋਹਿਣੀ ਨਾਲ ਮੇਲ ਹੁੰਦਾ ਹੈ। ਉਹ ਸਭ ਰਾਖਸ਼ ਇੱਛਾ ਅਨੁਸਾਰ ਭਾਂਤ-ਭਾਂਤ ਦੇ ਰੂਪ ਧਾਰਣ ਕਰ ਸਕਣ ਵਾਲੇ ਤੇ ਅਜਿੱਤ ਹਨ। ਉਨ੍ਹਾਂ ਸਭਨਾਂ ਦਾ ਨਾਸ਼ ਕੀਤੇ ਬਿਨਾਂ ਉਸ ਰਾਵਣ ਦਾ ਵੱਧ ਨਹੀਂ ਕੀਤਾ ਜਾ ਸਕਦਾ, ਜਿਸਨੇ ਜਨਕ ਪੁੱਤਰੀ ਸੀਤਾ ਦਾ ਹਰਣ ਕੀਤਾ ਹੈ। ਹੇ ਲਛਮਣ, ਬਿਨਾਂ ਕਿਸੇ ਦੀ ਸਹਾਇਤਾ ਲਏ ਕੋਈ ਇਕਲਾ ਵੀਰ ਯੁੱਧ ਵਿਚ ਉਨ੍ਹਾਂ ਰਾਖਸ਼ਾਂ ਦਾ ਨਾਸ਼ ਨਹੀਂ ਕਰ ਸਕਦਾ। ਖਾਸਕਰਕੇ ਇਕੱਲੇ ਸੁਗਰੀਵ ਉਨ੍ਹਾਂ ਰਾਖਸ਼ਾਂ ਦਾ ਰਾਵਣ ਦਾ ਵੱਧ ਨਹੀਂ ਕਰ ਸਕਣਗੇ।

ਉਪਾਅ ਹੱਲ, ਸਾਮ, ਦਾਨ, ਭੇਦ (ਫੁੱਟ)

1060 (5-8) ਚਾਰ ਉਪਾਵਾਂ ਦੰਡ ਵਿੱਚੋਂ ਤੀਜੇ-ਭੇਦ ਦੇ ਪ੍ਰਯੋਗ ਕਰਦਿਆਂ ਉਸਨੇ ਆਪਣੀ ਬਾਣੀ ਦੀ ਚਤੁਰਤਾ ਰਾਹੀਂ ਉਨ੍ਹਾਂ ਸਭ ਵਾਨਰਾਂ ਨੂੰ ਤੋੜਨਾ ਸ਼ੁਰੂ ਕਰ ਕੀਤਾ। ਜਦ ਉਨ੍ਹਾਂ ਸਭ ਵਾਨਰਾਂ ਵਿਚ ਫੁੱਟ ਪੈ ਗਈ, ਤਦ ਉਸਨੇ ਚੌਥੇ ਉਪਾਅ ਰਾਹੀਂ ਕਈ ਤਰੀਕਿਆਂ ਨਲਾ ਡਰਾ ਕੇ ਅੰਗਦ ਨੂੰ ਕਿਹਾ: ਹੇ ਤਾਰਾ ਪੁੱਤਰ ਤੂੰ ਯੁੱਧ ਵਿਚ ਪਿਉ ਵਾਂਗ ਅਤਿਅੰਤ ਸ਼ਕਤੀਸ਼ਾਲੀ ਹੈ। ਇਸ ਵਿਚ ਕਿਸੇ ਨੂੰ ਕੋਈ ਸ਼ੱਕ ਨਹੀਂ। ਜਿਸ ਤਰ੍ਹਾਂ ਤੇਰੇ ਪਿਤਾ ਬਾਲੀ ਵਾਨਰਾਂ ਦਾ ਰਾਜ ਸੰਭਾਲਦੇ ਸਨ, ਉਸੇ ਤਰ੍ਹਾਂ ਤੂੰ ਵੀ ਉਸਨੂੰ ਕੁਸ਼ਲ ਪੂਰਵਕ ਸੰਭਾਲ ਸਕਦਾ ਹੈ। ਆਪਣੀ ਇਸਤਰੀ ਤੋਂ, ਸੰਤਾਨ ਤੋਂ ਵੱਖ ਹੋ ਕੇ ਤੁਹਾਡੀ ਆਗਿਆ ਦਾ ਪਾਲਣਾ ਕਰਨਾ ਇਸ ਲਈ ਅਸਹਿ ਹੈ।

1067 (4-5) ਹੇ ਪੰਛੀ ਪਹਿਲੇ ਸਮੇਂ ਵਿਚ ਵਾਨਰਾਂ ਦਾ ਇਕ ਪ੍ਰਤਾਪੀ ਰਾਜਾ ਸੀ ਜਿਸਦਾ ਨਾਂਅ ਰਿਕਸ਼ਰਜਾ ਸੀ। ਰਾਜਾ ਰਿਕਸ਼ਰਜਾ ਮੇਰੇ ਦਾਦਾ ਲਗਦੇ ਸਨ। ਉਨ੍ਹਾਂ ਦੇ ਦੋ ਧਰਮਾਤਮਾ ਪੁੱਤਰ ਹੋਏ: ਸੁਗਰੀਵ ਅਤੇ ਬਾਲੀ। ਉਹ

ਦੋਵੇਂ ਹੀ ਮਹਾਂਬਲੀ ਸਨ। ਉਨ੍ਹਾਂ ਵਿਚੋਂ ਬਾਲੀ ਮੇਰੇ ਪਿਤਾ ਸਨ। ਉਹ ਆਪਣੇ ਬਲ ਤੇ ਸਾਹਸ ਕਾਰਣ ਸਾਰੀ ਦੁਨੀਆਂ ਵਿਚ ਪ੍ਰਸਿੱਧ ਸਨ।

1068 (11-13) ਸ੍ਰੀ ਰਾਮ ਨੇ ਮੇਰੇ ਚਾਚਾ ਮਹਾਤਮਾ ਸੁਗਰੀਵ ਨਾਲ ਮਿੱਤਰਤਾ ਕੀਤੀ ਅਤੇ ਉਸਦੇ ਕਹਿਣ ਤੇ ਉਨ੍ਹਾਂ ਮੇਰੇ ਪਿਤਾ ਦਾ ਵੱਧ ਕਰ ਦਿੱਤਾ। ਇਸ ਲਈ ਸ੍ਰੀ ਰਾਮ ਨੇ ਉਸਨੂੰ ਰਾਜਗੱਦੀ 'ਤੇ ਥਾਪਿਆ ਤੇ ਹੁਣ ਉਹ ਵਾਨਰਾਂ ਤੇ ਉਨ੍ਹਾਂ ਦਿਆਂ ਦਲਪਤੀਆਂ ਦਾ ਰਾਜਾ ਹੈ। ਉਸਨੇ ਸਾਨੂੰ ਸੀਤਾ ਦੀ ਖੋਜ ਕਰਨ ਲਈ ਭੇਜਿਆ ਹੈ।

1071 (18-22) ਉਹ ਰਾਵਣ ਮਹਾਂਰਿਸ਼ੀ ਵਿਸ਼੍ਵਾ ਦਾ ਪੁੱਤਰ ਹੈ ਕੁਬੇਰ ਦਾ ਭਰਾ ਹੈ। ਉਹ ਰਾਖਸ਼ ਲੰਕਾ ਨਗਰੀ ਵਿਖੇ ਵਾਸ ਕਰਦਾਹੈ। ਇੱਥੋਂ ਇਕ ਸੌ ਯੋਜਨ ਚਾਰ ਸੌ ਕੋਹ ਦੀ ਦੂਰੀ 'ਤੇ ਸਮੁੰਦਰ ਵਿਚਕਾਰ ਇਕ ਦੀਪ ਹੈ। ਉਸ ਵਿਚ ਵਿਸ਼ਵਕਰਮਾਂ ਨੇ ਅਤਿਅੰਤ ਰਮਣੀਕ ਲੰਕਾ ਨਗਰੀ ਦਾ ਨਿਰਮਾਣ ਕੀਤਾ ਹੈ। ਉਸ ਨਗਰੀ ਦੇ ਵਚਿੱਤਰ ਦੁਆਰ ਅਤੇ ਵੱਡੇ ਵੱਡੇ ਮਹਿਲ ਸੋਨੇ ਦੇ ਬਣੇ ਹੋਏ ਹਨ। ਉਨ੍ਹਾਂ ਮਹਿਲਾਂ ਅੰਦਰ ਸੋਨੇ ਦੀਆਂ ਵੇਦਿਕਾਵਾਂ ਬਣੀਆਂ ਹੋਈਆਂ ਸਨ। ਉਸ ਨਗਰੀ ਦੀ ਚਾਰ ਦੀਵਾਰੀ ਬਹੁਤ ਵਿਸ਼ਾਲ ਹੈ ਤੇ ਉਹ ਸੂਰਜ ਵਾਂਗ ਲਿਸ਼ਕਦੀ ਰਹਿੰਦੀ ਹੈ। ਉਸ ਰਾਵਣ ਦੀ ਨਗਰੀ ਵਿਚ ਪੀਲੇ ਰੰਗ ਦੀ ਰੇਸ਼ਮੀ ਸਾੜ੍ਹੀ ਵਿਚ ਵਿਚਾਰੀ ਸੀਤਾ ਰਹਿੰਦੀ ਹੈ। ਉਹਰਾਵਣ ਦੇ ਜਨਾਨਾਖਾਨੇ ਵਿਚ ਨਜ਼ਰਬੰਦ ਹੈ। ਬਹੁਤ ਸਾਰੀਆਂ ਰਾਖਸ਼ ਇਸਤਰੀਆਂ ਉਸ 'ਤੇ ਪਹਿਰਾ ਦੇ ਰਹੀਆਂ ਹਨ। ਉੱਥੇ ਪੁੱਜਕੇ ਤੁਸੀਂ ਜਨਕ ਦੀ ਪੁਤਰੀ ਸੀਤਾ ਨੂੰ ਵੇਖ ਸਕੋਗੇ।

ਹਨੂੰਮਾਨ ਦਾ ਜਨਮ ਕਿਵੇਂ ਹੋਇਆ?

1090 (8) ਉਹ ਰੂਪ ਸੁੰਦਰਤਾ ਵਿਚ ਅਦੁੱਤੀ ਸੀ ਤੇ ਇਸ ਲਈ ਤਿੰਨਾ ਲੋਕਾਂ ਵਿਚ ਪ੍ਰਸਿੱਧ ਸੀ। ਉਸ ਦਾ ਨਾ ਅੰਜਨਾ ਸੀ। ਉਹ ਵਾਨਰਪਤੀ ਕੇਸਰੀਨ ਦੀ ਪਤਨੀ ਬਣੀ। (ਕੇਸਰੀਨ, ਜੋ ਹਨੂੰਮਾਨ ਦਾ ਪਿਤਾ ਹੈ, ਬਾਨਰ ਜਾਤੀ ਦਾ ਹੈ, ਭਾਵ ਦਰਾਵੜ ਜਾਤੀ ਦਾ।)

1990 (9-13) ਇਕ ਸਮੇਂ ਦੀ ਗੱਲ ਹੈ ਕਿ ਸੁਹੱਪਣ ਅਤੇ ਜਵਾਨੀ ਨਾਲ ਭਰਪੂਰ ਅੰਜਨਾ ਮਨੁੱਖੀ ਇਸਤਰੀ ਦਾ ਰੂਪ ਧਾਰਕੇ ਵਰਖਾ ਦੇ ਬਦਲ ਵਾਂਗ ਸਾਵੀ ਆਭਾ ਵਾਲੀ ਪਹਾੜ ਦੀ ਚੋਟੀ ਤੇ ਘੁੰਮ ਫਿਰ ਰਹੀ ਸੀ। ਉਸਦੀ ਦੇਹ ਰੇਸ਼ਮੀ ਸਾੜ੍ਹੀ ਨਾਲ ਕੱਸੀ ਹੋਈ ਸੀ। ਤੇ ਉਹ ਫੁੱਲਾਂ ਤੇ ਵਚਿੱਤਰ ਗਹਿਣਿਆਂ ਨਾਲ ਸਜੀ ਹੋਈ ਸੀ। ਵੱਡੀਆਂ ਵੱਡੀਆਂ ਅੱਖਾਂ ਵਾਲੀ ਉਸ ਮੁਟਿਆਰ ਦੀ ਸੁਹਣੀ ਸਾੜ੍ਹੀ ਪੀਲੇ ਰੰਗ ਦੀ ਸੀ ਪ੍ਰੰਤੂ ਉਸ ਦੀ ਕਿਨਾਰੀ ਲਾਲ ਰੰਗ ਦੀ ਸੀ। ਉਹ ਪਹਾੜ ਦੀ ਚੋਟੀ ਉੱਤੇ ਖਲੋਤੀ ਸੀ। ਉਸ ਵੇਲੇ ਵਾਯੂ ਦੇਵਤਾ ਨੇ ਉਸ ਦੇ ਸਰੀਰ ਦੇ ਕੱਪੜੇ ਹੌਲੇ ਜਿਹੇ ਹਰ ਲਿਆ। ਤਦ ਉਸ ਵਾਯੂ ਦੇਵਤਾ ਨੇ ਉਸ ਮੁਟਿਆਰ ਦੇ ਆਪਸ ਵਿਚ ਜੁੜੇ ਪੱਟਾਂ ਨੂੰ, ਇਕ ਦੂਜੇ ਨਾਲ ਲੱਗੀਆਂ ਛਾਤੀਆਂ ਨੂੰ ਤੇ ਉਸਦੇ ਸੁਹਣੇ ਚਿਹਰੇ ਨੂੰ ਵੇਖਿਆ ਉਸਦੇ ਕੁਲ੍ਹੇ ਉੱਚੇ ਤੇ ਚੌੜੇ ਸਨ ਤੇ ਉਸਦਾ ਲੱਕ ਪਤਲਾ ਸੀ। ਉਸਦੇ ਸਾਰੇ ਅੰਗ ਬਾਹਲੇ ਸੋਹਣੇ ਸਨ। ਅਜਿਹੀ ਉਸ ਜਸਵੰਤੀ ਅੰਜਨਾ ਦੇ ਅੰਗਾ ਨੂੰ ਵੇਖ ਕੇ ਵਾਯੂ ਦੇਵਤਾ ਕਾਮ-ਵਾਸਨਾ ਦੇ ਵੱਸ ਹੋ ਗਿਆ।

1091 (14-16) ਵਾਯੂ ਦੇਵਤਾ ਨੇ ਉਸ ਸ਼ਲਾਘਾਯੋਗ ਸੁਹੱਪਣ ਭਰਪੂਰ ਮੁਟਿਆਰ ਨੂੰ ਆਪਣੀਆਂ ਲੰਮੀਆਂ ਬਾਹਾਂ ਵਿਚ ਭਰ ਲਿਆ। ਉਸਦੇ ਸਭ ਅੰਗਰ ਪੂਰਣ ਭਾਂਤ ਕਾਮਵਾਸਨਾਂ ਅਧੀਨ ਹੋ ਗਏ ਸਨ। ਇਸ ਲਈ ਉਹ ਇਸ ਹੱਲਤ ਵਿਚ ਪੈ ਕੇ ਉਸੇ ਵੇਲੇ ਇਕ ਦਮ ਘਬਰਾ ਗਈ। ਉਸਨੇ ਕਿਹਾ ਇਹ ਕੌਣ ਹੈ, ਜਿਹੜਾ ਪਤੀਵਰਤਾ ਧਰਮ ਦਾ ਨਾਸ਼ ਕਰਨਾ ਚਾਹੁੰਦਾ ਹੈ।

(ਅੰਜਨਾ ਜੋ ਦਰਾਵੜ ਔਰਤ ਹੈ, ਨੇ ਇਸ ਤਰ੍ਹਾਂ ਕਿਸੇ ਦੇ ਹੱਥ ਲੱਗਣ ਨੂੰ ਪ੍ਰਵਾਨ ਨਾ ਕਰਦਿਆਂ ਪਤੀਵਰਤਾ ਧਰਮ ਦੀ ਗੱਲ ਕੀਤੀ।)

1091 (16-19) ਅੰਜਨਾ ਦੀ ਗੱਲ ਸੁਣ ਕੇ ਵਾਯੂ ਦੇਵਤਾ ਉੱਤਰ ਦਿੱਤਾ, 'ਹੇ ਸੁੰਦਰੀ, ਮੈਂ ਤੇਰੇ ਪਤੀਵਰਤਾ ਧਰਮ ਦਾ ਨਾਸ਼ ਨਹੀਂ ਕੀਤਾ। ਤੈਨੂੰ ਮੈਥੋਂ ਡਰਨਾ ਨਹੀਂ ਚਾਹੀਦਾ। ਹੇ ਜਸਵੰਤੀ ਮੈਂ ਅਪ੍ਰਗਟ ਰੂਪ ਵਿਚ ਤੈਨੂੰ ਜੱਫੀ ਵਿਚ ਲਿਆ ਹੈ ਅਤੇ ਮਾਨਸਿਕ ਸੰਕਲਪ ਰਾਹੀਂ ਤੇਰੇ ਨਾਲ ਸੰਭੋਗ ਕੀਤਾ ਹੈ। ਇਸ ਲਈ ਤੈਨੂੰ ਸ਼ਕਤੀ ਤੇ ਬੁੱਧੀ ਨਾਲ ਸੰਪੰਨ ਪੁਤਰ ਪ੍ਰਾਪਤ ਹੋਵੇਗਾ। ਉਹ ਤੇਰਾ ਪੁੱਤਰ ਧੀਰਜ ਵਾਲਾ, ਤੇਜੱਸਵੀ, ਮਹਾਂਬਲੀ ਤੇ ਸਾਹਸੀ ਹੋਵੇਗਾ। ਉਹ ਛਾਲ ਮਾਰਨ ਤੇ ਤੈਰਨ ਵਿਚ ਮੇਰੇ ਤੁਲ ਹੀ ਹੋਵੇਗਾ। ਹੇ ਵੱਡੀਆਂ ਬਾਹਾਂ ਵਾਲੇ ਸ਼੍ਰੇਸ਼ਠ ਵਾਨਰ, ਉਸ ਉਪਰੰਤ ਉਸਨੇ ਤੈਨੂੰ ਇਕ ਗੁਫਾ ਵਿਖੇ ਜਨਮ ਦਿੱਤਾ।

(ਭਾਵ ਹਨੂੰਮਾਨ ਕੇਸਰੀਨ ਦਾ ਆਪਣਾ ਲਹੂ ਨਹੀਂ। ਇਸ ਵਾਯੂ ਦੇਵਤਾ ਦੁਆਰਾ ਕੀਤੇ ਗਏ ਭੋਗ ਦੀ ਉਤਪਤੀ ਹੈ ਜਿਸ ਕਰਕੇ ਹਨੂੰਮਾਨ ਨੂੰ ਪਵਨ ਪੁੱਤਰ ਕਿਹਾ ਗਿਆ ਹੈ। ਦੇਵਤਿਆਂ ਬਾਰੇ ਹਰ ਥਾਂ ਇਹ ਗੱਲ ਮਿਲਦੀ ਹੈ ਕਿ ਉਹ ਇਕੱਲੀ ਔਰਤ ਨੂੰ ਵੇਖਕੇ ਕਾਮ ਵੱਸ ਹੋ ਕੇ ਉਸ ਨਾਲ ਮਨਮਨਰਜੀ ਕਰਦੇ ਸਨ।)

ਲੰਕਾ ਦੀ ਸੁੰਦਰਤਾ ਦਾ ਵਰਨਣ

1119 (17-18) ਹਨੂੰਮਾਨ ਨੇ ਵੇਖਿਆ ਕਿ ਲੰਕਾ ਦੇ ਬਾਹਰ ਫਾਟਕ ਸੋਨੇ ਦੇ ਬਣੇ ਹੋਏ ਸਨ ਅਤੇ ਲੰਕਾ ਦੀਆਂ ਦੀਵਾਰਾਂ ਉੱਤੇ ਬੇਲਾਂ ਦੇ ਚਿੱਤਰ ਸ਼ੋਭਾ ਪਾਉਂਦੇ ਸਨ। ਉਨ੍ਹਾਂ ਨੇ ਲੰਕਾ ਨੂੰ ਇਸ ਤਰ੍ਹਾਂ ਵੇਖਿਆ ਜਿਵੇਂ ਕੋਈ ਦੇਵਤਾ ਦੇਵਪੁਰੀ ਨੂੰ ਵੇਖਦਾ ਹੈ। ਤੇਜੱਸਵੀ ਹਨੂੰਮਾਨ ਸੁੰਦਰ ਤੇ ਚਿੱਟੇ ਭਵਨਾਂ ਨਾਲ ਸੁਸ਼ੋਭਿਤ ਅਤੇ ਪਹਾੜ ਦੀ ਚੋਟੀ ਉੱਤੇ ਵੱਸੀ ਹੋਈ ਲੰਕਾ ਨੂੰ ਇਸ ਤਰ੍ਹਾਂ ਵੇਖਿਆ, ਜਿਵੇਂ ਉਹ ਆਕਾਸ਼ ਵਿਚ ਵਿਚਰਨ ਵਾਲੀ ਨਗਰੀ ਹੋਵੇ।

1119 (14-) ਲੰਕਾਪੁਰੀ ਨੂੰ ਵਿਸ਼ਵਕਰਮਾ ਨੇ ਬਣਾਇਆ ਸੀ ਅਤੇ ਰਾਖਸ਼ਾਂ ਦਾ ਰਾਜ ਰਾਵਣ ਉਸਦੀ ਰੱਖਿਆ ਕਰਦਾ ਸੀ। ਹਨੂੰਮਾਨ ਨੂੰ ਉਹ ਪੂਰੀ ਤਰ੍ਹਾਂ ਵਿਖਾਈ ਦਿੱਤੀ ਜਿਵੇਂ ਉਹ ਅਕਾਸ਼ ਅੰਦਰ ਤੈਰ ਰਹੀ ਹੋਵੇ।

(ਇਸ ਲੰਕਾ ਨੂੰ ਵਿਸ਼ਵਕਰਮਾ ਨੇ ਬਣਾਇਆ ਸੀ। ਭਾਵ ਵਿਸ਼ਵਕਰਮਾ ਰਾਵਣ ਦਾ ਸਰਵੋਤਮ ਸ਼ਿਲਪਕਾਰ ਸੀ। ਲੰਕਾ ਦਾ ਜਿਕਰ ਹਨੂੰਮਾਨ ਦੀ ਜ਼ੁਬਾਨੀ ਇਸ ਪ੍ਰਕਾਰ ਹੈ।):-

1120 (22-27) ਲੰਕਾ ਨੇ ਆਪਣੀਆਂ ਉੱਚੀਆਂ ਉੱਚੀਆਂ ਅਟਾਰੀਆਂ ਉੱਤੇ ਜਿਵੇਂ ਅਕਾਸ਼ ਨੂੰ ਚੁੱਕਿਆ ਹੋਵੇ। ਉਸਦੀ ਬਨਾਵਟ ਅਦਭੁਤ ਸੀ। ਉਸਦੀ ਰਚਨਾ ਬਹੁਤ ਹੀ ਸਹੁਣੇ ਢੰਗ ਨਾਲ ਕੀਤੀ ਗਈ ਸੀ। ਉਹ ਹਨੂੰਮਾਨ ਨੂੰ ਸਾਫ ਵਿਖਾਈ ਦਿੰਦੀ ਸੀ। ਭਿਆਨਕ ਰਾਖਸ਼ ਹੱਥਾਂ ਵਿਚ ਤ੍ਰਿਸ਼ੂਲ ਅਤੇ ਢਾਲ ਲੈ ਕੇ ਉਸਦੀ ਰੱਖਿਆ ਕਰਦੇ ਸਨ। ਉਸ ਨਗਰੀ ਦੀ ਬੜੀ ਭਾਰੀ ਚੌਕਸੀ ਸੀ। ਉਸਦੇ ਚਾਰੇ ਪਾਸੇ ਸਮੁੰਦਰ ਦੀ ਖਾਈ ਅਤੇ ਰਾਵਣ ਜਿਹੇ ਭਿਆਨਕ ਸ਼ਤਰੂ ਨੂੰ ਵੇਖਕੇ ਹਨੂੰਮਾਨ ਆਪਣੇ ਮਨ ਵਿਚ ਇਸ ਤਰ੍ਹਾਂ ਸੋਚਣ ਲੱਗੇ: ਜੇ ਵਾਨਰ ਇਥੇ ਕਿਸੇ ਤਰ੍ਹਾਂ ਆ ਵੀ ਗਏ ਤਾਂ ਉਨ੍ਹਾਂ ਦਾ ਇਥੇ ਆਉਣਾ ਨਿਸਫਲ ਹੋਵੇਗਾ ਕ੍ਰਿਉਂਕਿ ਲੜਾਈ ਕਰਕੇ ਦੇਵਤਾ ਵੀ ਲੰਕਾ ਉੱਤੇ ਜਿੱਤ ਨਹੀਂ ਪਾ ਸਕਦੇ। ਇਹਲੰਕਾ ਬੜੇ ਹੀ ਸੰਕਟ ਨਾਲ ਭਰੇ ਸਥਾਨ ਵਾਂਗ ਹੈ? ਇਨ੍ਹਾਂ ਰਾਖਸ਼ਾਂ ਉੱਤੇ ਸਾਮ ਨੀਤੀ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਉੱਤੇ ਤਾਂ ਦਾਨ, ਭੇਦ ਅਤੇ ਯੁੱਧ ਦੀ ਨੀਤੀ ਦਾ ਪ੍ਰਯੋਗ ਵੀ ਸਫਲ ਹੁੰਦਾ ਨਹੀਂ ਵਿਖਾਈ ਦਿੰਦਾ ਹੈ। ਇਥੇ ਤਾਂ ਬੜੇ ਵੇਗ ਨਾਲ ਚੱਲਣ ਵਾਲੇ ਚਾਰ ਵਾਨਰ ਹੀ ਪੁੱਜ ਸਕਦੇ ਹਨ, ਬਾਲੀ ਦਾ ਪੁੱਤਰ ਅੰਗਦ, ਨੀਲ, ਮੈਂ ਅਤੇ ਬੁੱਧੀਮਾਨ ਰਾਜਾ ਸੁਗਰੀਵ।

1121 (40-424) ਮੈਨੂੰ ਅਜਿਹਾ ਢੰਗ ਅਪਨਆਉਣਾ ਚਾਹੀਦਾ ਹੈ ਜਿਸ ਨਾਲ ਸਵਾਮੀ ਦਾ ਕੰਮ ਨਾ ਵਿਗੜੇ। ਮੈਨੂੰ ਵੀ ਘਬਰਾਹਟ ਜਾਂ ਬੇਸਮਝੀ ਨਾ ਸਤਾਏ ਅਤੇ ਮੇਰਾ ਇਸ ਸਮੁੰਦਰ ਨੂੰ ਪਾਰ ਕਰਨਾ ਵੀ ਨਿਸਫਲ ਨਾ ਹੋਵੇ। ਜੇ ਰਾਖਸ਼ਾਂ ਨੇ ਮੈਨੂੰ ਵੇਖ ਲਿਆ ਤਾਂ ਰਾਵਣ ਦਾ ਅਨਰਥ ਚਾਹੁਣ ਵਾਲੇ ਅਤੇ ਜਗਤ ਵਿਚ ਪ੍ਰਸਿੱਧ ਸ੍ਰੀ ਰਾਮ ਦਾ ਇਹ ਕੰਮ ਸਫਲ ਨਹੀਂ ਹੋ ਸਕਦਾ। ਇਥੇ ਕਿਸੇਹੋਰ ਰੂਪ ਵਿਚ ਠਹਿਰ ਸਕਣਾ ਵੀ ਮੁਸ਼ਕਲ ਹੈ। ਰਾਖਸ ਦਾ ਰੂਪ ਬਣਾ ਕੇ ਵੀ ਇੱਥੇ ਇਨ੍ਹਾਂ ਭਿਆਨਕ ਰਾਖਸਾਂ ਤੋਂ ਛੁੱਪ ਸਕਣਾ ਅਸੰਭਵ ਹੈ। ਜੇ ਮੈਂ ਇੱਥੇ ਆਪਣੇ ਇਸ ਰੂਪ ਨਾਲ ਛੁਪ ਕੇ ਹੀ ਰਹਾਂਗਾ ਤਾਂ ਮੈਂ ਮਾਰਿਆ ਜਾਵਾਂਗਾ ਅਤੇ ਮੇਰੇ ਸਵਾਮੀ ਦੇ ਕੰਮ ਨੂੰ ਨੁਕਸਾਨ ਹੋਵੇਗਾ।

(ਇਸ ਤਰ੍ਹਾਂ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸੱਚ ਇਹ ਹੈ ਕਿ ਹਨੂੰਮਾਨ ਲੰਕਾ ਪੁਰੀਦੇ ਮਾਲਕ ਰਾਵਣ ਅਤੇ ਉਸਦੇ ਰਾਖਸ਼ਾਂ ਤੋਂ ਇਤਨਾ ਭੈਭੀਤ ਹੈ ਕਿ ਉਸਨੂੰ ਮਾਰੇ ਜਾਣ ਦਾ ਵੀ ਡਰ ਹੈ।)

ਲੰਕਾ ਪੁਰੀ 'ਚ 7-7 ਮੰਜਲੇ ਘਰ ਸਨ

1122 (51-53) ਉਹ ਵਿਸ਼ਾਲ ਨਗਰ ਸੱਤ ਮੰਜਲੇ ਅਤੇ ਅੱਠ ਮੰਜਲੇ ਘਰਾਂ ਨਾਲਅਤੇ ਸੋਨੇ ਨਾਲ ਜੜੇ ਹੋਏ ਸੰਗਮਰਮਰ ਦੇ ਫਰਸਾਂ ਨਾਲ ਸ਼ਸ਼ੋਭਿਤ ਸੀ। ਉਨ੍ਹਾਂ ਵਿਚ ਨੀਲਮ ਜੜਿਆ ਹੋਇਆ ਸੀ, ਜਿਸ ਨਾਲ ਉਨ੍ਹਾਂ ਦੀ ਸ਼ੋਭਾ ਹੋਰ ਵੀ ਵਧ ਰਹੀ ਸੀ। ਉਨ੍ਹਾਂ ਵਿਚ ਮੋਤੀਆਂ ਦੀ ਜਾਲੀਆਂ ਲੱਗੀਆਂ ਹੋਈਆਂ ਸਨ, ਜੋ ਉਨ੍ਹਾਂ ਮਹਿਲਾਂ ਦੀ ਸ਼ੋਭਾ ਨੂੰ ਹੋਰ ਵੀ ਵਧਾਉਂਦੀਆਂ ਸਨ। ਇਸ ਤਰ੍ਹਾਂ ਸਜੇ ਹੋਏ ਰਾਖਸ਼ਾਂ ਦੇ ਭਵਨ-ਸ਼ੋਭਾ ਪਾ ਰਹੇ ਸਨ। ਸੋਨੇ ਦੇ ਬਣੇ ਵਚਿੱਤਰ ਫਾਟਕ ਸਭ ਪਾਸਿਓਂ ਸਜੀ ਹੋਈ ਲੰਕਾ ਨੂੰ ਹੋਰ ਵੀ ਜਗਮਗਾ ਰਹੇ ਸਨ।

1123 (55) ਲੰਕਾ ਅੰਦਰ ਆਪਸ ਵਿਚ ਜੁੜੀਆਂ ਹੋਈਆਂ ਚਿੱਟੇ ਰੰਗ ਦੇ ਮਹਿਲਾਂ ਦੀਆਂ ਕਤਾਰਾਂ ਉਸਦੀ ਸ਼ੋਭਾ ਨੂੰ ਵਧਾ ਰਹੀਆਂ ਸਨ। ਘਰਾਂ ਨੂੰ ਸੋਨੇ ਦੀਆਂ ਜਾਲੀਆਂ ਨਾਲ ਅਤੇ ਬੰਦਨਵਾਰਾਂ ਨਾਲ ਸਜਾਇਆ ਹੋਇਆ ਸੀ। ਭਿਆਨਕ ਅਤੇ ਤਾਕਤਵਰ ਰਾਖਸ਼ ਉਸ ਨਗਰ ਦੀ ਚੰਗੀ ਤਰ੍ਹਾਂ ਰੱਖਿਆ ਕਰਦੇ ਸਨ। ਉਹ ਰਾਵਣ

ਦੀਆਂ ਬਾਹਵਾਂ ਦੇ ਬਲ ਨਾਲ ਸੁਰੱਖਿਅਤ ਸੀ। ਉਸਦੀ ਕੀਰਤੀ ਦੂਰ ਦੂਰ ਤਕ ਫੈਲੀ ਹੋਈ ਸੀ।

1124 (3) ਉਸ ਨਗਰੀ ਦੇ ਸੁੰਦਰ ਦੁਆਰਾਂ ਉੱਤੇ ਸੁੰਦਰ ਹਾਥੀ ਸ਼ੋਭਾ ਪਾ ਰਹੇ ਸਨ। ਉਸ ਨਗਰੀ ਦੇ ਅੰਦਰਲੇ ਅਤੇ ਬਾਹਰਲੇ ਦਰਵਾਜ਼ੇ ਚਿੱਟੇ ਰੰਗ ਦੇ ਸਨ।

1124 (5) ਇਸ ਲੰਕਾ ਵਿਖੇ ਸੋਨੇ ਦਾ ਬਣਿਆ ਹੋਇਆ ਵਿਸ਼ਾਲ ਪਰਕੋਟਾ ਸੀ। ਉਸ ਉੱਤੇ ਝੰਡੀਆਂ ਅਤੇ ਝੰਡੇ ਲੱਗੇ ਹੋਏ ਸਨ, ਜਿਨ੍ਹਾਂ ਨਾਲ ਛੋਟੀਆਂ ਛੋਟੀਆਂ ਘੰਟੀਆਂ ਬੰਨੀਆਂ ਹੋਈਆਂ ਸਨ ਅਤੇ ਉਨ੍ਹਾਂ ਘੰਟੀਆਂ ਦੀ ਝਨਕਾਰ ਨਿੱਤ ਸੁਣਾਈ ਦਿੰਦੀ ਰਹਿੰਦੀ ਸੀ।

1125 (7-9) ਸੋਨੇ ਦੇ ਬਣੇ ਹੋਏ ਦਰਵਾਜਿਆਂ ਨਾਲ ਉਸ ਦੀ ਨਗਰੀ ਦੀ ਅਨੋਖੀ ਸ਼ੋਭਾ ਸੀ। ਸਾਰੇ ਦਰਵਾਜਿਆਂ ਉੱਤੇ ਨੀਲਮ ਦੇ ਚਬੂਤਰੇ ਬਣੇ ਹੋਏ ਸਨ। ਸਾਰੇ ਦਰਵਾਜੇ ਹੀਰੇ ਤੇ ਮੋਤੀਆਂ ਨਾਲ ਜੜੇ ਹੋਏ ਸਨ। ਮੋਤੀਆਂ ਨਾਲ ਜੜੇ ਫਰਸ਼ ਉਨ੍ਹਾਂ ਦੀ ਸ਼ੋਭਾ ਵਧਾਉਂਦੇ ਸਨ। ਸੋਨੇ ਦੇ ਬਣੇ ਹੋਏ ਹਾਥੀ ਸਜਦੇ ਸਨ। ਉਨ੍ਹਾਂ ਦਰਵਾਜਿਆਂ ਦੇ ਉਪਰਲੇ ਹਿੱਸੇ ਚਾਂਦੀ ਦੇ ਬਣੇ ਹੋਏ ਤੇ ਚਿੱਟੇ ਦਿਸਦੇ ਸਨ। ਉਨ੍ਹਾਂ ਦੀਆਂ ਪੌੜੀਆਂ ਨੀਲਮ ਦੀਆਂ ਬਣੀਆਂ ਹੋਈਆਂ ਸਨ ਅਤੇ ਦਰਵਾਜਿਆਂ ਦੇ ਅੰਦਰਲੇ ਪਾਸੇ ਸੰਗਮਰਮਰ ਦੇ ਬਣੇ ਹੋਏ ਸਨ, ਜੋ ਧੂੜ ਘੱਟੇ ਤੋਂ ਰਹਿਤ ਸਨ। ਉਹ ਸਾਰੇ ਦਰਵਾਜੇ ਬੜੇ ਸੋਹਣੇ ਅਤੇ ਏਨੇ ਉੱਚੇ ਸਨ ਕਿ ਆਕਾਸ਼ ਨੂੰ ਛੂੰਹਦੇ ਹੋਏ ਦਿੱਸਦੇ ਸਨ।

1125 (12-13) ਰਾਖਸ਼ ਰਾਜਾ ਦੀ ਉਹ ਸੁੰਦਰ ਲੰਕਾ ਪੁਰੀ ਉੱਤਮ ਅਤੇ ਸਮਰਿੱਧ ਸੀ। ਉਸਨੂੰ ਵੇਖਕੇ ਪ੍ਰਾਕਰਮੀ ਹਨੂੰਮਾਨ ਇਸ ਤਰ੍ਹਾਂ ਸੋਚਣ ਲੱਗ ਪਏ: ਰਾਵਣ ਦੇ ਬਹਾਦਰ ਸੈਨਿਕ ਹੱਥਾਂ ਵਿਚ ਅਨੇਕ ਪ੍ਰਕਾਰ ਦੇ ਹਥਿਆਰ ਲੈ ਕੇ ਇਸ ਨਗਰੀ ਦੀ ਰਖਿਆ ਕਰ ਰਹੇ ਹਨ। ਇਸ ਲਈ ਕੋਈ ਵੀ ਦੂਜਾ ਵਿਅਕਤੀ ਜਬਰਦਸਤੀ ਇਸ ਉੱਤੇ ਕਾਬੂ ਨਹੀਂ ਪਾ ਸਕਦਾ।

1125-1126 (17-18) ਹਨੂੰਮਾਨ ਨੇ ਵੇਖਿਆ ਕਿ ਸਭ ਪ੍ਰਕਾਰ ਸਜੀ ਹੋਈ ਰਾਵਣ ਦੀ ਨਗਰੀ ਕੱਪੜਿਆਂ ਅਤੇ ਗਹਿਣਿਆਂ ਨਾਲ ਸਜੀ ਹੋਈ ਸੁੰਦਰ ਮੁਟਿਆਰ ਵਾਂਗ ਭਾਸਦੀ ਸੀ। ਰਤਨਾਂ ਨਾਲ ਜੜੇ ਹੋਏ ਪਰਕੋਟੇ ਭੀ ਉਸ ਦੇ ਕੱਪੜੇ ਸਨ। ਪਰਕੋਟਿਆਂ ਉੱਤੇ ਬਣੇ ਹੋਏ ਜੰਤਰ ਘਰ ਮਾਨੋ ਉਸ ਮੁਟਿਆਰ ਦੀਆਂ ਉਠੀਆਂ ਹੋਈਆਂ ਛਾਤੀਆਂ ਸਨ। ਲੰਕਾ ਨਗਰੀ ਸਭ ਤਰ੍ਹਾਂ ਦੀ ਧਨ ਦੌਲਤ ਨਾਲ ਭਰੀ ਹੋਈ ਸੀ, ਜਿਵੇਂ ਪ੍ਰਕਾਸ਼ ਅਤੇ ਦੀਵਿਆ ਅਤੇ ਮਹਾਨ ਤਾਰਿਆ ਨੇ ਉਥੋਂ ਦੇ ਹਨ੍ਹੇਰੇ ਦਾ ਨਾਸ਼ ਕਰ ਦਿੱਤਾ ਹੋਵੇ।

1125 (20-13) ਸ਼ਰੇਸ਼ਟ ਵਾਨਰ ਹਨੂੰਮਾਨ ਨੂੰ ਵੇਖਦਿਆਂ ਹੀ ਰਾਵਣ ਦੀ ਪਾਲੀ ਹੋਈ ਲੰਕਾ ਆਪਣੇ ਆਪ ਉੱਠ ਖੜ੍ਹੀ ਹੋਈ। ਉਸਦੀ ਸ਼ਕਲ ਬਹੁਤ ਹੀ ਡਰਾਉਣੀ ਸੀ। ਉਹ ਵੀਰ ਪੁੱਤਰ ਹਨੂੰਮਾਨ ਦੇ ਸਾਹਮਣੇ ਖੜ੍ਹੀ ਹੋ ਗਈ ਅਤੇ ਜੋਰ ਨਾਲ ਗੱਜ ਕੇ ਕਹਿਣ ਲੱਗੀ : ਹੇ ਜੰਗਲਾਂ ਅੰਦਰ ਰਹਿਣ ਵਾਲੇ ਵਾਨਰ ਤੂੰ ਕੌਣ ਹੈ? ਕਿਸ ਕੰਮ ਲਈ ਇਥੇ ਆਇਆਹੈ। ਆਪਣੇ ਆਉਣ ਦਾ ਠੀਕ ਠੀਕ ਕਾਰਣ ਦੱਸ ਦੇ, ਜਦ ਤੱਕ ਜਿਊਂਦਾ ਹੈਂ। ਹੇ ਵਾਨਰ, ਰਾਵਣ ਦੀ ਸੈਨਾ ਸਾਰੇ ਪਾਸਿਉਂ ਇਸ ਨਗਰੀ ਦੀ ਰੱਖਿਆ ਕਰਦੀ ਹੈ। ਤੂੰ ਇਸ ਲੰਕਾ ਵਿਚ ਦਾਖਲ ਨਹੀਂ ਹੋ ਸਕਦਾ।

(ਮਹਾਂਰਿਸ਼ੀ ਵਾਲਮੀਕ ਅਨੁਸਾਰ ਰਾਵਣ ਮਹਾਤਮਾ ਸੀ।)

1126 (27-29) ਮੈਂ ਮਹਾਤਮਾ ਰਾਖਸ਼ ਰਾਜਾ ਰਾਵਣ ਦੇ ਹੁਕਮ ਨੂੰ ਉਡੀਕਣ ਵਾਲੀ ਉਨ੍ਹਾਂ ਦੀ ਸੇਵਿਕਾ ਹਾਂ। ਮੇਰੇ ਉੱਤੇ ਹਮਲਾ ਕਰਨਾ ਕਿਸੇ ਲਈ ਵੀ ਬਹੁਤ ਮੁਸ਼ਕਲ ਹੈ। ਮੈਂ ਇਸ ਨਗਰੀ ਦੀ ਰੱਖਿਆ ਕਰਦੀ ਹਾਂ। ਮੇਰੇ ਪਰਵਾਨ ਕੀਤੇ ਬਿਨਾਂ ਕੋਈ ਵੀ ਇਸ ਨਗਰੀ ਵਿਚ ਦਾਖਲ ਨਹੀਂ ਹੋ ਸਕਦਾ। ਅੱਜ ਤੂੰ ਵੀ ਮੇਰੇ ਹੱਥੋਂ ਮਾਰਿਆ ਜਾਵੇਗਾ ਅਤੇ ਤੇਰਾ ਨਿਰਜੀਵ ਸਰੀਰ ਧਰਤੀ ਤੇ ਪਿਆ ਹੋਏਗਾ ਹੇ ਵਾਨਰ, ਮੈਂ ਆਪ ਲੰਕਾ ਨਗਰੀ ਹਾਂ। ਇਸ ਵਾਸਤੇ ਸਭ ਪਾਸਿਉਂ ਇਸਦੀ ਰੱਖਿਆ ਕਰਦੀ ਹਾਂ। ਇਸ ਲਈ ਮੈਂ ਤੈਨੂੰ ਸਾਫ ਸਾਫ ਕਹਿ ਦਿੱਤਾ ਹੈ।

ਹਨੂੰਮਾਨ ਨੇ ਉਸ ਨਗਰੀ ਵਿਚ ਬਹੁਤ ਸਾਰੇ ਸ਼ਰੇਸ਼ਠ ਬੁੱਧੀ ਵਾਲੇ, ਸੁੰਦਰ ਬੋਲਣਵਾਲੇ, ਚੰਗੀ ਸ਼ਰਧਾ ਰੱਖਣ ਵਾਲੇ, ਕਈ ਤਰ੍ਹਾਂ ਦੇ ਰੂਪ ਰੰਗ ਵਾਲੇ ਅਤੇ ਸੋਹਣਾ ਨਾਮ ਧਾਰਨ ਵਾਲੇ ਸੰਸਾਰ ਵਿਚ ਪਰਸਿੱਧ ਰਾਖਸ਼ ਵੀ ਵੇਖੇ ਉਹ ਰਾਖਸ਼ ਬੜੇ ਸੁੰਦਰ ਰੂਪ ਵਾਲੇ ਕਈ ਤਰ੍ਹਾਂ ਦੇ ਗੁਣਾਂ ਨਾਲ ਭਰੇ ਹੋਏ ਤੇ ਆਪਣੇ ਗੁਣਾਂ ਅਨੁਸਾਰ ਹੀ ਵਿਵਹਾਰ ਕਰਨ ਵਾਲੇ ਬੜੇ ਤੇਜੱਸਵੀ ਸਨ। ਉਨ੍ਹਾਂ ਨੂੰ ਵੇਖ ਕੇ ਹਨੂੰਮਾਨ ਬਹੁਤ ਖੁਸ਼ ਹੋਏ। ਉਨ੍ਹਾਂ ਸੁੰਦਰ ਰੂਪਾਂ ਵਾਲੇ ਰਾਖਸ਼ਾਂ ਵਿਚ ਹਨੂੰਮਾਨ ਨੇ ਕਈ ਕਰੂਪ ਰਾਖਸ਼ ਵੀ ਵੇਖੇ।

(ਜਿਨ੍ਹਾਂ ਰਾਖਸ਼ਾਂ ਸ਼ਕਲ ਤੇ ਸੋਚ ਇਨੀ ਬਦਸ਼ਕਲ ਤੇ ਡਰਾਉਣੀ ਪੇਸ਼ ਕੀਤੀ ਗਈ ਹੈ, ਉਹਨਾਂ ਦੀ ਸੁੰਦਰਤਾ

ਦਾ ਅਸਲੀ ਰੂਪ ਇਸ ਪੈਰੇ ਵਿਚੋਂ ਝਲਕ ਪੈਂਦਾ ਹੈ।)

ਅੱਗੇ ਔਰਤਾਂ ਦੀ ਸੁੰਦਰਤਾ ਵਰਣਨ ਦਿੱਤਾ ਗਿਆ ਹੈ:-

1135 (18-19) ਹਨੂੰਮਾਨ ਨੇ ਉਨ੍ਹਾਂ ਸਾਰੀਆਂ ਇਸਤ੍ਰੀਆਂ ਨੂੰ ਆਪਣੇ ਆਪਣੇ ਪ੍ਰੀਤਮ ਦੀ ਗੋਦ ਵਿਚ ਸੁਖ ਚੈਨ ਨਾਲ ਬੈਠੀਆਂ ਨੂੰ ਵੇਖਿਆ। ਕਈ ਇਸਤ੍ਰੀਆਂ ਸੋਨੇ ਦੀ ਰੇਖਾ ਵਾਂਗ ਸੁੰਦਰ ਦਿਖਾਈ ਦਿੰਦੀਆਂ ਸਨ। ਉਨ੍ਹਾਂ ਨੇ ਆਪਣੀਆਂ ਚੁੰਨੀਆਂ ਉਤਾਰ ਦਿੱਤੀਆਂ ਹੋਈਆਂ ਸਨ। ਕਈਆਂ ਦਾ ਰੰਗ ਤਪੇ ਹੋਏ ਸੋਨੇ ਵਾਂਗ ਸੀ ਅਤੇ ਕਈ ਬਿਰਹਾ ਦੀਆਂ ਮਾਰੀਆਂ ਇਸਤ੍ਰੀਆਂ ਦਾ ਰੰਗ ਚੰਦਰਮਾਂ ਵਾਂਗ ਪੀਲਾ ਹੋਇਆ ਹੋਇਆ ਸੀ। ਉਨ੍ਹਾਂ ਇਸਤ੍ਰੀਆਂ ਦਾ ਰੰਗ ਤੇ ਕਾਂਤੀ ਬੜੀ ਹੀ ਸੁੰਦਰ ਸੀ।

1135 (21) ਉਨ੍ਹਾਂ ਨੇ ਚੰਦਰਮਾਂ ਵਾਂਗ ਚਮਕਦੇ ਹੋਏ ਚਿਹਰਿਆਂ ਦੀਆਂ ਕਤਾਰਾਂ, ਸੁੰਦਰ ਪਲਕਾਂ ਵਾਲੇ ਤਿਰਛੇ ਦੀਆਂ ਕਤਾਰਾਂ, ਚਮ-ਚਮਾਂਦੀਆਂ ਹੋਈਆਂ ਤੇ ਬਿਜਲੀ ਵਾਂਗ ਦਿਸਦੀਆਂ ਹੋਈਆਂ ਇਸਤ੍ਰੀਆਂ ਦੀਆਂ ਕਤਾਰਾਂ ਵੀ ਵੇਖੀਆਂ।

1137 (8-12) ਰਾਵਣ ਅੱਗੇ ਸਦਾ ਝੁਕਣ ਵਾਲੇ ਵੀਰ ਰਾਖਸ਼ ਉਸ ਮਹਿਲ ਦੀ ਰੱਖਿਆ ਕਰਦੇ ਸਨ। ਉਸ ਮਹਿਲ ਵਿਚ ਸਭ ਥਾਵਾਂ 'ਤੇ ਬੜੀਆਂ ਸੁੰਦਰ ਸੁੰਦਰ ਇਸਤਰੀਆਂ ਰਹਿ ਰਹੀਆਂ ਸਨ। ਉਥੋਂ ਦੀਆਂ ਹੀਰੇ ਵਰਗੀਆਂ ਸਹੁਣੀਆਂ ਇਸਤ੍ਰੀਆਂ ਸਦਾ ਖੁਸ਼ ਰਹਿੰਦੀਆਂ ਸਨ ਅਤੇ ਸੁੰਦਰ ਗਹਿਣਿਆਂ ਦੀ ਝਨਕਾਰ ਨਾਲ ਰਾਖਸ਼ ਰਾਜਾ ਰਾਵਣ ਦੇ ਮਹਿਲ ਨੂੰ, ਜੋ ਸਭ ਤਰ੍ਹਾਂ ਦੀ ਰਾਜਸੀ ਸਮੱਗਰੀ ਨਾਲ ਭਰਿਆ ਹੋਇਆ ਸੀ, ਮਧੁਰ ਆਵਾਜ ਵਾਂਗ ਗੁੰਜਾਰਦੀਆਂ ਰਹਿੰਦੀਆਂ ਸਨ। ਸੁੰਦਰ ਚੰਦਨ ਨਾਲ ਸਜਿਆ ਹੋਇਆ ਸੀ, ਉਹ ਨਗਰ, ਜੋ ਪ੍ਰਦਾਨ ਪੁਰਸ਼ਾਂ ਨਾਲ ਭਰਪੂਰ ਸੀ ਜਿਵੇਂ ਕੋਈ ਵਿਸ਼ਾਲ ਜੰਗਲ ਸ਼ੀਹਾਂ ਨਾਲ ਭਰਪੂਰ ਹੁੰਦਾ ਹੈ। ਉਸ ਰਾਜ ਮਹਿਲ ਵਿਚ ਸਭ ਪਾਸਿਉਂ ਨਗਾੜਿਆਂ ਅਤੇ ਮ੍ਰਿਦੰਗਾ ਦੀ ਅਵਾਜ ਸੁਣਾਈ ਦਿੰਦੀ ਸੀ।

1139 (33-36) ਰਾਖਸ਼ ਰਾਜ ਰਾਵਣ ਦੇ ਮਹਿਲ ਵਿਚ ਉਨ੍ਹਾਂ ਨੇ ਹਜਾਰਾਂ ਇਹੋ ਜਿਹੀਆਂ ਸੈਨਾਵਾਂ ਵੀ ਵੇਖੀਆਂ, ਜਿਹੜੀਆਂ ਸੋਨੇ ਦੇ ਗਹਿਣਿਆਂ ਨਾਲ ਸੱਜੀਆਂ ਹੋਈਆਂ ਸਨ। ਸੋਨੇ ਦੇ ਗਹਿਣਿਆਂ ਨਾਲ ਢਕੇ ਹੋਏ ਸਨ ਜਿਹੜੇ ਕਿ ਪ੍ਰਭਾਤ ਦੇ ਸੂਰਜ ਵਾਂਗ ਚਮਕ ਰਹੇ ਸਨ। ਕਈ ਪ੍ਰਕਾਰ ਦੀਆਂ ਪਾਲਕੀਆਂ ਬੇਲਾਂ ਦੇ ਘਰ, ਚਿਤਰਸ਼ਲਾਵਾਂ ਖੇਡਣ ਦੇ ਸਥਾਨ, ਲੱਕੜੀ ਦੇ ਬਣੇ ਹੋਏ ਖੇਡ ਪਰਬਤ, ਸੁੰਦਰ ਵਿਲਾਸ ਭਵਨ ਅਤੇ ਦਿਨ ਵਿਚ ਵਰਤੇ ਜਾਣ ਵਾਲੇ ਵਿਲਾਸ ਭਵਨ ਵੀ ਵੇਖੇ।

(ਰਾਵਨ ਦੀਆਂ ਇਸਤਰੀਆਂ ਉੱਤਮ ਕੁਲ ਦੀਆਂ ਸੁੰਦਰ ਤੇ ਸੁਚੱਜੀਆਂ ਸਨ।)

1152 (69-70) ਰਾਜਕੁਮਾਰੀ ਸੀਤਾ ਨੂੰ ਛੱਡ ਕੇ, ਜਿਹੜੀ ਸ਼੍ਰੇਸ਼ਟ ਪੁਰਸ਼ ਸ੍ਰੀ ਰਾਮ ਚੰਦਰ ਦੇ ਯੋਗ ਸੀ, ਕੋਈ ਵੀ ਹੋਰ ਦੂਜੀ ਇਸਤਰੀ ਨਹੀਂ ਸੀ ਜੋ ਸਿਵਾਏ ਰਾਵਣ ਦੇ ਹੋਰ ਕਿਸੇ ਦੀ ਇੱਛਾ ਰੱਖਦੀ ਹੋਵੇ ਜਾਂ ਜਿਸਦਾ ਕੋਈ ਹੋਰ ਪਹਿਲਾ ਪਤੀ ਰਿਹਾ ਹੋਵੇ। ਰਾਵਣ ਦੀ ਕੋਈ ਪਤਨੀ ਅਜਿਹੀ ਨਹੀਂ ਸੀ ਜੋ ਕਿਸੇ ਉੱਤਮ ਕੁੱਲ ਦੀ ਨਾ ਹੋਵੇ ਜਾਂ ਜਿਹੜੀ ਕਰੂਪ ਅਤੇ ਕੁੱਚਜੀ ਹੋਵੇ, ਜਿਸਦੇ ਕੋਲ ਸ਼੍ਰੇਸ਼ਠ ਕੱਪੜੇ ਅਤੇ ਗਹਿਣੇ ਨਾ ਹੋਣ, ਜਿਹੜੀ ਆਪਣੀ ਸੁੰਦਰਤਾ ਦੀ ਸ਼ਕਤੀ ਤੋਂ ਹੀਨ ਹੋਵੇ ਅਤੇ ਆਪਣੇ ਪਤੀ ਨੂੰ ਪਿਆਰੀ ਨਾ ਲਗਦੀ ਹੋਵੇ।

1154 (6-9) ਮਹਾਨ ਵਾਨਰ ਹਨੂੰਮਾਨ ਨੇ ਉਸ ਪ੍ਰਕਾਸ਼ਮਾਨ ਪਲੰਘ ਉੱਤੇ ਵੀਰ ਰਾਖਸ਼ ਰਾਜਾ ਰਾਵਨ ਨੂੰ ਸੁੱਤਿਆ ਹੋਇਆ ਵੇਖਿਆ। ਉਹ ਰਾਵਣ ਗਹਿਣਿਆਂ ਨਾਲ ਸਜਿਆ ਹੋਇਆ ਸੀ। ਉਸਨੇ ਸਵਰਗਿਕ ਗਹਿਣੇ ਵੀ ਪਾਏ ਹੋਏ ਸਨ ਅਤੇ ਉਹ ਸੁੰਦਰ ਰੂਪ ਵਾਲਾ ਸੀ। ਉਸਦਾ ਸਰੀਰ ਲਾਲ ਅਤੇ ਸੁਗੰਧਿਤ ਚੰਦਨ ਨਾਲ ਲੇਪਿਆ ਹੋਇਆ ਸੀ। ਉਸਦੇ ਸਰੀਰ ਦਾ ਰੰਗ ਬੱਦਲ ਵਾਂਗ ਲਾਲ ਸੀ। ਉਸ ਦੀਆਂ ਅੱਖਾਂ ਲਾਲ ਸਨ ਅਤੇ ਬਾਹਵਾਂ ਵੱਡੀਆਂ ਸਨ। ਉਸਦੇ ਕੱਪੜੇ ਸੁਨਿਹਰੀ ਰੰਗ ਦੇ ਸਨ। ਉਹ ਰਾਤ ਦੇ ਸਮੇਂ ਇਸਤਰੀਆਂ ਨਾਲ ਮਨੋਰੰਜਨ ਕਰਕੇ ਅਤੇ ਸ਼ਰਾਬ ਪੀ ਕੇ ਆਰਾਮ ਕਰ ਰਿਹਾ ਸੀ।

ਰਾਵਣ ਦੀ ਸੁੰਦਰਤਾ

1195 (29-30) ਹਨੂੰਮਾਨ ਜੀ ਬੜੇ ਤੇਜੱਸਵੀ ਸਨ, ਪਰੰਤੂ ਰਾਵਣ ਦਾ ਨੂਰ ਉਹਨਾਂ ਨਾਲੋਂ ਵੱਧ ਸੀ।

ਰਾਵਣ ਰਾਜ ਦੀਆਂ ਬੇਮਿਸਾਲ ਸੁੰਦਰ ਔਰਤਾਂ

1166 (19) ਹਨੂੰਮਾਨ ਨੇ ਉਹ ਵਿਦਿਆਧਰ ਇਸਤਰੀਆਂ ਵੀ ਵੇਖੀਆਂ, ਜਿੰਨ੍ਹਾਂ ਦੇ ਰੂਪ ਤੇ ਸੁੰਦਰਤਾ ਦੀ ਤੁਲਨਾ ਸੰਸਾਰ ਵਿਚ ਕੋਈ ਇਸਤਰੀ ਨਹੀਂ ਸੀ ਕਰ ਸਕਦੀ।

ਰਾਵਣ ਦਾ ਸੀਤਾ ਪ੍ਰਤੀ ਵਿਹਾਰ

1198 (5-6) ਜਨਕ ਨੰਦਨੀ, ਇੰਜ ਹੋਣ 'ਤੇ ਵੀ ਮੈਂ ਉਸ ਵੇਲੇ ਤੱਕ ਤੈਨੂੰ ਨਹੀਂ ਛੋਹਾਂਗਾ ਜਦ ਤਕ ਤੂੰ ਮੈਨੂੰ ਆਪ ਨਹੀਂ ਚਾਹੇਂਗੀ। ਇਸ ਲਈ ਹੇ ਪਿਆਰੀ ਤੈਨੂੰ ਭੈਅ ਨਹੀਂ ਕਰਨਾ ਚਾਹੀਦਾ। ਮੇਰੇ 'ਤੇ ਭਰੋਸਾ ਰੱਖ ਅਤੇ ਵਿਅਰਥ ਹੀ ਰੋਣ ਦੀ ਲੋੜ ਨਹੀਂ।

ਸੀਤਾ ਰਾਵਣ ਨੂੰ ਇਸ ਤਰ੍ਹਾਂ ਆਖਦੀ ਹੈ

1203 (1417) ਤੂੰ ਆਪਣੇ ਧਨ ਦੌਲਤ ਨਾਲ ਮੈਨੂੰ ਨਹੀਂ ਲੁਭਾ ਸਕਦਾ। ਮੈਂ ਸ੍ਰੀ ਰਾਮ ਚੰਦਰ ਨਾਲ ਉਸੇ ਤਰ੍ਹਾਂ ਜੁੜੀ ਹੋਈ ਹਾਂ ਜਿਸ ਤਰ੍ਹਾਂ ਧੁੱਪ ਸੂਰਜ ਨਾਲ ਜੁੜੀ ਹੋਈ ਹੁੰਦੀ ਹੈ। ਮੈਂ ਉਨ੍ਹਾਂ ਤੋਂ ਵੱਖ ਨਹੀਂ ਹੋ ਸਕਦੀ। ਸੰਸਾਰ ਦੇ ਸਵਾਮੀ ਸ੍ਰੀ ਰਾਮ ਚੰਦਰ ਦੀ ਬਾਂਹ ਉੱਤੇ ਸਿਰ ਰੱਖਣ ਦਾ ਆਦਰ ਮੈਂ ਪਾ ਚੁੱਕੀ ਹਾਂ। ਹੁਣ ਕਿਸੇ ਦੂਜੇ ਦੀ ਬਾਂਹ 'ਤੇ ਸਿਰ ਨਹੀਂ ਰੱਖ ਸਕਦੀ। ਮੈਂ ਉਸ ਮਹਾਂਪੁਰਸ਼ ਦੀ ਧਰਮ ਪਤਨੀ ਹਾਂ। ਜਿਵੇਂ ਵੇਦ ਵਿਦਿਆ ਆਤਮ ਗਿਆਨੀ ਬ੍ਰਾਹਮਣ ਦੀ ਸੰਪੱਤੀ ਹੁੰਦੀ ਹੈ। ਹੇ ਰਾਵਣ, ਤੇਰੇ ਲਈ ਇਹ ਚੰਗਾ ਹੈ ਕਿ ਮੈਨੂੰ ਬਨਵਾਸੀ ਰਾਮ ਨਾਲ ਮਿਲਾਦੇ ਜਿਸ ਤਰ੍ਹਾਂ ਕੋਈ ਦੁਖੀਆ ਹਥਣੀ ਨੂੰ ਉਸਦੇ ਹਾਥੀ ਨਾਲ ਮਿਲਾ ਦਿੰਦਾ ਹੈ।

ਬਾਲੀ ਅਤੇ ਸੁਗਰੀਵ ਕੌਮੀ ਤੌਰ 'ਤੇ ਰਾਵਣ ਦੇ ਭਾਈ ਹਨ

1361 (1-2) ਹੇ ਰਾਖਸ਼ ਰਾਜਾ, ਮੈਂ ਸੁਗਰੀਵ ਦਾ ਸੁਨੇਹਾ ਲੈ ਕੇ ਇੱਥੇ ਤੁਹਾਡੇ ਕੋਲ ਆਇਆ ਹਾਂ। ਸੁਗਰੀਵ ਵਾਨਰਾਂ ਦੇ ਰਾਜਾ ਹਨ ਅਤੇ ਤੁਹਾਡੇ ਭਰਾ ਹਨ। ਇਸ ਨਾਤੇ ਉਨ੍ਹਾਂ ਤੁਹਾਡੀ ਕੁਸ਼ਲ ਪੁੱਛੀ ਹੈ। ਹੁਣ ਤੁਸੀਂ ਆਪਣੇ ਭਰਾ ਮਹਾਤਮਾ ਸੁਗਰੀਵ ਦਾ ਸੁਨੇਹਾ ਸੁਣੋ, ਜਿਹੜਾ ਧਰਮ ਅਤੇ ਅਰਥ ਦੇ ਅਨੁਕੂਲ ਹੈ। ਇਸ ਲੋਕ ਵਿਚ ਅਤੇ ਪ੍ਰਲੋਕ ਵਿਚ ਲਾਭ ਦੇਣ ਵਾਲਾ ਹੈ।

ਰਾਇ ਪੇਸ਼ ਕਰਨ ਦਾ ਅਧਿਕਾਰ

1321 (4-5) ਹੇ ਰਾਖਸ਼ ਰਾਜ ਖਿਮਾ ਕਰੋ। ਗੁੱਸੇ ਨੂੰ ਛੱਡ ਕੇ ਖੁਸ਼ ਹੋਵੋ ਅਤੇ ਮੇਰੀ ਗੱਲ ਸੁਣੋ ਉਚ ਨੀਚ ਦਾ ਗਿਆਨ ਰੱਖਣ ਵਾਲੇ ਸ਼੍ਰੇਸ਼ਟ ਰਾਜਾ ਦੂਤ ਨੂੰ ਕਦੇ ਨਹੀਂ ਮਾਰਦੇ। ਹੇ ਮਹਾਰਾਜ, ਇਸ ਵਾਨਰ ਨੂੰ ਮਾਰਨਾ ਧਰਮ ਦੇ ਖਿਲਾਫ ਹੈ ਅਤੇ ਲੋਕਾਚਾਰ ਦੀ ਨਜ਼ਰ ਵਿਚ ਵੀ ਨਿੰਦਾ ਯੋਗ ਕੰਮ ਹੈ। ਆਪ ਜਿਹੇ ਬਹਾਦੁਰ ਲਈ ਕਦੇ ਠੀਕ ਨਹੀਂ ਹੈ।

1321 (6-8) ਆਪ ਧਰਮ ਨੂੰ ਜਾਣਦੇ ਹੋ, ਉਪਕਾਰ ਨੂੰ ਮੰਨਦੇ ਹੋ ਅਤੇ ਰਾਜ ਧਰਮ ਦੇ ਪਾਰਖੀ ਹੋ। ਤੁਹਾਨੂੰ ਬੁਰੇ ਭਲੇ ਦਾ ਗਿਆਨ ਹੈ। ਤੁਸੀਂ ਪਰਮਾਰਥ ਨੂੰ ਸਮਝਦੇ ਹੋ। ਜੇ ਤੁਹਾਡੇ ਜਿਹੇ ਵਿਦਵਾਨ ਵੀ ਗੁੱਸੇ ਵਿਚ ਆ ਜਾਣ ਤਾਂ ਸਾਰੇ ਸ਼ਾਸ਼ਤਰਾਂ ਦੀ ਪੰਡਿਤਾਈ ਨੂੰ ਹਾਸਲ ਕਰਨਾ ਕੋਰੀ ਮਿਹਨਤ ਹੀ ਹੋਵੇਗੀ। ਇਹ ਸਭ ਸੋਚ ਕੇ ਇਸ ਨੂੰ ਦੂਤ ਦੇ ਯੋਗ ਸਜ਼ਾ ਦਿਉ।

(ਇਹ ਵਿਖਿਆਨ ਰਾਵਣ ਦੇ ਚਰਿਤਰ ਦਾ ਨਮੂਨਾ ਪੇਸ਼ ਕਰਦਾ ਹੈ। ਹਨੂੰਮਾਨ ਦੇ ਫੜੇ ਜਾਣ ਤੇ ਉਸ ਲਈ ਸਜਾ ਤਜਵੀਜ਼ ਹੋਣ ਦਾ ਅਰਥ ਹੈ ਕਿ ਰਾਵਣ ਦਾ ਕਾਰੋਬਾਰ ਉਸਦੇ ਮੰਤਰੀ ਮੰਡਲ ਰਾਹੀਂ ਚਲਦਾ ਸੀ।)

1322 (12-14) ਹੇ ਰਾਜਨ ਚੰਗੇ ਪੁਰਸ਼ਾਂ ਦਾ ਕਹਿਣਾ ਹੈ ਕਿ ਦੂਤ ਕਿਸੇ ਵੇਲੇ ਅਤੇ ਕਿਤੇ ਵੀ ਮਾਰਨ ਦੇ ਯੋਗ ਨਹੀਂ ਹੁੰਦੇ। ਸ਼੍ਰੇਸ਼ਟ ਮਨੁੱਖ ਨੂੰ ਦੂਤ ਦਾ ਮਾਰਨਾ ਠੀਕ ਨਹੀਂ ਸਮਝਿਆ ਜਾਂਦਾ। ਦੂਤ ਲਈ ਹੋਰ ਕਈ ਤਰ੍ਹਾਂ ਦੀਆਂ ਸਜਾਵਾਂ ਸੁਝਾਈਆਂ ਗਈਆਂ ਹਨ। ਉਸਦਾ ਕੋਈ ਅੰਗ ਤੋੜਿਆ ਜਾ ਸਕਦਾ ਹੈ। ਉਸਨੂੰ ਕੋਰੜੇ ਮਰਵਾਏ ਜਾ ਸਕਦੇ ਹਨ। ਉਸਦਾ ਸਿਰ ਮੁਨਾ ਕੇ ਸਰੀਰ ਵਿਚ ਕੋਈ ਨਿਸ਼ਾਨ ਦਾਗਿਆ ਜਾ ਸਕਦਾ ਹੈ। ਇਹੋ ਸਜਾਵਾਂ ਦੂਤ ਲਈ ਠੀਕ ਦੱਸੀਆਂ ਗਈਆਂ ਹਨ। ਉਸ ਲਈ ਮੌਤ ਦੀ ਸਜਾ ਕਦੇ ਨਹੀਂ ਸੁਣੀ।

(ਰਾਵਣ ਨੇ ਅਨੇਕ ਦੇਵਤਾ ਹਰਾਏ ਸਨ ਤੇ ਉਹ ਅਜਿੱਤ ਸੀ।)

(16-17) ਹੇ ਵੀਰ, ਦੂਜਾ ਅਜਿਹਾ ਵਿਅਕਤੀ ਨਹੀਂ ਹੈ ਜਿਹੜਾ ਤੁਹਾਡੀ ਇਸ ਧ੍ਰਮ ਦੀ ਵਿਆਖਿਆ ਕਰੇ, ਲੋਕਾਚਾਰ ਦਾ ਪਾਲਣ ਕਰਨ ਵਾਲਾ ਹੋਵੇ ਅਤੇ ਸ਼ਾਸ਼ਤਰਾਂ ਦੇ ਅਸੂਲਾਂ ਨੂੰ ਸਮਝਦਾ ਹੋਵੇ। ਤੁਸੀਂ ਸਭ ਦੇਵਤਿਆਂ ਤੇ ਅਸੁਰਾਂ ਦੇ ਅਨੁਕੂਲ ਹੋ। ਜਿਹੜੇ ਦੇਵਤਾ ਅਤੇ ਅਸੁਰ ਬੜੇ ਪ੍ਰਤਾਪੀ ਅਤੇ ਉਤਸ਼ਾਹੀ ਹਨ, ਉਹ ਵੀ ਤੁਹਾਨੂੰ ਨਹੀਂ ਜਿੱਤ ਸਕਦੇ। ਤੁਹਾਡੀ ਸ਼ਕਤੀ ਅਪਾਰ ਹੈ। ਤੁਸੀਂ ਕਈ ਲੜਾਈਆਂ ਵਿਚ ਦੇਵਤਿਆਂ ਅਤੇ ਰਾਜਿਆਂ ਨੂੰ ਹਰਾਇਆ ਹੈ।

(ਭਾਵ ਰਾਖਸ਼ ਦੇਵਤਿਆਂ ਨਾਲ ਲਗਾਤਾਰ ਜੰਗ ਕਰਦੇ ਰਹੇ।)

1323(22-) ਹੇ ਵੈਰੀਆਂ ਦੇ ਨਗਰ ਨੂੰ ਜਿੱਤਣ ਵਾਲੇ ਮਹਾਰਾਜ, ਤੁਹਾਨੂੰ ਇਸ ਦੂਤ ਦੇ ਮਾਰਨ ਦਾ ਯਤਨ ਨਹੀਂ ਕਰਨਾ ਚਾਹੀਦਾ। ਤੁਸੀਂ ਤਾਂ ਇਸ ਦੇ ਯੋਗ ਹੋ ਕਿ ਇੰਦਰ ਸਮੇਤ ਸਾਰੇ ਦੇਵਤਿਆਂ 'ਤੇ ਵੀ ਹਮਲਾ ਕਰ ਸਕਦੇ ਹੋ। ਤੁਹਾਨੂੰ ਦੇਵਤੇ ਅਤੇ ਦੈਂਤ ਵੀ ਨਹੀਂ ਜਿੱਤ ਸਕਦੇ।

(ਇਸ ਪ੍ਰਸੰਗ ਵਿਚ ਰਾਵਣ ਦੀ ਵਿਸ਼ਾਲ ਸ਼ਕਤੀ ਦਾ ਜਿਕਰ ਕੀਤਾ ਗਿਆ ਹੈ।)

ਪੁਸਤਕ 'ਰਮਾਇਣ ਦਾ ਸੱਚਾ ਅਧਿਐਨ''

ਕੁੱਝ ਹੋਰ ਉੱਚ ਚੋਟੀ ਦੇ ਵਿਦਵਾਨਾਂ ਨੇ ਵਾਲਮੀਕ ਰਮਾਇਣ ਤੇ ਕੁੱਝ ਹੋਰ ਰਮਾਇਣਾ ਉੱਪਰ ਖੋਜ ਕੀਤੀ ਹੈ। ਇਨ੍ਹਾਂ ਚੋਂ ਇਕ ਖੋਜ ਪੈਰੀਅਰ ਈ. ਵੀ. ਰਾਮਾਸੁਆਮੀ ਤਾਮਿਲਨਾਡੂ ਦੀ ਸੀ। ਉਸ ਦੀ ਪੁਸਤਕ 'ਤੇ ਉਤਰ ਪ੍ਰਦੇਸ਼ ਸਰਕਾਰ ਨੇ ਬੰਦਸ਼ ਲਗਾ ਦਿੱਤੀ ਸੀ,ਪਰੰਤੂ ਹਾਈਕੋਰਟ ਨੇ ਇਹ ਬੰਦਸ਼ ਤੋੜ ਦਿੱਤੀ ਸੀ। ਯੂ. ਪੀ. ਸਰਕਾਰ ਸੁਪਰੀਮ ਕੋਰਟ ਵਿਚ ਗਈ, ਪਰੰਤੂ ਸੁਪਰੀਮ ਕੋਰਟ ਨੇ ਸਰਕਾਰ ਦੀ ਅਪੀਲ 1976 ਵਿਚ ਰੱਦ ਕਰਕੇ ਹਾਈ ਕੋਰਟ ਦਾ ਫੈਸਲਾ ਲਾਗੂ ਰਖਿਆ। ਭਾਵ ਇਸ ਪੁਸਤਕ ਵਿਚਲੇ ਤੱਥਾਂ ਨੂੰ ਉੱਚ ਨਿਆਲਿਆ ਨੇ ਪ੍ਰਵਾਨ ਕੀਤਾ।

ਉਸ ਵਿੱਚੋਂ ਕੁੱਝ ਜਰੂਰੀ ਤੱਥ ਇਸ ਪ੍ਰਕਾਰ ਹਨ ;

ਸਫਾ 7(3) ਰਾਵਣ ਇਕ ਅਤੀ ਸ਼ਾਨਦਾਰ ਪਾਤਰ ਹੈ।

(12) ਆਰੀਅਨਾਂ ਨੇ ਜਦੋਂ ਦਰਾਵੜਾਂ ਦੀ ਪੁਰਾਤਨ ਭੂਮੀ 'ਤੇ ਆਕ੍ਰਮਣ ਕੀਤਾ ਤਾਂ ਉਹਨਾਂ ਦਰਾਵੜਾਂ ਨਾਲ ਭੈੜਾ ਸਲੂਕ ਕੀਤਾ ਅਤੇ ਉਹਨਾਂ ਨੂੰ ਬੇਇੱਜਤ ਕੀਤਾ।(ਉਹਨਾਂ ਨੂੰ ਰਾਖਸ਼, ਬਾਂਦਰ, ਰਿੱਛ, ਗਿੱਧ, ਨੀਚ, ਦੈਂਤ ਆਦਿ ਕਿਹਾ ਅਤੇ ਆਪ ਉੱਤਮ ਲੋਕ ਅਖਵਾਏ।)

(17) ਜੇ ਅਸੀਂ ਇਮਾਨਦਾਰੀ ਨਾਲ ਸੋਚੀਏ,ਤਾਂ ਇਹ ਅਸਾਨੀ ਨਾਲ ਸਪੱਸ਼ਟ ਹੋ ਜਾਵੇਗਾ ਕਿ ਯੱਗਾਂ ਦਾ ਪ੍ਰਬੰਧ, ਢੰਗ ਤਰੀਕਾ ਅਤੇ ਯੱਗ ਅਨੁਸਾਰ ਵਾਪਰ ਰਹੀਆਂ ਚੀਜਾਂ ਸ਼ਾਸ਼ਤਰ ਅਤੇ ਪੁਰਾਣ ਬੱਚਿਆਂ ਦੇ ਜਨਮ ਦਾ ਕਾਰਨ ਨਹੀਂ ਬਣ ਸਕਦੇ। ਪਰੰਤੂ ਇਹ ਪਰੋਹਿਤਾਂ ਕਾਰਨ ਸੀ ਕਿ ਸ਼ਾਹੀ ਔਰਤੇਂ ਨੂੰ ਗਰਭ ਹੋਇਆ।

(18) ਤਿੰਨ ਔਰਤਾਂ, ਤਿੰਨ ਪਰੋਹਿਤਾਂ ਨੂੰ ਇਕ ਇਕ ਕਰਕੇ ਦਿੱਤੀਆਂ ਗਈਆਂ, ਜਿਹਨਾਂ ਨੇ ਉਹਨਾਂ ਨਾਲ ਆਪਣੀ ਇੱਛਾ ਤੱਕ ਸਹਿਵਾਸ ਕੀਤਾ, ਜਿਵੇਂ ਕਿ ਉਹਨਾਂ ਚੋਣ ਕੀਤੀ ਸੀ ਤੇ ਰਾਜਾ ਨੂੰ ਵਾਪਸ ਕਰ ਦਿੱਤੀਆਂ ਅਤੇ ਇਸ ਕੰਮ ਲਈ, ਜੋ ਉਨ੍ਹਾਂ ਨਿਭਾਇਆ ਰਾਜਾ ਤੋਂ ਮਿਹਨਤਾਨਾ ਲਿਆ।

(26) 8. ਰਾਮ ਨੇ ਆਪਣੀ ਮਾਂ ਨੂੰ ਭਰੇ ਹੋਏ ਦਿਲ ਨਾਲ ਕਿਹਾ, "ਹਕੂਮਤ ਜੋ ਮੇਰੀ ਬਣਨ ਵਾਲੀ ਸੀ, ਮੇਰੇ ਹੱਥਾਂ ਵਿੱਚੋਂ ਨਿਕਲ ਗਈ ਹੈ।" (ਅਯੁ: ਕਾਂਡ, 20,26,96 ਚੈਪਟਰ)

(10) ਰਾਮ ਦੀਆਂ ਕਈ ਪਤਨੀਆਂ ਸਨ।(ਅਯੁ: ਕਾਂਡ, ਚੈਪਟਰ 8 ਸਫਾ 28- ਸੀ. ਆਰ. ਐਸ. ਲਿੰਗਾਰ)

(33-47) ਲਛਮਣ ਨੂੰ ਦਰਿਆ ਵਿਚ ਸੁੱਟਣ ਤੋਂ ਬਾਦ ਰਾਮ ਨੇ ਇਕ ਸਧਾਰਨ ਆਦਮੀ ਵਾਂਗ ਦਰਿਆ ਵਿਚ ਛਾਲ ਮਾਰ ਦਿੱਤੀ ਅਤੇ ਮਰ ਗਿਆ। (ਉਤਰ ਕਾਂਡ, ਚੈਪਟਰ 106-110)

(36-7) ਤੂੰ ਦੇਖਣ ਨੂੰ ਆਦਮੀ ਜਾਪਦਾ ਹੈਂ, ਪ੍ਰਤੂੰ ਸੱਚ ਇਹ ਹੈ ਕਿ ਤੇਰੇ ਵਿਚ ਮਰਦਪੁਣਾ ਨਹੀਂ ਹੈ ਸੀਤਾ ਨੇ ਰਾਮ ਨੂੰ ਕਿਹਾ।

(38-20) ਜਦੋਂ ਵੀ ਰਾਮ ਸੀਤਾ ਦੇ ਵਿਛੋੜੇ ਕਾਰਨ ਦੁੱਖੀ ਹੁੰਦਾ ਤਾਂ ਲਛਮਣ ਆਮ ਤੌਰ ਤੇ ਹੀ ਆਖਦਾ 'ਤੂੰ ਇਕ ਸਧਾਰਨ ਔਰਤ ਵਾਸਤੇ ਆਪਣੇ ਆਪ ਨੂੰ ਕਿਉਂ ਦੁਖੀ ਕਰਦਾ ਹੈਂ।'' (ਅਰਨਾ ਕਾਂਡ, ਚੈਪਟਰ 66)

(38-23) ਸੀਤਾ ਨੇ ਲਛਮਣ ਨੂੰ ਕਿਹਾ, "ਤੂੰ ਚੁਸਤ ਹੈਂ। ਤੂੰ ਆਪਣੇ ਅੰਦਰ ਮੇਰੇ ਲਈ ਭੁੱਖ ਰੱਖੀ ਹੋਈ ਹੈ, ਤੇ ਤੂੰ ਮੌਕਾ ਭਾਲਦਾ ਫਿਰਦਾ ਹੈਂ, ਜਦੋਂ ਮੇਰੇ 'ਤੇ ਝਾਕ ਸਕੇਂ।" (ਅਯੁ: ਕਾਂਡ ਚੈਪਟਰ 45)

(40-31) ਰਾਮ ਨੇ ਕਿਹਾ: ਸੀਤਾ! ਰਾਵਣ ਨੇ ਤੈਨੂੰ ਹਥਿਆਏ ਵਗੈਰ ਕਿਵੇਂ ਛੱਡਿਆ ਹੋਵੇਗਾ?

(40-35) ਜਦੋਂ ਰਾਮ ਨੇ ਸੀਤਾ ਨੂੰ ਸਹੁੰ ਖਾਣ ਲਈ ਕਿਹਾਤਾਂ ਉਹ ਡਿੱਗ ਕੇ ਮਰ ਗਈ।

(ਉੱਤਰ ਕਾਂਡ, ਚੈਪਟਰ 97)

(45-5-6) ਲਛਮਣ ਨੇ ਇੱਛਾ ਪ੍ਰਗਟ ਕੀਤੀ ਕੀ ਪਿਤਾ ਦਸ਼ਰਥ ਨੂੰ ਮਾਰ ਦਿੱਤਾ ਜਾਵੇ। ਉਸਨੇ ਇਹ ਵੀ ਕਿਹਾ ਕਿ ਮਨੂੰ ਦੇ ਦੱਸਣ ਅਨੁਸਾਰ ਪਿਤਾ ਨੂੰ ਮਾਰਨਾ ਧਰਮ ਹੈ।

(46-10) ਉਸਨੇ ਵੰਗਾਰ ਪਾਈ ਕਿ ਉਹ ਦਸ਼ਰਥ ਅਤੇ ਕੈਕਈ ਨੂੰ ਜੰਗਲ ਵਿਚ ਛੱਡ ਸਕਦਾ ਹੈ ਅਤੇ ਰਾਮ ਨੂੰ ਗੱਦੀ 'ਤੇ ਬਿਠਾ ਸਕਦਾ ਹੈ।

(46-11) ਜੇ ਉਹ ਰਾਮ ਆਪਣੀ ਤਾਜਪੋਸ਼ੀ ਕਰਨ ਲਈ ਤਿਆਰ ਨਹੀਂ ਹੈ ਤਾਂ ਮੈਂ ਰਾਜ ਖੋਹਵਾਂਗਾ ਅਤੇ ਇਸ 'ਤੇ ਰਾਜ ਕਰਾਂਗਾ। (ਅਯੁ: ਕਾਂਡ ਚੈਪਟਰ 23)

(46-14) ਭਰਤ ਨੂੰ ਵੇਖ ਕੇ ਲਛਮਣ ਨੇ ਕਿਹਾ, ਮੈਂ ਹੁਣੇ ਉਸਨੂੰ ਮਾਰਨ ਜਾਂਦਾ ਹਾਂ। (ਅਯੁ: ਕਾਂਡ ਚੈਪਟਰ 96)

46-19) ਲਛਮਣ ਨੇ ਸਰੂਪਨਖਾ ਨੂੰ ਸੀਤਾ ਪ੍ਰਤੀ ਕਿਹਾ, ਸੀਤਾ ਤਾਂ ਚਰਿਤਰਹੀਨ ਔਰਤ ਹੈ ਉਸਦੀਆਂ ਛਾਤੀਆਂ ਢਿਲਕ ਚੁੱਕੀਆਂ ਹਨ।" (ਅਰਨਾ ਕਾਂਡ, ਚੈਪਟਰ 18)

(47-18) ਉਸਨੇ ਰਾਮ ਨੂੰ ਕਿਹਾ: ਲੈ ਜਾਣ ਦੇ ਜਿਹੜਾ ਸੀਤਾ ਨੂੰ ਲਿਜਾਂਦਾ ਹੈ। ਭਾਵੇਂ ਉਹ ਮੇਰੀ ਵੱਲੋਂ ਮਰ ਜਾਵੇ। ਕੀ ਫਰਕ ਪੈ ਜਾਵੇਗਾ? ਕੀ ਅਸੀਂ ਇਕ ਘਟੀਆ ਔਰਤ ਲਈ ਦੁੱਖ ਉਠਾਉਣ ਲਈ ਜਿਊਂਦੇ ਹਾਂ?

(47-19) ਤਥਾਗਤੀ, ਸਰੂਪਨਖਾ ਅਤੇ ਅਯੋਮੁਖੀ ਨਾਂ ਦੀਆਂ ਔਰਤਾਂ ਨੂੰ ਲਛਮਣ ਨੇ ਤਸੀਹੇ ਦਿੱਤੇ ਅਤੇ ਉਹਨਾਂ ਦੇ ਕੰਨ, ਨੱਕ ਅਤੇ ਛਾਤੀਆਂ ਕੱਟ ਦਿੱਤੀਆਂ।

ਭਰਤ ਦਾ ਚਰਿੱਤਰ

(48-4-5) ਭਰਤ ਨੇ ਆਪਣੀ ਮਾਂ 'ਤੇ ਗਾਲ੍ਹਾਂ ਦੀ ਬੁਛਾੜ ਕਰ ਦਿੱਤੀ ਕਿ ਉਹ ਦੇਸ਼ ਵਿਚੋਂ ਭਜ ਜਾਵੇ ਤਾਂ ਜਾਂ ਮਰ ਜਾਵੇ ਚੰਗਾ ਹੈ। ਉਸਨੇ ਕੈਕਈ ਨੂੰ ਘਟੀਆ ਨਾਵਾਂ ਨਾਲ ਪੁਕਾਰਿਆ। ਉਸਨੇ ਆਪਣੇ ਪਿਤਾ ਨੂੰ ਜਾਲਮ ਕਿਹਾ।

(48-6) ਤੇ ਜੰਗਲ ਵਿਚ ਜਾ ਕੇ ਆਪਣੇ ਭਰਾ ਨੂੰ ਕਿਹਾ, "ਭਰਾ ਦੇਸ਼ ਵਾਪਸ ਪਰਤ ਆ ਅਤੇ ਹੱਸਦੀਆਂ, ਖੇਡਦੀਆਂ, ਨਚਦੀਆਂ ਟਪਦੀਆਂ ਸ਼ਾਹੀ ਔਰਤਾਂ ਵਿਚਕਾਰ ਖੜੇ ਕੇ (ਅਯੁਧਿਆਪਤੀ ਦਾ) ਤਾਜ ਪਹਿਨ ਲੈ। (ਅਯੁ: ਕਾਂਡ, ਚੈਪਟਰ 105)

ਕੈਕਈ

(50-2) ਦੋ ਸਮਿਆਂ 'ਤੇ ਉਸਨੇ ਆਪਣੇ ਪਤੀ ਦੀ ਜਾਨ ਬਚਾਈ ਸੀ।

(50-4) ਜਦੋਂ ਭਰਤ ਨੇ ਉਸਨੂੰ ਕਿਹਾ ਕਿ ਰਾਮ ਦੇ ਆਉਣ 'ਤੇ ਉਹ ਉਸਨੂੰ ਤਾਜ ਪਹਿਨਾ ਦੇਵੇਗਾ ਤਾਂ ਉਸ ਔਰਤ ਨੇ ਕਦੇ ਵੀ ਵਿਰੋਧ ਪ੍ਰਗਟ ਨਹੀਂ ਕੀਤਾ ਨਾ ਇਤਰਾਜ ਕੀਤਾ। ਉਸ ਦੀਆਂ ਭਾਵਨਾਵਾਂ ਸ਼ੈਤਾਨੀ ਵਾਲੀਆਂ ਨਹੀਂ ਸਨ। ਉਹ ਸਿਰਫ ਆਪਣੇ ਪੁਤਰ ਲਈ ਰਾਜ ਸਿੰਘਾਸਣ ਦੇ ਹੱਕ 'ਤੇ ਅੜੀ ਸੀ, ਕਿਉਂਕਿ ਉਸਨੇ ਆਪਣੇ ਪਤੀ ਦੀ ਦੋ ਵਾਰ ਜਾਨ ਬਚਾਈ ਸੀ। ਜਿਸ ਤਰ੍ਹਾਂ ਕੌਸ਼ਲਿਆ ਰਾਮ ਤੇ ਸਭ ਤੋਂ ਵੱਡਾ ਹੋਣ ਕਾਰਨ ਆਪਣਾ ਹੱਕ ਜਤਾ ਰਹੀ ਸੀ।

ਬਾਲੀ

(52-1) ਉਹ ਆਪਣੇ ਭਰਾ ਨੂੰ ਮਾਰਨਾ ਨਹੀਂ ਸੀ ਚਾਹੁੰਦਾ। 3. ਉਹ ਸਭ ਤੋਂ ਬੁਰਾ ਕਰਨ ਵਾਲਾ ਨਹੀਂ ਸੀ। ਉਸ ਵਿਚ ਕੋਈ ਭੈੜ ਨਹੀਂ ਸੀ। 5. ਉਹ ਬਹੁਤ ਹੀ ਸੁਧਾਰ ਵਾਲਾ ਅਤੇ ਸ਼ਕਤੀਸ਼ਾਲੀ ਆਦਮੀ ਸੀ। 6. ਉਹ ਇਕ ਸਹੀ ਅਤੇ ਨਿਆਂ ਕਰਨ ਵਾਲਾ ਆਦਮੀ ਸੀ। 7. ਖੁੱਲ੍ਹੀ ਸਿੱਧੀ ਲੜਾਈ ਵਿਚ ਉਸਦੇ ਸਾਹਮਣੇ ਆਉਣ ਜਾਂ ਹਰਾਉਣ ਦੀ ਕੋਈ ਹਿੰਮਤ ਨਹੀਂ ਸੀ ਕਰਦਾ। 9. ਉਸਨੇ ਰਾਮ ਨੂੰ ਇਕ ਇਮਾਨਦਾਰ ਸਮਝ ਕੇ ਗਲਤੀ ਕੀਤੀ। 10. ਬਾਲੀ ਨੂੰ ਮਰਵਾ ਕੇ ਸੁਗਰੀਵ ਨੇ ਧਾਹਾਂ ਮਾਰਦਿਆਂ ਕਿਹਾ, "ਮੈਂ ਇਹੋ ਜਿਹੇ ਮਹਾਨ ਭਰਾ ਨੂੰ ਗੁਆ ਕੇ ਜਿਊਂਦਾ ਰਹਿਣ ਲਈ ਤਿਆਰ ਨਹੀਂ ਹਾਂ। ਮੈਂ ਅੱਗ ਵਿਚ ਛਾਲ ਮਾਰ ਕੇ ਮਰ ਜਾਵਾਂਗਾ ਤੇ ਉੱਧਰ ਰਾਮ ਚੰਦਰ ਬਾਲੀ ਨੂੰ ਕਹਿੰਦਾ ਹੈ:- "ਜੰਗਲੀ ਜਾਨਵਰਾਂ ਨੂੰ ਮਾਰਨ ਸਮੇਂ ਧਰਮ ਦੇ ਕਾਨੂੰਨ ਲਾਗੂ ਨਹੀਂ ਹੁੰਦੇ।"

ਰਾਮ ਅਨੁਸਾਰ ਬਾਲੀ (ਸ਼ੂਦਰ) ਇਕ ਜੰਗਲੀ ਜਾਨਵਰ ਹੈ। ਉਸਦਾ ਕੋਈ ਧਰਮ ਨਹੀਂ। ਮਹਾਂਰਿਸ਼ੀ ਵਾਲਮੀਕ ਨੇ ਆਰੀਆ ਦੇ ਹਰ ਕਰਮ 'ਤੇ ਵਿਅੰਗ ਕਸਿਆ ਹੈ ਅਤੇ ਉਹਨਾਂ ਦੇ ਆਪਣੇ ਮੂੰਹੋ ਹੀ ਆਪਣੇ ਅਣ-ਮਨੁੱਖੀ ਵਿਹਾਰ ਤੋਂ ਪਰਦਾ ਲੁਹਾਇਆ ਹੈ। ਦੂਜੇ ਪਾਸੇ ਨੇਕ ਇਨਸਾਨਾਂ ਦੀ ਇਨਸਾਨੀਅਤ ਨੂੰ ਚੁੱਪ-ਚਾਪ ਸਾਹਮਣੇ ਰੱਖਣ ਦਾ ਸ਼ਾਨਦਾਰ ਕਾਰਜ ਨਿਭਾਇਆ ਹੈ। ਉਸ ਮਹਾਨ ਪੁਰਸ਼ ਨੇ ਪਾਤਰਾਂ ਦੇ ਕਿਰਦਾਰ ਨਾਲ ਹੀ ਉਹਨਾਂ ਦੇ ਚੰਗੇ ਮਾੜੇ ਦੀ ਪਰਖ ਕਰਵਾ ਦਿੱਤੀ ਹੈ, ਮੂੰਹੋ ਉਹ ਲੱਖ ਧਰਮ ਕਰਮ ਦੀਆਂ ਗੱਲਾਂ ਕਹੀ ਜਾਣ, ਕਿਉਂਕਿ ਮਨੁੱਖ ਦਾ ਅਸਲ ਤਾਂ ਉਸ ਦੇ ਕੀਤੇ ਕੰਮਾਂ ਵਿਚੋਂ ਹੀ ਦਿਸਦਾ ਹੈ, ਗੱਲਾਂ 'ਚੋਂ ਨਹੀਂ। ਇਸੇ ਵਿਚ ਵਾਲਮੀਕ ਦੀ ਮਹਾਨਤਾ ਹੈ ਕਿ ਉਸ ਨੇ ਆਰੀਆ ਦਾ ਹਰ ਕਿਰਦਾਰ ਇਕ ਅਲੰਕਾਰ ਢੰਗ ਨਾਲ ਪੇਸ਼ ਕਰ ਦਿੱਤਾ ਹੈ।

ਸੁਗਰੀਵ

(52) ਉਹ ਆਪਣੇ ਭਰਾ ਨੂੰ ਮਰਵਾਉਣ ਲਈ ਰਾਮਚੰਦਰ ਦਾ ਗੁਲਾਮ ਬਣ ਗਿਆ।

(53-1) ਵਭੀਸ਼ਣ ਨੇ ਵੀ ਲੰਕਾ ਦਾ ਰਾਜ ਪ੍ਰਾਪਤ ਕਰਨ ਖਾਤਰ ਆਰੀਅਨ ਰਾਮ ਚੰਦਰ ਨਾਲ ਹੱਥ ਮਿਲਾਇਆ ਅਤੇ ਆਪਣੇ ਭਰਾ ਨੂੰ ਮਰਾਉਣ ਦੀ ਖਾਤਰ ਆਪਣੀ ਕੌਮ ਦੇ ਵਿਰੋਧੀ ਸਾਹਮਣੇ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਉਸਨੇ ਸਪੱਸ਼ਟ ਸ਼ਬਦਾਂ ਵਿਚ ਆਪਣੇ ਭਰਾ ਨੂੰ ਦੁਸ਼ਮਣ ਕਿਹਾ। (ਉੱਤਰ ਕਾਂਡ, ਚੈਪਟਰ 49)

(53-3) ਰਾਮ ਨੇ ਉਸ ਬਾਰੇ ਕਿਹਾ, ਸਾਨੂੰ ਵੀ ਇਹੋ ਜਿਹੇ ਨਿੱਘਰਿਆਂ ਦੀ ਲੋੜ ਹੈ।"

ਰਾਵਣ ਦੇ ਜਿਉਂਦਿਆਂ ਹੀ ਰਾਮ ਨੇ ਭਵੀਸ਼ਣ ਨੂੰ ਰਾਜ ਤਿਲਕ ਦੇ ਦਿੱਤਾ। (ਇਸ ਲਈ ਉਸਨੇ ਰਾਮ ਨੂੰ ਬਹੁਤ ਸਾਰੇ ਗੁਪਤ ਭੇਦ ਦੱਸ ਦਿੱਤੇ।) (ਉਤਰ ਕਾਂਡ, ਚੈਪਟਰ 17-18)

ਰਾਵਣ

(54-1) ਉਹ ਉੱਚ ਕੋਟੀ ਦਾ ਵਿਦਵਾਨ ਸੀ। 2. ਇਕ ਮਹਾਤਮਾ ਆਦਮੀ ਸੀ। 3. ਵੇਦਾਂ ਸ਼ਸ਼ਤਰਾਂ ਤੋਂ ਜਾਣੂ ਸੀ। (ਕਿ ਇਹਨਾਂ ਦਾ ਸੱਚ ਕੀ ਹੈ।) 4. ਇਕ ਬਹਾਦਰ ਆਦਮੀ। 5. ਬਹੁਤ ਸ਼ਕਤੀਸ਼ਾਲੀ ਆਦਮੀ। 6. ਇਕ ਪਾਕ ਪਵਿੱਤਰ ਆਦਮੀ। ਇਸੇ ਕਰਕੇ ਭਵੀਸ਼ਣ ਨੇ ਕਿਹਾ, "ਤੂੰ ਕਦੀ ਵੀ ਇਨਸਾਫ ਕਰਨ ਤੋਂ ਨਹੀਂ ਉੱਕਿਆ। ਤੂੰ ਹਮੇਸ਼ਾਂ ਵਿਦਵਾਨ ਲੋਕਾਂ ਦੀ ਕਦਰ ਕੀਤੀ ਹੈ। ।" (ਉੱਤਰ ਕਾਂਡ, ਚੈਪਟਰ 111)

(56-5) ਵਾਲਮੀਕ ਨੇ ਖੁਦ ਰਾਵਣ ਨੂੰ ਮਹਾਤਮਾ ਕਿਹਾ।

ਰਾਮ ਲਛਮਣ ਦੇ ਜਨਮ ਬਾਰੇ

(61) ਬਹੁਤ ਸਾਰੀਆਂ ਕਿਸਮਾਂ ਦੇ ਪੰਛੀ ਜੰਗਲੀ ਜਾਨਵਰ ਅਤੇ ਹੋਰ ਸਾਰੇ ਜੀਵ ਜੰਤੂਆਂ ਨੂੰ ਅੱਗ ਵਿਚ ਸੁਕਾ ਕੇ ਭੁੰਨਿਆ ਗਿਆ (ਭਾਵ ਪਵਿੱਤਰ ਕੀਤਾ ਗਿਆ।) ਤੇ ਬ੍ਰਾਹਮਣਾ ਨੇ ਇਸ ਨੂੰ ਖਾਦਾ। ਫੇਰ ਦਸ਼ਰਥ ਦੀਆਂ ਰਾਣੀਆਂ ਪਰੋਹਿਤਾਂ ਨੂੰ ਦਿੱਤੀਆਂ ਗਈਆਂ। (ਜਿੰਨਾਂ ਨੇ ਯੱਗ ਕੀਤਾ ਸੀ) ਉਹਨਾਂ ਨੇ ਰਾਣੀਆਂ ਨੂੰ ਗਰਭ ਕੀਤਾ।

ਬੰਗਾਲੀ ਪੰਡਤ ਮਾਥਾਨਾਥ ਥਥਾਰ ਤੇ ਰਮਾਇਣ ਦਾ ਇਕ ਅਨੁਵਾਦਕ ਇਸ ਨੁਕਤੇ 'ਤੇ ਇੰਜ ਲਿਖਦਾ ਹੈ:- ਕੌਸ਼ਲਿਆ ਨੇ ਤਿੰਨ ਵਾਰ ਕਰਕੇ ਘੋੜੇ ਨੂੰ ਪ੍ਰਸੰਨਤਾ ਨਾਲ ਢੇਰੀ ਕਰ ਦਿੱਤਾ। ਉਸ ਨੇ ਸਾਰੀ ਰਾਤ ਮਰੇ ਹੋਏ ਘੋੜੇ ਨਾਲ ਬਿਨਾਂ ਕਿਸੇ ਪਛਤਾਵੇ ਦੇ ਗੁਜਾਰੀ। ਹੱਥਾ, ਅਧਵਰਯੂ, ਉਕਥਾ ਅਤੇ ਹੋਰ ਪਰੋਹਿਤਾਂ (ਰਿਕਵਿਕਾ) ਨੇ ਸ਼ਾਹੀ ਔਰਤਾ ਨਾਲ ਸੰਭੋਗ ਕੀਤਾ।

ਸਫਾ (78-79) ਸੀਤਾ ਨੇ ਰਾਮ ਨੂੰ ਕਿਹਾ, ਮੈਂ ਕੀ ਕਰਾਂ? ਭਰਤ ਮੈਨੂੰ ਪਸੰਦ ਨਹੀਂ ਕਰਦਾ ਮੈਂ ਉਸ ਨਾਲ ਕਿਵੇਂ ਰਹਿ ਸਕਦੀ ਹਾਂ।

ਵਾਲਮੀਕ ਨੇ ਸੀਤਾ ਦੇ ਮੂੰਹੋਂ ਅਖਵਾਇਆ, "ਹੇ ਰਾਮ। ਤੂੰ ਕੋਈ ਹੀਰੋ ਨਹੀਂ। ਤੂੰ ਸਿਰਫ ਇਕ ਨਿਪੁੰਸਕ ਆਦਮੀ ਹੈ। ਤੂੰ ਚਾਹੁੰਦਾ ਹੈ ਕਿ ਮੈਂ ਭਰਤ ਨਾਲ ਸਹਿਵਾਸ ਕਰਾਂ, ਜਿਵੇਂ ਕੋਈ ਵੇਸ਼ਵਾ ਹੋਵਾਂ, ਇਸ ਕਰਕੇ ਕਿ ਤੂੰ ਅਯੁਧਿਆ ਦਾ ਬਾਦਸ਼ਾਹ ਬਣਨ ਦਾ ਫਾਇਦਾ ਲੈ ਸਕੇਂ।"

ਰਮੇਸ਼ਚੰਦਰ ਮਜੂਮਦਾਰ M.A., Ph. D. in Outline of Ancient Indian History and Civilisation. ਸਫਾ (21-22) ਰਮਾਇਣ ਅਤੇ ਮਹਾਂਭਾਰਤ ਦਰਾਵੜਾਂ ਅਤੇ ਆਰੀਆ ਦੇ ਸਮੇਂ ਦਾ ਉਹਨਾਂ ਦੀਆਂ ਜਿੱਤਾਂ ਦਾ ਅਤੇ ਆਪਸੀ ਲੜਾਈਆਂ ਦਾ ਵਰਣਨ ਹਨ।

ਜਵਾਹਰ ਲਾਲ ਨਹਿਰੂ ਡਿਸਕਵਰੀ ਆਫ ਇੰਡੀਆ (ਸਫਾ 62)

"ਰਮਾਇਣ ਆਰੀਆ ਦੇ ਦੱਖਣ ਵਲ ਵੱਧਣ ਦੀ ਕਹਾਣੀ ਹੈ।"

ਇਸ ਤਰ੍ਹਾਂ ਅਸੀਂ ਅੱਛੇ-ਅੱਛੇ ਵਿਦਵਾਨਾਂ ਵੱਲੋਂ ਤਿਆਰ ਕੀਤੇ ਗਏ, ਵਾਲਮੀਕ ਰਮਾਇਣ ਅਤੇ ਹੋਰ ਰਮਾਇਣਾਂ ਦੇ ਟੀਕਿਆਂ ਜਾਂ ਉਲਥਿਆਂ ਤੋਂ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਭਾਰਤੀ ਜਨਤਾ ਨੂੰ ਜਾਣ ਬੁੱਝ ਕੇ ਸਚਾਈ ਤੋਂ ਦੂਰ ਰੱਖਿਆ ਗਿਆ ਹੈ ਤੇ ਰੱਖਿਆ ਜਾ ਰਿਹਾ ਹੈ। ਵਿਦਵਾਨਾਂ ਨੂੰ ਨਹੀਂ ਆਮ ਪੜ੍ਹੇ ਲਿਖੇ ਸਮਾਜ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਇਹਨਾਂ ਕਥਾਵਾਂ ਨੇ ਬਹੁਤ ਵਿਸ਼ਾਲ ਸਮਾਜ ਨੂੰ ਮਾਨਸਿਕ ਗੁਲਾਮੀ ਵਿਚ ਬੰਨ੍ਹਿਆ ਹੋਇਆ ਹੈ, ਜਿਸ ਤੋਂ ਮੁਕਤੀ ਪਾਉਣੀ ਦੇਸ਼ ਦੇ ਹਿੱਤ ਵਿਚ ਹੈ।

ਵਾਲਮੀਕ ਰਮਾਇਣ ਤੇ ਤੁਲਸੀ ਰਮਾਇਣ ਵਿਚ ਅੰਤਰ

ਜਿਸ ਤਰ੍ਹਾਂ ਕੁਰਾਨ ਨੂੰ ਨਾ ਮੰਨਣ ਵਾਲਿਆਂ ਨੂੰ ਕਾਫਰ ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਵੇਦਾਂ ਸ਼ਾਸ਼ਤਰਾਂ ਦੇ ਧਰਮ ਨੂੰ ਨਾ ਮੰਨਣ ਵਾਲਿਆਂ ਨੂੰ ਨੀਚ ਕਿਹਾ ਗਿਆ। ਦੁਸ਼ਟ ਕਿਹਾ ਗਿਆ। ਰਿੱਛ ਕਿਹਾ ਗਿਆ। ਜਾਨਵਰ ਕਿਹਾ ਗਿਆ। ਭੂਤ, ਪ੍ਰੇਤ, ਜਿੰਨ, ਦਿਓ, ਆਦਿ ਵੀ ਕਿਹਾ ਗਿਆ। ਜਿਨ੍ਹਾਂ ਨੇ ਆਰੀਆ ਧਰਮ ਫੈਲਾਇਆ ਅਤੇ ਆਰੀਆ ਦੀ ਦਰਾਵੜ ਦੀ ਧਰਤੀ 'ਤੇ ਸਥਾਪਤੀ ਕਰਵਾਈ, ਉਹਨਾਂ ਨੂੰ ਪਰਜਾਪਤੀ ਦੇਵਤੇ, ਰਿਸ਼ੀ ਮੁਨੀ, ਮਹਾਤਮਾਂ, ਤਪੱਸਵ, ਧਰਮਾਤਮਾ, ਸਵਾਮੀ, ਸ਼ੰਕਰਾਚਾਰੀਆ, ਔਰਤਾਂ ਨੂੰ ਦੇਵੀਆਂ, ਜਗਤਗੁਰੂ ਮਹਾਂਬਲੀ, ਜਤੀ ਸਤੀਸੰਨਿਆਸੀ, ਜਪੀ ਤਪੀ ਆਦਿ ਵਿਸ਼ੇਸ਼ਣਾਂ ਨਾਲ ਨਿਵਾਜਿਆ ਗਿਆ ਅਤੇ ਅਨਾਰੀਆ ਨੇ ਆਰੀਆ ਦਾ ਸਾਥ ਦਿੱਤਾ, ਉਹਨਾਂ ਨੂੰ ਵੀ ਉੱਚੀਆਂ ਪਦਵੀਆਂ ਦਿੱਤੀਆਂ ਗਈਆਂ।

ਹਨੂੰਮਾਨ ਵਲੋਂ ਰਾਵਣ ਨੂੰ ਕਹੀਆਂ ਗਈਆਂ ਹੇਠ ਲਿਖੀਆਂ ਪੰਕਤੀਆਂ ਇਸਦਾ ਪ੍ਰਮਾਣ ਹਨ:

ਹੇ ਰਾਵਣ, ਤੁਸੀਂ ਰਾਮ ਦੇ ਚਰਨ ਕਮਲ ਨੂੰ ਹਿਰਦੇ ਵਿਚ ਧਾਰਨ ਕਰ ਲਵੋ ਅਰਥਾਤ ਉਸਦੀ ਅਧੀਨਤਾ ਕਬੂਲ ਕਰ ਲਵੋ ਅਤੇ ਲੰਕਾ ਉੱਪਰ ਬੇਰੋਕ ਰਾਜ ਕਰੋ। ਰਿਸ਼ੀ ਪੁਲਸਤਿਆਂ (ਜੋ ਅਨਾਰੀਆ ਸੀ) ਦਾ ਯਸ਼ ਨਿਰਮਲ ਚੰਦਰਮਾਂ ਦੀ ਤਰ੍ਹਾਂ ਹੈ। ਉਸ ਚੰਦਰਮਾਂ ਵਿਚ ਤੁਸੀਂ ਕਲੰਕ ਨਾ ਬਣੋ। ਅਰਥਾਂਤ ਜਿਸ ਤਰ੍ਹਾਂ ਪੁਲਸਤਿਆਂ ਨੇ ਆਰੀਆ ਦੀ ਦ੍ਰਿਸ਼ਟੀ ਵਿਚ ਯਸ਼ ਪ੍ਰਾਪਤ ਕੀਤਾ ਹੈ, ਉਸੇ ਤਰ੍ਹਾਂ ਤੁਸੀ ਵੀ ਕਰੋ। (ਹਿੰਦੂ ਸਮਾਜ ਦੇ ਪੱਥ-ਭ੍ਰਸ਼ਟਕ ਤੁਲਸੀਦਾਸ ਸਫਾ 12) (ਭਾਵ ਜਿਸ ਤਰ੍ਹਾਂ ਭਰਾ ਬਾਲੀ ਨੂੰ ਮਰਵਾ ਕੇ ਸੁਗਰੀਵ ਤੇ ਉਸਦਾ ਸੈਨਾਪਤੀ ਹਨੂੰਮਾਨ ਖੁਦ ਪੁਲਸਤਿਆਂ ਵਾਂਗ, ਰਾਮਚੰਦਰ ਦੇ ਗੁਲਾਮ ਬਣ ਗਏ, ਉਸੇ ਤਰ੍ਹਾਂ ਇਕ ਗੁਲਾਮ ਆਪਣੇ ਮਹਾਨ ਰਾਜਾ ਨੂੰ ਆਰੀਆ ਦੀ ਗੁਲਾਮੀ ਕਬੂਲ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਹੀ ਕਾਰਨ ਹੈ ਕਿ ਹਿੰਦੂ ਹਨੂੰਮਾਨ ਨੂੰ ਵਧੇਰੇ ਪੂਜਦੇ ਹਨ ਤੇ ਮਹਾਂਬਲੀ- ਬਜਰੰਗ ਬਲੀ ਦਾ ਖਿਤਾਬ ਦਿੰਦੇ ਹਨ ਕਿਉਂਕਿ ਉਸਨੇ ਅਨਾਰੀਆ ਦੇ ਸ਼ਕਤੀਸ਼ਾਲੀ ਰਾਜ ਖਤਮ ਕਰਨ ਵਿਚ ਵੱਡਾ ਹਿੱਸਾ ਪਾਇਆ, ਜਿਸਦੇ ਬਦਲੇ ਉਸਨੂੰ ਮਿਲੇ, 16 ਸੁੰਦਰੀਆਂ, ਇਕ ਮਹਿਲ ਅਤੇ ਕਰੋੜਾਂ ਰੁਪਏ। ਸ਼ਾਇਦ ਉਸ ਦੀਆਂ ਰਗਾਂ ਵਿਚ ਆਰੀਅਨ ਵਾਯੂ ਦੇਵਤਾ ਦਾ ਖੂਨ ਸੀ ਤੇ ਉਸਦੀ ਮਾਂ ਅੰਜਨਾ ਦਾ ਅਸਲੀ ਪਤੀ ਕੇਸਰੀਨ ਵੀ ਆਰੀਆ ਨਾਲ ਰਲ ਚੁੱਕਾ ਸੀ। ਜੋ ਖੁਦ ਅਨਾਰੀਆ ਜਾਤੀ ਵਿਚੋਂ ਸੀ।

(14) ਜਦੋਂ ਵਿਸ਼ਨੂੰ ਦੇ ਚਾਰ ਬਾਹਾਂ, ਬ੍ਰਹਮਾਂ ਦੇ ਚਾਰ ਮੂੰਹ, ਸ਼ਿਵ ਦੇ ਪੰਜ ਮੂੰਹ, ਦੁਰਗਾ ਦੇ ਅੱਠ ਬਾਹਾਂ, ਗਣੇਸ਼ ਦੇ ਸਿਰ 'ਤੇ ਹਾਥੀ ਦਾ ਸਿਰ, ਕਾਮਧੇਮ ਗਊ ਦੇ ਸਿਰ 'ਤੇ ਔਰਤ ਦਾ ਸਿਰ ਤਾਂ ਰਾਵਣ ਦੇ ਦਸ ਸਿਰ ਕਹਿ ਦੇਣ ਨਾਲ ਉਹ ਰਾਖਸ਼ਸ਼ ਜਾਂ ਦਾਵਨ ਕਿਵੇਂ ਬਣ ਗਿਆ। ਉਸਨੇ ਸਿਰਫ ਇਕ ਵਾਰ ਸੀਤਾ ਨੂੰ ਚੁਰਾਇਆ ਤੇ ਉਹ ਵੀ ਉਸਨੂੰ ਇੱਜ਼ਤ ਨਾਲ ਰੱਖਿਆ ਦੂਜੇ ਪਾਸੇ ਬ੍ਰਹਮਾਂ, ਵਿਸ਼ਨੂੰ, ਇੰਦਰ, ਸ਼ਿਵ, ਰਿਸ਼ੀ ਮੁਨੀ, ਬ੍ਰਾਹਮਣ, ਕ੍ਰਿਸ਼ਨ, ਰਾਮ, ਲਛਮਣ, ਯੁਧਿਸ਼ਟਰ ਆਦਿ ਨੇ ਜੋ ਕੀਤਾ, ਉਹ ਇਸੇ ਪੁਸਤਕ ਵਿਚ ਦਰਜ ਹੈ। ਰਾਵਣ ਏਡੀ ਵੱਡੀ ਸਜ਼ਾ ਦਾ ਹੱਕਦਾਰ ਕਿਉਂ ਹੈ? ਜਿਸਨੇ ਆਪਣੀ ਭੈਣ ਦਾ ਨੱਕ, ਕੰਨ ਤੇ ਛਾਤੀਆ ਕੱਟ ਦੇਣ ਦਾ ਬਦਲਾ ਲਿਆ ਤੇ ਉਹ ਬਦਲਾ ਵੀ ਆਚਰਣਕ। ਫਿਰ ਇਹ ਸਜ਼ਾ ਕਿਸ ਲਈ?ਬੱਸ ਇਕ ਅਨਾਰੀਆ ਰਾਜਾ ਹੋਣ ਕਰਕੇ, ਜਿਸਨੇ ਮਰਨਾ ਕਬੂਲ ਕੀਤਾ ਪਰ ਆਰੀਆ ਦੀ ਸੰਸਕ੍ਰਿਤੀ ਤੇ ਗੁਲਾਮੀ ਕਬੂਲ ਨਹੀਂ ਕੀਤੀ।

(21) ਤੁਲਸੀ ਲਿਖਦਾ ਹੈ ਕਿ ਜਿਸ ਧਨੁੱਸ਼ ਨੂੰ 10000 ਰਾਜੇ ਰਲਕੇ ਵੀ ਚੁੱਕ ਨਹੀਂ ਸਨ ਸਕਦੇ, ਉਹ ਰਾਮ ਨੇ ਪਲਕ ਵਿਚ ਤੋੜ ਦਿੱਤਾ ਜਦੋਂ ਇਕ ਉਹ ਉਸ ਸਮੇਂ ਇਕ ਮਾਸੂਮ ਬਾਲ ਅਵਸਥਾ 'ਚ ਸੀ।

(22) ਤੁਲਸੀ: ਰਾਵਣ ਨੇ ਕਰੋਧ ਵਿਚ ਆ ਕੇ ਜਦੋਂ ਵਾਰ ਕੀਤਾ ਤਾਂ ਰਾਮ ਮੂਰਛਤ ਹੋ ਕੇ ਡਿਗ ਪਏ। ਤੇ ਫਿਰ ਭਵੀਸ਼ਣ (ਭਰਾ) ਦੇ ਨਿਰਦੇਸ਼ 'ਤੇ ਹੀ ਰਾਵਣ ਦੀ ਧੁੰਨੀ (ਜਿੱਥੇ ਸੰਜੋਅ ਨਹੀਂ ਸੀ) ਤੇ ਬਾਣ ਚਲਾ

ਕੇ ਰਾਮ (ਭਗਵਾਨ) ਉਸਨੂੰ ਮਾਰ ਸਕੇ।

(23) ਰਾਵਣ ਦੇ ਗਿਰਦਿਆਂ ਹੀ ਧਰਤੀ ਹਿੱਲ ਗਈ.... ਦੇਵਤਿਆਂ ਨੇ ਨਗਾੜੇ ਵਜਾਏ ਕਿਉਂਕਿ ਆਰੀਆ ਨੇ ਦੱਖਣ ਵੀ ਫਤਹਿ ਕਰ ਲਿਆ ਸੀ।

(26) ਰਾਮ ਨੇ ਕੇਵਲ ਬ੍ਰਾਹਮਣ ਨੂੰ ਨਿਰਭੈ ਕਰਨ ਲਈ ਹੀ ਰਾਖਸ਼ਾਂ ਨੂੰ ਮਾਰਿਆ। (ਕਿਉਂਕਿ ਕਸ਼ੱਤਰੀ ਦਾ ਧਰਮ ਹੀ ਬ੍ਰਾਹਮਣਾਂ, ਰਿਸ਼ੀਆਂ-ਮੁਨੀਆਂ ਤੇ ਦੇਵਤਿਆਂ ਦੀ ਰਾਖੀ ਕਰਨਾ ਸੀ-ਕਿਸ ਤੋਂ? ਧਰਤੀ ਦੇ ਅਸਲੀ ਮਾਲਕ, ਰਾਖਸ਼ਾਂ, ਦੈਂਤਾਂ, ਅਸੁਰਾਂ ਤੋਂ।)

(31) 'ਰਾਮ ਜੋ ਕਰਨਾ ਚਾਹੁੰਦੇ ਹਨ ਉਹੀ ਹੁੰਦਾ ਹੈ।" ਇੰਨੀ ਸ਼ਕਤੀ ਵਾਲਾ ਭਗਵਾਨ ਕਦੀ ਸੁਗਰੀਵ ਦੀਆਂ, ਕਦੀ ਹਨੂੰਮਾਨ ਦੀਆਂ, ਕਦੀ ਭਵੀਸ਼ਣ ਦੀਆਂ ਮਿੰਨਤਾਂ ਕਰਦਾ ਦਿਖਾਈ ਦਿੰਦਾ ਹੈ।

(ਜਾਂ ਤਾਂ ਰਮਾਇਣ ਦਾ ਰਚਿਤਾ, ਅਨਜਾਣ ਜਾਂ ਅਗਿਆਨੀ ਹੈ ਜਾਂ ਫਿਰ ਉਪਰੋਕਤ ਵਿਖਿਆਨ ਸੱਚ ਨਹੀਂ, ਕਿਉਂਕਿ ਭਗਵਾਨ ਰਾਮ ਤਾਂ ਸੁਗਰੀਵ ਦਾ ਰਾਜ ਤਿਲਕ ਕਰਨ ਤੋਂ ਬਾਦ ਬਾਨਰਾਂ ਤੋਂ ਸਮੁੰਦਰ ਪਾਰ ਕਰਨ ਦਾ ਉਪਾਅ ਪੁਛਦਾ ਹੈ।(ਸਫਾ 42)

45-46 ਵਾਲਮੀਕ ਰਮਾਇਣ ਦਾ ਸੱਚ

ਵਾਲਮੀਕ ਨੇ ਤਾਂ ਰਾਮ ਕਥਾ ਦੇ ਮਾਧਿਅਮ ਰਾਹੀਂ ਰਾਮ ਦੇ ਚਰਿੱਤਰ 'ਤੇ ਟੇਢੇ ਰੂਪ ਵਿਚ ਵਿਅੰਗ ਕੀਤਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਵਾਲਮੀਕੀ ਰਮਾਇਣ ਨੂੰ ਅਪ੍ਰਤੱਖ ਸ਼ੈਲੀ ਵਿਚ ਲਿਖੀ ਗਈ ਇਕ ਵਿਅੰਗਮਈ ਰਚਨਾ ਵੀ ਕਹਿ ਸਕਦੇ ਹਾਂ। ਉਸ ਵਿਚ ਵਰਨਤ ਰਾਮ ਆਰੰਭ ਤੋਂ ਅੰਤ ਤੱਕ ਸਮਸਿਆਵਾਂ ਵਿਚ ਘਿਰਿਆ ਹੋਇਆ, ਮਨੋਂ ਉਲਝਿਆ ਵਿਅਕਤੀ ਹੈ, ਜੋ ਆਖਰ ਆਪਣੀ ਮੁਸ਼ਕਿਲਾਂ ਤੋਂ ਤੰਗ ਆ ਕੇ ਸਰਿਊ ਨਦੀ ਵਿਚ ਡੁੱਬ ਕੇ ਆਤਮ ਹੱਤਿਆ ਕਰ ਲੈਂਦਾ ਹੈ। .... ਸੀਤਾ ਜੈਸੀ ਪਤਨੀ ਦੇ ਚਰਿੱਤਰ 'ਤੇ ਵੀ ਉਸ ਦੀ ਵਾਰ ਵਾਰ ਪਰੀਖਿਆ ਲੈ ਕੇ ਵੀ ਵਿਸ਼ਵਾਸ ਨਹੀਂ ਹੁੰਦਾ ਤਾਂ ਉਸਨੂੰ ਗਰਭਵਤੀ ਹੋਣ ਦੇ ਬਾਵਜੂਦ ਵੀ ਜੰਗਲ ਵਿਚ ਛਡਵਾ ਦਿੰਦਾ ਹੈ ਤਾਂ ਕਿ ਜੰਗਲੀ ਪਸ਼ੂਆਂ ਦੁਆਰਾ ਉਸ ਦਾ ਅੰਤ ਹੋ ਜਾਵੇ। ਸੀਤਾ ਇਸ ਪ੍ਰਕਾਰ ਵਾਰ ਵਾਰ ਅਪਮਾਨਤ ਹੋ ਕੇ ਇਕ ਖੰਡੇ ਵਿਚ ਛਾਲ ਮਾਰ ਕੇ ਆਤਮ ਹੱਤਿਆ ਕਰ ਲੈਂਦੀ ਹੈ। ਏਸੇ ਤਰ੍ਹਾਂ ਇਕ ਜਰਾ ਜਿੰਨੀ ਗੱਲ ਕਾਰਨ ਰਾਮ ਨੇ ਲਛਮਣ ਜਿਹੇ ਭਾਈ ਨੂੰ ਦੇਸ਼ ਨਿਕਾਲੇ ਦੇ ਦੰਡ ਦੇ ਕੇ ਜਦੋਂ ਉਸਦਾ ਅਪਮਾਨ ਕੀਤਾ ਤਾਂ ਉਹ ਵੀ ਸਹਿਨ ਨਾ ਕਰ ਸਕਿਆ ਤੇ ਉਸਨੇ ਵੀ ਸਰਿਊ ਵਿਚ ਡੁੱਬ ਕੇ ਆਤਮ-ਹੱਤਿਆ ਕਰ ਲਈ। ਆਪਣੇ ਜੀਵਨ ਦੀਆਂ ਸਾਰੀਆਂ ਹਰਕਤਾਂ ਅਤੇ ਪੂਰੇ ਜੀਵਨ ਦਰਸ਼ਨ ਦਾ ਖੋਖਲਾਪਣ ਮਹਿਸੂਸ ਕਰਕੇ ਹੀ ਤਾਂ ਰਾਮ ਨੂੰ ਅੰਤ ਵਿਚ ਖੁਦ ਵੀ ਆਤਮ ਹੱਤਿਆ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਲੱਭਿਆ।

ਲੇਕਿਨ ਵਾਲਮੀਕ ਦਾ ਵਿਅੰਗ ਕੇਵਲ ਇਸ ਗੱਲ ਤੋਂ ਪੂਰਾ ਨਹੀਂ ਹੁੰਦਾ। ਉਹ ਤਾਂ ਕੁੱਲ ਮਿਲਾਕੇ ਇਹ ਸਿੱਧ ਕਰਨਾ ਚਾਹੁੰਦਾ ਸੀ ਕਿ ਇਸ ਪ੍ਰਕਾਰ ਕੁੰਠਤ ਅਤੇ ਅਵਿਗਿਆਨਕ ਵਿਚਾਰਧਾਰਾ ਵਾਲੇ ਰਾਜਾ, ਖੁਦ ਤਾਂ ਡੁੱਬਦੇ ਹੀ ਹਨ, ਨਾਲ ਸਾਰੀ ਪਰਜਾ ਨੂੰ ਵੀ ਲੈ ਡੁੱਬਦੇ ਹਨ। ਇਸ ਲਈ ਰਮਾਇਣ ਤੇ ਅੰਤ ਵਿਚ ਰਾਮ ਇਕੱਲਾ ਨਹੀਂ ਡੁੱਬਦਾ ਸਗੋਂ ਅਯੁੱਧਿਆ ਦੇ ਸਾਰੇ ਨਾਗਰਿਕਾਂ ਸਮੇਤ ਸਰਿਊ ਵਿਚ ਸਮਾਉਂਦਾ ਦਿਖਾਇਆ ਗਿਆ ਹੈ।

(ਉਸਦੇ ਰਾਜ ਦਾ ਸੱਚ ਤਾਂ ਜਵਾਲੀ ਰਿਸ਼ੀ ਅਤੇ ਬਾਲੀ ਦੇ ਮੂੰਹੋਂ ਮਹਾਂਰਿਸ਼ੀ ਵਾਲਮੀਕ ਨੇ ਸਪੱਸ਼ਟ ਸ਼ਬਦਾਂ ਵਿਚ ਅਖਵਾਇਆ ਹੈ।(ਵਾ: ਰਾ: ਅਯੁੱਧਿਆ ਕਾਂਡ 108) ਇਹੀ ਕਾਰਨ ਹੈ ਕਿ ਹਜਾਰਾਂ ਸਾਲਾਂ ਬਾਦ ਜਦੋਂ ਅਕਬਰ ਰਾਜ ਸੀ ਤਾਂ ਆਰੀਆ ਨੇ, ਵਾਲਮੀਕ ਰਮਾਇਣ ਦਾ ਸੱਚ ਛੁਪਾਉਣ ਲਈ ਤੁਲਸੀ ਬ੍ਰਾਹਮਣ ਤੋਂ ਨਵੀਂ ਰਮਾਇਣ ਲਿਖਾਈ, ਜੋ ਹਿੰਦੂਆਂ ਦੇ ਵੇਦਾਂ ਸਿਮ੍ਰਤੀਆਂ ਵਾਂਗ ਉੱਤਮ ਧਾਰਮਿਕ ਗ੍ਰੰਥ ਮੰਨਿਆ ਜਾਂਦਾ ਹੈ, ਜਿਸ ਵਿਚ ਰਾਮ ਨੂੰ ਭਗਵਾਨ ਬਣਾ ਦਿੱਤਾ ਗਿਆ ਹੈ ਤੇ ਕਿਹਾ ਗਿਆ ਕਿ ਉਸਦੀ ਹੋਣੀ ਨੂੰ ਕੋਈ ਟਾਲ ਨਹੀਂ ਸਕਦਾ।

(60) ਤੁਲਸੀ ਰਮਾਇਣ:- ਜਾਂਦਿਆਂ-ਜਾਂਦਿਆਂ ਜਦੋਂ ਰਾਮ ਨੇ ਤਾੜਕਾ ਰਾਖਸ਼ਣੀ ਨੂੰ ਵੇਖਿਆ, ਜੋ ਕ੍ਰੋਧ ਨਾਲ ਉਹਨਾਂ ਵੱਲ ਦੌੜੀ ਤਾਂ ਰਾਮ ਚੰਦਰ ਨੇ ਇਕੋ ਹੀ ਬਾਨ ਨਾਲ ਉਸ ਦੇ ਪ੍ਰਾਣ ਖਤਮ ਕਰ ਦਿੱਤੇ (ਕਿਉਂਕਿ ਉਹ ਸਮਝਦੀ ਸੀ ਕਿ ਇਹ ਆਰੀਅਨ ਉਹਨਾਂ ਦਾ ਰਾਜ ਭਾਗ ਖੋਹਣ ਲਈ ਅੱਗੇ ਵੱਧ ਰਹੇ ਹਨ।)

(ਬਾਲ ਕਾਂਡ, 241-3)

(81) ਰਾਵਣ ਰਾਜ ਸਮੇਂ ਦੇ ਹਾਲਾਤ:- ਕਿਧਰੇ ਕੁੱਝ ਵੀ ਸ਼ੁਭ ਆਚਰਣ ਨਹੀਂ ਰਹਿ ਗਿਆ ਸੀ। ਦੇਵਤਾਵਾਂ,

ਬ੍ਰਾਹਮਣਾਂ ਅਤੇ ਗੁਰੂਆਂ ਨੂੰ ਕੋਈ ਪੁਛਦਾ ਨਹੀਂ ਸੀ।(ਇਸ ਤੁੱਕ ਦੇ ਦੋ ਅਰਥ ਹੋ ਸਕਦੇ ਹਨ ਕਿ ਦੇਵਤਿਆਂ, ਬ੍ਰਾਹਮਣਾਂ ਤੇ ਗੁਰੂਆਂ ਦਾ ਕੋਈ ਸ਼ੁੱਭ ਆਚਰਣ ਨਹੀਂ ਰਹਿ ਗਿਆ ਸੀ-ਇਸੇ ਕਰਕੇ ਕੋਈ ਉਹਨਾਂ ਨੂੰ ਪੁੱਛਦਾ ਨਹੀਂ ਸੀ। ਦੂਜਾ ਲੋਕਾਂ ਦਾ ਆਚਰਣ ਇਹਨਾਂ ਦੇਵਤਿਆਂ, ਬ੍ਰਾਹਮਣਾਂ ਦੇ ਗੁਰੂਆਂ ਵਾਲਾ ਨਹੀਂ ਸੀ ਜਿਸ ਕਰਕੇ ਉਹ ਇਹਨਾਂ ਨੂੰ ਪੁੱਛਦੇ ਨਹੀਂ ਸਨ। ਇਸੇ ਕਰਕੇ ਭਗਵਾਨ ਰਾਮ ਰਾਖਸ਼ਾਂ ਅਤੇ ਦੈਂਤਾ ਨੂੰ ਮਾਰਨ ਦਾ ਕਾਰਜ ਲੈ ਕੇ ਤੁਰੇ ਸਨ।) (ਬਾਲ ਕਾਂਡ, (214-4)

(82) ਭਗਵਾਨ ਰਾਮ ਵੀ ਬ੍ਰਾਹਮਣਾਂ ਦਾ ਦਾਸ ਸੀ ਕਿਉਂਕਿ ਉਸਦੀ ਛਾਤੀ ਤੇ ਬ੍ਰਹਮਾਂ ਦੇ ਪੈਰ ਦਾ ਨਿਸ਼ਾਨ ਸੀ। ਏਸੇ ਕਰਕੇ ਭਗਵਾਨ ਨੂੰ ਬ੍ਰਾਹਮਣਾਂ ਦਾ ਦੋਖੀ ਚੰਗਾ ਨਹੀਂ ਸੀ ਲੱਗਦਾ। (ਬਾਲ ਕਾਂਡ, 230-3)

(160) ਜੇ ਰਾਮ ਦੇ ਯੁੱਧ ਵਿਚ ਐਸੀ ਭਗਤੀ (ਕਬੀਰ, ਰਵੀਦਾਸ, ਨਾਮਦੇਵ, ਸੈਣ, ਧੰਨਾ ਆਦਿ ਅਤੇ ਯੱਗ ਤਪ ਕਰਦੇ ਤਾਂ ਸੰਭਵ ਹੈ ਕਿ ਸ਼ੰਭੂਕ ਦੀ ਤਰ੍ਹਾਂ ਉਹਨਾਂ ਦੇ ਵੀ ਗਲੇ ਕੱਟ ਦਿੱਤੇ ਜਾਂਦੇ।(ਰਾਮ ਪ੍ਰਿਆ ਸ਼ਰਨ ਸਿੰਘ ਰਤਨੇਸ਼)

ਮਾਸ ਤੇ ਰਾਮ

ਵਾਲਮੀਕ ਰਮਾਇਣ (2-52-89) : ਵਣਾਂ 'ਚ ਜਾਣ ਦੀ ਸੂਚਨਾ ਪਾ ਕੇ ਰਾਮ ਆਪਣੀ ਮਾਂ ਦੇ ਪਾਸ ਗਏ ਤੇ ਕਿਹਾ, 'ਹੁਣ ਤਾਂ ਮੁਨੀਜਨ ਕਥਿਤ ਮਾਸਦਾਇਕ ਭੋਜਨ ਨੂੰ ਛੱਡ ਕੇ ਮਧੂ, ਕੰਦਮੂਲ, ਫਲ ਆਦਿ ਮੇਰੇ ਭੋਜਨ ਦੇ ਪਦਾਰਥ ਹੋਣਗੇ।

(5-76-41) ਅਸ਼ੋਕ ਵਾਟਿਕਾ ਜਾ ਕੇ ਹਨੂੰਮਾਨ ਨੇ ਸੀਤਾ ਨੂੰ ਕਿਹਾ: ਤੁਹਾਡੇ ਵਿਯੋਗ ਵਿਚ ਨਾ ਰਾਮ ਮਾਸ ਖਾਂਦੇ ਹਨ ਅਤੇ ਨਾ ਮਧੂ ਸੇਵਨ ਕਰਦੇ ਹਨ।

ਗੰਗਾ ਆਦਿ ਤੀਰਥਾਂ, ਸੁਰਾ-ਸੋਮਰਸ, ਸ਼ਿਵ, ਮੰਦਰ, ਸਮਾਜਿਕ ਅਤੇ ਨੈਤਿਕ ਆਦਰਸ਼, ਯੱਗਾਂ ਆਦਿ ਬਾਰੇ

(ਮਹਾਂਭਾਰਤ ਅਸ਼ਾਸਨ ਪਰਵ ਸਲੋਕ 30, 32, 26, 62, 120 ਆਦਿ): ਗੰਗਾ ਦਾ ਦਰਸ਼ਨ ਉਸਦੇ ਜਲ ਦਾ ਸਪਰਸ਼ ਅਤੇ ਉਸਦੇ ਵਿਚ ਇਸ਼ਨਾਨ ਕਰਕੇ, ਮਨੁੱਖ ਸੱਤ ਪੀੜ੍ਹੀਆਂ ਪਹਿਲੇ ਪੂਰਵਜਾਂ ਦਾ ਅਤੇ ਸੱਤ ਪੀੜੀਆਂ ਹੋਣ ਵਾਲੇ ਪਰਿਵਾਰਾਂ ਦਾ, ਇਸ ਤੋਂ ਵੀ ਜਿਆਦਾ ਪਿਤਰ ਅਤੇ ਸੰਤਾਨ ਦਾ ਕਲਿਆਣ ਕਰਦਾ ਹੈ। (ਗੰਧਲੇ ਮੈਲੇ ਬਿਮਾਰੀਆਂ ਭਰੇ ਪਾਣੀ ਵਿਚ ਨਹਾਉਣ ਦਾ ਸੱਦਾ ਦੇ ਕੇ, ਲਾਲਚ ਦੇ ਕੇ, ਠੱਗਣ ਦਾ ਇਕ ਢੰਗ ਹੈ।)

ਗੰਗਾ ਦਾ ਪਵਿੱਤਰ ਪਾਣੀ ਜਿਸ ਦੀ ਹਾਲਤ ਇਸ ਪ੍ਰਕਾਰ ਹੈ:-

* ਇੰਡੀਅਨ ਸਾਇੰਸ ਕਾਮਰਸ ਦੇ ਪ੍ਰਧਾਨ ਏ. ਕੇ. ਸ਼ਰਮਾ (1981) 'ਗੰਗਾ ਦੁਨੀਆਂ ਦੀ ਸਭ ਤੋਂ ਜਿਆਦਾ ਅਪਵਿੱਤਰ ਹੋ ਚੁੱਕੀ ਨਦੀ ਹੈ।' * ਸਰਕਾਰੀ ਬਿਆਨ ਉੱਤਰ ਪ੍ਰਦੇਸ਼ ਵਿਧਾਨ ਸਭਾ: 'ਕਾਨਪੁਰ ਦੇ ਚਮੜੇ ਦੇ ਕਾਰਖਾਨਿਆਂ ਰਾਹੀਂ ਗੰਗਾ ਦਾ 25% ਪਾਣੀ ਗੰਦਾ ਹੁੰਦਾ ਹੈ। 60% ਪਾਣੀ ਦੀ ਗੰਦਗੀ, ਗੰਦਿਆਂ ਨਾਲਿਆਂ ਦੇ ਡਿੱਗਣ ਕਾਰਨ ਹੈ। * ਗੰਗਾ ਦਾ ਪਵਿੱਤਰ ਸੰਗਮ (ਗੰਗਾ, ਜਮਨਾ ਤੇ ਸਰਸਵਤੀ) ਅਲਾਹਬਾਦ ਰਸਾਇਣ ਖਾਦਾਂ ਦੇ ਮਾਧਿਅਮ ਤੋਂ 5600 ਘਣ ਮੀਟਰ, ਜਹਿਰੀਲੇ ਪਦਾਰਥ ਰੋਜਾਨਾਂ ਗੰਗਾ ਵਿਚ ਪੈਂਦੇ ਹਨ। * 1950 ਦੇ ਕੁੰਭ ਦੇ ਮੇਲੇ ਦੇ ਇਸ਼ਨਾਨ ਤੋਂ ਬਾਦ ਗੰਗਾ ਦੇ ਪਾਣੀ ਵਿਚ ਬੀਮਾਰੀਆਂ ਦੇ ਕੀਟਾਣੂ (ਜੀਵਾਣੂ) 1300 ਗੁਣਾ ਵਧ ਗਏ ਸਨ ਅਤੇ 1985-86 ਵਿਚ ਇਹ ਬੀਮਾਰੀਆਂ ਦੇ ਕੀਟਾਣੂ 9 ਕਰੋੜ ਪ੍ਰਤੀ ਮਿਲੀ-ਲੀਟਰ ਪਾਣੀ ਵਿਚ ਪਾਏ ਗਏ। * ਇਕੱਲੇ ਵਾਰਾਨਸੀ (ਬਨਾਰਸ) ਸ਼ਮਸ਼ਾਨ ਘਾਟ ਤੋਂ 20 ਤੋਂ 30 ਹਜਾਰ ਲਾਸ਼ਾਂ ਗੰਗਾ ਕਿਨਾਰੇ ਜਲਾਈਆਂ ਜਾਂਦੀਆਂ ਹਨ। ਤਿੰਨ ਹਜਾਰ ਟਨ ਸੁਆਹ ਅਤੇ 110 ਤੋਂ 150 ਟਨ ਅਣਜਲਿਆ ਮਾਸ ਹਰ ਸਾਲ ਗੰਗਾ ਵਿਚ ਪੈਂਦਾ ਹੈ। * ਗੰਗਾ ਦਾ ਪਵਿਤਰ ਪਾਣੀ ਹੈਜਾ, ਮਿਆਦੀ ਬੁਖਾਰ, ਪੀਲੀਆ ਅਤੇ ਹੋਰ ਬਹੁਤ ਸਾਰੇ ਰੋਗ ਫੈਲਾਉਂਦਾ ਹੈ। * ਵਾਰਾਨਸੀ ਦੇ ਪਾਣੀਆਂ ਵਿਚ 100 ਲੀਟਰ ਪਾਣੀ ਵਿਚ 50000 ਕਾਲੀਫਾਰਮ ਜੀਵਾਣੂ ਪਾਏ ਜਾਂਦੇ ਹਨ, ਜਦੋਂ ਕਿ ਸ਼ੁੱਧ ਪੀਣ ਵਾਲੇ ਪਾਣੀ ਵਿਚ ਇਕ ਵੀ ਨਹੀਂ ਹੋਣਾ ਚਾਹੀਦਾ। * 1980 ਵਿਚ ਗੰਗਾ, ਦੇ ਪਾਣੀ ਨਾਲ, ਆਸਪਾਸ ਦੇ ਇਲਾਕੇ ਵਿਚ, ਅੱਖਾਂ ਦੀ ਖੁਰਕ ਦਾ ਰੋਗ ਫੈਲਿਆ ਸੀ। * ਗੰਗਾ ਦਾ ਹੁਗਲੀ (ਕਲਕੱਤਾ) ਦਾ ਮੁਹਾਣਾ ਕਾਰਖਾਨਿਆਂ ਦੇ ਕਚਰਿਆਂ ਨਾਲ ਭਰਿਆ ਪਿਆ ਹੈ। ਏਥੇ 361 ਸ਼ਹਿਰੀ ਨਾਲਿਆਂ ਦਾ ਗੰਦ ਗੰਗਾ ਵਿਚ ਪੈਂਦਾ ਹੈ।

* ਰਿਪੋਰਟ:- ਵਿਗਿਆਨ ਅਤੇ ਉਦਯੋਗਕ ਅਨੁਸੰਧਾਨ ਪ੍ਰੀਸ਼ਦ, ਵਜ਼ੀਰਾ ਬਾਦ ਵਿਚ ਜਮਨਾ ਦੇ ਪਾਣੀ ਵਿਚ 100 ਘਣ ਸੈਂਟੀਮੀਟਰ ਪਾਣੀ ਵਿਚ 7500 ਕਾਲੀਫਾਰਮ ਹਨ ਅਤੇ ਓਖਲਾ ਨੇੜੇ 2 ਕਰੋੜ 40 ਲੱਖ।

* (ਵਾਰਤਾ ਜੂਨ 14) ਗੰਗਾ ਵਿਚ 10 ਕਰੋੜ ਲੀਟਰ ਗੰਦਾ ਪਾਣੀ ਰੋਜ਼ਾਨਾ ਪੈਂਦਾ ਹੈ। ਹਰੀਸ਼ਚੰਦਰ ਘਾਟ 'ਤੇ ਔਸਤਨ 32 ਲਾਸ਼ਾਂ ਰੋਜਾਨਾ ਰੋੜ੍ਹੀਆਂ ਜਾਂਦੀਆਂ ਹਨ। 37 ਸ਼ਹਿਰਾਂ ਦਾ ਗੰਦ, ਗੰਦੇ ਨਾਲਿਆਂ ਰਾਹੀਂ ਪਵਿੱਤਰ ਗੰਗਾ ਵਿਚ ਹਰ ਸਾਲ ਡਿੱਗਦਾ ਹੈ।

ਦੂਜੇ ਪਾਸੇ, ਮਹਾਂਭਾਰਤ ਬਨਪਰਵ (85-86) ਜਦੋਂ ਕੋਈ ਵਿਅਕਤੀ ਸੈਂਕੜੇ ਪਾਪਾ ਕਰਮ ਕਰਕੇ ਗੰਗਾ ਵਿਚ ਨਹਾ ਲਵੇ ਤਾਂ ਗੰਗਾ ਦਾ ਪਾਣੀ, ਉਸਦੇ ਉਹਨਾਂ ਪਾਪਾਂ ਨੂੰ ਉਸੇ ਤਰ੍ਹਾਂ ਜਲਾ ਦਿੰਦਾ ਹੈ, ਜਿਸ ਤਰ੍ਹਾਂ ਅੱਗ ਈਂਧਨ ਨੂੰ ਜਲਾ ਦਿੰਦੀ ਹੈ।

(ਮਹਾਂਭਾਰਤ ਅਨੁਸ਼ਾਸ਼ਨ ਪਰਵ 26) ਜੋ ਮਨੁੱਖ ਦੀ ਪਹਿਲੀ ਅਵੱਸਥਾ ਵਿਚ ਪਾਪ-ਕਰਮ ਕਰਕੇ ਵੀ, ਪਿੱਛੋਂ

ਗੰਗਾ ਦਾ ਸੇਵਨ ਜਲਪਾਨ ਕਰਦੇ ਹਨ, ਉਹ ਵੀ ਉੱਤਮ ਗਤੀ ਪ੍ਰਾਪਤ ਕਰਦੇ ਹਨ।

ਰਮਾਇਣ ਤੁਲਸੀਦਾਸ

* ਜੋ ਆਦਮੀ ਰਮੇਸ਼ਵਰ ਜੀ ਦਾ ਦਰਸ਼ਨ ਕਰਨ ਆਉਣਗੇ, ਉਹ ਸਰੀਰ ਛੱਡਣ ਤੋਂ ਬਾਦ ਸੁਰਗ ਲੋਕ ਜਾਣਗੇ। ਜੋ ਲੋਕ ਗੰਗਾਜਲ ਲਿਆ ਕੇ ਚੜ੍ਹਾਉਣਗੇ, ਉਹ ਮੁਕਤ ਹੋ ਜਾਣਗੇ। * ਰਾਮਚੰਦਰ: (ਸੀਤਾ ਨੂੰ) ਹੁਣ ਫੇਰ ਇਸ ਮਹਾਂ-ਤੀਰਥ ਪਰਿਆਗ ਨੂੰ ਦੇਖੋ, ਜਿਸਦੇ ਦਰਸ਼ਨਾਂ ਨਾਲ ਕਰੋੜਾਂ ਜਨਮਾਂ ਦੇ ਪਾਪ ਲਹਿ ਜਾਂਦੇ ਹਨ। ਫਿਰ ਮਹਾਂ ਪਵਿੱਤਰ ਦੇ ਦਰਸ਼ਨ ਜੋ ਦੁੱਖਾਂ ਨੂੰ ਖਤਮ ਕਰਨ ਵਾਲੀ ਅਤੇ ਪ੍ਰਭੂ ਦੇ ਧਾਮ ਤੱਕ ਪਹੁੰਚਾਣ ਵਾਲੀ ਪੌੜੀ ਦੇ ਸਮਾਨ ਹੈ। ਅੰਤ ਸੋਚਣ ਵਾਲੀ ਗੱਲ ਹੈ ਕਿ ਮਹਾਂ ਅਪਵਿੱਤਰ ਪਾਣੀ, ਜਿਸਨੂੰ ਸ਼ੁੱਧ ਕਰਨ ਲਈ 250 ਕਰੋੜ ਰੁਪਏ ਇਕ ਸਾਲ ਵਿਚ ਖਰਚੇ ਗਏ ਹਨ, ਕੀ ਨਹਾਉਣ ਨਾਲ ਜਾਂ ਪੀਣ ਨਾਲ ਸ਼ੁੱਧ ਕਰ ਸਕਦਾ ਹੈ?

ਸੁਰਾ/ਸੋਮਰਸ ਜਾਂ ਨਸ਼ੀਲੀ ਵਸਤੂ

ਆਰੀਅਨ ਲੋਕਾਂ ਦੇ ਆਉਣ 'ਤੇ ਜੋ ਲੋਕ ਸੁਰਾ ਪੀਂਦੇ ਉਹਨਾਂ ਨੂੰ ਸੁਰ ਕਿਹਾ ਜਾਂਦਾ ਸੀ। ਜੋ ਲੋਕ ਨਹੀਂ ਪੀਂਦੇ ਸਨ, ਉਹ ਅਸੁਰ ਅਖਵਾਏ।

* ਯਜੁਰਵੇਦ: ਪਾਣੀ ਤਾਂ ਪਸ਼ੂਆਂ ਦੇ ਪੀਣ ਲਈ ਬਣਿਆ ਹੈ। ਮਨੁੱਖ ਦੇ ਪੀਣ ਵਾਲੀ ਚੀਜ਼ ਤਾਂ ਸੁਰਾ ਹੈ। * ਹੇ ਇੰਦਰ! ਆਉ ਅਤੇ ਉਤਮ ਸੁਰਾ ਨੂੰ ਪੀ ਕੇ ਪ੍ਰਸੰਨ ਹੋਵੋ ਅਤੇ ਯੱਗ ਵਿਰੋਧੀ ਅਸੁਰਾਂ ਦਾ ਸੰਹਾਰ ਕਰੋ (ਭਾਵ ਮਾਰ ਦਿਉ।) * ਆਰਸ ਗਰੰਥ (ਸਰਗ 45 ਸਲੋਕ 38): ਲੋਕ ਉਹ ਆਸੁਰ ਹਨ ਜੋ ਸੁਰਾ ਨਹੀਂ ਪੀਂਦੇ। ਦੇਵਤੇ ਲੋਕ ਵਾਰੁਣੀ ਦਾ ਸੁਰਾ ਪਾਨ ਕਰਕੇ ਹਰਸ਼ਿਤ, ਪ੍ਰਫੁੱਲਿਤ ਅਤੇ ਰਿਸ਼ਟ ਪੁਸ਼ਟ ਹੁੰਦੇ ਹਨ।

ਵਾਲਮੀਕ ਰਮਾਇਣ (5,11,20) ਸੁਗੰਧਤ ਅਤੇ ਮਸਾਲੇਦਾਰ ਸ਼ਰਾਬ ਨੂੰ ਮੈਰਿਅ ਕਹਿੰਦੇ ਹਨ। ਫਲਾਂ, ਫੁੱਲਾਂ ਅਤੇ ਸ਼ੱਕਰ ਨਾਲ ਬਣੀ ਸ਼ਰਾਬ ਨੂੰ ਵਾਰੁਨੀ ਕਹਿੰਦੇ ਹਨ। ਜੋ ਸਭ ਤੋਂ ਨਸ਼ੀਲੀ ਹੁੰਦੀ ਹੈ ਜੋ ਖਜੂਰ ਅਤੇ ਅਨੇਕ ਬਨਸਪਤੀਆਂ ਨੂੰ ਪੀਹ ਕੇ ਬਣਾਈ ਜਾਂਦੀ ਹੈ, ਜਿਸ ਨੂੰ ਪੀਂਦਿਆਂ ਹੀ ਨਸ਼ਾ ਚੜ੍ਹ ਜਾਂਦਾ ਹੈ, ਉਸਨੂੰ ਮੰਡ ਕਹਿੰਦੇ ਹਨ। ਸਧਾਰਨ ਕਿਸਮ ਦੀ ਸ਼ਰਾਬ ਨੂੰ 'ਸੌਵੀਰਕ' ਕਹਿੰਦੇ ਹਨ।

ਵਾਲਮੀਕ ਰਮਾਇਣ:- (2, 53, 80) ਸੀਤਾ , 'ਹੇ ਦੇਵੀ ਗੰਗਾ! ਜਦੋਂ ਮੈਂ ਬਨਵਾਸ ਖਤਮ ਕਰਕੇ ਠੀਕ ਠਾਕ ਆਪਣੇ ਪਤੀ ਨਾਲ ਵਾਪਸ ਆਊਂਗੀ ਤਾਂ ਇਕ ਹਜਾਰ ਘੜਾ ਸ਼ਰਾਬ (ਸੁਰਾ) ਅਤੇ ਅਨੇਕ ਪ੍ਰਾਕਰ ਦੇ ਮਾਸ ਤੋਂ ਬਣੇ ਭੋਜਨ, ਮਿੱਠੇ ਫਲ, ਤਾਮਬੂਲ ਅਤੇ ਵਸਤਰਾਂ ਨਾਲ ਮੈਂ ਰਾਮ ਜੀ ਅਤੇ ਲਛਮਣ ਦੇ ਨਾਲ, ਤੇਰੀ ਪੂਜਾ ਕਰੂੰਗੀ ਅਤੇ ਬ੍ਰਾਹਮਣਾਂ ਨੂੰ ਭੋਜਨ ਕਰਵਾਊਂਗੀ।

ਮਾਰਕੰਡਾ ਪੁਰਾਣ: ਦੁਰਗਾ (ਦੇਵ ਅਸੁਰ ਯੁੱਧ ਸਮੇਂ) ਕਹਿੰਦੀ ਹੈ, 'ਓ ਮੂਰਖ! ਉਦੋਂ ਤੱਕ ਠਹਿਰ ਜਦੋਂ ਤੀਕ ਮੈਂ ਸ਼ਰਾਬ ਪੀ ਰਹੀ ਹਾਂ।' ਫੇਰ ਪੀਓ ਪੀਓ' ਜਦੋਂ ਤੱਕ ਧਰਤੀ 'ਤੇ ਨਾ ਡਿੱਗ ਜਾਓ। ਡਿੱਗ ਜਾਓ ਫੇਰ ਉਠੋ, ਫਿਰ ਪੀਓ ਤਾਂ ਫਿਰ ਤੁਹਾਡਾ ਪੁਨਰਜਨਮ ਨਹੀਂ ਹੋਵੇਗਾ। ਮੁਕਤ ਹੋ ਜਾਓਗੇ।'

ਸ਼ਿਵ (ਸ਼ੰਕਰ)

ਸ਼੍ਰੀਮਦ ਭਗਵਤ (ਸਕੰਧ 7ਅ-12) : ਸ਼ਿਵ ਜੀ (ਸ਼ਿਵ ਸ਼ੰਕਰ, ਭਗਵਾਨ ਸ਼ੰਕਰ, ਸ਼ਿਵ ਸ਼ੰਭੂ, ਭੋਲੇ ਨਾਥ) ਨੇ ਕ੍ਰੀੜਾ ਕਰਦੀ ਮੋਹਣੀ ਨੂੰ ਜਬਰਦਸਤੀ ਫੜਿਆ।

(ਵਿਸ਼ਨੂੰ ਨੇ ਹੀ ਸ਼ਿਵਸ਼ੰਕਰ ਦੀ ਵਾਸਨਾਂ ਪੂਰੀ ਕਰਨ ਲਈ ਮੋਹਣੀ ਦਾ ਰੂਪ ਧਾਰਿਆ ਹੋਇਆ ਸੀ।)

(ਸ਼ੰਕਰ ਪਾਰਵਤੀ ਦਾ ਪਤੀ ਹੈ- ਸ਼ਿਵ ਸ਼ਬਦ ਦਾ ਅਰਥ ਤਾਂ ਕਲਿਆਣ ਹੈ। ਸ਼ਿਵ ਸ਼ਕਤੀ ਹੈ। ਸ਼ੰਕਰ ਇਕ ਦੇਵਤਾ ਹੈ, ਜਿਸਨੂੰ ਸ਼ਿਵਜੀ ਕਿਹਾ ਜਾਣ ਲੱਗਾ ਤੇ ਸ਼ਿਵ ਸ਼ੰਕਰ ਵੀ।)

(ਸ਼ਲੋਕ 30,31,32) ਉਹ ਛੁਡਾਕੇ ਭੱਜ ਨਿਕਲੀ। ਮਹਾਂਦੇਵ ਸ਼ਿਵਜੀ ਵੀ ਮਗਰ ਭੱਜਿਆ ਪਰ ਕਾਮਗ੍ਰਸਤ ਹਥਣੀ ਮਗਰ ਮਸਤ ਹਾਥੀ ਵਾਂਗ ਉਸਦਾ ਵਰੀਜ ਡਿਗਣ ਲੱਗ ਪਿਆ।

ਸ਼ਿਵਪੁਰਾਣ ਕੋਟਰੁਦਰ (ਸੰਹਿਤਾ 4 ਅਧਿ:12) ਦਾਰੂ ਨਾਂਅ ਦੇ ਜੰਗਲ ਵਿਚ ਸ਼ਿਵਜੀ ਘੁੰਮ ਰਹੇ ਸਨ। ਅਲਫ ਨੰਗੇ। ਰਿਸੀਆਂ ਦੀ ਪ੍ਰਵਾਹ ਨਾ ਕਰਦਿਆਂ ਕਾਮ- ਕ੍ਰਿਪਤੀ ਦੀਆਂ ਚਾਹਵਾਨ ਰਿਸ਼ੀ ਪਤਨੀਆਂ, ਸ਼ਿਵ ਨੂੰ ਕਾਮ ਗ੍ਰਸਤ ਤੱਕ ਕੇ ਆਪ ਵੀ ਉਤੇਜਿਤ ਹੋਈਆਂ ਫਿਰਨ। ਰਿਸ਼ੀ ਪਰਤ ਕੇ ਆਏ ਤਾਂ ਕਾਮਕ ਦ੍ਰਿਸ਼ ਨੂੰ ਦੇਖਕੇ ਰੋਹ ਵਿਚ ਆ ਗਏ। ਸ਼ਿਵ ਨੂੰ ਬੇ-ਹਯਾਈ ਦੇ ਬਦਲੇ ਨਰ-ਅੰਗ ਟੁੱਟਣ ਦਾ ਸਰਾਪ ਦਿੱਤਾ। ਨਰ-ਅੰਗ ਧਰਤੀ 'ਤੇ ਡਿੱਗ ਪਿਆ ਤਾਂ ਉਸ ਵਿੱਚੋਂ ਪ੍ਰਚੰਡ ਅੱਗ ਭੜਕ ਉੱਠੀ। ਲੱਗੀ ਤਿਰਲੋਕੀ ਸਾੜਨ।

ਦੇਵਤੇ ਤੇ ਰਿਸ਼ੀ ਭੈ-ਭੀਤ ਹੋ ਕੇ ਬ੍ਰਹਮਾਂ ਕੋਲ ਆਏ। ਆਖਰ ਸਾਰੇ ਇਕੱਠੇ ਹੋ ਕੇ ਪਾਰਬਤੀ ਦੀਆਂ ਮਿੰਨਤਾਂ ਕਰਨ ਲੱਗੇ, ਤੇ ਪਾਰਬਤੀ ਨੇ ਅਰਜੋਈਆਂ ਮੰਨਕੇ ਨਰ-ਅੰਗ, ਯੋਨੀਰੂਪ ਹੋ ਕੇ ਸਦਾ ਲਈ ਧਾਰਨ ਕਰ ਲਿਆ। (ਇਸ ਤੋਂ ਪੱਥਰ ਦੇ ਲਿੰਗ-ਯੋਨੀ ਦੀ ਪੂਜਾ ਸ਼ੁਰੂ ਹੋਈ ਦੱਸੀ ਜਾਂਦੀ ਹੈ।)

ਤੁਲਸੀ ਰਮਾਇਣ (ਬਾਲ ਕਾਂਡ 126-4): ਸ਼ਿਵਜੀ ਅਤੇ ਪਾਰਬਤੀ ਤਰ੍ਹਾਂ ਤਰ੍ਹਾਂ ਦੇ ਭੋਗ ਵਿਲਾਸ ਕਰਦੇ ਹੋਏ ਆਪਣੇ ਲੋਕਾਂ ਦੇ ਨਾਲ ਕੈਲਾਸ਼ 'ਤੇ ਰਹਿਣ ਲੱਗੇ। ਸ਼ਿਵ ਅਤੇ ਪਾਰਬਤੀ ਨਿੱਤ ਨਵਾਂ ਵਿਹਾਰ ਕਰਦੇ ਸਨ।

(ਬਾਲ ਕਾਂਡ 152-2-3) ਪਾਰਬਤੀ: ਇਸਤਰੀਆਂ ਸੁਭਾਅ ਤੋਂ ਹੀ ਮੂਰਖ ਅਤੇ ਗਿਆਨਹੀਨ ਹੁੰਦੀਆਂ ਹਨ। (ਤੁਲਸੀ ਰਮਾਇਣ) ਰਾਮ ਚੰਦਰ ਕਹਿੰਦਾ ਹੈ: 'ਜੋ ਮਨੁੱਖ ਰਮੇਸ਼ਵਰ ਜੀ (ਸ਼ਿਵਲਿੰਗ ਦਾ ਦਰਸ਼ਨ ਕਰਨ ਆਉਣਗੇ, ਉਹ ਸਰੀਰ ਛੱਡਣ ਤੋਂ ਬਾਦ ਸਵਰਗ-ਲੋਕ ਨੂੰ ਜਾਣਗੇ। 'ਜਿਨ੍ਹਾਂ ਨੂੰ ਸ਼ੰਕਰ ਪਿਆਰਾ ਹੈ, ਪਰ ਮੇਰੇ ਵਿਰੋਧੀ ਹਨ ਅਤੇ ਜੋ ਸ਼ਿਵਜੀ ਦੇ ਵਿਰੋਧੀ ਹਨ ਪਰ ਮੇਰੇ ਦਾਸ ਬਣਨਾ ਚਾਹੁੰਦੇ ਹਨ, ਉਹ ਮਨੁੱਖ ਘੋਰ ਨਰਕ ਵਿਚ ਪੈਣਗੇ।"

ਮੰਦਰ

ਸਾਰੇ ਦੇਸ਼ ਵਿਚ ਲਗਪਗ 15 ਲੱਖ ਮੰਦਰ ਹਨ। ਇਨ੍ਹਾਂ ਮੰਦਰਾਂ ਪਾਸ 100 ਅਰਬ ਰੁਪਏ ਦੀ ਜਾਇਦਾਦ ਹੈ। ਆਂਧਰਾ ਪ੍ਰਦੇਸ਼ ਵਿਚ 34000 ਦੇ ਕਰੀਬ, ਮਦਰਾਸ ਵਿਚ 52000 ਦੇ ਕਰੀਬ, ਇਕਲੇ ਵਿਰੰਦਾਵਣ ਵਿਚ 1000 ਤੋਂ ਉਪਰ ਮੰਦਰ ਹਨ। ਭਗਵਾਨ ਬਾਲਾਜੀ ਦੇ ਮੰਦਰ ਵਿਚ ਲਘਪਗ 13 ਕਰੋੜ ਦੀ ਸਲਾਨਾ ਆਮਦਨ ਹੈ। ਬਾਲਾਂ ਦੇ ਮੁੰਡਨ ਤੋਂ ਹੀ 30 ਲੱਖ ਰੁਪੈ ਦੀ ਆਮਦਨੀ ਹੈ।

ਤੰਜੋਰ ਦੇ ਬ੍ਰਿਹਦੇਸ਼ਵਰ ਮੰਦਰ ਕੋਲ ਲੱਗਪਗ 60000 ਏਕੜ ਉਪਜਾਊ ਜ਼ਮੀਨ ਹੈ। ਇਸੇ ਪ੍ਰਕਾਰ ਅਨੇਕਾਂ ਮੰਦਰਾਂ ਵਿਚ ਅਥਾਹ ਸੋਨਾ ਚਾਂਦੀ ਪਿਆ ਹੈ ਅਤੇ ਸਭ ਤੋਂ ਘ੍ਰਿਣਤ ਗੱਲ ਇਹ ਹੈ ਕਿ ਕਈ ਮੰਦਰਾਂ ਅੰਦਰ ਅਜੇ ਵੀ ਦੇਵਦਾਸੀਆਂ ਰੱਖੀਆਂ ਹੋਈਆਂ ਹਨ। (ਜੋ ਸਮਾਜਿਕ ਗਿਰਾਵਟ ਅਤੇ ਬਦਚਲਣੀ ਦਾ ਪ੍ਰਤਖ ਨਮੂਨਾ ਹੈ।)

ਜਗਨਨਾਥ ਦੇ ਪ੍ਰਸਿੱਧ ਮੰਦਰ ਵਿਚ ਆਦਮੀਆਂ ਅਤੇ ਔਰਤਾਂ ਦੇ 64 ਸੰਭੋਗ ਆਸਣ ਪੱਥਰ-ਮੂਰਤੀਆਂ ਰਾਹੀਂ ਦਿਖਾਏ ਗਏ ਹਨ। ਰਾਤ ਪੈਣ 'ਤੇ ਬੰਦ ਦਰਵਾਜ਼ਿਆਂ ਅੰਦਰ 120 ਲੜਕੀਆਂ ਹੁੰਦੀਆਂ ਹਨ। ਹਰ ਰੋਜ਼ ਇਕ ਲੜਕੀ ਨਾਚ ਕਰਦੀ ਕਰਦੀ ਅਲਫ ਨੰਗੀ ਹੋ ਕੇ ਆਪਣਾ ਸਰੀਰ ਜਗਨ ਨਾਥ ਦੇਵਤੇ ਨੂੰ ਭੇਂਟ ਕਰਦੀ ਹੈ। ਉਸ ਸਮੇਂ ਉੱਥੇ ਸਿਰਫ ਬ੍ਰਾਹਮਣ ਪੁਜਾਰੀ ਹੀ ਹੁੰਦਾ ਹੈ। ਇਹ ਲੜਕੀਆਂ ਹੌਲੀ-ਹੌਲੀ ਵੇਸਵਾ ਬਣ ਜਾਂਦੀਆਂ ਹਨ, ਜੋ ਪਹਿਲਾਂ ਦੇਵਦਾਸੀਆਂ ਹੁੰਦੀਆਂ ਹਨ।

* (ਸਰਿਤਾ 6/1980) ਹਰਦੁਆਰ ਵਿਚ ਭਾਰਤ ਮਾਤਾ ਮੰਦਰ ਉੱਤੇ 35 ਲੱਖ ਰੁਪਏ ਲਗਾਉਣ ਦੀ ਯੋਜਨਾ ਤਿਆਰ ਹੋਈ ਹੈ।

*ਹੈਦਰਾਬਾਦ ਵੈਂਕਟੇਸ਼ਵਰ ਦੇ ਮੰਦਰ 1000 ਟਨ ਸੰਗਮਰਮਰ ਅਤੇ 85 ਲੱਖ ਰੁਪਏ ਲਗਾਉਣ ਦੀ ਯੋਜਨਾ ਹੈ।

*1977 ਵਿਚ ਨਾਸਕ ਦੇ ਇਕ ਮੰਦਰ 'ਤੇ 85 ਲੱਖ ਰੁਪਏ ਖਰਚ ਆਏ।

*ਜਗਨ ਨਾਥ ਦੇ ਮੰਦਰ ਦੀ ਆਮਦਨ ਪ੍ਰਤੀ ਵਰਸ਼ ਅੱਠ ਕਰੋੜ ਰੁਪਏ ਹੈ। ਬ੍ਰਿਹਦੇਸਵਰ ਮੰਦਰ ਦੇ ਪਾਸ 60 ਹਜ਼ਾਰ ਏਕੜ ਜ਼ਮੀਨ ਹੈ। ਤ੍ਰਿਮੁਲਾ, ਤਿਰੁਪਤੀ ਵੈਂਕਟੇਸ਼ਵਰ ਮੰਦਰ ਵਿਚ ਹਰ ਰੋਜ਼ 3 ਲੱਖ ਤੋਂ ਲੈ ਕੇ 6 ਲੱਖ ਰੁਪਏ ਤੱਕ ਚੜ੍ਹਾਵਾ ਚੜ੍ਹਦਾ ਹੈ। ਜੋ 10 ਲੱਖ ਰੋਜ਼ਾਨਾ ਤੱਕ ਵੀ ਹੋ ਜਾਂਦਾ ਹੈ।

*ਅੰਗਰੇਜ਼ਾਂ ਵੇਲੇ ਤਾਮਲਨਾਡੂ 423 ਮੰਦਰ ਅਤੇ 64 ਮੱਠ ਸਨ। ਇਹਨਾਂ ਦੇ ਨਾਂ 20 ਲੱਖ ਏਕੜ ਭੂਮੀ ਸੀ। ਬਟਾਈਦਾਰਾਂ ਦੇ ਜ਼ੁੰਮੇਂ 23 ਕਰੋੜ 3 ਲੱਖ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਸੀ।

*712 ਈ: ਵਿਚ ਸਿੰਧ ਦੀ ਇਕ ਦੇਵੀ ਦੇ ਮੰਦਰ ਉੱਤੇ ਹਮਲਾ ਕਰਕੇ 16 ਹਜ਼ਾਰ ਸੌ ਮਣ ਸੋਨੇ ਦੀਆਂ ਮੂਰਤੀਆਂ ਹਮਲਾਵਰ ਲੁੱਟਕੇ ਲੈ ਗਿਆ।

*1008 ਈ: ਵਿਚ ਨਗਰਕੋਟ ਵਿਚ ਦੇਵੀ ਦਾ ਮੰਦਰ ਲੁੱਟਿਆ ਗਿਆ, ਜਿੱਥੋਂ 7 ਲੱਖ ਚਾਂਦੀ ਦੇ ਦੀਨਾਰ, 3040 ਮਣ ਸੋਨੇ ਦੇ ਬਰਤਣ, 20 ਮਣ ਹੀਰੇ ਤੇ ਮੋਤੀ ਲੁੱਟੇ ਗਏ।

* ਗਿਆਰਵੀਂ ਸਦੀ ਵਿੱਚ ਸੋਮਨਾਥ ਦੇ ਮੰਦਰ ਵਿੱਚੋਂ 200 ਮਣ ਸੋਨੇ ਦਾ ਟੱਲ, 35 ਵਿਸ਼ਾਲ ਥੰਮ, ਜਿਨ੍ਹਾਂ ਵਿੱਚ ਹੀਰੇ ਅਤੇ ਮੋਤੀ ਲੱਗੇ ਹੋਏ ਸਨ, ਲੁੱਟ ਗਏ ।

ਗਪਬੀਆ ਪਿੱਲੇ ਕਮਿਸ਼ਨ ਰਿਪੋਰਟ ਅਨੁਸਾਰ ਥੰਜਾਵੁਰ ਮੰਦਰ ਕੋਲ 2 ਲੱਖ ਏਕੜ ਭੂਮੀ ਗੈਰ ਕਾਨੂੰਨੀ ਤੌਰ 'ਤੇ ਰੱਖੀ ਹੋਈ ਹੈ। ਭਾਰਤ ਦੇ ਕੁਲ ਮੰਦਰਾਂ ਵਿੱਚ 138 ਕੁਇੰਟਲ 79 ਕਿਲੋ ਸੋਨਾ ਪਿਆ ਹੈ। (ਰਿਪੋਰਟ 1972)

ਵੇਦਾਂ ਪੁਰਾਣਾਂ ਵਿੱਚ ਆਦਿਵਾਸੀਆਂ ਬਾਰੇ

* ਉਨ੍ਹਾਂ ਦੇ ਨਾਂਅ : ਗਹਿਰਸ, ਕਪੀ, ਨਾਗ, ਤਖ਼ਸ਼ਕ, ਰਾਖਸ਼ਸ਼, ਪਿਸ਼ਾਚ, ਯਖ਼ਸ਼, ਗੰਧਰਵ, ਅਪਸਰਸ, ਕੀਕਟ, ਮਗ, ਕਿਰਾਤ, ਅਰਜਕ, ਯਾਤੂਧਾਨ, ਦਸਿਊ, ਦਾਸ, ਸਿੰਧੂ, ਦੈਂਤ, ਦਾਨਵ, ਮਹਾਵਰਿਸ਼, ਬਾਨਰ, ਬਾਲਹੀਦ ਅਤੇ ਮੁਜਵਨ ਆਦਿ।

* ਭਾਰਤੀ ਆਦਿਵਾਸੀਆਂ ਦੀ ਸਭ ਤੋਂ ਪ੍ਰਥਮ ਬੋਲੀ ਤਾਮਲ ਭਾਸ਼ਾ ਸੀ, ਜੋ ਮਦਰਾਸੀ ਕੇਰਲੀ ਲੋਕ ਬੋਲਦੇ ਹਨ।

ਰਿਗਵੇਦ (4-30-15) : 'ਹੇ ਇੰਦਰ ! ਤੂੰਨੇ ਵਰਚੀ ਵਿੱਚ ਪੰਜ ਸੌ ਸਹੰਸਰ (ਪੰਜ ਲੱਖ) ਸ਼ਸਤਰਧਾਰੀ ਦਾਸਾਂ ਦਾ ਕਤਲ ਕੀਤਾ।'

(4-30-20) : 'ਹੇ ਇੰਦਰ ! ਆਪ ਨੇ ਸ਼ਾਂਬਰ ਨਾਮਕ ਦਾਸ ਦੇ ਪੱਥਰ ਨਾਲ ਬਣੇ ਸੌ ਨਗਰਾਂ ਨੂੰ ਜਿੱਤ ਕੇ, ਦੇਵਤਿਆਂ ਦੇ ਸਾਥੀ ਦੇਵਦਾਸ ਨੂੰ ਖੁਸ਼ੀ ਨਾਲ ਦੇ ਦਿੱਤੇ।

(4-30-31) : ਹੇ ਇੰਦਰ ! ਤੂਨੇ ਦਭੀਤ ਲਈ ਆਪਣੀ ਮਾਇਆ ਦੇ ਬਲ ਨਾਲ ਤਿੰਨ ਲੱਖ ਦਾਸਾਂ ਨੂੰ ਸ਼ਸਤਰਾਂ ਨਾਲ ਕਤਲ ਕਰਕੇ ਸੁਆ ਦਿੱਤਾ।

(1-133-4) : ਹੇ ਇੰਦਰ ! ਤੂਨੇ ਆਪਣੇ ਇੱਕੋ ਹਮਲੇ ਨਾਲ ਦਾਸ ਰਾਜਿਆਂ ਦੇ ਨੱਬੇ (90) ਨਗਰਾਂ ਨੂੰ ਕੰਬਾ ਦਿੱਤਾ।

(1-10-4-4) : ਅਜੂ (ਆਦਿਵਾਸੀ ਰਾਜਾ) ਪਾਣੀ ਵਿੱਚ ਬਣਾਏ ਇਕ ਗੁਪਤ ਕਿਲ੍ਹੇ ਵਿੱਚ ਰਹਿੰਦਾ ਹੈ।

(10-22-8) : ਅਸੀਂ ਚਾਰੇ ਤਰਫ ਤੋਂ ਦਸਿਊ ਜਾਤੀ ਨਾਲ ਘਿਰੇ ਹੋਏ ਹਾਂ। ਇਹ ਯੱਗ ਨਹੀਂ ਕਰਦੇ। ਇਨ੍ਹਾਂ ਦੇ ਕਰਮਕਾਂਡ ਭਿੰਨ ਹਨ। ਇਹ ਮਨੁੱਖ ਨਹੀਂ ਹਨ। ਹੇ ਸ਼ਤਰੂ ਮਾਰਨ ਵਾਲੇ, ਇਨ੍ਹਾਂ ਨੂੰ ਮਾਰੋ। ਦਸਿਊ ਜਾਤੀ ਦਾ ਵਿਨਾਸ਼ ਕਰੋ।

ਅਮਰ ਕੋਸ਼ (1-12) : ਅਸੁਰ, ਦੈਂਤ, ਦੈਤਅ, ਦਨੁੱਜ, ਇੰਦਰ ਦੇ ਸ਼ੱਤਰੂ ਦਾਨਵ ਸੁਦਰ-ਸ਼ਿਛ, ਦਿੱਤੀ ਸੁੱਤ ਆਦਿ ਦੇਵਤਿਆਂ ਤੋਂ ਪਹਿਲਾਂ ਦੇ ਰਹਿਣ ਵਾਲੇ ਅਤੇ ਸੁਰਾਂ (ਦਵਿਜਾਂ-ਆਰੀਆਂ) ਦੇ ਵਿਰੋਧੀ ਸਨ।

ਗੌਤਮ ਸਿਮਰਤੀ (1,31) : ਚੌਥਾ ਵਰਣ ਸ਼ੂਦਰ ਇਕ ਜਾਤੀ ਹੈ।

ਰਿਗਵੇਦ (8,24,27) : ਹੇ ਇੰਦਰ, ਤੂੰ ਸਾਡੇ ਲੋਕਾਂ ਦੀ ਰਾਖਸ਼ਾਂ ਅਤੇ ਉਨ੍ਹਾਂ ਆਰੀਆਂ (ਜੋ ਰਾਖਸ਼ਾਂ ਨਾਲ ਰਲ ਗਏ ਹੋਣਗੇ) ਤੋਂ ਰੱਖਿਆ ਕੀਤੀ, ਜੋ ਸਿੰਧੂ ਨਦੀ 'ਤੇ ਰਹਿੰਦੇ ਹਨ। ਹੁਣ ਦਾਸਾਂ ਨੂੰ ਵੀ ਨਿਹੱਥੇ ਕਰ ਦੇ।

ਰਿਗਵੇਦ (1,53,8/1,103,3) : ਦਸਿਊ ਸ਼ਹਿਰਾਂ ਵਿੱਚ ਰਹਿੰਦੇ ਹਨ। ਉਨ੍ਹਾਂ ਪਾਸ ਪਰਚਰ ਦ੍ਰਵ ਸੀ, ਗਊਆਂ, ਘੋੜੇ ਅਤੇ ਰੱਥ ਸਨ।

(2,15,4) : ਇਹ ਸਭ ਸੌ ਫਾਟਕਾਂ ਵਾਲੇ ਨਗਰ ਵਿੱਚ ਰੱਖੇ ਜਾਂਦੇ ਸਨ।

(70,09,3) : ਇੰਦਰ ਨੇ ਇਹ ਸਭ ਲੈ ਕੇ (ਲੁੱਟ ਖੋਹ ਕੇ) ਆਪਣੇ ਭਗਤ ਆਰੀਆਂ ਨੂੰ ਦੇ ਦਿੱਤੇ।

(1,176,4) : ਦਸਿਊ ਧਨੀ ਸਨ।

(1,33,4) : ਉਨ੍ਹਾਂ ਦੀ ਜਾਇਦਾਦ ਮੈਦਾਨ ਅਤੇ ਪਹਾੜਾਂ 'ਤੇ ਸੀ।

(10,69,6) : ਉਨ੍ਹਾਂ ਦੇ ਵਸਤਰ ਸੋਨੇ ਅਤੇ ਰਤਨਾਂ ਨਾਲ ਸਜੇ ਹੁੰਦੇ ਸਨ।

(1,33,8) : ਉਨ੍ਹਾਂ ਪਾਸ ਬਹੁਤ ਦੁਰਗ ਸਨ।

(1,3,13/8,17,14) : ਦਸਿਊ, ਆਸੁਰ ਲੋਕ ਅਤੇ ਆਰੀਆ ਦੇਵਗਣ (ਜੋ ਸ਼ਾਇਦ ਪਹਿਲਾਂ ਆ ਕੇ ਦਸਿਊਆਂ ਦੇ ਆਸਰੇ ਜਾਂ ਦੋਸਤੀ ਪਾ ਕੇ ਰਹਿਣ ਲੱਗੇ ਹੋਣਗੇ ਅਤੇ ਨਵੇਂ ਆਰੀਆਂ ਲਈ ਰਾਹ ਦਸੇਰਾ ਬਣ ਗਏ ਹੋਣਗੇ। ਸਭ ਸੋਨੇ, ਚਾਂਦੀ ਅਤੇ ਲੋਹੇ ਦੇ ਕਿਲਿਆਂ 'ਚ ਰਹਿੰਦੇ ਸਨ।

(2,20,8) : ਇੰਦਰ ਨੇ ਦਸਊਆਂ ਦੇ 100 ਪੱਥਰ ਦੇ ਕਿਲ੍ਹੇ ਜਿੱਤ ਲਏ।

(4,30,20) : ਆਰੀਆਂ ਦੀ ਪੂਜਾ ਤੋਂ ਸੰਤੁਸ਼ਟ ਹੋ ਕੇ ਅਗਨੀ ਨੇ ਦਸਿਊਆਂ ਦੇ ਨਗਰਾਂ ਨੂੰ ਸੁਆਹ ਕਰ

ਦਿੱਤਾ ।

(4,67,3) : ਦਸਿਊ ਰੱਥ 'ਤੇ ਚੜ੍ਹਕੇ ਆਰੀਆ ਦੀ ਤਰ੍ਹਾਂ ਯੁੱਧ ਵਿੱਚ ਆਉਂਦੇ ਸਨ ਅਤੇ ਆਰੀਆਂ ਦੀ ਤਰ੍ਹਾਂ ਸ਼ਸਤਰ ਚਲਾਉਂਦੇ ਸਨ ।

* (ਬ੍ਰਹਮ ਪੁਰਾਣ ਅਧਿ : 73) : ਦੈਂਤ ਰਾਜ ਹਿਰਨਾਖਸ਼ ਨੇ ਵਿਸ਼ਵ ਵਿਜੇ ਪ੍ਰਾਪਤ ਕੀਤੀ ਸੀ, ਜੋ ਵਿਸ਼ਨੂੰ ਦਾ ਵਿਰੋਧੀ ਸੀ । ਵਿਸ਼ਨੂੰ ਉਸ ਤੋਂ ਭੈ-ਭੀਤ ਸੀ ।

* ਪ੍ਰਹਿਲਾਦ ਦੇ ਪੋਤਰੇ ਬਲੀ ਨੇ ਚੜ੍ਹਾਈ ਕਰਕੇ, ਆਰੀਆਂ ਦਾ ਸਵਰਾਜ ਜਿੱਤ ਲਿਆ ਅਤੇ ਦੇਵਰਾਜ ਇੰਦਰ ਉੱਥੋਂ ਭੱਜ ਗਿਆ ਸੀ ।

* ਬਲੀ ਨਾਮ ਦਾ ਇਕ ਵੱਡਾ ਦੈਂਤ ਸੀ, ਜੋ ਦੇਵਤਿਆਂ ਦਾ ਦੁਸ਼ਮਣ ਸੀ । ਉਸ ਨੂੰ ਕੋਈ ਵੀ ਜਿੱਤ ਨਾ ਸਕਿਆ । ਉਸ ਦੇ ਰਾਜ ਕਾਲ ਵਿੱਚ ਤਿੰਨਾਂ ਲੋਕਾਂ ਦੇ ਦੁੱਖ ਦੂਰ ਹੋ ਗਏ ਸਨ । ਨਾ ਕੋਈ ਸ਼ੱਤਰੂ ਸੀ, ਨਾ ਕੋਈ ਰੋਗੀ ਅਤੇ ਨਾ ਹੀ ਕਿਸੇ ਨੂੰ ਮਾਨਸਿਕ ਚਿੰਤਾ ਸੀ । ਨਾ ਹੀ ਕਿਤੇ ਗੁੰਡੇ ਜਾਂ ਬਦਮਾਸ਼ ਸਨ ।

ਉਸ ਦੇ ਉਨੱਤੀ ਰੂਪੀ ਬਾਣ ਚੁੱਭਣ ਨਾਲ, ਉਸ ਦੀ ਕੀਰਤੀ ਵਾਲੀ ਤਲਵਾਰ ਦੇ ਵਾਰ ਕਾਰਨ ਦੇਵਤਾ ਅਤੇ ਲੋਕ (ਆਰੀਅਨ) ਬੇਚੈਨ ਹੋ ਗਏ । ....ਇਹ ਲੋਕ ਰਾਜਾ ਬਲੀ ਦੀ ਯਸ਼ (ਵਡਿਆਈ) ਰੂਪੀ ਅਗਨੀ ਨਾਲ ਝੁਲਸ ਕੇ ਵਿਸ਼ਨੂੰ ਦੇ ਕੋਲ ਗਏ ਅਤੇ ਕਿਹਾ :

(7315) ਆਪ ਬ੍ਰਾਹਮਣ ਰੂਪ ਵਿੱਚ ਸ਼੍ਰਿਸ਼ਟੀ ਚਲਾਉਂਦੇ ਹੋ । ਆਪ ਹੀ ਦੱਸੋ, ਅਸੀਂ ਲੋਕ ਦੈਂਤਾਂ ਦੇ ਅੱਗੇ ਕਿਵੇਂ ਸਿਰ ਝੁਕਾ ਦੇਈਏ ?

ਤੁਲਸੀ ਰਮਾਇਣ (ਕਿਸ਼ਕੰਧਾ ਕਾਂਡ) : ਰਾਮ ਚੰਦਰ "ਹੇ ਨੀਚ ਬਲੀ ! ਮੇਰੇ ਬਾਹੂਬਲ ਦੇ ਆਸਰੇ ਰਹਿਣ ਵਾਲੇ ਸੁਗਰੀਵ (ਬਾਲੀ ਦਾ ਛੋਟਾ ਭਰਾ) ਨੂੰ ਮਾਰਨ ਦਾ ਤੂੰ ਹੌਂਸਲਾ ਕਿਵੇਂ ਕਰ ਲਿਆ ।"

ਬਾਲੀ : ਹੇ ਰਾਮ ! ਜਦੋਂ ਆਪ ਨੇ ਧਰਮ ਦੀ ਰਾਖੀ ਲਈ ਅਵਤਾਰ ਲਿਆ ਹੈ ਤਾਂ ਮੇਰੇ 'ਤੇ ਪ੍ਰਾਣ ਖਤਮ ਕਰਨ ਵਾਲਾ ਤੀਰ (ਛੁਪ ਕੇ) ਕਿਉਂ ਚਲਾਇਆ ?

ਕਥਾ : (ਸ੍ਰਿਸ਼ਟੀ ਦੇ ਆਰੰਭ ਵਿੱਚ ਬ੍ਰਹਮਾ ਨੇ ਆਪਣੇ ਪੁੱਤਰਾਂ ਨੂੰ ਬੁਲਾਕੇ ਮਨੁੱਖ ਮਾਤਰ ਦੀ ਰਖਸ਼ਾ ਕਰਨ ਲਈ ਕਿਹਾ । ਕੁਝ ਪੁੱਤਰਾਂ ਨੇ ਮਾਨਵ ਰਖਸ਼ਾ ਕਰਨ ਦਾ ਪ੍ਰਣ ਕੀਤਾ । ਜਿਨ੍ਹਾਂ ਲੋਕਾਂ ਨੇ ਅਸੀਂ ਰਖਸ਼ਾਂ ਕਰਾਂਗੇ' ਕਿਹਾ, ਅਜਿਹਾ ਪਰਨ ਲਿਆ, ਉਹ ਰੱਖਿਆ ਕਰਨ ਵਾਲੇ ਰਾਖਸ਼ ਕਹਿਲਾਏ ।)

ਸਮਾਜਿਕ ਅਤੇ ਨੈਤਿਕ ਆਦਰਸ਼ (ਆਚਰਣ)

ਅਥਰਵਵੇਦ : ਅਗਰ ਕਿਸੇ ਔਰਤ ਦੇ ਦਸ ਪਤੀ ਹੋਣ ਪ੍ਰੰਤੂ ਉਨ੍ਹਾਂ ਤੋਂ ਬਾਅਦ ਉਸ ਦਾ ਹੱਥ ਕੋਈ ਬ੍ਰਾਹਮਣ ਫੜ ਲਵੇ ਤਾਂ ਉਹ ਉਸੇ (ਬ੍ਰਾਹਮਣ) ਦੀ ਹੋਵੇਗੀ । ਬ੍ਰਾਹਮਣ ਹੀ ਖਾਵੰਦ ਹੈ, ਕਸ਼ੱਤਰੀ ਨਾ ਵੈਸ਼ ।

ਰਿਗਵੇਦ : (10-85/45) ਔਰਤ ਤੇ ਆਦਮੀ ਨੂੰ ਗਿਆਰਾਂ ਵਿਅਕਤੀਆਂ ਨਾਲ ਸੰਭੋਗ ਕਰਨ ਦੀ ਆਗਿਆ ਹੈ ।

ਰਿਗਵੇਦ (10-8/7) ਜਦੋਂ ਪਿਤਾ ਨੇ ਪੁੱਤਰੀ ਨਾਲ ਮਿਲਕੇ ਵੀਰਜ ਪੈਦਾ ਕੀਤਾ ਤਾਂ ਸਕੂਤੀ ਦੇਵੀ ਨੇ ਇਸ ਤੋਂ ਬਰਤ-ਰਖਸ਼ਕ (ਰੁਦਰ) ਦੇਵਤਾ ਬਣਾਇਆ ।

(8/6/7) : ਤੇਰੇ ਸੌਂ ਜਾਣ 'ਤੇ ਤੇਰਾ ਭਰਾ ਅਤੇ ਪਿਤਾ ਜਦੋਂ ਤੇਰੇ ਨਾਲ (ਸਮੀਪ) ਭੋਗ ਕਰਦੇ ਹਨ ।

ਯਜੁਰਵੇਦ (23/15 ਅਤੇ 23/20) ਵਿੱਚ ਔਰਤ ਨੂੰ ਘੋੜੇ ਨਾਲ ਸੰਭੋਗ ਅਤੇ ਸੰਭੋਗੀ ਵਾਰਤਲਾਪ ਕਰਦੇ ਦਿਖਾਇਆ ਗਿਆ ਹੈ ਤੇ ਜਜਮਾਨ ਆਪਣੀ ਪਤਨੀ ਨਾਲ ਅਜਿਹਾ ਕਰਨ ਲਈ ਘੋੜੇ ਸਾਹਮਣੇ ਬੇਨਤੀਆਂ ਪੜ੍ਹ ਰਿਹਾ ਹੈ ।

ਸ਼ੰਕਰਾਚਾਰੀਆ : ਇਸਤਰੀਆਂ ਅਤੇ ਸ਼ੂਦਰਾਂ ਨੂੰ ਲੜਾਇਆ ਜਾਣਾ ਚਾਹੀਦਾ ਹੈ ।

ਤੰਤਰ ਗ੍ਰੰਥ : (ਗੁਪਤ ਸਾਧਨ ਤੰਤਰ) ਨਟਣੀ, ਕਪਾਲਕੀ, ਵੇਸ਼ਵਾ, ਧੋਬਣ, ਨਾਇਣ, ਬ੍ਰਾਹਮਣ, ਸ਼ੂਦਰ ਦੀ ਲੜਕੀ, ਗਵਾਲਣ ਦੀ ਧੀ, ਇਹ ਨੌਂ ਕੰਨਿਆਂ ਸਾਧਨਾਂ ਵਿੱਚ ਕੰਮ ਆਉਣੀਆਂ ਚਾਹੀਦੀਆਂ ਹਨ ।

ਗਿਆਨ ਸਕੱਲਨੀ ਤੰਤਰ : ਮਾਤਾ ਦੀ ਜੋਨੀ ਛਡਕੇ, ਸਾਰੀਆਂ ਜੋਨੀਆਂ ਨਾਲ ਵਿਹਾਰ ਕਰੋ ।

ਰੁਦਰ ਯਾਮਨ ਤੰਤਰ : ਰਜਸਬਾਲਾ ਦੇ ਨਾਲ ਭੋਗ ਕਰਨ 'ਤੇ ਪੁਸ਼ਕਰ ਇਸ਼ਨਾਨ ਫਲ, ਚੰਡਾਲ ਸੰਗ ਕਰਨ ਤੇ ਕਾਸ਼ੀ ਯਾਤਰਾ, ਚਮਾਰੀ ਸੰਗ ਭੋਗ ਕਰਨ 'ਤੇ ਪਰਿਆਗ ਇਸ਼ਨਾਨ, ਧੋਬਣ ਦੇ ਸੰਗ ਸਮਾਗਮ ਕਰਨ 'ਤੇ

ਮਥਰਾ ਯਾਤਰਾ ਅਤੇ ਕੰਜਰੀ ਦੇ ਸਾਥ ਸਮਾਗਮ ਕਰਨ 'ਤੇ ਅਯੁਧਿਆ ਤੀਰਥ ਯਾਤਰਾ ਫਲ ਮਿਲਦਾ ਹੈ ।

ਗੋਸਵਾਮੀ ਤੁਲਸੀ ਦਾਸ : ਇੰਦਰ (ਸੁਰਗ ਦਾ ਦੇਵਤਾ) ਨੇ ਗੌਤਮ ਰਿਸ਼ੀ ਦੇ ਘਰ ਵਾਲੀ ਅਹੱਲਿਆ ਨਾਲ ਗੌਤਮ ਦੇ ਬਾਹਰ ਨਹਾਉਣ ਚਲੇ ਜਾਣ 'ਤੇ ਹਨ੍ਹੇਰੇ ਵਿੱਚ ਗੌਤਮ ਦਾ ਭੇਸ ਧਾਰ ਕੇ ਭੋਗ ਕੀਤਾ ।

(ਕਥਾ 17 ਤੋਂ 22)

ਰੁਦਰ ਸੰਹਿਤਾ (ਯੁੱਧ ਖੰਡ ਅ-24) ਜਦੋਂ ਸ਼ੂਦਰ ਦਾ ਰਾਜਾ ਜਲੰਧਰ, ਆਰੀਅਨ ਦੇਵਤਾ ਸ਼ਿਵਜੀ ਨਾਲ ਆਪਣੀ ਹੋਂਦ ਲਈ ਯੁੱਧ ਕਰ ਰਿਹਾ ਸੀ ਤਾਂ ਵਿਸ਼ਨੂੰ ਨੇ ਜਲੰਧਰ ਦਾ ਭੇਸ ਧਾਰ ਕੇ, ਜਲੰਧਰ ਦੀ ਪਤਨੀ ਨਾਲ ਬਲਾਤਕਾਰ ਕੀਤਾ । ਇਸ 'ਤੇ ਬਰਿੰਦਾ ਨੇ ਕਿਹਾ ਹੈ, 'ਹੇ ਵਿਸ਼ਨੂੰ ਪਰਾਈ ਔਰਤ ਨਾਲ ਵਿਭਚਾਰ ਕਰਨ ਵਾਲੇ, ਤੇਰੇ ਆਚਰਣ ਪਰ ਧਿਰਕਾਰ ਹੈ । ਤੂੰ ਵੇਖਣ ਨੂੰ ਤਾਂ ਮਹਾਂ ਸਾਧੂ ਦਿਸ ਰਿਹਾ ਹੈਂ ਪਰ ਹੈਂ ਤੂੰ ਮਹਾਂ ਛਲੀਆ ।'

ਸ੍ਰੀਮਦਭਗਵਤ (ਸੰਕਧ 1ਅ-20) (35,36,37,38,39) ਇੰਦਰ ਆਦਿ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਨੇ ਆਪਣੇ ਹੀ ਭਾਈ ਦੀ ਗਰਭਵਤੀ ਔਰਤ ਮਮਤਾ ਨਾਲ ਜਬਰਦਸਤੀ ਮੈਥੁਨ ਕੀਤਾ ।

ਮਹਾਂਭਾਰਤ (ਆਦਿ ਪਰਵ ਅ-63,95-76) ਦੇਵਤਿਆਂ ਦੇ ਪਿਤਾ ਮਹਾਂ ਰਿਸ਼ੀ (ਬ੍ਰਾਹਮਣ) ਪਰਾਸ਼ਰ ਨੇ ਯਮਨਾ ਨਦੀ ਪਾਰ ਕਰ ਰਹੀ ਸੱਤਿਆਵਤੀ ਨਾਲ ਉਸ ਦੇ ਲੱਖ ਮਨ੍ਹਾਂ ਕਰਨ 'ਤੇ ਵੀ ਭੋਗ ਕੀਤਾ । ਸੱਤਿਆਵਤੀ ਨੇ ਇਹ ਵੀ ਕਿਹਾ ਕਿ ਉਹ ਉਸ ਦੀ ਲੜਕੀ ਦੇ ਸਮਾਨ ਹੈ ।

ਮਹਾਂ ਭਾਰਤ (ਆਦਿ ਪਰਵ ਅ-72, 7-8-9) : ਮਹਾਂ ਰਿਸ਼ੀਆਂ ਵਿੱਚੋਂ ਸ੍ਰੇਸ਼ਠ ਵਿਸ਼ਵਾਮਿੱਤਰ ਨੇ ਮੇਨਕਾ ਨਾਉਂ ਦੀ ਸੁੰਦਰ ਔਰਤ ਨਾਲ ਕਾਮਵਾਸਨਾ ਪੂਰੀ ਕੀਤੀ, ਜਿਸ ਤੋਂ ਦੁਸ਼ਿਅੰਤ ਵਾਲੀ ਸ਼ਕੁੰਤਲਾ ਪੈਦਾ ਹੋਈ ।

ਸ੍ਰੀਮਦਭਗਵਤ (ਸਕੰਧ 9ਅ-22) : ਚੰਦਰ ਦੇ ਸਾਥੀ ਸੂਰੀਆ ਨੇ ਕ੍ਰਿਸ਼ਨ ਦੀ ਭੂਆ ਕੁੰਤੀ ਨਾਲ ਕੁਆਰੀ ਅਵਸਥਾ ਵਿੱਚ ਹੀ ਕੁਕਰਮ ਕੀਤਾ ।

* ਇਸ ਤਰ੍ਹਾਂ ਦਰੋਪਤੀ ਦੇ ਪਾਂਡੋ ਪੰਜ ਪਤੀ ਸਨ, ਉਸ ਤਰ੍ਹਾਂ ਜਟਿਲ ਗੋਮਤੀ ਦੇ 7 ਪਤੀ ਸਨ ।

ਮਹਾਂਭਾਰਤ ਵਿਚਲਾ 'ਤੀਧਰਤਾ' ਏਨਾ ਕਾਮੀ ਸੀ ਕਿ ਸ਼ਰੇਆਮ ਪਸ਼ੂਆਂ ਵਾਂਗ ਭੋਗ ਕਰਦਾ ਸੀ ।

* ਵੇਣ ਦੇ ਪਿਤਾ ਰਾਜਾ ਅੰਗ ਨੇ ਆਪਣੀ ਪਿਤਰ ਕੰਨਿਆਂ ਭੈਣ ਸੁਨੀਤਾ ਨਾਲ, ਵਿਵਸਵਾਨੂੰ ਦੇ ਪੁੱਤਰ ਮਨੂੰ ਨੇ ਆਪਣੀ ਭੈਣ ਸ਼ਰਧਾ ਨਾਲ ਅਤੇ ਅਗਰਿਸ਼ ਵੰਸ਼ੀ ਭਰਤ ਨੇ ਆਪਣੀਆਂ ਤਿੰਨ ਭੈਣਾਂ ਨਾਲ ਵਿਆਹ ਕੀਤਾ ।

* ਗਲਵ ਨੇ ਗੁਰੂ ਦਖਸ਼ਣਾਂ ਵਿੱਚ ਵਿਸ਼ਵਾਮਿਤਰ ਲਈ 800 ਘੋੜੇ ਮਹਾਰਾਜਾ ਯਜਾਤੀ ਤੋਂ ਮੰਗੇ । ਉਸਨੇ ਆਪਣੀ ਸੁੰਦਰ ਲੜਕੀ ਮਾਧਵੀ ਤਿੰਨ ਰਾਜਿਆਂ ਨੂੰ ਕਿਰਾਏ 'ਤੇ ਦਿੱਤੀ । ਫੇਰ ਕੁਝ ਦਿਨ ਵਿਸ਼ਵਾਮਿਤਰ ਨੇ ਰੱਖੀ ਤਾਂ ਜਾ ਕੇ ਘੋੜਿਆਂ ਦੀ ਦਾਨ ਦਖਸ਼ਣਾ ਪੂਰੀ ਹੋ ਸਕੀ ।

* ਗੋਰਖਪੁਰ ਮਹਾਰਾਜਾ ਚਾਰਵਾਕ ਦੀ ਸੁੰਦਰ ਰਾਣੀ ਦਾ ਪਰੋਹਿਤਾਂ ਦੀ ਆਗਿਆ ਅਨੁਸਾਰ ਅਸ਼ਮੇਧ ਯੱਗ ਵਿੱਚ ਘੋੜਿਆਂ ਨਾਲ ਸੰਭੋਗ ਕਰਾਇਆ ਗਿਆ, ਜਿਸ ਕਾਰਨ ਰਾਣੀ ਦੀ ਮੌਤ ਹੋ ਗਈ । (ਸੰਭਵ ਹੈ ਕਿ ਰਾਣੀ ਨੇ ਪੰਡਤਾਂ ਪਰੋਹਿਤਾਂ ਨਾਲ ਵਿਭਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ ਤਾਂ ਪੰਡਤਾਂ ਨੇ ਧਾਰਮਿਕ ਆੜ ਵਿੱਚ ਰਾਣੀ ਨਾਲ ਇਹ ਦੁਰਵਿਹਾਰ ਕੀਤਾ ਹੋਵੇ ਤੇ ਗੈਰ ਮਨੁੱਖੀ ਸਜਾ ਦੇ ਕੇ ਮਾਰਨਾ ਚਾਹਿਆ ਹੋਵੇ-ਲੇਖਕ)

* ਸੱਤਿਆਵਾਦੀ ਹਰੀਸ਼ ਚੰਦਰ ਦੀ ਬੁੱਢੀ ਅਵਸਥਾ ਸਮੇਂ ਵਰੁਣਦੇਵ ਨੇ ਪੁੱਤਰੇਸ਼ਟ ਯੱਗ ਵਿੱਚ ਹਰੀਸ਼ ਚੰਦਰ ਦੀ ਰਾਣੀ ਸ਼ੈਬਿਆ ਨਾਲ ਨਿਯੋਗ ਕਰਕੇ ਰੋਹਿਤਾਸ਼ਬ ਨਾਂ ਦਾ ਪੁੱਤਰ ਪੈਦਾ ਕੀਤਾ । (ਇਸ ਤਰ੍ਹਾਂ ਦਾ ਹੀ ਹਵਨਯੱਗ ਰਾਜਾ ਦਸ਼ਰਥ ਨੇ ਕਰਾਇਆ ਸੀ । ਸਿੱਟੇ ਵਜੋਂ ਰਾਮ, ਲਛਮਣ, ਭਰਤ ਅਤੇ ਸ਼ੱਤਰੂਘਨ ਪੈਦਾ ਹੋਏ ਦੱਸੇ ਗਏ ਹਨ ।)

'ਆਰੀਆਂ ਦਾ ਨੈਤਿਕ ਪੋਲ ਪ੍ਰਕਾਸ਼' ਵਿੱਚੋਂ :-

ਆਰੀਆਂ ਦੇਵਤਿਆਂ, ਰਿਸ਼ੀਆਂ ਅਤੇ ਮੁਨੀਆਂ ਬਾਰੇ

(ਸਫਾ 45) ਬ੍ਰਹਮਾ ਨੇ ਆਪਣੀ ਪੁੱਤਰੀ ਸਰਸਵਤੀ ਨਾਲ ਸੰਭੋਗ ਕੀਤਾ ।

—ਵਿਸ਼ਨੂੰ ਨੇ ਆਦਿਵਾਸੀ ਰਾਜਾ ਜਲੰਧਰ ਦੀ ਪਤਨੀ ਬਰਿੰਦਾ ਅਤੇ ਸ਼ੰਖਚੂੜ ਦੀ ਪਤਨੀ ਤੁਲਸੀ ਨੂੰ ਛਲਿਆ ਭਾਵ ਧੋਖੇ ਨਾਲ ਭੋਗ ਕੀਤਾ ।

-ਇੰਦਰ ਨੇ ਵਿਸ਼ਵ ਸੁੰਦਰੀ ਅਹੱਲਿਆ ਦਾ ਸਤੀਤਵ ਨਸ਼ਟ ਕੀਤਾ ।

-ਚੰਦਰਮਾ ਨੇ ਮਹਿਮਾਨੀ ਵਿੱਚ ਆਈ ਗੁਰੂ ਬ੍ਰਿਹਿਸਪਤੀ ਦੀ ਪਤਨੀ ਤਾਰਾ ਤੋਂ ਬੁੱਧ ਨਾਮਕ ਪੁੱਤਰ ਪੈਦਾ ਕੀਤਾ।

-ਜਦੋਂ ਇੰਦਰ ਅਹੱਲਿਆ ਨਾਲ ਵਾਸਨਾ ਪੂਰੀ ਕਰਨ ਲਈ ਗਿਆ ਤਾਂ ਚੰਦਰਮਾ ਨੇ ਹੀ ਅੱਧੀ ਰਾਤ ਨੂੰ ਬਾਂਗ ਦੇ ਕੇ ਗੌਤਮ ਰਿਸ਼ੀ ਨੂੰ ਭੁਲੇਖਾ ਦੇ ਕੇ, ਘਰੋਂ ਬਾਹਰ ਇਸ਼ਨਾਨ ਕਰਨ ਲਈ ਭੇਜਿਆ ਸੀ।

(46) ਬੁੱਧ ਨੇ ਜੰਗਲ ਵਿੱਚ ਸਹੇਲੀਆਂ ਨਾਲੋਂ ਵਿਛੜੀ ਹੋਈ ਕੰਨਿਆ ਇਲਾ ਨਾਲ ਜ਼ਬਰਦਸਤੀ ਭੋਗ ਕੀਤਾ, ਜਿਸ ਤੋਂ ਪੁਰੂਰਬ ਨਾਂ ਦਾ ਪੁੱਤਰ ਪੈਦਾ ਹੋਇਆ।

-ਗੁਰੂ ਬ੍ਰਿਹਿਸਪਤੀ ਨੇ ਆਪਣੇ ਵੱਡੇ ਭਾਈ ਉਤਥਯ ਦੀ ਗਰਭਵਤੀ ਔਰਤ ਮਮਤਾ ਨਾਲ ਸੰਭੋਗ ਕੀਤਾ, ਜਿਸ ਤੋਂ ਰਿਸ਼ੀ ਭਾਰਦਵਾਜ ਪੈਦਾ ਹੋਏ।

-ਸੁਧੀਸ਼ਣ ਨੇ ਆਪਣੇ ਗੁਰੂ ਦੀ ਪਤਨੀ ਨੂੰ ਫੁਸਲਾ ਕੇ ਉਸ ਨਾਲ ਭੋਗ ਕੀਤਾ। ਬਾਅਦ ਵਿੱਚ ਗੁਰੂ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ।

-ਸੂਰਜ (ਦੇਵਤਾ) ਨੇ ਕੁੰਤੀ ਦੇ ਨਾਲ ਕੁਆਰੇਪਣ ਸਮੇਂ ਜਬਰਨ ਗਮਣ (ਸੰਭੋਗ) ਕਰਕੇ ਕਰਣ ਨਾਂ ਦਾ ਪੁੱਤਰ ਪੈਦਾ ਕੀਤਾ। ਕੁੰਤੀ ਨੇ ਉਸ ਨੂੰ ਗੰਗਾ ਨਦੀ ਵਿੱਚ ਵਹਾ ਦਿੱਤਾ।

-ਪਰਾਸ਼ਰ ਨੇ ਕੇਵਟ ਪੁੱਤਰੀ ਸੱਤਿਆਵਤੀ ਦੇ ਕੁਆਰੇਪਣ ਸਮੇਂ ਜਬਰਨ ਭੋਗ ਕਰਕੇ ਵਿਆਸ ਨਾਂ ਦਾ ਪੁੱਤਰ ਪੈਦਾ ਕੀਤਾ।

-ਰਿਸ਼ੀ ਵਿਸ਼ਵਾਮਿਤਰ ਨੇ ਨੰਗੀ ਹਾਲਤ ਵਿੱਚ ਮੇਨਕਾ ਨੂੰ ਚੁੱਭੀਆਂ ਭਰਦੇ ਵੇਖਿਆ, ਤਪੱਸਿਆ ਤੋਂ ਉਠ ਖੜੋਤੇ, ਉਸ ਦੇ ਪਾਸ ਗਏ, ਉਸ ਨੂੰ ਫੁਸਲਾਇਆ।

(46) ਰਿਸ਼ੀ ਭਾਰਦਵਾਜ ਨੇ ਗੰਗਾ ਇਸ਼ਨਾਨ ਸਮੇਂ ਘਰਿਤਾ ਦੀ ਅਪੱਛਰਾ ਨੂੰ ਖਿਸਕਦੇ ਵਸਤਰਾਂ ਹੇਠ ਨਗਨ ਦਸ਼ਾ ਵਿੱਚ ਵੇਖਿਆ। ਕਾਮ ਪੀੜਤ ਹੋ ਜਾਣ ਕਰਕੇ ਉਸ ਦੀ ਵੀਰਜ ਨਿਕਲ ਗਿਆ, ਜਿਸ ਨੂੰ ਉਸ ਨੇ ਦਰੋਣ ਨਾਮ ਪੱਤੇ 'ਤੇ ਰੱਖ ਦਿੱਤਾ। ਉਸ ਤੋਂ ਦ੍ਰੋਣ ਨਾਂ ਦਾ ਆਦਮੀ ਪੈਦਾ ਹੋਇਆ।

(47) ਵਿਭਾਂਡਕ ਰਿਸ਼ੀ ਝੀਲ ਵਿੱਚ ਇਸ਼ਨਾਨ ਕਰ ਰਿਹਾ ਸੀ। ਉਹ ਉਰਵਸ਼ੀ ਅਪੱਛਰਾ ਨੂੰ ਵੇਖ ਕੇ ਕਾਮ ਪੀੜਤ ਹੋ ਗਿਆ। ਉਸ ਦਾ ਵੀਰਜ ਖਿਸਕ ਗਿਆ, ਜੋ ਇਕ ਪਿਆਸੀ ਹਿਰਨੀ ਨੇ ਪੀ ਲਿਆ। ਹਿਰਨੀ ਦੇ ਗਰਭ ਵਿੱਚੋਂ ਸ਼੍ਰਿੰਗੀ ਰਿਸ਼ੀ ਪੈਦਾ ਹੋਇਆ। (ਜਿਸ ਨੂੰ ਕਸ਼ੱਤਰੀ ਰਾਜਾ ਦਸ਼ਰਥ ਨੇ ਪੁੱਤਰੇਸ਼ਠ ਯੱਗ ਲਈ ਬੁਲਾਇਆ ਸੀ।)

(47) ਮਿੱਤਰ ਅਤੇ ਵਰੁਣ ਨੇ ਉਰਵਸ਼ੀ ਨੂੰ ਤਲਾਅ ਵਿੱਚ ਚੁੱਭੀਆਂ ਭਰਦੇ (ਕ੍ਰੀੜਾ ਕਰਦੇ) ਦੇਖਿਆ। ਦੋਹਾਂ ਨੇ ਘੜੇ ਨੂੰ ਯੋਨੀ ਮੰਨ ਕੇ ਉਸ ਵਿੱਚ ਆਪਣਾ ਵੀਰਜ ਰੱਖ ਦਿੱਤਾ। ਉਸ ਤੋਂ ਅਗਸਤ ਰਿਸ਼ੀ ਅਤੇ ਵਸ਼ਿਸ਼ਠ ਦੋ ਪੁੱਤਰ ਪੈਦਾ ਹੋਏ। (ਇਹੀ ਵਸ਼ਿਸ਼ਠ ਰਾਜਾ ਦਸ਼ਰਥ ਦਾ ਪਰੋਹਿਤ ਸੀ।)

-ਨਾਰਦ ਮੁਨੀ ਇਕ ਵਾਰ ਸਜਯ ਰਾਜਾ ਦੀ ਕੰਨਿਆ ਸੁਦੰਤੀ ਨੂੰ ਦੇਖ ਕੇ ਮੋਹਤ ਹੋ ਗਿਆ ਤੇ ਰਾਜੇ ਨੂੰ ਕਿਹਾ ਕਿ ਇਸ ਦਾ ਵਿਆਹ ਉਸ ਨਾਲ ਕਰ ਦੇਵੇ। ਰਾਜੇ ਨੇ ਉਸ ਨੂੰ ਨੌਕਰਾਂ ਤੋਂ ਖੂਬ ਪਿਟਵਾਇਆ।

-ਵਿਆਸ ਰਿਸ਼ੀ ਇਕ ਵਾਰ ਘਰਿਤਾ ਰੰਡੀ ਨੂੰ ਵੇਖਕੇ ਕਾਮ ਪੀੜਤ ਹੋ ਗਿਆ। ਉਸ ਦਾ ਵੀਰਜ ਅਰਣੀ ਨਾਂ ਦੀਆਂ ਲੱਕੜੀਆਂ 'ਤੇ ਡਿੱਗ ਪਿਆ। ਉਸ ਤੋਂ ਮੁਨੀ ਸ਼ੁਕਰ ਦੇਵ ਪੈਦਾ ਹੋਇਆ।

(48) ਕੁੰਤੀ ਜੋ (ਕ੍ਰਿਸ਼ਨ ਦੀ ਭੂਆ) ਪਾਂਡੂ ਦੀ ਇਸਤਰੀ ਸੀ, ਨੇ ਨਿਯੋਗ ਪ੍ਰਥਾ ਦੁਆਰਾ ਧਰਮ ਰਾਜ ਤੋਂ ਯੁਧਿਸ਼ਟ੍ਰ, ਇੰਦਰ ਦੁਆਰਾ ਅਰਜਨ, ਪਵਨ ਦੁਆਰਾ ਭੀਮ ਅਤੇ ਅਸ਼ਵਨੀ ਕੁਮਾਰਾਂ ਦੁਆਰਾ ਨਕੁਲ ਅਤੇ ਸਹਿਦੇਵ ਨੂੰ ਪੈਦਾ ਕੀਤਾ।

-ਲੱਛਮੀ ਵਿਸ਼ਨੂੰ ਦੀ ਪਤਨੀ ਸੀ। ਇਸ ਲੱਛਮੀ ਦਾ ਨਜਾਇਜ਼ ਸੰਬੰਧ ਇੰਦਰ ਨਾਲ ਵੀ ਸੀ।

(51) ਹਰੀਸ਼ ਚੰਦਰ ਦੀ ਬਿਰਧ ਅਵਸਥਾ ਵਿੱਚ ਉਸ ਦੀ ਆਗਿਆ ਤੋਂ ਵਰੁਣ ਦੇਵ ਨੇ ਪੁੱਤਰੇਸ਼ਠ ਯੱਗ ਦੇ ਬਹਾਨੇ, ਨਿਯੋਗ ਦੁਆਰਾ ਹਰੀਸ਼ ਚੰਦਰ ਦੀ ਰਾਣੀ ਸ਼ੈਵਿਆਂ ਤੋਂ ਰੋਹਿਤਾਸ਼ਵ ਨੂੰ ਇਸ ਸ਼ਰਤ 'ਤੇ ਪੈਦਾ ਕੀਤਾ ਕਿ ਰੋਹਿਤਾਸ਼ਵ ਨੂੰ ਨਰਮੇਧ ਯੱਗ ਦੁਆਰਾ ਵਰੁਣ ਦੇਵ ਨੂੰ ਭੇਟ ਕਰ ਦਿੱਤਾ ਜਾਵੇਗਾ।

(52) ਅਯੁਧਿਆ ਨਰੇਸ਼ ਦਸ਼ਰਥ ਦੀ ਪੁੱਤਰੀ ਸ਼ਾਂਤਾ ਨੂੰ ਉਸ ਦੇ ਮਿੱਤਰ ਅੰਗਨਰੇਸ਼ ਰੋਮਪਾਦ ਨੇ ਸੰਤਾਨਹੀਣ ਹੋਣ ਕਾਰਨ ਪਾਲਿਆ। ਅੰਗ ਦੇਸ਼ ਦਾ ਸੋਕਾ ਦੂਰ ਕਰਨ ਲਈ, ਸ਼੍ਰਿੰਗੀ ਰਿਸ਼ੀ ਨੂੰ ਬੁਲਾਇਆ ਗਿਆ। ਉਸ ਦੇ

ਆਉਣ 'ਤੇ ਅੰਗ ਦੇਸ਼ 'ਚ ਪਾਣੀ ਵਰਸਿਆ। ਸ਼ਾਂਤਾ ਨੇ ਸ਼੍ਰੰਗੀ ਰਿਸ਼ੀ ਦੀ ਖੂਬ ਸੇਵਾ ਕੀਤੀ ਤਾਂ ਲਾਜ ਰੱਖਣ ਲਈ ਰੋਮਪਾਦ ਨੇ ਸ਼ਾਂਤਾ ਦਾ ਵਿਆਹ ਸ਼੍ਰੰਗੀ ਰਿਸ਼ੀ ਨਾਲ ਕਰ ਦਿੱਤਾ।

(53) ਕੌਸ਼ੱਲਿਆ ਆਦਿ ਰਾਣੀਆਂ ਨੇ ਸ਼੍ਰੰਗੀ ਰਿਸ਼ੀ ਅਤੇ ਪੁਰੋਹਿਤਾਂ ਆਦਿ ਦੇ ਸੰਸਰਗ ਤੋਂ ਉਸ ਜ਼ਮਾਨੇ ਦੀ ਪਰਚੱਲਤ ਸਰਵ-ਪ੍ਰਵਾਨਤ ਨਿਯੋਗ ਪ੍ਰਥਾ (ਕਿਸੇ ਦੂਜੇ ਵਿਅਕਤੀ ਦੇ ਭੋਗ ਕਰਨ ਰਾਹੀਂ) ਦੁਆਰਾ ਰਾਮ ਆਦਿ ਨੂੰ ਪੈਦਾ ਕੀਤਾ ਸੀ।

(53) ਯਜੁਰਵੇਦ ਅਨੁਸਾਰ 'ਮਹੀਧਰ' ਨੇ ਲਿਖਿਆ ਹੈ :- "ਜਜਮਾਨ ਦਸ਼ਰਥ ਦੀ ਪ੍ਰਧਾਨ ਰਾਣੀ ਕੌਸ਼ੱਲਿਆ ਨੇ ਘੋੜੇ ਦੇ ਲਿੰਗ ਨੂੰ ਆਕਰਸ਼ਤ ਕਰਕੇ ਯੋਨੀ ਵਿੱਚ ਸਥਾਪਤ ਕੀਤਾ। ਅਸਲ ਵਿੱਚ ਕਾਮ ਦੇਵ ਨੂੰ ਜਗਾਉਣ ਲਈ ਇਹ ਇਕ ਕਿਰਿਆ ਮਾਤਰ ਹੈ, ਤਾਂ ਜੋ ਦੂਸਰੇ ਪੁਰਸ਼ ਨਾਲ ਸੰਭੋਗ ਕਰਾਉਣ ਲਈ ਔਰਤਾਂ ਢੀਠ (ਭਾਵ ਤਿਆਰ) ਹੋ ਜਾਣ ਅਤੇ ਖੁਸ਼ੀ ਨਾਲ (ਦੂਸਰੇ) ਪੁਰਸ਼ ਤੋਂ ਸੰਭੋਗ ਕਰਾਉਣ। ਝਿਜਕਣ ਨਾ।

ਸਰਿਤਾ ਮੁਕਤਾ ਅੰਕਤ (ਯਜੁਰਵੇਦ 23/19-20-21)

ਜਜਮਾਨ ਦੀਆਂ ਸਾਰੀਆਂ ਪਤਨੀਆਂ ਅਸ਼ਵ ਦੇ ਤਿੰਨ ਮੰਤਰਾਂ ਨਾਲ ਪਰਕਰਮਾਂ ਕਰਦੀਆਂ ਕਹਿੰਦੀਆਂ ਹਨ, 'ਹੇ ਘੋੜੇ ਤੂੰ ਗਣਰੂਪ ਦੇ ਪਾਲਕ ਹੋ। ਪਿਆਰਿਆਂ ਦੇ ਪਾਲਕ ਹੋ, ਸੁੱਖਾਂ ਦੇ ਸਾਧਨ ਹੋ। ਹੇ ਘੋੜੇ ਤੂੰ ਮੇਰੇ ਪਤੀ ਬਣ ਜਾਓ। .....ਹੇ ਘੋੜੇ ਮੈਂ ਗਰਭ ਸਥਾਪਤ ਕਰਨ ਵਾਲਾ ਵੀਰਜ ਖਿੱਚ ਕੇ ਸੁੱਟਦੀ ਹਾਂ ਅਤੇ ਤੂੰ ਉਸ ਗਰਭ ਸਥਾਪਤ ਕਰਨ ਵਾਲੇ ਵੀਰਜ ਨੂੰ ਸੁੱਟਦਾ ਹੈ .....।'

ਫੇਰ ਅਧਵਰਿਯੂ ਮੁੱਖ ਪਰੋਹਿਤ ਕਹਿੰਦਾ ਹੈ, ਹੇ ਘੋੜੇ ਅਤੇ ਹੇ ਮੁੱਖ ਪਤਨੀ ਤੁਸੀਂ ਦੋਹੇਂ ਟੰਗਾਂ ਨੂੰ ਫੈਲਾਓ।

ਇਸ ਤੋਂ ਬਾਅਦ ਜਜਮਾਨ (ਭਾਵ ਪਤਨੀਆਂ ਦਾ ਪਤੀ ਜੋ ਨਿਯੋਗ ਕਰਾਉਣਾ ਚਾਹੁੰਦਾ ਹੈ) ਕਹਿੰਦਾ ਹੈ, "ਹੇ ਘੋੜੇ ਮੇਰੀ ਪਤਨੀ ਦੀ ਗੁਦਾ ਦੇ ਉਪਰਲੇ ਭਾਗ ਉੱਤੇ ਆਪਣਾ ਵੀਰਜ ਪਾ। ਤੂੰ ਆਪਣੇ ਲਿੰਗ ਨੂੰ ਫੈਲਾਅ ਅਤੇ ਯੋਨੀ ਵਿੱਚ ਪ੍ਰਵੇਸ਼ ਕਰੋ, ਕਿਉਂਕਿ ਇਹ ਲਿੰਗ ਯੋਨੀ ਵਿੱਚ ਜਾ ਕੇ ਇਸਤਰੀਆਂ ਨੂੰ ਜੀਵਤ ਅਤੇ ਅਨੰਦਤ ਕਰਦਾ ਹੈ।"

(ਇਸ ਤਰੀਕੇ ਨਾਲ ਆਰੀਆ ਲੋਕ ਜਿਥੇ ਆਪਣੀਆਂ ਔਰਤਾਂ ਨੂੰ ਜ਼ਲੀਲ ਕਰਦੇ ਸਨ, ਉਥੇ ਪੁਰੋਹਿਤ ਜਾਂ ਨਿਯੋਗ ਕਰਮੀ ਲੋਕ, ਔਰਤ ਨੂੰ ਘੋੜੇ ਨਾਲ ਜੋੜ ਕੇ, ਉਸ ਦੀ ਲੱਜਾ ਸ਼ਰਮ ਖਤਮ ਕਰ ਦਿੰਦੇ ਸਨ ਤਾਂ ਕਿ ਉਹ ਬਿਨਾਂ ਝਿਜਕ ਆਪਣੇ ਪਤੀ ਤੋਂ ਇਲਾਵਾ 'ਹੱਕਦਾਰ' ਬੰਦਿਆਂ ਤੋਂ ਭੋਗ ਕਰਵਾ ਕੇ ਬੱਚਾ ਲੈ ਸਕਣ। ਇਹ ਹੈ ਨਿਯੋਗ ਪ੍ਰਥਾ ਜੋ ਆਰੀਆ ਵਿੱਚ ਖਾਸ ਕਰਕੇ ਰਾਜਿਆਂ ਵਿੱਚ ਆਮ ਸੀ।)

ਆਰੀਆਂ ਦਾ ਨੈਤਿਕ ਪੋਲ ਪ੍ਰਕਾਸ਼ 74 :-ਇਕ ਕਥਾ ਹੈ ਕਿ ਦੱਖਣ ਵਿੱਚ ਇਕ ਆਸੁਰ ਰਾਜਾ ਰੰਭ ਦੀ ਇਸਤਰੀ ਭੈਂਸ ਭਾਵ ਮੱਝ ਸੀ। ਉਸ ਦਾ ਪਤੀ ਮਰ ਗਿਆ ਤਾਂ ਭੈਂਸ ਵੀ ਸਤੀ ਹੋਣ ਲਈ ਮਗਰ ਗਈ। ਉਸ ਦੇ ਪੇਟ ਵਿੱਚ ਇਕ ਬੱਚਾ ਸੀ ਜੋ ਮਾਂ ਦੇ ਮਰਨ ਤੋਂ ਡਰ ਕੇ ਜਨਨ-ਇੰਦਰੀ ਵਿੱਚੋਂ ਨਿਕਲ ਕੇ ਭੱਜ ਨਿਕਲਿਆ ਤੇ ਉਸ ਦਾ ਨਾਂ ਮਹਿਖਾਸੁਰ ਦੈਂਤ ਪਿਆ। (ਇਹ ਕਥਾਵਾਂ ਅਸੁਰਾਂ ਤੇ ਦੈਂਤਾਂ ਨੂੰ ਭਾਵ ਭਾਰਤ ਦੇ ਮੂਲ ਨਿਵਾਸੀ ਦਰਾਵੜ ਰਾਜਿਆਂ ਨੂੰ ਨੀਚ ਦਿਖਾਉਣ ਲਈ ਘੜੀਆਂ ਗਈਆਂ ਹਨ। ਨਹੀਂ ਤਾਂ ਮੱਝ ਨੂੰ ਕੀ ਪਤਾ ਹੈ ਕਿ ਉਸ ਦਾ ਪਤੀ ਮਰ ਗਿਆ ਹੈ ਤੇ ਉਸ ਨੂੰ ਸਤੀ ਹੋਣਾ ਚਾਹੀਦਾ ਹੈ ਤਾਂ ਫਿਰ ਕੀ ਬ੍ਰਾਹਮਣ ਕਸੱਤਰੀ 'ਸਤੀ' ਹੋਣ ਵਾਲੀਆਂ ਔਰਤਾਂ ਵੀ ਰੰਭਾ ਦੀ ਪਤਨੀ ਵਾਂਗ ਪਸ਼ੂ ਸਨ ? ਸੱਚ ਤਾਂ ਇਹ ਹੈ ਕਿ ਮਹਿਖਾਸੁਰ ਦੈਂਤ ਨੇ (ਦੈਂਤ ਦਰਾਵੜ ਜਾਤੀ ਦਾ ਨਾਂ ਹੈ) ਮਹਿਖ ਮੰਡਲ (ਮੈਸੂਰ) ਵਸਾ ਕੇ ਰਾਜ ਕੀਤਾ। ਉਸ ਨੇ ਆਰੀਅਨ ਇੰਦਰ ਨੂੰ ਬੁਰੀ ਤਰ੍ਹਾਂ ਖਦੇੜਿਆ।) ਪ੍ਰੰਤੂ ਉਸ ਨੂੰ ਆਰੀਆ ਕੰਨਿਆ 'ਦੁਰਗਾ' ਦੇਵੀ ਨੇ ਛਲ-ਕਪਟ ਕਰਕੇ ਮਾਰਿਆ। (ਸਫਾ 75) ਤਾਂ ਹੀ ਉਸ ਨੂੰ ਦੇਵੀ ਦੀ ਪਦਵੀ ਮਿਲੀ।

(ਦੂਜੇ ਪਾਸੇ ਵੇਖੋ ਆਰੀਆ ਕਰਮ)

ਰਿਗਵੇਦ 10/61/7 (ਸਰਿਤਾ ਮੁਕਤਾ 3) ਜਦੋਂ ਪਿਤਾ ਨੇ ਆਪਣੀ ਧੀ ਨਾਲ ਸੰਭੋਗ ਕੀਤਾ, ਪ੍ਰਿਥਵੀ ਨਾਲ ਮਿਲ ਕੇ ਉਸ ਸਮੇਂ ਵੀਰਜ ਸਿੰਜਿਆ ਤਾਂ ਕਰਨਕਾਰ ਦੇਵਤਿਆਂ (ਭੂੰ ਦੇਵਤੇ) ਨੇ ਉਸ ਤੋਂ ਰੁਦਰ ਦੇਵਤਾ ਦਾ ਨਿਰਮਾਣ ਕੀਤਾ। ਉਦਾਲਕ ਰਿਸ਼ੀ ਦੇ ਲੜਕੇ ਦਾ ਨਾਮ ਸੁਬੇਤ ਕੇਤੂ ਸੀ। ਇਕ ਬ੍ਰਾਹਮਣ ਸੁਬੇਤ-ਕੇਤੂ ਦੇ ਸਾਹਮਣੇ, ਉਸ ਦੀ ਮਾਂ ਨਾਲ ਭੋਗ ਕਰਨ ਲਈ, ਹੱਥ ਫੜਕੇ, ਜ਼ਬਰਦਸਤੀ ਇਕ ਇਕਾਂਤ ਝਾੜੀ ਵਲ ਗਿਆ। ਸੁਬੇਤ ਕੇਤੂ ਨੇ ਉਸ ਬ੍ਰਾਹਮਣ ਨੂੰ ਅਜਿਹਾ ਕੁਕਰਮ ਕਰਨ ਤੋਂ ਰੋਕਣ ਲਈ ਲਲਕਾਰਿਆ, ਪ੍ਰੰਤੂ ਉਸ ਦੇ ਪਿਤਾ

ਉਦਾਲਕ ਨੇ ਕਿਹਾ, "ਇਹ ਤਾਂ ਸਨਾਤਨ ਧਰਮ ਹੈ। ਕੁਕਰਮ ਨਹੀਂ ਸੁਕਰਮ ਹੈ।" (ਅਜਿਹਾ ਸੀ ਆਰੀਆਂ ਦਾ ਵੈਦਿਕ ਧਰਮ)

–ਜਟਿਲਾ ਗੌਤਮੀ ਦੇ ਸੱਤ ਪਤੀ ਸਨ।

–ਵਰਕਸ਼ੀ ਮੁਨੀ ਕੰਨਿਆਂ ਨੇ ਪਚੇਤਸ ਨਾਂ ਵਾਲੇ ਦਸ ਭਾਈਆਂ ਨਾਲ ਵਿਆਹ ਕੀਤਾ।

–ਮਹਾਂਭਾਰਤ ਵਾਲਾ ਤੀਧਰਤਮਾ ਏਨਾ ਕਾਮੀ ਸੀ ਕਿ ਉਹ ਸੜਕਾਂ ਤੇ ਚੌਰਾਹਿਆਂ ਉੱਤੇ ਪਸ਼ੂਆਂ ਵਾਂਗ ਸੰਭੋਗ ਕਰਿਆ ਕਰਦਾ ਸੀ।

–ਬੇਣ ਦੇ ਪਿਤਾ ਰਾਜਾ ਅੰਗ ਨੇ ਭੈਣ ਸੁਨੀਤਾ ਨਾਲ, ਮਨੂੰ ਨੇ ਭੈਣ ਸ਼ਰਧਾ ਨਾਲ ਅਤੇ ਭਰਤ ਨੇ ਆਪਣੀਆਂ ਤਿੰਨਾਂ ਭੈਣਾਂ ਨਾਲ ਵਿਆਹ ਕੀਤਾ।

ਗਾਲਵ ਨੇ ਗੁਰੂ ਦੱਖਣਾ ਵਿੱਚ ਵਿਸ਼ਵਾਮਿੱਤਰ ਨੂੰ 800 ਕਾਲੇ ਘੋੜੇ ਦੇਣ ਲਈ ਮਹਾਰਾਜਾ ਯਯਾਤੀ ਤੋਂ ਮੰਗੇ। ਯਯਾਤੀ ਨੇ ਘੋੜੇ ਨਾ ਹੋਣ ਕਰਕੇ ਆਪਣੀ ਪੁੱਤਰੀ ਮਾਧਵੀ ਕਿਰਾਏ 'ਤੇ ਦੇਣ ਲਈ ਦੇ ਦਿੱਤੀ। ਇਸ ਉਪਰੰਤ ਮਾਧਵੀ ਬਦਲੇ ਦੋ-ਦੋ ਸੌ ਘੋੜੇ ਲੈ ਕੇ ਗਾਲਵ ਨੇ ਰਿਸ਼ੀ ਵਿਸ਼ਵਾਮਿੱਤਰ ਨੂੰ ਦਿੱਤੇ। ਮਾਧਵੀ ਕੁਝ ਦਿਨ ਵਿਸ਼ਵਾਮਿੱਤਰ ਪਾਸ ਵੀ ਰਹੀ ਤੇ ਫਿਰ ਵਾਪਸ ਕਰ ਦਿੱਤੀ।

(50) ਗੋਰਖਪੁਰ ਦੇ ਮਹਾਰਾਜਾ ਚਾਰਵਾਕ ਦੀ ਅਤੀ ਸੁੰਦਰ ਤੇ ਪਿਆਰੀ ਪਤਨੀ (ਰਾਣੀ) ਨੂੰ ਪੁਰੋਹਿਤਾਂ (ਬ੍ਰਾਹਮਣਾਂ) ਦੀ ਆਗਿਆ ਅਨੁਸਾਰ ਅਸ਼ਵਮੇਧ ਯੱਗ ਦੇ ਘੋੜੇ ਨਾਲ ਸੰਭੋਗ ਕਰਨ ਲਈ ਨਿਰਦਇਤਾ ਨਾਲ ਮਜਬੂਰ ਕੀਤਾ ਗਿਆ। ਇਸ ਅਣਮਨੁੱਖੀ ਕੁਕਰਮ ਕਾਰਨ ਰਾਣੀ ਮਰ ਗਈ।

ਸਰਿਤਾ ਫਰਵਰੀ '89 :-(30-40) ਰਿਸ਼ੀਆਂ ਦੀ ਕਾਮੁਕਤਾ, ਲੇਖਕ ਪ੍ਰੋਫੈਸਰ ਰਜਿੰਦਰ 'ਗਰਗ'।

1. ਵਿਸ਼ਨੂੰ ਦੁਆਰਾ ਜਲੰਧਰ ਦੈਂਤ ਦੀ ਪਤਨੀ ਦਾ ਸਤ ਭੰਗ ਕਰਨ ਦੀ ਕਥਾ ਰੁਦਰਸੰਹਿਤਾ (ਯੁੱਧ ਖੰਡ) ਅਧਿ : 24 ਵਿੱਚ ਦਰਜ ਹੈ।

2. ਬ੍ਰਹਮਾ ਦੁਆਰਾ ਆਪਣੀ ਧੀ ਨਾਲ ਕਾਮੁਕਤਾ ਪੂਰੀ ਕਰਨ ਦੀ ਕਥਾ ਸ੍ਰੀਮਦ ਭਗਵਤ ਤੀਸਰਾ ਸਕੰਧ ਅਧਿ : 12 'ਤੇ ਹੈ।

3. ਜਦੋਂ ਵੀ ਸ਼ਿਵਜੀ ਨੂੰ ਗੁੱਸਾ ਆਉਂਦਾ ਤਾਂ ਕਿਸੇ ਸੁੰਦਰੀ ਨੂੰ ਹੀ ਉਸ ਦਾ ਗੁੱਸਾ ਠੰਡਾ ਕਰਨਾ ਪੈਂਦਾ ਸੀ। ਇਕ ਵਾਰ ਕਿਸੇ ਮੌਕੇ 'ਤੇ ਕੋਈ ਸੁੰਦਰੀ ਨਾ ਮਿਲੀ ਤਾਂ ਖੁਦ ਵਿਸ਼ਨੂੰ ਨੂੰ ਹੀ ਸ਼ਿਵ ਲਈ 'ਮੋਹਣੀ' ਦਾ ਰੂਪ ਧਾਰਨ ਕਰਨਾ ਪਿਆ ਤੇ ਉਸ ਦੀ ਕਾਮੁਕਤਾ ਪੂਰੀ ਕਰਨੀ ਪਈ।

ਇਹ ਕਥਾ : ਸ੍ਰੀਮਦ ਭਗਵਤ ਸਕੰਧ 8 ਅਧਿ :12 ਸਲੋਕ 30-32 ਵਿੱਚ ਦਰਜ ਹੈ।

4. ਇੰਦਰ ਤੇ ਅਹੱਲਿਆ ਦੀ ਕਥਾ ਵਾਲਮੀਕੀ ਰਮਾਇਣ ਬਾਲ ਕਾਂਡ ਸਰਗ 48 ਸਲੋਕ 17-22।

5. ਸੂਰਜ ਦੇਵਤਾ ਤੇ ਕੁੰਤੀ ਦਾ ਮੇਲ ਸ੍ਰੀਮਦ ਭਗਵਤ ਸਕੰਧ 9 ਅਧਿ 22 ਸਲੋਕ 34,36।

6. ਚੰਦਰਮਾ ਦੇਵਤਾ ਨੇ ਗੁਰੂ ਬ੍ਰਿਹਸਪਤੀ ਦੀ ਪਤਨੀ ਨਾਲ ਸਹਿਵਾਸ ਕੀਤਾ। ਸ੍ਰੀਮਦ ਭਗਵਤ ਸਕੰਧ 9 ਅਧਿ 14।

7. ਦੇਵਤਿਆਂ ਦੇ ਵੈਦ ਅਸ਼ਵਨੀ ਕੁਮਾਰ ਇਕ ਵਾਰ ਚਵਨ ਰਿਸ਼ੀ ਦੇ ਆਸ਼ਰਮ ਗਏ। ਰਿਸ਼ੀ ਘਰ ਨਹੀਂ ਸੀ। ਮੌਕਾ ਪਾ ਕੇ ਅਸ਼ਵਨੀ ਕੁਮਾਰਾਂ ਨੇ ਉਸ ਦੀ ਪਤਨੀ ਨੂੰ ਫੁਸਲਾ ਲਿਆ ਤੇ ਉਸ ਨੂੰ ਸਮਝਾਉਣ ਲੱਗੇ ਕਿ ਬਿਰਧ ਅਤੇ ਨਿਰਬਲ ਚਵਨ ਨੂੰ ਛੱਡ ਕੇ ਕਿਸੇ ਸੁੰਦਰ ਨੌਜਵਾਨ ਦੇ ਨਾਲ ਸਹਿਵਾਸ ਕਰਨ ਵਿੱਚ ਹੀ ਜਵਾਨੀ ਦਾ ਅਨੰਦ ਹੈ। (ਜਾਪਦਾ ਹੈ ਕਿ ਬਿਰਧ ਚਵਨ ਦੀ ਪਤਨੀ ਵੀ ਬਿਰਧ ਹੋਵੇਗੀ) (ਦੇਵੀ ਭਾਗਵਤ ਪੁਰਾਣ, ਦੂਜਾ ਖੰਡ ਅਧਿ 3)

8. ਰਿਗਵੇਦ (6-5-55-4) ਵਿੱਚ ਪੂਸ਼ਾ ਦੇਵਤੇ ਦਾ ਸੰਬੰਧ ਆਪਣੀ ਭੈਣ ਊਸ਼ਾ ਨਾਲ ਦਰਸਾਇਆ ਗਿਆ ਹੈ।

9. ਰਿਗਵੇਦ (10-1-10/7-11) ਭੈਣ ਯਮੀਂ ਆਪਣੇ ਭਰਾ ਯਮ ਨੂੰ ਆਪਣੇ ਨਾਲ ਕਾਮੁਕਤਾ ਪੂਰੀ ਕਰਨ ਲਈ ਆਖਦੀ ਹੈ, ਤੇ ਕਹਿੰਦੀ ਹੈ 'ਭਾਈ ਦੇ ਹੁੰਦਿਆਂ ਜੇ ਭੈਣ ਦਾ ਮਨੋਰਥ ਪੂਰਾ ਨਾ ਹੋ ਸਕਿਆ ਤਾਂ ਉਸ ਭਰਾ ਦਾ ਭੈਣ ਨੂੰ ਕੀ ਫਾਇਦਾ?'

'ਜੇ ਭਾਈ ਵੀ ਭੈਣ ਦੇ ਹੁੰਦਿਆਂ ਕਾਮ ਸੰਤੁਸ਼ਟੀ ਨਹੀਂ ਕਰਦਾ ਤਾਂ ਉਸ ਭੈਣ ਦਾ ਕੀ ਲਾਭ ਹੈ?'

10. ਰਿਗਵੇਦ (10-5-61/6) ਵਿੱਚ ਪਰਜਾਪਤੀ ਦੇ ਆਪਣੀ ਹੀ ਪੁੱਤਰੀ ਊਸ਼ਾ ਨਾਲ ਕਾਮ ਸੰਬੰਧ ਦੱਸੇ ਗਏ ਹਨ, ਜਿਸ ਤੋਂ ਰੁਦਰ ਦੇਵਤਾ ਦੀ ਪੈਦਾਵਾਰ ਹੋਈ। ਕਥਾ ਇਸ ਤਰ੍ਹਾਂ ਹੈ:-

ਜਦੋਂ ਪੁੱਤਰੀ ਪਿਤਾ ਤੋਂ ਡਰ ਕੇ ਭੱਜੀ ਤਾਂ ਪਿਤਾ ਪਿੱਛਾ ਕਰਨ ਲੱਗਿਆ। ਊਸ਼ਾ ਕਈ ਪ੍ਰਕਾਰ ਦੇ ਮਾਦਾ ਜਾਨਵਰਾਂ ਦਾ ਰੂਪ ਧਾਰਨ ਕਰਦੀ ਰਹੀ, ਪ੍ਰੰਤੂ ਪਿਤਾ ਵੀ ਉਸ ਜਾਨਵਰ ਦੇ ਨਰ ਰੂਪ ਵਿੱਚ ਪ੍ਰਗਟ ਹੋਣ ਲੱਗੇ ਅਤੇ ਅੰਤ ਮਨੋਰਥ ਪੂਰਾ ਕਰ ਹੀ ਲਿਆ।

11. ਅਤਰੇਅ ਬ੍ਰਾਹਮਣ (7-15) ਵਿਚ ਸ਼ੁਨ-ਸ਼ੇਪ ਦੀ ਕਥਾ ਵਿੱਚ, ਪੁਰਸ਼ ਦੇ ਆਪਣੀ ਮਾਂ ਅਤੇ ਭੈਣ ਨਾਲ ਸੰਬੰਧ ਦਿਖਾਏ ਗਏ ਹਨ।

12. ਵਿਸ਼ਵਾਮਿੱਤਰ ਅਤੇ ਮੇਨਕਾ ਦੇ ਸੰਬੰਧਾਂ ਦਾ ਜ਼ਿਕਰ ਮਹਾਂਭਾਰਤ ਆਦਿ ਪਰਵ ਅਧਿ 72 ਸਲੋਕ 7-9।

13. ਰਿਸ਼ੀ ਸੌਭਰੀ 12 ਵਰ੍ਹਿਆਂ ਤੱਕ ਪਾਣੀ 'ਚ ਖੜ੍ਹੇ ਤਪੱਸਿਆ ਕਰਦੇ ਰਹੇ। ਇਕ ਦਿਨ ਅਚਾਨਕ ਕਾਮ ਪੀੜਾ ਤੋਂ ਦੁਖੀ ਹੋ ਕੇ ਉਸ ਨੇ ਰਾਜਾ ਮੰਧਾਤਾ ਤੋਂ ਉਸ ਦੀ ਪੁੱਤਰੀ ਮੰਗ ਲਈ। ਰਿਸ਼ੀ ਦੇ ਸਰਾਪ ਤੋਂ ਡਰਦਿਆਂ ਰਾਜੇ ਨੂੰ 50 ਕੰਨਿਆਵਾਂ ਸੌਭਰੀ ਨੂੰ ਦੇਣੀਆਂ ਪਈਆਂ।(ਵਿਸ਼ਨੂੰ ਪੁਰਾਣ 4/2/69-96)।

14. ਮਹਾਂਰਿਸ਼ੀ ਪਰਾਸਰ ਨੇ ਮਲਮ ਦੀ ਲੜਕੀ ਸੱਤਿਆਵਤੀ ਨਾਲ ਭੋਗ ਕੀਤਾ, ਜਿਸ ਤੋਂ ਮਹਾਂਰਿਸ਼ੀ ਵੇਦ ਵਿਆਸ ਪੈਦਾ ਹੋਇਆ। ਏਸੇ ਕੰਨਿਆ ਨਾਲ ਰਾਜਾ ਸ਼ਾਤਨੂੰ ਦਾ ਵਿਆਹ ਹੋਇਆ, ਜਿਸ ਤੋਂ ਵਚਿੱਤਰ ਵੀਰਜ ਤੇ ਚਿਤਰਾਂਗਦਾ ਪੈਦਾ ਹੋਏ।

ਇਨ੍ਹਾਂ ਦੋਹਾਂ ਦੇ ਨਿਰਸੰਤਾਨ ਮਰ ਜਾਣ 'ਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਦਾਸੀ ਨੂੰ ਰਿਸ਼ੀ ਵੇਦ ਵਿਆਸ ਨੇ ਗਰਭਵਤੀ ਕੀਤਾ, ਜਿਸ ਤੋਂ ਧਰਿਤਰਾਸ਼ਟਰ, ਪਾਂਡੂ ਤੇ ਬਿਦੁਰ ਪੈਦਾ ਹੋਏ।

ਮਹਾਂਭਾਰਤ ਆਦਿ ਪਰਵ ਅਧਿ :63 (ਸਲੋਕ 75/76)

(ਇਕ ਹੋਰ ਆਰੀਆ ਕਥਾ)

15. ਜਵਾਲਾ ਦੇ ਪੁੱਤਰ ਜਵਾਲ ਨੇ ਜਦੋਂ ਆਪਣੀ ਮਾਂ ਨੂੰ ਪੁਛਿਆ ਕਿ ਉਸ ਦਾ ਪਿਤਾ ਕੌਣ ਸੀ ? ਤਾਂ ਮਾਂ ਨੇ ਪੁੱਤਰ ਨੂੰ ਸਮਝਾਇਆ, "ਜਵਾਨੀ ਵਿਚ ਮੈਂ ਕਈ ਪੁਰਸ਼ਾਂ ਨਾਲ ਸੌਂ ਚੁੱਕੀ ਹਾਂ, ਇਸ ਲਈ ਮੈਨੂੰ ਪਤਾ ਨਹੀਂ ਕਿ ਉਨ੍ਹਾਂ ਵਿੱਚੋਂ ਕੌਣ ਤੇਰਾ ਪਿਤਾ ਹੈ।

16. ਮਨੂੰ ਸਿਮਰਤੀ (9-23) ਰਾਜਾ ਦਸ਼ਰਥ ਦੇ ਰਾਜ ਪੁਰੋਹਿਤ ਮਹਾਂਰਿਸ਼ੀ ਵਸ਼ਿਸ਼ਠ ਅਕਸ਼ਮਾਲਾ ਨਾਂ ਦੀ ਸ਼ੂਦਰ ਵਰਣ ਦੀ ਇਸਤਰੀ 'ਤੇ ਮੋਹਤ ਹੋ ਗਏ ਅਤੇ ਉਸ ਨਾਲ ਕਾਮੁਕ ਸੰਬੰਧ ਪੈਦਾ ਕੀਤਾ। ਏਸੇ ਤਰ੍ਹਾਂ ਰਿਸ਼ੀ ਮੰਡਪਾਲ ਨੇ ਸਾਰੰਗੀ ਨਾਂ ਦੀ ਇਸਤਰੀ ਨਾਲ ਸਹਿਵਾਸ ਕੀਤਾ।

ਯੱਗਾਂ ਬਾਰੇ

ਵਿਸ਼ਨੂੰ ਸਿਮਰਤੀ (ਅ-51) ਯੱਗ ਸਭ ਫਲਾਂ ਦੇ ਦੇਣ ਵਾਲਾ ਹੈ। ਯੱਗ ਕਰਕੇ ਹੀ ਦੇਵਤੇ ਜਿਊਂਦੇ ਹਨ। ਜੋ ਪਸ਼ੂ ਯੱਗਾਂ ਵਿੱਚ ਮਾਰਿਆ ਜਾਂਦਾ ਹੈ, ਉਹ ਮਾਰਨ ਵਾਲੇ ਸਮੇਤ ਸੁਰਗ ਨੂੰ ਪ੍ਰਾਪਤ ਹੁੰਦਾ ਹੈ। ਬ੍ਰਹਮਾਂ ਜੀ ਨੇ ਪਸ਼ੂ ਯੱਗ ਵਾਸਤੇ ਹੀ ਬਣਾਏ ਹਨ। ਯੱਗ ਵਿੱਚ ਪਸ਼ੂ ਮਾਰਨ ਕਰਕੇ ਸਾਰੇ ਸੰਸਾਰ ਦਾ ਭਲਾ ਹੁੰਦਾ ਹੈ, ਇਸ ਲਈ ਹਿੰਸਾ ਦਾ ਕੋਈ ਦੋਸ਼ (ਪਾਪ) ਨਹੀਂ।

ਮਨੂੰ (ਅ-5 ਸਲੋਕ 35,39,40) ਜੋ ਯੱਗ ਵਿੱਚ ਅਤੇ ਸਰਾਧ ਵਿੱਚ ਬਲੀਦਾਨ ਕੀਤੇ ਹੋਏ ਮਾਸ ਨੂੰ ਨਹੀਂ ਖਾਂਦਾ, ਉਹ ਮਰਨ ਉਪਰੰਤ 21 ਵਾਰ ਸੂਰ ਬਣ ਕੇ ਜਨਮਦਾ ਹੈ।

ਮਨੂੰ (11/13) ਜਦੋਂ ਯੱਗ ਦੇ ਦੋ ਜਾਂ ਤਿੰਨ ਹਿੱਸੇ ਅਪੂਰਨ ਰਹਿ ਜਾਣ ਤਾਂ ਸ਼ੂਦਰ ਦੇ ਘਰ ਨੂੰ ਲੁੱਟ ਕੇ ਯੱਗ ਨੂੰ ਪੂਰਾ ਕੀਤਾ ਜਾਵੇ।

ਅਥਰਵਵੇਦ (ਕਾਂਡ 3 ਸੂਤਕ 32) ਜੋ ਬ੍ਰਾਹਮਣ ਯੱਗ ਵਿੱਚ ਬੈਲ ਦੀ ਬਲੀ ਦਿੰਦਾ ਹੈ, ਉਸ ਦੀ ਸਾਰੇ ਦੇਵਤਾ ਸਹਾਇਤਾ ਕਰਦੇ ਹਨ।

ਰਿਗਵੇਦ (10-91-14) ਅਗਨੀ ਦੇਵਤਾ ਵਾਸਤੇ ਘੋੜਿਆਂ, ਬੈਲਦਾਂ, ਬਾਂਝ ਗਊਆਂ ਅਤੇ ਮੇਂਢਿਆਂ ਦੀ ਬਲੀ ਦਿੱਤੀ ਜਾਂਦੀ ਸੀ।

(10-72-6) ਗਊ ਨੂੰ ਤਲਵਾਰ ਜਾਂ ਕੁਹਾੜੀ ਨਾਲ ਮਾਰਿਆ ਜਾਂਦਾ ਸੀ।

(ਐਤਰੇਅ ਬ੍ਰਾਹਮਣ) : ਇੰਦਰ ਨੂੰ ਬਲੀ ਦੇਣੀ ਹੋਵੇ ਤਾਂ ਅਜਿਹਾ ਬੈਲ ਹੋਵੇ, ਜਿਸ ਦੇ ਸਿੰਗ ਲਟਕਦੇ ਹੋਣ ਅਤੇ ਜਿਸ ਦੇ ਮੱਥੇ 'ਤੇ ਟਿੱਕਾ ਹੋਵੇ। ......ਰੁਦਰ ਦੇਵਤੇ ਨੂੰ ਲਾਲ ਗਊ ਦੀ ਬਲੀ ਦੇਣੀ ਚਾਹੀਦੀ ਹੈ।

ਪਸ਼ੂ ਦੇ 36 ਟੁਕੜੇ ਇਕ ਖਾਸ ਢੰਗ ਨਾਲ ਕੀਤੇ ਜਾਂਦੇ ਹਨ ਅਤੇ 36 ਬ੍ਰਾਹਮਣਾਂ ਨੂੰ ਦਰਜੇ ਅਨੁਸਾਰ ਵੰਡੇ ਜਾਂਦੇ ਸਨ। ਪੂਛ ਬ੍ਰਾਹਮਣ ਪਤਨੀਆਂ ਨੂੰ ਦਿੱਤੀ ਜਾਂਦੀ ਸੀ।

ਬਰਹਾ ਵੈਵਰਤ ਪੁਰਾਣ (ਖੰਡ-2 ਅ-64) : ਬਲੀਦਾਨ ਦੇਣ ਵਾਲੇ ਨੂੰ ਚਾਹੀਦਾ ਹੈ ਕਿ ਇਕ ਅਜਿਹਾ ਨੌਜਵਾਨ ਲਿਆਵੇ ਜਿਸ ਦੇ ਮਾਂ-ਬਾਪ ਨਾ ਹੋਣ, ਜਿਸ ਨੂੰ ਕੋਈ ਰੋਗ ਨਾ ਹੋਵੇ, ਜੋ ਵਿਆਹਿਆ ਨਾ ਹੋਵੇ ਤੇ ਜਿਸ ਦਾ ਵਿਭਚਾਰ ਨਾਲ ਜਨਮ ਨਾ ਹੋਇਆ ਹੋਵੇ। ਉਸ ਦੇ ਰਿਸ਼ਤੇਦਾਰਾਂ ਨੂੰ ਪੈਸੇ ਦੇ ਕੇ ਅਜਿਹਾ ਨੌਜਵਾਨ ਖਰੀਦ ਲਵੇ। .....ਅੱਠਵੀਂ ਅਤੇ ਨੌਵੀਂ ਤਿੱਥੀ ਦੀ ਸ਼ਾਮ ਨੂੰ ਉਸ ਨੌਜਵਾਨ ਨੂੰ ਦੁਰਗਾ ਦੇ ਸਾਹਮਣੇ ਬਲੀ ਚੜ੍ਹਾ ਦਿਓ। ਬਲੀ ਕਰਾਉਣ ਵਾਲਾ ਬ੍ਰਾਹਮਣ ਨੂੰ ਦਾਨ ਦੱਖਣਾ ਦੇਵੇ।

ਬ੍ਰਾਹਮਣ ਵਰਤ ਪੁਰਾਣ (ਪਰਕਿਰਤੀ ਖੰਡ ਅ-54 ਸਲੋਕ 47,48,49) :

ਰਾਜਾ ਸੁਯੱਗ ਨੇ ਨਰਬਦਾ ਨਦੀ ਦੇ ਕਿਨਾਰੇ ਅਸ਼ਵਮੇਧ ਯੱਗ ਕੀਤੇ ਜਿਨ੍ਹਾਂ ਵਿੱਚ ਲੱਖਾਂ ਘੋੜੇ, ਗਊਆਂ ਅਤੇ ਮਨੁੱਖ ਕਤਲ ਕੀਤੇ ਗਏ।

(ਨੋਟ:-ਆਦਿ ਭਾਰਤਵਾਸੀ ਦੈਂਤ, ਰਾਖਸ਼ ਆਦਿ ਇਨ੍ਹਾਂ ਬਲੀਆਂ ਦੇ ਵਿਰੁੱਧ ਸਨ। ਉਹ ਨਾ ਸ਼ਰਾਬ ਪੀਂਦੇ ਸਨ ਅਤੇ ਨਾ ਪਸ਼ੂ ਮਾਰਦੇ ਸਨ। ਇਸ ਕਰਕੇ ਰਾਵਣ ਆਦਿ ਆਦਿਵਾਸੀ ਮਹਾਰਾਜਿਆਂ ਨੂੰ ਜਦੋਂ ਵੀ ਯੱਗਾਂ ਦਾ ਪਤਾ ਚਲਦਾ ਤਾਂ ਉਹ ਨਿਰਦੋਸ਼ ਬਲੀ ਚੜ੍ਹਾਏ ਜਾਣ ਵਾਲੇ ਜੀਵਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾਉਣ ਦਾ ਹਰ ਹੀਲਾ ਕਰਦੇ। ਇਸੇ ਕਰਕੇ ਬ੍ਰਾਹਮਣੀ ਗ੍ਰੰਥਾਂ ਵਿੱਚ ਰਾਖਸ਼ਾਂ, ਦੈਂਤਾਂ ਨੂੰ ਯੱਗਾਂ ਵਿੱਚ ਵਿਘਨ ਪਾਉਣ ਵਾਲੇ ਕਿਹਾ ਗਿਆ ਹੈ। ਇਕ ਇਹ ਵੀ ਕਾਰਨ ਸੀ ਕਿ ਬ੍ਰਾਹਮਣਾਂ ਨੂੰ ਇਹ ਸਭ ਤੋਂ ਵੱਡੇ ਦੁਸ਼ਮਣ ਜਾਪਦੇ ਸਨ ਅਤੇ ਇਸੇ ਕਰਕੇ ਬ੍ਰਾਹਮਣ, ਕਸ਼ੱਤਰੀਆਂ ਰਾਹੀਂ ਇਨ੍ਹਾਂ ਧਰਮੀ ਆਦਿਵਾਸੀਆਂ ਨੂੰ ਖਤਮ ਕਰਨ 'ਤੇ ਤੁਲੇ ਹੋਏ ਸਨ।

ਬਲੀਆਂ ਅੰਦਰ ਜੋ ਆਦਮੀ ਕਤਲ ਕੀਤੇ ਜਾਂਦੇ ਸਨ, ਉਨ੍ਹਾਂ ਵਿੱਚੋਂ ਵੱਡੀ ਗਿਣਤੀ ਆਦਿਵਾਸੀ ਸ਼ੂਦਰਾਂ ਦੀ ਹੁੰਦੀ ਸੀ। ਪਸ਼ੂ ਬਲੀ ਦਾ ਅਰਥ ਤਾਂ ਧਰਮ ਦੇ ਬਹਾਨੇ ਮਾਸ ਪ੍ਰਾਪਤ ਕਰਨਾ ਹੀ ਜਾਪਦਾ ਹੈ, ਕਿਉਂਕਿ ਮੰਤਰ ਪੜ੍ਹ ਕੇ ਹਰ ਮਾਸ ਖਾਣ ਦੀ ਆਗਿਆ ਸੀ।)

ਸ਼ੂਦਰ ਸ਼ੰਭੂਕ ਰਿਸ਼ੀ ਦਾ ਕਤਲ

(ਨੋਟ :-ਵਾਲਮੀਕ ਰਮਾਇਣ ਦੇ ਭਾਗ 2 ਵਿੱਚ, ਸਫਾ 1623 ਤੋਂ 1627 'ਤੇ ਇਹ ਕਤਲ ਕਥਾ ਦਰਜ ਹੈ।)

ਰਾਮ ਨੇ ਹਰੇ-ਭਰੇ ਪਰਬਤ ਦੀ ਗੋਦ ਵਿੱਚ ਫੈਲੇ ਹੋਏ ਝੌਂਪੜਿਆਂ ਦੀ ਤਰਫ ਹੱਥ ਉਠਾਉਂਦੇ ਹੋਏ ਕਿਹਾ, "ਰਾਜਗੁਰੂ ਔਹ ਦੂਰ, ਸੁੰਦਰ ਤਲਾਬ ਅਤੇ ਪੁਸ਼ਪਾਂ ਨਾਲ ਢਕੀਆਂ ਹੋਈਆਂ ਝੌਂਪੜੀਆਂ ਦਾ ਝੁੰਡ ਕੀ ਹੈ ?"

"ਕੋਈ ਆਸ਼ਰਮ ਹੋਵੇਗਾ ਮਹਾਰਾਜ ।" ਰਾਜਗੁਰੂ ਵਸ਼ਿਸ਼ਠ ਨੇ ਉੱਤਰ ਦਿੱਤਾ।

"ਕੇਹਾ ਸ਼ਾਂਤੀ ਭਰਿਆ ਰਾਜ ਹੈ ! ਸਾਰਥੀ, ਰੱਥ ਰੋਕੋ । ਸੈਨਾਪਤੀ, ਰਿਸ਼ੀ ਆਸ਼ਰਮ ਵਿੱਚ ਮੇਰੇ ਆਗਮਨ ਦਾ ਸਮਾਚਾਰ ਪਹੁੰਚਾ ਦਿੱਤਾ ਜਾਵੇ । ਅਸੀਂ ਇਸ ਆਸ਼ਰਮ ਦੇ ਤਪੱਸਵੀਆਂ ਦੇ ਦਰਸ਼ਨ ਕਰਾਂਗੇ ।"

ਗੁਰੂ ਵਸ਼ਿਸ਼ਠ ਅਤੇ ਉੱਚ ਸੈਨਿਕ ਅਧਿਕਾਰੀਆਂ ਦੇ ਵਿਚਕਾਰ ਖੜ੍ਹੇ ਹੋ ਕੇ ਸ੍ਰੀ ਰਾਮ ਨੇ ਤਪੱਸਵੀਆਂ ਨੂੰ ਪ੍ਰਣਾਮ ਕੀਤਾ ਅਤੇ ਮਿੱਠੀ ਆਵਾਜ਼ ਵਿੱਚ ਕਿਹਾ, "ਤਪੱਸਵੀਓ, ਆਪ ਦੇ ਆਸ਼ਰਮ ਦੀ ਸ਼ੋਭਾ ਵਰਨਣਯੋਗ ਹੈ। ਮੈਂ ਆਸ਼ਰਮ ਵਾਸੀਆਂ ਅਤੇ ਇਸ ਆਸ਼ਰਮ ਦੇ ਮਾਲਕ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ।" ਇਕ ਬਿਰਧ ਤਪੱਸਵੀ ਨੇ ਅੱਗੇ ਵਧ ਕੇ ਰਾਮ ਨੂੰ ਆਸ਼ੀਰਵਾਦ ਦਿੱਤਾ ਤੇ ਕਿਹਾ, "ਹੇ ਰਾਜਨ, ਇਹ ਆਸ਼ਰਮ ਮਹਾਂਰਿਸ਼ੀ ਸ਼ੰਭੂਕ ਦਾ ਹੈ । ਸ਼ੰਭੂਕ ਚਾਰੇ ਵੇਦਾਂ ਅਤੇ ਧਰਮ ਸ਼ਾਸ਼ਤਰਾਂ ਦੇ ਪ੍ਰੌੜ ਪੰਡਤ ਹਨ ।(ਵੇਦਾਂ ਦੇ ਗਿਆਤਾ ਦਾ ਅਰਥ ਹੈ ਕਿ ਗਿਆਤਾ ਜਾਣਦਾ ਹੈ ਕਿ ਵੇਦਾਂ ਸ਼ਾਸਤਰਾਂ ਦੀ ਹਕੀਕਤ ਕੀ ਹੈ ।) ਰਾਮ ਪ੍ਰਸੰਨਤਾ ਨਾਲ ਵਧਦੇ ਹੋਏ, ਤਪੱਸਵੀਆਂ ਦੇ ਨਾਲ ਸ਼ੰਭੂਕ ਰਿਸ਼ੀ ਦੇ ਆਸ਼ਰਮ ਵੱਲ ਚੱਲ ਪਏ । ਮਹਾਂਰਿਸ਼ੀ ਸ਼ੰਭੂਕ ਉਸ ਸਮੇਂ ਧਿਆਨ ਅਵਸਥਾ ਵਿੱਚ ਸਨ । ਰਾਮ ਨੇ ਅੱਗੇ ਵਧ ਕੇ ਪ੍ਰਨਾਮ ਕੀਤਾ ਤੇ ਕਿਹਾ, "ਮਹਾਂਰਿਸ਼ੀ ਮੈਂ ਦਸ਼ਰਥ ਦਾ ਪੁੱਤਰ ਰਾਮ ਹਾਂ । ਆਪ ਦੇ ਆਸ਼ਰਮ ਦੀ ਸ਼ੋਭਾ ਤੋਂ ਪ੍ਰਭਾਵਿਤ ਹੋ ਕੇ ਮੈਨੂੰ ਆਪ ਦੇ ਦਰਸ਼ਨਾਂ ਦੀ ਅਭਿਲਾਸ਼ਾ ਹੋਈ ਹੈ । ਆਪ ਦਾ ਵੰਸ਼ ਕੀ ਹੈ ?"

ਸ਼ੰਭੂਕ ਨੇ ਖੜ੍ਹੇ ਹੋ ਕੇ ਰਾਮ ਨੂੰ ਆਸ਼ੀਰਵਾਦ ਦਿੱਤਾ ਤੇ ਕਿਹਾ, "ਰਾਮ ਮੇਰਾ ਸ਼ੰਭੂਕ ਹੈ ਅਤੇ ਮੈਂ ਸ਼ੂਦਰ ਹਾਂ ।" ਰਾਮ ਦੀਆਂ ਅੱਖਾਂ ਦੇ ਡੋਰੇ ਖਿਚੇ ਗਏ । ਬਾਹਵਾਂ ਫਰਕਣ ਲੱਗੀਆਂ । ਉਸ ਨੇ ਖੜਗ 'ਤੇ ਹੱਥ ਧਾਰਦਿਆਂ ਹੋਇਆ ਕਿਹਾ, "ਸ਼ੂਦਰ ਤੇਰੇ ਲਹੂ ਨਾਲ ਪਿਆਸ ਬੁਝਾਉਣ ਲਈ ਮੇਰੇ ਇਸ ਖੜਗ ਨੇ ਦੇਸ਼ ਦਾ ਕੋਨਾ-ਕੋਨਾ ਛਾਣ ਦਿੱਤਾ ਹੈ । ਤੂੰ ਸ਼ੂਦਰ ਹੋ ਕੇ ਬ੍ਰਾਹਮਣ ਬਣਨ ਦੀ ਮੂਰਖਤਾ ਕੀਤੀ ਹੈ । (ਭਾਵ ਅਧਿਕਾਰ ਪ੍ਰਾਪਤ ਕਰਨਾ ਬ੍ਰਾਹਮਣਾਂ ਦਾ ਹੱਕ ਹੈ ਸ਼ੂਦਰ ਨਾ ਨਹੀਂ ।) (ਮਰਿਯਾਦਾ ਦਾ ਅਰਥ ਹੈ ਬ੍ਰਾਹਮਣੀ ਰਸਮ ਰਿਵਾਜ, ਕਰਮ ਕਾਂਡ)

"ਤੂੰ ਮਰਿਯਾਦਾ ਦਾ ਉਲੰਘਣ ਕੀਤਾ ਹੈ । ਤੇਰਾ ਅਪਰਾਧ ਮੁਆਫ ਨਹੀਂ ਕੀਤਾ ਜਾ ਸਕਦਾ ।" ਇਉਂ ਰਾਮ ਚੰਦਰ ਦਾ ਤੇਜ਼ਧਾਰ ਖੜਗ ਮਿਆਨ ਵਿੱਚੋਂ ਬਾਹਰ ਨਿਕਲ ਆਇਆ । ਸ਼ੰਭੂਕ ਨੇ ਨਿਰਭੈ ਹੋ ਕੇ ਸਿਰ ਉਠਾਇਆ ਤੇ ਹੈਰਾਨ ਹੋ ਕੇ ਪੁੱਛਿਆ, "ਕਿਹੜਾ ਅਪਰਾਧ ਮਹਾਰਾਜ ?" ਰਾਮ ਨੇ ਸਿਰ ਉੱਚਾ ਕਰਕੇ ਕਿਹਾ, "ਮੂਰਖ, ਤੂੰ ਧਰਮ ਦੀਆਂ ਨਿਰਧਾਰਤ ਧਾਰਨਾਵਾਂ ਨੂੰ ਤੋੜਨ ਦਾ ਸਾਹਸ ਕੀਤਾ ਹੈ । ਤੂੰ ਪ੍ਰੰਪਰਾ ਅਤੇ ਸਮਾਜ (ਬ੍ਰਾਹਮਣ ਸਮਾਜ ਵਿਰੁੱਧ) ਦੇ ਵਿਰੁੱਧ ਵਿਦਰੋਹ ਕੀਤਾ ਹੈ । ਤੂੰ ਸ਼ੂਦਰ ਸੇਵਾ ਦਾ ਧਰਮ ਤਿਆਗ ਕੇ ਉੱਚੀ ਜਾਤ ਵਾਲਾ ਬਣਨ ਦਾ ਘੋਰ ਪਾਪ ਕੀਤਾ ਹੈ । ਤੇਰੇ ਇਸ ਕੁਕਰਮ ਕਰਕੇ ਮੇਰੇ ਰਾਜ ਵਿੱਚ ਬ੍ਰਾਹਮਣ ਦਾ ਪੁੱਤਰ ਮੌਤ ਦੇ ਮੂੰਹ ਵਿੱਚ ਜਾ ਪਿਆ ਹੈ । ਤੂੰ ਹੀ ਬ੍ਰਾਹਮਣ ਪੁੱਤਰ ਦੀ ਮੌਤ ਦਾ ਕਾਰਨ ਹੈਂ । ਤੂੰ ਹਤਿਆਰਾ ਹੈਂ । ਇਸ ਲਈ ਰਾਜ ਦੰਡ ਦੇ ਅਨੁਸਾਰ ਤੂੰ ਮੌਤ ਦਾ ਭਾਗੀ ਹੈਂ।"

ਸ਼ੰਭੂਕ ਨੇ ਸਾਗਰ ਵਾਂਗ ਗੰਭੀਰ ਹੋ ਕੇ ਗਰਜਦੇ ਹੋਇਆ ਕਿਹਾ, "ਰਾਮ, ਜ਼ਰਾ ਆਪਣੇ ਮਨ ਦਰਪਣ ਵਿੱਚ ਝਾਕ ਕੇ ਦੇਖ, ਤੇਰੀ ਆਕ੍ਰਿਤੀ ਕਿੰਨੀ ਭ੍ਰਿਸ਼ਟ ਹੋ ਗਈ ਹੈ । ਦੰਭ ਅਤੇ ਅਗਿਆਨ ਦੇ ਅੰਧਕਾਰ ਨੂੰ ਕੁਝ ਛਿਣਾਂ ਲਈ ਤਿਆਗ ਕੇ ਵੇਖ । ਮੈਨੂੰ ਸੁਪਨੇ ਵਿੱਚ ਵੀ ਉਮੀਦ ਨਹੀਂ ਸੀ ਕਿ ਦੇਵਤਿਆਂ ਦੁਆਰਾ ਮਾਨਤਾ ਪ੍ਰਾਪਤ ਦਸ਼ਰਥ ਪੁੱਤਰ ਰਾਮ ਦਾ ਇੰਨਾ ਨੈਤਿਕ ਪਤਨ ਹੋ ਜਾਵੇਗਾ ਅਤੇ ਉਹ ਆਪਣੇ ਕੁ-ਕਰਮਾਂ ਦਾ ਫਲ ਦੂਜਿਆਂ 'ਤੇ

ਲੱਦ ਕੇ ਰਾਜ ਦੰਡ ਦੀ ਆੜ ਵਿੱਚ ਤਪੱਸਵੀਆਂ ਦੇ ਕਤਲ ਲਈ ਵੀ ਉਤੇਜਿਤ ਹੋ ਜਾਏਗਾ। ਬ੍ਰਾਹਮਣ ਬਾਲਕ ਦੀ ਮੌਤ ਦਾ ਕਾਰਨ ਮੈਂ ਨਹੀਂ, ਤੂੰ ਖੁਦ ਹੈ। ਤੇਰੇ ਆਪਣੇ ਪਾਪ ਕਰਮ ਹਨ।

ਰਾਮ ਦਾ ਉਚਾ ਖੜਗ ਨੀਵਾਂ ਹੋ ਗਿਆ। ਉਸ ਦੇ ਮੂੰਹ 'ਚੋਂ ਆਪ ਨਿਕਲ ਪਿਆ, 'ਮੇਰੇ ਪਾਪ ਕਰਮ ?'

'ਹਾਂ, ਤੇਰੇ ਪਾਪ ਕਰਮ ! ਧਰਮ-ਕਰਮ ਨੂੰ ਤਿਆਗ ਕੇ ਤੇਰੇ ਰਾਜ ਪ੍ਰਸਾਦਿ ਦੇ ਸੁਆਦੀ ਭੋਜਨ ਉੱਤੇ ਪਲਣ ਵਾਲੇ ਇਹ ਬ੍ਰਾਹਮਣ ਅਤੇ ਰਿਸ਼ੀ ਜਨ ਤੈਨੂੰ ਕੀ ਦਸਣਗੇ ? ਇਹ ਤਾਂ ਅਚੇਤ ਨਖੇਤਰਾਂ ਦੇ ਸਮਾਨ ਹਨ। ਤੂੰ ਰਾਗ ਛੇੜਦਾ ਹੈ ਅਤੇ ਇਹ ਤੇਰੀ ਇੱਛਾ ਅਨੁਸਾਰ ਰਾਗ ਅਲਾਪਦੇ ਹਨ।'

'ਰਾਮ, ਤੂੰ ਉਸ ਸੱਪ ਦੀ ਤਰ੍ਹਾਂ ਹੈ, ਜੋ ਧੋਖੇ ਨਾਲ ਰਾਹੀ ਨੂੰ ਡੱਸ ਲਵੇ। ਤੂੰ ਬਾਲੀ ਅਤੇ ਸੁਗਰੀਵ ਨੂੰ ਯੁੱਧ ਵਿੱਚ ਉਲਝਾ ਕੇ ਸੱਤਾਂ ਦਰੱਖਤਾਂ ਦੀ ਓਟ ਲੈਂਦਿਆਂ ਤੀਰ ਚਲਾ ਕੇ ਬਾਲੀ ਦਾ ਕਤਲ ਕੀਤਾ। ਤੂੰ ਕਸ਼ੱਤਰੀ ਹੋ ਕੇ, ਕਸ਼ੱਤਰੀ ਧਰਮ ਤਿਆਗਿਆ। ਪ੍ਰੰਤੂ ਉਸ ਸਮੇਂ ਤਾਂ ਕਿਸੇ ਬ੍ਰਾਹਮਣ ਦਾ ਪੁੱਤ ਨਾ ਮਰਿਆ ਤੇ ਅੱਜ ਵੇਦ ਸ਼ਾਸ਼ਤਰਾਂ ਅਨੁਸਾਰ ਸਮਾਜ ਦੇ ਸੜੇ ਹੋਏ ਅੰਗ ਦੀ ਮੱਲਮ-ਪੱਟੀ ਲਈ ਪਸ਼ੂਆਂ ਤੋਂ ਵੀ ਜ਼ਿਆਦਾ ਘ੍ਰਿਣਤ, ਸ਼ੂਦਰਾਂ ਦੇ ਭਲੇ ਦੀ ਚੇਸ਼ਟਾ ਨੂੰ ਅਪਰਾਧ ਘੋਸ਼ਿਤ ਕਰਕੇ ਤੂੰ ਮੇਰਾ ਕਤਲ ਕਰਨ ਲਈ ਉਤੇਜਿਤ ਹੋ ਰਿਹਾ ਹੈ।' ਮਹਾਂਗਿਆਨੀ ਰਿਸ਼ੀ ਵਸ਼ਿਸ਼ਠ ਅੱਗੇ ਅਤੇ ਚੋਟ ਖਾਂਦੇ ਹੋਏ ਜ਼ਹਿਰੀ ਸੱਪ ਵਾਂਗ ਫੁੰਕਾਰਦੇ ਹੋਏ ਬੋਲੇ, "ਸ਼ੂਦਰ, ਭਰਾ ਦੀ ਪਤਨੀ, ਪੁੱਤਰੀ ਦੇ ਸਮਾਨ ਹੁੰਦੀ ਹੈ। ਬਾਲੀ ਨੇ ਪਸ਼ੂਬਲ ਦਾ ਆਸਰਾ ਲੈ ਕੇ, ਛੋਟੇ ਭਰਾ ਸੁਗਰੀਵ ਦੀ ਪਤਨੀ ਨਾਲ ਗੈਰ ਮਨੁੱਖੀ ਸੰਬੰਧ ਬਣਾ ਲਿਆ। ਸ਼ਿਸ਼ਟਾਚਾਰ ਅਤੇ ਭੱਦਰਪੁਣੇ ਦੀ ਸੀਮਾ ਦਾ ਉਲੰਘਣ ਕਰਨ ਦਾ ਫਲ ਰਾਮ ਨੇ ਉਸ ਨੂੰ ਦਿੱਤਾ। ਸ਼ੰਬੂਕ ਨੇ ਵਸ਼ਿਸ਼ਠ ਵੱਲ ਗਹਿਰੀਆਂ ਅੱਖਾਂ ਨਾਲ ਦੇਖਦੇ ਹੋਏ ਪੁੱਛਿਆ, "ਤੇ ਵੱਡੇ ਭਾਈ ਦੀ ਪਤਨੀ?" ਵਸ਼ਿਸ਼ਠ ਨੇ ਉੱਤਰ ਦਿੱਤਾ, "ਮਾਤਾ ਦੇ ਸਮਾਨ।"

ਸ਼ੰਬੂਕ ਨੇ ਗਰਵ ਨਾਲ ਸਿਰ ਉੱਚਾ ਉਠਾ ਕੇ ਕਿਹਾ, "ਰਾਮ ਦੁਆਰਾ ਵੱਡੇ ਭਾਈ ਦਾ ਕਤਲ ਕਰਵਾ ਕੇ ਜਦੋਂ ਸੁਗਰੀਵ ਵੱਡੇ ਭਾਈ ਦੀ ਪਤਨੀ ਨੂੰ ਭੋਗ ਵਿਲਾਸ ਦੀ ਸਮੱਗਰੀ ਬਣਾ ਕੇ ਆਪਣੇ ਭਵਨ ਵਿੱਚ ਲੈ ਆਇਆ ਸੀ, ਉਸ ਵੇਲੇ ਤੁਹਾਡੀ ਮਰਿਯਾਦਾ ਕਿੱਥੇ ਸੀ ? ਉਦੋਂ ਤਿੱਖੇ ਤੀਰਾਂ ਨਾਲ ਭਰਿਆ ਤੁਹਾਡਾ ਤਰਕਸ਼ ਕਿੱਥੇ ਸੀ?.....ਰਾਮ ਤੂੰ ਪਾਪ ਨੂੰ ਪੁੰਨ, ਅਪਰਾਧ ਨੂੰ ਧਰਮ.....!'

"ਆਪਣੀ ਜ਼ਹਿਰ ਉਗਲਦੀ ਹੋਈ ਜੀਭ ਨੂੰ ਰੋਕ ਸ਼ੰਬੂਕ, ਨਹੀਂ ਤਾਂ ਮੇਰਾ ਇਹ ਖੜਗ ਬਿਜਲੀ ਵਾਂਗ ਡਿੱਗ ਕੇ ਤੇਰਾ ਅੰਤ ਕਰ ਦੇਵੇਗਾ।" ਰਾਮ ਨੇ ਕ੍ਰੋਧ ਨਾਲ ਕੰਬਦੇ ਹੋਏ ਕਿਹਾ।

"ਆਪਣੇ ਅਪਰਾਧਾਂ ਨੂੰ ਸੁਣਨ ਵਾਸਤੇ ਬੜਾ ਧੀਰਜ ਚਾਹੀਦਾ ਹੈ। ਰਾਜਨ ਤੂੰ ਸਚਾਈ ਨੂੰ ਝੂਠੇ ਤਰਕ ਨਾਲ ਕੁਚਲ ਨਹੀਂ ਸਕਦਾ। ਤੂੰ ਆਪਣੇ ਪਾਪ ਦੇ ਕਲੰਕ ਨੂੰ ਹਮੇਸ਼ਾ ਲਹੂ ਨਾਲ ਧੋਤਾ ਹੈ। ਤੇਰੇ ਵਾਸਤੇ ਮਰਿਯਾਦਾ ਕੇਵਲ ਪੱਥਰ ਦੀਆਂ ਕੋਰੀਆਂ ਸ਼ਿਲਾਵਾਂ ਹਨ।....ਤੂੰ ਪਰਜਾ ਦੀ ਆੜ ਲੈ ਕੇ, ਇਕ ਧੋਬੀ ਦੇ ਕਹਿਣ 'ਤੇ ਆਪਣੀ ਸਤਿਆਵਤੀ ਪਤਨੀ ਸੀਤਾ ਨੂੰ ਤਿਆਗ ਦਿੱਤਾ।"

ਰਾਮ ਨੇ ਸੁਣਿਆ ਅਤੇ ਹੰਕਾਰ ਨਾਲ ਸਿਰ ਉੱਚਾ ਕਰਕੇ ਕਿਹਾ, "ਮੈਂ ਆਪਣੇ ਹਰ ਇਕ ਕੰਮ ਨੂੰ ਬੁੱਧੀ ਦੀ ਕਸੌਟੀ 'ਤੇ ਪਰਖ ਕੇ ਕਰਦਾ ਹਾਂ। ਭਾਵਨਾਵਾਂ ਨਾਲੋਂ ਕਰੱਤਵ ਸਦਾ ਉੱਚਾ ਹੁੰਦਾ ਹੈ, ਸ਼ੂਦਰ।"

ਸ਼ੰਬੂਕ ਦੇ ਹੋਂਠ ਖੁੱਲ੍ਹੇ ਅਤੇ ਦੱਬੀ ਹੋਈ ਆਵਾਜ਼ ਨਿਕਲੀ, "ਰਾਮ ਆਪਣੇ ਆਪ ਨਾਲ ਧੋਖਾ ਨਾ ਕਰ। ਇਉਂ ਕਹਿ ਕਿ ਮੈਂ ਹਰ ਕੰਮ ਨੂੰ ਨਿੱਜੀ ਸੁਆਰਥ ਦੀ ਕਸੌਟੀ 'ਤੇ ਰੱਖਦਾ ਹਾਂ। ਤੂੰ ਆਪਣੀ ਗਰਭਵਤੀ ਪਤਨੀ ਪ੍ਰਤੀ ਧਰਮ ਨੂੰ ਭਾਵਨਾ ਕਹਿ ਕੇ ਅਤੇ ਇਕ ਮਹਾਂ ਮੂਰਖ ਦੇ ਮੂੰਹ 'ਚੋਂ ਨਿਕਲੇ ਹੋਏ ਬੇ-ਦਲੀਲ ਸ਼ਬਦਾਂ ਦੇ ਪਾਲਣ ਨੂੰ ਕਰੱਤਵ ਕਹਿ ਕੇ ਸੰਬੰਧੀਆਂ, ਮਿੱਤਰਾਂ ਅਤੇ ਗੁਰੂਜਨਾਂ ਦੀਆਂ ਅੱਖਾਂ ਵਿੱਚ ਧੂੜ ਪਾ ਦਿੱਤੀ।"

"ਜਦੋਂ ਰਾਜਾ ਹੋਣ ਦੇ ਨਾਤੇ ਪਰਜਾ ਨੂੰ ਸੰਤੁਸ਼ਟ ਰੱਖਣਾ ਤੇਰਾ ਕਰੱਤਵ ਹੈ, ਪਤਨੀ ਅਤੇ ਪੁੱਤਰ ਦੇ ਪ੍ਰਤੀ ਧਰਮ ਭਾਵਨਾ ਹੈ ਤਾਂ ਜਦੋਂ ਭਰਤ, ਜੰਤਾ, ਮਿੱਤਰ ਅਤੇ ਸੰਬੰਧੀਆਂ ਨੂੰ ਨਾਲ ਲੈ ਕੇ ਤੈਨੂੰ ਜੰਗਲ ਵਿੱਚੋਂ ਵਾਪਸ ਲਿਆਉਣ ਲਈ ਤੇਰੇ ਪਾਸ ਗਏ, ਉਸ ਸਮੇਂ ਪਰਜਾ ਦੀ ਬੇਨਤੀ ਨੂੰ ਤੂੰ ਇਹ ਕਹਿ ਕੇ ਕਿਉਂ ਠੁਕਰਾ ਦਿੱਤਾ ਕਿ ਪਿਤਾ ਦੀ ਆਗਿਆ ਦਾ ਪਾਲਣ ਕਰਨਾ ਮੇਰਾ ਕਰੱਤਵ ਹੈ ?"

"ਉਹ ਧੋਬੀ ਦਾ ਦੋਸ਼ ਨਹੀਂ ਸੀ, ਸ਼ੂਦਰ। ਉਹ ਮੇਰੇ ਨਿੱਜੀ ਨਿਸ਼ਚੇ ਦੇ ਵਿਰੁੱਧ ਪਰਜਾ ਦੇ ਮਨ ਵਿੱਚ ਉਠਦੀ ਹੋਈ ਅਸ਼ਾਂਤੀ ਦਾ ਸੰਕੇਤ ਸੀ।"

ਬਾਣ ਠੀਕ ਜਗ੍ਹਾ 'ਤੇ ਲੱਗਿਆ ਵੇਖ ਕੇ ਸ਼ੰਬੂਕ ਨੇ ਗੰਭੀਰ ਹੋ ਕੇ ਕਿਹਾ, "ਉਹ ਪਰਜਾ ਦੇ ਮਨ ਦੀ ਅਸ਼ਾਂਤੀ

ਨਹੀਂ ਸੀ ਰਾਮ, ਉਹ ਤੇਰੇ ਸੌੜੇ ਅਤੇ ਹਨੇਰੇ ਮਨ ਦਾ ਭਰਮ ਸੀ । ਰਾਵਣ ਦੇ ਰਾਜ ਖੇਤਰ ਵਿੱਚ ਰਹਿਣ ਕਰਕੇ, ਸੀਤਾ ਦੀ ਅਗਨੀ ਪ੍ਰੀਖਿਆ ਲਈ ਗਈ । ਤੂੰ ਸੀਤਾ ਨੂੰ ਵਸਾਉਣ ਤੋਂ ਇਨਕਾਰ ਕਰ ਦਿੱਤਾ । ਹਜ਼ਾਰਾਂ ਮਨੁੱਖਾਂ ਦੇ ਵਿਚਕਾਰ ਸੀਤਾ ਨੂੰ ਅਪਮਾਨਤ ਕੀਤਾ ਤੇ ਕਿਹਾ ਕਿ ਤੂੰ ਇਕ ਮਾਮੂਲੀ ਔਰਤ ਨੂੰ ਪ੍ਰਾਪਤ ਕਰਨ ਵਾਸਤੇ ਸੰਘਣੇ ਜੰਗਲਾਂ, ਸਾਗਰ ਅਤੇ ਨਦੀਆਂ ਨੂੰ ਪਾਰ ਨਹੀਂ ਕੀਤਾ, ਸਗੋਂ ਆਪਣੇ ਅਪਮਾਨ ਦਾ ਬਦਲਾ ਲੈਣ ਲਈ ਇਹ ਸਭ ਕੁਝ ਕੀਤਾ ਸੀ । ਉਸ ਸਮੇਂ ਤੇਰੇ ਵਿਰੁੱਧ ਇਕ ਅਵਾਜ਼ ਉੱਠੀ ਸੀ । ਤੂੰ ਝੱਪ-ਪੱਟ ਸਮਝ ਗਿਆ । ਰਿਸ਼ੀਆਂ-ਮੁਨੀਆਂ ਅਤੇ ਦੇਵਤਿਆਂ ਨੇ ਇਕ ਅਵਾਜ਼ ਨਾਲ ਸੀਤਾ ਨੂੰ ਅੰਮ੍ਰਿਤ ਦੇ ਸਮਾਨ ਪਵਿੱਤਰ ਮੰਨ ਲਿਆ, ਪ੍ਰੰਤੂ ਤੇਰੇ ਮਨ ਵਿੱਚ ਸ਼ੰਕਾ ਦਾ ਬੀਜ, ਤੇਰੀਆਂ ਕਮਜ਼ੋਰੀਆਂ ਦੀ ਖਾਦ ਨਾਲ ਰੋਜ਼-ਦਿਨ ਫਲਣ-ਫੁਲਣ ਲੱਗਾ । ਤੂੰ ਬਹਾਨਾ ਲੱਭਣ ਲੱਗਿਆ ਅਤੇ ਪਹਿਲਾਂ ਹੀ ਬਹਾਨਾ ਮਿਲਦਿਆਂ ਸਾਰ ਪਰਜਾ ਦੀ ਆੜ ਲੈ ਕੇ ਤੂੰ ਆਪਣੀ ਗਰਭਵਤੀ ਇਸਤਰੀ ਨੂੰ ਧੋਖੇ ਨਾਲ ਖੂੰਖਾਰ ਪਸ਼ੂਆਂ ਦੇ ਰਹਿਮ 'ਤੇ ਅਣਜਾਣੇ ਜੰਗਲਾਂ ਵਿੱਚ ਛੁਡਵਾ ਦਿੱਤਾ । ਤੂੰ ਜਦੋਂ ਪਤੀ ਧਰਮ ਦਾ ਤਿਆਗ ਕੀਤਾ, ਉਸ ਸਮੇਂ ਕਿਸੇ ਬ੍ਰਾਹਮਣ ਦਾ ਪੁੱਤ ਛੋਟੀ ਉਮਰ ਵਿੱਚ ਨਾ ਮਰਿਆ ਅਤੇ ਅੱਜ ਯੁੱਗਾਂ-ਯੁੱਗਾਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਇਨ੍ਹਾਂ ਸ਼ੂਦਰ ਕਹੇ ਜਾਣ ਵਾਲੇ ਲੋਕਾਂ ਨੇ ਹਨੇਰੇ ਜੀਵਨ ਨੂੰ ਰੁਸ਼ਨਾਉਣ ਦੇ ਯਤਨ ਨੂੰ ਬ੍ਰਾਹਮਣ ਪੁੱਤਰ ਦੀ ਮੌਤ ਦੱਸ ਰਿਹਾ ਹੈ । ਰਾਮ ਤੂੰ ਤਾਂ ਸਧਾਰਨ ਹਮਦਰਦੀ ਦੇ ਮੁਕਾਬਲੇ ਵੀ ਸਿਫਰ ਹੈ ।"

"ਮੂੰਹ ਬੰਦ ਕਰੋ, ਸ਼ੂਦਰ !" ਰਾਮ ਨੇ ਜ਼ਖਮੀ ਸ਼ੇਰ ਵਾਂਗ ਦਹਾੜਦਿਆਂ ਕਿਹਾ .....। ਬਿਜਲੀ ਵਾਂਗ ਚਮਕਦਾ ਹੋਇਆ ਖੜਗ ਮਿਆਨ ਵਿੱਚੋਂ ਬਾਹਰ ਨਿਕਲ ਆਇਆ । ਸ਼ੰਬੂਕ ਰਾਮ ਦੇ ਸਾਹਮਣੇ ਆ ਕੇ ਖੜ੍ਹਾ ਹੋ ਗਿਆ । ਉਸ ਨੇ ਨਿਡਰਤਾ ਨਾਲ ਕਿਹਾ, "ਰਾਮ ਤੇਰੇ ਰਾਜ ਸੁਖ ਭੋਗਦੇ ਹੋਏ ਅਤੇ ਜਿਉਂਦੇ ਜੀ ਤੇਰੇ ਦੋ ਪੁੱਤਰ ਅਨਾਥ ਬੱਚਿਆਂ ਦੀ ਤਰ੍ਹਾਂ ਦੂਜਿਆਂ ਦੀ ਦਯਾ 'ਤੇ ਪਲ ਰਹੇ ਹਨ । ਕੀ ਤੂੰ ਆਪਣੀ ਸੰਤਾਨ ਪ੍ਰਤੀ ਧਰਮ ਦਾ ਪਾਲਣ ਕਰ ਰਿਹਾ ਹੈ ? ਰਾਮ ! ਤੂੰ ਕਸ਼ੱਤਰੀ ਹੋ ਕੇ ਕਸ਼ੱਤਰੀ ਧਰਮ ਦਾ ਪਾਲਣ ਨਹੀਂ ਕੀਤਾ । ਗ੍ਰਹਿਸਥੀ ਹੋ ਕੇ ਗ੍ਰਹਿਸਥ ਧਰਮ ਨੂੰ ਤਿਆਗ ਦਿੱਤਾ । ਪਿਤਾ ਹੋ ਕੇ ਸੰਤਾਨ ਪ੍ਰਤੀ ਆਪਣੇ ਧਰਮ ਤੋਂ ਬੇ-ਮੁੱਖ ਹੋ ਗਿਆ, ਪ੍ਰੰਤੂ ਕਿਸੇ ਬ੍ਰਾਹਮਣ ਪੁੱਤਰ ਦੀ ਛੋਟੀ ਉਮਰ ਵਿੱਚ ਮੌਤ ਨਹੀਂ ਹੋਈ ਤੇ ਅੱਜ ....।"

ਰਾਮ ਬੇਕਾਬੂ ਹੋ ਕੇ ਚਿੱਲਾ ਉਠਿਆ, "ਜੇ ਇਕ ਵੀ ਸ਼ਬਦ ਤੇਰੇ ਮੂੰਹ ਵਿੱਚੋਂ ਨਿਕਲਿਆ ਤਾਂ ....।"

"ਮੈਨੂੰ ਧਮਕਾਉਣ ਦੀ ਕੋਸ਼ਿਸ਼ ਨਾ ਕਰ ਰਾਮ, ਮੈਨੂੰ ਮੌਤ ਦਾ ਡਰ ਨਹੀਂ ਹੈ । ਇੱਜ਼ਤ ਅਤੇ ਸੁਤੰਤਰਤਾ ਦਾ ਥੋੜ੍ਹਾ ਜੀਵਨ, ਗੁਲਾਮੀ ਅਤੇ ਅਪਮਾਨ ਨਾਲ ਭਰੀ ਹੋਈ ਲੰਬੀ ਉਮਰ ਨਾਲੋਂ ਲੱਖ ਦਰਜੇ ਜ਼ਿਆਦਾ ਸੁਖਦਾਈ ਹੈ । ਤੇਰੇ ਖੜਗ ਦੁਆਰਾ ਮੇਰਾ ਕਤਲ, ਮੈਨੂੰ ਸਿੱਧਾ ਸਵਰਗ ਲੈ ਜਾਵੇਗਾ। ਇਸ ਲਈ ਨਹੀਂ ਕਿ ਤੁਸੀਂ ਮਰਿਯਾਦਾ-ਪ੍ਰਸ਼ੋਤਮ ਰਾਮ ਹੋ, ਬਲਕਿ ਇਸ ਲਈ ਕਿ ਮੈਂ ਸਚਾਈ 'ਤੇ ਹਾਂ ਅਤੇ ਤੂੰ ਅਧਰਮ, ਪਾਖੰਡ, ਝੂਠੀ ਮਰਿਯਾਦਾ ਅਤੇ ਰਾਜ-ਦੰਡ ਬਲ 'ਤੇ ਭੋਲੇ ਪਸ਼ੂ ਪੰਛੀਆਂ ਦਾ ਸ਼ਿਕਾਰ ਖੇਡਣ ਵਾਲਾ ਇਕ ਬਾਘ ਹੈ।"

ਰਾਮ ਦਾ ਖੜਗ ਸ਼ੰਬੂਕ ਦੇ ਹਿਰਦੇ ਨੂੰ ਚੀਰਦਾ ਹੋਇਆ ਉਸ ਦੇ ਕਮਜ਼ੋਰ ਸਰੀਰ ਦੇ ਦੂਜੇ ਪਾਸੇ ਨਿਕਲ ਗਿਆ। ਰਾਮ ਨੇ ਝਟਕਾ ਦੇ ਕੇ ਲਹੂ ਲਿਬੜੇ ਖੜਗ ਨੂੰ ਖਿੱਚ ਲਿਆ ਅਤੇ ਫਿਰ ਸਿਰ ਤੋਂ ਉੱਚਾ ਉਠਾ ਕੇ ਇਕ ਹੋਰ ਸਖਤ ਵਾਰ ਸ਼ੂਦਰ ਦੇ ਲੁੜਕਦੇ ਹੋਏ ਸਰੀਰ 'ਤੇ ਕਰ ਦਿੱਤਾ । ਪਲਕਾਂ 'ਚ ਹੀ ਸ਼ੰਬੂਕ ਦਾ ਸਿਰ ਧੜ ਨਾਲੋਂ ਦੂਰ ਜਾ ਡਿਗਿਆ। ਮੌਤ ਦੇ ਸੰਨਾਟੇ ਨੂੰ ਭੰਗ ਕਰਦੇ ਹੋਏ ਮਹਾਂ ਮੁਨੀ ਵਸ਼ਿਸ਼ਠ ਦੇ ਕੰਠ 'ਚੋਂ 'ਮਹਾਂ ਬਲੀ ਰਾਮ ਦੀ ਜੈ' ਦੀਆਂ ਅਵਾਜ਼ਾਂ ਉੱਚੇ ਪਰਬਤਾਂ ਨਾਲ ਟਕਰਾ ਕੇ ਗੂੰਜ ਉਠੀਆਂ। ਰਾਮ ਦੇ ਸੈਨਿਕ ਚਿੱਲਾ ਉਠੇ, 'ਅਯੁੱਧਿਆਪਤੀ ਰਾਮ ਦੀ ਜੈ । ਮਰਿਯਾਦਾ ਪ੍ਰਸ਼ੋਤਮ ਰਾਮ ਦੀ ਜੈ । ਮਹਾਂ ਬਲੀ ਰਾਮ ਦੀ ਜੈ।'

ਨੋਟ :-ਜਦੋਂ ਰਾਮ ਨੇ ਕਤਲ ਕੀਤਾ ਉਸ ਸਮੇਂ ਸ਼ੰਬੂਕ ਦੀ ਉਮਰ 132 ਸਾਲ ਦੀ ਸੀ।

ਵਾਲਮੀਕ ਰਮਾਇਣ (ਅਧਿ :4/1622) ਸਤਿਯੁਗ ਵਿੱਚ ਬ੍ਰਾਹਮਣ ਤੋਂ ਬਗੈਰ ਹੋਰ ਕੋਈ ਤਪੱਸਿਆ ਨਹੀਂ ਕਰ ਸਕਦਾ । ਤਰੇਤਾ ਯੁੱਗ ਵਿੱਚ ਬ੍ਰਾਹਮਣ ਤੇ ਖੱਤਰੀ ਤਪੱਸਿਆ ਕਰ ਸਕਦੇ ਹਨ, ਹੋਰ ਕੋਈ ਨਹੀਂ ।

ਵਾਲਮੀਕ ਰਮਾਇਣ :ਰਾਮ ਚੰਦਰ, "ਤੂੰ ਸ਼ੂਦਰ ਹੈ ! ਮੇਰੇ ਰਾਜ ਵਿੱਚ ਤੈਨੂੰ ਤਪੱਸਿਆ ਕਰਨ ਦਾ ਅਧਿਕਾਰ ਨਹੀਂ ।" ਉੱਤਰ ਕਾਂਡ : ਰਾਮ, ਮੈਂ ਝੂਠ ਨਹੀਂ ਬੋਲਦਾ । ਦੇਵ ਲੋਕ 'ਤੇ ਜਿੱਤ ਪ੍ਰਾਪਤ ਕਰਨ ਦੀ ਇੱਛਾ ਨਾਲ ਹੀ ਮੈਂ ਤਪੱਸਿਆ ਵਿੱਚ ਲੱਗਾ ਹਾਂ । ਆਪ ਮੈਨੂੰ ਸ਼ੂਦਰ ਜਾਣੋਂ। ਮੇਰਾ ਨਾਂ ਸ਼ੰਬੂਕ ਹੈ।

ਸ੍ਰੀ ਮਦਭਾਗਵਤ, ਪੁੰਨ ਦਾਨ, ਕ੍ਰਿਸ਼ਨ, ਇਸਤਰੀਆਂ ਅਤੇ ਔਰੰਗਜ਼ੇਬ ਬਨਾਮ ਬ੍ਰਾਹਮਣਾਂ ਬਾਰੇ

(ਅੱਜ ਦੇ ਸਮੇਂ ਮੁਤਾਬਿਕ ਅਜੀਬ ਗੱਲ)

(ਸਕੰਧ 6 ਅਧਿ :18) :ਦਿੱਤੀ ਨੇ ਪਰਜਾਪਤੀ ਦੇ ਉਸ ਤੇਜ਼ (ਵੀਰਜ) ਨੂੰ 100 ਸਾਲ ਤੱਕ ਧਾਰਨ ਕਰੀ ਰਖਿਆ ਜੋ ਸ਼ਤਰੂਆਂ ਦੇ ਤੇਜ਼ ਨੂੰ ਨਸ਼ਟ ਕਰਨ ਵਾਲਾ ਸੀ । ਉਸ ਨੂੰ ਇੰਦਰ ਤੋਂ ਡਰ ਲੱਗਦਾ ਸੀ ।

(ਸਕੰਧ 9 ਅਧਿ :21) : ਇਕ ਵਾਰ ਉਰਵਸ਼ੀ ਨੂੰ ਵੇਖ ਕੇ ਸਤਿਆਧਰਿਤ ਦੇ ਪੁੱਤਰ ਸ਼ਾਰਦਵਾਨੂੰ ਦਾ ਵੀਰਜ ਕੂਸ ਦੇ ਬਿਰਖ 'ਤੇ ਡਿੱਗ ਪਿਆ । ਵੀਰਜ ਸੁੰਦਰ ਜੋੜਾ ਬਣ ਗਿਆ । ਰਾਜਾ ਸ਼ਾਂਤਨੂੰ ਨੇ ਉਨ੍ਹਾਂ ਨੂੰ ਦਇਆ ਕਰਕੇ ਘਰ ਲਿਆਂਦਾ । ਲੜਕੇ ਦਾ ਨਾਂ ਕਿਰਪਾ (ਕਿਰਪਾਚਾਰੀਆ) ਤੇ ਕੰਨਿਆ ਦਾ ਨਾਮ 'ਕ੍ਰਿਪੀ' ਰੱਖਿਆ, ਜੋ ਦਰੋਣਾਚਾਰੀਆ ਦੀ ਪਤਨੀ ਬਣੀ ।

(ਸਕੰਦ 6 ਅਧਿ :8) : ਯੋਗੀ ਇੰਦਰ, ਯੋਗ ਮਾਇਆ ਦੇ ਬਲ ਨਾਲ ਦਿੱਤੀ ਦੇ ਗਰਭ 'ਚ ਵੜ ਗਿਆ। ਉਥੇ ਉਸ ਨੇ ਸੋਨੇ ਦੇ ਸਮਾਨ ਚਮਕਦੇ ਗਰਭ ਨੂੰ ਬੱਜਰ ਮਾਰ ਕੇ ਸੱਤ ਟੁਕੜੇ ਕਰ ਦਿੱਤੇ । ਰੋਂਦੇ ਹੋਏ ਟੁਕੜਿਆਂ ਨੂੰ 'ਰੋਵੋ ਮੱਤ' ਕਹਿੰਦਿਆਂ ਇੰਦਰ ਨੇ ਹਰ ਇਕ ਦੇ ਹੋਰ ਸੱਤ-ਸੱਤ ਟੁਕੜੇ ਕਰ ਦਿੱਤੇ । ਜਦੋਂ ਇੰਦਰ ਹੋਰ ਟੁਕੜੇ ਕਰਨ ਲੱਗਾ ਤਾਂ ਉਹ ਹੱਥ ਜੋੜ ਕੇ ਬੋਲੇ, "ਇੰਦਰ ਸਾਨੂੰ ਕਿਉਂ ਮਾਰਨਾ ਚਾਹੁੰਦਾ ਹੈ ? ਅਸੀਂ ਤੇਰੇ ਭਰਾ ਹਾਂ ।"

(ਸਕੰਧ 9 ਅਧਿ :22) : ਬ੍ਰਿਹਦਰਥ ਦੀ ਦੂਜੀ ਪਤਨੀ ਦੇ ਗਰਭ ਵਿੱਚ ਮਾਨਵ ਸਰੀਰ ਦੇ ਦੋ ਭਾਗ ਪੈਦਾ ਹੋਏ, ਜੋ ਉਸ ਨੇ ਬਾਹਰ ਸੁੱਟ ਦਿੱਤੇ । 'ਜਰਾਹ' ਨੇ ਉਨ੍ਹਾਂ ਦੋਹਾਂ ਟੁਕੜਿਆਂ ਨੂੰ ਮਿਲਾ ਕੇ 'ਜੀਓ' 'ਜੀਓ' ਕਹਿੰਦਿਆਂ ਜਿਉਂਦੇ ਕਰ ਲਿਆ । ਇਸ ਕਰਕੇ ਇਸ ਬਾਲਕ ਦਾ ਨਾਂ ਜਰਾਸੰਧ ਪਿਆ । (ਜਰਾਸੰਧ ਮੂਲ ਨਿਵਾਸੀ ਰਾਜਾ ਸੀ।)

(ਸਕੰਧ 11 ਅਧਿ :18 ਸਲੋਕ 18) :ਧਰਨੀ ਦੇ ਪੁੱਤਰ ਰਿਸ਼ੀ ਸ਼ਰੰਗ ਇਸਤਰੀਆਂ ਦੇ ਸਲੀਲ ਗਾਉਣ ਵਜਾਉਣ ਸੁਣਨ ਤੇ ਨਾਚ ਨੂੰ ਵੇਖ ਕੇ ਉਨ੍ਹਾਂ ਦੇ ਵੱਸ ਹੋ ਗਏ।

ਪੁੰਨ ਦਾਨ ਦੇ ਨਾਂਅ 'ਤੇ ਲਾਲਚ ਅਤੇ ਡਰਾਵੇ

ਯਮਿਆ ਤਨਮ (17-1) ਜੋ ਲੋਕ ਦਾਨ ਦੇਣ ਵਾਲੇ ਹਨ, ਉਹ ਮੁਕਤੀ ਪ੍ਰਾਪਤ ਕਰਦੇ ਹਨ ਅਤੇ ਜੋ ਲੋਕ ਦਾਨੀ ਨਹੀਂ ਹਨ, ਉਹ ਯਮਾਂ ਦੇ ਤਸੀਹੇ ਸਹਿੰਦੇ ਹੋਏ ਯਮਲੋਕ ਜਾਂਦੇ ਹਨ।

ਗਰੁੜ ਪੁਰਾਣ (30/31/1) : ਪ੍ਰਾਣ ਨਿਕਲਦੇ ਸਮੇਂ ਯਮਦੂਤ ਮਿਲਦੇ ਹਨ, ਜਿਨ੍ਹਾਂ ਦਾ ਮੁਖ ਭਿਆਨਕ ਹੈ। ਦੰਦਾਂ ਨੂੰ ਕ੍ਰੋਧ ਨਾਲ ਪੀਹ ਰਹੇ ਸਨ । ਉਨ੍ਹਾਂ ਦੇ ਕੇਸ ਉਪਰ ਉਠੇ ਹੋਏ ਹਨ । ਉਨ੍ਹਾਂ ਪਾਸ ਟੇਢੇ ਮੂੰਹ ਵਾਲੇ ਤਿੱਖੇ ਸ਼ਸਤਰ ਹਨ। ਉਨ੍ਹਾਂ ਨੂੰ ਦੇਖਦਿਆਂ ਹੀ ਪ੍ਰਾਣੀ ਮਲਮੂਤਰ ਕਰਨ ਲੱਗ ਜਾਂਦਾ ਹੈ।

(45/1) : ਜਿਨ੍ਹਾਂ ਦਾ ਪਿੰਡਦਾਨ ਨਹੀਂ ਹੁੰਦਾ, ਉਹ ਇਕ ਉਮਰ ਪ੍ਰੇਤ ਜੂਨੀ 'ਚ ਰਹਿ ਕੇ ਨਿਰਜਨ ਵਣ ਅੰਦਰ ਦੁੱਖ ਪੂਰਵਕ ਘੁੰਮਦੇ ਰਹਿੰਦੇ ਹਨ।

(4-8/2) : ਉਸ ਯਮਲੋਕ ਵਿਚ ਬਿਰਛ ਦੀ ਛਾਂ ਨਹੀਂ ਹੈ। ਉਥੇ ਕਿਧਰੇ ਵੀ ਪਾਣੀ ਦਿਖਾਈ ਨਹੀਂ ਦਿੰਦਾ। ਸੂਰਜ ਇਉਂ ਚਮਕਦਾ ਹੈ ਜਿਵੇਂ ਪਰਲੋ ਦੇ ਅੰਤ 'ਤੇ ਤਪਦਾ ਹੈ। ਉਥੇ ਠੰਢ ਨਾਲ ਜੀਵ ਪੀੜਤ ਹੁੰਦਾ ਹੈ। ਕਿਧਰੇ ਵਿਸ਼ ਭਰੇ ਸੱਪਾਂ ਤੋਂ ਕਟਾਇਆ ਜਾਂਦਾ ਹੈ। ਕਿਧਰੇ ਕੰਡੇ ਮਿਧਦਾ ਹੈ । ਕਿਤੇ ਭਿਆਨਕ ਸ਼ੇਰਾਂ, ਬਘਿਆੜਾਂ ਅਤੇ ਕੁੱਤਿਆਂ ਰਾਹੀਂ ਖਾਧਾ ਜਾਂਦਾ ਹੈ। ਕਿਤੇ ਬਿੱਛੂਆਂ ਤੋਂ ਕਟਵਾਇਆ ਜਾਂਦਾ ਹੈ । ਕਿਤੇ ਅਗਨੀ ਵਿੱਚ ਜਲਾਇਆ ਜਾਂਦਾ ਹੈ । (ਇਹ ਡਰਾਵੇ ਦੇ ਕੇ ਹੀ ਬ੍ਰਾਹਮਣਾਂ ਨੇ ਜਨਸਧਾਰਨ ਨੂੰ ਪੁੰਨ-ਦਾਨ ਲਈ ਮਜਬੂਰ

ਕੀਤਾ।)

(30-37-2/2) : ਜੋ ਆਦਮੀ ਅੱਗੇ ਜਾ ਕੇ ਇਕ ਭਿਆਨਕ ਨਦੀ ਵੈਤਰਨੀ ਨਦੀ ਦੇ ਕਸ਼ਟ ਸਹਿੰਦਾ ਹੈ, ਉਸ ਦਾ ਕਾਰਨ ਬ੍ਰਾਹਮਣ ਇਉਂ ਦੱਸਦੇ ਹਨ "ਨਾ ਬ੍ਰਾਹਮਣ ਦੀ ਪੂਜਾ ਕੀਤੀ, ਨਾ ਗੰਗਾ ਇਸ਼ਨਾਨ ਕੀਤਾ, ਨਾ ਸਾਧੂਆਂ ਦੀ ਸੇਵਾ ਕੀਤੀ, ਨਾ ਪਰਉਪਕਾਰ ਕੀਤਾ, ਨਾ ਗਊ ਬ੍ਰਾਹਮਣ ਦੇ ਅਹਾਰ ਲਈ ਕੁਝ ਭੇਟ ਕੀਤਾ। ਇਸ ਲਈ ਹੀ ਸਰੀਰ (ਮਰਕੇ) ਆਪਣੇ ਮਾੜੇ ਕਰਮਾਂ ਦਾ ਫਲ ਭੋਗਦਾ ਹੈ ।"

(ਇਉਂ ਬ੍ਰਾਹਮਣਾਂ ਨੇ ਚਲਾਕੀ ਨਾਲ ਲੋਕਾਂ ਨੂੰ ਉਪਰੋਕਤ ਕੰਮ ਲਈ ਉਕਸਾ ਲਿਆ ।)

ਬ੍ਰਾਹਮਣਾਂ ਨੂੰ ਮਾਰਨ ਵਾਲੇ, ਗਊਆਂ ਨੂੰ ਮਾਰਨ ਵਾਲੇ, ਬਾਲਕਾਂ ਨੂੰ ਮਾਰਨ ਵਾਲੇ, ਗੁੜ, ਚੀਨੀ, ਸ਼ਹਿਦ, ਮਠਿਆਈ, ਘਿਉ, ਦੁੱਧ ਵੇਚਣ ਵਾਲੇ ਬ੍ਰਾਹਮਣ, ਉਹ ਜੋ ਸ਼ੂਦਰ ਨੂੰ ਵੇਦ ਦੇ ਅੱਖਰ ਪੜ੍ਹਾਉਂਦਾ ਹੈ । ਸ਼ੂਦਰ, ਜੋ ਕਪਲਾ ਗਊ ਦਾ ਦੁੱਧ ਪੀਂਦਾ ਹੈ, ਜਨੇਊ ਧਾਰਨ ਕਰਦਾ ਹੈ ਜਾਂ ਬ੍ਰਾਹਮਣੀ ਦਾ ਪਤੀ ਬਣਦਾ ਹੈ, ਉਹ ਯਕੀਨਨ ਨਰਕ ਨੂੰ ਜਾਂਦੇ ਹਨ । ਆਸ਼ਾ ਲੈ ਕੇ ਘਰ ਆਏ ਬ੍ਰਾਹਮਣ ਨੂੰ ਜੋ ਭੋਜਨ ਨਹੀਂ ਦਿੰਦੇ, ਉਹ ਵੀ ਯਕੀਨਨ ਨਰਕਾਂ ਨੂੰ ਹੀ ਜਾਂਦੇ ਹਨ ।

(38-38/5) : ਛਲ ਕਪਟ ਨਾਲ ਖਾਧਾ ਬ੍ਰਾਹਮਣ ਦਾ ਧਨ ਸੱਤ ਪੀੜ੍ਹੀਆਂ ਤੱਕ ਜਲਾਉਂਦਾ ਹੈ । ਲੋਹੇ ਅਤੇ ਪੱਥਰ ਦੇ ਚੂਰਨ ਅਤੇ ਜ਼ਹਿਰ ਨੂੰ ਤਾਂ ਆਦਮੀ ਪਚਾ ਸਕਦਾ ਹੈ ਪਰ ਬ੍ਰਾਹਮਣ ਦੇ ਧਨ ਨੂੰ ਤਿੰਨ ਲੋਕਾਂ ਵਿੱਚ ਕੌਣ ਪਚਾ ਸਕਦਾ ਹੈ ?

(48/5) :ਬ੍ਰਾਹਮਣ ਨੂੰ ਜੀਵਨ ਅਹਾਰ ਲਈ ਇਕ ਲੱਖ ਗਊਆਂ ਦਾਨ ਦੇਣ ਨਾਲ ਪੁੰਨ ਹੁੰਦਾ ਹੈ । ਬ੍ਰਾਹਮਣ ਦਾ ਅਹਾਰ ਲੈਣ ਨਾਲ ਕੁੱਤੇ ਅਤੇ ਬਾਂਦਰ ਦੀ ਜੂਨੀ ਪ੍ਰਾਪਤ ਹੁੰਦੀ ਹੈ ।

(51-53/8) : ਜੋ ਆਦਮੀ ਪਿਆਰ ਨਾਲ ਜ਼ਮੀਨ ਬ੍ਰਾਹਮਣ ਨੂੰ ਦਾਨ ਕਰਦਾ ਹੈ, ਉਹ ਸੁਰਾਂ ਅਤੇ ਅਸੁਰਾਂ ਵਿੱਚ ਪੂਜਣ ਯੋਗ ਹੋ ਕੇ ਚੰਦਰ ਲੋਕ ਨੂੰ ਜਾਂਦਾ ਹੈ ।

* ਜੋ ਰਾਜਾ ਹੋ ਕੇ ਬ੍ਰਾਹਮਣ ਨੂੰ ਭੂਮੀ ਦਾਨ ਨਹੀਂ ਕਰਦਾ, ਉਹ ਸੰਸਾਰ ਵਿੱਚ ਦੂਜੇ ਜਨਮ ਵਿੱਚ ਇਕ ਪਿੰਡ ਵਿੱਚ ਕੁਟੀਆ ਵੀ ਨਹੀਂ ਪਾ ਸਕਦਾ ।

(117-118/8) : ਜੋ ਲੋਭ ਕਾਰਨ ਦਾਨ ਨਹੀਂ ਕਰਦਾ, ਹੇ ਗਰੁੜ, ਉਹ ਕ੍ਰਿਪਨ ਪਾਪੀ ਮਰਨ ਉਪਰੰਤ ਪਛਤਾਉਂਦਾ ਹੈ । ਜੋ ਭਾਈ, ਪੁੱਤਰ, ਪੋਤਰੇ, ਸੰਗੋਤਰੇ ਅਤੇ ਮਿੱਤਰ ਦੀ ਮਿਰਤੂ ਦੇ ਸਮੇਂ ਦਾਨ ਨਹੀਂ ਕਰਦੇ, ਉਹ ਬਿਨਾਂ ਸ਼ੱਕ ਦੇ ਬ੍ਰਾਹਮਣ ਹਤਿਆਰੇ ਹਨ ।

(35-35/10) : ਪਤੀ ਦੇ ਮਰਨ 'ਤੇ ਜਦੋਂ ਤੀਕ ਇਸਤਰੀ ਆਪਣੀ ਦੇਹ ਨੂੰ ਨਹੀਂ ਜਲਾ ਦਿੰਦੀ, ਉਸ ਨੂੰ ਹਰ ਜਨਮ ਵਿੱਚ ਇਸਤਰੀ ਦਾ ਸਰੀਰ ਧਾਰਨ ਕਰਨਾ ਪੈਂਦਾ ਹੈ । ਇਸ ਲਈ ਸਾਰੇ ਯਤਨਾਂ ਨਾਲ ਮਨ, ਬਚਨ ਅਤੇ ਕਰਮਾਂ ਨਾਲ ਆਪਣੇ ਜੀਵਤ ਪਤੀ ਦੀ ਸੇਵਾ ਕਰੇ ਅਤੇ ਮਰਨ 'ਤੇ ਉਸਦੇ ਨਾਲ ਜਾਏ । ਪਤੀ ਦੇ ਮਰਨ ਨਾਲ ਹੀ ਜੋ ਨਾਰੀ ਅਗਨੀ ਵਿੱਚ ਪ੍ਰਵੇਸ਼ ਕਰਦੀ ਹੈ, ਉਹ ਸੁਰਗ ਲੋਕ ਵਿੱਚ ਅਨੰਦ ਮਾਣਦੀ ਹੈ ਅਤੇ ਪਤੀ ਦੇ ਨਾਲ ਰਹਿੰਦੀ ਹੈ । ਸੁੰਦਰ ਅਪਸਰਾਵਾਂ ਉਸ ਦੀ ਉਸਤਤੀ ਕਰਦੀਆਂ ਹਨ । (ਸਤੀ ਰਸਮ ਬ੍ਰਾਹਮਣੀ ਧਰਮ ਦਾ ਪੱਕਾ ਅੰਗ ਹੈ ।)

(35-55/10) : ਜੋ ਵਿਧਵਾ ਛਿਣ ਭਰ ਦੇ ਸਰੀਰਕ ਦੁਖ ਤੋਂ ਡਰ ਕੇ ਅਜਿਹੇ ਸੁੱਖ ਨੂੰ ਛੱਡ ਦਿੰਦੀ ਹੈ, ਉਹ ਮੂਰਖ ਜਨਮ ਭਰ ਬਿਰਹਾ ਦੀ ਅੱਗ ਵਿੱਚ ਜਲਦੀ ਰਹਿੰਦੀ ਹੈ । ਇਸ ਲਈ ਪਤੀ ਨੂੰ ਸ਼ਿਵ ਜਾਣ ਕੇ ਇਸਤਰੀ ਉਸ ਦੇ ਨਾਲ ਸਰੀਰ ਜਲਾ ਦੇਵੇ ।

(6-15-12) : ਹੇ ਗਰੁੜ, ਪਿਤਰਾਂ ਨੂੰ ਤਾਰਨ ਲਈ ਗਊ ਦਾਨ ਦਿਉ ।

(16-17/22) : ਬ੍ਰਾਹਮਣ ਦੇ ਚਰਨ ਧੋ ਕੇ, ਬਸਤਰ ਆਦਿ ਨਾਲ ਪੂਜਾ ਕਰੋ ਅਤੇ ਲੱਡੂ, ਮਾਲ ਪੂੜੇ ਆਦਿ ਸ਼ੁਧ ਅੰਨ ਅਤੇ ਦੁੱਧ ਨਾਲ ਉਸ ਨੂੰ ਤ੍ਰਿਪਤ ਕਰੋ ।

(77-78/12) : ਵਿੱਤ ਅਨੁਸਾਰ ਗਊ ਅਤੇ ਸੋਨੇ ਦਾ ਨਾਗ ਬਣਾ ਕੇ ਬ੍ਰਾਹਮਣ ਨੂੰ ਦਾਨ ਕਰੋ ਅਤੇ ਹੱਥ ਜੋੜ ਕੇ ਕਹੋ ਹੇ ਨਾਗ ਪ੍ਰਸੰਨ ਹੋਵੋ । ਇਸ ਤਰ੍ਹਾਂ ਉਹ ਸਵਰਗ ਪ੍ਰਾਪਤ ਕਰਦੇ ਹਨ ਅਤੇ ਸਾਰੇ ਪਾਪਾਂ ਤੋਂ ਛੁਟਕਾਰਾ ਪਾ ਲੈਂਦੇ ਹਨ ।

* (3-35) : ਬ੍ਰਾਹਮਣ ਨੂੰ ਮਾਰਨ ਵਾਲਾ ਕਸ਼ੲ ਰੋਗ ਨਾਲ ਪੀੜਤ ਹੁੰਦਾ ਹੈ । ਗਊ ਬ੍ਰਾਹਮਣ ਨੂੰ ਲੱਤ

ਮਾਰਨ ਵਾਲਾ ਪਿੰਗਲਾ ਹੁੰਦਾ ਹੈ ।

* ਜੋ ਸ਼ੂਦਰਾਂ ਦੇ ਯੱਗ ਕਰਦੇ ਹਨ, ਉਹ ਪਿੰਡ ਦੇ ਸੂਅਰ ਬਣਦੇ ਹਨ ।

* ਤੀਰਥ ਕਰਨ ਵਾਲੇ ਯਾਤਰੀਆਂ ਨੂੰ ਲੁੱਟਣ ਵਾਲਾ, ਕਸਾਈ ਦੇ ਘਰ ਬੱਕਰਾ ਬਣਦਾ ਹੈ ।

* ਗੁਰੂ ਨੂੰ ਜਵਾਬ ਦੇਣ ਵਾਲਾ ਅਤੇ ਵਾਦ-ਵਿਵਾਦ ਕਰਕੇ ਬ੍ਰਾਹਮਣਾਂ ਨੂੰ ਜਿੱਤਣ ਵਾਲਾ ਸੁਰ ਰਾਖਸ਼ ਬਣਦਾ ਹੈ ।

* ਬ੍ਰਾਹਮਣ ਹੱਤਿਆ ਕਰਨ ਵਾਲਾ ਆਦਮੀ ਗਧਾ, ਊਠ, ਮੱਝ ਆਦਿ ਦੀ ਜੂਨੀ ਪੈਂਦਾ ਹੈ ।

(56/13): ਅਨੇਕ ਪ੍ਰਕਾਰ ਦੇ ਸੁੰਦਰ ਮਿੱਠੇ ਪਕਵਾਨਾ ਨਾਲ ਬ੍ਰਾਹਮਣ ਨੂੰ ਭੋਜਨ ਕਰਵਾਓ ਅਤੇ ਉਨ੍ਹਾਂ ਨੂੰ ਦੱਖਣਾ ਦੇ ਨਾਲ ਜਲ ਅਤੇ ਅੰਨ ਨਾਲ ਭਰੇ 12 ਘੜੇ ਦਾਨ ਕਰੋ ।

(110-113/13) : ਗਯਾ-ਸਰਾਧ ਕਰਨ ਨਾਲ ਪਿਤਰ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ । ਕੁਲ ਨੂੰ ਆਨੰਦ ਦੇਣ ਵਾਲੇ ਜੋ ਗਯਾ 'ਚ ਜਾ ਕੇ ਪਿੰਡਦਾਨ ਕਰਦੇ ਹਨ, ਉਹ ਪਿਤਰਾਂ ਨੂੰ ਸੰਤੁਸ਼ਟ ਕਰਨ ਵਾਲੇ ਹੁੰਦੇ ਹਨ । ਉਨ੍ਹਾਂ ਦਾ ਜਨਮ ਸਫਲ ਹੈ ।

(ਰਾਮ ਚਰਿਤ ਮਾਨਸ (ਤੁਲਸੀ ਦਾਸ) ਬਾਲ ਕਾਂਡ 149-1) :ਭਗਵਾਨ ਦੁਆਰਾ ਮਾਰੇ ਜਾਣ 'ਤੇ ਵੀ ਉਹ ਮੁਕਤ ਨਹੀਂ ਹੋਇਆ, ਕਿਉਂਕਿ ਬ੍ਰਾਹਮਣ ਨੇ ਉਸ ਨੂੰ ਤਿੰਨ ਜਨਮ ਤੱਕ ਸਰਾਪ ਦਿੱਤਾ ਹੈ ।

ਬਾਲ ਕਾਂਡ (182-2) : ਇਕ ਵਾਰ ਬ੍ਰਾਹਮਣ ਨਾਰਦ ਨੇ ਖੁਦ ਭਗਵਾਨ ਨੂੰ ਸਰਾਪ ਦੇ ਦਿੱਤਾ । ਇਸ ਲਈ ਇਕ ਜਨਮ ਗਹਿਣ ਕਰਨਾ ਪਿਆ ।

ਬਾਲ ਕਾਂਡ (165-3) :ਬ੍ਰਾਹਮਣ ਅਤੇ ਗੁਰੂ ਦੇ ਕਰੋਧ ਤੋਂ ਕੌਣ ਰੱਖਿਆ ਕਰ ਸਕਦਾ ਹੈ ?

(ਗਰੁੜ ਪੁਰਾਣ) : ਮ੍ਰਿਤਕ ਜੀਵ ਆਪਣੇ ਦੁਸ਼ਕਰਮਾਂ ਕਰਕੇ ਨਰਕਾਂ 'ਚ ਜਾਂਦਾ ਹੈ, ਪਰ ਉਥੇ ਉਸ ਨੂੰ ਅੰਨ, ਪਾਣੀ, ਕੱਪੜਾ, ਜੁੱਤੀ ਅਤੇ ਛੱਤਰੀ ਆਦਿ ਸਮਾਨ ਪਿਛਲੇ ਕੁਟੰਬੀਆਂ ਦਾ ਦਿੱਤਾ ਬ੍ਰਾਹਮਣ ਰਾਹੀਂ ਪੁੱਜਦਾ ਹੈ । ਨਾ ਕੇਵਲ ਨਰਕ ਵਿੱਚ ਸਗੋਂ ਸੁਰਗ ਵੀ ਹਰ ਵਸਤੂ ਬ੍ਰਾਹਮਣਾਂ ਰਾਹੀਂ ਪੁਜਦੀ ਹੈ ।

ਗ੍ਰੰਥਾਂ ਵਿੱਚ ਕ੍ਰਿਸ਼ਨ ਲੀਲਾਵਾਂ

* ਕ੍ਰਿਸ਼ਨ (ਗੀਤਾ ਅਧਿ : 7/4-5-6) : ਮੈਂ ਅਬਿਨਾਸ਼ੀ ਸਰੂਪ ਅਜਨਮ ਅਤੇ ਸਭ ਪ੍ਰਾਣੀਆਂ ਦਾ ਈਸ਼ਵਰ ਹੋਣ 'ਤੇ ਵੀ ਆਪਣੀ ਪ੍ਰਕਿਰਤੀ ਦਾ ਆਸਰਾ ਲੈ ਕੇ ਆਪਣੀ ਮਾਇਆ ਦੁਆਰਾ ਉਤਪੰਨ ਹੁੰਦਾ ਹਾਂ । (ਏਸੇ ਗੀਤਾ ਵਿੱਚ ਕ੍ਰਿਸ਼ਨ ਆਪਣੇ ਆਪ ਨੂੰ ਯਾਦਵ ਜਾਤ ਦੇ ਵਾਸੁਦੇਵ ਦਾ ਲੜਕਾ ਦੱਸਦਾ ਹੈ, ਜਿਸ ਨੂੰ ਇਕ ਭੀਲ ਬਹੇਲੀਆ ਨੇ ਤੀਰ ਮਾਰ ਕੇ ਮਾਰ ਦਿੱਤਾ ਸੀ ।)

ਪ੍ਰਿਥਵੀ, ਜਲ, ਅਗਨੀ, ਵਾਯੂ, ਅਕਾਸ਼ ਮਨ, ਬੁੱਧੀ ਤਥਾ ਹੰਕਾਰ ਇਹ ਮੇਰੀ ਅਸ਼ਟਧਾ-ਅਧਮ (ਜੜ੍ਹ) ਅਤੇ ਮਸ (ਚੇਤਨ) ਪ੍ਰਕਿਰਤੀ ਹੈ, ਜਿਸ ਤੋਂ ਇਹ ਸਾਰਾ ਜਗ ਉਤਪੰਨ ਹੋਇਆ ਹੈ ।

* ਬ੍ਰਹਮ ਵੈਵਰਤ ਪੁਰਾਣ (ਬ੍ਰਹਮ ਪਰਵ ਅਧਿ : 5 ਅਤੇ 49 ਸਲੋਕ 25,26,39,41,49) : ਰਾਧਾ ਦਾ ਵਿਆਹ ਰਾਇਣ ਨਾਂ ਦੇ ਵੈਸ਼ ਨਾਲ ਕੀਤਾ ਗਿਆ । ਕ੍ਰਿਸ਼ਨ ਦੀ ਮਾਂ ਯਸ਼ੋਧਾ ਦਾ ਰਾਇਣ ਸਕਾ ਭਰਾ ਸੀ । (ਇੰਜ ਰਾਧਾ ਕ੍ਰਿਸ਼ਨ ਦੀ ਸਕੀ ਮਾਮੀ ਸੀ ।)

ਬ੍ਰਹਮ ਵੈਵਰਤ ਪੁਰਾਣ (ਅਧਿ : 72 ਸਲੋਕ 53-64) : ਕ੍ਰਿਸ਼ਨ ਬੋਲੇ "ਹੇ ਭਾਗਸ਼ਾਲੀ ਨੀਂਦ ਛੱਡ ਦੇਹ । ਮੈਨੂੰ ਸ਼ਿੰਗਾਰ ਦਾਨ ਕਰ । ਪ੍ਰਥਮ ਜਨਮ ਵਿੱਚ ਤੂੰ ਰਾਵਣ ਦੀ ਭੈਣਸਰੂਪਨਖਾ ਸੀ । ਹੇ ਪਿਆਰੀ, ਜਦੋਂ ਮੈਂ ਰਾਮ ਜਨਮ ਲਿਆ ਸੀ ਤਾਂ ਤੂੰ ਮੇਰੇ ਲਈ ਤਪੱਸਿਆ ਕੀਤੀ ਸੀ । ਹੁਣ ਅਨੰਦ ਦਾ ਇਕ ਭੋਗ ਕਰਕੇ, ਮੇਰੇ ਧਾਮ ਨੂੰ ਜਾਓ ।" ਇਹ ਕਹਿ ਕੇ ਕ੍ਰਿਸ਼ਨ ਨੇ ਉਸ ਨੂੰ ਛਾਤੀ 'ਤੇ ਪਾ ਲਿਆ । ਉਸ ਨੇ ਕੁਬਜ਼ਾ ਨੂੰ ਨੰਗਾ ਕਰਕੇ ਉਸ ਨਾਲ ਸੰਭੋਗ ਕੀਤਾ ਅਤੇ ਉਸ ਕਾਮਣੀ ਦੇ ਚੁੰਮਣ ਲਏ । ਉਸ ਕੁਬਜ਼ਾਂ ਨੇ ਮੁਸਕਰਾਉਂਦੇ ਹੋਏ ਅਤੇ ਸੰਗਮ ਨਾਲ ਸ਼ਰਮਾਉਂਦੇ ਹੋਏ ਕ੍ਰਿਸ਼ਨ ਦੀ ਗੱਲ੍ਹ ਚੁੰਮ ਲਈ ਅਤੇ ਲੱਛਮੀ ਵਾਂਗ ਉਸ ਨੂੰ ਬਾਹਾਂ 'ਚ ਘੁੱਟ ਲਿਆ । ਕੁਬਜ਼ਾਂ ਅਤੇ ਕ੍ਰਿਸ਼ਨ ਦੋਨੋਂ ਹੀ ਭੋਗ ਕਰਨ ਵਿੱਚ ਮਾਹਰ ਸਨ । ਉਨ੍ਹਾਂ ਦਾ ਇਹ ਮਿਲਣ ਸਮਾਪਤ ਨਹੀਂ ਹੋ ਰਿਹਾ ਸੀ । ਅਨੇਕ ਪ੍ਰਕਾਰ ਦਾ ਮਿਲਣ ਹੋਇਆ । ਭਗਵਾਨ ਕ੍ਰਿਸ਼ਨ ਨੇ ਆਪਣੇ ਤਿੱਖੇ ਨੌਹਾਂ ਨਾਲ ਉਸ ਦੀਆਂ ਛਾਤੀਆਂ ਅਤੇ ਦੋਹਾਂ ਪੱਟਾਂ ਨੂੰ ਘਾਇਲ ਕਰ ਦਿੱਤਾ ਅਤੇ ਦੰਦਾਂ ਨਾਲ ਸੁੰਦਰ ਹੋਠਾਂ ਨੂੰ ਕੱਟ ਲਿਆ । ਉਸ ਨੇ ਰਾਤ ਸਮਾਪਤ ਹੋਣ 'ਤੇ ਕੁਬਜ਼ਾਂ ਅੰਦਰ ਵੀਰਜ-ਦਾਨ ਕੀਤਾ ।

ਸੁਖਦਾਇਕ ਸੰਭੋਗ ਕਾਰਨ, ਉਹ ਸੁੰਦਰੀ ਬੇਹੋਸ਼ ਹੋ ਗਈ ਅਤੇ ਕ੍ਰਿਸ਼ਨ ਦੀ ਛਾਤੀ 'ਤੇ ਪਏ-ਪਏ ਹੀ ਉਸ ਨੂੰ ਨੀਂਦ ਆ ਗਈ। ਭਗਵਾਨ ਕ੍ਰਿਸ਼ਨ ਵੀ ਉਥੋਂ ਥੋੜ੍ਹੀ ਦੇਰ ਠਹਿਰ ਕੇ ਆਪਣੇ ਘਰ ਗਏ, ਜਿੱਥੇ ਨੰਦ ਠਹਿਰੇ ਹੋਏ ਸਨ।

ਭਗਵਤ ਗੀਤਾ (ਸਕੰਧ 10 ਅਧਿ : 42) : ਕ੍ਰਿਸ਼ਨ ਜਾ ਰਹੇ ਸਨ ਕਿ ਉਸ ਨੇ ਇਕ ਸੁੰਦਰ ਚਿਹਰੇ ਵਾਲੀ ਕੁਬੜੀ ਮੁਟਿਆਰ ਨੂੰ ਅੰਗ ਵਲੇਪ (ਚੰਦਨ ਲੇਪ) ਦਾ ਬਰਤਨ ਲੈ ਕੇ ਜਾਂਦੇ ਹੋਏ ਵੇਖਿਆ। ਰਸੀਏ ਕ੍ਰਿਸ਼ਨ ਨੇ ਹਸਦੇ ਹੋਏ ਉਸ ਰਾਹਗੀਰ ਨੂੰ ਪੁੱਛਿਆ, "ਹੇ ਸੁੰਦਰ ਜੰਘਾਂ (ਲੱਤਾਂ) ਵਾਲੀ, ਤੂੰ ਕੌਣ ਹੈ ? ਹੇ ਸੋਹਣੇ ਅੰਗਾਂ ਵਾਲੀ ! ਇਹ ਲੇਪ ਕਿਸ ਦਾ ਹੈ। ਮੈਨੂੰ ਠੀਕ-ਠੀਕ ਦੱਸ।

ਵਿਸ਼ਨੂੰ ਪੁਰਾਣ (ਅੰਸ਼ 5 ਅਧਿ :13-59) : ਉਹ ਪਿਆਰ ਰੱਤੀਆਂ ਗੋਪੀਆਂ ਆਪਣੇ ਪਤੀਆਂ, ਪਿਤਾਵਾਂ ਅਤੇ ਭਰਾਵਾਂ ਦੇ ਰੋਕਣ 'ਤੇ ਵੀ ਰਾਤ ਨੂੰ ਕ੍ਰਿਸ਼ਨ ਦੇ ਸੰਗ ਜਾਂਦੀਆਂ ਸਨ। ਘੁੰਮਦੀਆਂ ਸਨ।

ਭਗਵਤ ਗੀਤਾ (ਸਕੰਧ 10 ਅ-29) : ਘਰ ਵਾਲਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਗੋਪੀਆਂ ਕ੍ਰਿਸ਼ਨ ਨੂੰ ਮਿਲਣ ਗਈਆਂ। ਜੋ ਘਰਾਂ ਤੋਂ ਨਿਕਲ ਨਹੀਂ ਸਕੀਆਂ, ਉਨ੍ਹਾਂ ਕ੍ਰਿਸ਼ਨ ਦੇ ਅਲਿੰਗਨ ਦੇ ਧਿਆਨ ਵਿੱਚ ਹੀ ਪ੍ਰਾਣ ਤਿਆਗ ਦਿੱਤੇ।

ਭਗਵਤ ਗੀਤਾ (ਸਕੰਧ 10ਅ-29) : ਕ੍ਰਿਸ਼ਨ ਨੇ ਗੋਪੀਆਂ ਸੰਗ, ਠੰਢੀ ਰੇਤ ਵਾਲੀ ਨਦੀ ਪੁਲਨ 'ਤੇ ਪਹੁੰਚ ਕੇ ਰਮਣ ਕੀਤਾ। ਉਹ ਸਥਾਨ ਚੰਚਲ ਅਤੇ ਸੁਗੰਧਤ ਹਵਾ ਨਾਲ ਅਨੰਦਦਾਇਕ ਹੋ ਰਿਹਾ ਸੀ। ਬਾਹਾਂ ਫੈਲਾਉਣਾ, ਅਲਿੰਗਨ ਕਰਨਾ, ਗੋਪੀਆਂ ਦੇ ਹੱਥ ਖਿੱਚਣਾ, ਦਬਾਉਣਾ, ਵਾਲਾਂ ਨੂੰ ਖਿੱਚਣਾ, ਲੱਤਾਂ 'ਤੇ ਹੱਥ ਫੇਰਨਾ, ਨਾਲੇ ਅਤੇ ਸਤੱਨਾਂ 'ਤੇ ਹੱਥ ਫੇਰਨਾ, ਛੂਹਣਾ, ਨਰਮ ਅੰਗਾਂ ਨੂੰ ਨੌਹਾਂ ਨਾਲ ਨੋਚਨਾ, ਤਿਰਛੀ ਨਜ਼ਰ ਵੇਖਣਾ, ਹਾਸਾ-ਮਜ਼ਾਕ ਕਰਨਾ ਆਦਿ ਕਿਰਿਆਵਾਂ ਕਰਦੇ ਹੋਏ ਕ੍ਰਿਸ਼ਨ ਨੇ ਗੋਪੀਆਂ ਦੀ ਕਾਮਵਾਸ਼ਨਾ ਜਗਾਉਂਦੇ ਹੋਏ ਰਮਨ ਕੀਤਾ।

ਬ੍ਰਹਮ ਵੈਵਰਤ ਪੁਰਾਣ (ਕ੍ਰਿਸ਼ਨ ਜਨਮ ਖੰਡ 4ਅ-28) : ਇਕ ਵਾਰ ਕ੍ਰਿਸ਼ਨ ਰਾਤ ਨੂੰ ਬਰਿੰਦਾਵਣ ਵਿੱਚ ਗਏ ਜਿੱਥੇ ਉਸ ਨੇ ਕੌਤਕ ਪੂਰਨ ਮਨ ਨੂੰ ਮੋਹਣ ਵਾਲੀ ਬੰਸਰੀ ਵਜਾਈ। ਇਹ ਮੁਰਲੀ ਕਾਮਣੀ ਗੋਪੀਆਂ ਅੰਦਰ ਕਾਮਵਾਸਨਾ ਉਤੇਜਿਤ ਕਰਨ ਵਾਲੀ ਸੀ। ਗੋਪੀਆਂ ਇਹ ਸੁਣ ਕੇ ਬਣ ਵਿੱਚ ਆ ਗਈਆਂ। ਰਸੀਏ ਕ੍ਰਿਸ਼ਨ ਨੇ ਗੋਪੀਆਂ ਦੇ ਅੱਠ ਪ੍ਰਕਾਰ ਦੇ ਉਤਮ ਚੁੰਮਣ ਲਏ, ਜੋ ਕਾਮ ਸ਼ਾਸਤਰ ਵਿੱਚ ਵੀ ਵਰਨਣ ਨਹੀਂ ਹਨ। ਇਹ ਚੁੰਮਣ ਗੋਪੀਆਂ ਦਾ ਮਨ ਹਰਨ ਵਾਲੇ ਸਨ। ਕਾਮਵਾਸਨਾ ਨਾਲ ਭਰੇ ਕ੍ਰਿਸ਼ਨ ਨੇ ਆਪਣੇ ਅੰਗਾਂ ਨਾਲ ਗੋਪੀਆਂ ਦੇ ਅੰਗ ਅਤੇ ਪ੍ਰਤੀ ਅੰਗਾਂ ਸਾਥ ਪ੍ਰਤੀ ਅੰਗ ਮਿਲਾ ਕੇ ਉਨ੍ਹਾਂ ਕਾਮਣੀਆਂ ਨਾਲ ਸੁੱਖ ਦੇਣ ਵਾਲਾ ਅਲਿੰਗਨ ਕੀਤਾ। ਇਸ ਤਰ੍ਹਾਂ ਕ੍ਰਿਸ਼ਨ ਨੇ ਆਪਣੀਆਂ ਭਿੰਨ-ਭਿੰਨ ਮੂਰਤੀਆਂ ਬਣਾ ਕੇ ਗੋਪੀਆਂ ਦੇ ਨਾਲ ਸੁੰਦਰ ਘਰਾਂ ਵਿੱਚ ਅਤੇ ਰਾਸ ਮੰਡਲ ਵਿੱਚ ਰਮਨ ਕੀਤਾ। ਅੰਦਰ ਸੰਭੋਗ ਕਰਕੇ, ਬਾਹਰ ਵੇਖਣ ਲੱਗੇ। ਕਿਸੇ ਕਾਮਗ੍ਰਸਤ ਗੋਪੀ ਨੇ ਕ੍ਰਿਸ਼ਨ ਨੂੰ ਬਲਪੂਰਵਕ ਖਿੱਚ ਲਿਆ। ਹੱਥ 'ਚੋਂ ਬਾਂਸਰੀ ਖੋਹ ਲਈ। ਉਸ ਦਾ ਕੱਪੜਾ ਖਿੱਚ ਲਿਆ। ਕਿਸੇ ਕਾਮ-ਮਤਵਾਲੀ ਨੇ ਕ੍ਰਿਸ਼ਨ ਨੂੰ ਨਰਮ ਕਰਕੇ ਉਸ ਦਾ ਪੀਲਾ ਕਪੜਾ ਲੈ ਲਿਆ ਅਤੇ ਹਸਣ ਲੱਗੀ। ਉਥੇ ਸੰਭੋਗ ਦੀ ਬਹੁਲਤਾ ਕਾਰਨ, ਸੁੰਦਰ ਸੁਆਦ ਹੋਇਆ। ਉਹ ਸਾਰੀਆਂ ਗੋਪੀਆਂ ਨਵੇਂ ਸੰਭੋਗ ਕਾਰਨ ਮੂਰਛਤ ਹੋ ਗਈਆਂ। ਗੋਪੀਆਂ ਤੇ ਕ੍ਰਿਸ਼ਨ ਨੇ ਇਕ ਦੂਜੇ 'ਤੇ ਨੌਹਾਂ ਅਤੇ ਦੰਦਾਂ ਦਾ ਹਮਲਾ ਕੀਤਾ। ਕ੍ਰਿਸ਼ਨ ਨੇ ਉਨ੍ਹਾਂ ਦੇ ਸਤੱਨਾਂ 'ਤੇ ਨੌਹਾਂ ਦੀ ਚੋਟ ਕੀਤੀ। ਉਨ੍ਹਾਂ ਦੇ ਕਠੋਰ ਨਿਤੰਬਾਂ 'ਤੇ ਵੀ ਨੌਹਾਂ ਨਾਲ ਨਿਸ਼ਾਨ ਪਾ ਦਿੱਤੇ। ਉਨ੍ਹਾਂ ਗੋਪੀਆਂ ਦਾ ਨਾਲਾ ਢਿਲਾ ਹੋ ਗਿਆ। ਵਾਲਾਂ ਦਾ ਜੂੜਾ ਖੁੱਲ੍ਹ ਗਿਆ। ਪੈਰਾਂ ਅਤੇ ਕਮਰ 'ਤੇ ਬੰਨੇ ਛੋਟੇ-ਛੋਟੇ ਘੁੰਗਰੂ ਖਿੱਲਰ ਗਏ। ਉਨ੍ਹਾਂ ਦੇ ਸੁੰਦਰ ਬਸਤਰ ਸਰੀਰ ਨਾਲੋਂ ਅਲੱਗ ਹੋ ਗਏ, ਕਿਉਂਕਿ ਕ੍ਰਿਸ਼ਨ ਨੇ ਨੌਂ ਪ੍ਰਕਾਰ ਦਾ ਸੰਭੋਗ, ਅਲਿੰਗਨ ਅਤੇ ਅੱਠ ਪ੍ਰਕਾਰ ਦਾ ਚੁੰਮਣ ਕੀਤਾ ਸੀ। ਰਸੀਏ ਕ੍ਰਿਸ਼ਨ ਨੇ ਆਪਣੇ ਸਾਰੇ ਅੰਗਾਂ ਨਾਲ ਗੋਪੀਆਂ ਦੇ ਅੰਗ ਮਿਲਾ ਕੇ ਸੋਲਾਂ ਪ੍ਰਕਾਰ ਦਾ ਸੰਭੋਗ ਕੀਤਾ। ਕ੍ਰਿਸ਼ਨ ਨੇ ਜਲ ਥਲ ਵਿੱਚ, ਘਰ ਦੇ ਅੰਦਰ, ਘਰ ਦੇ ਬਾਹਰ ਅਸੀਮਤ ਇਸਤਰੀਆਂ ਨਾਲ 30 ਦਿਨ ਤੇ ਰਾਤਾਂ ਸੰਭੋਗ ਕੀਤਾ। ਫਿਰ ਵੀ ਉਨ੍ਹਾਂ ਦਾ ਕਾਮ ਸ਼ਾਂਤ ਨਾ ਹੋਇਆ।

ਰਾਜ ਸਰਗ (3-47) : ਕ੍ਰਿਸ਼ਨ ਨੇ ਰਾਤ-ਰਾਤ ਭਰ ਜਾਗ ਕੇ ਆਪਣੇ ਸਾਥੀਆਂ ਸਮੇਤ ਆਪਣੇ ਤੋਂ ਅਧਿਕ ਅਵਸਥਾ ਵਾਲੀਆਂ ਤੇ ਮਾਤਾਵਾਂ ਜਿਹੀਆਂ ਲੱਗਣ ਵਾਲੀਆਂ ਗੋਪੀਆਂ ਨਾਲ ਵੀ ਭੋਗ ਕੀਤਾ। ਅਜਿਹਾ

ਕ੍ਰਿਸ਼ਨ ਨੇ ਗੋਪੀਆਂ ਦੀ ਇੱਛਾ ਪੂਰਤੀ ਲਈ ਹੀ ਕੀਤਾ।

(ਉਤਰ ਖੰਡ, ਅਧਿ :2,4,5) : ਅਜਿਹੀਆਂ ਗੋਪੀਆਂ ਕ੍ਰਿਸ਼ਨ ਦੇ ਕਰੋੜਾਂ ਕਾਮਦੇਵਾ ਤੋਂ ਵੀ ਅਧਿਕ ਸੁੰਦਰ ਰੂਪ ਵੇਖਕੇ, ਕਾਮਬਾਣਾਂ ਤੋਂ ਜਾਣੂ ਹੋ ਗਈਆਂ। ਪ੍ਰਾਚੀਨ ਕਾਲ ਵਿੱਚ ਦੰਡਾਕਾਰਣੀਆਂ ਵਾਸੀ ਰਿਸ਼ੀ, ਵਿਸ਼ਨੂੰ ਦੇ ਅਵਤਾਰ ਰਾਮ ਨੂੰ ਵੇਖਕੇ, ਉਸ ਦਾ ਸੁੰਦਰ ਸਰੀਰ ਭੋਗਣ ਦੀ ਇੱਛਾ ਕਰਨ ਲੱਗੇ। ਉਹ ਔਰਤਾਂ ਬਣ ਕੇ ਗੋਕਲ ਵਿੱਚ ਜਨਮੇ ਤੇ ਕਾਮਵਾਸ਼ਨਾਂ ਦੇ ਸਹਾਰੇ ਹੀ ਭਗਵਾਨ (ਕ੍ਰਿਸ਼ਨ) ਨੂੰ ਪਾ ਕੇ ਸੰਸਾਰ ਰੂਪੀ ਸਾਗਰ ਨੂੰ ਪਾਰ ਕਰ ਗਏ।

(ਵਿਲਾਸ ਖੰਡ, ਸਰਗ 5): ਇਕ ਵਾਰ ਦੇਵ-ਪਤਨੀਆਂ (ਬ੍ਰਾਹਮਣ ਔਰਤਾਂ) ਨੂੰ ਪਤਾ ਲੱਗਾ ਕਿ ਸੀਤਾ ਛੂਹਣ ਯੋਗ ਨਹੀਂ ਹੈ। ਭਾਵ ਉਸਨੂੰ ਮਾਹਵਾਰੀ ਹੋਈ ਹੈ। ਉਹਨਾਂ ਨੇ ਆਪਸ ਵਿਚ ਸਲਾਹ ਕੀਤੀ ਅਤੇ ਸੁੰਦਰ ਕਪੜੇ, ਗਹਿਣੇ ਆਦਿ ਨਾਲ ਸੱਜਕੇ ਅੱਧੀ ਰਾਤ ਦੇ ਸਮੇਂ ਰਾਮ ਕੋਲ ਚਲ ਪਈਆਂ। ਉਹ ਰਾਮ ਦੀ ਸੁੰਦਰਤਾ ਨੂੰ ਵੇਖਕੇ ਮਤਵਾਲੀਆਂ ਹੋ ਗਈਆਂ ਸਨ। ਰਾਮ ਉਹਨਾਂ ਦੀ ਇੱਛਾ ਜਾਣ ਕੇ ਬੋਲੇ:-

'ਮੇਰੀ ਗੱਲ ਸੁਣੋ। ਇਸ ਨਾਲ ਤੁਹਾਡਾ ਦੁੱਖ ਦੂਰ ਹੋ ਜਾਵੇਗਾ। ਮੈਂ ਦੁਆਰਕਾ ਵਿਚ ਕ੍ਰਿਸ਼ਨ ਦਾ ਰੂਪ ਧਾਰ ਕੇ ਗੋਪਾਂ ਦੇ ਸਵਾਮੀ ਨੰਦ ਦੇ ਦੁਆਰ ਪਾਲ ਬ੍ਰਜ 'ਚ ਜਨਮ ਲਵਾਂਗਾ। ਉਸ ਸਮੇਂ ਸਾਰੇ ਦੇਵਤਾ ਮੇਰੇ ਵਰਦਾਨ ਨਾਲ ਗੋਪਾਲ ਬਣ ਜਾਣਗੇ। ਉਸ ਸਮੇਂ ਉੱਥੇ ਇੰਦਰ ਨੰਦ ਬਣਨਗੇ। ਉਸ ਸਮੇਂ ਤੁਸੀਂ ਸਭ ਨੇ ਬ੍ਰਜ ਵਿਚ ਗੋਪੀਆਂ ਬਣ ਜਾਣਾ। ਉਸ ਸਮੇਂ ਤੁਹਾਡੀ ਸੰਭੋਗ ਇੱਛਾ ਭਲੀ ਪ੍ਰਕਾਰ ਪੂਰੀ ਕਰੂੰਗਾ। ਤੁਹਾਡੇ ਨਾਲ ਰਾਸਲੀਲਾ ਕਰੂੰਗਾ। ਇਸ ਵਿਚ ਕੋਈ ਸ਼ੱਕ ਨਹੀਂ ਹੈ। ਇਹ ਵਿਹਾਰ ਬਿੰਦਰਾਵਣ ਵਿਚ ਯਮਨਾ ਦੀ ਬਾਲੂ (ਰੇਤ) 'ਤੇ ਰਾਤ ਦੇ ਸਮੇਂ ਬਹੁਤ ਦੇਰ ਤਕ ਚਲੇਗਾ। ਹੁਣ ਤੁਸੀਂ ਆਪਣਾ ਮਨ ਸ਼ਾਂਤ ਕਰੋ ਅਤੇ ਅਨੰਦ ਪੂਰਵਕ ਆਪਣੇ ਘਰਾਂ ਨੂੰ ਜਾਓ।

ਬ੍ਰਹਮ ਵੈਵਰਤ ਪੁਰਾਣ (ਅਧਿ: 5 49 ਸਲੋਕ 25, 26, 39, 41, 49) : ਰਾਧਾ ਦਾ ਵਿਆਹ ਰਾਇਣ ਨਾਂ ਦੇ ਵੈਸ਼ ਨਾਲ ਕੀਤਾ ਗਿਆ। ਰਾਇਣ ਕ੍ਰਿਸ਼ਨ ਦੀ ਮਾਂ ਦਾ ਸਕਾ ਭਰਾ ਸੀ ਅਤੇ ਰਾਧਾ ਕ੍ਰਿਸ਼ਨ ਦੀ ਮਾਮੀ ਸੀ।

ਬ੍ਰਹਮ ਵੈਵਰਤ ਪੁਰਾਣ (ਕ੍ਰਿਸ਼ਨ ਜਨਮ, ਖੰਡ ਅਧਿ: 69): ਕ੍ਰਿਸ਼ਨ ਨੇ ਚੌਂਹਠ ਕਲਾਵਾਂ ਅਨੁਸਾਰ ਰਾਧਾ ਨਾਲ ਸੰਭੋਗ ਕੀਤਾ। ਕ੍ਰਿਸ਼ਨ ਰਾਧਾ ਨਾਲ ਰਾਸ ਦੇ ਅਨੰਦ ਲਈ ਉਤਸਕ ਰਹਿੰਦਾ ਸੀ। ਜਖਮਾਂ ਕਾਰਨ ਰਾਧਾ ਦੇ ਨਿਤੰਬ ਤੇ ਸਤੱਨ ਜ਼ਖਮੀ ਹੋ ਗਏ। ਉਸਦਾ ਚੰਦਨ ਅਤੇ ਸੰਧੂਰ ਲਹਿ ਗਿਆ। ਰਾਧਾ ਸੁਖਕਾਰੀ ਸੰਭੋਗ ਵਿਚ ਲੀਨ ਹੋ ਕੇ ਨੰਗੀ ਹੋ ਗਈ ਅਤੇ ਕਸ਼ਟ ਕਾਰਨ ਉਸਨੂੰ ਮੂਰਛਾ ਆ ਗਈ। (ਪੁਲਕ ਦੇ ਕਾਰਨ) ਉਸਦਾ ਸਾਰਾ ਅੰਗ ਭਰ ਗਿਆ। ਰਾਧਾ ਨੂੰ ਨੀਂਦ ਆ ਗਈ।

ਕ੍ਰਿਸ਼ਨ ਖੰਡ 4 ਅਧਿ: 28 (ਸਲੋਕ 62, 64, 65, 72, 73, 76, 94, 100) : ਕ੍ਰਿਸ਼ਨ ਨੇ ਰਾਧਾ ਨੂੰ ਸੀਨੇ 'ਤੇ ਅਲੰਗਨ ਕੀਤਾ ਅਤੇ ਚੁੰਮਿਆ। ਸੁੱਤੀ ਰਾਧਾ ਨੂੰ ਕ੍ਰਿਸ਼ਨ ਦੇ ਛੋਹਣ 'ਤੇ ਹੀ ਹੋਸ਼ ਆ ਗਈ। ਰਾਧਾ ਨੇ ਵੀ ਪ੍ਰਾਣ-ਪਿਆਰੇ ਕ੍ਰਿਸ਼ਨ ਨੂੰ ਆਲਿੰਗਨ ਕਰਕੇ ਚੁੰਮ ਲਿਆ। ਇਸ ਤੋਂ ਬਾਦ ਕਾਮਵਾਸਨਾ ਗ੍ਰਸਤ ਕ੍ਰਿਸ਼ਨ ਰਾਧਾ ਦੇ ਸੰਗ ਸੁੰਦਰ ਸੇਜ 'ਤੇ ਸੌਂ ਗਏ। ਕ੍ਰਿਸ਼ਨ ਨੇ ਵਿਪਰੀਤ 5 ਪ੍ਰਕਰ ਦਾ ਭੋਗ ਕੀਤਾ। ਰਾਧਾ ਤੇ ਕ੍ਰਿਸ਼ਨ ਦੋਵੇਂ ਸੰਭੋਗ ਕਰਨ ਵਿਚ ਮਾਹਰ ਅਤੇ ਕਾਮਸ਼ਾਸ਼ਤਰ ਦੇ ਗਿਆਤਾ ਸਨ। ਇਸ ਲਈ ਦੋਹਾਂ ਦਾ ਸੰਭੋਗ ਰੂਪੀ ਯੁੱਧ ਬੰਦ ਨਹੀਂ ਸੀ ਹੋ ਰਿਹਾ।

ਬ੍ਰਹਮ ਵੈਵਰਤ ਪੁਰਾਣ (ਕ੍ਰਿਸ਼ਨ ਜਨਮ ਖੰਡ ਅਧਿ: 69 (8-10): ਕ੍ਰਿਸ਼ਨ ਨੇ 64 ਕਲਾਵਾਂ (ਆਸਣਾ) ਅਨੁਸਾਰ ਰਾਧਾ ਨਾਲ ਸੰਭੋਗ ਕੀਤਾ। ਉਹ ਰਾਧਾ ਨਾਲ ਰਾਸ-ਅਨੰਦ ਲਈ ਤਤਪਰ ਰਹਿੰਦਾ ਸੀ।

(ਸਕੰਧ 9 ਅਧਿ: 24) : ਕੁੰਤੀ ਨੇ ਦੁਰਵਾਸ਼ਾ ਰਿਸੀ ਨੂੰ ਪ੍ਰਸੰਨ ਕਰਕੇ ਦੇਵਾਹੂਤੀ ਵਿਦਿਆ ਪ੍ਰਾਪਤ ਕੀਤੀ। ਉਸਦੀ ਸ਼ਕਤੀ ਦੀ ਪ੍ਰੀਖਿਆ ਲਈ ਉਸ ਨੇ ਸੂਰਜ ਨੂੰ ਬੁਲਾਇਆ। ਉਸ ਸਮੇਂ ਸੂਰਜ ਪਹੁੰਚ ਗਿਆ। ਹੈਰਾਨ ਹੋ ਕੇ ਕੁੰਤੀ ਬੋਲੀ, "ਮੈਂ ਵਿਸ਼ਵਾਸ ਖਾਤਰ ਵਿਦਿਆ ਦਾ ਪ੍ਰਯੋਗ ਕਰਕੇ ਵੇਖਿਆ ਸੀ। ਤੁਸੀਂ ਜਾਓ ਤੇ ਮੈਨੂੰ ਮੁਆਫ ਕਰੋ।' ਸੂਰਜ ਦੇਵਤਾ ਬੋਲੇ, 'ਮੇਰਾ ਦਰਸ਼ਨ ਵਿਅਰਥ ਨਹੀਂ ਜਾਂਦਾ। ਮੈਂ ਤੇਰੇ ਅੰਦਰ ਪੁੱਤਰ ਪੈਦਾ ਕਰਾਂਗਾ। ਹੇ ਸੁੰਦਰ ਕਮਰ ਵਾਲੀ। ਮੈਂ ਇਸ ਪ੍ਰਕਾਰ ਗਰਭਧਾਨ ਕਰਾਂਗਾ ਕਿ ਤੇਰੀ ਯੋਨ ਦੂਸ਼ਤ ਨਾ ਹੋਵੇ।' ਇਸ ਤੋਂ ਪਿੱਛੋਂ ਅੰਦਰ ਗਰਭਧਾਨ ਕਰਕੇ ਸੂਰਜ ਦੇਵ ਅਕਾਸ਼ ਵਿਚ ਚਲੇ ਗਏ। ਤੁਰੰਤ ਹੀ ਦੂਸਰੇ ਸੂਰਜ ਸਮਾਨ, ਬਾਲਕ ਨੇ ਜਨਮ ਲਿਆ। ਉਸਨੂੰ ਕੁੰਤੀ ਨੇ ਲੋਕ ਲੱਜਾ ਦੇ ਡਰ ਕਾਰਨ ਨਦੀ ਦੇ ਕਿਨਾਰੇ ਤਿਆਗ ਦਿੱਤਾ।

(ਸਕੰਧ 10 ਅਧਿ:2): ਭਗਵਾਨ, ਵਿਸ਼ਨੂੰ ਨੇ ਯੋਗ ਨਿੰਦਰਾ ਨੂੰ ਕਿਹਾ, 'ਮੇਰਾ ਅੰਸ਼ ਸ਼ੇਸ਼ ਨਾਮਕ ਤੇਜ ਇਸ ਸਮੇਂ ਦੇਵਕੀ ਦੇ ਪੇਟ 'ਚ ਗਰਭ ਰੂਪ 'ਚ ਹੈ। ਉਸ ਨੂੰ ਕੱਢ ਕੇ ਰੋਹਣੀ ਦੇ ਪੇਟ ਵਿੱਚ ਰੱਖ ਦਿਓ।

(ਸਕੰਧ 9 ਅਧਿ:23) : ਸਸ਼ ਬਿੰਦੂ ਸ਼ਸਵੀ ਦੇ 1000 ਇਸਤਰੀਆਂ ਸਨ, ਜਿਨ੍ਹਾਂ ਤੋਂ ਉਸਨੇ ਦਸ ਹਜਾਰ ਪੁੱਤਰ ਪੈਦਾ ਕੀਤੇ।

(ਸਕੰਧ 8 ਅਧਿ 24-44): ਰਾਧਾ ਸਤਿਆਵਰਤ ਦੇ ਧਿਆਨ ਕਰਦਿਆਂ ਹੀ ਉਸ ਮਹਾਂਸਾਗਰ ਵਿਚ ਇਕ ਸਿੰਗ ਵਾਲੀ ਸੁਨਹਿਰੀ ਮੱਛੀ ਪੈਦਾ ਹੋਈ। ਉਸਦਾ ਵਿਸਥਾਰ ਚਾਰ ਲੱਖ ਕੋਹਾਂ ਸੀ।

ਕ੍ਰਿਸ਼ਨ

"ਗੀਤਾ ਵਿਚ: ਭਾਗ 10-12 (19), 10-29 (46), (10-23-25-29)

ਮੈਂ ਪ੍ਰਾਣੀਆਂ ਵਿਚ ਆਦਿ, ਮੱਧ ਅਤੇ ਅੰਤ ਹਾਂ। ਮੈਂ ਨਛੱਤਰਾਂ ਵਿਚ ਚੰਦਰਮਾ ਹਾਂ। ਵੇਦਾਂ ਵਿਚ ਸਾਮਵੇਦ ਹਾਂ। ਮੈਂ ਰੁਦਰਾ ਵਿਚ ਸ਼ੁਕਰ ਹਾਂ। ਮੈਂ ਸਥਿਤ ਰਹਿਣ ਵਾਲਿਆਂ ਵਿਚੋਂ ਹਿਮਾਲੀਆ ਪਰਬਤ ਹਾਂ। ਮੈਂ ਰੁੱਖਾਂ ਵਿਚ ਪਿੱਪਲ ਦਾ ਬਿਰਖ ਹਾਂ। ਮੈਂ ਵੇਦ ਰਿਸੀਆਂ ਵਿਚੋਂ ਨਾਰਦ ਹਾਂ। ਮੈਂ ਆਦਮੀਆਂ ਵਿਚ ਰਾਜਾ ਹਾਂ। ਮੈਂ ਸੰਤਨੋਪਤੀ (ਸੰਤਾਨ ਉਤਪਤੀ) ਕਰਨ ਵਾਲਾ ਕਾਮ ਵੇਦ ਹਾਂ। ਮੈਂ ਸ਼ਾਸਕਾਂ ਦਾ ਯਮਰਾਜ ਹਾਂ। ਮੈਂ ਸ਼ਾਸਤਰ-ਧਾਰੀਆਂ ਵਿਚ ਰਾਮ ਹਾਂ। ਮੈਂ ਨਦੀਆਂ ਵਿਚੋਂ ਗੰਗਾ ਨਦੀ ਹਾਂ। ਮੈਂ ਛਲ ਕਰਨ ਵਾਲਿਆਂ ਵਿਚੋਂ ਜੂਆ ਹਾਂ। ਮੈਂ ਪਾਂਡੋਆ ਵਿਚੋਂ ਅਰਜਨ ਹਾਂ।

* ਜਦੋਂ ਗੋਪੀਆਂ ਨੰਗੀਆਂ ਹੋ ਕੇ ਯਮਨਾ ਨਦੀ ਵਿਚ ਇਸ਼ਨਾਨ ਕਰ ਰਹੀਆਂ ਸਨ ਤਾਂ ਕ੍ਰਿਸ਼ਨ ਨੇ ਉਹਨਾਂ ਦੇ ਕੱਪੜੇ ਚੁਰਾ ਲਏ ਤੇ ਦਰਖਤ 'ਤੇ ਚੜ੍ਹ ਬੈਠਾ। ਜਦੋਂ ਉਹਨਾਂ ਨੇ ਪੂਰੀਆਂ ਨੰਗੀਆਂ ਹੋ ਕੇ ਮੁਆਫੀ ਮੰਗੀ ਤਾਂ ਉਹਨਾ ਦੇ ਕੱਪੜੇ ਵਾਪਸ ਕਰ ਦਿੱਤੇ।

* ਭਾਗ 10-29 (46) ਸ੍ਰੀ ਕ੍ਰਿਸ਼ਨ ਬਾਹਾਂ ਫੈਲਾਉਂਦੇ, ਲਿਪਟਦੇ, ਗਲ ਲਗਾਉਂਦੇ ਗੋਪੀਆਂ ਹੱਥ, ਲੱਤਾਂ, ਜੰਘਾ ਨਿਤੰਬਾਂ ਅਤੇ ਸਤੰਨਾਂ ਨੂੰ ਛੋਂਹਦੇ ਹੋਏ, ਹਾਸੀ ਮਜਾਕ ਕਰਦੇ ਹੋਏ ਚੂੰਢੀਆਂ ਵੱਢਦੇ, ਕਟਾਖ ਕਰਦੇ, ਮੰਦ-ਮੰਦ ਮੁਸਕਰਾਉਂਦੇ ਹੋਏ ਤੇ ਗੋਪੀਆਂ ਨੂੰ ਕਾਮ ਉਤੇਜਿਤ ਕਰਦੇ ਹੋਏ, ਉਹਨਾਂ ਦੇ ਸੰਗ ਘੁੰਮਣ ਲੱਗੇ।

(10-33-25) : ਉਹ ਹਥਣੀਆਂ ਦੇ ਝੁੰਡ ਭਾਵ ਗੋਪੀਆਂ ਨੂੰ ਲੈ ਕੇ ਮਸਤਾਨੇ ਹਾਥੀ ਵਾਂਗ ਟਹਿਲਣ ਲੱਗੇ।

(ਸਲੋਕ ਗੁਰੂ ਨਾਨਕ)

ਜਜ ਮਹਿ ਜੋਰ ਛਲੀ ਚੰਦਰਾਵਲ ਕਾਨ੍ਹ ਕ੍ਰਿਸ਼ਨ ਯਾਦਵ ਭਇਆ।

ਪਾਰ-ਜਾਤ ਗੋਪੀ ਲੈ ਆਇਆ। ਬਿੰਦਰਾ ਬਨ ਮੈਂ ਰੰਗ ਕੀਆ।"

ਕ੍ਰਿਸ਼ਨ (ਗੀਤਾ) : ਹੇ ਅਰਜਨ! ਮੇਰੀ ਸ਼ਰਨ ਵਿਚ ਆ ਕੇ ਔਰਤਾਂ, ਵੈਸ਼ ਅਤੇ ਸ਼ੂਦਰ, ਜਿੰਨਾਂ ਦਾ ਜਨਮ ਪਾਪ ਤੋਂ ਹੈ, ਪਰਮਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

(ਗੀਤਾ 3/5): ਆਪਣਾ ਧਰਮ ਗੁਣ-ਹੀਣ ਵੀ ਹੋਵੇ ਤਾਂ ਵੀ ਉਹ ਚੰਗਾ ਹੈ। ਆਪਣਾ ਧਰਮ ਪਾਲਣ ਹਿੱਤ ਮਰ ਜਾਣਾ ਚੰਗਾ ਹੈ।

ਗੀਤਾ (ਅ-19 ਸ਼ਲੋਕ 32) : ਹੇ ਅਰਜਨ ! ਇਸਤਰੀ, ਵੈਸ਼, ਸ਼ੂਦਰ ਅਤੇ ਚੰਡਾਲ ਪਾਪ ਜੋਨੀ ਹੈ। ਉਹ ਮੇਰੀ ਸ਼ਰਨ ਹੋ ਕੇ ਹੀ ਪ੍ਰਮਾਤਮਾ ਨੂੰ ਪ੍ਰਾਪਤ ਕਰਦੇ ਹਨ।

ਗੀਤਾ (4-7, 4/8): ਕ੍ਰਿਸ਼ਨ : "ਹੇ ਭਗਤ, ਜਦੋਂ ਵੀ ਧਰਮ ਦਾ ਪਤਨ ਅਤੇ ਅਧਰਮ ਦਾ ਬੋਲਬਾਲਾ ਹੁੰਦਾ ਹੈ ਤਾਂ ਮੈਂ ਸਾਧੂਆਂ (ਬ੍ਰਾਹਮਣਾਂ) ਦੀ ਰਖਸ਼ਾ ਲਈ ਅਤੇ ਦੁਸ਼ਟਾਂ (ਰਾਖਸ਼ਾਂ, ਦੈਂਤਾ ਦਾ, ਨਵ-ਆਰੀਆ ਭਾਵ ਅਨਾਰੀਆਂ) ਦਾ ਨਾਸ਼ ਕਰਨ ਲਈ ਹਰ ਯੁਗ ਵਿਚ ਜਨਮ ਲੈਂਦਾ ਹਾਂ।

ਗੀਤਾ (ਅ-8 ਸਲੋਕ 44) : ਸੇਵਾ ਕਰਨਾ ਸ਼ੂਦਰ ਦਾ ਸੁਭਾਵਕ ਧਰਮ ਹੈ।

(ਅ-9 ਸਲੋਕ 32) ਔਰਤਾਂ, ਵੈਸ਼, ਸ਼ੂਦਰ ਅਤੇ ਚੰਡਾਲ ਸਭ ਪਾਪ ਦੀ ਜੋਨੀ ਵਿੱਚੋਂ ਹੀ ਪੈਦਾ ਹੋਏ ਹਨ।

ਸ੍ਰੀਮਦ ਭਾਗਵਤ (ਸਕੰਧ 1 ਅ-20/35, 36 , 37, 38, 39) : ਇੰਦਰ ਆਦਿ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਨੇ ਆਪਣੇ ਹੀ ਭਾਈ ਦੀ ਗਰਭਵਤੀ ਔਰਤ ਮਮਤਾ ਨਾਲ ਸੰਭੋਗ ਕੀਤਾ।

ਮਹਾਂਭਾਰਤ (ਆਦਿ ਪਰਵ ਅ-72/7-8-9) : ਮਹਾਂ ਰਿਸ਼ੀਆਂ ਵਿੱਚੋਂ ਸਰੇਸ਼ਠ ਵਿੱਸ਼ਵਾਮਿੱਤਰ ਮੇਨਕਾ ਨਾਮ ਦੀ ਸੁੰਦਰ ਔਰਤ ਨਾਲ ਭੋਗ ਕੀਤਾ, ਜਿਸ ਤੋਂ ਦੁਸ਼ਿਅੰਤ ਵਾਲੀ ਸ਼ਕੁੰਤਲਾ ਪੈਦਾ ਹੋਈ।

ਮਹਾਂਭਾਰਤ (ਆਦਿ ਪਰਵ ਅ-131): ਲਿਖਿਆ ਹੈ ਕਿ ਰਿਸੀ ਭਾਰਦਵਾਜ ਜਦੋਂ ਗੰਗਾ ਇਸ਼ਨਾਨ ਕਰਨ ਗਏ ਧਿਰਤਾ ਦੀਆਂ ਔਰਤ 'ਤੇ ਮੋਹਤ ਹੋ ਗਏ ਅਤੇ ਉਸਦਾ ਵੀਰਜ ਨਿਕਲ ਗਿਆ।

ਸ੍ਰੀਮਦ ਭਾਗਵਤ (ਸਕੰਧ 9 ਅ-22) :-ਮਹਾਂਰਿਸ਼ੀ ਅਤਰੀ ਦੇ ਪੁੱਤਰ ਬਲਵਾਨ ਚੰਦਰ ਨੇ ਆਪਣੇ ਹੀ ਦੇਵ ਗੁਰੂ ਬ੍ਰਿਹਸਪਤੀ ਦੀ ਪਤਨੀ ਤਾਰਾ ਨੂੰ ਹੀ ਜ਼ਬਰਦਸਤੀ ਘਰ ਰੱਖ ਲਿਆ ਤੇ ਉਸ ਨੂੰ ਗਰਭਵਤੀ ਕੀਤਾ।

ਸ੍ਰੀਮਦ ਭਾਗਵਤ (ਸਕੰਧ 9ਅ-22): ਚੰਦਰ ਦੇ ਸਾਥੀ ਸੂਰਜ ਨੇ ਕ੍ਰਿਸ਼ਨ ਦੀ ਭੂਆ ਕੁੰਤੀ ਨਾਲ ਕੁਆਰੀ ਅਵਸਥਾ ਵਿਚ ਕੁਕਰਮ ਕੀਤਾ। ਕੁੰਤੀ ਨੇ ਦੁਰਵਾਸ਼ਾ ਰਿਸ਼ੀ ਨੂੰ ਪ੍ਰਸੰਨ ਕਰਕੇ, ਉਸ ਤੋਂ ਦੇਵ-ਆਹੂਤੀ ਨਾਮ ਅਤੇ ਵਿਦਿਆ ਪ੍ਰਾਪਤ ਕੀਤੀ ਸੀ।

ਸ੍ਰੀਮਦ ਭਾਗਵਤ (ਸਕੰਧ 10-5 ਸਲੋਕ 21): ਕ੍ਰਿਸ਼ਨ ਦਾ ਸੌਤੇਲਾ ਭਰਾ ਬਲਰਾਮ ਐਨਾ ਸ਼ਰਾਬੀ ਕਿਸਮ ਦਾ ਬੰਦਾ ਸੀ ਕਿ ਉਹ ਆਪਣੀ ਔਰਤੀ ਰੇਵਤੀ ਦੇ ਮੂੰਹ ਵਿਚੋਂ ਨਿਕਲੇ ਸ਼ਰਾਬ ਦੇ ਘੁੱਟ ਵੀ ਡਕਾਰ ਜਾਂਦਾ ਸੀ।

(ਕ੍ਰਿਸ਼ਨ ਦੀਆਂ 16008 ਰਾਣੀਆਂ ਸਨ) ਲੋਕ ਕਥਾ।

ਆਦਿ ਸ਼ੰਕਰਾਚਾਰੀਆ ਨੇ ਇਕ ਵਿਆਹੇ ਆਦਮੀ ਦੇ ਸਰੀਰ ਵਿਚ ਪ੍ਰਵੇਸ਼ ਕਰਕੇ ਉਸਦੀ ਪਤਨੀ ਨਾਲ ਸੰਭੋਗ ਕੀਤਾ।(ਕਥਾ)

ਸ੍ਰੀਮਦ ਭਾਗਵਤ ਗੀਤਾ (28-29) : 'ਹੇ ਕ੍ਰਿਸ਼ਨ, ਲੜਨ ਲਈ ਆਪਣੇ ਬੰਧੂਆਂ (ਰਿਸ਼ਤੇਦਾਰਾਂ) ਨੂੰ ਵੇਖਕੇ ਮੇਰੇ ਅੰਗ ਸਿੱਥਲ ਹੋ ਰਹੇ ਹਨ। ਮੇਰਾ ਸਰੀਰ ਕੰਬ ਰਿਹਾ ਹੈ।.......। ਇਸ ਲਈ ਹੇ ਮਾਦਵ, ਮੇਰੇ ਲਈ ਠੀਕ ਨਹੀਂ ਕਿ ਅਸੀਂ ਆਪਣੇ ਹੀ ਰਿਸ਼ਤੇਦਾਰਾਂ ਦੀਆਂ ਹੱਤਿਆਵਾਂ ਕਰੀਏ। ਅਸੀਂ ਆਪਣੇ ਰਿਸ਼ਤੇਦਾਰਾਂ ਨੂੰ ਮਾਰ ਕੇ ਸੁਖੀ ਕਿਵੇਂ ਰਹਾਂਗੇ?" ਇਹ ਕਹਿਕੇ ਦੁੱਖ ਵਿਚ ਡੁੱਬੇ ਹੋਏ ਅਰਜਨ ਧਨੁਸ਼ ਛੱਡਕੇ, ਧੁੱਪ ਤੋਂ ਪਰੇ ਜਾ ਬੈਠਾ।(2/34) (ਮਨੁੱਖੀ ਪਿਆਰ ਦੇ ਭਾਈਚਾਰੇ ਦਾ ਉੱਤਮ ਨਮੂਨਾ ਸੀ ਅਰਜਨ, ਪਰੰਤੂ.......)

ਕ੍ਰਿਸਨ: ਹੇ ਅਰਜਨ ! ਜੇ ਤੂੰ ਇਹ ਧਰਮ-ਯੁੱਧ ਨਹੀਂ ਕਰੇਂਗਾ, ਤਾਂ ਤੇਰੀ ਵਡਿਆਈ ਘਟੇਗੀ..........ਹੇ ਅਰਜਨ ਤੂੰ ਮਾਰਿਆ ਗਿਆ ਤਾਂ ਸੁਰਗ ਮਿਲੇਗਾ। ਜੇ ਜਿੱਤ ਗਿਆ ਤਾਂ ਧਰਤੀ ਦਾ ਰਾਜ ਮਿਲੇਗਾ।

ਹੇ ਕੁੰਤੀ ਪੁੱਤਰ! ਜਦੋਂ ਤੂੰ 'ਮੋਹ' ਦੇ ਕਾਰਨ ਯੁੱਧ ਨਹੀਂ ਕਰਨਾ ਚਾਹੇਂਗਾ ਤਾਂ ਤੇਰਾ ਕਸ਼ੱਤਰੀ ਧਰਮ, -ਸੁਭਾ ਤੈਨੂੰ ਜਬਰਦਸਤੀ ਯੁੱਧ ਵਿਚ ਝੋਕ ਦੇਵੇਗਾ।(ਕਿਉਂਕਿ ਬ੍ਰਾਹਮਣ ਨੇ ਕਸ਼ੱਤਰੀ ਨੂੰ ਸਿਰਫ ਲੜਾਈ ਕਰਨ ਵਾਸਤੇ ਹੀ ਸਿਰਜਿਆ ਸੀ।)

(66) : ਸਾਰੇ ਧਰਮਾਂ ਨੂੰ ਛੱਡ ਕੇ ਤੂੰ ਮੇਰੀ ਸ਼ਰਨ ਆ ਜਾ। ਮੈਂ ਤੈਨੂੰ ਸਾਰਿਆਂ ਪਾਪਾਂ ਤੋਂ ਮੁਕਤ ਕਰ ਦਿਆਂਗਾ। ਚਿੰਤਾ ਨਾ ਕਰ। ...... ਅਤੇ ਯੁੱਧ ਕਰ। (ਉਹ ਵਿਅਕਤੀ ਜਿਸ ਅੰਦਰ ਆਪਣੇ ਭਾਈ ਬੰਧੂ ਮਨੁੱਖਾ ਲਈ ਪਿਆਰ ਹੈ, ਉਸ ਨੂੰ ਧਰਮ ਦੇ ਨਾਂ 'ਤੇ ਉਹਨਾਂ ਨਾਲ ਲੜਾਉਣਾ ਅਤੇ ਲੱਖਾਂ ਲੋਕਾਂ ਨੂੰ ਯੁੱਧ ਵਿਚ ਝੋਕ ਕੇ ਮਰਵਾ ਦੇਣਾ ਕਿਸ ਤਰ੍ਹਾਂ ਦਾ ਧਰਮ ਕਰਮ ਹੈ? ਇਸ ਬਾਰੇ ਮਨੁੱਖ ਦਾ ਸੋਚਣਾ ਬਣਦਾ ਹੈ। ਅਰਜਨ ਅੰਦਰ ਮਨੁੱਖੀ ਪਿਆਰ ਹੈ, ਪਰੰਤੂ ਉਸਨੂੰ ਹਿੰਸਾ ਲਈ ਤਿਆਰ ਕੀਤਾ ਜਾਂਦਾ ਹੈ। ਉਹ ਭਰਾਵਾਂ ਨਾਲ ਲੜਨ ਲੱਗਦਾ ਹੈ ਤੇ ਲੱਖਾਂ ਲੋਕ ਮਰ ਜਾਂਦੇ ਹਨ।)

ਗਰੰਥਾ ਵਿਚ ਇਸਤਰੀਆਂ ਬਾਰੇ

ਮਨੂੰ ਸਿਮਰਤੀ (ਅਧਿ:5 ਸਲੋਕ 155) : ਜੇ ਪਤੀ ਸੁਰਗਵਾਸ ਹੋ ਜਾਏ ਤਾਂ ਇਸਤਰੀ ਨੂੰ ਚਾਹੀਦਾ ਹੈ ਕਿ ਕੇਵਲ ਕੰਦਮੂਲ ਆਦਿ ਖਾਵੇ ਤੇ ਤਨ ਸੁਕਾ ਲਵੇ ਪਰ ਦੂਜੇ ਪਤੀ ਦਾ ਨਾਂਅ ਤਕ ਨਾ ਲਵੇ। ਜਿਹੜੀ ਔਰਤ ਦੂਜਾ ਪਤੀ ਬਣਾਉਂਦੀ ਹੈ, ਉਹ ਇਸ ਲੋਕ ਵਿਚ ਨਿੰਦਿਆ ਖਟਦੀ ਹੈ। ਪਰਲੋਕ ਵਿਚ ਗਿੱਦੜ ਦੀ ਜੂਨੀ ਪੈਂਦੀ ਹੈ।

ਮਨੂੰ ਸਿਮਰਤੀ (ਅਧਿ: 10 ਸਲੋਕ 123): ਸਭੇ ਇਸਤਰੀਆਂ ਇਕੋ ਮਤ ਦੀਆਂ ਹਨ। (ਆਹ ! ਮਨੁੱਖ ਨੂੰ ਹਰ ਪਾਸਿਓਂ ਬੇਲਗਾਮ ਛੱਡ ਦੇਣਾ ਅਤੇ ਇਸਤਰੀਆਂ ਨੂੰ ਪ੍ਰਾਕ੍ਰਿਤਕ ਅਧਿਕਾਰ ਦੀ ਜਾਇਜ ਵਰਤੋਂ ਤੋਂ ਵੀ ਵਰਜਣਾ ਹੈ।) ਵਿਦਵਾਨ ਕੀਥ ਹਿੰਦ ਵਿਚ ਸਭ ਧਰਮਾਂ ਨੇ ਇਸਤਰੀ ਜਾਤੀ ਨਾਲ ਧੱਕਾ ਕੀਤਾ ਹੈ, ਪਰ ਜਿੰਨੀ ਬ੍ਰਾਹਮਣਾਂ ਨੇ ਇਸਤਰੀ ਜਾਤੀ ਨਾਲ ਘਿਰਣਾ ਕੀਤਾ ਹੈ, ਹੋਰ ਕਿਸੇ ਨੇ ਉਨੀਂ ਨਹੀਂ ਕੀਤੀ।

* ਮੈਤ੍ਰਿਆਈ ਸਿਮਰਤੀ ਇਸਤਰੀ ਨੂੰ ਪਾਪ ਕਰਾਰ ਦਿੰਦੀ ਹੈ। * ਬ੍ਰਾਹਮਣ ਗ੍ਰੰਥ ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਝੂਠ ਦਾ ਨਮੂਨਾ ਹਨ। * ਇਸਤਰੀ ਕਦੇ ਅਜਾਦੀ ਦੇ ਯੋਗ ਨਹੀਂ। * ਪਤੀ ਦਾ ਆਪਣੀ ਪਤਨੀ 'ਤੇ ਪੂਰਾ ਅਧਿਕਾਰ ਹੈ। ਜੇ ਪਤਨੀ ਜਰਾ ਵੀ ਕੌੜੀ ਗਲ ਕਹੇ ਤਾਂ ਉਹ ਉਸ ਨੂੰ ਇਕ ਦਮ ਤਿਆਗ ਸਕਦਾ ਹੈ। ਉਹ ਆਪਣੇ ਪਤੀ ਦੀ ਦੇਵਤਾ ਸਮਝ ਕੇ ਪੂਜਾ ਕਰੇ। ਭਾਵੇਂ ਉਹ ਬੇਗਾਨੀਆਂ ਇਸਤਰੀਆਂ ਨਾਲ ਐਸ਼ ਮਾਣਦਾ ਹੋਵੇ।

ਮਨੂੰ (5/156-7): ਯਜਨਵਾਲੀਕੀਆਂ, ਜਾਤਾਂ ਤੇ ਭਾਈਚਾਰਕ ਰੁਤਬੇ ਦੀ ਕਸੌਟੀ ਬਣ ਗਈ ਹੈ। ਜਿਹੜੀਆਂ ਜਾਤਾਂ ਵਿਧਵਾ ਵਿਆਹ ਨਹੀਂ ਕਰਦੀਆਂ, ਉਹ ਸਿਰਫ ਮਾਣ ਪ੍ਰਾਪਤ ਕਰਦੀਆਂ ਹਨ। ਜਿਹੜੀਆਂ ਉਚੀਆਂ ਜਾਤਾ ਵਿਧਵਾ-ਵਿਆਹ ਕਰਨ ਲੱਗ ਪੈਣ, ਉਹਨਾਂ ਦਾ ਸਮਾਜਿਕ ਰੁਤਬਾ ਨੀਵਾਂ ਹੋ ਜਾਂਦਾ ਹੈ। (ਇਹੀ ਕਾਰਨ ਹੈ ਕਿ ਬ੍ਰਾਹਮਣਾਂ, ਖੱਤਰੀਆਂ ਤੇ ਵੈਸ਼ਾ ਦੀਆਂ ਵੀ ਨੀਵੀਆਂ ਜਾਤਾਂ ਮੌਜੂਦ ਹਨ।

ਮਨੂੰ (10/94): 30 ਸਾਲ ਦੀ ਉਮਰ ਦਾ ਆਦਮੀ 12 ਸਾਲ ਦੀ ਕੁਆਰੀ ਕੁੜੀ ਅਤੇ 24 ਸਾਲ ਦਾ ਆਦਮੀ 8 ਸਾਲ ਦੀ ਕੁਆਰੀ ਕੁੜੀ ਨਾਲ ਸ਼ਾਦੀ ਕਰੇ।

ਯਜੁਰਵੇਦ (23/19 ਸਹਿਤਾ 5/80) : ਜਜਮਾਨ ਦੀ ਪਤਨੀ : ਹੇ ਘੋੜੇ, ਤੁਸੀਂ ਗੁਣ ਰੂਪ ਦੇ ਮਾਲਕ ਹੋ। ਪਿਆਰਿਆਂ ਦੇ ਪਾਲਣਹਾਰੇ ਹੋ ਅਤੇ ਸਾਰੇ ਸੁੱਖਾਂ ਦੀ ਖਾਣ ਹੋ। ਹੇ ਘੋੜੇ, ਤੂੰ ਮੇਰਾ ਪਤੀ ਬਣ ਜਾ।

(23/9) : "ਹੇ ਘੋੜੇ ਮੈਂ ਗਰਭਧਾਰਨ ਕਰਨ ਵਾਲਾ ਵੀਰਜ ਖਿੱਚ ਕੇ ਸੁੱਟਦੀ ਹਾਂ ਤੇ ਤੂੰ ਗਰਭਧਾਰਨਵਾਲਾ ਵੀਰਜ ਸੁੱਟਦਾ ਹੈਂ।"

(23/20) ਅਧਿਵਾਯੂ: 'ਹੇ ਘੋੜੇ ਅਤੇ ਮੁੱਖ ਪਤਨੀ, ਤੁਸੀਂ ਦੋਵੇਂ ਆਪਣੀਆਂ ਟੰਗਾਂ ਨੂੰ ਫੈਲਾਓ......ਯੱਗ ਭੂਮੀ ਢਕ ਦਿਓ। ਫਿਰ ਜਜਮਾਨ ਦੀ ਮੁੱਖ ਪਤਨੀ ਘੋੜੇ ਦੇ ਲਿੰਗ ਨੂੰ ਖਿੱਚ ਕੇ ਆਪਣੀ ਯੋਨੀ ਵਿਚ ਪਾਉਂਦੀ ਹੈ ਤੇ ਕਹਿੰਦੀ ਹੈ ਕਿ ਹੇ ਵੀਰਜ ਦੇਣ ਵਾਲੇ, ਤੂੰ ਮੇਰੇ ਅੰਦਰ ਵਰੀਜ ਪਾਓ ।(ਔਰਤ ਨਾਲ ਜੁਲਮ ਦੀ ਇਕ ਹੋਰ ਗਾਥਾ।)

(30-55/55): ਜੇ ਨਾਰੀ ਪਤੀਵਰਤਾ ਹੈ ਅਤੇ ਪਤੀ ਦੇ ਹਿਤ ਲਈ ਤਤਪਰ ਰਹਿੰਦੀ ਹੈ ਅਤੇ ਪਤੀ ਦੇ ਸਾਥ ਜਾਣਾ (ਮਰਨਾ) ਚਾਹੇ ਤਾਂ ਇਸ਼ਨਾਨ ਕਰੇ, ਕੁਮਕੁਮ ਅੰਜਨ ਲਗਾਏ ਅਤੇ ਉਤਮ ਵਸਤਰਾਂ ਨਾਲ ਸਰੀਰ ਸਜਾਵੇ। ਬ੍ਰਾਹਮਣਾਂ ਅਤੇ ਰਿਸ਼ਤੇਦਾਰਾਂ ਨੂੰ ਦਾਨ ਕਰੇ। ਉਸ ਤੋਂ ਬਾਦ ਗੁਰੂ ਨੂੰ ਨਮਸਕਾਰ ਕਰੇ, ਘਰੋਂ ਬਾਹਰ ਨਿਕਲੇ। ਦੇਵ ਮੰਦਰ ਜਾ ਕੇ ਹਰੀ ਨੂੰ ਪ੍ਰਨਾਮ ਕਰਕੇ ਉੱਥੇ ਭਗਵਾਨ ਦੀ ਪੂਜਾ ਕਰੇ। ਸ੍ਰੀਫਲ ਲੈ ਕੇ ਸ਼ਰਮ ਅਤੇ ਮੋਹ ਤਿਆਗ ਕੇ ਸ਼ਮਸ਼ਾਨ ਭੂਮੀ ਜਾਏ। ਉੱਥੇ ਸੂਰਜ ਨੂੰ ਪ੍ਰਨਾਮ ਕਰਕੇ ਚਿਤਾ ਦੀ ਪਰਕਰਮਾ ਕਰੇ। ਚਿੱਤਾ ਨੂੰ ਫੁੱਲਾਂ ਦੀ ਸੇਜ ਸਮਝ ਉਸ 'ਤੇ ਚੜ੍ਹੇ ਤੇ ਆਪਣੇ ਪਤੀ ਨੂੰ ਗੋਦੀ 'ਚ ਸੁਲਾਵੇ। ਸਹੇਲੀਆਂ ਨੂੰ ਸ੍ਰੀ (ਪ੍ਰਸਾਦ) ਦੇਵੇ ਅਤੇ ਫਿਰ ਅਗਨੀ ਦਾਹ ਦੀ ਆਗਿਆ ਦੇਵੇ। ਅੱਗ ਦੀਆਂ ਲਾਟਾਂ ਨੂੰ ਗੰਗਾ ਦਾ ਇਸ਼ਨਾਨ ਸਮਝ ਕੇ ਆਪਣੇ ਸਰੀਰ ਨੂੰ ਜਲਾ ਦੇਵੇ। ਪਤੀ ਦੇ ਮਰਨ 'ਤੇ ਜਦੋਂ ਤੀਕ ਇਸਤਰੀ ਆਪਣੀ ਦੇਹ ਨੂੰ ਨਹੀਂ ਜਲਾਉਂਦੀ, ਉਸ ਨੂੰ ਹਰ ਜਨਮ ਵਿਚ ਇਸਤਰੀ ਦਾ ਸਰੀਰ ਹੀ ਧਾਰਨ ਕਰਾ ਪੈਂਦਾ ਹੈ। ਪਤੀ ਦੇ ਮਰਨ 'ਤੇ ਜੋ ਨਾਰੀ ਅਗਨੀ ਵਿਚ ਪ੍ਰਵੇਸ਼ ਕਰਦੀ ਹੈ, ਉਹ ਸਵਰਗੀ ਅਨੰਦ ਮਾਣਦੀ ਹੈ। ਸਾਢੇ ਤਿੰਨ ਕਰੋੜ ਰੋਮ ਆਦਮੀ ਦੇ ਸਰੀਰ 'ਤੇ ਹਨ। ਇਸ ਨਾਲ ਹੀ ਔਰਤ ਸੁਰਗ ਵਿਚ ਆਪਣੇ ਪਤੀ ਨਾਲ ਅਨੰਦ ਕਰਦੀ ਹੈ.... ਜਦੋਂ ਤੀਕ ਸੂਰਜ ਤੇ ਚੰਦਰਮਾ ਪ੍ਰਕਾਸ਼ ਦਿੰਦੇ ਹਨ।

ਜੇ ਵਿਧਵਾ ਮਿੰਟ- ਸੈਕਿੰਡ ਦੇ ਦੁੱਖ ਤੋਂ ਡਰ ਕੇ ਅਜਿਹੇ ਸੁੱਖਾਂ ਨੂੰ ਛੱਡ ਦਿੰਦੀ ਹੈ, ਉਹ ਮੂਰਖ, ਜਨਮ-ਜਨਮ ਵਿਛੋੜੇ ਦੀ ਅੱਗ ਵਿਚ ਜਲਦੀ ਹੈ।

ਇਸ ਲਈ ਪਤੀ ਨੂੰ 'ਸ਼ਿਵਜੀ' ਸਮਝ ਕੇ ਉਸ ਦੇ ਨਾਲ ਹੀ ਔਰਤ ਆਪਣਾ ਸਰੀਰ ਜਲਾ ਦੇਵੇ।

ਰਿਗਵੇਦ (10-85/45) : ਔਰਤ ਅਤੇ ਆਦਮੀ ਨੂੰ ਗਿਆਰਾਂ ਵਿਅਕਤੀਆਂ ਨਾਲ ਭੋਗ ਕਰਨ ਦੀ ਆਗਿਆ ਹੈ।(ਇਹ ਵਿਅਕਤੀ ਪੁਰਸ਼ ਬ੍ਰਾਹਮਣ ਹੀ ਹੁੰਦੇ ਸਨ।)

ਧਰਮ ਸ਼ਾਸਤਰ (ਭਾਗ 2 ਪੰਨਾ 138-153 ਅਥਰਵਵੇਦ ਭਾਗ 1, 5, 7, 8, 9)

ਜਦੋਂ ਕਿਸੇ ਔਰਤ ਦੇ ਦਸ ਦੂਜੇ ਵਰਣਾਂ ਦੇ ਪਤੀ ਹੋਣ ਤੇ ਉਸਨੂੰ ਬ੍ਰਾਹਮਣ ਆਪਣੀ ਪਤਨੀ ਬਣਾ ਲਵੇ ਤਾਂ ਬ੍ਰਾਹਮਣ ਹੀ ਉਸਦਾ ਪਤੀ ਹੈ।(ਇਹ ਇਸਤਰੀਆਂ ਨੀਵੇਂ ਵਰਣ ਦੀਆਂ ਹੁੰਦੀਆਂ ਸਨ, ਜੋ ਇਸ ਪ੍ਰਕਾਰ ਦੇ ਜੁਲਮ ਦਾ ਸ਼ਿਕਾਰ ਸਨ।)

ਔਸ਼ਨਿਸ਼ ਸਿਮਰਤੀ (32-34): ਬ੍ਰਾਹਮਣ ਦੁਆਰਾ ਵੈਸ਼ ਇਸਤਰੀ ਨਾਲ ਚੋਰੀ ਚੋਰੀ ਕਰਮ ਕਰਨ ਨਾਲ ਘੁਮਿਆਰ ਪੈਦਾ ਹੁੰਦਾ ਹੈ।

ਸ੍ਰੀਮਦ ਭਗਵਤ (ਸਕੰਧ 3 ਅਧਿ: 12, 28, 29): ਬ੍ਰਹਮਾਂ ਨੇ ਆਪਣੀ ਕਾਮ ਰਹਿਤ ਮਨੋਹਰ ਕੰਨਿਆ ਸਰਸਵਤੀ ਨਾਲ ਕਾਮ-ਗ੍ਰਸਤ ਹੋ ਕੇ ਵਾਸ਼ਨਾ ਪੂਰੀ ਕੀਤੀ।

ਵਾਲਮੀਕੀ ਰਮਾਇਣ (1-24-1, 6, 97, 15): ਸੀਤਾ-ਮੇਰਾ ਚਰਿਤਰ ਸ਼ੁੱਧ ਹੈ, ਤਾਂ ਵੀ ਮੈਨੂੰ ਦੋਸ਼ੀ

ਸਮਝਿਆ ਜਾ ਰਿਹਾ ਹੈ। .... ਮੇਰੇ ਵਾਸਤੇ ਚਿਖਾ ਤਿਆਰ ਕਰ ਦਿਉ ......। ਝੂਠੇ ਕਲੰਕ ਤੋਂ ਕਲੰਕਤ ਹੋ ਮੈਂ ਜਿਉਂਦੀ ਨਹੀਂ ਰਹਿ ਸਕਦੀ।

ਮਨੂੰ ਸਿਮਰਤੀ (9/65): ਵਿਆਹ ਵਿਧੀ ਵਿਚ ਵਿਧਵਾ ਨੂੰ ਮੁੜ ਵਿਆਹ ਕਰਵਾਉਣ ਦੀ ਆਗਿਆ ਨਹੀਂ ਹੈ।

*ਰਮਾਇਣ ਤੁਲਸੀ ਦਾਸ: ਇਸਤਰੀ ਦਾ ਹਿਰਦਾ ਸਾਰੇ ਕਪਟਾਂ, ਪਾਪਾਂ ਅਤੇ ਔਗੁਣਾ ਦੀ ਖਾਣ ਹੈ।

* ਇਸਤਰੀਆਂ ਸੁਭਾ ਤੋਂ ਗਿਆਨ ਹੀਨ ਅਤੇ ਮੂਰਖ ਹੁੰਦੀਆਂ ਹਨ।

*ਇਸਤਰੀ ਆਪਣੇ ਸੁਭਾ ਤੋਂ ਹੀ ਅਪਵਿਤਰ ਹੈ।

ਰਿਗਵੇਦ (8-33-17): ਇੰਦਰ, "ਇਸਤਰੀ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਉਹਨਾਂ ਨੂੰ ਅਕਲ ਘੱਟ ਹੁੰਦੀ ਹੈ।"

ਮਨੂੰ ਸਿਮਰਤੀ (6-46): ਪਤੀ ਦੁਆਰਾ ਤਿਆਗ ਦਿੱਤੇ ਜਾਣ ਜਾਂ ਕਿਸੇ ਦੂਜੇ ਦੇ ਹੱਥ ਵੇਚੇ ਜਾਣ ਤੇ ਵੀ ਉਸ ਦੇ ਵਿਵਾਹਤ ਪਤੀ ਦਾ ਉਸ 'ਤੇ ਹੱਕ ਰਹੇਗਾ।

ਅਥਰਵਵੇਦ (6-11-13) : 'ਹੇ ਪਰਜਾਪਤੀ.....ਇਸ ਲੜਕੀ ਦਾ ਜਨਮ ਨਾ ਹੋਵੇ,ਇਸ ਤੋਂ ਲੜਕੀ ਪੈਦਾ ਹੋਵੇ।

ਤੁਲਸੀ ਰਮਾਇਣ (ਸੁੰਦਰ ਕਾਂਡ): ਢੋਰ, ਪਸ਼ੂ, ਸ਼ੂਦਰ ਔਰ ਨਾਰੀ, ਚਾਰੋ ਤਾੜਨ ਕੇ ਅਧਿਕਾਰੀ (ਭਾਵ ਡੰਡੇ ਦਾ ਯਾਰ ਹਨ।)

ਵਿਸ਼ਨੂੰ (5/11): ਜੋ ਸ਼ੂਦਰ ਆਪਣੀ ਜਾਨ, ਧਨ ਅਤੇ ਇਸਤਰੀ ਬ੍ਰਾਹਮਣ ਦੀ ਸੇਵਾ ਵਿਚ ਅਰਪਨ ਕਰ ਦੇਵੇ, ਉਸ ਸ਼ੂਦਰ ਦਾ ਅੰਨ ਭੋਜਨ ਯੋਗ ਹੁੰਦਾ ਹੈ ਅਤੇ ਹੋਰ ਸ਼ੂਦਰਾਂ ਦਾ ਭੋਜਨ ਯੋਗ ਨਹੀਂ ਹੁੰਦਾ।

ਗੀਤਾ (ਅ-9/2): ਔਰਤਾਂ, ਸ਼ੂਦਰ, ਵੈਸ਼ ਅਤੇ ਚੰਡਾਲ ਸਭ ਪਾਪ ਜੋਨੀ ਤੋਂ ਪੈਦਾ ਹੋਏ ਹਨ।

(7/7, 8, 9, 10): ਜੋ ਬਾਰਾਂ ਸਾਲ ਦੀ ਉਮਰ ਵਿਚ ਕੰਨਿਆ ਦਾ ਵਿਆਹ ਨਹੀਂ ਕਰਦੇ ਤਾਂ ਸਮਝੋ ਉਹ ਕੰਨਿਆ ਦਾ ਹਰ ਮਾਹਵਾਰੀ ਦਾ ਖੂਨ ਪੀਂਦੇ ਹਨ।

ਤੁਲਸੀ ਰਮਾਇਣ: ਇਸਤਰੀ ਦਾ ਹਿਰਦਾ ਸਾਰੇ ਤਰ੍ਹਾਂ ਦਾ ਪਾਪਾਂ ਅਤੇ ਔਗਣਾਂ ਦੀ ਖਾਣ ਹੁੰਦਾ ਹੈ।

* ਇਸਤਰੀ ਔਗੁਣਾ ਦੀ ਜੜ, ਪੀੜਾ ਦੇਣ ਵਾਲੀ ਅਤੇ ਦੁੱਖਾਂ ਦੀ ਖਾਣ (ਕਾਰਨ) ਹੈ।

ਤੁਲਸੀ ਰਮਾਇਣ: ਬੁੱਢਾ, ਰੋਗੀ, ਮੂਰਖ, ਧਨਹੀਣ, ਅੰਨ੍ਹਾਂ, ਬੋਣਾ, ਕਰੋਧੀ, ਅਤੇ ਸਿੱਧੜ ਪਤੀ ਦਾ ਅਪਮਾਨ ਕਰਨ 'ਤੇ ਵੀ ਔਰਤ ਯਮਪੁਰੀ ਵਿਚ ਅਨੇਕ ਦੁੱਖ ਪਾਉਂਦੀ ਹੈ।

ਅਰਣਾ ਕਾਂਡ (29-4): ਇਸਤਰੀ ਮਨੋਹਰ ਪੁਰਸ਼ ਨੂੰ ਵੇਖ ਕੇ ਹੀ, ਉਹ ਚਾਹੇ ਭਰਾ ਹੋਵੇ, ਪਿਤਾ ਹੋਵੇ ਜਾਂ ਭਾਵ ਪੁੱਤਰ ਹੀ ਕਿਉਂ ਨਾ ਹੋਵੇ, ਵਿਕਲ ਹੋ ਜਾਂਦੀ ਹੈ।

ਅਰਣਾ ਕਾਂਡ (62-1, 2): ਹੇ ਪਾਪ ਦਾ ਨਾਸ਼ ਕਰਨ ਵਾਲੇ,ਜੋ ਨੀਚਾਂ ਤੋਂ ਨੀਚ ਹੈ, ਇਸਤਰੀਆਂ ਉਹਨਾਂ ਤੋਂ ਵੀ ਨੀਚ ਹਨ।

ਮਨੂੰ ਸਿਮਰਤੀ (9-76, 1-51) : ਇਸਤਰੀ ਨੂੰ ਨਿਯੋਗ ਕਰਕੇ (ਭਾਵ ਦੂਜੇ ਕਿਸੇ ਆਦਮੀ ਨਾਲ ਭੋਗ ਕਰਕੇ) ਸੰਤਾਨ ਪੈਦਾ ਕਰ ਲੈਣੀ ਚਾਹੀਦੀ ਅਤੇ ਜਦੋਂ ਉਸਦਾ ਪਤੀ ਵਾਪਸ ਆ ਜਾਵੇ ਤਾਂ ਨਿਯੁਕਤ ਕੀਤੇ ਦੂਜੇ ਬੰਦੇ ਨੂੰ ਤਿਆਗ ਦੇਣਾ ਚਾਹੀਦਾ ਹੈ।

ਰਿਗਵੇਦ (ਮੰਤਰ 10 ਸੂਤਰ 10 ਮੰਡਲ 10): ਜਦੋਂ ਪਤਨੀ ਸੰਤਾਨ ਪੈਦਾ ਕਰਨ ਦੇ ਕਾਬਲ ਨਾ ਹੋਵੇ ਤਾਂ ਪਤਨੀ ਨੂੰ ਆਗਿਆ ਲੈ ਕੇ ਦੂਜੇ ਆਦਮੀ ਤੋਂ ਸੰਤਾਨ ਪੈਦਾ ਕੀਤੀ ਜਾ ਸਕਦੀ ਹੈ।

* ਜਿਵੇ: ਰਾਜਾ ਦਸ਼ਰਥ ਨੇ ਯੱਗ ਕਰਵਾ ਕੇ ਇਕ ਬ੍ਰਹਮਚਾਰੀ ਜਵਾਨ ਰਿਸ਼ੀ ਸਰੰਗੀ ਨੂੰ ਵੇਸਵਾਵਾਂ ਰਾਹੀਂ ਉਤਸੁਕ ਕਰਵਾਕੇ, ਆਪਣੀਆਂ ਪਤਨੀਆਂ ਨਾਲ ਧਰਮ ਵਿਧੀ ਅਨੁਸਾਰ ਮੇਲ ਕਰਵਾ ਕੇ ਸੰਤਾਨ ਪੈਦਾ ਕਰਵਾਈ।(ਦੇਖੋ ਰਮਾਇਣ ਵਾਲਮੀਕ।)

* ਜਿਵੇਂ ਰਾਜਾ ਸੁਦਾਸ ਨੇ ਸੰਤਾਨ ਨਾ ਹੋਣ ਕਾਰਨ ਆਪਣੀ ਪਤਨੀ ਦਮਿਅੰਤੀ ਦਾ ਵਸ਼ਿਸ਼ਠ ਰਿਸ਼ੀ ਨਾਲ ਨਿਯੋਗ ਕਰਵਾਇਆ।

* ਜਿਵੇਂ ਵਚਿੱਤਰ ਵੀਰਯ ਦੀ ਇਸਤਰੀ ਅੰਬਾ ਦਾ ਰਿਸੀ ਵਿਆਸ ਨਾਲ ਨਿਯੋਗ ਕਰਵਾਇਆ ਗਿਆ

ਜਿਸ ਤੋਂ ਧਰਿਤਰਾਸ਼ਟਰ (ਕੌਰੂ) ਅਤੇ ਪਾਂਡੂ ਸੰਤਾਨ ਹੋਈ।

* ਪਾਂਡੂ ਦੀਆਂ ਦੋ ਔਰਤਾਂ ਸਨ। ਕੁੰਤੀ ਅਤੇ ਮਾਦਰੀ। ਉਹਨਾਂ ਦਾ ਨਿਯੋਗ ਧਰਮਰਾਜ ਨਾਲ ਕਰਵਾਇਆ ਗਿਆ, ਜਿਸ ਤੋਂ ਯੁਧਿਸ਼ਟਰ ਪੈਦਾ ਹੋਇਆ। ਫਿਰ ਵਾਯੂ ਦੇਵਤਾ ਨਾਲ ਨਿਯੋਗ ਕਰਵਾਇਆ ਗਿਆ ਜਿਸ ਤੋਂ ਭੀਮਸੈਨ ਪੈਦਾ ਹੋਇਆ। ਫਿਰ ਦੇਵਰਾਜ ਇੰਦਰ ਨਾਲ ਨਿਯੋਗ ਤੋਂ ਅਰਜਨ ਪੈਦਾ ਹੋਇਆ (ਕੁੰਤੀ ਕ੍ਰਿਸ਼ਨ ਦੀ ਭੂਆ ਸੀ।)

* ਫਿਰ ਮਾਦਰੀ ਦਾ ਅਸ਼ਵਨੀ ਕੁਮਾਰ ਨਾਲ ਨਿਯੋਗ ਕਰਵਾਇਆ ਗਿਆ, ਜਿਸ ਤੋਂ ਨਕੁਲ ਅਤੇ ਸਹਿਦੇਵ ਪੈਦਾ ਹੋਏ।

ਨੋਟ:- ਇਸ ਕਰਕੇ ਲੋਕਾਂ ਰਾਹੀਂ ਇਸ ਭਾਰਤ ਦੀ ਧਰਤੀ ਨੂੰ ਰਿਸ਼ੀਆਂ ਮੁਨੀਆਂ ਦੀ ਧਰਤੀ ਕਿਹਾ ਜਾਂਦਾ ਹੈ। ਰਿਸ਼ੀਆਂ ਮੁਨੀਆਂ ਨੂੰ ਵਡਿਆਇਆ ਜਾਂਦਾ ਹੈ।

-ਜਦੋਂ ਕੁੰਤੀ ਕੁਆਰੀ ਸੀ ਤਾਂ ਸੂਰਜ ਦੇਵਤਾ ਨੇ ਉਸ ਨਾਲ ਕੰਨ ਰਾਹੀਂ ਭੋਗ ਕੀਤਾ, ਜਿਸ ਤੋਂ ਕਰਣ ਪੈਦਾ ਹੋਇਆ।

-ਮਹਾਂਭਾਰਤ ਅਨੁਸਾਰ ਉਦਾਲਕ ਰਿਸ਼ੀ ਦੀ ਪਤਨੀ ਨਾਲ ਕਈ ਬ੍ਰਾਹਮਣਾਂ ਨੇ ਉਸਦੇ ਪਤੀ ਅਤੇ ਪੁਤਰ ਦੇ ਸਾਹਮਣੇ ਬਲਾਤਕਾਰ ਕੀਤਾ ਜੋ ਧਾਰਮਿਕ ਰੀਤੀ ਕਰਕੇ ਬਰਦਾਸ਼ਤ ਕੀਤਾ।

-ਬ੍ਰਹਿਸਪਤੀ ਰਿਸ਼ੀ ਦੀ ਸੁੰਦਰ ਔਰਤ ਨੂੰ ਚੰਦਰਮਾ ਰਿਸ਼ੀ ਭਜਾ ਕੇ ਲੈ ਗਿਆ। ਉਸ ਤੋਂ ਬੁੱਧ ਨਾ ਦਾ ਲੜਕਾ ਪੈਦਾ ਹੋਇਆ।

-ਪਰਾਸ਼ਰ ਰਿਸੀ ਨੇ ਪਵਿੱਤਰ ਗੰਗਾ ਅੰਦਰ ਇਕ ਮਲਾਹ ਦੀ ਲੜਕੀ ਨਾਲ, ਉਸ ਦੀ ਇੱਛਾ ਦੇ ਉੱਲਟ ਜਬਰਦਸਤੀ ਭੋਗ ਕੀਤਾ ਜਿਸ ਤੋਂ ਵਿਆਸ ਪੈਦਾ ਹੋਇਆ।

-ਭਗਵਤ ਗੀਤਾ ਅਨੁਸਾਰ ਵਰੁਣ ਦੇਵਤਾ ਨੇ ਉਰਵਸ਼ੀ ਨਾਲ ਭੋਗ ਕਰਕੇ ਵਸ਼ਿਸਠ ਰਿਸ਼ੀ ਪੈਦਾ ਕੀਤਾ।

-ਬ੍ਰਹਿਸਪਤੀ ਰਿਸ਼ੀ ਨੇ ਆਪਣੇ ਭਰਾ ਦੀ ਪਤਨੀ ਮਮਤਾ ਨਾਲ ਭੋਗ ਕਰਕੇ ਭਾਰਦਵਾਜ ਰਿਸ਼ੀ ਨੂੰ ਪੈਦਾ ਕੀਤਾ।

-ਰਿਸੀ ਵਿਸ਼ਵਾਮਿੱਤਰ ਨੇ ਇੰਦਰ ਦੀ ਅਪੱਸਰਾ ਮੇਨਕਾ ਨਾਲ ਭੋਗ ਕੀਤਾ, ਜਿਸ ਤੋਂ ਸ਼ਕੁੰਤਲਾ ਪੈਦਾ ਹੋਈ।

ਜਿਵੇਂ: - ਰੁਦਰਯਾਮਲ ਤੰਤਰ: ਰਜਸਵਲਾ ਔਰਤ ਨਾਲ ਭੋਗ ਕਰਨਾ ਪੁਸ਼ਕਰ ਇਸ਼ਨਾਨ ਦੇ ਬਰਾਬਰ ਹੈ। ਚਮਾਰਨ ਦੇ ਨਾਲ ਭੋਗ ਕਰਨਾ ਪਰਿਆਗ ਤੀਰਥ ਦੇ ਸਮਾਨ ਹੈ। ਚੰਡਾਲਨੀ ਦੇ ਨਾਲ ਭੋਗ ਕਰਨਾ ਕਾਸ਼ੀ ਦੇ ਸਮਾਨ ਹੈ। ਧੋਬਣ ਨਾਲ ਭੋਗ ਕਰਨਾ ਮਥਹਾ ਬਰਾਬਰ ਹੈ। ਵੇਸਵਾ ਨਾਲ ਸਮਾਗਮ ਕਰਨਾ ਆਯੁਧਿਆ ਤੀਰਥ ਦੇ ਸਮਾਨ ਹੈ। ਨਾਇਣ ਅਤੇ ਘੁਮਿਆਰੀ ਨਾਲ ਭੋਗ ਕਰਨਾ ਹਰਦੁਆਰ ਸਤੀਰਥ ਸਮਾਨ ਹੈ ।

ਇਉਂ ਬ੍ਰਾਹਮਣਵਾਦੀ ਲੋਕਾਂ ਨੂੰ ਤੀਰਥਾਂ ਦੇ ਨਾਂਅ 'ਤੇ ਭਾਰਤੀ ਅਨ-ਆਰਿਆ, ਆਦਿਵਾਸੀ ਜਾਤੀ ਦੀਆਂ ਔਰਤਾਂ ਨਾਲ ਜਬਰਦਸਤੀ ਕਰਨ ਲਈ ਲੋਕਾਂ ਨੂੰ ਖੁੱਲ੍ਹ ਦਿੱਤੀ ਸੀ ਜੋ ਅੱਜ ਤਕ ਜਾਰੀ ਹੈ। ਇਹ ਉਹ ਧਾਰਮਿਕ ਰੀਤ ਹੈ, ਜਿਸਨੇ ਉੱਚ ਜਾਤੀ ਦੇ ਲੋਕਾਂ ਨੂੰ ਗੁੰਡਾਗਰਦੀ ਦਾ ਭੁੱਸ ਪਾ ਦਿੱਤਾ। ਇਸੇ ਕਰਕੇ ਅੱਜ ਭਾਰਤ ਅੰਦਰ ਹਰ ਸਾਲ 20 ਹਜਾਰ ਔਰਤਾਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ। ਉੱਚੀ ਜਾਤ ਦੇ ਲੋਕ ਨੀਵੀਂ ਜਾਤੀ ਦੀਆਂ ਔਰਤਾਂ ਨਾਲ ਜਬਰਦਸਤੀ ਕਰਨ ਨੂੰ ਆਪਣਾ ਧਰਮ ਸਮਝਦੇ ਹਨ ਕਿਉਂਕਿ ਅਜਿਹਾ ਗ੍ਰੰਥਾਂ 'ਚ ਦਰਜਾ ਹੈ। ਇਹਨਾਂ ਕੰਮਾਂ ਵਿਚ ਇਨਸਾਫ ਦਾ ਹਰ ਅਦਾਰਾ ਸ਼ਾਮਲ ਹੁੰਦਾ ਹੈ।

* ਮਹਾਂਰਿਸ਼ੀ ਭਾਰਦਵਾਜ ਨੇ ਧਰਿਤਾ ਨਾਉਂ ਦੀ ਅਪੱਸਰਾ ਨਾਲ ਅਜਿਹੇ ਢੰਗ ਨਾਲ ਭੋਗ ਕੀਤਾ ਕਿ ਉਸ ਨੂੰ ਦਰੋਣਾਚਾਰੀਆ ਪੈਦਾ ਹੋਇਆ।

(ਗੱਲ ਇਥੇ ਹੀ ਬੱਸ ਨਹੀਂ। ਬ੍ਰਾਹਮਣੀ ਸਮਾਜ ਅੰਦਰ ਪਤਨੀ, ਧੀ-ਪੁਤਰ, ਭਰਜਾਈ, ਵਿਧਵਾ ਆਦਿ ਦੀ ਕੋਈ ਸੰਗ ਸ਼ਰਮ ਨਹੀਂ ਸੀ। ਬਿਗਾਨੇ ਬੰਦਿਆਂ ਨਾਲ ਵੀ ਨਿਯੋਗ (ਭੋਗ) ਕਰਵਾਏ ਜਾਂਦੇ ਸਨ। ਬਿਗਾਨੀਆਂ ਔਰਤਾਂ ਨਾਲ ਕਾਮਵਾਸ਼ਨਾ ਪੂਰੀ ਕਰਨ ਦਾ ਦਰਜਾ ਤੀਰਥ ਅਸ਼ਨਾਨ ਨਾਲ ਤੋਲਿਆ ਜਾਂਦਾ ਸੀ।)

ਔਰਤ ਮਜਲੂਮ ਕਿਵੇਂ ਬਣੀ ?

ਮਨੂੰ ਸਿਮਰਤੀ (5/147)- ਇਕ ਲੜਕੀ, ਇਕ ਜੁਆਨ ਔਰਤ ਜਾਂ ਕਿ ਬੁੱਢੀ ਔਰਤ ਆਪਣੇ ਘਰ ਵਿਚ ਅਜਾਦੀ ਨਾਲ ਕੁੱਝ ਨਹੀਂ ਕਰੇਗੀ।

(9/146) : ਇਕ ਪਤਨੀ, ਪੁੱਤਰ ਤੇ ਇਕ ਗੁਲਾਮ, ਇਹਨਾਂ ਤਿੰਨਾਂ ਨੂੰ ਜਾਇਦਾਦ ਰੱਖਣ ਦਾ ਕੋਈ ਅਧਿਕਾਰ ਨਹੀਂ। ਉਹ ਜੋ ਧਨ ਪੈਦਾ ਕਰਦੇ ਹਨ, ਉਸੇ ਦਾ ਹੈ ਜਿਸ ਦੇ ਨਾਲ ਉਹ ਬੱਝੇ ਹਨ।

(2/66): ਔਰਤਾਂ ਜਰੂਰੀ ਸੰਸਕਾਰ ਤਾਂ ਨਿਭਾਉਣਗੀਆਂ ਪਰੰਤੂ ਉਹ ਇਹ ਰਸਮਾਂ, ਵੇਦ ਮੰਤਰਾਂ ਨੂੰ ਪੜ੍ਹੇ ਬਿਨਾਂ ਹੀ ਕਰਨਗੀਆਂ।

(9/18): ਔਰਤ ਨੂੰ ਵੇਦ ਪੜ੍ਹਨ ਦਾ ਕੋਈ ਅਧਿਕਾਰ ਨਹੀਂ ਹੈ। ਕਿਉਂਕਿ ਔਰਤਾਂ ਵੇਦ ਮੰਤਰ ਨਹੀਂ ਪੜ੍ਹ ਸਕਦੀਆਂ, ਇਸ ਲਈ ਉਹ ਇਕ ਝੂਠ ਜਿੰਨੀਆਂ ਹੀ ਅਪਵਿੱਤਰ ਹਨ।

(11/36) : ਇਕ ਔਰਤ ਦੁਆਰਾ ਦੁਆਰਾ ਪਰਵਾਨਤ ਰੋਜਮਰਾ ਦੀਆਂ ਬਲੀਆਂ ਨਹੀਂ ਕਰੇਗੀ।

(11/36): ਜੇ ਉਹ ਅਜਿਹਾ ਕਰਦੀ ਹੈ ਤਾਂ ਉਹ ਨਰਕ ਨੂੰ ਜਾਵੇਗੀ।

(6/205) : ਇਕ ਬ੍ਰਾਹਮਣ 5 ਔਰਤਾਂ ਦੁਆਰਾ ਕੀਤੀ ਗਈ ਬਲੀ ਰਸਮ ਦਾ ਭੋਜਨ ਬਿਲਕੁਲ ਨਹੀਂ ਖਾਵੇਗਾ।

(6/206) : ਕਿਉਂਕਿ ਔਰਤਾਂ ਦੁਆਰਾ ਦਿੱਤੀਆਂ ਬਲੀਆਂ ਦੇਵਤਿਆਂ ਨੂੰ ਪਰਵਾਨ ਨਹੀਂ ਹੁੰਦੀਆਂ।

(11/18) : ਔਰਤਾਂ ਨੂੰ ਧਰਮ ਦਾ ਕੋਈ ਗਿਆਨ ਹੀਂ ਕਿਉਂਕਿ ਉਹ ਵੇਦ ਪੜ੍ਹਨ ਦੀਆਂ ਅਧਿਕਾਰੀ ਨਹੀਂ।

ਔਰੰਗਜ਼ੇਬ, ਬ੍ਰਾਹਮਣਵਾਦ ਅਤੇ ਜ਼ੁਲਮ

ਹਵਾਲਾ (ਬਹੁਜਨ ਸੰਗਠਕ, 26 ਜੂਨ 1989) 'ਦਾ ਫੀਦਰਜ਼ ਟੂ ਡੈਂਟਸ' ਲੇਖਕ ਡਾ. ਪਿਤਾਈ ਸੱਤ ਰਾਮਪਾ, ਇਸ ਪੁਸਤਕ ਵਿਚ ਲਿਖਿਆ ਹੈ ਕਿ ;

ਔਰੰਗਜੇਬ ਬੰਗਾਲ ਜਾ ਰਿਹਾ ਸੀ। ਉਹ ਵਾਰਾਨਸੀ ਕੋਲੋਂ ਦੀ ਲੰਘਿਆ ਤਾਂ ਉਸ ਦੇ ਨਾਲ ਹਿੰਦੂ ਰਾਜੇ ਵੀ ਸਨ। ਤਾਂ ਉਹਨਾਂ ਨੇ ਔਰੰਗਜੇਬ ਨੂੰ ਪਰਾਥਨਾ ਕੀਤੀ ਕਿ ਇਕ ਦਿਨ ਠਹਿਰਿਆ ਜਾਵੇ ਤਾਂ ਕਿ (ਉਹ) ਜਾਤੀਆਂ ਗੰਗਾ ਵਿੱਚ ਇਸ਼ਨਾਨ ਕਰਕੇ ਵਿਸ਼ਵਾਨਾਥ ਦੀ ਪੂਜਾ ਕਰ ਸਕਣ। ਫੌਜੀ ਕੈਂਪ ਵਾਰਾਨਸੀ ਤੋਂ ਪੰਜ ਮੀਲ ਦੂਰ ਸੀ। ਬਾਦਸ਼ਾਹ ਦੇ ਹੁਕਮ ਨਾਲ ਫੌਜ ਰੋਕ ਦਿੱਤੀ ਗਈ। ਰਾਣੀਆਂ ਪਾਲਕੀਆਂ ਵਿਚ ਰਵਾਨਾਂ ਹੋਈਆਂ ਅਤੇ ਗੰਗਾ ਇਸ਼ਨਾਨ ਕੀਤਾ। ਤੇ ਫਿਰ ਵਿਸ਼ਵਾਨਾਥ ਮੰਦਰ ਵਿਚ ਪੂਜਾ ਕਰਨ ਗਈਆਂ। ਕੁੱਝ ਰਾਣੀਆਂ ਵਾਪਸ ਆ ਗਈਆਂ ਤੇ ਕੁੱਝ ਲਾਪਤਾ ਹੋ ਗਈਆਂ। ਹਰ ਪਾਸੇ ਉਹਨਾਂ ਦੀ ਤਲਾਸ਼ ਹੋਈ। ਪਰ ਕਿਤੇ ਨਾ ਮਿਲੀਆਂ। ਇਸ ਗੁੰਮਸ਼ਦਗੀ 'ਤੇ ਔਰੰਗਜੇਬ ਬਹੁਤ ਕ੍ਰੋਧਤ ਹੋ ਗਿਆ। ਉਸਨੇ ਇਨ੍ਹਾਂ ਰਾਣਈਆਂ ਦੀ ਭਾਲ ਲਈ ਆਪਣੇ ਉੱਚੇ ਫੌਜੀ ਅਫਸਰਾਂ ਨੂੰ ਮੰਦਰ ਵਿਚ ਭੇਜਿਆ। ਉਹਨਾਂ ਦੇਖਿਆ ਕਿ ਇਕ ਜਗਾਹ ਗਣੇਸ਼ ਦੀ ਮੂਰਤੀ ਦੀਵਾਰ ਵਿਚ ਲੱਗੀ ਹੋਈ ਹੈ। ਪਰੰਤੂ ਇਹ ਹਿਲਦੀ ਰਹਿੰਦੀ ਹੈ। ਇਹ ਮੂਰਤੀ ਪਾਸੇ ਕੀਤੀ ਗਈ । ਤਾਂ ਉਸਦੇ ਥੱਲੇ ਇਕ ਪੌੜੀ ਸੀ ਜੋ ਤਹਿਖਾਨੇ ਤੱਕ ਜਾਂਦੀ ਸੀ। ਉੱਥੇ ਰਾਣੀਆਂ ਨੂੰ ਵੇਖ ਕੇ ਉਹ ਹੈਰਾਨ ਹੋ ਗਏ। ਰਾਣੀਆਂ ਦੀ ਇੱਜਤ ਲੁੱਟੀ ਜਾ ਚੁੱਕੀ ਸੀ ਅਤੇ ਉਹ ਰੋ ਰਹੀਆਂ ਸਨ। ਰਾਜਿਆਂ ਨੇ ਆਪਣੀ ਫਜੀਹਤ ਤੋਂ ਬਚਣ ਲਈ ਔਰੰਗਜੇਬ ਨੂੰ ਫਰਿਆਦ ਕੀਤੀ ਕਿ ਹਿ ਪਵਿੱਤਰ ਸਥਾਨ ਅਪਵਿੱਤਰ ਹੋ ਗਿਆ ਹੈ। ਵਿਸ਼ਵਾਨਾਥ ਦੀ ਮੂਰਤੀ ਕਿਤੇ ਹੋਰ ਰੱਖ ਦਿੱਤੀ ਜਾਵੇ। ਲੇਕਨ ਮੰਦਰ ਤੁੜਵਾ ਦਿੱਤਾ ਜਾਵੇ। ਮਹੰਤ (ਭਾਵ ਬ੍ਰਾਹਮਣ) ਨੂੰ ਗਿਰਫਤਾਰ ਕਰਕੇ ਸਜ਼ਾ ਦਿੱਤੀ ਜਾਵੇ। ਇਸਤੋਂ ਪਹਿਲਾਂ ਔਰੰਗਜੇਬ ਨੇ ਕਈ ਮੰਦਰਾਂ ਨੂੰ ਜਗੀਰਾਂ ਵੀ ਦਿੱਤੀਆਂ ਸਨ। ਇਸਦਾ ਭਾਵ ਤਾਂ ਇਹੀ ਹੋ ਸਕਦਾ ਹੈ ਕਿ ਔਰੰਗਜੇਬ ਉਸ ਸਮੇਂ ਤੱਕ ਬ੍ਰਾਹਮਣਾਂ ਦਾ ਵਿਰੋਧੀ ਨਹੀਂ ਸੀ।)

ਇਸ ਘਟਨਾ ਤੋਂ ਪਿੱਛੋਂ ਔਰੰਗਜੇਬ ਨੇ ਕਈ ਮੰਦਰ ਤੁੜਵਾਏ ਅਤੇ ਬ੍ਰਾਹਮਣਾਂ ਤੇ ਪੁਜਾਰੀਆਂ ਨੂੰ ਕਰੜੀਆਂ ਸਜਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਬ੍ਰਾਹਮਣਾਂ ਵਿਚ ਹਲਚਲ ਮੱਚ ਗਈ। ਕਿਹਾ ਜਾ ਸਕਦਾ ਹੈ ਕਿ ਬ੍ਰਾਹਮਣਾਂ ਨੇ ਆਪਣੇ ਬਚਾ ਲਈ ਜਦੋਂ ਗੁਰੂ ਤੇਗ ਬਹਾਦਰ ਪਾਸ ਫਰਿਆਦ ਕੀਤੀ ਤਾਂ ਅਸਲ ਵਿਚ ਉਹਨਾਂ ਉੱਪਰ ਹੋਏ ਜੁਲਮਾਂ ਪਿੱਛੇ ਵਿਸ਼ਵਾਨਾਥ ਮੰਦਰ ਵਿੱਚ ਵਾਪਰ ਗੈਰਇਨਸਾਨੀ ਘਟਨਾ ਨੂੰ ਮੰਨਿਆ ਜਾ ਸਕਦਾ ਹੈ।

ਬ੍ਰਾਹਮਣ ਦੀ ਸਰਬਸ਼੍ਰੇਸ਼ਠਤਾ ਦਾ ਰੂਪ

ਸ੍ਰੀ ਲੁਡੋਵੀਕੋਡੀ ਵਾਰਤੇਮਾ (Voyages of Varthema Vol I ਸਫਾ 141 (ਜੋ 16 ਸਦੀ ਵਿਚ ਭਾਰਤ ਆਇਆ, ਮਾਲਾਵਾਰ ਇਲਾਕੇ ਸਬੰਧੀ।)- ਇਹ ਠੀਕ ਅਤੇ ਅੱਛੀ ਗੱਲ ਲਗਦੀ ਹੈ, ਇਹ ਜਾਣ ਕੇ ਇਕ ਇਸ ਤਾਂ ਦੇ ਬ੍ਰਾਹਮਣ ਕਿਹੋ ਜੇਹੇ ਸਨ। ਇਹ ਤੁਹਾਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਸਾਡੇ ਪੁਜਾਰੀਆਂ ਦੀ ਤਰ੍ਹਾਂ ਬ੍ਰਾਹਮਣ ਵੀ ਧਰਮ ਦੇ ਮੁੱਖੀ ਹਨ। ਜਦੋਂ ਰਾਜਾ ਆਪਣੀ ਪਤਨੀ ਵਿਆਹ ਕੇ ਲਿਆਉਂਦਾ ਹੈ ਤਾਂ ਉਹ ਪਹਿਲਾਂ,

ਬ੍ਰਾਹਮਣਾਂ ਵਿੱਚੋਂ ਕਿਸੇ ਇਕ ਸਯੋਗ ਅਤੇ ਰਿਸ਼ਟਪੁਸ਼ਟ ਬ੍ਰਾਹਮਣ ਨੂੰ ਆਪਣੀ ਨਵੀ ਵਿਆਹੀ ਪਤਨੀ ਨਾਲ, ਪਹਿਲੀ ਰਾਤ ਨੂੰ ਸੌਣ ਲਈ ਚੁਣਦਾ ਹੈ। ਇਸ ਲਈ ਕਿ ਬ੍ਰਾਹਮਣ ਉਸ ਵਿਆਹੁਤਾ ਰਾਣੀ ਨੂੰ ਭ੍ਰਸ਼ਟ ਕਰੇ (ਭਾਵ ਦਾਗੀ ਕਰੇ) ਇਸ ਕੰਮ ਲਈ ਰਾਜਾ ਉਸ ਬ੍ਰਾਹਮਣ ਨੂੰ 400-500 ਸੋਨੇ ਦੇ ਸਿੱਕੇ ਦਾਨ ਕਰਦਾ ਹੈ।

ਸਿਆਣਿਆਂ ਦੇ ਬ੍ਰਾਹਮਣਵਾਦ, ਜਾਤਪਾਤ ਅਤੇ ਛੂਤਛਾਤ ਬਾਰੇ ਵਿਚਾਰ

ਬਹੁਜਨ ਸੰਗਠਕ ਅੰਕ 12, 93- ਡਾ. ਅੰਬੇਡਕਰ ਪਾਕਿਸਤਾਨ ਜਾਂ ਭਾਰਤ ਦੀ ਵੰਡ-354- 'ਜਦੋਂ ਹਿੰਦੂ ਰਾਜ ਇਕ ਹਕੀਕਤ ਬਣ ਜੰਦਾ ਹੈ ਤਾਂ ਬਿਨਾਂ ਸ਼ੱਕ ਇਹ ਇਸ ਦੇਸ਼ 'ਤੇ ਸਭ ਤੋਂ ਵੱਡੀ ਮੁਸੀਬਤ ਹੋਵੇਗੀ। ਹਿੰਦੂ ਚਾਹੇ ਕੁੱਝ ਵੀ ਕਹਿੰਦੇ ਰਹਿਣ, ਹਿੰਦੂਵਾਦ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਲਈ ਇਕ ਖਤਰਾ ਹੈ। ਇਸ ਲਿਹਾਜ ਨਾਲ ਇਹ ਲੋਕਤੰਤਰ ਨਾਲ ਅਣਮੇਲ ਅਤੇ ਬੇਤੁਕਾ ਹੈ। ਕਿਸੇ ਵੀ ਕੀਮਤ 'ਤੇ ਹਿੰਦੂ ਰਾਜ ਦੀ ਸਥਾਪਨਾ ਨੂੰ ਰੋਕਣਾ ਚਾਹੀਦਾ ਹੈ।

ਜਵਾਹਰ ਲਾਲ ਨਹਿਰੂ (ਦਸੰਬਰ 1947)- ਅੱਜ ਭਾਰਤ ਵਿਚ ਵਰਣ ਵਿਵਸਥਾ ਲਈ ਕੋਈ ਥਾਂ ਨਹੀਂ ਹੈ। ਜੇ ਇਹ ਪਰਥਾ ਬਣੀ ਰਹੀ ਤਾਂ ਦੇਸ਼ ਕਮਜੋਰ ਹੋ ਜਾਵੇਗਾ ਅਤੇ ਉਨਤੀ ਦੇ ਰਾਹ 'ਤੇ ਨਹੀਂ ਤੁਰ ਸਕੇਗਾ। ਇਥੇ ਪਰਥਾ ਦੇ ਸਰਾਪ ਨਾਲ ਭਾਰਤ ਦਾ ਪਤਨ ਹੋਇਆ ਹੈ। ਉਸਦੀ ਏਕਤਾ ਨਸ਼ਟ ਹੋਈ ਹੈ। ਅੱਜ ਸੁਤੰਤਰ ਭਾਰਤ ਦਾ ਮਨੋਰਥ ਅਜੇਹੇ ਸਮਾਜ ਦਾ ਨਿਰਮਾਣ ਕਰਨਾ ਹੈ ਜਿਸ ਵਿਚ ਸਭ ਵਿਅਕਤੀਆਂ ਨੂੰ ਇਕ ਸਮਾਨ ਅਧਿਕਰ ਪ੍ਰਾਪਤ ਹੋ ਸਕੇ। ਵਰਣ ਵਿਵਸਥਾ ਦੇ ਰਹਿੰਦਿਆਂ ਇਹ ਉਦੇਸ਼ ਪੂਰਾ ਨਹੀਂ ਹੋ ਸਕਦਾ। ਇਸ ਲਈ ਹਰ ਹਾਲ ਇਸਦੇ ਖਤਮੇ ਲਈ ਵੱਡਾ ਯਤਨ ਕਰਨਾ ਚਾਹੀਦਾ ਹੈ।'

ਮਹਾਂ ਪੰਡਤ ਰਾਹੂ ਲਾਸੰਕਰਤਾਇਣ' -'ਭਾਰਤ ਦੀ ਅਖੰਡਤਾ ਤਾਂ ਹੀ ਕਾਇਮ ਰੱਖੀ ਜਾ ਸਕਦੀ ਹੈ ਜਦੋਂ ਦਿਮਾਗੀ ਅਤੇ ਸਰੀਰਕ ਮੇਹਨਤ ਕਰਨ ਵਾਲੀ ਜੰਤਾ ਦਾ ਸ਼ਾਸ਼ਨ ਲਿਆਂਦਾ ਜਾਵੇ। ਤੇ ਉਸਦੇ ਨਾਲ ਹਰ ਭਾਰਤੀ ਅਤੇ ਸਰੀਰਕ ਮੇਹਨਤ ਕਰਨ ਵਾਲੀ ਜੰਤਾ ਦਾ ਸ਼ਾਸ਼ਨ ਲਿਆਂਦਾ ਜਾਵੇ। ਤੇ ਉਸਦੇ ਨਾਲ ਹਰ ਭਾਰਤੀ ਵਿੱਚ ਇਕ ਜਾਤੀ ਦੀ ਭਾਵਨਾ ਦਾ. ਘਰ ਕਰ ਜਾਣਾ ਜਰੂਰੀ ਹੈ। ਜਿਸ ਲਈ ਜਰੂਰੀ ਹੈ, ਇਕ ਜਾਤੀ (ਜਾਤਪਾਤ ਦਾ ਖਾਤਮਾ) ਇਕ ਭਾਸ਼ਾ, ਇਕ ਖਾਣ ਪੀਣ (ਸਾਂਝਾ ਖਾਣ ਪੀਣ) ਅਤੇ ਸ਼ਾਦੀ ਵਿਆਹ ਦੇ ਸਾਂਝੇ ਸੰਬੰਧ।

ਕਾਰਲ ਮਾਰਕਸ- ਭਾਰਤ ਇਕ ਅਜੇਹਾ ਦੇਸ਼ ਹੈ ਜੋ ਕੇਵਲ ਹਿੰਦੂ ਮੁਸਲਮਾਨਾਂ ਵਿੱਚ ਹੀ ਨਹੀਂ ਵੰਡਿਆ ਹੋਇਆ ਬਲਕਿ ਇਹ ਕਬੀਲਿਆਂ ਅਤੇ ਜਾਤੀਆਂ ਵਿਚ ਬੁਰੀ ਤਰ੍ਹਾਂ ਵੰਡਿਆਂ ਹੋਇਆ ਹੈ। ਇਸ ਦੇ ਸਮਾਜ ਦਾ ਢਾਂਚਾ ਕੁੱਝ ਇਸ ਪ੍ਰਕਾਰ ਦਾ ਬਣਿਆ ਹੋਇਆ ਹੈ ਕਿ ਸਿ ਤਰ੍ਹਾਂ ਦਾ ਦੇਸ਼ ਭਾਵ ਸਮਾਜ ਹਾਰ ਹੀ ਸਕਦਾ ਹੈ ਵਿਜੇਤਾ ਨਹੀਂ ਬਣ ਸਕਦਾ।

ਸਵਾਮੀ ਵਿਵੇਕਾਨੰਦ- 'ਸੰਸਾਰ ਵਿੱਚ ਅਜੇਹਾ ਕੋਈ ਧਰਮ ਨਹੀਂ ਹੈ ਜੋ ਹਿੰਦੂ ਧਰਮ ਦੀ ਤਰ੍ਹਾਂ ਮਾਨਵਤਾ ਦੀ ਦੁਹਾਈ ਵੀ ਦਿੰਦਾ ਹੋਵੇ ਤੇ ਜਾਤਪਾਤ ਨੂੰ ਸ਼ਾਸ਼ਤਰਾਂ ਦਾ ਧਰਮ ਦੱਸ ਕੇ, ਮਾਨਵਤਾ ਨੂੰ ਪੈਰਾ ਥੱਲੇ ਰੌਂਦਦਾ ਵੀ ਹੋਵੇ। ਇਹ ਕਿਹੋ ਜਿਹਾ ਧਰਮ ਹੈ ਜੋ ਇਸ ਪ੍ਰਧਾਨ ਵਿਚਾਰ ਅਧੀਨ ਹੀ ਇਹ ਵਿਵਹਾਰ ਕਰ ਰਿਹਾ ਕਿ 'ਮੈਨੂੰ ਮਤ ਛੂਹੋ, ਮੇਰੇ ਤੋਂ ਪਰ੍ਹਾਂ ਰਹੋ।'

ਡਾ. ਰਾਮ ਮਨੋਹਰ ਲੋਹੀਆ- ਦੇਸ਼ ਦੀ ਵਰਤਮਾਨ ਪਦਾਰਥਕ ਅਤੇ ਦਿਮਾਗੀ ਗਿਰਾਵਟ, ਦਾ ਇਕੋ ਇਕ ਸੱਭ ਤੋਂ ਵੱਡਾ ਕਾਰਨ ਜਾਤੀ ਪ੍ਰਥਾ ਹੈ। ਜਾਤ ਨੂੰ ਤਬਾਹ ਕੀਤੇ ਬਿਨਾਂ ਦੇਸ਼ ਵਿਚ ਲੋਕਤੰਤਰ ਸਥਾਈ ਨਹੀਂ ਰਹਿ ਸਕਦਾ।

ਭਦੰਤ ਅਨੰਦ ਕੌਸ਼ਲਿਆਨ- ਹਿੰਦੂ ਧਰਮ ਦੀ ਸਭ ਤੋਂ ਵੱਡੀ ਦੇਣ ਹੈ ਵਰਣ ਵਿਵਸਥਾ, ਜਾਤ ਪਾਤ ਜੋ ਉਸਦੀ ਮਰਨ ਅਵਸਥਾ ਸਿੱਧ ਹੋ ਰਹੀ ਹੈ। ਜਦੋਂ ਤੱਕ ਹਿੰਦੂ ਇਸ ਨਾਲ ਚੁੰਬੜੇ ਰਹਿਣਗੇ, ਉਹਨਾਂ ਦੀ ਬਰਬਾਦੀ ਨੂੰ ਕੋਈ ਨਹੀਂ ਰੋਕ ਸਕਦਾ।

ਵੀਰ ਸਾਵਰਕਰ- ਸਾਡੇ ਵਰਤਮਾਨ ਧਰਮ ਸ਼ਾਸ਼ਤਰ ਸਾਨੂੰ ਤਬਾਹੀ ਦੇ ਖੂਹ ਵਿੱਚ ਲੈ ਜਾਣਗੇ। ਇਹਨਾਂ ਨੂੰ ਇਕੱਠੇ ਕਰਕੇ ਸਮੁੰਦਰ ਵਿੱਚ ਸੁੱਟ ਦੇਣਾ ਹੋਵੇਗਾ। ਤੇ ਅਜੇਹੇ ਸ਼ਾਸ਼ਤਰ ਲਿਖਣੇ ਹੋਣਗੇ ਜੋ ਸਾਡੇ ਸਮਾਜ ਵਿੱਚ ਜੀਵਨ ਸੰਚਾਰ ਕਰ ਸਕਣ ਜੋ ਜਾਤ ਪਾਤ ਅਤੇ ਛੂਆ ਛਾਤ ਦੇ ਢਾਂਚੇ ਨੂੰ ਨਸ਼ਟ ਕਰ ਦੇਣ।

ਇਕ ਦਸਤਾਵੇਜ਼

(ਆਰ. ਐਸ. ਐਸ. ਦਾ ਇਕ ਗਸ਼ਤੀ ਪੱਤਰ)

ਹੁਣ ਤੱਕ ਦਲਿਤ ਵਰਗ ਅਤੇ ਇਸਤਰੀ ਜਾਤੀ ਨੂੰ ਜੋ ਸਹੂਲਤਾਂ ਮਿਲੀਆਂ ਹਨ ਇਹ ਭਗਤਾਂ ਗੁਰੂਆਂ ਅਤੇ ਡਾ. ਅੰਬੇਡਕਰ ਦੀ ਦੇਣ ਹੈ। ਜਿਸਦਾ ਵਿਰੋਧ ਮਹਾਤਮਾ ਗਾਂਧੀ, ਸਰਦਾਰ ਪਟੇਲ, ਜਵਾਹਰ ਲਾਲ ਨਹਿਰੂ ਨੇ ਕੀਤਾ। ਅੰਬੇਦਕਰੀਆਂ ਦਾ ਵਿਰੋਧ ਸਵਰਨਾਂ ਵੱਲੋਂ ਹੁਣ ਵੀ ਜਾਰੀ ਹੈ, ਜਿਸਦਾ ਸਬੂਤ ਆਰ. ਐਸ. ਐਸ. ਨੇ ਰੋਜਾਨਾਂ 'ਅੱਜ ਦੀ ਅਵਾਜ' ਵਿੱਚ ਛਾਪੇ ਖੁਫੀਆ ਗਸ਼ਤੀ ਪੱਤਰ ਤੋਂ ਮਿਲਦਾ ਹੈ। ਜਿਸ ਵਿਚ ਹੇਠ ਲਿਖੀਆਂ ਹਦਾਇਤਾਂ ਆਪਣੇ ਵਰਕਰਾਂ ਨੂੰ ਜਾਰੀ ਕੀਤੀਆਂ ਗੀਆਂ ਹਨ। ਜਿਸ ਵਿਚ ਇਹ ਦਰਜ ਹੈ ਕਿ ਸੂਚਨਾ ਮਿਲਣ ਤੋਂ ਉਪਰੰਤ ਇਸ ਪੱਤਰ ਨੂੰ ਨਸ਼ਟ ਕੀਤਾ ਜਾਵੇ ਅਤੇ;

1. ਵੱਧ ਤੋਂ ਵੱਧ ਹਥਿਆਰ ਅਤੇ ਵਿਸਫੋਟਕ ਪਦਾਰਥ ਇਕੱਠੇ ਕਰੋ।

2. ਮੁਸਲਮਾਨਾਂ ਅਤੇ ਅੰਬਦਦਕਰੀਆਂ ਦੇ ਖਿਲਾਫ ਸਵਰਨ ਹਿਦੂਆਂ ਨੂੰ ਲੜਨ ਲਈ ਉਕਸਾਇਆ ਜਾਵੇ।

3. ਸਰਕਾਰੀ ਅਧਿਕਾਰੀਆਂ ਵਿੱਚ ਹਿਦੂਵਾਦ ਦੀ ਭਾਵਨਾ ਪੈਦਾ ਕੀਤੀ ਜਾਵੇ।

4. ਡਾਕਟਰਾਂ ਅਤੇ ਦਵਾਈਆਂ ਵੇਚਣ ਵਾਲਿਆਂ ਨੂੰ ਹਿਦੂਵਾਦੀ ਬਣਾਇਆ ਜਾਵੇ। ਅਨੁਸੂਚਿਤ ਜਾਤਾਂ, ਪਛੜੇ ਵਰਗਾਂ, ਆਦਿਵਾਸੀ ਅਤੇ ਮੁਸਲਮਾਨਾਂ ਆਦਿ ਨੂੰ ਪੁਰਾਣੀਆਂ ਅਤੇ ਘਟੀਆ ਦਵਾਈਆਂ ਦੇਣ ਲਈ ਕਹਿਣਾ। ਅਵਰਨਾ, ਸ਼ੂਦਰਾਂ, ਮੁਸਲਮਾਨਾਂ ਆਦਿ ਦੇ ਨਵਜੰਮੇ ਬੱਚਿਆਂ ਨੂੰ ਟੀਕੇ ਲਗਾਕੇ ਅੰਗਹੀਣ ਬਣਾਉਣਾ ਹੈ।

5. ਅਵਰਨਾਂ ਅਤੇ ਪਛੜੀ ਜਾਤੀ ਦੀਆਂ ਬਸਤੀਆਂ ਵਿਚ ਓਮ, ਅਤੇ 'ਸ਼੍ਰੀਰਾਮ' ਦੇ ਨਾਹਰੇ ਬੱਚਿਆਂ ਵਿਚ ਪ੍ਰਚਲਤ ਕਰਨਾ।

6. ਹਿਦੂ ਵਿਰੋਧੀ, ਧਰਮ ਨਿਰਪੱਖ ਪ੍ਰੋਗਰਾਮਾਂ ਦਾ ਬਾਈਕਾਟ ਕਰਨਾ।

7. ਅਵਰਨਾ, ਪੱਛੜਿਆਂ ਦੀਆਂ ਬਸਤੀਆਂ ਵਿਚ ਸ਼ਰਾਬ, ਨਸ਼ੀਲੇ ਪਦਾਰਥਾਂ, ਨਸ਼ੀਲੀਆਂ ਦਵਾਈਆਂ, ਜੂਏਬਾਜੀ ਅਤੇ ਲਾਟਰੀ ਆਦਿ ਰਾਹੀਂ ਪੈਸੇ ਕਮਾ ਰਹੇ ਵਪਾਰੀਆਂ ਦੀ ਮਦਦ ਕਰਨਾ। ਸਰਕਾਰੀ ਦਫਤਰਾਂ ਵਿਚ ਵਧੇਰੇ ਧਾਰਮਿਕ ਹਿਦੂ, ਸਮਾਗਮ ਜਾਗਰਣ ਕਰਨੇ ਅਤੇ ਨਵੇਂ ਪੁਰਾਣੇ ਮੰਦਰ ਉਸਾਰਨਾ। ਦੰਗਿਆਂ ਦੌਰਾਨ ਗੈਰ ਹਿਦੂਆਂ ਅਤੇ ਮੁਸਲਮਾਨ ਵਪਾਰੀਆਂ ਨੂੰ ਲੁੱਟਣਾ।

8. ਅਵਰਨ ਅਤੇ ਮੁਸਲਮਾਨ ਕੁੜੀਆਂ ਨੂੰ ਛੋਟੀ ਉਮਰ ਵਿਚ ਹੀ ਵੇਸਵਾਵਾਂ ਅਤੇ ਦੇਵਦਾਸੀਆਂ ਬਨਾਉਣਾ।

9. ਅਵਰਨਾ ਖਾਸ ਤੌਰ 'ਤੇ ਸਕੂਲ ਜਾਣ ਵਾਲੇ ਬੱਚਿਆਂ ਨੂੰ ਅਧਿਆਪਕਾਂ ਆਦਿ ਦੀ ਮੱਦਦ ਨਾਲ ਜਹਿਰੀਲੇ ਪਦਾਰਥ ਖਵਾਕੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਨਾ ਹੋਣ ਦੇਣਾ।

10. ਆਪਣੇ ਸਿਧਾਤਾਂ ਅਨੁਸਾਰ ਲਿਖਿਆ ਇਤਿਹਾਸ ਆਦਿ ਪੜ੍ਹਾਉਣ ਲਈ ਐਸ. ਸੀ. /ਐਸ. ਟੀ. ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਸਕੂਲਾਂ ਵਿੱਚ ਭਰਤੀ ਕਰਨਾ।

11. ਮੁਸਲਮਾਨਾਂ, ਅੰਬੇਡਕਰੀਆਂ ਤੇ ਬੋਧੀ ਆਦਿ ਹਿਦੂ ਵਿਰੋਧੀਆਂ ਨੂੰ ਆਪਸ ਵਿਚ ਲੜਾਉਣ ਲਈ ਗੁੰਡਿਆਂ, ਪੁਲੀਸ ਅਤੇ ਹਥਿਆਰਬੰਦ ਦਲਾਂ ਦੀ ਮੱਦਦ ਕਰਨਾ।

12. ਦੰਗਿਆਂ ਦੌਰਾਨ ਮੁਸਲਮਾਨ/ਅਵਰਨ ਜਨਾਨੀਆਂ ਦੀ ਵੱਧ ਤੋਂ ਵੱਧ ਪੱਤ ਲੁੱਟਣਾ। ਕੋਈ ਜਾਣ ਪਛਾਣ ਜਾਂ ਦੋਸਤੀ ਰੁਕਾਵਟ ਨਾ ਬਣੇ। "ਸੂਰਤ" ਵਾਲਾ ਨਮੂਨਾ ਵਰਤਿਆ ਜਾਵੇ।

13. ਗੈਰ ਹਿਦੂ ਧਰਮ ਸਥਾਨਾਂ ਨੇੜੇ ਹਿਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਤਾਪਿਤ ਕਰਨਾ। ਗਿਰਜਿਆਂ, ਮਸਜਿਦਾਂ, ਸਤੂਪਾਂ ਆਦਿ ਨੂੰ ਪੁਰਾਣੇ ਹਿਦੂ ਮੰਦਰ ਸਿੱਧ ਕਰਨ ਵਾਲਾ ਸਹਿਤ ਪੈਦਾ ਕਰਨਾ। ਲੋੜ

ਪੈਣ ਤੇ ਮੁੱਖ ਦਫਤਰ ਨਾਲ ਸੰਪਰਕ ਕਰੋ।

14. ਇਸਲਾਮ ਅਤੇ ਬੁੱਧ ਧਰਮ ਦੇ ਖਿਲਾਫ ਸਾਹਿਤ ਲਿਖਣ ਵਿੱਚ ਤੇਜੀ ਲਿਆਉਣੀ ਅਤੇ ਅਜਿਹਾ ਸਿੱਧ ਕਰਨ ਲਈ ਸਾਹਿਤ ਰਚਨਾ ਕਿ ਮਹਾਨ ਅਸ਼ੋਕ 'ਬੋਧੀ' ਨਹੀਂ ਸੀ।

15. ਬ੍ਰਾਹਮਣ ਵਿਰੋਧੀ, ਦਲਿਤ, ਅੰਬੇਦਕਾਰੀਆਂ ਅਤੇ ਕੰਮਿਊਨਿਸਟ ਸਾਹਿਤ ਨੂੰ ਖਤਮ ਕਰਨਾ। ਅਜਿਹਾ ਸਾਹਿਤ ਸਰਕਾਰੀ ਅਤੇ ਜਨਤਕ ਲਾਇਬਰੇਰੀਆਂ ਵਿੱਚ ਨਾ ਜਾਣ ਦੇਣਾ। ਡਾ. ਅੰਬੇਡਕਰ ਉੱਤੇ ਆਪਣੇ ਵੱਲੋਂ ਲਿਖਿਆ ਸਾਹਿਤ ਹੀ ਅਵਰਨਾ ਅਤੇ ਪਛੜਿਆਂ ਤੱਕ ਪਹੁੰਚਾਉਣਾ।

16. ਹਦਾਇਤਾਂ ਅਨੁਸਾਰ ਐਸ. ਸੀ. /ਐਸ. ਟੀ. ਬੈਕਲਾਗ ਪੂਰਾ ਨਾ ਹੋਣ ਦੇਣਾ।

17. ਰਾਮ ਦੇ ਸਟਿੱਕਰ, ਕੈਲੰਡਰ ਅਤੇ ਪੈਂਫਲਿਟ ਤਿਆਰ ਕਰਕੇ ਵੰਡਣਾ ਅਤੇ ਰਾਮ ਕਥਾ ਤੇ ਜਾਗਰਣ ਕਰਨਾ।

18. ਅਵਰਨਾ ਅਤੇ ਪਛੜੀਆਂ ਜਾਤਾਂ ਨੂੰ ਅੰਧ ਵਿਸ਼ਵਾਸੀ ਅਤੇ ਵਹਿਮੀ ਬਣਾਉਣ ਲਈ ਪਹਿਲਾਂ ਵਾਂਗ ਹੀ ਸਾਧੂਆਂ ਅਤੇ ਬਾਬਿਆਂ ਦੀ ਵਰਤੋਂ ਕਰਨਾ।

19. ਜੈਨੀਆਂ, ਬੋਧੀਆਂ ਅਤੇ ਸਿੱਖਾਂ ਨੂੰ ਹਿੰਦੂ ਬਣਾਉਣਾ ਜਾਰੀ ਰੱਖੋ। ਵੱਧ ਤੋਂ ਵੱਧ ਜੈਨ ਮੰਦਰਾਂ ਵਿਚ ਰਾਮ ਦੀ ਪੂਜਾ ਕਰਵਾਉਣੀ। ਪ੍ਰਗਤੀ ਦੀ ਰਿਪੋਰਟ ਮੁੱਖ ਦਫਤਰ ਭੇਜੋ। 'ਪਟਨੇ ਵਾਲਾ ਤਰੀਕਾ ਵਰਤਿਆ ਜਾਵੇ।

20. ਕਮਿਊਨਿਸਟਾਂ, ਅਵਰਨਾਂ ਅਤੇ ਸ਼ੂਦਰਾਂ 'ਤੇ ਹਮਲੇ ਜਾਰੀ ਰੱਖੇ ਜਾਣ।

21. ਮੰਡਲ ਵਿਰੋਧੀ ਅੰਦੋਲਨ ਤੇਜ ਕੀਤਾ ਜਾਵੇ।

22. ਕੂਟਨੀਤੀ ਰਾਹੀਂ ਅਵਰਨਾ ਅਤੇ ਪਛੜਿਆਂ ਵਿਚ ਝਗੜੇ ਕਰਾਉਣਾ।

23. ਚਾਣਕਿਆਂ ਨੀਤੀ ਦੀ ਵਰਤੋਂ ਜਾਰੀ ਰੱਖਣਾ।

24. ਅਵਰਨਾ ਅਤੇ ਅੰਬੇਡਕਰਵਾਦੀਆਂ ਵਿਚ ਦੇਵਦਾਸੀ ਪ੍ਰਥਾ ਦਾ ਪ੍ਰਚਾਰ ਕਰਨਾ। ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਦੇਵਤਿਆਂ ਦੇ ਨਾਲ ਜਨਾਨੀਆਂ ਦੀਆਂ ਗੰਦੀਆਂ/ਚੁੰਮਣ ਵਾਲੀਆਂ ਤਸਵੀਰਾਂ ਦਿਖਾਉਣਾ। ਹਲਕੇ ਨਸ਼ੇ ਦੀ ਵਰਤੋਂ ਕਰਨੀ।

25. ਅਵਰਨਾ/ਆਦਿਵਾਸੀਆਂ ਨੂੰ ਭੋਜਨ ਰਾਹੀ ਹਲਕੀ ਜਹਿਰ (ਸਲੋਅ ਪਇਜਨਿੰਗ) ਦੇਣਾ।

26. ਅਖਬਾਰਾਂ 'ਤੇ ਕੰਟਰੋਲ ਕਰੇਕ ਮੁਸਲਿਮ ਤੇ ਮੰਡਲ ਵਿਰੋਧੀ ਅਤੇ ਹਿੰਦੂ ਤੇ ਰਾਮ ਪੱਖੀ ਸਾਹਿਤ ਲਿਖਣਾ ਅਤੇ ਸੰਪਾਦਕਾਂ ਨੂੰ ਹਿੰਦੂਵਾਦੀ ਬਣਾਉਣਾ।

27. ਹਿੰਦੂਵਾਦੀ ਵਿਚਾਰਾਂ ਵਾਲੇ ਐਸ. ਸੀ./ਐਸ. ਟੀ. ਅਤੇ ਓ. ਬੀ. ਸੀ. ਵਿਅਕਤੀਆਂ ਨੂੰ ਆਪਣੀ ਸਿਆਸੀ ਪਾਰਟੀ ਰਾਹੀਂ ਜਿਤਾਉਣਾ।

28. ਮੁਸਲਿਮ ਵਿਰੋਧੀ ਮੁਸਲਮਾਨ ਅਤੇ ਮੰਡਲ ਵਿਰੋਧੀ ਪਛੜੇ ਵਰਗਾਂ ਦੇ ਲੇਖਕਾਂ ਨੂੰ ਉਤਸ਼ਾਹਿਤ ਕਰਨਾ। ਅਖਾਉਤੀ ਧਰਮ ਨਿਰਪੱਖਤਾ ਦੇ ਸਿੱਕੇ ਦੀ ਵਰਤੋਂ ਕਰਨਾ।

29. ਵਪਾਰੀਆਂ ਅਤੇ ਸੁਨਿਆਰ-ਸ਼ਾਹੂਕਾਰਾਂ ਨੂੰ ਗੈਰ-ਹਿੰਦੂਆਂ ਦੀ ਲੁਟ-ਖਸੁੱਟ ਕਰਨ ਲਈ ਪ੍ਰੇਰਿਤ ਕਰਨਾ।

31. ਗੈਰ ਹਿੰਦੂਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਕੇ ਉਨ੍ਹਾਂ ਦੇ ਹਿੰਦੂ ਧਰਮ/ਬ੍ਰਾਹਮਣ ਵਿਰੋਧੀ ਕੰਮਾ ਦੀ ਅਖਬਾਰਾਂ ਦੇ ਮੁੱਖ-ਦਫਤਰ ਨੂੰ ਦੇਣਾ।

32. ਹਿੰਦੂ ਅਤੇ ਬ੍ਰਾਹਮਣ ਵਿਰੋਦੀਆਂ ਦਾ ਕਤਲ ਕਰਕੇ ਲਾਸ਼ਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਖੁਰਦ-ਖੁਰਦ ਕਰਨਾ ਜਾਰੀ ਰੱਖਣਾ।

33. ਪੂਰਨਮਾਸ਼ੀ ਵਾਲੇ ਦਿਨ ਸੇਵਕਾਂ ਦੀਆਂ ਮੀਟਿੰਗਾਂ ਕਰਨੀਆਂ ਜਾਰੀ ਰੱਖਣੀਆਂ।

34. ਸੀਟੀਆਂ ਵਜਾਉਣੀਆਂ ਭਾਵ ਗੁਪਤ ਸੁਨੇਹੇ ਦੇਣੇ ਜਾਰੀ ਰੱਖੇ ਜਾਣ।

"ਜੈ ਸ੍ਰੀ ਰਾਮ"

ਮਦਭਾਗਵਤ ਪੁਰਾਣ ਦੀਆਂ ਅਸਲੀ ਕਥਾਵਾਂ

ਸੰਸਾਰ ਦੇ ਬਹੁਗਿਣਤੀ ਸੱਭਿਆਚਾਰ, ਭਾਵ ਮਨੁੱਖ ਦੀ ਜੀਵਨ ਜਾਚ, ਉਸਦਾ ਖਾਣਾ ਪੀਣਾ, ਪਹਿਨਣਾ, ਮੰਨਣਾ, ਬੋਲਣਾ, ਆਦਿ ਸਭ ਕੁੱਝ, ਉਸ ਸਮਾਜ ਵਿਚ ਪੈਦਾ ਹੋਏ ਧਰਮਾਂ ਦੀ ਦੇਣ ਹੈ। ਭਾਵ ਸੱਭਿਆਚਾਰ ਨੂੰ ਧਰਮਾਂ ਨੇ ਸਿਰਜਿਆ ਹੈ ਅਤੇ ਸਿਰਜੇ ਸੱਭਿਆਚਾਰਾਂ ਨੇ ਮੁੜ ਮੁੜ ਹੋਰ ਨਵੇਂ ਧਰਮਾਂ ਦੀ ਸਿਰਜਣਾ ਕੀਤੀ ਹੈ। ਇਉਂ ਧਰਮ ਅਤੇ ਸੱਭਿਆਚਾਰ, ਸੱਭਿਆਚਾਰ ਅਤੇ ਧਰਮ ਇਕ ਦੂਜੇ ਦਾ ਪਰਛਾਵੇਂ ਵਾਂਗ ਪਿੱਛਾ ਕਰਦੇ ਹਨ। ਨਾਲੋ ਨਾਲ ਵਗਦੇ ਹਨ।

ਭਾਰਤ ਇਕ ਬਹੁਧਰਮੀ ਦੇਸ਼ ਹੈ। ਇਸ ਦਾ ਮੁੱਖ ਕਾਰਨ ਇਸ ਮੁਲਕ ਦੀ ਹਜਾਰਾਂ ਵਰ੍ਹੇ ਦੀ ਲੰਬੀ ਗੁਲਾਮੀ ਹੈ। ਸਭ ਤੋਂ ਪਹਿਲਾਂ ਏਥੇ ਆਰੀਆ ਆਏ। ਜਿਨ੍ਹਾਂ ਨੇ ਮੂਲਵਾਸੀ ਦਰਾਵੜਾਂ ਦੀ ਸਿੰਧੂ ਘਾਟੀ ਦੀ ਸੱਭਿਅਤਾ ਨੂੰ ਪੂਰਨ ਤੌਰ 'ਤੇ ਤਬਾਹ ਕੀਤਾ ਅਤੇ ਵੈਦਿਕ ਸੱਭਿਆਚਾਰ ਦੀ ਸਿਰਜਣਾ ਕੀਤੀ। ਵੈਦਿਕ ਸੱਭਿਆਚਾਰ ਦੇ ਹੁੰਦਿਆਂ, ਹੂਨ, ਮੰਗੋਲ, ਪਠਾਣ, ਮੁਸਲਮਾਨ, ਮੁਗਲ ਡੱਚ, ਅੰਗਰੇਜ, ਫਰਾਂਸੀਸੀ ਆਦਿ ਲੋਕ ਆਏ। ਜਿੰਨ੍ਹਾਂ ਕਾਰਨ ਹੋਰ ਨਵੇਂ ਧਰਮਾਂ ਨੇ ਪ੍ਰਵੇਸ਼ ਕੀਤਾ। ਜਿਵੇਂ ਆਰੀਆ ਦਾ ਵੈਦਿਕ ਧਰਮ ਵਰਣ ਊਚ ਨੀਚ, ਜਾਤ ਪਾਤ, ਤੇ ਛੂਤ ਛਾਤ ਦਾ ਧਰਮ, ਮੁਸਲਮਾਨਾਂ ਦਾ ਇਸਲਾਮ ਧਰਮ, ਅੰਗਰੇਜਾਂ ਦਾ ਇਸਾਈ ਧਰਮ ਇਹ ਸਾਰੇ ਬਦੇਸ਼ੀ ਹਨ। ਬੇਸ਼ੱਕ ਆਰੀਆ ਧਰਮ ਏਸੇ ਧਰਤੀ 'ਤੇ ਸਿਰਜਿਆ ਗਿਆ ਸੀ।

ਭਾਰਤੀ ਮੂਲ ਦੇ ਕੇਵਲ ਦੋ ਧਰਮ ਹਨ। ਬੁੱਧ ਧਰਮ ਅਤੇ ਸਿੱਖ ਧਰਮ। ਇਹ ਸਤਰ ਕਿ "ਮਜਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰੱਖਨਾਂ" ਇਕ ਬੇਅਰਥ ਅਤੇ ਨਿਰਆਧਾਰ ਧਾਰਨਾ ਹੈ। ਸੱਭਿਆਚਾਰਾਂ ਦਾ ਟਕਰਾਅ ਬੁਨਿਆਦੀ ਰੂਪ ਵਿਚ ਧਰਮਾਂ ਦਾ ਹੀ ਟਕਰਾਅ ਹੈ। ਸੰਸਾਰ ਵਿਚ ਅੱਜ ਤੱਕ ਜਿੰਨੇ ਮਨੁੱਖ ਧਰਮ ਦੇ ਨਾਂ 'ਤੇ ਕਤਲ ਹੋਏ ਹਨ, ਉਨੇ ਉਂਜ ਨਹੀਂ ਮਰੇ। ਧਰਮਾਂ ਕਾਰਨ ਮਨੁੱਖ ਅਰਬਾਂ ਦੀ ਗਿਣਤੀ ਵਿੱਚ ਮੌਤ ਦੇ ਘਾਟ ਉਤਾਰੇ ਗਏ ਹਨ। ਤੇ ਇਹ ਸਿਲਸਿਲਾ ਕਦੀ ਨਹੀਂ ਰੁਕਦਾ।

ਅਸੀਂ ਧਰਮਾਂ ਦੇ ਕਈ ਅਜੇਹੇ ਹਵਾਲੇ ਪੇਸ਼ ਕਰ ਸਕਦੇ ਹਾਂ, ਜਿਨ੍ਹਾਂ ਵਿੱਚ ਮਨੁੱਖਾਂ ਨੂੰ ਬਿਨਾਂ ਕਿਸੇ ਕਸੂਰ ਦੇ, ਜਾਂ ਮਨੁੱਖੀ ਬਰਾਬਰੀ ਦੀ ਭਾਵਨਾਂ ਪਰਗਟ ਕਰਨ ਦੇ ਸਿੱਟੇ ਵਜੋਂ ਕਾਂ, ਕੁੱਤੇ, ਉੱਲੂ ਜਾਂ ਕਿਰਲੀ ਵਾਂਗ ਮਾਰ ਦੇਣ ਦੇ ਹੁਕਮਨਾਮੇਂ ਹਨ ਤੇ ਅਜਿਹਾ ਕਰਨ ਨੂੰ ਧਰਮ ਮਿਥਿਆ ਗਿਆ ਹੈ ਅਤੇ ਇਹ ਕੋਈ ਪਾਪ ਨਹੀਂ ਵਰਗੀਆਂ ਧਾਰਨਾਵਾਂ ਸਥਾਪਤ ਕੀਤੀਆਂ ਗਈਆਂ ਹਨ। ਪਰੰਤੂ ਜੋ ਧਰਮ ਨੇਕੀ ਅਤੇ ਪਰਉਪਕਾਰ ਦੀਆਂ ਭਾਵਨਾਵਾਂ ਉੱਪਰ ਸਥਾਪਤ ਹੋਏ ਹਨ। ਉਹਨਾਂ ਵਿੱਚ ਮਨੁੱਖਾਂ ਨੂੰ ਮਾਰਨ ਦਾ ਭਾਵੇਂ ਕੋਈ ਵਿਧਾਨ ਨਹੀਂ ਹੈ, ਧਾਰਨਾਂ ਨਹੀਂ ਹੈ, ਪਰੰਤੂ ਦੁਸ਼ਟਾਂ ਅਤੇ ਜਾਲਮਾਂ ਨੂੰ, ਜੋ ਬਾਕੀ ਪ੍ਰਾਣੀਆਂ ਨੂੰ ਬਿਨਾਂ ਵਜਾਹ ਦੁੱਖੀ ਕਰਦੇ ਹਨ, ਲੁੱਟਦੇ ਹਨ, ਮਾਰਦੇ ਹਨ, ਸ਼ਿਕਾਰ ਬਣਾਉਂਦੇ ਹਨ, ਔਰਤਾਂ ਨਾਲ ਵਿਭਚਾਰ ਕਰਨਾਂ ਆਪਣਾ ਅਧਿਕਾਰ ਸਮਝਦੇ ਹਨ, ਲੋਭੀ, ਹੰਕਾਰੀ, ਕ੍ਰੋਧੀ, ਘੁਮੰਡੀ, ਅਤੇ ਕਾਮਗ੍ਰਸਤ ਹੋ ਕੇ, ਸੰਸਾਰ ਵਿੱਚ ਦੁੱਖ ਪੈਦਾ ਕਰਦੇ ਹਨ, ਉਹਨਾਂ ਨੂੰ ਮਨੁੱਖਤਾ ਦੇ ਭਲੇ ਲਈ ਮਾਰ ਦੇਣ ਨੂੰ ਪਾਪ ਨਹੀਂ ਮੰਨਿਆ ਗਿਆ। ਭਾਵੇਂ ਅਜੇਹਾ ਸਿੱਧੇ ਸਪਾਟ ਸ਼ਬਦਾਂ ਰਾਹੀਂ ਨਹੀਂ ਕਿਹਾ ਗਿਆ ਪਰੰਤੂ ਵਿਚਾਰ ਪ੍ਰਗਟ ਕਰਦਿਆਂ, ਦੋਖੀ ਪੁਰਸ਼ਾਂ ਨੂੰ ਨਿਸ਼ਾਨਾਂ ਜਰੂਰ ਬਣਾਇਆ ਗਿਆ ਹੈ।

ਕਈ ਵਾਰ ਇਕ ਧਰਮ ਨੇ ਦੂਜੇ ਧਰਮ ਨੂੰ ਜਨਮ ਦੇਣ ਲਈ ਭੂਮੀਂ ਤਿਆਰ ਕੀਤੀ ਹੈ ਜੋ ਬੜੀ ਸਾਫ ਤੇ ਵਿਰੋਧੀ ਭਾਵਨਾਂ ਵਾਲੀ ਨਜਰ ਆਉਂਦੀ ਹੈ, ਟਕਰਾਅ ਦੀ ਸਥਿਤੀ ਵਰਗੀ । ਵਿਚਾਰਾਂ ਦਾ ਟਕਰਾਅ, ਨਿਸ਼ਾਨਿਆਂ ਦਾ ਟਕਰਾਅ, ਮਨੋਰਥਾਂ ਦਾ ਟਕਰਾਅ, ਮਨਸ਼ਿਆ ਦਾ ਟਕਰਾਅ, ਕੁਦਰਤੀ ਤੌਰ 'ਤੇ, ਕਿਸੇ ਪੜਾਅ 'ਤੇ ਜਾ ਕੇ, ਮਨੁੱਖੀ ਟਕਰਾਵਾਂ ਵਿਚ ਬਦਲ ਜਾਂਦਾ ਹੈ। ਵੈਰ ਤੇ ਪੱਕੀਆਂ ਦੁਸ਼ਮਣੀਆਂ ਵਿੱਚ ਬਦਲ ਜਾਂਦਾ ਹੈ। ਹਿੰਸਕ ਹੋ ਨਿੱਬੜਦਾ ਹੈ। ਹਿੰਸਾ ਧਰਮੀਂ ਮਨੁੱਖਾਂ ਵਿਚਕਾਰ ਵਾਪਰਦੀ ਹੈ। ਇਹ ਕਹਿਣਾ ਅਤੇ ਮੰਨਣਾ ਬੇਤੁਕਾ ਹੈ

ਕਿ ਮਜਹਬ ਆਪਸ ਵਿਚ ਵੈਰ ਰੱਖਣਾ, ਵੈਰ ਕਰਨਾ, ਨਹੀਂ ਸਿਖਾਉਂਦਾ। ਕੁੱਝ ਸਿਖਾਉਂਦੇ ਹਨ, ਬੜੀ ਖੁੱਲੀ ਭਾਸ਼ਾ ਵਿੱਚ ਸਿਖਾਉਂਦੇ ਹਨ। ਵੱਡੀਆਂ ਦੁਰਘਟਨਾਵਾਂ ਲਗਾਤਾਰ ਵਾਪਰਦੀਆਂ ਹਨ। ਬੇਸ਼ੁਮਾਰ ਕਤਲ ਅਤੇ ਮੁਲਕਾਂ ਵਿੱਚ ਜੰਗਾਂ ਹੁੰਦੀਆਂ ਹਨ। ਸਾਰਾ ਸੰਸਾਰ ਜਾਣਦਾ ਹੁੰਦਾ ਹੈ ਕਿ ਇਸ ਕਤਲੋਗਾਰਤ ਵਿਚਕਾਰ, ਧਰਮ ਦੀਆਂ ਭਾਵਨਾਵਾਂ ਕੰਮ ਕਰਦੀਆਂ ਹਨ। ਪਰੰਤੂ ਕੋਈ ਛੋਟੀ ਕੀਤੇ ਕਿਸੇ ਧਰਮ ਨੂੰ ਜਾਂ ਉਸਦੀ ਅਜੇਹੀ ਸਾਫ ਭਾਵਨਾਂ ਨੂੰ ਵੀ ਮੰਦਾ ਨਹੀਂ ਲਿਖ ਸਕਦਾ। ਸੰਸਾਰ ਦੀ ਇਹ ਵਿਸ਼ਵ ਵਿਆਪੀ ਸੱਚਾਈ ਹੈ। ਕੋਈ ਵੀ ਧਰਮ ਵਾਲਾ, ਦੂਜੇ ਨੂੰ ਆਪਣੇ ਧਰਮ ਨੂੰ ਬੁਰਾ ਨਹੀਂ ਕਹਿਣ ਦਿੰਦਾ। ਕਈ ਵਾਰ ਸਮਾਜਾਂ ਦੇ ਵਿਧਾਨ ਵੀ ਅਜੇਹਾ ਕਰਨ 'ਤੇ ਪਾਬੰਦੀ ਲਗਵਾ ਦਿੰਦੇ ਹਨ। ਭਾਰਤ ਸੰਸਾਰ ਪ੍ਰਸਿੱਧ ਧਰਮਾਂ ਦੀ ਭੂਮੀ ਬਣਿਆ ਹੋਇਆ ਹੈ। ਬੁੱਧ ਧਰਮ ਅਤੇ ਸਿੱਖ ਧਰਮ ਤੋਂ ਬਿਨਾਂ ਬਾਕੀ ਤਿੰਨੇ ਵੱਡੇ ਧਰਮ ਭਾਵ ਵੈਦਿਕ ਆਰੀਆ ਧਰਮ, ਇਸਲਾਮ ਧਰਮ ਅਤੇ ਇਸਾਈ ਧਰਮ ਬਦੇਸ਼ੀਆਂ ਦੇ ਧਰਮ ਹਨ।

ਪਿਛਲੇ ਪੰਦਰਾਂ ਵਰ੍ਹਿਆਂ ਦੇ ਅਧਿਐਨ ਤੋਂ ਇਕ ਖਾਸ ਗੱਲ ਵਾਰ ਵਾਰ ਨੋਟਿਸ ਵਿਚ ਆਉਂਦੀ ਹੈ ਕਿ ਹਿੰਦੂ ਧਰਮ ਅਤੇ ਹਿੰਦੂ ਦੇਵੀ ਦੇਵਤਿਆਂ ਸੰਬਧੀ ਬੁਰਾ ਭਲਾ ਕਹਿਣ ਜਾਂ ਲਿਖਣ ਵਾਲੇ ਲੋਕਾਂ 'ਤੇ ਸੈਂਕੜੇ ਕੇਸ ਦਰਜ ਕੀਤੇ ਗਏ ਹਨ। ਅਦਾਲਤਾਂ ਵਿਚ ਮੁਕਦਮੇ ਚਲਦੇ ਹਨ। ਇਹ ਪਰਕਿਰਿਆ ਕਦੀ ਵੀ ਨਹੀਂ ਮੁੱਕਦੀ। ਅਸੀਂ ਲਗਾਤਾਰ ਅਖਬਾਰਾਂ ਰਾਹੀਂ ਇਹ ਪੜ੍ਹਦੇ ਰਹਿੰਦੇ ਹਾਂ ਕਿ ਫਲਾਂ ਆਦਮੀ ਉੱਤੇ ਫਲਾਂ ਪੇਪਰ ਉੱਤੇ ਫਲਾਂ ਲੇਖਕ 'ਤੇ ਕੇਸ ਦਰਜ ਕੀਤਾ ਗਿਆ ਹੈ ਕਿ ਉਹਨਾਂ ਨੇ ਹਿੰਦੂ ਧਰਮ ਅਤੇ ਹਿੰਦੂ ਦੇਵੀ ਦੇਵਤਿਆਂ ਬਾਰੇ ਕੋਈ, ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਸ਼ਬਦ ਬੋਲੇ ਹਨ ਜਾਂ ਲਿਖੇ ਹਨ ਜਾਂ ਛਾਪੇ ਹਨ। ਬਹੁਗਿਣਤੀ ਵਿਚ ਇਹ ਕੇਵਲ ਹਿੰਦੂ ਧਰਮ ਦੇ ਪ੍ਰਸੰਗ ਵਿਚ ਵਾਪਰਦਾ ਤੁਰਿਆ ਆ ਰਿਹਾ ਹੈ। ਬਾਕੀ ਬੁੱਧ ਧਰਮ, ਇਸਲਾਮ ਧਰਮ, ਸਿੱਖ ਧਰਮ, ਇਸਾਈ ਧਰਮ ਆਦਿ ਨੂੰ ਮੰਨਣ ਵਾਲੇ ਲੋਕਾਂ ਵੱਲੋਂ ਕਦੀ ਅਜੇਹਾ ਕੇਸ ਦਰਜ਼ ਕਰਵਾਇਆ ਜਾਂਦਾ ਘੱਟ ਹੀ ਦੇਖਿਆ ਸੁਣਿਆ ਹੈ। ਇਸਦਾ ਅਰਥ ਇਹ ਨਹੀਂ ਕਿ ਅਸੀਂ ਅੱਖਾਂ ਬੰਦ ਕਰਕੇ, ਉਲਾਰ ਹੋ ਕੇ ਧਰਮ ਨੂੰ ਮੰਨਦੇ ਹਾਂ। ਪਿਛਲੇ ਦੋ ਮਹੀਨਿਆਂ ਵਿਚ ਹੀ ਪੰਜਾਬ ਅੰਦਰ ਹਿੰਦੂ ਧਰਮ ਦੇ ਪ੍ਰਸੰਗ ਵਿੱਚ, ਕਈ ਕੇਸ ਦਰਜ ਹੋਏ ਹਨ। ਅਖਬਾਰਾਂ ਵਿੱਚ ਛਾਇਆ ਹੋਏ ਹਨ, ਇਹ ਇਤਿਹਾਸਕ ਵਰਤਾਰਾ ਵੀ ਹੈ। ਬਹੁਤ ਕੇਸਾਂ ਵਿੱਚ ਉੱਚ ਅਦਾਲਤਾਂ ਦੇ ਫੈਸਲੇ ਵੇਖੇ ਪੜ੍ਹੇ ਹਨ।

ਮੈਂ ਸਮਝਦਾ ਹਾਂ ਕਿ ਉਹ ਲੋਕ ਉਦੋਂ ਠੀਕ ਨਹੀਂ ਕਰ ਰਹੇ ਹੁੰਦੇ ਜਦੋਂ ਹਿੰਦੂ ਧਰਮ ਸਬੰਧੀ ਹਿੰਦੂ ਦੇਵੀ ਦੇਵਤਿਆਂ ਸਬੰਧੀ ਆਪਣੇ ਵਿਚਾਰ ਦੇ ਕੇ, ਹਿੰਦੂਆਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ। ਉਹਨਾਂ ਨੂੰ ਅਜੇਹਾ ਕਰਨ ਤੋਂ ਸੰਕੋਚ ਕਰਨਾਂ ਚਾਹੀਦਾ ਹੈ। ਉਹਨਾਂ ਨੂੰ ਕੇਵਲ ਧਰਮਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਹਿੰਦੂ ਧਰਮ ਦੇ ਗ੍ਰੰਥਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਉਹਨਾਂ ਵਿਚ ਧਰਮ ਬਾਰੇ, ਦੇਵੀ ਦੇਵਤਿਆਂ ਬਾਰੇ ਬਹੁਤ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਤੁਸੀਂ ਬੁੱਧ ਧਰਮ ਅਤੇ ਸਿੱਖ ਧਰਮ ਦਾ ਅਧਿਐਨ ਕਰੋ, ਉਸ ਵਿੱਚੋਂ ਵੀ ਤੁਹਾਨੂੰ ਹਿੰਦੂ ਧਰਮ ਸਬੰਧੀ ਬਹੁਤ ਵਿਸ਼ਾਲ ਜਾਣਕਾਰੀ ਮਿਲੇਗੀ। ਰਿੱਗਵੇਦ, ਵਾਲਮੀਕ ਰਾਮਾਇਣ, ਤੁਲਸੀ ਰਾਮਾਇਣ, ਗਰੁੜ ਪੁਰਾਣ, ਗੀਤਾ, ਮੱਦ ਭਾਗਵਤ, ਮਹਾਂਭਾਰਤ, ਸ਼ਿਵ ਪੁਰਾਣ, ਆਦਿ ਕਿੰਨੇ ਹੀ ਹਿੰਦੂ ਧਾਰਮਿਕ ਗ੍ਰੰਥ ਹਨ, ਜਿੰਨ੍ਹਾਂ ਵਿੱਚੋਂ ਤੁਸੀਂ ਬਹੁਤ ਗਹਿਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਬੇਸ਼ੱਕ ਹਜਾਰਾਂ ਵਰ੍ਹੇ ਇਹਨਾਂ ਗ੍ਰੰਥਾਂ ਨੂੰ ਪੜ੍ਹਨ 'ਤੇ ਪਾਬੰਦੀ ਰਹੀ। ਇਸ ਪਾਬੰਦੀ ਨੂੰ ਤੋੜਨ ਵਾਲਾ ਵੀ ਸਜਾ ਦਾ ਭਾਗੀ ਸੀ। ਪਾਪੀ ਸੀ। ਰਾਕਸ਼ ਸੀ।

ਪਰੰਤੂ ਪਿਛਲੇ ਸੌ ਵਰ੍ਹੇ ਵਿੱਚ ਹਿੰਦੂ ਵਿੱਦਵਾਨਾਂ ਨੇ ਤੇ ਹੋਰ ਵਿਦਵਾਨਾਂ ਨੇ, ਇਹਨਾਂ ਦਾ ਅੰਗਰੇਜੀ, ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਵਿੱਚ ਉਲਥਾ ਕੀਤਾ ਹੈ ਅਤੇ ਛਾਪਿਆ ਹੈ। ਗੀਤਾ ਪ੍ਰੈਸ ਵਾਲੇ ਵੀ ਅਨੁਵਾਦ ਕਰਕੇ, ਧਰਮ ਗ੍ਰੰਥਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਵੱਡਾ ਯਤਨ ਕਰਦੇ ਹਨ। ਕਈ ਵਾਰ ਇੰਜ ਲਗਦਾ ਹੈ ਜਿਵੇਂ ਅਨੁਵਾਦ ਪੂਰਨ ਰੂਪ ਵਿਚ ਨਹੀਂ ਹੁੰਦਾ। ਜਿਵੇਂ ਕਾਫੀ ਕੁਝ ਘਟਾ-ਵਧਾ ਦਿੱਤਾ ਜਾਂਦਾ ਹੋਵੇ।

ਹੁਣ ਲੋਕਤੰਤਰ ਵਿਚ ਇਹਨਾਂ ਗ੍ਰੰਥਾਂ ਨੂੰ ਪੜ੍ਹਨ 'ਤੇ ਕੋਈ ਪਾਬੰਦੀ ਨਹੀਂ ਹੈ। ਫਿਰ ਜੋ ਸਹੀ ਗੱਲ ਹੈ ਉਹ ਇਹ ਹੈ ਕਿ ਹਿੰਦੂ ਧਰਮ ਦਾ ਅਧਿਐਨ ਕਰੋ, ਇਸੇ ਪ੍ਰਸੰਗ ਵਿੱਚ ਬੁੱਧ ਧਰਮ ਅਤੇ ਸਿੱਖ ਧਰਮ ਦਾ ਅਧਿਐਨ ਕਰੋ। ਤੁਸੀਂ ਸਿਰਫ ਇਹ ਵੇਖੋ ਕਿ ਧਰਮ ਕੀ ਹੁੰਦਾ ਹੈ। ਧਰਮ ਗ੍ਰੰਥਾਂ ਦਾ ਸਿਰਜਕ ਕੀ ਆਖਦਾ ਹੈ। ਜਿੱਥੇ ਆਪਸ ਵਿੱਚ ਵਿੱਥਾਂ ਹਨ, ਟਕਰਾਅ ਹਨ ਸਾਫ ਨਜ਼ਰ ਆ ਜਾਂਦੇ ਹਨ।

ਸਮੱਸਿਆਵਾਂ ਇਸ ਲਈ ਪੈਦਾ ਹੋ ਰਹੀਆਂ ਹਨ ਕਿਉਂਕਿ ਲੋਕਾਂ ਨੂੰ ਇਹਨਾਂ ਵਿਸ਼ਿਆਂ ਦੀ ਪੂਰੀ ਜਾਣਕਾਰੀ ਨਹੀਂ ਹੈ। ਇਸ ਜਾਣਕਾਰੀ ਦੇ ਨਾ ਹੋਣ ਕਾਰਨ, ਤੱਥ ਤੇ ਹਕੀਕਤ ਦਾ ਪਤਾ ਨਾ ਹੋਣ ਕਾਰਨ, ਧਾਰਮਕ ਲੋਕ, ਸਰਕਾਰਾਂ ਅਫਸਰਾਨ, ਪੁਲੀਸ ਅਤੇ ਅਦਾਲਤਾਂ, ਮੁਸੀਬਤ ਵਿੱਚ ਪੈ ਜਾਂਦੀਆਂ ਹਨ। ਹਰ ਕਿਸੇ ਕੋਲ ਏਨਾਂ ਵਕਤ ਨਹੀਂ ਹੈ ਕਿ ਉਹ ਪਰਤਾਂ ਫਰੋਲ ਕੇ ਧਰਮਾਂ ਦਾ ਚਿਹਰਾ ਮੋਹਰਾ ਵੇਖ ਸਕੇ। ਹਕੀਕਤਾਂ ਨੂੰ ਜਾਣ ਸਕੇ। ਖਾਸ ਕਰਕੇ ਉਦੋਂ ਜਦੋਂ ਧਾਰਮਕ ਗ੍ਰੰਥਾਂ ਦੀ ਬਹੁਲਤਾ ਹੋਵੇ ਅਤੇ ਹਰ ਕੋਈ ਸਿਰਫ ਆਪਣੇ ਹੀ ਧਰਮ ਬਾਰੇ ਲੋੜ ਜੋਗਾ ਜਾਨਣਾ ਚਾਹੁੰਦਾ ਹੋਵੇ।

ਸਰਕਾਰਾਂ ਚਲਾਉਣ ਵਾਲੇ ਲੋਕ, ਪੜ੍ਹੇ ਲਿਖੇ ਹੋ ਸਕਦੇ ਹਨ, ਪਰ ਵਿੱਦਵਾਨ ਤਾਂ ਹਰ ਕੋਈ ਨਹੀਂ ਹੁੰਦਾ। ਜਾਂ ਫਿਰ ਆਪਣੇ ਹੀ ਧਰਮ ਤੋਂ ਬਿਨਾਂ ਉਸਨੂੰ ਬਾਕੀ ਧਰਮ ਬਾਰੇ ਜਾਨਣ ਦੀ ਰੁਚੀ, ਨਾਂਹ ਵਰਗੀ ਹੁੰਦੀ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਵਿੱਚ, ਹਿੰਦੂ, ਸਿੱਖ ਅਤੇ ਬੁੱਧ ਧਰਮ ਦੇ ਪ੍ਰਸੰਗ ਨਹੀਂ ਹਨ। ਇਹਨਾਂ ਦੀ ਰਚਨਾਂ ਦਾ ਵਾਹ ਵਾਸਤਾ ਬਹੁਤ ਦੂਰ ਦਾ ਹੋਣ ਕਾਰਨ, ਕੋਈ ਸਾਂਝੀ ਗੱਲ ਨਹੀਂ ਉੱਠੀ। ਆਪਸੀ ਤਰਕ ਵਿਤਰਕ ਪੈਦਾ ਨਹੀਂ ਹੋਇਆ। ਪਰੰਤੂ ਬੁੱਧ ਅਤੇ ਸਿੱਖ ਧਰਮ ਤਾਂ ਸਿੱਧੇ ਹੀ ਹਿੰਦੂ ਧਰਮ ਦੇ ਪ੍ਰਸੰਗ ਵਿੱਚੋਂ ਪੈਦਾ ਹੋਏ ਧਰਮ ਹਨ। ਇਹਨਾਂ ਦੇ ਗ੍ਰੰਥਾਂ, ਈਸ਼ਵਰ, ਨਰਕ, ਸੁਰਗ, ਦੇਵੀ, ਦੇਵਤੇ, ਕਰਮਕਾਂਡ, ਜੋਗ ਤਪ, ਸੰਨਿਆਸ, ਮੰਦਰ, ਮੱਠ, ਗੁਰਦੁਆਰੇ, ਬ੍ਰਾਹਮਣ, ਭਿਖਸ਼ੂ ਤੇ ਭਾਈ, ਕਰਮਕਾਂਡ ਅਤੇ ਮਨੋਰਥ ਹਰ ਗੱਲ ਵਿੱਚ ਸਾਂਝ ਅਤੇ ਤਰਕ ਵਿਤਰਕ ਦੀ ਕੜੀ ਮੌਜੂਦ ਹੈ। ਵਾਦ ਵਿਵਾਦ ਹੈ। ਸੰਤ ਕਬੀਰ ਵੇਦਾਂ ਬਾਰੇ ਬਹੁਤ ਹੀ ਉੱਚੀ ਪੱਧਰ ਦਾ ਨਿਰਨਾਂ ਦਿੰਦੇ ਹਨ ਕਿ ਬੇਦ ਕਤੇਬ ਕਹੋ ਮਤ ਝੂਠੇ, ਝੂਠਾ ਜੋ ਨਾਂ ਬੀਚਾਰੇ । ਭਾਵ ਸਹੀ ਗਲਤ, ਸੱਚ ਝੂਠ ਦਾ ਨਿਰਨਾਂ ਕਰਨ ਲਈ ਜਰੂਰੀ ਹੈ ਕਿਸੇ ਵਿਸ਼ੇ ਨੂੰ ਗਹਿਰਾਈ ਤੱਕ ਵਿਚਾਰਨਾਂ ਤੇ ਸਮਝਣਾ। ਐਵੇਂ ਕਿਸੇ ਗੱਲ ਨੂੰ ਝੂਠਾ ਕਹਿ ਦੇਣਾ ਦਰੁਸਤ ਫੈਸਲਾ ਨਹੀਂ ਹੈ।

ਇਸ ਰਚਨਾ ਵਿੱਚ ਅਸੀਂ ਕੇਵਲ ਹਿੰਦੂ ਧਰਮ ਅਤੇ ਹਿੰਦੂ ਦੇਵਤਿਆਂ ਦਾ ਪ੍ਰਸੰਗ ਚੁਣਿਆ ਹੈ। ਕਿਉਂਕਿ ਧਰਮੀ ਲੋਕਾਂ, ਸਰਕਾਰਾਂ, ਅਧਿਕਾਰੀਆਂ, ਪੁਲੀਸ ਬਲਾਂ ਅਤੇ ਅਦਾਲਤਾਂ ਵਾਸਤੇ ਇਹ ਵਿਸ਼ਾ ਵਾਰ ਵਾਰ ਸਾਹਮਣੇ ਆਉਣ ਕਾਰਨ, ਮਹੱਤਵ ਵਾਲਾ ਹੈ ਕਈ ਵਾਰ ਕੇਸ ਸੁਪਰੀਮ ਕੋਰਟ ਤੱਕ ਚਲੇ ਜਾਂਦੇ ਹਨ, ਅਤੇ ਵਰ੍ਹਿਆ ਤੱਕ, ਇਸ ਵਿਸ਼ੇ 'ਤੇ ਬਹਿਸ ਚਲਦੀ ਰਹਿੰਦੀ ਹੈ, ਇਸ ਲਈ ਸਾਡੀ ਜਰੂਰਤ ਹੈ ਕਿ ਇਸ ਸਮੱਸਿਆ ਦਾ ਕੋਈ ਸਰਲ ਹੱਲ ਲੱਭਿਆ ਜਾਵੇ ਤਾਂ ਜੋ ਸਾਡੇ ਮੁਲਕ ਦੇ ਲੋਕ, ਸ਼ਾਸ਼ਨ, ਪ੍ਰਸ਼ਾਸ਼ਨ ਅਤੇ ਨਿਆਂਪਾਲਕਾ, ਇਸ ਸਮੱਸਿਆ ਤੋਂ ਬੱਚ ਸਕਣ। ਇਸ ਨਾਲ ਮੁਲਕ ਦਾ, ਮੁਲਕ ਦੇ ਮਨੁੱਖ ਦਾ ਭਲਾ ਹੋਣਾ ਨਿਸ਼ਚਤ ਹੈ। ਜਦੋਂ ਅਸੀਂ ਕੁੱਝ ਸਮੱਸਿਆਵਾਂ ਦਾ ਹੱਲ ਕਰ ਲੈਂਦੇ ਹਾਂ ਤਾਂ ਕੁਦਰਤੀ ਹੀ, ਬੋਝ ਹਲਕਾ ਹੁੰਦਾ ਹੈ। ਇਸ ਨਾਲ ਸਮਾਜ ਅੰਦਰ ਪੈਦਾ ਹੋਣ ਵਾਲੀ ਕੁੜੱਤਣ ਨੂੰ ਠੱਲ੍ਹ ਪੈਂਦੀ ਹੈ। ਸਹੀ ਵਸਤੂ ਸਾਹਮਣੇ ਆ ਜਾਂਦੀ ਹੈ।

ਜੇ ਅਸੀਂ ਹਿੰਦੂ ਧਾਰਮਿਕ ਗ੍ਰੰਥਾਂ ਅਤੇ ਹੋਰ ਗ੍ਰੰਥਾਂ ਵਿੱਚੋਂ ਹੀ ਧਰਮ ਅਤੇ ਦੇਵੀ ਦੇਵਤਿਆਂ ਬਾਰੇ ਵਿਚਾਰ ਜਾਣ ਲਵਾਂਗੇ ਤਾਂ ਯਕੀਨਨ, ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਵੀ ਆਪਣੇ ਧਰਮ ਦੀ ਹਕੀਕਤ ਦਾ ਪਤਾ ਹੋਣ 'ਤੇ ਕੋਈ ਠੇਸ ਨਹੀਂ ਪੁਹੰਚੇਗੀ। ਅਤੇ ਦੂਜੇ ਧਰਮਾਂ ਨੂੰ ਮੰਨਣ ਵਾਲੇ ਲੋਕ ਵੀ ਅਜੇਹੇ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਨਗੇ ਜਿਸ ਨਾਲ ਕੋਈ ਮੁਸ਼ਕਲ ਬਣੇਂ। ਤੀਜਾ ਜਿੰਨਾਂ ਸਰਕਾਰੀ ਸ਼ਕਤੀਆਂ ਨੂੰ ਇਸ ਮੁਸ਼ਕਲ ਵਿੱਚ ਉਲਝਣਾ ਪੈਂਦਾ ਹੈ ਉਹ ਵੀ ਪੂਰੀ ਜਾਣਕਾਰੀ ਹੋਣ ਕਾਰਨ ਆਮ ਪੱਧਰ 'ਤੇ ਹੀ ਮੁਸ਼ਕਲਾਂ ਨੂੰ ਹੱਲ ਕਰਨ ਦੇ ਯੋਗ ਹੋ ਸਕਣਗੇ ਅਤੇ ਝਮੇਲਿਆਂ ਤੋਂ ਬਚ ਸਕਣਗੇ। ਸਾਡੀ ਅਗਿਆਨਤਾ ਹੀ ਦੁੱਖਾਂ, ਮੁਸ਼ਕਲਾਂ, ਗਲਤ ਧਾਰਨਾਵਾਂ, ਅਤੇ ਗਲਤ ਨਿਰਨਿਆ ਦਾ ਕਾਰਨ ਬਣਦੀ ਹੈ। ਕਾਰਨਾਂ ਤੋਂ ਬਿਨਾਂ ਤਾਂ ਕੁੱਝ ਵੀ ਨਹੀਂ ਵਾਪਰਦਾ।

ਹਿੰਦੂ ਧਰਮ ਵੇਦਾਂ ਸ਼ਾਸਤਰਾਂ ਪੁਰਾਣਾਂ ਸਿਮਰਤੀਆਂ, ਗੀਤਾ ਤੇ ਮੰਨੂ ਸਿਮਰਤੀ ਅਤੇ ਸਿਮਰਤੀਆਂ ਦਾ ਧਰਮ ਹੈ। ਰਾਮ ਚਰਿਤ ਮਾਨਸ ਭਾਵ ਤੁਲਸੀ ਰਾਮਾਇਣ, ਸ਼ਿਵ ਪੁਰਾਣ, ਗਰੁੜ ਪੁਰਾਣ, ਮੱਦ ਭਾਗਵਤ, ਆਦਿ ਹੋਰ ਗ੍ਰੰਥ ਹਨ। ਇਹਨਾਂ ਸਾਰੇ ਗ੍ਰੰਥਾਂ ਵਿਚ, ਹਿੰਦੂ ਧਰਮ ਦੀਆਂ ਧਾਰਨਾਵਾਂ ਮਨੌਤਾਂ ਅਤੇ ਕਰਮ ਕਾਂਡ ਦੀ ਵਿਆਖਿਆ ਕੀਤੀ ਗਈ ਹੈ। ਹਿੰਦੂਆਂ ਲਈ ਇਹ ਗ੍ਰੰਥ ਉਨੇ ਹੀ ਪਵਿੱਤਰ ਹਨ ਜਿੰਨੇ ਸਿੱਖਾਂ ਲਈ ਗੁਰੂ ਗ੍ਰੰਥ, ਮੁਸਲਮਾਨਾਂ ਲਈ ਕੁਰਾਣ ਅਤੇ ਇਸਾਈਆਂ ਲਈ ਬਾਈਬਲ। ਇਸ ਤੋਂ ਇਲਾਵਾ ਹਿੰਦੂ ਦੇਵੀ ਦੇਵਤਿਆਂ ਅਤੇ ਭਗਵਾਨਾਂ ਜਿਵੇਂ ਰਾਮ ਚੰਦਰ ਅਤੇ ਕ੍ਰਿਸ਼ਨ ਦੀ ਖਾਸ ਤੌਰ 'ਤੇ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਵਿੱਚ ਬ੍ਰਹਮਾਂ, ਇੰਦਰ, ਵਿਸ਼ਨੂੰ, ਸ਼ਿਵ, ਗਣੇਸ਼, ਪਾਰਬਤੀ, ਸਵਿੱਤਰੀ, ਸਰਸਵਤੀ, ਦੁਰਗਾ, ਰਾਧਾ ਆਦਿ ਦਾ ਵਿਸ਼ਾਲ ਵਰਨਣ ਕੀਤਾ

ਗਿਆ ਹੈ। ਕਿਉਂਕਿ ਇਹ ਹਿੰਦੂ ਧਰਮ ਦੇ ਰਖਵਾਲੇ ਹਨ।

ਭਾਵੇਂ ਵਾਲਮੀਕ ਰਾਮਾਇਣ ਵਿੱਚ ਰਾਮ ਚੰਦਰ ਅਤੇ ਰਾਵਣ ਯੁੱਧ ਭਾਵ ਦੇਵਾਂ ਦਾਨਵਾਂ, ਸੁਰਾਂ ਅਸੁਰਾਂ, ਦੇਵਤਿਆਂ ਅਤੇ ਰਾਖਸ਼ਾਂ, ਬਾਨਰਾਂ (ਬਣਨਰਾਂ) ਅਤੇ ਕਿੰਨੇ ਹੀ ਯੱਖਾਂ ਨਾਗਾਂ, ਗੰਧਰਵਾਂ ਰਿਸ਼ੀਆਂ ਮੁਨੀਆਂ, ਆਰੀਆ ਦਰਾਵੜਾਂ ਦੇ ਯੁੱਧ ਦਾ ਅਤੇ ਜੀਵਨ ਦਾ ਵਰਨਣ ਕੀਤਾ ਗਿਆ ਹੈ। ਅਤੇ ਦੱਸਣ ਵਾਲੀ ਵਿਸ਼ੇਸ਼ ਗੱਲ ਇਹ ਹੈ ਕਿ ਰਾਮ ਚੰਦਰ, ਭਰਤ, ਲਛਮਣ, ਦਸ਼ਰਥ, ਜਨਕ, ਵਿਸ਼ਵਾਮਿੱਤਰਾ, ਵਸ਼ਿਸ਼ਟ, ਨਾਰਦ, ਮਾਰਕੰਡੇ, ਵੇਦ ਵਿਆਸ, ਸੁਕਦੇਵ, ਗਜਿੰਦਰ, ਪਰਾਸ਼ਰ, ਸਨਤ ਕੁਮਾਰ, ਸਨਕੇ, ਸਨੰਦਨ, ਭਾਰਦਵਾਜ, ਸੀਤਾ, ਵਾਯੂ ਆਦਿ ਦਾ ਉਲੇਖ ਵਿਸ਼ਾਲ ਰਚਨਾਂ ਰਾਹੀਂ ਕੀਤਾ ਗਿਆ ਹੈ ਪਰੰਤੂ, ਇਸ ਗ੍ਰੰਥ ਨੂੰ ਹਿੰਦੂ ਆਪਣਾ ਧਾਰਮਕ ਗ੍ਰੰਥ ਸਵੀਕਾਰ ਨਹੀਂ ਕਰਦੇ। ਨਾ ਹੀ ਇਸ ਦੀ ਉਹ ਪੂਜਾ ਕਰਦੇ ਹਨ। ਕਿਉਂਕਿ ਇਸ ਸ਼ਾਹਕਾਰ ਗ੍ਰੰਥ ਦਾ ਦ੍ਰਿਸ਼ਟੀਕੋਣ ਹਿੰਦੂ ਧਰਮ ਵਾਲਾ ਨਹੀਂ ਹੈ। ਇਸ ਦਾ ਹਰ ਕਾਂਡ ਧਰਮ ਅਤੇ ਅਧਰਮ ਵਿਚਕਾਰ ਸਾਫ ਲਕੀਰ ਖਿੱਚਦਾ ਹੈ। ਜਿਸਨੂੰ ਬਹੁਤ ਬਰੀਕ ਸੂਝ ਨਾਲ ਵੇਖਿਆ ਜਾ ਸਕਦਾ ਹੈ। ਕਿਉਂਕਿ ਹਿੰਦੂ ਤੇ ਖਾਸ ਕਰਕੇ ਬ੍ਰਾਹਮਣ ਲੋਕਾਂ ਨੇ ਇਸ ਦੀ ਹਕੀਕਤ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਲਿਆ ਸੀ, ਇਸ ਕਰਕੇ ਉਹਨਾਂ ਨੇ ਵਾਲਮੀਕ ਰਾਮਾਇਣ ਨੂੰ ਆਪਣਾ ਧਾਰਮਕ ਗ੍ਰੰਥ ਸਵੀਕਾਰ ਨਹੀਂ ਕੀਤਾ। ਅਤੇ ਉਸਦੀ ਜਗਾਹ, ਅਕਬਰ ਬਾਦਸ਼ਾਹ ਜੋ ਹਿੰਦੂ ਉਚ ਘਰਾਣਿਆਂ ਨਾਲ ਰਿਸ਼ਤੇ ਨਾਤੇ ਜੋੜ ਕੇ ਅੱਧਾ ਹਿੰਦੂ ਅਤੇ ਅੱਧਾ ਮੁਸਲਮਾਨ ਬਣ ਗਿਆ ਸੀ, ਜੋ ਇਕੋ ਸਮੇਂ ਹਿੰਦੂ ਦੇਵੀ-ਦੇਵਤਿਆਂ ਦੀ ਵੀ ਪੂਜਾ ਕਰਦਾ ਸੀ, ਜਿਸਦਾ ਖਾਸਮ ਖਾਸ ਵਜੀਰ ਬੀਰਬਲ ਇਕ ਬ੍ਰਾਹਮਣ ਸੀ, ਜਿਸਦਾ ਦੀਵਾਨ ਟੋਡਰ ਮੱਲ ਵੀ ਬ੍ਰਾਹਮਣ ਸੀ, ਜਿਸਦੇ ਰਾਜਕਾਲ ਵਿੱਚ ਤੁਲਸੀ ਬ੍ਰਾਹਮਣ ਨੇ ਰਾਮ ਚਰਿਤ ਮਾਨਸ ਭਾਵ ਤੁਲਸੀ ਰਾਮਾਇਣ ਲਿਖੀ ਜੋ ਬਾਈਬਲ, ਕੁਰਾਨ, ਗੁਰੂ ਗ੍ਰੰਥ ਵਾਂਗ ਹਿੰਦੂਆਂ ਦਾ ਉੱਤਮ ਗ੍ਰੰਥ ਹੈ। ਇਸ ਰਾਮਾਇਣ ਰਾਹੀਂ ਹੀ ਰਾਮ ਚੰਦਰ ਨੂੰ ਭਗਵਾਨ ਵਜੋਂ ਮਾਣਤਾ ਦਿੱਤੀ ਗਈ। ਹਿੰਦੂ ਮੰਦਰਾਂ ਵਿੱਚ ਇਸੇ ਗ੍ਰੰਥ ਦਾ ਪਾਠ ਹੁੰਦਾ ਹੈ। ਜਾਂ ਫਿਰ ਗੀਤਾ ਦਾ। ਦੂਜੇ ਪਾਸੇ ਮੱਦ ਭਾਗਵਤ ਵਿੱਚ ਲਿਖਿਆ ਗਿਆ ਹੈ ਕਿ ਮੱਦ ਭਾਗਵਤ ਪੁਰਾਣ ਸਾਰੇ ਹਿੰਦੂ ਗ੍ਰੰਥਾਂ ਦਾ ਸੁਮੇਲ ਅਤੇ ਨਿਚੋੜ ਹੈ, ਜਿਸਨੂੰ ਪੜ੍ਹਨ ਨਾਲ ਸਾਰੇ ਹਿੰਦੂ ਗ੍ਰੰਥਾਂ ਦਾ ਗਿਆਨ ਹੋ ਜਾਂਦਾ ਹੈ। ਇਕ ਵਾਰ ਫੇਰ ਅਸੀਂ ਇਹ ਕਹਿਣਾ ਚਾਹਾਂਗੇ ਕਿ ਪੂਰੇ ਭਾਰਤ ਵਿੱਚ ਜਾ ਇਉਂ ਕਹਿ ਲਵੋ ਕਿ ਹਿੰਦੂਆਂ ਦੇ ਮੰਦਰਾਂ ਵਿੱਚ, ਜਿੱਥੇ ਪੁਜਾਰੀ ਬ੍ਰਾਹਮਣ ਹੈ, ਵਾਲਮੀਕ ਰਾਮਾਇਣ ਗ੍ਰੰਥ ਵਜੋਂ ਨਹੀਂ ਰਖਿਆ ਜਾਂਦਾ। ਨਾ ਇਸਦਾ ਪਾਠ ਕੀਤਾ ਜਾਂਦਾ ਹੈ। ਇਸਦਾ ਪਾਠ ਕੇਵਲ ਸ਼ੂਦਰ ਨਿਮਨ ਜਾਤੀਆਂ ਹੀ ਕਰਦੀਆਂ ਹਨ। ਉਹੋ ਇਸਦੀ ਪੂਜਾ ਕਰਦੇ ਹਨ। ਖਾਸ ਕਰਕੇ ਵਾਲਮੀਕੀ ਲੋਕ ਹੀ ਇਸ ਗ੍ਰੰਥ ਦੀ ਪੂਜਾ ਕਰਦੇ ਹਨ। ਪਰੰਤੂ ਬ੍ਰਾਹਮਣ ਜਾਂ ਹਿੰਦੂ ਲੋਕ ਆਪਣੀ ਲੋੜ ਪੂਰੀ ਕਰਨ ਲਈ ਇਸ ਗ੍ਰੰਥ ਦਾ ਕਦੀ ਕਦਾਈਂ ਜਿਕਰ ਕਰਦੇ ਹਨ। ਪੂਜਾ ਪਾਠ ਨਹੀਂ ਕਰਦੇ ਅਤੇ ਨਾਂ ਹੀ ਮੰਦਰਾਂ ਵਿਚ ਇਸਨੂੰ ਪੜ੍ਹਿਆ ਜਾ ਸੁਣਾਇਆ ਜਾਂਦਾ ਹੈ। ਪਾਠ ਕੇਵਲ ਤੁਲਸੀ ਰਾਮਾਇਣ ਦਾ ਹੁੰਦਾ ਹੈ।

ਇਹਨਾਂ ਸਾਰੇ ਧਾਰਮਕ ਗ੍ਰੰਥਾਂ ਵਿੱਚ ਹਿੰਦੂਆਂ ਦੇ ਧਰਮ ਅਤੇ ਭਗਵਾਨ ਰਾਮ ਕ੍ਰਿਸ਼ਨ ਅਤੇ ਦੇਵੀ ਦੇਵਤਿਆਂ ਦਾ ਪਰਭੂਰ ਜਿਕਰ ਮਿਲਦਾ ਹੈ। ਇਸਦੀ ਬਜਾਏ ਕਿ ਅਸੀਂ ਲੋਕਾਂ ਵਾਂਗ ਆਪਣੀ ਬਣਾਈ ਜਾਂ ਸੁਣਾਈ ਗੱਲ ਕਹੀਏ ਸਾਨੂੰ ਹਿੰਦੂਆਂ ਦੇ ਧਰਮ ਗ੍ਰੰਥਾਂ ਵਿੱਚ ਮਿਲਦੇ ਜਿਕਰ ਨੂੰ ਹੀ ਲੈਣਾ ਚਾਹੀਦਾ ਹੈ। ਸੱਚਾਈ ਨੂੰ ਸਾਹਮਣੇ ਰੱਖਣਾ ਸਾਡਾ ਮਨੋਰਥ ਹੈ। ਇੰਜ ਦੀ ਵਿਧੀ ਅਪਨਾਉਣ ਨਾਲ ਹਿੰਦੂਆਂ ਨੂੰ ਕੋਈ ਰੋਸ ਨਹੀਂ ਹੋ ਸਕਦਾ। ਉਹ ਆਪਣੇ ਧਾਰਮਕ ਗ੍ਰੰਥਾਂ ਦੀਆਂ ਕਥਾਵਾਂ 'ਤੇ ਰੋਸ ਕਿਉਂ ਕਰਨਗੇ ? ਹੋ ਸਕਦਾ ਹੈ ਕਿ ਬਾਕੀ ਲੋਕਾਂ ਵਾਂਗ ਬਹੁਗਿਣਤੀ ਹਿੰਦੂਆਂ ਨੂੰ ਵੀ ਅਜੇਹੀਆਂ ਕਥਾਵਾਂ ਦਾ ਪੂਰਾ ਗਿਆਨ ਨਾ ਹੋਵੇ। ਕਿਉਂਕਿ ਸਾਰੇ ਹਿੰਦੂ, ਸਾਰੇ ਧਰਮ ਗ੍ਰੰਥਾਂ ਦਾ ਪਾਠ ਨਹੀਂ ਕਰਦੇ ਅਤੇ ਨਾ ਹੀ ਸਾਰੇ ਹਿੰਦੂ ਗ੍ਰੰਥਾਂ ਦਾ ਅਧਿਐਨ ਕਰਦੇ ਹਨ। ਅਸੀਂ ਕਈ ਹਿੰਦੂ ਵਿਦਵਾਨਾਂ ਦਾ ਜਿਕਰ ਵੀ ਕਰਾਂਗੇ, ਜਿੰਨਾਂ ਨੇ ਆਪਣੇ ਧਾਰਮਕ ਗ੍ਰੰਥਾਂ ਨੂੰ ਗਹੁ ਨਾਲ ਪੜ੍ਹਿਆ ਹੈ ਅਤੇ ਆਪਣੀਆਂ ਲਿਖਤਾਂ ਵਿਚ ਉਹਨਾਂ ਦਾ ਜਿਕਰ ਵਿਸ਼ੇਸ਼ ਤੌਰ 'ਤੇ ਕੀਤਾ ਹੈ।

ਜੇ ਅਸੀਂ ਨੇੜੇ ਦੀ ਗੱਲ ਕਰੀਏ ਤਾਂ, ਸੰਤ ਨਾਮਦੇਵ, ਸੰਤ ਕਬੀਰ, ਸੰਤ ਰਵੀਦਾਸ, ਸੰਤ ਸੈਣ ਆਦਿ ਸੰਤਾਂ ਨੂੰ ਛੱਡ ਕੇ ਬਾਕੀ ਦੇ ਸਾਰੇ ਸੰਤ ਜਿਵੇਂ ਰਾਮਾਨੰਦ, ਤਰਲੋਚਣ, ਜੈ ਦੇਵ ਆਦਿ ਅਤੇ ਸਾਰੇ ਗੁਰੂ ਜਿਵੇਂ ਗੁਰੂ ਨਾਨਕ, ਗੁਰੂ ਅਰਜਨ ਅਤੇ ਗੁਰੂ ਗੋਬਿੰਦ ਸਿੰਘ ਸਾਰੇ ਹੀ ਸਵਰਨ ਹਿੰਦੂ ਸੋਢੀ ਖੱਤਰੀ ਸਨ, ਜਿੰਨ੍ਹਾਂ ਨੇ ਹਿੰਦੂ ਧਰਮ ਅਤੇ ਦੇਵੀ ਦੇਵਤਿਆਂ ਦੀ ਬਹੁਤ ਖੁਲ੍ਹੀ ਅਤੇ ਭਰਵੀਂ ਵਿਆਖਿਆ ਕੀਤੀ ਹੈ।

ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦਾ ਉੱਤਮ ਫਿਲਾਸਫਰ, ਵਿਚਾਰਵਾਨ, ਤਰਕਬੋਧੀ ਇਨਸਾਨ ਓਸ਼ੋ ਕਹਿੰਦਾ ਹੈ ਕਿ ਜੇਕਰ ਇਸ ਸੰਸਾਰ ਵਿਚ ਕੋਈ ਮਹਾਨ ਸੰਤ ਪੈਦਾ ਹੋਇਆ ਹੈ ਤਾਂ ਉਹ ਕਬੀਰ ਹੈ। ਓਸ਼ੋ ਜੋ ਕ੍ਰਿਸ਼ਮਈ ਬੁੱਧੀ ਦਾ ਮਾਲਕ ਹੈ, ਉਹ ਜਦੋਂ ਸੰਤ ਕਬੀਰ ਦੀ ਉਸਤਤ ਕਰਦਿਆਂ ਸੰਸਾਰ ਦੇ ਸੰਤ ਵਿਦਵਾਨਾਂ ਨੂੰ ਸਾਹਮਣੇ ਰੱਖਦਾ ਹੈ ਤਾਂ ਅਸੀਂ ਇਹ ਕਹਾਂਗੇ ਕਿ ਜੋ ਵਿਚਾਰ ਸੰਤ ਕਬੀਰ ਨੇ, ਹਿੰਦੂ ਧਰਮ ਅਤੇ ਹਿੰਦੂ ਦੇਵੀ ਦੇਵਤਿਆਂ ਸਬੰਧੀ ਕਹੇ ਹਨ ਉਹ ਸਧਾਰਨ ਨਹੀਂ ਹਨ। ਉਹ ਮਹੱਤਵਪੂਰਨ ਹਨ। ਅਸੀਂ ਕੇਵਲ ਮਾਨਵ ਹਾਂ। ਆਦਮੀਂ ਹਾਂ। ਉਹ ਮਹਾਮਾਨਵ ਹਨ। ਉੱਚਤਮ ਬੁੱਧੀ, ਵਿਚਾਰ ਦੇ ਮਾਲਕ। ਕੀ ਸਾਡੇ ਲਈ ਇਹ ਕਾਫੀ ਨਹੀਂ ਕਿ ਅਸੀਂ ਉਹਨਾਂ ਨੂੰ ਹੀ ਸੁਣੀਏ ਪੜ੍ਹੀਏ ਤੇ ਵਿਚਾਰੀਏ? ਇਸਤੋਂ ਪਹਿਲਾਂ ਕਿ ਅਸੀਂ ਹਿੰਦੂ ਧਰਮ ਅਤੇ ਦੇਵੀ ਦੇਵਤਿਆਂ ਸਬੰਧੀ ਕੋਈ ਜਾਣਕਾਰੀ ਹੋਰ ਮਹਾਂਪੁਰਸ਼ਾਂ ਜਾਂ ਵਿਦਵਾਨਾਂ ਪਾਸੋਂ ਪ੍ਰਾਪਤ ਕਰੀਏ, ਸਾਨੂੰ ਹਿੰਦੂ ਧਾਰਮਕ ਗ੍ਰੰਥਾਂ ਨੂੰ ਹੀ ਆਪਣੀ ਟੇਕ ਬਣਾ ਕੇ ਚੱਲਣਾ ਚਾਹੀਦਾ ਹੈ। ਇਸ ਲਈ ਸੱਭ ਤੋਂ ਪਹਿਲਾਂ ਅਸੀਂ "ਮੱਦ ਭਾਗਵਤ, ਸੁੱਖ ਸਾਗਰ, ਸਕੰਦਪੁਰਾਨ" ਹਿੰਦੂ ਧਾਰਮਕ ਗ੍ਰੰਥ ਵਿੱਚੋਂ ਕੁਝ ਕਥਾਵਾਂ ਦਾ ਜਿਕਰ ਕਰਾਂਗੇ। ਜਿਸਦੇ ਸਫਾ ਚਾਰ 'ਤੇ ਲਿਖਿਆ ਹੈ, ਸਭ ਵੇਦਾਂ ਦਾ ਸਾਰ ਮਦਭਾਗਵਤ ਨੂੰ ਸਮਝਣਾ ਚਾਹੀਦਾ ਹੈ।' ਵੇਦ ਅਤੇ ਪੁਰਾਣਾਂ ਨੂੰ, ਵਿਆਸ ਜੀ ਨੇ ਮਥੰਨ ਕਰਕੇ, ਉਸਦਾ ਤੱਤ ਸ੍ਰੀ ਮਦਭਾਗਵਤ ਵਿਚ ਲਿਖਿਆ ਹੈ ਸਫਾ (6) ' ਜੋ ਮਨੁੱਖ ਰੋਜ ਇਕ ਜਾ ਅੱਧਾ ਸਲੋਕ ਭਾਗਵਤ ਦਾ ਪੜ੍ਹੇ ਉਸਦੀ ਵੀ ਮੁਕਤੀ ਹੋ ਜਾਂਦੀ ਹੈ।......... ਜਿਸਨੇ ਮਨੁੱਖ ਦਾ ਤਨ ਧਾਰ ਕੇ ਮਦ ਭਾਗਵਤ ਦੀ ਕਥਾ ਨਹੀਂ ਸੁਣੀ ਉਸਨੂੰ ਧਿਰਕਾਰ ਹੈ ਅਤੇ ਚੰਡਾਲ ਬਰਾਬਰ ਸਮਝਣਾ ਚਾਹੀਦਾ ਹੈ।

ਇਹ ਗ੍ਰੰਥ ਪੰਜਾਬੀ ਲਿੱਪੀ ਵਿੱਚ, ਜਵਾਹਰ ਸਿੰਘ, ਕਿਰਪਾਲ ਸਿੰਘ ਐਂਡ ਸਨਜ਼, ਬਜ਼ਾਰ ਮਾਈ ਸੇਵਾਂ ਅਮ੍ਰਿਤਸਰ ਵੱਲੋਂ ਛਾਪਿਆ ਗਿਆ ਹੈ, ਜਿਸਦੀਆਂ ਮੂਲ ਕਥਾਵਾਂ ਇਸ ਪ੍ਰਕਾਰ ਹਨ :-

ਧਰਮਾਤਮਾਂ ਗੌਕਰਣ ਅਤੇ ਮਹਾਂਮੂਰਖ ਧੁੰਧਕਾਰੀ ਦੀ ਜਨਮ ਕਥਾ

(ਸਫਾ 7-10) ਸੰਖੇਪ ਤੁੰਗਭੱਦਰਾ ਨਦੀ ਦੇ ਕਿਨਾਰੇ ਇਕ ਨਗਰ ਸੀ ਜਿੱਥੇ ਤੇਜਵਾਨ ਬ੍ਰਾਹਮਣ ਆਤਮ ਦੇਵ ਰਹਿੰਦਾ ਸੀ। ਉਸਦੀ ਇਸਤਰੀ ਧੁੰਧਲੀ ਬਹੁਤ ਦੁੱਖ ਦੇਣ ਵਾਲੀ ਸੀ। ਵਰਤ ਪੂਜਾ ਦਾਨ ਦੱਛਣਾ ਕਰਕੇ ਵੀ ਕੋਈ ਪੁੱਤਰ ਪੈਦਾ ਨਾ ਹੋਇਆ। ਚਿੰਤਾ ਗ੍ਰਸੱਤ ਆਤਮਦੇਵ ਨੂੰ ਇਕ ਸੰਨਿਆਸੀ ਮਿਲਿਆ, ਜਿਸਨੇ ਦੱਸਿਆ ਕਿ ਉਸਦੇ ਸੱਤ ਜਨਮ ਤੱਕ ਕੋਈ ਪੁੱਤਰ ਪੈਦਾ ਨਹੀਂ ਹੋਵੇਗਾ। ਜਦੋਂ ਆਤਮਦੇਵ ਨੇ ਬਹੁਤ ਬੇਨਤੀਆਂ ਕੀਤੀਆਂ ਤਾਂ ਸੰਨਿਆਸੀ ਨੇ ਇਕ ਫਲ ਦਿੱਤਾ ਅਤੇ ਆਪਣੀ ਔਰਤ ਨੂੰ ਖੁਆਉਣ ਲਈ ਕਿਹਾ। ਆਤਮਦੇਵ ਨੇ ਉਹ ਫਲ ਆਪਣੀ ਔਰਤ ਧੁੰਧਲੀ ਨੂੰ ਦੇ ਦਿੱਤਾ।

ਪਰੰਤੂ ਉਸਨੇ ਗਰਭ ਦੀਆਂ ਮੁਸ਼ਕਲਾਂ ਤੋਂ ਡਰਦਿਆਂ ਫਲ ਨਾ ਖਾਧਾ। ਉਸਨੂੰ ਚਿੰਤਾ ਵਿਚ ਦੇਖ ਕੇ ਧੁੰਧਲੀ ਦੀ ਭੈਣ ਨੇ ਕਿਹਾ ਕਿ ਉਸਨੂੰ ਮਹੀਨੇ ਦਾ ਗਰਭ ਹੈ। ਇਸ ਲਈ ਉਹ ਆਪਣੇ ਪਤੀ ਨੂੰ ਕਹਿ ਦੇਵੇ ਕਿ ਉਸਨੂੰ ਫਲ ਖਾ ਕੇ ਬੱਚਾ ਠਹਿਰ ਗਿਆ ਹੈ। ਧੁੰਧਲੀ ਦੀ ਭੈਣ ਨੇ, ਬੱਚਾ ਉਸਨੂੰ ਦੇ ਦੇਣ ਦਾ ਵਾਅਦਾ ਕੀਤਾ। ਧੁੰਧਲੀ ਨੇ ਫਲ ਇਕ ਗਊ ਨੂੰ ਖੁਆ ਦਿੱਤਾ ਅਤੇ ਆਪਣੀ ਭੈਣ ਨੂੰ ਛੁਪਾ ਕੇ ਆਪਣੇ ਘਰ ਵਿਚ ਰੱਖ ਲਿਆ। ਜਦੋਂ ਦਸ ਮਹੀਨੇ ਬਾਦ ਬੱਚਾ ਪੈਦਾ ਹੋ ਗਿਆ ਤਾਂ ਆਤਮਦੇਵ ਬ੍ਰਾਹਮਣ ਨੂੰ ਖੁਸ਼ੀ ਖੁਸ਼ੀ ਦੱਸਿਆ ਗਿਆ। ਤੇ ਬ੍ਰਾਹਮਣ ਨੇ ਉਸ ਲੜਕੇ ਦਾ ਨਾਮ ਧੁੰਦਕਾਰੀ ਰੱਖਿਆ।

(10) ਜਦੋਂ ਦੋ ਮਹੀਨੇਂ ਦਾ ਧੁੰਦਕਾਰੀ ਹੋਇਆ ਤਾਂ ਗਊ ਨੂੰ ਵੀ ਉਸ ਫਲ ਦੇ ਪ੍ਰਤਾਪ ਨਾਲ ਇਕ ਲੜਕਾ ਬਹੁਤ ਸੁੰਦਰ ਮਨੁੱਖ ਰੂਪ ਜਨਮਿਆਂ । ਪਰ ਬਾਲਕ ਦੇ ਦੋਨੋਂ ਕੰਨ ਗਊ ਵਰਗੇ ਸਨ। ਉਸਨੂੰ ਵੇਖ ਕੇ ਬ੍ਰਾਹਮਣ ਨੇ ਬੜੀ ਖੁਸ਼ੀਂ ਖੁਸੀਂ ਨਾਲ ਉਸਦਾ ਨਾਮ ਗੌਕਰਣ ਰੱਖਿਆ। ਗੌਕਰਣ ਪੜ੍ਹ ਲਿੱਖ ਕੇ ਵੱਡਾ ਪੰਡਤ, ਬੁੱਧੀਮਾਨ ਅਤੇ ਧਰਮਾਤਮਾਂ ਹੋਇਆ ਅਤੇ ਧੁੰਦਕਾਰੀ ਮਹਾਂਮੂਰਖ ਅਧਰਮੀ ਅਤੇ ਚੋਰ ਜੁਆਰੀਆ।' ਸਫਾ (11)- ਅੰਤ ਧੁੰਧਕਾਰੀ ਪਰੇਤ ਜੂੰਨੀ ਵਿੱਚ ਪੈ ਗਿਆ ਜੋ ਕਦੀ ਬੈਲ, ਕਦੀ ਹਾਥੀ ਕਦੀ ਬਕਰਾ ਅਤੇ ਝੋਟਾ, ਕਦੀ ਮਨੁੱਖ ਕਦੀ ਵੱਡਾ ਛੋਟਾ ਰੂਪ ਧਾਰਨ ਕਰ ਲੈਂਦਾ ਸੀ।(12) ਮਦ ਭਾਗਵਤ ਤੋਂ ਸਿਵਾ ਕੋਈ ਦੂਸਰਾ ਉਪਾ ਇਹਨਾਂ ਪਾਪਾਂ ਤੋਂ ਮੁਕਤੀ ਦੁਆਉਣ ਵਾਲਾ ਨਹੀਂ ਹੈ। ਉਸ ਸਮੇਂ ਇਕ ਬਿਬਾਣ ਬਹੁਤ ਅੱਛਾ ਅਕਾਸ਼ ਤੋਂ ਉੱਤਰਿਆ ਅਤੇ ਧੁੰਧਕਾਰੀ ਉਸ ਬਿਬਾਣ ਵਿੱਚ ਚੜ੍ਹ ਕੇ ਬੈਕੁੰਠ ਵਿੱਚ ਚਲਾ ਗਿਆ।(13) ਕਥਾ ਸੰਪੂਰਨ ਹੋਣ ਉਪਰੰਤ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਬੈਕੁੰਠ ਤੋਂ ਉੱਥੇ ਪਹੁੰਚੇ ਅਤੇ ਗੌਕਰਣ ਨੂੰ ਆਪਣੇ ਕੋਲ ਬਿਬਾਣ 'ਤੇ ਬਿਠਾਇਆ ਅਤੇ ਸਵਰਗ ਲੋਕ ਵਿੱਚ ਲੈ ਗਏ।"

ਭਗਤਾਂ ਨੂੰ ਸੁੱਖ ਅਤੇ ਦੈਂਤਾਂ ਨੂੰ ਮਾਰਨ ਵਾਸਤੇ ਪਰਮੇਸ਼ਵਰ ਦੇ ਅਵਤਾਰ

(ਸਫਾ 21 ਅਧਿਆਏ- 3)

ਸੰਖੇਪ- ਪਹਿਲਾਂ ਨਿਰੰਕਾਰ ਨੇ ਮਾਇਆ ਸਯੁੰਕਤ ਪੁਰਸ਼ ਦਾ ਅਵਤਾਰ ਲੈ ਕੇ ਸ਼ੇਸ਼ ਨਾਗ ਦੀ ਛਾਤੀ 'ਤੇ ਸੈਨ ਕੀਤਾ।

ਦੂਜਾ ਨਾਭ ਕੰਵਲ ਤੋਂ ਬ੍ਰਹਮਾਂ ਦਾ ਅਵਤਾਰ ਲੈ ਕੇ ਚੌਦਾਂ ਲੋਕਾਂ ਦੀ ਰਚਨਾਂ ਕੀਤੀ। ਪਹਿਲਾ ਅਵਤਾਰ ਅਵਸਥਾ ਬ੍ਰਹਮਚਾਰੀ ਰਹੇ। ਦੂਜਾ ਅਵਤਾਰ ਬੈਰਾਹ ਦਾ ਧਾਰ ਕੇ ਪਤਾਲ ਵਿਚੋਂ ਪ੍ਰਿਥਵੀ ਲਿਆਂਦੀ।

ਤੀਜਾ ਅਵਤਾਰ ਯਗ ਪੁਰਖ ਚਤਰਭੁਜੀ ਲੈ ਕੇ, ਸਭ ਰਾਜਿਆਂ ਨੂੰ ਯੱਗ ਕਰਨ ਦਾ ਰਾਹ ਦੱਸਿਆ।

ਚੌਥਾ ਅਵਤਾਰ ਰੈਗਰੀਵ ਭਾਵ ਸਰੀਰ ਮਨੁੱਖ ਦਾ, ਸਿਰ ਘੋੜੇ ਦਾ, ਧਾਰ ਕੇ ਬ੍ਰਹਮਾਂ ਨੂੰ ਵੇਦ ਪੜ੍ਹਾਇਆ।

ਪੰਜਵਾਂ ਅਵਤਾਰ ਨਰਨਰਾਇਣ ਦਾ ਲੈ ਕੇ ਬੱਕਰੀ ਕਿਰਦਾਰ ਵਿੱਚ ਸੰਸਾਰ ਜੀਵਾਂ ਨੂੰ ਤਪੱਸਿਆ ਦਾ ਰਾਹ ਦਿਖਾਇਆ।

ਛੇਵਾਂ ਅਵਤਾਰ ਕਪਲ ਦੇਵ ਮੁਨੀ ਦਾ ਧਾਰ ਕੇ ਸਾਂਖ ਯੋਗ ਗਿਆਨ ਦਾ ਉਪਦੇਸ਼ ਕੀਤਾ।

ਸੱਤਵਾਂ ਅਵਤਾਰ ਦੱਤ ਰਾਤਰੇ ਦਾ ਧਾਰ ਕੇ ਰਾਜ ਅਲਕਰ ਅਤੇ ਪਰਲਾਦ ਭਗਤ ਨੂੰ ਵੇਦੰਤ ਪੜ੍ਹਾਇਆ। (ਨੋਟ ਕਰੋ)

ਅੱਠਵਾਂ ਅਵਤਾਰ ਰਿਖਵਦੇਵ, ਇੰਦਰ ਦੀ ਕੰਨਿਆਂ ਤੋਂ ਧਾਰ ਕੇ ਜੜ ਚਰਚਾ ਦਿਖਾਇਆ।

ਨੌਵਾਂ ਅਵਤਾਰ ਰਾਜਾ ਪ੍ਰਿਥੁ ਦਾ ਸਰੀਰ ਮੰਥਨ ਕੇ ਲਿਆ ਅਤੇ ਗਊ ਰੂਪੀ ਪ੍ਰਿਥਵੀ ਵਿਚੋਂ ਔਖਧੀ ਅਤੇ ਅੰਨ ਆਦਿ ਬਾਹਰ ਕੱਢੇ।

ਦੱਸਵਾਂ ਅਵਤਾਰ ਮੱਛ ਅਵਤਾਰ ਲਿਆ ਤੇ ਰਾਜ ਸਤਬਤ ਦੇ ਸੱਤ ਰਿਸੀਆਂ ਸਮੇਤ, ਬੇੜੀ ਵਿੱਚ ਬੈਠ ਕੇ ਗਿਆਨ ਉਪਦੇਸ਼ ਦਿੱਤਾ। (ਜੋਤੀ ਰਾਉ ਫੂਲੇ ਅਨੁਸਾਰ ਇਹ ਆਰੀਆਂ ਦਾ ਸਮੁੰਦਰ ਦੇ ਰਸਤੇ ਆਗਮਨ ਸੀ, ਗੁਲਾਮ ਗੀਰੀ)।

ਗਿਆਰਵਾਂ ਕੱਛ ਅਵਤਾਰ ਲੈ ਕੇ ਸਮੁੰਦਰ ਰਿੜਕਿਆਂ ਅਤੇ ਮੰਦਰਾਂਚਲ ਪ੍ਰਬਤ ਆਪਣੀ ਪਿੱਠ 'ਤੇ ਚੁੱਕਿਆ।

ਬਾਰਵਾਂ ਇਕ ਧਨੰਤਰ ਅਵਤਾਰ ਲੈ ਕੇ, ਅੰਮ੍ਰਿਤ ਕਲਸ ਫੜੀ ਸਮੁੰਦਰ ਵਿੱਚੋਂ ਨਿਕਲੇ।

ਤੇਰਵਾਂ ਅਵਤਾਰ 'ਸੋਹਣੀ' ਦਾ ਲਿਆ ਅਤੇ ਦੈਂਤਾਂ ਨੂੰ ਆਪਣੀ ਸੁੰਦਰਤਾ ਉਪਰ ਮੋਹਤ ਕੀਤਾ। ਅਤੇ ਅੰਮ੍ਰਿਤ ਦੇਵਤਿਆਂ ਨੂੰ ਪਿਆਇਆ। (ਦੈਂਤ ਰਾਹੂ ਨੂੰ ਨਰਾਇਣ ਵੱਲੋਂ ਇਸ ਲਈ ਕਤਲ ਕਰ ਦਿੱਤਾ ਗਿਆ ਸੀ ਕਿਉਂਕਿ ਉਸਨੇ ਦੇਵਤਿਆਂ ਵਿਚ ਬੈਠ ਕੇ ਅੰਮ੍ਰਿਤ ਪੀ ਲਿਆ ਸੀ।)

ਚੌਧਵਾਂ ਅਵਤਾਰ ਨਰਸਿੰਘ ਦਾ ਲਿਆ ਤੇ ਹਰਨਾਖਸ਼ ਦੈਂਤ ਨੂੰ ਮਾਰਿਆ। ਪ੍ਰਲਾਦ ਭਗਤ ਦੀ ਰੱਖਿਆ ਕੀਤੀ।

ਪੰਦਰਵਾਂ ਅਵਤਾਰ ਬਾਮਨ ਦਾ ਧਾਰਕੇ ਰਾਜਾ ਬਲੀ (ਰਾਖਸ਼ ਦੈਂਤ ਰਾਜਾ ਪ੍ਰਲਾਦ ਦਾ ਪੋਤਰਾ, ਹਰਨਾਖਸ਼ ਦਾ ਪੜਪੋਤਰਾ) ਤੋਂ ਦਾਨ (21) (ਤਿੰਨਾਂ ਕਦਮਾਂ ਵਿਚ ਧਰਤੀ, ਭਾਵ ਸਾਰਾ ਰਾਜ ਭਾਗ) ਲਿਆ।

ਸੋਲਵਾਂ ਅਵਤਾਰ ਹੰਸ ਦਾ ਲੈ ਕੇ ਸਨਤ ਕੁਮਾਰ ਨੂੰ ਉਪਦੇਸ਼ ਕੀਤਾ।

(22) ਸਤਾਰਵਾਂ ਅਵਤਾਰ ਨਾਰਦ ਦਾ ਲੈ ਕੇ ਬੇਦ ਬਣਾਇਆ ਜਿਸ ਵਿਚ ਵੈਸ਼ਨਵ ਧਰਮ ਲਿਖਿਆ। ਅਠਾਰਵਾਂ ਅਵਤਾਰ ਹਰੀ ਦਾ ਲੈ ਕੇ ਗਜਿੰਦਰ (ਹਾਥੀ) ਨੂੰ ਗ੍ਰਹ (ਤੰਦੂਆ) ਤੋਂ ਛੁਡਾਇਆ। ਉਨੀਵਾਂ ਅਵਤਾਰ ਪਰਸਰਾਮ (ਪਰਸੂਆ) ਦਾ ਲੈ ਕੇ ਇਕੀ ਵਾਰ ਸਾਰੇ ਛਤ੍ਰੀ ਰਾਜਿਆਂ ਨੂੰ ਮਾਰਿਆ ਅਤੇ ਪ੍ਰਿਥਵੀ ਉਹਨਾਂ ਤੋਂ ਖੋਹ ਕੇ, ਬ੍ਰਾਹਮਣਾ ਨੂੰ ਦਾਨ ਕੀਤੀ।

ਵੀਹਵਾਂ ਅਵਤਾਰ ਰਾਮ ਚੰਦਰ ਦਾ ਲੈ ਕੇ, ਸਮੁੰਦਰ ਦਾ ਹੰਕਾਰ ਤੋੜਿਆ ਅਤੇ ਰਾਵਣ ਨੂੰ ਮਾਰਿਆ।

ਇਕੀਵਾਂ ਅਵਤਾਰ ਵੇਦਵਿਆਸ ਦਾ ਲੈ ਕੇ, ਅਠਾਰਾਂ ਪੁਰਾਣ ਅਤੇ ਮਹਾਂਭਾਰਤ ਲਿਖਿਆ।

ਬਾਈਵਾਂ ਅਵਤਾਰ ਕ੍ਰਿਸ਼ਨ ਦਾ ਲੈ ਕੇ, ਕੰਸ, ਕਾਲਯਮਨ ਅਤੇ ਜਰਾ ਸੰਧ (ਸਾਰੇ ਰਾਖਸ਼ ਰਾਜੇ) ਆਦਿ ਅਧਰਮੀ ਰਾਜਿਆਂ ਨੂੰ ਮਾਰਿਆ ਅਤੇ ਧਰਤੀ ਨੂੰ ਮੁਕਤ ਕੀਤਾ।

ਤੇਈਵਾਂ ਅਵਤਾਰ ਬੋਧ ਦਾ ਲੈ ਕੇ (ਬਿਰਤਾਂਤ ਤੋਂ ਜਾਪਦਾ ਹੈ ਕਿ ਇਹ ਅਵਤਾਰ ਮਹਾਂਵੀਰ ਜੈਨ ਪ੍ਰਭੂ ਦਾ ਹੈ, ਨਰਾਇਣ ਨੇ ਦੈਂਤਾਂ ਨੂੰ ਹਰ ਪ੍ਰਕਾਰ ਦੀ ਜੀਵ ਹੱਤਿਆ ਕਰਨ ਤੋਂ ਰੋਕਿਆ। ਯੱਗ ਕਰਨ ਤੋਂ ਵੀ ਰੋਕਿਆ।

ਕਪੜੇ ਧੋਣ ਤੋਂ ਵੀ ਰੋਕਿਆ। ਇਕ ਚੌਰੀ ਨਾਲ, ਥਾਂ ਸਾਫ ਕਰਕੇ ਬੈਠਣ ਲਈ ਕਿਹਾ ਤਾਂ ਕਿ ਕੋਈ ਜੀਵ ਥੱਲੇ ਆ ਕੇ ਨਾ ਮਰ ਜਾਵੇ। ਹਰ ਢੰਗ ਨਾਲ ਹੋ ਸਕਦੀ ਜੀਵ ਹੱਤਿਆ ਨੂੰ ਰੋਕਿਆ। ਲਿਖਿਆ ਹੈ, ਇਹ ਬਾਤ ਸਮਝ ਕੇ ਦੈਤਾਂ ਨੇ ਪਰਮੇਸ਼ਰ ਦੀ ਇੱਛਾ ਨਾਲ ਯੱਗ ਕਰਨਾ (ਸਹਿ ਭੋਜ ਅਤੇ ਵਿਚਾਰ ਮੰਚ ਸਭਾ) ਬੰਦ ਕੀਤਾ ਤਾਂ ਉਨ੍ਹਾਂ ਦਾ ਧਰਮ ਜਾਂਦਾ ਰਿਹਾ (ਭਾਵ ਖਤਮ ਹੋ ਗਿਆ) ਅਤੇ ਦੇਵਤਾ ਲੋਕ ਉਹਨਾਂ 'ਤੇ ਜੇਤੂ (ਪ੍ਰਬਲ) ਹੋ ਗਏ। ਚੌਵੀਵੇਂ ਅਵਤਾਰ ਬਾਰੇ ਲਿਖਿਆ ਹੈ ਕਿ ਅਧਰਮੀਆਂ ਨੂੰ ਖਤਮ ਕਰਨ ਲਈ ਹੋਣਾ ਹੈ।

ਨਰਾਇਣ ਦੇ ਅਵਤਾਰ ਧਾਰਨ ਦੇ ਇਸ ਬਿਰਤਾਂਤ ਦੇ ਸ਼ੁਰੂ ਵਿਚ ਹੀ ਲਿਖਿਆ ਗਿਆ ਹੈ ਕਿ ਨਰਾਇਣ ਨੇ ਜਿੰਨੇ ਵੀ ਅਵਤਾਰ ਲਏ ਉਹ ਰਾਖਸ਼ਾਂ ਦੈਤਾਂ, ਦਾਨਵਾਂ (ਦਰਾਵੜ) ਮੂਲ ਵਾਸੀ ਜਾਤੀਆਂ ਅਤੇ ਉਹਨਾਂ ਦੇ ਰਾਜਿਆ ਦਾ ਨਾਸ ਕਰਨ ਲਈ ਸਨ। ਉਨਾਂ ਨੂੰ ਅਧਰਮੀ ਕਰੂਪ ਅਤੇ ਹੰਕਾਰੀ ਦਰਸਾਇਆ ਗਿਆ ਹੈ। ਕਥਾਵਾਂ ਦਾ ਅੰਤ ਇਸ ਥਾਂ ਆ ਕੇ ਹੁੰਦਾ ਹੈ ਕਿ ਦੇਵਤਿਆਂ ਦੀ ਰੱਖਿਆ ਕੀਤੀ ਗਈ। ਬ੍ਰਾਹਮਣਾਂ ਨੂੰ ਧਰਤੀ ਜਿੱਤ ਕੇ ਦਾਨ ਕੀਤੀ ਗਈ ਅਤੇ ਨਰਾਇਣ ਨੇ ਅਨੇਕ ਅਵਤਾਰ ਧਾਰ ਕੇ ਇਸ ਮਨੋਰਥ ਨੂੰ ਪ੍ਰਵਾਨ ਚੜ੍ਹਾਇਆ।

ਕ੍ਰਿਸ਼ਨ ਦੁਆਰਾ ਅਭਿਮਨੂੰ ਪੁੱਤਰ ਪ੍ਰੀਛਤ ਦੀ ਪੇਟ ਅੰਦਰ ਰੱਖਿਆ

ਕਥਾ (ਸਫਾ 38 ਅਧਿਆਇ-11)

ਭੀਸ਼ਮ ਪਿਤਾਮਾ ਦੇ ਸਸਕਾਰ ਅਤੇ ਕਿਰਿਆ ਕਰਮ ਉਪਰੰਤ, ਰਾਜਾ ਯੁਧਿਸ਼ਟਰ ਨੂੰ ਹਸਤਨਾਪੁਰ ਦੀ ਗੱਦੀ 'ਤੇ ਬਿਠਾਇਆ ਗਿਆ। ਸ਼ਾਮ ਸੁੰਦਰ (ਭਾਵ ਕ੍ਰਿਸਨ) ਦੁਆਰਕਾ ਵਾਪਸ ਜਾਣ ਲੱਗੇ। ਤਾਂ ਉਸ ਸਮੇਂ ਅਸ਼ਵਥਾਮਾਂ ਨੇ ਅਪਮਾਨ ਦੇ ਬਦਲੇ ਲਈ ਪਾਂਡੂਆਂ ਵੱਲੋਂ ਬ੍ਰਹਮ ਅਸਤਰ ਚਲਾਇਆ, ਜਿਸਦਾ ਇਕ ਅੰਗਾਰਾਂ ਅਭਿਮਨੂੰ ਦੀ ਔਰਤ ਉੱਤਰਾ ਦੇ ਪੇਟ ਵਿੱਚ ਧਸ ਗਿਆ। ਕ੍ਰਿਸ਼ਨ ਜੀ ਬਾਲਕ ਰੂਪ ਧਾਰ ਕੇ, ਉੱਤਰਾ ਦੇ ਪੇਟ ਵਿੱਚ ਚਲੇ ਗਏ ਅਤੇ ਅੰਦਰ ਹੱਥ ਵਿਚ ਫੜੀ ਗਦਾ ਘੁੰਮਾਉਣ ਲਗੇ। ਤਾਂ ਉੱਥੇ ਪ੍ਰੀਛਤ (ਜਿਸਦਾ ਜਨਮ ਨਹੀਂ ਸੀ ਹੋਇਆ ਪੇਟ ਵਿੱਚ ਹੀ ਸੀ।) ਨੇ ਸਾਂਵਲੀ ਤੇ ਮੋਹਣੀ ਸੂਰਤ ਦੇ ਦਰਸ਼ਨ ਕੀਤੇ ਤੇ ਉਸਨੂੰ ਦੂਸਰਾ ਬਾਲਕ ਸਮਝ ਲਿਆ। ਉਤਰਾ ਰਾਜਾ ਵਿਰਾਟ ਦੀ ਧੀ ਸੀ ਜੋ ਉੱਚੀ ਜਾਤੀ ਦਾ ਅਭਿਮਨ ਹੋਣ ਕਾਰਨ ਹਰੀ ਚਰਨਾਂ (ਭਾਵ ਕ੍ਰਿਸਨ) ਨਾਲ ਪ੍ਰੇਮ ਭਾਵ ਨਹੀਂ ਰੱਖਦੀ ਸੀ। ਏਸੇ ਕਰਕੇ ਅੰਗਾਰਾ ਉਸਦੇ ਪੇਟ ਵਿਚ ਧੱਸ ਗਿਆ ਸੀ। ਪਰੰਤੂ ਆਪਣੀ ਕੁੰਤੀ ਭੂਆ ਦੇ ਕਹਿਣ ਉੱਤੇ ਸ਼ਾਮਸੁੰਦਰ ਕ੍ਰਿਸਨ ਨੇ ਪੇਟ ਅੰਦਰ ਜਾ ਕੇ ਪ੍ਰੀਛਤ ਦੀ ਰੱਖਿਆ ਕੀਤੀ।

(ਸਫਾ 40) ਜਦੋਂ ਕ੍ਰਿਸ਼ਨ ਦੁਆਰਕਾ ਜਾਣ ਲੱਗੇ ਤਾਂ ਯੁਧਿਸ਼ਟਰ ਨੇ ਭਰਾ ਅਰਜਨ ਨੂੰ ਕਿਹਾ, 'ਹੇ ਭਾਈ ਤੁਸੀਂ ਆਪਣੀ ਸੈਨਾ ਅਤੇ ਸੂਰਬੀਰ ਲੈ ਕੇ ਸ਼ਾਮਸੁੰਦਰ ਨੂੰ ਬੜੇ ਧਿਆਨ ਨਾਲ ਦੁਆਰਕਾ ਪਹੁੰਚਾ ਆਓ। ਇਸ ਲਈ ਕਿ ਮੇਰੇ ਦੁਸ਼ਮਣ ਬਹੁਤ ਹਨ। ਅਤੇ ਮੁਰਲੀ ਮਨੋਹਰ ਮਹਾਂਭਾਰਤ ਦੀ ਲੜਾਈ ਵਿੱਚ ਸਾਡੇ ਸਹਾਇਕ ਸਨ। ਅਜਿਹਾ ਨਾ ਹੋਵੇ ਕਿ ਸਾਡਾ ਕੋਈ ਸ਼ੱਤਰੂ ਰਾਹ ਵਿਚ ਮੁਸੀਬਤ ਖੜ੍ਹੀ ਕਰੇ।

........ਜਦੋਂ ਸ਼ਾਮ ਸੁੰਦਰ ਰੱਥ 'ਤੇ ਬੈਠ ਕੇ ਦੁਆਰਕਾ ਨੂੰ ਚੱਲੇ ਤਾਂ ਹਸਤਨਾਪੁਰ ਦੇ ਵਾਸੀ ਅਤੇ ਔਰਤਾਂ ਵਿਰਲਾਪ ਕਰਦੇ ਪਿੱਛੇ ਦੌੜੇ ਤੇ ਔਰਤਾਂ ਕਹਿਣ ਲੱਗੀਆਂ "ਦੇਖੋ ਧੰਨ ਭਾਗ ਬ੍ਰਿਜ ਦੀਆਂ ਅਹੀਰਨੀਆਂ (ਯਾਦਵ ਔਰਤਾਂ) ਦੇ ਜੋ ਸ਼ਾਮ ਸੁੰਦਰ "ਤ੍ਰਿਭਵਨ-ਪਤੀ" ਦੇ ਸੰਗ ਰਾਸ ਲੀਲ੍ਹਾ ਕਰਕੇ ਆਪਣਾ ਜਨਮ ਸਫਲ ਕਰਦੀਆਂ ਸਨ ਅਤੇ ਵੱਡੇ ਭਾਗ ਰੁਕਮਣੀ ਆਦਿ ਸੋਲਾਂ ਹਜਾਰ ਇਕ ਸੌ ਅੱਠ ਇਸਤਰੀਆਂ ਦੇ ਸਮਝਣੇ ਚਾਹੀਦੇ ਹਨ ਜੋ ਐਸਾ ਸੁੰਦਰ ਮੋਹਣੀ ਮੂਰਤ ਸੁਆਮੀ ਪਾ ਕੇ ਉਹਨਾਂ ਦੇ ਸਾਥ ਭੋਗ ਵਿਲਾਸ ਕਰਦੀਆਂ ਹਨ।" ਅਜਿਹੀਆਂ ਗੱਲਾਂ ਕਹਿ ਕੇ ਉਹ ਸ਼ਾਮ ਸੁੰਦਰ ਉੱਪਰ ਫੁੱਲ ਵਰਸਾਉਂਦੀਆਂ ਸਨ।

(ਸਫਾ 42) ਜਦੋਂ ਭਾਗਵਤ ਕਥਾ (ਜਿੰਨ੍ਹਾਂ ਵਿੱਚੋਂ ਕੁੱਛ ਅੰਸ਼ ਅਸੀਂ ਲਿਖ ਰਹੇਂ ਹਾਂ) ਸੁਣਨ ਦੀ ਕੋਈ ਇੱਛਾ ਕਰੇ ਉਸੇ ਸਮੇਂ ਉਸਦੇ ਪਾਪਾ ਦੇ ਤਿੰਨ ਟੁੱਕੜੇ ਹੋ ਜਾਂਦੇ ਹਨ।

........ਜਦੋਂ ਪ੍ਰੀਛਤ ਉਤਰਾ ਦੇ ਪੇਟ ਚੋਂ ਪੈਦਾ ਹੋਇਆ ਤਾਂ ਅੱਖਾਂ ਖੋਲ੍ਹ ਕੇ ਚਾਰੋ ਤਰਫ ਦੇਖਣ ਲੱਗਾ ਕਿ ਉਹ ਸਰੂਪ ਜੋ ਉਸਨੇ ਮਾਂ ਦੇ ਪੇਟ ਵਿਚ ਵੇਖਿਆ ਸੀ ਉਹ ਕਿਥੇ ਹੈ। ਪਰੰਤੂ ਇਸ ਭੇਤ ਨੂੰ ਕੋਈ ਨਾ ਜਾਣ ਸੱਕਿਆ।

ਬਿਦਰ ਅਵਤਾਰ

ਸਫਾ 45) ਬਿਦਰ ਨੂੰ ਧਰਮ ਰਾਜ ਦਾ ਅਵਤਾਰ ਮੰਨਿਆ ਜਾਂਦਾ ਹੈ। ਭਲਾ ਕਿਉਂ? ਇਸ ਦਾ ਉੱਤਰ ਸੂਤਰ ਨੇ ਇਸ ਪ੍ਰਕਾਰ ਦਿੱਤਾ-

'ਇਕ ਸਮੇਂ ਪਾਂਡਵ ਰਿਖੀ ਦੇ ਸਿਰ ਕਿਸੇ ਨੇ ਝੂਠੀ ਚੋਰੀ ਲਗਾ ਦਿੱਤੀ। ਰਾਜੇ ਨੇ ਉਸ ਨੂੰ ਫਾਸੀ ਦੇ ਦਿੱਤੀ।

(ਮਜਨ ਉਪਰੰਤ) ਜਦੋਂ ਧਰਮ ਰਾਜ ਕੋਲ ਪੁਹੰਚੇ ਤਾਂ ਪਾਂਡਵ ਰਿਖੀ ਨੇ ਧਰਮ ਰਾਜ ਤੋਂ ਪੁੱਛਿਆ ਕਿ ਜੋ ਚੋਰੀ ਮੈਂ ਆਪਣੇ ਹੋਸ਼ ਵਿੱਚ ਨਹੀਂ ਕੀਤੀ, ਉਸਨੂੰ ਕਿਸ ਪਾਪ ਬਦਲੇ ਫਾਂਸੀ ਦਿੱਤੀ ਹੈ? "ਤਾਂ ਧਰਮ ਰਾਜ ਨੇ ਦੱਸਿਆ ਕਿ ਬਚਪਨ ਵਿੱਚ ਉਸਨੇ ਇਕ ਟਿੱਡੀ ਨੂੰ ਸੂਲ ਨਾਲ ਪਰੋ ਕੇ ਮਾਰ ਦਿੱਤਾ ਸੀ। ਫਿਰ ਰਿਖੀ (ਪਾਂਡਵ) ਨੇ ਕਿਹਾ, 'ਹੇ ਧਰਮ ਰਾਜ ਲੜਕਪਣ ਵਿੱਚ ਪਾਪ ਪੁੰਨ ਗਿਆਨ ਨਹੀਂ ਹੁੰਦਾ........ ਤੁਸੀਂ ਬਿਨਾਂ ਅਪਰਾਧ ਮੈਨੂੰ ਫਾਂਸੀ ਦੁਆਈ ਹੈ। ਇਸ ਲਈ ਸੌ ਸਾਲਾਂ ਲਈ ਮਾਤ ਲੋਕ ਵਿਚ ਜਾ ਕੇ, ਦਾਸੀ ਦੇ ਪੁਤਰ ਬਣ ਕੇ ਰਹੋ। ਉਸੇ ਸਰਾਪ ਕਾਰਨ ਧਰਮ ਰਾਜ ਨੇ ਦਾਸੀ ਪੁੱਤਰ ਬਣ ਕੇ ਬਿਦਰ ਦਾ ਅਵਤਾਰ ਲਿਆ।

ਸਫਾ 43 'ਤੇ ਲਿਖਿਆ ਹੈ ਕਿ ਇਸੇ ਦਾਸੀ ਪੁੱਤਰ ਬਿਦਰ (ਸ਼ੂਦਰ) ਨੇ ਪੰਜਾਂ ਪਾਂਡੋਆਂ ਨੂੰ ਪੁੱਤਰਾਂ ਵਾਂਗ ਪਾਲਿਆ ਸੀ। ਸੁਰੰਗ ਬਣਾ ਕੇ, ਪਾਂਡੋਆਂ ਨੂੰ ਲਾਖ ਦੇ ਮਹਿਲ ਵਿਚ ਸੜਨੋਂ ਬਚਾਇਆ ਸੀ।

ਭੀਲ ਡਾਕੂ

(ਸਫਾ 46) ਜਦੋਂ ਕ੍ਰਿਸ਼ਨ ਦੇਵ ਬੈਕੁੰਠ (ਭਾਵ ਪਰਲੋਕ ਜਾਣ ਲਗੇ ਤਾਂ ਅਰਜਨ ਨੂੰ ਕਿਹਾ ਹੇ ਅਰਜਨ ਤੂੰ ਯਾਦਵਾਂ ਦਾ ਸਾਰਾ ਸਮਾਨ ਅਤੇ ਵਿਧਵਾ ਇਸਤਰੀਆਂ ਹਸਤਨਾਪੁਰ ਲੈ ਜਾ। ਜਦੋਂ ਅਰਜਨ ਜੀ ਉਥੋਂ ਸਾਰਾ ਸਮਾਨ ਲੈ ਕੇ ਤੁਰੇ ਤਾਂ ਰਸਤੇ ਵਿਚ ਡਾਕੂ ਭੀਲ (ਦਰਾਵੜ ਜਾਤੀਆਂ) ਸਾਰਾ ਅਸਬਾਬ, ਸਮੇਤ ਇਸਤਰੀਆਂ ਨੂੰ ਖੋਹ ਕੇ ਲੈ ਗਏ। ਬਥੇਰੇ ਬਾਣ ਚਲਾਏ। ਉਹੀ ਬਾਣ ਉਹੀ ਮੈਂ ਡਾਕੂਆਂ ਦਾ ਕੁੱਛ ਨਹੀਂ ਕਰ ਸਕੇ।"

(ਸਫਾ 47) ਜੋ ਕ੍ਰਿਸ਼ਨ ਜੀ ਬੈਕੁੰਠ ਨੂੰ ਗਏ। ਉਹੀ ਬਾਣ ਹੈ, ਉਹੀ ਧਨੁਸ਼ ਅਤੇ ਮੈਂ ਉਹੀ ਅਰਜਨ, ਜਿਸਨੇ ਭੀਸ਼ਮ ਪਿਤਾਮਾ ਅਤੇ ਕਰਣ, ਜੈਦਰਥ ਅਤੇ ਮਯ ਨਾਮੀ ਰਾਖਸ਼ ਨੂੰ ਜਿੱਤਿਆ ਅਤੇ ਕਈ ਰਾਜੇ ਜਿੱਤ ਕੇ ਯੱਗ ਵਾਸਤੇ ਧਨ ਲਿਆਂਦਾ ਸੀ, ਉਹਨਾਂ ਬਾਣਾਂ ਦੇ ਹੁੰਦਿਆਂ ਹੀ ਮੈਨੂੰ ਰਸਤੇ ਵਿੱਚ ਭੀਲ ਲੋਕ ਸਮੇਤ ਔਰਤਾਂ ਸਭ ਕੁੱਛ ਲੁੱਟ ਕੇ ਲੈ ਗਏ।

(48) ਕ੍ਰਿਸ਼ਨ ਦੇਵ ਜੀ ਤੋਂ ਬਿਨਾਂ ਸਾਡੀ ਰੱਖਿਆ ਕੌਣ ਕਰੇਗਾ?

(ਸ਼ੂਦਰ) ਯਾਦਵਾਂ ਦਾ ਭਿੜ ਮਰਨਾਂ ਤੇ ਕ੍ਰਿਸ਼ਨ ਦੇਵ ਦੀ ਸੋਚ

(ਸਫਾ 48) ਜਦੋਂ ਕ੍ਰਿਸ਼ਨ ਦੇਵ ਮਹਾਂਭਾਰਤ ਕਰਵਾ ਕੇ ਦੁਆਰਕਾ ਨੂੰ ਗਏ ਤਾਂ ਦੇਖਿਆ ਕਿ ਯਾਦਵ ਬਹੁਤ ਬਲਵਾਨ ਹੋ ਗਏ ਹਨ, ਕਿਸੇ ਪਾਸੋਂ ਮਰਨ ਵਾਲੇ ਨਹੀਂ, ਸਾਡੇ ਪਿੱਛੋਂ ਉਪੱਦਰਵ (ਫ਼ਸਾਦ) ਕਰਨਗੇ ਇਸ ਲਈ ਇਹਨਾਂ ਨੂੰ ਮਾਰ ਦੇਣਾ ਯੋਗ ਹੈ। ਆਪਣੇ ਹੱਥੋਂ ਮਾਰਨਾਂ ਅਧਰਮ ਸਮਝ ਕੇ ਦੁਰਬਾਸ਼ਾ (ਰਿਸ਼ੀ) ਤੋਂ ਸਰਾਪ ਦੁਆ ਕੇ ਛਪੰਜਾ ਕਰੋੜ ਯਾਦਵ ਆਪਸ ਵਿਚ ਲੜਕੇ ਮਰ ਗਏ।

ਕਲਯੁਗ, ਧਰਮ ਅਤੇ ਧਰਤੀ

(ਸਫਾ 49 ਅਧਿ-16)

ਬੈਲ ਰੂਪੀ ਧਰਮ ਨੇ ਗਊ ਰੂਪੀ ਧਰਤੀ ਨੂੰ ਪੁੱਛਿਆ ਕਿ ਤੈਨੂੰ ਕੀ ਦੁੱਖ ਹੋਇਆ ਹੈ ਜੋ ਤੂੰ ਰੋਨੀ ਹੈ। ਇਸਦਾ ਇਹ ਕਾਰਨ ਹੈ ਜੋ ਕਲਯੁੱਗ ਵਿੱਚ ਆ ਕੇ ਲੋਕਾਂ ਨੇ ਆਪਣਾ ਕਰਮ ਧਰਮ ਛੱਡ ਦਿੱਤਾ ਹੈ। (ਭਾਵ) ..... ਬ੍ਰਾਹਮਣ ਲੋਕ ਵੇਦ ਪੜ੍ਹਨ ਤੋਂ ਆਲਸ ਕਰਦੇ ਹਨ। ਸ਼ੂਦਰ ਵੇਦ ਅਤੇ ਪੁਰਾਣਾ ਦੀ ਕਥਾ ਕਰਦੇ ਹਨ, ਕਸ਼ੱਤਰੀਆਂ ਨੇ ਬ੍ਰਾਹਮਣਾਂ ਤੇ ਗਊਆਂ ਦੀ ਰੱਖਿਆ ਕਰਨੀਂ ਛੱਡ ਦਿੱਤੀ ਹੈ। ਇਸ ਵਾਸਤੇ ਤੂੰ ਰੋਨੀ ਹੈ।'

ਸਫਾ 51) ਇਹ ਬੈਲ ਰੂਪੀ ਧਰਮ ਹੈ ਅਤੇ ਗਊ ਰੂਪੀ ਪ੍ਰਿਥਵੀ ਹੈ। ਅਤੇ ਸ਼ੂਦਰ ਰੂਪੀ ਕਲਯੁੱਗ ਹੈ। ਏਸੇ ਸ਼ੂਦਰ ਨੇ ਧਰਮ ਦੇ ਪੈਰ ਤੋੜ ਕੇ ਧਰਤੀ ਨੂੰ ਦੁੱਖ ਦਿੱਤਾ ਹੈ।

(ਸਫਾ 52) ਰਾਜਾ ਪ੍ਰੀਛਤ (ਜਿਸਨੂੰ ਕ੍ਰਿਸ਼ਨ ਦੇਵ ਨੇ ਉਤਰਾ ਦੇ ਪੇਟ ਵਿਚ ਵੜ ਕੇ ਅੰਗਾਰੇ ਤੋਂ ਬਚਾਇਆ ਸੀ ਤੇ ਜੋ ਪਾਡੋਆਂ ਦੇ ਬਾਦ ਹਸਤਨਾਪੁਰ ਦਾ ਰਾਜਾ ਬਣਿਆ) ਨੇ ਕਿਹਾ,

'ਹੇ ਕਲਯੁੱਗ (ਸ਼ੂਦਰ) ਤੂੰ ਉੱਥੇ ਜਾ ਕੇ ਰਹਿ ਜਿੱਥੇ ਬਹੁਤ ਜੂਆ ਖੇਡਦੇ ਹੋਣ। ਜਿੱਥੇ ਸ਼ਰਾਬ ਪੀਂਦੇ ਹੋਣ। ਜਿਥੇ ਵੇਸਵਾਵਾਂ ਰਹਿੰਦੀਆਂ ਹੋਣ ਜਿੱਥੇ ਜੀਵ ਹਿੰਸਾ ਹੁੰਦੀ ਹੋਵੇ।' ਕਲਯੁੱਗ ਨੇ ਕਿਹਾ, ਪ੍ਰਿਥਵੀ ਨਾਥ ਤੇਰਾ ਕਹਿਣਾ ਪ੍ਰਵਾਨ ਕੀਤਾ ਮੈਂ ਉੱਥੇ ਹੀ ਰਹੂੰਗਾ। (ਇਹ ਤਾਂ ਪਾਠਕਾਂ ਨੇ ਵੇਖਣਾ ਹੈ ਕਿ ਜੂਆ ਕੌਣ ਖੇਡਦੇ ਸਨ। ਸ਼ਰਾਬ ਕੌਣ ਪੀਂਦੇ ਸਨ। ਜੀਵਾਂ ਦੀ ਹੱਤਿਆ ਕੌਣ ਕਰਦਾ ਸੀ। ਵੇਸਵਾਵਾਂ ਕੌਣ ਰੱਖਦੇ ਸਨ?)

ਬ੍ਰਹਮਾਂ ਅਤੇ ਸੁਰੱਸਤੀ ਕੰਨਿਆਂ

(ਸਫਾ 87 ਅਧਿ-12) ਹੇ ਬਿਦਰ! ਬ੍ਰਹਮਾ ਜੀ ਨੇ... ਸੁਰੱਸਤੀ ਨਾਮ ਦੀ ਕੰਨਿਆਂ ਨੂੰ ਪੈਦਾ ਕੀਤਾ। ਉਹ

ਲੜਕੀ ਅਤੀ ਸੁੰਦਰ, ਉੱਤਮ ਭੂਸ਼ਨ ਅਤੇ ਬਸਤਰ ਪਹਿਨ ਕੇ ਪੈਦਾ ਹੋਈ ਜਿਸਦਾ ਰੂਪ ਵੇਖਦੇ ਹੀ ਬ੍ਰਹਮਾ ਪ੍ਰਮੇਸ਼ਰ ਦੀ ਮਾਇਆ ਨਾਲ ਮੋਹਤ ਹੋ ਕੇ ਕਾਮ ਵਸ ਹੋ ਗਏ।

ਨਰਾਇਣ, ਬ੍ਰਹਮਾਂ ਅਤੇ ਬਰਾਹ ਅਵਤਾਰ

(ਸਫਾ 88 ਅਧਿ-13) ਜਦੋਂ ਪ੍ਰਿਥਵੀ ਨੂੰ ਹਰਨਾਖਸ਼ ਦੈਂਤ ਉੱਠਾ ਕੇ ਪਤਾਲ ਵਿੱਚ ਲੈ ਗਿਆ (ਹਰਨਾਖਸ਼ ਇਕ ਦਰਾਵੜੀਅਨ ਰਾਜਾ ਸੀ। ਜਿਸ ਤੋਂ ਪਿਛੋਂ ਉਸਦੇ ਪੁੱਤਰ ਪ੍ਰਲਾਦ, ਫਿਰ ਪੋਤਰੇ ਵਿਰੋਚਵ ਤੇ ਫਿਰਪੜਪੋਤਰੇ ਬਲੀ ਨੇ ਰਾਜ ਕੀਤਾ। ਇਸਨੂੰ ਦੈਂਤ ਰਾਜ ਜਾਂ ਨਾਗ ਰਾਜ ਵੀ ਕਿਹਾ ਜਾਂਦਾ ਹੈ। ਇਹਨਾਂ ਦੀ ਰਾਜਧਾਨੀ ਨਾਗਪੁਰ ਸੀ। ਮਹਾਰ-ਰਾਸ਼ਟਰ (ਮਹਾਰਾਸ਼ਟਰ) ਮਹਾਰਾਂ ਭਾਵ ਨਾਗਾਂ ਅਤੇ ਦੈਤਾਂ ਦੀ ਕੇਂਦਰੀ ਭੂਮੀ ਹੈ। ਡਾ. ਅੰਬੇਡਕਰ ਇਸੇ ਮਹਾਰ ਜਾਤੀ ਵਿਚ ਪੈਦਾ ਹੋਏ। ਜਦੋਂ ਹਰਨਾਖਸ਼ ਦੇ ਭਰਾ ਹਿਰਣਾਕਸ਼ਪ ਸੈਨਾਪਤੀ ਨੇ ਇੰਦਰ ਆਰੀਆ ਦੇਵਤਾਂ ਨੂੰ ਹਰਾ ਦਿਤਾ ਤਾਂ ਆਰੀਅਨ ਦੇਵਤਾ (ਮੁਖੀਆ) ਵਿਸ਼ਨੂੰ ਨੇ ਨਰਸਿੰਘ ਦਾ ਭੇਸ ਬਣਾ ਕੇ, ਉਸਦੇ ਮਹਿਲ ਵਿਚ ਛੁਪ ਕੇ ਹਰਨਾਖਸ਼ ਨੂੰ ਉਸਦੇ ਪੁੱਤਰ ਪ੍ਰਲਾਦ ਦੀ ਸਹਾਇਤਾ ਨਾਲ ਮਾਰਿਆ। ਦੂਸਰੀ ਕਥਾ ਹੈ ਕਿ (88) ਪ੍ਰਿਥਵੀ ਵਾਪਸ ਲੈਣ ਲਈ ਪ੍ਰਮੇਸ਼ਰ ਦੀ ਇੱਛਾ ਨਾਲ ਬ੍ਰਹਮਾਂ ਜੀ ਨੂੰ ਛਿੱਕ ਆਈ ਤਾਂ ਉਸਦੀ ਸੱਜੀ ਨਾਸ ਵਿੱਚੋਂ ਇਕ ਸੂਕਰ ਬਹੁਤ ਛੋਟਾ ਮੱਛਰ ਵਾਂਗ, ਜਿਸਨੂੰ ਬੈਰਹਾ ਕਹਿੰਦੇ ਹਨ ਡਿੱਗ ਪਿਆ। ਜਿਸਦੀ ਹਰਨਾਖਸ਼ ਦੈਂਤ ਨਾਲ ਲੜਾਈ ਹੋਈ। ਉਸਨੇ ਹਰਨਾਖਸ਼ ਨੂੰ ਮਾਰ ਮੁਕਾਇਆ ਅਤੇ ਪ੍ਰਿਥਵੀ ਪਾਣੀ ਵਿੱਚੋਂ ਬਾਹਰ ਲੈ ਆਂਦੀ।' (ਭਾਵ ਰਾਜਪਾਠ ਜਿੱਤ ਲਿਆ)

(ਸਫਾ 89) ਬਿਦਰ ਜੀ ਨੇ ਮੈਤ੍ਰੇ ਰਿਖੀ ਨੂੰ ਪੁੱਛਿਆ ਕਿ ਨਰਾਇਣ ਜੀ ਨੇ ਹਰਨਾਖਸ਼ ਅਤੇ ਹਿਰਨਾਕਸ਼ਪ ਦੈਂਤ ਨੂੰ ਮਾਰਨ ਵਾਸਤੇ ਆਪ ਅਵਤਾਰ ਲਿਆ । ਕੀ ਦੇਵਤਾ ਲੋਕ ਉਹਨਾਂ ਨੂੰ ਮਾਰ ਨਹੀਂ ਸਕਦੇ ਸਨ? ਉੱਤਰ ਮਿਲਿਆ, ਸਿਵਾਏ ਨਰਾਇਣ ਜੀ ਦੇ ਦੂਸਰਾ ਕੋਈ ਉਹਨਾਂ ਨੂੰ ਮਾਰ ਨਹੀਂ ਸਕਦਾ ਸੀ।"

ਰਿਖਭਦੇਵ ਤੇ ਦੇਵ ਕੰਨਿਆਵਾਂ

(ਸਫਾ 164 ਅਧਿ-5) ਤੁਸੀਂ ਬ੍ਰਾਹਮਣਾਂ ਨੂੰ ਉੱਤਮ ਸਮਝ ਕੇ ਪਰਜਾ ਦੀ ਪਾਲਣਾ ਕਰੋ। ਇਸ ਤਰ੍ਹਾਂ ਦਾ ਗਿਆਨ ਕਰਨ ਵਾਲਾ ਜਮਦੂਤਾਂ ਦੀ ਫਾਂਸੀ ਨਹੀਂ ਲਗਦਾ। ਰਿਖਵ ਦੇਵ ਇਹ ਗਿਆਨ ਸਮਝਾ ਕੇ ਆਪ ਵੀ ਜਗਤ ਤੋਂ ਉਦਾਸ ਹੋ ਗਏ ਅਤੇ ਆਪਣੇ ਭਰਤ ਨਾਮ ਪੁੱਤਰ ਨੂੰ ਗੱਦੀ 'ਤੇ ਬਿਠਾ ਕੇ ਉਦਾਸ ਹੋ ਕੇ ਜੜਬ੍ਰਤ ਦਾ ਰੂਪ ਧਾਰ ਲਿਆ ਅਤੇ ਬਣ ਵਿੱਚ (ਜਾ ਕੇ) ਤਪ ਕਰਨ ਲੱਗੇ।

ਮਲ ਮੂਤਰ ਕਰਨ 'ਤੇ ਵੀ ਆਚਾਰੀ ਕਿਰਿਆ (ਭਾਵ) ਸਾਫ ਸਫਾਈ ਬਹੁਤੀ ਨਾ ਕਰਨ।...... ਭੋਜਨ, ਬਸਤਰ ਦੀ ਲੋੜ ਨਾ ਰੱਖ ਕੇ, ਜੋ ਕੋਈ ਖੁਆਵੇ ਖਾ ਲਏ । ਉਸ ਨੇ ਇਸਨਾਨ ਆਦਿ ਕਰਨਾ ਵੀ ਛੱਡ ਦਿੱਤਾ । ਉਸ ਨੂੰ ਵੇਖ ਕੇ ਦੇਵ ਕੰਨਿਆ ਮੋਹਤ ਹੋ ਗਈਆਂ । ਚਾਲੀ ਕੋਹ 'ਤੇ ਮਲ-ਮੂਤਰ ਦੀ ਦੁਰਗੰਧ ਪਹੁੰਚਦੀ ਸੀ ।

(161 ਅਧਿ. ਛੇਵਾਂ) ਰਿਖਵਦੇਵ ਨਰਾਇਣ ਜੀ ਦਾ ਅਵਤਾਰ ਸਨ ।

ਰਿਖਵਦੇਵ ਦਾ ਪੁੱਤਰ ਭਰਤ ਹਰਨ ਬਣਿਆ

(162-64 ਅਧਿ. ਸੱਤਵਾਂ) ਕਥਾ. ਭਰਤ ਵਿੱਰਕਤ ਹੋ ਕੇ ਰਾਜ ਗੱਦੀ ਆਪਣੇ ਪੁੱਤਰ ਨੂੰ ਦੇ ਦਿੱਤੀ ਤੇ ਆਪ ਬਣਾ ਵਿੱਚ ਪੁਲਹਾਸਰ ਨਦੀ ਦੇ ਕਿਨਾਰੇ 'ਤੇ ਸਾਲਗ੍ਰਾਮ ਦੀ ਪੂਜਾ ਕਰਨ ਲੱਗਾ । ਇੱਕ ਗਰਭਵਤੀ ਹਿਰਨੀ ਦਾ ਡਰ ਨਾਲ ਬੱਚਾ ਡਿੱਗ ਗਿਆ ਤੇ ਉਹ ਘਬਰਾਈ ਹੋਈ ਨਦੀ ਵਿੱਚ ਡਿੱਗ ਕੇ ਮਰ ਗਈ । ਬੱਚਾ ਭਰਤ ਨੇ ਚੁੱਕਿਆ, ਪਾਲਿਆ-ਪੋਸਿਆ ਤੇ ਵੱਡਾ ਕੀਤਾ । ਦੋਹਾਂ ਦਾ ਬਹੁਤ ਮੋਹ ਹੋ ਗਿਆ । ਇੱਕ ਦਿਨ ਹਿਰਨ ਕਿਤੇ ਜੰਗਲ ਵਿੱਚ ਭੱਜ ਗਿਆ । ਹਿਰਨ ਦੇ ਵਿਰਲਾਪ ਵਿੱਚ ਭਰਤ ਦੀ ਮੌਤ ਹੋ ਗਈ, ਪਰ ਹਿਰਨ ਦਾ ਧਿਆਨ ਕਰਨ ਕਰਕੇ ਉਹ ਅਗਲੇ ਜਨਮ ਹਿਰਨ ਬਣ ਗਿਆ । ਪ੍ਰੰਤੂ ਉਹ ਪੂਰਬ ਜੰਨਮ ਦਾ ਬਿਰਤਾਂਤ ਜਾਣਦਾ ਸੀ । ਇਸ ਲਈ ਉਹ ਪ੍ਰਮੇਸ਼ਵਰ ਦਾ ਭਜਨ ਦਿਨ-ਰਾਤ ਕਰਦੇ ਰਹੇ । ਇੱਕ ਦਿਨ ਉਹ ਨਿਰਬਲ ਹੋਣ ਕਾਰਨ ਪੁਲਹਾਸ਼ਰਮ ਨਦੀ ਵਿੱਚ ਡੁੱਬ ਕੇ ਮਰ ਗਏ ਅਤੇ ਅਥਰਵ ਵੇਦ ਪੜ੍ਹਨ ਵਾਲੇ ਬ੍ਰਾਹਮਣ ਦੇ ਘਰ ਵਿੱਚ ਜਾ ਕੇ ਜਨਮ ਲਿਆ ਤੇ ਉਸ ਦਾ ਨਾਮ ਵੀ ਭਰਤ ਰੱਖਿਆ ਗਿਆ ।

ਮਹਾਂਬਲੀ ਮਹਾਰਾਜਾ ਹਰਨਾਖਸ਼ ਦਾ ਪੜਪੋਤਰਾ ਬਲੀ ਦਾ ਵਿਸ਼ਾਲ ਰਾਜ ਖੁੱਸਣਾ

(ਸਫਾ 171, ਅਧਿ. 17) ਜਦੋਂ ਨਰਾਇਣ ਜੀ ਨੇ (ਬ੍ਰਾਹਮਣ ਰੂਪ) ਅਵਤਾਰ ਲੈ ਕੇ ਤਿੰਨ ਪੈਰ (ਕਦਮ)

ਪ੍ਰਿਥਵੀ ਰਾਜਾ ਬਲੀ ਤੋਂ ਦਾਨ ਲਈ ਤਾਂ ਉਸ ਨਰਾਇਣ ਨੇ ਵਿਰਾਟ ਰੂਪ ਧਾਰਨ ਕਰਕੇ ਇੱਕ ਪੈਰ (ਕਦਮ) ਨਾਲ ਥੱਲੜੇ ਸੱਤੇ ਲੋਕ (ਸੂਬੇ) ਦੂਸਰੇ ਪੈਰ ਨਾਲ ਉਤਲੇ ਸੱਤੇ ਲੋਕ (ਪਹਾੜੀ ਸੂਬੇ) ਮਿਣ ਲਏ । ਜਦੋਂ ਮਹਾਰਾਜਾ ਦਾ ਚਰਨ ਬ੍ਰਹਮਪੁਰੀ ਵਿੱਚ ਪਹੁੰਚਿਆ (ਜਿੱਤ) ਤਾਂ ਬ੍ਰਹਮਾ ਨੇ ਸੱਜਾ ਚਰਨ ਪਰਮੇਸ਼ਰ ਦਾ ਆਪਣੀ ਪੁਰੀ ਵਿੱਚ ਪਹੁੰਚ ਦੇ (ਜਿੱਤ ਦੀ ਵਾਪਸੀ) ਤਿਰੰਵੀ ਕਰਮ ਅਵਤਾਰ ਹੋਣਾ ਜਾਣਕੇ, ਉੱਠ ਖੜਾ ਹੋ ਗਿਆ ਅਤੇ ਆਪਣੇ ਕਮੰਡਲ ਵਿੱਚ ਵਿਰਜਾ ਨਦੀ ਦਾ, ਜੋ ਬ੍ਰਹਮਸਰੂਪ ਪ੍ਰਮੇਸ਼ਰ ਦੇ ਹੰਝੂ ਡਿੱਗਣ 'ਤੇ ਬੈਕੁੰਠ ਵਿੱਚ ਪ੍ਰਗਟ ਹੋਈ ਸੀ, ਦਾ ਜਲ ਲੈ ਕੇ ਚਰਨਾਂ ਨੂੰ ਧੋਤਾ ਅਤੇ ਚਰਨਾਮਤ ਲਿਆ ਤੇ ਅੱਖਾਂ ਨੂੰ ਲਾਇਆ । ਅੱਗੇ ਲਿਖਿਆ ਹੈ ਕਿ ਇਹ ਚਰਨਾਮਤ ਜਲ ਜਦੋਂ ਸੁਮੇਰ ਪਰਬਤ 'ਤੇ ਗਿਆ, ਫਿਰ ਮੰਦਰਾਚਲ ਪਹਾੜ 'ਤੇ ਟਿਕਿਆ । ਉੱਥੋਂ ਧਾਰਾ ਬਣ ਕੇ ਵਗਣ ਲੱਗਾ ਤਾਂ ਇਸ ਦਾ ਨਾਮ ਗੰਗਾ ਪੈ ਗਿਆ ।(171)

ਜੋ ਕੋਈ ਗੰਗਾ ਇਸਨਾਨ ਅਤੇ ਜਲ ਪਾਨ ਅਤੇ ਦਰਸ਼ਨ ਕਰਨ ਦੀ ਇੱਛਾ ਨਾਲ ਘਰ ਤੋਂ ਜਾਣ ਦੀ ਇੱਛਾ ਕਰਦਾ ਹੈ, ਉਹ ਕਰੋੜਾਂ ਜਨਮਾਂ ਦੇ ਪਾਪ ਤੋਂ ਮੁਕਤ ਹੁੰਦਾ ਹੈ । ਇਸ ਇੱਛਾ ਨਾਲ ਜਿੰਨੇ ਕਦਮ ਚੱਲ ਕੇ ਗੰਗਾ ਜੀ ਪਹੁੰਚਦਾ ਹੈ । ਇੱਕ-ਇੱਕ ਕਦਮ ਧਰਨ ਨਾਲ ਉਸ ਨੂੰ ਸੌ-ਸੌ ਜਸੂ ਯੱਗ ਅਸਵਮੇਧ ਦਾ ਫਲ ਮਿਲਦਾ ਹੈ ।

ਜਾਪਦਾ ਹੈ ਕਿ ਇਹ ਬਲੀ ਨੂੰ ਰਾਜ ਜਿੱਤਣ ਦੀ ਕਥਾ ਹੈ । ਗੰਗਾ ਜਿੱਤ ਦੀ ਖੁਸ਼ੀ ਦਾ ਵਹਿਣ ਹੈ । ਜੋ ਜਿੱਤ ਨੂੰ ਹਮੇਸ਼ਾ ਲਈ ਸਥਾਈ ਬਣਾਉਂਦੀ ਹੈ । ਕਰੋੜਾਂ ਹਾਰੇ ਹੋਏ ਲੋਕ, ਅਰਬਾਂ ਬਣਕੇ, ਗੰਗਾ ਇਸ਼ਨਾਨ ਕਰਦੇ ਹਨ, ਪ੍ਰੰਤੂ ਉਨ੍ਹਾਂ ਨੂੰ ਕਦੀ ਵੀ ਸੌ-ਸੌ ਰਾਜਸੂ ਅਸਵਮੇਧ ਯੱਗਾਂ ਦਾ ਫਲ ਕਿਉਂ ਨਹੀਂ ਮਿਲਦਾ ? ਸ਼ਾਇਦ ਉਹ ਇਸ ਇਤਿਹਾਸਕ ਕਥਾ ਤੋਂ ਅਗਿਆਨੀ ਹਨ ਤੇ ਕੇਵਲ ਪੂਜਕ ਹਨ । ਜਿੰਨ੍ਹਾ ਨੂੰ ਗਿਆਨ ਹੈ, ਉਹ ਸਦਾ ਤੋਂ ਮਹਾਂਬਲੀ ਹਨ । ਉਨ੍ਹਾਂ ਦਾ ਰਾਜਸੂ ਯੱਗ ਸਦਾ ਸੰਪੂਰਨ ਹੁੰਦਾ ਹੈ । ਰਾਜਸੂ ਯੱਗ ਦਾ ਅਰਥ ਹੈ ਰਾਜ ਭਾਗ ਜਿੱਤਣ ਲਈ ਯੱਗ ।

ਮੂਲ ਨਿਵਾਸੀ ਦੈਤ ਰਾਜ

(ਸਫਾ 180 ਅਧਿ. 24) ਅਤਲ ਲੋਕ ਵਿੱਚ ਮੈਂ (ਮਯ) ਨਾਮ ਦਾ ਦੈਤ ਰਹਿੰਦਾ ਹੈ । ਮਾਇਆ ਕਰਨੀਆਂ ਅਤੇ ਇੰਦਰਜਾਲ (ਆਰੀਅਨ ਯੁੱਧ ਵਿੱਦਿਆ) ਦੀ ਵਿੱਦਿਆ ਬਹੁਤ ਜਾਣਦਾ ਹੈ । ਦੈਤ ਲੋਕ ਉਸ ਵਿੱਦਿਆ ਨੂੰ ਉਸ ਤੋਂ ਪੜ੍ਹ ਕੇ ਸਭ ਨੂੰ ਜਿੱਤ ਲੈਂਦੇ ਹਨ ।

ਵਿਤਲ ਲੋਕ ਵਿੱਚ ਮੈਂ ਦਾਨਵ (ਦੈਤ) ਦਾ ਬਾਪ ਰਾਜਾ ਬਲੀ ਦੈਤ ਰਾਜ ਕਰਦਾ ਹੈ । ਜਿਸ ਬਲੀ ਨੂੰ ਬਾਵਨ ਭਗਵਾਨ (ਬ੍ਰਾਹਮਣ ਰੂਪ ਨਰਾਇਣ) ਨੇ ਇੰਦਰ ਆਦਿਕ ਦੇਵਤਿਆਂ ਦੇ ਕਲਿਆਣ ਵਾਸਤੇ ਭੇਜਿਆ ਸੀ । ਰਾਜਾ ਬਲੀ ਨੇ ਗੁਰੂ ਸ਼ੁਕਰਾਚਾਰੀਆ ਦੇ ਵਰਜਣ 'ਤੇ ਵੀ ਤਿੰਨ ਕਦਮ ਪ੍ਰਿਥਵੀ ਬਾਵਨ ਭਗਵਾਨ ਨੂੰ ਦਾਨ ਕਰ ਦਿੱਤੀ ਸੀ ।

ਤਲਾਤਲ ਲੋਕ ਵਿੱਚ ਤ੍ਰਿਪੁਰਾਸ਼ਰ ਦੈਤ, ਬਹੁਤ ਬਲੀ ਅਤੇ ਮਹਾਦੇਵ ਦਾ ਭਗਤ ਰਾਜ ਕਰਦਾ ਹੈ ।

ਮਹਾਤਲ ਲੋਕ (ਇਲਾਕੇ) ਵਿੱਚ ਤੱਛਕ ਅਤੇ ਕਾਲੀ ਆਦਿ ਸਰਪ (ਨਾਗ ਕੌਮੀ) ਆਪਣੇ ਕਟੁੰਬ ਸਮੇਤ ਰਾਜ ਕਰਦੇ ਹਨ ।

ਰਸਾਤਲ ਵਿੱਚ ਵਰਾਟ ਕੁਲ ਦਾਨਵ ਪਰਵਾਰ ਸਮੇਤ ਅਨੰਦ ਪੂਰਬਕ ਰਾਜ ਕਰਦਾ ਹੈ ।

ਪਤਾਲ ਲੋਕ ਵਿੱਚ ਬਾਸ਼ਕ ਆਦਿ ਵੱਡੇ ਨਾਮ ਰਹਿੰਦੇ ਹਨ । ਸ਼ੇਸ਼ਨਾਗ (ਮਹਾਰਾਜਾ ਬਲੀ ਨਾਗ) ਵੀ ਉੱਥੇ ਹੀ ਰਹਿੰਦਾ ਹੈ । (ਇਹ ਮੂਲ ਨਿਵਾਸੀ ਰਾਜਿਆਂ ਦੇ ਰਾਜ ਪਾਠ ਦਾ ਚਿਤਰਣ ਹੈ)

ਨਰਕ ਅਤੇ ਉੱਥੇ ਜਾਣ ਦੇ ਕਾਰਨ

(ਸਫਾ 183-86 ਅਧਿ. 26)

-ਪਹਿਲਾ ਕੁੰਭੀ ਨਰਕ ਹੈ, ਜਿਸ ਦਾ ਮੂੰਹ ਕੁੰਭੀ (ਝੱਜਰ) ਵਾਂਗ ਛੋਟਾ ਹੈ । ਥੱਲਾ ਬਹੁਤ ਵਿਸ਼ਾਲ ਹੈ । ਦੁਰਗੰਧ ਨਾਲ ਭਰਿਆ ਹੈ । ਜਿਸ ਨੂੰ ਦੇਖਣ ਅਤੇ ਸੁਣਨ ਨਾਲ ਭੈਅ ਆਉਂਦਾ ਹੈ । ਉਸ ਵਿੱਚ ਉਹ ਪਾਪੀ ਸੁੱਟੇ ਜਾਂਦੇ ਹਨ । ਜਿਨ੍ਹਾਂ ਨੇ ਗਊ ਹੱਤਿਆ ਅਤੇ ਬ੍ਰਾਹਮਣ ਹੱਤਿਆ ਕੀਤੀ ਹੈ ਤੇ ਸਾਧੂਆਂ ਨੂੰ ਲੱਤਾਂ ਨਾਲ ਮਾਰਿਆ ਹੈ ।

-ਤੀਸਰਾ ਤੇਲਜੰਤ ਨਰਕ ਹੈ । ਜੋ ਬਹੁਤ ਦੁਖਦਾਈ ਹੈ । ਇਸ ਨਰਕ ਵਿੱਚ ਉਹ ਲੋਕ ਜਾਂਦੇ ਹਨ, ਜਿੰਨ੍ਹਾਂ ਨੇ ਪਰਾਈ ਜਮੀਨ ਖੋਹੀ ਹੈ ਅਤੇ ਬ੍ਰਾਹਮਣੀ ਦੇ ਨਾਲ ਭੋਗ ਕੀਤਾ ਹੈ ।

-ਪੰਜਵਾਂ ਨਰਕ ਖੰਡੇ ਦੀ ਧਾਰ ਵਰਗਾ ਹੈ । ਜਿੰਨ੍ਹਾਂ ਨੇ ਬਾਲਕਾਂ ਨੂੰ ਡੋਬਿਆ ਹੈ । ਵਿਧਵਾ ਇਸਤਰੀ ਦਾ ਧਨ

ਖੋਹਿਆ ਹੈ ਅਤੇ ਬ੍ਰਾਹਮਣਾਂ ਦੀ ਅੰਸ ਚੋਰੀ ਕਰਕੇ ਜਾਂ ਛਲ ਕਰਕੇ ਖਾਧੀ ਹੈ, ਉਹ ਇਸ ਨਰਕ ਵਿੱਚ ਪੈਂਦੇ ਹਨ ।

–ਛੇਵਾਂ ਨਰਕ ਸੂਚੀ ਮੁੱਖ ਹੈ । ਇਸ ਵਿੱਚ ਉਹ ਲੋਕ ਪੈਂਦੇ ਹਨ, ਜਿਨ੍ਹਾ ਨੇ ਪਰਾਈ ਔਰਤ ਨਾਲ ਗਮਨ ਕੀਤਾ ਹੈ ਜਾਂ ਬੇਦ ਬ੍ਰਾਹਮਣ ਦੀ ਨਿੰਦਿਆ ਕੀਤੀ ਹੈ ।

–ਨੌਂਵਾਂ ਨਰਕ ਸਲਮੁਖ ਨਰਕ ਹੈ, ਜੋ ਰਾਜਾ ਬਿਨ੍ਹਾ ਅਪਰਾਧ ਦੰਡ ਦੇਵੇ । ਬ੍ਰਾਹਮਣ ਨੂੰ ਫਾਂਸੀ ਦੇਵੇ, ਉਸ ਨੂੰ ਸੌ ਜਮਦੂਤ ਸਲਮੁਖ ਨਰਕ ਵਿੱਚ ਲੈ ਜਾਂਦੇ ਹਨ ਅਤੇ ਜੀਵ ਨੂੰ ਕੋਹਲੂ ਵਿੱਚ ਪੀੜਦੇ ਹਨ ।

–ਸੋਲਵਾਂ ਨਰਕ ਤਾਮਰਾ ਨਰਕ ਹੈ, ਜੋ ਰਾਜੇ ਹੋ ਕੇ ਅਨੀਤੀ ਕਰਦੇ ਹਨ, ਨਿਆਂ ਨਹੀਂ ਕਰਦੇ, ਬ੍ਰਾਹਮਣ ਹੋ ਕੇ ਵੇਦ ਪਾਠ ਨਹੀਂ ਕਰਦੇ, ਖੱਤਰੀ ਹੋ ਕੇ ਵਤਾ ਪਿਤਰ ਕਰਮ ਸ਼ਰਾਬ ਅਤੇ ਗਾਇਤਰੀ ਜਪ ਤਰਪਣ ਆਦਿ ਨਹੀਂ ਕਰਦੇ । ਉਹ ਇਸ ਨਰਕ ਵਿੱਚ ਪੈਂਦੇ ਹਨ ।

–ਅਠਾਰਵਾਂ ਨਰਕ ਧਰਤ– ਨਰਕ ਹੈ ।(ਭਾਵ ਜੋ ਲੋਕ ਧਰਤੀ ਉੱਪਰ ਹੀ ਭੁੱਖ–ਦੁੱਖ, ਕੰਗਾਲੀ, ਪਿੰਗਲਪਣ, ਧੱਕੇ, ਫੁਰਕਾਰੀਆਂ, ਕੁੱਟਾਂ–ਮਾਰਾਂ, ਸਜਾਵਾਂ, ਅਪਮਾਨ, ਰੋਗ ਭੋਗਦੇ ਹਨ ਅਤੇ ਦਿਸਦੇ ਹਨ, ਉਹ ਇਸ ਨਰਕ ਵਿੱਚ ਦਿਸਦੇ ਹਨ । ਜੋ ਆਦਮੀ ਦੇਖਦਾ ਹੈ, ਸੁਣਦਾ ਹੈ ਫਿਰ ਖੋਟਾ ਕਰਮ ਕਰਦਾ ਹੈ, ਵੇਦ ਅਤੇ ਸ਼ਾਸਤਰਾਂ ਤੋਂ ਉਲਟਾ ਚਲਦਾ ਹੈ । ਵੇਦ ਸ਼ਾਸਤਰ ਦਾ ਕਹਿਣਾ ਨਹੀਂ ਮੰਨਦਾ ਉਹ ਇਹ ਨਰਕ ਭੋਗਦਾ ਹੈ ।

(ਨੋਟ ਕੁਲ ਅਠਾਰਾਂ ਨਰਕ ਹਨ । ਜਿਨ੍ਹਾਂ ਦੇ ਅੱਡ–ਅੱਡ ਨਾਂ ਹਨ । ਜਿਨ੍ਹਾਂ ਵਿੱਚ ਪਹੁੰਚਣ ਦੇ ਅੱਲਗ ਕਾਰਨ ਦਰਸਾਏ ਹਨ । ਇਹ ਕੁਝ ਉਹ ਨਰਕ ਹਨ । ਜਿਨ੍ਹਾਂ ਦਾ ਸਬੰਧ ਗਊ, ਬ੍ਰਾਹਮਣ ਅਤੇ ਵੇਦ ਸ਼ਾਸਤਰ ਪੂਜਾ ਨਾਲ ਹੈ । ਜਿਵੇਂ ਉਪਰ ਦਰਸਾਇਆ ਗਿਆ ਹੈ । ਜਿਨ੍ਹਾਂ ਦਾ ਮੁੱਖ ਉਦੇਸ਼ ਵੇਦ ਸ਼ਾਸਤਰ ਅਤੇ ਗਊ ਬ੍ਰਾਹਮਣ ਪੂਜਾ ਹੈ । ਭਾਰਤ ਨੂੰ ਛੱਡ ਕੇ ਬਾਕੀ ਸਾਰਾ ਸੰਸਾਰ ਬ੍ਰਾਹਮਣ ਗਊ ਅਤੇ ਵੇਦ ਸ਼ਾਸਤਰਾਂ ਦੀ ਪੂਜਾ ਨਹੀਂ ਕਰਦਾ, ਇਸ ਹਿਸਾਬ ਨਾਲ ਤਾਂ ਉਹ ਸਾਰੇ ਇਨ੍ਹਾਂ ਨਰਕਾਂ ਵਿੱਚ ਹੀ ਜਾਣਗੇ । ਇਸ ਦਾ ਅਰਥ ਹੈ ਕਿ ਗਊ ਬ੍ਰਾਹਮਣ ਅਤੇ ਵੇਦਾਂ ਦੀ ਪੂਜਾ ਕਰਨ ਨਾਲ ਹੀ ਨਰਕਾਂ ਤੋਂ ਬਚਿਆ ਜਾ ਸਕਦਾ ਹੈ ।)

ਬ੍ਰਾਹਮਣ ਅਜਾਮਲ ਅਤੇ ਨਰਾਇਣ

ਕਥਾ (ਸਫਾ 188 ਤੋਂ 195) ਕਨੌਜ ਸ਼ਹਿਰ ਵਿੱਚ ਅਜਾਮਲ ਨਾਂ ਦਾ ਬ੍ਰਾਹਮਣ ਸੀ । ਜਿਸ ਦੀ ਇੱਕ ਵੇਸਵਾ ਨਾਲ ਪ੍ਰੀਤ ਸੀ । ਉਹ ਰੋਜ ਸ਼ਰਾਬ ਪੀਂਦਾ ਤੇ ਜੂਆ ਖੇਡਦਾ ਸੀ । ਚੋਰੀ ਤੇ ਠੱਗੀ ਕਰਦਾ ਸੀ । ਮੁਸਾਫਰਾਂ ਨੂੰ ਲੁੱਟਦਾ ਸੀ । ਅਚਾਨਕ ਉਸ ਕੋਲ ਕੋਈ ਸਾਧੂ ਆਏ । ਉਸ ਦੇ ਕੰਮ ਬਾਰੇ ਪੁੱਛਿਆ । ਉਸ ਨੇ ਸਾਰਾ ਕੁਝ ਦੱਸ ਦਿੱਤਾ ਤਾਂ ਸਾਧੂਆਂ ਨੇ ਕਿਹਾ ਕਿ ਤੇਰੇ ਇੱਕ ਪੁੱਤਰ ਹੋਵੇਗਾ ਤੂੰ ਉਸ ਦਾ ਨਾਂ ਨਰਾਇਣ ਰੱਖ ਦੇਵੀ ਤਾਂ ਕਿ ਉਹ ਪਰਮੇਸ਼ਰ ਦਾ ਨਾਮ ਜਪ ਸਕੇ । ਪਰ ਕਿਉਂ ?

(190) ਕਿਉਂਕਿ ਪਰਮੇਸ਼ਰ ਦਾ ਨਾ ਲੈਣ ਨਾਲ ਵੱਡੇ–ਵੱਡੇ ਪਾਪ ਨਾਸ ਹੋ ਜਾਂਦੇ ਹਨ । ਜਿਵੇਂ ਗਊ–ਬ੍ਰਾਹਮਣ ਨੂੰ ਮਾਰਨ ਦਾ । ਮਾਂ–ਪਿਓ ਨੂੰ ਮਾਰ ਦੇਣ ਦਾ । ਗੁਰੂ ਦੀ ਔਰਤ ਨਾਲ ਭੋਗ ਕਰ ਲੈਣ ਦਾ । ਮਦਰਾ ਪੀਣ ਦਾ । ਗੁਰੂ ਨੂੰ ਦੁਰਬਚਨ ਕਹਿਣ ਦਾ ।

(191) ਇਹ ਉਪਦੇਸ਼ ਜਮਦੂਤਾਂ ਨੂੰ ਭਗਵਾਨ ਵਿਸ਼ਨੂੰ ਨੇ ਉਦੋਂ ਕੀਤਾ ਜਦੋਂ ਉਨ੍ਹਾਂ ਨੇ ਪ੍ਰਸ਼ਨ ਕੀਤਾ ਕਿ ਐਨੇ ਪਾਪ ਕਰਕੇ ਵੀ ਕੋਈ ਮੁਕਤ ਕਿਉਂ ਹੋ ਜਾਂਦਾ ਹੈ । ਫਿਰ ਵਿਸ਼ਨੂੰ ਭਗਵਾਨ ਦੀ ਅਜਾਮਲ ਨਾਲ ਭੇਂਟ ਹੋਈ । ਉਸ ਤੋਂ ਬਾਅਦ ਅਜਾਮਲ ਹਰਦੁਆਰ ਜਾ ਕੇ ਨਰਾਇਣ ਦਾ ਨਾਮ ਜਪਣ ਲੱਗਾ ਅਤੇ ਬੈਕੁੰਠ ਚਲਾ ਗਿਆ ।

(193) ਧਰਮ ਗੁਰੂ ਵਿਸ਼ਵਾਮਿੱਤਰ ਅਤੇ ਅੱਪਛਰਾ ਮੇਨਕਾ ਦੇ ਸੰਜੋਗ ਤੋਂ ਨਿਗਲੋਚਾ ਨਾਂ ਦੀ ਕੰਨਿਆ ਪੈਦਾ ਹੋਈ, ਜਿਸ ਦਾ ਚੰਦਰਮਾ ਨੇ ਵਰਹਿਖ ਦੇ ਪੁੱਤਰ ਪ੍ਰਚੇਤਾ ਨਾਲ ਉਸ ਦਾ ਵਿਆਹ ਕਰ ਦਿੱਤਾ । ਹਰੀ ਦੀ ਇੱਛਾ ਨਾਲ ਉਸ ਨੂੰ ਗਰਭ ਠਹਿਰ ਗਿਆ । ਦਸਵੇਂ ਮਹੀਨੇ ਦੱਖਯ ਨਾਂ ਦਾ ਪੁੱਤਰ ਪੈਦਾ ਹੋ ਗਿਆ । ਜਿਸ ਨੇ ਨਰਾਇਣ ਦੀ ਪੂਜਾ ਕੀਤੀ । ਨਰਾਇਣ ਨੇ ਖੁਸ਼ ਹੋ ਕੇ ਉਸ ਨੂੰ ਅਸਕੀ ਨਾਂ ਦੀ ਕੰਨਿਆ ਬਖਸ਼ੀ, ਜਿਸ ਤੋਂ ਦਸ ਹਜ਼ਾਰ ਪੁੱਤਰ ਪੈਦਾ ਹੋਏ । ਜਿਨ੍ਹਾਂ ਦਾ ਨਾਮ ਹਰ–ਯੱਸਵ ਰੱਖਿਆ ਗਿਆ । ਦੱਖਯ ਪਿਤਾ ਨੇ ਉਨ੍ਹਾਂ ਨੂੰ ਪਰੇਮਸ਼ਰ ਭਜਨ ਅਤੇ ਸੰਤਾਨ ਪੈਦਾ ਕਰਨ ਲਈ ਕਿਹਾ ।

ਪੁੱਤਰ ਵਰਤ ਦੀ ਵਿਧੀ

(ਸਫਾ 208) ਇਸਤਰੀ ਨੂੰ ਚਾਹੀਦਾ ਹੈ ਕਿ ਸੁਆਮੀ (ਭਾਵ ਆਪਣੇ ਮਾਲਕ ਪਤੀ) ਦੀ ਆਗਿਆ ਲੈ ਕੇ

ਅਗਹਨ ਵਦੀ ਮੱਸਿਆ ਨੂੰ ਇਸ਼ਨਾਨ ਕਰਕੇ, ਅਗਹਨ ਸਦੀ ਨਾਲ ਵਰਤ ਰੱਖੇ, ਬ੍ਰਹਮਚਾਰੀ ਅਤੇ ਲੱਖਮੀ ਨਰਾਇਣ ਦੀ ਪੂਜਾ ਕਰੇ, ਸਵਿੱਤਰੀ ਦੀ ਪੂਜਾ ਕਰਕੇ ਅਹੂਤੀ ਕਰੇ, ਬ੍ਰਾਹਮਣਾਂ ਨੂੰ ਖੀਰ ਖੁਆ ਕੇ ਆਪ ਖਾਵੇ, ਪੂਜਾ ਕਰਾਉਣ ਵਾਲੇ ਨੂੰ ਪ੍ਰਸੰਨ ਕਰੇ, ਉਸ ਨੂੰ ਦੇਵਤਾ ਸਮਾਨ ਪੁੱਤਰ ਪੈਦਾ ਹੁੰਦਾ ਹੈ।

ਦੈਂਤਾਂ ਅਤੇ ਬ੍ਰਾਹਮਣਾਂ ਦਾ ਵਿਰੋਧ

(ਸਫਾ 210 ਅਧਿ. ਦੂਜਾ) ਜਦੋਂ ਹਰਨਾਕਸ਼ ਦੈਂਤ ਬੈਰਾਹ ਦੇ ਹੱਥੋਂ ਮਾਰਿਆ ਗਿਆ ਤਾਂ ਹਰਨਾਕਸ਼ ਨੇ ਵਿਪਰਤੀ ਅਤੇ ਸੁਬਾਹੂ ਆਦਿ ਨੂੰ ਕਿਹਾ ਕਿ ਦੇਵਤਿਆਂ, ਜੋ ਸਾਥੋਂ ਛੋਟੇ ਹਨ (ਕਮਜ਼ੋਰ) ਨੇ ਵਿਸ਼ਨੂੰ ਭਗਵਾਨ ਨੂੰ ਕਹਿ ਕੇ ਮੇਰੇ ਭਰਾ ਨੂੰ ਮਾਰ ਦਿੱਤਾ ਹੈ। .....ਇਸ ਵਾਸਤੇ ਤੁਸੀਂ ਉਨ੍ਹਾਂ ਦਾ ਬੀਜ ਨਾਸ ਕਰਨ ਦਾ ਉਪਾਅ ਕਰੋ। ਜਿੱਥੇ ਰਿਸ਼ੀ ਤਪੱਸ਼ਵੀ ਬ੍ਰਾਹਮਣ ਯੱਗ ਜਾਂ ਹਵਨ ਕਰਦੇ ਹੋਣ ਉਨ੍ਹਾਂ ਨੂੰ ਦੁਖੀ ਕਰੋ। ਸੰਸਾਰ ਵਿੱਚ ਕਿਸੇ ਨੂੰ ਤਪ-ਜਪ ਤੇ ਭਜਨ ਨਾ ਕਰਨ ਦਿਉ। ਇਹ ਬਾਤ ਸੁਣ ਕੇ ਦੈਂਤ ਲੋਕ ਸਭ ਜਗ੍ਹਾ ਢੂੰਡ ਕੇ ਬ੍ਰਾਹਮਣਾਂ ਨੂੰ ਦੁੱਖ ਦੇਣ ਲੱਗੇ।

(211) ਦੈਂਤਾਂ ਦੀ ਮਾਂ 'ਦਿੱਤੀ' ਨੇ ਕਿਹਾ ਕਿ ਪੁੱਤਰੋ ਨਰਾਇਣ ਜੀ ਨੇ ਦੇਵਤਿਆਂ ਦੀ ਸਹਾਇਤਾ ਕਰਕੇ ਤੇਰੇ ਭਰਾ ਨੂੰ ਮਾਰਿਆ ਹੈ। ਤੂੰ ਵੀ ਉਨ੍ਹਾਂ ਦੇਵਤਿਆਂ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈ।

(ਇਸ ਕਥਾ ਤੋਂ ਬਹੁਤ ਸਾਫ ਮਾਲੂਮ ਹੁੰਦਾ ਹੈ ਕਿ ਭਾਰਤ ਦੇ ਮੂਲ ਨਿਵਾਸੀ ਰਾਜਿਆਂ ਮਹਾਰਾਜਿਆਂ ਨੂੰ ਆਰੀਅਨ ਦੇਵਤੇ ਅਤੇ ਭਗਵਾਨ, ਰਿਸ਼ੀਆਂ-ਮੁਨੀਆਂ ਅਤੇ ਬ੍ਰਾਹਮਣਾਂ ਦੇ ਸਹਿਯੋਗ ਨਾਲ ਖਤਮ ਕਰਦੇ ਰਹੇ ਅਤੇ ਧੁਰ ਉੱਤਰ ਤੋਂ ਲੈ ਕੇ ਦੱਖਣ ਤੱਕ ਦੇਵਤਿਆਂ ਭਾਵ ਆਰੀਅਨਾਂ ਅਤੇ ਦੈਂਤਾਂ-ਰਾਖਸ਼ਾਂ, ਬਾਨਰਾਂ (ਬਣਨਸ), ਦਾਨਵਾਂ, ਅਸਰਾਂ ਕਿੰਨਰਾ, ਗੰਧਰਵਾਂ, ਭੀਲਾਂ, ਚੰਡਾਲਾਂ, ਨਾਗਾਂ, (ਭਾਵ ਭਾਰਤੀ ਮੂਲ ਨਿਵਾਸੀ ਲੋਕਾਂ ਅਤੇ ਰਾਜਿਆਂ) ਵਿਚਕਾਰ ਕਈ ਸਦੀਆਂ ਤੱਕ ਨਿਰੰਤਰ ਜੰਗ ਹੁੰਦੀ ਰਹੀ। ਭਾਰਤੀ ਰਾਜੇ ਇਸ ਕਰਕੇ ਹਾਰਦੇ ਰਹੇ ਕਿ ਉਹ ਵਲ-ਛਲ ਤੇ ਕਪਟ ਦੀਆਂ ਨੀਤੀਆਂ ਤੋਂ ਅਣਜਾਣ ਸਨ। ਸਿੱਧੀ ਪੱਧਰੀ ਜੰਗ ਕਰ ਸਕਦੇ ਸਨ। ਇੰਦਰ ਜਾਲ ਦੀਆਂ ਕੂਟ ਨੀਤੀਆਂ ਨਹੀਂ ਜਾਣਦੇ ਸਨ।

ਉਹ ਮਹਾਂਬਲੀ ਵੀ ਸਨ। ਦੇਵਤੇ ਉਨ੍ਹਾਂ ਦਾ ਕੁਝ ਵੀ ਵਿਗਾੜਨ ਤੋਂ ਅਸਮਰਥ ਸਨ, ਪ੍ਰੰਤੂ ਨਰਾਇਣ ਦੇ ਭੇਤ ਵਿੱਚ ਜੋ ਛਲ ਨੀਤੀ ਵਾਰ-ਵਾਰ ਵਾਪਰਦੀ ਰਹੀ ਉਸ ਕਰਕੇ, ਦੇਵਤੇ ਜਿੱਤਦੇ ਰਹੇ ਅਤੇ ਭਾਰਤੀ ਰਾਜੇ ਹਾਰਦੇ ਰਹੇ। ਉਹ ਜੰਗ ਵਿੱਚ ਘੱਟ ਛਲ-ਕਪਟ ਦੇ ਜਾਲ ਵਿੱਚ ਵਧੇਰੇ ਫਸਦੇ ਅਤੇ ਹਾਰਦੇ ਮਲੂਮ ਹੁੰਦੇ ਹਨ। ਰਿੱਗ ਵੇਦ ਵਿੱਚ ਇਨ੍ਹਾਂ ਯੁੱਧਾਂ ਅਤੇ ਕਤਲਾਂ ਦਾ ਵਿਸ਼ਾਲ ਵਰਨਣ ਹੈ। ਮੱਦ ਭਾਗਵਤ ਵਿੱਚ ਵੀ ਵਾਰ-ਵਾਰ ਰਾਖਸ਼ਾਂ, ਦੈਂਤਾਂ ਅਤੇ ਦਾਨਵਾਂ ਦੀ ਹਾਰ ਅਤੇ ਗੁਲਾਮੀ ਦੀਆਂ ਕਥਾਵਾਂ ਵਧੇਰੇ ਹਨ। ਵਿਸ਼ਨੂੰ ਭਗਵਾਨ ਵੱਲੋਂ ਹਰਨਾਕਸ਼ ਨੂੰ ਮਾਰਨਾ ਅਤੇ ਦਿੱਤੀ ਵੱਲੋਂ ਬਦਲਾ ਲੈਣ ਦਾ ਉਪਦੇਸ਼ ਕਰਨਾ ਇਸ ਗੱਲ ਦੀ ਪੱਕੀ ਗਵਾਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਜਪ, ਤਪ ਤੇ ਭਜਨ ਕੀ ਹਨ।)

(212) ਹਰਨਾਕਸ਼ ਦਾ ਰਾਜ ਸੱਤਾਂ ਦੀਪਾਂ 'ਤੇ ਸੀ। ਪ੍ਰਲਾਦ ਉਸ ਦਾ ਚੌਥਾ ਪੁੱਤਰ ਸੀ। (ਜੋ ਵਿਸ਼ਨੂੰ ਪੂਜਕ ਬਣ ਗਿਆ ਸੀ, ਜਿਸ ਕਰਕੇ ਉਸ ਦਾ ਆਪਣੇ ਪਿਤਾ ਨਾਲ ਵਿਰੋਧ ਹੋ ਗਿਆ ਸੀ।)

ਦੇਖੋ ਕਥਾ. ਜਦੋਂ ਪਿਤਾ ਨੇ ਪ੍ਰਲਾਦ ਨੂੰ ਗੋਦੀ ਵਿੱਚ ਬਿਠਾ ਕੇ ਪਿਆਰ ਨਾਲ ਪੁੱਛਿਆ ਕਿ ਉਹ ਕੀ ਪੜ੍ਹਦਾ ਹੈ ਤਾਂ ਉਸ ਨੇ ਉੱਤਰ ਦਿੱਤਾ 'ਮੈਂ ਰਾਮ ਨਾਮ ਪੜ੍ਹਿਆ ਹੈ। ਸੰਤਾਂ ਦੀ ਸੇਵਾ ਕਰਨੀ ਬ੍ਰਾਹਮਣਾਂ ਦੀ ਸੇਵਾ ਕਰਨੀ ਮੈਂ ਤਾਂ ਅੱਛੀ ਚੀਜ਼ ਸਮਝੀ ਹੈ।'

ਪਿਤਾ ਦਾ ਉੱਤਰ ਸੁਣੋ, 'ਮੂਰਖ ਤੂੰ ਇਹ ਨਹੀਂ ਜਾਣਦਾ ਕਿ ਜਿਸ ਨਰਾਇਣ ਨੇ ਮੇਰੇ ਭਰਾ ਨੂੰ ਮਾਰਿਆ ਹੈ ਤੂੰ ਉਸ ਦਾ ਨਾਂ ਲੈਂਦਾ ਹੈ। ਆਪਣਾ ਧਰਮ ਛੱਡ ਕੇ ਦੂਸਰੇ ਦਾ ਧਰਮ ਧਾਰਨਾ ਚੰਗਾ ਨਹੀਂ ਹੈ। (ਕਥਾ ਵਾਰਤਾ ਤੋਂ ਬੁਨਿਆਦੀ ਵਿਰੋਧ ਦੀ ਗੱਲ ਅਸਾਨੀ ਨਾਲ ਸਮਝ ਪੈ ਜਾਂਦੀ ਹੈ।)

ਜਿਵੇਂ ਨਰਾਇਣ ਨੇ ਨਰ ਸਿੰਘ ਦਾ ਅਵਤਾਰ (ਭੇਸ) ਧਾਰਕੇ, ਹਰਨਾਕਸ਼ ਨੂੰ ਮਾਰ ਮੁਕਾਇਆ, ਇਹ ਕਥਾ ਸਫਾ 215 'ਤੇ ਦਰਜ ਹੈ। ਜਿਸ ਦੇ ਅੰਤ ਤੇ ਇਹ ਸਤਰ ਦਰਜ ਹੈ। 'ਨਰ ਸਿੰਘ ਜੀ ਉਸ ਦੀਆਂ ਆਂਦਰਾਂ ਦੀ ਮਾਲਾ ਪਹਿਨ ਕੇ ਰਾਜ ਸਿੰਘਾਸਣ 'ਤੇ ਬੈਠ ਗਏ ਤਾਂ ਦੇਵਤਿਆਂ ਨੇ ਬ੍ਰਹਮਾਂ ਜੀ ਨੂੰ ਕਿਹਾ ਕਿ ਤੁਸੀਂ ਜਾ ਕੇ ਉਂਪਮਾਂ ਕਰੋ।'

ਅੱਗੇ ਲਿਖਿਆ ਹੈ, '......ਤਾਂ ਇੰਦਰ ਨੇ ਬੇਨਤੀ ਕੀਤੀ ਕਿ ਹੇ ਦੀਨ ਦਿਆਲ, ਹੁਣ ਦਇਆ ਕਰਕੇ ਕ੍ਰੋਧ

ਨੂੰ ਘੱਟ ਕਰੇ, ਹੁਣ ਆਪ ਦੀ ਕ੍ਰਿਪਾ ਨਾਲ ਅਸੀਂ ਰਾਜ ਕਰਾਂਗੇ।' ਪਰ ਕ੍ਰੋਧ ਨਾ ਘਟਿਆ। ਫੇਰ ਲੱਛਮੀ (ਵਿਸ਼ਨੂੰ ਭਗਵਾਨ ਦੀ ਪਤਨੀ) ਨੇ ਵੀ ਸ਼ਿੰਗਾਰ ਕਰਕੇ ਬੇਨਤੀ ਕੀਤੀ, ਪ੍ਰੰਤੂ ਉਹ ਨਹੀਂ ਮੰਨੇ। ਫੇਰ ਪ੍ਰਲਾਦ ਨੇ ਜਾ ਕੇ ਚਰਨਾਂ 'ਤੇ ਸੀਸ ਧਰਿਆ। ਪ੍ਰਲਾਦ ਜੀ ਦਾ ਚਿੱਤ ਐਨਾ ਪ੍ਰਸੰਨ ਹੋਇਆ, ਉਸ ਸਰੂਪ ਨੂੰ ਵੇਖਕੇ ਖੁਸ਼ੀ ਹੋ ਕੇ, ਨਮਸਕਾਰ ਅਤੇ ਉਸਤਤੀ ਕਰਨ ਲੱਗਾ।'

(216) ਜਦੋਂ ਪ੍ਰਲਾਦ ਨੇ ਬੇਨਤੀ ਕੀਤੀ ਤਾਂ ਪ੍ਰਲਾਦ ਦਾ ਸਿਰ ਉਠਾ ਕੇ ਆਪਣੀ ਗੋਦ ਵਿੱਚ ਰੱਖਿਆ ਤੇ ਕਿਹਾ, "ਬੇਟਾ ਡਰ ਨਾ।"

ਫਿਰ ਪ੍ਰਲਾਦ ਨੇ ਕਿਹਾ, "ਜੀ ਤੁਸੀਂ ਮੇਰੇ ਅਧਰਮੀ ਕੁਲ ਵਿੱਚੋਂ ਹੋਣ 'ਤੇ ਵੀ ਤੁਸੀਂ ਮੇਰੀ ਰੱਖਿਆ ਕੀਤੀ ਹੈ। ਚਾਰਾਂ ਵਰਣਾਂ ਵਿੱਚ ਉੱਤਮ ਉਹ ਹੈ, ਜੋ ਆਪਦਾ ਭਜਨ ਕਰੇ। ਬ੍ਰਾਹਮਣ ਉੱਤਮ ਹੈ।"

ਤਾਂ ਭਗਵਾਨ ਨੇ ਪ੍ਰਲਾਦ ਨੂੰ ਵਰ ਦਿੱਤਾ।

(216) ਨਰ ਸਿੰਘ ਜੀ ਨੇ ਕਿਹਾ ਤੂੰ ਮੇਰਾ ਵੱਡਾ ਭਗਤ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਤੂੰ ਪਿਤਾ ਦੀ ਜਗ੍ਹਾ ਬੈਠ ਕੇ, ਕਹੱਤਰ ਚੌਂਕੜੀਆਂ ਰਾਜ ਕਰ। ਤੈਨੂੰ ਏਸੇ ਸਮੇਂ ਮੇਰੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ।"

(217) ਨਰ ਸਿੰਘ ਜੀ ਨੇ ਪ੍ਰਲਾਦ ਨੂੰ ਰਾਜ ਸਿੰਘਾਸਣ 'ਤੇ ਬਿਠਾਇਆ। ਤਿਲਕ ਲਗਾਇਆ ਅਤੇ ਦੇਵਤਿਆਂ ਨੇ ਉਸਤਤੀ ਕੀਤੀ। ਪ੍ਰਲਾਦ ਨੇ ਬ੍ਰਹਮਾਂ ਆਦਿਕ ਸ਼ੰਕਰਾਚਾਰੀਆ ਦੀ ਵਿਧੀ ਪੂਰਬਕ ਪੂਰਨ ਕਰਕੇ, ਸਾਰਿਆਂ ਦੇਵਤਿਆਂ (ਭਾਵ ਬ੍ਰਾਹਮਣਾਂ) ਨੂੰ ਵਿਦਾ ਕੀਤਾ ਅਤੇ ਆਪ ਅੱਠੇ ਪਹਿਰ, ਹਰੀ ਚਰਨਾਂ ਦਾ ਧਿਆਨ ਧਰਕੇ, ਰਿਖੀਸ਼ਰਾ, ਗਊ ਤੇ ਬ੍ਰਾਹਮਣਾਂ ਸਭ ਦੀ ਰੱਖਿਆ ਕਰਨ ਲੱਗਾ।

(217) ਉਹੀ ਦੋਨੋ ਭਰਾ (ਹਰਨਾਕਸ਼ ਤੇ ਹਿਰਨਾਕਸ਼ਪ) ਦੂਸਰੇ ਜਨਮ ਵਿੱਚ ਰਾਵਣ ਅਤੇ ਕੁੰਭਕਰਣ ਹੋਏ।

(ਅਸੀਂ ਮੱਦਭਾਗਵਤ ਗ੍ਰੰਥ ਦੀਆਂ ਵਿਸ਼ੇਸ਼ ਕਥਾਵਾਂ ਦਾ ਮੂਲ ਰੂਪ ਵਿੱਚ ਜਿਕਰ ਕਰ ਰਹੇ ਹਾਂ। ਹਰ ਕਥਾ ਦਾ ਮਨੋਰਥ ਰਾਜ ਭਾਗ 'ਤੇ ਜਾ ਕੇ ਸਮਾਪਤ ਹੋ ਜਾਂਦਾ ਹੈ। ਧਰਮ ਦਾ ਮੁੱਖ ਸੁਪਨਾ ਰਾਜ ਹੈ, ਪ੍ਰੰਤੂ ਹਰ ਕਥਾ ਵਿੱਚ ਇਸ ਧਰਮ ਦੇ ਰਾਜ ਦਾ ਅਰਥ, ਬ੍ਰਾਹਮਣ, ਹਿੰਦੂ ਧਰਮ ਅਤੇ ਗਊ ਰੱਖਿਆ ਕਰਨਾ ਹੈ।) ਉਦਾਹਰਣ ਲਈ ਪੜ੍ਹੋ ਇਹ ਕਥਾ- (ਸਫਾ 216. ਅਧਿ. 5) ਇੱਕ ਸਮੇਂ ਇੰਦਰ ਐਰਾਵਤ (ਹਾਥੀ) 'ਤੇ ਚੜ੍ਹ ਕੇ ਕਿਧਰੇ ਤੁਰ ਪਏ। ਰਸਤੇ ਵਿੱਚ ਦੁਰਬਾਸਾ (ਰਿਸ਼ੀ) ਮਿਲ ਗਿਆ। (ਯਾਦ ਰਹੇ ਕਿ ਰਿਸ਼ੀ ਮੁਨੀ ਤੇ ਦੇਵਤਾ ਕੇਵਲ ਬ੍ਰਾਹਮਣ ਹੀ ਹੋ ਸਕਦੇ ਸਨ।) ਇੰਦਰ ਨੇ ਡੰਡੌਤ ਕੀਤੀ ਉਸ ਨੇ ਆਪਣੇ ਗਲ ਦੀ ਮਾਲਾ ਪਹਿਨਣ ਨੂੰ ਦੇ ਦਿੱਤੀ, ਜੋ ਇੰਦਰ ਨੇ ਲੈ ਕੇ ਹਾਥੀ ਦੇ ਗਲ ਵਿੱਚ ਪਾ ਦਿੱਤੀ ਅਤੇ ਘਮੰਡ ਨਾਲ ਬੋਲਿਆ, ਇਸ ਤੋਂ ਚੰਗੀ ਮਾਲਾ ਤਾਂ ਸਵਰਗ ਵਿੱਚ ਹੁੰਦੀ ਹੈ ਤੇ ਹਾਥੀ ਨੇ ਉਹ ਪੈਰਾਂ ਵਿੱਚ ਸੁੱਟ ਦਿੱਤੀ ਤਾਂ ਰਿਸ਼ੀ ਨੇ ਉਸ ਨੂੰ ਸਰਾਪ ਦੇ ਦਿੱਤਾ ਕਿ ਤੇਰਾ ਰਾਜ-ਧਨ ਨਸ਼ਟ ਹੋ ਜਾਏਗਾ। ਇਹ ਗੱਲ ਰਾਖਸ਼ਾਂ ਨੇ ਸੁਣ ਲਈ ਤੇ ਲੜਾਈ ਕਰਕੇ ਉਸ ਦਾ ਰਾਜ ਖੋਹ ਲਿਆ। ਉਧਰ ਇੰਦਰ ਨੇ ਬ੍ਰਹਮਾ ਕੋਲ ਜਾ ਕੇ ਸਾਰਾ ਹਾਲ ਕਿਹਾ। ਬ੍ਰਹਮਾ ਨੇ ਕਿਹਾ ਮੇਰੇ ਇਹ ਗੱਲ ਵੱਸਦੀ ਨਹੀਂ। ਚਲੋ ਨਰਾਇਣ ਕੋਲ ਚੱਲੀਏ। ਸਾਰੇ ਦੇਵਤਿਆਂ ਸਮੇਤ ਖੀਰ ਸਮੁੰਦਰ ਵਿੱਚ ਗਏ ਅਤੇ ਪਰਾਥਨਾ ਕੀਤੀ ਕਿ ਸਾਡਾ ਰਾਜ ਰਾਖਸ਼ਾਂ ਨੇ ਖੋਹ ਲਿਆ ਹੈ! ਕੀ ਕਰੀਏ?

ਰਾਜ ਵਾਪਸ ਲੈਣ ਦੀ ਨਰਾਇਣ ਵਿਧੀ

(ਸਫਾ 227. ਅਧਿ. 6) ਉਸਤਤ ਕਰਨ ਨਾਲ ਭਗਵਾਨ ਖੁਸ਼ ਹੋਏ ਅਤੇ ਉਪਾਅ ਦੱਸਿਆ।

ਹੁਣ ਤੁਹਾਨੂੰ ਦੇਵਤਿਆਂ ਨੂੰ ਚਾਹੀਦਾ ਹੈ ਕਿ ਦੈਂਤਾਂ ਕੋਲ ਜਾ ਕੇ ਉਨ੍ਹਾਂ ਨਾਲ ਪ੍ਰੇਮ ਭਾਵ ਕਰੋ। ਦੋਵੇਂ ਮਿਲਕੇ ਖੀਰ ਸਮੁੰਦਰ ਨੂੰ ਰਿੜਕੋ। ਮੰਦਰਾ ਜਲ ਦੀ ਮਧਾਣੀ ਲਾਵੋ। ਸੱਪਾਂ ਦੀ ਰੱਸੀ ਪਾਓ। ਸਮੁੰਦਰ ਰਿੜਕਣ ਨਾਲ ਅੰਮ੍ਰਿਤ ਆਦਿ ਚੌਦਾਂ ਰਤਨ ਨਿਕਲਣਗੇ। ਉਹ ਅੰਮ੍ਰਿਤ ਦੇਵਤਿਆਂ ਨੂੰ ਪਿਆਉਗੇ ਤਾਂ ਅਮਰ ਹੋ ਕੇ ਦੈਂਤਾਂ ਨੂੰ ਜਿੱਤੋਗੇ। ਰਾਜ ਪ੍ਰਾਪਤ ਕਰੋਗੇ। ਦੈਂਤਾਂ ਨੂੰ ਖੇਚਲ ਹੀ ਰਹੇਗੀ। ਕੁਝ ਮਿਲੇਗਾ ਨਹੀਂ। ਤੁਸੀਂ ਧੀਰਜ ਰੱਖੋ। ਜਿਸ ਤਰ੍ਹਾਂ ਸੱਪ ਨੇ ਜਾਲ ਵਿੱਚ ਫਸ ਕੇ ਚੂਹੇ ਨਾਲ ਮਿੱਤਰਤਾ ਕੀਤੀ ਸੀ, ਉਸੇ ਤਰ੍ਹਾਂ ਜੋ ਗੱਲ ਦੈਂਤ ਲੋਕ ਕਹਿਣ ਉਹ ਮੰਨ ਲੈਣਾ। ਲੋਭ ਨਾ ਕਰਨਾ। (ਅਸੀਂ ਤਕਰੀਬਨ ਹਰ ਕਥਾ ਵਿੱਚ ਇਹੀ ਦੇਖਦੇ ਹਾਂ ਕਿ ਭਗਵਾਨ ਮੁੱਖ ਰੂਪ ਵਿੱਚ ਦੇਵਤਿਆਂ ਦੇ ਰਾਜ ਭਾਗ ਲਈ ਹੀ ਅਵਤਾਰ ਲੈ ਕੇ ਕਰੱਤਵ ਜਾਂ ਕ੍ਰਿਸ਼ਮੇ ਕਰਦਾ ਹੈ।)

ਉਸ ਸਮੇਂ (ਹਰਨਾਕਸ਼ ਦਾ ਪੜਪੋਤਰਾ ਪ੍ਰਲਾਦ ਦਾ ਪੋਤਰਾ) ਬਲੀ ਰਾਜਾ ਸੀ। ਦੇਵਤੇ ਬਲੀ ਦੇ ਪਾਸ ਗਏ। ਦੇਖ ਕੇ ਬਲੀ ਨੇ ਸੋਚਿਆ ਕਿ ਦੇਵਤੇ ਤਾਂ ਸਾਡੇ ਵੈਰੀ ਹਨ। ਬਿਨ੍ਹਾਂ ਸ਼ਸਤਰ ਕਿਵੇਂ ਆ ਗਏ ਕੀ ਕਾਰਨ

ਹੈ ? ਦੇਵਤਿਆਂ ਨੇ ਆ ਕੇ ਭਗਵਾਨ ਦੇ ਦੱਸੇ ਅਨੁਸਾਰ ਕਰਦਿਆਂ ਸਾਰੀ ਗੱਲ ਕਹੀ, ਤਾਂ ਰਾਜਾ ਬਲੀ ਨੇ ਕਿਹਾ ਅਸੀਂ ਮੱਦਦ ਤਾਂ ਦਿਆਂਗੇ ਪ੍ਰੰਤੂ ਅੰਮ੍ਰਿਤ ਆਦਿ ਸਭ ਚੀਜ਼ਾਂ ਨੂੰ ਵੰਡਾਂਗੇ। ਦੇਵਤਿਆਂ ਨੇ ਕਿਹਾ ਸਾਨੂੰ ਮਨਜ਼ੂਰ ਹੈ।

(228) ਸਮੁੰਦਰ ਰਿੜਕਿਆ ਜਾਣ ਲੱਗਾ। ਦੈਂਤਾਂ ਨੇ ਨਾਗ ਦੀ ਸਿਰੀ ਫੜੀ ਅਤੇ ਦੇਵਤਿਆਂ ਨੇ ਪੂਛ। ਪਹਿਲਾਂ ਜ਼ਹਿਰ ਨਿਕਲੀ। ਜੋ ਪਾਰਬਤੀ ਦੇ ਕਹਿਣ 'ਤੇ ਮਹਾਂਦੇਵ ਸ਼ਿਵਜੀ ਨੇ, ਦੇਵਤਿਆਂ ਖਾਤਰ, ਇੱਕੋ ਵਾਰ ਮੂੰਹ ਵਿੱਚ ਪਾ ਲਈ। ਫੇਰ ਕਾਮਧੇਨ ਗਊ ਨਿਕਲੀ। ਨਰਾਇਣ ਦੇ ਕਹਿਣ 'ਤੇ ਇਹ ਗਊ ਬ੍ਰਾਹਮਣਾਂ ਅਤੇ ਰਿਸ਼ੀਆਂ ਨੂੰ ਦੇ ਦਿੱਤੀ ਗਈ।

(230) ਤੀਜਾ ਉੱਚਸਰਬ ਘੋੜਾ ਨਿਕਲਿਆ ਜੋ ਦੈਂਤਾਂ ਨੇ ਰਾਜਾ ਬਲੀ ਵਾਸਤੇ ਲੈ ਲਿਆ। ਚੌਥਾ ਹਾਥੀ ਨਿਕਲਿਆ, ਜੋ ਦੇਵਤਿਆਂ ਨੇ ਲੈ ਲਿਆ। ਪੰਜਵਾਂ ਕੌਸਤਕ ਮਣੀ ਨਿਕਲੀ, ਜੋ ਨਰਾਇਣ ਨੇ ਦੋਵਾਂ ਨੂੰ ਮੰਨਾ ਕੇ ਆਪਣੇ ਗਲੇ ਵਿੱਚ ਪਹਿਨ ਲਈ। ਫਿਰ ਛੇਵਾਂ ਇੱਕ ਬਿਰਖ ਨਿਕਲਿਆ ਜੋ ਦੈਂਤਾਂ ਨੇ ਲੈ ਲਿਆ, ਪਰ ਦੇਵਤਿਆਂ ਨੇ ਯੁੱਧ ਕਰਕੇ ਇਸ ਨੂੰ ਜਿੱਤ ਲਿਆ। ਸੱਤਵੀਂ ਰੰਭਾ ਅਪਸਰਾ ਨਿਕਲੀ, ਜੋ ਵੇਸਵਾ ਹੋ ਕੇ ਰਹੀ। ਅੱਠਵੀਂ ਲੱਛਮੀ ਨਿਕਲੀ, ਜਿਸ ਨੂੰ ਵੇਖ ਕੇ ਸਾਰੇ ਮੋਹਤ ਹੋ ਗਏ ਤੇ ਸਮੁੰਦਰ ਰਿੜਕਣਾ ਬੰਦ ਕਰਕੇ, ਜਿਦਣ ਲੱਗੇ, ਪਰ ਲੱਛਮੀ ਨੇ ਸਭ ਨੂੰ ਛੱਡ ਕੇ ਬੈਕੁੰਠ ਨਾਥ ਦੇ ਗਲ ਵਿੱਚ ਵਰਮਾਲਾ ਪਾ ਦਿੱਤੀ। ਨੌਵੀਂ ਵਾਰ ਵਾਰੁਣੀ ਕੰਨਿਆ ਨਿਕਲੀ, ਜੋ ਦੈਂਤਾਂ ਨੇ ਲੈ ਲਈ। ਦਸਵੀਂ ਵਾਰ 'ਅੰਮ੍ਰਿਤ ਦਾ ਕਲਸ' ਫੜੀ ਅਤੀ ਸੁੰਦਰ ਧਨੰਤਰ ਜੀ ਨਿਕਲੇ। ਜਦੋਂ ਦੇਵਤੇ ਵੇਖ ਕੇ ਖੁਸ਼ ਹੋਏ ਕਿ ਅੰਮ੍ਰਿਤ ਨਿਕਲ ਆਇਆ ਹੈ ਤਾਂ ਇੱਕ ਦੈਂਤ ਨੇ ਭੱਜ ਕੇ ਕਲਸ, ਧਨੰਤਰ ਤੋਂ ਖੋਹ ਲਿਆ। ਦੇਵਤਿਆਂ ਨੇ ਅੱਧਾ ਮੰਗਿਆ, ਪਰ ਦੈਂਤਾਂ ਨੇ ਕਿਹਾ ਜੋ ਬਚੇਗਾ ਪੀ ਲੈਣਾ। ਅੰਮ੍ਰਿਤ ਪੀਣ ਖਾਤਰ ਦੈਂਤ ਆਪਸ ਵਿੱਚ ਲੜਨ ਲੱਗ ਪਏ।

(203-31) ਉਸ ਵਕਤ ਭਗਵਾਨ ਮੋਹਣੀ ਦਾ ਰੂਪ ਧਾਰ ਕੇ ਆ ਪਹੁੰਚੇ। ਉਸ ਸੁੰਦਰ ਸੂਰਤ ਨੂੰ ਵੇਖ ਕੇ ਸਾਰੇ ਮੋਹਤ ਹੋ ਉਠੇ। ਦੈਂਤਾਂ ਦਾ ਧਿਆਨ ਯੁੱਧ ਤੋਂ ਹੱਟ ਕੇ ਉਸ ਵੱਲ ਹੋ ਗਿਆ। ਜਦੋਂ ਮੋਹਣੀ ਉਨ੍ਹਾਂ ਵੱਲ ਵਧੀ ਤਾਂ ਦੈਂਤਾਂ ਨੂੰ ਅੰਮ੍ਰਿਤ ਪੀਣਾ ਵੀ ਭੁੱਲ ਗਿਆ। ਉਸ ਰੂਪਵਤੀ ਨੇ ਦੈਂਤਾਂ ਨੂੰ ਅਕਰਸ਼ਤ ਕੀਤਾ, ਤਾਂ ਉਨ੍ਹਾਂ ਨੇ ਅੰਤ ਮੋਹਣੀ ਨੂੰ ਅੰਮ੍ਰਿਤ ਵੰਡਣ ਲਈ ਆਪਣਾ ਪੰਚ ਬਣਾ ਲਿਆ। ਮੋਹਣੀ ਦਾ ਹੁਕਮ ਪਾ ਕੇ ਅੰਮ੍ਰਿਤ ਪੀਣ ਲਈ ਦੇਵਤੇ ਤੇ ਦੈਂਤ ਦੋ ਅਲੱਗ-ਅਲੱਗ ਪੰਗਤਾਂ ਬਣਾ ਕੇ ਬੈਠ ਗਏ। 'ਮੋਹਣੀ ਰੂਪ ਭਗਵਾਨ ਨੇ ਏਕ ਕਲਸ 'ਛਲ ਦਾ' ਬਣਿਆ ਹੋਇਆ ਲਿਆ। ਜਿਸ ਵਿੱਚ ਦੋ ਰਖਣੇ ਬਣੇ ਹੋਏ ਸਨ। ਉਸ ਵਿੱਚ ਇੱਕ ਤਰਫ ਮਦਰਾ (ਸ਼ਰਾਬ) ਤੇ ਦੂਜੀ ਤਰਫ ਅੰਮ੍ਰਿਤ ਪਾ ਕੇ ਵੰਡਣ ਲੱਗੀ। ਜਿਸ ਵੇਲੇ ਦੈਂਤਾਂ ਵੱਲ ਜਾਂਦੀ ਤਾਂ ਮਦਰਾ ਪਿਲਾ ਦਿੰਦੀ ਅਤੇ ਦੇਵਤਿਆ ਨੂੰ ਅੰਮ੍ਰਿਤ ਪਿਆ ਦਿੰਦੀ। ਜਦੋਂ ਵੰਡਦੇ-ਵੰਡਦੇ ਸੂਰਜ ਅਤੇ ਚੰਦਰਮਾ ਤੱਕ ਪਹੁੰਚੀ ਤਾਂ 'ਰਾਹੂ ਦੈਂਤ' ਨੇ ਵੇਖ ਲਿਆ ਕਿ ਛਲ ਨਾਲ ਅੰਮ੍ਰਿਤ ਦੇਵਤੇ ਲੈ ਗਏ, ਸਾਨੂੰ ਨਹੀਂ ਮਿਲਿਆ ਤਾਂ ਉਸ ਨੇ ਦੇਵਤਾ ਬਣ ਕੇ ਸੂਰਜ ਅਤੇ ਚੰਦਰਮਾ ਵਿਚਕਾਰ ਬੈਠ ਕੇ ਅੰਮ੍ਰਿਤ ਪੀ ਲਿਆ। ਤਾਂ ਸੂਰਜ ਅਤੇ ਚੰਦਰਮਾ ਨੇ ਚਿਲਾ ਕੇ ਕਿਹਾ ਮਹਾਰਾਜ ਇਹ ਦੈਂਤ ਹੈ, ਜੋ ਅੰਮ੍ਰਿਤ ਪੀ ਗਿਆ ਹੈ ਤਾਂ ਭਗਵਾਨ ਨੇ ਬਚਿਆ ਹੋਇਆ ਅੰਮ੍ਰਿਤ ਚੰਦਰਮਾ ਉੱਪਰ ਡੋਲ ਦਿੱਤਾ ਅਤੇ ਸੁਦਰਸ਼ਨ ਚੱਕਰ ਨਾਲ ਉਸ ਦਾ (ਰਾਹੂ ਦਾ) ਸਿਰ ਕੱਟ ਦਿੱਤਾ।

ਜਿਥੇ ਅਸੀਂ ਰਾਜ-ਪਾਠ (ਅੰਮ੍ਰਿਤ) ਲੈਣ ਦੀ ਛਲ-ਕਪਟ ਦੀ ਵਿਧੀ ਨੂੰ ਇਸ ਕਥਾ ਵਿੱਚੋਂ ਸਮਝ ਸਕਦੇ ਹਾਂ ਉੱਥੇ ਦੈਂਤ ਰਾਹੂ, ਜੋ ਦੈਂਤਾਂ ਵਿੱਚੋਂ ਸਭ ਤੋਂ ਵੱਡਾ ਬੁੱਧੀਮਾਨ ਸੀ, ਨੂੰ ਵੀ ਸਮਝ ਸਕਦੇ ਹਾਂ। ਕਿਉਂਕਿ ਉਹ ਮੂਲਵਾਸੀ ਸੀ, ਰਾਹੂ ਨੂੰ ਏਸੇ ਕਰਕੇ ਅੱਜ ਤੱਕ ਬੁਰੀ ਸ਼ੈਅ ਪਰਚਾਰਿਆ ਗਿਆ ਹੈ। ਪੂਰੇ ਭਾਰਤ ਵਿੱਚ ਰਾਜ ਪਾਠ ਪ੍ਰਾਪਤ ਕਰਨ ਲਈ ਅੱਜ ਵੀ ਬਹੁਗਿਣਤੀ ਗਰੀਬ ਵੋਟਰਾਂ ਨੂੰ ਸ਼ਰਾਬ ਪਿਆਉਣ ਦੀ ਵਿਧੀ ਵਰਤੀ ਜਾਂਦੀ ਹੈ। ਇਹ ਵੀ ਵੇਖਿਆ ਜਾ ਸਕਦਾ ਹੈ ਕਿ ਦੈਂਤ, ਰਾਖਸ਼, ਦਾਨਵ, ਆਸੁਰ ਜਾਤੀਆਂ ਦੀ ਸੰਤਾਨ ਨਿਮਨ ਜਾਤੀਆਂ ਅੱਜ ਵੀ ਬਹੁਤ ਬੁਰੀ ਤਰ੍ਹਾਂ ਆਪਸ ਵਿੱਚ ਲੜਦੀਆਂ-ਭਿੜਦੀਆਂ ਰਹਿੰਦੀਆਂ ਹਨ। ਰਾਹੂ ਵਰਗੇ ਬੁੱਧੀਮਾਨ ਲੋਕਾਂ ਨੂੰ ਅੱਜ ਵੀ ਕਿਸੇ ਨਾ ਕਿਸੇ ਢੰਗ-ਤਰੀਕਿਆਂ ਨਾਲ ਖਤਮ ਕਰ ਦਿੱਤਾ ਜਾਂਦਾ ਹੈ, ਪ੍ਰੰਤੂ ਪ੍ਰਲਾਦ ਵਾਂਗ ਚਰਨਾਂ 'ਤੇ ਸਿਰ ਰੱਖ ਕੇ, ਪ੍ਰਸੰਨ ਹੋ ਜਾਣ ਵਾਲੇ ਲੋਕਾਂ ਨੂੰ ਪੂਰਾ ਮਾਣ ਦਿੱਤਾ ਜਾਂਦਾ ਹੈ ਅਤੇ ਰਾਜ ਗੱਦੀਆਂ ਉੱਪਰ ਬਿਠਾ ਕੇ, 'ਸਵੈਹਿਤ' ਪੂਰੇ ਜਾਂਦੇ ਹਨ।

ਇਹ ਪੁਰਾਤਨ ਕਥਾਵਾਂ ਆਖਰ, ਆਰੀਅਨ ਦੇਵਤਿਆਂ ਵੱਲੋਂ ਹੀ ਜਾਪਦੀਆਂ ਛਲ-ਕਪਟ ਦੇ ਸਹਾਰੇ ਲਏ

ਗਏ ਰਾਜ ਪਾਠ ਦੀਆਂ ਵਿਧੀਆਂ ਹਨ। ਜਿਵੇਂ ਕਿ ਸਫਾ 232 ਅਧਿ. 10 ਵਿੱਚ ਲਿਖਿਆ ਹੈ.

'ਜਿਸ ਉੱਪਰ ਨਰਾਇਣ ਜੀ ਦੀ ਕ੍ਰਿਪਾ ਹੁੰਦੀ ਹੈ, ਉਸੇ ਨੂੰ ਅੰਮ੍ਰਿਤ ਮਿਲਦਾ ਹੈ। ਨਹੀਂ ਤਾਂ ਘਾਲਣਾ ਵਿਅਰਥ ਜਾਂਦੀ ਹੈ।.....ਦੈਂਤਾਂ ਨੇ ਸੋਚਿਆ ਕਿ ਉਹ ਔਰਤ ਅੰਮ੍ਰਿਤ ਪਿਆ ਕੇ ਚਲੀ ਗਈ। ਦੇਵਤਿਆਂ ਦੀ ਸਹਾਇਤਾ ਕੀਤੀ। ਏਹ ਸਮਝ ਪਾ ਕੇ ਦੈਂਤ, ਦੇਵਤਿਆਂ ਨਾਲ ਲੜਨ ਲੱਗੇ। (ਜਾਣੀ ਇਨ੍ਹਾਂ ਮੂਰਖਾਂ ਦੇ ਮੂਰਖਾਂ ਨੂੰ ਸਭ ਕੁਝ ਗੁਆ ਕੇ ਪਤਾ ਲੱਗਦਾ ਹੈ ਕਿ ਕੀ ਹੋ ਗਿਆ।)

(232) ਨਰਾਇਣ ਜੀ ਨੇ ਆਉਂਦਿਆਂ ਹੀ ਦੈਂਤਾਂ ਦੀ ਸਾਰੀ ਮਾਇਆ (ਸ਼ਕਤੀ) ਦੂਰ ਕੀਤੀ। (ਭਾਵ ਖਤਮ ਕਰ ਦਿੱਤੀ)

(233) ਜਦੋਂ ਦੇਵਤੇ ਜਿੱਤ ਗਏ ਅਤੇ ਦੈਂਤ ਹਾਰ ਗਏ ਤਾਂ ਬਲੀ ਨੇ ਕਿਹਾ, "ਕਦੀ ਸਾਡੀ ਜੇ (ਜਿੱਤ) ਹੁੰਦੀ ਹੈ, ਕਦੀ ਦੇਵਤਿਆਂ ਦੀ। ਅੱਜ ਉਨ੍ਹਾਂ ਦੇ ਦਿਨ ਚੰਗੇ ਹਨ, ਕਦੀ ਸਾਡੇ ਚੰਗੇ ਹੋਣਗੇ ਤਾਂ ਅਸੀਂ ਜਿੱਤਾਂਗੇ।"

(ਯਾਦ ਰਹੇ ਕਿ ਮਹਾਰਾਸ਼ਟਰ ਵਿੱਚ ਅੱਜ ਵੀ ਬਲੀ ਦੇ ਗੀਤ ਗਾਏ ਜਾਂਦੇ ਅਤੇ ਪੂਜਾ ਕੀਤੀ ਜਾਂਦੀ ਹੈ।)

ਮੋਹਣੀ ਉੱਤੇ ਸ਼ਿਵਜੀ ਭਗਵਾਨ ਦਾ ਮੋਹਤ ਹੋਣਾ

(ਸਫਾ 233 ਅਧਿ-12) ਸ਼ਿਵਜੀ ਬੈਕੁੰਠ ਵਿੱਚ ਨਰਾਇਣ ਕੋਲ ਗਏ ਤੇ ਕਿਹਾ ਕਿ ਮੈਂ ਆਪ ਦਾ ਮੋਹਣੀ ਰੂਪ ਵੇਖਣਾ ਚਾਹੁੰਦਾ ਹਾਂ। ਭਗਵਾਨ ਨੇ ਕਿਹਾ ਕਿ ਕਾਮਵਸ ਹੋ ਕੇ ਬਿਹਬਲ ਹੋ ਜਾਵੋਗੇ। ਸ਼ਿਵਜੀ ਨੇ ਕਿਹਾ ਰਾਕਸ਼ਾਂ ਦੀ ਤਰ੍ਹਾਂ ਨਹੀਂ ਹਾਂ।...ਮੈਂ ਸਭ ਇੰਦਰੀਆਂ ਵੱਸ ਕੀਤੀਆਂ ਹਨ।

(234) ਦੇਖਦੇ ਹੀ ਦੇਖਦੇ ਇੱਕ ਸੁੰਦਰ ਇਸਤਰੀ ਸੁੰਦਰ ਪਹਿਰਾਵਾ ਪਹਿਨ ਕੇ, ਬਿਜਲੀ ਵਾਂਗ ਚਮਕਦੀ, ਜੜਾਊ ਗਹਿਣੇ ਪਹਿਨੇ ਹੋਏ, ਹੱਥ ਵਿੱਚ ਰੇਸ਼ਮ ਦੀ ਖੁੱਦੋ ਉਛਾਲਦੀ ਆ ਰਹੀ ਸੀ। ਮਹਾਦੇਵ ਦੀ ਤਰਫ ਅੱਖ ਹੋਈ ਤਾਂ ਉਸ ਨੇ ਜਰਾ ਕੁ ਅੱਖਾਂ ਮਿਲ ਕੇ ਮੁਸਕਾ ਦਿੱਤਾ। ਸ਼ਿਵਜੀ ਦੇਖਦੇ ਹੀ ਕਾਮਵਸ ਹੋ ਕੇ ਮੋਹਤ ਹੋ ਗਏ। ਮਿਰਗ ਛਾਲ ਸੁੱਟ ਦਿੱਤੀ। (ਜਿਸ 'ਤੇ ਬੈਠ ਕੇ ਭਗਤੀ ਕਰੀਦੀ ਹੈ।) ਪਾਰਬਤੀ ਨੂੰ ਇੱਕਲੀ ਛੱਡ ਕੇ ਮੋਹਣੀ ਦੇ ਪਿੱਛੇ ਨੰਗੇ ਚੱਲ ਪਏ. ਜਿਸ ਤਰ੍ਹਾਂ ਸਾਨ੍ਹ ਗਊ ਪਿੱਛੇ ਦੌੜਦਾ ਹੈ।.....ਮਹਾਂਦੇਵ ਕਾਮ ਨਾਲ ਵਿਆਕੁਲ ਹੋ ਗਏ, ਕਾਮ ਦੀ ਬਾਗ ਛੁੱਟ ਗਈ ਅਤੇ ਬੀਰਜ ਨਿਕਲਣ ਲੱਗਾ।....ਜਦੋਂ ਫੇਰ ਪ੍ਰਗਟ ਹੋਈ ਤਾਂ ਸ਼ਿਵਜੀ ਨੇ ਉਸ ਦਾ ਕੱਪੜਾ ਫੜ ਲਿਆ, ਉਸ ਦਾ ਅੰਗ ਨਜ਼ਰ ਆਇਆ, ਉਸ ਕੱਪੜੇ ਨੂੰ ਲੈ ਕੇ ਸ਼ਿਵਜੀ ਬਹੁਤ ਅਨੰਦਤ ਹੋਏ। ....ਅਤੇ ਉਹ ਨੰਗੇ ਹੋਏ ਪਿੱਛੇ-ਪਿੱਛੇ ਦੌੜੇ। ਜਿੱਥੇ-ਜਿੱਥੇ ਵੀਰਜ ਡਿੱਗਿਆ, ਉੱਥੇ-ਉੱਥੇ ਚਾਂਦੀ ਤੇ ਸੋਨਾ ਪੈਦਾ ਹੋ ਗਿਆ।

(235) ਮਾਇਆ ਰੂਪੀ ਇਸਤਰੀ ਭਵਾਨੀ (ਕੂਟ ਨੀਤੀ ਜਾਨਣ ਵਾਲੀ) ਨੂੰ ਵੇਖ ਕੇ ਵੱਡੇ-ਵੱਡੇ ਰਿਸ਼ੀ, ਮੁਨੀ ਅਤੇ ਤਪੀਸਰਾਂ ਦਾ ਹੱਠ ਨਹੀਂ ਰਿਹਾ। ਉਹ ਹਾਰ ਗਏ।......ਦੇਖੋ ਸੁੰਭ ਅਤੇ ਨਿਸੁੰਭ ਦੈਂਤ ਬਹੁਤ ਬਲੀ ਸਨ। ਜਦੋਂ ਭਵਾਨੀ ਰੂਪ ਮਾਇਆ ਉਨ੍ਹਾਂ ਕੋਲ ਗਈ ਤਾਂ ਉਹ ਸਭ ਮੋਹਤ ਹੋ ਗਏ ਤਾਂ ਭਵਾਨੀ ਨੇ ਕਿਹਾ, "ਜੋ ਬਲੀ ਭਾਵ ਤਾਕਤਵਰ ਹੋਏਗਾ ਉਸ ਪਾਸ ਰਹਾਂਗੀ। (ਉਸ ਨੂੰ ਪ੍ਰਾਪਤ ਕਰਨ ਖਾਤਰ— ਦੋਵੇਂ ਆਪਸ ਵਿੱਚ ਲੜ ਕੇ ਮਰ ਗਏ। (ਯਾਦ ਰਹੇ ਕਿ ਦੇਵੀ ਦੁਰਗਾ ਨੂੰ ਵੀ ਭਵਾਨੀ ਕਿਹਾ ਜਾਂਦਾ ਹੈ।)

ਮੰਨੂ, ਇੰਦਰ ਰਿਸ਼ੀ ਅਤੇ ਭਗਵਾਨ ਦੇ ਕੰਮ

(ਸਫਾ 236 ਅਧਿ-14) ਰਿਸ਼ੀ ਸੁਕਦੇਵ ਨੇ ਰਾਜਾ ਪਰੀਛਤ ਨੂੰ ਦੱਸਿਆ ਕਿ ਪਰਮੇਸ਼ਰ ਦੀ ਆਗਿਆ ਨਾਲ ਮੰਨੂ ਆਦਿ, ਦਿਗਵਿਜੈ ਪਾ ਕੇ ਧਰਮ ਚਲਾਉਂਦੇ ਹਨ। ਇੰਦਰ ਦੈਂਤਾਂ ਨੂੰ ਮਾਰ ਕੇ ਜਗਤ (ਭਾਵ ਦੇਵਤਿਆਂ, ਬ੍ਰਾਹਮਣਾਂ ਅਤੇ ਆਰੀਆ ਧਰਮ) ਦੀ ਰੱਖਿਆ ਕਰਦਾ ਹੈ। ਸੱਤ ਰਿਖੀ ਯੋਗ ਅਭਿਆਸ ਕਰਦੇ ਵੇਦਾਂ ਨੂੰ ਪ੍ਰਗਟ ਕਰਦੇ ਹਨ। (ਭਾਵ ਗ੍ਰੰਥਾਂ ਦੀ ਰਚਨਾ ਕਰਦੇ ਹਨ।) ਭਗਵਾਨ ਦੁਸ਼ਟਾਂ ਨੂੰ ਮਾਰ ਕੇ (ਭਾਵ ਰਾਖਸ਼ਾਂ, ਦੈਂਤਾਂ, ਦਾਨਵਾਂ, ਬਾਨਰਾਂ, ਕਿੰਨਰਾਂ, ਗੰਧਰਵਾਂ, ਅਸੁਰਾਂ, ਦਰਾਵੜਾਂ , ਮੂਲ ਨਿਵਾਸੀਆਂ, ਆਦਿ ਵਾਸੀਆਂ ਆਦਿ ਜਿਵੇਂ ਕਿ ਹਰੇਕ ਕਥਾ ਵਿੱਚ ਜਿਕਰ ਆ ਰਿਹਾ ਹੈ।) ਨੂੰ ਮਾਰ ਕੇ ਭਗਤਾਂ (ਭਾਵ ਸ਼ਰਨ ਪਏ ਸ਼ੂਦਰਾਂ ਅਨਆਰੀਆਂ) ਦੀ ਰੱਖਿਆ ਕਰਦਾ ਹੈ। (ਜਿਵੇਂ ਸੁਗਰੀਵ, ਭਵੀਖਣ, ਹਨੂੰਮਾਨ, ਪ੍ਰਹਿਲਾਦ ਆਦਿ ਦਾ ਜਿਕਰ ਹੁੰਦਾ ਹੈ।)

ਦੈਂਤ ਗੁਰੂ ਸ਼ੁਕਰਾਚਾਰੀਆ

(ਸਫਾ 236-37 ਅਧਿ-15) ਇਸ ਕਥਾ ਅਨੁਸਾਰ ਦਿੱਤੀ ਦੇ ਪੁੱਤਰ ਦੈਂਤਾਂ ਦਾ ਕੇਵਲ ਇੱਕ ਗੁਰੂ ਹੈ, ਜਿਸ ਨੂੰ ਦੇਵਤਿਆਂ, ਨਰਾਇਣ ਅਤੇ ਅਵਤਾਰਾਂ ਦੀਆਂ ਸਾਰੀਆਂ ਭੇਤੀ ਚਲਾਕੀਆਂ ਦਾ ਪਤਾ ਹੈ, ਉਹ ਹੈ

'ਸ਼ੁਕਰਾਚਾਰੀਆ' ਜਿਸ ਨੇ, ਪ੍ਰਲਾਦ ਦੇ ਪੋਤਰੇ ਮਹਾਰਾਜਾ ਬਲੀ ਦਾ ਰਾਜ, ਜੋ ਬਾਵਨ ਅਵਤਾਰ ਵੱਲੋਂ ਤਿੰਨ ਕਦਮ ਧਰਤੀ ਮੰਗਣ 'ਤੇ ਦਾਨ ਕਰ ਦੇਣ ਨਾਲ ਖੁੱਸ ਗਿਆ ਸੀ, ਮੁੜ ਗੁਰਾਂ ਦੀਆਂ ਸਾਰੀਆਂ ਵਿਧੀਆਂ ਅਨੁਸਾਰ ਯੱਗ ਕਰਕੇ, ਦੇਵਤਿਆਂ ਪਾਸੋਂ ਜਿੱਤ ਲਿਆ ਸੀ। ਦੇਵਤੇ ਹਾਰ ਗਏ। ਤਿੰਨਾਂ ਲੋਕਾਂ 'ਤੇ (ਭਾਵ ਧਰਤੀ, ਪਹਾੜ ਅਤੇ ਸਮੁੰਦਰ) ਦੈਂਤ ਰਾਜਾ ਬਲੀ ਦਾ ਰਾਜ ਮੁੜ ਸਥਾਪਤ ਹੋ ਗਿਆ। ਰਾਜ ਨੂੰ ਸਥਿਰ ਰੱਖਣ ਲਈ ਸ਼ੁਕਰਾਚਾਰੀਆ (ਦੈਂਤ ਗੁਰੂ) ਨੇ ਰਾਜਾ ਬਲੀ ਨੂੰ ਇੱਕੋ ਉਪਦੇਸ਼ ਕੀਤਾ ਕਿ ਯੱਗ ਲਗਾਤਾਰ ਕਰੋ। (ਯੱਗ ਜਿੱਤ ਦੀਆਂ ਵਿਧੀਆਂ ਘੜਨ ਅਤੇ ਅਭਿਆਸ ਕਰਦੇ ਰਹਿਣ ਦੀ ਸ਼ਰਧਾਮਈ ਪਰੰਪਰਾ ਹੈ।) ਏਸੇ ਗੁਰੂ ਸ਼ੁਕਰਾਚਾਰੀਆ ਨੇ ਨਰਾਇਣ ਦੇ ਬਾਵਨ ਅਵਤਾਰ ਵੱਲੋਂ 'ਤਿੰਨ ਕਦਮ ਧਰਤੀ' ਦਾਨ ਵਿੱਚ ਮੰਗਣ ਵੇਲੇ ਕੀਤੀ ਗਈ ਚਲਾਕੀ ਤੋਂ ਵੀ ਮਹਾਰਾਜਾ ਬਲੀ ਨੂੰ ਸਾਵਧਾਨ ਕੀਤਾ ਸੀ ਤੇ ਕਿਹਾ ਸੀ ਕਿ ਦਾਨ ਦੇਣ ਦਾ ਬਚਨ ਨਾ ਕਰੇ। ਸਿੱਟੇ ਵਜੋਂ ਰਾਜਾ ਬਲੀ ਨੂੰ ਰਾਜ ਛੱਡਣਾ ਪਿਆ ਸੀ। (ਯਾਦ ਰਹੇ ਕਿ ਸ਼ੁਕਰਾਚਾਰੀਆ ਗੁਰੂ ਵਰਗਾ ਬੁੱਧੀਮਾਨ ਦੈਂਤ 'ਰਾਹੂ' ਸੀ, ਜਿਸ ਨੇ ਮੋਹਣੀ ਅਵਤਾਰ ਵੱਲੋਂ ਕੀਤੇ ਜਾ ਰਹੇ ਛਲ ਦਾ ਪਰਦਾ ਫਾਸ਼ ਕੀਤਾ ਸੀ ਅਤੇ ਆਪਣਾ ਗਲ ਕਟਵਾ ਲਿਆ ਸੀ। ਬਰਾਬਰ ਦੀ ਚਲਾਕੀ ਕਰਕੇ ਅੰਮ੍ਰਿਤ ਵੀ ਪੀ ਲਿਆ ਸੀ।

ਦੈਂਤਾਂ ਵਿੱਚ ਇਹ ਕੇਵਲ ਦੋ ਵਿਅਕਤੀ ਹੀ ਵੱਡੀ ਪ੍ਰਤਿੱਭਾ ਦੂਰ ਦ੍ਰਿਸ਼ਟੀ ਅਤੇ ਬਾਜ ਨਜ਼ਰ ਦੇ ਮਾਲਕ ਨਜ਼ਰ ਆਉਂਦੇ ਹਨ। ਜਿਨ੍ਹਾਂ ਨੂੰ ਨਰਾਇਣ ਅਵਤਾਰ ਦੇ 'ਛਲ' ਦੀ ਸਮਝ ਪੈਂਦੀ ਸੀ। ਇਸ ਕਥਾ ਅਨੁਸਾਰ ਰਾਜਾ ਬਲੀ ਨੇ ਗੁਰੂ ਸ਼ੁਕਰਾਚਾਰੀਆ ਦਾ ਹੁਕਮ ਮੰਨਕੇ, ਦੇਵਤਿਆਂ ਨੂੰ ਇੱਕ ਵਾਰ ਫੇਰ ਜਿੱਤ ਲਿਆ ਅਤੇ ਉਹ ਰਾਜ ਛੱਡ ਕੇ ਕਿਧਰੇ ਜਾ ਲੁਕੇ। (237)

ਦੇਵਤਿਆਂ ਦੀ ਮਾਂ ਅਦਿੱਤੀ ਦਾ ਵਿਰਲਾਪ

(ਸਫਾ 238 ਅਧਿ-16) ਪਤੀ ਕੱਸ਼ਯਪ ਸਾਹਮਣੇ ਹੱਥ ਜੋੜ ਕੇ ਬੋਲੀ, "ਹੇ ਸੁਆਮੀ ਕੋਈ ਅਭਿਆਮ (ਬ੍ਰਾਹਮਣ ਭਿਖਾਰੀ) ਤਾਂ ਭੁੱਖਾ ਨਹੀਂ ਗਿਆ, ਪ੍ਰੰਤੂ ਮੈਂ ਆਪਣੇ ਪੁੱਤਰਾਂ ਦੀ ਚਿੰਤਾ ਵਿੱਚ ਹਾਂ, ਜਿੰਨ੍ਹਾ ਦਾ ਰਾਜ ਦੈਂਤਾਂ ਨੇ ਖੋਹ ਲਿਆ ਹੈ। (ਜੋ ਗੁਰੂ ਸ਼ੁਕਰਾਚਾਰੀਆ ਦੇ ਹੁਕਮ ਅਨੁਸਾਰ ਰਾਜਾ ਬਲੀ ਨੇ ਮੁੜ ਜਿੱਤਿਆ) ਉਨ੍ਹਾਂ ਦੀਆਂ ਔਰਤਾਂ ਭੱਜ ਕੇ ਪਹਾੜਾਂ ਦੀਆਂ ਕੰਧਰਾਂ ਵਿੱਚ ਜਾ ਲੁਕੀਆਂ ਹਨ। ਸੋ ਮੈਂ ਦਿਨ-ਰਾਤ ਇਹੀ ਸੋਚਦੀ ਰਹਿੰਦੀ ਹਾਂ। ਉਸੇ ਕਾਰਨ ਮੇਰਾ ਚਿੱਤ ਉਦਾਸ ਹੋ ਰਿਹਾ ਹੈ। ਆਪ ਦਇਆ ਕਰਕੇ ਕੋਈ ਅਜਿਹਾ ਉਪਾਅ ਕਰੋ, ਜਿਸ ਨਾਲ ਦੇਵਤੇ ਫੇਰ ਰਾਜ-ਪਾਠ ਪ੍ਰਾਪਤ ਕਰ ਲੈਣ।"

ਕਸ਼ਯਪ ਜੀ ਬੋਲੇ.....ਜੋ ਨਰਾਇਣ ਜੀ ਚਾਹੁੰਦੇ ਹਨ ਉਹੀ ਹੁੰਦਾ ਹੈ। ......ਪਰਮੇਸ਼ਰ ਦੀ ਮਾਇਆ ਸਮਝਣੀ ਚਾਹੀਦੀ ਹੈ।

(239) ਅਦਿੱਤੀ ਨੇ ਪਤੀ ਕਸ਼ਯਪ ਜੀ ਦੇ ਕਹੇ ਅਨੁਸਾਰ ਬਰਤ ਕੀਤਾ, ਜਿਸ ਨਾਲ ਆਦਿ ਪੁਰਖ ਭਗਵਾਨ ਨੇ ਦਰਸ਼ਨ ਦਿੱਤਾ ਅਤੇ ਅਦਿੱਤੀ ਨੇ ਕਿਹਾ, "ਹੇ ਅੰਤਰਜਾਮੀ ਇਹ ਅਭਿਲਾਸ਼ਾ ਹੈ ਕਿ ਦੈਂਤਾਂ ਦਾ ਰਾਜ ਹਟੇ ਅਤੇ ਇੰਦਰ ਆਦਿ ਮੇਰੇ ਬੱਚਿਆਂ ਨੂੰ ਰਾਜ ਮਿਲੇ।"

ਨਰਾਇਣ ਨੇ ਕਿਹਾ, "ਹੇ ਅਦਿੱਤੀ ਤੂੰ ਚਾਹੁੰਦੀ ਹੈ ਕਿ ਜਿਸ ਤਰ੍ਹਾਂ ਇੰਦਮਣੀ ਤੇਰੀ ਨੂੰਹ ਦੁੱਖ ਪਾਉਂਦੀ ਹੈ, ਉਸੇ ਤਰ੍ਹਾਂ ਦੈਂਤਾਂ ਦੀਆਂ ਇਸਤਰੀਆਂ ਵੀ ਦੁੱਖ ਪਾਉਣ।.....ਤੂੰ ਮੇਰਾ ਬਰਤ ਰੱਖ ਕੇ ਮੈਨੂੰ ਬਹੁਤ ਪ੍ਰਸੰਨ ਕੀਤਾ ਹੈ। ਇਸ ਲਈ 'ਛਲ ਕਰਕੇ' ਦੈਂਤਾਂ ਤੋਂ ਰਾਜ ਗੱਦੀ ਲਊਂਗਾ।"

ਅਦਿੱਤੀ ਨੇ ਕਿਹਾ, "ਮਹਾਰਾਜ ਮੈਂ ਚਾਹੁੰਦੀ ਹਾਂ ਕਿ ਤੁਸੀਂ ਮੇਰੇ ਗਰਭ ਤੋਂ ਅਵਤਾਰ ਲੈ ਕੇ ਦੇਵਤਿਆਂ ਦੀ ਰੱਖਿਆ ਕਰੋ, ਜਿਸ ਕਾਰਨ ਉਨ੍ਹਾਂ ਨੂੰ ਰਾਜ ਮਿਲੇ। ਭਗਵਾਨ ਬੋਲੇ, "ਅੱਛਾ ਤੇਰਾ ਮਨੋਰਥ ਸੰਪੂਰਨ ਹੋਵੇਗਾ।"

ਆਦਿ ਪੁਰਖ ਭਗਵਾਨ ਨੇ ਭਾਦੋਂ ਸੁਦੀ ਦੁਆਦਸ਼ੀ ਨੂੰ (ਅਗਸਤ-ਸਤੰਬਰ ਮਹੀਨਾ) ਮੱਧਯਾਨ ਸਮੇਂ ਚਤਰਭੁਜੀ ਮੂਰਤ ਬਣ ਕੇ ਦਰਸ਼ਨ ਦਿੱਤਾ। ਉਸੇ ਸਮੇਂ ਪਰਮੇਸ਼ਰ ਨੇ 'ਬਾਵਨ' ਸਰੂਪ ਅਤਿ ਸੁੰਦਰ ਧਾਰਨ ਕੀਤਾ। ...ਬ੍ਰਹਮਾ ਨੇ ਬੇਦ ਰੀਤੀ ਅਨੁਸਾਰ ਉਸ ਦਾ ਯਗਯੋ ਪਵੀਤ ਕੀਤਾ। (ਭਾਵ ਤਿਲਕ ਆਦਿ ਦਿੱਤਾ, ਜਨੇਊ ਪਾ ਕੇ ਬ੍ਰਾਹਮਣ ਰੂਪ ਧਾਰਨ ਕਰਵਾਇਆ।) ਜਿਸ ਤੋਂ ਬਾਅਦ ਬਾਵਨ ਭਗਵਾਨ ਬ੍ਰਾਹਮਣ ਰੂਪ ਹੋ ਕੇ ਰਾਜਾ ਬਲੀ ਦੇ ਕੋਲ ਯੱਗ ਸਮੇਂ ਪਹੁੰਚ ਗਿਆ ਤੇ ਕਹਿਣ ਲੱਗਾ।

(ਸਫਾ 240 ਅਧਿ-18) ਰਾਜਾ ਬਲੀ, "ਤੁਸੀਂ ਧਰਮਾਤਮਾ ਹੋ। ਮੈਂ ਬਹੁਤ ਲੋਭ ਨਹੀਂ ਕਰਦਾ। ਕੇਵਲ ਤਿੰਨ ਕਦਮ ਜ਼ਮੀਨ ਤੁਹਾਥੋਂ (ਦਾਨ ਦੱਛਣਾ ਵਿੱਚ) ਲੈਣਾ ਚਾਹੁੰਦਾ ਹਾਂ।...ਲੋਭ ਨਾਲ ਜ਼ਿਆਦਾ ਮੰਗਣਾ ਠੀਕ

ਨਹੀਂ । ਅਸੀਂ ਸੰਤੋਖੀ ਬ੍ਰਾਹਮਣ ਹਾਂ । ਸਿਵਾਏ ਤਿੰਨ ਕਦਮ ਧਰਤੀ ਤੋਂ ਹੋਰ ਕਿਸੇ ਵਸਤੂ ਦੀ ਇੱਛਾ ਨਹੀਂ ਹੈ । ਤੁਸੀਂ ਵੱਡੇ ਦਾਨੀਆਂ ਵਿੱਚ ਗਿਣੇ ਜਾਂਦੇ ਹੋ ।...ਵਿਰੋਚਨ ਦੇ ਪੁੱਤਰ, ਤੇਰੇ ਪੁਰਖੇ ਐਸੇ ਦਾਨੀ ਸੂਰਬੀਰ ਹੋਏ ਹਨ, ਜਿਨ੍ਹਾਂ ਨੇ ਕਦੀ ਦਾਨ ਤੋਂ ਹੱਥ ਨਹੀਂ ਖਿੱਚਿਆ । ਯੁੱਧ ਭੂਮੀ ਤੋਂ ਮੂੰਹ ਨਹੀਂ ਫੇਰਿਆ । ਉਸ ਕਾਲ ਵਿੱਚ ਕੋਈ ਲਾਲਚੀ ਅਤੇ ਅਧਰਮੀ ਨਹੀਂ ਹੋਇਆ । ਹਰਨਾਕਸ਼ ਅਤੇ ਹਿਰਨਾਕਸ਼ਪ ਤੇਰੇ ਪੜਦਾਦੇ ਅਜਿਹੇ ਪ੍ਰਤਾਪੀ ਹੋਏ ਹਨ । ਜਿਨ੍ਹਾਂ ਨੇ ਦੇਵਤਿਆਂ ਨੂੰ ਜਿੱਤ ਕੇ ਤ੍ਰਲੋਕੀ 'ਤੇ ਰਾਜ ਕੀਤਾ । .....ਤਿੰਨ ਪੈਰ ਜ਼ਮੀਨ ਸਾਨੂੰ ਬਹੁਤ ਹੈ । ਜੇ ਸੰਤੋਖ ਨਹੀਂ ਤਾਂ ਸੱਤ ਦੀਪਾਂ ਦਾ ਰਾਜ ਲੈ ਕੇ ਵੀ ਤ੍ਰਿਸ਼ਨਾਂ ਨਹੀਂ ਮੁੱਕੇਗੀ ।

(241) ਜਦੋਂ ਰਾਜਾ ਬਲੀ ਤਿੰਨ ਕਦਮ ਧਰਤੀ ਦੇਣ ਲਈ ਤਿਆਰ ਹੋ ਗਏ ਤਾਂ 'ਸ਼ੁਕਰਾਚਾਰੀਆ' ਗੁਰੂ ਆਪਣੇ ਗਿਆਨ ਨਾਲ 'ਪਛਾਣ ਕਰਕੇ' ਉਠੇ ਤੇ ਰਾਜਾ ਬਲੀ ਕੋਲ ਜਾ ਕੇ ਕੰਨ ਵਿੱਚ ਕਹਿਣ ਲੱਗੇ, "ਹੇ ਰਾਜਨ ! ਤੁਸੀਂ ਇਸ ਨੂੰ ਨਹੀਂ ਪਛਾਣਿਆ, ਇਸ ਨੂੰ ਛੋਟਾ ਜਿਹਾ ਬ੍ਰਹਮਚਾਰੀ ਨਾ ਸਮਝਣਾ । ਏਹ ਬਾਵਨ ਭਗਵਾਨ ਦੇਵਤਿਆਂ ਦੀ ਸਹਾਇਤਾ ਕਰਨ ਵਾਸਤੇ ਤੇਰੇ ਰਾਜ ਭਾਗ ਨੂੰ ਲੈਣ ਆਇਆ ਹੈ । ਤਿੰਨ ਕਦਮ ਦਾਨ ਲੈਣ ਦੇ ਬਹਾਨੇ ਤਿੰਨ ਲੋਕ ਦੇਵਤਿਆਂ ਨੂੰ ਦੇ ਜਾਣਗੇ । ਤੁਸੀਂ ਇਸ ਛਲ ਵਿੱਚ ਨਾ ਆਓ । ....ਇਸ ਲਈ (242) ਤੁਸੀਂ ਆਪਣੇ ਬਚਨ ਤੋਂ ਮੁੱਕਰ ਜਾਓ ।"

ਪ੍ਰੰਤੂ ਰਾਜਾ ਬਲੀ ਨੇ ਅਜਿਹਾ ਨਾ ਕਰਕੇ ਆਪਣਾ ਸਾਰਾ ਰਾਜ ਖੁਹਾ ਲਿਆ । ਅਤੀ ਸੁੱਘੜ ਸਿਆਣੇ ਤੇ ਪਾਰਦਰਸ਼ੀ ਗੁਰੂ ਦੀ ਨਹੀਂ ਮੰਨੀ । ਧੋਖੇ ਵਿੱਚ ਆ ਗਿਆ ।

(244) ਦੈਂਤਾਂ ਨੇ ਬਾਵਨ ਦਾ ਵਰਾਟ ਰੂਪ ਦੇਖ ਕੇ ਅਤੇ ਘਬਰਾ ਕੇ ਰਾਜਾ ਬਲੀ ਨੂੰ ਕਿਹਾ, "ਦੇਖ ਇਸ ਬ੍ਰਹਮਚਾਰੀ ਬਾਵਨ (ਬ੍ਰਾਹਮਣ) ਮਨੁੱਖ ਨੇ ਕੈਸਾ ਛਲ ਕੀਤਾ ਹੈ । ਫਿਰ ਆਪਸ ਵਿੱਚ ਕਹਿਣ ਲੱਗੇ ਦੇਖੋ ਸਾਡਾ ਧਰਮਾਤਮਾ ਰਾਜਾ ਬੈਠਾ ਰਾਜ ਕਰ ਰਿਹਾ ਸੀ । ਇਸ ਬ੍ਰਾਹਮਣ ਨੇ ਆ ਕੇ ਛਲ ਨਾਲ ਉਸ ਦਾ ਸਾਰਾ ਰਾਜ ਲੈ ਲਿਆ ਹੈ । ਮਹਾਰਾਜ ਤੇ ਅਸੀਂ ਲੋਕ ਕਿੱਥੇ ਰਹਾਂਗੇ ? ਰਾਜਾ ਬਲੀ ਨੇ ਜਨਮ ਭਰ ਸਾਡਾ ਪਾਲਣ ਪੋਸ਼ਣ ਕੀਤਾ । ਅੱਜ ਇਸ ਬ੍ਰਾਹਮਣ ਛਲੀਏ ਨੂੰ ਮਾਰ ਕੇ, ਪ੍ਰਿਥਵੀ (ਹਾਰਿਆ ਰਾਜ) ਖੋਹ ਲਵਾਂਗੇ ਤਾਂ ਸਾਡਾ ਛਕਿਆ ਅੰਨ-ਜਲ ਸਫਲ ਹੋਏਗਾ । ਸਾਰੇ ਦੈਂਤ ਇਹ ਸਲਾਹ ਕਰਕੇ ਆਪਣੇ ਸ਼ਸਤਰ ਲੈ ਕੇ ਨਰਾਇਣ ਨੂੰ ਚੁੰਬੜ ਗਏ, ਪਰ ਤ੍ਰਲੋਕੀ ਨਾਥ ਦੀ ਆਗਿਆ ਨਾਲ ਸੁਦਰਸ਼ਨ ਚੱਕਰ ਅਤੇ ਪਾਰਖਦੋਂ ਨੇ ਦੈਂਤਾਂ ਨੂੰ ਮਾਰ ਸੁੱਟਿਆ ।

(ਗਹੁ ਨਾਲ ਵੇਖੀਏ ਤੇ ਪਰਖੀਏ ਤਾਂ ਇਹ ਕਹਾਣੀ ਕੇਵਲ ਦਾਨ ਲੈਣ ਦੀਆਂ ਗੱਲਾਂ ਤੱਕ ਸੀਮਤ ਨਹੀਂ ਜਾਪਦੀ । ਬਾਵਨ ਰੂਪੀ ਨਰਾਇਣ ਇੱਕੋ ਸਮੇਂ ਬ੍ਰਾਹਮਣ ਭਿਖਾਰੀ ਅਤੇ ਯੁੱਧਨੀਤੀ ਧਾਰਨ ਕਰਕੇ ਆਏ ਜਾਪਦੇ ਹਨ । ਰਾਜਾ ਬਲੀ ਦਾ ਸ਼ੁਕਰਾਚਾਰੀਆ ਗੁਰੂ ਦਾ ਹੁਕਮ ਨਾ ਮੰਨਣਾ ਉਸ ਨੂੰ ਹੀ ਨਹੀਂ ਪੂਰੀ ਸਲਤਨਤ ਨੂੰ ਮਹਿੰਗਾ ਪੈ ਗਿਆ ਤੇ ਹਸ਼ਰ ਬੁਰਾ ਹੋਇਆ ।)

ਮੱਛ ਅਵਤਾਰ

(ਸਫਾ 248 ਅਧਿ-24) "ਪਰਮੇਸ਼ਰ ਨੇ ਮੱਛੀ ਦਾ ਅਵਤਾਰ ਕਿਉਂ ਲਿਆ ?"

ਪ੍ਰੀਛਤ ਮਜਾ ਨੇ ਸੁਕਦੇਵ ਰਿਸ਼ੀ ਨੂੰ ਪੁੱਛਿਆ । ਉੱਤਰ ਮਿਲਿਆ 'ਜਦੋਂ ਗਊ, ਬ੍ਰਾਹਮਣ ਤੇ ਦੇਵਤਾ ਪ੍ਰਿਥਵੀ ਧਰਮ ਅਤੇ ਹਰੀ ਭਗਤਾਂ 'ਤੇ ਦੁੱਖ ਪੈਂਦਾ ਹੋਏ ਤਾਂ ਭਗਵਾਨ ਛੋਟੇ-ਵੱਡੇ ਜੀਵ ਦਾ ਵਿਚਾਰ ਨਹੀਂ ਕਰਦੇ । ਇੱਕ ਸਮੇਂ ਬ੍ਰਹਮਾ ਆਪਣੀ ਰਾਤ ਨੂੰ ਜਗਤ ਪਰਲੋਂ ਕਰਕੇ ਸੁੱਤੇ ਹੋਏ ਸੀ, ਉਨ੍ਹਾਂ ਨੂੰ ਅਚੇਤ ਜਾਣ, ਸੰਖਾਸੁਰ ਦੈਂਤ ਉਨ੍ਹਾਂ ਦੇ ਵੇਦਾਂ ਨੂੰ ਚੁਰਾ ਕੇ ਪਤਾਲ (ਭਾਵ ਕਿਸੇ ਟਾਪੂ) ਵਿੱਚ ਲੈ ਗਿਆ ।

ਤਾਂ ਬ੍ਰਹਮਾ ਜੀ ਨੇ ਨਰਾਇਣ ਜੀ ਤੋਂ ਪੁੱਛਿਆ । ਨਰਾਇਣ ਜੀ ਨੇ ਦੱਸਿਆ ਕਿ ਇਹ ਵੇਦ ਸੰਖਾਸੁਰ ਦੈਂਤ ਲੈ ਗਿਆ ਹੈ । ਫਿਰ ਬ੍ਰਹਮਾ ਨੇ ਕਿਹਾ ਕਿ ਆਪ ਉਸ ਨੂੰ ਮਾਰ ਕੇ ਵੇਦ ਲੈ ਕੇ ਆਓ ਨਹੀਂ ਤਾਂ ਸੰਸਾਰੀ ਕੰਮਕਾਜ ਕਿਸ ਤਰ੍ਹਾਂ ਚੱਲੇਗਾ । ਅਸੀਂ ਤਾਂ ਉਸ ਨਾਲ ਲੜ ਨਹੀਂ ਸਕਦੇ ।

ਆਪਣੇ ਭਗਤਾਂ ਦੀ ਜ਼ਰੂਰਤ ਲਈ ਨਰਾਇਣ ਜੀ ਨੇ ਮੱਛ ਅਵਤਾਰ ਧਾਰਨ ਕੀਤਾ ।

(251) ਮੱਛ ਰੂਪ ਭਗਵਾਨ ਪਤਾਲ ਵਿੱਚ ਜਾ ਕੇ, ਆਪਣੀ ਗਦਾ ਨਾਲ ਸੰਖਾਸੁਰ ਨੂੰ ਮਾਰ ਕੇ ਵੇਦ ਲੈ ਆਏ ਅਤੇ ਬ੍ਰਹਮਾ ਨੂੰ ਦੇ ਕੇ ਬੈਕੁੰਠ ਨੂੰ ਚਲੇ ਗਏ ।

ਮੰਨੂ ਇਲਾ ਤੇ ਸ਼ਿਵ ਪਾਰਬਤੀ

(252-53 ਅਧਿ-ਇੱਕ) -ਜਦੋਂ ਪਰਲੋਂ ਹੋਈ ਤਾਂ ਸੰਸਾਰ ਵਿੱਚ ਚਾਰੋਂ ਤਰਫ ਪਾਣੀ ਹੋ ਗਿਆ । ਇੱਕ

ਨਰਾਇਣ ਤੋਂ ਬਗੈਰ ਹੋਰ ਕੁਝ ਨਾ ਰਿਹਾ । ਨਰਾਇਣ ਦੀ ਇੱਛਾ ਹੋਈ ਕਿ ਜਗਤ ਪੈਦਾ ਕਰਕੇ ਆਪਣਾ ਰੂਪ ਵੇਖਾਂ ਤਾਂ ਭਗਵਾਨ ਦੀ ਨਾਭੀ ਵਿੱਚੋਂ 'ਕੰਵਲ ਫੁੱਲ' ਉੱਗਿਆ । ਉਸ ਵਿੱਚੋਂ ਬ੍ਰਹਮਾ ਨੇ ਜਨਮ ਲਿਆ । ਬ੍ਰਹਮਾ ਨੇ ਮਨੂੰ ਨਾਮ ਦਾ ਪੁੱਤਰ ਪੈਦਾ ਕੀਤਾ । ਮਨੂੰ ਤੋਂ ਕਸ਼ਯਪ ਪੈਦਾ ਹੋਇਆ । ਕਸ਼ਯਪ ਤੋਂ ਸੂਰਜ ਅਤੇ ਸੂਰਜ ਤੋਂ ਸਰਾਧ ਦੇਵ। ਸਰਾਧ ਦੇਵ ਨੂੰ ਕੋਈ ਸੰਤਾਨ ਪੈਦਾ ਨਾ ਹੋਈ ਤਾਂ ਵਸ਼ਿਸ਼ਟ ਰਿਸ਼ੀ ਨੇ ਯੱਗ ਕਰਨ ਲਈ ਕਿਹਾ । ਸਰਾਧ ਦੇਵ ਦੀ ਪਤਨੀ ਨੇ ਵਸ਼ਿਸ਼ਟ ਰਿਸ਼ੀ ਦੇ ਨਾਲ ਅਗਨ ਕੁੰਡ ਵਿੱਚ ਆਹੂਤੀਆਂ ਪਾਈਆਂ ਤਾਂ ਉਸ ਔਰਤ ਨੂੰ ਇਲਾ ਨਾਮ ਦੀ ਲੜਕੀ ਪੈਦਾ ਹੋਈ । ਸਰਾਧ ਦੇਵ ਨੇ ਕਿਹਾ ਕਿ ਉਸ ਨੇ ਤਾਂ ਲੜਕੇ ਦੀ ਇੱਛਾ ਕੀਤੀ ਸੀ । ਵਸ਼ਿਸ਼ਟ ਜੀ ਦੀ ਬੇਨਤੀ 'ਤੇ ਨਰਾਇਣ, ਬੈਕੁੰਠ ਨਾਥ ਦੀ ਕ੍ਰਿਪਾ ਨਾਲ ਉਹ ਪੁੱਤਰੀ ਲੜਕਾ ਬਣ ਗਈ । ਜਿਸ ਦਾ ਨਾਮ ਸ਼ੁੱਧਮਨ ਰੱਖਿਆ ਗਿਆ ।(253) ਰਾਜਾ ਸ਼ੁੱਧਮਨ ਸ਼ਿਕਾਰ ਸਮੇਂ, ਹਿਰਨ ਪਿੱਛੇ ਦੌੜਦਾ ਅੰਬਕਾ ਬਣ ਵਿੱਚ ਜਾ ਕੇ ਇਸਤਰੀ ਬਣ ਗਿਆ ਤੇ ਘੋੜਾ, ਘੋੜੀ ਹੋ ਗਿਆ । ਸਾਰੇ ਸੇਵਕ ਵੀ ਇਸਤਰੀਆਂ ਬਣ ਗਏ ।(ਸੰਖੇਪ)

ਰਾਜਾ ਪ੍ਰੀਛਤ ਨੇ ਕਾਰਨ ਪੁੱਛਿਆ ਤਾਂ ਸੁਕਦੇਵ ਰਿਸ਼ੀ ਨੇ ਦੱਸਿਆ ਇੱਕ ਦਿਨ ਸ਼ਿਵ ਪਾਰਬਤੀ ਉਸ ਬਣ ਵਿੱਚ ਨੰਗੇ ਹੋ ਕੇ ਕ੍ਰੀੜਾ ਕਰ ਰਹੇ ਸਨ । ਉਸ ਸਮੇਂ ਸਨਕ ਆਦਿ ਚਾਰੇ ਭਰਾ ਉਨ੍ਹਾਂ ਦੇ ਦਰਸ਼ਨਾਂ ਲਈ ਆ ਗਏ । ਜਿਵੇਂ ਹੀ ਉਨ੍ਹਾਂ ਨੇ ਡੰਡੌਤ ਕੀਤੀ ਤਾਂ ਪਾਰਬਤੀ ਨੇ ਸ਼ਰਮ ਨਾਲ ਅੱਖਾਂ ਨੀਵੀਆਂ ਕਰ ਲਈਆਂ । ਰਿਸ਼ੀ ਉਦਾਸ ਹੋ ਕੇ ਬੱਦਰੀ ਕਿਦਾਰ ਨੂੰ ਚਲੇ ਗਏ । ਤਾਂ ਸ਼ਿਵਜੀ ਨੇ ਸਰਾਪ ਦੇ ਦਿੱਤਾ ਕਿ ਇਸ ਦਿਨ ਜੋ ਵੀ ਉਸ ਬਣ ਵਿੱਚ ਆਵੇਗਾ ਇਸਤਰੀ ਹੋ ਜਾਵੇਗਾ ।

(ਅਗਲੀ ਕਥਾ) ਰਾਜਾ ਸ਼ੁੱਧਮਨ ਜਦੋਂ ਇਸਤਰੀ ਹੋ ਗਿਆ । ਘੁੰਮਦੇ-ਘੁੰਮਦੇ ਦੱਖਣ ਵੱਲ ਗਿਆ ਤਾਂ ਉੱਥੇ ਚੰਦਰਮਾ ਦਾ ਪੁੱਤਰ ਬੁੱਧ ਤਪ ਕਰ ਰਿਹਾ ਸੀ । ਉਸ ਨੇ ਸ਼ੁੱਧਮਨ ਨੂੰ ਇਸਤਰੀ ਰੂਪ ਵਿੱਚ ਵੇਖਿਆ, ਦੇਖਦਿਆਂ ਹੀ ਮਸਤ ਹੋ ਗਿਆ । ਉਧਰ ਉਸ ਸ਼ੁੱਧਮਨ ਇਸਤਰੀ ਦਾ ਮਨ ਵੀ ਚੰਚਲਾ ਗਿਆ । ਤਾਂ ਉਹ ਆਪਸ ਵਿੱਚ ਗੰਧਰਵੀ ਵਿਆਹ ਕਰਕੇ ਭੋਗ ਵਿਲਾਸ ਕਰਨ ਲੱਗੇ । ਤਾਂ ਉਸ ਨੂੰ ਗਰਭ ਠਹਿਰ ਗਿਆ ਅਤੇ ਪਰੂਰਵਾ ਨਾਮ ਦਾ ਲੜਕਾ ਪੈਦਾ ਹੋਇਆ ।

ਚਯਵਨ ਰਿਸ਼ੀ ਤੇ ਸਰਯਾਤੀ ਕੰਨਿਆ

(ਸਫਾ 255 ਅਧਿ-3) - ਰਾਜਾ ਸਰਯਾਤੀ ਦੇ ਘਰ ਇੱਕ ਲੜਕੀ ਪੈਦਾ ਹੋਈ ਜਿਸ ਨੂੰ ਉਹ ਇੱਕ ਛੋਟੇ ਅਪਰਾਧ ਕਰਮ ਬਦਲੇ ਚਯਵਨ ਰਿਸ਼ੀ ਕੋਲ ਦਾਨ ਕਰ ਆਏ । ਕੰਨਿਆ ਬਹੁਤ ਸੁੰਦਰ ਸੀ । ਇੰਦਰ ਨੇ ਕਿਹਾ ਕਿ ਉਸ ਨਾਲ ਚੱਲੇ, ਉਹ ਨਹੀਂ ਗਈ । ਫੇਰ ਕੁਬੇਰ ਦੇਵਤਾ ਨੇ ਕਿਹਾ, ਉਹ ਨਹੀਂ ਗਈ । ਅਸ਼ਵਨੀ ਕੁਮਾਰ ਨੂੰ ਆਖ ਵੇਖ ਕੇ, ਪਹਿਲਾਂ ਰਿਖੀ ਚਯਵਨ ਨੇ ਔਖਧ ਕੁੰਡ ਬਣਵਾ ਕੇ ਇਸ਼ਨਾਨ ਕੀਤਾ ਤੇ ਉਹ ਸੋਲਾਂ ਵਰ੍ਹਿਆਂ ਦਾ ਜੁਆਨ ਹੋ ਗਿਆ । ਫੇਰ ਉਸ ਨੇ ਕੰਨਿਆ ਲਈ ਤਲਾਅ ਬਣਵਾਇਆ ਜਿਸ ਵਿੱਚ ਇਸ਼ਨਾਨ ਕਰਕੇ ਉਹ ਵੀ ਸੋਲਾਂ ਵਰ੍ਹਿਆਂ ਦੀ ਹੋ ਗਈ ਅਤੇ ਹਜ਼ਾਰ ਦਾਸੀਆਂ ਹੋਰ ਉਸ ਦੇ ਨਾਲ ਤਲਾਅ ਵਿੱਚੋਂ ਨਿਕਲੀਆਂ । ਜਿਨ੍ਹਾਂ ਨੇ ਰਾਜ ਕੰਨਿਆ ਨੂੰ ਸੋਲਾਂ ਸ਼ਿੰਗਾਰ ਕਰਵਾਏ ਤਾਂ ਚਯਵਨ ਜੀ ਉਸ ਨਾਲ ਭੋਗ ਵਿਲਾਸ ਕਰਨ ਲੱਗੇ ।(ਸੰਖੇਪ)

ਰਾਜਾ ਯੁਵਨਾਸਵ ਨੂੰ ਬੱਚਾ ਪੈਦਾ ਹੋਇਆ

(ਸਫਾ 257-58 ਅਧਿ-6) -ਇੱਕ ਯੁਵਨਾਸਵ ਨਾਮ ਦਾ ਪ੍ਰਤਾਪੀ ਰਾਜਾ ਸੀ, ਜਿਸ ਦਾ ਸੱਤਾਂ ਦੀਪਾਂ 'ਤੇ ਰਾਜ ਸੀ । ਪਰ ਸੰਤਾਨ ਨਾ ਹੋਣ 'ਤੇ ਉਦਾਸ ਰਹਿੰਦਾ ਸੀ । ਪੁੱਤਰ ਲਈ ਰਿਖੀ ਜਨਾਂ ਨੂੰ ਬੇਨਤੀ ਕਰੀ । ਇੱਕ ਕਲਸ ਜਲਦਾ ਰਿਸ਼ੀਆਂ ਨੇ ਮੰਦਰ ਦੇ ਯੱਗ ਸ਼ਾਲਾ ਵਿੱਚ ਰੱਖ ਦਿੱਤਾ ਕਿ ਪ੍ਰਾਤਾਕਾਲ ਨੂੰ ਰਾਣੀ ਨੂੰ ਪਿਆਵਾਂਗੇ । ਰਾਤ ਨੂੰ ਰਾਜੇ ਨੂੰ ਪਿਆਸ ਲੱਗੀ । ਉਹ ਉਹੀ ਜਲ ਪੀ ਗਿਆ ਤੇ ਰਾਜੇ ਨੂੰ ਗਰਭ ਹੋ ਗਿਆ । ਦਸ ਮਹੀਨੇ ਬਾਅਦ ਰਿਸ਼ੀਆਂ ਨੇ ਪੇਟ ਪਾੜ ਕੇ ਲੜਕਾ ਕੱਢ ਲਿਆ । ਉਸ ਬਾਲਕ ਨੇ ਰੋ ਕੇ ਦੁੱਧ ਮੰਗਿਆ ਤਾਂ ਇੰਦਰ ਨੇ ਅੰਗੂਠੇ ਨਾਲ ਅੰਮ੍ਰਿਤ ਪਿਆਇਆ । ਉਸ ਦਾ ਨਾਮ 'ਮਨਧਾਤਾ' ਰੱਖਿਆ ਗਿਆ ।

ਵਸ਼ਿਸ਼ਟ ਅਤੇ ਅਗਸਤ ਮੁਨੀ ਦਾ ਜਨਮ

(265 ਅਧਿ-14) - ਮਿਤਰ ਵਰਣ ਦੇਵਤਾ ਦਾ ਵੀਰਜ ਉਰਵਸ਼ੀ ਅਪਸਰਾ ਨੂੰ ਦੇਖ ਕੇ ਡਿੱਗ ਪਿਆ । ਉਸ ਨੂੰ ਘੜੇ ਵਿੱਚ ਪਾ ਦਿੱਤਾ ਗਿਆ । ਉਸ ਤੋਂ ਵਸ਼ਿਸ਼ਟ ਅਤੇ ਅਗਸਤ ਮੁਨੀ ਪੈਦਾ ਹੋਏ ।

ਗੁਰੂ ਇਸਤਰੀ ਤਾਰਾ ਤੇ ਚੰਦਰਮਾ

(265 ਅਧਿ-14) ਚੰਦਰਮਾ ਨੇ ਬ੍ਰਿਹਸਪਤੀ ਗੁਰੂ ਤੋਂ ਯੱਗ ਕਰਵਾਇਆ । ਬ੍ਰਿਹਸਪਤੀ ਗੁਰੂ ਦੀ ਇਸਤਰੀ

ਤਾਰਾ ਨਾਮ, ਬੜੀ ਸੁੰਦਰ ਸੀ। ਉਸ 'ਤੇ ਚੰਦਰਮਾ ਮੋਹਤ ਹੋ ਗਿਆ ਅਤੇ ਛਲ ਨਾਲ ਰੱਖ ਲਈ। ਜਦੋਂ ਉਸ ਨੂੰ ਗਰਭ ਠਹਿਰ ਗਿਆ ਤਾਂ ਬ੍ਰਿਹਸਪਤੀ ਯੁੱਧ ਕਰਕੇ ਤਾਰਾ ਨੂੰ ਲੈ ਗਏ। ਜਦੋਂ ਉਨ੍ਹਾਂ ਨੇ ਕ੍ਰੋਧ ਕੀਤਾ ਤਾਂ ਤਾਰਾ ਨੇ ਗਰਭ ਡੇਗ ਦਿੱਤਾ। ਜੋ ਬੁੱਧ ਨਾਂਅ ਦਾ ਸੁੰਦਰ ਬਾਲਕ ਹੋ ਗਿਆ।

ਭਗਵਾਨ ਪਰਸੂ ਰਾਮ

(267 ਅਧਿ-16) ਇੱਕ ਦਿਨ ਰੇਣਕਾ, ਪਰਸੂ ਰਾਮ ਦੀ ਮਾਤਾ ਗੰਗਾ ਤੋਂ ਜਲ ਲੈਣ ਗਈ। ਉੱਥੇ ਚਿਤ੍ਰਥ ਗੰਧਰਬਾ ਨੂੰ ਆਪਣੀਆਂ ਔਰਤਾਂ ਨਾਲ ਪਾਣੀ ਵਿੱਚ ਕ੍ਰੀੜਾ ਕਰਦੇ ਦੇਖ ਕੇ ਮਨ ਵਿੱਚ ਕਿਹਾ ਕਿ ਇਹ ਬਹੁਤ ਸੁੰਦਰ ਹੈ। ਉਸ ਨੂੰ ਦੇਖਦਿਆਂ ਦੇਰ ਲੱਗ ਗਈ। ਪਤੀ ਜਗਦਮਨ ਨੇ ਯੋਗ ਬਲ ਨਾਲ ਸਾਰੀ ਗੱਲ ਸਮਝ ਲਈ ਕਿ ਪਰਾਏ ਪੁਰਸ਼ ਦੇ ਰੂਪ ਨੂੰ ਵੇਖਦਿਆਂ ਉਸ ਨੂੰ ਦੇਰ ਲੱਗੀ ਹੈ।

ਉਸ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਕਿਹਾ ਕਿ ਇਸ ਨੂੰ ਮਾਰ ਦਿਉ, ਪਰ ਉਹ ਨਾ ਮੰਨੇ। ਫਿਰ ਪਰਸ ਰਾਮ ਨੂੰ ਕਿਹਾ ਕਿ ਬੇਟਾ ਇਨ੍ਹਾਂ ਤਿੰਨਾਂ ਭਰਾਵਾਂ ਅਤੇ ਮਾਤਾ ਨੂੰ ਮਾਰ। ਉਸ ਨੇ ਉਸੇ ਵਕਤ ਖੜਗ ਨਾਲ ਚਾਰਾਂ ਨੂੰ ਮਾਰ ਸੁੱਟਿਆ ਤਾਂ ਜਗਦਮਨ ਜੀ ਬਹੁਤ ਪ੍ਰਸੰਨ ਹੋਏ। ਜਦੋਂ ਪਰਸ ਰਾਮ ਪਾਪ ਦੂਰ ਕਰਨ ਲਈ ਤੀਰਥ ਯਾਤਰਾ 'ਤੇ ਚਲੇ ਗਏ ਤਾਂ ਸਹਚਸੇਰ ਬਾਹੂ ਦੇ ਪੁੱਤਰਾਂ ਨੇ ਪਿਤਾ ਦਾ ਬਦਲਾ ਲਿਆ ਅਤੇ ਜਗਦਮਨ ਰਿਸ਼ੀ ਦਾ ਸਿਰ ਕੱਟ ਦਿੱਤਾ। ਜਿਸ ਤੋਂ ਗੁੱਸਾ ਖਾ ਕੇ ਪਰਸੂ ਰਾਮ ਨੇ ਇੱਕੀ ਵਾਰ ਕਸ਼ੱਤਰੀਆਂ ਨੂੰ ਮਾਰ ਕੇ ਕੁਰਕਸ਼ੇਤਰ ਜਾ ਕੇ, ਬ੍ਰਾਹਮਣਾਂ ਨੂੰ ਸਾਰੀ ਧਰਤੀ ਦਾ (ਜਿੱਤਿਆ) ਰਾਜ ਦਾਨ ਕਰ ਦਿੱਤਾ।

ਇੰਦਰ ਅਤੇ ਅੱਹਲਿਆ

(ਸਫਾ 268 ਅਧਿ-17) ਇੰਦਰ, ਗੌਤਮ ਰਿਸ਼ੀ ਦੀ ਇਸਤਰੀ ਅੱਹਲਿਆ ਦਾ ਰੂਪ ਦੇਖ ਕੇ ਮੋਹਤ ਹੋ ਗਿਆ ਸੀ, ਜਿਸ ਨਾਲ ਉਸ ਨੇ ਭੋਗ ਕਰਨ ਦੀ ਤਮੰਨਾ ਕਰੀ, ਪਰ ਗੌਤਮ ਜੀ ਦੇ ਡਰ ਕਾਰਨ ਉਹ ਉੱਥੇ ਜਾ ਨਹੀਂ ਸੀ ਸਕਦਾ। ਇੱਕ ਦਿਨ ਉਨ੍ਹਾਂ ਦਾ ਰੂਪ ਧਾਰ ਕੇ, ਬਿਰਛ 'ਤੇ ਜਾ ਬੈਠਿਆ। ਜਦੋਂ ਇੰਦਰ ਨੇ ਵੇਖਿਆ ਕਿ ਗੌਤਮ ਜੀ ਗੰਗਾ ਵਿੱਚ ਇਸ਼ਨਾਨ ਕਰਨ ਚਲੇ ਗਏ ਹਨ ਤਾਂ ਉਸ ਨੇ ਗੌਤਮ ਰਿਸ਼ੀ ਦਾ ਰੂਪ ਧਾਰ ਲਿਆ, ਅਹੱਲਿਆ ਨਾਲ ਭੋਗ ਕੀਤਾ। ਭੋਗ ਸਮੇਂ ਜਦੋਂ ਅਹੱਲਿਆ ਨੇ ਜਾਣਿਆ ਕਿ ਮੇਰਾ ਪਤੀ ਨਹੀਂ ਹੈ। ਕਿਸੇ ਨੇ ਕਪਟ ਰੂਪ ਧਾਰ ਕੇ ਮੇਰਾ ਸਤ ਭੰਗ ਕੀਤਾ ਹੈ ਤਾਂ ਉਸ ਨੇ ਕਿਹਾ, "ਹੇ ਅਧਰਮੀ ਚੰਡਾਲ ਤੂੰ ਕੌਣ ਹੈ ? ਇੱਥੋਂ ਚਲਾ ਜਾਹ।" ਇਹ ਬਚਨ ਸੁਣ ਕੇ ਇੰਦਰ ਬਾਹਰ ਨਿਕਲਣ ਲੱਗਾ। ਗੌਤਮ ਰਿਸ਼ੀ ਜ਼ਿਆਦਾ ਰਾਤ ਹੋਏ ਕਾਰਨ ਮੁੜ ਆਏ ਸੀ। ਇੰਦਰ ਨੂੰ ਦੇਖਦੇ ਹੀ ਉਸ ਦੇ ਕੁਕਰਮ ਦਾ ਹਾਲ ਦੇਖਿਆ ਅਤੇ ਸਰਾਪ ਦੇ ਦਿੱਤਾ।

ਦੈਂਤ ਕੰਨਿਆ ਸੁਮਿਸ਼ਟਾ ਅਤੇ ਯਯਾਤੀ

(269 ਅਧਿ-18) ਖੱਤਰੀ ਨਹੁਸ ਦੇ ਪੁੱਤਰ ਯਯਾਤੀ ਨੇ ਗੱਦੀ 'ਤੇ ਬੈਠਣ ਉਪਰੰਤ ਵਿਆਹ ਦੇਵਜਾਨੀ ਸ਼ੁਕਰ ਜੀ ਦੀ ਕੰਨਿਆ ਨਾਲ ਕੀਤਾ ਅਤੇ ਬਿਖਤਰਖਾ ਦੈਂਤ ਦੀ ਧੀ ਸੁਮਿਸ਼ਟਾ ਨਾਲ ਭੋਗ ਕੀਤਾ।

ਸੁਮਿਸ਼ਟਾ ਅਤੇ ਦੇਵਜਾਨੀ ਦਾਸੀਆਂ ਸਹਿਤ ਇਸ਼ਨਾਨ ਕਰਨ ਗਈਆਂ। ਜਦੋਂ ਉਹ ਨਹਾ ਰਹੀਆ ਸਨ ਤਾਂ ਦੇਵ ਇੱਛਾ ਨਾਲ ਮਹਾਦੇਵ ਅਤੇ ਨਾਰਦ ਜੀ ਆ ਗਏ। ਉਨ੍ਹਾਂ ਨੂੰ ਵੇਖ ਕੇ ਸਭ ਲੜਕੀਆਂ ਨੇ ਸ਼ਰਮ ਕਰਦਿਆਂ ਬਸਤਰ ਪਾ ਲਏ ਤਾਂ ਸੁਮਿਸ਼ਟਾ ਨੇ ਭੁੱਲ ਕੇ ਦੇਵਜਾਨੀ (ਬ੍ਰਾਹਮਣ ਦੀ ਲੜਕੀ) ਦੇ ਕਪੜੇ ਪਹਿਨ ਲਏ ਤਾਂ ਦੇਵਜਾਨੀ ਕ੍ਰੋਧ ਨਾਲ ਬੋਲੀ, "ਹੇ ਸੁਮਿਸ਼ਟਾ ਤੂੰ ਮੇਰੇ ਬਸਤਰ ਪਹਿਨਣ ਦੇ ਯੋਗ ਨਹੀਂ ਸੀ ਕਿਉਂਕਿ ਤੇਰਾ ਬਾਪ ਦੈਂਤ ਹੈ ਅਤੇ ਮੇਰੇ ਬਾਪ ਦਾ ਚੇਲਾ ਹੈ ਤੇ ਮੈਂ ਬ੍ਰਾਹਮਣ ਦੀ ਕੰਨਿਆ ਹਾਂ। ਤੂੰ ਮੇਰਾ ਬਸਤਰ ਕਿਉਂ ਪਾਇਆ ?"

ਕਦੇ ਕੁੱਤਾ ਯੱਗ ਦੀ ਆਹੂਤੀ ਲੈ ਸਕਦਾ ਹੈ ? ਇਹ ਖੋਟੇ ਵਾਕ ਸੁਣ ਕੇ ਸੁਮਿਸ਼ਟਾ ਕ੍ਰੋਧ ਨਾਲ ਬੋਲੀ, "ਹੇ ਦੇਵਜਾਨੀ ਤੂੰ ਭਿਖਾਰੀ ਦੀ ਧੀ ਹੋ ਕੇ ਮੈਨੂੰ ਅਜਿਹੀ ਗੱਲ ਕਹਿੰਦੀ ਹੈਂ। ਤੇਰਾ ਪਿਤਾ ਜਨਮ ਭਰ ਮੇਰੇ ਪਿਤਾ ਤੋਂ ਭੀਖ ਮੰਗ-ਮੰਗ ਕੇ ਤੈਨੂੰ ਪਾਲਦਾ ਰਿਹਾ ਹੈ। ਤੂੰ ਮੇਰੀ ਬਰਾਬਰੀ ਕਰਦੀ ਹੈ।" ਇਉਂ ਆਖਦਿਆਂ ਸੁਮਿਸ਼ਟਾ ਨੇ ਧੱਕਾ ਮਾਰ ਕੇ ਦੇਵਜਾਨੀ ਨੂੰ ਖੂਹ ਵਿੱਚ ਸੁੱਟ ਦਿੱਤਾ। ਜਿੱਥੋਂ ਯਯਾਤੀ ਰਾਜਾ ਨੇ ਸ਼ਿਕਾਰ ਸਮੇਂ ਉਸ ਨੂੰ ਨਗਨ ਅਵਸਥਾ ਵਿੱਚ ਕੱਢਿਆ ਤੇ ਇਉਂ ਇੱਕ ਬ੍ਰਾਹਮਣ ਦੀ ਧੀ ਦਾ ਵਿਆਹ ਕਸ਼ੱਤਰੀ ਰਾਜਾ ਨਾਲ ਹੋਇਆ। ਉਸ ਨੇ ਸ਼ਰਤ ਨਾਲ ਸੁਮਿਸ਼ਟਾ ਨੂੰ ਆਪਣੀ ਦਾਸੀ ਵਜੋਂ ਨਾਲ ਰਖਵਾਇਆ।

ਦੁਸ਼ਯੰਤ ਅਤੇ ਸ਼ਕੁੰਤਲਾ ਤੇ ਭਰਤ

ਪੁਰੂ ਬੰਸ ਦਾ ਰਾਜਾ ਦੁਸ਼ਯੰਤ ਸ਼ਿਕਾਰ ਨੂੰ ਗਿਆ। ਉਸ ਨੇ ਕੁਣਾਦ ਰਿਸ਼ੀ ਦੀ ਕੁਟੀਆ ਵਿੱਚ ਸੁੰਦਰ ਕੰਨਿਆ

ਵੇਖ ਕੇ ਕਿਹਾ, "ਕਿਸ ਦੀ ਪੁੱਤਰੀ ਹੈ ?"

'ਵਿਸ਼ਵਾ ਮਿੱਤਰ ਦੀ, ਮੇਨਕਾ ਅਪਸਰਾ ਤੋਂ ਪੈਦਾ ਹੋਈ ਹਾਂ ।' ਸ਼ਕੁੰਤਲਾ ਨੇ ਕਿਹਾ ।

ਸੋ ਰਾਜਾ ਨੇ ਉਸ ਦੇ ਮਕਾਨ ਵਿੱਚ ਜਾ ਕੇ ਗੰਧਰਵੀ ਵਿਆਹ ਕੀਤਾ । ਉਸ ਨਾਲ ਭੋਗ ਕੀਤਾ । ਗਰਭ ਹੋਇਆ ਤਾਂ ਰਾਜਾ ਚਲੇ ਗਏ । ਪਿੱਛੋਂ ਲੜਕਾ ਹੋਇਆ । ਜਿਸ ਦਾ ਨਾਂ ਭਰਤ ਪਿਆ ।

ਰਿਸ਼ੀ ਭਾਰਦਵਾਜ ਦਾ ਜਨਮ

(273) ਏਸੇ ਤਰ੍ਹਾਂ ਇੱਕ ਸਮੇਂ ਬ੍ਰਿਹਸਪਤੀ ਨੇ ਆਪਣੇ ਭਰਾ ਦੀ ਔਰਤ ਨਾਲ ਜਬਰੀ ਭੋਗ ਕੀਤਾ । ਉਸ ਨੂੰ ਗਰਭ ਹੋਇਆ । ਉਸ ਨੇ ਪਤੀ ਦੇ ਡਰ ਤੋਂ ਇਹ ਗਰਭ ਡੇਗ ਦਿੱਤਾ । ਉਸ ਲੜਕੇ ਨੂੰ ਮੁਰਤ ਦੇਵਤਾ ਨੇ ਲਿਆ ਕੇ ਰਾਜਾ ਨੂੰ ਦਿੱਤਾ ਤੇ ਉਸ ਦਾ ਨਾਂ ਭਾਰਦਵਾਜ ਪਿਆ ।

ਪਰਾਸ਼ਰਮੁਨੀ ਤੇ ਵੇਦ ਵਿਆਸ ਦਾ ਜਨਮ

(ਸਫਾ 275 ਅਧਿ-22) ਰਾਜਾ ਸ਼ਾਤ ਦੀ ਤੀਜੀ ਇਸਤਰੀ ਸਤਵਤੀ ਤੋਂ ਚਿਤਰਗਧਾਂ ਅਤੇ ਬਚਿਤ੍ਰ ਵੀਰਜ ਦੋ ਪੁੱਤਰ ਪੈਦਾ ਹੋਏ । ਰਿਸ਼ੀ ਸੁਕਦੇਵ ਨੇ ਦੱਸਿਆ ਕਿ ਹੇ ਪ੍ਰੀਛਤ, ਇਹ ਸਤਵਤੀ ਉਹ ਔਰਤ ਸੀ, ਜਿਸ ਦੇ ਨਾਲ ਪਰਾਸ਼ਰ ਮੁਨੀ ਮੇਰੇ ਦਾਦਾ ਨੇ ਇੱਕ ਕਿਸ਼ਤੀ ਵਿੱਚ ਬਾਲਪਣ ਵਿੱਚ ਭੋਗ ਕੀਤਾ ਸੀ । ਉਸ ਤੋਂ ਹੀ ਮੇਰੇ ਪਿਤਾ ਵੇਦ ਵਿਆਸ ਦਾ ਜਨਮ ਹੋਇਆ ਸੀ ।

ਧਿਰਤਰਾਸ਼ਟਰ ਤੇ ਪਾਂਡੋ ਦਾ ਜਨਮ

(275) ਸਤਵਤੀ ਨੇ ਆਪਣਾ ਬੰਸ ਵਧਾਉਣ ਲਈ ਆਪਣੇ ਪੁੱਤਰ ਵੇਦ ਵਿਆਸ, ਜੋ ਪਰਾਸ਼ਰ ਮੁਨੀ ਤੋਂ ਪੈਦਾ ਹੋਇਆ ਸੀ, ਨੂੰ ਬੁਲਾ ਕੇ ਕਿਹਾ ਕਿ ਬਚਿਤ੍ਰ ਵੀਰਜ ਦੀਆਂ ਦੋਹਾਂ ਇਸਤਰੀਆਂ ਨੂੰ ਇੱਕ-ਇੱਕ ਪੁੱਤਰ ਪੈਦਾ ਕਰੋ । ਤਾਂ ਪਰਮੇਸ਼ਰ ਦਾ ਅਵਤਾਰ ਵੇਦ ਵਿਆਸ ਬੋਲੇ, "ਹੇ ਮਾਤਾ ਦੋਵੇਂ ਇਸਤਰੀਆਂ ਮੇਰੇ ਅੱਗੇ ਤੋਂ ਨੰਗੀਆਂ ਹੋ ਕੇ ਚਲੀਆ ਜਾਣ । ਮੇਰੇ ਦੇਖਣ ਨਾਲ ਹੀ ਉਨ੍ਹਾਂ ਨੂੰ ਗਰਭ ਹੋ ਜਾਵੇਗਾ ।

ਅੰਬਕਾ, ਸੱਸ ਦੀ ਆਗਿਆ ਪਾ ਕੇ ਨੰਗੀ ਹੋ ਕੇ ਵੇਦ ਵਿਆਸ ਦੇ ਸਾਹਮਣਿਉਂ ਨਿਕਲੀ ਤਾਂ ਸ਼ਰਮ ਨਾਲ ਆਪਣਾ ਮੂੰਹ ਵਾਲਾਂ ਵਿੱਚ ਛੁਪਾ ਲਿਆ ਅਤੇ ਅੱਖਾਂ ਬੰਦ ਕਰ ਲਈਆ । ਜਿਸ ਕਾਰਨ ਉਸ ਦੇ ਘਰ ਅੰਧਾ ਪੁੱਤਰ ਧਰਿਤਰਾਸ਼ਟਰ ਪੈਦਾ ਹੋਇਆ। ਜਦੋਂ ਅੰਬਾਲਕਾ ਉਸ ਦੇ ਅੱਗੇ ਗਈ ਤਾਂ ਸ਼ਰਮ ਕਾਰਨ ਅੰਗਾਂ 'ਤੇ ਪਾਂਡੋ ਮਿੱਟੀ ਲਗਾ ਲਈ, ਜਿਸ ਕਰਕੇ ਰੋਗੀ ਰਾਜਾ ਪਾਂਡੋ ਪੈਦਾ ਹੋਇਆ । ਬਿਲਰਾਮ ਨਾਮ ਦਾਸੀ ਜਦੋਂ ਨੰਗੀ ਹੋ ਕੇ ਵਿਆਸ ਅੱਗੋਂ ਹੱਸਦੀ ਨਿਕਲੀ ਤਾਂ ਉਸ ਦੇ ਪੇਟ ਤੋਂ ਬਿਦਰ ਪੈਦਾ ਹੋਇਆ ।

(276) ਪਾਂਡੋ, ਤੇਰੇ ਪੜਦਾਦਾ ਨੂੰ ਇੱਕ ਰਿਸ਼ੀ ਨੇ, ਜੋ ਹਿਰਨ ਦਾ ਰੂਪ ਧਾਰ ਕੇ ਹਿਰਨੀ ਨਾਲ ਭੋਗ ਕਰਦਾ ਸੀ, ਨੂੰ ਹਟਾਉਣ 'ਤੇ ਸਰਾਪ ਦਿੱਤਾ ਕਿ ਜਦੋਂ ਤੂੰ ਇਸਤਰੀ ਨਾਲ ਭੋਗ ਕਰੇਗਾ ਤਾਂ ਮਰ ਜਾਵੇਗਾ । ਇਸ ਲਈ ਉਸ ਦੇ (ਪਾਂਡੋ ਦੇ) ਕੋਈ ਸੰਤਾਨ ਨਹੀਂ ਸੀ ।

ਤਾਂ ਕੁੰਤੀ ਨੇ ਆਪਣੇ ਪਤੀ ਦੀ ਆਗਿਆ ਪਾ ਕੇ, ਮੰਤਰ ਨਾਲ, ਧਰਮਰਾਜ, ਇੰਦਰ ਅਤੇ ਪਵਨ ਤਿੰਨਾਂ ਨੂੰ ਬੁਲਾ ਕੇ ਭੋਗ ਕੀਤਾ ਤਾਂ ਤਿੰਨ ਪੁੱਤਰ ਹੋਏ, ਧਰਮਰਾਜ ਤੋਂ ਯੁਧਿਸ਼ਟਰ, ਇੰਦਰ ਤੋਂ ਅਰਜਨ ਅਤੇ ਪਵਨ ਤੋਂ ਭੀਮ ਸੈਨ । ਫੇਰ ਉਸੇ ਮੰਤਰ ਨਾਲ ਅਸ਼ਵਨੀ ਕੁਮਾਰ ਨੂੰ ਬੁਲਾ ਕੇ ਭੋਗ ਕੀਤਾ । ਉਸ ਤੋਂ ਨਕੁਲ ਅਤੇ ਸਹਦੇਵ ਪੈਦਾ ਹੋਏ । ਅਰਜਨ ਦੀ ਤੀਜੀ ਔਰਤ ਨਾਗ ਕੰਨਿਆ ਸੀ, ਜਿਸ ਤੋਂ ਬੱਬਰੂ ਬਾਹਨ ਅਤੇ ਰੇਰਾਵਤ ਦੋ ਪੁੱਤਰ ਹੋਏ । ਏਸੇ ਬਬਰੂ ਬਾਹਨ (ਜੋ ਸ਼ੂਦਰ ਜਾਤੀ 'ਚੋਂ ਸੀ) ਨੇ ਪਿਤਾ ਅਰਜਨ ਨਾਲ ਬਹੁਤ ਭਾਰੀ ਯੁੱਧ ਕੀਤਾ ।

ਕੁੰਤੀ ਪੁੱਤਰ ਕਰਣ

(278) ਕੁੰਤੀ ਨੇ ਬਾਲ ਅਵਸਥਾ ਵਿੱਚ ਦੁਰਬਾਸਾ ਜੀ ਦੀ ਸੇਵਾ ਕਰਕੇ ਉਸ ਨੂੰ ਪ੍ਰਸੰਨ ਕੀਤਾ ਤਾਂ ਰਿਸ਼ੀਆਂ ਨੇ 'ਦੇਵਾਹੂਤ' ਮੰਤਰ ਅਜਿਹਾ ਸਿਖਾ ਦਿੱਤਾ ਕਿ ਜਿਸ ਨੂੰ ਪੜ੍ਹਨ ਨਾਲ ਦੇਵਤੇ ਚਲੇ ਆਉਣਗੇ । ਕੁਆਰੇਪਣ ਵੇਲੇ ਹੀ ਜਦੋਂ ਕੁੰਤੀ ਸਰਸਵਤੀ ਦੇ ਕਿਨਾਰੇ ਬੈਠੀ ਸੀ ਤਾਂ ਉਸ ਨੇ ਪ੍ਰੀਖਿਆ ਲੈਣ ਲਈ ਮੰਤਰ ਪੜ੍ਹ ਕੇ ਸੂਰਜ ਦੇਵਤਾ ਨੂੰ ਯਾਦ ਕੀਤਾ । ਉਸੇ ਸਮੇਂ ਸੂਰਜ ਭਗਵਾਨ ਰੱਥ 'ਤੇ ਬੈਠੇ ਉੱਥੇ ਪਹੁੰਚ ਗਏ । ....ਤਾਂ ਕੁੰਤੀ ਹੱਥ ਜੋੜ ਕੇ ਬੋਲੀ, "ਮੈਂ ਤਾਂ ਆਪਣੇ ਮੰਤਰ ਦੀ ਪ੍ਰੀਖਿਆ ਲਈ ਆਪ ਨੂੰ ਬੁਲਾਇਆ ਸੀ । ਹੁਣ ਤੁਸੀਂ ਦਇਆ ਕਰਕੇ ਜਾਓ ।" ਇਹ ਸੁਣ ਕੇ ਸੂਰਜ ਦੇਵਤਾ ਬੋਲੇ, "ਮੇਰਾ ਆਉਣਾ ਬਿਰਥ ਨਹੀਂ ਹੋ ਸਕਦਾ । ਹੁਣ ਤੇਰੇ ਨਾਲ ਭੋਗ ਕਰਕੇ ਤੈਨੂੰ ਬਾਲਕ ਦੇਵਾਂਗਾ ।"

ਕੁੰਤੀ ਬੋਲੀ, "ਮਹਾਰਾਜ ਮੇਰਾ ਅਜੇ ਵਿਆਹ ਨਹੀਂ ਹੋਇਆ। ਪੁੱਤਰ ਹੋਣ ਨਾਲ ਮੇਰੀ ਨਿੰਦਾ ਹੋਏਗੀ।" ਇਹ ਸੁਣ ਕੇ ਭਗਵਾਨ ਸੂਰਜ ਬੋਲੇ, "ਤੇਰਾ ਕੁਆਰਾਪਣ ਜਿਉਂ ਦਾ ਤਿਉਂ ਹੀ ਕਾਇਮ ਰਹੇਗਾ।" ਇਹ ਕਹਿ ਕੇ ਸੂਰਜ ਦੇਵਤਾ ਨੇ ਕੁੰਤੀ ਨਾਲ ਭੋਗ ਕੀਤਾ ਅਤੇ ਆਪਣੇ ਅਸਥਾਨ 'ਤੇ ਚਲੇ ਗਏ।

ਕੁੰਤੀ ਨੂੰ ਇੱਕ ਬਾਲਕ ਬਹੁਤ ਸੁੰਦਰ ਅਤੇ ਤੇਜਵਾਨ ਕੰਨਾਂ ਦੇ ਰਾਹੀਂ ਜਨਮਿਆ। ਜਿਸ ਨੂੰ ਸੰਦੂਕ 'ਚ ਪਾ ਕੇ ਗੰਗਾ ਵਿੱਚ ਵਹਾ ਦਿੱਤਾ। ਉਸ ਦਾ ਨਾਮ ਕਰਣ ਪਿਆ।(278) ਕੁੰਤੀ ਵਾਸਦੇਵ ਦੀ ਭੈਣ ਸੀ ਭਾਵ ਕ੍ਰਿਸ਼ਨ ਭਗਵਾਨ ਦੀ ਭੂਆ।

ਕ੍ਰਿਸ਼ਨ ਭਗਵਾਨ ਦਾ ਜਨਮ

(278) ਵਾਸਦੇਵ ਮਹਾਰਾਜ ਦੀਆਂ ਗਿਆਰਾਂ ਇਸਤਰੀਆਂ ਸਨ। ਪਤਨੀ ਦੇਵਕੀ ਦੀ ਕੁੱਖ ਤੋਂ ਕ੍ਰਿਸ਼ਨ ਦਾ ਜਨਮ ਹੋਇਆ। ਸੱਤ ਹੋਰ ਪੁੱਤਰ ਅਤੇ ਸੁਭੱਦਰਾ ਨਾਂ ਦੀ ਲੜਕੀ ਪੈਦਾ ਹੋਈ।

ਕੰਸ ਦਾ ਜਨਮ

(277 ਅਧਿ-24) ਜਦਰਥ ਅਤੇ ਸ਼ਿਸੁਪਾਲ ਦੀ ਵੰਸ਼ ਵਿੱਚ ਕੁਰੰਦਭੀ ਹੋਇਆ। ਉਸ ਦੇ ਘਰ ਅਹੁਕ ਨੇ ਜਨਮ ਲਿਆ। ਅਹੁਕ ਤੋਂ ਦੇਵਕ ਅਤੇ ਉਗਰਸੈਨ ਹੋਏ। ਉਗਰਸੈਨ ਦੇ ਘਰ ਕੰਸ ਆਦਿ ਅੱਠ ਪੁੱਤਰ ਤੇ ਅੱਠ ਕੰਨਿਆਵਾਂ ਪੈਦਾ ਹੋਇਆ। ਉਗਰਸੈਨ ਦੇ ਭਰਾ ਦੇਵਕ ਨੇ ਦੇਵਕੀ ਸਮੇਤ ਸੱਤ ਕੰਨਿਆਵਾਂ ਦਾ ਵਿਆਹ ਵਾਸਦੇਵ ਨਾਲ ਕੀਤਾ। ਜਿਸ ਦੇ ਘਰ ਕ੍ਰਿਸ਼ਨ ਨੇ ਜਨਮ ਲਿਆ।(ਇਸ ਵੰਸ਼ ਤੋਂ ਪਤਾ ਚੱਲਦਾ ਹੈ ਕਿ ਦੇਵਕੀ ਉਗਰਸੈਨ ਦੀ ਭਤੀਜੀ ਹੈ। ਉਸ ਦੇ ਭਰਾ ਦੇਵਕ ਦੀ ਲੜਕੀ। ਇਉਂ ਦੇਵਕ ਅਤੇ ਉਗਰਸੈਨ ਕ੍ਰਿਸ਼ਨ ਦੇ ਨਾਨਾ ਹਨ। ਕੁੰਤੀ ਵਾਸਦੇਵ ਦੀ ਭੈਣ ਹੈ। ਕ੍ਰਿਸ਼ਨ ਦੀ ਭੂਆ।)

ਦਰੋਪਤੀ ਪੰਜ ਪਾਂਡਿਆਂ ਦੀ ਪਤਨੀ ਕਿਵੇਂ ਬਣੀ

(279) ਮਹਾਤਮਾ ਇਜ ਵੀ ਦੱਸਦੇ ਹਨ ਕਿ ਇੱਕ ਗਊ ਜਾ ਰਹੀ ਸੀ, ਜਿਸ ਦੇ ਪਿੱਛੇ ਪੰਜ ਸਾਨ੍ਹ ਜਾ ਰਹੇ ਸਨ, ਜੋ ਕਾਮਸੁਰ ਹੋ ਕੇ ਪਿੱਛੇ ਦੌੜ ਰਹੇ ਸਨ। ਦਰੋਪਤੀ ਇਹ ਹਾਲ ਵੇਖ ਕੇ ਹੱਸਣ ਲੱਗੀ ਤਾਂ ਉਸ ਗਊ ਨੇ ਦਰੋਪਤੀ ਨੂੰ ਸਰਾਪ ਦਿੱਤਾ ਕਿ ਤੂੰ ਹੱਸਦੀ ਹੈ ਤੇਰੇ ਵੀ ਪੰਜ ਪਤੀ ਹੋਣ। ਇਸ ਕਰਕੇ ਦਰੋਪਤੀ ਦੇ ਪੰਜ ਪਤੀ ਹੋਏ।

ਮਾਮਾ ਕੰਸ

(280-81 ਅਧਿ-10) ਜਦੂ ਵੰਸੀ ਪ੍ਰਤਾਪੀ ਰਾਜਾ ਸੂਰਸੈਨ ਦੇ ਘਰ ਵਾਸਦੇਵ ਨਾਮ ਦਾ ਪੁੱਤਰ ਪੈਦਾ ਹੋ ਗਿਆ। ਜੋ ਦੇਵਕੀ ਦਾ ਬੇਟਾ ਸੀ। ਦੇਵਕੀ ਕੰਸ ਦੀ ਭੈਣ ਸੀ।(ਇਸ ਦਾ ਭਾਵ ਕੰਸ ਕ੍ਰਿਸ਼ਨ ਦਾ ਸਕਾ ਮਾਮਾ ਹੈ।)

ਦੈਂਤ ਪੁੱਤਰ ਕੰਸ

(ਸਫਾ 281 ਅਧਿ—10) ਆਹੁਕ ਦੇ ਕਾਲ ਵਸ ਹੋਣ 'ਤੇ ਉਗਰਸੈਨ ਰਾਜ ਕਰਨ ਲੱਗਾ। ਉਸ ਦੀ ਰਾਣੀ 'ਪਵਨਰੇਖਾ' ਬਹੁਤ ਸੁੰਦਰ ਅਤੇ ਪਤੀਬਰਤਾ ਸੀ। ਇੱਕ ਦਿਨ ਉਹ ਰਜਸਵਲਾ ਇਸ਼ਨਾਨ ਕਰਕੇ ਜਮਨਾ ਕਿਨਾਰੇ ਘੁੰਮਣ ਚਲੀ ਗਈ। ਉੱਥੇ ਅਚਾਨਕ ਦ੍ਰਮਿਲਕ ਨਾਂ ਦਾ ਰਾਖਸ਼ ਪਹੁੰਚ ਗਿਆ ਤੇ ਸੋਚਣ ਲੱਗਾ ਕਿ ਇਸ ਨਾਲ ਭੋਗ ਕੀਤਾ ਜਾਵੇ। ਉਹ ਤੁਰੰਤ ਉਗਰਸੈਨ ਦਾ ਰੂਪ ਬਣਾ ਕੇ, ਰਾਣੀ ਦੇ ਸਾਹਮਣੇ ਚਲਾ ਗਿਆ। ਤਾਂ ਦ੍ਰਮਿਲਕ ਰਾਖਸ਼ ਨੇ ਰਾਣੀ ਦਾ ਹੱਥ ਫੜ ਕੇ ਖਿੱਚ ਲਿਆ ਤੇ ਜੋ ਮਨ ਮੰਨਿਆ ਕੀਤਾ। ਤਾਂ ਰਾਣੀ ਅਤ ਦੁਖੀ ਹੋ ਕੇ ਪਛਤਾਉਂਦੀ ਹੋਈ ਬੋਲੀ, "ਐ ਅਧਰਮੀ ਪਾਪੀ ਚੰਡਾਲ ਤੂੰ ਇਹ ਕੀ ਕੀਤਾ। ਅੰਧੇਰ ਨੀਤਮ ਮੇਰਾ ਸਤ ਭੰਗ ਕਰ ਦਿੱਤਾ, ਧਿਕਾਰ ਹੈ। ਦ੍ਰਮਿਲਕ ਬੋਲਿਆ, "ਐ ਰਾਣੀ ਤੂੰ ਮੈਨੂੰ ਸਰਾਪ ਨਾ ਦੇ ਮੈਂ ਆਪਣੇ ਧਰਮ ਦਾ ਫਲ ਦਿੱਤਾ ਹੈ। ਤੈਨੂੰ ਗਰਭ ਦੀ ਆਸ ਹੋਈ ਹੈ। ਦਸ ਮਹੀਨੇ ਪਿੱਛੋਂ ਤੇਰੇ ਲੜਕਾ ਹੋਵੇਗਾ। ਨੌਂ ਖੰਡ ਪ੍ਰਿਥਵੀ ਜਿੱਤ ਕੇ ਰਾਜ ਕਰੇਗਾ। ਕ੍ਰਿਸ਼ਨ ਨਾਲ ਲੜੇਗਾ।

ਪਹਿਲਾਂ ਮੇਰਾ ਨਾਂ ਕਾਲਨੇਮੀ ਸੀ। ਵਿਸ਼ਨੂੰ ਨਾਲ ਯੁੱਧ ਹੋਇਆ ਸੀ। ਇਸ ਜਨਮ ਵਿੱਚ ਮੈਂ ਦ੍ਰਮਿਲਕ ਹਾਂ। ਤੈਨੂੰ ਪੁੱਤਰ ਦੇ ਚਲਿਆ ਹਾਂ। ਤੂੰ ਆਪਣੇ ਮਨ ਵਿੱਚ ਕਿਸੇ ਗੱਲ ਦੀ ਚਿੰਤਾ ਨਾ ਕਰੀਂ। ਕਹਿ ਕੇ ਕਾਲਨਾਮੀ ਚਲਾ ਗਿਆ ਅਤੇ ਰਾਣੀ ਨੂੰ ਕੁਝ ਸੋਚ ਸਮਝ ਕੇ ਧੀਰਜ ਆ ਗਿਆ। ਜਦੋਂ ਰਾਣੀ ਨੂੰ ਇਕੱਲਿਆ ਵੇਖ, ਦਾਸੀਆਂ ਪਹੁੰਚੀਆਂ ਤਾਂ ਉਨ੍ਹਾਂ ਨੂੰ ਚਿੰਤਤ ਵੇਖ ਪਵਨ ਰੇਖਾ ਰਾਣੀ ਨੇ ਕਿਹਾ, 'ਇੱਕ ਬਾਂਦਰ ਆਇਆ ਸੀ, ਉਸ

ਨੇ ਮੈਨੂੰ ਬਹੁਤ ਸਤਾਇਆ ।'' ਤੇ ਉਹ ਰਾਣੀ ਨੂੰ ਝਟ ਰੱਥ ਵਿੱਚ ਬਿਠਾ ਕੇ ਘਰ ਲੈ ਆਈਆ ।

(282) ਡੋਲਦੀ ਹੋਈ ਧਰਤੀ 'ਤੇ 'ਮਾਘ ਸੁਦੀ ਤੇਰਾ' ਬ੍ਰਿਹਸਪਤੀ ਵਾਰ (ਵੀਰ ਵਾਰ) ਨੂੰ, ਦਸ ਮਹੀਨੇ ਬਾਦ ਕੰਸ ਨੇ ਜਨਮ ਲਿਆ ।(ਏਸੇ ਕਰਕੇ ਭਾਰਤ ਵਿੱਚ ਵੀਰਵਾਰ ਨੂੰ ਮਾੜਾ ਦੱਸਿਆ ਗਿਆ ਹੈ, ਜੋ ਇਤਿਹਾਸਕ ਸੱਭਿਆਚਾਰਕ ਵਜੋਂ ਉੱਭਰੀ ਭਾਵਨਾ ਪ੍ਰਤੀਤ ਹੁੰਦੀ ਹੈ ।

ਉਗਰਸੈਨ ਨੇ ਸਾਰੀ ਨਗਰੀ ਦੇ ਪ੍ਰਵਾਨ ਪੁਰਸ਼ਾਂ ਨੂੰ ਬੁਲਾ ਕੇ ਨਗਰੀ ਵਿੱਚ ਮੰਗਲਾਚਾਰ ਕਰਵਾਏ ।ਜੋਤਸ਼ੀ ਪੰਡਤਾਂ ਨੇ ਕਿਹਾ ਕਿ ਇਹ ਲੜਕਾ ਰਾਜਿਆਂ ਨੂੰ ਮਾਰ ਕੇ ਰਾਜ ਕਰੇਗਾ ।ਦੇਵਤਾਵਾਂ ਅਤੇ ਭਗਤਾਂ ਨੂੰ ਦੁੱਖ ਦੇਵੇਗਾ ।ਓੜਕ ਭਗਵਾਨ ਦੇ ਹੱਥੋਂ ਮਾਰਿਆ ਜਾਵੇਗਾ ।

(ਇਹ ਗੱਲ ਬੜੀ ਪ੍ਰਤੱਖ ਹੈ ਕਿ ਪੰਡਤ ਜੋਤਸ਼ੀ, ਬ੍ਰਾਹਮਣ, ਅੱਜ ਦੀ ਤਰ੍ਹਾਂ ਹੀ ਉਦੋਂ ਵੀ ਹਰ ਰਾਜ ਵਿੱਚ ਰਾਜ ਗੁਰੂ ਹੁੰਦੇ ਸਨ ।ਰਾਜੇ ਉਨ੍ਹਾਂ ਦੇ ਤਹਿ ਕੀਤੇ ਮਾਰਗ ਨੂੰ ਅੱਖੋਂ ਓਹਲੇ ਨਹੀਂ ਸੀ ਕਰ ਸਕਦੇ।ਕਿਉਂਕਿ ਬ੍ਰਾਹਮਣ ਤਿਲਕ ਦਿੱਤੇ ਬਿਨਾਂ ਕੋਈ ਰਾਜਾ ਗੱਦੀ ਨਸ਼ੀਨ ਨਹੀਂ ਸੀ ਹੋ ਸਕਦਾ। ਲੋਕ ਵੀ ਉਸੇ ਨੂੰ ਰਾਜਾ ਮੰਨਦੇ ਸਨ ਜੋ ਬ੍ਰਾਹਮਣ ਦੁਆਰਾ ਤਿਲਕ ਲਾ ਕੇ ਗੱਦੀ 'ਤੇ ਬਿਠਾਇਆ ਜਾਂਦਾ ਸੀ। ਉਹ ਧਰਮ ਗੁਰੂ ਤੇ ਸਰਾਪ ਦੇਣ ਵਾਲਾ ਹੁੰਦਾ ਸੀ। ਜੋ ਉਹ ਕਹਿ ਦਿੰਦਾ ਸੀ ਰਾਜੇ ਨੂੰ ਉਸੇ ਤਰ੍ਹਾਂ ਚੱਲਣਾ ਹੁੰਦਾ ਸੀ। ਕਿਉਂਕਿ ਬ੍ਰਾਹਮਣ ਹੀ ਉੱਤਮ ਸਨ। ਉਹਨਾਂ ਦੀ ਪੂਜਾ ਹੀ ਧਰਮ ਸੀ। ਇਸ ਲਈ ਉਹ ਰਾਜੇ ਦੇ ਕੰਮਾਂ ਦਾ ਮਾਰਗ ਤਹਿ ਕਰਦੇ ਸਨ। ਅਤੇ ਰਾਜੇ ਉਸੇ ਮਾਰਗ 'ਤੇ ਚੱਲਦੇ ਸਨ। ਉਹਨਾਂ ਨੇ ਪਹਿਲਾਂ ਹੀ ਤਹਿ ਕਰ ਦਿੱਤਾ, ਸਾਰੀ ਗੱਲ ਸਮਝ ਕੇ, ਕਿ ਇਹ ਰਾਖਸ਼ ਦਾ ਬੀਜ ਹੈ, ਲਾਜਮੀਂ ਇਹ ਦੇਵਤਾਵਾਂ ਅਤੇ ਭਗਤਾਂ ਨੂੰ ਚੰਗਾ ਨਹੀਂ ਸਮਝੇਗਾ। ਬ੍ਰਾਹਮਣਾਂ ਦੁਆਰਾ ਉਸਨੂੰ ਨਫਰਤ ਕਰਨਾਂ ਕੁਦਰਤੀ ਸੀ। ਤੇ ਬ੍ਰਾਹਮਣ ਇਹ ਵੀ ਜਾਣਦੇ ਸਨ ਕਿ ਕਸ਼ੱਤਰੀ ਵੰਸ਼ ਵਿੱਚ ਪੈਦਾ ਹੋ ਆਇਆ ਇਹ ਰਾਖਸ਼, ਰਾਜਾ ਵੀ ਬਣੇਗਾ। ਉਹ ਦੇਵਤਿਆਂ ਦੇ ਰਾਜ ਪ੍ਰਬੰਧ ਨੂੰ ਬਰਦਾਸ਼ਤ ਨਹੀਂ ਕਰੇਗਾ। ਟਕਰਾਅ ਨਿਸਚਤ ਹੈ। ਇਤਿਹਾਸਕ ਵਰਤਾਰਾ ਇਹੋ ਸੀ। ਇਸ ਲਈ ਉਹਨਾਂ ਨੇ ਪਹਿਲਾਂ ਹੀ ਤਹਿ ਕਰ ਦਿੱਤਾ ਕਿ ਇਹ ਭਗਵਾਨ ਦੁਆਰਾ ਮਾਰਿਆ ਜਾਵੇਗਾ। ਕਿਵੇਂ ਮਾਰਿਆ ਜਾ ਸਕੇਗਾ। ਇਸ ਗੱਲ ਨੂੰ ਸਦੀਆਂ ਤੋਂ ਧਰਮ ਅਤੇ ਰਾਜ ਗੁਰੂ ਰਹੇ ਬ੍ਰਾਹਮਣ ਨਹੀਂ ਜਾਣਦੇ ਸਨ ਤਾਂ ਹੋਰ ਕੌਣ ਜਾਣ ਸਕਦਾ ਸੀ। ਅਜਿਹਾ ਮਾਹੌਲ ਸਿਰਜਣਾ ਵੀ ਉਹਨਾਂ ਦੀ ਅਵਤਾਰੀ ਕਲਾ ਰਿਹਾ ਸੀ। ਨਿਸਚਤ ਹੀ ਉਹਨਾਂ ਦੀ ਜਿੱਤ ਹੁੰਦੀ ਸੀ। ਫਿਰ ਏਸ ਰਾਜ ਵਿੱਚ ਤਾਂ ਰਾਜ ਗੁਰੂ ਦੀ ਬਹੁਤ ਉੱਚਤਾ ਤੇ ਮਾਣਤਾ ਸੀ ਕਿਉਂ ਕਿ ਇਹ ਰਾਜ ਦੈਂਤ ਰਾਜ ਨਹੀਂ ਸਨ। ਇਕ ਪਾਸੇ ਉਹਨਾਂ ਨੇ, ਕੰਸ ਨੂੰ ਰਾਜ ਗੱਦੀ 'ਤੇ ਬੈਠਣ ਉਪਰੰਤ, ਗਾਈਡ ਕਰਨਾ ਸੀ। ਦੂਜੀ ਤਰਫ ਉਸਦੀ ਮੌਤ ਲਈ ਹਾਲਤਾਂ ਦਾ ਜਾਇਜਾ ਲੈਣਾ ਤੇ ਉਹਨਾਂ ਨੂੰ ਸਹਿਯੋਗ ਦੇਣਾ ਸੀ, ਜਿਸਦਾ ਸਬੂਤ ਹੇਠਲੀ ਕਥਾ ਵਿਚੋਂ ਮਿਲੇਗਾ।

(ਅਸ਼ੋਕ ਦਾ ਪੋਤਰਾ) (282) ਕੰਸ ਨੇ ਪਹਿਲਾਂ ਹਮਲਾ ਮਗਧ ਦੇਸ 'ਤੇ ਕੀਤਾ ਜਿੱਥੇ ਬ੍ਰਿਹਦਰਥ ਦਾ ਪੁੱਤਰ ਜਰਾ ਸੰਧ ਰਾਜ ਕਰਦਾ ਸੀ। ਜੋ ਬਹੁਤ ਬਲਵਾਨ ਸੀ। ਸਮਝਦਾਰ ਸੀ। ਉਸਨੇ ਕੰਸ ਦਾ ਬਲ ਤੋਲਿਆ (ਜਾਂ ਲੜਾਈ ਤੋਂ ਗੁਰੇਜ ਕੀਤਾ ਕਿਉਂਕਿ ਜਰਾਸੰਧ ਵੀ ਦੈਂਤ ਵੰਸ਼ੀ ਸੀ।) ਉਸਨੇਂ ਹਾਰ ਮੰਨ ਕੇ ਦੋ ਬੇਟੀਆਂ ਅਰਪਨ ਕੀਤੀਆਂ ਜਿੰਨ੍ਹਾਂ ਨਾਲ ਕੰਸ ਵਿਆਹ ਕਰ ਕੇ, ਮਥਰਾ ਵਾਪਸ ਆ ਗਿਆ।

ਫਿਰ ਉਸਨੇ ਉਗਰ ਸੈਨ ਨਾਲ ਵੈਰ ਵਧਾ ਲਿਆ ਕਿ ਉਹ ਰਾਮ ਨਾਮ ਕਹਿਣਾ ਛੱਡ ਦੇਵੇ। (ਇਉਂ ਦੋ ਸੰਸਕ੍ਰਿਤੀਆਂ ਵਿਚ ਟਕਰਾਅ ਸ਼ੁਰੂ ਹੋ ਗਿਆ।) ਜਦੋਂ ਉਗਰ ਸੈਨ ਨੇ ਕਿਹਾ ਕਿ ਮੇਰੇ ਤਾਂ ਦੁਖ ਸੁਖ ਹਰਨ ਰਾਮ ਹੀ ਹੈ। ਤਾਂ ਕੰਸ ਨੇ ਪਿਤਾ ਦੀਆਂ ਮੁਸ਼ਕਾਂ ਬੰਨ੍ਹ ਕੇ ਕੈਦ ਕਰ ਦਿੱਤਾ। ਅਤੇ ਰਾਜ ਗੱਦੀ 'ਤੇ ਬੈਠ ਗਿਆ। ਅਤੇ ਨਗਰ ਵਿੱਚ ਢੰਡੋਰਾ ਫੇਰ ਦਿੱਤਾ ਕਿ ਕੋਈ ਯੱਗ, ਦਾਨ ਧਰਮ ਤਪ ਰਾਮ ਦਾ ਨਾਂ ਨਾ ਕਹੇ। (ਇਹ ਦੋ ਸੱਭਿਆਚਾਰਾ ਵਿਚਕਾਰ ਜੰਗ ਸੀ)

ਐਸਾ 'ਅਧਰਮ' ਵਧਿਆ ਕਿ ਗਊ ਬ੍ਰਾਹਮਣ ਤੇ ਹਰੀ ਭਗਤ ਦੁੱਖ ਪਾਉਣ ਲੱਗੇ ਅਤੇ ਪ੍ਰਿਥਵੀ ਪਾਪਾਂ ਨਾਲ ਭਾਰੀ ਹੋ ਗਈ। (ਇਹ ਟਕਰਾਅ ਪਹਿਲਾਂ ਹੀ ਨਿਸਚਤ ਹੋ ਚੁੱਕਾ ਸੀ। ਰਾਜ ਗੁਰੂਆਂ ਨੇ ਇਸਦਾ ਨਕਸ਼ਾ ਖਿੱਚ ਦਿੱਤਾ ਸੀ ਅਤੇ ਉਗਰ ਸੈਨ ਨੂੰ ਦੱਸ ਦਿੱਤਾ ਸੀ) ਸਿੱਟੇ ਵਜੋਂ-

(283) ਪ੍ਰਿਥਵੀ ਗਊ ਦਾ ਰੂਪ ਧਾਰ ਕੇ (ਦੇਵ ਲੋਕ ਵਿੱਚ ਇੰਦਰ ਪਾਸ ਗਈ। ਤੇ ਕਿਹਾ ਕਿ ਸੰਸਾਰ ਵਿੱਚ ਅਸੁਰ, ਅਤੀ ਪਾਪ ਕਰਨ ਲੱਗੇ ਹਨ। ਇੰਦਰ ਉਹਨਾਂ ਨੂੰ ਲੈ ਕੇ ਬ੍ਰਹਮਾਂ ਪਾਸ ਗਏ। ਫਿਰ ਮਹਾਂਦੇਵ (ਸ਼ਿਵਜੀ) ਵੀ ਨਾਲ ਹੋ ਲਏ ਅਤੇ ਸਭ ਖਜੀਰ ਸਮੁੰਦਰ (ਇਹ ਕੋਈ ਸੁਰੱਖਿਅਤ ਟਾਪੂ ਹੋ ਸਕਦਾ ਹੈ) ਵਿੱਚ ਨਰਾਇਣ ਕੋਲ ਚਲੇ

ਗਏ। ਉੱਧਰ ਕੰਸ ਨੇ 'ਦੇਵਕੀ' ਦਾ ਵਿਆਹ ਵਾਸਦੇਵ ਨਾਲ ਕਰ ਦਿੱਤਾ। ਜਦੋਂ ਵਾਸਦੇਵ, ਰੱਥ ਵਿੱਚ ਦੇਵਕੀ ਨੂੰ ਬਿਠਾ ਕੇ ਵਿਦਾ ਹੋਣ ਚੱਲਿਆ ਤਾਂ ਭਵਿੱਖਬਾਣੀ ਹੋਈ।

"ਇਸਦਾ ਅਠਵਾਂ ਗਰਭ ਤੇਰਾ ਨਾਸ ਕਰੇਗਾ।"

(ਇਸਦਾ ਅਰਥ ਸਾਫ ਹੈ ਕਿ ਬ੍ਰਾਹਮਣਾਂ ਨੇ ਹੀ ਸਾਰੀ ਗੱਲ ਇੰਦਰ, ਬ੍ਰਹਮਾਂ, ਮਹਾਂਦੇਵ ਅਤੇ ਨਰਾਇਣ ਨੂੰ ਦੱਸੀ ਹੋਵੇਗੀ ਅਤੇ 'ਭਵਿੱਖਬਾਣੀ' ਵੀ ਸਦਾ ਤੋਂ ਬ੍ਰਾਹਮਣ ਹੀ ਕਰਦੇ ਆ ਰਹੇ ਹਨ। ਅੱਜ ਵੀ ਉਹੀ ਕਰਦੇ ਹਨ। ਲੱਗਦਾ ਹੈ ਕਿ ਹਾਲਤਾਂ ਨੂੰ ਬਹੁਤ ਸਹੀ ਢੰਗ ਨਾਲ ਟਕਰਾਅ ਵੱਲ ਮੋੜਿਆ ਜਾ ਰਿਹਾ ਹੈ। ਅਤੇ ਕੰਸ ਦੀ ਮੌਤ ਦਾ ਜਿਵੇਂ ਪ੍ਰਬੰਧ ਹੋ ਰਿਹਾ ਹੋਵੇ। ਕਿਉਂਕਿ ਉਹ ਦੇਵਰਾਣੀ ਦੇ ਪੇਟੋਂ ਪੈਦਾ ਹੋਇਆ ਰਾਖਸ਼ ਦਾ ਪੁੱਤਰ ਸੀ। ਆਰੀਆ ਨਾਂ ਦਾ ਰਾਜਾ ਬਣ ਬੈਠਾ ਸੀ। ਜੇ ਉਹ ਗਊ ਬ੍ਰਾਹਮਣ ਦੀ ਰੱਖਿਆ ਕਰਨ ਵਾਲਾ ਹੁੰਦਾ ਤਾਂ ਨਿਸ਼ਚਤ ਹੀ ਉਸਨੇ ਹਰੀ ਭਗਤ ਬਣਨਾਂ ਸੀ। ਪਰੰਤੂ ਉਹ ਅਧਰਮੀ ਸੀ। ਭਾਵ ਵੈਦਕ ਆਰੀਅਨ ਧਰਮ ਦਾ ਵਿਰੋਧੀ ਸੀ। ਇਸ ਲਈ ਉਸਦਾ ਰਾਜ ਖਤਮਾ ਲਾਜਮੀ ਸੀ। ਇਹ ਕੰਮ ਕੇਵਲ ਨਰਾਇਣ ਕਰ ਸਕਦਾ ਸੀ। ਬਾਕੀ ਸਾਰੇ ਬੇਵੱਸ ਸਨ।

ਇਹ ਭਵਿੱਖ ਬਾਣੀ ਸੁਣਕੇ, ਰਾਜਾ ਕੰਸ ਉੱਥੇ ਹੀ ਦੇਵਕੀ ਨੂੰ ਮਾਰਨ ਲਈ ਝਪਟ ਪਿਆ ਤਾਂ ਕਿ ਬਿਰਛ ਦੀ ਜੜ੍ਹ ਹੀ ਕੱਟ ਦਿੱਤੀ ਜਾਵੇ। ਵਾਸਦੇਵ ਨੇ ਕੋਈ ਚਾਰਾ ਚਲਦਾ ਨਾ ਵੇਖ ਕੇ ਬੇਨਤੀ ਕੀਤੀ। ਕੰਸ ਦੀ ਉਸਤਤ ਕੀਤੀ।(284) ਤੇ ਕਿਹਾ ਕਿ ਭੈਣ ਨੂੰ ਮਾਰਨ ਤੋਂ ਵੱਡਾ ਕੋਈ ਪਾਪ ਨਹੀਂ। ਤੇ ਕਿਹਾ ਕਿ ਜੋ ਬਾਲਕ ਇਸਦੇ ਗਰਭ ਤੋਂ ਪੈਦਾ ਹੋਏਗਾ ਮੈਂ ਉਸਨੂੰ ਆਪਦੇ ਪਾਸ ਲੈ ਆਊਂਗਾ। ਸੱਚ ਮੰਨਣਾ। ਸਾਨੂੰ ਆਪਣੇ ਘਰ ਰੱਖੋ। ਇਸ ਵਾਰਤਾ ਨੂੰ ਕੰਸ ਨੇ ਮਨਜੂਰ ਕੀਤਾ ਅਤੇ ਕੈਦ ਕਰਕੇ ਦੋਹਾਂ ਨੂੰ ਉੱਥੇ ਹੀ ਰੱਖ ਲਿਆ।

(284) ਇਕ ਸਮੇਂ ਨਾਰਦ ਮੁਨੀ ਨੇ ਕੰਸ ਨੂੰ ਜਾ ਕੇ ਕਿਹਾ ਕਿ ਵਾਸਦੇਵ ਦੀ ਸੇਵਾ ਕਰਨ ਲਈ ਸਾਰੇ ਦੇਵਤਾਵਾਂ ਨੇ ਬਿਰਜ ਵਿੱਚ ਆ ਕੇ ਜਨਮ ਧਾਰੇ ਹਨ ਅਤੇ ਦੇਵਕੀ ਦਾ ਅੱਠਵੇਂ ਗਰਭ ਵਿੱਚ ਸ੍ਰੀ ਕ੍ਰਿਸ਼ਨ ਚੰਦ ਜਨਮ ਲੈ ਕੇ ਸਾਰੇ ਰਾਖਸ਼ਾਂ ਨੂੰ ਮਾਰਕੇ ਭੂਮੀ ਦਾ ਭਰ ਉਤਾਰਨਗੇ।

(ਇਉਂ ਅਸਲੀ ਕਹਾਣੀ ਵਿੱਚ ਨਿਖਾਰ ਆ ਗਿਆ ਹੈ ਕਿ ਕੀ ਵਾਪਰਨ ਵਾਲਾ ਹੈ ਅਤੇ ਕਿਉਂ ਵਾਪਰਨ ਵਾਲਾ ਹੈ। ਅਤੇ ਕਿਵੇਂ ਵਾਪਰਨ ਵਾਲਾ ਹੈ। ਕਿਉਂਕਿ ਭਵਿੱਖ ਬਾਣੀ ਨੇ ਸੱਚ ਸਾਬਤ ਹੋਣਾ ਹੈ।

ਦੂਸਰੇ ਪਾਸੇ ਕੰਸ ਆਪਣੇਂ ਦਰਬਾਰ ਵਿੱਚ ਹੁਕਮ ਕਰਦਾ ਹੈ।(284-ਅਧਿ-2) ਸੁਣੋਂ, ਸਾਰੇ ਦੇਵਤਾ ਨੇ ਪ੍ਰਿਥਵੀ ਉੱਪਰ ਜਨਮ ਲੈ ਲਿਆ ਹੈ। ਉਹਨਾਂ ਵਿੱਚ ਕ੍ਰਿਸ਼ਨ ਵੀ ਅਵਤਾਰ ਲਵੇਗਾ। ਇਹ ਭੇਤ ਮੈਨੂੰ ਨਾਰਦ ਜੀ ਨੇ ਦਿੱਤਾ ਹੈ। ਇਸ ਵਿੱਚ ਉਚਿੱਤ ਇਹੀ ਹੈ ਕਿ ਤੁਸੀਂ ਜਾ ਕੇ ਯਦੂ ਬੰਸੀਆਂ ਦਾ ਅਜਿਹਾ ਨਾਸ ਕਰੋ ਕਿ ਇਕ ਵੀ ਜਿਊਂਦਾ ਨਾ ਪਾਵੇ।(ਉਸਦੀ ਫੌਜ ਨੇ ਤਰੁੰਤ ਕਾਰਵਾਈ ਸ਼ੁਰੂ ਕਰ ਦਿੱਤੀ)

285) ਤਾਂ ਬਿਸ਼ਨੂੰ ਨੇ ਆਪਣੀਆਂ ਅੱਖਾਂ ਵਿੱਚੋਂ ਕਿ ਮਾਯਾ ਪੈਦਾ ਨਹੀਂ ਕੀਤੀ। ....ਮਾਯਾ ਨੂੰ ਸਮਝਾਉਂਦਿਆ ਨਰਾਇਣ ਜੀ ਬੋਲੇ ਕਿ ਤੂੰ ਪਹਿਲਾਂ ਜਾ ਕੇ ਇਹ ਕਾਜ ਕਰਕੇ ਨੰਦ ਦੇ ਘਰ ਜਨਮ ਲੈ। ਪਿੱਛੋਂ ਵਾਸਦੇਵ ਦੇ ਘਰ ਏਠੇ ਅਵਤਾਰ ਲੈ ਕੇ ਮੈਂ ਵੀ ਨੰਦ ਦੇ ਘਰ ਆਉਂਦਾ ਹਾਂ।

ਕ੍ਰਿਸ਼ਨ ਦਾ ਜਨਮ- ਇਸ ਰੀਤ ਨਾਲ ਸਾਵਣ ਸੁਦੀ ਬੁੱਧਵਾਰ ਨੂੰ ਬਲਦੇਵ ਜੀ ਨੇ ਗੋਕਲ ਵਿੱਚ ਜਨਮ ਲਿਆ।(ਯਾਦ ਰਹੇ ਕਿ ਕੰਸ ਦਾ ਜਨਮ ਦਿਨ ਵੀਰਵਾਰ ਦਾ ਹੈ ਇਸੇ ਕਰਕੇ ਲੋਕਾਂ ਵਿੱਚ ਮਾੜਾ ਦਿਨ ਪ੍ਰਚਾਰਿਆ ਗਿਆ। ਕ੍ਰਿਸ਼ਨ ਦਾ ਜਨਮ ਬੁੱਧਵਾਰ ਦਾ ਹੈ ਇਸੇ ਲਈ ਇਸਨੂੰ ਚੰਗਾ ਦਿਨ ਪਰਚਾਰਿਆ ਗਿਆ ਹੈ। ਮੰਗਲਵਾਰ ਦਾ ਜਨਮ ਹਨੂੰਮਾਨ ਦਾ ਹੈ। ਇਸ ਲਈ ਇਸ ਨੂੰ ਵੀ ਮਾੜਾ ਦਿਨ ਪਰਚਾਰਿਆ ਗਿਆ ਹੈ। ਕਿਉਂਕਿ ਦੈਂਤ ਰਾਖਸ਼ ਤੇ ਬਾਨਰ ਜਾਤੀਆਂ ਭਾਰਤੀ ਮੂਲ ਨਿਵਾਸੀਆਂ ਦੀਆਂ ਹਨ। ਦੇਵ ਜਾਤੀਆਂ ਆਰੀਅਨ ਹਨ। ਇਹਨਾਂ ਦੋਹਾਂ ਵਿਚਕਾਰ ਰਾਜਪਾਠ ਦੀ ਜੰਗ ਜਾਰੀ ਹੈ। ਜਿਸਦਾ ਜਿਕਰ ਪੂਰੀ ਮੱਦ ਭਾਗਵਤ ਵਿੱਚ ਕੀਤਾ ਗਿਆ ਹੈ।

ਇਹ ਗੱਲ ਤਾਂ ਰਾਜ ਗੁਰੂਆਂ ਵੱਲੋਂ ਪਹਿਲਾਂ ਹੀ ਦੱਸ ਦਿੱਤੀ ਗਈ ਸੀ ਕਿ ਕੰਸ ਨੂੰ, ਕ੍ਰਿਸਨ ਮਾਰੇਗਾ। ਤੇ ਕ੍ਰਿਸਨ ਦੇਵਕੀ ਦਾ ਪੁੱਤਰ ਹੋਵੇਗਾ। ਕੰਸ ਇਸ ਮੰਤਵ ਨਾਲ ਚੱਲ ਰਿਹਾ ਸੀ ਕਿ ਦੇਵਕੀ ਦਾ ਕੋਈ ਬੱਚਾ ਨਾ ਬਚੇ। ਪਰ ਨਰਾਇਣ, ਵਿਸ਼ਨੂੰ ਤੇ ਦੇਵਤੇ ਇਸ ਯਤਨ ਵਿੱਚ ਸਨ ਕਿ ਕੰਸ ਕਿਸੇ ਵੀ ਕੀਮਤ ਤੇ ਕ੍ਰਿਸ਼ਨ ਨੂੰ ਮਾਰਨ ਨਾ ਸਕੇ। ਇਸ ਲਈ........।

(287) ਜਸੋਧਾਂ ਨੂੰ ਲੜਕੀ ਦੇ ਜਨਮ ਦੀ ਕੋਈ ਖਬਰ ਨਹੀਂ ਸੀ। ਇਸ ਲਈ ਵਾਸਦੇਵ ਜੀ ਨੇ ਲੜਕਾ ਜਸੋਧਾਂ ਦੀ ਗੱਦੀ ਵਿੱਚ ਪਾ ਦਿੱਤਾ। ਅਤੇ ਲੜਕੀ ਉਠਾ ਲਈ। ਅਤੇ ਤੇਜੀ ਨਾਲ ਨਦੀ ਪਾਰ ਕਰਕੇ, ਦੂਜੇ ਪਾਸੇ

ਕੈਦਖਾਨੇ ਵਿੱਚ ਦੇਵਕੀ ਕੋਲ ਪਹੁੰਚਾ ਦਿੱਤੀ।

(288) ਜਦੋਂ ਕੰਸ ਨੂੰ ਅੱਠਵੇਂ ਬਾਲਕ ਦੇ ਜਨਮ ਦਾ ਪਤਾ ਲੱਗਾ ਤਾਂ ਉਹ ਖੜਗ ਲੈ ਕੇ ਦੇਵਕੀ ਕੋਲ ਪਹੁੰਚਿਆ ਅਤੇ ਬਾਲਕਾਂ ਨੂੰ ਖੋਹ ਕੇ ਪਟਕਾ ਮਾਰ ਦਿੱਤਾ ਤੇ ਅੰਭ ਕਹਿਣ ਲੱਗਾ।

"ਦੇਵਤਾ ਝੂਠੇ ਹਨ ਜਿਨ੍ਹਾਂ ਨੇ ਕਿਹਾ ਸੀ ਕਿ ਦੇਵਕੀ ਨੂੰ ਅੱਠਵੇਂ ਗਰਭ ਸਮੇਂ ਲੜਕਾ ਹੋਵੇਗਾ। ਸੋ ਨਹੀਂ ਹੋਇਆ। ਲੜਕੀ ਹੋਈ ਹੈ।" ਇਸ ਤੋਂ ਬਾਦ ਕੰਸ ਨੇ ਦੇਵਕੀ ਅਤੇ ਵਾਸਦੇਵ ਨੂੰ ਅਜਾਦ ਕਰ ਦਿੱਤਾ।(289) ਫਿਰ ਮੰਤਰੀਆਂ ਨੂੰ ਬੁਲਾ ਕੇ ਕਿਹਾ ਕਿ ਦੇਵੀ (ਜਿਸ ਬਾਲਕਾਂ ਨੂੰ ਕੰਸ ਮਾਰਨ ਲੱਗਾ ਸੀ, ਜੋ ਬਿਜਲੀ ਬਣ ਉਡਾਰ ਗਈ ਸੀ) ਕਹਿ ਗਈ ਹੈ ਕਿ 'ਤੇਰਾ ਵੈਰੀ ਸੰਸਾਰ ਵਿਚ ਪੈਦਾ ਹੋ ਚੁੱਕਾ ਹੈ। ਇਸ ਲਈ ਦੇਵਤਿਆਂ ਨੂੰ ਜਿੱਥੇ ਦੇਖੋ ਮਾਰ ਦਿਉ। ਉਹਨਾਂ ਨੇ ਮੇਰੇ ਸਾਹਮਣੇ ਝੂਠ ਕਿਹਾ ਸੀ ਕਿ ਅੱਠਵੇਂ ਗਰਭ ਵਿੱਚ ਤੇਰਾ ਸ਼ਤਰੂ ਪੈਦਾ ਹੋਵੇਗਾ।"

ਕੰਸ ਦੀ ਆਗਿਆ ਪਾ ਕੇ ਰਾਖਸ਼ ਚਾਰੋਂ ਤਰਫ ਦੌੜ ਗਏ ਅਤੇ ਸਾਧੂ ਬ੍ਰਾਹਮਣ ਜਮੀਤ ਸੀ।(ਰਿਸ਼ੀ ਆਦਿ) ਨੂੰ ਭਾਲ ਭਾਲ ਕੇ ਮਾਰਨ ਲੱਗੇ।

ਭਗਵਾਨ ਕ੍ਰਿਸ਼ਨ ਲੀਲਾ

(ਸਫਾ 301 ਅਧਿ-22) ਮਾਘ ਮਹੀਨੇ ਗੋਪੀਆਂ, ਜਮਨਾ ਵਿੱਚ ਇਸ਼ਨਾਨ ਕਰਨ ਗਈਆ। ਅਤੇ ਬਸਤਰ ਉਤਾਰ ਕੇ ਇਸ਼ਨਾਨ ਕਰਨ ਲੱਗੀਆਂ ਤਾਂ ਕ੍ਰਿਸ਼ਨ ਭੀ ਬੰਸੀ ਘਾਟ ਨੂੰ ਤਿਆਗ ਕੇ ਚੁੱਪ ਚਾਪ ਆ ਖੜੋਤੇ ਅਤੇ ਉਹਨਾਂ ਨੂੰ ਵੇਖਣ ਲੱਗੇ। ਫੇਰ ਸਭ ਦੇ ਬਸਤਰ ਉਠਾ ਕੇ ਕਦਰਾ ਬਿਰਛ ਤੇ ਜਾ ਚੜ੍ਹੇ। ਪਤਾ ਲੱਗਣ ਤੇ ਇੱਕ ਗੋਪੀ ਹੱਥ ਜੋੜ ਕੇ ਬੇਨਤੀ ਕਰਨ ਲੱਗੀ। ਇਹ ਸੁਣਕੇ ਭਗਵਾਨ ਨੇ ਕਿਹਾ, " ਤੁਸੀਂ ਪਾਪ ਕੀਤਾ ਹੈ ਜੋ ਨੰਗੀਆਂ ਹੋ ਕੇ ਇਸ਼ਨਾਨ ਕੀਤਾ ਹੈ। ਸੋ ਤੁਸੀਂ ਜਲ ਤੋਂ ਬਾਹਰ ਆ ਕੇ ਸੂਰਜ ਭਗਵਾਨ ਨੂੰ ਨਮਸਕਾਰ ਕਰੋਗੀਆਂ ਤਾਂ ਬਸਤਰ ਮਿਲਣਗੇ। ਫੇਰ ਕਿਹਾ, 'ਅਰੀ ਗੋਪੀਓ। ਮੇਰੇ ਨਮਿੱਤ ਇਸ਼ਨਾਨ ਕਰਦੀਆਂ ਹੋ ਤਾਂ ਲਾਜ ਸ਼ਰਮ ਤਿਆਗ ਕੇ ਜਲ ਤੋਂ ਬਾਹਰ ਆ ਕੇ ਆਪਣੇ ਬਸਤਰ ਲਵੋ।

ਗੋਪੀਆਂ ਅੱਗੇ ਪਿੱਛੇ ਹੱਥ ਰੱਖ ਕੇ ਪਾਣੀ ਤੋਂ ਬਾਹਰ ਆਈਆਂ। ਤਾਂ ਭਗਵਾਨ ਨੇ ਕਿਹਾ, ਅਰੇ ਗੋਪੀਓ, ਦੋਹੋਂ ਹੱਥ ਜੋੜ ਕੇ ਨਮਸਕਾਰ ਕਰੋ। ਤਾਂ ਬਸਤਰ ਮਿਲਣਗੇ। ਫਿਰ ਗੋਪੀਆਂ ਬੋਲੀਆਂ, ਹੇ ਨੰਦ ਲਾਲ ਸਾਡੇ ਨਾਲ ਕਪਟ ਕਿਉਂ ਕਰਦੇ ਹੋ। ਏਨਾ ਕਹਿ ਕੇ ਗੋਪੀਆਂ ਨੇ ਹੱਥ ਜੋੜ ਕੇ ਨਮਸਕਾਰ ਕੀਤਾ। ਤਾਂ ਭਗਵਾਨ ਨੇ ਦਰਸ਼ਨ ਦਿੱਤੇ ਅਤੇ ਉਹਨਾਂ ਕੋਲ ਆ ਕੇ ਕਿਹਾ ਦੇਖੋ ਫੇਰ ਕਦੀ ਨੰਗ ਅੰਗ ਇਸ਼ਨਾਨ ਨਹੀਂ ਕਰਨਾ। ਹੱਛਾ ਮੇਰਾ ਮਸੂਲ ਮੈਨੂੰ ਦਿਉ। ਏਨੀ ਬਾਤ ਕਹਿ ਕੇ ਉਹਨਾਂ ਦੇ ਮੂੰਹ ਚੁੰਮ ਲਏ ਅਤੇ ਕੁੱਚੋ ਨੂੰ ਪਵਿੱਤਰ ਕਰ ਦਿੱਤਾ। ਜਿਵੇਂ ਹਰਨ ਹਰਨੀਆਂ ਨਾਲ ਕ੍ਰੀੜਾ ਕਰਦਾ ਹੈ। ਇਸ ਰੀਤ ਨਾਲ ਭਗਵਾਨ ਉਹਨਾਂ ਨਾਲ ਕਾਮ ਚੇਸ਼ਟਾ ਕਰਕੇ, ਸਭ ਨੂੰ ਸੁੱਖ ਦੇ ਕੇ ਫੇਰ ਬੰਸੀ ਘਾਟ ਤੇ ਚਲੇ ਗਏ।

(ਸਫਾ 326 ਅਧਿ-33) ਸੁਕਦੇਵ ਜੀ ਬੋਲੇ, ਹੇ ਪ੍ਰਿਥਵੀ ਨਾਥ, ਰਾਮ ਲੀਲਾ ਕਰਦਿਆਂ ਕਰਦਿਆਂ ਜੋ ਕ੍ਰਿਸ਼ਨ ਚੰਦਰ ਜੀ ਦੇ ਮਨ ਵਿੱਚ ਤਰੰਗ ਆਈ ਤਾਂ ਗੋਪੀਆਂ ਨੂੰ ਲੈ ਕੇ ਜਮਨਾਂ ਦੇ ਪਾਣੀ ਵਿੱਚ ਜਾ ਕੇ ਕ੍ਰੀੜਾ ਕਰਕੇ, ਥਕੇਵਾਂ ਮਿਟਾ ਕੇ ਬਾਹਰ ਨਿਕਲੇ ਤੇ ਸਭ ਦੇ ਮਨੋਰਥ ਪੂਰੇ ਕੀਤੇ। ਫਿਰ ਬੋਲੇ ਹੁਣ ਚਾਰ ਘੜੀ ਰਾਤ ਰਹਿ ਗਈ ਹੈ ਤੁਸੀਂ ਆਪਣੇ ਘਰਾਂ ਨੂੰ ਜਾਉ।

(ਸਫਾ 327) ਰਾਜਾ ਪ੍ਰੀਛਤ ਨੇ ਰਿਸ਼ੀ ਸੁਕਦੇਵ ਨੂੰ ਪੁੱਛਿਆ ਕਿ ਦੀਨ ਦਿਆਲ ਮੈਨੂੰ ਤੁਸੀਂ ਸਮਝਾਓ ਕਿ ਕ੍ਰਿਸ਼ਨ ਚੰਦਰ ਮਹਾਰਾਜ ਤਾਂ ਆਸੁਰਾਂ ਨੂੰ ਮਾਰਨ ਵਾਸਤੇ ਅਵਤਾਰ ਧਾਰਕੇ ਆਏ ਸਨ। ਉਹਨਾਂ ਨੇ ਪਰਾਈਆਂ ਇਸਤਰੀਆਂ ਨਾਲ ਰਾਸ ਬਿਲਾਸ ਕਿਉਂ ਕੀਤਾ। ਇਹਤਾਂ ਕਾਮੀ ਲੰਪਟਾਂ ਦਾ ਕੰਮ ਹੈ। ਅੱਛੇ ਪੁਰਸ਼ ਪਰਾਈ ਇਸਤਰੀ ਨਾਲ ਭੋਗ ਨਹੀਂ ਕਰਦੇ।

ਤਾਂ ਸੁਕਦੇਵ ਜੀ ਬੋਲੇ, ਮਹਾਰਾਜ ਨੇ ਕਿਹਾ ਹੈ-

ਹਰਿ ਕੇ ਚਰਿਤਰ ਮਾਨ ਲੀਜੈ। ਪਰ ਉਨਮੇਂ ਮਨ ਨਹੀਂ ਦੀਜੈ।
ਜੋ ਕੋਈ ਗੋਪੀ ਨਾਥ ਕਾ ਜਸ ਗਾਤਾ ਹੈ। ਸੋ ਨਿਰਭੈ ਅਟਲ ਪਰਮ ਪਾਤਾ ਹੈ।
ਔਰ ਜੈਸਾ ਫਲ ਹੋਤਾ ਹੈ ਅਠਸਠ ਤੀਰਥ ਨੂੰ ਨਹਾਨੇ ਮੇਂ
ਤੈਸਾ ਹੀ ਫਲ ਮਿਲਤਾ ਹੈ। ਸ੍ਰੀ ਕਿਸ਼ਨ ਚੰਦਰ ਜੀ ਕਾ ਗੁਨ ਗਾਨੇ ਸੇ।

(ਸਫਾ 331-32) ਕੰਸ ਨੇ ਜਾਦਵਾਂ ਦੀ ਕੁੱਲ ਵਿੱਚੋਂ ਇਕ ਸਿਆਣੇ ਗਿਆਨੀ ਅਤੇ ਧਰਮਾਤਮਾਂ ਮਨੁੱਖ

ਅਕਰੂਰ ਨੂੰ ਬੁਲਾਇਆ ਅਤੇ ਉਸਨੂੰ ਬੇਨਤੀ ਕੀਤੀ ਕਿ ਉਹ ਉਸਦਾ ਇਕ ਕਾਰਜ ਕਰੇ।

ਜਿਵੇਂ ਇੰਦਰ ਰਾਜਾ ਇੰਦਰ ਦਾ ਕੰਮ 'ਬਾਵਨ ਅਵਤਾਰ' ਨੇ ਜਾ ਕੀਤਾ ਸੀ ਕਿ ਰਾਜਾ ਬਾਲੀ ਨੂੰ ਛਲ ਕੇ ਸਾਰਾ ਰਾਜ ਖੋਹ ਲਿਆ ਅਤੇ ਬਲੀ ਨੂੰ ਪਤਾਲ ਵਿੱਚ ਭੇਜ ਦਿੱਤਾ ਸੀ। ਇਸ ਤਰ੍ਹਾਂ ਮੇਰਾ ਇਕ ਕਾਰਜ ਕਰੋ ਕਿ ਇਕ ਵਾਰ ਬਿੰਦਰਾਬਣ ਜਾਵੋ ਅਤੇ ਦੇਵਕੀ ਦੇ ਦੋਨੋਂ ਲੜਕੇ ਨੰਦ ਰਾਇ ਨੂੰ, ਛਲ ਬਲ ਕਰਕੇ, ਇਕ ਵਾਰ ਏਥੇ ਲੈ ਆਉ। ਫਿਰ ਮੈਂ ਉਹਨਾਂ ਨੂੰ ਜਿਉਂਦੇ ਨਹੀਂ ਛੱਡੂੰਗਾ।

ਫੇਰ ਉਗਰ ਸੈਨ ਦਾ ਨਾਸ ਕਰੂੰਗਾ ਕਿਉਂਕਿ ਉਹ ਬੜਾ ਪਾਪੀ ਹੈ। ਮੈਨੂੰ ਮਾਰਿਆ ਭਾਲਦਾ ਹੈ। ਫੇਰ ਦੇਵਕੀ ਦੇ ਪਿਤਾ, ਦੇਵਕ ਦੇ ਸਾਥ ਅੱਗ ਵਿੱਚ ਜਲਾਊਂਗਾ ਜਾਂ ਪਾਣੀ ਵਿਚ ਡੋਬੂੰਗਾ। ਉਸ ਦੇ ਨਾਲ ਦੇਵਕੀ ਅਤੇ ਵਾਸਦੇਵ ਨੂੰ ਮਾਰ, ਹਰੀ ਭਗਤਾਂ ਨੂੰ ਜੜ੍ਹੋਂ ਉਖਾੜੂੰਗਾ। ਫਿਰ ਨਿਹਕੰਟਕ ਰਾਜ ਕਰਕੇ ਜਰਾਸੰਧ ਨੂੰ, ਜੋ ਮੇਰਾ ਮਿੱਤਰ ਹੈ, ਸਾਰੇ ਪਰਚੰਡ ਜਿਸ ਤੋਂ ਤ੍ਰਾਸ-ਤ੍ਰਾਸ ਕਰਦੇ ਕੰਬਦੇ ਹਨ। ਨੌਖੰਡ ਅਤੇ ਨਰਕਾਸੁਰ, ਬਲਾਸੁਰ, ਆਦਿ ਵੱਡੇ ਵੱਡੇ ਮਹਾਂਬਲੀ ਰਾਕਸ਼ਸ਼ ਜਿਸਦੇ ਸੇਵਕ ਹਨ, ਉਹਨਾਂ ਨਾਲ ਜਾ ਮਿਲੂੰਗਾ। ਸੋ ਤੁਸੀਂ ਜਿੰਨਾ ਜਲਦੀ ਹੋ ਸਕੇ, ਕ੍ਰਿਸ਼ਨ ਜੀ ਨੂੰ ਲੈ ਆਵੋ।"

(ਕੰਸ ਦੀ ਇਸ ਬੇਨਤੀ ਤੋਂ ਸਾਫ ਜਾਹਰ ਹੁੰਦਾ ਹੈ ਕਿ ਕੰਸ ਦੇਵਤਿਆਂ ਦੀ ਕਿਸੇ ਅੰਸ਼ ਨੂੰ ਦੇਖਣ ਨੂੰ ਤਿਆਰ ਨਹੀਂ ਤੇ ਦੇਵ ਅੰਸ਼ ਕੰਸ ਨੂੰ ਵੇਖਣ ਨੂੰ ਤਿਆਰ ਨਹੀਂ। ਉਹ ਇਕ ਦੂਜੇ ਨੂੰ ਮਾਰਨ ਤੇ ਉਤਾਰੂ ਹਨ। ਕੰਸ ਨੂੰ ਅਸਲੀਅਤ ਦੀ ਪਛਾਣ ਹੋ ਚੁੱਕੀ ਹੈ ਕਿ ਦੇਵ-ਆਸੁਰ ਯੁੱਧ ਰਾਜ ਪਾਠ ਦੀ ਲੜਾਈ ਹੈ। ਉਹ ਦੇਵਤਿਆਂ ਦੇ ਵਲ ਛੱਲ ਨੂੰ ਵੀ ਸਮਝ ਗਿਆ ਜਾਪਦਾ ਹੈ। ਤੇ ਉਸਨੂੰ ਇਹ ਸਾਫ ਨਜ਼ਰ ਆਉਣ ਲੱਗਾ ਹੈ ਕਿ ਕ੍ਰਿਸ਼ਨ ਭਗਵਾਨ ਉਸਨੂੰ ਮਾਰਨ ਲਈ ਪੈਦਾ ਹੋਣ ਵਾਲਾ ਬਾਲਕ ਹੀ ਹੈ। ਜਿਸਦੀ ਦੇਵਤਿਆਂ ਨੇ ਭਵਿੱਖ ਬਾਣੀ ਕਰ ਦਿੱਤੀ ਸੀ। ਕੰਸ ਉਸ ਸਮੇਂ ਦੇ ਮਹਾਂਬਲੀ ਆਸੁਰਾਂ ਨਾਲ ਵੀ ਮੇਲ ਜੋਲ ਕਰਨ ਦੀ ਤਮੰਨਾਂ ਰੱਖਦਾ ਹੈ)

ਇਸੇ ਤਰ੍ਹਾਂ ਵਿਰੋਧੀ ਧਿਰ ਦਾ ਵਰਨਣ ਹੈ।(ਸਫਾ 347 ਅਧਿ-45) ਨਰਾਇਣ ਰੂਪ ਦੇਖਕੇ ਵਾਸਦੇਵ ਅਤੇ ਦੇਵਕੀ ਨੂੰ ਗਿਆਨ ਹੋ ਗਿਆ। ਉਹਨਾਂ ਨੇ ਆਪਣੇ ਹਿਰਦੇ ਵਿੱਚ ਨਿਸ਼ਚੇ ਕਰਕੇ ਜਾਣ ਲਿਆ ਕਿ ਇਹ ਦੋਨੋਂ ਕ੍ਰਿਸ਼ਨ ਅਤੇ ਬਲਰਾਮ ਵਿਧਾਤਾ ਹਨ। ਆਸੁਰਾਂ ਨੂੰ ਮਾਰ ਕੇ ਪ੍ਰਿਥਵੀ ਦਾ ਭਾਰ ਉਤਾਰਨ ਲਈ ਸੰਸਾਰ ਵਿਚ ਅਵਤਾਰ ਲੈ ਕੇ ਆ ਗਏ ਹਨ।

(ਸਫਾ 346 ਅਧਿ 44) ਜਦੋਂ ਕੰਸ ਅਤੇ ਕ੍ਰਿਸ਼ਨ ਦਾ ਯੁੱਧ ਹੋ ਰਿਹਾ ਸੀ ਤਾਂ 'ਸੁਰ, ਨਰ, ਮੁਨ ਜਨ ਗਣ ਗੰਧਰਵਾ ਇਸ ਯੁੱਧ ਨੂੰ ਵੇਖਕੇ ਹੈਰਾਨ ਹੋਏ ਪੁਕਾਰ ਰਹੇ ਸਨ ਹੇ ਨਾਥ। ਇਸ ਦੁਸ਼ਟ ਨੂੰ ਸ਼ੀਘਰ ਮਾਰ ਦਿਉ। ਜਦੋਂ ਕ੍ਰਿਸ਼ਨ ਨੇ ਕੰਸ ਨੂੰ ਮਾਰ ਦਿੱਤਾ ਤਾਂ ਸੁਰ ਨਰ ਮਨੁ ਜਨ ਸਭ ਨੂੰ ਆਨੰਦ ਹੋਇਆ। (348) ਤਾਂ ਨਾਲਾ ਰਾਜਾ ਉਗਰ ਸੈਨ ਨੇ ਕਿਹਾ-

"ਕਿਰਪਾ ਨਾਥ। ਮੇਰੀ ਬੇਨਤੀ ਸੁਣ ਲਉ ਕਿ ਕਿਸ ਤਰ੍ਹਾਂ ਆਪਨੇ ਕੰਸ ਨੂੰ ਸਾਰੇ ਦੁਸ਼ਟਾਂ ਸਮੇਤ ਮਾਰ ਕੇ ਭਗਤਾਂ ਨੂੰ ਸੁੱਖ ਦਿੱਤਾ ਹੈ। ਤਿਵੇਂ ਹੀ ਸੰਘਾਸਣ 'ਤੇ ਬੈਠਕੇ, ਮਥਰਾ ਦਾ ਰਾਜ ਕਰਕੇ, ਪਰਜਾ ਦਾ ਪਾਲਣ ਕਰੋ।"

(ਦੇਖੋ ਸਾਰੀਆਂ ਕਥਾਵਾਂ ਦਾ ਮਨੋਰਥ ਰਾਜ ਪਾਠ ਪ੍ਰਾਪਤ ਕਰਨਾ ਹੀ ਸਿੱਧ ਹੁੰਦਾ ਹੈ)

ਕੁਬਜਾਂ ਅਤੇ ਹਰੀ ਕ੍ਰਿਸ਼ਨ

(ਸਫਾ 360 ਅਧਿ 48) ਉੱਜਲ ਬਿਛਾਉਣਾ ਵਿਛਿਆ ਹੈ। ਉਸਤੇ ਫੁੱਲਾਂ ਨਾਲ ਸਵਾਰੀ ਇਕ ਅੱਛੀ ਸੇਜ ਵਿਛੀ ਹੈ। ਉਸ ਤੇ ਹਰੀ ਜੀ ਵਿਰਾਜੇ ਅਤੇ ਕੁਬਜਾਂ, ਇਕ ਪਾਸੇ ਮੰਦਰ ਵਿਚ ਜਾ ਕੇ ਸੁਗੰਧ ਬਟਣਾ ਲਗਾਏ ਹਥ ਮੂੰਹ ਧੋ ਕੇ ਕੰਘੀ ਪੱਟੀ ਕਰਕੇ, ਸੁਥਰੇ ਕੱਪੜੇ ਗਹਿਣੇ ਪਹਿਨ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸ਼ਿੰਗਾਰ , ਪਾਨ ਖਾ ਕੇ ਸੁਗੰਧੀ ਲਗ ਕੇ ਪੂਰੇ ਮਨ ਭਾਵ ਅਤੇ ਚਾਅ ਨਾਲ ਸ਼੍ਰੀ ਕ੍ਰਿਸ਼ਨ ਚੰਦਰ ਜੀ ਦੇ ਨੇੜੇ ਆਈ ਜਿਵੇਂ ਕਾਮਦੇਵ ਦੀ ਇਸਤਰੀ ਕਾਮਦੇਵ ਪਾਸ ਆਉਂਦੀ ਹੈ। ਅਤੇ ਸ਼ਰਮ ਨਾਲ ਘੁੰਡ ਵਿਚ ਮੁੱਖ ਢਕਕੇ, ਪਹਿਲੀ ਮਿਲਣੀ ਦਾ ਸਮਾਂ ਜਾਣ, ਡਰ ਭੈਅ ਲਈ ਚੁੱਪ ਚਾਪ ਖੜੀ ਹੋ ਗਈ। ਹਰੀ ਨੇ ਵੇਖਦੇ ਹੀ ਉਸਨੂੰ ਬਾਂਹ ਤੋਂ ਫੜ ਕੇ ਆਪਣੇ ਪਾਸ ਬਿਠਾ ਲਿਆ ਅਤੇ ਛਾਤੀ ਨਾਲ ਲਗਾ ਕੇ ਉਸਦਾ ਮਨੋਰਥ ਪੂਰਾ ਕੀਤਾ।

ਮਗਧ ਦਾ ਮਹਾਰਾਜਾ ਜਰਾਸੰਧ ਅਤੇ ਕਾਲ ਯਮਨ

(ਸਫਾ 363 ਅਧਿ. 51) – ਕੰਸ਼ ਦੀਆਂ ਰਾਣੀਆਂ ਆਪਣੇ ਪਤੀ ਦੇ ਸ਼ੋਕ ਵਿੱਚ ਬਹੁਤ ਦੁਖੀ ਸੀ । ਨਾ ਉਨ੍ਹਾਂ ਨੂੰ ਨੀਂਦ ਆਉਂਦੀ ਸੀ ਨਾ ਭੁੱਖ ਪਿਆਸ ਲੱਗਦੀ ਸੀ, ਅੱਠੋ ਪਹਿਰ ਉਦਾਸ ਰਹਿੰਦੀਆਂ ਸਨ । ਦੋਹਾਂ ਨੇ ਫੈਸਲਾ

ਕੀਤਾ ਕਿ ਪਿਤਾ ਦੇ ਘਰ ਚੱਲ ਰਹੀਏ। ਦੋਹਾਂ ਰਾਣੀਆਂ ਨੇ ਸੋਚ ਵਿਚਾਰ ਨੇ ਰਥ ਮੰਗਵਾਇਆ। ਉਸ 'ਤੇ ਚੜ੍ਹ ਕੇ ਮਗਧ ਰਾਜ ਦੇ ਪਟਨਾ ਨਗਰ ਵਿੱਚ ਆਪਣੇ ਪਿਤਾ ਦੇ ਪਾਸ ਆ ਗਈਆ। (ਮਗਧ ਰਾਜ ਬੋਧੀ ਰਾਜ ਦਾ ਵੱਡਾ ਕੇਂਦਰ ਸੀ।) ਜਿਸ ਤਰ੍ਹਾਂ ਕ੍ਰਿਸ਼ਨ ਅਤੇ ਬਲਰਾਮ ਨੇ ਸਾਰੇ ਆਸੁਮ ਸਮੇਤ ਕੰਸ਼ ਨੂੰ ਮਾਰਿਆ ਸੀ, ਤਿਵੇਂ-ਤਿਵੇਂ ਦੋਹਾਂ ਨੇ ਰੋ-ਰੋ ਕੇ ਸਾਰਾ ਸਮਾਚਾਰ ਆਪਣੇ ਪਿਤਾ ਨੂੰ ਸੁਣਾਇਆ। ਜਰਾਸੰਧ ਨੂੰ ਬਹੁਤ ਕ੍ਰੋਧ ਆਇਆ ਅਤੇ ਉਸ ਨੇ ਆਪਣੀ ਅਤੇ ਹੋਰ ਰਾਜਿਆਂ ਦੀ ਸੈਨਾ ਲੈ ਕੇ ਮਥਰਾ 'ਤੇ ਚੜ੍ਹਾਈ ਕਰ ਦਿੱਤੀ, ਪਰ ਉਹ ਹਾਰ ਗਿਆ।

(366) ਕੁਝ ਸਮਾਂ ਪਾ ਕੇ ਜਰਾਸੰਧ ਨੇ ਫੇਰ ਸੈਨਾ ਲੈ ਕੇ ਮਥਰਾ 'ਤੇ ਹਮਲਾ ਕਰ ਦਿੱਤਾ। ਫੇਰ ਹਾਰ ਖਾ ਕੇ ਪਰਤ ਗਿਆ। ਤੀਜੀ ਵਾਰ ਫੇਰ ਉਸ ਨੇ ਜ਼ਿਆਦਾ ਸੈਨਾ ਲੈ ਕੇ ਹਮਲਾ ਕੀਤਾ, ਪ੍ਰੰਤੂ ਤੀਜੀ ਵਾਰ ਵੀ ਉਸ ਨੂੰ ਹਾਰ ਹੋ ਗਈ।

(366) ਇਸ ਤੋਂ ਅਗਲੀ ਕਥਾ ਹੈ ਕਿ ਅਜਿਹੇ ਹਾਲਤ ਵਿੱਚ ਨਾਰਦ ਮੁਨੀ ਦੇ ਮਨ ਵਿੱਚ ਕੋਈ ਗੱਲ ਆਈ ਅਤੇ ਉਹ ਜਲਦੀ ਨਾਲ ਉੱਠਕੇ ਕਾਲ ਯਮਨ ਕੋਲ ਗਏ। ਤੇ ਕਿਹਾ ਕਿ ਜਰਾਸੰਧ ਤੋਂ ਤਾਂ ਕੁਝ ਨਹੀਂ ਹੋਇਆ ਤੂੰ ਅਮਰ ਹੈ ਮਹਾਂਬਲੀ ਹੈ। ਇਸ ਲਈ ਤੂੰ ਸ਼ਿਆਮ ਸੁੰਦਰ (ਭਾਵ ਕ੍ਰਿਸ਼ਨ) ਨੂੰ ਮਾਰੇ ਬਿਨ੍ਹਾ ਪਿੱਛਾ ਨਾ ਛੱਡਣਾ। (ਸੰਖੇਪ) ਇਹ ਕਹਿ ਕੇ ਨਾਰਦ ਮੁਨੀ ਚਲੇ ਗਏ।

(ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਨਾਰਦ ਮੁਨੀ ਨੇ ਕੰਸ਼ ਨੂੰ ਵੀ ਅਜਿਹਾ ਹੀ ਕਿਹਾ ਸੀ ਅਤੇ ਕਾਲ ਯਮਨ ਨੂੰ ਵੀ ਇਹੋ ਕਿਹਾ। ਜਦੋਂ ਕਿ ਨਾਰਦ ਮੁਨੀ ਬ੍ਰਾਹਮਣ ਹੈ। ਉਹ ਰਾਖਸ਼ਾਂ ਨੂੰ ਅਜਿਹਾ ਕਿਉਂ ਕਹਿੰਦਾ ਹੈ? ਉਧਰ ਉਗਰਸੈਨ ਦਾ ਰਾਜਾ ਕਸ਼ੱਤਰੀ ਰਾਜ ਹੈ। ਜਿਥੇ ਦੇਵਤੇ ਸੁਖੀ ਸਨ। ਕੀ ਨਾਰਦ ਮੁਨੀ ਨੂੰ ਕਸ਼ੱਤਰੀ ਰਾਜ ਚੰਗਾ ਨਹੀਂ ਲੱਗਦਾ? ਜਿਵੇਂ ਪਰਸ਼ੂ ਰਾਮ ਨੂੰ ਜਾਂ ਉਹ ਹਰ ਸਮੇਂ ਯੁੱਧ ਕਰਵਾਉਣ ਦੀ ਨੀਤੀ 'ਤੇ ਚੱਲਦਾ ਹੈ? ਜਾਂ ਕੀ ਉਹ ਇਹ ਸੋਚਦਾ ਹੈ ਕਿ ਕ੍ਰਿਸ਼ਨ ਤੇ ਬਲਰਾਮ ਕਾਰਨ, ਮਥਰਾ ਨੇ ਇੱਕ ਤਾਕਤਵਰ ਰਾਜ ਸਥਾਪਤ ਕਰ ਲਿਆ ਹੈ, ਤੇ ਉਸ ਦੇ ਮੁਕਾਬਲੇ ਜਰਾਸੰਧ ਵੀ ਨਹੀਂ ਟਿੱਕ ਸਕਿਆ। ਕਾਲਯਮਨ ਨੂੰ ਵੀ ਟਕਰਾ ਕੇ ਕਮਜ਼ੋਰ ਕਰਨ 'ਚ ਭਲਾ ਹੈ। ਭਾਵੇਂ ਅਜਿਹਾ ਕੁਝ ਵੀ ਸਪੱਸ਼ਟ ਨਹੀਂ ਹੁੰਦਾ, ਪ੍ਰੰਤੂ ਬਿਲਾ ਕਾਰਨ ਨਾਰਦ ਮੁਨੀ ਨੇ ਕਾਲਯਮਨ ਨੂੰ ਲੜਨ ਲਈ ਕਹਿਣਾ ਸੰਭਵ ਨਹੀਂ ਹੋ ਸਕਦਾ।)

(ਸਫਾ 366) ਕਾਲ ਯਮਨ ਨੇ ਆਪਣੀ ਫੌਜ ਇਕੱਠੀ ਕੀਤੀ। ਇਸ ਤਰ੍ਹਾਂ ਕਿੰਨੇ ਦਿਨਾਂ ਵਿੱਚ ਉਸ ਨੇ ਤਿੰਨ ਕਰੋੜ (?) ਮਹਾਂ ਮਲੇਛ ਅਤੇ ਭਿਆਨਕ ਇਕੱਠੇ ਕਰ ਲਏ। ਜਿੰਨ੍ਹਾਂ ਦੀਆਂ ਮੋਟੀਆਂ ਬਾਹਾਂ ਵੱਡੇ-ਵੱਡੇ ਭਾਰੀ ਸਿਰ, ਭੂਰੇ ਕੇਸ, ਭੂਰੇ ਲਾਲ ਨੇਤਰ, ਉਨ੍ਹਾਂ ਨੂੰ ਨਾਲ ਲੈ ਕੇ ਮਥਰਾ ਪੁਰੀ 'ਤੇ ਚੜ੍ਹਾਈ ਕਰ ਦਿੱਤੀ ਅਤੇ ਮਥਰਾ ਨੂੰ ਚਾਰਾਂ ਤਰਫ ਤੋਂ ਘੇਰ ਲਿਆ।

ਨਤੀਜਾ—ਉਸ ਸਮੇਂ ਉਨ੍ਹਾਂ ਦਾ ਵਿਵਹਾਰ ਵੇਖਕੇ ਕ੍ਰਿਸ਼ਨ ਜੀ ਨੇ ਆਪਣੇ ਮਨ ਵਿੱਚ ਵਿਚਾਰਿਆ ਕਿ ਹੁਣ ਏਥੇ ਰਹਿਣਾ ਭਲਾ ਨਹੀਂ। ਕਿਉਂਕਿ ਅੱਜ ਇਹ ਚੜ੍ਹ ਆਇਆ ਹੈ, ਕੱਲ੍ਹ ਨੂੰ ਜਰਾਸੰਦ ਵੀ ਚੜ੍ਹ ਆਏ ਤਾਂ ਪਰਜਾ ਦੁੱਖ ਪਾਵੇਗੀ। ਇਸ ਤੋਂ ਚੰਗਾ ਇਹੀ ਹੈ ਕਿ ਏਥੇ ਨਾ ਰਿਹਾ ਜਾਵੇ। ਸਾਰਿਆਂ ਸਮੇਤ ਕਿਸੇ ਹੋਰ ਜਮਾਤ ਜਾ ਕੇ ਰਿਹਾ ਜਾਵੇ।

ਕ੍ਰਿਸ਼ਨ ਨੇ ਵਿਸ਼ਵਕਰਮਾ ਨੂੰ ਬੁਲਾਇਆ ਅਤੇ ਅਜਿਹਾ ਨਗਰ ਵਸਾਉਣ ਨੂੰ ਕਿਹਾ ਜਿਥੇ ਬਿਨ੍ਹਾ ਭੇਤ ਲੱਗੇ, ਸਾਰੀ ਪਰਜਾ ਪਹੁੰਚ ਕੇ ਸੁਖੀ ਰਹੇ। ਅਜਿਹਾ ਹੀ ਕੀਤਾ ਗਿਆ। ਕ੍ਰਿਸ਼ਨ ਜੀ ਨੇ ਉਸ ਨਗਰ ਦਾ ਨਾਮ ਦੁਆਰਕਾ ਰੱਖਿਆ। ਰਾਤੋਂ-ਰਾਤ ਹੀ ਉਗਰਸੈਨ ਅਤੇ ਵਾਸਦੇਵ ਸਮੇਤ ਸਾਰੇ ਯਦਵੰਸ਼ੀ ਅਤੇ ਸਾਰੇ ਮਥਰਾ ਨਿਵਾਸੀ ਦਵਾਰਕਾ ਵਿੱਚ ਪਹੁੰਚਾ ਦਿੱਤੇ ਗਏ। (ਸੰਖੇਪ)

(369) ਹਲਧਰ ਨੂੰ ਨਾਲ ਲੈ ਕੇ ਕ੍ਰਿਸ਼ਨ ਚੰਦਰ ਮਥਰਾ ਪੁਰੀ ਤੋਂ ਨਿਕਲਕੇ ਉੱਥੇ ਆਏ, ਜਿਥੇ ਕਾਲਯਮਨ ਕੜਕ ਰਿਹਾ ਸੀ। ਆਉਂਦੇ ਹੀ ਉਹ ਯੁੱਧ ਕਰਨ ਲੱਗੇ। ਪ੍ਰਭੂ ਕ੍ਰਿਸ਼ਨ ਨੇ ਲੜਦੇ-ਲੜਦੇ ਮਲੇਛਾਂ ਦੀ ਸੈਨਾ ਨੂੰ ਮਾਰਿਆ ਤਾਂ ਬਲਦੇਵ ਨੂੰ ਕਿਹਾ ਕਿ ਹੁਣ ਮਥਰਾ ਦੀ ਸਾਰੀ ਸੰਪਤੀ ਦੁਆਰਕਾ ਭੇਜ ਦਿੱਤੀ ਜਾਵੇ। ਤਾਂ ਸ੍ਰੀ ਕ੍ਰਿਸ਼ਨ ਚੰਦਰ ਨੇ ਮਥਰਾ ਦਾ ਸਾਰਾ ਧਨ ਨਿਕਾਲ-ਨਿਕਾਲ ਕੇ ਛਕੜਿਆਂ ਊਠਾਂ, ਗੱਡਿਆਂ, ਹਾਥੀਆਂ 'ਤੇ ਲੱਦ-ਲੱਦ ਕੇ ਦਵਾਰਕਾ ਵਿੱਚ ਭੇਜ ਦਿੱਤਾ। ਏਨੇ ਨੂੰ ਜਰਾਸੰਧ ਨੇ ਫੇਰ ਤੇਤੀ ਖੂਹਣੀ ਸੈਨਾ ਲੈ ਕੇ ਮਥਰਾ ਪੁਰੀ 'ਤੇ ਚੜ੍ਹਾਈ ਕਰ ਦਿੱਤੀ।

ਤਾਂ ਸ੍ਰੀ ਕ੍ਰਿਸ਼ਨ ਅਤੇ ਬਲਰਾਮ ਘਬਰਾ ਗਏ । ਕੇਵਲ ਲੋਕਾਂ ਨੂੰ ਦਿਖਾਉਣ ਵਾਸਤੇ ਅਤੇ ਉਨ੍ਹਾਂ ਦੇ ਮਨ ਦਾ ਸੰਤਾਪ ਮਿਟਾਉਣ ਨਮਿਤ ਮਥਰਾ ਤੋਂ ਭਜ ਨਿਕਲੇ ਤਾਂ ਸਭ ਨੇ ਜਰਾਸੰਧ ਨੂੰ ਕਿਹਾ ਕਿ ਮਹਾਰਾਜ ਆਪਦੇ ਪ੍ਰਤਾਪ ਅੱਗੇ ਕੌਣ ਐਸਾ ਬਲੀ ਹੈ, ਜੋ ਠਹਿਰੇ।

ਉਹ ਦੋਨੋਂ ਭਰਾ ਕ੍ਰਿਸ਼ਨ ਤੇ ਬਲਰਾਮ ਆਪਣਾ ਧਨ ਧਾਮ ਛੱਡ ਕੇ ਅਤੇ ਆਪਣੇ ਪ੍ਰਾਣ ਲੈ ਕੇ ਤੁਹਾਡੇ ਡਰ ਦੇ ਮਾਰੇ ਨੰਗੇ ਪੈਰੀ ਭੱਜੇ ਜਾਂਦੇ ਹਨ । ਏਨੀ ਗੱਲ ਸੁਣ ਕੇ ਜਰਾਸੰਧ ਵੀ ਸੈਨਾ ਲੈ ਕੇ ਉਨ੍ਹਾਂ ਦੇ ਪਿੱਛੇ ਦੌੜਿਆ।

ਅੱਗੇ ਕ੍ਰਿਸ਼ਨ ਅਤੇ ਬਲਰਾਮ ਭੱਜਦੇ-ਭੱਜਦੇ ਇੱਕ ਗੌਤਮ ਨਾਂ ਦੇ ਉੱਚੇ ਪਰਬਤ 'ਤੇ ਚੜ੍ਹ ਗਏ । ਜਰਾਸੰਧ ਦਾ ਹੁਕਮ ਪਾ ਕੇ ਦੁਸ਼ਟਾਂ ਨੇ ਉਸ ਪਹਾੜ ਨੂੰ ਘੇਰਾ ਪਾ ਲਿਆ ਅਤੇ ਹਰ ਜਗ੍ਹਾ ਤੋਂ ਕਾਠ ਲਕੜੀ ਲੈ ਕੇ ਪਰਬਤ ਨੂੰ ਚਾਰਾਂ ਪਾਸਿਆਂ ਤੋਂ ਅੱਗ ਲਗਾ ਦਿੱਤੀ

ਫੇਰ ਸਾਰੀ ਸੈਨਾ ਨੂੰ ਲੈ ਕੇ ਜਰਾਸੰਧ ਮਥਰਾ ਪੁਰੀ ਨੂੰ ਆ ਗਿਆ ਤੇ ਉੱਥੋਂ ਦਾ ਰਾਜ ਲੈ ਕੇ ਢੰਡੋਰਾ ਪਿਟਵਾ ਕੇ ਉਗਰਸੈਨ ਅਤੇ ਵਾਸਦੇਵ ਦੇ ਮੰਦਰਾਂ ਨੂੰ ਡੇਗ ਦਿੱਤਾ ਅਤੇ ਆਪਣੇ ਨਵੇਂ-ਨਵੇਂ ਮੰਦਰ ਬਣਾ ਕੇ ਕਈ ਆਦਮੀ ਉੱਥੇ ਛੱਡਕੇ, ਠਾਣਾ ਬਣਾ ਕੇ, ਬਹੁਤ ਅਨੰਦ ਪ੍ਰਾਪਤ ਕਰਨੇ, ਜਿੱਤ ਦਾ ਬਾਜਾ ਵਜਾ ਕੇ ਆਪਣੇ ਘਰ ਮਗਧ ਦੇਸ਼ ਨੂੰ ਵਾਪਸ ਆ ਗਿਆ । (ਜਰਾਸੰਧ ਨੂੰ ਅਸ਼ੋਕ ਦੇ ਪੋਤਰੇ ਬ੍ਰਿਹਦਰਥ ਦਾ ਪੁੱਤਰ ਦੱਸਿਆ ਗਿਆ ਹੈ । ਮਗਧ ਬੋਧੀ ਰਾਜ ਹੀ ਸੀ।)

ਰੁਕਮਣੀ ਅਤੇ ਕ੍ਰਿਸ਼ਨ ਭਗਵਾਨ

(371 ਅਧਿ. 53) ਬਿਦਰਭ ਦੇਸ਼ ਵਿੱਚ ਕੁੰਦਨ ਪੁਰ ਨਗਰ ਹੈ । ਜਿਥੇ ਭੀ ਸੁਮਨ ਨਾਮ ਦਾ ਇੱਕ ਨਰੇਸ਼ ਹੈ । ਉਸਦੇ ਘਰ ਜਾ ਕੇ ਸ੍ਰੀ ਲੱਛਮੀ ਨੇ ਅਵਤਾਰ ਲਿਆ । ਜੋਤਸ਼ੀਆਂ ਨੇ ਉਸ ਦਾ ਨਾਮ ਰੁਕਮਣੀ ਰੱਖਿਆ ।

ਇੱਕ ਦਿਨ ਨਾਰਦ ਜੀ ਨੇ ਕੁੰਦਨ ਪੁਰ ਆ ਕੇ ਰੁਕਮਣੀ ਨੂੰ ਵੇਖਿਆ ਅਤੇ ਦੁਆਰਕਾ ਵਿੱਚ ਜਾ ਕੇ, ਸ੍ਰੀ ਕ੍ਰਿਸ਼ਨ ਚੰਦਰ ਨੂੰ ਕਿਹਾ ਕਿ ਮਹਾਰਾਜ ਕੁੰਦਨ ਪੁਰ ਵਿੱਚ ਰਾਜਾ ਭੀਸ਼ਮਕ ਦੇ ਘਰ ਕੰਨਿਆ ਰੂਪ ਗੁਣਸ਼ੀਲ ਦੀ ਖਾਣ, ਲੱਛਮੀ ਦੇ ਸਮਾਨ ਜੰਮੀ ਹੈ, ਜੋ ਤੁਹਾਡੇ ਯੋਗ ਹੈ ।

(372) ਜਦੋਂ ਰੁਕਮਣੀ ਵਿਆਹੁਣ ਲਾਇਕ ਹੋਈ ਤਾਂ, ਭੀਸ਼ਮਕ ਦੇ ਵੱਡੇ ਪੁੱਤਰ ਰੁਕਮੀ ਨੇ ਕਿਹਾ ਕਿ ਨਗਰ ਚੰਦੇਰ ਦਾ ਰਾਜਾ ਸ਼ਿਸ਼ੂ ਪਾਲ ਹੈ, ਜੋ ਅਤਿ ਬਲਵਾਨ ਹੈ ਅਤੇ ਹਰ ਤਰ੍ਹਾਂ ਸਾਡੇ ਸਮਾਨ ਹੈ । ਉਸ ਨਾਲ ਰੁਕਮਣੀ ਦੀ ਸਮਾਈ ਕਰਨੀ ਚਾਹੀਦੀ ਹੈ ।

ਫਿਰ ਛੋਟੇ ਲੜਕੇ ਰੁਕਮਾ ਕੇਸ ਨੇ ਕਿਹਾ ਕਿ ਪਿਤਾ ਜੀ ਰੁਕਮਣੀ ਕ੍ਰਿਸ਼ਨ ਜੀ ਨੂੰ ਵਿਆਹੁਣੀ ਚਾਹੀਦੀ ਹੈ । ਜੋ ਯਦ ਵੰਸ਼ੀਆਂ ਵਿੱਚ ਰਾਜਾ ਸੂਰ ਸੈਨ ਦੇ ਪੁੱਤਰ ਵਾਸਦੇਵ ਦਾ ਬੇਟਾ ਹੈ । ਤਾਂ ਵੱਡਾ ਭਰਾ ਰੁਕਮੀ ਬੋਲਿਆ.

ਸਮਝ ਨਾ ਬੋਲਤ ਮਹਾਂ ਗਵਾਰ। ਜਾਨਤੇ ਨਹੀਂ ਕ੍ਰਿਸ਼ਨ ਬਿਉਹਾਰ ।
ਸੋਮ ਬਰਖ ਨੰਦ ਕੇ ਰਹਯੋ। ਤਬ ਅਹੀਰ ਸਬ ਕਾਹੂੰ ਕਹਯੋ ।
ਕਾਮਰ ਓਢੀ ਗਾਏ ਚਮਈ। ਭਾਤ ਢਾਛ ਮੁਆਲੋਂ ਸੰਗ ਖਾਈ ।

ਉਹ ਤਾਂ ਗਵਾਲ ਬਾਲ ਹੈ । ਉਸ ਦੀ ਜਾਤ-ਪਾਤ ਦਾ ਵੀ ਕੋਈ ਪਤਾ ਨਹੀਂ । ਜਿਸ ਦੇ ਬਾਪ ਦਾ ਵੀ ਭੇਤ ਨਹੀਂ ਲੱਗਦਾ । ਕੋਈ ਉਸ ਨੂੰ ਨੰਦ ਗੋਪਾਲ ਦਾ ਪੁੱਤ ਕਹਿੰਦਾ ਹੈ ਕਿ ਕੋਈ ਵਾਸਦੇਵ ਦਾ ਬਾਲਕ ਮੰਨਦਾ ਹੈ ਅਤੇ ਅੱਜ ਤੱਕ ਇਹ ਭੇਦ ਕਿਸੇ ਨੇ ਨਹੀਂ ਜਾਣਿਆ । ਕ੍ਰਿਸ਼ਨ ਕਿਸਦਾ ਪੁੱਤਰ ਹੈ ।

ਮੇਰੇ ਅੱਗੇ ਕ੍ਰਿਸ਼ਨ ਦਾ ਨਾਂ ਵੀ ਨਾ ਲਿਆ ਜਾਵੇ । ਰਾਜਾ ਭੀਸ਼ਮਕ ਕੁਝ ਨਾ ਬੋਲਿਆ । ਉਸ ਸਮੇਂ ਰੁਕਮੀ ਨੇ ਜੋਤਸ਼ੀਆਂ ਨੂੰ ਬੁਲਾ ਕੇ ਸ਼ੁੱਭ ਦਿਨ ਲਗਨ ਕੱਢ ਕੇ ਬ੍ਰਾਹਮਣ ਦੇ ਹੱਥ ਰਾਜ ਸ਼ਿਸ਼ਪਾਲ ਦੇ ਕੋਲ ਟੀਕਾ (ਸਾਗ) ਭੇਜ ਦਿੱਤਾ ।

(374) ਪਰ ਰੁਕਮਣੀ ਨੇ ਬ੍ਰਾਹਮਣ ਦੇ ਹੱਥ ਸੰਦੇਸ਼ ਭੇਜ ਦਿੱਤਾ ਕਿ ਉਹ ਤਾਂ ਕ੍ਰਿਸ਼ਨ ਜੀ ਦੀ ਦਾਸੀ ਹੈ ।

(376) ਬ੍ਰਾਹਮਣ ਨੇ ਜਾਕੇ ਦੱਸ ਦਿੱਤਾ ਕਿ ਕੁੰਦਨ ਪੁਰ ਦੇ ਰਾਜਾ ਭੀਮਸ਼ਕ ਦੀ ਕੰਨਿਆ ਨੇ ਆਪ ਦਾ ਨਾਮ ਅਤੇ ਗੁਣ ਸੁਣਿਆ ਹੈ । ਇਸ ਲਈ ਉਹ ਆਪਦਾ ਹੀ ਧਿਆਨ ਕਰਦੀ ਹੈ ਅਤੇ ਚਰਨ ਸੇਵਾ ਚਾਹੁੰਦੀ ਹੈ ।

(377) ਸ੍ਰੀ ਕ੍ਰਿਸ਼ਨ ਚੰਦਰ ਨੇ ਸ਼ਾਮ ਨਗਰ ਵੇਖਿਆ ਅਤੇ ਰਾਜਾ ਭੀਮਕਸ਼ ਦੇ ਬਾਗ ਵਿੱਚ ਡੇਰਾ ਜਮਾ ਲਿਆ । ਫੇਰ ਸੀਤਲ ਛਾਇਆ ਵਿੱਚ ਬੈਠ ਕੇ ਬ੍ਰਾਹਮਣ ਨੂੰ ਕਿਹਾ ਕਿ ਦੇਵਤਾ ਤੁਸੀਂ ਪਹਿਲਾਂ ਸਾਡੇ ਆਉਣ ਦਾ ਸਮਾਂਚਾਰ ਰੁਕਮਣੀ ਜੀ ਨੂੰ ਸੁਣਾਓ ।

ਉਧਰ ਰਾਜਾ ਸਿਸ਼ਪਾਲ, ਜਰਾਸੰਧ ਸਮੇਤ ਸਾਰੇ ਆਸੁਰ ਦਲ ਲੈ ਕੇ ਇਸ ਧੂਮ ਨਾਲ ਆਇਆ ਜਿਸ ਦਾ ਪਾਰਾਵਾਰ ਨਹੀਂ।

(378) ਰਾਜਾ ਉਗਰਸੈਨ ਨੇ ਡਰ ਨਾਲ ਬਲਰਾਮ ਨੂੰ ਕੋਲ ਬੁਲਾਇਆ ਅਤੇ ਕਿਹਾ ਕਿ ਉਹ ਸਾਰੀ ਸੈਨਾ ਲੈ ਕੇ ਕ੍ਰਿਸ਼ਨ ਜੀ ਦੇ ਨਾਲ ਛੇਤੀ ਕੁੰਦਨ ਪੁਰ ਜਾਓ ਅਤੇ ਉਸ ਨੂੰ ਆਪਣੇ ਸੰਗ ਲੈ ਆਓ।

(379) ਇਸ ਸਮਾਚਾਰ ਨੂੰ ਸੁਣਕੇ ਰਾਜਾ ਭੀਸ਼ਮਕ ਦਾ ਵੱਡਾ ਪੁੱਤਰ ਅਤਿ ਕ੍ਰੋਧਤ ਹੋ ਕੇ ਆਪਣੇ ਪਿਤਾ ਨੂੰ ਕੋਲ ਜਾਕੇ ਆਖਣ ਲੱਗਾ ਕਿ, "ਪਿਤਾ ਜੀ ਸੱਚ ਕਹੋ ਕ੍ਰਿਸ਼ਨ ਏਥੇ ਕਿਸ ਦੇ ਬੁਲਾਇਆ ਆਇਆ ਹੈ। ਇਸ ਗੱਲ ਦਾ ਭੇਤ ਮੈਨੂੰ ਨਹੀਂ ਕਿ ਇਹ ਬਿਨ੍ਹਾ ਬੁਲਾਏ ਐਥੇ ਕਿਵੇਂ ਆ ਗਿਆ? ਇਹ ਵਿਆਹ ਦਾ ਕਾਰਜ ਸੁਖ ਦਾ ਧਾਮ ਹੈ। ਇਸ ਗੁੱਜਰ ਦਾ ਸਾਡੇ ਨਾਲ ਕੀ ਕੰਮ ਹੈ ਪਿਤਾ। ਇਹ ਦੋਨੋਂ ਕਪਟੀ ਜਿੱਥੇ ਵੀ ਜਾਂਦੇ ਹਨ, ਉੱਥੇ ਹੀ ਕੁਹਰਾਮ ਮਚਾਉਂਦੇ ਹਨ।"

ਰੁਕਮੀ ਇਸ ਤਰ੍ਹਾਂ ਪਿਤਾ ਨੂੰ ਧਮਕਾ ਕੇ ਉਥੋਂ ਉੱਠ ਕੇ ਬੁੜ-ਬੜਾਂਦਾ ਉੱਥੇ ਚਲਾ ਗਿਆ, ਜਿੱਥੇ ਰਾਜਾ ਸਿਸ਼ਪਾਲ ਅਤੇ ਜਰਾਸੰਧ ਆਪਣੀ ਸਭਾ ਵਿੱਚ ਬੈਠੇ ਸਨ।

(380) ਸਮਾਚਾਰ ਸੁਣ ਕੇ ਸ਼ਿਸਪਾਲ ਵਿਚਾਰ ਹੀ ਕਰ ਰਿਹਾ ਸੀ, ਜਦੋਂ ਜਰਾਸੰਧ ਬੋਲ ਉੱਠਿਆ ਕਿ ਸੁਣੋਂ ਇਹ ਦੋਨੋਂ ਜਿੱਥੇ ਵੀ ਆਉਂਦੇ ਹਨ, ਕੋਈ ਨਾ ਕੋਈ ਉਪੱਦਰ ਹੀ ਮਚਾਉਂਦੇ ਹਨ। ਇਹ ਦੋਵੇਂ ਮਹਾਂਬਲੀ ਅਤੇ ਕਪਟੀ ਹਨ। ਇਨ੍ਹਾਂ ਨੂੰ ਗਵਾਰ ਨਾ ਸਮਝੋਂ ਇਹ ਕਦੀ ਕਿਸੇ ਤੋਂ ਹਾਰੇ ਨਹੀਂ ਹਨ। ਏਸੇ ਕ੍ਰਿਸ਼ਨ ਨੇ ਸਤਾਰਾਂ ਵਾਰ ਮੇਰਾ ਦਲ ਹਰਾਇਆ। ਜਦੋਂ ਮੈਂ ਅਠਾਰਵੀਂ ਵਾਰ ਚੜ੍ਹਾਈ ਕੀਤੀ ਤਾਂ ਇਹ ਭੱਜ ਕੇ ਪਰਬਤ 'ਤੇ ਜਾ ਚੜ੍ਹਿਆ। ਜਦੋਂ ਮੈਂ ਉੱਥੇ ਅੱਗ ਲਾ ਦਿੱਤੀ ਤਾਂ ਇਹ ਛਲ ਕਰਕੇ ਦੁਆਰਕਾ ਨੂੰ ਚਲਾ ਗਿਆ।

(380) ਜਦੋਂ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ ਤਾਂ ਇੱਕ ਬ੍ਰਾਹਮਣ ਦੇ ਹੱਥ ਕ੍ਰਿਸ਼ਨ ਚੰਦਰ ਜੀ ਨੂੰ ਰੁਕਮਣੀ ਨੇ ਸੁਨੇਹਾ ਭੇਜਿਆ ਕਿ ਨਗਰ ਦੀ ਪੂਰਬ ਦਿਸ਼ਾ ਵਿੱਚ ਦੇਵੀ ਦਾ ਮੰਦਰ ਹੈ। ਦੋ ਘੜੀ ਦਿਨ ਰਹੇ ਤਾਂ ਮੈਂ ਜਾਊਂਗਾ। ਸੋ ਮੇਰੀ ਲਾਜ ਤੁਸ਼ੀਂ ਰੱਖਣੀ ਹੈ।

ਜਦੋਂ ਚਾਰ ਘੜੀਆਂ ਦਿਨ ਰਹਿ ਗਿਆ ਤਾਂ ਰੁਕਮਣੀ ਆਪਣੀਆਂ ਸਭ ਸਹੇਲੀਆਂ ਨੂੰ ਲੈ ਕੇ ਬਾਜੇ-ਗਾਜੇ ਨਾਲ ਪੂਜਾ ਕਰਨ ਲਈ ਮੰਦਰ ਨੂੰ ਚਲੀ ਅਤੇ ਰੁਕਮਣੀ-ਰੁਕਮਣੀ ਨੇ ਜਪ-ਤਪ ਬਰਤ ਪੂਜਾ ਕੀਤੇ ਦਾ ਫਲ ਪਾ ਲਿਆ ਅਤੇ ਪਿਛਲਾ ਸਾਰਾ ਦੁੱਖ ਭੁਲਾ ਦਿੱਤਾ। ਵੈਰੀ ਸ਼ਸਤਰ-ਅਸਤਰ ਲੈ ਕੇ ਖੜੇ-ਖੜੇ ਮੂੰਹ ਦੇਖਦੇ ਰਹਿ ਗਏ। 'ਪ੍ਰਭੂ' ਉਨ੍ਹਾਂ ਵਿੱਚੋਂ ਰੁਕਮਣੀ ਨੂੰ ਲੈ ਕੇ ਇਉਂ ਚੱਲੇ ਨਿਕਲੇ।

"ਜਿਉਂ ਬਹੁ ਝੁੰਡ ਸਿਯਾਰ ਕੋ ਪਰੇ ਸਿੰਗ ਬਿਚ ਆਏ।
ਆਪਣੇ ਭੋਜਨ ਲੀਏ ਕੇ ਚਲੇ ਨਿੱਡਰ ਬਹ ਗਏ।"

ਸ੍ਰੀ ਕ੍ਰਿਸ਼ਨ ਜੀ ਦੇ ਅੱਗੇ ਨਿਕਲਦਿਆਂ ਹੀ ਬਲਰਾਮ ਵੀ ਪਿੱਛੇ ਧੌਸਾ ਬਜਾਉਂਦਾ ਸਾਰੇ ਦਲ ਲੈ ਕੇ ਜਾ ਮਿਲਿਆ।

ਮਹਾ ਦੇਵ ਅਤੇ ਕ੍ਰਿਸ਼ਨ ਦਾ ਰੁਕਮਣੀ ਪੁੱਤਰ ਪ੍ਰਦੁਮਨ

(387 ਅਧਿ. 56) ਇੱਕ ਦਿਨ ਸ੍ਰੀ ਮਹਾ ਦੇਵ ਜੀ ਆਪਣੇ ਅਸਥਾਨ 'ਤੇ ਧਿਆਨ ਵਿੱਚ ਬੈਠੇ ਸੀ। ਉਸ ਸਮੇਂ ਕਾਮਦੇਵ ਨੇ ਸਤਾਇਆ। ਸ੍ਰੀ ਸ਼ੰਕਰ ਦਾ ਧਿਆਨ ਟੱਪ ਅਤੇ ਅਗਿਆਨੀ ਹੋ, ਕਾਮ ਵੱਸ ਹੋ ਕੇ ਪਾਰਬਤੀ ਨਾਲ ਕਾਮਚੇਸ਼ਟਾ ਕਰਨ ਲੱਗੇ। ਦੇਰ ਪਿੱਛੋਂ ਜਦੋਂ ਕੇਲਾਂ ਕਰਦਿਆਂ ਜਦੋਂ ਗਿਆਨ ਹੋਇਆ ਤਾਂ ਕ੍ਰੋਧ ਵਿੱਚ ਆ ਕੇ ਕਾਮਦੇਵ ਨੂੰ ਸਰਾਪ ਦੇ ਕੇ ਭਸਮ ਕਰ ਦਿੱਤਾ।

ਕਾਮਦੇਵ ਦੇ ਸਰਾਪ ਨਾਲ ਭਸਮ ਹੋ ਜਾਣ 'ਤੇ ਪਾਰਬਤੀ ਚਿੰਤਤ ਹੋ ਉੱਠੀ ਤਾਂ ਗੌਰੀ ਸ਼ੰਕਰ ਨੇ ਕਿਹਾ, "ਹੇਰਤੀ! ਤੂੰ ਚਿੰਤਾ ਨਾ ਕਰ। ਤੇਰਾ ਪਤੀ ਤੈਨੂੰ ਹੁਣ ਜਿਵੇਂ ਮਿਲੇਗਾ ਉਹ ਭੇਤ ਸੁਣ। ਕਿ ਪਹਿਲਾਂ ਤਾਂ ਉਹ ਸ੍ਰੀ ਕ੍ਰਿਸ਼ਨ ਚੰਦਰ ਦੇ ਘਰ ਜਨਮ ਲਵੇਗਾ। ਉਸ ਦਾ ਨਾਮ ਪਰਦੁਮਨ ਹੋਏਗਾ। ਪਿੱਛੋਂ ਉਸ ਨੂੰ ਸੰਬਰ ਲੈ ਜਾ ਕੇ ਸਮੁੰਦਰ ਵਿੱਚ ਸੁੱਟ ਦੇਵੇਗਾ। ਫਿਰ ਉਹ ਮੱਛੀ ਦੇ ਪੇਟ ਵਿੱਚ ਰਸੋਈ ਵਿੱਚ ਪਹੁੰਚੇਗਾ। ਤੂੰ ਉੱਥੇ ਜਾ ਕੇ ਰਹਿ। ਜਦੋਂ ਉਹ ਆਵੇ ਉਸ ਨੂੰ ਪਾਲਣਾ। ਉਹ ਸੰਸਾਰ ਨੂੰ ਮਾਰ ਤੈਨੂੰ ਸਾਥ ਲੈ ਕੇ ਦੁਆਰਕਾ ਵਿੱਚ ਸੁਖ ਨਾਲ ਜਾ ਕੇ ਵਸੇਗਾ।

ਰਤੀ ਪੀਆ ਦੀ ਮਿਲਣ ਦੀ ਆਸ ਨਾਲ ਰਸੋਈ ਵਿੱਚ ਰਹਿਣ ਲੱਗੀ ਅਤੇ ਏਧਰ ਰੁਕਮਣੀ ਨੂੰ ਗਰਭ ਹੋ

ਗਿਆ ਅਤੇ ਦਸ ਮਹੀਨੇ ਬਾਅਦ ਪੂਰੇ ਦਿਨਾਂ 'ਤੇ ਲੜਕਾ ਜਨਮਿਆ। ਜੋਤਸ਼ੀਆਂ ਨੇ ਭਵਿੱਖ ਬਾਣੀ ਕੀਤੀ ਅਤੇ ਉਸ ਦਾ ਨਾਂ ਪਰਦੁਮਨ ਰੱਖ ਦਿੱਤਾ।

(288) ਉਸ ਸਮੇਂ ਨਾਰਦ ਜੀ ਨੇ ਸੰਬਰ ਨੂੰ ਸਮਝਾ ਕੇ ਕਿਹਾ ਕਿ ਤੇਰਾ ਵੈਰੀ ਕਾਮਕਰ ਅਵਤਾਰ ਪਰਦੁਮਨ ਸ੍ਰੀ ਕ੍ਰਿਸ਼ਨ ਦੇ ਘਰ ਜਨਮ ਧਾਰ ਆਇਆ ਹੈ। ਤਾਂ ਸੰਬਰ ਅਸੁਰ ਅਪਲ ਰੂਪ ਬਣਾ ਕੇ, ਬਾਲਕ (ਪਰਦੁਮਨ) ਨੂੰ ਚੁੱਕ ਲਿਆਇਆ। ਰੁਕਮਣੀ ਬਹੁਤ ਘਬਰਾ ਕੇ ਰੋਣ ਲੱਗੀ। ਏਨੇ ਨੂੰ ਨਾਰਦ ਨੇ ਆ ਕੇ ਕਿਹਾ, "ਬਾਲਕ ਦੇ ਜਾਣ ਦੀ ਚਿੰਤਾ ਨਾ ਕਰੋ। ਉਸ ਨੂੰ ਕੋਈ ਡਰ ਨਹੀਂ ਹੈ। ਉਹ ਜਿੱਥੇ ਵੀ ਜਾਏਗਾ ਉਸ ਨੂੰ ਕਾਲ ਨਹੀਂ ਵਿਆਪੇਗਾ ਅਤੇ ਬਾਲਕ ਅਵਸਥਾ ਬੀਤਣ 'ਤੇ ਉਹ ਇੱਕ ਸੁੰਦਰ ਇਸਤਰੀ ਲੈ ਕੇ ਤੁਹਾਨੂੰ ਆ ਮਿਲੇਗਾ।

ਉਧਰ ਸੰਬਰ ਨੇ ਪਰਦੁਮਨ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ। ਉਸ ਨੂੰ ਇੱਕ ਮੱਛੀ ਨੇ ਨਿਗਲ ਲਿਆ। ਮੱਛੀ ਨੂੰ ਇੱਕ ਝਿਊਰ ਨੇ ਜਾਲ 'ਚ ਫਸਾ ਕੇ ਬਾਹਰ ਕੱਢ ਲਿਆ। ਉਹੀ ਮੱਛੀ ਉਸ ਨੇ ਰਾਜਾ ਸੰਬਰ ਦੇ ਅੱਗੇ ਅਰਪਨ ਕੀਤਾ। ਰਾਜੇ ਨੇ ਉਹ ਰਸੋਈ ਵਿੱਚ ਭੇਜ ਦਿੱਤੀ। ਜਦੋਂ ਉਸ ਦਾ ਪੇਟ ਪਾੜਿਆ ਗਿਆ ਤਾਂ ਪੇਟ ਵਿੱਚੋਂ ਇੱਕ ਲੜ ਸ਼ਾਮ ਬਰਨ (ਕ੍ਰਿਸ਼ਨ ਵਰਗਾ) ਅਤਿ ਸੁੰਦਰ ਨਿਕਲਿਆ। ਉਹ ਲੜਕਾ ਰਤੀ ਨੂੰ ਦੇ ਦਿੱਤਾ ਗਿਆ। ਰਤੀ ਉਸ ਨੂੰ ਪਾਲਣ ਲਈ ਆਪਣੇ ਮੰਦਰ ਵਿੱਚ ਲੇ ਆਈ।

(289) ਜਦੋਂ ਉਹ ਬਾਲਕ ਰਤੀ ਦਾ ਪੱਲਾ ਫੜਕੇ ਮਾਂ-ਮਾਂ ਕਹਿਣ ਲੱਗਾ ਤਾਂ ਉਹ ਹੱਸ ਕੇ ਬੋਲੀ, "ਹੇ ਕੰਤ ! ਆਪ ਇਹ ਕੀ ਕਹਿੰਦੇ ਹੋ। ਮੈਂ ਤਾਂ ਤੁਹਾਡੀ ਸੁੰਦਰ ਨਾਰ ਹਾਂ। ਮੈਨੂੰ ਪਾਰਬਤੀ ਜੀ ਨੇ ਇਹ ਕਿਹਾ ਸੀ ਕਿ ਤੂੰ ਸੰਬਰ ਦੇ ਘਰ ਜਾ ਕੇ ਰਹੁ। ਤੇਰਾ ਕੰਤ ਸ੍ਰੀ ਕ੍ਰਿਸ਼ਨ ਚੰਦਰ ਦੇ ਘਰ (ਪਰਦੁਮਨ) ਜਨਮ ਲਵੇਗਾ। ਤੇਰੇ ਆਉਣ ਨਾਲ ਮੇਰੀ ਆਸ ਪੂਰੀ ਹੋਈ ਹੈ।

ਫੇਰ ਇੱਕ ਦਿਨ ਰਤੀ ਉਸ ਤੋਂ ਸੰਬਰ ਅਸੁਰ ਨੂੰ ਮਰਵਾ ਕੇ ਆਪਣੇ ਪਤੀ ਨੂੰ ਉਸ ਦੀ ਮਾਂ ਰੁਕਮਣੀ ਕੋਲ ਦੁਆਰਕਾ ਲੈ ਆਈ। ਤਾਂ ਘਰ-ਘਰ ਮੰਗਲ ਹੋਣ ਲੱਗਾ। (ਸੰਖੇਪ)

ਜਮਨਾ ਨਾਲ ਵਿਆਹ

(ਸਫਾ 402 ਅਧਿ. 59) ਇੱਕ ਦਿਨ ਯਦੁਨਾਥ ਸ੍ਰੀ ਕ੍ਰਿਸ਼ਨ ਰਥ 'ਤੇ ਚੜ੍ਹਕੇ ਅਰਜਨ, ਭੀਮਸੈਨ, ਨੁਕਲ, ਸਹਿਦੇਵ ਸਮੇਤ ਸ਼ਿਕਾਰ ਨੂੰ ਗਏ। ਉੱਥੇ ਜਾ ਕੇ ਸ਼ੇਰ, ਸਹੇ, ਸੂਰ, ਹਿਰਨ, ਰਿੱਛ, ਰੋਝ ਅਨੇਕਾਂ ਹੀ ਮਾਰੇ। ਉਸ ਸਮੇਤ ਸ੍ਰੀ ਕ੍ਰਿਸ਼ਨ ਚੰਦਰ ਅਤੇ ਅਰਜਨ ਗੱਲਾਂ ਕਰਦੇ-ਕਰਦੇ, ਕਿੰਨੀ ਦੂਰ ਅੱਗੇ ਜਾ ਕੇ ਇੱਕ ਬਿਰਛ ਹੇਠ ਖੜ ਗਏ।

ਏਨੇ ਨੂੰ ਕ੍ਰਿਸ਼ਨ ਚੰਦਰ ਜੀ ਕੀ ਦੇਖਦੇ ਹਨ ਕਿ ਨਦੀ ਦੇ ਪਾਸ ਇੱਕ ਅਤੀ ਸੁੰਦਰ ਨਵ ਯੌਵਨ, ਚੰਦਰ ਮੁਖੀ...ਸਿੰਗਾਰ ਕਰਕੇ, ਪੂਰੀ ਛੱਬ ਨਾਲ ਅਕੇਲੀ ਫਿਰ ਰਹੀ ਹੈ। ਉਸ ਨੂੰ ਦੇਖਦੇ ਹੀ ਹਰੀ ਮੋਹਤ ਹੋ ਗਏ ਤੇ ਬੋਲੇ,

"ਵਾਹ ਕੋ ਸੁੰਦਰ ਬਿਹਤਰ ਅੰਗ। ਕੋਊ ਨਹੀਂ ਤਾਸ ਕੇ ਸੰਗ।"

ਅਰਜਨ ਦੇ ਪੁੱਛਣ 'ਤੇ ਕੰਨਿਆ ਬੋਲੀ

"ਕਾਲਿੰਦਰੀ ਹੈ ਮੇਰੋ ਨਾਮ, ਪਿਤਾ ਦੀਯੋ ਜਲ ਮੈਂ ਬਿਸਰਾਮ।
ਰਚੇ ਨਦੀ ਮੇਂ ਮੰਦਰ ਆਏ, ਮੋਸੋ ਪਿਤਾ ਦੀਯੋ ਸਮਝਾਏ।
ਕੀਜੈ ਸੁਤਾ ਨਦੀ ਢਿਗ ਫੇਰੋ। ਆਇ ਮਿਲੋਗੇ ਜਹਾਂ ਬਰ ਤੇਰੋ।
ਯਦ ਕੁਲ ਸ਼ਾਹਿ ਕ੍ਰਿਸ਼ਨ ਔਤਰੇ। ਤੋ ਕੋ ਕਾਰਜ ਇਹ ਤਾਂ ਸਰੇ।

ਪ੍ਰਭੂ (ਕ੍ਰਿਸ਼ਨ) ਦੇ ਦੇਖਦਿਆਂ ਹੀ ਅਰਜਨ ਨੇ ਉਸ ਦਾ ਸਾਰਾ ਭੇਦ ਕਹਿ ਸੁਣਾਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਹੱਸ ਕੇ ਝੱਟ ਉਸ ਨੂੰ ਰੱਥ ਵਿੱਚ ਚੜ੍ਹਾ ਕੇ ਨਗਰ ਦਾ ਰਸਤਾ ਲਿਆ।

(404) ਫਿਰ ਇੱਕ ਦਿਨ ਸ੍ਰੀ ਕ੍ਰਿਸ਼ਨ ਜੀ ਨੇ ਰਾਜਾ ਉਗਰਸੈਨ ਦੇ ਪਾਸ ਜਾ ਕੇ ਕਾਲਿੰਦੀ ਦਾ ਸਾਰਾ ਭੇਦ ਸਮਝਾ ਕੇ ਕਿਹਾ ਕਿ ਮਹਾਰਾਜ ਭਾਨ ਸੁਤਾ ਕਲਿੰਦਰੀ ਨੂੰ ਅਸੀਂ ਲੈ ਆਏ ਹਾਂ, ਤੁਸੀਂ ਵੇਦ ਵਿਧੀ ਨਾਲ ਮੇਰਾ ਉਸ ਨਾਲ ਵਿਆਹ ਕਰ ਦਿਓ। ਉਗਰਸੈਨ ਨੇ ਕ੍ਰਿਸ਼ਨ ਅਤੇ ਕਲਿੰਦਰੀ ਦਾ ਵਿਆਹ ਕਰ ਦਿੱਤਾ।

ਭੈਣ ਬਿੰਦਰਾ ਨਾਲ ਕ੍ਰਿਸ਼ਨ ਦਾ ਵਿਆਹ

(ਸਫਾ 404 ਅਧਿ. 59) - ਸੁਰਸੈਨ ਦੀ ਬੇਟੀ ਰਾਜਾਧ ਦੇਵੀ ਸ੍ਰੀ ਕ੍ਰਿਸ਼ਨ ਦੀ ਭੂਆ ਸੀ। ਉਸ ਦੀ ਲੜਕੀ ਸੀ ਮਿਤ੍ਰ ਬਿੰਦਰਾ। ਜਦੋਂ ਉਹ ਵਿਆਹ ਦੇ ਕਾਬਲ ਹੋ ਗਈ ਤਾਂ ਉਸ ਨੇ ਸਮਅੰਬਰ ਕੀਤਾ। ਉੱਥੇ ਸਾਰੇ ਦੇਸ਼ਾਂ ਦੇ

ਨਰੇਸ਼ ਇਕੱਠੇ ਹੋਏ। ਇਹ ਸਮਾਚਾਰ ਸੁਣ ਕੇ ਕ੍ਰਿਸ਼ਨ ਜੀ ਵੀ ਅਰਜਨ ਨੂੰ ਨਾਲ ਲੈ ਕੇ ਉੱਥੇ ਪਹੁੰਚ ਗਏ ਅਤੇ ਜਾ ਕੇ ਸੁਅੰਬਰ ਵਿੱਚ ਖੜ੍ਹੇ ਹੋ ਗਏ ਤਾਂ ਬਿੰਦਰਾ ਨੇ ਇੰਜ ਕੀਤਾ,

"ਹਰਖੀ ਸੁੰਦਰ ਦੇਖ ਮੁਰਾਰ। ਹਾਰ ਡਾਰ ਮੁਖ ਹਰੀ ਨਿਹਾਰ।"

ਇਹ ਚਰਿਤਰ ਵੇਖਕੇ ਸਭ ਦੇਸ਼ਾਂ ਦੇ ਨਰੇਸ਼ ਲੱਜਤ ਹੋਏ। ਤਾਂ ਦੁਰਜੋਧਨ ਨੇ ਜਾ ਕੇ ਉਸ ਦੇ ਭਰਾ ਮਿਤਰ ਸੈਨ ਨੂੰ ਕਿਹਾ ਕਿ ਸਾਕਾਦਾਰ (ਬੰਧ)

"ਤੁਮਾਰੇ ਮਾਮੇ ਕਾ ਬੇਟਾ ਹੈ ਹਰੀ। (ਕ੍ਰਿਸ਼ਨ),
ਤਿਸੇ ਦੇਖ ਭੂਲੀ ਹੈ ਸੁੰਦਰੀ।" (ਬਿੰਦਰਾ)

ਇਹ ਲੋਕ ਰੀਤ ਵਿਰੁੱਧ ਹੈ। ਇਸ ਨਾਲ ਜੱਗ ਹੱਸਾਈ ਹੋਏਗੀ। ਆਪ ਜਾ ਕੇ ਭੈਣ ਨੂੰ ਸਮਝਾਓ ਕਿ ਕ੍ਰਿਸ਼ਨ ਜੀ ਨੂੰ ਨਾ ਵਰੇ। ਤਾਂ ਅਰਜਨ ਨੇ ਝੁਕਕੇ ਕ੍ਰਿਸ਼ਨ ਚੰਦਰ ਦੇ ਕੰਨ ਵਿੱਚ ਕਿਹਾ ਮਹਾਰਾਜ ਕੀ ਦੇਖ ਰਹੇ ਹੋ। ਬਾਤ ਬਿਗੜ ਚੁੱਕੀ ਹੈ। ਜੋ ਕਰਨਾ ਹੈ ਕਰੋ। ਅਰਜਨ ਦੀ ਗੱਲ ਸੁਣਦਿਆਂ ਹੀ ਸ੍ਰੀ ਕ੍ਰਿਸ਼ਨ ਨੇ ਸੁਅੰਬਰ ਦੇ ਵਿੱਚੋਂ ਝੱਟ ਹੱਥ ਫੜ ਕੇ ਮਿਤ੍ਰ ਬਿੰਦਰਾ (ਆਪਣੀ ਭੂਆ ਦੀ ਲੜਕੀ) ਨੂੰ ਉਠਾ ਕੇ ਰੱਥ ਵਿੱਚ ਬਿਠਾ ਲਿਆ ਅਤੇ ਸਭ ਦੇ ਦੇਖਦਿਆਂ ਰੱਥ ਹੱਕ ਦਿੱਤਾ।

ਨਗਰ ਨਿਵਾਸੀ ਲੋਕ ਹੱਸ-ਹੱਸ ਤਾੜੀਆਂ ਬਜਾਉਂਦੇ ਗਾਲੀਆਂ ਦੇ-ਦੇ ਇਹ ਕਹਿਣ ਲੱਗੇ,

"ਫੁਫੀ ਸੁਤਾ ਬਿਵਾਹਨ ਆਇਓ। ਯਾਹਿ ਕ੍ਰਿਸ਼ਨ ਭਲੋ ਜਸ ਪਾਇਓ।
ਯਾ ਕੋ ਸ਼ਰਮ ਹਯਾਇ ਨਾ ਕੋਈ। ਫੁਫੀ ਸੁਤਾ ਅਗਰ ਜਿਨ ਢੋਈ।"

(ਸਫਾ 407) ਇਸ ਤੋਂ ਅਗਲੀਆਂ ਕਥਾਵਾਂ ਵਿੱਚ ਜਿਕਰ ਹੈ ਕਿ ਕ੍ਰਿਸ਼ਨ ਨੇ ਭੂਮਾਸੁਰ (ਨਰਕਾਸੁਰ) ਮੁਰ ਦੈਂਤ, ਰਾਜ ਮਯ, ਬਾਣਾਸੁਰ, ਜੋ ਮਹਾਰਾਜਾ ਬਲੀ ਦਾ ਪੁੱਤਰ, ਵਿਰੋਚਨ ਦਾ ਪੋਤਰਾ, ਪ੍ਰਲਾਦ ਦਾ ਪੜਪੋਤਰਾ ਅਤੇ ਹਰਨਾਖਸ਼ ਦਾ ਨਰੜੋਤਰਾ ਸੀ, ਜੋ ਲੜਦਿਆਂ-ਲੜਦਿਆਂ ਅੰਤ ਹਾਰ ਕੇ ਕ੍ਰਿਸ਼ਨ ਦੇ ਪੈਰੀਂ ਪੈ ਗਿਆ ਸੀ। ਦੁਵਿੰਦ ਜਰਾਸੰਧ (ਜੋ ਬਹੁਤ ਵੱਡਾ ਦਾਤਾ, ਸੱਚਾ ਇਨਸਾਨ ਅਤੇ ਬਲਸ਼ਾਲੀ ਸੀ, ਪਰ ਬ੍ਰਾਹਮਣਾਂ ਦਾ ਵਿਰੋਧੀ ਸੀ। (452) ਜਿਸ ਦੇ ਬਾਪ ਦਾ ਨਾਮ ਬ੍ਰਿਹਦਰਥ ਸੀ। ਜੋ ਮਹਾਰਾਜਾ ਅਸ਼ੋਕ ਦਾ ਪੜਪੋਤਰਾ ਸੀ, ਆਦਿ ਨੂੰ ਮਾਰਿਆ।

(457) ਜਦੋਂ ਮਹਾਰਾਜਾ ਜਰਾਸੰਧ ਭੀਮਸੈਨ ਦੁਆਰਾ ਮਾਰਿਆ ਗਿਆ ਤਾਂ ਦੇਵਤਿਆਂ ਨੇ ਜੈ-ਜੈਕਾਰ ਬੁਲਾਈ ਅਤੇ ਜਰਾਸੰਧ ਦੇ ਪੁੱਤਰ ਸਹਿਦੇਵ ਨੂੰ ਰਾਜ ਤਿਲਕ ਲਗਾ ਕੇ ਗੱਦੀ 'ਤੇ ਬਿਠਾਇਆ ਅਤੇ ਸਮਝਾਇਆ ਕਿ ਗਊ ਬ੍ਰਾਹਮਣ ਦੀ ਰੱਖਿਆ ਕਰਨਾ ਅਤੇ ਪਰਜਾ ਨੂੰ ਪੁੱਤਰਾਂ ਦੀ ਤਰ੍ਹਾਂ ਪਾਲਣਾ।

(ਸਫਾ 457 ਅਧਿ. 74) 'ਤੇ ਕਥਾ ਹੈ ਕਿ ਜਦੋਂ ਰਾਜਾ ਸਹਿਦੇਵ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਉਸ ਦੇ ਬਾਪ (ਜਰਾਸੰਧ) ਨੇ ਪਹਾੜਾਂ ਦੀਆਂ ਕੰਧਰਾਂ ਵਿੱਚ ਵੀਹ ਹਜ਼ਾਰ ਅੱਠ ਸੌ ਰਾਜਿਆਂ (ਪ੍ਰਸੰਗ ਅਨੁਸਾਰ ਇਹ ਬਹੁਤੇ ਬ੍ਰਾਹਮਣ ਲੋਕ ਹੀ ਹੋਣਗੇ ਕਿ ਜਰਾਸੰਧ ਬ੍ਰਾਹਮਣਾਂ ਦਾ ਵਿਰੋਧੀ ਸੀ) ਨੂੰ ਕੈਦ ਕੀਤਾ ਹੋਇਆ ਸੀ। ਜਿੰਨ੍ਹਾਂ ਨੂੰ ਕੱਢ ਕੇ ਰਾਜਾ ਸਹਿਦੇਵ ਨੇ ਭਗਵਾਨ ਕ੍ਰਿਸ਼ਨ ਦੇ ਸਾਹਮਣੇ ਪੇਸ਼ ਕੀਤਾ ਅਤੇ ਕੈਦ ਤੋਂ ਮੁਕਤ ਕਰਕੇ ਉਨ੍ਹਾਂ ਦੀ ਸੇਵਾ ਕੀਤੀ।

(460) ਰਾਜਾ ਯੁਧਿਸ਼ਟਰ ਨੇ ਕ੍ਰਿਸ਼ਨ ਨੂੰ ਸਿੰਘਾਸਣ 'ਤੇ ਬਿਠਾ ਕੇ ਅੱਠਾ ਪਟਰਾਣੀਆਂ ਸਮੇਤ ਪੂਜਾ ਕੀਤੀ। ਤਾਂ ਕ੍ਰਿਸ਼ਨ ਦੀ ਇਸ ਪੂਜਾ 'ਤੇ ਰਾਜਾ ਸ਼ਿਸੂਪਾਲ ਬਹੁਤ ਕ੍ਰੋਧਤ ਹੋਇਆ ਕਿ ਵੱਡੇ-ਵੱਡੇ ਗਿਆਨੀਆਂ, ਵੱਡੇ-ਵੱਡੇ ਰਿਸ਼ੀਆਂ-ਮੁਨੀਆਂ ਜਿਵੇਂ ਭੀਸ਼ਮ ਪਿਤਾਮਾ, ਦਰੋਣਾਚਾਰੀਆ, ਕਿਰਤਾਚਾਰੀਆ ਆਦਿ (ਬ੍ਰਾਹਮਣ ਗੁਰੂ) ਦੇ ਬੈਠੇ ਹੋਇਆ ਇਸ 'ਗੁੱਜਰ' ਦੀ ਪੂਜਾ ਹੋਈ ਹੈ। ਜੋ ਬਿਰਜ ਵਿੱਚ ਰਹਿ ਕੇ ਗਵਾਲਿਆਂ ਨਾਲ ਜੂਠਾ ਭੋਜਨ ਖਾਂਦਾ ਰਿਹਾ ਅਤੇ ਗਊਆਂ ਚਰਾਉਂਦਾ ਰਿਹਾ। ਜਿਸ ਨੇ ਗੋਪੀਆਂ ਨਾਲ ਨੇਹ ਕੀਤਾ, ਉਸ ਨੂੰ ਸਭਾ ਵਿੱਚ ਵੱਡਾ ਸਾਧ ਬਣਾ ਦਿੱਤਾ ਅਤੇ ਜਿਸ ਨੇ ਦੁੱਧ, ਦਹੀਂ, ਮੱਖਣ ਘਰ-ਘਰ ਤੋਂ ਚੋਰੀ ਕਰਕੇ ਖਾਧਾ ਸੀ। ਉਸ ਦਾ ਜਸ ਸਭ ਨੇ ਮਿਲਕੇ ਗਾਇਆ ਹੈ। ਪਰ ਨਾਰੀਆਂ ਨਾਲ ਜਿਸ ਨੇ ਛਲ-ਵਲ ਕਰਕੇ ਭੋਗ ਕੀਤਾ ਸੀ। ਇਸ ਸਭਾ ਵਿੱਚ ਸਭ ਨੇ ਉਸੇ ਨੂੰ ਤਿਲਕ ਲਾਇਆ। ਜਿਸ ਦੀ ਜਾਤ-ਪਾਤ ਨਹੀਂ, ਮਾਂ-ਪਿਉ ਦਾ ਪਤਾ ਨਹੀਂ ਕਿ ਨੰਦ ਦਾ ਪੁੱਤਰ ਹੈ ਜਾਂ ਵਾਸਦੇਵ ਦਾ, ਉਸ ਨੂੰ ਇਸ ਸਭਾ ਵਿੱਚ ਪ੍ਰਮੇਸ਼ਰ ਅਬਿਨਾਸ਼ੀ ਬਣਾ ਕੇ ਸਭ ਨੇ ਮਾਣਤਾ ਦਿੱਤੀ ਹੈ। ਇਸ ਤਰ੍ਹਾਂ ਕਾਲਵਸ ਹੋ ਕੇ ਰਾਜਾ ਸ਼ਿਸੂਪਾਲ ਅਨੇਕ ਬੁਰੀਆਂ ਗੱਲਾਂ ਸ੍ਰੀ ਕ੍ਰਿਸ਼ਨ ਨੂੰ ਕਹਿੰਦਾ ਸੀ।

(461) ਤਾਂ ਪ੍ਰਭੂ ਨੇ ਸੁਦਰਸ਼ਨ ਚੱਕਰ ਨੂੰ ਆਗਿਆ ਦਿੱਤੀ ਤੇ ਉਸ ਨੇ ਝੱਟ ਸ਼ਿਸੂਪਾਲ ਦਾ ਸਿਰ ਕੱਟ ਮਾਰਿਆ ।

(461) ਇੱਕ ਗੱਲ ਇਹ ਹਰਨਾਖਸ਼ ਹੋਇਆ ਤਾਂ ਪ੍ਰਭੂ ਨੇ ਨਰ ਸਿੰਘ ਦਾ ਰੂਪ ਧਾਰ ਕੇ ਮਾਰਿਆ । ਦੂਸਰੀ ਵਾਰ ਰਾਵਣ ਹੋਇਆ ਤਾਂ ਹਰੀ ਨੇ ਰਾਮ ਅਵਤਾਰ ਲੈ ਕੇ ਮਾਰਿਆ । ਤੀਸਰੀ ਵਾਰ ਸ਼ਿਸੂਪਾਲ ਹੋਇਆ ਹੁਣ ਕ੍ਰਿਸ਼ਨ ਦੇਵ ਨੇ ਮੁਕਤੀ ਕਰ ਦਿੱਤੀ ।

(ਸਫਾ 466-67) ਸ਼ਿਸੂਪਾਲ ਦੇ ਦੋ ਭਰਾਵਾਂ ਦੰਤ ਵਕਰ ਅਤੇ ਵਿਦੂਰਥ ਨੂੰ ਮਾਰਨ ਦੀ ਕਥਾ ਹੈ । ਫੇਰ ਬਲਕਰਨ ਦੈਂਤ ਨੂੰ ਮਾਰੇ ਜਾਣ ਦੀ ਕਥਾ ਹੈ ।

(ਸਫਾ 479-80 ਅਧਿ. 86) - ਇਹ ਤਾਂ ਪਹਿਲਾਂ ਲਿਖਿਆ ਜਾ ਚੁੱਕਾ ਹੈ ਕਿ ਅਰਜਨ, ਭੀਮ ਤੇ ਯੁਧਿਸ਼ਟਰ ਹੋਰੀਂ ਕ੍ਰਿਸ਼ਨ ਦੀ ਸਕੀ ਭੂਆ ਦੇ ਪੁੱਤਰ ਹਨ ਅਤੇ ਕ੍ਰਿਸ਼ਨ ਵਾਸਦੇਵ ਦਾ ਲੜਕਾ ਹੈ । ਵਾਸਦੇਵ ਦੀ ਲੜਕੀ ਅਤੇ ਕ੍ਰਿਸ਼ਨ ਦੀ ਭੈਣ ਦਾ ਨਾਂ ਸੁਭੱਦਮ ਹੈ ।

ਜਦੋਂ ਅਰਜਨ ਨੇ ਮਿਰਗਨੈਣੀ ਸੁਭੱਦਮ ਨੂੰ ਵੇਖਿਆ ਤਾਂ ਮੋਹਤ ਹੋ ਕੇ ਉਸ ਨੂੰ ਮਿਲਣਾ ਚਾਹਿਆ । ਸੁਭੱਦਮ ਵੀ ਉਸ ਦੇ ਰੂਪ 'ਤੇ ਮੋਹਤ ਹੋ ਕੇ ਮਨ ਵਿੱਚ ਰਹਿਣ ਲੱਗੀ ਕਿ ਇਹ ਸੰਨਿਆਸੀ ਨਹੀਂ ਕੋਈ ਰਾਜ ਕੁਮਾਰ ਹੈ । ਪਰਮੇਸ਼ਰ ਇਸ ਨੂੰ ਮੇਰਾ ਪਤੀ ਬਣਾ ਦੇਣ ਤਾਂ ਅੱਛਾ ਹੈ ।

ਤਾਂ ਕ੍ਰਿਸ਼ਨ ਦੀ ਭੂਆ ਦੇ ਪੁੱਤਰ ਅਰਜਨ ਨੇ ਕ੍ਰਿਸ਼ਨ ਨੂੰ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਸਭ ਮਨੋਰਥ ਮੇਰੇ ਪੂਰੇ ਕਰਦੇ ਹੋ ਉਸੇ ਤਰ੍ਹਾਂ ਇਹ ਕੰਮ ਵੀ ਪੂਰਨ ਕਰ ਦਿਉ । ਇਹ ਸੁਣਕੇ ਦੁਆਰਕਾ ਨਾਥ ਨੇ ਕਿਹਾ ਕਿ ਹੇ ਅਰਜਨ, ਥੋੜ੍ਹੇ ਦਿਨਾਂ ਤੱਕ ਸ਼ਿਵਰਾਤਰੀ ਹੈ । ਉਸ ਦਿਨ ਸਾਰੇ ਦੁਆਰਕਾ ਵਾਸੀ ਰੇਵਤ ਪਹਾੜ 'ਤੇ ਮਹਾਂ ਦੇਵ ਜੀ ਦੀ ਪੂਜਾ ਕਰਨ ਜਾਣਗੇ ਅਤੇ ਸੁਭੱਦਮ ਵੀ ਉੱਥੇ ਜਾਵੇਗੀ । ਉਸ ਦਿਨ ਤੂੰ ਰੱਥ 'ਤੇ ਬੈਠ ਕੇ ਜਾਣਾ ਤੇ ਮੌਕਾ ਵੇਖਕੇ ਸੁਭੱਦਮ ਨੂੰ ਉਠਾ ਰੱਥ ਵਿੱਚ ਬਿਠਾ ਕੇ ਹਸਤਨਾਪੁਰ ਨੂੰ ਚਲੇ ਜਾਣਾ ਅਤੇ ਕੋਈ ਤੇਰੇ ਨਾਲ ਲੜਨ ਆਵੇ ਉਸ ਨੂੰ ਯੁੱਧ ਕਰਕੇ ਮਾਰ ਦੇਣਾ ਅਤੇ ਮੇਰਾ ਡਰ ਨਾ ਮੰਨਣਾ । ਜਦੋਂ ਸੁਭੱਦਮ ਪੂਜਾ ਕਰਕੇ ਸਹੇਲੀਆਂ ਨਾਲ ਪਿੱਛੇ ਮੁੜੀ ਤਾਂ ਅਰਜਨ ਲਾਜ ਸ਼ਰਮ ਤਿਆਗ ਕੇ ਹੱਥ ਫੜਕੇ ਰੱਥ ਵਿੱਚ ਬਿਠਾ ਕੇ ਹਸਤਨਾਪੁਰ ਨੂੰ ਲੈ ਤੁਰਿਆ ।

ਕ੍ਰਿਸ਼ਨ ਪੂਜਾ ਦੀ ਤਰਕੀਬ

(ਸਫਾ 483) ਇੱਕ ਸਮੇਂ ਰਾਜਾ ਯੁਧਿਸ਼ਟਰ ਨੂੰ ਕ੍ਰਿਸ਼ਨ ਜੀ ਨੇ ਕਿਹਾ ਕਿ, "ਹੇ ਯੁਧਿਸ਼ਟਰ ! ਜਿਸ 'ਤੇ ਮੈਂ ਬਹੁਤ ਪ੍ਰਸੰਨ ਹੁੰਦਾ ਹਾਂ ਤਾਂ ਪਹਿਲਾਂ ਧਨ ਦਾ ਨਾਸ ਕਰਦਾ ਹਾਂ । ਧਨ ਹੀਣ ਪੁਰਸ਼ ਨੂੰ ਸਾਰੇ ਸਬੰਧੀ, ਇਸਤਰੀ ਅਤੇ ਪੁੱਤਰ ਆਦਿ ਤਿਆਗ ਦਿੰਦੇ ਹਨ ਤਾਂ ਉਨ੍ਹਾਂ ਨੂੰ ਵੈਰਾਗ ਉਪਜਦਾ ਹੈ । ਵੈਰਾਗ ਪੈਦਾ ਹੋਣ 'ਤੇ ਸਭ ਦਾ ਮੋਹ ਛੱਡ ਕੇ ਉਹ ਮੇਰਾ ਭਜਨ ਕਰਦਾ ਹੈ ।

ਮਹਾਂ ਦੇਵਸ਼ਿਵਜੀ

(ਸਫਾ 484 ਅਧਿ. 88) ਕਥਾ ਹੈ ਕਿ ਬ੍ਰਕਾਸੁਰ (ਦੈਂਤ) ਮਹਾਂਦੇਵ ਦੀ ਤਪੱਸਿਆ ਕਰਨ ਲੱਗਾ । ਜਿਸ ਨੂੰ ਪ੍ਰਸੰਨ ਹੋ ਕੇ ਸ਼ਿਵਜੀ ਨੇ ਵਰ ਦਿੱਤਾ । ਵਰ ਮਿਲਦਿਆਂ ਹੀ ਬ੍ਰਕਾਸੁਰ ਦਾ ਧਿਆਨ ਪਾਰਬਤੀ 'ਤੇ ਜਾ ਪਿਆ ਤਾਂ ਉਸ ਦੇ ਰੂਪ 'ਤੇ ਮੋਹਤ ਹੋ ਕੇ ਮਨ ਵਿੱਚ ਕਹਿਣ ਲੱਗਾ ਕਿ ਪਹਿਲਾਂ ਸ਼ਿਵਜੀ ਨੂੰ ਭਸਮ ਕਰਕੇ ਪਾਰਬਤੀ ਨੂੰ ਲੈਣਾ ਚਾਹੀਦਾ ਹੈ । ਇਹ ਸੋਚ ਕੇ ਉਹ ਸ਼ਿਵਜੀ ਦੇ ਸਿਰ 'ਤੇ ਹੱਥ ਧਰਨ ਲੱਗਾ ਤਾਂ ਉਸੇ ਸਮੇਂ ਸ਼ਿਵਜੀ ਆਸਣ ਛੱਡ ਕੇ ਭੱਜ ਨਿਕਲਿਆ ਤੇ ਪਿੱਛੇ-ਪਿੱਛੇ ਉਹ (ਬ੍ਰਕਾਸੁਰ) ਚਲਿਆ । ਜਦੋਂ ਸ਼ਿਵਜੀ ਦੌੜਦੇ-ਦੌੜਦੇ ਵਿਆਕੁਲ ਹੋਏ ਤਾਂ ਬੈਕੁੰਠ ਨਾਥ ਜੀ ਦੀ ਸ਼ਰਨ ਵਿੱਚ ਗਏ । ਇਸ ਤੋਂ ਅੱਗੇ ਬ੍ਰਕਾਸੁਰ ਦੇ ਮਾਰੇ ਜਾਣ ਦਾ ਬਿਰਤਾਂਤ ਹੈ ।

ਕ੍ਰਿਸ਼ਨ ਦੀ ਸੰਤਾਨ ਬਾਰੇ ਕਥਾ

(ਸਫਾ 488 ਅਧਿ. 90 ਸਕੰਧ 10) ਸੋਲਾ ਹਜ਼ਾਰ ਇੱਕ ਸੌ ਅੱਠ (16108) ਇਸਤਰੀਆਂ ਸ਼ਾਮ ਸੁੰਦਰ ਦੀ ਆਪਣੇ-ਆਪਣੇ ਜੜਾਊ ਮਹਿਲ ਅਤੇ ਬਾਗਾਂ ਵਿੱਚ ਅਲੱਗ-ਅਲੱਗ ਤ੍ਰਿਭਵਣ ਪਤੀ ਦੇ ਸਾਥ ਭੋਗ ਬਿਲਾਸ ਕਰਕੇ ਆਪਣਾ-ਆਪਣਾ ਜਨਮ ਸਫਾਰਥ ਕਰਦੀਆਂ ਸਨ ਅਤੇ ਕ੍ਰਿਸ਼ਨ ਦੇਵ ਸੋਲਾਂ ਹਜ਼ਾਰ ਇੱਕ ਸੌ ਅੱਠ ਸਰੂਪ ਧਾਰਨ ਕਰਕੇ ਸਾਰੀਆਂ ਇਸਤਰੀਆਂ ਦੀ ਇੱਛਾ ਪੂਰੀ ਕਰਦੇ ਸਨ ।

(489) ਸ਼ਾਮ ਸੁੰਦਰ ਦੀਆਂ ਸੋਲਾਂ ਹਜ਼ਾਰ ਇੱਕ ਸੌ ਅੱਠ ਇਸਤਰੀਆਂ ਦੇ ਪੁੱਤਰਾਂ ਦੀ ਸੰਖਿਆ ਇਸ ਪ੍ਰਕਾਰ ਹੈ । ਇੱਕ ਰਾਣੀ ਦੇ ਘਰ ਦਸ-ਦਸ ਪੁੱਤਰ ਅਤੇ ਇੱਕ-ਇੱਕ ਕੰਨਿਆ ਹੋਈ ਸੀ। ਉਨ੍ਹਾਂ ਦੇ ਅੱਗੇ ਦੀ ਕੋਈ

ਗਿਣਤੀ ਨਹੀਂ ਕਿ ਕਿੰਨ੍ਹਾ ਕੁ ਪਰਵਾਰ ਹੋਇਆ। ਪੁੱਤਰ, ਦੋਹਤੇ, ਪੋਤਰੇ ਅਸੰਖ ਹੀ ਸਨ ਅਤੇ ਆਪਣੇ ਬੰਸ ਦੀ ਰੱਖਿਆ ਵਾਸਤੇ ਨਿੱਤ ਹੀ ਅਸੰਖ ਦਰਬ ਗਊ ਬ੍ਰਾਹਮਣਾਂ ਨੂੰ ਦਾਨ ਦਿਆ ਕਰਦੇ ਸਨ।

ਉਹ ਤ੍ਰਿਭਵਨ ਪਤੀ ਦੇ ਏਨਾ ਪ੍ਰੇਮ ਰੱਖਣ 'ਤੇ ਵੀ ਦੁਰ ਬਾਸ਼ਾ ਰਿਖੀ ਦੇ ਸਰਾਪ ਨਾਲ ਸਾਰੇ ਯਦ ਬੰਸ਼ੀਆਂ ਦਾ ਨਾਸ਼ ਕਰਕੇ ਬੈਕੁੰਠ ਨੂੰ ਚਲੇ ਗਏ ਅਤੇ ਕ੍ਰਿਸ਼ਨ ਜੀ ਦੇ ਵੰਸ਼ ਵਿੱਚ ਕੇਵਲ ਬੱਜਰ-ਨਾਭ ਅਨੁਰਧ ਦਾ ਪੁੱਤਰ ਜਿਊਂਦਾ ਬਚਿਆ ਸੀ, ਜੋ ਮਥਰਾ ਭਾਵ ਇੰਦਰ ਪ੍ਰਸਤ ਦਾ ਰਾਜਾ ਬਣਿਆ।

ਇਨ੍ਹਾਂ ਉਪਰੋਕਤ ਕਥਾਵਾਂ ਨੂੰ ਸੰਖੇਪ ਮੂਲ ਰੂਪ ਵਿੱਚ ਲਿਖਣ ਦਾ ਸਾਰਾ ਮੰਤਵ ਇਹੀ ਹੈ ਕਿ ਆਰੀਆ ਅਤੇ ਵਿਦਵਾਨ ਲੋਕ ਹਿੰਦੀ ਧਰਮ ਦੇ ਮੂਲ ਨੂੰ ਸਮਝ ਸਕਣ। ਉਸ ਵਿਚਲੀਆਂ ਪ੍ਰਵਿਰਤੀਆਂ ਨੂੰ ਸਮਝ ਸਕਣ। ਕਥਾਵਾਂ ਖੁਦ ਹੀ ਆਪਣੇ ਮਨੋਰਥ ਸਪੱਸ਼ਟ ਕਰ ਦਿੰਦੀਆਂ ਹਨ।

ਹਿੰਦੂ ਧਰਮ ਦਾ ਮਨੋਰਥ ਮੱਦ ਭਾਗਵਤ ਪੁਰਾਣ ਰਾਹੀਂ ਵਾਰ-ਵਾਰ ਸਪੱਸ਼ਟ ਹੁੰਦਾ ਹੈ ਕਿ ਜਦੋਂ ਧਰਤੀ ਉੱਪਰ ਬ੍ਰਾਹਮਣ ਗਊ ਅਤੇ ਹਿੰਦੂ ਧਰਮ ਗ੍ਰੰਥ ਸੁਰੱਖਿਅਤ ਹੋਣ ਅਤੇ ਇਨ੍ਹਾਂ ਦਾ ਬੋਲ-ਬਾਲਾ ਹੋਵੇ ਤਾਂ ਧਰਤੀ 'ਤੇ ਧਰਮ ਦਾ ਰਾਜ ਹੁੰਦਾ ਹੈ। ਧਰਮ ਅਤੇ ਬ੍ਰਾਹਮਣ ਗਊ ਤੇ ਗ੍ਰੰਥਾਂ ਦੀ ਸੁਰੱਖਿਆ ਇੱਕਮਿਕ ਹਨ। ਅਧਰਮ ਦਾ ਅਰਥ ਹੈ ਕਿ ਬ੍ਰਾਹਮਣ ਗਊ ਤੇ ਗ੍ਰੰਥਾਂ ਦਾ ਵਿਰੋਧੀ ਵਰਤਾਰਾ। ਵਿਰੋਧੀਆਂ ਦੇ ਹੀ ਨਾਂ ਹਨ ਦੈਂਤ, ਦਗਿਊ ਦਾਨਵ, ਅਸੁਰ, ਰਾਖਸ਼, ਬਾਨਰ, ਕਿੰਨਰ, ਸ਼ੂਦਰ, ਅਛੂਤ ਆਦਿ। ਜੋ ਰਾਜਾ ਗਊ ਬ੍ਰਾਹਮਣ ਅਤੇ ਗ੍ਰੰਥਾਂ ਦੀ ਖਾਤਰ ਜਿਊਂਦਾ ਹੈ, ਮਰਦਾ ਹੈ, ਜੰਗ ਕਰਦਾ ਹੈ, ਨਰ ਸੰਹਾਰ ਕਰਦਾ ਹੈ। ਉਹ ਧਰਮੀ ਹੈ। ਜੋ ਇਸ ਤੋਂ ਉਲਟ ਚਲਦਾ ਹੈ, ਚਾਹੇ ਉਹ ਕਿੰਨਾ ਵੀ ਉੱਚਾ ਸੱਚਾ ਅਤੇ ਪਵਿੱਤਰ ਹੈ ਉਹ ਅਧਰਮੀ ਹੈ। ਦੁਰਾਚਾਰੀ ਹੈ, ਹੰਕਾਰੀ ਹੈ, ਪਾਪੀ ਹੈ, ਦੁਸ਼ਟ ਹੈ। ਅਜਿਹੇ ਹੰਕਾਰੀਆਂ, ਪਾਪੀਆਂ, ਦੁਸ਼ਟਾਂ ਅਤੇ ਦੁਰਾਚਾਰੀਆਂ ਦਾ ਨਾਸ ਕਰਨਾ ਹੀ ਪਰਮੋ ਧਰਮ ਹੈ।

ਜਿਸ ਨੇ ਵੀ ਇਹ ਪਰਮੋ ਧਰਮ ਕਿਸੇ ਵੀ ਢੰਗ ਤਰੀਕੇ ਨਾਲ ਨਿਭਾਇਆ ਉਹ ਭਗਵਾਨ ਹੈ, ਅਵਤਾਰ ਹੈ, ਤ੍ਰਲੋਕੀ ਨਾਥਨ ਹੈ, ਪੂਜਾ ਯੋਗ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਅੱਜ ਤੱਕ ਭਾਰਤੀ ਲੋਕਾਂ ਅਤੇ ਬਹੁਗਿਣਤੀ ਵਿਦਵਾਨਾਂ ਨੂੰ ਇਹ ਗੱਲ ਹੀ ਸ਼ਾਇਦ ਸਮਝ ਨਹੀਂ ਪਈ ਹੈ ਕਿ ਹਿੰਦੂ ਲੋਕਾਂ ਲਈ ਧਰਮ ਅਤੇ ਅਧਰਮ ਦੇ ਕੀ ਅਰਥ ਹੈ। ਉਹ ਧਰਮ ਨੂੰ ਹਰ ਥਾਂ ਰਲਗੱਡ ਕਰਕੇ ਵੇਖਦੇ ਹਨ, ਜਿਸ ਕਰਕੇ ਅੱਜ ਤੱਕ ਬੁੱਧ, ਕਬੀਰ ਨਾਨਕ ਅਤੇ ਅੰਬੇਡਕਰ ਵਾਂਗ, ਬਹੁਤ ਪੜ੍ਹ ਲਿਖਕੇ ਵੀ ਅਸਲੀਅਤਾਂ ਦੇ ਨਿਰਨੇ ਸਹੀ ਨਹੀਂ ਕਰ ਸਕੇ।

ਸਾਡੇ ਖਿਆਲ ਮੁਤਾਬਕ ਮੱਦ ਭਾਗਵਤ ਹਰ ਤਰ੍ਹਾਂ ਹੀ ਇਸ ਨਿਰਨੇ ਨੂੰ ਸਪੱਸ਼ਟ ਕਰ ਦਿੰਦੀ ਹੈ ਕਿ ਹਿੰਦੂ ਧਰਮ ਦਾ ਮੂਲ ਗਊ ਬ੍ਰਾਹਮਣ ਤੇ ਹਿੰਦੂ ਧਰਮ ਗ੍ਰੰਥਾਂ ਦੀ ਹਰ ਹਾਲ ਸੁਰੱਖਿਆ ਹੈ। ਸੇਵਾ ਤੇ ਪੂਜਾ ਹੈ। ਮੁਕਤੀ ਦਾ ਮਾਰਗ ਹੈ। ਗੱਲ ਜਿੱਧਰੋਂ ਮਰਜੀ ਘੁੰਮਕੇ ਆਵੇ, ਆਕੇ ਇਸ ਕੇਂਦਰ ਬਿੰਦੂ 'ਤੇ ਟਿਕੇ ਬਿਨਾਂ ਧਰਮ ਨਹੀਂ ਬਣਦੀ।

ਕਬੀਰ ਸਤਿਗੁਰੂ ਕਹਿੰਦੇ ਹਨ ਕਿ ਵੇਦਾਂ ਕਿਤਬਾਂ ਨੂੰ ਝੂਠਾ ਨਾ ਕਹੋ। ਝੂਠ ਉਹ ਹੈ ਜੋ ਇਨ੍ਹਾਂ ਨੂੰ ਵਿਚਾਰਦਾ ਨਹੀਂ ਅਤੇ ਵਿਚਾਰਕੇ ਅਸਲੀਅਤ ਨੂੰ ਨਹੀਂ ਪਛਾਣਦਾ ਕਿਉਂਕਿ ਵਿਚਾਰੇ ਬਿਨਾਂ ਮਨੁੱਖ ਕੋਈ ਵੀ ਸਹੀ ਨਿਰਨੇ ਨਹੀਂ ਲੈ ਸਕਦਾ। ਵਿਚਾਰੇ ਤੇ ਸਮਝੇ ਬਿਨਾਂ ਲਿਆ ਗਿਆ ਨਿਰਨਾ ਠੋਸ ਨਹੀਂ ਹੋ ਸਕਦਾ। ਅਟਕਲ ਹੋ ਸਕਦੀ ਹੈ।

ਅਟਕਲਾਂ ਤੋਂ ਬਚਣ ਲਈ ਹੀ ਅਸੀਂ ਇਹ ਗੱਲ ਧਿਆਨ ਵਿੱਚ ਰੱਖ ਕੇ ਤੁਰ ਰਹੇ ਹਾਂ ਕਿ ਹਿੰਦੂ ਧਰਮ ਗ੍ਰੰਥ ਆਪਣੀ ਵਿਆਖਿਆ ਜੋ ਖੁਦ ਕਰਦੇ ਹਨ। ਉਸ ਨੂੰ ਸਮਝਣ ਦਾ ਹੀ ਯਤਨ ਕੀਤਾ ਜਾਵੇ। ਅਸਲੀਅਤਾਂ ਛੁਪੀਆਂ ਕਦੀ ਨਹੀਂ ਰਹਿੰਦੀਆਂ। ਸੱਚ ਨੂੰ ਉਭਰਨ ਤੋਂ ਨਾ ਰੋਕੋ ਤਾਂ ਠੀਕ ਜਗ੍ਹਾ 'ਤੇ ਜਾ ਖੜ੍ਹਾ ਰਹੇ।

ਮਹਾਨ ਕ੍ਰਾਂਤੀਕਾਰੀ ਮਹਾਤਮਾ ਬੁੱਧ

* "ਨਾ ਮੈਂ ਈਸ਼ਵਰ ਦਾ ਪੁੱਤਰ ਹਾਂ, ਨਾ ਈਸ਼ਵਰ ਦਾ ਭੇਜਿਆ ਬੰਦਾ ਹਾਂ, ਨਾ ਖੁਦ ਈਸ਼ਵਰ ਹਾਂ।"

" ਮੈਂ ਇਕ ਸਧਾਰਨ ਆਦਮੀ ਹਾਂ ਤੇ ਜੋ ਕਹਿੰਦਾ ਹਾਂ ਉਹ ਅੰਤਮ ਸੱਚ ਨਹੀਂ ਹੈ। ਜੋ ਕਿਸੇ ਮਹਾਂਪੁਰਸ਼ ਨੇ ਉਪਦੇਸ਼ 'ਚ ਕਿਹਾ ਹੈ, ਉਹ ਵੀ ਸਹੀ ਨਹੀਂ ਹੈ। ਤਾਂ ਫਿਰ ਸਹੀ ਕੀ ਹੈ? ਜੋ ਬਾਤ ਤਰਕ ਅਤੇ ਤੱਥ ਦੇ ਆਧਾਰ 'ਤੇ ਸਹੀ ਸਾਬਤ ਹੋਵੇ, ਉਹ ਸਹੀ ਹੈ। ਸਿਧਾਂਤਕ ਸੱਚ ਅਗਰ ਵਿਹਾਰਕ ਸੱਚ ਨਹੀਂ ਤਾਂ ਉਹ ਵੀ ਝੂਠ ਹੈ।

* ਜੋ ਦੰਡ ਦਾ ਪਾਤਰ ਹੈ, ਉਸ ਨੂੰ ਦੰਡ ਅਤੇ ਜੋ ਪੁਰਸਕਾਰ ਦਾ ਪਾਤਰ ਹੈ, ਉਸ ਨੂੰ ਪੁਰਸਕਾਰ ਅਵੱਸ਼ ਮਿਲਣਾ ਚਾਹੀਦਾ ਹੈ।

* ਜੋ ਮਨੁੱਖ ਸਚਾਈ ਅਤੇ ਨਿਆਂ ਦੀ ਰੱਖਿਆ ਲਈ ਯੁੱਧ ਕਰਨਾ ਹੈ, ਉਹ ਕਿਸੇ ਤਰ੍ਹਾਂ ਵੀ ਦੋਸ਼ੀ ਨਹੀਂ ਹੈ। ਜਦੋਂ ਸ਼ਾਂਤੀ ਰੱਖਣ ਦੇ ਸਾਰੇ ਉਪਾਅ ਖਤਮ ਹੋ ਗਏ ਹੋਣ ਤਾਂ ਯੁੱਧ ਦਾ ਦੋਸ਼ੀ ਵੀ ਉਹੋ ਹੋਵੇਗਾ ਜੋ ਇਸ ਦਾ ਕਾਰਨ ਹੈ।

* ਸ਼ੈਤਾਨੀ ਤਾਕਤਾਂ ਸਾਹਮਣੇ ਕਦੀ ਵੀ ਆਤਮ-ਸਮਰਪਣ ਨਹੀਂ ਕਰਦਾ ਚਾਹੀਦਾ। ਸੰਘਰਸ਼ ਜ਼ਰੂਰ ਹੋਣਾ ਚਾਹੀਦਾ ਹੈ, ਪਰੰਤੂ ਕਿਸੇ ਨਿੱਜੀ ਸਵਾਰਥ ਲਈ ਨਹੀਂ। (ਇਹ ਸ਼ਬਦ ਵਿਸ਼ਾਲੀ ਰਾਜ ਦੇ ਸੈਨਾਪਤੀ ਸਿੰਹ ਨਾਲ ਗੱਲਬਾਤ ਸਮੇਂ ਮਹਾਨ ਬੁੱਧ ਨੇ ਕਹੇ।)

* ਸੰਸਾਰ ਵਿਚ ਦੁੱਖ ਹੈ। ਇਸ ਦੁੱਖ ਨੂੰ ਇਸ ਦੇ ਕਾਰਨ ਨੂੰ ਮਿਟਾ ਕੇ ਦੂਰ ਕੀਤਾ ਜਾ ਸਕਦਾ ਹੈ। ਉਹ ਕਾਰਨ ਹੈ ਜਹਾਲਤ ਅਰਥਾਤ ਅਗਿਆਨਤਾ।

* ਆਪਣਾ ਦੀਪਕ ਆਪ ਬਣੋ। ਮਨੁੱਖ ਆਪਣਾ ਸਵਾਮੀ ਆਪ ਹੈ। ਹੋਰ ਕੋਈ ਉਸਦਾ ਸਵਾਮੀ ਅਰਥਾਤ ਮਾਲਕ ਨਹੀਂ ਹੈ।

* ਮੈਂ ਕੇਵਲ ਮਾਰਗ ਦਾਤਾ ਹਾਂ, ਮੁਕਤੀ ਦਾਤਾ ਨਹੀਂ।

* ਜਿਵੇਂ ਵੱਖ ਵੱਖ ਨਦੀਆਂ ਸਮੁੰਦਰ ਵਿਚ ਮਿਲ ਜਾਣ 'ਤੇ ਆਪਣਾ ਨਾ, ਆਪ ਰੂਪ ਗਵਾ ਲੈਂਦੀਆਂ ਹਨ ਤਿਵੇਂ ਹੀ ਬੋਧੀ ਸਮਾਜ ਵਿਚ ਸ਼ਾਮਲ ਹੋਣ ਤੋਂ ਬਾਦ ਆਦਮੀ ਦੀ ਜਾਤ ਮਿਟ ਜਾਂਦੀ ਹੈ। ਫਿਰ ਉਹ ਮਹਾਨ ਬੋਧੀ ਬਰਾਦਰੀ ਦਾ ਅੰਗ ਬਣ ਜਾਂਦਾ ਹੈ। (ਬੋਧੀ ਕੋਈ ਕਿਸਮ ਨਹੀਂ ਹੈ। ਬੋਧੀ ਦਾ ਅਰਥ ਹੈ ਗਿਆਤਾ, ਬੁੱਧੀਵਾਨ, ਸੂਝਵਾਨ, ਸਮਝਦਾਰ, ਚੇਤੰਨ ਮਨੁੱਖ ਬੋਧੀ ਅਤੇ ਸਿੱਖ ਸ਼ਬਦ, ਸਮਾਨਅਰਥੀ ਹਨ। ਕੇਵਲ 'ਸਿੰਘ' ਦਾ ਅੰਤਰ ਹੈ, ਜਿਸਦਾ ਅਰਥ ਹੈ ਸ਼ਾਸਤਰਾਂ ਅਤੇ ਵਿਚਾਰਧਾਰਾ ਨਾਲ ਲੈੱਸ ਸਿੱਖ। ਉਵੇਂ ਜਿਵੇਂ ਸਿੱਖ ਦਾ ਅਰਥ ਸਿੱਖਿਅਤ, ਜਿਸ ਨੇ ਵਿਸ਼ਾਲ ਗਿਆਨ ਸਿੱਖਿਆ ਹੋਵੇ, ਪ੍ਰਾਪਤ ਕੀਤਾ ਹੋਵੇ।)

* ਬੁੱਧ ਦੇ ਭਿਖਸ਼ੂਆਂ (ਉੱਤਮ ਪਰਚਾਰਕਾਂ) ਵਿਚ ਹੇਠ ਲਿਖੇ ਵਿਅਕਤੀ ਸ਼ਾਮਲ ਸਨ: ਉਪਾਲੀ ਨਾਈ, ਸੁਨੀਤ ਭੰਗੀ, ਸੋਪਾਕ ਅਤੇ ਸੁਪੇਯ ਅਛੂਤ, ਸੁਪਰ ਬੁੱਧ ਕੋੜ੍ਹੀ, ਪਰਾਕਿਰਤ ਚੰਡਾਲ, ਉਂਗਲੀਮਾਲ ਡਾਕੂ, ਸਵੱਤੀ ਮਛੇਰਾ, ਨੰਦਾ ਆਜੜੀ ਅਮਰਪਾਲੀ ਨਰਤਕੀ, ਵਿਮਲ-ਵੇਸਵਾ ਦੀ ਧੀ, ਪੂਰਨ ਦਾਸੀ ਦੀ ਧੀ, ਚੰਪਾ-ਸ਼ਿਕਾਰੀ ਦੀ ਧੀ। (ਸਾਰੇ ਸ਼ੂਦਰ)

ਜਿਸ ਲੜਕੀ ਨੇ ਗਯਾ ਦੇ ਬੋਹੜ ਹੇਠ, ਪਾਣੀ ਅਤੇ ਅਨਾਜ ਦੇ ਕੇ ਗੌਤਮ ਨੂੰ ਜਿੰਦਾ ਕਰਕੇ ਬੁੱਧ ਬਣਾਇਆ, ਉਹ ਇਕ ਆਦਿਵਾਸੀ ਅਛੂਤ ਲੜਕੀ (ਸੁਜਾਤਾ) ਸੀ। ਬੁੱਧ ਨੇ ਉਪਾਲੀ ਅਛੂਤ ਨੂੰ ਭਿਖਸ਼ੂ ਸੰਘ ਦਾ ਮੁੱਖੀ ਥਾਪਿਆ। ਜਿਵੇਂ ਬਾਬਾ ਜੀਵਨ ਸਿੰਘ ਨੂੰ ਅਛੂਤ ਸਿੱਖ ਸੈਨਾ ਦਾ ਪਹਿਲਾ ਜਰਨੈਲ ਥਾਪਿਆ ਗਿਆ। ਚਮਕੌਰ ਦੀ ਗੜ੍ਹੀ ਵਿਚ ਦੂਜਾ ਜਰਨੈਲ ਭਾਈ ਸੰਗਤ ਸਿੰਘ ਅਛੂਤ ਥਾਪਿਆ ਗਿਆ। ਇਸੇ ਤਰ੍ਹਾਂ ਸਰਹੰਦ ਜਿੱਤਣ ਤੋਂ ਬਾਦ ਸਰਹੰਦ ਦਾ ਗਵਰਨਰ ਬੀਰ ਸਿੰਘ ਅਛੂਤ ਨੂੰ ਥਾਪਿਆ ਗਿਆ। ਬਾਦ ਵਿਚ ਜੱਸਾ ਸਿੰਘ ਆਹਲੂਵਾਲੀਆ

(ਅਛੂਤ ਕਲਾਲ) ਅਤੇ ਜੱਸਾ ਸਿੰਘ ਰਾਮਗੜ੍ਹੀਆ (ਅਛੂਤ ਤਰਖਾਣ) ਸਿੱਖ ਜਗਤ ਦੇ ਸਰਬਰਾਹ ਬਣੇ।

* ਬੁੱਧ ਨੇ ਕਿਹਾ : ਜਟਾਂ, ਦਾਹੜੀ, ਮੌਤ ਅਤੇ ਜਨਮ ਤੋਂ ਕੋਈ ਬ੍ਰਾਹਮਣ ਨਹੀਂ ਹੁੰਦਾ। ਜਿਸ ਵਿਚ ਸੱਚ ਅਤੇ ਧਰਮ ਹੈ, ਜੋ ਤਨ ਮਨ ਅਤੇ ਬਚਨ ਤੋਂ ਕੋਈ ਪਾਪ ਨਹੀਂ ਕਰਦਾ, ਜੋ ਕਾਮ ਕ੍ਰੋਧ ਤੋਂ ਰਹਿਤ ਵਰਤੀ ਅਤੇ ਸਾਊ ਹੈ, ਜਿਸ ਨੇ ਇੰਦਰੀਆਂ ਨੂੰ ਵੱਸ ਕੀਤਾ ਹੋਇਆ ਹੈ, ਜੋ ਇੱਛਾ ਰਹਿਤ ਅਤੇ ਸੰਦੇਹ ਰਹਿਤ ਹੈ, ਜੋ ਰਾਗ ਦਵੇਸ਼ ਮਾਣ ਮਦ ਰਹਿਤ ਹੈ, ਜੋ ਸ਼ੋਕ ਰਹਿਤ ਹੈ, ਨਿਰਮਲ ਅਤੇ ਸ਼ੁੱਧ ਹੈ, ਜਿਸ ਨੇ ਭਾਵ ਚੱਕਰ ਵਿਚ ਆਉਣ ਵਾਲੇ ਮੋਹ ਨੂੰ ਤਿਆਗ ਦਿੱਤਾ ਹੈ, ਜੋ ਰਤੀ ਅਤੇ ਅਰਤੀ ਨੂੰ ਛੱਡ ਕੇ ਸ਼ਾਂਤ ਹੋ ਗਿਆ ਹੈ, ਜੋ ਗੰਭੀਰ ਸੋਚ ਵਾਲਾ, ਪ੍ਰਤਿਭਾਸ਼ਾਲੀ, ਮਾਰਗ-ਕੁਮਾਰਗ ਦਾ ਜਾਣਕਾਰ ਅਤੇ ਸਰਬ ਉੱਤਮ ਅਰਥ ਨਿਰਵਾਣ ਦਾ ਅਧਿਕਾਰੀ ਹੈ, ਉਸਨੂੰ ਮੈਂ ਬ੍ਰਾਹਮਣ ਕਹਿੰਦਾ ਹਾਂ।"

* ਸ਼ਿਸ ਅਨੰਦ ਨੂੰ ਬੁੱਧ ਨੇ ਕਿਹਾ," ਮੇਰਾ ਦੱਸਿਆ ਧਰਮ ਅਭਿਆਸ ਅਤੇ ਆਚਰਣ ਤੇ ਨਿਰਭਰ ਹੈ। ਇਸ ਨੂੰ ਅੰਧ ਵਿਸ਼ਵਾਸੀ ਹੋ ਕੇ ਗ੍ਰਹਿਣ ਨਹੀਂ ਕਰਨਾ ਚਾਹੀਦਾ। ਉਸ ਵਿਚ ਲੋੜੀਂਦਾ ਸੁਧਾਰ ਵੀ ਕੀਤਾ ਜਾਣਾ ਚਾਹੀਦਾ ਹੈ। ਸਮੇਂ ਅਤੇ ਹਾਲਾਤ ਅਨੁਸਾਰ, ਲੋੜ ਪੈਣ ਤੇ ਇਹਨਾਂ ਨਿਯਮਾਂ ਵਿਚ ਜਰੂਰੀ ਤਬਦੀਲੀ ਕੀਤੀ ਜਾ ਸਕਦੀ ਹੈ।

* ਜੀਵਨ ਇਕ ਵੀਨਾ ਹੈ। ਇਸ ਦੀਆਂ ਤਾਰਾ ਏਨੀਆਂ ਨਾ ਕੱਸੋ ਕਿ ਟੁੱਟ ਜਾਣ। ਏਨੀਆਂ ਢਿੱਲੀਆਂ ਵੀ ਨਾ ਛੱਡੋ ਕਿ ਸੁਰ ਹੀ ਪੈਦਾ ਨਾ ਹੋਵੇ।

* ਸੰਸਾਰ ਦੁੱਖਾਂ ਦਾ ਘਰ ਹੈ। ਦੁੱਖਾਂ ਦਾ ਕਾਰਨ ਵਾਸਨਾਵਾਂ ਹਨ। (ਭਾਵ ਮਨੁੱਖ ਦੀਆਂ ਅਸੀਮ ਲਾਲਸਾਵਾਂ)। ਇਸ ਲਈ ਵਾਸਨਾਵਾਂ ਤੇ ਕਾਬੂ ਪਾ ਲੈਣ ਨਾਲ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ।

ਵਾਸਨਾਵਾਂ 'ਤੇ ਕਾਬੂ ਪਾਉਣ ਲਈ ਬੁੱਧ ਨੇ ਹੇਠ ਲਿਖੇ ਅਸ਼ਟ ਮਾਰਗ ਦੱਸੇ।

* ਸਹੀ ਦ੍ਰਿਸ਼ਟੀਕੋਣ * ਸਹੀ ਸੰਕਲਪ ਸ਼ੁੱਧ ਬਚਨ * ਸ਼ੁੱਧ ਆਚਰਣ * ਸ਼ੁੱਧ ਜੀਵਨ * ਸਹੀ ਯਤਨ * ਦਰੁਸਤ ਯਾਦਾਸ਼ਤ * ਸ਼ੁੱਧ ਸਮਾਧੀ ਭਾਵ ਚਿੰਤਨ।

ਬੁੱਧ ਧਰਮ ਬਾਰੇ ਬੁੱਧੀਮਾਨਾਂ ਦੇ ਵਿਚਾਰ

* ਕਾਰਲ ਮਾਰਕਸ "ਜੇ ਧਰਮ ਦਾ ਅਰਥ, ਅਜਿਹੇ ਪ੍ਰਬੰਧ ਤੋਂ ਹੈ, ਜਿਸ ਰਾਹੀਂ ਜਿੰਦਗੀ ਦੀਆਂ ਬਿਮਾਰੀਆਂ (ਬੁਰਾਈਆਂ) ਤੋਂ ਨਿਜਾਤ ਪਾਈ ਜਾ ਸਕਦੀ ਹੈ ਤਾਂ ਬੁੱਧਵਾਦ ਧਰਮਾਂ ਦਾ ਧਰਮ ਹੈ।"

* ਆਈਨਸਟਾਈਨ "ਜੇ ਕੋਈ ਅਜਿਹਾ ਧਰਮ ਹੈ ਜੋ ਅੱਜ ਦੇ ਵਿਗਿਆਨਿਕ ਮਨ ਨੂੰ ਵਿਚਾਰ ਨੂੰ ਪ੍ਰਵਾਨ ਹੈ ਤਾਂ ਇਹ ਬੁੱਧਵਾਦ ਹੈ।"ਅਨੰਦ ਲੋਕ ਸਫਾ 63 ਅਨੰਦ ਮਿਤਰਾ)

* ਜਵਾਹਰ ਲਾਲ ਨਹਿਰੂ (ਡਿਸਕਵਰੀ ਆਫ ਇੰਡੀਆ ਸਫਾ 119) : ਜੈਨ ਧਰਮ ਅਤੇ ਬੁੱਧ ਧਰਮ, ਵੇਦਾਂ ਅਤੇ ਇਸ ਦੀਆਂ ਸ਼ਖਾਵਾਂ ਦੇ ਧਰਮ ਤੋਂ ਵੱਖਰੇ ਮਤ ਸਨ, ਜਿੰਨਾਂ ਨੇ ਵੇਦਾਂ ਦੀ ਸਰਬਉੱਚਤਾ ਤੋਂ ਇਨਕਾਰ ਕੀਤਾ।

* ਸ਼੍ਰੀਮਾਨ ਈ. ਜੇ. ਮਿਲਜ਼, ਬੁੱਧ ਧਰਮ ਤੋਂ ਬਗੈਰ ਹੋਰ ਕੋਈ ਵੀ ਅਜਿਹਾ ਧਰਮ ਨਹੀਂ ਹੈ, ਜਿਸ ਨੇ ਗਿਆਨ ਦੀਆਂ ਕੀਮਤਾਂ ਅਤੇ ਅਗਿਆਨਤਾ ਦੀਆਂ ਬੁਰਾਈਆਂ ਉੱਤੇ ਪੂਰਾ ਜੋਰ ਦਿੱਤਾ ਹੋਵੇ।" (ਆਥਰ ਆਫ ਬੁੱਧਿਜਮ)

* ਪ੍ਰੋ ਸੀ. ਜੀ. ਜੁੰਗ (ਆਥਰ ਆਫ ਸਾਈਕਾਲੋਜੀ ਸਫਾ 24) : ਮੇਰਾ ਵਿਸ਼ਵਾਸ ਹੈ, ਸੰਸਾਰ ਉੱਪਰ ਵੇਖੇ ਗਏ ਧਰਮਾਂ ਵਿੱਚੋਂ ਸਭ ਤੋਂ ਸੰਪੂਰਨ ਧਰਮ ਬੁੱਧ ਧਰਮ ਹੈ। ਬੁੱਧ ਦਾ ਫਲਸਫਾ ਵਿਕਾਸ ਦੇ ਸਿਧਾਂਤ ਅਤੇ ਕਰਮ ਦੇ ਸਿਧਾਂਤ ਬਾਰੇ, ਹੋਰ ਕਿਸੇ ਕਿਸੇ ਵੀ ਧਾਰਮਿਕ ਵਿਸ਼ਵਾਸ ਨਾਲੋਂ ਕਿਤੇ ਜਿਆਦਾ ਉੱਤਮ ਸੀ।"

* ਡਵਾਈਟ ਗੌਡਾਰਡ (ਆਥਰ ਆਫ ਬੁਧਿਸਟ ਬਾਈਬਲ): ਦੁਨੀਆਂ ਭਰ ਦੇ ਧਾਰਮਿਕ ਪਰਚਾਰਕਾਂ (ਆਗੂਆਂ-ਗੁਰੂਆਂ ਅਧਿਆਪਕਾਂ) ਵਿਚੋਂ ਗੌਤਮ ਬੁੱਧ ਨੂੰ ਹੀ ਸ਼ਾਨਦਾਰ ਮਾਣ ਪ੍ਰਾਪਤ ਹੈ, ਜਿਸ ਨੇ ਕਿ ਆਦਮੀ ਜੀ ਆਪਣੀ ਮੁਕਤੀ ਪ੍ਰਤੀਯੋਗਤਾ ਬਾਰੇ, ਬਿਨਾਂ ਕਿਸੇ ਗੈਰ ਜਰੂਰੀ ਜਾਂ ਬਾਹਰੀ ਸਹਾਇਤਾ ਦੇ, ਯਥਾਰਥਕ ਮਹਾਨਤਾ ਨੂੰ ਸਹੀ ਤਰੀਕੇ ਨਾਲ ਨਿਰਖਿਆ।

ਬੁੱਧ ਦਾ ਧਰਮ

ਬਾਬਾ ਸਾਹਿਬ ਡਾ. ਅੰਬੇਡਕਰ ਨੇ 'ਤਰੀਪਿਤਾਕਾ' (ਬੁੱਧ ਦੀਆਂ ਸਿੱਖਿਆਵਾਂ) ਦੇ ਆਧਾਰ 'ਤੇ ਬੁੱਧ ਧਰਮ ਨੂੰ ਹੇਠ ਲਿਖੇ ਅਨੁਸਾਰ ਵਿਖਿਆਨ ਕੀਤਾ :

ਬੁੱਧ ਦੀ ਵਿਚਾਰਧਾਰਾ:-

1. ਇਕ ਅਜਾਦ ਸਮਾਜ ਲਈ ਧਰਮ ਦੀ ਜਰੂਰਤ ਹੈ।(ਧਰਮ ਜਿਸ ਦਾ ਅਰਥ ਹੋਵੇ ਮਾਨਵ ਕਲਿਆਣ ਨਾ ਕਿ ਆਤਮਾ ਪ੍ਰਮਾਤਮਾ ਦਾ ਚੱਕਰ)

2. ਧਰਮ ਜੀਵਨ ਦੇ ਤੱਥਾਂ ਨਾਲ ਜੁੜਿਆ ਹੋਣਾ ਚਾਹੀਦਾ ਹੈ ਨਾ ਕਿ ਰੱਬ ਬਾਰੇ ਕਿਆਫਿਆਂ ਜਾਂ ਸਿਧਾਂਤਾ, ਆਤਮਾ ਜਾਂ ਸੁਰਗ ਜਾਂ ਧਰਤੀ ਨਾਲ।

3. ਰੱਬ ਨੂੰ ਧਰਮ ਦਾ ਕੇਂਦਰ ਬਣਾ ਕੇ ਪੇਸ਼ ਕਰਨਾ ਗਲਤ ਹੈ।

4. ਆਤਮਾ ਦੀ ਮੁਕਤੀ ਨੂੰ ਧਰਮ ਦਾ ਕੇਂਦਰ ਬਣਾਉਣਾ ਗਲਤ ਹੈ।

5. ਪਸ਼ੂਆਂ ਦੀਆਂ ਬਲੀਆਂ ਨੂੰ ਧਰਮ ਦਾ ਕੇਂਦਰ ਬਣਾਉਣਾ ਗਲਤ ਹੈ।

6. ਅਸਲੀ ਧਰਮ ਮਨੁੱਖ ਦੇ ਦਿੱਲ ਵਿਚ ਵਸਦਾ ਹੈ ਨਾ ਕਿ ਸ਼ਾਸ਼ਤਰਾਂ ਵਿਚ।

7. ਆਦਮੀ ਅਤੇ ਸਦਾਚਾਰ ਹਰ ਹਾਲ ਧਰਮ ਦਾ ਕੇਂਦਰੀ ਬਿੰਦੂ ਹੋਣੇ ਜਰੂਰੀ ਹਨ।

8. ਜਿੰਦਗੀ ਦਾ ਆਦਰਸ਼ ਸਦਾਚਾਰ ਹੋਣਾ ਹੀ ਕਾਫੀ ਨਹੀਂ, ਕਿਉਂਕਿ ਏਥੇ ਕੋਈ ਰੱਬ ਨਹੀਂ ਹੈ, ਇਹ ਜੀਵਨ ਦਾ ਕਾਨੂੰਨ ਬਣਨਾ ਜਰੂਰੀ ਹੈ।

9. ਧਰਮ ਦਾ ਮੰਤਵ ਸੰਸਾਰ ਨੂੰ ਮੁੜ ਉਸਾਰਨਾ ਹੈ ਤੇ ਇਸ ਨੂੰ ਖੁਸ਼ੀਆਂ ਭਰਿਆ ਬਣਾਉਣਾ ਹੈ। ਨਾ ਕਿ ਇਹ ਦਸਦੇ ਰਹਿਣਾ ਕਿ ਸੰਸਾਰ ਦੀ ਉਤਪਤਾ ਜਾਂ ਖਾਤਮਾ ਕਿਥੇ ਹੈ ਕਿਵੇਂ ਹੈ।

10. ਸੰਸਾਰ ਵਿਚ ਦੁੱਖ ਹਿੱਤਾਂ ਦੇ ਟਕਰਾਵਾਂ ਦੇ ਕਾਰਨ ਹਨ। ਇਹਨਾਂ ਦਾ ਹੱਲ ਕੇਵਲ ਅਸ਼ਟ ਮਾਰਗ ਰਾਹੀਂ ਹੀ ਹੋ ਸਕਦਾ ਹੈ।

11. ਨਿੱਜੀ ਜਾਇਦਾਦ ਦੀ ਮਾਲਕੀ ਇਕ ਜਮਾਤ ਨੂੰ ਤਾਕਤ ਦਿੰਦੀ ਹੈ ਅਤੇ ਦੂਜੀ ਜਮਾਤ ਨੂੰ ਦੁੱਖ-ਗਮ।

12. ਇਸ ਲਈ ਸਮਾਜ ਦੀ ਭਲਾਈ ਵਾਸਤੇ ਇਹ ਜਰੂਰੀ ਹੈ ਕਿ ਇਸ ਦੁੱਖ ਨੂੰ ਇਸਦੇ ਕਾਰਨਾ ਨੂੰ ਦੂਰ ਕਰਕੇ ਮਿਟਾਇਆ ਜਾਵੇ।

13. ਸਾਰੇ ਇਨਸਾਨ ਬਰਾਬਰ ਹਨ।

14. ਆਦਮੀ ਦੀ ਕੀਮਤ ਯੋਗਤਾ ਨਾਲ ਜੁੜੀ ਹੈ ਨਾ ਕਿ ਜਨਮ ਨਾਲ।

15. ਮਹੱਤਵਪੂਰਨ ਗੱਲ ਉੱਚੇ ਖਿਆਲ ਹੋਣਾ ਹੈ ਨਾ ਕਿ ਉੱਚੀ ਜਾਤ 'ਚ ਜਨਮ ਹੋਣਾ।

16. ਹਰ ਇਨਸਾਨ ਨਾਲ ਮੈਤਰੀ ਭਾਵ ਤੇ ਸਹਿਯੋਗ ਕਦੀ ਵੀ ਰੁਕਣਾ ਨਹੀਂ ਚਾਹੀਦਾ। ਕਿਸੇ ਸਮੇਂ ਇਹ ਕੋਈ ਆਪਣੇ ਦੁਸ਼ਮਣ ਨਾਲ ਵੀ ਪੈਦਾ ਕਰ ਲਵੇ।

17. ਹਰ ਕਿਸੇ ਨੂੰ ਵਿਦਿਆ ਪੜ੍ਹਨ ਦਾ ਅਧਿਕਾਰ ਹੈ। ਵਿਦਿਆ (ਸਿੱਖਿਆ-ਗਿਆਨ) ਆਦਮੀ ਲਈ ਉੱਤਨੀ ਹੀ ਜਰੂਰੀ ਹੈ ਜਿਨਾਂ ਕਿ ਭੋਜਨ।

18. ਵਿਦਿਆ, ਸਦਾਚਾਰ ਤੋਂ ਬਗੈਰ ਖਤਰਨਾਕ ਹੈ।

19. ਕੁੱਝ ਵੀ ਨਿਸ਼ਚਿਤ ਨਹੀਂ ਹੈ। ਕੁੱਝ ਵੀ ਹਮੇਸ਼ਾਂ ਲਈ ਬੰਧੇਜ ਨਹੀਂ ਹੈ। ਹਰ ਸ਼ੈਅ ਦੀ ਪਰਖ-ਪੜਚੋਲ ਲਾਜ਼ਮੀ ਹੈ।

20. ਕੁੱਝ ਵੀ ਅੰਤਮ ਸੱਚ ਨਹੀਂ ਹੈ।

ਬੁੱਧ ਦਾ ਵਿਸ਼ਵਾਸ

21. ਹਰ ਸ਼ੈਅ ਕਾਰਨਾਂ ਦੇ ਸਿਧਾਂਤ (Laws of Causation) ਨਾਲ ਜੁੜੀ ਹੋਈ ਹੈ।

22. ਕੋਈ ਚੀਜ਼ ਪਰਪੱਕ ਨਹੀਂ ਹੈ। ਨਾ ਹੀ ਸਨਾਤਨੀ ਹੈ। ਹਰ ਚੀਜ਼ ਬਦਲਣ ਦੇ ਯੋਗ ਹੈ। ਹੋਂਦ ਹਮੇਸ਼ਾਂ ਬਣਤਰ ਅਧੀਨ ਨਹੀਂ ਰਹਿੰਦੀ।

23. ਯੁੱਧ ਉਦੋਂ ਤੀਕ ਗਲਤ ਹੈ, ਜਦੋਂ ਇਹ ਸਚਾਈ ਅਤੇ ਇਨਸਾਫ ਲਈ ਨਾ ਲੜਿਆ ਜਾਵੇ।

ਬੁੱਧ ਅਨੁਸਾਰ ਦੁੱਖ ਅਤੇ ਨਾ ਖੁਸ਼ੀਆਂ, ਸੰਸਾਰ ਵਿਚ ਆਦਮੀ ਵੱਲੋਂ ਆਦਮੀ ਪ੍ਰਤੀ ਅਨਿਆਂ ਪੂਰਨ ਵਿਹਾਰ ਦਾ ਸਿੱਟਾ ਹਨ। ਇਹ ਅਨਿਆਂ ਹੇਠ ਲਿੱਖੇ ਅੱਠ ਮਾਰਗਾਂ ਦੁਆਰਾ ਦੂਰ ਕੀਤਾ ਜਾ ਸਕਦਾ ਹੈ।

1. ਸਹੀ ਦ੍ਰਿਸ਼ਟੀਕੋਣ: ਭਾਵ ਅੰਧ ਵਿਸ਼ਵਾਸ ਜਾਂ ਅਗਿਆਨਤਾ ਤੋਂ ਮੁਕਤ।

2. ਸਹੀ ਸੰਕਲਪ (ਨਿਸ਼ਾਨਾ ਮੰਤਵ) ਬੁੱਧੀਵਾਨ ਅਤੇ ਇਮਾਨਦਾਰ ਆਦਮੀਆਂ ਦੀ ਉੱਚੀ ਅਤੇ ਵਡਮੁੱਲੀ

ਕੀਮਤ।

3. ਸ਼ੁੱਧ ਵਿਚਾਰ: ਦਇਆ ਅਤੇ ਸਚਾਈ ਭਰਪੂਰ।

4. ਸ਼ੁੱਧ ਆਚਰਣ : ਭਾਵ ਸ਼ਾਂਤ ਇਮਾਨਦਾਰ ਅਤੇ ਪਵਿੱਤਰ।

5. ਸ਼ੁੱਧ ਜੀਵਨ: ਭਾਵ ਦੂਜੇ ਜੀਵਾਂ ਨੂੰ ਕੋਈ ਦੁੱਖ ਨਾ ਪਹੁੰਚਾਉਣਾ।

6. ਸਹੀ ਯਤਨ: ਬਾਕੀ ਦੇ ਸੱਤੇ ਆਦਰਸ਼ਾਂ ਵਿਚ ਪੂਰਨਤਾ ਪਾਉਣੀ।

7. ਦਰੁਸਤ ਮਾਨਸਿਕਤਾ : ਨੀਝਵਾਨ ਅਤੇ ਚੇਤੰਨ ਚੁਸਤ ਦਿਮਾਗ।

8. ਸਹੀ ਚਿੰਤਨ- ਵਿਚਾਰ: ਭਾਵ ਜ਼ਿੰਦਗੀ ਦੇ ਦੁੱਖਾਂ ਸੰਬੰਧੀ ਗਹਿਰੇ ਅਤੇ ਇਮਾਨਦਾਰ ਵਿਚਾਰ।

ਉਪਰੋਕਤ ਸ਼ਾਨਦਾਰ ਅਸ਼ਟ ਮਾਰਗਾਂ ਦਾ ਮੰਤਵ ਹੈ, ਧਰਤੀ ਉੱਪਰ ਸੱਚ ਦਾ ਰਾਜ ਸਥਾਪਤ ਕਰਨਾ ਅਤੇ ਨਾਲੋਂ ਨਾਲ ਦੁੱਖ ਅਤੇ ਗਮਾਂ ਨੂੰ ਸੰਸਾਰ ਦੇ ਚੇਹਰੇ ਤੋਂ ਖਤਮ ਕਰ ਦੇਣਾ।

ਨਿਬਾਨਾ ਦਾ ਸਿਧਾਂਤ

(ਭਾਵ ਅਸ਼ਟ ਮਾਰਗਾਂ ਨੂੰ ਸਮਝ ਸਕਣ-ਅਪਣਾ ਸਕਣ ਦੇ ਰਸਤੇ ਵਿਚ ਪੈਣ ਵਾਲੀਆਂ ਮੁਸ਼ਕਲਾਂ ਬਾਰੇ)

ਬੁੱਧ ਅਨੁਸਾਰ ਇਹ ਮੁਸ਼ਕਲਾਂ ਗਿਣਤੀ ਵਿਚ ਦਸ ਹਨ।(ਦਸ ਅਸਾਵਾਸ)

1. ਆਪੇ ਬਾਰੇ ਝੂਠਾ ਭਰਮ: (ਗਲਤ ਫਹਿਮੀ) ਜਦੋਂ ਆਦਮੀ ਸਿਰਫ ਆਪਣੇ ਬਾਰੇ ਸੋਚਦਾ ਹੋਵੇ ਅਤੇ ਆਪਣੀਆਂ ਦਿਲੀ ਇਛਾਵਾਂ ਦੀ ਪੂਰਤੀ ਪਿੱਛੇ ਦੌੜ ਲਗਾਈ ਰੱਖੇ।

2. ਸ਼ੰਕੇ ਅਤੇ ਅਯੋਗ ਫੈਸਲਾ: ਜਦੋਂ ਇਕ ਆਦਮੀ ਦੀ ਨਜ਼ਰ ਅਦਭੁਤ ਹੋਣ (ਬ੍ਰਹਿਮੰਡ ਬਾਰੇ) ਦੀ ਵਿਸ਼ਾਲਤਾ ਵੱਲ ਖੁੱਲ੍ਹੀ ਹੁੰਦੀ ਹੈ ਤਾਂ ਹਰ ਵਖਰੇਵੇਂ ਦੀ ਅਸਥਿਰਤਾ ਅਤੇ ਉਸਦੀ ਕਾਰਜਸ਼ੀਲਤਾ ਸ਼ੱਕ ਅਤੇ ਅਯੋਗ ਫੈਸਲੇ ਅਨੁਸਾਰ ਅਸਰ ਅੰਦਾਜ਼ ਹੁੰਦੀ ਹੈ।

3. ਰਸਮਾਂ ਰਿਵਾਜਾਂ ਦੇ ਪ੍ਰਭਾਵ ਨਿਰਭਰਤਾ: ਕੋਈ ਵੀ ਚੰਗੀ ਰਾਇ ਭਾਵੇਂ ਉਹ ਕਿਨੀ ਵੀ ਠੋਸ ਕਿਉਂ ਨਾ ਹੋਵੇ,ਕਿਸੇ ਪਰਾਪਤੀ ਜਾਂ ਦਿਸ਼ਾ ਵਲ ਨਹੀਂ ਲਿਜਾਵੇਗੀ ਜਦੋਂ ਤੱਕ ਕਿ ਆਦਮੀ ਆਪਣੇ ਵਿਸ਼ਵਾਸ ਦੇ ਰਸਮਾਂ ਰਿਵਾਜਾਂ ਤੋਂ ਛੁੱਟਕਾਰਾ ਨਹੀਂ ਪਾ ਲੈਂਦਾ।ਭਾਵ ਕੋਈ ਵੀ ਬਾਹਰੀ ਕਾਰਨ, ਕੋਈ ਪ੍ਰੋਹਤੀ ਸ਼ਕਤੀ ਅਤੇ ਪਵਿੱਤਰ ਰਸਮਾਂ ਉਸ ਨੂੰ ਇਸ ਮਾਮਲੇ ਵਿਚ ਕਿਸੇ ਕਿਸਮ ਦੀ ਸਹਾਇਤਾ ਨਹੀਂ ਦੇ ਸਕਦੇ।

4. ਸਰੀਰਕ ਵਾਸਨਾਵਾਂ।

5. ਦੂਜੇ ਮਨੁੱਖਾਂ ਪ੍ਰਤੀ ਬੁਰੀਆਂ ਭਾਵਨਾਵਾਂ।

6. ਪਦਾਰਥੀ ਸਰੀਰ ਨਾਲ ਭਵਿੱਖਤ ਜੀਵਨ ਦੀ ਖਾਹਸ਼ ਨੂੰ ਦਬਾਉਣਾ।

7. ਨਾਸ਼ਵਾਨ ਸੰਸਾਰ ਵਿਚ ਭਵਿੱਖਤ ਜੀਵਨ ਦੀ ਇੱਛਾ।

8. ਹੰਕਾਰ।

9. ਦਰੁਸਤ ਆਪੇ ਦੀ ਭਾਵਨਾ (ਭਾਵ ਆਪਣੇ ਆਪ ਨੂੰ ਹੀ ਠੀਕ ਸਮਝਣਾ।)

10. ਅਗਿਆਨਤਾ।

ਪੈਰਾਮਿਟਾ ਦਾ ਸਿਧਾਂਤ

(Doctrine of paramitas)

(ਭਾਵ ਵਿਅਕਤੀ ਵਲੋਂ ਜੀਵਨ ਵਿਚ 10 ਨੇਕੀਆਂ ਅਮਲ ਵਿਚ ਲਿਆਉਣਾ)

(ਡਾ. ਅੰਬੇਡਕਰ ਦੁਆਰਾ ਵਰਣਨ)

1. ਪੰਨਾ (ਸਿਆਣਪ) ਸਿਆਣਪ ਇਕ ਅਜਿਹੀ ਰੋਸ਼ਨੀ ਹੈ ਜੋ ਲੋਭ, ਮੋਹ,ਅਤੇ ਅਗਿਆਨਤਾ ਤੋਂ ਪਰਦਾ ਚੁੱਕਦੀ ਹੈ।

2. ਸ਼ੀਲਾ (ਨੈਤਿਕ ਅਹਿਸਾਸ): ਬੁਰਾਈ ਕਰਨ ਦੀ ਤਮੰਨਾ।ਗਲਤੀ ਕਰਨ ਦਾ ਪਛਤਾਵਾ ਕਰਨ ਵਜੋਂ ਚੰਗਿਆਈ ਕਰਨ ਦੀ ਇੱਛਾ।ਸ਼ੀਲਾ ਦਾ ਅਰਥ ਹੈ ਕਿ ਸਜ਼ਾ ਪਾਉਣ ਦੀ ਬੁਰਾਈ ਤੋਂ ਕੰਨੀ ਕਤਰਾਉਣਾ।ਸ਼ੀਲਾ ਦਾ ਅਰਥ ਗਲਤੀ ਕਰਨ ਦਾ ਡਰ ਅਹਿਸਾਸ।

3. ਨੇਖਾਮਾ: ਦੁਨਿਆਵੀ ਖੁਸ਼ੀਆਂ ਤੋਂ ਆਪੇ ਮੋੜ ਕੇ ਰੱਖਣਾ।

4. ਦਾਨ: ਬਿਨਾਂ ਕਿਸੇ ਵਾਪਸੀ ਪ੍ਰਾਪਤੀ ਇੱਛਾ ਦੇ, ਦੂਜਿਆਂ ਲੋਕਾਂ ਦੀ ਭਲਾਈ ਲਈ, ਆਪਣੀਆਂ

ਭਾਵਨਾਵਾਂ, ਆਪਣਾ ਖ਼ੂਨ, ਆਪਣੇ ਬੋਲ ਅਤੇ ਆਪਣੀ ਜਿੰਦਗੀ ਵਾਰ ਦੇਣਾ।

5. ਵੀਰੀਆ (ਭਾਵ ਸਹੀ ਕੋਸ਼ਿਸ਼-ਯਤਨ) : ਆਪਣੇ ਸੱਚ ਅਤੇ ਤਾਕਤ ਨਾਲ ਜੋ ਕਰਨਾ ਹੈ, ਉਸ ਲਈ ਅੱਗੇ ਵੱਧਦੇ ਜਾਣਾ।

6. ਖਾਂਤੀ (ਸਹਿਨਸ਼ੀਲਤਾ): ਘਿਰਣਾ ਨਾਲ ਨਹੀਂ ਸਗੋਂ ਪਿਆਰ ਨਾਲ ਖਤਮ ਕਰਨਾ।

7. ਸੁਕਾ (ਸੱਚ): ਸੱਚ ਬੋਲਣਾ, ਹਮੇਸ਼ਾਂ ਸੱਚ ਹੀ ਕਹਿਣਾ।

8. ਅਦਿੱਤਥਾਨਾ (ਮੰਜਲ ਤੇ ਪਹੁੰਚਣ ਲਈ ਦ੍ਰਿੜ ਸੰਕਲਪ-ਤਮੰਨਾ)।

9. ਮੇਤਾ (ਮਿਤਰਤਾ) : ਹਰ ਕਿਸਮ ਦੇ ਜੀਵਾਂ ਨਾਲ, ਅੱਛੇ ਬੁਰੇ ਸਭ ਮਿਤਰਾਂ ਵਾਲਾ ਸਲੂਕ ਕਰਨਾ।

10. ਉਪੇਖਾ: ਇਕ (ਅਜਿਹੀ ਮਾਨਸਿਕ ਵਿਵਸਥਾ ਜਿਥੇ ਪਸੰਦੀਆਂ ਨਾ ਪਸੰਦੀਆਂ ਦੀ ਗੱਲ ਹੀ ਨਾ ਰਹੇ। ਜਿਤੇ ਅੱਛੇ ਬੁਰੇ ਨਤੀਜਿਆਂ ਕਾਰਨ ਆਦਮੀ ਅਹਿੱਲ ਰਹੇ। ਇਕ ਠੋਸ ਮਾਨਸਿਕ ਸੰਤੁਲਨ।)

ਬੁੱਧ ਦੇ ਅਹਿੰਸਾ ਅਤੇ ਹਿੰਸਾ ਬਾਰੇ ਵਿਚਾਰ

(ਬੁੱਧ ਸ਼ਾਕੀਆ ਰਾਜ ਨਾਲ ਸਬੰਧਤ ਸਨ ਜੋ ਉਸ ਸਮੇਂ ਇਕ ਪਰਜਾਤੰਤਰਕ ਰਿਆਸਤ ਸੀ।)

ਬੁੱਧ ਨੇ ਵਿਸ਼ਾਲੀ ਦੇ ਚੀਫ ਕਮਾਂਡਰ ਸਿਨਹਾ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ, ਜੋ ਮੈਂ ਕਹਿ ਰਿਹਾ ਹਾਂ ਉਸਨੂੰ ਗਲਤ ਸਮਝਿਆ ਹੈ । ਇਕ ਦੋਸ਼ੀ ਨੂੰ ਹਰ ਹਾਲਤ ਵਿਚ ਸਜ਼ਾ ਮਿਲਣੀ ਚਾਹੀਦੀ ਹੈ। ਪਰੰਤੂ ਇਕ ਅਣਭੋਲ ਵਿਅਕਤੀ ਨੂੰ ਅਜਾਦ ਕਰ ਦੇਣਾ ਚਾਹੀਦਾ ਹੈ। ਇਹ ਨਿਆਇਕ ਦਾ ਕਸੂਰ ਨਹੀਂ ਹੈ, ਜੇ ਉਹ ਦੋਸ਼ੀ ਨੂੰ ਸਜ਼ਾ ਦਿੰਦਾ ਹੈ। ਸਜ਼ਾ ਦਾ ਕਾਰਨ ਦੋਸ਼ੀ ਦਾ ਕੀਤਾ ਹੋਇਆ ਗੁਨਾਹ ਹੈ। ਜੱਜ ਜੋ ਸਜ਼ਾ ਦਿੰਦਾ ਹੈ, ਉਹ ਤਾਂ ਸਿਰਫ ਕਾਨੂੰਨ ਲਾਗੂ ਕਰਦਾ ਹੈ। ਉਸ ਉੱਤੇ ਹਿੰਸਾ ਦਾ ਧੱਬਾ ਨਹੀਂ ਲਗਾਇਆ ਜਾ ਸਕਦਾ। ਇਕ ਆਦਮੀ ਜੋ ਇਨਸਾਫ ਅਤੇ ਸੁਰੱਖਿਆ ਲਈ ਲੜਦਾ ਹੈ, ਨੂੰ ਦੋਸ਼ੀ ਨਹੀਂ ਕਿਹਾ ਜਾ ਸਕਦਾ। ਜਦੋਂ ਸ਼ਾਂਤੀ ਕਾਇਮ ਕਰਨ ਦੇ ਸਾਰੇ ਤੌਰ ਤਰੀਕੇ ਖਤਮ ਹੋ ਜਾਣ ਤਾਂ ਹਿੰਸਾ ਦੀ ਸਾਰੀ ਜਿੰਮੇਦਾਰੀ ਉਸ ਉੱਤੇ ਹੁੰਦੀ ਹੈ ਜੋ ਝਗੜਾ ਸ਼ੁਰੂ ਕਰਦਾ ਹੈ। ਮਨੁੱਖ ਨੂੰ ਬੁਰੀਆਂ ਤਾਕਤਾਂ ਸਾਹਮਣੇ ਹਥਿਆਰ ਨਹੀਂ ਸੁੱਟਣੇ ਚਾਹੀਦੇ । ਯੁੱਧ ਜ਼ਰੂਰ ਹੋਣਾ ਚਾਹੀਦਾ ਹੈ, ਪ੍ਰੰਤੂ ਇਹ ਸਵਾਰਥੀ ਹਿੱਤਾਂ ਨੂੰ ਮੁੱਖ ਰੱਖਕੇ ਨਹੀਂ। (ਬੁੱਧ ਹਿੰਸਾ ਦੇ ਖਿਲਾਫ ਸੀ, ਪ੍ਰੰਤੂ ਇਨਸਾਫ ਪਸੰਦ ਸੀ । ਜਿੱਥੇ ਇਨਸਾਫ ਕਰਨ ਜਾਂ ਲੈਣ ਦਾ ਮਾਮਲਾ ਆਵੇ, ਉਥੇ ਉਸ ਨੇ ਤਾਕਤ ਦੀ ਵਰਤੋਂ ਦੀ ਛੋਟ ਦਿੱਤੀ ।)

ਸਮਾਨਤਾ : ਬੁੱਧ ਖੁਦ ਫਟੇ ਪੁਰਾਣੇ ਕੱਪੜੇ ਪਾਉਂਦਾ ਸੀ । ਇਕ ਵਾਰ ਬੁੱਧ ਦੀ ਮਾਂ ਮਹਾਂ ਪਰਜਾਪਤੀ ਗੌਤਮੀ, ਜਿਸ ਨੇ ਭਿਖਸ਼ੂ ਸੰਘ ਵਿੱਚ ਦਾਖਲਾ ਲੈ ਲਿਆ ਸੀ, ਨੇ ਸੁਣਿਆ ਕਿ ਬੁੱਧ ਨੂੰ ਠੰਡ ਲਗ ਗਈ ਹੈ । ਉਸ ਨੇ ਜਲਦੀ ਨਾਲ ਇਕ ਸਕਾਰਫ ਬੁਣਿਆ ਅਤੇ ਬੁੱਧ ਨੂੰ ਇਹ ਪਹਿਨਣ ਲਈ ਕਿਹਾ । ਪ੍ਰੰਤੂ ਬੁੱਧ ਨੇ ਇਹ ਕਹਿੰਦਿਆਂ ਪਹਿਨਣ ਤੋਂ ਇਨਕਾਰ ਕਰ ਦਿੱਤਾ ਕਿ ਜੇ ਇਹ ਤੋਹਫਾ ਹੈ ਤਾਂ ਇਹ ਸਾਰੇ ਸੰਘ ਲਈ ਹੀ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਇਕ ਮੈਂਬਰ ਲਈ ।

ਸਰਬ-ਉੱਚ (ਸੁਪਰੀਮ) ਧੰਮਾਂ (ਧਰਮ)

ਬੁੱਧ ਦਾ 'ਧੰਮਾਂ' (ਸਿਧਾਂਤ) ਸੰਘ ਦਾ ਉੱਚਮ ਕਮਾਂਡਰ ਸੀ । ਉਸ ਨੇ ਖੁਦ ਡਿਕਟੇਟਰ ਬਣਨ ਤੋਂ ਇਨਕਾਰ ਕੀਤਾ ਅਤੇ ਹੋਰ ਕਿਸੇ ਨੂੰ ਡਿਕਟੇਟਰ ਬਣਾਉਣ ਤੋਂ ਇਨਕਾਰ ਕੀਤਾ । ਭਿਖਸ਼ੂ-ਸੰਘ ਦਾ ਵਿਧਾਨ ਸ਼ਾਨਦਾਰ ਪਰਜਾਤੰਤਰਕ ਵਿਧਾਨ ਸੀ ।

ਚੇਲੇ ਯਸ਼ ਨੂੰ ਬੁੱਧ ਨੇ ਕਿਹਾ, "ਮੇਰਾ ਧਰਮ ਬਹੁਤ ਲੋਕਾਂ ਦੇ ਭਲੇ ਲਈ ਹੈ, ਕਿਉਂਕਿ ਬਹੁਤਿਆਂ ਦੇ ਭਲੇ 'ਚ ਬਹੁਤਿਆਂ ਦੀ ਖੁਸ਼ੀ ਹੈ । ਇਸ ਦੇ ਸ਼ੁਰੂ 'ਚ ਵੀ ਭਲਾ ਹੈ, ਦਰਮਿਆਨ ਵਿਚ ਵੀ ਅਤੇ ਇਸ ਦੇ ਅਖੀਰ 'ਚ ਵੀ ਭਲਾ ਹੈ । ਭੈਣੋਂ ਅਤੇ ਭਰਾਵੋ, ਇਹ ਮੇਰਾ ਧਰਮ ਹੈ ।"

ਲੋਕ ਪਰਲੋਕ, ਸਰੀਰ ਆਤਮਾ ਤੇ ਪੁਨਰ ਜਨਮ ਆਦਿ ਬਾਰੇ ਬੁੱਧ ਦੇ ਵਿਚਾਰ

ਪੱਖਪਾਤਾਂ ਦੇ ਉੱਤਰ ਵਿੱਚ ਬੁੱਧ ਨੇ ਦੱਸਿਆ, "ਇਹ ਪ੍ਰਸ਼ਨ ਲਾਭਦਾਇਕ ਹੋਣ ਦੀ ਥਾਂ ਫਜ਼ੂਲ ਹੈ । ਇਸ ਦਾ 'ਧੰਮ' ਨਾਲ ਕੋਈ ਸੰਬੰਧ ਨਹੀਂ । ਨਾ ਤਾਂ ਇਹ ਸ਼ੁੱਧ ਵਿਹਾਰ ਤੇ ਤੱਤਾਂ ਨੂੰ ਵਧਾਉਂਦੇ ਹਨ, ਨਾ ਤੋੜਦੇ ਹਨ ਤੇ ਨਾ ਹੀ ਲਾਲਸਾਵਾਂ-ਵਾਸ਼ਨਾਵਾਂ ਦਾ ਸ਼ੁੱਧੀਕਰਣ ਕਰਦੇ ਹਨ, ਨਾ ਸ਼ਾਂਤੀ ਲਈ, ਨਾ ਮਨ ਦੀ ਤਸੱਲੀ ਲਈ, ਨਾ ਨਿਰਵਾਣ (ਮੁਕਤੀ) ਲਈ, ਨਾ ਅੰਦਰੂਨੀ ਸਮਝ ਲਈ ਇਹ ਲਾਭਦਾਇਕ ਹਨ, ਇਸ ਲਈ ਸੱਚ ਇਹ ਹੈ ਕਿ ਮੈਂ ਇਸ 'ਤੇ (ਭਾਵ ਲੋਕ ਪ੍ਰਲੋਕ, ਸਰੀਰ ਆਤਮਾ ਤੇ ਪੁਨਰ ਜਨਮ ਆਦਿ) ਕੋਈ ਰਾਇ ਪੇਸ਼ ਨਹੀਂ ਕਰਦਾ ।"

ਮਹਾਮਤਾ ਬੁੱਧ ਦੇ ਵਿਚਾਰ ਧੰਮ ਅਤੇ ਧਰਮ ਨਾਲੋਂ ਮਜ਼ਹਬ ਅਤੇ ਰਿਲੀਜਨ ਵਿੱਚ ਜ਼ਮੀਨ ਅਸਮਾਨ, ਦਾ ਫਰਕ ਹੈ। ਧਰਮ ਦਾ ਅਰਥ ਹੈ ਇਹ ਦੱਸਣਾ ਕਿ ਸੰਸਾਰ ਕਿਵੇਂ ਬਣਿਆ। ਪਰਮਾਤਮਾ ਆਤਮਾ, ਪੁਨਰ ਜਨਮ, ਨਰਕ-ਸੁਰਗ, ਭਗਤੀ, ਪੁੰਨਦਾਨ, ਪਾਠ-ਪੂਜਾ ਇਸਦੇ ਵਿਸ਼ੇ ਹਨ। ਮਜ਼੍ਹਬ ਦਾ ਕੇਂਦਰ ਪ੍ਰਮਾਤਮਾ ਅਤੇ ਮਨੁੱਖੀ ਆਤਮਾ ਹੈ। ਧੰਮ ਦਾ ਉਦੇਸ਼ ਸੰਸਾਰ ਨੂੰ ਸੁੰਦਰ ਬਣਾਉਣਾ ਹੈ । ਪੁਨਰ-ਨਿਰਮਾਣ ਕਰਨਾ, ਦੁੱਖ ਦੇ ਕਾਰਨ ਦੂਰ ਕਰਕੇ ਸਰਵ ਵਿਆਪੀ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਬੁੱਧ ਦਾ ਮਾਰਗ ਧੰਮ ਹੈ ਨਾ ਕਿ ਧਰਮ । ਧੰਮ ਇਕ ਸਮਾਜਿਕ ਵਿਚਾਰਧਾਰਾ ਹੈ । ਧੰਮ ਇਕ ਪ੍ਰਤੱਖ ਸਚਾਈ ਹੈ। ਇਨਸਾਨ ਅਤੇ ਇਨਸਾਨ ਵਿਚਕਾਰ ਰਿਸ਼ਤਿਆਂ ਦਾ ਅਨੁਭਵ ਹੈ । ਧੰਮ ਸਮਾਜ ਨਾਲ ਜੁੜੀ ਹੋਈ ਵਿਚਾਰਧਾਰਾ ਹੈ ।

ਕ੍ਰਿਸ਼ਨ, ਈਸਾ ਅਤੇ ਹਜ਼ਰਤ ਮੁਹੰਮਦ ਨੇ ਆਪਣੀ ਹੋਂਦ ਦਾ ਦਾਅਵਾ ਕੀਤਾ ਹੈ ਤੇ ਆਪਣੀ ਗਲ ਨੂੰ ਅੰਤਮ ਸੱਚ ਕਿਹਾ ਹੈ। ਪ੍ਰੰਤੂ ਬੁੱਧ ਨੇ ਆਪਣੇ ਸ਼ਿਸ਼ ਅਨੰਦ ਨੂੰ ਸੰਬੋਧਨ ਕਰਦਿਆਂ ਕਿਹਾ, "ਮੇਰਾ ਧੰਮ ਬੁੱਧੀ ਅਤੇ ਅਨੁਭਵ 'ਤੇ ਅਧਾਰਤ ਹੈ । ਮੇਰੀਆਂ ਗੱਲਾਂ ਨੂੰ ਸਿਰਫ ਇਸ ਲਈ ਜ਼ਰੂਰੀ ਅਤੇ ਸਹੀ ਨਹੀਂ ਮੰਨ ਲੈਣਾ ਚਾਹੀਦਾ ਕਿ ਮੈਂ (ਬੁੱਧ ਨੇ) ਕਹੀਆਂ ਹਨ । ਇਹ ਗੱਲਾਂ ਕਿਉਂਕਿ ਬੁੱਧੀ ਅਤੇ ਅਨੁਭਵ 'ਤੇ ਅਧਾਰਤ ਹਨ, ਇਸ ਲਈ ਜਦੋਂ ਕਿਸੇ ਸਮੇਂ ਇਹ ਠੀਕ ਢੁਕਵੀਆਂ ਪ੍ਰਤੀਤ ਨਾ ਹੋਣ ਤਾਂ ਇਨ੍ਹਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ । ਇੱਥੋਂ ਤੱਕ ਕਿ ਇਨ੍ਹਾਂ ਵਿੱਚੋਂ ਕਿਸੇ ਗੱਲ ਨੂੰ ਤਿਆਗਿਆ ਵੀ ਜਾ ਸਕਦਾ ਹੈ ।"

ਉਨ੍ਹਾਂ ਨੇ ਕਿਹਾ ਕਿ ਸਚਾਈ ਦਾ ਰਾਜ ਧਰਤੀ 'ਤੇ ਮੌਜੂਦ ਹੈ ਅਤੇ ਵਿਅਕਤੀ ਸ਼ੁੱਧ ਅਤੇ ਸੱਚੇ ਆਚਰਣ ਦੁਆਰਾ ਉਸ ਨੂੰ ਪ੍ਰਾਪਤ ਕਰ ਸਕਦਾ ਹੈ । ਦੁੱਖਾਂ-ਕਸ਼ਟਾਂ ਨੂੰ ਦੂਰ ਕਰਨ ਲਈ ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਹਰ ਇਕ ਦੇ ਨਾਲ ਸ਼ੁੱਧ ਆਚਰਣਕ ਵਿਹਾਰ ਕਰੇ ਅਤੇ ਇਸ ਤਰ੍ਹਾਂ ਧਰਤੀ 'ਤੇ ਸਚਾਈ ਦਾ ਰਾਜ ਸਥਾਪਤ ਕਰਨ ਵਿੱਚ ਭਾਗੀਦਾਰ ਬਣੇ । ਮਾਨਵ ਦੇ ਦੁੱਖਾਂ-ਕਸ਼ਟਾਂ ਦਾ ਕਾਰਨ ਅਸਮਾਨਤਾ ਹੈ । ਕੇਵਲ ਸ਼ੁੱਧ ਆਚਰਣ ਦੁਆਰਾ ਇਸ ਅਸਮਾਨਤਾ ਅਤੇ ਇਸ ਦੇ ਕਾਰਨ ਪੈਦਾ ਹੋਣ ਵਾਲੇ ਦੁੱਖਾਂ ਕਸ਼ਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ ।

ਮਹਾਤਮਾ ਬੁੱਧ ਨੇ ਵੇਦਾਂ ਦੀ ਜਾਤੀ ਪ੍ਰਥਾ ਦਾ ਡਟਕੇ ਵਿਰੋਧ ਕੀਤਾ । ਬੁੱਧ ਨੇ ਕਿਹਾ, "ਮਹੱਤਵਪੂਰਨ ਬਾਤ ਇਹ ਨਹੀਂ ਕਿ ਜਾਤ ਉੱਚੀ ਹੈ ਜਾਂ ਨੀਵੀਂ ਹੈ, ਪ੍ਰੰਤੂ ਮਹੱਤਵਪੂਰਵ ਬਾਤ ਹੈ 'ਉੱਚਾ ਆਦਰਸ਼ ।"

ਬੁੱਧ ਨੇ ਦਾਸ (ਗੁਲਾਮ) ਰੱਖਣ ਅਤੇ ਦਾਸਾਂ ਦਾ ਵਪਾਰ ਕਰਨ ਦਾ ਵਿਰੋਧ ਕੀਤਾ ।

ਐੱਮ.ਡੀ. ਗਰਟ ਨੇ ਲਿਖਿਆ ਹੈ, "ਅੱਜ ਤੋਂ 1500 ਸਾਲ ਤੋਂ ਜ਼ਿਆਦਾ ਵਰ੍ਹੇ ਪਹਿਲਾਂ ਹੀ ਗੁਲਾਮੀ ਨੂੰ ਖਤਮ ਕਰਨ ਦਾ ਸਨਮਾਨ ਬੁੱਧ ਧੰਮ ਨੂੰ ਪ੍ਰਾਪਤ ਹੈ ।"

* ਬੁੱਧ ਧੰਮ ਵਿੱਚ ਇਸਤਰੀਆਂ ਅਤੇ ਪੁਰਸ਼ ਸਮਾਨ ਸਨ । ਬੋਧੀ ਗ੍ਰੰਥਾਂ ਵਿੱਚ ਇਸਤਰੀਆਂ ਦਾ ਜ਼ਿਕਰ ਪੁਰਸ਼ਾਂ ਤੋਂ ਪਹਿਲੇ ਹੁੰਦਾ ਹੈ । ਬੁੱਧ ਧੰਮ ਨੇ ਇਕ ਪਤਨੀ ਪ੍ਰਥਾ ਦਾ ਸਮਰਥਨ ਕੀਤਾ । ਵਿਆਹ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਸਦਾਚਾਰ 'ਤੇ ਜ਼ੋਰ ਦਿੱਤਾ ।

* ਬੁੱਧ ਧੰਮ ਨੇ ਸ਼ੂਦਰਾਂ ਅਤੇ ਇਸਤਰੀਆਂ ਨੂੰ ਬਰਾਬਰ ਗਿਆਨ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ । ਬੁੱਧ ਧੰਮ ਨੇ ਇਨ੍ਹਾਂ ('ਪਾਪ ਦੀਆਂ ਜੂਨੀਆਂ'-ਕ੍ਰਿਸ਼ਨ) ਨੂੰ ਦੂਜੇ ਵਰਗਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ।

* ਬ੍ਰਾਹਮਣਵਾਦ ਵਾਂਗ ਬੁੱਧ ਨੇ ਹਿੰਸਾ ਨੂੰ ਇੱਛਾ ਬਣਾ ਕੇ ਪੇਸ਼ ਨਹੀਂ ਕੀਤਾ, ਉਨ੍ਹਾਂ ਨੇ ਹਿੰਸਾ ਕਰਨ ਦੀ ਇੱਛਾ ਅਤੇ ਹਿੰਸਾ ਕਰਨ ਦੀ ਜ਼ਰੂਰਤ ਦੋਹਾਂ ਵਿਚਾਰਾਂ ਵਿੱਚ ਅੰਤਰ ਸਪੱਸ਼ਟ ਕੀਤਾ ਤੇ ਕਿਹਾ ਕਿ ਸੱਚ ਅਤੇ ਇਨਸਾਫ ਲਈ ਕੀਤੀ ਗਈ ਹਿੰਸਾ, ਹਿੰਸਾ ਨਹੀਂ ਹੈ । ਭਾਵ ਉਨ੍ਹਾਂ ਦੱਸਿਆ ਕਿ ਮਨੁੱਖੀ ਬੇਹਤਰੀ ਲਈ, ਜੋ ਸੰਸਾਰ ਦੇ ਦੁੱਖ ਅਤੇ ਕਸ਼ਟ ਦੂਰ ਕਰਨ ਲਈ ਹਿੰਸਾ ਕੀਤੀ ਗਈ ਹੋਵੇ, ਉਸ ਤੋਂ ਨਹੀਂ ਹਟਣਾ, ਪ੍ਰੰਤੂ ਹਿੰਸਾ ਨੂੰ ਪਰਵਿਰਤੀ ਬਣਾ ਕੇ ਚਲਾਉਣਾ ਮਾੜਾ ਕਰਮ ਹੈ, ਜੋ ਹਰ ਦੁੱਖ ਅਤੇ ਕਸ਼ਟ ਪੈਦਾ ਕਰੇਗਾ ।

* ਉਨ੍ਹਾਂ ਕਿਹਾ ਕਿ ਸੱਚ ਬੋਲਣਾ ਚਾਹੀਦਾ ਹੈ, ਪ੍ਰੰਤੂ ਬੁੱਧੀ ਵਿਵੇਕ 'ਤੇ ਅਧਾਰਤ ਬਹੁਜਨ ਹਿਤਾਏ ਅਤੇ ਬਹੁਜਨ ਸੁਖਾਏ ਦਾ ਧਿਆਨ ਰੱਖਕੇ ।

* ਜਾਤੀ ਪ੍ਰਬੰਧ ਬਾਰੇ ਬੁੱਧ ਦੇ ਵਿਚਾਰ ਸਨ, "ਜਿਵੇਂ ਵੱਖ-ਵੱਖ ਨਦੀਆਂ ਸਮੁੰਦਰ 'ਚ ਮਿਲ ਜਾਣ 'ਤੇ ਆਪਣਾ ਰੂਪ ਗਵਾ ਦਿੰਦੀਆਂ ਹਨ, ਤਿਵੇਂ ਹੀ ਬੋਧੀ ਸਮਾਜ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਦਮੀ ਦੀ ਜਾਤ

ਮਿਟ ਜਾਂਦੀ ਹੈ। ਫੇਰ ਉਹ ਮਹਾਨ ਬੋਧੀ ਬਰਾਦਰੀ ਦਾ ਅੰਗ ਬਣ ਜਾਂਦਾ ਹੈ।"

* ਡਾ. ਅੰਬੇਡਕਰ ਨੇ ਕਿਹਾ ਹੈ, "ਬੁੱਧ ਧਰਮ ਸਾਨੂੰ ਪਰੰਗਿਆ ਭਾਵ ਅੰਧ ਵਿਸ਼ਵਾਸ ਅਤੇ ਕਰਾਮਾਤਾਂ ਦੇ ਉਲਟ, ਅਕਲ ਨਾਲ ਸੋਚਣ ਤੇ ਸਮਝਣ ਦਾ ਗਿਆਨ ਦਿੰਦਾ ਹੈ।

ਮਹਾਨ ਬੁੱਧ ਦਾ ਜੀਵਨ ਫਲਸਫਾ

–ਭਗਵਾਨ ਬੁੱਧ ਬਾਰੇ ਇਕ ਗੱਲ ਬੜੇ ਭਰੋਸੇ ਨਾਲ ਆਖੀ ਜਾ ਸਕਦੀ ਹੈ ਕਿ ਉਹ ਕੁਝ ਨਹੀਂ ਸਨ, ਜੋ ਉਨ੍ਹਾਂ ਦਾ ਕਥਨ ਬੁੱਧੀ ਸੰਗਤ, ਸੂਝਬੂਝ ਵਾਲਾ, ਦਲੀਲ ਵਾਲਾ ਨਹੀਂ ਹੁੰਦਾ ਸੀ। ਦੂਜੀਆਂ ਗੱਲਾਂ ਦਾ ਲੋੜ ਅਨੁਸਾਰ ਮੁਲਾਂਕਣ ਕਰਦਿਆਂ ਇਹ ਗੱਲ ਆਖੀ ਜਾ ਸਕਦੀ ਹੈ ਕਿ ਜਿਹੜੀ ਗੱਲ ਸੂਝ-ਬੂਝ ਵਾਲੀ ਹੈ, ਦਲੀਲ ਵਾਲੀ ਹੈ, ਉਹੋ 'ਬੁੱਧ ਬਚਨ' ਹੈ।

–ਇਸ ਲਈ ਕੋਈ ਵੀ ਅਜਿਹੀ ਗੱਲ, ਜਿਸ ਦਾ ਆਦਮੀ ਦੇ ਕਲਿਆਣ ਨਾਲ ਕੋਈ ਵਾਸਤਾ ਨਹੀਂ, ਜੋ ਭਗਵਾਨ ਬੁੱਧ ਨੇ ਮੜ੍ਹੀ ਜਾਂਦੀ ਹੈ ਤਾਂ ਉਸ ਨੂੰ ਬੁੱਧ ਬਚਨ ਨਹੀਂ ਮੰਨਿਆ ਜਾ ਸਕਦਾ।

ਬੁੱਧ ਸੋਚਵਾਨ ਕਿਉਂ ਹੋਏ ?

–ਘੱਟ ਪਾਣੀ ਵਿੱਚ ਜਿਵੇਂ ਮੱਛੀਆਂ ਤੜਫਦੀਆਂ ਹਨ, ਉਸੇ ਤਰ੍ਹਾਂ ਇਕ ਦੂਜੇ ਦਾ ਵਿਰੋਧ ਕਰਦੇ ਹੋਇਆ ਛਟਪਟਾਉਣ ਵਾਲੀ ਪਰਜਾ ਨੂੰ ਵੇਖ ਕੇ ਮੇਰੇ ਅੰਦਰ ਡਰ ਭੈਅ ਪੈਦਾ ਹੋਇਆ, ਕਿਉਂਕਿ ਅਖੀਰ ਤਕ ਸਾਰੀ ਜਨਤਾ ਨੂੰ ਆਪੋ ਵਿੱਚ ਖਿਲਾਫ ਹੋਈ ਵੇਖ ਕੇ ਮੇਰਾ ਜੀਅ ਅੱਕ ਗਿਆ।

–ਕੀ ਇਸ ਵਿੱਚ ਕੁਝ ਵੀ ਹੈਰਾਨੀ ਹੋ ਸਕਦੀ ਹੈ ਕਿ ਲੋਕ ਉਹਨੂੰ ਇਹ ਆਖ ਕੇ ਚੇਤੇ ਕਰਦੇ ਰਹੇ ਹੋਣ ਕਿ, "ਇਹ ਉੱਚੇ ਕੁਲ ਵਿੱਚ ਪੈਦਾ ਹੋਇਆ ਹੈ, ਮਹਾਨ ਮਾਂ-ਬਾਪ ਦੀ ਔਲਾਦ ਹੈ, ਅਮਰੀ ਹੈ, ਜਵਾਨ ਹੈ, ਸੋਹਣੇ ਸਰੀਰ ਤੇ ਸੂਝ-ਬੂਝ ਵਾਲਾ ਹੈ, ਸੁੱਖਾਂ ਵਿੱਚ ਪਲਿਆ ਹੈ ਤੇ ਉਹ ਆਪਣੇ ਸੰਬੰਧੀਆਂ ਨਾਲ ਇਸ ਲਈ ਲੜਿਆ ਕਿ ਧਰਤੀ 'ਤੇ ਸ਼ਾਂਤੀ ਬਣੀ ਰਹੇ ਤੇ ਜਨਤਾ ਦਾ ਭਲਾ ਹੋਵੇ।" ਲੋਕਾਂ ਦਾ ਕਹਿਣਾ ਸੀ ਕਿ ਇਹ "ਇਸ ਦਾ ਆਪਣੇ-ਆਪ ਕੀਤਾ ਗਿਆ ਤਿਆਗ ਮਹਾਨ ਹੈ। ਇਹ ਬੜੀ ਬਹਾਦਰੀ ਤੇ ਹੌਸਲੇ ਦਾ ਕੰਮ ਹੈ। ਦੁਨੀਆ ਦੇ ਇਤਿਹਾਸ ਵਿੱਚ ਇਸ ਦੀ ਮਿਸਾਲ ਨਹੀਂ। ਇਹ ਸ਼ਾਕਯ-ਮੁਨੀ ਜਾਂ ਸ਼ਾਕਯ-ਸ਼ੇਰ ਕਹਾਉਣ ਦਾ ਅਧਿਕਾਰੀ ਹੈ।" ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲ ਸਕੇ ਜੋ ਆਪਣੇ-ਆਪਣੇ ਘਰ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਨ ਤੇ ਜਿਹੜੇ ਦੁਖ ਵਿੱਚ ਪਏ ਹਨ, ਜਿਹੜੇ ਚਿੰਤਾ ਵਿੱਚ ਪਏ ਹਨ, ਜਿਨ੍ਹਾਂ ਨੂੰ ਚੈਨ ਨਹੀਂ ਹੈ ਤੇ ਜਿਨ੍ਹਾਂ ਨੂੰ ਮਦਦ ਦੀ ਲੋੜ ਹੈ। ਸਿਧਾਰਥ ਸੁਭਾਉ ਤੋਂ ਦਯਾਵਾਨ ਸੀ। ਉਸ ਨੂੰ ਇਹ ਕਤਈ ਚੰਗਾ ਨਾ ਲੱਗਦਾ ਕਿ ਆਦਮੀ ਹੀ ਆਦਮੀ ਨੂੰ ਦੱਬੇ ਕੁਚਲੇ।

ਚਿੰਤਾ ਦੇ ਹੋਰ ਕਾਰਨ

–ਇਕ ਦਿਨ ਆਪਣੇ ਕੁਝ ਦੋਸਤਾਂ ਨੂੰ ਨਾਲ ਲੈ ਕੇ ਉਹ ਆਪਣੇ ਪਿਤਾ ਦੇ ਖੇਤਾਂ ਨੂੰ ਗਿਆ। ਉਥੇ ਉਸਨੇ ਦੇਖਿਆ ਕਿ ਮਜ਼ਦੂਰ ਖੇਤ ਪੁੱਟ ਰਹੇ ਹਨ, ਬੰਨ੍ਹ ਬੰਨ੍ਹ ਰਹੇ ਹਨ, ਪਰ ਉਨ੍ਹਾਂ ਦੇ ਸਰੀਰ 'ਤੇ ਲੋੜੀਂਦਾ ਕੱਪੜਾ ਨਹੀਂ ਹੈ। ਉਹ ਸੂਰਜ ਦੀ ਧੁੱਪ ਨਾਲ ਜਲ ਰਹੇ ਹਨ।

–ਉਸ ਦ੍ਰਿਸ਼ ਦਾ ਉਸ ਦੇ ਮਨ 'ਤੇ ਡੂੰਘਾ ਅਸਰ ਪਿਆ। ਉਸ ਨੇ ਆਪਣੇ ਇਕ ਮਿੱਤਰ ਨੂੰ ਕਿਹਾ, ਇਕ ਆਦਮੀ ਦੂਜੇ ਆਦਮੀ ਨੂੰ ਦਬਾਏ-ਕੁਚਲੇ, ਕੀ ਇਸ ਨੂੰ ਠੀਕ ਕਿਹਾ ਜਾਵੇਗਾ ? ਮਜ਼ਦੂਰ ਮਿਹਨਤ ਕਰੇ ਅਤੇ ਮਾਲਿਕ ਉਸ ਦੀ ਮਜ਼ਦੂਰੀ 'ਤੇ ਮੌਜ ਮਨਾਵੇ, ਇਹ ਕਿਵੇਂ ਹੋ ਸਕਦਾ ਹੈ ?

–ਉਸਦੇ ਦੋਸਤਾਂ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ, ਕਿਉਂਕਿ ਉਹ ਪੁਰਾਣੇ ਖਿਆਲਾਂ ਨੂੰ ਮੰਨਣ ਵਾਲੇ ਸਨ ਕਿ ਕਿਸਾਨ ਮਜ਼ਦੂਰ ਦਾ ਜਨਮ ਹੀ ਆਪਣੇ ਮਾਲਕਾਂ ਦੀ ਸੇਵਾ ਕਰਨ ਲਈ ਹੋਇਆ ਹੈ ਤੇ ਅਜਿਹਾ ਕਰਨਾ ਹੀ ਉਨ੍ਹਾਂ ਦਾ ਧਰਮ ਹੈ।

–"ਮਾਂ ਇਹ ਤਾਂ ਦੱਸ ਕਿ ਆਦਮੀ ਦਾ ਆਦਮੀ ਨੂੰ ਮਾਰਨਾ ਇਕ ਆਦਮੀ ਦਾ ਹੀ ਧਰਮ ਕਿਵੇਂ ਹੋ ਸਕਦਾ ਨੂੰ ?" ਗੌਤਮੀ ਜਵਾਬ ਦਿੰਦੀ ਹੈ, "ਇਹ ਸਭ ਦਲੀਲਬਾਜ਼ੀ ਤਾਂ ਇਕ ਸੰਨਿਆਸੀ ਯੋਗ ਹੈ, ਪਰ ਕਸ਼ੱਤਰੀ ਦਾ ਧਰਮ ਤਾਂ ਲੜਨਾ ਹੀ ਹੈ। ਜੇ ਕਸ਼ੱਤਰੀ ਵੀ ਨਹੀਂ ਲੜੇਗਾ ਤਾਂ ਦੇਸ਼ ਦੀ ਰੱਖਿਆ ਕੌਣ ਕਰੇਗਾ।"

–"ਪਰ ਮਾਂ, ਜੇ ਸਾਰੇ ਕਸ਼ੱਤਰੀ ਇਕ ਦੂਜੇ ਨੂੰ ਆਪਸ 'ਚ ਪਿਆਰ ਕਰਨ, ਤਾਂ ਕੀ ਬਿਨਾਂ ਕੱਟ-ਵੱਢ ਤੋਂ ਉਹ ਦੇਸ਼ ਦੀ ਰੱਖਿਆ ਨਹੀਂ ਕਰ ਸਕਦੇ ?"

ਜੀਵਨ ਦਾ ਮੰਤਵ ਕੀ ਹੈ ?

–ਉਹ ਉਨ੍ਹਾਂ ਨੂੰ (ਆਪਣੇ ਸਾਥੀਆਂ ਨੂੰ) ਮਸ਼ਵਰਾ ਦਿੰਦਾ ਕਿ ਅਜਿਹੀਆਂ ਹੀ ਭਾਵਨਾਵਾਂ ਦੀ ਇੱਛਾ ਕਰਨੀ ਚਾਹੀਦੀ ਹੈ ਕਿ ਮੈਂ ਸੁਖੀ ਰਹਾਂ, ਮੇਰੇ ਰਿਸ਼ਤੇਦਾਰ ਸੁਖੀ ਰਹਿਣ ਤੇ ਸਾਰੇ ਜੀਵ ਸੁਖੀ ਰਹਿਣ।

ਇਨਸਾਫ ਕੀ ਹੈ ?

–ਦੇਵਦੱਤ ਦਾ ਕਹਿਣਾ ਸੀ ਕਿ ਸ਼ਿਕਾਰ ਦੇ ਨੇਮਾਂ ਮੁਤਾਬਕ ਜਿਹੜਾ ਪੰਛੀ ਮਾਰਦਾ ਹੈ, ਉਹੀ ਉਸ ਦਾ ਮਾਲਕ ਹੁੰਦਾ ਹੈ, ਇਸ ਲਈ ਉਸ ਦਾ ਹੱਕਦਾਰ ਉਹੀ ਹੈ।

–ਸਿਧਾਰਥ ਦਾ ਕਹਿਣਾ ਸੀ ਕਿ ਅਧਾਰ ਹੀ ਬਿਲਕੁਲ ਗਲਤ ਹੈ। ਜਿਹੜਾ ਕਿਸੇ ਦੀ ਹਿਫਾਜ਼ਤ ਕਰਦਾ ਹੈ, ਉਹੀ ਉਸ ਦਾ ਮਾਲਕ ਹੋ ਸਕਦਾ ਹੈ। ਹਤਿਆਰਾ ਕਿਵੇਂ ਕਿਸੇ ਦਾ ਮਾਲਕ ਹੋ ਸਕਦਾ ਹੈ ?

–"ਕਾਮ ਨੂੰ ਹੀ ਸਭ ਤੋਂ ਪਹਿਲਾਂ ਉੱਤਮ ਕੰਮ ਮੰਨ ਕੇ, ਬੀਤੇ ਸਮੇਂ ਤੋਂ ਇੰਦਰ ਤੱਕ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨੂੰ ਛਾਤੀ ਨਾਲ ਲਾਇਆ।"

–ਇਸੇ ਤਰ੍ਹਾਂ ਅਗਸਤ ਰਿਸ਼ੀ ਨੇ ਵੀ ਸੋਮ ਪਤਨੀ ਰੋਹਿਣੀ ਨਾਲ ਭੋਗ ਕੀਤਾ ਅਤੇ ਸ਼ਰੁਤੀ ਮੁਤਾਬਿਕ ਲੋਪ-ਮੁਦਰਾ ਨਾਲ ਵੀ ਇਹੀ ਬੀਤੀ।

–"ਔਤੱਥਯਾ ਪਤਨੀ ਮਰੁਤ ਦੀ ਪੁੱਤਰੀ ਮਮਤਾ ਨਾਲ ਰਿਸ਼ੀ ਬ੍ਰਹਸਪਤੀ ਹਮਬਿਸਤਰ ਹੋਇਆ ਅਤੇ ਭਾਰਦਵਾਜ ਨੂੰ ਜਨਮ ਦਿੱਤਾ।"

–"ਪੂਜਾ ਕਰਦੀ ਹੋਈ ਬ੍ਰਹਿਸਪਤੀ ਦੀ ਪਤਨੀ ਨੂੰ ਚੰਦਰਮਾ ਨੇ ਅਪਣਾਇਆ ਤੇ ਰੌਸ਼ਨ ਬੁੱਧ ਨੂੰ ਜਨਮ ਦਿੱਤਾ।"

–"ਇਸੇ ਤਰ੍ਹਾਂ ਬੀਤੇ ਸਮੇਂ ਵਿਚ ਕਾਮ-ਪੀੜਤ ਹੋ ਕੇ ਪਰਾਸ਼ਰ ਰਿਸ਼ੀ ਨੇ ਜਮਨਾ ਕੰਢੇ ਵਰੁਣ ਪੁੱਤਰ ਦੀ ਪੁੱਤਰੀ ਕਾਲੀ ਨਾਲ ਭੋਗ ਕੀਤਾ।"

–"ਵਸ਼ਿਸ਼ਠ ਰਿਸ਼ੀ ਨੇ ਅਕਸ਼ਮਾਲਾ ਨਾਂ ਦੀ ਇਕ ਨੀਚ-ਜਾਤ ਦੀ ਔਰਤ ਨਾਲ ਭੋਗ ਕੀਤਾ ਤੇ ਕਪਿੰਜਲਾਦ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ।"

–"ਵਡੇਰੀ ਉਮਰ ਹੋਣ 'ਤੇ ਵੀ ਰਾਜਰਿਸ਼ੀ ਯਯਾਤੀ ਨੇ ਚੈਧਰਥ ਵਣ ਵਿੱਚ ਅਪੱਸਰਾ ਵਿਸ਼ਵਾਚੀ ਨਾਲ ਭੋਗ ਕੀਤਾ।"

–"ਇਹ ਜਾਣਦੇ ਹੋਏ ਵੀ ਕਿ ਪਤਨੀ ਨਾਲ ਭੋਗ ਕਰਨ ਨਾਲ ਉਸ ਦੀ ਮੌਤ ਹੋ ਜਾਵੇਗੀ, ਤਾਂ ਵੀ ਨਰੇਸ਼ ਪਾਂਡੂ ਮਾਦਰੀ ਦੇ ਰੂਪ ਅਤੇ ਗੁਣਾਂ 'ਤੇ ਮੋਹਿਤ ਹੋ ਕੇ ਪ੍ਰੇਮ 'ਚ ਪਾਗਲ ਹੋ ਗਿਆ।"

–"ਇਸ ਤਰ੍ਹਾਂ ਮਹਾਂਪੁਰਖਾਂ ਤੱਕ ਨੇ ਨਿੰਦਣ ਯੋਗ ਕਾਮ-ਭੋਗ ਭੋਗੇ। ਤਦ ਪ੍ਰਸ਼ੰਸਾਯੋਗ ਕਾਮਭੋਗ ਭੋਗਣ 'ਚ ਤਾਂ ਦੋਸ਼ ਹੀ ਕੀ ਹੈ ?"

ਗੌਤਮ ਵਲੋਂ ਸੰਘ ਦਾ ਮੈਂਬਰ ਬਣਨਾ

–ਸ਼ਾਕਯ ਸੈਨਾਪਤੀ ਆਪਣੀ ਥਾਂ 'ਤੇ ਖੜ੍ਹਾ ਹੋਇਆ ਅਤੇ ਉਸ ਨੇ ਸੰਘ ਨੂੰ ਮੁਖਾਤਿਬ ਕੀਤਾ–"ਸ਼ਾਕਯ ਕੁਲ ਦੇ ਸ਼ੁਧੋਦਨ ਪਰਵਾਰ ਵਿਚ ਜਨਮਿਆ ਗੌਤਮ ਸੰਘ ਦਾ ਮੈਂਬਰ ਬਣਨਾ ਚਾਹੁੰਦਾ ਹੈ। ਉਸ ਦੀ ਉਮਰ ਪੂਰੇ ਵੀਹ ਸਾਲ ਦੀ ਹੈ ਤੇ ਉਹ ਹਰ ਤਰ੍ਹਾਂ ਨਾਲ ਸੰਘ ਦਾ ਮੈਂਬਰ ਬਣਨ ਦੇ ਯੋਗ ਹੈ। ਇਸ ਲਈ ਮੇਰਾ ਪ੍ਰਸਤਾਵ ਹੈ ਕਿ ਉਸ ਨੂੰ ਸ਼ਾਕਯ ਸੰਘ ਦਾ ਮੈਂਬਰ ਬਣਾ ਲਿਆ ਜਾਵੇ। ਜੇ ਕੋਈ ਇਸ ਪ੍ਰਸਤਾਵ ਦੇ ਖਿਲਾਫ ਹੋਵੇ ਤਾਂ ਬੋਲੇ।"

–ਕਿਸੇ ਨੇ ਪ੍ਰਸਤਾਵ ਦਾ ਵਿਰੋਧ ਨਾ ਕੀਤਾ। ਸੈਨਾਪਤੀ ਬੋਲਿਆ–"ਮੈਂ ਦੂਜੀ ਵਾਰ ਪੁਛਦਾ ਹਾਂ ਕਿ ਜੇ ਕੋਈ ਪ੍ਰਸਤਾਵ ਦੇ ਵਿਰੁੱਧ ਹੋਵੇ ਤਾਂ ਬੋਲੇ।" ਪ੍ਰਸਤਾਵ ਦੇ ਖਿਲਾਫ ਬੋਲਣ ਲਈ ਕੋਈ ਖੜ੍ਹਾ ਨਾ ਹੋਇਆ। ਸੈਨਾਪਤੀ ਨੇ ਫੇਰ ਕਿਹਾ–"ਮੈਂ ਤੀਜੀ ਵਾਰ ਵੀ ਪੁਛਦਾ ਹਾਂ ਕਿ ਜੇ ਕੋਈ ਪ੍ਰਸਤਾਵ ਦੇ ਵਿਰੁੱਧ ਹੋਵੇ ਤਾਂ ਬੋਲੇ।"

–ਤੀਜੀ ਵਾਰ ਵੀ ਪ੍ਰਸਤਾਵ ਦੇ ਵਿਰੁੱਧ ਕੋਈ ਨਾ ਬੋਲਿਆ। ਸ਼ਾਕਯ ਵਿੱਚ ਇਹ ਨੇਮ ਸੀ ਕਿ ਬਿਨਾਂ ਪ੍ਰਸਤਾਵ ਦੇ ਕੋਈ ਵੀ ਕਾਰਵਾਈ ਨਹੀਂ ਹੋ ਸਕਦੀ ਸੀ ਤੇ ਜਦੋਂ ਤੱਕ ਕੋਈ ਪ੍ਰਸਤਾਵ 3 ਵਾਰ ਪਾਸ ਨਹੀਂ ਹੋ ਜਾਂਦਾ ਸੀ, ਤਦ ਤੱਕ ਉਹ ਅਮਲੀ ਰੂਪ ਅਖਤਿਆਰ ਨਹੀਂ ਕਰ ਸਕਦਾ ਸੀ।

–ਕਿਉਂਕਿ ਸੈਨਾਪਤੀ ਦਾ ਪ੍ਰਸਤਾਵ ਤਿੰਨ ਵਾਰ ਬਿਨਾਂ ਵਿਰੋਧ ਦੇ ਪਾਸ ਹੋ ਗਿਆ ਸੀ, ਇਸ ਲਈ ਸਿਧਾਰਥ ਦੇ ਸ਼ਾਕਯ ਸੰਘ ਦਾ ਮੈਂਬਰ ਬਣ ਜਾਣ ਦਾ ਕਾਨੂੰਨੀ ਤੌਰ 'ਤੇ ਐਲਾਨ ਕਰ ਦਿੱਤਾ ਗਿਆ।

–ਫੇਰ ਸ਼ਾਕਯ ਦੇ ਪੁਰੋਹਿਤ ਨੇ ਖੜ੍ਹੇ ਹੋ ਕੇ ਸਿਧਾਰਥ ਨੂੰ ਆਪਣੀ ਥਾਂ ਖੜ੍ਹੇ ਹੋਣ ਲਈ ਕਿਹਾ ।

–ਸਿਧਾਰਥ ਨੂੰ ਮੁਖਾਤਿਬ ਕਰਕੇ ਉਸ ਨੇ ਪੁੱਛਿਆ, "ਕੀ ਤੁਹਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਸੰਘ ਨੇ ਤੁਹਾਨੂੰ ਮੈਂਬਰ ਬਣਾਉਣ ਦਾ ਮਾਣ ਬਖਸ਼ਿਆ ਹੈ ?" ਸਿਧਾਰਥ ਦਾ ਜਵਾਬ ਸੀ-"ਮੈਂ ਮਹਿਸੂਸ ਕਰਦਾ ਹਾਂ ।"

–"ਕੀ ਤੁਸੀਂ ਸੰਘ ਦੇ ਮੈਂਬਰਾਂ ਦੇ ਫਰਜ਼ ਜਾਣਦੇ ਹੋ ?" ਮੈਨੂੰ ਖੇਦ ਹੈ ਕਿ ਮੈਂ ਉਨ੍ਹਾਂ ਤੋਂ ਅਨਜਾਣ ਹਾਂ, ਪਰ ਉਨ੍ਹਾਂ ਨੂੰ ਜਾਣ ਕੇ ਮੈਨੂੰ ਖੁਸ਼ੀ ਹੋਵੇਗੀ ।"

–ਪੁਰੋਹਿਤ ਨੇ ਕਿਹਾ-ਮੈਂ ਸਭ ਤੋਂ ਪਹਿਲਾਂ ਤੁਹਾਨੂੰ ਦੱਸਾਂਗਾ ਕਿ ਸੰਘ ਦਾ ਮੈਂਬਰ ਹੋਣ ਦੇ ਨਾਤੇ ਤੁਹਾਡੇ ਕੀ ਫਰਜ਼ ਹਨ ? ਉਸ ਨੇ ਇਕ-ਇਕ ਕਰਕੇ ਉਨ੍ਹਾਂ ਫਰਜ਼ਾਂ ਨੂੰ ਵਾਰੀ-ਵਾਰੀ ਗਿਣਾਇਆ ।

–ਤੁਹਾਨੂੰ ਆਪਣੇ ਤਨੋਂ-ਮਨੋਂ ਤੇ ਧਨੋਂ ਸ਼ਾਕਯਾਂ ਦੇ ਹਿੱਤਾਂ ਦੀ ਰੱਖਿਆ ਕਰਨੀ ਹੋਵੇਗੀ ।

–ਤੁਹਾਨੂੰ ਸੰਘ ਦੀਆਂ ਸਭਾਵਾਂ ਵਿੱਚ ਹਾਜ਼ਰ ਰਹਿਣਾ ਪਵੇਗਾ ।

–ਤੁਹਾਨੂੰ ਬਿਨਾਂ ਕਿਸੇ ਡਰ ਤੇ ਪੱਖਪਾਤ ਦੇ ਕਿਸੇ ਵੀ ਸ਼ਾਕਯ ਦੇ ਦੋਸ਼ ਨੂੰ ਖੁਲ੍ਹ ਕੇ ਕਹਿਣਾ ਪਵੇਗਾ ।

–ਜੇ ਤੁਹਾਡੇ ਉੱਤੇ ਕੋਈ ਇਲਜ਼ਾਮ ਲਾਇਆ ਜਾਵੇ ਤਾਂ ਤੁਹਾਨੂੰ ਕਰੋਧ ਨਹੀਂ ਕਰਨਾ ਹੋਵੇਗਾ ।ਦੋਸ਼ ਹੋਣ 'ਤੇ ਆਪਣਾ ਦੋਸ਼ ਕਬੂਲਣਾ ਹੋਵੇਗਾ, ਬੇਕਸੂਰ ਕਹਿਣਾ ਹੋਵੇਗਾ ।"

–ਇਸ ਤੋਂ ਬਾਅਦ ਪੁਰੋਹਿਤ ਨੇ ਕਿਹਾ-ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੀ ਕਰਨ ਨਾਲ ਤੁਸੀਂ ਸੰਘ ਦੀ ਮੈਂਬਰੀ ਤੋਂ ਹੱਥ ਧੋ ਬੈਠੋਗੇ ।

1. ਪਰਾਈ ਔਰਤ ਨਾਲ ਸੰਬੰਧ ਰੱਖਣ 'ਤੇ ਤੁਸੀਂ ਸੰਘ ਦੇ ਮੈਂਬਰ ਨਹੀਂ ਰਹਿ ਸਕੋਗੇ ।
2. ਕਿਸੇ ਦੀ ਹੱਤਿਆ ਕਰਨ 'ਤੇ ਤੁਸੀਂ ਸੰਘ ਦੇ ਮੈਂਬਰ ਨਹੀਂ ਰਹਿ ਸਕੋਗੇ ।
3. ਚੋਰੀ ਕਰਨ 'ਤੇ ਤੁਸੀਂ ਸੰਘ ਦੇ ਮੈਂਬਰ ਨਹੀਂ ਰਹਿ ਸਕੋਗੇ ।
4. ਝੂਠੀ ਗਵਾਹੀ ਦੇਣ 'ਤੇ ਤੁਸੀਂ ਸੰਘ ਦੇ ਮੈਂਬਰ ਨਹੀਂ ਰਹਿ ਸਕੋਗੇ ।

–ਸਿਧਾਰਥ ਨੇ ਜਵਾਬ 'ਚ ਕਿਹਾ, "ਸਤਿਕਾਰਯੋਗ ।ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸੰਘ ਦੇ ਨੇਮਾਂ ਤੋਂ ਜਾਣੂ ਕਰਵਾਇਆ ।ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਮੈਂ ਉਨ੍ਹਾਂ ਦੇ ਅਰਥਾਂ 'ਤੇ ਡੂੰਘੇ ਅਰਥਾਂ ਸਮੇਤ ਉਨ੍ਹਾਂ ਦੀ ਪਾਲਣਾ ਕਰਨ ਦਾ ਯਤਨ ਕਰਾਂਗਾ ।"

ਸਹੀ ਧਰਮ, ਗਲਤ ਧਰਮ ਦਾ ਨਿਰਨਾ

–"ਬ੍ਰਾਹਮਣਾਂ ਦਾ ਧਰਮ ਯੱਗ ਕਰਨਾ ਹੈ ।ਕਸ਼ੱਤਰੀਆਂ ਦਾ ਧਰਮ ਯੁੱਧ ਕਰਨਾ ਹੈ ।ਵੈਸ਼ਾਂ ਦਾ ਧਰਮ ਹੈ ਵਪਾਰ ਕਰਨਾ ਅਤੇ ਸ਼ੂਦਰਾਂ ਦਾ ਧਰਮ ਹੈ ਸੇਵਾ ਕਰਨਾ ।ਹਰੇਕ ਨੂੰ ਆਪਣਾ ਧਰਮ ਨਿਭਾਉਣ 'ਚ ਹੀ ਪੁੰਨ ਮਿਲਦਾ ਹੈ ।ਇਹੀ ਸ਼ਾਸਤਰਾਂ ਦਾ ਹੁਕਮ ਹੈ ।"

–ਸਿਧਾਰਥ ਨੇ ਜਵਾਬ ਸੀ-"ਜਿੱਥੋਂ ਤੱਕ ਮੈਂ ਸਮਝਦਾ ਹਾਂ ਕਿ ਧਰਮ ਤਾਂ ਇਸ ਗੱਲ ਨੂੰ ਮਨ ਵਿੱਚ ਵਸਾਉਣ ਨਾਲ ਹੈ ਕਿ ਵੈਰ ਨਾਲ ਕਦੀ ਵੈਰ ਖਤਮ ਨਹੀਂ ਹੁੰਦਾ ।ਇਹ ਸਿਰਫ ਮਿੱਤਰਤਾ ਨਾਲ ਹੀ ਸ਼ਾਂਤ ਹੋ ਸਕਦਾ ਹੈ ।"

ਸਿਧਾਰਥ ਮਿਸ਼ਨਰੀ ਬਣ ਕੇ ਘਰੋਂ ਤੁਰਿਆ

–"ਮਾਂ ਹੁਣ ਮੇਰਾ ਰਾਹ ਨਾ ਰੋਕੋ ।ਮੈਨੂੰ ਇਜਾਜ਼ਤ ਦਿਓ ਤੇ ਆਪਣਾ ਅਸ਼ੀਰਵਾਦ ਵੀ ।ਜੋ ਕੁਝ ਹੋ ਰਿਹਾ ਹੈ, ਭਲੇ ਲਈ ਹੀ ਹੋ ਰਿਹਾ ਹੈ ।"

–ਸ਼ੁਧੋਦਨ ਤੇ ਗੌਤਮੀ ਦੋਨੋਂ ਚੁੱਪ ਸਨ ।

ਫੇਰ ਸਿਧਾਰਥ ਯਸ਼ੋਧਰਾ ਦੇ ਕਮਰੇ ਵਿੱਚ ਗਿਆ ।ਉਸ ਨੂੰ ਦੇਖ ਕੇ ਸਿਧਾਰਥ ਦੇ ਮੂੰਹੋਂ ਕੋਈ ਗੱਲ ਨਾ ਨਿਕਲੀ ।ਉਸ ਨੂੰ ਪਤਾ ਨਹੀਂ ਸੀ ਕਿ ਉਹ ਕੀ ਕਹੇ ਤੇ ਕਿਵੇਂ ਕਹੇ ? ਯਸ਼ੋਧਰਾ ਨੇ ਹੀ ਚੁੱਪ ਤੋੜੀ ।ਬੋਲੀ, "ਕਪਿਲਵਸਤੂ ਵਿੱਚ ਸ਼ਾਕਯ ਸੰਘ ਦੀ ਸਭਾ ਵਿੱਚ ਜੋ ਕੁਝ ਹੋਇਆ ਹੈ, ਉਸ ਦਾ ਮੈਨੂੰ ਪਤਾ ਲੱਗ ਗਿਆ ਹੈ ।"

–ਸਿਧਾਰਥ ਨੇ ਪੁੱਛਿਆ-ਮੈਨੂੰ ਦੱਸ ਕੇ ਤੈਨੂੰ ਮੇਰਾ ਸੰਨਿਆਸ ਲੈਣ ਦਾ ਫੈਸਲਾ ਕਿਹੋ ਜਿਹਾ ਲੱਗਾ ?"

–ਸਿਧਾਰਥ ਸਮਝਦਾ ਸੀ ਕਿ ਸ਼ਾਇਦ ਯਸ਼ੋਧਰਾ ਨੂੰ ਗਸ਼ ਪੈ ਜਾਵੇਗੀ, ਪਰ ਅਜਿਹਾ ਕੁਝ ਨਾ ਹੋਇਆ ।

ਯਸ਼ੋਧਰਾ ਦੀ ਮਹਾਨਤਾ

–ਆਪਣੇ ਆਪ 'ਤੇ ਚੰਗੀ ਤਰ੍ਹਾਂ ਕਾਬੂ ਪਾ ਕੇ ਉਸ ਨੇ ਜਵਾਬ ਦਿੱਤਾ-"ਜੇ ਮੈਂ ਤੁਹਾਡੀ ਥਾਂ ਹੁੰਦੀ ਤਾਂ ਹੋਰ ਦੂਜਾ ਮੈਂ ਕਰ ਹੀ ਕੀ ਸਕਦੀ ਸੀ ? ਯਕੀਨਨ ਮੈਂ ਕੋਲੀਆਂ ਦੇ ਵਿਰੁੱਧ ਛੇੜੇ ਜਾਣ ਵਾਲੇ ਯੁੱਧ ਵਿੱਚ ਹਿੱਸਾ ਨਾ

ਲੈ ਸਕਦੀ ।

-"ਤੁਹਾਡਾ ਫੈਸਲਾ ਸਹੀ ਹੈ । ਤੁਹਾਨੂੰ ਮੇਰੀ ਇਜਾਜ਼ਤ ਤੇ ਸਹਿਮਤੀ ਪ੍ਰਾਪਤ ਹੈ । ਮੈਂ ਵੀ ਤੁਹਾਡੇ ਨਾਲ ਸੰਨਿਆਸ ਲੈ ਲੈਂਦੀ । ਜੇ ਮੈਂ ਨਹੀਂ ਲੈ ਰਹੀ ਤਾਂ ਇਸ ਦੀ ਇੱਕੋ ਇਕ ਇਹੀ ਵਜ੍ਹਾ ਹੈ ਕਿ ਮੈਂ ਰਾਹੁਲ ਨੂੰ ਪਾਲਣਾ ਪੋਸਣਾ ਹੈ ।"

-"ਚੰਗਾ ਹੁੰਦਾ ਜੇ ਇੰਜ ਨਾ ਹੋਇਆ ਹੁੰਦਾ । ਸਾਨੂੰ ਬਹਾਦਰੀ ਨਾਲ ਹਾਲਾਤ ਦਾ ਮੁਕਾਬਲਾ ਕਰਨਾ ਚਾਹੀਦਾ ਹੈ । ਆਪਣੇ ਮਾਂ-ਬਾਪ ਅਤੇ ਪੁੱਤਰ ਦੀ ਚਿੰਤਾ ਨਾ ਕਰਨਾ । ਮੈਂ ਜਦੋਂ ਤੱਕ ਜੀਆਂਗੀ, ਉਨ੍ਹਾਂ ਦੀ ਦੇਖਭਾਲ ਕਰਦੀ ਰਹਾਂਗੀ ।"

-"ਹੁਣ ਮੈਂ ਐਨਾ ਹੀ ਚਾਹੁੰਦੀ ਹਾਂ ਕਿ ਆਪਣੇ ਪਿਆਰੇ ਰਿਸ਼ਤੇਦਾਰਾਂ ਨੂੰ ਛੱਡ ਕੇ ਤੁਸੀਂ ਸੰਨਿਆਸ ਲੈਣ ਜਾ ਰਹੇ ਹੋ ਤਾਂ ਕਿਸੇ ਅਜਿਹੇ ਨਵੇਂ ਰਾਹ ਦੀ ਖੋਜ ਕਰਨਾ, ਜਿਹੜਾ ਮਨੁੱਖਤਾ ਲਈ ਭਲੇ ਦਾ ਹੋਵੇ ।"

ਅਸੀਮ ਲਾਲਸਾ

-"ਸਮੁੰਦਰ ਨਾਲ ਘਿਰੀ ਸਾਰੀ ਧਰਤੀ ਜਿੱਤ ਲੈਣ 'ਤੇ ਵੀ ਰਾਜਾ ਲੋਕ ਸਮੁੰਦਰ ਦੇ ਦੂਜੇ ਬੰਨੇ ਜਿੱਤ ਹਾਸਲ ਕਰਨ ਦੀ ਇੱਛਾ ਕਰਦੇ ਹਨ । ਜਿਸ ਤਰ੍ਹਾਂ ਆਪਣੇ ਵਿੱਚ ਡਿੱਗਣ ਵਾਲੀਆਂ ਨਦੀਆਂ ਨਾਲ ਸਮੁੰਦਰ ਤ੍ਰਿਪਤ ਨਹੀਂ ਹੁੰਦਾ, ਉਸੇ ਤਰ੍ਹਾਂ ਆਦਮੀ ਕਦੇ ਵੀ ਵਿਸ਼ਿਆਂ ਨਾਲ ਤ੍ਰਿਪਤ ਨਹੀਂ ਹੁੰਦਾ ।"

-"ਪਾਣੀ ਪਿਆਸ ਮਿਟਾਉਣ ਲਈ ਹੁੰਦਾ ਹੈ, ਭੋਜਨ ਭੁੱਖ, ਘਰ ਹਵਾ, ਧੁੱਪ ਤੇ ਵਰਖਾ ਤੋਂ ਬਚਾਉਣ ਲਈ ਤੇ ਕੱਪੜੇ ਠੰਢ ਤੋਂ ਬਚਾਅ ਲਈ ਤੇ ਨੰਗੇਪਣ ਢਕਣ ਲਈ ਹਨ ।"

-ਇਸ ਤਰ੍ਹਾਂ ਪਲੰਘ ਨੀਂਦ ਲੈਣ ਲਈ ਹੈ, ਸਵਾਰੀ ਸਫ਼ਰ ਦੀ ਥਕਾਵਟ ਮਿਟਾਉਣ ਲਈ ਹੈ, ਆਸਨ ਖੜ੍ਹੇ ਰਹਿਣ ਦੀ ਥਕਾਵਟ ਦੂਰ ਕਰਨ ਲਈ ਹੈ । ਇਸੇ ਤਰ੍ਹਾਂ ਇਸ਼ਨਾਨ ਸਰੀਰ ਦੀ ਸਫ਼ਾਈ ਤੇ ਤੰਦਰੁਸਤੀ ਦਾ ਵਸੀਲਾ ਹੈ ।

-"ਜਦ ਮੈਂ ਇਸ ਸੁਖ-ਦੁਖ ਦੇ ਮੇਲ-ਮਿਲਾਪ ਨੂੰ ਦੇਖਦਾ ਹਾਂ ਤਾਂ ਮੈਂ ਹਕੂਮਤ ਅਤੇ ਗੁਲਾਮੀ ਨੂੰ ਬਰਾਬਰ ਹੀ ਸਮਝਦਾ ਹਾਂ, ਕਿਉਂਕਿ ਨਾ ਤਾਂ ਰਾਜਾ ਹੀ ਹਮੇਸ਼ਾ ਹੱਸਦਾ ਰਹਿੰਦਾ ਹੈ ਤੇ ਨਾ ਦਾਸ ਹੀ ਹਮੇਸ਼ਾ ਰੋਂਦਾ ਰਹਿੰਦਾ ਹੈ ।"

-"ਅਤੇ ਕਿਉਂਕਿ ਸਾਰੀ ਧਰਤੀ ਦਾ ਰਾਜ ਜਿੱਤ ਲੈਣ 'ਤੇ ਵੀ ਰਾਜਾ ਇੱਕੋ ਹੀ ਨਗਰੀ ਵਿੱਚ ਰਹਿ ਸਕਦਾ ਹੈ ਅਤੇ ਉਸ ਵਿਚੋਂ ਹੀ ਸਿਰਫ਼ ਇੱਕੋ ਹੀ ਮਹੱਲ ਵਿੱਚ ਸੌਂ ਸਕਦਾ ਹੈ । ਬਾਕੀ ਸਭ, ਕੀ ਦੂਜਿਆਂ ਲਈ ਹੀ ਨਹੀਂ?"

-"ਤੇ ਰਾਜਾ ਵੀ ਇਕ ਜੋੜਾ ਕੱਪੜਾ ਪਹਿਨਦਾ ਹੈ ਤੇ ਭੁੱਖ ਮਿਟਾਉਣ ਲਈ ਥੋੜ੍ਹੇ ਜਿਹੇ ਭੋਜਨ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਇੱਕੋ ਹੀ ਮੰਜੀ 'ਤੇ ਇੱਕੋ ਹੀ ਆਸਨ ਦੀ ਲੋੜ ਹੁੰਦੀ ਹੈ, ਬਾਕੀ ਸਭ ਤਾਂ ਗਰੂਰ ਲਈ ਹੀ ਹੈ।"

ਦੁੱਖਾਂ ਦਾ ਹੱਲ ਤੇ ਸ਼ਾਂਤੀ ਦੀ ਤਲਾਸ਼ -ਮੈਂ ਦੁਨੀਆ ਦੇ ਕਲੇਸ਼ਾਂ ਨਾਲ ਜ਼ਖ਼ਮੀ (ਦੁਖੀ) ਹਾਂ । ਮੈਂ ਸ਼ਾਂਤੀ ਦੀ ਭਾਲ ਵਿੱਚ ਹਾਂ । ਮੈਂ ਇਸ ਦੁੱਖ ਦਾ ਨਾਸ਼ ਕਰਨ ਦੇ ਬਦਲੇ ਇਸ ਧਰਤੀ ਦਾ ਰਾਜ ਤਾਂ ਕੀ, ਦੇਵ ਲੋਕ (ਸਵਰਗ) ਦਾ ਰਾਜ ਵੀ ਨਹੀਂ ਚਾਹਾਂਗਾ ।

ਮਾਰਗ ਦਰਸ਼ਨ -ਚਾਹੇ ਜਵਾਨ ਹੋਵੇ, ਚਾਹੇ ਬੁੱਢਾ ਹੋਵੇ ਤੇ ਚਾਹੇ ਲੜਕਾ ਹੋਵੇ, ਹਰੇਕ ਲਈ ਇਹੀ ਠੀਕ ਹੈ ਕਿ ਉਹ ਕਰੁਣਾ (ਦਇਆ) ਦੇ ਧਾਰਮਿਕ ਰਾਹ ਵਲ ਵਧੇ ।

ਯੱਗਾਂ ਦਾ ਵਿਰੋਧ

-ਅਤੇ ਜਿੱਥੋਂ ਤੱਕ ਤੁਹਾਡਾ ਇਹ ਕਹਿਣਾ ਹੈ ਕਿ ਮੈਂ ਯੱਗ ਕਰਨ ਵਿੱਚ ਉਦਮੀ ਬਣਾਂ, ਕਿਉਂਕਿ ਉਹ ਮੇਰੀ ਕੁਲ ਦੇ ਮੁਤਾਬਿਕ ਹਨ ਤੇ ਮਹਾਨ ਫਲਦਾਈ ਹਨ ਤਾਂ ਅਜਿਹੇ ਯੱਗਾਂ ਨੂੰ ਨਮਸਕਾਰ ਹੈ, ਜਿਨ੍ਹਾਂ 'ਚ ਮਾਸੂਮ ਜੀਵਾਂ ਦਾ ਕਤਲ ਹੁੰਦਾ ਹੈ ।

-ਕਿਸੇ ਅਗਲੇ ਫਲ ਲਈ ਕਿਸੇ ਵੀ ਮਾਸੂਮ ਜੀਵ ਦੀ ਹੱਤਿਆ ਕਰਨਾ ਕਿਸੇ ਵੀ ਦਇਆ ਵਾਲੇ, ਸ਼ੀਲ ਦੇ ਧਨੀ ਮਨੁੱਖ ਦੇ ਯੋਗ ਨਹੀਂ, ਭਾਵੇਂ ਫੇਰ ਉਹ ਯੱਗ ਦਾ ਫਲ ਲੰਮੇ ਸਮੇਂ ਲਈ ਹੀ ਕਿਉਂ ਨਾ ਹੋਵੇ ।

ਆਪਣਾ ਸੁਖ ਜਾਂ ਪਰਾਇਆ ਸੁਖ

-ਅਤੇ ਜੇ ਇਹ ਵੀ ਨਾ ਮੰਨਿਆ ਜਾਵੇ ਕਿ ਆਤਮ-ਸੰਜਮ, ਸਦਾਚਾਰ ਤੇ ਕਾਮ ਉੱਤੇ ਜਿੱਤ ਪਾਉਣ ਵਾਲਾ ਹੋਣਾ ਹੀ ਸੱਚੇ ਧਰਮ ਦੀ ਨਕਲ ਕਰਨਾ ਹੈ, ਤਾਂ ਵੀ ਯੱਗ ਕਰਨ ਵਾਲਾ ਹੋਣਾ ਠੀਕ ਨਹੀਂ, ਕਿਉਂਕਿ ਯੱਗ ਦੇ ਧਰਮ ਮੁਤਾਬਿਕ ਉੱਚੇ ਤੋਂ ਉੱਚਾ ਫਲ ਪਸ਼ੂਆਂ ਦੀ ਹੱਤਿਆ ਕਰਨ ਨਾਲ ਹੀ ਮਿਲ ਸਕਦਾ ਹੈ ।

-ਦੂਜਿਆਂ ਨੂੰ ਦੁੱਖ ਪੁਚਾ ਕੇ, ਇਸ ਜਨਮ ਵਿੱਚ ਜੋ ਸੁੱਖ ਆਦਮੀ ਨੂੰ ਪ੍ਰਾਪਤ ਹੁੰਦਾ ਹੈ, ਉਹੀ ਜਦੋਂ ਦਇਆਵਾਨ ਅਕਲਮੰਦ ਆਦਮੀ ਲਈ ਇੱਛਾ ਕਰਨ ਯੋਗ ਨਹੀਂ ਤਾਂ ਫੇਰ ਨਾ ਦਿੱਸਣ ਵਾਲੇ ਕਿਸੇ ਦੂਜੇ ਲੋਕ ਵਿੱਚ ਜੋ ਸੁੱਖ ਮਿਲਣ ਦੀ ਗੱਲ ਕਹੀ ਜਾਂਦੀ ਹੈ, ਉਸ ਦੇ ਬਾਰੇ ਤਾਂ ਕਹਿਣਾ ਹੀ ਕੀ ?

ਬੇਅਰਥ ਅਗਲਾ ਜਨਮ

ਮੈਂ ਅਗਲੇ ਜਨਮ ਵਿੱਚ ਮਿਲਣ ਵਾਲੇ ਫਲ ਦੀ ਆਸ ਨਾਲ ਕੋਈ ਅਜਿਹਾ ਕੰਮ ਕਰਨ ਲਈ ਤਿਆਰ ਨਹੀਂ ਹੋ ਸਕਦਾ। ਹੇ ਰਾਜਨ ! ਮੇਰੇ ਮਨ ਨੂੰ ਅਗਲੇ ਜਨਮਾਂ ਦੀ ਕਲਪਨਾ ਵਿੱਚ ਸੁੱਖ ਨਹੀਂ ਮਿਲਦਾ, ਕਿਉਂਕਿ ਅਜਿਹੇ ਕੰਮ ਦੀ ਦਿਸ਼ਾ ਉਸੇ ਤਰ੍ਹਾਂ ਅਣਮਿਥੀ ਅਤੇ ਡਾਵਾਂਡੋਲ, ਜਿਵੇਂ ਬੱਦਲਾਂ ਤੋਂ ਪਈ ਵਰਖਾ ਮਾਰੇ ਕਿਸੇ ਪੌਦੇ ਦੀ ਹਾਲਤ।

ਸੰਸਾਰ ਵਿਆਪੀ ਸਮੱਸਿਆਵਾਂ

-ਸੰਜੀਦਗੀ ਨਾਲ ਸੋਚਣ ਤੇ ਉਸ ਨੂੰ ਜਵਾਬ ਮਿਲਿਆ-ਨਹੀਂ।

-ਯੁੱਧ ਦੀ ਸਮੱਸਿਆ ਲਾਜ਼ਮੀ ਤੌਰ 'ਤੇ ਵਿਰੋਧ ਦੀ ਸਮੱਸਿਆ ਹੈ। ਇਹ ਇਕ ਵੱਡੀ ਸਮੱਸਿਆ ਦਾ ਹਿੱਸਾ ਮਾਤਰ ਹੈ।

"ਇਹ ਵਿਰੋਧ ਨਾ ਸਿਰਫ ਕੌਮਾਂ ਤੇ ਰਾਜਿਆਂ ਵਿੱਚ ਹੀ ਮੌਜੂਦ ਹੈ, ਸਗੋਂ ਇਹ ਵਿਰੋਧ, ਇਹ ਸੰਘਰਸ਼ ਮੌਜੂਦ ਹੈ ਕਸ਼ੱਤਰੀਆਂ ਵਿੱਚ, ਬ੍ਰਾਹਮਣਾਂ ਵਿੱਚ, ਗ੍ਰਹਿਸਥੀਆਂ 'ਚ, ਮਾਂ ਤੇ ਪੁੱਤਰ ਵਿੱਚ, ਬਾਪ ਤੇ ਬੇਟੇ ਵਿੱਚ, ਭੈਣ ਤੇ ਭਰਾ ਵਿੱਚ ਅਤੇ ਸਾਥੀ ਤੇ ਸਾਥੀ ਵਿੱਚ।"

ਕੌਮਾਂ ਵਿੱਚ ਜੋ ਸੰਘਰਸ਼ ਹੁੰਦਾ ਹੈ, ਉਹ ਤਾਂ ਕਦੀ-ਕਦੀ ਹੁੰਦੀ ਹੈ, ਪਰ ਵਰਗਾਂ ਵਿਚਕਾਰ ਜੋ ਸੰਘਰਸ਼ ਹੁੰਦਾ ਹੈ ਉਹ ਲਗਾਤਾਰ ਜਾਰੀ ਹੈ। ਸੰਸਾਰ ਦੇ ਦੁੱਖਾਂ ਤੇ ਮੁਸੀਬਤਾਂ ਦੇ ਮੁੱਢ ਵਿੱਚ ਇਹ ਵਰਗ ਸੰਘਰਸ਼ ਹੀ ਹੈ।

-ਇਹ ਸੱਚ ਹੈ ਕਿ ਮੈਂ ਯੁੱਧ ਦੇ ਕਾਰਨ ਹੀ ਘਰ ਛੱਡਿਆ ਸੀ। ਪਰ ਸ਼ਾਕਯਾਂ ਤੇ ਕੋਲੀਆਂ ਦਾ ਯੁੱਧ ਖਤਮ ਹੋ ਜਾਣ 'ਤੇ ਵੀ ਘਰ ਨਹੀਂ ਪਰਤ ਸਕਦਾ। ਮੈਂ ਦੇਖਦਾ ਹਾਂ ਕਿ ਮੇਰੀ ਸਮੱਸਿਆ ਨੇ ਵਿਆਪਕ ਰੂਪ ਧਾਰ ਲਿਆ ਹੈ। ਮੈਂ ਉਸ ਸਮਾਜਿਕ ਸੰਘਰਸ਼ ਦੀ ਸਮੱਸਿਆ ਦਾ ਹੱਲ ਲੱਭਣਾ ਹੈ।

ਪੁਰਾਣੇ ਰੂੜ੍ਹੀਵਾਦੀ ਦਰਸ਼ਨਾਂ (ਫਲਸਫਿਆਂ) ਕੋਲ ਇਸ ਸਮਾਜਿਕ ਸੰਘਰਸ਼ ਦਾ ਹੱਲ ਹੈ ਜਾਂ ਨਹੀਂ ਤੇ ਜੇ ਹੈ ਤਾਂ ਕਿੱਥੋਂ ਤੱਕ ?

ਕੀ ਅਸੀਂ ਇਨ੍ਹਾਂ ਸਮਾਜਿਕ ਫਲਸਫਿਆਂ 'ਚੋਂ ਕਿਸੇ ਇਕ ਨੂੰ ਵੀ ਸਹੀ ਮੰਨ ਸਕਦੇ ਹਾਂ ?

ਉਸ ਨੇ ਹਰ ਰੀਤ ਦੀ, ਹਰ ਮੱਤ ਦੀ, ਆਪ ਪਰਖ ਕਰਨ ਦਾ ਫੈਸਲਾ ਕੀਤਾ।

ਉੱਚੀ ਸੁੱਚੀ ਤਮੰਨਾ -ਹਾਲੇ ਤਾਂ ਮੈਂ ਸਿਰਫ ਇੰਨਾ ਹੀ ਕਹਿ ਸਕਦਾ ਹਾਂ। (ਭ੍ਰਿਗੂ ਰਿਸ਼ੀ ਨੂੰ ਉੱਤਰ) ਕਿ ਤੁਹਾਡਾ ਇਹ ਵਿਸ਼ਵਾਸ ਸਵਰਗ ਪ੍ਰਾਪਤ ਕਰਨ ਲਈ ਹੈ, ਪਰ ਮੇਰੀ ਇੱਛਾ ਤਾਂ ਇਹੀ ਹੈ ਕਿ ਸੰਸਾਰ ਦੇ ਦੁੱਖਾਂ ਦੇ ਅਸਲ ਕਰਨ ਦਾ ਅਤੇ ਉਸ ਨੂੰ ਦੂਰ ਕਰਨ ਦਾ ਉਪਾਅ ਲੱਭਿਆ ਜਾਵੇ।

ਤਪੱਸਿਆ ਦਾ ਤਿਆਗ

-ਗੌਤਮ ਦੀ ਤਪੱਸਿਆ ਅਤੇ ਖੁਦ ਨੂੰ ਕਸ਼ਟ ਦੇਣਾ ਬਹੁਤ ਹੀ ਪ੍ਰਚੰਡ ਰੂਪ ਦਾ ਸੀ-ਇੰਨਾ ਪ੍ਰਚੰਡ ਜਿੰਨਾ ਪ੍ਰਚੰਡ ਹੋ ਸਕਦਾ ਸੀ। ਇਹ ਛੇ ਸਾਲ ਦੇ ਲੰਮੇ ਅਰਸੇ ਤੱਕ ਜਾਰੀ ਰਿਹਾ।

ਛੇ ਸਾਲ ਬੀਤਣ 'ਤੇ ਉਹ ਇੰਨਾ ਕਮਜ਼ੋਰ ਹੋ ਗਿਆ ਕਿ ਉਹ ਹਿਲਜੁਲ ਵੀ ਨਹੀਂ ਸਕਦਾ ਸੀ।

ਤਪੱਸਿਆ ਕੋਈ ਹੱਲ ਨਹੀਂ -ਤਦ ਵੀ ਉਸ ਨੂੰ ਕੋਈ ਨਵਾਂ ਪ੍ਰਕਾਸ਼ ਨਾ ਦਿਸਿਆ ਅਤੇ ਸੰਸਾਰ ਵਿੱਚ ਜੋ ਦੁੱਖ ਦੀ ਸਮੱਸਿਆ ਹੈ ਤੇ ਜਿਸ ਪਾਸੇ ਉਸ ਦਾ ਮਨ ਟਿਕਿਆ ਸੀ, ਉਸ ਸਮੱਸਿਆ ਦਾ ਕੋਈ ਹੱਲ ਉਸ ਨੂੰ ਨਾ ਦਿਸਿਆ।

-ਉਸ ਨੇ ਆਪਣੇ ਮਨ ਵਿੱਚ ਸੋਚਿਆ-"ਇਹ ਨਾ ਤਾਂ ਆਪਣੇ ਆਪ ਨੂੰ ਜਿੱਤਣ ਦਾ ਰਾਹ ਹੈ, ਨਾ ਪੂਰਨ ਬੋਧ (ਗਿਆਨ) ਪ੍ਰਾਪਤ ਕਰਨ ਦਾ ਰਾਹ ਹੈ, ਅਤੇ ਨਾ ਹੀ ਮੁਕਤੀ ਦਾ ਰਾਹ ਹੈ।"

ਦੁੱਖ ਕਿਉਂ ਹਨ?

-"ਕੁਝ ਇਸ ਸੰਸਾਰ ਦੇ ਸੁੱਖ ਭੋਗਣ ਲਈ ਦੁੱਖ ਉਠਾਉਂਦੇ ਹਨ, ਕੁਝ ਸਵਰਗ ਦੇ ਫਾਇਦੇ ਲਈ ਦੁੱਖ ਸਹਿੰਦੇ ਹਨ। ਸਾਰੇ ਜੀਵ ਇੱਛਾ ਦੇ ਚੱਕਰ 'ਚੋ ਪੈ ਕੇ ਆਪਣੇ ਉਦੇਸ਼ ਨੂੰ ਪ੍ਰਾਪਤ ਨਾ ਕਰਕੇ ਸੁੱਖ ਦੀ ਭਾਲ ਕਰਦੇ ਹਨ, ਦੁੱਖ

ਦੇ ਖੱਡੇ (ਟੋਏ) ਵਿੱਚ ਜਾ ਡਿਗਦੇ ਹਨ ।"

-"ਕੀ ਮੇਰੇ ਨਾਲ ਵੀ ਕੁਝ-ਕੁਝ ਅਜਿਹਾ ਹੀ ਨਹੀਂ ਵਾਪਰਿਆ ਹੈ ?"

-"ਮੈਂ ਜੋ ਯਤਨ ਕੀਤਾ ਹੈ, ਮੈਂ ਇਸ ਨੂੰ ਦੋਸ਼ ਨਹੀਂ ਦੇ ਰਿਹਾ, ਪਰ ਇਹ ਧਰਤੀ ਨੂੰ ਛੱਡ ਕੇ ਆਕਾਸ਼ ਵਿੱਚ ਉੱਡਣ ਦਾ ਯਤਨ ਹੈ ।"

ਹੱਠ ਸਿਧਾਂਤ ਦਾ ਵਿਰੋਧ- "ਮੈਂ ਪੁੱਛਦਾ ਹਾਂ, ਕੀ ਸਰੀਰ ਦਾ ਵਧ ਤੋਂ ਵਧ ਦੁੱਖ ਸਹਿਣਾ 'ਧਰਮ' ਹੋ ਸਕਦਾ ਹੈ?"

ਵਿਚਾਰਵਾਨ ਹੋਣਾ ਜ਼ਰੂਰੀ ਹੈ -"ਕਿਉਂਕਿ ਮਨ ਦੀ ਪ੍ਰੇਰਨਾ ਤੋਂ ਹੀ ਸਰੀਰ ਜਾਂ ਤਾਂ ਕੰਮ ਕਰਦਾ ਹੈ ਜਾਂ ਕੰਮ ਕਰਨ ਤੋਂ ਦੂਰ ਰਹਿੰਦਾ ਹੈ, ਇਸ ਲਈ ਮਨ ਦੀ ਸਾਧਨਾ ਹੀ ਯੋਗ ਹੈ-ਬਿਨਾਂ ਵਿਚਾਰ ਤੋਂ ਸਰੀਰ ਕੁੱਤੇ ਵਾਂਗ ਹੈ ।"

-"ਜੇ ਸਿਰਫ ਸਰੀਰ ਦੀ ਹੀ ਗੱਲ ਹੁੰਦੀ ਤਾਂ ਸ਼ਾਇਦ ਭੋਜਨ ਦੀ ਸਫਾਈ ਨਾਲ ਹੀ ਪਵਿੱਤਰਤਾ ਆ ਸਕਦੀ ਸੀ, ਪਰ ਜੋ ਕਰਨ ਵਾਲਾ ਹੈ, ਜੋ ਮਨ ਹੈ ਉਸ ਦਾ ਵੀ ਤਾਂ ਸਵਾਲ ਹੈ । ਪਰ ਇਹ ਸਭ ਕੁਝ ਇਸ ਕੰਮ ਦਾ ?"

ਸਨਾਤਨੀ ਧਰਮ ਦਾ ਤਿਆਗ

"ਜਿਸ ਦੇ ਸਰੀਰ ਦੀ ਤਾਕਤ ਜਾਂਦੀ ਰਹੀ, ਜਿਹੜਾ ਭੁੱਖ ਤੇ ਪਿਆਸ ਨਾਲ ਪ੍ਰੇਸ਼ਾਨ ਹੈ, ਜਿਸ ਦਾ ਮਨ ਥਕਾਵਟ ਕਰਕੇ ਇਕਾਗਰ ਤੇ ਸ਼ਾਂਤ ਨਹੀਂ ਹੈ, ਅਜਿਹੇ ਆਦਮੀ ਨੂੰ ਕਦੀ ਨਵਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ ।"

-"ਜਿਹੜਾ ਪੂਰੀ ਤਰ੍ਹਾਂ ਸ਼ਾਂਤ ਨਹੀਂ ਹੈ, ਉਹ ਅਜਿਹੇ ਉਦੇਸ਼ ਨੂੰ, ਜਿਹੜਾ ਚਿੱਤ ਰਾਹੀਂ ਹੀ ਹਾਸਲ ਹੋਣ ਵਾਲਾ ਹੈ, ਕਿੰਜ ਹਾਸਲ ਕਰ ਸਕਦਾ ਹੈ ?"

-"ਸੱਚੀ ਸ਼ਾਂਤੀ ਅਤੇ ਚਿੱਤ ਦੀ ਇਕਾਗਰਤਾ ਸਰੀਰ ਦੀਆਂ ਲੋੜਾਂ ਨੂੰ ਪੂਰਾ ਕਰਨ ਨਾਲ ਹੀ ਠੀਕ-ਠੀਕ ਹਾਸਲ ਹੋ ਸਕਦੀ ਹੈ ।"

-ਉਸ ਸਮੇਂ ਉਰੂਵੇਲਾ ਵਿੱਚ ਸੈਨਾਨੀ ਨਾਂ ਦਾ ਇਕ ਗ੍ਰਹਿ ਪਤੀ ਰਹਿੰਦਾ ਸੀ । ਉਸ ਦੀ ਕੰਨਿਆਂ ਦਾ ਨਾਂ ਸੁਜਾਤਾ ਸੀ ।

-ਸੁਜਾਤਾ ਨੇ ਪਿੱਪਲ ਦੇ ਰੁੱਖ ਦੀ ਮੰਨਤ ਮੰਨ ਰੱਖੀ ਸੀ ਅਤੇ ਜੇ ਉਸ ਦੀ ਗੋਦੀ ਪੁੱਤਰ ਖੇਡੇ ਤਾਂ ਹਰ ਸਾਲ ਚੜ੍ਹਾਵਾ ਚੜ੍ਹਾਉਣ ਦਾ ਸੰਕਲਪ ਕੀਤਾ ਸੀ ।

ਦਾਸੀ ਪੁੰਨਾ ਨਾਲ ਮਿਲਾਪ

-ਕਿਉਂਕਿ ਉਸਦੀ ਮੁਰਾਦ ਪੂਰੀ ਹੋਈ ਸੀ, ਇਸ ਲਈ ਉਸ ਨੇ ਆਪਣੇ ਪੁੰਨਾਂ ਨਾਂ ਦੀ ਗੋਲੀ (ਨੌਕਰਰਾਣੀ) ਨੂੰ ਪੂਜਾ ਦੀ ਥਾਂ ਸਾਫ ਕਰਨ ਲਈ ਭੇਜਿਆ ਸੀ ।

-ਗੌਤਮ ਨੂੰ ਪਿੱਪਲ ਦੇ ਰੁੱਖ ਹੇਠਾਂ ਬੈਠਾ ਦੇਖ ਕੇ ਪੁੰਨਾਂ ਨੇ ਸੋਚਿਆ, ਅੱਜ ਰੁੱਖ ਦਾ ਦੇਵਤਾ ਹੀ ਪ੍ਰਗਟ ਹੋ ਗਿਆ ਹੈ ।

-ਸੁਜਾਤਾ ਖੁਦ ਆਈ ਤੇ ਉਸ ਨੇ ਆਪਣੀ ਬਣਾਈ ਹੋਈ ਖੀਰ ਸੋਨੇ ਦੇ ਭਾਂਡੇ ਵਿੱਚ ਪਾ ਕੇ ਗੌਤਮ ਨੂੰ ਭੇਟ ਕੀਤੀ ।

-ਉਸ ਨੇ ਸੋਨੇ ਦਾ ਭਾਂਡਾ ਲਿਆ ਤੇ ਸੁਪਤਿਠ ਨਾਂ ਦੀ ਨਦੀ ਕੰਢੇ ਨਹਾਉਣ ਤੋਂ ਬਾਅਦ ਭੋਜਨ ਖਾਧਾ ।

-ਇਸ ਤਰ੍ਹਾਂ ਉਸ ਦੇ ਤਪ ਦਾ ਅੰਤ ਹੋਇਆ।

ਗੌਤਮ ਬੁੱਧ ਬਣ ਗਿਆ

ਜਿਹੜੇ ਪੰਜ ਸੰਨਿਆਸੀ ਗੌਤਮ ਦੇ ਨਾਲ ਸਨ, ਉਹ ਉਸ ਨਾਲ ਨਰਾਜ਼ ਹੋ ਗਏ, ਕਿਉਂਕਿ ਉਸ ਨੇ ਤਪੱਸਿਆ ਅਤੇ ਸਰੀਰ ਨੂੰ ਕਸ਼ਟ ਦੇਣ ਦਾ ਜੀਵਨ ਛੱਡ ਦਿੱਤਾ ਸੀ । ਉਹ ਸਿਧਾਰਥ ਗੌਤਮ ਨੂੰ ਛੱਡ ਕੇ ਚਲੇ ਗਏ ।

ਗਿਆਨ ਪ੍ਰਾਪਤੀ

ਧਿਆਨ ਕਰਨ ਦੇ ਸਮੇਂ ਵਾਸਤੇ ਗੌਤਮ ਨੇ ਇੰਨਾ ਭੋਜਨ ਜਮ੍ਹਾਂ ਕਰਕੇ ਆਪਣੇ ਕੋਲ ਰੱਖ ਲਿਆ ਸੀ ਕਿ ਚਾਲੀਆਂ ਦਿਨਾਂ ਤੱਕ ਕੋਈ ਥੁੜ ਨਾ ਆਵੇ ।

-ਵਿਘਨ ਪਾਉਣ ਵਾਲੇ ਮੰਦੇ ਵਿਚਾਰਾਂ ਦਾ ਜੜੋਂ ਨਾਸ ਕਰਕੇ ਸਿਧਾਰਥ ਗੌਤਮ ਨੇ ਹੁਣ ਆਪਣੇ ਆਪ ਨੂੰ

ਤਰੋਤਾਜ਼ਾ ਕਰ ਲਿਆ ਸੀ ਤੇ ਉਸ 'ਚ ਤਾਕਤ ਆ ਗਈ ਸੀ । ਇਸ ਤਰ੍ਹਾਂ ਉਸ ਨੇ ਬੋਧ ਪ੍ਰਾਪਤ ਕਰਨ ਲਈ ਆਪਣੀ ਤਿਆਰੀ ਕਰ ਲਈ ਸੀ।

-ਗਿਆਨ ਪ੍ਰਾਪਤ ਕਰਨ ਲਈ ਗੌਤਮ ਨੂੰ ਚਾਰ ਹਫਤਿਆਂ ਤੱਕ ਲਗਾਤਾਰ ਧਿਆਨ-ਮਗਨ ਰਹਿਣਾ ਪਿਆ । ਉਸ ਨੂੰ ਆਖਰੀ ਪੜਾਅ 'ਤੇ ਪੁਜਣ ਲਈ ਚਾਰ ਪੌੜੇ ਚੜ੍ਹਨੇ ਪਏ।

-ਪਹਿਲੀ ਹਾਲਤ ਦਲੀਲ ਤੇ ਵਿਚਾਰਾਂ ਦੀ ਪ੍ਰਧਾਨਤਾ ਦੀ ਸੀ । ਇਕੱਲੇਪਣ 'ਚ ਉਹ ਇਸ ਨੂੰ ਬਹੁਤ ਅਸਾਨੀ ਨਾਲ ਲੱਭ ਸਕਿਆ।

-ਦੂਜੀ ਹਾਲਤ 'ਚ ਇਸ ਵਿੱਚ ਇਕਾਗਰਤਾ ਆ ਕੇ ਸ਼ਾਮਲ ਹੋ ਗਈ।

-ਤੀਜੀ ਹਾਲਤ 'ਚ ਸਮਚਿੱਤਤਾ ਤੇ ਪਵਿੱਤਰਤਾ ਦਾ ਸੰਜੋਗ ਹੋ ਗਿਆ ਅਤੇ ਸਮਚਿੱਤਤਾ ਤੇ ਜਾਗਰਤੀ ਦਾ।

-ਚੌਥੇ ਹਫਤੇ ਆਖਰੀ ਦਿਨ ਉਸ ਦੀ ਰਾਹ ਕੁਝ ਰੌਸ਼ਨ ਹੋਈ । ਉਸ ਨੂੰ ਸਾਫ ਦਿਖਾਈ ਦਿੱਤਾ ਕਿ ਉਸ ਨੇ ਸਾਹਮਣੇ ਦੋ ਸਮੱਸਿਆਵਾਂ ਹਨ-ਪਹਿਲੀ ਸਮੱਸਿਆ ਇਹ ਸੀ ਕਿ ਸੰਸਾਰ 'ਚ ਦੁੱਖ ਹੈ ਅਤੇ ਦੂਜੀ ਸਮੱਸਿਆ ਇਹ ਸੀ ਕਿ ਕਿਸ ਤਰ੍ਹਾਂ ਇਸ ਦੁੱਖ ਦਾ ਨਾਸ਼ ਕੀਤਾ ਜਾਵੇ ਅਤੇ ਮਨੁੱਖ ਜਾਤੀ ਨੂੰ ਸੁਖੀ ਬਣਾਇਆ ਜਾਵੇ ?

ਵੇਦ ਫਜ਼ੂਲ ਹਨ

-ਬੁੱਧ ਦੀ ਨਜ਼ਰ ਵਿੱਚ 'ਵੇਦ' ਮਾਰੂਥਲ ਵਾਂਗ ਫਜ਼ੂਲ ਹਨ।

-ਇਸ ਲਈ ਬੁੱਧ ਨੇ ਵੇਦਾਂ ਨੂੰ ਇਸ ਯੋਗ ਨਹੀਂ ਸਮਝਿਆ ਕਿ ਉਨ੍ਹਾਂ ਤੋਂ ਕੁਝ ਸਿੱਖਿਆ ਜਾ ਸਕੇ ਜਾਂ ਹਾਸਲ ਵੀ ਕੀਤਾ ਜਾ ਸਕੇ।

ਵੈਦਿਕ ਰਿਸ਼ੀ ਸਿਧਾਂਤ ਵਿਅਰਥ

-ਇਸੇ ਤਰ੍ਹਾਂ ਬੁੱਧ ਨੂੰ ਵੈਦਿਕ ਰਿਸ਼ੀਆਂ ਦੇ ਫਲਸਫੇ ਵਿੱਚ ਵੀ ਕੁਝ ਸਚਾਈ ਨਹੀਂ ਦਿਖਾਈ ਦਿੰਦੀ ਸੀ।

ਬ੍ਰਾਹਮਣ ਵਿਰੋਧੀ ਸੋਚ

-ਬ੍ਰਾਹਮਣਾਂ ਦੇ ਧਰਮ ਦੇ ਪਹਿਲੇ ਸਿਧਾਂਤ ਦੇ ਬੁੱਧ ਸਖਤ ਵਿਰੋਧੀ ਸਨ । ਉਨ੍ਹਾਂ ਨੇ ਬ੍ਰਾਹਮਣਾਂ ਦੇ ਇਸ ਸਿਧਾਂਤ ਦਾ ਖੰਡਨ ਕੀਤਾ ਕਿ ਵੇਦ ਈਸ਼ਵਰ-ਰਚਿਤ ਹਨ ਤੇ ਉਨ੍ਹਾਂ ਉੱਤੇ ਪ੍ਰਸ਼ਨ-ਚਿੰਨ੍ਹ ਨਹੀਂ ਲਗ ਸਕਦਾ ।

ਵਿਚਾਰਾਂ ਦੀ ਆਜ਼ਾਦੀ

-ਆਦਮੀ ਨੂੰ ਸੱਚ ਅਤੇ ਅਸਲੀ ਸੱਚ ਜਾਨਣਾ ਚਾਹੀਦਾ ਹੈ । ਬੁੱਧ ਲਈ ਵਿਚਾਰਾਂ ਦੀ ਆਜ਼ਾਦੀ ਸਭ ਤੋਂ ਵਧ ਮਹੱਤਵ ਦੀ ਗੱਲ ਸੀ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਸੀ ਕਿ ਵਿਚਾਰਾਂ ਦੀ ਆਜ਼ਾਦੀ ਹੀ ਸੱਚ ਨੂੰ ਹਾਸਲ ਕਰਨ ਦਾ ਇਕੋ ਇਕ ਵਸੀਲਾ ਹੈ ।

ਬ੍ਰਾਹਮਣੀ ਦਰਜਾ ਬਦਰਜੀ

-ਮਿਲਾਪ (ਘੁਲਣ-ਮਿਲਣ) ਤੇ ਮੇਲ ਜੋਲ ਦੀ ਭਾਵਨਾ ਦੀ ਬਜਾਏ, ਬੁੱਧ ਨੇ ਸੋਚਿਆ ਕਿ ਇਹ ਦਰਜੇ ਵਾਰ ਨਾ ਬਰਾਬਰੀ ਇਕ ਤਾਂ ਹੇਠਾਂ, ਉਸ ਤੋਂ ਉਪਰ, ਉਸ ਤੋਂ ਹੋਰ ਉਪਰ, ਸਭ ਤੋਂ ਉੱਪਰਲੇ ਵਰਗਾਂ ਵਿੱਚ ਦਰਜਾਵਰ ਨਫਰਤ ਦੀ ਭਾਵਨਾ ਪੈਦਾ ਕਰ ਦੇਵੇਗੀ । ਦੂਜੇ ਪਾਸੇ ਉਸੇ ਤਰ੍ਹਾਂ ਸਭ ਤੋਂ ਥੱਲੇ ਦੇ ਵਰਗਾਂ ਵਿੱਚ ਦਰਜਾਵਰ ਹੀਣਤਾ ਦੀ ਭਾਵਨਾ ਪੈਦਾ ਕਰ ਦੇਵੇਗੀ ਤੇ ਇਸ ਨਾਲ ਸਮਾਜ ਵਿੱਚ ਹਮੇਸ਼ਾ ਲਈ ਸੰਘਰਸ਼ ਬਣਿਆ ਰਹਿ ਸਕਦਾ ਹੈ ।

-ਬੁੱਧ ਨੂੰ ਸਪੱਸ਼ਟ ਹੋ ਗਿਆ ਕਿ ਇਸ ਬਣਤਰ (ਬ੍ਰਾਹਮਣਵਾਦ) ਤੋਂ ਸਭ ਦੇ ਕਲਿਆਣ ਦੀ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ, ਸਭ ਦੇ ਸੁਆਰਥਾਂ ਦੀ ਤਰਪਾਈ ਵੀ ਨਹੀਂ ਹੋ ਸਕਦੀ । ਯਕੀਨਨ ਜਾਣ-ਬੁੱਝ ਕੇ ਇਸ ਦੀ ਕਲਪਨਾ ਹੀ ਇਸ ਢੰਗ ਨਾਲ ਕੀਤੀ ਗਈ ਹੈ ਕਿ ਬਹੁਤ ਸਾਰੇ ਲੋਕ ਚੰਦ-ਕੁ ਲੋਕਾਂ ਦੇ ਸੁਆਰਥਾਂ ਦੀ ਤਰਪਾਈ ਵਿੱਚ ਜੁਟੇ ਰਹਿਣ । ਇਸ ਬਣਤਰ 'ਚ ਖੁਦ ਆਦਮੀ ਨੂੰ ਆਪਣੇ-ਆਪ ਆਦਮੀਆਂ 'ਚੋਂ ਵੱਡੇ ਬਣੇ ਹੋਏ ਆਦਮੀਆਂ ਦੀ ਸੇਵਾ ਵਿੱਚ ਝੋਕ ਦਿੱਤਾ ਗਿਆ ਸੀ। ਇਸ ਦਾ ਮਨੋਰਥ ਕਮਜ਼ੋਰਾਂ ਨੂੰ ਦਬਾਉਣਾ ਤੇ ਉਨ੍ਹਾਂ ਨੂੰ ਕੁਚਲਣਾ ਸੀ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਗੁਲਾਮ ਬਣਾਈ ਰੱਖਣਾ ਸੀ ।

ਕਰਮਵਾਦ ਦਾ ਸਿਧਾਂਤ

-ਬੁੱਧ ਨੇ ਸੋਚਿਆ ਕਿ ਜਿਸ 'ਕਰਮਵਾਦ' ਦੀ ਬ੍ਰਾਹਮਣਵਾਦ ਨੇ ਰਚਨਾ ਕੀਤੀ ਹੈ, ਉਹ ਵੀ ਵਿਦਰੋਹ ਦੀ

ਭਾਵਨਾ ਨੂੰ ਪੂਰੀ ਤਰ੍ਹਾਂ ਸੋਕ ਜਾਣ ਲਈ ਹੈ । ਆਪਣੇ ਦੁੱਖ ਲਈ ਆਦਮੀ ਆਪ ਹੀ ਜ਼ਿੰਮੇਵਾਰ ਹੈ । ਵਿਦਰੋਹ ਕਰਨ ਨਾਲ ਵੀ ਦੁੱਖ ਦੂਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸ ਦੇ ਪਹਿਲੇ ਜਨਮ ਦੇ ਕਰਮ ਨੇ ਇਹ ਪਹਿਲਾਂ ਹੀ ਫੈਸਲਾ ਕਰ ਦਿੱਤਾ ਹੈ ਕਿ ਉਹ ਇਸ ਜਨਮ ਵਿੱਚ ਦੁੱਖੀ ਰਹੇਗਾ ।

ਸੁਧਾਰ ਤੇ ਪੁਨਰ ਨਿਰਮਾਣ

–ਕੀ ਉਸ (ਬ੍ਰਾਹਮਣਵਾਦ) ਵਿੱਚ ਸੁਧਾਰ ਹੋ ਸਕਦਾ ਸੀ ? ਬੁੱਧ ਜਾਣਦੇ ਸਨ ਕਿ ਇਹ 'ਭਗਵਾਨ ਦੀ ਬਣਾਈ ਹੋਈ' ਸਮਾਜਿਕ ਬਣਤਰ ਦੱਸੀ ਜਾਂਦੀ ਹੈ । ਇਸ ਵਿੱਚ ਸੁਧਾਰ ਨਹੀਂ ਹੋ ਸਕਦਾ । ਇਸ ਨੂੰ ਸਿਰਫ ਖਤਮ ਹੀ ਕੀਤਾ ਜਾ ਸਕਦਾ ਹੈ ।

ਬ੍ਰਾਹਮਣਵਾਦ ਦਾ ਤਿਆਗ

ਇਨ੍ਹਾਂ ਕਾਰਨਾਂ ਕਰਕੇ ਬੁੱਧ ਨੇ ਬ੍ਰਾਹਮਣਵਾਦ ਨੂੰ 'ਸਤ ਧਰਮ' ਦਾ ਤੇ ਜੀਵਨ ਦੇ ਸੱਚੇ ਧਰਮ ਦਾ ਵੱਡਾ ਵਿਰੋਧੀ ਮੰਨ ਕੇ ਅਪ੍ਰਵਾਨ ਕਰ ਦਿੱਤਾ ।

ਫਜ਼ੂਲ ਫਲਸਫੇ

ਇਹ ਗੱਲਾਂ ਹਨ ਜਿਨ੍ਹਾਂ ਦਾ ਬੁੱਧ ਨੇ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ :

(ੳ) ਮੈਂ ਕਿਥੋਂ ਆਇਆ ਹਾਂ, ਕਿਧਰੋਂ ਆਇਆ ਹਾਂ, ਮੈਂ ਕੀ ਹਾਂ–ਇਸ ਤਰ੍ਹਾਂ ਦੇ ਫਜ਼ੂਲ ਦੇ ਮਾਨਸਿਕ ਸੰਕਲਪ-ਵਿਕਲਪ ਚੁਕਦੇ ਰਹਿਣ ਦੀ ਬੁੱਧ ਨੇ ਨਿਖੇਧੀ ਕੀਤੀ ।

(ਅ) ਉਨ੍ਹਾਂ ਨੇ 'ਆਤਮਾ' ਬਾਰੇ ਸਾਰੀਆਂ ਮਾਨਤਾਵਾਂ ਦਾ ਤਿਆਗ ਕੀਤਾ । ਉਨ੍ਹਾਂ ਨੇ ਆਤਮਾ ਨੂੰ ਨਾ ਸਰੀਰ ਹੀ ਮੰਨਿਆ, ਨਾ ਵੇਦਨਾਵਾਂ ਹੀ ਮੰਨਿਆ, ਨਾ ਚੇਤਨਾ ਹੀ ਮੰਨਿਆ ਨਾ ਸੰਸਕਾਰ ਮੰਨਿਆ ਤੇ ਨਾ ਵਿਗਿਆਨ ਹੀ ਮੰਨਿਆ ।

(ੲ) ਉਨ੍ਹਾਂ ਨੇ ਇਸ ਗੱਲ ਨੂੰ ਮੰਨਣਯੋਗ ਨਹੀਂ ਠਹਿਰਾਇਆ ਕਿ ਸੰਸਾਰ ਦੇ ਵਿਕਾਸ ਦਾ ਮੁੱਢ ਕਿਸੇ ਦੇ ਗਿਆਨ ਨਾਲ ਬੱਝਾ ਹੋਇਆ ਹੈ ।

(ਸ) ਉਨ੍ਹਾਂ ਨੇ ਇਸ ਸਿਧਾਂਤ ਦਾ ਖੰਡਨ ਕੀਤਾ ਕਿ ਈਸ਼ਵਰ ਨੇ ਆਦਮੀ ਨੂੰ ਬਣਾਇਆ ਹੈ ਜਾਂ ਉਹ ਕਿਸੇ ਬ੍ਰਹਮਾ ਦੇ ਸਰੀਰ ਦਾ ਹਿੱਸਾ ਹੈ ।

(ਹ) 'ਆਤਮਾ' ਦੀ ਹੋਂਦ ਨੂੰ ਉਨ੍ਹਾਂ ਨੇ ਮੁੱਢੋਂ ਹੀ ਨਹੀਂ ਮੰਨਿਆ ਤੇ ਉਸ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ ।

ਕੇਂਦਰ ਬਿੰਦੂ 'ਮਨ'

–ਉਨ੍ਹਾਂ ਦੀ (ਬੁੱਧ ਦੀ) ਸਿੱਖਿਆ ਦੀ ਪਹਿਲੀ ਖਾਸੀਅਤ ਸੀ ਕਿ 'ਮਨ' ਨੂੰ ਸਭ ਚੀਜ਼ਾਂ ਦਾ ਕੇਂਦਰ-ਬਿੰਦੂ ਮੰਨ ਲਿਆ ਗਿਆ ਸੀ । ਬੁੱਧ ਨੇ ਆਪਣਾ ਫਲਸਫਾ ਸਿਰਫ ਮਨ ਤੋਂ ਸ਼ੁਰੂ ਕੀਤਾ । ਦੂਜੀਆਂ ਗਲਾਂ ਉਸ ਨੂੰ ਇਸ ਜੀਵਨ ਲਈ ਅਰਥਹੀਣ ਜਾਪੀਆਂ ।

–ਬੁੱਧ ਦੀਆਂ ਸਿੱਖਿਆਵਾਂ ਦੀ ਦੂਜੀ ਖਾਸੀਅਤ ਇਹ ਹੈ ਕਿ ਉਨ੍ਹਾਂ ਮੁਤਾਬਿਕ ਮਨ ਹੀ ਉਨ੍ਹਾਂ ਸਭ ਭਲਾਈਆਂ ਤੇ ਬੁਰਾਈਆਂ ਦਾ ਸੋਮਾ ਹੈ ਜੋ ਸਾਡੇ ਅੰਦਰ ਪੈਦਾ ਹੁੰਦੀਆਂ ਹਨ ਤੇ ਜਿਨ੍ਹਾਂ ਦਾ ਸਾਨੂੰ ਬਾਹਰੋਂ ਸ਼ਿਕਾਰ ਹੋਣਾ ਪੈਂਦਾ ਹੈ ।

–ਜੋ ਕੁਝ ਵੀ ਬੁਰਾਈ ਹੈ ਜਿਸ ਦਾ ਬੁਰਾਈ ਨਾਲ ਰਿਸ਼ਤਾ ਹੈ, ਜੋ ਬੁਰਾਈ ਨਾਲ ਭਰੀ ਹੋਈ ਹੈ, ਉਹ ਮਨ ਦੀ ਹੀ ਪੈਦਾਵਰ ਹੈ । ਜੋ ਕੁਝ ਵੀ ਭਲਾਈ ਹੈ, ਜਿਸ ਦਾ ਭਲਾਈ ਨਾਲ ਰਿਸ਼ਤਾ ਹੈ, ਜੋ ਭਲਾਈ ਨਾਲ ਭਰੀ ਹੈ, ਉਹ ਸਭ ਵੀ ਮਨ ਦੀ ਹੀ ਪੈਦਾਵਰ ਹੈ ।

–"ਹਰ ਤਰ੍ਹਾਂ ਦੀ ਕਾਮ-ਵਾਸ਼ਨਾ ਭੜਕਾਉਣ ਵਾਲੀ ਹੁੰਦੀ ਹੈ । ਕਾਮੀ ਆਪਣੀ ਕਾਮਵਾਸ਼ਨਾ ਦਾ ਗੁਲਾਮ ਹੁੰਦਾ ਹੈ । ਸਾਰੇ ਕਾਮ-ਭੋਗਾਂ ਦੇ ਚੱਕਰ ਵਿਚ ਪਏ ਰਹਿਣਾ ਮੂਰਖਤਾ ਅਤੇ ਨੀਚ ਕਰਮ ਹੈ । ਪਰ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਸਰੀਰ ਦੀਆਂ ਸੁਭਾਵਿਕ ਲੋੜਾਂ ਨੂੰ ਪੂਰਾ ਕਰਨ ਵਿੱਚ ਭੇੜ ਨਹੀਂ । ਇਸ ਤੋਂ ਬਿਨਾਂ ਸਰੀਰ ਨੂੰ ਤੰਦਰੁਸਤ ਨਾ ਰੱਖ ਸਕੋਗੇ ਅਤੇ ਗਿਆਨ ਰੂਪੀ ਦੀਪਕ ਵੀ ਜਲਦਾ ਨਹੀਂ ਰਹਿ ਸਕੇਗਾ ।"

–"ਹੇ ਸੰਨਿਆਸੀਓ ! ਜਿਹੜੇ ਧਰਮ ਦਾ ਉਪਦੇਸ਼ ਕਰਨ ਵਾਲੇ ਇਹ ਵੀ ਨਹੀਂ ਸਮਝ ਸਕਦੇ ਕਿ ਸੰਸਾਰ ਵਿੱਚ ਦੁੱਖ ਹਨ ਤੇ ਉਨ੍ਹਾਂ ਦੁੱਖਾਂ ਦੇ ਨਾਸ਼ ਦਾ ਉਪਾਓ ਹੈ, ਅਜਿਹੇ ਸ਼੍ਰਮਣ ਬ੍ਰਾਹਮਣ ਨਹੀਂ ਹਨ, ਨਾ ਉਹ ਆਪਣੇ-

ਆਪ ਨੂੰ ਵੱਡਾ ਤੇ ਉੱਚਾ ਸਮਝਣ ਵਾਲੇ ਇੰਨਾ ਵੀ ਸਮਝ ਸਕੇ ਹਨ ਕਿ ਧਰਮ ਦਾ ਸਹੀ-ਸਹੀ ਅਰਥ ਕੀ ਹੈ ?''

-ਉਨ੍ਹਾਂ ਨੇ ਸੰਨਿਆਸੀਆਂ ਨੂੰ ਕਿਹਾ-"ਕੋਈ ਵੀ ਆਦਮੀ ਜੋ ਚੰਗਾ ਬਣਨਾ ਚਾਹੁੰਦਾ ਹੈ, ਉਸ ਲਈ ਇਹ ਜ਼ਰੂਰੀ ਹੈ ਕਿ ਉਹ ਕੋਈ ਚੰਗਿਆਈ ਦਾ ਮਾਪ-ਦੰਡ ਕਬੂਲ ਕਰੇ ।''

-"ਮੇਰੇ ਪਵਿੱਤਰਤਾ ਦੇ ਰਸਤੇ ਮੁਤਾਬਿਕ ਚੰਗੀ ਜ਼ਿੰਦਗੀ ਦੇ ਪੰਜ ਮਾਪ-ਦੰਡ ਹਨ-(1) ਕਿਸੇ ਜੀਵ 'ਤੇ ਹਿੰਸਾ ਨਾ ਕਰਨਾ, (2) ਚੋਰੀ ਨਾ ਕਰਨਾ ਭਾਵ ਕਿਸੇ ਦੂਜੇ ਦੀ ਚੀਜ਼ ਨੂੰ ਆਪਣੀ ਨਾ ਬਣਾ ਲੈਣਾ ।(3) ਬੁਰੇ ਕੰਮ ਨਾ ਕਰਨਾ ।(4) ਝੂਠ ਨਾ ਬੋਲਣਾ ।(5) ਨਸ਼ੀਲੀਆਂ ਚੀਜ਼ਾਂ ਦਾ ਇਸਤੇਮਾਲ ਨਾ ਕਰਨਾ ।

ਜੀਵਨ ਦਾ ਮਾਪ ਦੰਡ

-ਜਿਨ੍ਹਾਂ ਦੇ ਜੀਵਨ ਦਾ ਕੋਈ ਮਾਪ-ਦੰਡ ਨਹੀਂ ਹੁੰਦਾ, ਉਹ ਪਤਿਤ ਹੋ ਕੇ ਵੀ ਇਹ ਜਾਣਨਾ ਨਹੀਂ ਚਾਹੁੰਦੇ ਕਿ ਉਹ ਪਤਿਤ ਹਨ । ਇਸ ਲਈ ਸਦਾ ਪਤਿਤ ਹੀ ਰਹਿੰਦੇ ਹਨ । ਦੂਜੇ ਪਾਸੇ ਜਿਸ ਦੇ ਜੀਵਨ ਦਾ ਕੋਈ ਮਾਪ ਦੰਡ ਹੁੰਦਾ ਹੈ, ਉਹ ਸਦਾ ਇਸ ਗੱਲ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਕਿ ਪਤਿਤ ਹਾਲਤ ਤੋਂ ਉਪਰ ਉਠੇ । ਕਿਉਂ ? ਇਸ ਦਾ ਜਵਾਬ ਇਹੀ ਹੈ, ਉਹ ਜਾਣਦਾ ਹੈ ਕਿ ਉਹ ਡਿਗਾ ਹੋਇਆ ਹੈ ।

ਸ਼ਕਤੀਵਾਨ ਮਨ

-ਮਨ ਹੀ ਇਕ ਅਜਿਹਾ ਵਸੀਲਾ ਹੈ, ਜਿਸ ਰਾਹੀਂ ਆਦਮੀ ਨੂੰ ਰੋਸ਼ਨੀ ਪ੍ਰਾਪਤ ਹੋ ਸਕਦੀ ਹੈ ।

-ਕਿਉਂਕਿ ਆਦਮੀ ਵਿੱਚ ਇਕ ਤਾਕਤ ਹੈ, ਇਕ ਅਜਿਹੀ ਤਾਕਤ ਜਿਸ ਨੂੰ ਇੱਛਾ ਸ਼ਕਤੀ ਕਿਹਾ ਜਾਂਦਾ ਹੈ । ਜਦੋਂ ਆਦਮੀ ਸਾਹਮਣੇ ਕੋਈ ਠੀਕ ਆਦਰਸ਼ ਆਉਂਦਾ ਹੈ ਤਾਂ ਇਸ ਇੱਛਾ ਸ਼ਕਤੀ ਨੂੰ ਜਾਗ੍ਰਿਤ ਕੀਤਾ ਜਾ ਸਕਦਾ ਹੈ ਅਤੇ ਕ੍ਰਿਆਸ਼ੀਲ ਬਣਾਇਆ ਜਾ ਸਕਦਾ ਹੈ ।

-ਇਸ ਲਈ ਜੇ ਆਦਮੀ ਕੈਦ ਵਿੱਚ ਹੈ ਤਾਂ ਵੀ ਉਹ ਆਜ਼ਾਦ ਹੋ ਸਕਦਾ ਹੈ । ਉਹ ਕਿਸੇ ਵੀ ਵੇਲੇ ਅਜਿਹਾ ਪਹਿਲਾ ਕਦਮ ਚੁੱਕ ਸਕਦਾ ਹੈ, ਜਿਸ ਨਾਲਉਹ ਇਕ ਨਾ ਇਕ ਦਿਨ ਆਜ਼ਾਦ ਹੋ ਕੇ ਰਹੇ ।

-ਇਹ ਇਸ ਲਈ ਕਿ ਅਸੀਂ ਜਿਸ ਪਾਸੇ ਵੱਲ ਵੀ ਆਪਣੇਂ ਮਨ ਨੂੰ ਲੈ ਜਾਣਾ ਚਾਹੀਏ, ਅਸੀਂ ਉਸ ਨੂੰ ਉਸ ਪਾਸੇ ਲੈ ਜਾ ਸਕਦੇ ਹਾਂ । ਮਨ ਹੀ ਹੈ ਜੋ ਸਾਨੂੰ ਜ਼ਿੰਦਗੀ ਦਾ ਕੈਦੀ ਬਣਾਉਂਦਾ ਹੈ ਅਤੇ ਮਨ ਹੀ ਹੈ ਜੋ ਸਾਨੂੰ ਕੈਦੀ ਬਣਾਈ ਰੱਖਦਾ ਹੈ ।

ਅਗਿਆਨ ਕੀ ਹੈ?

-ਤਦ ਸੰਨਿਆਸੀ ਨੇ ਸਵਾਲ ਕੀਤਾ, "ਬੁੱਧ ਸੱਮਯਕ ਦ੍ਰਿਸ਼ਟੀ ਦਾ ਆਖਰੀ ਮਕਸਦ ਕੀ ਹੈ ?" ਬੁੱਧ ਨੇ ਦੱਸਿਆ, "ਅਗਿਆਨ ਦਾ ਨਾਸ਼ ਹੀ ਸੱਮਯਕ ਦ੍ਰਿਸ਼ਟੀ ਦਾ ਮਕਸਦ ਹੈ । ਇਹ ਗਲਤ ਨਜ਼ਰ ਦੀ ਵੈਰਨ ਹੈ ।"

-ਅਤੇ ਅਗਿਆਨ ਦਾ ਅਰਥ ਹੈ ਕਿ ਆਦਮੀ ਦੁੱਖ ਨੂੰ ਨਾ ਜਾਣ ਸਕੇ, ਆਦਮੀ ਦੁੱਖ ਰੋਕਣ ਦੇ ਉਪਾਓ ਨੂੰ ਨਾ ਜਾਣ ਸਕੇ, ਆਦਮੀ ਇਨ੍ਹਾਂ ਉਤਮ ਸਚਾਈਆਂ ਨੂੰ ਨਾ ਜਾਣ ਸਕੇ ।

ਗਿਆਨ ਕੀ ਹੈ?

-ਸੱਮਯਕ-ਦ੍ਰਿਸ਼ਟੀ ਦਾ ਮਤਲਬ ਹੈ ਕਿ ਆਦਮੀ ਕਰਮ-ਕਾਂਡ ਨੂੰ ਫਜ਼ੂਲ ਸਮਝੇ । ਸ਼ਾਸਤਰਾਂ ਦੀ ਪਵਿੱਤਰਤਾ ਦੀ ਝੂਠੀ ਧਾਰਨਾ ਤੋਂ ਮੁਕਤ ਹੋਵੇ ।

ਮੁਕਤੀ ਤੋਂ ਭਾਵ

-ਸੱਮਯਕ-ਦ੍ਰਿਸ਼ਟੀ ਦਾ ਮਤਲਬ ਹੈ ਕਿ ਆਦਮੀ ਝੂਠੇ ਵਿਸ਼ਵਾਸਾਂ ਤੋਂ ਆਜ਼ਾਦ ਹੋਵੇ । ਆਦਮੀ ਇਹ ਨਾ ਸਮਝਦਾ ਰਹੇ ਕਿ ਕੋਈ ਵੀ ਗੱਲ ਕੁਦਰਤ ਦੇ ਨੇਮਾਂ ਦੇ ਖਿਲਾਫ ਵਾਪਰ ਸਕਦੀ ਹੈ ।

-ਆਦਮੀ ਝੂਠੇ ਵਿਸ਼ਵਾਸਾਂ ਤੋਂ ਮੁਕਤ ਹੋਵੇ, ਜੋ ਆਦਮੀ ਦੇ ਮਨ ਦਾ ਛਲਾਵਾ ਹਨ ਭੇ ਜਿਨ੍ਹਾਂ ਦਾ ਅਨੁਭਵ ਜਾਂ ਅਸਲੀਅਤ ਨਾਲ ਕਿਸੇ ਤਰ੍ਹਾਂ ਦਾ ਕੋਈ ਰਿਸ਼ਤਾ ਨਹੀਂ ।

-ਆਦਮੀ ਦਾ ਮਨ ਆਜ਼ਾਦ ਹੋਵੇ, ਆਦਮੀ ਦੇ ਖਿਆਲ ਆਜ਼ਾਦ ਹੋਣ ।

-ਸਾਡੀਆਂ ਇਛਾਵਾਂ ਉੱਚ ਪੱਧਰ ਦੀਆਂ ਹੋਣ, ਨੀਵੀਂ ਪੱਧਰ ਦੀਆਂ ਨਾ ਹੋਣ, ਸਾਡੇ ਯੋਗ ਹੋਣ, ਸਾਡੇ ਅਯੋਗ ਨਾ ਹੋਣ ।

-ਸੱਮਯਕ-ਵਾਣੀ ਦਾ ਮਤਲਬ ਹੈ ਕਿ ਆਦਮੀ (1) ਸੱਚ ਹੀ ਬੋਲੇ (2) ਆਦਮੀ ਝੂਠ ਨਾ ਬੋਲੇ (3) ਆਦਮੀ ਹੋਰਾਂ ਦਾ ਬੁਰਾ ਨਾ ਕਰਦਾ ਰਹੇ (4) ਆਦਮੀ ਹੋਰਾਂ ਬਾਰੇ ਝੂਠੀਆਂ ਗੱਲਾਂ ਨਾ ਫੈਲਾਉਂਦਾ ਰਹੇ (5) ਆਦਮੀ ਕਿਸੇ

ਨੂੰ ਗਾਲ੍ਹ ਨਾ ਕੱਢੇ ਜਾਂ ਬੁਰੇ ਸ਼ਬਦਾਂ ਦਾ ਇਸਤੇਮਾਲ ਨਾ ਕਰੇ ।(6) ਦੂਜਿਆਂ ਨਾਲ ਹਲੀਮੀ ਨਾਲ ਪੇਸ਼ ਆਵੇ ।(7) ਆਦਮੀ ਫਜ਼ੂਲ ਬੇਸਿਰ ਪੈਰ ਦੀਆਂ ਗੱਲਾਂ ਨਾ ਕਰਦਾ ਰਹੇ, ਬਲਕਿ ਉਸ ਦੀ ਵਾਣੀ ਸੂਝ-ਬੂਝ ਵਾਲੀ ਹੋਵੇ, ਜਿਸ ਦਾ ਕੋਈ ਚੰਗਾ ਭਾਵ ਨਿਕਲੇ ।ਜਿਸ ਦਾ ਕੋਈ ਚੰਗਾ ਉਦੇਸ਼ ਹੋਵੇ, ਉਹ ਵਾਣੀ ਹੋਵੇ ।

ਸਾਡਾ ਹਰੇਕ ਕੰਮ ਅਜਿਹਾ ਹੋਵੇ ਜਿਸ ਨੂੰ ਕਰਨ ਵੇਲੇ ਅਸੀਂ ਦੂਜਿਆਂ ਦੀਆਂ ਭਾਵਨਾਵਾਂ ਅਤੇ ਹੱਕਾਂ ਦਾ ਖਿਆਲ ਰੱਖੀਏ ।ਸਾਡਾ ਹਰੇਕ ਕੰਮ ਜੀਵਨ ਦੇ ਜੋ ਮੁਖ ਨੇਮ ਹਨ, ਉਨ੍ਹਾਂ ਨਾਲ ਵੱਧ ਤੋਂ ਵੱਧ ਮੇਲ ਰੱਖਣ ਦਾ ਹੋਵੇ।

ਕਮਾਈ

-ਭਲੇ ਢੰਗ ਉਹ ਹਨ, ਜਿਨ੍ਹਾਂ ਨਾਲ ਕਿਸੇ ਦਾ ਨੁਕਸਾਨ ਕੀਤੇ ਬਗੈਰ ਜਾਂ ਕਿਸੇ ਨਾਲ ਬੇਇਨਸਾਫੀ ਕੀਤੇ ਬਗੈਰ ਆਦਮੀ ਰੋਜ਼ੀ ਕਮਾ ਸਕਦਾ ਹੈ ।ਇਹੀ ਸੱਮਯਕ ਕਮਾਈ ਹੈ ।

-ਸੱਮਯਕ-ਅਭਿਆਸ ਅਗਿਆਨ ਦਾ ਨਾਸ਼ ਕਰਨ ਦੇ ਯਤਨ ਦਾ ਪਹਿਲਾ ਪੌਡਾ ਹੈ ।ਇਸ ਦੁੱਖਦਾਈ ਕੈਦ ਦੇ ਦਰਵਾਜ਼ੇ ਤੱਕ ਪਹੁੰਚਣ ਦਾ ਰਾਹ ਤਾਂ ਜੋ ਉਸ ਨੂੰ ਖੋਲ੍ਹਿਆ ਜਾ ਸਕੇ ।

-ਸੱਮਯਕ-ਅਭਿਆਸ ਦੇ ਚਾਰ ਉਦੇਸ਼ ਹਨ-

(ੳ) ਇਕ ਹੈ ਅਸ਼ਟਾਂਗਕ ਮਾਰਗ ਵਿਰੋਧੀ ਮਨ ਦੀਆਂ ਹਰਕਤਾਂ ਦੀ ਪੈਦਾਇਸ਼ ਨੂੰ ਰੋਕਣਾ ।

(ਅ) ਦੂਜਾ ਹੈ ਅਜਿਹੀਆਂ ਮਨ ਦੀਆਂ ਹਰਕਤਾਂ ਨੂੰ ਦਬਾਉਣਾ, ਜੋ ਪੈਦਾ ਹੋ ਗਈਆਂ ਹੋਣ ।

(ੲ) ਤੀਜਾ ਹੈ ਅਜਿਹੀਆਂ ਮਨ ਦੀਆਂ ਹਰਕਤਾਂ ਨੂੰ ਪੈਦਾ ਕਰਨਾ ਜੋ ਅਸ਼ਟਾਂਗਕ ਮਾਰਗ ਦੀਆਂ ਲੋੜਾਂ ਨੂੰ ਪੂਰਾ ਕਰਨ 'ਚ ਮਦਦਗਾਰ ਹੋਣ ।

(ਸ) ਚੌਥਾ ਹੈ ਅਜਿਹੀਆਂ ਮਨ ਦੀਆਂ ਹਰਕਤਾਂ ਵਿੱਚ ਹੋਰ ਵੀ ਜ਼ਿਆਦਾ ਵਾਧਾ ਕਰਨਾ ਤੇ ਉਨ੍ਹਾਂ ਦਾ ਵਿਕਾਸ ਕਰਨਾ ।

-ਸੱਮਯਕ-ਚੇਤਨਾ ਦਾ ਮਤਲਬ ਹੈ ਹਰੇਕ ਗੱਲ ਉੱਤੇ ਧਿਆਨ ਦੇ ਸਕਣ ।ਇਹ ਮਨ ਦੀ ਸਦਾ ਰਹਿਣ ਵਾਲੀ ਜਾਗ੍ਰਤੀ ਹੈ ।ਮਨ ਵਿੱਚੋਂ ਜੋ ਭੈੜੇ ਵਿਚਾਰ ਉਠਦੇ ਹਨ, ਉਨ੍ਹਾਂ ਦੀ ਰਾਖੀ ਕਰਨ ਸੱਮਯਕ ਚੇਤਨਾ ਦਾ ਹੀ ਦੂਜਾ ਨਾਂ ਹੈ ।

-"ਜੋ ਆਦਮੀ ਸੱਮਯਕ-ਦ੍ਰਿਸ਼ਟੀ (ਸਹੀ ਨਜ਼ਰ) ਸੱਮਯਕ-ਸੰਕਲਪ (ਸਹੀ ਇਰਾਦੇ) ਸੱਮਯਕ-ਵਾਣੀ (ਸਹੀ ਕੰਮ), ਸੱਮਯਕ ਕਮਾਈ, ਸੱਮਯਕ ਵਰਜਿਸ਼ ਅਤੇ ਸੱਮਯਕ ਚੇਤਨਾ ਨੂੰ ਪਾਉਣਾ ਚਾਹੁੰਦਾ ਹੈ, ਉਸ ਦੇ ਰਸਤੇ ਵਿੱਚ ਪੰਜ ਰੁਕਾਵਟਾਂ ਆਉਂਦੀਆਂ ਹਨ ।"

ਇਹ ਹਨ ਲੋਭ, ਈਰਖਾ, ਸੁਸਤੀ, ਸ਼ੰਕਾ ਤੇ ਬੇ-ਯਕੀਨੀ ।ਇਨ੍ਹਾਂ ਰੁਕਾਵਟਾਂ ਨੂੰ ਜੋ ਅਸਲ 'ਚ ਕਰੜੇ ਬੰਧਨ ਹੀ ਹਨ, ਜਿੱਤ ਲੈਣਾ ਜਾਂ ਤੋੜਨਾ ਜ਼ਰੂਰੀ ਹੈ ।ਇਨ੍ਹਾਂ ਬੰਧਨਾਂ ਤੋਂ ਮੁਕਤ ਹੋਣ ਦਾ ਉਪਾਓ ਸਮਾਧੀ ਹੈ ।ਪਰ ਇਹ ਜਾਣ ਲੈਣਾ ਚਾਹੀਦਾ ਹੈ ਕਿ ਸਮਾਧੀ ਅਤੇ 'ਸੱਮਯਕ ਸਮਾਧੀ' ਇਕੋ ਗੱਲਾਂ ਨਹੀਂ ਹਨ ।

ਸਮਾਧੀ ਦਾ ਮਤਲਬ ਹੈ ਸਿਰਫ ਚਿੱਤ ਦੀ ਇਕਾਗਰਤਾ ।ਇਸ ਨਾਲ ਅਜਿਹੇ ਧਿਆਨਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਦੇ ਰਹਿੰਦਿਆਂ ਇਹ ਪੰਜ ਬੰਧਨ ਬਣੇ ਰਹਿੰਦੇ ਹਨ ।

ਪਰ ਧਿਆਨ ਦੀਆਂ ਹਾਲਤਾਂ ਥੋੜ੍ਹੇ ਚਿਰ ਲਈ ਹਨ ।ਇਸ ਲਈ ਬੰਧਨ ਵੀ ਕੁਝ ਚਿਰ ਲਈ ਰੁਕੇ ਰਹਿੰਦੇ ਹਨ ।ਜ਼ਰੂਰਤ ਹੈ ਚਿੱਤ ਨੂੰ ਪੱਕੇ ਤੌਰ 'ਤੇ ਤਬਦੀਲ ਕਰਨ ਦੀ ।ਇਸ ਤਰ੍ਹਾਂ ਦੀ ਪੱਕੀ ਤਬਦੀਲੀ 'ਸੱਮਯਕ ਸਮਾਧੀ' ਰਾਹੀਂ ਹੀ ਲਿਆਂਦੀ ਜਾ ਸਕਦੀ ਹੈ ।ਸੱਮਯਕ ਸਮਾਧੀ ਇਕ ਭਾਵਮਈ ਸ਼ੈਅ ਹੈ ।ਇਹ ਮਨ ਨੂੰ ਸ਼ੁੱਭ ਕੰਮਾਂ ਦੀ ਇਕਾਗਰਤਾ ਨਾਲ ਚਿੰਤਨ ਕਰਨ ਦੀ ਆਦਤ ਪਾਉਂਦੀ ਹੈ ।ਮਨ ਬੰਧਨਾਂ ਤੋਂ ਪੈਦਾ ਭੈੜੇ ਕੰਮਾਂ ਵੱਲ ਖਿੱਚੇ ਜਾਣ ਦੀ ਲਗਨ ਨੂੰ ਹੀ ਖਤਮ ਕਰ ਦਿੰਦੀ ਹੈ ।ਸੱਮਯਕ ਸਮਾਧੀ ਮਨ ਨੂੰ ਚੰਗਾ ਤੇ ਸਦਾ ਚੰਗਾ ਹੀ ਚੰਗਾ ਸੋਚਣ ਦੀ ਆਦਤ ਪਾਉਂਦੀ ਹੈ ।ਸੱਮਯਕ ਸਮਾਧੀ ਮਨ ਨੂੰ ਲੋੜਵੰਦ ਤਾਕਤ ਦਿੰਦੀ ਹੈ ।

-ਉਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸ਼ੀਲ ਦੇ ਰਸਤੇ ਦਾ ਰਾਹੀ ਹੋਣ ਦਾ ਮਤਲਬ ਹੈ ਇਨ੍ਹਾਂ ਚੰਗੇ ਕੰਮਾਂ ਦੀ ਮਸ਼ਕ ਕਰਨਾ ।(1) ਸ਼ੀਲ (2) ਦਾਨ (3) ਉਪੇਕਸ਼ਾ (ਅਯੋਗ ਸਮਝ ਕੇ ਧਿਆਨ ਨਾ ਦੇਣਾ) (4) ਨੈਸ਼ ਕ੍ਰਮ (5) ਵੀਰਯ (6) ਸ਼ਾਂਤੀ (7) ਸੱਚ (8) ਅਧਿਸ਼ਠਾਨ (9) ਕਰੁਣਾ ਤੇ (10) ਮੈਤ੍ਰੀ ।

-ਸ਼ੀਲ ਦਾ ਮਤਲਬ ਹੈ ਨੈਤਿਕਤਾ, ਅਸ਼ੁੱਭ ਨਾ ਕਰਨ ਦੀ ਲਗਨ, ਬੁਰਾਈ ਕਰਨ 'ਚ ਸ਼ਰਮ ਮੰਨਣਾ ।ਸ਼ਰਮ ਦੇ ਡਰ ਕਾਰਨ ਪਾਪ ਤੋਂ ਬਚੇ ਰਹਿਣ ਦਾ ਯਤਨ ਕਰਨਾ ਸ਼ੀਲ ਹੈ ।ਸ਼ੀਲ ਦਾ ਮਤਲਬ ਹੈ ਪਾਪਾਂ ਤੋਂ ਡਰਨਾ ।

-ਨੈਸ਼ ਕ੍ਰਮ ਦਾ ਮਤਲਬ ਹੈ ਸੰਸਾਰ ਦੇ ਕਾਮ-ਭੋਗਾਂ ਦਾ ਤਿਆਗ।

-ਦਾਨ ਦਾ ਮਤਲਬ ਹੈ, ਬਦਲੇ 'ਚ ਕਿਸੇ ਵੀ ਤਰ੍ਹਾਂ ਦੇ ਸੁਆਰਥ ਦੀ ਆਸ ਤੋਂ ਬਿਨਾਂ ਦੂਜਿਆਂ ਦੀ ਭਲਾਈ ਨਮਿੱਤ ਆਪਣੀ ਜਾਇਦਾਦ, ਆਪਣੇ ਖੂਨ, ਆਪਣੇ ਸਰੀਰ ਦੇ ਅੰਗਾਂ ਅਤੇ ਇਥੋਂ ਤੱਕ ਕਿ ਆਪਣੀ ਜਾਨ ਨੂੰ ਵੀ ਵਾਰ ਦੇਣਾ।

-ਵੀਰਯ ਦਾ ਮਤਲਬ ਹੈ ਸੰਮਯਕ-ਯਤਨ। ਜੋ ਕੁਝ ਇਕ ਵਾਰੀ ਕਰਨ ਦਾ ਇਰਾਦਾ ਬਣਾ ਲਿਆ। ਉਸ ਨੂੰ ਆਪਣੀ ਪੂਰੀ ਸਮਰੱਥਾ ਨਾਲ ਕਰਨ ਦਾ ਯਤਨ ਕਰਨਾ ਅਤੇ ਉਸ ਨੂੰ ਪੂਰਾ ਕੀਤੇ ਬਗੈਰ ਮੁੜ ਕੇ ਨਾ ਵੇਖਣਾ (ਭਾਵ ਪੱਕਾ ਇਰਾਦਾ)।

-ਸ਼ਾਂਤੀ ਦਾ ਮਤਲਬ ਹੈ ਖਿਮਾ ਸ਼ੀਲਤਾ। ਨਫਰਤ ਬਦਲੇ ਨਫਰਤ ਨਾ ਕਰਨਾ। ਇਹੀ ਇਸ ਦਾ ਨਿਚੋੜ ਹੈ। ਖਿਮਾ ਕਰਨ ਨਾਲ ਹੀ ਨਫਰਤ ਖਤਮ ਹੁੰਦੀ ਹੈ।

-ਸੱਚ ਦਾ ਮਤਲਬ ਹੈ ਝੂਠ ਬੋਲਣ ਦਾ ਆਦੀ ਨਾ ਹੋਣਾ। ਆਦਮੀ ਨੂੰ ਕਦੀ ਝੂਠ ਨਹੀਂ ਬੋਲਣਾ ਚਾਹੀਦਾ। ਉਸ ਨੂੰ ਸੱਚ ਤੇ ਸਿਰਫ ਸੱਚ ਹੀ ਬੋਲਣਾ ਚਾਹੀਦਾ ਹੈ।

-ਅਧਿਸ਼ਠਾਨ ਦਾ ਭਾਵ ਹੈ ਆਪਣੇ ਮਿਸ਼ਨ ਤੱਕ ਪੁੱਜਣ ਦਾ ਮਜ਼ਬੂਤ ਇਰਾਦਾ।

-ਕਰੁਣਾਂ ਦਾ ਮਤਲਬ ਹੈ ਸਮੁੱਚੇ ਮਾਨਵਾਂ ਲਈ ਪਿਆਰ ਭਰੀ ਦਯਾ।

-ਮੈਤ੍ਰੀ ਦਾ ਮਤਲਬ ਹੈ ਸਾਰੇ ਜੀਵਾਂ ਵਾਸਤੇ ਭਾਈਚਾਰੇ ਦੀ ਭਾਵਨਾ ਹੋਵੇ, ਸਾਰੇ ਜਿਉਂਦੇ ਜੀਵਾਂ ਲਈ।

-ਉਪੇਕਸ਼ਾ ਦਾ ਮਤਲਬ ਹੈ ਅਯੋਗ ਸਮਝ ਕੇ ਧਿਆਨ ਨਾ ਦੇਣਾ। ਇਹ ਦੂਜਿਆਂ ਦੇ ਦੁੱਖ ਸੁੱਖ ਲਈ ਨਿਰਪੱਖ ਭਾਵ ਰੱਖਣ ਤੋਂ ਪੂਰੀ ਤਰ੍ਹਾਂ ਵੱਖਰੀ ਸ਼ੈਅ ਹੈ। ਇਹ ਚਿੱਤ (ਮਨ) ਦੀ ਉਹ ਹਾਲਤ ਹੈ ਜਿਸ ਵਿੱਚ ਆਪਣਾ ਪਰਾਇਆ ਕੋਈ ਨਹੀਂ। (ਨਾ ਕੋਈ ਵੈਰੀ ਨਾ ਹੀ ਬਿਗਾਨਾ)

-ਇਨ੍ਹਾਂ ਚੰਗੇ ਗੁਣਾਂ ਦੀ ਆਦਮੀ ਨੂੰ ਆਪਣੀ ਪੂਰੀ ਸਮਰੱਥਾ ਨਾਲ ਮਸ਼ਕ ਕਰਨੀ ਪੈਂਦੀ ਹੈ। ਇਸ ਲਈ ਉਸ ਨੂੰ 'ਪਾਰਮਿਤਾ' (ਪੂਰਨਤਾ) ਆਖਿਆ ਗਿਆ ਹੈ।

-ਸ਼ੀਲ ਜਾਂ ਚੰਗੇ ਗੁਣਾਂ ਬਾਰੇ ਬੁੱਧ ਨੇ ਕਿਹਾ, "ਕੀ ਭੁੱਖ ਵਾਲਿਆਂ ਦੀ ਭੁੱਖ ਦੂਰ ਕਰਨ ਲਈ, ਕੀ ਕੰਗਾਲਾਂ ਦੀ ਕੰਗਾਲੀ ਦੂਰ ਕਰਨ ਲਈ ਤੇ ਆਮ ਲੋਕਾਂ ਦੇ ਭਲੇ ਲਈ ਦਾਨ ਜ਼ਰੂਰੀ ਨਹੀਂ ਹੈ? ਕੀ ਜਿਥੇ ਦੁੱਖ ਹਨ, ਜਿਥੇ ਕੰਗਾਲੀ ਹੈ, ਉਸ ਪਾਸੇ ਵਲ ਖਿਆਲ ਕਰਕੇ ਉਸ ਨੂੰ ਦੂਰ ਕਰਨ ਲਈ ਕਰੁਣਾ ਦੀ ਲੋੜ ਨਹੀਂ? ਕੀ ਬਿਨਾਂ ਸੁਆਰਥ ਭਾਵ ਦੇ ਕੰਮ ਕਰਨ ਲਈ ਨਿਸ਼ਕਾਮ ਭਾਵਨਾ ਦੀ ਜ਼ਰੂਰਤ ਨਹੀਂ? ਕੀ ਆਪਣਾ ਫਾਇਦਾ ਨਾ ਹੋਣ 'ਤੇ ਵੀ ਲਗਾਤਾਰ ਯਤਨ ਵਿੱਚ ਲੱਗੇ ਰਹਿਣ ਲਈ ਉਪੇਕਸ਼ਾ (ਲਾਪ੍ਰਵਾਹੀ) ਦੀ ਲੋੜ ਨਹੀਂ?"

ਭਲਾ ਆਦਮੀ

-"ਭਲਾ ਆਦਮੀ ਅਸੀਂ ਉਸੇ ਨੂੰ ਹੀ ਕਹਾਂਗੇ ਜਿਹੜਾ ਕੋਈ ਭੈੜਾ ਕੰਮ ਨਾ ਕਰੇ। ਭੈੜੀ ਗੱਲ ਨਾ ਸੋਚੇ, ਭੈੜੇ ਤਰੀਕੇ ਨਾਲ ਆਪਣੀ ਰੋਜ਼ੀ ਨਾ ਕਮਾਵੇ ਤੇ ਮੂੰਹ 'ਚੋਂ ਕੋਈ ਅਜਿਹੀ ਗੱਲ ਵੀ ਨਾ ਕੱਢੇ ਜਿਸ ਨਾਲ ਕਿਸੇ ਦਾ ਨੁਕਸਾਨ ਹੁੰਦਾ ਹੋਵੇ ਜਾਂ ਕਿਸੇ ਨੂੰ ਤਕਲੀਫ ਪਹੁੰਚੇ।"

-ਪਰ ਕੀ ਸੱਚੇ ਕੰਮ ਵੀ ਇਕ ਅੰਨ੍ਹੇ ਵਾਂਗ ਕੀਤੇ ਜਾਣੇ ਚਾਹੀਦੇ ਹਨ? ਮੈਂ ਕਹਿੰਦਾ ਹਾਂ ਕਿ ਨਹੀਂ।

-ਇਸ ਲਈ ਚੰਗੇ ਗੁਣਾਂ ਮੁਤਾਬਿਕ ਚੱਲਣਾ ਵੀ ਪ੍ਰਗਿਆ ਨਾਲ ਹੋਣਾ ਚਾਹੀਦਾ ਹੈ, ਭਾਵ ਨਿਰਮਲ ਸੂਝ ਨਾਲ।

-ਮੇਰੀ ਥਾਪਨਾ ਹੈ ਕਿ ਆਦਮੀ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਭੈੜੇ ਕੰਮਾਂ ਦਾ ਜਨਮ ਕਿਵੇਂ ਹੁੰਦਾ ਹੈ? ਇਸੇ ਤਰ੍ਹਾਂ ਉਸ ਨੂੰ ਚੰਗੇ ਕੰਮ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਦਾ ਜਨਮ ਕਿਵੇਂ ਹੁੰਦਾ ਹੈ? ਇਸੇ ਤਰ੍ਹਾਂ ਆਦਮੀ ਨੂੰ ਚੰਗੇ ਤੇ ਭੈੜੇ ਕੰਮ ਦਾ ਫਰਕ ਵੀ ਚੰਗੀ ਤਰ੍ਹਾਂ ਮਲੂਮ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਗਿਆਨ ਤੋਂ ਬਿਨਾਂ ਭਾਵੇਂ ਕੰਮ ਵਿਸ਼ੇਸ਼ ਆਪਣੇ ਆਪ 'ਚ ਭਲਾ ਕੰਮ ਹੀ ਕਿਉਂ ਨਾ ਹੋਵੇ, ਭਾਵੇਂ ਸ਼ੁੱਭ ਕੰਮ ਆਪਣੇ ਆਪ 'ਚ ਸ਼ੁੱਭ ਕੰਮ ਹੀ ਕਿਉਂ ਨਾ ਹੋਵੇ, ਤਾਂ ਅਸਲ ਭਲੇ ਦਾ ਭਾਵ ਜਾਂ ਅਸਲ ਸ਼ੁੱਭ ਭਾਵ ਨਹੀਂ ਹੁੰਦਾ। ਇਸ ਲਈ ਮੇਰਾ ਕਹਿਣਾ ਹੈ ਕਿ ਪ੍ਰਗਿਆ ਇਕ ਲੋੜੀਂਦਾ ਚੰਗਾ ਗੁਣ ਹੈ।"

ਬੁੱਧ ਧਰਮ ਕੀ ਹੈ?

"ਹੋ ਸਕਦਾ ਹੈ ਕਿ ਤੁਸੀਂ ਮੇਰੇ ਧਰਮ ਨੂੰ ਨਿਰਾਸ਼ਾਵਾਦੀ ਧਰਮ ਸਮਝ ਬੈਠੋ, ਕਿਉਂਕਿ ਮੈਂ ਆਦਮੀਆਂ ਦਾ

ਧਿਆਨ ਮਾਨਵ ਜਾਤੀ ਦੇ ਦੁੱਖ ਵੱਲ ਖਿੱਚਦਾ ਹਾਂ। ਮੇਰੇ ਧਰਮ ਬਾਰੇ ਅਜਿਹੀ ਧਾਰਨਾ ਬਣਾ ਲੈਣਾ ਗਲਤੀ ਹੋਵੇਗੀ।"

–"ਯਕੀਨਨ ਮੇਰਾ ਧਰਮ ਦੁੱਖ ਦੀ ਹੋਂਦ ਨੂੰ ਕਬੂਲ ਕਰਦਾ ਹੈ, ਪਰ ਇਹ ਓਨਾ ਹੀ ਜ਼ੋਰ ਉਸ ਨੂੰ ਦੂਰ ਕਰਨ ਤੇ ਵੀ ਦਿੰਦਾ ਹੈ।

–"ਮੇਰੇ ਧਰਮ 'ਚ ਦੋਵੇਂ ਗੱਲਾਂ ਹਨ- ਇਸ ਵਿਚ ਮਾਨਵ ਜੀਵਨ ਦਾ ਉਦੇਸ਼ ਵੀ ਕਾਇਮ ਹੈ ਅਤੇ ਇਹ ਆਪਣੇ ਆਪ 'ਚ ਆਸ ਦਾ ਸੰਦੇਸ਼ ਵੀ ਹੈ।"

"ਇਸ ਦਾ ਉਦੇਸ਼ ਹੈ ਅਗਿਆਨ ਦਾ ਖਾਤਮਾ, ਜਿਸਦਾ ਮਤਲਬ ਹੈ ਦੁੱਖ ਦੀ ਹੋਂਦ ਦੇ ਸਬੰਧ 'ਚ ਅਗਿਆਨ ਦਾ ਖਾਤਮਾ।"

'ਇਸ ਆਸ ਦਾ ਪੈਗਾਮ ਵੀ ਹੈ, ਕਿਉਂਕਿ ਇਹ ਦੁੱਖ ਖਾਤਮੇ ਦਾ ਰਾਹ ਦਿਖਾਉਂਦਾ ਹੈ।

–(ਦੁਨੀਆਂ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਿਸੇ ਵੀ ਧਰਮ ਦੇ ਬਾਨੀ ਨੇ ਕਦੀ ਇਹ ਸਿਖਿਆ ਨਹੀਂ ਦਿੱਤੀ ਕਿ ਦੁਨੀਆਂ ਦੇ ਦੁੱਖ ਨੂੰ ਕਬੂਲਣਾ ਹੀ ਧਰਮ ਦੀ ਅਸਲ ਨੀਂਹ ਹੈ।)

–(ਦੁਨੀਆਂ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਦੀ ਕਿਸੇ ਵੀ ਧਰਮ ਦੇ ਬਾਨੀ ਨੇ ਇਹ ਸਿਖਿਆ ਨਹੀਂ ਦਿੱਤੀ ਕਿ ਦੁਨੀਆਂ ਦੇ ਦੁੱਖ ਨੂੰ ਦੂਰ ਕਰਨਾ ਹੀ ਧਰਮ ਦਾ ਅਸਲ ਮਨੋਰਥ ਹੈ।)

–(ਦੁਨੀਆਂ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਦੀ ਕਿਸੇ ਨੇ ਵੀ ਮੁਕਤੀ ਦਾ ਅਜਿਹਾ ਰਾਹ ਨਹੀਂ ਦਿਖਾਇਆ ਸੀ ਜੋ ਐਨਾ ਸੌਖਾ ਹੋਵੇ, ਜੋ ਪਾਖੰਡਾਂ ਅਤੇ ਗੈਰ ਕੁਦਰਤੀ ਤਾਕਤਾਂ ਦੀ ਵਿਚੋਲਗਿਰੀ ਤੋਂ ਐਨਾ ਮੁਕਤ ਹੋਵੇ, ਜੋ ਐਨਾ ਆਜ਼ਾਦ ਹੀ ਨਹੀਂ ਬਲਕਿ ਜੋ ਕਿਸੇ ਆਤਮਾ ਜਾਂ ਪ੍ਰਮਾਤਮਾ ਦੇ ਵਿਸ਼ਵਾਸ ਦਾ ਐਨਾ ਵਿਰੋਧੀ ਹੋਵੇ ਅਤੇ ਜੋ ਮੋਕਸ਼ ਲਾਭ ਲਈ ਮਰਨ ਤੋਂ ਬਾਅਦ ਕਿਸੇ ਜੀਵਨ 'ਚ ਯਕੀਨ ਰੱਖਣਾ ਜਾਂ ਨਾ ਰੱਖਣਾ ਵੀ ਜ਼ਰੂਰੀ ਨਾ ਮੰਨਦਾ ਹੋਵੇ।)

–(ਦੁਨੀਆਂ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਿਸੇ ਨੇ ਵੀ ਕਦੀ ਅਜਿਹੇ ਧਰਮ ਦੀ ਥਾਪਨਾ ਨਹੀਂ ਕੀਤੀ, ਜਿਸ ਦਾ 'ਇਲਹਾਮ' ਜਾਂ 'ਈਸ਼ਵਰ ਬਚਨ' ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸੰਬੰਧ ਨਾ ਹੋਵੇ ਅਤੇ ਜਿਸ ਦੇ ਅਨੁਸ਼ਾਸ਼ਨ ਆਦਮੀ ਦੀਆਂ ਸਮਾਜੀ ਲੋੜਾਂ ਦੇ ਅਧਿਐਨ ਦੇ ਨਤੀਜੇ ਹੋਣ ਅਤੇ ਜੋ ਕਿਸੇ ਈਸ਼ਵਰ ਦੇ ਹੁਕਮ ਨਾ ਹੋਣ।)

–(ਦੁਨੀਆਂ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਕਿਸੇ ਨੇ ਵੀ ਮੋਕਸ਼ ਦਾ ਇਹ ਅਰਥ ਨਹੀਂ ਕੀਤਾ ਕਿ ਉਹ ਇਕ ਅਜਿਹਾ ਸੁੱਖ ਹੈ ਜਿਸ ਨੂੰ ਆਦਮੀ ਧਰਮ ਮੁਤਾਬਿਕ ਜੀਵਨ ਬਿਤਾਉਣ ਨਾਲ, ਆਪਣੇ ਹੀ ਯਤਨ ਰਾਹੀਂ ਇਥੇ ਹੀ ਧਰਤੀ ਉੱਤੇ ਪਾ ਸਕਦਾ ਹੈ।)

–"ਕੌਣ ਹੈ, ਜਿਹੜਾ ਸਾਨੂੰ ਬਣਾਉਂਦਾ ਹੈ ਅਤੇ ਸਾਨੂੰ ਜਿਵੇਂ ਚਾਹੁੰਦਾ ਹੈ, ਚਲਾਉਂਦਾ ਹੈ? ਕੀ ਇਹ ਕੋਈ ਈਸ਼ਵਰ ਹੈ? ਕੋਈ ਸੰਸਾਰ ਰਚਣ ਵਾਲਾ? ਜੇ ਈਸ਼ਵਰ ਹੀ ਬਨਾਉਣਾ ਵਾਲਾ ਹੈ ਤਾਂ ਸਾਰੇ ਜੀਵਾਂ ਨੂੰ ਚੁਪ-ਚਾਪ ਉਸ ਦੀ ਇੱਛਾ ਮੁਤਾਬਿਕ ਚਲਣਾ ਪਵੇਗਾ। ਉਹ ਘੁਮਾਰ ਦੇ ਬਣਾਏ ਹੋਏ ਭਾਂਡਿਆਂ ਵਾਂਗ ਹੋਣਗੇ। ਜੇ ਇਹ ਸੰਸਾਰ ਈਸ਼ਵਰ ਰਾਹੀਂ ਬਣਾਇਆ ਗਿਆ ਹੁੰਦਾ ਤਾਂ ਉਸ ਵਿਚ ਦੁੱਖ, ਕਲੇਸ਼ ਤੇ ਪਾਪ ਕਿਵੇਂ ਹੁੰਦੇ? ਕਿਉਂਕਿ ਚੰਗੇ ਮਾੜੇ ਦੋਹਾਂ ਦਾ ਰਚਣਹਾਰਾ ਤਾਂ ਉਸ ਨੂੰ ਹੀ ਮੰਨਣਾ ਹੋਵੇਗਾ। ਤਾਂ ਉਸ ਤੋਂ ਵੱਖ ਅਤੇ ਉਸ ਤੋਂ ਮੁਕਤ ਇਕ ਹੋਰ ਕਾਰਨ ਮੰਨਣਾ ਹੋਵੇਗਾ। ਜੇ ਦੁੱਖ, ਮੁਸੀਬਤਾਂ ਤੇ ਪਾਪਾਂ ਦਾ ਅਸਲ ਜਨਮ ਦਾਤਾ ਈਸ਼ਵਰ ਨੂੰ ਮੰਨਿਆ ਜਾਵੇ, ਤਾਂ ਉਸ ਤੋਂ ਵੱਖ ਅਤੇ ਉਸ ਤੋਂ ਮੁਕਤ ਇਕ ਹੋਰ ਕਾਰਨ ਮੰਨਣਾ ਪਵੇਗਾ। ਤਦ ਈਸ਼ਵਰ ਘਟ-ਘਟ ਵਿਚ ਸਮਾਉਣ ਵਾਲਾ ਨਹੀਂ ਰਹੇਗਾ।" ਇਸ ਤਰ੍ਹਾਂ ਡਿੱਠਾ ਹੈ ਕਿ ਈਸ਼ਵਰ ਦੇ ਵਿਚਾਰ ਦੀ ਜੜ ਹੀ ਪੁੱਟ ਹੋ ਗਈ।

ਬ੍ਰਹਮ ਬਾਰੇ

"ਤਾਂ ਫੇਰ ਕੀ 'ਬ੍ਰਹਮ ਤੋਂ ਦੁਨੀਆਂ ਬਣੀ? 'ਬ੍ਰਹਮ' ਵੀ ਦੁਨੀਆਂ ਦਾ ਕਾਰਨ ਨਹੀਂ ਹੋ ਸਕਦਾ। ਜਿਸ ਤਰ੍ਹਾਂ ਬੀਜ ਤੋਂ ਪੌਦਾ ਪੈਦਾ ਹੁੰਦਾ ਹੈ- ਉਸੇ ਤਰ੍ਹਾਂ ਸਾਰੀਆਂ ਚੀਜ਼ਾਂ ਦੀ ਪੈਦਾਇਸ਼ ਹੁੰਦੀ ਹੈ। ਤਾਂ ਫੇਰ ਇਕੋ ਬ੍ਰਹਮ ਤੋਂ ਸਾਰੀਆਂ ਚੀਜਾਂ ਕਿਵੇਂ ਪੈਦਾ ਹੋ ਸਕਦੀਆਂ ਹਨ? ਜੇ ਬ੍ਰਹਮ ਘਟ ਘਟ ਵਿਚ ਸਮਾਇਆ ਹੈ ਤਾਂ ਫੇਰ ਉਹ ਯਕੀਨੀ ਤੌਰ ਤੇ ਉਨ੍ਹਾਂ ਦੇ ਬਨਾਉਣ ਵਾਲਾ ਤਾਂ ਹੈ ਹੀ ਨਹੀਂ।

"ਫੇਰ ਇਹ ਵੀ ਕਿਹਾ ਜਾਂਦਾ ਹੈ ਕਿ ਆਤਮਾ ਤੋਂ ਹੀ ਪੈਦਾਇਸ਼ ਹੋਈ ਹੈ। ਜੇ ਆਤਮਾ ਹੀ ਬਨਾਉਣ ਵਾਲੀ

ਹੈ ਤਾਂ ਉਸ ਨੇ ਸਾਰੀਆਂ ਚੀਜਾਂ ਨੂੰ ਇੱਛਾ ਮੁਤਾਬਿਕ ਰੂਪ ਕਿਉਂ ਦਿੱਤਾ? ਦੁੱਖ ਸੁੱਖ ਅਸਲ ਸਚਾਈ ਹਨ ਅਤੇ ਉਨ੍ਹਾਂ ਦੀ ਬਾਹਰਲੀ ਹੋਂਦ ਹੈ। ਉਹ ਆਤਮਾ ਦੀ ਰਚਨਾ ਕਿਵੇਂ ਹੋ ਸਕਦੇ?

–"ਜੇ ਤੁਸੀ ਇਹ ਮੰਨ ਲਵੋ ਕਿ ਨਾ ਤੇ ਕੋਈ ਦੁਨੀਆਂ ਰਚਣ ਵਾਲਾ ਹੈ ਤੇ ਨਾ ਕੋਈ ਸਮੱਗਰੀ ਹੈ, ਜਿਸ ਤੋਂ ਦੁਨੀਆਂ ਬਣਦੀ ਹੈ ਤਾਂ ਫੇਰ ਜਿੰਦਗੀ ਵਿਚ ਜਿਹੜੀ ਸਾਧਨਾ (ਜੀਵਨ ਦੇ ਕਾਰਜ) ਕੀਤੀ ਜਾਂਦੀ ਹੈ, ਵਿਧੀ ਪ੍ਰਾਪਤ ਲਈ ਜੋ ਕੋਸ਼ਿਸ਼ ਕੀਤੀ ਜਾਂਦੀ ਹੈ, ਉਸ ਸਾਰੇ ਦਾ ਕੋਈ ਮਤਲਬ ਮੰਰਵ ਨਹੀਂ ਹੋਵੇਗਾ?"

ਕਾਰਨ ਸੰਸਾਰ ਦੀ ਬੁਨਿਆਦ ਹੈ

–ਇਸ ਲਈ ਸਾਡਾ ਕਹਿਣਾ ਹੈ ਕਿ ਜਿਹੜੀਆਂ ਵੀ ਚੀਜ਼ਾਂ ਹੋਂਦ ਵਿਚ ਆਉਂਦੀਆਂ ਹਨ, ਉਨ੍ਹਾਂ ਦਾ ਕੋਈ ਕਾਰਨ ਹੁੰਦਾ ਹੈ। ਨਾ ਉਹ ਈਸ਼ਵਰ ਰਾਹੀਂ ਬਣਦੀਆਂ ਹਨ, ਨਾ 'ਬ੍ਰਹਮ' ਰਾਹੀਂ, ਨਾ ਆਤਮਾ ਰਾਹੀਂ ਅਤੇ ਨਾ ਬਿਨਾਂ ਕਾਰਨ ਅਤੇ ਨਾ ਬਿਨਾ ਕਾਰਨ ਦੇ ਐਵੇਂ ਹੀ ਹੋਂਦ ਵਿਚ ਆਉਂਦੀਆਂ ਹਨ। ਸਾਡੇ ਆਪਣੇ ਹੀ ਕੰਮ ਹਨ, ਜੋ ਚੰਗੇ ਤੇ ਮਾੜੇ ਨੂੰ ਜਨਮ ਦਿੰਦੇ ਹਨ।

–'ਸਾਰਾ ਸੰਸਾਰ 'ਪਰੀਤਤਯ-ਸੁਮੱਤਪਾਦ (ਕਾਰਨ-ਕਰੀਅ) ਦੇ ਨੇਮ ਨਾਲ ਬੱਝਾ ਹੋਇਆ ਹੈ ਅਤੇ ਜਿੰਨੇ ਵੀ ਕਾਰਨ ਹਨ ਉਹ ਚੇਤਨਾ ਰਹਿਤ ਨਹੀਂ ਹਨ। ਜਿਸ ਸੋਨੇ ਨਾਲ ਸੋਨੇ ਦਾ ਪਿਆਲਾ ਬਣਦਾ ਹੈ, ਉਹ ਮੁੱਢ ਤੋਂ ਆਖਿਰ ਤੱਕ ਸੋਨਾ ਹੁੰਦਾ ਹੈ।

ਮੁਕਤੀ ਕਿਸ ਚੀਜ਼ ਤੋਂ?

–"ਇਸ ਲਈ ਅਸੀਂ ਈਸ਼ਵਰ ਅਤੇ ਉਸ ਨੂੰ ਪ੍ਰਾਰਥਨਾ ਕਾਰਨ ਸੰਬੰਧੀ ਝੂਠੀਆਂ-ਧਾਰਨਾਵਾਂ ਦਾ ਤਿਆਗ ਕਰੀਏ। ਅਸੀਂ ਫਜ਼ੂਲ ਦੀਆਂ ਛੋਟੀਆਂ-ਛੋਟੀਆਂ ਕਲਪਨਾ ਮਈ ਉਡਾਨਾ ਵਿਚ ਨਾ ਉਲਝੇ ਰਹੀਏ। ਅਸੀਂ ਆਤਮਾ ਅਤੇ ਆਤਮਾਰਥ ਤੋਂ ਮੁਕਤ ਹੋਈਏ, ਕਿਉਂਕਿ ਸਾਰੀਆਂ ਚੀਜਾਂ ਕਾਰਨ ਵਾਲੀਆਂ ਹਨ, ਇਸ ਲਈ ਅਸੀਂ ਚੰਗਾ ਕੰਮ ਕਰੀਏ ਤਾਂ ਜੁ ਉਸ ਦਾ ਸਿੱਟਾ ਵੀ ਚੰਗਾ ਨਿਕਲੇ।"

ਜੀਵਨ ਮਾਰਗ

–ਮੇਰਾ ਕਹਿਣਾ ਹੈ ਕਿ ਗ੍ਰਹਿਸਥੀ ਹੀ ਬਣੇ ਰਹੋ। ਆਪਣੇ ਕਾਰੋਬਾਰ ਵਿਚ ਬਿਨਾਂ ਬੌਖਲਾਹਟ ਦੇ ਲੱਗੇ ਰਹੋ। ਆਦਮੀ ਦਾ ਜੀਵਨ, ਐਸ਼-ਅਰਾਮ ਅਤੇ ਅਧਿਕਾਰ ਉਸ ਨੂੰ ਆਪਣੇ ਗੁਲਾਮ ਨਹੀਂ ਬਣਾਉਂਦੇ, ਪਰ ਜੀਵਨ, ਐਸ਼-ਅਰਾਮ ਅਤੇ ਅਧਿਕਾਰਾਂ ਲਈ ਜੋ ਆਦਮੀ ਦਾ ਮੋਹ ਹੈ, ਉਹ ਉਸ ਨੂੰ ਆਪਣਾ ਗੁਲਾਮ ਬਣਾ ਲੈਂਦਾ ਹੈ।"

ਬੁੱਧ ਦਾ ਧੰਮ ਮਾਰਗ

–ਮੇਰਾ ਧਰਮ ਹਰ ਆਦਮੀ ਤੋਂ ਇਹੀ ਮੰਗ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਝੂਠੇ ਦਿਖਾਵੇ ਤੋਂ ਮੁਕਤ ਰੱਖੇ। ਉਸਦਾ ਹਰਦਾ ਸ਼ੁੱਧ ਹੋਵੇ, ਉਸ ਨੂੰ ਕਾਮ ਭੋਗ ਆਦਿ ਸੁੱਖਾਂ ਦੀ ਪਿਆਸ ਨਾ ਹੋਵੇ ਤੇ ਉਹ ਚੰਗਾ ਜੀਵਨ ਬਿਤਾਏ।

–"ਤੇ ਆਦਮੀ ਭਾਵੇਂ ਕੁੱਝ ਕਰੇ, ਚਾਹੇ ਉਹ ਰਾਜ-ਗਿਰੀ ਕਰੇ, ਚਾਹੇ ਉਹ ਵਪਾਰ ਕਰੇ, ਚਾਹੇ ਉਹ ਸਰਕਾਰੀ ਨੌਕਰੀ ਕਰੇ ਜਾਂ ਦੁਨੀਅ ਦਾ ਤਿਆਗ ਕਰਕੇ ਧਿਆਨ ਮਗਨ ਰਹੇ, ਉਸਨੂੰ ਆਪਣਾ ਕੰਮ ਪੂਰੀ ਦਿਲਚਸਪੀ ਨਾਲ ਕਰਨਾ ਚਾਹੀਦਾ ਹੈ, ਉਸ ਨੂੰ ਮਿਹਨਤੀ ਤੇ ਹਿੰਮਤੀ ਹੋਣਾ ਚਾਹੀਦਾ ਹੈ। ਜੇ ਉਹ ਉਸ ਕਮਲ ਵਾਂਗ ਹੈ ਜੋ ਪਾਣੀ ਵਿਚ ਰਹਿੰਦਾ ਹੋਇਆ ਵੀ ਪਾਣੀ ਤੋਂ ਅਛੂਤਾ ਰਹਿੰਦਾ ਹੈ, ਜਿੰਦਗੀ-ਘੋਲ 'ਚ ਲੱਗੇ ਰਹਿਣ 'ਤੇ ਵੀ ਆਪਣੇ ਮਨ ਵਿਚ ਈਰਖਾ ਤੇ ਨਫਰਤ ਨੂੰ ਥਾਂ ਨਹੀਂ ਦਿੰਦਾ, ਜੇ ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਸੁਆਰਥ ਭਰਿਆ ਨਹੀਂ ਬਲਕਿ ਪਰਮਾਰਥ–ਭਰਿਆ ਜੀਵਨ ਬਤੀਤ ਕਰਦਾ ਹੈ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦਾ ਮੰਨ ਆਨੰਦ, ਸ਼ਾਂਤੀ ਤੇ ਸੁੱਖ ਨਾਲ ਭਰ ਜਾਵੇਗਾ।"

–"ਜਿਸ ਚੀਜ ਤੋਂ ਸਭ ਤੋਂ ਵੱਧ ਲੋੜ ਹੈ, ਉਹ ਹੈ ਮਿੱਤਰਤਾ ਭਰਿਆ ਹਿਰਦਾ।"

ਰਾਜ ਕਿਹੋ ਜਿਹਾ ਹੋਵੇ?

–ਆਪਣੀ ਪਰਜਾ ਨੂੰ ਆਪਣੀ ਇਕ ਇਕਲੌਤੀ ਔਲਾਦ ਵਾਂਗ ਸਮਝੋ। ਉਨ੍ਹਾਂ ਨੂੰ ਕਸ਼ਟ ਨਾ ਦਿਓ, ਉਨ੍ਹਾਂ ਨੂੰ ਨਾ ਉਜਾੜੋ। ਆਪਣੇ ਸਰੀਰ ਦੇ ਸਾਰੇ ਅੰਗਾ ਤੇ ਕਾਬੂ ਰੱਖੋ। ਕੁਰਾਹ ਛੱਡ ਕੇ ਸਹੀ ਰਾਹ ਉੱਤੇ ਚਲੋ। ਦੂਜਿਆਂ ਨੂੰ ਹੇਠਾਂ ਸੁੱਟ ਕੇ ਆਪਣੇ ਆਪਨੂੰ ਉਪਰ ਨਾ ਉਠਾਓ। ਦੁਖੀ ਨੂੰ ਸੁੱਖ ਅਤੇ ਧੀਰਜ ਦਿਓ।

–ਰਾਜ ਦੇ ਠਾਠ-ਬਾਠ ਨੂੰ ਹੀ ਜਿਆਦਾ ਮਹੱਤਤਾ ਨਾ ਦਿਓ ਤੇ ਖੁਸ਼ਾਮਦ ਕਰਨ ਵਾਲਿਆਂ ਦੀਆਂ ਮਿੱਠੀਆਂ ਗੱਲਾ ਨਾ ਸੁਣੋ।

–"ਅਸੀਂ ਚੁਫੇਰਿਉਂ ਦੁੱਖਾਂ ਅਤੇ ਕਲੇਸ਼ਾਂ ਦੀਆਂ ਚਟਾਨਾਂ ਨਾਲ ਘਿਰੇ ਹੋਏ ਹਾਂ ਤੇ ਧਰਮ ਦਾ ਵਿਚਾਰ ਕਰਨ ਨਾਲਹੀ ਅਸੀਂ ਇਨ੍ਹਾਂ ਦੁੱਖਾਂ ਕਲੇਸ਼ਾਂ ਨੂੰ ਪਾਰ ਕਰ ਸਕਦੇ ਹਾਂ।

–"ਜਦੋਂ ਕੋਈ ਰੁੱਖ ਅੱਗ ਵਿਚ ਝੁਲਸ ਰਿਹਾ ਹੋਵੇ ਤਾਂ ਪੰਛੀ ਉਸ ਉੱਤੇ ਆਪਣਾ ਆਲ੍ਹਣੇ ਕਿਵੇਂ ਬਣਾ ਸਕਦੇ ਹਨ? ਜਿੱਥੇ ਰਾਗ-ਦਵੇਸ਼ ਦਾ ਵਾਸਾ ਹੈ, ਉੱਥੇ ਸੱਚ ਕਿਵੇਂ ਠਹਿਰ ਸਕਦਾ ਹੈ?

–ਜਿਸ ਨੂੰ ਇਹ ਗਿਆਨ ਪ੍ਰਾਪਤ ਹੈ, ਉਹ ਹੀ ਪਰੱਗਿਆ ਪਾ ਸਕਦਾ ਹੈ। ਇਸ ਤੋਂ ਮੂੰਹ ਮੋੜਨਾ, ਜੀਵਨ ਦੀ ਅਸਫਲਤਾ ਦੀ ਨਿਸ਼ਾਨੀ ਹੈ।

ਸੱਚ ਦਾ ਦਰਜਾ

–ਇਹ ਸੱਚ ਸਿਰਫ ਸੰਨਿਆਸੀਆਂ ਲਈ ਹੀ ਨਹੀਂ ਹੈ, ਇਸ ਦਾ ਸੰਬੰਧ ਮਨੁੱਖ ਨਾਲ ਹੈ। ਸਾਧੂ ਤੇ ਗ੍ਰਿਹਸਥੀ ਨਾਲ ਵੀ ਇਸੇ ਤਰ੍ਹਾਂ ਹੈ। ਵਰਤ ਰੱਖਣ ਵਿਚ, ਸੰਨਿਆਸ ਵਿਚ ਤੇ ਗ੍ਰਿਹਸਥੀ 'ਚ ਅਸਲ ਵਿਚ ਕੋਈ ਫਰਕ ਨਹੀਂ। ਸੰਨਿਆਸੀ ਵੀ ਪਤਿਤ ਹੋ ਕੇ ਤਬਾਹ ਹੋ ਜਾਂਦੇ ਹਨ ਅਤੇ ਗ੍ਰਿਹਸਥ ਵੀ ਇਸ ਸੱਚ ਦਾ ਪਾਲਨ ਕਰਨ ਨਾਲ ਰਿਸ਼ੀਆਂ ਦੇ ਦਰਜੇ ਤੱਕ ਪੁੱਜ ਜਾਂਦੇ ਹਨ।

(ੳ) ਦੁਨੀਆ ਤਬਾਹ ਹੋਣ ਵਾਲੀ ਹੈ ਤੇ ਲਗਾਤਾਰ ਬਦਲਣ ਵਾਲੀ ਹੈ।

(ਅ) ਦੁਨੀਆਂ ਦਾ ਕੋਈ ਮਾਲਕ ਜਾਂ ਰਖਵਾਲਾ ਨਹੀਂ ਹੈ।

(ੲ) ਸਾਡਾ ਕੁੱਝ ਵੀ ਨਹੀਂ। ਅਸੀਂ ਸਭ ਕੁੱਝ ਪਿੱਛੇ ਛੱਡ ਜਾਣਾ ਹੈ।

(ਸ) ਤ੍ਰਿਸ਼ਨਾ ਦੇ ਵੱਸ ਪੈਣ ਕਰਕੇ ਹੀ ਦੁਨੀਆਂ ਦੁੱਖੀ ਹੈ।

–"ਕਿਉਂਕਿ ਮੈਂ ਸੰਸਾਰ ਦੇ ਦੁਖਦਾਈ ਰੂਪ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਇਸਲਈ ਮੈਂ ਸਬੰਧੀਆਂ ਦਾ ਤਿਆਗ ਕਰਨ ਲਈ ਮਜਬੂਰ ਹਾਂ।"

ਦੁੱਖਾਂ ਦਾ ਅਸਲੀ ਕਾਰਨ ਅਗਿਆਨਤਾ

"ਸਾਰਾ ਦੁੱਖ ਅਗਿਆਨ ਤੋਂ ਪੈਦਾ ਹੋਇਆ ਹੈ।"

–"ਸੋਨੇ ਦਾ ਮਹੱਲ ਤਾਂ ਮੈਨੂੰ ਜਾਪਦਾ ਹੈ ਜਿਵੇਂ ਉਸ ਵਿਚ ਅੱਗ ਲੱਗੀ ਹੋਈ ਹੈ, ਵਧੀਆਂ ਤੋਂ ਵਧੀਆ ਖਾਣੇ ਜ਼ਹਿਰ ਰਲੇ ਜਾਪਦੇ ਹਨ ਤੇ ਕਮਲ ਦੇ ਫੁੱਲਾਂ ਨਾਲ ਸਜੀ ਹੋਈ ਸੇਜ ਉੱਤੇ ਲੱਗਦਾ ਹੈ ਜਿਵੇਂ ਮਗਰਮਛ ਲੇਟ ਰਹੇ ਹੋਣ।

–"ਮੈਂ ਕਿਸੇ ਅਜਿਹੇ ਸਿਧਾਂਤ ਨੂੰ ਨਹੀਂ ਮੰਨ ਸਕਦਾ ਜੋ ਅਗਿਆਨਤਾ 'ਤੇ ਟਿਕਿਆ ਹੋਇਆ ਹੈ ਅਤੇ ਜਿਸ ਦਾ ਸਿਰ ਹੇਠਾਂ ਤੇ ਪੈਰ ਉੱਪਰ ਵੱਲ ਹੋਣ। ਮੈਂ ਕਿਸੇ ਅਜਿਹੇ ਸਿਧਾਂਤ ਨੂੰ ਨਹੀਂ ਮੰਨਦਾ, ਜਿਸ ਵਿਚ ਸੈਂਕੜੇ ਗੱਲਾਂ ਐਵੇਂ ਹੀ ਪਹਿਲਾਂ ਤੋਂ ਸਹੀ ਮੰਨ ਕੇ ਚੱਲਣਾ ਪੈਂਦਾ ਹੈ। ਕਿਹੜਾ ਅਕਲ ਮੰਦ ਆਦਮੀ ਸਿਰਫ ਕਿਸੇ ਦੂਜੇ ਦੇ ਆਸਰੇ ਕਿਸੇ ਗੱਲ 'ਤੇ ਯਕੀਨ ਕਰੇਗਾ? ਆਦਮਜਾਤ ਤਾਂ ਹਨ੍ਹੇਰੇ ਵਿਚ ਇਕ ਅੰਨ੍ਹੇ ਮਗਰ ਚਲਣ ਵਾਲੀ ਅੱਖ ਤੋਂ ਰਹਿਤ ਜਾਤੀ ਬਣੀ ਹੋਈ ਹੈ।

–"ਪਰ ਜੇ ਕੋਈ ਸੱਚ ਤੇ ਝੂਠ ਵਿਚ ਫਰਕ ਨਾ ਕਰ ਸਕੇ, ਜੇ ਕੋਈ ਭਲਾਈ ਤੇ ਬੁਰਾਈ ਬਾਰੇ ਸ਼ੱਕੀ ਹੋਵੇ ਤਾਂ ਵੀ ਉਸ ਨੂੰ ਆਪਣਾ ਚਿੱਤ ਭਲਾਈ ਵਿਚ ਲਾਈ ਰੱਖਣਾ ਚਾਹੀਦਾ ਹੈ। ਚੰਗੇ ਸੁਭਾਉ ਵਾਲੇ ਲਈ ਥੋੜ੍ਹੀ, ਬਿਨਾਂ ਮਤਲਬ ਦੀ ਮਿਹਨਤ ਕਲਿਆਣਕਾਰੀ ਹੀ ਹੁੰਦੀ ਹੈ।

–"ਮੈਂ ਜਲਦੀ ਹੋਈ ਅੱਗ ਵਿਚ ਦਾਖਲ ਹੋ ਜਾਵਾਂਗਾ, ਪਰ ਬਿਨਾਂ ਆਪਣੇ ਮੰਤਵ (ਮਾਨ-ਵਤਾ ਦੇ ਕਲਿਆਣ ਦੇ) ਨੂੰ ਕੀਤਿਆਂ ਘਰ ਨਹੀਂ ਮੁੜ ਸਕਦਾ।"

–"ਜਿਹੜੇ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਸਮਝ ਬੈਠਦੇ ਹਨ, ਅਜਿਹੇ ਝੂਠਿਆਂ ਨੂੰ ਕਦੀ ਵੀ ਫਾਇਦਾ ਨਹੀਂ ਹੋ ਸਕਦਾ।"

–"ਜਿਹੜੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਜਾਣ ਲੈਂਦੇ ਹਨ, ਅਜਿਹੇ ਗਿਆਨਵਾਨ ਲੋਕਾਂ ਨੂੰ ਹੀ ਫਾਇਦਾ ਹੁੰਦਾ ਹੈ।"

ਕਮੀਨਿਆ ਦੀ ਜਮਾਤ

–"ਜੋ ਨੀਚਾਂ ਅਤੇ ਕਮੀਨਿਆਂ ਨਾਲ ਰਹਿੰਦਾ ਹੈ, ਉਹ ਉਸੇ ਤਰ੍ਹਾਂ ਹੀ ਨੀਚ ਤੇ ਕਮੀਨਾ ਹੋ ਜਾਂਦਾ ਹੈ, ਜਿਵੇਂ ਕਿਸੇ ਬਦਬੂਦਾਰ ਪਦਾਰਥ ਨੂੰ ਲੈਣ ਵਾਲਾ ਖੁਦ ਮੁਸ਼ਕ ਮਾਰਨ ਲੱਗ ਪੈਂਦਾ ਹੈ, ਉਹ ਅਗੇ ਤੋਂ ਅੱਗੇ ਘਟੀਆ ਹੁੰਦਾ

ਜਾਂਦਾ ਹੈ ਤੇ ਭੇੜ ਹੀ ਕਰਨ 'ਚ ਮਾਹਿਰ ਹੋ ਜਾਂਦਾ ਹੈ।

ਅਕਲਮੰਦਾ ਦੀ ਜਮਾਤ

-"ਪਰ ਜਿਹੜਾ ਅਕਲਮੰਦ, ਅਕਲਮੰਦ ਨਾਲ ਰਹਿੰਦਾ ਹੈ, ਉਹ ਵੀ ਉਸੇ ਤਰ੍ਹਾਂ ਦਾ ਹੀ ਹੋ ਜਾਂਦਾ ਹੈ, ਠੀਕ ਜਿਵੇਂ ਕਿਸੇ ਖੁਸ਼ਬੂਦਾਰ ਪਦਾਰਥ ਨੂੰ ਪਾਉਣ ਵਾਲੇ ਦੇ ਸਰੀਰ ਤੋਂ ਵੀ ਖੁਸ਼ਬੂ ਆਉਣ ਲੱਗ ਪੈਂਦੀ ਹੈ। ਉਹ ਅੱਗੇ ਤੋਂ ਅੱਗੇ ਅਕਲਮੰਦ ਹੁੰਦਾ ਜਾਂਦਾ ਹੈ, ਸ਼ੀਲਵਾਨ ਹੁੰਦਾ ਜਾਂਦਾ ਹੈ ਤੇ ਸੰਤੋਖ ਪਾਉਂਦਾ ਹੈ।

-"ਚਾਹੇ ਆਦਮੀ ਨੰਗਾ ਰਹਿੰਦਾ ਹੋਵੇ, ਚਾਹੇ ਵੱਡੀਆਂ ਵੱਡੀਆਂ ਜਟਾਵਾਂ ਵਧਾ ਕੇ ਰਹਿੰਦਾ ਹੋਵੇ, ਚਾਹੇ ਕੁਝ ਪੱਤਿਆਂ ਜਾਂ ਰੁੱਖਾਂ ਦੀ ਛਿੱਲ ਦੇ ਕੱਪੜੇ ਨਾਲ ਹੀ ਆਪਣਾ ਸਰੀਰ ਢੱਕਦਾ ਹੋਵੇ, ਚਾਹੇ ਉਹ ਸਰੀਰ ਉੱਤੇ ਸੁਆਹ ਹੀ ਮਲਦਾ ਹੋਵੇ ਤੇ ਪੱਥਰਾਂ ਉੱਤੇ ਸੌਂ ਦਾ ਹੋਵੇ, ਪਰ ਇਸ ਸਭ ਨਾਲ ਉਹ ਤ੍ਰਿਸਨਾ ਤੋਂ ਛੁਟਕਾਰਾ ਨਹੀਂ ਪਾ ਸਕਦਾ।

-"ਕੁੱਤਾਂ ਨੂੰ ਬਲੀ-ਭੇਟ ਦੇਣਾ, ਤਾਂ ਜੁ ਪੁੰਨ ਲਾਭ ਹੋਵੇ, ਜਾਂ ਪਰਲੋਕ ਵਿਚ ਫਲ ਮਿਲੇ, ਸੱਚੇ ਪੁਰਖਾਂ ਦਾ ਸਤਿਕਾਰ ਕਰਨ ਦੇ ਚੌਥੇ ਹਿੱਸੇ ਬਰਾਬਰ ਵੀ ਨਹੀਂ ਹੈ।

ਸਦਾਚਾਰੀ ਜੀਵਨ

-"ਜੋ ਸਦਾਚਾਰੀ ਹੈ, ਜੋ ਵੱਡਿਆਂ ਲਈ, ਬਜ਼ੁਰਗਾਂ ਲਈ ਸਦਾ ਆਦਰ ਦਾ ਭਾਵ ਦਿਖਾਉਂਦਾ ਹੈ-ਉਸਨੂੰ ਇਨ੍ਹਾਂ ਚੌਹ ਚੀਜਾਂ ਦੀ ਪ੍ਰਾਪਤੀ ਹੁੰਦੀ ਹੈ-ਉਮਰ ਦੀ, ਵਰਣ ਦੀ, ਸੁੱਖ ਦੀ ਤੇ ਤਾਕਤ ਦੀ।

-"ਜਿਸ ਤਰ੍ਹਾਂ ਰਸਤੇ 'ਚ ਪਏ ਕਿਸੇ ਕੂੜੇ-ਕਚਰੇ ਦੇ ਢੇਰ ਉੱਤੇ ਇਕ ਖੁਸ਼ਬੂਦਾਰ ਫੁੱਲ ਵੀ ਉੱਗ ਸਕਦਾ ਹੈ, ਉਸੇ ਤਰ੍ਹਾਂ ਇਸ ਅੰਨੇ ਜੱਗ ਵਿਚ, ਇਸ ਕੂੜਾ ਕਚਰਾ ਸੰਸਾਰ ਵਿਚ ਬੁੱਧ ਪੁੱਤਰ ਵੀ ਨੂਰ ਫੈਲਾ ਸਕਦਾ ਹੈ।

-"ਭਗਵਾਨ ਬੁੱਧ ਜਾਣਦੇ ਹਨ ਕਿ ਬ੍ਰਾਹਮਣਾਂ ਦਾ ਖਿਆਲ ਹੈ ਕਿ ਸ਼ੂਦਰ ਤੇ ਂ ਰਤਾਂ ਕਦੀ ਮੋਕਸ਼ ਨਹੀਂ ਪਾ ਸਕਦੀਆਂ ਕਿਉਂਕਿ ਉਹ ਅਪਵਿੱਤਰ ਹੁੰਦੀਆਂ ਹਨ ਅਤੇ ਮਰਦਾ ਦੇ ਮੁਕਾਬਲੇ ਨੀਚ ਜਾਤ ਦੀਆਂ ਹੁੰਦੀਆਂ ਹਨ। ਇਸ ਲਈ ਉਹ ਸ਼ੂਦਰਾਂ ਅਤੇ ਔਰਤਾਂ ਨੂੰ ਸੰਨਿਆਸ ਨਹੀਂ ਲੈਣ ਦਿੰਦੇ? ਤਾਂ ਕੀ ਤਥਾਗਤ (ਬੁੱਧ) ਦਾ ਨਜ਼ਰੀਆ ਵੀ ਬ੍ਰਾਹਮਣਾਂ ਵਰਗਾ ਹੀ ਹੈ।"

-"ਕੀ ਤਥਾਗਤ ਨੇ ਠੀਕ ਉਸੇ ਤਰ੍ਹਾਂ ਸ਼ੂਦਰਾਂ ਨੂੰ ਵੀ ਸੰਘ ਵਿਚ ਸ਼ਾਮਲ ਨਹੀਂ ਕੀਤਾ ਜਿਵੇਂ ਬ੍ਰਾਹਮਣਾਂ ਨੂੰ? ਭਗਵਾਨ! ਔਰਤਾਂ ਨਾਲ ਹੀ ਇਹ ਭਿੰਨ-ਭੇਦ ਦਾ ਕੀ ਕਾਰਨ ਹੈ?"

-'ਕੀ ਤਥਾਗਤ ਦਾ ਇਹ ਖਿਆਲ ਹੈ ਕਿ ਤਥਾਗਤ ਦੇ ਧਰਮ ਅਤੇ ਸਿੱਖਿਆ ਮੁਤਾਬਿਕ ਚੱਲ ਕੇ ਔਰਤਾਂ ਨਿਰਵਾਣ ਪ੍ਰਾਪਤ ਨਹੀਂ ਕਰ ਸਕਦੀਆਂ।

ਔਰਤਾਂ ਵੀ ਮਨੁੱਖ ਵਾਂਗ ਨਿਰਵਾਣ ਅਧਿਕਾਰੀ ਹਨ

-ਤਥਾਗਤ ਬੋਲੇ, "ਆਨੰਦ! ਮੈਨੂੰ ਗਲਤ ਨਾ ਸਮਝ। ਮੇਰਾ ਖਿਆਲ ਹੈ ਕਿ ਮਰਦਾ ਵਾਂਗ ਔਰਤਾਂ ਵੀ ਨਿਰਵਾਣ ਪ੍ਰਾਪਤ ਕਰ ਸਕਦੀਆਂ ਹਨ। ਅਨੰਦ! ਮੈਨੂੰ ਗਲਤ ਨਾ ਸਮਝ। ਮੈਂ ਮਰਦਾਂ ਨੂੰ ਔਰਤਾਂ ਦੇ ਮੁਕਾਬਲੇ ਕਿਸੇ ਵੀ ਤਰ੍ਹਾਂ ਦੀ ਵੱਧ ਮਹੱਤਤਾ ਨਹੀਂ ਦਿੰਦਾ। ਮਹਾਂਪਰਜਾਪਤੀ ਗੌਤਮੀ (ਬੁੱਧ ਦੀ ਮਤਰੇਈ ਮਾਂ, ਸਕੀ ਮਾਸੀ) ਦੀ ਬੇਨਤੀ ਨੂੰ ਜੇ ਮੈਂ ਨਹੀਂ ਮੰਨਿਆਂ ਹੈ ਤਾਂ ਉਹ ਔਰਤਾਂ ਨੂੰ ਮਰਦਾ ਦੇ ਮੁਕਾਬਲੇ ਹੀਣ ਸਮਝਣ ਦੇ ਕਾਰਨ ਨਹੀਂ ਬਲਕਿ ਵਿਹਾਰਿਕ ਕਾਰਨਾਂ ਕਰਕੇ ਹੀ।"

ਇਨਸਾਫ ਅਤੇ ਧਰਮ ਦਾ ਰਾਹ ਹੀ ਉੱਚਤਾ ਹੈ

-"ਭਾਗਾਂ ਵਾਲੀਏ ਹੇ ਪ੍ਰਾਕ੍ਰਿਤ! ਬੇਸ਼ੱਕ ਤੂੰ ਚੰਡਾਲਾਂ ਦੀ ਲੜਕੀ ਏਂ, ਪਰ ਤੂੰ ਚੰਗੇ ਮਰਦਾ ਤੇ ਔਰਤਾ ਲਈ ਮਿਸਾਲ ਦਾ ਕੰਮ ਦੇਵੇਂਗੀ। ਤੂੰ ਨੀਚ ਜਾਤ ਹੀ ਸਹੀ, ਪਰ ਬ੍ਰਾਹਮਣ ਤੈਥੋਂ ਸਿੱਖਿਆ ਲੈਣਗੇ। ਇਨਸਾਫ ਅਤੇ ਧਰਮ ਦੇ ਰਾਹ ਤੋਂ ਵੱਖ ਨਾ ਹੋਵੀਂ, ਤੇਰਾ ਯੱਸ਼ ਰਾਜ-ਸਿੰਘਾਸਨ ਉੱਤੇ ਬੈਠੀਆਂ ਹੋਈਆਂ ਰਾਣੀਆਂ ਦੇ ਯਸ਼ ਤੋਂ ਵਧ ਜਾਵੇਗਾ।

-ਬੁੱਧ ਦੀਆਂ ਸਿੱਖਿਆਵਾਂ ਨੂੰ ਅਪਨਾਉਣ ਨਾਲ ਉਂਗਲੀਮਾਰ ਡਾਕੂ ਇਕ ਸੰਤ ਬਣ ਗਿਆ। ਉਸ ਨੇ ਕਿਹਾ-"ਜਿਹੜਾ ਪਹਿਲਾਂ ਗਲਤੀ ਕਰਕੇ ਵੀ ਆਪਣੀ ਗਲਤੀ ਠੀਕ ਕਰ ਲੈਂਦਾ ਹੈ, ਉਹ ਬੱਦਲਾਂ ਤੋਂ ਮੁਕਤ ਚੰਦਰਮਾਂ ਵਾਂਗ ਲੋਕਾਂ ਨੂੰ ਰੋਸ਼ਨ ਕਰ ਦਿੰਦਾ ਹੈ।"

(1) ਸ਼ੀਲ ਲਾਭ ਕੀ ਹੈ?

ਇਕ ਆਦਮੀ ਜੀਵ-ਹਿੰਸਾ ਨਹੀਂ ਕਰਦਾ, ਮਿੱਠਾ ਬੋਲਦਾ ਹੈ, ਫਜ਼ੂਲ ਨਹੀਂ ਬੋਲਦਾ, ਇਹ ਸ਼ੀਲ ਲਾਭ ਹੈ।

2. ਚਿੱਤ ਲਾਭ ਕੀ ਹੈ?

ਇਕ ਆਦਮੀ ਨਾ ਲੋਭੀ ਹੈ, ਬੁਰੇ ਵਿਚਾਰਾਂ ਤੋਂ ਮੁਕਤ ਹੈ, ਇਹ ਚਿੱਤ ਲਾਭ ਹੈ।

3. ਇਸ਼ਟ ਲਾਭ ਕੀ ਹੈ?

"ਜਿਥੇ ਕੋਈ ਆਦਮੀ ਇਸ ਤਰ੍ਹਾਂ ਦਾ ਗਲਤ ਖਿਆਲ, ਝੂਠਾ ਖਿਆਲ ਨਹੀਂ ਰਖਦਾ ਕਿ ਦਾਨ ਦੇਣ ਵਿਚ ਤਿਆਗ ਕਰਨ ਵਿਚ ਕੋਈ ਪੁੰਨ ਨਹੀਂ, ਚੰਗੇ-ਮੰਦੇ ਦਾ ਕੁਝ ਸਿੱਟਾ ਨਹੀਂ ਹੁੰਦਾ, ਨਾ ਇਹ ਲੋਕ ਹੈ, ਨਾ ਪਰਲੋਕ ਹੈ, ਨਾ ਮਾਂ ਹੈ, ਨਾ ਬਾਪ ਹਾ, ਨਾ ਆਪੇ ਪੈਦਾ ਹੋਣ ਵਾਲੇ ਜੀਵ ਹਨ, ਲੋਕ ਵਿਚ ਕੋਈ ਅਜਿਹਾ ਬ੍ਰਾਹਮਣ ਨਹੀਂ ਜੋ ਚੋਟੀ 'ਤੇ ਪਹੁੰਚਾ ਹੋਵੇ, ਜਿਸ ਨੇ ਪੂਰਨਤਾ ਲਾਭ ਕੀਤਾ ਹੋਵੇ, ਜਿਸ ਨੇ ਆਪਣੇ ਗਿਆਨ ਨਾਲ ਪਰਲੋਕ ਨੂੰ ਦੇਖਿਆ ਹੋਵੇ ਅਤੇ ਜੋ ਉਸ ਨੂੰ ਕਹਿ ਸਕਦੇ ਹੋਣ। ਇਹ ਦ੍ਰਿਸ਼ਟੀ ਲਾਭ ਹੈ।"

-ਮੁਕਤੀ ਦਾ ਅਰਥ ਹੈ ਕਿ ਕਿਸੇ ਆਤਮਾ ਦਾ ਸੁੱਖ ਨਹੀਂ ਬਲਕਿ ਜੀਵ ਦਾ ਸੁੱਖ।

ਦੂਜੀ ਗੱਲ ਇਹ ਹੈ ਕਿ ਦੁਨੀਆਂ ਵਿਚ ਰਹਿੰਦਿਆਂ ਜੀਵ ਦਾ ਸੁੱਖ। 'ਆਤਮਾ ਦੀ ਮੁਕਤੀ' ਬੁੱਧ ਦੇ ਵਿਚਾਰਾਂ ਤੋਂ ਪੂਰੀ ਤਰ੍ਹਾਂ ਉਲਟ ਗੱਲਾਂ ਹਨ।

ਤੀਜਾ ਵਿਚਾਰ ਹੈ ਕਿ ਜੋ ਬੁੱਧ ਦੇ ਨਿਰਵਾਣ ਦੇ ਰੂਪ ਦਾ ਅਸਲ ਅਧਾਰ (ਨੀਂਹ) ਹੈ,ਉਹ ਹੈ ਰਾਗ-ਦਵੇਸ਼ ਅੱਗ ਨੂੰ ਸ਼ਾਂਤ ਕਰਨਾ।

ਦੁੱਖਾਂ ਦੇ ਕਾਰਨ

-"ਭਿਕਸ਼ੂਓ, ਲੋਭ ਨਾਲ ਲੋਭੀ, ਈਰਖਾ ਨਾਲ ਧੋਖੇਬਾਜ(ਪਾਪੀ) ਅਤੇ ਮੋਹ ਨਾਲ, ਮੂਰਖ ਮਨ ਨਾਲ ਆਦਮੀ ਆਪਣੇ ਦੁੱਖਾਂ ਤੋਂ ਦੁੱਖੀ ਰਹਿੰਦਾ ਹੈ। ਆਦਮੀ ਦੂਜਿਆਂ ਦੇ ਦੁੱਖ ਤੋਂ ਦੁੱਖੀ ਰਹਿੰਦਾ ਹੈ, ਆਦਮੀ ਮਾਨਸਿਕ ਅਨੁਭੂਤੀ ਤੇ ਦੁੱਖ ਮਹਿਸੂਸ ਕਰਦਾ ਹੈ।

ਮੁਕਤੀ, ਮੁਕਤ ਜੀਵਨ ਦਾ ਨਾਂ ਹੈ

-"ਇੰਜ ਭਿਕਸ਼ੂਓ, ਨਿਰਵਾਣ ਇਸੇ ਜੀਵਨ ਵਿਚ ਮਿਲਦਾ ਹੈ, ਅਗਲੀ ਜਿੰਦਗੀ ਵਿਚ ਹੀ ਨਹੀਂ, ਮਨ ਨੂੰ ਭਾਉਣ ਵਾਲਾ, ਮਨਮੋਹਣਾ ਅਤੇ ਅਕਲਮੰਦ ਸ਼ਾਵਕ ਸ਼ਿਸ ਇਸ ਨੂੰ ਹਥਿਆ ਸਕਦਾ ਹੈ।"

-"ਨਿਰਵਾਣ ਦਾ ਮਤਲਬਾ ਹੈ ਰਾਗ-ਅੱਗ, ਦਵੇਸ਼ -ਅੱਗ ਤੇ ਮੋਹ ਅੱਗ ਦਾ ਬੁੱਝ ਜਾਣਾ।"

-"ਨਿਰਦੋਸ਼ ਜੀਵਨ ਦਾ ਆਧਾਰ ਨਿਰਵਾਣ ਵਿਚ ਹੈ। ਨਿਰਵਾਣ ਹੀ ਉਦੇਸ਼ ਹੈ। ਨਿਰਵਾਣ ਹੀ ਮਕਸਦ ਹੈ।"

ਮੱਧ-ਮਾਰਗ ਕਿਹੜਾ ਹੈ? ਇਹ ਮੱਧ ਮਾਰਗ ਉੱਤਮ ਅਸ਼ਟਾਂਗਟ ਮਾਰਗ ਤੋਂ ਛੁੱਟ ਕੁੱਜ ਨਹੀਂ। ਇਹੀ ਸਮੱਯਕ ਦ੍ਰਿਸ਼ਟੀ (ਨਜ਼ਰ), ਸਮੱਯਕ ਸੰਕਲਪ (ਇਰਾਦਾ), ਸੰਮਯਕ ਵਾਣੀ (ਬੋਲ), ਸੰਮਯਕ ਕਰਮਾਂਤ (ਕੰਮ), ਸੰਮਯਕ ਆਜੀਵਕਾ (ਰੋਜੀ) , ਸੰਮਯਕ ਯਤਨ (ਕਸਰਤ), ਸੰਮਯਕ ਸਿਮਰਤੀ (ਚੇਤਨਾ) ਤੇ ਸੰਮਯਰਕ ਸਮਾਧੀ। ਭਿਕਸ਼ੂਓ, ਇਹੀ ਮੱਧ-ਮਾਰਗ ਵਿਚਕਾਰਲਾ ਰਾਹ ਹੈ।

ਬੁਰੀਆਂ ਬਿਰਤੀਆਂ

"ਕਰੋਧ ਬੁਰੀ ਸ਼ੈਅ ਹੈ, ਛਾਹ (ਜਲਨ) ਬੁਰੀ ਸ਼ੈਅ ਹੈ। ਈਰਖਾ ਬੁਰੀ ਸ਼ੈਅ ਹੈ, ਕੰਜੂਸਪੁਣਾ ਬੁਰੀ ਸ਼ੈਅ ਹੈ। ਲਾਲਚ ਬੁਰੀ ਸ਼ੈਅ ਹੈ, ਪਾਖੰਡ ਬੁਰੀ ਸ਼ੈਅ ਹੈ, ਠੱਗੀ ਬੁਰੀ ਸ਼ੈਅ ਹੈ, ਮੋਹ ਬੁਰੀ ਸ਼ੈਅ ਹੈ ਤੇ ਸੁਸਤੀ ਬੁਰੀ ਸ਼ੈਅ ਹੈ।"

(ਗੁਰਬਾਣੀ 'ਚ ਇਹ ਵਿਆਖਿਆ ਹੈ)

-"ਤੰਦਰੁਸਤੀ ਤੋਂ ਵੱਡਾ ਲਾਭ ਨਹੀਂ, ਸੰਤੋਖ ਤੋਂ ਵੱਡਾ ਧਨ ਨਹੀਂ।"

-ਭਿਕਸ਼ੂ ਰਾਸ਼ਟਰਪਾਲ ਨੇ ਕਿਹਾ ਹੈ, "ਮੈਂ ਧਨਵਾਨਾਂ ਨੂੰ ਤਕਦਾ ਹਾਂ ਜੋ ਮੂਰਖਤਾ ਵਸ ਵੱਧ ਤੋਂ ਵੱਧ ਧਨ ਇਕੱਠਾ ਕਰਦੇ ਚਲੇ ਜਾਂਦੇ ਹਨ। ਉਸ ਵਿਚੋਂ ਕਦੀ ਕਿਸੇ ਨੂੰ ਕੁੱਝ ਨਹੀਂ ਦਿੰਦੇ। ਉਨ੍ਹਾਂ ਦੀ ਤ੍ਰਿਸ਼ਨਾ ਮਰਦੀ ਹੀ ਨਹੀਂ। ਰਾਜਿਆਂ ਨੂੰ ਤੱਕਦਾ ਹਾਂ, ਜਿੰਨ੍ਹਾਂ ਦਾ ਰਾਜ ਸਮੁੰਦਰ ਤੱਕ ਫੈਲ ਗਿਆ ਹੈ, ਪਰ ਹੁਣ ਸਮੁੰਦਰੋਂ ਪਾਰ ਦੇ ਰਾਜ ਲਈ ਦੁਖੀ ਹਨ। ਉਨ੍ਹਾਂ ਦੀ ਖੁੜ੍ਹ ਬਣੀ ਹੀ ਰਹਿੰਦੀ ਹੈ। ਉਹ ਦੇਹ ਛੱਡ ਦਿੰਦੇ ਹਨ, ਪਰ ਇਸ ਧਰਤੀ ਉੱਤੇ ਉਨ੍ਹਾਂ ਦੀ ਕਾਮ-ਭੋਗਾਂ ਦੀ ਇੱਛਾ ਕਦੀ ਨਹੀਂ ਮਰਦੀ।"

ਲੋਭ ਦੀ ਬੁਨਿਆਦ

-"ਲਾਭ ਦੀ ਇੱਛਾ ਵਿਚੋਂ ਤ੍ਰਿਸਨਾ ਪੈਦਾ ਹੁੰਦੀ ਹੈ। ਜਦੋਂ ਲਾਭ ਦੀ ਇੱਛਾ ਮਲਕੀਅਤ ਦੀ ਇੱਛਾ ਵਿਚ

ਬਦਲ ਜਾਂਦੀ ਹੈ, ਜਦੋਂ ਮਲਕੀਅਤ ਦੀ ਇੱਛਾ ਆਪਣੀ ਮਲਕੀਅਤ ਨਾਲ ਬੁਰੀ ਤਰ੍ਹਾਂ ਚਿੰਬੜੇ ਰਹਿਣ ਦੀ ਇੱਛਾ ਬਣ ਜਾਂਦੀ ਹੈ ਤਾਂ ਇਹ ਲੋਭ ਕਹਿਲਾਉਂਦੀ ਹੈ।"

-"ਇਸ ਤ੍ਰਿਸ਼ਨਾ ਜਾਂ ਲੋਭ ਨੂੰ ਕਾਬੂ ਵਿਚ ਰੱਖਣ ਦੀ ਕਿਉਂ ਲੋੜ ਹੈ?" ਕਿਉਂਕਿ ਇਸ ਤੋਂ ਬਹੁਤ ਸਾਰੀਆਂ ਬੁਰਾਈਆਂ ਪੈਦਾ ਹੁੰਦੀਆਂ ਹਨ। ਜਦੋਂ ਮੁੱਕੇ-ਮੁੱਕੀ ਵੀ ਹੋ ਜਾਂਦੀ ਹੈ, ਲੋਕਾਂ ਨੂੰ ਸੱਟਾਂ ਵੀ ਲੱਗਦੀਆਂਹਨ, ਝਗੜੇ ਵੀ ਹੁੰਦੇ ਹਨ। ਆਪਸੀ ਵਿਰੋਧ ਵੀ ਹੁੰਦੇ ਹਨ, ਇਕ ਦੂਜੇ ਦੀ ਨਿਖੇਧੀ ਤੇ ਝੂਠ ਬੋਲਣਾ ਵੀ ਹੁੰਦਾ ਹੈ।

ਹਰ ਵਸਤੂ ਨਾਸਵਾਨ ਹੈ

-"ਸਾਰੀਆਂ ਚੀਜਾਂ ਸੰਬੰਧਾਂ ਤੇ ਕਾਰਨਾਂ ਤੋਂ ਪੈਦਾ ਹੁੰਦੀਆਂ ਹਨ। ਕਿਸੇ ਦੀ ਕੋਈ ਆਪਣੀ ਆਜ਼ਾਦ ਹੋਂਦ ਨਹੀਂ। ਸਭ ਸੰਬੰਧਾਂ ਤੇ ਕਾਰਨਾਂ ਦਾ ਨਾਸ਼ ਹੋ ਜਾਂਦਾ ਹੈ,ਵਸਤੂ ਦੀ ਹੋਂਦ ਨਹੀਂ ਰਹਿੰਦੀ।"

-"ਇਹ ਇਸ ਕਰਕੇ ਸੰਭਵ ਹੈ, ਕਿਉਂਕਿ ਹਰ ਸ਼ੈਅ 'ਅਰਜ਼ੀ (ਮਿਟਣ ਵਾਲੀ) ਹੈ।

ਕੋਈ ਰੱਬ ਨਹੀਂ ਹੈ

-"ਦੁਨੀਆਂ ਦੀ ਨੈਤਿਕ-ਲੜੀ ਬਣਾਈ ਰੱਖਣ ਵਾਲਾ ਕੋਈ 'ਰੱਬ' ਨਹੀਂ ਹੈ। ਉਹ ਕਰਮ-ਨੇਮ ਹੀ ਹੈ ਜੋ ਦੁਨੀਆਂ ਦੀ ਨੈਤਿਕ -ਲੜੀ ਨੂੰ ਬਣਾਏ ਹੋਏ ਹੈ।"

-ਭਗਵਾਨ ਬੁੱਧ ਦਾ ਕਹਿਣਾ ਸੀ ਕਿ "ਐਨਾ ਹੀ ਨਹੀਂ ਕਿ ਹਰੇਕ ਘਟਨਾ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਬਲਕਿ ਉਹ ਕਾਰਨ ਜਾਂ ਤਾਂ ਕੋਈ ਨਾ ਕੋਈ ਮਾਨਵੀ ਕਾਰਨ ਹੁੰਦਾ ਹੈ ਜਾਂ ਕੁਦਰਤੀ।"

-ਗੈਰ ਕੁਦਰਤੀ-ਵਾਦ ਦਾ ਖੰਡਨ ਕਰਨ ਵਿਚ ਭਗਵਾਨ ਬੁੱਧ ਦੇ ਤਿੰਨ ਉਦੇਸ਼ ਸਨ-

1. ਉਨ੍ਹਾਂ ਦਾ ਪਹਿਲਾ ਉਦੇਸ਼ ਸੀ ਕਿ ਆਦਮੀ ਅਕਲਮੰਦ ਬਣੇ।
2. ਉਨ੍ਹਾਂ ਦਾ ਦੂਜਾ ਉਦੇਸ਼ ਸੀ ਕਿ ਆਦਮੀ ਆਜ਼ਦੀ ਨਾਲ ਸੱਚ ਦੀ ਭਾਲ ਕਰ ਸਕੇ।
3. ਉਨ੍ਹਾਂ ਦਾ ਤੀਜਾ ਉਦੇਸ਼ ਸੀ ਕਿ ਝੂਠੇ ਵਿਸ਼ਵਾਸਾਂ ਦੇ ਮੁੱਖ ਕਾਰਨ ਦੀ ਜੜ੍ਹ ਵੱਢ ਦਿੱਤੀ ਜਾਵੇ, ਕਿਉਂਕਿ ਇਸ ਦੇ ਨਤੀਜੇ ਵਜੋਂ ਆਦਮੀ ਦੀ ਭਾਲ (ਖੋਜ) ਕਰਨ ਦੀ ਲਗਨ ਦੀ ਹੱਤਿਆ ਹੋ ਜਾਂਦੀ ਹੈ।

ਇਹੀ ਬੁੱਧ ਧਰਮ ਦਾ 'ਕਰਨਵਾਦ' ਹੈ

-ਇਹੀ 'ਕਾਰਨ-ਵਾਦ' ਬੁੱਧ ਧਰਮ ਦਾ ਮੁੱਖ ਸਿਧਾਂਤ ਹੈ। ਇਹੀ ਬੁੱਧੀਵਾਦ ਦੀ ਸਿੱਖਿਆ ਹੈ। ਅਤੇ ਬੁੱਧ ਧਰਮ ਜੇ ਬੁੱਧੀ ਵਾਦੀ ਵੀ ਨਹੀਂ ਹੈ ਤੇ ਫੇਰ ਇਹ ਕੁੱਝ ਵੀ ਨਹੀਂ ਹੈ।

-ਇਸ ਕਾਰਨ ਕਰਕੇ ਗੈਰ ਕੁਦਰਤੀ ਦੀ ਪੂਜਾ ਅਧਰਮ ਹੈ। ਬੁੱਧ ਨੇ ਕਿਹਾ-"ਕਿਸੇ ਨੇ ਕਦੇ ਰਬ ਨੂੰ ਨਹੀਂ ਦੇਖਿਆ। ਲੋਕ ਸਿਰਫ ਉਸ ਦੀ ਚਰਚਾ ਕਰਦੇ ਹਨ।"

-ਰੱਬ ਅਗਿਆਤ (ਸਮਝ ਤੋਂ ਪਰੇ) ਹੈ। ਦਿਖਾਈ ਨਾ ਦੇਣ ਵਾਲਾ ਹੈ।

-"ਕੋਈ ਇਹ ਸਾਬਤ ਨਹੀਂ ਕਰ ਸਕਦਾ ਕਿ ਸੰਸਾਰ ਨੂੰ ਰੱਬ ਨੇ ਬਣਾਇਆ ਹੈ।"

-"ਸੰਸਾਰ ਦਾ ਵਿਕਾਸ ਹੋਇਆ ਹੈ।"

-"ਬਣਤਰ ਨਹੀਂ ਬਣੀ।" (ਭਾਵ ਕਿਸੇ ਨੇ ਬਣਾਇਆ ਨਹੀਂ)

ਇਸ ਲਈ ਰੱਬ ਵਿਚ ਯਕੀਨ ਕਰਨ ਨਾਲ ਕਿਹੜਾ ਫਾਇਦਾ ਹੋ ਸਕਦਾ ਹੈ? ਇਸ ਤੋਂ ਕੋਈ ਫਾਇਦਾ ਨਹੀਂ।

ਬੁੱਧ ਨੇ ਕਿਹਾ 'ਰੱਬ' ਤੇ ਅਧਾਰਤ ਧਰਮ ਕਲਪਨਾ ਤੇ ਅਧਾਰਤ ਹੈ।

ਇਸ ਲਈ ਰੱਬ ਤੇ ਅਧਾਰਤ ਧਰਮ ਨੂੰ ਰੱਖਣ ਦਾ ਕੋਈ ਲਾਭ ਨਹੀਂ। ਇਸ ਤੋਂ ਸਿਰਫ ਝੂਠਾ ਯਕੀਨ ਪੈਦਾ ਹੁੰਦਾ ਹੈ। ਉਨ੍ਹਾਂ ਦੀ ਦਲੀਲ ਸੀ ਕਿ ਰੱਬ ਦੀ ਹੋਂਦ ਦਾ ਸਿਧਾਂਤ ਸੱਚ 'ਤੇ ਅਧਾਰਿਤ ਨਹੀਂ ਹੈ।

ਵਾਸੇਂਠ ਅਤੇ ਭਾਰਦਵਾਜ ਦੋਵੇਂ ਮਨਸਾਕਤ ਨਾਂ ਦੀ ਬਸਤੀ ਵਿਚ ਹੀ ਰਹਿੰਦੇ ਸਨ। ਜਦ ਉਨ੍ਹਾਂ ਨੇ ਸੁਣਿਆ ਕਿ ਤਥਾਗਤ (ਬੁੱਧ) ਉਨ੍ਹਾਂ ਦੀ ਬਸਤੀ ਵਿਚ ਪਧਾਰੇ ਹਨ ਤਾਂ ਉਹ ਉਨ੍ਹਾਂ ਦੇ ਕੋਲ ਗਏ ਅਤੇ ਦੋਹਾਂ ਨੇ ਭਗਵਾਨ ਬੁੱਧ ਨੂੰ ਆਪਣਾ-ਆਪਣਾ ਨਜ਼ਰੀਆ ਦੱਸਿਆ।

-ਭਾਰਦਾਵਾਜ ਬੋਲਿਆ-ਤਰੁੱਖਦਾ ਦੱਸਿਆ ਰੱਹ ਸਿੱਧਾ ਹੈ, ਇਹ ਮੁਕਤੀ ਦਾ ਸਿੱਧਾ ਰਸਤਾ ਹੈ ਅਤੇ ਜਿਹੜਾ ਇਸ ਮੁਤਾਬਿਕ ਚਲਦਾ ਹੈ, ਉਸ ਨੂੰ ਉਹ ਸਿੱਧਾ ਲੈ ਜਾ ਕੇ ਬ੍ਰਹਮ ਨੂੰ ਮਿਲਾ ਦਿੰਦਾ ਹੈ।

-ਵਾਸੇਂਠ ਬੋਲਿਆ-ਹੇ ਗੋਤਮ! ਬਹੁਤ ਸਾਰੇ ਬ੍ਰਾਹਮਣ ਬਹੁਤ ਸਾਰੇ ਰਾਹ ਸੁਝਾਉਂਦੇ ਹਨ। ਅਧਿਵਰੀ ਬ੍ਰਾਹਮਣ, ਤੇਤੱਰੀ ਬ੍ਰਾਹਮਣ,ਛੰਛੋਕ ਬ੍ਰਾਹਮਣ ਤੇ ਭੀਰੂਵਰਮੀ ਬ੍ਰਾਹਮਣ। ਉਸ ਸਭ ਜੋ ਕੋਈ ਉਨ੍ਹਾਂ ਦੇ ਦੱਸੇ ਰਾਹ 'ਤੇ ਚਲਦਾ

ਹੈ, ਉਸਨੂੰ 'ਬ੍ਰਹਮ' ਨਾਲ ਮਿਲਾ ਦਿੰਦੇ ਹਨ।

"ਜਿਸ ਤਰ੍ਹਾਂ ਕਿਸੇ ਪਿੰਡ ਜਾਂ ਸ਼ਹਿਰ ਦੇ ਨੇੜੇ ਕਈ ਰਸਤੇ ਹੁੰਦੇ ਹਨ, ਪਰ ਉਹ ਸਭ ਆ ਕੇ ਉਸੇ ਪਿੰਡ ਪੁਚਾਂਦੇ ਹਨ, ਉਸੇ ਤਰ੍ਹਾਂ ਬ੍ਰਾਹਮਣਾਂ ਵੱਲੋਂ ਦੱਸੇ ਗਏ ਸਾਰੇ ਰਾਹ 'ਬ੍ਰਹਮ' ਨੂੰ ਜਾ ਮਿਲਾਉਂਦੇ ਹਨ।"

–ਤਥਾਗਤ ਨੇ ਪੁਛਿਆ–" ਤਾਂ ਵਾਸੇਂਠ! ਤੇਰਾ ਕਹਿਣਾ ਹੈ ਕਿ ਉਹ ਸਾਰੇ ਰਾਹ ਸਹੀ ਹਨ?" ਵਾਸੇਂਠ ਨੇ ਕਿਹਾ "ਹਾਂ ਗੌਤਮ! ਮੇਰਾ ਇਹੀ ਕਹਿਣਾ ਹੈ।"

"ਪਰ ਵਾਸੇਂਠ! ਕੀ ਤਿੰਨਾ ਵੇਦਾਂ ਦੇ ਜਾਣਕਾਰ ਇਨ੍ਹਾਂ ਬ੍ਰਾਹਮਣਾਂ ਵਿਚੋਂ ਕੋਈ ਇਕ ਵੀ ਅਜਿਹਾ ਹੈ, ਜਿਸ ਨੇ ਬ੍ਰਹਮ ਨੂੰ ਆਪਣੀ ਅੱਖੀਂ ਡਿੱਠਾ ਹੋਵੇ?"

"ਗੌਤਮ! ਨਹੀਂ।"

"ਕੀ ਤਿੰਨਾ ਵੇਦਾਂ ਦੇ ਗਿਆਤਾ ਬ੍ਰਾਹਮਣਾ ਦੇ ਗੁਰੂਆਂ ਵਿਚੋਂ ਕੋਈ ਇਕ ਵੀ ਅਜਿਹਾ ਹੈ, ਜਿਹਨੇ 'ਬ੍ਰਹਮਾ' ਦਾ ਆਮ੍ਹੋ ਸਾਹਮਣੇ ਦਰਸ਼ਨ ਕੀਤਾ ਹੋਵੇ?"

ਗੌਤਮ! ਬਿਲਕੁਲ ਨਹੀਂ।"

"ਤਾਂ ਕਿਸੇ ਨੇ 'ਬ੍ਰਹਮ' ਨੂੰ ਨਹੀਂ ਦੇਖਿਆ? ਕੋਈ ਬ੍ਰਹਮ ਦੇ ਸਾਹਮਣੇ ਨਹੀਂ ਗਿਆ?" ਵਾਸੇਂਠ ਬੋਲਿਆ–"ਹਾਂ ਅਜਿਹਾ ਹੀ ਹੈ।" ਤਾਂ ਤੁਸੀਂ ਕਿਵੇਂ ਮੰਨਦੇ ਜੋ ਕਿ ਬ੍ਰਾਹਮਣਾਂ ਦਾ ਕਹਿਣਾ ਸੱਚ ਤੇ ਅਧਾਰਿਤ ਹੈ?"

"ਵਾਸੇਂਠ! ਜਿਵੇਂ ਕੋਈ ਅੰਨ੍ਹਿਆ ਦੀ ਕਤਾਰ ਹੋਵੇ। ਨਾਂ ਅੱਗੇ ਤੁਰਨ ਵਾਲਾ ਅੰਨਾ ਦੇਖ ਸਕਦਾ ਹੋਵੇ, ਨਾ ਵਿਚਕਾਰ ਵਾਲਾ ਤੇ ਨਾ ਪਿੱਛੇ ਚਲਣ ਵਾਲਾ। ਇਸ ਤਰ੍ਹਾਂ ਵਾਸੇਂਠ! ਮੈਨੂੰ ਜਾਪਦਾ ਹੈ ਕਿ ਬ੍ਰਾਹਮਣਾਂ ਦਾ ਕਹਿਣਾ ਸਿਰਫ ਅੰਨਾ ਕਹਿਣਾ ਹੈ। ਨਾ ਅੱਗ ਚੱਲਣ ਵਾਲਾ ਦੇਖਦਾ ਹੈ, ਨਾ ਵਿਚਕਾਰਲਾ ਅਤੇ ਨਾ ਪਿੱਛੇ-ਪਿੱਛੇ ਚਲਣ ਵਾਲਾ। ਇਨ੍ਹਾਂ ਬ੍ਰਾਹਮਣਾਂ ਦੀ ਗੱਲ ਸਿਰਫ ਹਾਸੇ ਯੋਗ ਹੈ, ਸ਼ਬਦ ਮਾਤਰ ਵੀ ਜਿਸ ਵਿਚ ਕੁੱਝ ਸਾਰ ਨਹੀਂ।"

–ਅਖੌਤੀ ਰਚਣਹਾਰ ਦੀ ਚਰਚਾ ਕਰਦਿਆਂ, ਤਥਾਗਤ ਨੇ ਭਾਰਦਵਾਜ ਅਤੇ ਵਾਸੇਂਠ ਨੂੰ ਕਿਹਾ–" ਮਿੱਤਰੋ! ਜਿਸ ਜੀਵ ਨੇ ਪਹਿਲਾ ਜਨਮ ਲਿਆ ਸੀ, ਉਹ ਆਪਣੇ ਬਾਰੇ ਸੋਚਣ ਲੱਗਾ ਮੈਂ ਬ੍ਰਹਮਾਂ ਹਾਂ, ਮਹਾਂ ਬ੍ਰਹਮਾਂ ਹਾਂ, ਜੇਤੂ ਹਾਂ, ਅਵਿਜਿਤ ਹਾਂ, ਸਭ ਕੁੱਝ ਜਾਨਣ ਵਾਲਾ ਹਾਂ, ਮਾਲਿਕ ਹਾਂ, ਬਣਾਉਣ ਵਾਲਾ ਹਾਂ, ਮੁੱਖ ਹਾਂ, ਪ੍ਰਬੰਧਕ ਹਾਂ, ਆਪ ਹੀ ਆਪਣਾ ਮਾਲਿਕ ਹਾਂ, ਅਤੇ ਜੋ ਹੈ ਅਤੇ ਜੋ ਅੱਗੇ ਪੈਦਾ ਹੋਣ ਵਾਲੇ ਹਨ, ਉਨ੍ਹਾਂ ਸਾਰਿਆਂ ਦਾ ਬਾਪ ਹਾਂ। ਮੈਥੋਂ ਹੀ ਇਹ ਸਭ ਜੀਵ ਪੈਦਾ ਹੁੰਦੇ ਹਨ।

"ਤੁਹਾਡਾ ਕਹਿਣਾ ਹੈ ਕਿ ਇਹ ਜੋ ਪੂਜਨੀਕ, ਜੇਤੂ ਅਵਿਜਿਤ ਹਨ ਅਤੇ ਜੋ ਹੋਣਗੇ, ਉਨ੍ਹਾਂ ਸਭ ਦਾ ਬਾਪ, ਜਿਸ ਤੋਂ ਸਾਡੀ ਸਭ ਦੀ ਪੈਦਾਇਸ਼ ਹੋਈ ਹੈ–ਅਜਿਹਾ ਜਿਹੜਾ ਇਹ ਬ੍ਰਹਮ ਹੈ, ਇਹ ਸਥਿਰ ਹੈ, ਲਗਾਤਾਰ ਰਹਿਣ ਵਾਲਾ ਹੈ, ਸਦੀਵੀ ਹੈ। ਨਾ ਬਦਲਣ ਵਾਲਾ ਹੈ ਅਤੇ ਉਹ ਆਖਿਰ ਤੱਕ ਅਜਿਹਾ ਹੀ ਰਹੇਗਾ, ਤਾਂ ਅਸੀਂ ਜਿਨ੍ਹਾਂ ਨੂੰ ਬ੍ਰਹਮਾ ਨੇ ਪੈਦਾ ਕੀਤਾ ਹੈ, ਜੋ ਬ੍ਰਹਮ ਦੇ ਕੋਲੋਂ ਇਥੇ ਆਏ ਹਨ, ਸਾਰੇ ਅਸਥਿਰ ਕਿਉਂ ਹਨ? ਬਦਲਦੇ ਰਹਿਣ ਵਾਲੇ ਕਿਉਂ ਹਨ? ਘੱਟ ਉਮਰ ਵਾਲੇ ਕਿਉਂ ਹਨ ? ਮਰਨ ਵਾਲੇ ਕਿਉਂ ਹਨ?"

ਤਥਾਗਤ ਦੀ ਤੀਜੀ ਦਲੀਲ ਰੱਬ ਦੀ ਸਰਵ–ਸ਼ਕਤੀ ਨਾਲ ਸੰਬੰਧਤ ਸੀ– "ਜੇ ਰੱਬ ਸਭ ਕੁੱਝ ਕਰਨ ਦੀ ਤਾਕਤ ਰੱਖਣ ਵਾਲਾ ਹੈ ਅਤੇ ਦੁਨੀਆਂ ਦਾ ਯੋਗ ਕਾਰਨ ਹੈ, ਤਾਂ ਫੇਰ ਆਦਮੀ ਦੇ ਦਿਲ ਵਿਚ ਕੁੱਝ ਕਰਨ ਦੀ ਇੱਛਾ ਪੈਦਾ ਨਹੀਂ ਹੋ ਸਕਦੀ। ਉਸ ਨੂੰ ਕੁੱਝ ਕਰਨ ਦੀ ਵੀ ਜਰੂਰਤ ਨਹੀਂ ਰਹਿ ਸਕਦੀ, ਨਾਂ ਉਸਦੇ ਮਨ ਵਿਚ ਕੁੱਝ ਕਰਨ ਦਾ ਕਿਸੇ ਤਰ੍ਹਾਂ ਦਾ ਕੋਈ ਵੀ ਯਤਨ ਕਰਨ ਦਾ ਕੋਈ ਖਿਆਲ ਹੀ ਪੈਦਾ ਹੋ ਸਕਦਾ ਹੈ। ਜੇ ਇਹ ਅਜਿਹਾ ਹੀ ਹੈ ਤਾਂ ਬ੍ਰਹਮਾਂ ਨੇ ਆਦਮੀ ਨੂੰ ਪੈਦਾ ਹੀ ਕਿਉਂ ਕੀਤਾ ਹੈ?

ਤਥਾਗਤ ਦੀ ਚੌਥੀ ਦਲੀਲ ਸੀ– "ਜੇ ਰੱਬ ਸ਼ਿਵ (ਭੋਲਾ) ਹੈ, ਕਲਿਆਣਮਈ ਹੈ ਤਾਂ ਆਦਮੀ ਹਤਿਆਰੇ, ਚੋਰ, ਵਿਭਚਾਰੀ (ਬਦਚਲਨ) ਝੂਠੇ, ਚੁਗਲਖੋਰ, ਬਕਵਾਦੀ, ਲੋਭੀ ਈਰਖਾਲੂ ਅਤੇ ਕੁਰਾਹੀ ਕਿਉਂ ਹੋ ਜਾਂਦੇ ਹਨ? ਕੀ ਚੰਗੇ ਭਲੇ ਸ਼ਿਵ–ਰੂਪ ਰੱਬ ਦੇ ਹੁੰਦਿਆਂ ਇਹ ਸੰਭਵ ?"

ਤਥਾਗਤ (ਮਹਾਤਮਾ ਬੁੱਧ) ਦੀ ਪੰਜਵੀਂ ਦਲੀਲ ਰੱਬ ਤੇ ਸਭ ਕੁੱਝ ਜਾਣੀ–ਜਾਣ, ਇਨਸਾਫੀ ਅਤੇ ਦਿਆਲੂ ਹੋਣ ਨਾਲ ਸੰਬੰਧਤ ਸੀ।

"ਜੇ ਕੋਈ ਅਜਿਹਾ ਮਹਾਨ ਦੁਨੀਆਂ ਬਣਾਉਣ ਵਾਲਾ ਹੈ ਜੋ ਨਿਆਈ ਹੈ ਅਤੇ ਦਿਆਲੂ ਵੀ ਹੈ ਤਾਂ ਸੰਸਾਰ

ਵਿਚ ਐਨੀ ਬੇਇਨਸਾਫੀ ਕਿਉਂ ਹੋ ਰਹੀ ਹੈ?"

ਭਗਵਾਨ ਬੁੱਧ ਦਾ ਸਵਾਲ ਸੀ। ਉਨ੍ਹਾਂ ਕਿਹਾ-ਜਿਸ ਦੇ ਕੋਲ ਅੱਖ ਹੈ ਉਹ ਇਸਤਰਸ ਯੋਗ ਹਾਲਤ ਨੂੰ ਕਿਵੇਂ ਦੇਖ ਸਕਦਾ ਹੈ? ਬ੍ਰਹਮਾ ਆਪਣੀ ਬਣਤਰ ਕਿਵੇਂ ਦੇਖ ਸਕਦਾ ਹੈ? ਬ੍ਰਹਮਾ ਆਪਣੀ ਬਣਤਰ ਸੋਧਦਾ ਕਿਉਂ ਨਹੀਂ? ਜੇ ਉਸਦੀ ਤਾਕਤ ਐਨੀ ਅਸੀਮ ਹੈ ਕਿ ਉਸ ਨੂੰ ਰੋਕਣ ਵਾਲਾ ਕੋਈ ਨਹੀਂ ਜਾਂ ਉਸ ਦੇ ਹੱਥ ਹੀ ਕਿਉਂ ਅਜਿਹੇ ਹਨ ਕਿ ਸ਼ਾਇਦ ਹੀ ਕਦੀ ਕਿਸੇ ਦਾ ਭਲਾ ਕਰਦੇ ਹੋਣ? ਉਸ ਦੀ ਸਮੁੱਚੀ ਦੁਨੀਆਂ ਦੁੱਖ ਕਿਉਂ ਭੋਗ ਰਹੀ ਹੈ? ਉਹ ਸਾਰਿਆਂ ਨੂੰ ਸੁੱਖੀ ਕਿਉਂ ਨਹੀਂ ਰੱਖਦਾ? ਚੁਫੇਰੇ ਠੱਗੀ, ਝੂਠ ਅਤੇ ਅਗਿਆਨ ਕਿਉਂ ਫੈਲਿਆ ਹੋਇਆ ਹੈ? ਸੱਚ ਉੱਤੇ ਝੂਠ ਕਿਉਂ ਜਿੱਤ ਪ੍ਰਾਪਤ ਕਰ ਲੈਂਦਾ ਹੈ? ਸੱਚ ਅਤੇ ਇਨਸਾਫ ਕਿਉਂ ਹਾਰ ਜਾਂਦੇ ਹਨ? ਮੈਂ ਤੁਹਾਡੇ ਬ੍ਰਹਮਾਂ ਨੂੰ ਇਨਸਾਫ ਨਾ ਕਰਨ ਵਾਲਾ ਮੰਨਦਾ ਹਾਂ। ਜਿਸ ਨੇ ਬੇ ਇਨਸਾਫੀ ਨੂੰ ਸਹਾਰਾ ਦੇਣ ਲਈ ਹੀ ਇਸ ਸੰਸਾਰ ਦੀ ਰਚਨਾ ਕੀਤੀ ਹੈ।"

"ਜੇ ਅਜਿਹੇ ਸਭ ਜੀਵਾਂ ਵਿਚ ਕੋਈ ਅਜਿਹਾ ਸਰਵ-ਸ਼ਕਤੀ ਮਾਨ ਰੱਬ ਵਿਆਪਕ ਹੈ ਜੋ ਉਨ੍ਹਾਂ ਨੂੰ ਸੁੱਖੀ ਜਾਂ ਦੁਖੀ ਬਣਾਉਂਦਾ ਹੈ ਅਤੇ ਜੋ ਉਨ੍ਹਾਂ ਤੋਂ ਪਾਪ ਪੁੰਨ ਕਰਵਾਉਂਦਾ ਹੈ ਤਾਂ ਅਜਿਹਾ ਰੱਬ ਵੀ ਪਾਪ ਤੋਂ ਬਣਦਾ ਹੈ। ਜਾਂ ਤਾਂ ਆਦਮੀ ਰੱਬ ਦੇ ਹੁਕਮ ਵਿਚ ਨਹੀਂ ਜਾਂ ਰੱਬ ਨਿਆਈਂ ਅਤੇ ਨੇਕ ਨਹੀਂ ਹੈ ਜਾਂ ਰੱਬ ਅੰਨਾ ਹੈ।" ਰੱਬ ਦੀ ਹੋਂਦ ਦੇ ਸਿਧਾਂਤ ਦੇ ਖਿਲਾਫ ਉਨ੍ਹਾਂ ਦੀ ਅਗਲੀ ਦਲੀਲ ਇਹ ਸੀ ਕਿ ਰੱਬ ਦੇ ਚਰਚੇ ਨਾਲ ਕੋਈ ਮਕਸਦ ਸਿੱਧ ਨਹੀਂ ਹੁੰਦਾ।

ਧਰਮ ਦਾ ਸਹੀ ਅਰਥ

ਧਰਮ ਦਾ ਇਹੀ ਮਕਸਦ ਹੈ ਕਿ ਉਹ ਆਦਮੀ ਨੂੰ ਸਿਖਿਆ ਦੇਵੇ ਕਿ ਉਹ ਦੂਜਿਆਂ ਆਦਮੀਆਂ ਨਾਲ ਕਿਵੇਂ ਵਰਤਾਉ ਕਰੇ ਤਾਂ ਜੁ ਸਭ ਆਦਮੀ ਖੁਸ਼ ਰਹਿ ਸਕਣ।

ਤਥਾਗਤ ਦੀ ਨਜ਼ਰ ਵਿਚ ਰੱਬ ਉੱਤੇ ਯਕੀਨ ਬਹੁਤ ਹੀ ਖਤਰਨਾਕ ਗੱਲ ਸੀ, ਕਿਉਂਕਿ ਰੱਬ ਉੱਤੇ ਯਕੀਨ ਹੀ ਪ੍ਰਾਰਥਨਾ ਅਤੇ ਪੂਜਾ ਦੀ ਸਮਰੱਥਾ ਵਿਚ ਯਕੀਨ ਦਾ ਜਨਮ ਦਾਤਾ ਹੈ ਅਤੇ ਪ੍ਰਾਰਥਨਾ ਕਰਾਉਣ ਦੀ ਜਰੂਰਤ ਨੇ ਹੀ ਪਾਦਰੀ ਪੁਰੋਹਿਤਾਂ ਨੂੰ ਜਨਮ ਦਿੱਤਾ ਅਤੇ ਪੁਰੋਹਿਤ ਹੀ ਉਹ ਸ਼ਰਾਰਤੀ ਦਿਮਾਗ ਸੀ ਜਿਸ ਨੇ ਐਨੇ ਅੰਧ ਵਿਸ਼ਵਾਸ ਨੂੰ ਜਨਮ ਦਿੱਤਾ ਤੇ ਸੱਮਯਕ-ਦ੍ਰਿਸ਼ਟੀ ਦੇ ਰਸਤੇ ਨੂੰ ਰੋਕ ਦਿੱਤਾ।

ਭਗਵਾਨ ਬੁੱਧ ਦਾ ਸਿੱਧਾ ਸਵਾਲ ਸੀ-"ਕੀ ਕਿਸੇ ਨੂੰ ਵੀ ਬ੍ਰਹਮ ਦਾ ਪ੍ਰਤੱਖ ਹੋਇਆ ਹੈ? ਕੀ ਤੁਸੀਂ ਬ੍ਰਹਮ ਨੂੰ ਦੇਖਿਆ ਹੈ? ਕੀ ਤੁਸੀਂ ਬ੍ਰਹਮ ਨਾਲ ਗੱਲਬਾਤ ਕੀਤੀ ਹੈ? ਕੀ ਤੁਸੀਂ ਬ੍ਰਹਮ ਨੂੰ ਸੁੰਘਿਆ ਹੈ? "ਕੀ ਤਿੰਨਾ ਵੇਦਾ ਦੇ ਜਾਣਕਾਰ ਬ੍ਰਾਹਮਣਾਂ ਵਿਚੋਂ ਕੋਈ ਇਕ ਵੀ ਅਜਿਹਾ ਹੈ ਜਿਸਨੇ 'ਬ੍ਰਹਮ' ਨੂੰ ਪ੍ਰਤੱਖ ਤੌਰ 'ਤੇ ਦੇਖਿਆ ਹੋਵੇ?"

-ਇਸ ਲਈ ਬ੍ਰਹਮ ਅਸਲੀਅਤ ਨਹੀਂ ਹੈ ਅਤੇ ਜੇ ਕੋਈ ਧਰਮ ਬ੍ਰਹਮ ਆਧਾਰਿਤ ਹੈ ਤਾਂ ਉਹ ਫਜ਼ੂਲ ਹੈ।

ਆਤਮਾ ਕੋਈ ਚੀਜ ਨਹੀਂ ਇਕ ਫਜ਼ੂਲ ਨਾਂ ਹੈ

-ਭਗਵਾਨ ਬੁੱਧ ਨੇ ਕਿਹਾ ਜਿਸ ਧਰਮ ਦਾ ਸਾਰਾ ਦਾਰੋਮਦਾਰ ਆਤਮਾ ਉਤੇ ਹੈ ਉਹ ਧਰਮ ਕਲਪਨਾ ਆਧਾਰਿਤ ਹੈ।

"ਆਤਮਾ ਵਿਚ ਯਕੀਨ ਕਰਨਾ ਫਜ਼ੂਲ ਹੈ।"

ਇਸ ਲਈ ਜਿਹੜਾ ਧਰਮ ਆਤਮਾ ਉੱਤੇ ਆਧਾਰਿਤ ਹੈ ਉਹ ਅਪਨਾਉਣ ਯੋਗ ਨਹੀਂ। ਅਜਿਹਾ ਧਰਮ ਸਿਰਫ ਝੂਠੇ ਯਕੀਨਾਂ ਦਾ ਜਨਮਦਾਤਾ ਹੈ।

-ਆਤਮਾ ਵਿਚ ਯਕੀਨ ਵੀ ਅਜਿਹੀ ਹੀ ਘਟੀਆ ਗੱਲ ਹੈ ਜਿਹੇ ਜਿਹੀ ਪ੍ਰਮਾਤਮਾ ਵਿਚ ਯਕੀਨ ਰੱਖਣਾ।

'ਆਤਮਾ' ਵਿਚ ਯਕੀਨ ਰੱਖਣਾ ਵੀ ਬ੍ਰਾਹਮਣੀ ਧਰਮ ਦਾ ਇਕ ਅੰਗ ਸੀ।

-ਭਗਵਾਨ ਬੁੱਧ ਅਨੁਸਾਰ ਹਰ ਜੀਵ ਕੁੱਝ ਸਰੀਰਕ ਤੱਤਾਂ ਅਤੇ ਕੁੱਝ ਮਾਨਸਿਕ ਤੱਤਾਂ ਦੇ ਮੇਲ ਮਿਲਾਪ ਦਾ ਨਤੀਜਾ ਹੈ। ਉਹ ਸਰੀਰਕ ਤੇ ਮਾਨਸਿਕ ਤੱਤ ਸਕੰਧ (ਮੇਲ) ਕਹਿਲਾਉਂਦੇ ਹਨ। ਰੂਪ ਸਕੰਧ ਮੁੱਖ ਰੂਪ ਨਾਲ ਧਰਤੀ, ਪਾਣੀ,ਹਵਾ ਅਤੇ ਅੱਗ ਇਹ ਭੌਤਿਕ ਤੱਤਾਂ ਦਾ ਨਤੀਜਾ ਹੈ। ਉਹ ਰੂਪ ਜਾਂ ਸਰੀਰ ਹਨ।

-ਰੂਪ-ਸਕੰਧ ਤੋਂ ਸਿਵਾ (ਚਿਤ ਤੇ ਚਿਤ ਦੀਆਂ ਖਸਲਤਾਂ ਦਾ ਇਕੱਠ) ਨਾਮ-ਸਕੰਧ ਹਨ, ਜਿਸ ਨਾਲ ਜੀਵ ਦੀ ਰਚਨਾ ਹੁੰਦੀ ਹੈ। ਜਿਸ ਦਾ ਕੋਈ ਕੰਮ ਹੀ ਨਹੀਂ, ਅਜਿਹੀ ਆਤਮਾ ਇਕ ਬੇਹੂਦਗੀ ਹੈ।

ਬ੍ਰਾਹਮਣੀ ਯੱਗਾ ਵਿਚ ਸ਼ਰਾਬ ਪੀਣਾ,ਪਸ਼ੂਆਂ ਦੀਆਂ ਬਲੀਆਂ ਅਤੇ ਹਰੇਕ ਤਰ੍ਹਾਂ ਦਾ ਮਨ ਬਹਿਲਾਵਾ ਰਹਿੰਦਾ ਸੀ।

ਉਦੋਂ ਵੀ ਯੱਗ ਧਾਰਮਿਕ ਕੰਮ ਸਮਝੇ ਜਾਂਦੇ ਸਨ।

-ਕੂਟਦੰਤ ਬ੍ਰਾਹਮਣ ਨੇ ਭਗਵਾਨ ਬੁੱਧ ਨੂੰ ਪੁੱਛਿਆ ਸੀ ਕਿ ਯੱਗ ਬਾਰੇ ਉਨ੍ਹਾਂ ਦਾ ਕੀ ਨੱਜਰੀਆ ਸੀ?

ਤਥਾਗਤ ਨੇ ਕਿਹਾ ਚੰਗਾ ਤਾਂ, ਹੇ ਬ੍ਰਾਹਮਣ ਸੁਣ, ਹੇ ਬ੍ਰਾਹਮਣ! ਬਹੁਤ ਚਿਰ ਪਹਿਲਾਂ ਮਹਾਂ ਵਿਜੇਤਾ ਨਾਂ ਦਾ ਇਕ ਰਾਜਾ ਸੀ। ਬਹੁਤ ਪ੍ਰਤਾਪੀ,ਬਹੁਤ ਧਨ ਵਾਲਾ ਤੇ ਬਹੁਤ ਜਾਇਦਾਦ ਵਾਲਾ। ਉਸਦੇ ਕੋਲ ਸੋਨੇ ਚਾਂਦੀ ਦੇ ਭੰਡਾਰ ਸਨ,ਸੁੱਖ ਭੋਗ ਦੇ ਸਭ ਸਮਾਨ ਸਨ। ਧਨ ਦੌਲਤ ਦੀ ਕੋਈ ਥੁੜ ਨਹੀਂ ਸੀ। ਉਸਦੇ ਖਜਾਨੇ ਧਨ ਨਾਲ ਅਤੇ ਕੋਠੇ ਅਨਾਜ ਨਾਲ ਭਰੇ ਹੋਏ ਸਨ।

"ਇਕ ਵਾਰੀ ਰਾਜਾ ਮਹਾਂ ਵਿਜੇਤਾ ਇਕੱਲਾ ਸੋਚਾਂ ਵਿਚ ਬੈਠਾ ਹੋਇਆ ਸੀ। ਉਸ ਦੇ ਮਨ ਵਿਚ ਬਹੁਤ ਜੋਰ ਜੋਰ ਨਾਲ ਵਿਚਾਰ ਪੈਦਾ ਹੋਇਆ, ਆਦਮੀ ਦੇ ਸੁੱਖ ਭੋਗ ਦੇ ਸਮਾਨ ਦੀ ਮੇਰੇ ਕੋਲ ਕੋਈ ਥੁੜ ਨਹੀਂ ਸੀ। ਮੈਂ ਧਰਤੀ ਦਾ ਚੱਕਰਵਤੀ ਰਾਜਾ ਹਾਂ। ਕਿੰਨਾ ਚੰਗਾ ਹੋਵੇ ਜੇ ਮੈਂ ਇਕ ਬਹੁਤ ਵੱਡਾ ਯੱਗ ਕਰਾਂ,ਜੋ ਬਹੁਤ ਚਿਰ ਤੱਕ ਮੇਰੇ ਕਲਿਆਣ ਲਈ ਹੋਵੇ।

"ਤਦ ਉਸ ਬ੍ਰਾਹਮਣ ਨੇ, ਜੋ ਰਾਜੇ ਦਾ ਪ੍ਰੋਹਿਤ ਸੀ, ਰਾਜੇ ਨੂੰ ਕਿਹਾ 'ਰਾਜਨ! ਇਸ ਵੇਲੇ ਆਪ ਦੀ ਪਰਜਾ ਪਰੇਸ਼ਾਨ ਕੀਤੀ ਜਾ ਰਹੀ ਹੈ ਤੇ ਲੁੱਟੀ ਜਾ ਰਹੀ ਹੈ। ਬਹੁਤ ਸਾਰੇ ਡਾਕੂ ਹਨ ਜਿਹੜੇ ਪਿੰਡਾਂ ਤੇ ਸ਼ਹਿਰਾਂ ਵਿਚ ਲੁੱਟ ਮਾਰ ਕਰਦੇ ਹਨ ਅਤੇ ਜਿਨ੍ਹਾਂ ਨੇ ਰਸਤੇ ਰੋਕ ਲਏ ਹਨ। ਜਦੋਂ ਤਕ ਅਜਿਹੀ ਹਾਲਤ ਹੈ, ਉਦੋਂ ਤੱਕ ਜੇ ਮਹਾਰਾਜ ਨੇ ਪਰਜਾ ਉੱਤੇ ਇਕ ਨਵਾਂ ਟੈਕਸ ਲਗਾ ਦਿਤਾ ਤਾਂ ਮਹਾਰਾਜ ਜਰੂਰ ਗਲਤੀ ਕਰਨਗੇ।

"ਲੇਕਿਨ ਹੋ ਸਕਦਾ ਹੈ ਕਿ ਮਹਾਰਾਜ ਇਹ ਸੋਚਣ ਕਿ ਮੈਂ ਛੋਟੀ ਤੋਂ ਛੋਟੀ ਉਨ੍ਹਾਂ ਦੁਸ਼ਟਾਂ ਦੀਆਂ ਸਭ ਕਾਰਵਾਈਆਂ ਰੋਕ ਦਿਆਂਗਾ,ਉਨ੍ਹਾਂ ਨੂੰ ਫੜਾ ਦੇਵਾਂਗਾ, ਉਨ੍ਹਾਂ ਨੂੰ ਜੁਰਮਾਨੇ ਕਰਾਂਗਾ,ਉਨ੍ਹਾਂ ਨੂੰ ਦੇਸ਼ ਵਿੱਚੋਂ ਕੱਢ ਦਿਆਂਗਾ ਅਤੇ ਉਨ੍ਹਾਂ ਨੂੰ ਮਰਵਾ ਦਿਆਂਗਾ। ਲੇਕਿਨ ਇੰਜ ਉਨ੍ਹਾਂ ਦੀ ਮਰਜੀ ਨਹੀਂ ਰੋਕੀ ਜਾ ਸਕਦੀ। ਜਿਹੜੇ ਸਜਾ ਭੁਗਤਣ ਤੋਂ ਬੱਚ ਜਾਣਗੇ,ਉਹ ਪਰਜਾ ਨੂੰ ਤੰਗ ਕਰਦੇ ਰਹਿਣਗੇ।

"ਇਸ ਗੜਬੜੀ ਨੂੰ ਮੁਢੋ ਨਾਸ਼ਕਰਨ ਦਾ ਇਕੋ ਰਹਾ ਹੈ। ਆਪਣੇ ਰਾਜ ਵਿਚ ਜਿੰਨੇ ਵੀ ਅਜਿਹੇ ਹੋਣ ਜੋ ਪਸ਼ੂ ਪਾਲਦੇ ਹੋਣ ਜਾਂ ਖੇਤੀ ਕਰਦੇ ਹੋਣ, ਉਨ੍ਹਾਂ ਨੂੰ ਮਹਾਰਾਜ ਆਪ ਖਾਣ ਨੂੰ ਦਿਉ ਅਤੇ ਖੇਤਾਂ ਵਿਚ ਬੀਜ ਪਾਉਣ ਨੂੰ ਦਿਉ। ਆਪਣੇ ਰਾਜ ਵਿਚ ਜਿੰਨੇ ਵੀ ਅਜਿਹੇ ਹੋਣ ਜੋ ਵਪਾਰ ਕਰਨ ਲੱਗੇ ਹੋਣ ਉਨ੍ਹਾਂ ਨੂੰ ਮਹਾਰਾਜ ਆਪ ਵਪਾਰ ਕਰਨ ਲਈ ਪੂੰਜੀ ਦਿਉ। ਆਪਣੇ ਰਾਜ ਵਿਚ ਜਿੰਨੇ ਵੀ ਅਜਿਹੇ ਹੋਣ ਜੋ ਸਰਕਾਰੀ ਮੁਲਾਜਮ ਹੋਣ,ਉਨ੍ਹਾਂ ਨੂੰ ਮਹਾਰਾਜ ਆਪ ਭੋਜਨ ਅਤੇ ਤਨਖਾਹ ਦਿਉ।

ਫੇਰ ਜਦੋਂ ਸਾਰੇ ਆਪਣੇ ਆਪਣੇ ਕੰਮਾਂ ਵਿਚ ਲੱਗੇ ਰਹਿਣਗੇ ਤਾਂ ਫਿਰਉਹ ਗੜਬੜ ਨਹੀਂ ਕਰਨਗੇ,ਹੱਲਾ ਨਹੀਂ ਕਰਾਉਣਗੇ ਆਪ ਨੂੰ ਰਾਜ ਦੇ ਟੈਕਸ ਤੋਂ ਵੱਧ ਆਮਦਨ ਹੋਣ ਲੱਗ ਪਵੇਗੀ ਦੇਸ਼ ਸੁੱਖ ਅਤੇ ਸ਼ਾਂਤੀ ਮਹਿਸੂਸ ਕਰੇਗਾ ਅਤੇ ਜਨਤਾ ਖੁਸ਼ਹਾਲ ਹੋ ਜਾਵੇਗੀ ਲੋਕ ਆਪਣੇ ਬੱਚਿਆਂ ਨੂੰ ਗੋਦੀ ਚੁੱਕ ਕੇ ਨੱਚਣਗੇ ਅਤੇ ਬੇਫਿਕਰ ਹੋ ਕੇ ਖੁੱਲ੍ਹੇ ਦਰਵਾਜੇ ਰੱਖ ਕੇ ਸੌਣਗੇ!"

"ਤਦ ਹੇ ਬ੍ਰਾਹਮਣ! ਰਾਜਾ ਮਹਾਂ ਵਿਜੇਤਾ ਨੇ ਆਪਣੇ ਪ੍ਰੋਹਿਤ ਦੀ ਗੱਲ ਮਨ ਕੇ ਉਹੀ ਕੀਤਾ ਲੋਕ ਆਪਣੇ ਆਪਣੇ ਕੰਮਾਂ ਵਿਚ ਜੁਟ ਗਏ। ਉਨ੍ਹਾਂ ਨੇ ਦੇਸ਼ ਵਿਚ ਗੜਬੜ ਕਰਨੀ ਛੱਡ ਦਿੱਤੀ। ਰਾਜੇ ਨੂੰ ਰਾਜ ਦੇ ਟੈਕਸ ਤੋਂ ਵੱਧ ਆਮਦਨ ਹੋਣ ਲੱਗ ਪਈ ਦੇਸ ਰਾਹਤ ਮਹਿਸੂਸ ਕਰਨ ਲੱਗਾ ਜਨਤਾ ਖੁਸ਼ਹਾਲ ਹੋ ਗਈ। ਲੋਕ ਆਪਣੇ ਆਪਣੇ ਬੱਚਿਆ ਨੂੰ ਕੁੱਛੜ ਚੁੱਕ ਕੇ ਨੱਚਣ ਲੱਗ ਪਏ ਅਤੇ ਬੇਫਿਕਰ ਹੋ ਕੇ ਦਰਵਾਜੇ ਖੁੱਲੇ ਰੱਖ ਕੇ ਸੌਣ ਲੱਗ ਪਏ।

ਫੇਰ ਕੂਟਦੰਤ ਬ੍ਰਾਹਮਣ ਨੇ ਪੁਛਿਆ, "ਹੇ ਗੌਤਮ! ਤਾਂ ਕੀ ਕੋਈ ਦੂਜਾ ਯੱਗ ਹੈ, ਜਿਸ ਪਸ਼ੂਆਂ ਦੀ ਬਲੀ ਤਾਂ ਨਾ ਦੇਣੀ ਪਵੇ ਪਰ ਜਿਸ ਦੇ ਕਰਨ ਨਾਲ ਜਿਆਦਾ ਫਲ ਮਿਲੇ, ਜਿਆਦਾ ਕਲਿਆਣ ਹੋਵੇ।"

"ਹਾਂ ਇਹੋ ਜਿਹਾ ਹੈ।

"ਹੇ ਬ੍ਰਾਹਮਣ! ਜਦੋਂ ਇਕ ਆਦਮੀ ਸ਼ਰਧਾਵਾਨ ਹੋ ਕੇ 1. ਜੀਵ ਹੱਤਿਆ ਕਰਨ ਤੋਂ ਦੂਰ ਰਹਿਣ ਦਾ ਸੰਕਲਪ ਕਰਦਾ ਹੈ। 2. ਚੋਰੀ ਕਰਨ ਤੋਂ ਦੂਰ ਰਹਿਣ ਦਾ ਸੰਕਲਪ ਕਰਦਾ ਹੈ। 3. ਕਾਮ ਭੋਗੀ ਸੰਬੰਧੀ ਕੁਕਰਮ ਨਾ ਕਰਨ ਦਾ ਸੰਕਲਪ ਕਰਦਾ ਹੈ। 4. ਝੂਠ ਨਾ ਬੋਲਣ ਦਾ ਸੰਕਲਪ ਕਰਦਾ ਹੈ ਅਤੇ 5. ਸ਼ਰਾਬ ਆਦਿ ਨਸ਼ੀਲੀਆਂ ਚੀਜ਼ਾਂ

ਵਰਤਣ ਤੋਂ ਦੂਰ ਰਹਿਣ ਦਾ ਸੰਕਲਪ ਕਰਦਾ ਹੈ। ਤਾਂ ਇਹ ਇਕ ਅਜਿਹਾ ਯੱਗ ਹੈ ਜੋ ਯੱਗਾਂ ਲਈ ਵੱਡੇ ਖਰਚੇ ਕਰਨ ਤੋਂ ਚੰਗਾ ਹੈ, ਜੋ ਭਿਕਸ਼ੂਆਂ ਦੇ ਰਹਿਣ ਵਾਸਤੇ ਵਿਹਾਰ ਆਦਿ ਬਣਾਉਣ ਤੋਂ ਵੀ ਚੰਗਾ ਹੈ, ਜੋ ਲਗਾਤਾਰ ਭਿਕਸ਼ਾ ਦਿੰਦੇ ਰਹਿਣ ਤੋਂ ਵੀ ਚੰਗਾ ਹੈ ਜੋ (ਤ੍ਰਿ) ਸ਼ਰਣ ਲੈਣ ਤੋਂ ਵੀ ਚੰਗਾ ਹੈ।"

ਜਦ ਭਗਵਾਨ ਬੁੱਧ ਨੇ ਇਹ ਕਿਹਾ ਤਾਂ ਕੂਟਦੰਤ ਬ੍ਰਾਹਮਣ ਨੂੰ ਵੀ ਕਹਿਣਾ ਪਿਆ- "ਸ਼੍ਰਮਣ ਗੌਤਮ, ਆਪਦਾ ਕਹਿਣਾ ਸਭ ਤੋਂ ਉੱਤਮ ਹੈ। ਸ਼੍ਰਮਣ! ਆਪਦਾ ਕਥਨ ਸਭ ਤੋਂ ਹੀ ਉੱਤਮ ਹੈ।"

ਯੱਗ ਸੰਬੰਧੀ ਵਿਚਾਰ

-ਜਿਸ ਕਿਸੇ ਯੱਗ ਵਿਚ ਗਊ-ਹੱਤਿਆ ਹੋਵੇ, ਬੱਕਰੀਆਂ ਭੇਡਾਂ ਵੱਢੀਆਂ ਜਾਣ, ਕੁੱਕੜ ਕੁਕੜੀਆਂ ਮਾਰੇ ਜਾਣ, ਸੂਰ ਮਾਰੇ ਜਾਣ, ਹੋਰ ਵੀ ਕਈ ਤਰ੍ਹਾਂ ਨਾਲ ਜੀਵਾਂ ਦੀ ਹੱਤਿਆ ਹੋਵੇ। ਇਸ ਤਰ੍ਹਾਂ ਦਾ ਯੱਗ ਜਿਸ ਵਿਚ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਹੋਵੇ। ਹੇ ਬ੍ਰਾਹਮਣ, ਮੇਰੀ ਤਾਰੀਫ ਦਾ ਹੱਕਦਾਰ ਨਹੀਂ।"

-ਇਕੋ ਵੇਲੇ ਅਤੇ ਉਸ ਵੇਲੇ ਕੋਈ ਵੀ ਸਾਰੀਆਂ ਗੱਲਾਂ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਗਿਆਨ ਦਾ ਕਿਤੇ ਅੰਤ ਨਹੀਂ। ਕੁੱਝ ਨਾ ਕੁੱਝ ਤੇ ਵੱਧ ਜਾਨਣ ਲਈ ਹਮੇਸ਼ਾ ਰਹੇਗਾ।

ਮਨ ਅਤੇ ਸਰੀਰ ਦਾ ਕਾਬੂ

ਜਿਸ ਦਾ ਮਨ ਕਾਬੂ ਵਿਚ ਹੈ, ਜਿਸਦੇ ਵਿਚਾਰ ਕਾਬੂ ਵਿਚ ਹਨ ਜੋ ਆਪਣੇ ਸਰੀਰ ਨਾਲ ਵੀ ਉਲਟ ਵਰਤਾਉ ਨਹੀਂ ਕਰਦਾ, ਉਹ ਨਿਰਵਾਣ ਪ੍ਰਾਪਤ ਕਰਦਾ ਹੈ।

-ਭਾਵੇਂ ਕੋਈ ਆਦਮੀ ਇਕ ਹਜਾਰ ਗਥਾਵਾਂ ਪੜ੍ਹੇ ਲੇਕਿਨ ਜੇ ਉਹ ਉਨ੍ਹਾਂ ਗਥਾਵਾਂ ਦੇ ਅਰਥ ਨੂੰ ਨਹੀਂ ਜਾਣਦਾ, ਤਾਂ ਉਸਦਾ ਉਹ ਪੜ੍ਹਨਾ ਕਿਸੇ ਵੀ ਇਕ ਗਾਥਾ ਦੇ ਪੜ੍ਹਨ ਦੇ ਬਰਾਬਰ ਨਹੀਂ, ਜਿਸ ਨੂੰ ਸੁਣਕੇ ਮਨ ਨੂੰ ਸ਼ਾਂਤੀ ਮਿਲੇ। ਬਿਨਾਂ ਸਮਝੇ ਹਜਾਰਾਂ ਸ਼ਬਦਾਂ ਦੇ ਕਹਿਣ ਦਾ ਵੀ ਕੀ ਮੰਤਵ? ਪਰ ਇਕ ਸ਼ਬਦ ਦਾ ਸੁਣਨਾ ਅਤੇ ਸਮਝਣਾ ਅਤੇ ਅਤੇ ਉਸ ਮੁਤਾਬਕ ਅਮਲ ਕਰਨਾ ਮੁਕਤੀ -ਲਾਭ ਦਾ ਕਾਰਨ ਹੋ ਸਕਦਾ ਹੈ।"

'ਇਕ ਆਦਮੀ ਅਨੇਕਾਂ ਗ੍ਰੰਥਾਂ ਨੂੰ ਪੜ੍ਹ ਸਕਦਾ ਹੈ, ਪਰ ਜੇ ਉਹ ਉਹਨਾਂ ਨੂੰ ਸਮਝਦਾ ਨਹੀਂ ਤਾਂ ਉਸਦਾ ਪੜ੍ਹਨਾ ਫਜੂਲ ਹੈ। ਧਰਮ ਦੇ ਇਕੋ ਹੀ ਵਾਕ ਨੂੰ ਜਾਨਣਾ ਅਤੇ ਉਸ ਮੁਤਾਬਕ ਚਲਣਾ ਮੁਕਤੀ ਦਾ ਰਸਤਾ ਹੈ।"

ਵੇਦ ਮਾਰੂਥਲ ਹਨ

-ਤੇਵਿੱਜ ਸੁੱਤ ਵਿਚ ਭਗਵਾਨ ਬੁੱਧ ਨੇ ਵੇਦਾਂ ਨੂੰ ਬਿਨਾਂ ਪਾਣੀ ਦਾ ਮਾਰੂਥਲ ਕਿਹਾ ਹੈ, ਅਤੇ ਮਾਰਗ ਹੀਣ ਜੰਗਲ ਕਿਹਾ ਹੈ, ਅਸਲ ਵਿਚ ਤਬਾਹੀ ਦਾ ਰਸਤਾ। ਕੋਈ ਵੀ ਆਦਮੀ, ਜਿਸ ਵਿਚ ਥੋੜ੍ਹਾ ਵੀ ਗਿਆਨ ਅਤੇ ਨੈਤਿਕਤਾ ਦੀ ਪਿਆਸ ਹੈ, ਉਹ ਵੇਦਾਂ ਦੇ ਕੋਲ ਜਾ ਕੇ ਆਪਣੀ ਪਿਆਸ ਨਹੀਂ ਬੁਝਾ ਸਕਦਾ।"

ਗਿਆਨ ਅਤੇ ਤਰਕ ਦੀ ਉੱਤਮ ਕਸਵੱਟੀ

-"ਕਿਸੇ ਗੱਲ ਨੂੰ ਸਿਰਫ ਇਸ ਕਰਕੇ ਨਾ ਮੰਨੋ ਕਿ ਤੁਹਾਡੇ ਸੁਣਨ ਵਿਚ ਆਈ ਹੈ। ਕਿਸੇ ਗੱਲ ਨੂੰ ਸਿਰਫ ਇਸ ਕਰਕੇ ਨਾ ਮੰਨੋ ਕਿ ਉਹ ਪਹਿਲਾਂ ਤੋਂ ਚੱਲੀ ਆ ਰਹੀ ਹੈ। ਕਿਸੇ ਗੱਲ ਨੂੰ ਸਿਰਫ ਇਸ ਕਰਕੇ ਨਾ ਮੰਨੋ ਕਿ ਉਸ ਦੇ ਬਹੁਤ ਲੋਕ ਹਾਮੀ ਹਨ। ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਧਰਮ ਗ੍ਰੰਥਾਂ ਵਿਚ ਲਿਖੀ ਹੋਈ ਹੈ। ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਦਲੀਲ ਸ਼ਾਸ਼ਤਰ ਦੇ ਅਨੁਸਾਰ ਹੈ। ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਨਿਆਂ ਸ਼ਾਸ਼ਤਰ ਦੇ ਅਨੁਸਾਰ ਹੈ। ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਅਨੁਕੂਲ ਯਕੀਨ ਜਾਂ ਅਨੁਕੂਲ ਦ੍ਰਿਸ਼ਟੀ ਵਾਲੀ ਹੈ, ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਕਿਸੇ ਸਤਿਕਾਰਯੋਗ ਅਚਾਰੀਆ ਦੀ ਆਖੀ ਹੋਈ ਹੈ।

"ਤੇ ਫੇਰ ਸਾਨੂੰ ਕੀ ਕਰਨਾ ਚਾਹੀਦਾ ਹੈ? ਸਾਡੀ ਕੀ ਕਸੌਟੀ ਹੋਣੀ ਚਾਹੀਦੀ ਹੈ। ਕਾਲਾਮ ਕਸ਼ੱਤਰੀਆਂ ਨੇ ਸਵਾਲ ਕੀਤਾ।

ਤਥਾਗਤ ਨੇ ਕਿਹਾ-ਕਾਲਾਮੋ! ਕਸੌਟੀ ਇਹੀ ਹੈ ਕਿ ਖੁਦ ਆਣੇ ਆਪ ਨੂੰ ਸਵਾਲ ਕਰੋ ਕਿ ਕੀ ਫਲਾਣੀ ਗੱਲ ਦਾ ਕਰਨਾ ਠੀਕ ਹੈ? ਕੀ ਫਲਾਣੀ ਗੱਲ ਭੰਡੀ ਯੋਗ ਹੈ? ਕੀ ਫਲਾਣੀ ਗੱਲ ਵਿਦਵਾਨਾਂ ਵਲੋਂ ਮਨਾ ਹੈ? ਕੀ ਫਲਾਣੀ ਗੱਲ ਕਰਨ ਨਾਲ ਕਸ਼ਟ ਤੇ ਦੁੱਖ ਹੁੰਦਾ ਹੈ? ਤੁਹਾਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਕੀ ਮੱਤ ਵਿਸੇਸ਼, ਤ੍ਰਿਸ਼ਨਾ, ਨਫਰਤ, ਮੂਰਖਤਾ ਅਤੇ ਦਵੇਸ਼ ਦੀ ਭਾਵਨਾ ਦੇ ਵਾਧੇ ਵਿਚ ਸਹਾਇਕ ਤਾਂ ਨਹੀਂ ਹੁੰਦਾ। ਕਾਲਾਮੋ! ਏਨਾ ਹੀ ਨਹੀਂ ਤੁਹਾਨੂੰ ਇਹ ਦੇਖਣਾ ਚਾਹੀਦਾ ਹੈ ਮੱਤ ਵਿਸੇਸ਼ ਕਿਸੇ ਨੂੰ ਉਸਦੀਆਂ ਆਪਣੀਆਂ

ਇੰਦਰੀਆਂ ਦਾ ਗੁਲਾਮ ਤਾਂ ਨਹੀਂ ਬਣਾਉਂਦਾ। ਉਸ ਨੂੰ ਹਿੰਸਾ ਕਰਨ ਵੱਲ ਤਾਂ ਨਹੀਂ ਪ੍ਰੇਰਦਾ? ਉਸ ਨੂੰ ਚੋਰੀ ਕਰਨ ਦੀ ਤਾਂ ਪ੍ਰੇਰਨਾ ਨਹੀਂ ਦਿੰਦਾ। ਉਸਨੂੰ ਕਾਮ-ਭੋਗ ਸੰਬੰਧੀ ਕੁਕਰਮ ਵਿਚ ਤਾਂ ਨਹੀਂ ਲਾਉਂਦਾ? ਉਸ ਨੂੰ ਦੂਜਿਆਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਤਾਂ ਨਹੀਂ ਦਿੰਦਾ ਜਾਂ ਉਸ ਪਾਸੇ ਤਾਂ ਨਹੀਂ ਲਾਉਂਦਾ? ਆਖਿਰ ਵਿਚ ਤੁਹਾਨੂੰ ਇਹੀ ਪੁੱਛਣਾ ਚਾਹੀਦਾ ਹੈ ਕਿ ਇਹ ਦੁੱਖ ਲਈ, ਕਿਸੇ ਦੇ ਨੁਕਸਾਨ ਲਈ ਤਾਂ ਨਹੀਂ ਹੈ।

-"ਸਿਰਫ ਜਦੋਂ ਤੁਸੀਂ ਆਪਣੇ ਅਨੁਭਵ ਨਾਲ ਹੀ ਇਹ ਜਾਣੋ ਕਿ ਇਹ ਗੱਲਾਂ ਨੁਕਸਾਨ ਦੇਣ ਵਾਲੀਆਂ ਹਨ, ਇਹ ਗੱਲਾਂ ਭੰਡੀ ਯੋਗ ਹਨ।, ਇਹ ਗੱਲਾਂ ਵਿਦਵਾਨ ਪੁਰਖਾਂ ਵੱਲੋਂ ਮਨ੍ਹਾਂ ਹਨ। ਇਹ ਗੱਲਾਂ ਕਰਨ ਨਾਲ ਕੱਸ਼ਟ ਹੁੰਦਾ ਹੈ, ਦੁੱਖ ਹੁੰਦਾ ਹੈ- ਹੇ ਕਾਲਮੋ! ਤਦ ਤੁਹਾਨੂੰ ਉਨ੍ਹਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ।"

ਮੂਲ ਸਰੋਤ ਮਨ ਹੈ

ਪਰ ਇਸ ਗੱਲ ਦਾ ਖਿਆਲ ਕਰੋ ਕਿ ਜਿਸ ਸਿਧਾਂਤ (ਮਤ) ਨੂੰ ਜਾਂ ਜਿਸ ਨਜਰੀਏ ਨੂੰ ਤੁਸੀਂ ਮੰਨਣਾ ਚਾਹੁੰਦੇ ਹੋ,ਉਹ ਫਾਇਦੇਮੰਦ ਹੈ ਜਾਂ ਨਹੀਂ, ਭੰਡਣਯੋਗ ਹੈ ਜਾਂ ਨਹੀਂ, ਦੁਖਦਾਈ ਤੇ ਨੁਕਸਾਨ ਦੇਹ ਹੈ ਜਾਂ ਨਹੀਂ?

-'ਮਨ ਹੀ ਸਭ ਦਾ ਮੂਲ ਹੈ (ਮੁੱਖ ਹੈ), ਮਨ ਹੀ ਮਾਲਿਕ ਹੈ, ਮਨ ਹੀ ਕਾਰਨ ਹੈ।"

ਜੇ ਆਦਮੀ ਦਾ ਮਨ ਦੁਸ਼ਟ ਹੁੰਦਾ ਹੈ ਤਾਂ ਉਹ ਦੁਸ਼ਟਵਾਣੀ ਬੋਲਦਾ ਹੈ ਅਤੇ ਦੁਸ਼ਟ ਕੰਮ ਕਰਦਾ ਹੈ। ਤਦ ਦੁੱਖ ਉਸ ਆਦਮੀ ਦੇ ਪਿੱਛੇ ਪਿੱਛੇ ਇਜ ਹੀ ਹੋ ਤੁਰਦਾ ਹੈ ਜਿਵੇਂ ਗੱਡੀ ਦੇ ਪਹੀਏ ਖਿੱਚਣ ਵਾਲੇ ਬਲਦ ਦੇ ਪਿੱਛੇ ਪਿੱਛੇ।

"ਮਨ ਹੀ ਸਭ ਦਾ ਮੂਲ ਹੈ, ਮਨ ਹੀ ਹਕੂਮਤ ਕਰਦਾ ਹੈ, ਮਨ ਹੀ ਯੋਜਨਾ ਬਣਾਉਂਦਾ ਹੈ।

"ਜੇ ਆਦਮੀ ਦਾ ਮਨ ਸ਼ੁੱਧ ਹੁੰਦਾ ਹੈ, ਤਾਂ ਉਹ ਸ਼ੁੱਧ ਵਾਣੀ ਬੋਲਦਾ ਹੈ ਅਤੇ ਚੰਗੇ ਕੰਮ ਕਰਦਾ ਹੈ। ਤਦ ਸੁੱਖ ਵਿਅਕਤੀ ਦੇ ਪਿੱਛੇ ਪਿੱਛੇ ਇੰਝ ਹੀ ਹੋ ਤੁਰਦਾ ਹੈ ਜਿਵੇਂ ਕਦੀ ਵੀ ਸਾਥ ਨਾ ਛੱਡਣ ਵਾਲੀ ਛਾਂ।

ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਜੇ ਤੁਸੀਂ ਆਪਣੇ ਦੁੱਖ ਦਾ ਅੰਤ ਕਰਨਾ ਚਾਹੁੰਦੇ ਹੋ ਤਾਂ ਹਰੇਕ ਨੂੰ ਦੂਜੇ ਨਾਲ ਨਿਆਂ ਸੰਗਤ,ਧਰਮ ਸੰਗਤ ਵਰਤਾਓ ਕਰਨਾ ਹੋਵੇਗਾ। ਤਾਂ ਹੀ ਇਹ ਧਰਤੀ ਧਰਮ ਦਾ ਰਾਜ ਬਣ ਸਕੇਗੀ।

(ਬੁੱਧ ਅਨੁਸਾਰ ਧਰਮ ਦਾ ਅਰਥ ਮਾਨਵ ਕਲਿਆਣ ਹੈ ਕੋਈ ਆਤਮਕ ਪ੍ਰਾਪਤੀ ਨਹੀਂ।)

ਕਰਤਵ ;

"ਤੁਹਾਨੂੰ ਆਪਣੇ ਮਨ ਨੂੰ ਨਿਰਮਲ ਬਣਾਉਣ ਲਈ ਫੈਸਲਾ ਕਰਨਾ ਚਾਹੀਦਾ ਹੈ ਕਿ ਭਾਵੇਂ ਦੂਸਰੇ ਲੋਕ ਨੁਕਸਾਨ ਕਰਨ, ਮੈਂ ਨੁਕਸਾਨ ਨਹੀਂ ਕਰਾਂਗਾ।"

"ਭਾਵੇਂ ਦੂਸਰੇ ਲੋਕ ਹਿੰਸਾ ਕਰਨ, ਮੈਂ ਹਿੰਸਾ ਨਹੀਂ ਕਰਾਂਗਾ।"

"ਭਾਵੇਂ ਦੂਸਰੇ ਲੋਕ ਚੋਰੀ ਕਰਨ, ਮੈਂ ਚੋਰੀ ਨਹੀਂ ਕਰਾਂਗਾ।"

"ਭਾਵੇਂ ਦੂਜੇ ਲੋਕ ਉੱਤਮ ਜੀਵਨ ਬਤੀਤ ਨਾ ਕਰਨ, ਮੈਂ ਉੱਤਮ ਜੀਵਨ ਬਿਤਾਵਾਂਗਾ।"

"ਭਾਵੇਂ ਦੂਜੇ ਲੋਕ ਝੂਠ ਬੋਲਣ, ਚੁਗਲੀ ਕਰਨ, ਕੌੜਾ ਬੋਲਣ ਜਾਂ ਫਜੂਲ ਬਕਵਾਸ ਕਰਨ, ਮੈਂ ਨਹੀਂ ਕਰਾਂਗਾ।"

"ਭਾਵੇਂ ਦੂਜੇ ਲੋਕ ਲੋਭੀ ਹੋਣ, ਮੈਂ ਲੋਭ ਨਹੀਂ ਕਰਾਂਗਾ।"

"ਭਾਵੇਂ ਦੂਜੇ ਲੋਕ ਦਵੇਸ਼ ਕਰਨ, ਮੈਂ ਦਵੇਸ਼ ਨਹੀਂ ਕਰਾਂਗਾ।"

"ਭਾਵੇਂ ਦੂਜੇ ਸੱਚ ਬਾਰੇ ਵੀ ਗਲਤੀ 'ਤੇ ਹੋਣ ਮੁਕਤੀ ਬਾਰੇ ਵੀ ਗਲਤੀ ਤੇ ਹੋਣ ਮੈਂ ਸੱਚ ਤੇ ਮੁਕਤੀ ਦੋਹਾਂ ਵਿਸ਼ਿਆਂ ਵਿਚ ਗਲਤ ਨਹੀਂ ਹੋਵਾਂਗਾ।

"ਭਾਵੇਂ ਦੂਜੇ ਸੁਸਤ ਅਤੇ ਨੀਂਦ ਦੇ ਭੁੱਖੇ ਹੋਣ, ਮੈਂ ਸੁਸਤੀ ਅਤੇ ਨੀਂਦ ਤੋਂ ਮੁਕਤ ਹੋਵਾਂਗਾ।"

"ਭਾਵੇਂ ਦੂਜੇ ਘੁਮੰਡੀ ਹੋਣ, ਮੈਂ ਨਿਰਮਤਾ ਵਾਲੇ ਸੁਭਾਅ ਦਾ ਹੋਵਾਂਗਾ।"

"ਭਾਵੇਂ ਦੂਜੇ ਸ਼ੱਕੀ ਹੋਣ, ਮੈਂ ਸ਼ੱਕੀ ਨਹੀਂ ਹੋਵਾਂਗਾ।"

"ਭਾਵੇਂ ਦੂਜੇ ਕ੍ਰੋਧੀ ਹੋਣ, ਕੰਜੂਸ ਹੋਣ, ਪਾਖੰਡੀ ਹੋਣ, ਠੱਗ ਹੋਣ, ਰੁਕਾਵਟ ਪਾਉਣ ਵਾਲੇ ਹੋਣ, ਹੌਸਲਾ ਤੋੜਨ ਵਾਲੇ ਹੋਣ, ਬੁਰੀ ਸੰਗਤ ਵਾਲੇ ਹੋਣ, ਬੇ-ਯਕੀਨ ਹੋਣ, ਡਰਪੋਕ ਹੋਣ ਜਾਂ ਮੂਰਖ ਹੋਣ, ਮੈਂ ਇਹਨਾਂ ਸਾਰਿਆਂ ਦੇ ਵਿਰੁੱਧ ਹੋਵਾਂਗਾ।"

-ਬ੍ਰਾਹਮਣ ਨੂੰ ਤਥਾਗਤ (ਬੁੱਧ) ਨੇ ਪੁਛਿਆ, "ਕੀ ਇਹ ਸੱਚ ਹੈ, ਜਿਵੇਂ ਲੋਕ ਕਹਿੰਦੇ ਹਨ ਕਿ ਤੁਹਾਡਾ (ਬ੍ਰਾਹਮਣਵਾਦ ਦਾ) ਇਹ ਕਹਿਣਾ ਹੈ ਕਿ ਔਰਤਾਂ ਅਤੇ ਸ਼ੂਦਰਾਂ ਨੂੰ ਵਿਦਿਆ ਨਹੀਂ ਪੜ੍ਹਾਉਣੀ ਚਾਹੀਦੀ।"

"ਗੌਤਮ! ਇਹ ਠੀਕ ਹੈ।"

"ਜਿਹੜਾ ਆਦਮੀ ਇਹ ਕਹਿੰਦਾ ਹੈ ਕਿ ਔਰਤਾਂ ਅਤੇ ਸ਼ੂਦਰਾਂ ਨੂੰ ਵਿਦਿਆ ਨਹੀਂ ਦੇਣੀ ਚਾਹੀਦੀ, ਉਹ ਆਦਮੀ ਵੀ ਉਸ ਆਦਮੀ ਜਿਹਾ ਹੀ ਹੈ।"

'ਇਸ ਤਰ੍ਹਾਂ ਅਜਿਹਾ ਆਦਮੀ ਉਨ੍ਹਾਂ ਦੂਜਿਆਂ ਦੇ ਰਾਹ ਵਿਚ ਰੋੜੇ ਅਟਕਾਉਣ ਵਾਲਾ ਹੋਵੇਗਾ ਅਤੇ ਉਨ੍ਹਾਂ ਦਾ ਹਿਤੈਸ਼ੀ ਨਹੀਂ ਹੋਵੇਗਾ।

"ਇਸ ਤਰ੍ਹਾਂ ਅਜਿਹਾ ਆਦਮੀ ਉਹਨਾਂ ਦਾ ਹਿਤੈਸ਼ੀ ਨਾ ਹੋਣ ਕਰ ਕੇ ਉਨ੍ਹਾਂ ਦਾ ਦੁਸ਼ਮਣ ਹੋ ਜਾਵੇਗਾ ਅਤੇ ਜਿਹੜਾ ਸਿਧਾਂਤ ਕਿਸੇ ਨੂੰ ਕਿਸੇ ਦਾ ਦੁਸ਼ਮਣ ਬਣਾਏ, ਉਹ ਗਲਤ ਸਿਧਾਂਤ ਹੈ।"

"ਜੇ ਕੋਈ ਆਦਮੀ ਭਾਵੇਂ ਪੰਡਤ ਹੋਵੇ ਜਾਂ ਪੰਡਤ ਨਾ ਹੋਵੇ, ਦੂਜਿਆਂ ਨੂੰ ਮੂਰਖ ਸਮਝ ਕੇ ਉਹਨਾਂ ਨੂੰ ਨਫਰਤ ਕਰਦਾ ਹੈ ਤਾਂ ਉਹ ਉਸ ਅੰਨ੍ਹੇ ਵਾਂਗ ਹੈ ਜੋ ਖੁਦ ਅੰਨ੍ਹਾਂ ਹੋ ਕੇ ਦੂਜਿਆਂ ਨੂੰ ਮਸ਼ਾਲ ਦਿਖਾਉਂਦਾ ਫਿਰਦਾ ਹੈ।"

"ਹੇ ਬ੍ਰਾਹਮਣ! ਇਕ ਆਦਮੀ ਬਹੁਤ ਲੋਕਾਂ ਦੇ ਹਿਤ ਲਈ ਹੁੰਦਾ ਹੈ, ਬਹੁਤੇ ਲੋਕਾਂ ਦੇ ਕਲਿਆਣ ਲਈ ਹੁੰਦਾ ਹੈ। ਉਸ ਦੇ ਕਾਰਨ ਬਹੁਤ ਸਾਰੇ ਆਦਮੀ ਚੰਗੇ, ਹਿਤੈਸ਼ੀ ਅੱਛੇ ਰਾਹ ਉੱਤੇ ਚਲਦੇ ਹਨ।

"ਉਹ ਜਿਸ ਵਿਸ਼ੇ ਵਿਚ ਮਨ ਨੂੰ ਲਾਉਣਾ ਚਾਹੁੰਦਾ ਹੈ, ਉਸ ਵਿਸ਼ੇ ਵਿਚ ਮਨ ਨੂੰ ਲਾ ਸਕਦਾ ਹੈ। ਜਿਸ ਵਿਸ਼ੇ ਵਿਚ ਮਨ ਨੂੰ ਨਹੀਂ ਲਾਉਣਾ ਚਾਹੁੰਦਾ, ਉਸ ਵਿਸ਼ੇ ਵਲ ਆਪਣੇ ਮਨ ਨੂੰ ਜਾਣ ਤੋਂ ਰੋਕ ਸਕਦਾ ਹੈ।

"ਜਿਸ ਵਿਚਾਰ ਨੂੰ ਉਹ ਮਨ ਵਿਚ ਪੈਦਾ ਹੋਣ ਦੇਣਾ ਚਾਹੁੰਦਾ ਹੈ, ਉਸ ਵਿਚਾਰ ਨੂੰ ਮਨ ਵਿਚ ਪੈਦਾ ਹੋਣ ਦਿੰਦਾ ਹੈ, ਜਿਸ ਵਿਚਾਰ ਨੂੰ ਮਨ ਵਿਚ ਪੈਦਾ ਨਹੀਂ ਹੋਣ ਦੇਣਾ ਚਾਹੁੰਦਾ, ਉਸ ਵਿਚਾਰ ਨੂੰ ਮਨ ਵਿਚ ਪੈਦਾ ਨਹੀਂ ਹੋਣ ਦਿੰਦਾ। ਇੰਜ ਉਹ ਆਪਣੇ ਆਪ ਵਿਚ ਕਾਬੂ ਰੱਖਦਾ ਹੈ।

"ਉਹ ਜਦੋਂ ਚਾਹੇ ਬਿਨਾਂ ਅੜਚਣ ਦੇ, ਬਿਨਾਂ ਤਕਲੀਫ ਦੇ ਚੌਹ ਅਨੋਖੇ ਧਿਆਨਾਂ ਨੂੰ ਪਾ ਸਕਦਾ ਹੈ, ਜੋ ਇਸੇ ਜ਼ਿੰਦਗੀ ਵਿਚ ਸੁੱਖ-ਵਿਹਾਰ ਲਈ ਹਨ।"

ਸ਼ੀਲ (ਚਰਿਤਰ ਸਦਾਚਾਰ ਅਤੇ ਸੰਸਾਰ 'ਚ ਆਉਣ ਦਾ ਮਨੋਰਥ)

-"ਸ਼ੀਲ ਹੀ ਸ਼ੁਰੂਆਤ ਹੈ, ਸ਼ੀਲ ਹੀ ਸ਼ਰਨ-ਥਾਂ ਹੈ, ਸ਼ੀਲ ਹੀ ਸਮੁੱਚੇ ਕਲਿਆਣ ਦੀ ਮਾਂ ਹੈ ਸ਼ੀਲ ਦੀ ਥਾਂ ਸਭ ਤੋਂ ਪਹਿਲਾਂ ਹੈ। ਇਸ ਲਈ ਆਪਣੇ ਸ਼ੀਲ ਨੂੰ ਸ਼ੁੱਧ ਕਰੋ।"

"ਸੰਸਾਰ ਵਿਚ ਆਉਣ ਦਾ ਤਥਾਗਤ ਦਾ ਮਨੋਰਥ ਹੈ ਕੰਗਾਲਾਂ, ਬੇਸਹਾਰਿਆਂ ਅਤੇ ਅਸੁਰੱਖਿਅਤਾਂ ਦਾ ਮਿੱਤਰ ਬਣਨਾ। ਜਿਹੜੇ ਰੋਗੀ ਹੋਣ-ਸ਼੍ਰਮਣ ਹੋਣ ਜਾਂ ਦੂਜੇ ਕੋਈ ਵੀ ਹੋਣ, ਉਹਨਾਂ ਦੀ ਸੇਵਾ ਕਰਨਾ। ਕੰਗਾਲਾਂ, ਅਨਾਥਾਂ ਅਤੇ ਬੁੱਢਿਆਂ ਦੀ ਮਦਦ ਕਰਨਾ ਅਤੇ ਦੂਜਿਆਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦੇਣਾ।"

-ਆਪਣਾ ਭਾਸ਼ਣ ਖਤਮ ਕਰਦਿਆਂ ਤਥਾਗਤ ਨੇ ਕਿਹਾ, "ਭਿਕਸ਼ੂਓ, ਜਿਸ ਤਰ੍ਹਾਂ ਧਰਤੀ ਸੱਟ ਮਹਿਸੂਸ ਨਹੀਂ ਕਰਦੀ ਅਤੇ ਵਿਰੋਧੀ ਨਹੀਂ ਕਰਦੀ, ਜਿਸ ਤਰ੍ਹਾਂ ਹਵਾ ਕਿਸੇ ਤਰ੍ਹਾਂ ਦਾ ਵਿਰੋਧ ਨਹੀਂ ਕਰਦੀ, ਜਿਸ ਤਰ੍ਹਾਂ ਨਦੀ ਦਾ ਜਲ ਅੱਗ ਤੋਂ ਬੇ-ਅਸਰ ਰਹਿ ਕੇ ਵਗਦਾ ਰਹਿੰਦਾ ਹੈ, ਇਸੇ ਤਰ੍ਹਾਂ ਹੇ ਭਿਕਸ਼ੂਓ! ਜੇ ਤੁਹਾਡਾ ਕੋਈ ਅਪਮਾਨ ਵੀ ਕਰ ਦੇਵੇ, ਜੇ ਤੁਹਾਡੇ ਨਾਲ ਕੋਈ ਬੇਇਨਸਾਫੀ ਵੀ ਕਰ ਦੇਵੇ ਤਾਂ ਵੀ ਤੁਸੀਂ ਆਪਣੇ ਵਿਰੋਧੀਆਂ ਨਾਲ ਮਿੱਤਰਤਾ ਦਾ ਭਾਵ ਬਣਾਈ ਰੱਖੋ।"

-ਭਿਕਸ਼ੂਓ! ਮਿਤਰਤਾ ਦਾ ਵਹਾਓ ਸਦਾ ਰਹਿਣਾ ਚਾਹੀਦਾ ਹੈ। ਤੁਹਾਡਾ ਮਨ ਧਰਤੀ ਵਾਂਗ ਮਜ਼ਬੂਤ ਹੋਵੇ, ਹਵਾ ਵਾਂਗ (ਸਾਫ) ਹੋਵੇ ਅਤੇ ਨਦੀ ਵਾਂਗ ਗੰਭੀਰ ਹੋਵੇ। ਜੇ ਤੁਸੀਂ ਮੈਤਰੀ ਦਾ ਅਭਿਆਸ ਰੱਖੋਗੇ ਤਾਂ ਕੋਈ ਤੁਹਾਡੇ ਨਾਲ ਕਿਹੋ ਜਿਹਾ ਵੀ ਭੈੜਾ ਵਰਤਾਓ ਕਰੇ, ਤੁਹਾਡਾ ਮਨ ਡੋਲੇਗਾ ਨਹੀਂ, ਕਿਉਂਕਿ ਵਿਰੋਧੀ ਲੋਕ ਛੇਤੀ ਹੀ ਥੱਕ ਜਾਣਗੇ।

ਤੁਹਾਡੀ ਮੈਤ੍ਰੀ (ਮਿਤਰਤਾ) ਸੰਸਾਰ ਵਾਂਗ ਵਿਆਪਕ ਹੋਣੀ ਚਾਹੀਦੀ ਹੈ ਤੇ ਤੁਹਾਡੀਆਂ ਭਾਵਨਾਵਾਂ ਅਸੀਮ (ਬੇਹੱਦ) ਹੋਣੀਆਂ ਚਾਹੀਦੀਆਂ ਹਨ, ਜਿੰਨ੍ਹਾਂ ਵਿਚ ਕਿਤੇ ਦਵੇਸ਼ ਦਾ ਕਿਣਕਾ ਵੀ ਨਾ ਹੋਵੇ।

"ਮੇਰੇ ਧਰਮ ਅਨੁਸਾਰ ਕਰੁਣਾ (ਦਇਆ) ਹੀ ਕਾਫੀ ਨਹੀਂ ਹੈ, ਆਦਮੀ ਵਿਚ ਮੈਤਰੀ ਹੋਣੀ ਚਾਹੀਦੀ ਹੈ।"

-ਇਹ ਸਪੱਸ਼ਟ ਹੀ ਹੈ ਕਿ ਇਸ ਚੌਹ ਵਰਣਾਂ ਦੇ ਸਿਧੰਤ ਦੀ ਜਿੰਦ ਜਾਨ ਨਾ-ਬਰਾਬਰੀ ਹੀ ਹੈ। ਇਹ ਸਮਾਜਿਕ ਨਾ-ਬਰਾਬਰੀ ਕਿਸੇ ਖੇਤ ਵਿਚ ਐਵੇਂ ਹੀ ਉੱਗੀ ਹੋਈ ਫਸਲ ਨਹੀਂ ਹੈ। ਨਾ-ਬਰਾਬਰੀ ਬ੍ਰਾਹਮਣਵਾਦ ਦਾ ਸ਼ਾਸਤਰਾਂ ਉੱਤੇ ਆਧਾਰਿਤ ਭਾਵ ਉਨ੍ਹਾਂ ਦੇ ਪਵਿੱਤਰ ਗਰੰਥਾਂ ਵੱਲੋਂ ਕਿਹਾ ਗਿਆ ਸਿਧਾਂਤ ਹੈ।

ਬੁੱਧ ਨੇ ਕਿਹਾ, "ਕੀ ਬ੍ਰਾਹਮਣਾਂ ਦੀਆਂ ਔਰਤਾਂ ਨੂੰ ਮਹਾਵਾਰੀ ਨਹੀਂ ਆਉਂਦੀ, ਉਨ੍ਹਾਂ ਨੂੰ ਬੱਚਾ ਨਹੀਂ ਠਹਿਰਦਾ ਅਤੇ ਉਹ ਔਲਾਦ ਨਹੀਂ ਜਾਣਦੀਆਂ? ਇਹ ਸਭ ਹੁੰਦੇ ਹੋਇਆਂ ਵੀ ਬ੍ਰਾਹਮਣ ਦਾ ਇਹ ਕਹਿਣਾ ਕਿ ਉਹੀ ਉੱਚੇ ਵਰਣ ਦੇ ਹਨ...... ਬ੍ਰਾਹਮਣ ਹੀ ਬ੍ਰਹਮਾ ਦੀ ਜਾਇਜ਼ ਔਲਾਦ ਹਨ......ਬ੍ਰਾਹਮਣ ਹੀ ਉਸਦੇ ਵਾਰਿਸ ਹਨ?"

-"ਜਿੱਥੋਂ ਤਕ ਨੈਤਿਕ ਤਰੱਕੀ ਕਰਨ ਦੀ ਗੱਲ ਹੈ, ਕਿ ਸਿਰਫ ਬ੍ਰਾਹਮਣ ਹੀ ਆਪਣੇ ਆਪ ਨੂੰ ਰਾਗ ਦਵੇਸ਼ ਤੋਂ ਮੁਕਤ ਕਰ ਸਕਦਾ ਹੈ? ਇਕ ਕਸ਼ੱਤਰੀ ਨਹੀਂ? ਇਕ ਵੈਸ਼ ਨਹੀਂ? ਜਾਂ ਇਕ ਸ਼ੂਦਰ ਨਹੀਂ?"

-"ਕੀ ਕਦੀ ਸੁਣਿਆ ਹੈ ਕਿ ਯਵਨ ਅਤੇ ਕੰਬੋਜ ਦੇਸ਼ ਵਿਚ ਅਤੇ ਹੋਰ ਗੁਆਂਢੀ ਮੁਲਕਾਂ ਵਿਚ ਵੀ ਦੋ ਤਰ੍ਹਾਂ ਦੇ ਵਰਗ ਹੁੰਦੇ ਹਨ, ਇਕ ਆਰੀਆ (ਮਾਲਕ) ਅਤੇ ਦੂਜੇ ਗੁਲਾਮ ਅਤੇ ਉੱਥੇ ਇਕ ਮਾਲਿਕ ਗੁਲਾਮ ਬਣ ਸਕਦਾ ਹੈ ਤੇ ਇਕ ਗੁਲਾਮ ਮਾਲਿਕ।"

"ਜੇ ਤੁਹਾਡਾ ਚੌਹ ਵਰਣਾਂ ਵਾਲਾ ਸਮਾਜ ਇਕ ਆਦਰਸ਼ ਸਮਾਜ ਹੈ ਤਾਂ ਫੇਰ ਇਹ ਸਾਰੇ ਮੁਲਕਾਂ ਵਿਚ ਕਿਉਂ ਨਹੀਂ? ਕੀ ਸਾਰੀ ਦੁਨੀਆਂ ਬ੍ਰਾਹਮਣਾਂ ਦੀ ਇਸ ਵਰਗ-ਵੰਡ ਨਾਲ ਸਹਿਮਤ ਹੈ?"

ਵਾਸੇਂਠ ਨੇ ਕਿਹਾ-ਭਗਵਾਨ! ਬ੍ਰਾਹਮਣ ਆਖਦੇ ਹਨ ਕਿ ਬ੍ਰਾਹਮਣ ਦੀ ਹੀ ਸਮਾਜ ਪੱਧਰ ਉੱਚੀ ਹੈ, ਬਾਕੀ ਸਭ ਦੀ ਅਤੀ ਨੀਵੀਂ। ਸਿਰਫ ਬ੍ਰਾਹਮਣ ਹੀ ਸ਼ੁੱਧ ਕੁੱਲ ਦਾ ਹੈ, ਗੈਰ ਬ੍ਰਾਹਮਣ ਨਹੀਂ। ਸਿਰਫ ਬ੍ਰਾਹਮਣ ਹੀ ਬ੍ਰਹਮਾਂ ਦੀ ਜਾਇਜ਼ ਔਲਾਦ ਹੈ, ਬ੍ਰਹਮਾਂ ਦੇ ਮੂੰਹ ਵਿਚੋਂ ਪੈਦਾ ਹੋਈ ਔਲਾਦ, ਬ੍ਰਾਹਮਾ ਵਲੋਂ ਰਚੇ ਗਏ ਬ੍ਰਹਮਾਂ ਦੇ ਵਾਰਿਸ।

"ਜਿੱਥੋਂ ਤੱਕ ਤੇਰੀ ਗੱਲ ਹੈ (ਵਾਸੇਠ) ਤੂੰ ਆਪਣੇ ਕੁਲੀਨ ਵਰਗ ਨੂੰ ਛੱਡ ਕੇ ਉਸ ਨੀਚ ਵਰਗ ਦੀ ਸੰਗਤ ਕੀਤੀ ਹੈ। ਤੂੰ ਉਨ੍ਹਾਂ ਸਿਰ ਮੁਨਿਆ (ਰੋਡਿਆ) ਵਿਚ ਸ਼ਾਮਲ ਹੋ ਗਿਆ ਏ, ਉਨ੍ਹਾਂ ਗਵਾਰਾਂ 'ਚ ਉਨ੍ਹਾਂ ਕਾਲੇ ਵਰਗੇ ਦੇ ਲੋਕਾਂ ਵਿਚ, ਉਨ੍ਹਾਂ ਸ਼ੂਦਰਾਂ 'ਚ, ਤੇਰੇ ਲਈ ਇੰਜ ਕਰਨਾ ਯੋਗ ਨਹੀਂ। ਤੇਰੇ ਲਈ ਇੰਜ ਕਰਨਾ ਠੀਕ ਨਹੀਂ। ਇਹ ਤੂੰ ਕੀ ਕੀਤਾ ਹੈ ਕਿ ਆਪਣੇ ਉੱਚੇ ਵਰਗ ਨੂੰ ਤਿਆਗ ਕੇ ਉਸ ਨੀਵੇਂ ਵਰਗ ਦੀ ਸੰਗਤ ਕੀਤੀ ਹੈ। ਤੂੰ ਉਨ੍ਹਾਂ ਸਿਰ ਮੁਨਿਆ ਵਿਚ ਸ਼ਾਮਲ ਹੋ ਗਿਆ ਹੈਂ, ਉਨ੍ਹਾਂ ਗਵਾਰਾਂ ਵਿਚ, ਉਨ੍ਹਾਂ ਕ੍ਰਿਸ਼ਨ (ਕਾਲਾ) ਵਰਗਾ ਬਰਾਹਮਣ ਤੋਂ ਬਿਨਾਂ ਦੂਜੇ ਵਰਣ ਦੇ ਲੋਕਾਂ ਵਿਚ ਉਨ੍ਹਾਂ ਸ਼ੂਦਰਾਂ ਵਿਚ ਸਾਡੀ ਜਾਤੀ ਦੀ ਜੁੱਤੀਆਂ 'ਚੋਂ ਪੈਦਾ ਹੋਏ ਵਰਣ ਵਿਚ।

-"ਜੇ ਕਿਸੇ ਸੇਵਾ ਦੇ ਕਰਨ ਵਿਚ ਆਦਮੀ ਦੀ ਹਾਲਤ ਚੰਗੀ ਨਾ ਹੁੰਦੀ ਹੋਵੇ, ਖਾਰਬ ਹੁੰਦੀ ਹੋਵੇ ਤਾਂ ਉਹ ਸੇਵਾ ਨਹੀਂ ਕਰਨੀ ਚਾਹੀਦੀ। ਜੇ ਕਿਸੇ ਸੇਵਾ ਕਰਨ ਨਾਲ ਆਦਮੀ ਦੀ ਹਾਲਤ ਖਰਾਬ ਹੋਣ ਦੀ ਬਜਾਏ ਚੰਗੀ ਹੁੰਦੀ ਹੋਵੇ ਤਾਂ ਉਹ ਸੇਵਾ ਕਰਨੀ ਚਾਹੀਦੀ ਹੈ।

'ਇਸੇ ਇਕ ਕਸੌਟੀ ਪਰਖ ਉਤੇ ਕਸ਼ੱਤਰੀਆਂ, ਬ੍ਰਾਹਮਣਾਂ, ਵੈਸ਼ਾਂ ਅਤੇ ਸ਼ੂਦਰਾਂ ਦੀ ਸੇਵਾ ਪਰਖੀ ਜਾਣੀ ਚਾਹੀਦੀ ਹੈ।"

ਉੱਚੇ ਆਦਰਸ਼ ਹਨ ਨਾ ਕਿ ਜਨਮ ਜਾਤ

-ਨਾ ਕੁਲੋਂ ਤੋਂ, ਨਾ ਸੋਹਣੀ ਸ਼ਕਲ ਹੋਣ ਤੋਂ ਅਤੇ ਨਾ ਧਨ ਦੌਲਤ ਵਾਲਾ ਹੋਣ ਨਾਲ ਕੋਈ ਆਦਮੀ ਚੰਗਾ ਜਾਂ ਬੁਰਾ ਹੁੰਦਾ ਹੈ। ਚੰਗੀ ਕੁਲ ਵਿਚ ਜਨਮਿਆਂ ਇਕ ਆਦਮੀ ਵੀ ਹਤਿਆਰਾ ਹੁੰਦਾ ਹੈ, ਕੋੜਾ ਬੋਲਣ ਵਾਲਾ ਹੁੰਦਾ ਹੈ, ਬਕਵਾਸ ਕਰਨ ਵਾਲਾ ਹੁੰਦਾ ਹੈ, ਲੋਭੀ ਹੁੰਦਾ ਹੈ, ਦਵੇਸ਼ੀ ਹੁੰਦਾ ਹੈ ਅਤੇ ਭੈੜੀ ਨਜ਼ਰ ਵਾਲਾ ਹੁੰਦਾ ਹੈ। ਇਸ ਲਈ ਮੈਂ ਆਖਦਾ ਹਾਂ ਕਿ ਚੰਗੀ ਕੁੱਲ ਵਿਚ ਪੈਦਾ ਹੋਣ ਕਰਕੇ ਹੀ ਕੋਈ ਚੰਗਾ ਨਹੀਂ ਹੁੰਦਾ ਅਤੇ ਚੰਗੀ ਕੁਲੋਂ ਵਿਚ ਪੈਦਾ ਹੋਣ ਤੇ ਵੀ ਆਦਮੀ ਇਨ੍ਹਾਂ ਸਾਰੇ ਦੋਸ਼ਾਂ ਵਾਲਾ ਨਹੀਂ ਹੁੰਦਾ ਹੈ। ਇਸ ਲਈ ਮੈਂ ਇਹ ਕਹਿਦਾ ਹਾਂ ਕਿ ਚੰਗੀ ਕੁੱਲ ਵਿਚ ਪੈਦਾ ਕਰਕੇ ਹੀ ਕੋਈ ਆਦਮੀ ਚੰਗਾ ਨਹੀਂ ਹੁੰਦਾ।

"ਮਹੱਤਤਾ ਉੱਚੇ ਆਦਰਸ਼ਾਂ ਦੀ ਹੁੰਦੀ ਹੈ, ਉੱਚੀ ਜਾਤ ਵਿਚ ਜਨਮ ਲੈਣ ਦੀ ਨਹੀਂ।"

ਦੂਜਿਆਂ ਨਾਲ ਆਪਣੇਂ ਆਪ ਨੂੰ ਇਕ ਕਰ ਦਿਉ। ਇਹੀ ਸੋਚੋ-ਜਿਹੋ ਜਿਹਾ ਮੈਂ ਹਾਂ, ਉਹ ਜਿਹੇ ਉਹ ਹਨ।

ਅਛੂਤ ਕੌਣ ?

ਜਿਹੜਾ ਆਦਮੀ ਕਰੋਧੀ ਹੋਵੇ, ਲੋਭੀ ਹੋਵੇ, ਅਨੈਤਿਕ, ਚੁਗਲਖੋਰ ਹੋਵੇ, ਭੈੜੀ ਨਜ਼ਰ ਵਾਲਾ ਹੋਵੇ, ਧੋਖੇਬਾਜ਼ ਹੋਵੇ, ਉਸ ਨੂੰ ਵ੍ਰਿਸ਼ਲ ਅਛੂਤ ਜਾਣੋ।

ਜਿਹੜਾ ਵੀ, ਭਾਵੇਂ ਏਕਜ਼ (ਜਿਨ੍ਹਾਂ ਦਾ ਇਕ ਵਾਰ ਹੀ ਜਨਮ ਹੁੰਦਾ ਹੈ) ਹੋਵੇ, ਭਾਵੇਂ ਦਵਿਜ (ਪੰਛੀ

ਆਦਿ) ਹੋਵੇ, ਜੀਵਾਂ ਨੂੰ ਨੁਕਸਾਨ ਪੁਚਾਉਂਦਾ ਹੋਵੇ, ਜਿਸ ਦੇ ਮਨ ਵਿਚ ਜੀਵਾਂ ਲਈ ਦਯਾ ਨਹੀਂ ਹੈ-ਉਸ ਨੂੰ ਵ੍ਰਿਸ਼ਲ ਜਾਣੋ। ਜਿਹੜਾ ਵੀ ਕੋਈ ਪਿੰਡਾ ਤੇ ਝੁੱਗੀਆਂ ਨੂੰ ਤਹਿਸ-ਨਹਿਸ ਕਰਦਾ ਹੈ, ਜਿਹੜਾ ਅਤਿਆਚਾਰੀ ਹੈ..... ਉਸਨੂੰ ਵ੍ਰਿਸ਼ਲ ਜਾਣੋ। ਭਾਵੇਂ ਪਿੰਡ ਵਿਚ, ਭਾਵੇਂ ਪਿੰਡੋਂ ਬਾਹਰ ਜੰਗਲ ਵਿੱਚ, ਜਿਹੜਾ ਵੀ ਕੋਈ ਕਿਸੇ ਦੀ ਚੀਜ਼ ਨੂੰ ਬਿਨਾਂ ਦਿੱਤੇ ਲੈਂਦਾ ਹੈ ਭਾਵ ਚੋਰੀ ਕਰਦਾ ਹੈ.... ਉਸ ਨੂੰ ਵ੍ਰਿਸ਼ਲ ਜਾਣੋ। ਜਿਹੜਾ ਕਿਸੇ ਤੋਂ ਉਧਾਰ ਲੈ ਕੇ ਬਿਨਾਂ ਮੋੜਿਆ, ਇਹ ਕਹਿ ਕੇ 'ਮੈਂ ਤੇਰਾ ਕੁੱਝ ਨਹੀਂ ਦੇਣਾ ਮੁੱਕਰ ਜਾਂਦਾ ਹੈ, ਉਸਨੂੰ ਵ੍ਰਿਸ਼ਲ ਜਾਣੋ। ਜਿਹੜਾ ਵੀ ਕੋਈ ਆਪਣੇ ਫਾਇਦੇ ਲਈ ਜਾਂ ਕਿਸੇ ਦੂਜੇ ਦੇ ਫਾਇਦੇ ਲਈ ਜਾਂ ਧਨ ਦੇ ਲੋਭ ਲਈ ਝੂਠੀ ਗਵਾਹੀ ਦਿੰਦਾ ਹੈ, ਵ੍ਰਿਸ਼ਲ ਹੈ। ਜਿਹੜਾ ਕੋਈ ਜਬਰਦਸਤੀ ਜਾਂ ਰਜ਼ਾਮੰਦੀ ਨਾਲ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਦੀ ਪਤਨੀ ਨਾਲ ਗੈਰ ਔਰਤ ਨਾਲ ਅਨਾਚਾਰ ਕਰਦਾ ਹੈ-ਉਸਨੂੰ ਵ੍ਰਿਸ਼ਲ ਕਰਕੇ ਜਾਣੋ। ਜਿਹੜਾ ਆਪਣੇ ਕੋਲ ਪੈਸਾ ਹੋਣ ਤੇ ਵੀ ਜਵਾਨੀ ਬੀਤ ਜਾਣ 'ਤੇ ਆਪਣੇ ਬੁੱਢੇ ਮਾਂ ਬਾਪ ਦੀ ਦੇਖ ਭਾਲ ਨਹੀਂ ਕਰਦਾ, ਉਸਨੂੰ ਵ੍ਰਿਸ਼ਲ ਜਾਣੋ। ਜਿਹੜਾ ਕੋਈ ਚੰਗੇ ਧਰਮ ਨੂੰ ਪੁੱਛਣ 'ਤੇ ਮੰਦੇ ਧਰਮ ਦੀ ਸਿਖਿਆ ਦਿੰਦਾ ਹੈ ਅਤੇ ਭੇਦ ਬਣਾ ਕੇ ਸਿੱਖਿਆ ਦਿੰਦਾ ਹੈ, ਉਸਨੂੰ ਵ੍ਰਿਸ਼ਲ ਜਾਣੋ।

"ਜਨਮ ਤੋਂ ਨਾਂ ਕੋਈ ਬ੍ਰਾਹਮਣ ਹੈ, ਜਨਮ ਤੋਂ ਨਾ ਕੋਈ ਸ਼ੂਦਰ ਹੁੰਦਾ ਹੈ।"

ਤਥਾਗਤ ਨੇ ਕਿਹਾ, "ਪੋਠਪਾਦ! ਮੈਂ ਇਸ ਬਾਰੇ ਕਦੀ ਵੀ ਆਪਣਾ ਮੱਤ ਜਾਹਿਰ ਹੀ ਨਹੀਂ ਕੀਤਾ ਹੈ ਇਹੀ ਮੱਤ ਠੀਕ ਹੈ।"

ਫੇਰ ਇਸੇ ਤਰ੍ਹਾਂ ਪੋਠਪਾਦ ਨੇ ਇਹਨਾਂ ਸਾਰੇ ਸਵਾਲਾਂ ਨੂੰ ਲੜੀਵਾਰ ਪੁਛਿਆ-

ੳ) ਕੀ ਸੰਸਾਰ ਅਨੰਤ ਨਹੀਂ ਹੈ? ਅ) ਕੀ ਸੰਸਾਰ ਦੀ ਕੋਈ ਹੱਦ ਹੈ? ੲ) ਕੀ ਸੰਸਾਰ ਦੀ ਕੋਈ ਹੱਦ ਨਹੀਂ ਹੈ? ਸ) ਕੀ ਆਤਮਾ ਅਤੇ ਸਰੀਰ ਇਕੋ ਹਨ? ਹ) ਕੀ ਆਤਮਾ ਅਤੇ ਸਰੀਰ ਵੱਖ ਵੱਖ ਹਨ? ਕ) ਕੀ ਤਥਾਗਤ ਮਰਨ ਤੋਂ ਬਾਅਦ ਰਹਿੰਦੇ ਹਨ? ਖ) ਕੀ ਤਥਾਗਤ ਮਰਨ ਤੋਂ ਬਾਅਦ ਨਹੀਂ ਰਹਿੰਦੇ ਹਨ? ਗ) ਕੀ ਉਹ ਰਹਿੰਦੇ ਵੀ ਹਨ ਅਤੇ ਨਹੀਂ ਵੀ ਰਹਿੰਦੇ ਹਨ?

"ਪੋਠਪਾਦ! ਇਸਬਾਰੇ ਮੈਂ ਕਦੀ ਆਪਣਾ ਮੱਤ ਨਹੀਂ ਦੱਸਿਆ।"

"ਕਿਉਂਕਿ ਇਹਨਾਂ ਸਵਾਲਾਂ ਦਾ ਜਵਾਬ ਦੇਣ ਨਾਲ ਕਿਸੇ ਦਾ ਕੁੱਝ ਫਾਇਦਾ ਨਹੀਂ, ਇਨ੍ਹਾਂ ਦਾ ਧਰਮ ਨਾਲ ਕੋਈ ਸੰਬੰਧ ਨਹੀਂ, ਇਹਨਾਂ ਨਾਲ ਆਦਮੀ ਨੂੰ ਆਪਣਾ ਚਾਲ-ਚਲਨ ਸੋਧਣ ਵਿਚ ਕੁਝ ਵੀ ਮਦਦ ਨਹੀਂ ਮਿਲਦੀ, ਇਹਨਾਂ ਨਾਲ ਵਿਰਾਗ ਵਿਚ ਵਾਧਾ ਨਹੀਂ ਹੁੰਦਾ, ਇਹਨਾਂ ਨਾਲ ਰਾਗ-ਦਵੇਸ਼ ਤੋਂ ਮੁਕਤੀ ਲਾਭ ਹੁੰਦਾ, ਇਨ੍ਹਾਂ ਨਾਲ ਸ਼ਾਂਤੀ ਨਹੀਂ ਮਿਲਦੀ, ਇਨ੍ਹਾਂ ਨਾਲ ਸਮਥ (ਮਨ ਦੀ ਸ਼ਾਂਤੀ) ਲਾਭ ਨਹੀ ਹੁੰਦਾ, ਇਨ੍ਹਾਂ ਨਾਲ ਵਿੱਦਿਆ ਹਾਲਸ ਨਹੀਂ ਹੁੰਦੀ, ਇਨ੍ਹਾਂ ਨਾਲ ਪਰੱਗਿਆ ਲਾਭ ਨਹੀਂ ਹੁੰਦਾ ਅਤੇ ਨਾ ਇਹ ਨਿਰਵਾਣ ਵਲ ਵਧਾਉਂਦੇ ਹਨ। ਇਸ ਲਈ ਮੈਂ ਇਨ੍ਹਾਂ ਵਿਸ਼ਿਆਂ ਬਾਰੇ ਆਪਣਾ ਕੋਈ ਮੱਤ ਜ਼ਾਹਿਰ ਨਹੀਂ ਕੀਤਾ ਹੈ।"

"ਮੈਂ ਦੱਸਿਆ ਹੈ ਕਿ ਦੁੱਖ ਕੀ ਹੈ? ਦੁੱਖ ਦਾ ਅਸਲ ਕਾਰਨ ਕੀ ਹੈ? ਦੁੱਖ ਦਾ ਅੰਤ ਕੀ ਹੈ? ਮੈਂ ਦੱਸਿਆ ਹੈ ਕਿ ਦੁੱਖ ਦੇ ਅੰਤ ਦਾ ਕਿਹੜਾ ਰਸਤਾ ਹੈ?"

ਇਨ੍ਹਾਂ ਵਿਸ਼ਿਆਂ ਬਾਰੇ ਵਿਆਖਿਆ ਕਿਉਂ ਕੀਤੀ?

ਕਿਉਂਕਿ ਇਨ੍ਹਾਂ ਨਾਲ ਲੋਕਾਂ ਦਾ ਫਾਇਦਾ ਹੈ, ਇਨ੍ਹਾਂ ਨਾਲ ਧਰਮ ਦਾ ਨਾਤਾ ਹੈ, ਇਨ੍ਹਾਂ ਨਾਲ ਆਦਮੀ ਨੂੰ ਆਪਣਾ ਚਾਲ-ਚਲਣ ਸੋਧਣ ਵਿੱਚ ਮਦਦ ਮਿਲਦੀ ਹੈ, ਇਨ੍ਹਾਂ ਨਾਲ ਵਿਰਾਗ ਵਿੱਚ ਵਾਧਾ ਹੁੰਦਾ ਹੈ, ਇਨ੍ਹਾਂ ਨਾਲ ਰਾਗ-ਦਵੇਸ਼ ਤੋਂ ਮੁਕਤੀ ਮਿਲਦੀ ਹੈ, ਇਨ੍ਹਾਂ ਨਾਲ ਸ਼ਾਂਤੀ ਮਿਲਦੀ ਹੈ, ਇਨ੍ਹਾਂ ਨਾਲ ਸਮਥ (ਮਨ ਦੀ ਸ਼ਾਂਤੀ) ਹੁੰਦੀ ਹੈ, ਇਨ੍ਹਾਂ ਨਾਲ ਵਿਦਿਆ ਪ੍ਰਾਪਤ ਹੁੰਦੀ ਹੈ। ਇਨ੍ਹਾਂ ਨਾਲ ਪਰੱਗਿਆ ਲਾਭ ਹੁੰਦਾ ਹੈ ਅਤੇ ਨਿਰਵਾਣ ਵਲ ਵਧਾਉਂਦੇ ਹਨ। ਇਸ ਲਈ ਮੈਂ ਇਨ੍ਹਾਂ ਵਿਸ਼ਿਆਂ ਦੀ ਵਿਆਖਿਆ ਕੀਤੀ ਹੈ।"

—ਧਰਮ ਨੈਤਿਕਤਾ ਹੈ ਅਤੇ ਜਿਸ ਤਰ੍ਹਾਂ ਧਰਮ ਪਵਿੱਤਰ ਹੈ, ਉਸੇ ਤਰ੍ਹਾਂ ਨੈਤਿਕਤਾ ਵੀ ਪਵਿੱਤਰ ਹੈ।

—ਭਗਵਾਨ ਬੁੱਧ ਅਨੁਸਾਰ ਚਾਰ ਭੌਤਿਕ ਪਦਾਰਥ ਹਨ, ਚਾਰ ਮਹਾਂਭੂਤ ਹਨ। ਜਿਨ੍ਹਾਂ ਨਾਲ ਸਰੀਰ ਬਣਿਆ ਹੈ।(1) ਧਰਤੀ (2) ਪਾਣੀ (3) ਅੱਗ ਅਤੇ (4) ਹਵਾ।

ਸਵਾਲ ਹੈ ਕਿ ਜਦੋਂ ਸਰੀਰ ਦਾ ਮਰਨਾ ਹੁੰਦਾ ਹੈ ਤਾਂ ਇਨ੍ਹਾਂ ਚੌਹ ਮਹਾਂ ਭੂਤਾਂ ਦਾ ਕੀ ਹੁੰਦਾ ਹੈ? ਕੀ ਉਹ ਵੀ ਸਰੀਰ ਦੇ ਨਾਲ ਹੀ ਖਤਮ ਹੋ ਜਾਂਦੇ ਹਨ? ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਵੀ ਮਰ ਜਾਂਦੇ ਹਨ।

ਭਗਵਾਨ ਬੁੱਧ ਨੇ ਕਿਹਾ, "ਨਹੀਂ !ਅਕਾਸ਼ ਵਿੱਚ ਜੋ ਸਮਾਨ ਭੌਤਿਕ ਪਦਾਰਥ ਸਮੂਹਿਕ ਰੂਪ ਵਿੱਚ ਮੌਜੂਦ ਹਨ, ਉਹ ਉਨ੍ਹਾਂ ਵਿੱਚ ਮਿਲ ਜਾਂਦੇ ਹਨ ।

ਪਦਾਰਥ ਪੁਨਰ-ਜਨਮ

ਇਸ ਮੌਜੂਦਾ (ਤੈਰਦੀ ਖੋਈ) ਅੰਬਾਰ (ਢੇਰ) ਵਿੱਚੋਂ ਜਦੋਂ ਇਨ੍ਹਾਂ ਚੌਹਾਂ ਮਹਾਂਭੂਤਾਂ ਦਾ ਮੁੜ ਮੇਲ ਹੁੰਦਾ ਹੈ ਤਾਂ ਪੁਨਰ ਜਨਮ ਹੁੰਦਾ ਹੈ ।

-ਹੁਣ ਭਗਵਾਨ ਬੁੱਧ ਇਹ ਵੀ ਜ਼ੋਰ ਦੇ ਕੇ ਆਖਦੇ ਹਨ ਕਿ ਇਕ ਆਦਮੀ ਜਾਂ ਉਸ ਦੀ ਪੁਸ਼ਤੈਨੀ-ਰੀਤ (ਵਿਰਾਸਤ) ਆਉਣ ਵਾਲੇ ਗੁਣਾਂ 'ਤੇ ਨਿਰਭਰ ਨਹੀਂ ਕਰਦੀ, ਜਿੰਨੀ ਉਸ ਦੇ ਹਾਲਾਤ ਉੱਤੇ ਨਿਰਭਰ ਕਰਦੀ ਹੈ ।

-ਭੁੱਖ (ਪਦਾਰਥਾਂ ਦੀ ਭੁੱਖ, ਪੇਟ ਦੀ ਨਹੀਂ) ਸਭ ਤੋਂ ਵੱਡਾ ਰੋਗ ਹੈ ।ਸੰਸਕਾਰ ਸਭ ਤੋਂ ਵੱਡਾ ਦੁੱਖ ਹੈ । ਜਿਹੜਾ ਇਸ ਅਸਲ ਗੱਲ ਨੂੰ ਜਾਣ ਲੈਂਦਾ ਹੈ, ਉਸ ਦੇ ਲਈ ਨਿਰਵਾਣ ਸਭ ਤੋਂ ਵੱਡਾ ਸੁੱਖ ਹੈ ।ਇਸ ਵਿਚਾਰ ਨਾਲ ਕਿ ਮੇਰੇ ਕੋਲ ਨਿਆਂ ਨਾਲ ਇਕੱਠਾ ਕੀਤਾ ਧਨ ਹੈ, ਉਸ ਨੂੰ ਖੁਸ਼ੀ ਹੁੰਦੀ ਹੈ ।

ਦੂਜਾ ਸੁੱਖ ਜਾਇਦਾਦ ਨੂੰ ਭੋਗਣ ਦਾ ਸੁੱਖ ਹੈ ।ਇਕ ਗ੍ਰਿਹਸਥ ਕੋਲ ਧਾਰਮਿਕ ਤਰੀਕੇ ਨਾਲ ਨਿਆਂ ਨਾਲ, ਬਹੁਤ ਮਿਹਨਤ ਨਾਲ ਬਾਹਾਂ ਦੇ ਜ਼ੋਰ ਨਾਲ ਪਸੀਨਾ ਡੋਲ੍ਹ ਕੇ ਕਮਾਇਆ ਹੋਇਆ ਧਨ ਹੁੰਦਾ ਹੈ ।ਉਹ ਆਪਣੇ ਧਨ ਦਾ ਇਸਤੇਮਾਲ ਕਰਦਾ ਹੈ ਤੇ ਪੁੰਨ-ਕਰਮ ਕਰਦਾ ਹੈ ।ਇਸ ਵਿਚਾਰ ਨਾਲ ਉਸ ਨੂੰ ਖੁਸ਼ੀ ਹੁੰਦੀ ਹੈ ।

-ਜਦੋਂ ਕੌਸ਼ਲ-ਨਰੇਸ਼ ਪਰਸੰਨਚਿੱਤ ਭਗਵਾਨ ਬੁੱਧ ਨਾਲ ਗੱਲਬਾਤ ਕਰ ਰਿਹਾ ਸੀ, ਰਾਜ ਮਹੱਲ ਤੋਂ ਇਕ ਦੂਤ ਆਇਆ ਅਤੇ ਉਸ ਨੇ ਆ ਕੇ ਰਾਜੇ ਦੇ ਕੰਨ ਵਿੱਚ ਸੂਚਨਾ ਦਿੱਤੀ ਕਿ ਮਲਿਕਾ (ਰਾਣੀ) ਨੇ ਇਕ ਪੁੱਤਰੀ ਨੂੰ ਜਨਮ ਦਿੱਤਾ ਹੈ ।ਰਾਜਾ ਬਹੁਤ ਦੁੱਖੀ ਅਤੇ ਮਾਯੂਸ ਹੋ ਗਿਆ ।

ਔਰਤ ਦੀ ਮਹਾਨਤਾ

ਤਦ ਉਸ ਵੇਲੇ ਭਗਵਾਨ ਬੁੱਧ ਨੇ ਆਖਿਆ-" ਮਹਾਰਾਜ !ਇਹ ਹੋ ਸਕਦਾ ਹੈ ਕਿ ਪੁੱਤਰੀ ਪੁੱਤਰ ਤੋਂ ਚੰਗੀ ਨਿਕਲੇ ।ਉਹ ਅਕਲ ਵਾਲੀ ਹੋਵੇ, ਸੁਸ਼ੀਲ ਹੋਵੇ ਅਤੇ ਪਤੀ ਦੇ ਮਾਂ-ਬਾਪ ਦੀ ਸੇਵਾ ਕਰਨ ਵਾਲੀ ਹੋਵੇ ।ਇਕ ਚੰਗੀ ਲੜਕੀ ।

"ਅਤੇ ਹੋ ਸਕਦਾ ਹੈ ਕਿ ਜਿਸ ਪੁੱਤਰ ਨੂੰ ਉਹ ਜਨਮ ਦੇਵੇ ਉਹ ਵੱਡੇ ਕੰਮ ਕਰੇ, ਵੱਡੇ ਰਾਜਾਂ ਉੱਤੇ ਹਕੂਮਤ ਕਰੇ ।ਸ਼ਰੀਫ ਮਾਂ ਦਾ ਅਜਿਹਾ ਪੁੱਤਰ ਆਪਣੇ ਦੇਸ਼ ਦਾ ਨੇਤਾ ਹੋਵੇ ।"

ਦੁਸ਼ਟ ਮਨੁੱਖ

"ਗ੍ਰਿਹਪਤੀਓ !ਇਕ ਪਤੀ ਹੱਤਿਆ ਕਰਦਾ ਹੈ, ਚੋਰੀ ਕਰਦਾ ਹੈ, ਕੁਕਰਮ ਕਰਦਾ ਹੈ, ਝੂਠ ਬੋਲਦਾ ਹੈ, ਨਸ਼ੀਲੀਆਂ ਚੀਜ਼ਾਂ ਪੀਂਦਾ ਹੈ, ਦੁਸ਼ਟ ਹੈ, ਪਾਪੀ ਹੈ, ਲੋਭੀ ਮਨ ਨਾਲ ਗ੍ਰਿਹਸਥ ਜੀਵਨ ਬਿਤਾਉਂਦਾ ਹੈ, ਸਦਾਚਾਰੀਆਂ ਨੂੰ ਕੌੜੇ ਬੋਲ ਬੋਲਦਾ ਹੈ ਅਤੇ ਗਾਲੀਆਂ ਦਿੰਦਾ ਹੈ ।ਉਸ ਦੀ ਪਤਨੀ ਵੀ ਹੱਤਿਆ ਕਰਦੀ ਹੈ, ਚੋਰੀ ਕਰਦੀ ਹੈ, ਕੁਕਰਮ ਕਰਦੀ ਹੈ, ਝੂਠ ਬੋਲਦੀ ਹੈ, ਨਸ਼ੀਲੀਆਂ ਚੀਜ਼ਾਂ ਪੀਂਦੀ ਹੈ, ਦੁਸ਼ਟ ਹੈ, ਪਾਪੀ ਹੈ, ਲੋਭੀ ਮਨ ਨਾਲ ਗ੍ਰਿਹਸਥ ਜੀਵਨ ਬਿਤਾਉਂਦੀ ਹੈ, ਸਦਾਚਾਰੀਆਂ ਨੂੰ ਕੌੜਾ ਬੋਲਦੀ ਹੈ ਅਤੇ ਗਾਲ੍ਹਾਂ ਦਿੰਦੀ ਹੈ ।ਹੇ ਗ੍ਰਿਹਪਤੀਓ !ਇਸ ਤਰ੍ਹਾਂ ਇਕ ਦੁਸ਼ਟ ਆਦਮੀ ਇਕ ਦੁਸ਼ਟ ਔਰਤ ਨਾਲ ਰਹਿੰਦਾ ਹੈ ।

ਅੱਛੇ ਮਨੁੱਖ

ਗ੍ਰਿਹਪਤੀਓ !ਇਕ ਪਤੀ-ਪਤਨੀ ਨਾ ਹੱਤਿਆ ਕਰਦੇ ਹਨ, ਨਾ ਚੋਰੀ ਕਰਦੇ ਹਨ, ਨਾ ਕੁਕਰਮ ਕਰਦੇ ਹਨ, ਨਾ ਝੂਠ ਬੋਲਦੇ ਹਨ, ਨਾ ਨਸ਼ੀਲੀਆਂ ਵਸਤਾਂ ਦੀ ਵਰਤੋਂ ਕਰਦੇ ਹਨ, ਨਾ ਦੁਸ਼ਟ ਹਨ, ਨਾ ਪਾਪੀ ਹਨ, ਨਾ ਲੋਭੀ ਮਨ ਨਾਲ ਗ੍ਰਿਹਸਥ ਜੀਵਨ ਬਿਤਾਉਂਦੇ ਹਨ, ਨਾ ਸਦਾਚਾਰੀਆਂ ਨੂੰ ਕੌੜਾ ਬੋਲਦੇ ਹਨ ਅਤੇ ਨਾ ਗਾਲ੍ਹਾਂ ਦਿੰਦੇ ਹਨ ।ਇਸ ਤਰ੍ਹਾਂ ਗ੍ਰਿਹਪਤੀਓ !ਯਕੀਨਨ ਇਕ ਦੇਵਤਾ ਇਕ ਦੇਵੀ ਨਾਲ ਰਹਿੰਦਾ ਹੈ ।

ਭਿਕਸ਼ੂਆਂ ਨੂੰ ਸੰਬੋਧਤ ਕਰਦਿਆਂ ਭਗਵਾਨ ਬੁੱਧ ਨੇ ਕਿਹਾ :-

ਭਿਕਸ਼ੂਓ !ਇਸ ਸੰਸਾਰ ਵਿੱਚ ਚਾਰ ਤਰ੍ਹਾਂ ਦੇ ਲੋਕ ਹਨ ।

(1) ਜਿਸ ਨੇ ਨਾ ਆਪਣਾ ਭਲਾ ਕੀਤਾ ਅਤੇ ਨਾ ਕਿਸੇ ਦੂਜੇ ਦਾ ਭਲਾ ਕੀਤਾ ।

(2) ਜਿਸਨੇ ਦੂਜਿਆਂ ਦਾ ਭਲਾ ਕੀਤਾ, ਪਰ ਆਪਣਾ ਭਲਾ ਨਹੀਂ ਕੀਤਾ ।

(3) ਜਿਸਨੇ ਆਪਣਾ ਭਲਾ ਕੀਤਾ, ਪਰ ਦੂਜਿਆਂ ਦਾ ਭਲਾ ਨਹੀਂ ਕੀਤਾ ।

(4) ਜਿਸਨੇ ਆਪਣਾ ਵੀ ਭਲਾ ਕੀਤਾ ਅਤੇ ਦੂਜਿਆਂ ਦਾ ਵੀ ਭਲਾ ਕੀਤਾ ।

"ਜਿਸ ਆਦਮੀ ਨੇ ਨਾ ਆਪਣਾ ਭਲਾ ਕਰਨ ਦੀ ਕੋਸ਼ਿਸ਼ ਕੀਤੀ ਨਾ ਦੂਜਿਆਂ ਦਾ ਭਲਾ ਕਰਨ ਦੀ ਕੋਸ਼ਿਸ਼ ਕੀਤੀ, ਉਹ ਸਿਵਿਆਂ (ਸ਼ਮਸ਼ਾਨ) ਦੀ ਉਸ ਲਕੜੀ ਵਾਂਗ ਹੈ, ਜਿਹੜੀ ਦੋਹਾਂ ਸਿਰਿਆਂ ਤੋਂ ਜਲ ਰਹੀ ਹੈ ਅਤੇ ਜਿਸ ਦੇ ਵਿਚਕਾਰ ਗੰਦ ਲੱਗਾ ਹੋਇਆ ਹੈ । ਉਹ ਨਾ ਤਾਂ ਪਿੰਡ ਵਿੱਚ ਹੀ ਜਲਾਉਣ ਦੇ ਕੰਮ ਆਉਂਦੀ ਹੈ ਅਤੇ ਨਾ ਜੰਗਲ ਵਿੱਚ । ਇਸ ਤਰ੍ਹਾਂ ਦਾ ਆਦਮੀ ਨਾ ਸੰਸਾਰ ਦੇ ਕਿਸੇ ਕੰਮ ਦਾ ਹੁੰਦਾ ਹੈ, ਨਾ ਆਪਣੇ ਕਿਸੇ ਕੰਮ ਦਾ ।"

"ਜਿਹੜਾ ਆਪਣਾ ਨੁਕਸਾਨ ਕਰਕੇ ਦੂਜਿਆਂ ਦਾ ਭਲਾ ਕਰਦਾ ਹੈ, ਉਹ ਦੋਹਾਂ ਵਿੱਚੋਂ ਜ਼ਿਆਦਾ ਚੰਗਾ ਹੈ ।"

"ਪਰ ਭਿਕਸ਼ੂਓ ! ਦੋਹਾਂ ਤਰ੍ਹਾਂ ਦੇ ਆਦਮੀਆਂ ਵਿੱਚੋਂ ਸਭ ਤੋਂ ਚੰਗਾ ਤਾਂ ਉਹੀ ਹੈ, ਜਿਸ ਨੇ ਦੂਜਿਆਂ ਦਾ ਭਲਾ ਕਰਨ ਦਾ ਵੀ ਯਤਨ ਕੀਤਾ ਅਤੇ ਆਪਣਾ ਭਲਾ ਕਰਨ ਦਾ ਵੀ ਯਤਨ ਕੀਤਾ ਹੈ ।"

ਸੱਜਣ

-"ਭਿਕਸ਼ੂਓ ! ਇਕ ਆਦਮੀ ਯਕੀਨਨ ਆਪਣੀ ਭਲਾਈ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ ਅਤੇ ਦੂਜਿਆਂ ਦੀ ਭਲਾਈ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ । ਇਹ ਆਦਮੀ ਹੈ ਇਨਸਾਫ ਕਰਨ ਵਾਲਾ ਅਤੇ ਸੱਜਣ ਮੰਨਿਆ ਜਾਣਾ ਚਾਹੀਦਾ ਹੈ ।"

-"ਭਿਕਸ਼ੂਓ ਸ਼ੁੱਭ-ਕਰਮ ਤੋਂ ਨਾ ਝਿਜਕੋ । ਇਹ ਜੋ ਕੁਸ਼ਲ (ਸ਼ੁੱਭ) ਕਰਮ ਸ਼ਬਦ ਹੈ ਇਹ ਇਕ ਤਰ੍ਹਾਂ ਨਾਲ 'ਸੁੱਖ' ਦਾ, ਜਾਂ ਜਿਸ ਦੀ ਅਸੀਂ ਇੱਛਾ ਕਰਦੇ ਹਾਂ, ਉਸ ਦਾ, ਜਾਂ ਜੋ ਕੁਝ ਸਾਨੂੰ ਪਿਆਰਾ ਹੈ, ਉਸ ਦਾ ਜਾਂ ਹੋਰ ਕੁਝ ਸਾਨੂੰ ਆਨੰਦ ਦੇਣ ਵਾਲਾ ਹੈ, ਉਸ ਦਾ ਸਮਾਨ-ਅਰਥ ਵਾਲਾ ਇਕ ਸ਼ਬਦ ਹੀ ਹੈ । ਭਿਕਸ਼ੂਓ ! ਮੈਂ ਹਮੇਸ਼ਾਂ ਗਵਾਹ ਹਾਂ ਕਿ ਮੈਂ ਖੁਦ ਬਹੁਤ ਸਮੇਂ ਤੱਕ ਸ਼ੁੱਭ-ਕਰਮਾਂ ਦੀ ਇੱਛਾ ਵਾਲੇ ਚੰਗੇ ਲੱਗਣ ਵਾਲੇ, ਪਿਆਰੇ ਅਤੇ ਆਨੰਦ ਦੇਣ ਵਾਲੇ ਫਲ ਦਾ ਸੁਖ ਮਾਣਿਆ ਹੈ ।"

"ਮੈਂ ਅਕਸਰ ਆਪਣੇ ਆਪ ਤੋਂ ਪੁਛਦਾ ਹਾਂ ਕਿ ਕਿਸ ਸ਼ੁੱਭ-ਕਰਮ ਦਾ ਨਤੀਜਾ ਹੈ, ਇਹ ਕਿਸ ਸ਼ੁੱਭ-ਕਰਮ ਦਾ ਫਲ ਹੈ ਕਿ ਇਸ ਵਕਤ ਐਨਾ ਸੰਤੁਸ਼ਟ ਅਤੇ ਸੁਖੀ ਹਾਂ ।"

"ਜਿਹੜਾ ਜਵਾਬ ਮੈਨੂੰ ਮਿਲਦਾ ਹੈ, ਉਹ ਇਹ ਹੈ ਕਿ ਇਹ ਤਿੰਨ ਸ਼ੁੱਭ-ਕਰਮਾਂ ਦਾ ਫਲ ਹੈ, ਦਾਨ ਦਾ, ਸ਼ੀਲ ਦਾ ਅਤੇ ਸੰਜਮ ਦਾ ।"

"ਉਹ ਘੜੀ ਸ਼ੁੱਭ ਹੁੰਦੀ ਹੈ, ਉਹ ਘੜੀ ਖੁਸ਼ੀ ਕਰਨ ਦੀ ਘੜੀ ਹੁੰਦੀ ਹੈ, ਉਹ ਘੜੀ ਆਨੰਦ ਮਨਾਉਣ ਦੀ ਘੜੀ ਹੁੰਦੀ ਹੈ । ਉਹ ਘੜੀ ਮੰਗਲਮਈ ਮਹੂਰਤ ਹੁੰਦੀ ਹੈ ਜਦੋਂ ਦਾਨ ਦੇ ਯੋਗ ਹੱਕਦਾਰ ਨੂੰ ਦਾਨ ਦਿੱਤਾ ਜਾਂਦਾ ਹੈ, ਜਦੋਂ ਸ਼ੁੱਭ ਕਰਮ, ਸ਼ੁੱਭ ਬਚਨ ਅਤੇ ਸ਼ੁੱਭ ਵਿਚਾਰਾਂ ਦੇ ਨਤੀਜੇ ਵਜੋਂ ਇਨ੍ਹਾਂ ਦੀ ਮਸ਼ਕ ਕਰਨ ਵਾਲਿਆਂ ਨੂੰ ਸ਼ੁੱਭ ਫਲ ਦੀ ਪ੍ਰਾਪਤੀ ਹੁੰਦੀ ਹੈ ।"

ਭਾਗਾਂ ਵਾਲੇ ਹਨ ਉਹ ਜਿਨ੍ਹਾਂ ਨੂੰ ਇਸ ਲਾਭ ਦੀ ਪ੍ਰਾਪਤੀ ਹੁੰਦੀ ਹੈ । ਇਸ ਲਈ ਤੁਸੀਂ ਵੀ ਆਪਣੇ ਸਾਕ-ਸੰਬੰਧੀਆਂ ਸਮੇਤ ਅਰੋਗ ਅਤੇ ਸੁਖੀ ਰਹਿੰਦੇ ਹੋਏ ਸਤ ਪੱਥ (ਚੰਗੇ ਰਾਹ) ਦੀ ਖੁਸ਼ਹਾਲੀ ਨੂੰ ਪ੍ਰਾਪਤ ਕਰੋ ।"

ਭਿਕਸ਼ੂਓ, ਪਵਿੱਤਰ ਅਤੇ ਸੁਖੀ ਜ਼ਿੰਦਗੀ ਬਿਤਾਉਣ ਲਈ ਸ਼ੁੱਭ-ਸੰਕਲਪ (ਸ਼ੁੱਧ ਨਿਸ਼ਾਨਾ) ਦੀ ਬਹੁਤ ਹੀ ਲੋੜ ਹੈ ।

(1) ਸੰਕਲਪ ਹੋਣਾ ਚਾਹੀਦਾ ਹੈ ਕਿ ਅਸੀਂ ਜ਼ਿੰਦਗੀ ਭਰ ਮਾਂ-ਬਾਪ ਦੀ ਸੇਵਾ ਕਰਾਂਗੇ ।(2) ਸੰਕਲਪ ਹੋਣਾ ਚਾਹੀਦਾ ਹੈ ਕਿ ਅਸੀਂ ਵੱਡਿਆਂ ਦਾ ਸਤਿਕਾਰ ਕਰਾਂਗੇ ।(3) ਅਸੀਂ ਮਿੱਠਾ ਬੋਲਣ ਵਾਲੇ ਰਹਾਂਗੇ ।(4) ਅਸੀਂ ਕਿਸੇ ਦੀ ਬੁਰਾਈ ਨਹੀਂ ਕਰਾਂਗੇ ।(5) ਅਸੀਂ ਆਪਣੇ ਹਿਰਦੇ ਨੂੰ ਸੁਆਰਥਪਣ ਤੋਂ ਮੁਕਤ ਕਰਕੇ, ਦਾਨਸ਼ੀਲ ਹੋ ਕੇ ਰਹਾਂਗੇ ।(6) ਕਿ ਸਾਨੂੰ ਜੋ ਕੁਝ ਪ੍ਰਾਪਤ ਹੋਵੇਗਾ, ਉਹ ਅਸੀਂ ਦੂਜਿਆਂ ਨਾਲ ਵੰਡ ਕੇ ਗ੍ਰਹਿਣ ਕਰਾਂਗੇ ।(7) ਅਸੀਂ ਜ਼ਿੰਦਗੀ ਭਰ ਸ਼ਾਂਤ ਰਹਾਂਗੇ ਅਤੇ ਜੇ ਕ੍ਰੋਧ ਪੈਦਾ ਹੋਇਆ ਤਾਂ ਅਸੀਂ ਉਸ ਨੂੰ ਸ਼ਾਂਤ ਕਰ ਲਵਾਂਗੇ।

ਭਿਕਸ਼ੂਓ ! ਇਹ ਸੱਤ ਸੰਕਲਪ ਹਨ, ਜਿਨ੍ਹਾਂ ਨੂੰ ਤੁਸੀਂ ਆਪਣੇ ਮਨ ਵਿੱਚ ਜਗ੍ਹਾ ਦੇਣ ਨਾਲ ਅਤੇ ਜਿਨ੍ਹਾਂ ਦੇ ਮੁਤਾਬਿਕ ਅਮਲ ਕਰਨ ਨਾਲ ਜ਼ਿੰਦਗੀ ਨੂੰ ਸੁਖੀ ਅਤੇ ਪਵਿੱਤਰ ਬਣਾ ਸਕੋਗੇ ।"

ਰੱਬ ਨੂੰ ਬੇਨਤੀਆਂ ਅਤੇ ਮਿੰਨਤਾ ਕਰਨਾ ਫਜ਼ੂਲ

ਇਕ ਵਾਰ ਭਗਵਾਨ ਬੁੱਧ ਨੇ ਵਾਸੇਠ ਨਾਲ ਗੱਲਬਾਤ ਕਰਦਿਆਂ ਕਿਹਾ-

'ਜੇ ਇਹ ਨਦੀ ਕੰਢਿਆਂ ਤਕ ਪੂਰੀ ਤਰ੍ਹਾਂ ਭਰੀ ਹੋਈ ਹੋਵੇ ਅਤੇ ਇਕ ਆਦਮੀ, ਜਿਸ ਨੂੰ ਨਦੀ ਦੇ ਦੂਜੇ ਕੰਢੇ ਕੰਮ ਹੋਵੇ, ਇਸ ਨੂੰ ਪਾਰ ਕਰਨਾ ਚਾਹੇ ਅਤੇ ਕੰਢੇ ਉੱਤੇ ਖੜ੍ਹਾ ਹੋ ਕੇ ਉਹ ਦੂਜੇ ਕੰਢੇ (ਕਿਨਾਰੇ) ਨੂੰ ਆਵਾਜ਼ ਦੇਵੇ, 'ਹੇ ਉਧਰਲੇ ਕਿਨਾਰੇ (ਕੰਢੇ) ! ਇਧਰ ਆ ਜਾ ! ਹੇ ਉਧਰਲੇ ਕੰਢੇ ! ਇਧਰ ਆ !'

'ਹੇ ਵਾਸੇਠ, ਹੁਣ ਸੋਚੋ ਕਿ ਕੀ ਉਸ ਆਦਮੀ ਦੀ ਬੇਣਤੀ ਕਰਨ ਨਾਲ, ਮਿੰਨਤ ਕਰਨ ਨਾਲ, ਆਸ ਲਾਉਣ ਨਾਲ ਜਾਂ ਸਤੁਤੀ ਕਰਨ ਨਾਲ ਉਹ ਦੂਜਾ ਕੰਢਾ ਉਧਰੋਂ ਇਧਰ ਚਲਾ ਆਵੇਗਾ ?

'ਬਿਲਕੁਲ ਇਸੇ ਤਰ੍ਹਾਂ ਤਿੰਨਾਂ ਵੇਦਾਂ ਦੇ ਜਾਣਕਾਰ ਬ੍ਰਾਹਮਣ ਉਨ੍ਹਾਂ ਗੁਣਾਂ ਦੀ ਅਣਦੇਖੀ ਕਰਕੇ, ਜੋ ਅਸਲ ਵਿੱਚ ਕਿਸੇ ਨੂੰ ਚੰਗਾ ਬ੍ਰਾਹਮਣ ਬਣਾਉਂਦੇ ਹਨ, ਉਨ੍ਹਾਂ ਭੈੜੇ ਗੁਣਾਂ ਦੀ ਮਸ਼ਕ ਕਰਦੇ ਹਨ, ਜੋ ਕਿਸੇ ਨੂੰ ਵੀ ਅ-ਬ੍ਰਾਹਮਣ ਬਣਾਉਂਦੇ ਹਨ-ਅਜਿਹੀਆਂ ਬੇਨਤੀਆਂ ਕਰਦੇ ਹਨ :

'ਹੇ ਇੰਦਰ ! ਅਸੀਂ ਤੈਨੂੰ ਬੁਲਾਵਾ ਦਿੰਦੇ ਹਾਂ । ਹੇ ਇਸ਼ਾਨ ! ਅਸੀਂ ਤੈਨੂੰ ਸੱਦਦੇ ਹਾਂ । ਹੇ ਪਰਜਾਪਤੀ । ਅਸੀਂ ਤੈਨੂੰ ਬੁਲਾਉਂਦੇ ਹਾਂ । ਹੇ ਬ੍ਰਹਮ ! ਅਸੀਂ ਤੈਨੂੰ ਸੱਦਾ ਦਿੰਦੇ ਹਾਂ ।

"ਵਾਸੇਠ ! ਇਹ ਪੱਕਾ ਹੈ ਕਿ ਅਜਿਹਾ ਹੋ ਹੀ ਨਹੀਂ ਸਕਦਾ ਕਿ ਆਪਣੀਆਂ ਬੇਨਤੀਆਂ ਅਤੇ ਮਿੰਨਤਾ, ਆਪਣੀਆਂ ਆਸਾਂ ਅਤੇ ਆਪਣੀਆਂ ਸਤੁਤੀਆਂ ਕਰਕੇ ਇਹ ਬ੍ਰਾਹਮਣ ਆਪਣੀ ਮੌਤ ਤੋਂ ਬਾਅਦ 'ਬ੍ਰਹਮ' ਵਿੱਚ ਲੀਨ (ਇੱਕ-ਮਿੱਕ) ਹੋ ਜਾਣ । ਇਹ ਬਿਲਕੁਲ ਹੋ ਹੀ ਨਹੀਂ ਸਕਦਾ ।"

-"ਨਾ ਮੱਛੀ ਦੇ ਮਾਸ ਤੋਂ ਹਟੇ ਰਹਿਣ ਨਾਲ, ਨਾ ਨੰਗੇ ਰਹਿਣ ਨਾਲ, ਨਾ ਸਿਰ ਮੁਨਾਉਣ ਨਾਲ, ਨਾ ਜਟਾਵਾਂ ਰੱਖਣ ਨਾਲ, ਨਾ ਭਭੂਤ ਮਲਣ ਨਾਲ, ਨਾ ਮ੍ਰਿਗ ਛਾਲ ਪਾਉਣ ਨਾਲ, ਨਾ ਅੱਗ ਦੀ ਪੂਜਾ ਕਰਨ ਨਾਲ, ਨਾ ਅੰਮ੍ਰਿਤ-ਪ੍ਰਾਪਤੀ ਨਮਿੱਤ ਤਮਾਮ ਤਰ੍ਹਾਂ ਦੀਆਂ ਤਪੱਸਿਆਵਾਂ ਕਰਨ ਨਾਲ, ਨਾ ਮੰਤਰ-ਜਾਪ ਕਰਨ ਨਾਲ, ਨਾ ਬਲੀਆਂ ਚੜ੍ਹਾਉਣ ਨਾਲ ਅਤੇ ਨਾ ਮੌਸਮ ਅਨੁਸਾਰ ਵੱਖਰੇ ਯੱਗ ਆਦਿ ਕਰਨ ਨਾਲ ਹੀ ਉਹ ਆਦਮੀ ਸ਼ੁੱਧ ਹੋ ਸਕਦਾ ਹੈ, ਜਿਸ ਦੇ ਸ਼ੱਕ ਦੂਰ ਨਹੀਂ ਹੋਏ ।"

-ਅਜਿਹਾ ਅਭਿਆਸ ਪਾਉਣਾ ਚਾਹੀਦਾ ਹੈ ਕਿ ਜਦ ਸਾਨੂੰ ਰਾਜਿਆਂ ਵੱਲੋਂ ਲਾਭ-ਸਤਿਕਾਰ, ਖੁਸ਼ਾਮਦ ਅਤੇ ਭੇਟਾਂ ਆਦਿ ਮਿਲਣਗੀਆਂ, ਅਸੀਂ ਉਨ੍ਹਾਂ ਨੂੰ ਨਾ ਕਬੂਲ ਕਰਾਂਗੇ ਅਤੇ ਜਦ ਉਹ ਸਿਰ 'ਤੇ ਹੀ ਆ ਪਵੇ ਤਾਂ ਉਹ ਸਾਨੂੰ ਜਕੜ ਨਹੀਂ ਪਾਉਣਗੀਆਂ, ਸਾਡੇ ਹਿਰਦੇ ਵਿਚ ਉਨ੍ਹਾਂ ਦੀ ਕੋਈ ਖ਼ਾਸ ਥਾਂ ਨਹੀਂ ਹੋਵੇਗੀ ਅਤੇ ਉਹ ਸਾਨੂੰ ਰਾਜ ਕੁਮਾਰਾਂ ਦਾ ਗੁਲਾਮ ਨਹੀਂ ਬਣਾ ਸਕਣਗੀਆਂ ।"

ਅਧਾਰਮਿਕ ਦਾ ਅਰਥ ਭ੍ਰਿਸ਼ਟ, ਭ੍ਰਿਸ਼ਟਾਚਾਰੀ

ਭਿਕਸ਼ੂਓ ! ਅਜਿਹੇ ਸਮੇਂ ਜਦੋਂ ਰਾਜਾ ਅਧਾਰਮਿਕ ਹੋ ਜਾਂਦੇ ਹਨ ਤਾਂ ਉਨ੍ਹਾਂ ਦੇ ਮੰਤਰੀ ਅਤੇ ਅਫਸਰ ਵੀ ਅਧਾਰਮਿਕ ਹੋ ਜਾਂਦੇ ਹਨ । ਜਦੋਂ ਮੰਤਰੀ ਅਤੇ ਅਫਸਰ ਵੀ ਅਧਾਰਮਿਕ ਹੋ ਜਾਂਦੇ ਹਨ ਤਾਂ ਬ੍ਰਾਹਮਣ ਅਤੇ ਗ੍ਰਿਹਪਤੀ ਵੀ ਅਧਾਰਮਿਕ ਹੋ ਜਾਂਦੇ ਹਨ । ਜਦੋਂ ਬ੍ਰਾਹਮਣ ਅਤੇ ਗ੍ਰਿਹਪਤੀ ਅਧਾਰਮਿਕ ਹੋ ਜਾਂਦੇ ਹਨ ਤਾਂ ਸ਼ਹਿਰਾਂ ਅਤੇ ਪਿੰਡਾਂ ਦੇ ਪੇਂਡੂ ਵੀ ਅਧਾਰਮਿਕ ਹੋ ਜਾਂਦੇ ਹਨ ।

ਯਥਾ ਰਾਜਾ ਤਥਾ ਪਰਜਾ

ਪਰ ਭਿਕਸ਼ੂਓ ! ਅਜਿਹੇ ਸਮੇਂ ਜਦੋਂ ਰਾਜਾ ਧਾਰਮਿਕ ਹੁੰਦੇ ਹਨ ਤਾਂ ਉਨ੍ਹਾਂ ਦੇ ਮੰਤਰੀ ਅਤੇ ਅਫਸਰ ਵੀ ਧਾਰਮਿਕ ਹੋ ਜਾਂਦੇ ਹਨ । ਜਦੋਂ ਮੰਤਰੀ ਅਤੇ ਅਫਸਰ ਧਾਰਮਿਕ ਰਹਿੰਦੇ ਹਨ ਤਾਂ ਬ੍ਰਾਹਮਣ ਅਤੇ ਗ੍ਰਿਹਪਤੀ ਵੀ ਧਾਰਮਿਕ ਹੋ ਜਾਂਦੇ ਹਨ । ਜਦੋਂ ਬ੍ਰਾਹਮਣ ਅਤੇ ਗ੍ਰਿਹਪਤੀ ਧਾਰਮਿਕ ਰਹਿੰਦੇ ਹਨ ਤਾਂ ਸ਼ਹਿਰਾਂ ਦੇ ਸ਼ਹਿਰੀ ਅਤੇ ਪਿੰਡਾਂ ਦੇ ਪੇਂਡੂ ਵੀ ਧਾਰਮਿਕ ਹੋ ਜਾਂਦੇ ਹਨ ।

"ਇਸ ਤਰ੍ਹਾਂ ਆਦਮੀਆਂ ਵਿੱਚ ਜਿਹੜਾ ਮੁਖੀਆ ਹੁੰਦਾ ਹੈ, ਜੇ ਉਹ ਚੰਗੇ ਰਾਹ 'ਤੇ ਚਲਣ ਵਾਲਾ ਹੁੰਦਾ ਹੈ ਤਾਂ ਦੂਜੇ ਵੀ ਚੰਗੇ ਰਾਹ 'ਤੇ ਚਲਣ ਵਾਲੇ ਹੁੰਦੇ ਹਨ । ਜਦੋਂ ਰਾਜਾ ਧਾਰਮਿਕ ਹੁੰਦਾ ਹੈ ਤਾਂ ਸਾਰਾ ਰਾਜ ਸੁਖੀ ਰਹਿੰਦਾ ਹੈ ।"

ਤਥਾਗਤ ਨੇ ਆਨੰਦ ਨੂੰ ਸੰਬੋਧਤ ਕਰਕੇ ਪੁੱਛਿਆ, "ਆਨੰਦ ! ਕੀ ਤੂੰ ਸੁਣਿਆ ਹੈ ਕਿ ਵੱਜੀਗਣ ਦੇ ਲੋਕ ਅਕਸਰ ਆਪਣੀਆਂ ਆਮ ਸਭਾਵਾਂ ਦੀਆਂ ਬੈਠਕਾਂ ਕਰਦੇ ਰਹਿੰਦੇ ਹਨ ?"

"ਹੇ ਭਗਵਾਨ ! ਮੈਂ ਅਜਿਹਾ ਸੁਣਿਆ ਹੈ ।" ਆਨੰਦ ਨੇ ਜਵਾਬ ਦਿੱਤਾ ।"

ਤਥਾਗਤ ਨੇ ਕਿਹਾ, "ਆਨੰਦ ! ਜਦੋਂ ਤੱਕ ਵੱਜੀ ਆਪਣੀਆਂ ਆਮ ਸਭਾਵਾਂ ਦੀਆਂ ਬੈਠਕਾਂ ਕਰਦੇ ਰਹਿਣਗੇ, ਤਦ ਤੱਕ ਵੱਜੀਆਂ ਦਾ ਵਾਧਾ ਹੀ ਹੁੰਦਾ ਰਹੇਗਾ, ਉਨ੍ਹਾਂ ਦਾ ਨਾਸ਼ ਨਹੀਂ ਹੋਵੇਗਾ ।"

"ਆਨੰਦ ! ਜਦੋਂ ਤੱਕ ਵੱਜੀ ਮਿਲ-ਜੁਲ ਕੇ ਬੈਠਣਗੇ, ਮਿਲ-ਜੁਲ ਕੇ ਉਠਣਗੇ ਅਤੇ ਮਿਲਜੁਲ ਕੇ ਆਪਣੇ ਫੈਸਲਿਆਂ ਨੂੰ ਕਾਰਜ ਰੂਪ ਦਿੰਦੇ ਰਹਿਣਗੇ ਤਦ ਤੱਕ ਉਨ੍ਹਾਂ ਦਾ ਰਾਜ ਹੋਵੇਗਾ ।"

'ਆਨੰਦ !ਜਦੋਂ ਤੱਕ ਉਹ ਬਿਨਾਂ ਨੇਮ ਬਣਾਏ ਕੋਈ ਕਾਰਵਾਈ ਨਹੀਂ ਕਰਨਗੇ, ਜੋ ਨੇਮ ਬਣ ਚੁੱਕੇ ਹਨ, ਉਸ ਨੂੰ ਨਹੀਂ ਤੋੜਨਗੇ ਅਤੇ ਪੁਰਾਣੇ ਸਮੇ ਤੋਂ ਚਲੀ ਆਈ ਵੱਜੀਆਂ ਦੀ ਰੀਤ ਦੇ ਮੁਤਾਬਿਕ ਕੰਮ ਕਰਨਗੇ ਤਦ ਤੱਕ ਉਨ੍ਹਾਂ ਦਾ ਰਾਜ ਹੋਵੇਗਾ ।"

-"ਇਕ ਆਦਮੀ ਦੂਜੇ ਦੀ ਇੱਛਾ ਮੁਤਾਬਿਕ ਹਾਨੀ ਕਰ ਸਕਦਾ ਹੈ, ਪਰ ਜਿਸ ਦੀ ਹਾਨੀ ਹੁੰਦੀ ਹੈ ਉਹ ਵੀ ਫੇਰ ਦੂਜੇ ਨੂੰ ਹਾਨੀ ਪੁੰਚਾਉਂਦਾ ਹੈ ।"

"ਦੂਜੇ ਤੱਕ ਪਾਪ-ਕਰਮ ਫਲ ਦੇਣਾ ਸ਼ੁਰੂ ਨਹੀਂ ਕਰਦਾ ਉਦੋਂ ਤੱਕ ਮੂਰਖ ਆਦਮੀ ਆਨੰਦ ਮਨਾ ਸਕਦਾ ਹੈ ।ਪਰ ਜਦੋਂ ਪਾਪ-ਕਰਮ ਫਲ ਦਿੰਦਾ ਹੈ, ਤਦ ਮੂਰਖ ਆਦਮੀ ਦੁਖੀ ਹੁੰਦਾ ਹੈ ।"

"ਇਸ ਤਰ੍ਹਾਂ ਕਰਮ ਦੇ ਕਰਮ ਪ੍ਰਤੀ ਕਰਮ ਵਿਕਾਸ ਦੇ ਨਤੀਜੇ ਵਜੋਂ ਜਿਹੜਾ ਆਦਮੀ ਦੂਜੇ ਨੂੰ ਦੁੱਖ ਦਿੰਦਾ ਹੈ, ਉਹ ਦੁੱਖ ਪਾਉਂਦਾ ਹੈ ।"

"ਜਿਸ ਤਰ੍ਹਾਂ ਮਾਂ ਆਪਣੀ ਜਾਨ ਦੇ ਕੇ ਵੀ ਆਪਣੇ ਇਕਲੌਤੇ ਬੱਚੇ ਨਾਲ ਪਿਆਰ ਕਰਦੀ ਹੈ, ਅਜਿਹੀ ਹੀ ਭਾਵਨਾ ਸਾਰੇ ਜੀਵਾਂ ਲਈ ਰੱਖੋ, ਉਪਰ, ਥੱਲੇ, ਚਾਰੇ ਪਾਸੇ ਅਸੀਮ ਮੈਤਰੀ ਭਾਵਨਾ ਰੱਖੋ-ਜਿਸ ਵਿੱਚ ਨਫਰਤ ਦਾ ਲਵ-ਲੇਸ਼ (ਭੋਰਾ) ਨਾ ਹੋਵੇ, ਦੁਸ਼ਮਣੀ ਦਾ ਭੋਰਾ ਨਾ ਹੋਵੇ ।"

"ਖਲੋਤੇ ਸਮੇਂ, ਚਲਦੇ ਸਮੇਂ, ਬੈਠੇ ਰਹਿੰਦੇ ਸਮੇਂ, ਲੇਟੇ ਰਹਿੰਦੇ ਸਮੇਂ, ਇਹੋ ਭਾਵਨਾ ਰੱਖੋ-ਇਹੋ ਬ੍ਰਹਮ ਵਿਹਾਰ ਕਹਾਉਂਦੀ ਹੈ ।"

-"ਤੁਹਾਡੇ ਵਿਚੋਂ ਦੋ, ਇਕ ਦਿਸ਼ਾ ਵਿੱਚ ਨਾ ਜਾਉ ।ਭਿਕਸ਼ੂਓ !ਉਸ ਧਰਮ ਦੀ ਦੇਸ਼ਨਾ (ਉਪਦੇਸ਼) ਕਰੋ ਜੋ ਸ਼ੁਰੂ ਵਿੱਚ ਕਲਿਆਣਕਾਰੀ ਹੈ, ਜੋ ਮੱਧ ਵਿੱਚ ਕਲਿਆਣਕਾਰੀ ਹੈ, ਜੋ ਅੰਤ ਵਿੱਚ ਕਲਿਆਣਕਾਰੀ ਹੈ । ਭਿਕਸ਼ੂਓ !ਅਰਥ ਅਤੇ ਸ਼ਬਦਾਂ ਨਾਲ ਭਰੇ ਅਜਿਹੇ ਧਰਮ ਦੀ ਦੇਸ਼ਨਾ ਕਰੋ ਜੋ ਸ਼ੁੱਧ ਅਤੇ ਮਹਾਨ ਜੀਵਨ ਹੈ ।ਦੁੱਖ ਨਾਲ ਜਲ ਰਹੇ ਇਸ ਸਾਰੇ ਸੰਸਾਰ ਵਿੱਚ ਜਾਉ, ਹਰ ਥਾਂ ਸਿੱਖਿਆ ਦਿਉ ।ਸਾਰੇ ਅਗਿਆਨੀਆਂ ਨੂੰ ਗਿਆਨ ਦਿਉ ।"

"ਇਸ ਲਈ ਜਾਉ, ਇਕੱਲੇ-ਇਕੱਲੇ ਜਾਉ ।ਦਯਾ ਨਾਲ ਪ੍ਰੇਰਿਤ ਹੋ ਕੇ ਜਾਉ ।ਲੋਕਾਂ ਨੂੰ (ਬੰਧਨ) ਮੁਕਤ ਕਰੋ ਅਤੇ ਉਨ੍ਹਾਂ ਨੂੰ ਦੀਕਸ਼ਤ ਕਰੋ ।"

-"ਭਿਕਸ਼ੂਓ !ਜੇ ਕੋਈ ਮੇਰੀ ਨਿੰਦਿਆ ਕਰੇ, ਧਰਮ ਦੀ ਨਿੰਦਿਆ ਕਰੇ ਜਾਂ ਸੰਘ ਦੀ ਨਿੰਦਿਆ ਕਰੇ ਤਾਂ ਇਸ ਦਾ ਤੁਹਾਨੂੰ ਬੁਰਾ ਨਹੀਂ ਮਨਾਉਣਾ ਚਾਹੀਦਾ ।ਇਸ ਨਾਲ ਤੁਹਾਡੇ ਹਿਰਦੇ ਵਿੱਚ ਜਲਣ ਨਹੀਂ ਹੋਣੀ ਚਾਹੀਦੀ, ਇਸ ਨਾਲ ਕ੍ਰੋਧ ਨਹੀਂ ਆਉਣਾ ਚਾਹੀਦਾ ।"

-ਜੇ ਤੁਸੀਂ ਇਸ ਕਰਕੇ ਕ੍ਰੋਧ ਜਾਂ ਦਵੇਸ਼ ਨੂੰ ਆਪਣੇ ਮਨ ਵਿੱਚ ਥਾਂ ਦਿਓਗੇ, ਤਾਂ ਇਸ ਨਾਲ ਤੁਹਾਡਾ ਹੀ ਨੁਕਸਾਨ ਹੈ ।ਜਦੋਂ ਕੋਈ ਬੁੱਧ, ਧਰਮ ਜਾਂ ਸੰਘ ਦੀ ਨਿੰਦਿਆ ਕਰੇ ਅਤੇ ਤੁਸੀਂ ਉਸ ਨਾਲ ਗੁੱਸੇ ਹੋ ਜਾਓ ਅਤੇ ਭੜਕ ਜਾਓ, ਤਾਂ ਕੀ ਤੁਸੀਂ ਇਸ ਦਾ ਵਿਚਾਰ ਕਰ ਸਕੋਗੇ ਕਿ ਉਸ ਨੇ ਜੋ ਕੁਝ ਕਿਹਾ, ਉਹ ਠੀਕ ਹੈ ਜਾਂ ਨਹੀਂ ?

"ਲੇਕਿਨ ਜਦੋਂ ਦੂਜੇ ਲੋਕ ਮੇਰੀ ਨਿੰਦਿਆ ਕਰਨ, ਧਰਮ ਦੀ ਨਿੰਦਿਆ ਕਰਨ, ਸੰਘ ਦੀ ਨਿੰਦਿਆ ਕਰਨ ਤਾਂ ਜਿਹੜੀ ਗੱਲ ਠੀਕ ਨਾ ਹੋਵੇ, ਉਸ ਨੂੰ ਤੁਹਾਨੂੰ ਹੀ ਗਲਤ ਕਹਿਣਾ ਚਾਹੀਦਾ ਹੈ, ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਫਲਾਣੀ ਵਜ੍ਹਾ ਨਾਲ ਇਹ ਗੱਲ ਇਜ ਨਹੀਂ ।ਇਹ ਗੱਲ ਸਾਡੇ ਵਿੱਚ ਨਹੀਂ ਪਾਈ ਜਾਂਦੀ, ਇਹ ਗੱਲ ਸਾਡੇ ਵਿੱਚ ਨਹੀਂ ਹੁੰਦੀ ।"

-'ਭਿਕਸ਼ੂਓ ! ਮੈਂ ਸੰਸਾਰ ਨਾਲ ਨਹੀਂ ਝਗੜਦਾ ।ਬਲਕਿ ਸੰਸਾਰ ਹੀ ਮੇਰੇ ਨਾਲ ਝਗੜਦਾ ਹੈ ।ਸੱਚ ਦਾ ਉਪਦੇਸ਼ ਸੰਸਾਰ ਵਿੱਚ ਕਦੀ ਕਿਸੇ ਨਾਲ ਨਹੀਂ ਝਗੜਦਾ ।'

"ਜੋਧਾ, ਜੋਧਾ, ਅਸੀਂ ਆਪਣੇ ਆਪ ਨੂੰ ਕਹਿੰਦੇ ਹਾਂ । ਭਗਵਾਨ ! ਅਸੀਂ ਜੋਧਾ ਕਿਵੇਂ ਹਾਂ ?"

"ਭਿਕਸ਼ੂਓ ! ਅਸੀਂ ਯੁੱਧ ਕਰਦੇ ਹਾਂ, ਇਸ ਲਈ ਜੋਧਾ ਅਖਵਾਉਂਦੇ ਹਾਂ ।"

"ਭਗਵਾਨ ! ਅਸੀਂ ਕਿਸ ਗੱਲ ਲਈ ਯੁੱਧ ਕਰਦੇ ਹਾਂ ?"

"ਭਿਕਸ਼ੂਓ ! ਅਸੀਂ ਵਧੀਆ-ਸ਼ੀਲ ਲਈ ਯੁੱਧ ਕਰਦੇ ਹਾਂ, ਉੱਤਮ ਅਪ੍ਰਮਾਦ ਲਈ ਯੁੱਧ ਕਰਦੇ ਹਾਂ, ਉੱਤਮ ਪਰੱਗਿਆ ਲਈ ਯੁੱਧ ਕਰਦੇ ਹਾਂ ।"

"ਜਿੱਥੇ ਸ਼ੀਲ ਨੂੰ ਖਤਰਾ ਹੋਵੇ, ਸੰਘਰਸ਼ ਤੋਂ ਨਾ ਘਬਰਾਓ, ਅਜਿਹੇ ਸਮੇਂ ਭਿੱਜੀ ਬਿੱਲੀ ਬਣਕੇ ਨਾ ਬੈਠੇ ਰਹੋ ।"

-"ਕੋਈ ਵੀ ਧਰਮ ਆਦਮੀ ਦਾ ਸੱਚਾ ਧਰਮ ਤਾਂ ਹੀ ਅਖਵਾ ਸਕਦਾ ਹੈ, ਜਦੋਂ ਉਹ ਉਸ ਨੂੰ ਬੁਰੀਆਂ ਗੱਲਾਂ ਦਾ ਤਿਆਗ ਕਰਨ ਦੀ ਸਿੱਖਿਆ ਦੇਵੇ । ਜੀਵਾਂ ਦੀ ਹਿੰਸਾ ਕਰਨਾ, ਚੋਰੀ ਕੁਕਰਮ ਅਤੇ ਝੂਠ-ਇਹ ਚਾਰ ਭੈੜੀਆਂ ਗੱਲਾਂ ਹਨ, ਜਿਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ।"

-"ਕੋਈ ਵੀ ਧਰਮ ਆਦਮੀ ਦਾ ਧਰਮ ਤਾਂ ਹੋ ਸਕਦਾ ਹੈ, ਜੇ ਉਹ ਉਸ ਨੂੰ ਆਪਣੇ ਧਨ ਨੂੰ ਬਰਬਾਦ ਕਰਨ ਦੀ ਸਿੱਖਿਆ ਨਾ ਦੇਵੇ । ਆਦਮੀ ਦਾ ਪੈਸਾ ਸ਼ਰਾਬ ਪੀਣ ਦੀ ਆਦਤ ਪੈ ਜਾਣ 'ਤੇ ਬਰਬਾਦ ਹੁੰਦਾ ਹੈ, ਗਲਤ ਵੇਲੇ ਤੇ ਰਾਤ ਨੂੰ ਬਜ਼ਾਰਾਂ ਵਿਚ ਘੁੰਮਣ ਨਾਲ ਬਰਬਾਦ ਹੁੰਦਾ ਹੈ, ਮੇਲੇ ਤਮਾਸ਼ੇ ਦੇਖਣ ਨਾਲ ਬਰਬਾਦ ਹੁੰਦਾ ਹੈ, ਜੂਏ ਦੀ ਆਦਤ ਪੈ ਜਾਣ ਨਾਲ ਬਰਬਾਦ ਹੁੰਦਾ ਹੈ, ਕੁਸੰਗਤ 'ਚ ਪੈ ਜਾਣ ਨਾਲ ਬਰਬਾਦ ਹੁੰਦਾ ਹੈ ਤੇ ਆਲਸੀ ਬਣ ਜਾਣ ਨਾਲ ਬਰਬਾਦ ਹੁੰਦਾ ਹੈ ।"

"ਕੋਈ ਵੀ ਧਰਮ ਆਦਮੀ ਦਾ ਸੱਚਾ ਧਰਮ ਤਾਹੀਓਂ ਕਹਾ ਸਕਦਾ ਹੈ, ਜਦੋਂ ਉਹ ਆਦਮੀ ਨੂੰ ਚੰਗੇ-ਬੁਰੇ ਦੋਸਤ ਦੀ ਪਛਾਣ ਕਰਾਵੇ ।"

"ਇਕ ਮਾਲਕ (ਭਾਵ ਸਰਕਾਰ) ਨੂੰ ਚਾਹੀਦਾ ਹੈ ਉਹ ਆਪਣੇ ਨੌਕਰਾਂ ਅਤੇ ਕਾਮਿਆਂ ਨੂੰ ਉਨ੍ਹਾਂ ਦੀ ਸਮਰੱਥਾ ਮੁਤਾਬਿਕ ਕੰਮ ਦੇਵੇ, ਉਨ੍ਹਾਂ ਨੂੰ ਭੋਜਨ ਅਤੇ ਮਜ਼ਦੂਰੀ ਦੇਵੇ, ਬੀਮਾਰੀ ਵਿੱਚ ਉਨ੍ਹਾਂ ਦੀ ਦੇਖ ਭਾਲ ਕਰੇ, ਨਾਯਾਬ ਸੁਆਦਲੀਆਂ ਚੀਜ਼ਾਂ ਵੰਡ ਕੇ ਖਾਵੇ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਛੁੱਟੀ ਵੀ ਦੇਵੇ, ਕਿਉਂਕਿ ਨੌਕਰ ਅਤੇ ਕਾਮੇ ਆਪਣੇ ਮਾਲਕ ਨੂੰ ਪਿਆਰ ਕਰਦੇ ਹਨ । ਉਹ ਉਸ ਤੋਂ ਪਹਿਲਾਂ ਸੌਂ ਕੇ ਉਠਦੇ ਹਨ, ਉਸ ਦੇ ਸੌਣ 'ਤੇ ਹੀ ਸੌਂਦੇ ਹਨ ਤੇ ਜੋ ਕੁਝ ਮਿਲਦਾ ਹੈ, ਉਸ ਨਾਲ ਹੀ ਸੰਤੁਸ਼ਟ ਰਹਿੰਦੇ ਹਨ । ਉਹ ਆਪਣਾ ਕੰਮ ਚੰਗੀ ਤਰ੍ਹਾਂ ਕਰਦੇ ਅਤੇ ਸਾਰੇ ਪਾਸੇ ਉਸ ਦਾ ਯਸ਼ ਫੈਲਾਉਂਦੇ ਹਨ ।"

-"ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਲੋਕ ਆਖਦੇ ਹਨ, ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਇਹ ਪਹਿਲੇ ਤੋਂ ਚਲੀ ਆਈ ਹੈ, ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਇਹ ਸੁਣੀ-ਸੁਣਾਈ ਹੈ, ਕਿਸੇ ਗੱਲ ਨੂੰ ਇਸ ਲਈ ਨਾ ਮੰਨੋ ਕਿ ਇਹ (ਧਰਮ) ਗ੍ਰੰਥਾਂ ਵਿੱਚ ਲਿਖੀ ਹੋਈ ਹੈ, ਕਿਸੇ ਗੱਲ ਨੂੰ ਉਸ ਲਈ ਨਾ ਮੰਨੋ ਕਿ ਉਹ ਨਿਆਂ ਸ਼ਾਸਤਰ ਦੇ ਮੁਤਾਬਕ ਹੈ । ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਦਲੀਲ (ਸ਼ਾਸਤਰ) ਦੇ ਮੁਤਾਬਕ ਹੈ ਤੇ ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਪਰੀ ਤੌਰ 'ਤੇ ਉਹ ਠੀਕ ਨਜ਼ਰੀਏ ਦੀ ਹੈ, ਕਿਸੇ ਗੱਲ ਨੂੰ ਸਿਰਫ ਇਸ ਲਈ ਨਾ ਮੰਨੋ ਕਿ ਉਹ ਉਪਰਲੇ ਤੌਰ 'ਤੇ ਸੱਚੀ ਜਾਣ ਪੈਂਦੀ ਹੈ ਅਤੇ ਕਿਸੇ ਗੱਲ ਨੂੰ ਸਿਰਫ ਇਸ ਲਈ ਵੀ ਨਾ ਮੰਨੋ ਕਿ ਕਿਸੇ ਅਜਿਹੇ ਸਤਿਕਾਰ ਯੋਗ ਆਦਮੀ ਦੀ ਆਖੀ ਹੋਈ ਹੈ, ਜਿਸ ਦੇ ਬਾਰੇ ਤੁਸੀਂ ਸੋਚਦੇ ਹੋ ਕਿ ਉਸ ਦੀ ਗੱਲ ਮੰਨਣੀ ਹੀ ਚਾਹੀਦੀ ਹੈ ।"

"ਲੇਕਿਨ ਜੇ ਤੁਸੀਂ ਆਪਣੇ 'ਤਜਰਬੇ' ਨਾਲ ਇਹ ਜਾਣ ਲਵੋ ਕਿ ਫਲਾਣਾ ਕਰਮ ਪਾਪ-ਕਰਮ ਹੈ ਜਾਂ ਫਲਾਣਾ ਕਰਮ ਭੈੜਾ-ਕਰਮ ਹੈ, ਜਾਂ ਫਲਾਣਾ ਕਰਮ ਗਿਆਨੀ ਪੁਰਖਾਂ ਵਲੋਂ ਭੈੜਾ ਆਖਿਆ ਗਿਆ ਹੈ ਅਤੇ ਫਲਾਣਾ ਕਰਮ ਨੁਕਸਾਨਦੇਹ ਹੈ, ਤਾਂ ਅਜਿਹੇ ਕਰਮ ਦਾ ਤੁਸੀਂ ਤਿਆਗ ਕਰ ਦਿਉ ।"

ਜੈਨੀਆਂ ਵਲੋਂ ਹੱਤਿਆ ਦਾ ਝੂਠਾ ਇਲਜ਼ਾਮ

ਗੌਤਮ ਕਰਕੇ ਲੋਕ ਜੈਨੀਆਂ ਦਾ ਆਦਰ ਸਤਿਕਾਰ ਘੱਟ ਕਰਨ ਲੱਗ ਪਏ ਸਨ । ਜੈਨੀਆਂ ਨੇ ਗੌਤਮ 'ਤੇ ਇਕ ਝੂਠਾ ਇਲਜ਼ਾਮ ਲਾਉਣ ਲਈ ਇਕ ਸੁੰਦਰੀ ਨੂੰ ਤਿਆਰ ਕਰ ਲਿਆ ਤਾਂ ਕਿ ਜਨਤਾ ਵਿੱਚ ਗੌਤਮ ਦਾ ਅਸਰ ਘਟ ਸਕੇ ।

ਸੁੰਦਰੀ ਹਰ ਰੋਜ਼ ਸ਼ਾਮ ਨੂੰ ਫੁੱਲਾਂ ਦਾ ਹਾਰ ਲੈ ਕੇ ਜੇਤਵਨ ਜਾਣ ਲੱਗੀ । ਲੋਕਾਂ ਦੇ ਪੁੱਛਣ 'ਤੇ ਕਹਿੰਦੀ 'ਮੈਂ

ਗੌਤਮ ਦੇ ਕੋਲ ਉਸ ਦੀ ਗੰਧਕੁਟੀ ਵਿੱਚ ਰਹਿਣ ਜਾ ਰਹੀ ਹਾਂ ਅਤੇ ਜੈਨੀਆਂ ਦੇ ਬਾਗ ਵਿੱਚ ਰਾਤ ਕੱਟ ਕੇ ਸਵੇਰੇ ਉਧਰੋਂ ਮੁੜਦੀ। ਜੇ ਕੋਈ ਉਸ ਨੂੰ ਪੁਛਦਾ ਕਿ ਰਾਤ ਭਰ ਕਿਥੇ ਰਹੀ ਏਂ ਤਾਂ ਉਹ ਜਵਾਬ ਦਿੰਦੀ, "ਮੈਂ ਗੌਤਮ ਦੇ ਕੋਲ।"

ਜੈਨੀਆਂ ਨੇ ਹਤਿਆਰਿਆਂ ਨੂੰ ਕੁਝ ਲੈ ਦੇ ਕੇ ਸੁੰਦਰੀ ਨੂੰ ਮਰਵਾ ਦਿੱਤਾ ਤੇ ਲਾਸ਼ ਨੂੰ ਜੇਤਵਣ ਦੇ ਕੋਲ ਕੂੜੇ ਦੀ ਢੇਰੀ 'ਤੇ ਸੁਟਵਾ ਦਿੱਤਾ। ਸਰਕਾਰੀ ਅਫਸਰਾਂ ਨੂੰ ਨਾਲ ਲੈ ਕੇ ਉਨ੍ਹਾਂ ਨੇ ਸੁੰਦਰੀ ਦੀ ਲਾਸ਼ ਨੂੰ ਕੂੜੇ ਦੀ ਢੇਰੀ ਤੋਂ ਲੱਭ ਲਿਆ। ਜੈਨੀਆਂ ਨੇ ਗੌਤਮ ਦੇ ਸੇਵਕਾਂ ਉੱਤੇ ਇਹ ਇਲਜ਼ਾਮ ਲਾਇਆ ਕਿ ਆਪਣੇ ਗੁਰੂ ਦੀ ਪਤ ਢੱਕੀ ਰਹਿਣ ਲਈ ਉਨ੍ਹਾਂ ਨੇ ਸੁੰਦਰੀ ਨੂੰ ਮਾਰ ਦਿੱਤਾ ਹੈ। ਪਰ ਹਤਿਆਰੇ ਧਨ ਦੀ ਵੰਡ ਵਿਚ, ਜੋ ਸੁੰਦਰੀ ਦੀ ਹਤਿਆ ਕਰਨ ਬਦਲੇ ਮਿਲਿਆ ਸੀ, ਇਕ ਸ਼ਰਾਬ ਦੀ ਦੁਕਾਨ 'ਤੇ ਬੈਠੇ-ਬੈਠੇ ਲੜਨ ਲੱਗ ਪਏ। ਅਫਸਰਾਂ ਨੇ ਬਿਨਾਂ ਕਿਸੇ ਢਿੱਲ ਦੇ ਉਨ੍ਹਾਂ ਨੂੰ ਫੜ ਲਿਆ। ਉਨ੍ਹਾਂ ਨੇ ਆਪਣਾ ਅਪਰਾਧ ਮੰਨ ਲਿਆ ਅਤੇ ਉਨ੍ਹਾਂ ਜੈਨੀਆਂ ਨੂੰ ਵੀ ਫਸਾਇਆ ਜਿਨ੍ਹਾਂ ਦੇ ਕਹਿਣ 'ਤੇ ਉਨ੍ਹਾਂ ਨੇ ਇਹ ਅਪਰਾਧ ਕੀਤਾ ਸੀ।

ਜੈਨੀਆਂ ਵਲੋਂ ਅਨੈਤਿਕਤਾ ਦਾ ਝੂਠਾ ਇਲਜ਼ਾਮ

ਜੈਨੀਆਂ ਨੇ ਮਿਲ ਕੇ ਇਕ ਚਾਲ ਚੱਲਣ ਦੀ ਸੋਚੀ। ਉਸ ਸਮੇਂ ਸ੍ਰਾਵਸਤੀ ਵਿੱਚ ਚਿੰਚਾ ਨਾਂ ਦੀ ਇਕ ਸੋਹਣੀ-ਸੁਨੱਖੀ ਬ੍ਰਾਹਮਣੀ ਰਹਿੰਦੀ ਸੀ। ਜੈਨੀਆਂ ਨੇ ਮਹਾਤਮਾ ਬੁੱਧ ਤੇ ਇਲਜ਼ਾਮ ਲਾਉਣ ਲਈ ਚਿੰਚਾ ਬ੍ਰਾਹਮਣੀ ਨੂੰ ਤਿਆਰ ਕਰ ਲਿਆ। ਜਦੋਂ ਲੋਕ ਜੇਤਵਣ ਤੋਂ ਬੁੱਧ ਦੇ ਉਪਦੇਸ਼ ਸੁਣ ਕੇ ਮੁੜਨ ਵਾਲੇ ਹੁੰਦੇ ਤਾਂ ਲਾਲ ਸੂਹੀ ਚਿੰਚਾ ਹੱਥਾਂ ਵਿੱਚ ਫੁੱਲਾਂ ਦੀ ਮਾਲਾ ਲਈ ਜੇਤਵਣ ਵੱਲ ਜਾਂਦੀ ਦਿਖਾਈ ਦਿੰਦੀ। ਲੋਕਾਂ ਦੇ ਪੁੱਛਣ 'ਤੇ 'ਇਸ ਵੇਲੇ ਕਿੱਥੇ ਜਾ ਰਹੀ ਏਂ? ਜਵਾਬ ਦਿੰਦੀ ਤੁਸੀਂ ਕੀ ਲੈਣਾ ਹੈ? ਜੇ ਕੋਈ ਸਵੇਰ ਵੇਲੇ ਮੁੜਨ ਤੇ ਪੁਛਦਾ-'ਰਾਤ ਕਿਥੇ ਕੱਟੀ?' 'ਤੁਸੀਂ ਕੀ ਲੈਣਾ ਹੈ? ਮੈਂ ਜੇਤਵਣ ਵਿਚ ਗੌਤਮ ਨਾਲ ਉਸ ਦੀ ਗੰਧਕੁਟੀ ਵਿੱਚ ਰਾਤ ਕੱਟੀ ਹੈ।' ਚਾਰ ਮਹੀਨੇ ਬੀਤ ਜਾਣ 'ਤੇ ਉਸ ਨੇ ਆਪਣੇ ਪੇਟ ਦੁਆਲੇ ਕੁਝ ਫਟੇ-ਪੁਰਾਣੇ ਕਪੜੇ ਲਪੇਟ ਕੇ ਉਸ ਨੂੰ ਉੱਚਾ ਕਰ ਲਿਆ ਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੌਤਮ ਤੋਂ ਉਸ ਨੂੰ ਗਰਭ ਹੋ ਗਿਆ ਹੈ।

ਨੌਵੇਂ ਮਹੀਨੇ ਉਸ ਨੇ ਆਪਣੇ ਢਿੱਡ ਉੱਤੇ ਲੜਕੀ ਦਾ ਇਕ ਟੁਕੜਾ ਬੰਨ੍ਹ ਲਿਆ ਅਤੇ ਜ਼ਹਿਰੀਲੇ ਕੀੜਿਆਂ ਤੋਂ ਸਰੀਰ ਨੂੰ ਡੰਗਾ ਕੇ ਹੱਥ ਪੈਰ ਸੁਜਾ ਲਏ ਅਤੇ ਜਿਸ ਵੇਲੇ ਅਤੇ ਜਿਸ ਥਾਂ ਉੱਤੇ ਬੁੱਧ ਭਿਕਸ਼ੂਆਂ ਅਤੇ ਗ੍ਰਿਹਸਥੀਆਂ ਨੂੰ ਉਪਦੇਸ਼ ਦੇ ਰਹੇ ਸਨ ਉਥੇ ਪਹੁੰਚ ਕੇ ਕਹਿਣ ਲੱਗੀ, "ਹੇ ਮਹਾਨ ਉਪਦੇਸ਼ਕ! ਤੂੰ ਲੋਕਾਂ ਨੂੰ ਬਹੁਤ ਉਪਦੇਸ਼ ਦਿੰਦਾ ਹੈ। ਤੇਰੀ ਬਾਣੀ ਬਹੁਤ ਮਿੱਠੀ ਹੈ ਅਤੇ ਤੇਰੇ ਬੁੱਲ੍ਹ ਬਹੁਤ ਕੂਲੇ ਹਨ। ਤੇਰੇ ਮੇਲ ਨਾਲ ਮੈਨੂੰ ਗਰਭ ਹੋ ਗਿਆ ਹੈ ਅਤੇ ਮੇਰਾ (ਬੱਚਾ ਜੰਮਣ ਦਾ) ਸਮਾਂ ਨੇੜੇ ਆ ਗਿਆ ਹੈ।

"ਤੂੰ ਮੇਰੇ ਸੂਤਕ ਦਾ ਕੋਈ ਬੰਦੋਬਸਤ ਨਹੀਂ ਕੀਤਾ। ਜੇ ਤੂੰ ਆਪ ਇਸ ਦਾ ਇੰਤਜ਼ਾਮ ਨਹੀਂ ਕਰ ਸਕਦਾ ਤਾਂ ਆਪਣੇ ਚੇਲਿਆਂ ਵਿਚੋਂ ਕਿਸੇ ਨੂੰ ਕਹਿ ਕੇ ਇਸ ਦਾ ਬੰਦੋਬਸਤ ਕਿਉਂ ਨਹੀਂ ਕਰਾ ਦਿੰਦਾ?"

"ਜਾਪਦਾ ਹੈ ਕਿ ਤੂੰ ਕਿਸੇ ਕੁਆਰੀ ਨੂੰ ਅਪਨਾਉਣਾ ਹੀ ਜਾਣਦਾ ਹੈ, ਲੇਕਿਨ ਉਸ ਦੇ ਨਤੀਜੇ ਵਜੋਂ ਜਿਹੜੀ ਔਲਾਦ ਜੰਮ ਪਵੇ, ਉਸ ਦੇ ਪਾਲਣ ਦੇ ਢੰਗ ਤੋਂ ਅਣਜਾਣ ਹੈ।" ਹਾਜ਼ਰ ਲੋਕ ਚੁੱਪ ਬੈਠੇ ਰਹੇ।

ਭਗਵਾਨ ਬੁੱਧ ਨੇ ਆਪਣਾ ਉਪਦੇਸ਼ ਵਿਚੋਂ ਹੀ ਰੋਕ ਕੇ ਬੜੀ ਸੰਜੀਦਗੀ ਨਾਲ ਜਵਾਬ ਦਿੱਤਾ-ਭੈਣ! ਤੂੰ ਜੋ ਕਿਹਾ ਹੈ, ਉਸ ਦੀ ਸਚਾਈ ਦਾ ਸਿਰਫ ਮੈਨੂੰ ਜਾਂ ਤੈਨੂੰ ਹੀ ਪਤਾ ਹੈ।

ਚਿੰਚਾ ਜ਼ੋਰ-ਜ਼ੋਰ ਨਾਲ ਖੰਘਦੀ ਹੋਈ ਬੋਲੀ-"ਹਾਂ-ਹਾਂ ਅਜਿਹੀ ਗੱਲ ਦਾ ਪਤਾ ਸਾਨੂੰ ਦੋਹਾਂ ਨੂੰ ਹੀ ਹੋ ਸਕਦਾ ਹੈ।

ਉਸ ਦੇ ਖੰਘਣ ਨਾਲ ਉਹ ਗੰਢ, ਜਿਸ ਨਾਲ ਉਸ ਨੇ ਉਹ ਲੱਕੜੀ ਢਿੱਡ ਉੱਤੇ ਬੰਨ੍ਹੀ ਹੋਈ ਸੀ, ਢਿੱਲੀ ਪੈ ਗਈ ਅਤੇ ਉਹ ਲੱਕੜੀ ਖਿਸਕ ਕੇ ਉਸ ਦੇ ਪੈਰਾਂ ਉੱਤੇ ਆ ਪਈ। ਚਿੰਚਾ ਕਿਤੇ ਦੀ ਨਾ ਰਹੀ। ਲੋਕਾਂ ਨੇ ਉਸ ਨੂੰ ਡੰਡੇ ਅਤੇ ਪੱਥਰ ਮਾਰ-ਮਾਰ ਕੇ ਉਥੋਂ ਭਜਾ ਦਿੱਤਾ।

-ਦੇਵਦੱਤ (ਬੁੱਧ ਦਾ ਚਚੇਰਾ ਭਾਈ) ਭਗਵਾਨ ਬੁੱਧ ਤੋਂ ਬਹੁਤ ਨਾਖੁਸ਼ ਸੀ, ਕਿਉਂਕਿ ਉਨ੍ਹਾਂ ਨੇ ਸੰਘ ਵਿੱਚ ਉਸ ਨੂੰ ਪ੍ਰਧਾਨ ਨਾ ਬਣਾ ਕੇ ਸਾਰਿਪੁੱਤ ਨੂੰ ਪ੍ਰਧਾਨ ਬਣਾ ਦਿੱਤਾ ਸੀ। ਦੇਵਦੱਤ ਨੇ ਤਿੰਨ ਵਾਰ ਤਥਾਗਤ ਦੀ ਹੱਤਿਆ ਕਰਨ ਦਾ ਯਤਨ ਕੀਤਾ, ਪਰ ਉਹ ਸਫਲ ਨਹੀਂ ਹੋਇਆ।

ਇਕ ਵਾਰ ਬੁੱਧ ਥੂਨ ਨਾਂ ਦੇ ਬ੍ਰਾਹਮਣ ਪਿੰਡ ਵਿੱਚ ਪੁੱਜੇ। ਬ੍ਰਾਹਮਣਾਂ ਨੇ ਸੋਚਿਆ, "ਜੇ ਸ਼੍ਰਮਣ-ਗੌਤਮ ਪਿੰਡ

ਵਿੱਚ ਆ ਗਿਆ ਅਤੇ ਦੋ ਦਿਨ ਠਹਿਰ ਗਿਆ ਤਾਂ ਸਾਰੇ ਲੋਕ ਉਸ ਦੇ ਉਪਾਸ਼ਕ ਹੋ ਜਾਣਗੇ ਅਤੇ ਬ੍ਰਾਹਮਣਾਂ ਲਈ ਕੋਈ ਸਹਾਰਾ ਨਹੀਂ ਰਹੇਗਾ। ਸਾਨੂੰ ਉਸ ਦਾ ਪਿੰਡ ਵਿੱਚ ਆਉਣਾ ਹੀ ਰੋਕ ਦੇਣਾ ਚਾਹੀਦਾ ਹੈ।"

ਪਿੰਡ ਵਿੱਚ ਆਉਣ ਲਈ ਇਕ ਨਦੀ ਪਾਰ ਕਰਨੀ ਪੈਂਦੀ ਸੀ। ਬ੍ਰਾਹਮਣਾਂ ਨੇ ਬੁੱਧ ਨੂੰ ਰੋਕਣ ਲਈ ਨਦੀ ਪਾਰ ਕਰਨ ਦੇ ਸਾਰੇ ਪੱਤਣਾਂ ਤੋਂ ਬੇੜੀਆਂ ਹਟਾ ਲਈਆਂ ਅਤੇ ਪੁਲ ਤੋੜ ਦਿੱਤੇ। ਉਨ੍ਹਾਂ ਨੇ ਇਕ ਖੂਹ ਤੋਂ ਬਿਨਾਂ ਸਾਰੇ ਖੂਹਾਂ ਨੂੰ ਘਾਹ-ਫੂਸ ਨਾਲ ਭਰ ਦਿੱਤਾ ਅਤੇ ਪਾਣੀ ਦੇ ਪਿਆਉ ਅਤੇ ਅਰਾਮਗਾਹਾਂ ਨੂੰ ਲੁਕਾ ਦਿੱਤਾ। ਬੁੱਧ ਨੇ ਆਪਣੇ ਭਿਕਸ਼ੂਆਂ ਸਮੇਤ ਔਖੇ-ਸੌਖੇ ਨਦੀ ਪਾਰ ਕੀਤੀ ਅਤੇ ਫੁਨ ਪਿੰਡ ਵਿਚ ਜਾ ਪੁੱਜੇ। ਸੜਕ ਛੱਡ ਕੇ ਇਕ ਪਾਸੇ ਰੁੱਖ ਹੇਠ ਜਾ ਬੈਠੇ। ਪਿੰਡ ਵਿੱਚ ਫੈਸਲਾ ਹੋਇਆ ਕਿ ਬੁੱਧ ਦੀ ਆਉ-ਭਗਤ ਨਹੀਂ ਹੋਣੀ ਚਾਹੀਦੀ ਅਤੇ ਕਿਸੇ ਤਰ੍ਹਾਂ ਦਾ ਅੰਨ੍ਹ-ਪਾਣੀ ਨਾ ਦਿੱਤਾ ਜਾਵੇ।

ਇਕ ਬ੍ਰਾਹਮਣ ਦੀ ਦਾਸੀ ਪਾਣੀ ਦਾ ਘੜਾ ਲੈ ਕੇ ਜਾ ਰਹੀ ਸੀ ਅਤੇ ਹੋਰ ਔਰਤਾਂ ਵੀ ਪਾਣੀ ਲੈ ਕੇ ਭਗਵਾਨ ਬੁੱਧ ਦੇ ਕੋਲ ਦੀ ਲੰਘ ਰਹੀਆਂ ਸਨ। ਬ੍ਰਾਹਮਣ ਦੀ ਦਾਸੀ ਨੇ ਬੁੱਧ ਅਤੇ ਭਿਕਸ਼ੂਆਂ ਨੂੰ ਦੇਖਿਆ ਅਤੇ ਸੋਚਿਆ ਉਹ ਥੱਕੇ-ਪਿਆਸੇ ਹਨ। ਸ਼ਰਧਾਭਰੀ ਖੁਸ਼ੀ ਨਾਲ ਉਸ ਨੇ ਉਨ੍ਹਾਂ ਨੂੰ ਪਾਣੀ ਦੇਣਾ ਚਾਹਿਆ। ਦਾਸੀ ਨੇ ਸੋਚਿਆ ਕਿ ਜੇ ਮੈਂ ਇਨ੍ਹਾ 'ਪੁੰਨ-ਖੇਤਰ' ਨੂੰ ਪਾ ਕੇ ਵੀ ਇਨ੍ਹਾਂ ਨੂੰ ਥੋੜ੍ਹਾ ਪਾਣੀ ਦੇ ਕੇ ਵੀ ਆਪਣੇ ਕਲਿਆਣ ਦਾ ਨੀਂਹ ਪੱਥਰ ਨਾ ਰੱਖਾਂਗੀ ਤਾਂ ਮੈਂ ਇਸ ਦੁੱਖ ਤੋਂ ਕਦੋਂ ਛੁਟਕਾਰਾ ਪਾਵਾਂਗੀ?"

"ਭਾਵੇਂ ਜੋ ਹੋਵੇ, ਭਾਵੇਂ ਇਸ ਪਿੰਡ ਵਿੱਚ ਰਹਿਣ ਵਾਲੇ ਸਾਰੇ ਲੋਕ ਮਿਲਕੇ ਮੈਨੂੰ ਮਾਰਨ ਜਾਂ ਬੰਨ੍ਹ ਸੁਟਣ, ਤਦ ਵੀ ਮੈਂ ਅਜਿਹੇ 'ਪੁੰਨ-ਖੇਤਰ' ਵਿੱਚ ਪਾਣੀ ਸਿੰਜਾਂਗੀ ਹੀ।"

ਦੂਜੀਆਂ ਔਰਤਾਂ ਦੇ ਰੋਕਣ 'ਤੇ ਵੀ ਉਹ ਤਥਾਗਤ ਕੋਲ ਗਈ ਅਤੇ ਉਨ੍ਹਾਂ ਨੂੰ ਪਾਣੀ ਦਿੱਤਾ। ਉਸ ਦੇ ਬ੍ਰਾਹਮਣ ਮਾਲਿਕ ਨੇ ਸੁਣਿਆ ਕਿ ਉਸ ਦੀ ਦਾਸੀ ਨੇ ਤਥਾਗਤ ਨੂੰ ਪਾਣੀ ਦਿੱਤਾ ਹੈ, ਉਸ ਨੇ ਪਿੰਡ ਦੇ ਨੇਮ ਨੂੰ ਤੋੜ ਦਿੱਤਾ ਹੈ ਅਤੇ ਲੋਕ ਮੈਨੂੰ ਦੋਸ਼ ਦੇ ਰਹੇ ਹਨ। ਗੁੱਸੇ ਨਾਲ ਉਸ ਨੂੰ ਜ਼ਮੀਨ ਉੱਤੇ ਸੁੱਟ ਕੇ ਲੱਤਾ-ਮੁੱਕਿਆਂ ਨਾਲ ਮਾਰਨ ਲੱਗਾ। ਉਸ ਬ੍ਰਾਹਮਣ ਦੀ ਮਾਰ ਨਾਲ ਉਹ ਮਰ ਗਈ।

-ਮੇਰੀ ਕਦੀ ਵੀ ਇਹ ਮਨਸ਼ਾ ਨਹੀਂ ਰਹੀ ਕਿ 'ਅਹਿੰਸਾ' ਦਾ ਨਾਂ ਲੈ ਕੇ 'ਅਹਿੰਸਾ' ਦੀ ਆੜ ਵਿਚ ਸੈਨਿਕ ਆਪਣੇ ਰਾਜਾ ਜਾਂ ਦੇਸ਼ ਪ੍ਰਤੀ ਜੋ ਉਨ੍ਹਾਂ ਦਾ ਫਰਜ਼ ਹੈ, ਉਸ ਤੋਂ ਪਿੱਛੇ ਹੱਟ ਜਾਣ।

-ਜਿਹੜਾ ਸਜ਼ਾ ਦਾ ਹੱਕਦਾਰ ਹੈ, ਉਸ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਜਿਹੜਾ ਤੋਹਫਾ ਲੈਣ ਦਾ ਹੱਕਦਾਰ ਹੈ, ਉਸ ਨੂੰ ਤੋਹਫਾ ਦੇਣਾ ਹੀ ਚਾਹੀਦਾ ਹੈ। ਨਾਲ ਹੀ ਕਿਸੇ ਪ੍ਰਾਣੀ ਨੂੰ ਕਸ਼ਟ ਨਹੀਂ ਦੇਣਾ ਚਾਹੀਦਾ, ਬਲਕਿ ਉਸ ਨਾਲ ਪਿਆਰ ਅਤੇ ਦਯਾ ਦਾ ਵਰਤਾਉ ਹੋਣਾ ਚਾਹੀਦਾ ਹੈ। ਇਹ ਹੁਕਮ ਆਪਸ-ਵਿਰੋਧੀ ਨਹੀਂ ਹਨ। ਜਿਹੜਾ ਕੋਈ ਆਪਣੇ ਅਪਰਾਧ ਲਈ ਸਜ਼ਾ ਭੁਗਤਦਾ ਹੈ, ਉਹ ਜੱਜ ਦੀ ਈਰਖਾ ਭਾਵਨਾ ਕਰਕੇ ਨਹੀਂ ਬਲਕਿ ਆਪਣੇ ਹੀ ਭੈੜੇ ਕੰਮਾਂ ਦੇ ਸਿੱਟੇ ਵਜੋਂ। ਜੱਜ ਵੱਲੋਂ ਦਿੱਤੀ ਗਈ ਸਜ਼ਾ ਉਸ ਦੇ ਆਪਣੇ ਕਰਮ ਦਾ ਫਲ ਹੈ। ਜੱਜ ਜਦੋਂ ਸਜ਼ਾ ਦਿੰਦਾ ਹੈ ਤਾਂ ਉਸ ਦੇ ਮਨ ਵਿੱਚ ਕਸੂਰਵਾਰ ਆਦਮੀ ਲਈ ਕਿਸੇ ਤਰ੍ਹਾਂ ਦੀ ਦਵੇਸ਼ ਭਾਵਨਾ ਨਹੀਂ ਹੋਣੀ ਚਾਹੀਦੀ ਅਤੇ ਇਕ ਕਾਤਿਲ ਨੂੰ ਜਦੋਂ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਇਹੋ ਸੋਚਣਾ ਚਾਹੀਦਾ ਹੈ ਕਿ ਇਹ ਉਸ ਦੇ ਆਪਣੇ ਹੀ ਕਰਮਾਂ ਦਾ ਫਲ ਹੈ। ਜਦੋਂ ਉਹ ਸਮਝੇਗਾ ਕਿ ਸਜ਼ਾ ਉਸ ਦੇ ਅੰਦਰੂਨੀ ਹਿੱਸੇ ਨੂੰ 'ਬੁੱਧ' ਹੀ ਬਣਾਏਗੀ ਤਾਂ ਕੋਈ ਵੀ ਸਜ਼ਾਵਰ ਆਦਮੀ ਆਪਣੇ ਮੁਕੱਦਰ ਨੂੰ ਰੋਵੇਗਾ ਨਹੀਂ ਬਲਕਿ ਖੁਸ਼ ਹੀ ਹੋਵੇਗਾ।"

'ਆਤਮਾ' ਅਤੇ 'ਪੁਨਰਜਨਮ'

ਭਗਵਾਨ ਬੁੱਧ ਨੇ ਕਿਹਾ-ਆਤਮਾ ਨਹੀਂ ਹੈ। ਪੁਨਰਜਨਮ ਹੈ।

ਅੰਬ ਦਾ ਬੀਜ ਹੈ। ਅੰਬ ਦੇ ਬੀਜ ਤੋਂ ਅੰਬ ਦਾ ਰੁੱਖ ਪੈਦਾ ਹੁੰਦਾ ਹੈ। ਅੰਬ ਦੇ ਰੁੱਖ ਨੂੰ ਫਲ ਲੱਗਦੇ ਹਨ। ਇਹ ਅੰਬ ਦਾ ਪੁਨਰਜਨਮ ਹੈ।

ਪਰ ਇਥੇ 'ਆਤਮਾ' ਕਿਤੇ ਵੀ ਨਹੀਂ ਹੈ। ਇਸ ਤਰ੍ਹਾਂ ਬਿਨਾਂ 'ਆਤਮਾ' ਤੋਂ 'ਪੁਨਰਜਨਮ' ਹੋ ਸਕਦਾ ਹੈ।

ਪਹਿਲਾਂ ਵੀ ਤੇ ਅਜ ਵੀ ਇਹੋ ਸਿਖਾਉਂਦਾ ਹਾਂ ਕਿ ਦੁੱਖ ਹੈ ਤੇ ਦੁੱਖ ਨਿਰੋਧ (ਰੋਕ) ਹੈ।

"ਭਗਵਾਨ! ਕੀ ਅਸਲ ਕਲਿਆਣ ਆਰਾਮ ਦੇ ਰਸਤੇ ਉੱਤੇ ਚੱਲਣ ਨਾਲ ਪ੍ਰਾਪਤ ਹੁੰਦਾ ਹੈ ਜਾਂ ਕਸ਼ਟ ਸਹਿਣ ਦੇ ਰਸਤੇ ਉੱਤੇ ਚੱਲਣ ਨਾਲ ਪ੍ਰਾਪਤ ਹੁੰਦਾ ਹੈ।"

ਤਥਾਗਤ ਨੇ ਜਵਾਬ ਦਿੱਤਾ-"ਪਹਿਲਾਂ, ਬੋਧੀ ਲਾਭ ਕਰਨ ਤੋਂ ਪਹਿਲਾਂ ਮੈਂ ਵੀ ਇਸ ਬਾਰੇ ਵਿਚਾਰ ਕਰਦਾ ਸੀ। ਜਿਸ ਵੇਲੇ ਮੇਰੇ ਕਾਲੇ-ਕਾਲੇ ਵਾਲ ਸਨ, ਮੈਂ ਜੁਆਨੀ ਦੇ ਵਿਚਕਾਰ ਸੀ, ਆਪਣੇ ਰੋਂਦੇ ਮਾਂ-ਬਾਪ ਨੂੰ ਛੱਡ ਕੇ ਮੈਂ ਸਿਰ ਦੇ ਵਾਲ ਅਤੇ ਦਾੜ੍ਹੀ ਮੁਨਵਾ ਲਈ ਸੀ ਅਤੇ ਭਗਵੇਂ ਕੱਪੜੇ ਪਾ ਕੇ ਸੰਨਿਆਸੀ ਹੋ ਗਿਆ ਸੀ-ਇਕ ਪਰਿਵਰਾਜਕ (ਸੰਨਿਆਸੀ) ਰਾਹ ਦਾ ਰਾਹੀ ਅਨੋਖੀ ਸ਼ਾਂਤੀ ਦੀ ਤਲਾਸ਼ ਕਰਨ ਵਾਲਾ।

"ਹੁਣ ਮੇਰਾ ਯਕੀਨੀ ਤੌਰ 'ਤੇ ਮੱਤ ਹੈ, ਜੇ ਆਦਮੀ ਸਧਰਮ ਨੂੰ ਜਾਣਦਾ ਹੈ ਤਾਂ ਉਹ ਦੁੱਖ ਦਾ ਨਾਸ਼ ਕਰ ਸਕਦਾ ਹੈ।"

-ਭਗਵਾਨ ਬੁੱਧ ਜਾਣਦੇ ਸਨ ਕਿ ਜਿੰਨੇ ਲੋਕ ਉਨ੍ਹਾਂ ਦਾ ਉਪਦੇਸ਼ ਸੁਣਨ ਆਉਂਦੇ ਸਨ ਉਹ ਨਾ ਤਾਂ ਸਾਰੇ ਦੇ ਸਾਰੇ ਸੂਝਵਾਨ ਹੁੰਦੇ ਸਨ ਅਤੇ ਨਾ ਹੀ ਅਜਿਹੇ ਹੀ ਜਿੰਨ੍ਹਾਂ ਦੇ ਪਹਿਲਾਂ ਤੋਂ ਹੀ ਕੁਝ ਪੱਕੇ ਵਿਚਾਰ ਨਾ ਬਣੇ ਹੋਣ।

ਉਨ੍ਹਾਂ ਨੇ ਭਿਕਸ਼ੂਆਂ ਨੂੰ ਦੱਸ ਦਿੱਤਾ ਸੀ ਕਿ ਸੁਣਨ ਵਾਲੇ ਤਿੰਨ ਤਰ੍ਹਾਂ ਦੇ ਹੁੰਦੇ ਹਨ-

"ਖਾਲੀ ਦਿਮਾਗ, ਜਿਸ ਮੂਰਖ ਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ, ਭਾਵੇਂ ਉਹ ਵਾਰ-ਵਾਰ ਭਿਕਸ਼ੂਆਂ ਦੇ ਕੋਲ ਜਾਂਦਾ ਹੈ, ਸ਼ੁਰੂ, ਮੱਧ ਅਤੇ ਆਖਿਰ ਤੱਕ ਉਨ੍ਹਾਂ ਦੇ ਉਪਦੇਸ਼ ਸੁਣਦਾ ਹੈ, ਪਰ ਕੁਝ ਸਮਝ ਨਹੀਂ ਸਕਦਾ। ਉਸ ਨੂੰ ਸੂਝਬੂਝ ਹੀ ਨਹੀਂ ਹੁੰਦੀ।"

"ਪਰ ਉਸ ਤੋਂ ਚੰਗਾ ਉਹੀ ਆਦਮੀ ਹੁੰਦਾ ਹੈ ਜਿਸ ਦਾ ਚਿੱਤ ਇਕਾਗਰ ਨਹੀਂ ਹੁੰਦਾ, ਉਹ ਵਾਰ-ਵਾਰ ਭਿਕਸ਼ੂਆਂ ਕੋਲ ਜਾਂਦਾ ਹੈ। ਸ਼ੁਰੂ, ਮੱਧ ਅਤੇ ਅੰਤ ਤੱਕ ਉਨ੍ਹਾਂ ਦੇ ਉਪਦੇਸ਼ ਸੁਣਦਾ ਹੈ ਅਤੇ ਜਦੋਂ ਤੱਕ ਉਥੇ ਬੈਠਾ ਰਹਿੰਦਾ ਹੈ, ਉਦੋਂ ਤੱਕ ਕੁਝ ਸਮਝਦਾ ਵੀ ਹੈ, ਉਹ ਉਥੋਂ ਉੱਠ ਜਾਣ 'ਤੇ ਉਸ ਦੇ ਦਿਮਾਗ ਵਿੱਚ ਕੁਝ ਟਿਕਿਆ ਨਹੀਂ ਰਹਿੰਦਾ। ਉਸ ਦਾ ਦਿਮਾਗ ਕੋਰਾ ਹੋ ਜਾਂਦਾ ਹੈ। ਇਨ੍ਹਾਂ ਦੋਹਾਂ ਤੋਂ ਵੱਡਾ ਨਿਰਮਲ ਬੁੱਧੀ ਵਾਲਾ ਆਦਮੀ ਚੰਗਾ ਹੈ। ਉਹ ਵੀ ਵਾਰ-ਵਾਰ ਭਿਕਸ਼ੂਆਂ ਕੋਲ ਜਾਂਦਾ ਹੈ, ਸ਼ੁਰੂ, ਮੱਧ ਅਤੇ ਅੰਤ ਤੱਕ ਉਨ੍ਹਾਂ ਦੇ ਉਪਦੇਸ਼ ਸੁਣਦਾ ਹੈ, ਉਥੇ ਬੈਠੇ-ਬੈਠੇ ਸਭ ਕੁਝ ਸਮਝਦਾ ਹੈ, ਸਭ ਕੁਝ ਧਿਆਨ ਵਿੱਚ ਰੱਖਦਾ ਹੈ। ਅਡੋਲ ਚਿੱਤ, ਇਕਾਗਰ ਚਿੱਤ ਅਤੇ ਧਰਮ ਅਤੇ ਧਾਰਮਿਕ ਵਿਸ਼ਿਆਂ ਵਿੱਚ ਨਿਪੁੰਨ।"

ਇਨ੍ਹਾਂ ਸਭ ਦੇ ਬਾਵਜੂਦ ਭਗਵਾਨ ਧਰਮ/ਉਪਦੇਸ਼ ਦੇ ਮੰਤਵ ਨਾਲ ਇਕ ਥਾਂ ਤੋਂ ਦੂਜੇ ਥਾਂ ਜਾਂਦੇ ਹੀ ਰਹੇ। ਉਨ੍ਹਾਂ ਨੇ ਕਦੀ ਥਕਾਵਟ ਮਹਿਸੂਸ ਨਹੀਂ ਕੀਤੀ। ਉਹ ਦਿਨ ਵਿਚ ਇਕ ਵਾਰ ਭੋਜਨ ਖਾਂਦੇ। ਕਿਸੇ ਵੀ ਇਨਸਾਨ ਨੇ ਇਸ ਤੋਂ ਵੱਧ ਕਰੜੇ 'ਫਰਜ਼' ਨੂੰ ਨਹੀਂ ਨਿਭਾਇਆ ਹੋਵੇਗਾ-ਅਤੇ ਐਨੀ ਖੁਸ਼ੀ ਦੇ ਨਾਲ।

-ਰਾਹੁਲ (ਆਪਣੇ ਪੁੱਤਰ) ਨੂੰ ਸੰਬੋਧਤ ਕਰਕੇ ਤਥਾਗਤ ਨੇ ਕਿਹਾ, "ਜਿਸ ਨੂੰ ਜਾਣ ਬੁੱਝ ਕੇ ਝੂਠ ਬੋਲਣ ਵਿੱਚ ਸ਼ਰਮ ਨਹੀਂ, ਉਹ ਕੁਝ ਵੀ ਪਾਪ-ਕਰਮ ਕਰ ਸਕਦਾ ਹੈ। ਇਸ ਲਈ ਰਾਹੁਲ ਇਹ ਸਿੱਖਣਾ ਚਾਹੀਦਾ ਹੈ ਕਿ ਅਸੀਂ ਹਾਸੇ ਭਾਣੇ ਵੀ ਕਦੀ ਝੂਠ ਨਾ ਬੋਲਾਂਗੇ।

'ਇਸ ਤਰ੍ਹਾਂ ਕੋਈ ਵੀ ਕੰਮ ਕਰਨ ਲਗੇ, ਪਹਿਲਾਂ ਉਸ ਬਾਰੇ ਸੋਚੋ। ਕੋਈ ਵੀ ਸ਼ਬਦ ਮੂੰਹ ਤੋਂ ਕੱਢਣ ਲੱਗੇ, ਪਹਿਲਾਂ ਉਸ ਬਾਰੇ ਸੋਚੇ, ਕੋਈ ਗੱਲ ਮਨ ਵਿਚ ਪੈਦਾ ਹੋਵੇ, ਪਹਿਲਾਂ ਉਸ ਬਾਰੇ ਸੋਚੇ।'

"ਜਦੋਂ ਕੋਈ ਵੀ ਕੰਮ ਕਰਨ ਲਗੋ ਤਾਂ ਪਹਿਲਾਂ ਉਸ ਬਾਰੇ ਸੋਚੋ ਕਿ ਇਹ ਤੁਹਾਡੇ ਅਤੇ ਦੂਜਿਆਂ ਲਈ ਨੁਕਸਾਨਦੇਹ ਤਾਂ ਨਹੀਂ ਹੋਵੇਗੀ। ਇਕ ਦੁਸ਼ਟ-ਕਰਮ ਤਕਲੀਫਦੇਹ ਹੁੰਦਾ ਹੈ। ਜੇ ਤੁਹਾਡਾ ਖਿਆਲ ਬਹੇ ਕਿ ਇਹ ਕੰਮ ਅਜਿਹਾ (ਦੁਸ਼ਟ) ਹੀ ਹੈ ਤਾਂ ਉਸ ਤੋਂ ਦੂਰ ਰਹੋ।"

"ਪਰ ਜੇ ਸੋਚਮ-ਵਿਚਾਰਨ 'ਤੇ ਜਾਪੇ ਕਿ ਇਹ ਕੰਮ ਨੁਕਸਾਨਦੇਹ ਨਹੀਂ, ਫਾਇਦੇ ਵਾਲਾ ਹੈ ਤਾਂ ਤੁਸੀਂ ਉਸ ਨੂੰ ਕਰ ਸਕਦੇ ਹੋ।"

"ਮਿੱਤਰਤਾ ਦੀ ਮਸ਼ਕ ਕਰੋ, ਕਿਉਂਕਿ ਮਿੱਤਰਤਾ ਦੀ ਭਾਵਨਾ ਦੀ ਮਸ਼ਕ (ਅਭਿਆਸ) ਨਾਲ ਦਵੇਸ਼ ਦਾ ਨਾਸ਼ ਹੋ ਜਾਵੇਗਾ।"

ਕਰੁਣਾ-ਭਾਵਨਾ ਦਾ ਅਭਿਆਸ ਕਰੋ, ਕਿਉਂਕਿ ਕਰੁਣਾ-ਭਾਵਨਾ ਦਾ ਅਭਿਆਸ ਕਰਨ ਨਾਲ ਚਿੜਚਿੜੇ ਪਣ (ਖਿਝਣ) ਦਾ ਖਾਤਮਾ ਹੋ ਜਾਵੇਗਾ।

ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ ਰਹਿਣ ਦਾ ਅਭਿਆਸ ਕਰੋ, ਕਿਉਂਕਿ ਖੁਸ਼ੀ ਦੀ ਭਾਵਨਾ ਦਾ ਅਭਿਆਸ ਕਰਨ ਨਾਲ ਨਫਰਤ ਦਾ ਨਾਸ਼ ਹੋ ਜਾਵੇਗਾ।

ਨਿਰਪੱਖਤਾ ਦਾ ਅਭਿਆਸ ਕਰੋ, ਕਿਉਂਕਿ ਨਿਰਪੱਖਤਾ ਦੀ ਭਾਵਨਾ ਦਾ ਅਭਿਆਸ ਕਰਨ ਨਾਲ ਚੰਚਲਤਾ ਦਾ ਨਾਸ਼ ਹੋ ਜਾਵੇਗਾ ।

"ਕਿਸੇ ਵੀ ਝਗੜੇ ਬਾਰੇ ਖੁਦ ਸੰਘ ਨੂੰ ਹੀ ਫੈਸਲਾ ਕਰਨਾ ਹੋਵੇਗਾ ।ਸੰਘ ਨੂੰ ਇਕੱਠੇ ਹੋ ਕੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਜਦੋਂ ਤੱਕ ਕਿਸੇ ਫੈਸਲੇ ਉੱਤੇ ਨਾ ਪਹੁੰਚਿਆ ਜਾਵੇ ਉਦੋਂ ਤੱਕ ਉਸ ਬਾਰੇ ਚੰਗੀ ਤਰ੍ਹਾਂ ਛਾਣ-ਬੀਣ ਕਰਨੀ ਚਾਹੀਦੀ ਹੈ ਅਤੇ ਬਾਅਦ ਵਿੱਚ ਉਸ ਫੈਸਲੇ ਨੂੰ ਮੰਨਣਾ ਚਾਹੀਦਾ ਹੈ ।"

"ਝਗੜਿਆਂ ਦਾ ਫੈਸਲਾ ਬਹੁਮਤ ਨਾਲ ਹੋਣਾ ਚਾਹੀਦਾ ਹੈ । ਵਾਰਿਸ ਦੀ ਥਾਪਨਾ ਇਸ ਦਾ ਇਲਾਜ ਨਹੀਂ ।"

-ਆਖਰੀ ਬਚਨ : ਉਸ ਵੇਲੇ ਭਗਵਾਨ ਬੁੱਧ ਨੇ ਆਨੰਦ ਨੂੰ ਆਖਿਆ—

"ਆਨੰਦ !ਹੋ ਸਕਦਾ ਹੈ ਕਿ ਤੂੰ ਸੋਚਣ ਲੱਗੇ ਕਿ ਹੁਣ ਸਾਡੇ ਗੁਰੂ ਚਲੇ ਗਏ ।ਹੁਣ ਸਾਡਾ ਕੋਈ ਮਾਰਗ-ਦਾਤਾ ਨਹੀਂ ਰਿਹਾ, ਪਰ ਆਨੰਦ !ਤੈਨੂੰ ਇਜ ਨਹੀਂ ਸੋਚਣਾ ਚਾਹੀਦਾ ।ਮੇਰੇ ਬਾਅਦ ਜੋ ਕੁਝ ਮੈਂ 'ਧਰਮ ਬਿਨੈ' ਸਿਖਾਇਆ ਪੜ੍ਹਾਇਆ ਹੈ, ਉਹੀ ਤੁਹਾਡਾ ਗੁਰੂ ਹੋਵੇਗਾ ।"

"ਭਿਕਸ਼ੂਓ !ਮੈਂ ਫੇਰ ਤੁਹਾਨੂੰ ਯਾਦ ਕਰਵਾ ਰਿਹਾ ਹਾਂ ।ਸਾਰੇ ਸੰਸਕਾਰ ਨਾ ਰਹਿਣ ਵਾਲੇ ਹਨ, ਅਪ੍ਰਮਾਦ ਨਾਲ ਆਪਣੇ ਮਨੋਰਥ ਨੂੰ ਪੂਰਾ ਕਰਨ ਲਈ ਲੱਗੇ ਰਹੋ ।ਤਥਾਗਤ ਦੇ ਆਖਰੀ ਲਫਜ਼ ਇਹੋ ਸਨ ।

ਹੇ ਆਨੰਦ, ਇਨ੍ਹਾਂ ਸ਼ਾਲ ਦੇ ਰੁੱਖਾਂ ਵਿਚਾਲੇ, ਇਸੇ ਕੁਸੀਨਾਰਾ ਦੇ ਉਪਵਨ ਵਿੱਚ ਰਾਤ ਦੇ ਤੀਜੇ ਪਹਿਰ ਤਥਾਗਤ ਦਾ ਪ੍ਰੀਨਿਰਵਾਣ ਹੋ ਜਾਵੇਗਾ ।

ਤਥਾਗਤ ਦੇ ਇਜ ਆਖਣ 'ਤੇ ਆਨੰਦ ਸਥਵਿਰ ਨੇ ਆਖਿਆ—"ਭਗਵਾਨ ਆਪ ਬਹੁਤੇ ਜਣਿਆਂ ਦੇ ਹਿੱਤ ਲਈ, ਬਹੁਤ ਜਣਿਆਂ ਦੇ ਸੁਖ ਲਈ, ਲੋਕਾਂ ਉੱਤੇ ਦਯਾ ਕਰਨ ਲਈ ਅਤੇ ਦੇਵਤਿਆਂ ਤੇ ਮਨੁੱਖਾਂ ਦੇ ਕਲਿਆਣ ਲਈ ਕਲਪ (4320000000) ਵਰ੍ਹੇ ਤੱਕ ਜਿਉਂਦੇ ਰਹਿਣ ਦੀ ਕ੍ਰਿਪਾ ਕਰੋ ।"

"ਆਨੰਦ !ਹੁਣ ਮੈਂ ਬੁੱਢਾ ਹੋ ਗਿਆ ਹਾਂ, ਉਮਰ ਭੋਗ ਚੁੱਕਾ ਹਾਂ, ਹੁਣ ਆਖਰੀ ਸਮਾਂ ਨੇੜੇ ਹੈ ।ਮੇਰੇ ਦਿਨ ਪੂਰੇ ਹੋਣ ਨੂੰ ਆਏ ਹਨ ।ਮੈਂ ਅੱਸੀਆਂ ਸਾਲਾਂ ਦਾ ਹੋ ਗਿਆ ਹਾਂ ।ਜਿਵੇਂ ਕੋਈ ਪੁਰਾਣਾ ਗੱਡਾ ਇਕ ਨਾ ਇਕ ਦਿਨ ਟੁੱਟ-ਭੱਜ ਜਾਂਦਾ ਹੀ ਹੈ, ਉਹ ਹਾਲਤ ਤਥਾਗਤ ਦੇ ਸਰੀਰ ਦੀ ਵੀ ਹੈ ।"

"ਆਨੰਦ !ਰੋ ਨਾ, ਕੀ ਮੈਂ ਕਈ ਵਾਰ ਪਹਿਲਾਂ ਹੀ ਨਹੀਂ ਆਖਿਆ ਕਿ ਇਹ ਚੀਜ਼ਾਂ ਦਾ ਸੁਭਾਉ ਹੀ ਹੈ ਕਿ ਸਾਨੂੰ ਆਪਣੇ ਸਾਰੇ ਪਿਆਰੇ ਸੰਬੰਧੀਆਂ ਤੋਂ ਵੱਖ ਹੋਣਾ ਹੀ ਪੈਂਦਾ ਹੈ, ਵਿਦਾਈ ਲੈਣੀ ਹੀ ਪੈਂਦੀ ਹੈ, ਨਾਤਾ ਤੋੜਨਾ ਹੀ ਪੈਂਦਾ ਹੈ ।"

ਵੈਸਾਖ-ਪੁੰਨਿਆਂ ਦੀ ਰਾਤ ਦੇ ਤੀਜੇ ਪਹਿਰ ਵਿੱਚ ਤਥਾਗਤ ਪ੍ਰੀਨਿਰਮਾਣ ਪਾ ਗਏ ।ਉਨ੍ਹਾਂ ਦਾ ਪ੍ਰੀਨਿਰਵਾਣ ਈਸਾ ਤੋਂ ਪਹਿਲਾਂ 483 ਵਿੱਚ ਹੋਇਆ ।

-ਇਕ ਵਾਰ ਜਦੋਂ ਤਥਾਗਤ ਸ਼੍ਰਾਵਸਤੀ ਵਿਚ ਠਹਿਰੇ ਹੋਏ ਸਨ ਤਾਂ ਕੁਝ ਭਿਕਸ਼ੂਆਂ ਨੇ ਆ ਕੇ ਸ਼ਿਕਾਇਤ ਕੀਤੀ ਕਿ ਕਈ ਦੇਵ-ਗਣ (ਦੇਵਤੇ ਲੋਕ ਬ੍ਰਾਹਮਣ) ਆਉਂਦੇ ਹਨ ਅਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ ਅਤੇ ਉਨ੍ਹਾਂ ਦੀ ਧਿਆਨ-ਭਾਵਨਾ ਵਿੱਚ ਵਿਘਨ ਪੈਦਾ ਕਰਦੇ ਹਨ ।

ਉਨ੍ਹਾਂ ਦੀ ਕਸ਼ਟ-ਕਥਾ ਸੁਣੀ ਤਾਂ ਭਗਵਾਨ ਬੁੱਧ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ—

"ਜਿਹੜਾ ਪਰਮਾਰਥ ਦੇ ਵਿਸ਼ੇ ਵਿੱਚ ਮਾਹਿਰ ਹੈ, ਜਿਹੜਾ ਸ਼ਾਂਤੀ-ਪਥ (ਰਾਹ) ਨੂੰ ਪਾਉਣਾ ਚਾਹੁੰਦਾ ਹੈ, ਉਸ ਨੂੰ ਇਸ ਤਰ੍ਹਾਂ ਵਰਤਣਾ ਚਾਹੀਦਾ ਹੈ ।ਉਸ ਨੂੰ ਸਮਰੱਥ ਹੋਣਾ ਚਾਹੀਦਾ ਹੈ, ਉਸ ਨੂੰ ਕਾਬਿਲ ਹੋਣਾ ਚਾਹੀਦਾ ਹੈ, ਉਸ ਨੂੰ ਸਹੀ ਹੋਣਾ ਚਾਹੀਦਾ ਹੈ ।ਉਸ ਨੂੰ ਮਿੱਠਬੋਲਾ ਅਤੇ ਨਿਮਰ ਹੋਣਾ ਚਾਹੀਦਾ ਹੈ ।ਉਸ ਨੂੰ ਗਿਆਨੀ ਹੋਣਾ ਚਾਹੀਦਾ ਹੈ ।ਉਸ ਨੂੰ ਪਰਹੇਜ਼ ਹੋਣਾ ਚਾਹੀਦਾ ਹੈ ।ਉਸ ਨੂੰ (ਗ੍ਰਹਿਸਥ) ਲੋਕਾਂ ਵਿਚ ਲਗਾਉ ਨਹੀਂ ਚਾਹੀਦਾ । ਉਸ ਦੀ ਇਹੋ ਕਾਮਨਾ ਹੋਣੀ ਚਾਹੀਦੀ ਹੈ ਕਿ ਸਾਰੇ ਜੀਵਾਂ ਦਾ ਭਲਾ ਹੋਵੇ, ਸਾਰੇ ਜੀਵ ਰਾਜੀ-ਖੁਸ਼ੀ ਰਹਿਣ, ਸਾਰੇ ਜੀਵ ਸੁਖੀ ਰਹਿਣ ।"

"ਕਿਹੋ ਜਿਹੇ ਜੀਵ ਹੋਣ-ਕਮਜ਼ੋਰ ਹੋਣ ਜਾਂ ਬਲਸ਼ਾਲੀ ਹੋਣ, ਉੱਚੇ ਜਾਂ ਨੀਵੇਂ ਹੋਣ, ਦਰਮਿਆਨੇ ਕੱਦ ਦੇ ਹੋਣ ਜਾਂ ਛੋਟੇ ਕੱਦ ਦੇ ਹੋਣ, ਭਾਵੇਂ ਦੇਖੇ ਗਏ ਹੋਣ ਅਤੇ ਭਾਵੇਂ ਨਾ ਦੇਖੇ ਗਏ ਹੋਣ, ਭਾਵੇਂ ਨੇੜੇ ਰਹਿੰਦੇ ਹੋਣ ਭਾਵੇਂ ਦੂਰ ਰਹਿੰਦੇ ਹੋਣ, ਭਾਵੇਂ ਪੈਦਾ ਹੋ ਗਏ ਹੋਣ, ਭਾਵੇਂ ਹਾਲੇ ਪੈਦਾ ਹੋਣ ਵਾਲੇ ਹੋਣ-ਸਾਰੇ ਸੁਖੀ ਰਹਿਣ ।

"ਕੋਈ ਇਕ ਦੂਜੇ ਨੂੰ ਧੋਖਾ ਨਾ ਦੇਵੇ । ਕੋਈ ਕਿਸੇ ਨੂੰ ਨਫਰਤ ਨਾ ਕਰੇ । ਕੋਈ ਕਿਸੇ ਦਾ ਬੁਰਾ ਨਾ ਚਾਹੇ, ਕੋਈ ਕਿਸੇ ਨਾਲ ਦਵੇਸ਼ ਨਾ ਕਰੇ ।"

"ਉਸ ਨੂੰ ਸਾਰੇ ਸੰਸਾਰ ਵਿਚ ਆਪਣੀ ਅਸੀਮ ਮਿੱਤਰਤਾ ਦਾ ਸੰਚਾਰ ਕਰਨਾ ਚਾਹੀਦਾ ਹੈ-ਉਪਰ ਹੇਠਾਂ ਬਿਨਾਂ ਕਿਸੇ ਰੁਕਾਵਟ ਦੇ, ਦਵੇਸ਼ ਭਾਵ ਤੋਂ ਪੂਰੀ ਤਰ੍ਹਾਂ ਰਹਿਤ ।"

"ਭਾਵੇਂ ਉਹ ਖੜ੍ਹਾ ਹੋਵੇ, ਚਲਦਾ ਹੋਵੇ, ਬੈਠਾ ਹੋਵੇ, ਲੇਟਿਆ ਹੋਵੇ-ਜਿੰਨੇ ਸਮੇਂ ਵੀ ਉਹ ਜਾਗਦਾ ਰਹੇ-ਉਸ ਨੂੰ ਆਪਣੀ ਲਗਾਤਾਰ ਜਾਗਰੂਕਤਾ ਬਣਾਈ ਰੱਖਣੀ ਚਾਹੀਦੀ ਹੈ । ਇਹੋ ਮਹਾਨ ਜੀਵਨ ਹੈ ।"

ਮਹਾਨ ਬੁੱਧ ਦਾ ਇਹ ਫਲਸਫਾ ਬਾਬਾ ਸਾਹਿਬ ਦੁਆਰਾ ਰਚਿਤ ਤੇ ਭਦੰਤ ਆਨੰਦ ਕੌਸੱਲਿਆਨ ਦੁਆਰਾ ਅਨੁਵਾਦਤ 'ਭਗਵਾਨ ਬੁੱਧ ਅਤੇ ਉਨ੍ਹਾਂ ਦਾ ਧਰਮ' ਵਿਚੋਂ ਪ੍ਰਾਪਤ ਕੀਤਾ ਗਿਆ ਹੈ ।

ਭਾਰਤੀ ਇਤਿਹਾਸ ਦਾ ਪ੍ਰਾਚੀਨ ਕਾਲ (ਮੌਰੀਆ ਸਾਮਰਾਜ ਬਾਰੇ ਜ਼ਰੂਰੀ ਜਾਣਕਾਰੀ)

281 ਬ੍ਰਿਹਦਰਥ (191-184 ਈ: ਪੂਰਵ) :-ਮੌਰੀਆ ਵੰਸ਼ ਦਾ ਆਖਰੀ ਰਾਜਾ ਸੀ । (ਉਹ ਅਸ਼ੋਕ ਦਾ ਪੋਤਰਾ ਸੀ ।) 184 ਈ: ਪੂ: ਵਿਚ ਉਸ ਦੇ ਸੈਨਾਪਤੀ ਪੁਸ਼ਯ ਮਿੱਤਰ (ਬ੍ਰਾਹਮਣ) ਨੇ ਉਸ ਨੂੰ ਮਾਰ ਦਿੱਤਾ ਅਤੇ ਮੌਰੀਆ ਵੰਸ਼ ਦਾ ਨਾਸ਼ ਕਰਕੇ ਸ਼ੁੰਗ ਵੰਸ਼ ਦੀ ਨੀਂਹ ਰੱਖੀ ।

ਅਸ਼ੋਕ ਸਾਮਰਾਜ ਦਾ ਪਤਨ ਕਿਉਂ ਹੋਇਆ :

284 ਪੰਡਤ ਹਰੀ ਪ੍ਰਸਾਦ ਸ਼ਾਸਤਰੀ :

ਅਸ਼ੋਕ ਦੀ ਨੀਤੀ ਕਾਰਨ ਬ੍ਰਾਹਮਣ ਮੌਰੀਆ ਸਾਮਰਾਜ ਦੇ ਵਿਰੋਧੀ ਬਣ ਗਏ ਤੇ ਉਨ੍ਹਾਂ ਨੇ ਉਸ ਦੇ ਪਤਨ ਵਿੱਚ ਮਹੱਤਵਪੂਰਨ ਭਾਗ ਲਿਆ ।

ਪਹਿਲਾ ਕਾਰਨ :-ਅਸ਼ੋਕ ਨੇ ਪਸ਼ੂ ਬਲੀ (ਬ੍ਰਾਹਮਣੀ ਬਲੀ ਰਸਮ) ਦੀ ਨਿਖੇਧੀ ਕਰਕੇ ਬ੍ਰਾਹਮਣਾਂ ਦੇ ਮਹੱਤਵ ਨੂੰ ਬਹੁਤ ਘੱਟ ਕਰ ਦਿੱਤਾ, ਕਿਉਂਕਿ ਉਹੀ ਯੱਗਾਂ ਵਿੱਚ ਪਸ਼ੂ ਬਲੀਆਂ ਕਰਵਾਇਆ ਕਰਦੇ ਸਨ ਅਤੇ ਇਸ ਪ੍ਰਕਾਰ ਈਸ਼ਵਰ ਅਤੇ ਪ੍ਰਾਣੀਆਂ ਦਰਮਿਆਨ ਨਿਆਂ ਦਾ ਕੰਮ ਕਰਦੇ ਸਨ ।

ਦੂਜਾ ਕਾਰਨ :-ਬ੍ਰਾਹਮਣ ਅਸ਼ੋਕ ਨੂੰ ਸ਼ੂਦਰ ਸਮਝਦੇ ਹੋਏ ਉਸ ਦੇ ਆਦੇਸ਼ਾਂ (ਹੁਕਮਾਂ) ਨੂੰ ਅਨੁਚਿਤ ਸਮਝਦੇ ਸਨ ਅਤੇ ਉਨ੍ਹਾਂ ਨੂੰ ਮੰਨਣ ਲਈ ਤਿਆਰ ਨਹੀਂ ਸਨ । (ਵਿਰੋਧ ਵਿਚ ਉਹ ਕੀ ਕਰਦੇ ਸਨ : ਪੜ੍ਹੋ ਸਾਹੂ ਛਤਰ ਪਤੀ ਮਹਾਰਾਜਾ ਕੋਹਲਾਪੁਰ ਤੇ ਬਾਲ ਗੰਗਾਧਰ ਤਿਲਕ ।)

ਤੀਜਾ ਕਾਰਨ :-ਬ੍ਰਹਮ ਗਿਰੀ ਦੇ ਸ਼ਿਲਾਲੇਖ ਵਿੱਚ ਅਸ਼ੋਕ ਨੇ ਬ੍ਰਾਹਮਣਾਂ ਨੂੰ, ਜਿਨ੍ਹਾਂ ਨੂੰ ਭੂ-ਦੇਵਤਾ ਸਮਝਿਆ ਜਾਂਦਾ ਸੀ, 'ਝੂਠੇ ਦੇਵਤੇ' ਕਹਿ ਕੇ ਨਿੰਦਿਆ ਸੀ । ਇਸ ਕਾਰਨ ਬ੍ਰਾਹਮਣ ਉਸ ਦੇ ਵਿਰੁੱਧ ਭੜਕ ਉੱਠੇ ।

ਚੌਥਾ ਕਾਰਨ :-ਅਸ਼ੋਕ ਨੇ ਧਰਮ (ਬੋਧੀ ਧੰਮ ਨਾ ਕਿ ਵੈਦਿਕ ਬ੍ਰਾਹਮਣੀ ਧਰਮ) ਦਾ ਪ੍ਰਚਾਰ ਕਰਨ ਲਈ ਧਰਮ ਮਹਾਮਾਤਰਾਂ ਦੀ ਨਿਯੁਕਤੀ ਕੀਤੀ, ਭਾਵ ਬ੍ਰਾਹਮਣਾਂ ਦੀ ਨਿਯੁਕਤੀ ਨਹੀਂ ਕੀਤੀ । ਇਸ ਤੋਂ ਵੀ ਬ੍ਰਾਹਮਣ ਅਸੰਤੁਸ਼ਟ ਹੋ ਉੱਠੇ ਕਿਉਂਕਿ ਜਨਤਾ ਵਿੱਚ 'ਸਦਾਚਾਰ' ਦਾ (ਬ੍ਰਾਹਮਣੀ ਕਰਮਕਾਂਡੀ ਵਿਵਹਾਰ) ਪਰਚਾਰ ਕਰਨਾ ਉਹ ਆਪਣਾ ਅਧਿਕਾਰ ਸਮਝਦੇ ਸਨ ।

(285) ਪੰਜਵਾਂ ਕਾਰਨ :-ਅਸ਼ੋਕ ਨੇ ਵਿਵਹਾਰ ਸਮਤਾ ਅਤੇ ਦੰਡ ਸਮਤਾ ਦੀ ਘੋਸ਼ਣਾ ਦੁਆਰਾ ਬ੍ਰਾਹਮਣਾਂ ਨੂੰ ਹਿੰਦੂ-ਸਮਾਜ ਵਿੱਚ ਦਿੱਤੇ ਗਏ ਵਿਸ਼ੇਸ਼ ਅਧਿਕਾਰਾਂ ਉੱਤੇ ਸੱਟ ਮਾਰੀ । (ਹੋਰ ਪੜ੍ਹੋ 'ਧਾਰਾ 7' ਅਸ਼ੋਕ ਲਾਠ-ਕੋਲ ਕੁਤਬਮੀਨਾਰ ਦਿੱਲੀ) ਜਿਸ ਵਿਚ ਲਿਖਿਆ ਹੈ-ਸੱਤਵੀਂ ਪੰਕਤੀ ਉਰਦੂ ਪੁਸਤਕ 174-75) 'ਜੋ ਲੋਕ, ਗੁਲਾਮ ਅਤੇ ਤਰ੍ਹਾਂ-ਤਰ੍ਹਾਂ ਦੀਆਂ ਸਖਤੀਆਂ ਅਤੇ ਜ਼ੁਲਮ ਬਰਦਾਸ਼ਤ ਕਰਦੇ ਸਨ, ਉਹ (ਮਜ਼ਲੂਮ ਲੋਕ) ਇਸ ਦਿਨ ਤੋਂ ਰਾਜੇ (ਬੋਧੀ ਰਾਜੇ ਪ੍ਰਿਆਦਰਸ਼ੀ ਅਸ਼ੋਕ ਦਾ ਨਾਂ) ਦੇ ਹੁਕਮ ਨਾਲ ਹਰ ਤਰ੍ਹਾਂ ਦੀ ਗੁਲਾਮੀ ਤੋਂ ਅਜ਼ਾਦ ਕੀਤੇ ਗਏ । (ਦਿੱਲੀ ਦੀ ਲਾਠ ਦੇ ਪਹਿਲੇ ਕੁਤਬੇ ਦੀ ਇਬਾਰਤ ਵੀ ਇਹੋ ਹੈ ।)

ਛੇਵਾਂ ਕਾਰਨ :-ਜਦੋਂ ਤੱਕ ਅਸ਼ੋਕ ਜਿਉਂਦਾ ਰਿਹਾ, ਬ੍ਰਾਹਮਣਾਂ ਨੂੰ ਉਸ ਦੇ ਵਿਰੁੱਧ ਵਿਦਰੋਹ ਕਰਨ ਦਾ ਸਾਹਸ ਨਾ ਹੋਇਆ, (ਭਾਵ ਉਹ ਮੌਕੇ ਦੀ ਤਲਾਸ਼ ਵਿੱਚ ਚੁੱਪ ਰਹੇ) ਪ੍ਰੰਤੂ ਉਸ ਦੀ ਮੌਤ ਪਿੱਛੋਂ ਉਨ੍ਹਾਂ ਨੇ ਮੌਰੀਆ ਹਾਕਮਾਂ ਦਾ ਖੁੱਲ੍ਹੇ ਰੂਪ ਵਿੱਚ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਅੰਤ ਵਿਚ ਪੁਸ਼ਯ ਮਿੱਤਰ ਨਾਮੀ ਬ੍ਰਾਹਮਣ ਨੇ ਬ੍ਰਿਹਦਰਥ ਨੂੰ ਮਾਰ ਕੇ ਮੌਰੀਆ ਸਾਮਰਾਜ ਦਾ ਅੰਤ ਕਰ ਦਿੱਤਾ ।

ਇਤਿਹਾਸ ਦੀ ਪਾਠ-ਪੁਸਤਕ ਜਮਾਤ ਛੇਵੀਂ :-(Ancient India NCERT) ਅਸ਼ੋਕ ਦੇ ਸਰਕਾਰ ਸੰਬੰਧੀ

ਖਿਆਲ ਉਸ ਦੇ ਹੁਕਮਾਂ ਤੋਂ ਮਿਲਦੇ ਹਨ । ਉਸ ਦਾ ਯਕਨ ਸੀ ਕਿ ਇਕ ਰਾਜਾ ਨੂੰ ਆਪਣੀ ਪਰਜਾ ਨਾਲ ਆਪਣੇ ਬੱਚਿਆਂ ਵਰਗਾ ਵਿਹਾਰ ਕਰਨਾ ਚਾਹੀਦਾ ਹੈ । ਉਹ ਆਪਣੇ ਹੁਕਮਾਂ ਵਿਚ ਲਿਖਦਾ ਹੈ, "ਸਾਰੇ ਲੋਕ ਮੇਰੇ ਬੱਚੇ ਹਨ । ਉਸੇ ਤਰ੍ਹਾਂ ਜਿਸ ਤਰ੍ਹਾਂ ਇਕ ਪਿਤਾ ਆਪਣੇ ਬੱਚਿਆਂ ਦੀ ਦੇਖਭਾਲ ਕਰਦਾ ਹੈ, ਉਨ੍ਹਾਂ ਦੀ ਪਰਵਰਿਸ਼ ਕਰਦਾ ਹੈ, ਇਕ ਬਾਦਸ਼ਾਹ ਨੂੰ ਆਪਣੀ ਜਨਤਾ ਦਾ ਖਿਆਲ ਉਸੇ ਤਰ੍ਹਾਂ ਹੀ ਰੱਖਣਾ ਚਾਹੀਦਾ ਹੈ ।" (ਅਜਿਹਾ ਚਰਿਤਰ ਇਕ ਭਾਰਤੀ ਮੂਲ ਦੇ ਰਾਜਾ ਦਾ ਹੀ ਹੋ ਸਕਦਾ ਹੈ । ਇਸੇ ਕਰਕੇ ਆਰੀਆ ਲੋਕ ਬ੍ਰਾਹਮਣ ਕਸ਼ੱਤਰੀ ਆਦਿ ਉਸ ਦੇ ਵੈਰੀ ਬਣ ਗਏ ਸਨ, ਜਿਨ੍ਹਾਂ ਨੇ ਅੰਤ ਅਸ਼ੋਕ ਦੇ ਪੋਤਰੇ ਬ੍ਰਿਹਦਰਥ ਦਾ ਕਤਲ ਕਰਕੇ, ਮੌਰੀਆ ਰਾਜ ਦਾ ਅੰਤ ਕੀਤਾ ਅਤੇ 185 ਈ: ਪੂ: ਨੂੰ ਸ਼ੁੰਗ ਵੰਸ਼ੀ ਬ੍ਰਾਹਮਣੀ ਰਾਜ ਸਥਾਪਤ ਕੀਤਾ, ਜਿਸ ਦੌਰਾਨ ਮਨੂੰ ਸਿਮਰਤੀ ਵਰਗਾ ਅਤਿ ਘਟੀਆ ਤੇ ਗੈਰ ਮਾਨਵੀ ਵਿਧਾਨ ਲਿਖਿਆ ਗਿਆ, ਜਿਸ ਦਾ ਮਨੋਰਥ ਸੀ ਕਿ ਭਾਰਤੀ ਮੂਲ ਵਾਸੀ ਸ਼ੂਦਰਾਂ ਨੂੰ ਇਨਾ ਤੋੜ ਦਿੱਤਾ ਜਾਵੇ ਕਿ ਉਹ ਮੁੜ ਇਕੱਠੇ ਨਾ ਹੋ ਸਕਣ । ਇਨਾ ਨੀਚ ਬਣਾ ਦਿੱਤਾ ਜਾਵੇ ਕਿ ਮੁੜ ਉਹ ਸਿਰ ਨਾ ਉਠਾ ਸਕਣ । ਇਨੀ ਆਪਸੀ ਨਫਰਤ ਭਰ ਦਿੱਤੀ ਜਾਵੇ ਕਿ ਉਹ ਰੋਟੀ ਤੇ ਬੇਟੀ ਦੀ ਸਾਂਝ ਬਾਰੇ ਸੋਚਣਾ ਵੀ ਬੰਦ ਕਰ ਦੇਣ । ਕੁਝ ਕਿੱਤੇ ਉੱਤਮ, ਕੁਝ ਮੱਧਮ, ਕੁਝ ਘਟੀਆ ਕਰਾਰ ਦੇ ਕੇ ਲੋਕਾਂ ਨੂੰ ਉੱਤਮ, ਮੱਧਮ ਤੇ ਨੀਚ ਵਿਚ ਵੰਡ ਕੇ ਹੇਠ ਉੱਤੇ ਖੜ੍ਹਾ ਕੀਤਾ ਗਿਆ ਤੇ ਆਪਸੀ ਛੂਤਛਾਤ ਦਾ ਵਿਧਾਨ ਲਾਗੂ ਕਰਕੇ ਦੂਰੀ ਬਣੀ ਰਹਿਣ ਦਾ ਪੱਕਾ ਉਪਰਾਲਾ ਕੀਤਾ । ਇਸ ਤੋਂ ਵੀ ਵਧ ਉਹ ਲੋਕ, ਜੋ ਆਰੀਅਨਾਂ ਨਾਲ ਸਭ ਤੋਂ ਵਧੇਰੇ ਲੜੇ ਤੇ ਅਧੀਨਗੀ ਕਬੂਲ ਨਹੀਂ ਕੀਤੀ, ਜਿਵੇਂ ਨਾਗ, ਭੀਲ, ਭੋਲ, ਚੰਡਾਲ, ਸਪੇਰੇ, ਕੱਛੂ ਖਾਣੇ, ਸਿਗਲੀਗਰ, ਛੱਜ, ਘਾੜੇ, ਬੋਰੀਏ, ਗਿੱਦੜ ਕੁੱਟ ਆਦਿ ਵਾਂਗ ਹਜ਼ਾਰਾਂ ਜਾਤਾਂ ਦੇ ਲੋਕਾਂ ਨੂੰ ਸਮਾਜ ਵਿਚੋਂ ਹੀ ਛੇਕ ਦਿੱਤਾ ਅਤੇ ਉਨ੍ਹਾਂ ਲਈ ਸਮਾਜ ਅੰਦਰ ਦੀ ਹਰ ਥਾਂ ਬੰਦ ਕਰ ਦਿੱਤੀ । ਬਹੁਤਿਆਂ ਨੂੰ ਤਾਂ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ । ਜੋ ਹੌਲੀ-ਹੌਲੀ ਗੁਲਾਮ ਬਣ ਗਏ ਤੇ ਆਰੀਆਂ ਦੀ ਮਰਜ਼ੀ 'ਤੇ ਨਿਰਭਰ ਹੋ ਕੇ ਜੀਵਨ ਕੱਟਣ ਲੱਗੇ, ਉਹ ਦਾਸ ਅਖਵਾਏ ਤੇ ਜਿਨ੍ਹਾਂ ਨੇ ਅਧੀਨਗੀ ਦੀ ਥਾਂ ਜੰਗਲੀ ਜੀਵਨ ਬਤੀਤ ਕਰਨਾ ਯੋਗ ਸਮਝਿਆ, ਉਨ੍ਹਾਂ ਨੂੰ 'ਦਸਿਊ' ਕਿਹਾ ਗਿਆ । ਅਨੁਸੂਚਿਤ ਤੇ ਪਛੜੀਆਂ ਜਾਤੀਆਂ ਜਾਂ ਜੋ ਧਰਮ ਬਦਲ ਗਏ, ਉਹ ਦਾਸਾਂ ਵਿਚੋਂ ਹਨ । ਜਨਜਾਤੀਆਂ ਜਾਂ ਜੰਗਲੀ ਕਬੀਲੇ, ਜਾਂ ਜੋ ਸਮਾਜ ਵਿਚ ਵੀ ਖਾਨਾ ਬਦੋਸ਼ (ਬੇਘਰੇ) ਹਨ, ਇਹ ਦਸਿਊਆਂ ਵਿਚੋਂ ਹਨ । ਮਨੂੰ ਵਿਧਾਨ ਅਨੁਸਾਰ ਦਾਸਾਂ ਦੀ ਸੰਤਾਨ ਵੀ ਦਸਿਊਆਂ ਦੀ ਸੰਤਾਨ ਨੂੰ ਉਤਨੀ ਹੀ ਨਫਰਤ ਕਰਦੀ ਹੈ, ਜਿਨਾ ਇਕ ਬ੍ਰਾਹਮਣ ਅਛੂਤਾਂ ਨੂੰ । ਵਰਣ ਵੰਡ ਨੇ ਸਮਾਜਿਕ ਵੰਡ ਕੀਤੀ । ਜਾਤਪਾਤ ਨੇ ਟੁਕੜ ਵੰਡ ਕੀਤੀ ਤੇ ਛੂਤਛਾਤ ਅਤੇ ਉਚ-ਨੀਚ ਨੇ ਵੰਡ ਤੇ ਟੁਕੜ ਵੰਡ ਨੂੰ ਧਰਮ ਅਤੇ ਈਸ਼ਵਰ ਦੇ ਨਾਂ 'ਤੇ ਪੱਕਿਆ ਕੀਤਾ । ਲੋਹੇ ਜੜਿਆ ਕੀਤਾ ।

ਇਸ ਸਮਾਜਿਕ ਅਤਿ-ਦੁਰਘਟਨਾ ਦਾ ਕਾਰਨ ਸਮਾਜ ਉੱਤੇ ਸ਼ੂਦਰਾਂ ਭਾਵ ਦਾਸਾਂ ਵੱਲੋਂ ਰਾਜ ਸਥਾਪਿਤ ਕਰ ਲੈਣਾ ਸੀ ਅਤੇ ਆਰੀਆਂ ਦੀ ਸਦੀਵੀਂ ਉੱਚਤਾ ਦਾ ਟੁੱਟਣਾ ਸੀ, ਜਿਵੇਂ ਕਿ ਮਹਾਨ ਅਸ਼ੋਕ ਦੇ ਹੁਕਮਾਂ ਤੋਂ ਸਾਫ ਨਜ਼ਰ ਆਉਂਦਾ ਹੈ ।

ਹਿੰਦੂ ਮਿਥਿਹਾਸ ਕੋਸ਼ (ਭਾਸ਼ਾ ਵਿਭਾਗ ਪੰਜਾਬ ਪਟਿਆਲਾ)

(231) ਨੰਦ ਵੰਸ਼ ਨੇ ਮਗਧ ਉੱਤੇ ਰਾਜ ਕੀਤਾ । ਮਹਾਪਦਮ ਨੰਦ ਇਕ ਸ਼ੂਦਰ ਦਾ ਲੜਕਾ ਸੀ । ਇਸ ਤਰ੍ਹਾਂ ਆਪ ਵੀ ਸ਼ੂਦਰ ਸੀ ।

.........ਉਸ ਦੇ ਪਤਨ ਦਾ ਕਾਰਨ ਚਾਣਕਯ ਨਾਂ ਦੇ ਬ੍ਰਾਹਮਣ ਨੂੰ ਵੀ ਮੰਨਿਆ ਜਾਂਦਾ ਹੈ । ਉਸ ਪਿਛੋਂ ਚੰਦਰਗੁਪਤ ਤਖਤ 'ਤੇ ਬੈਠਾ ਅਤੇ ਮੌਰੀਆ ਵੰਸ਼ ਦੀ ਨੀਂਹ ਰੱਖੀ, ਜਿਸ ਦਾ ਤੀਜਾ ਰਾਜਾ ਮਹਾਨ ਅਸ਼ੋਕ ਸੀ, ਜਿਹੜਾ ਚੰਦਰ ਗੁਪਤ ਦਾ ਪੋਤਰਾ ਸੀ ।

.....ਇਹ ਇਕ ਨੀਵੀਂ ਜਾਤ ਦੀ ਇਸਤਰੀ ਮੁਰਾ ਦੀ ਕੁੱਖੋਂ ਪੈਦਾ ਹੋਇਆ ਨੰਦ ਦਾ ਲੜਕਾ ਸੀ ।

ਸਿੰਧੂ ਘਾਟੀ ਦੇ ਸਿਰਜਕ ਸ਼ੂਦਰ ਅਤੇ ਵਣਿਕ ਵਿਚ (ਨਵਲ ਵਿਯੋਗੀ) ਨੇ ਸਾਬਤ ਕੀਤਾ ਹੈ :

ਸਫਾ 236 , V.A. Smith the early history of India (page 44)

ਮਹਾਪਦਮ ਨੰਦ ਨੂੰ ਚੰਦਰ ਗੁਪਤ ਤੋਂ ਕਿਉਂ ਮਰਵਾਇਆ, ਕਿਉਂਕਿ "ਨੰਦ ਬ੍ਰਾਹਮਣਾਂ ਦੇ ਕੱਟੜ ਸ਼ਤਰੂ ਦੇ ਰੂਪ ਵਿਚ ਪ੍ਰਸਿੱਧ ਸਨ ।"

(238) ਜਦੋਂ ਉਹ (ਚੰਦਰ ਗੁਪਤ ਮੌਰੀਆ) ਚਾਣਕੀਯ (ਬ੍ਰਾਹਮਣ) ਦੇ ਹੱਥ ਚੜ੍ਹਿਆ ਤਾਂ ਉਹ ਖੇਡਣ ਵਾਲਾ

7-8 ਸਾਲ ਦਾ ਅਬੋਧ ਬੱਚਾ ਸੀ, ਜਿਸ ਨੂੰ ਚਾਣਕੀਆ ਨੇ ਉਸ ਦੇ ਪਿਤਾ, ਵਿਰੁੱਧ ਭੜਕਾਇਆ। ਨੀਚ ਅਤੇ ਨੀਚ ਉਤਪਤੀ ਦਾ ਕਿਹਾ। ਉਸ ਨੇ ਉਸ ਦੇ ਸੋਚਣ ਦਾ ਢੰਗ ਹੀ ਬਦਲ ਦਿੱਤਾ। ਉਸੇ ਪਾਗਲਪਣ ਵਿਚ ਚੰਦਰ ਗੁਪਤ ਨੇ ਨੰਦ ਨੂੰ ਨੀਚ ਕਹਿ ਦਿੱਤਾ। (ਜਿਵੇਂ ਵਿਸ਼ਨੂੰ ਨੇ ਪ੍ਰਲਾਦ ਨੂੰ ਆਪਣੇ ਪਿਤਾ ਹਿਰਨਾਕਸ਼ ਵਿਰੁੱਧ ਕਰ ਦਿੱਤਾ ਸੀ, ਸੁਗਰੀਵ ਅਤੇ ਭਵੀਖਣ ਦੀ ਉਦਾਹਰਣ ਵੀ ਇਸ ਪ੍ਰਸੰਗ ਵਿਚ ਦਿੱਤੀ ਜਾ ਸਕਦੀ ਹੈ।)

ਪ੍ਰੰਤੂ ਨੰਦ ਵੰਸ ਨਾਲ ਜਿਸ ਤਰ੍ਹਾਂ ਦੀ ਘੋਰ ਦੁਸ਼ਮਣੀ ਚਾਣਕੀਯ ਦੀ ਸੀ, ਉਸ ਤੋਂ ਅਧੀਕ ਚੰਦਰ ਗੁਪਤ ਦੀ। ਨਾ ਕੇਵਲ ਉਸ ਨੂੰ ਰਾਜੇ ਦਾ ਬਲਕਿ ਦਾਸੀ ਦਾ ਪੁੱਤਰ ਹੋਣ ਕਾਰਨ ਰਾਜ ਅਧਿਕਾਰ ਤੋਂ ਵੰਚਤ ਕਰਨ ਦਾ ਛੜਯੰਤਰ ਰਚਿਆ ਗਿਆ ਸੀ, ਸਗੋਂ ਉਸ ਨੂੰ ਕਤਲ ਕਰਨ ਦੇ ਯਤਨ ਕੀਤੇ ਗਏ ਸਨ। ਇਸ ਨੋਟ ਤੋਂ ਸਪੱਸ਼ਟ ਹੁੰਦਾ ਹੈ ਕਿ ਚੰਦਰ ਗੁਪਤ ਨੰਦ ਦੀ ਪਟਰਾਣੀ ਦਾ ਲੜਕਾ ਨਹੀਂ ਸੀ। ਇਕ ਦਾਸੀ ਮੁਰਾ ਦਾ ਲੜਕਾ ਸੀ। ਨੰਦ ਦਾ ਲੜਕਾ ਹੋਣ ਕਰਕੇ ਉਹ ਪਿਤਾ ਦੇ ਰਾਜ ਦਾ ਅਧਿਕਾਰੀ ਵੀ ਸੀ, ਪ੍ਰੰਤੂ ਪਟਰਾਣੀ ਦਾ ਪੁੱਤਰ ਨਾ ਹੋਣ ਕਰਕੇ ਉਹ ਇਸ ਅਧਿਕਾਰ ਤੋਂ ਵਾਂਝਾ ਰਹਿ ਸਕਦਾ ਸੀ। ਇਸੇ ਕਰਕੇ ਚਾਣਕੀਯ ਨੇ ਦਾਸੀ ਦੇ ਪੇਟੋਂ ਪੈਦਾ ਹੋਏ ਨੰਦ ਦੇ ਲੜਕੇ ਨੂੰ ਪਿਤਾ ਵਿਰੁੱਧ ਉਕਸਾ ਕੇ, ਉਸ ਨੂੰ ਉਸ ਤੋਂ ਮਰਵਾ ਦਿੱਤਾ। "ਦਾ ਮੌਰੀਅਨ ਇੰਪਾਇਰ, ਅਧਿ :5, ਪੁਰਾਤਨ ਭਾਰਤ, ਸਫਾ 60 'ਤੇ ਲਿਖਿਆ ਹੈ :-ਚੰਦਰ ਗੁਪਤ ਨੇ ਆਪਣੀ ਸੈਨਾ ਦਾ ਸੰਗਠਨ ਕੀਤਾ ਅਤੇ ਨੰਦ ਰਾਜ ਖਤਮ ਕਰ ਦਿੱਤਾ। ਚਾਣਕੀਯ ਬ੍ਰਾਹਮਣ ਚੰਦਰ ਗੁਪਤ ਦਾ ਪ੍ਰਧਾਨ ਮੰਤਰੀ ਬਣਿਆ। (ਉਸੇ ਤਰ੍ਹਾਂ ਜਿਵੇਂ ਸ਼ਿਵਾਜੀ ਦੇ ਅੱਠ ਮੰਤਰੀ ਬ੍ਰਾਹਮਣ ਸਨ ਤੇ ਜਿਨ੍ਹਾਂ ਸ਼ਿਵਾਜੀ ਦੇ ਪੁੱਤਰ ਸ਼ੰਭਾਜੀ ਨੂੰ ਮਾਰ ਕੇ ਪੇਸ਼ਵਾ ਦਾ ਰਾਜ (ਬ੍ਰਾਹਮਣ) ਸਥਾਪਤ ਕਰ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਸ਼ਾਂਸੀ ਅਛੂਤ ਰਾਜਾ ਸੀ, ਜਿਸ ਦੇ ਮੁੱਖ ਦਰਬਾਰੀ ਕਸ਼ਮੀਰ ਦੇ ਲਾਲ ਸਿੰਘ ਵਰਗੇ ਬ੍ਰਾਹਮਣ ਤੇ ਡੋਗਰੇ ਸਨ।)

(239) ਪੁਰਾਣਾਂ ਅਨੁਸਾਰ ਨੰਦ ਇਕ ਨੀਚ ਜਾਤੀ ਦਾ ਰਾਜਾ ਸੀ, ਜਿਸ ਨੇ ਅਵਿਧਾਨਕ (ਭਾਵ ਸ਼ੂਦਰ ਵੰਸ਼ੀ ਰਾਜ) ਦੀ ਨੀਂਹ ਰੱਖੀ।

(329) ਇਕ ਸ਼ਕਤੀਸ਼ਾਲੀ ਬ੍ਰਾਹਮਣ ਕੌਟੱਲਿਆ ਸੀ, ਜਿਸ ਨੇ ਧਰਮ (ਆਰੀਅਨ ਧਰਮ) ਦੀ ਰੱਖਿਆ ਕਰਦੇ ਹੋਏ (ਕਿ ਰਾਜ ਸ਼ੂਦਰ ਨਹੀਂ ਕਰ ਸਕਦਾ) ਸ਼ੂਦਰ ਦੇ ਪੰਜੇ ਵਿਚੋਂ ਦੇਸ਼ ਨੂੰ ਅਜ਼ਾਦ ਕਰਵਾਇਆ (ਭਾਵ ਪਹਿਲਾ ਸ਼ੂਦਰ ਰਾਜਾ ਮਰਵਾ ਕੇ ਦੂਜਾ ਬਿਠਾ ਲਿਆ ਪ੍ਰੰਤੂ ਪ੍ਰਧਾਨ ਮੰਤਰੀ ਆਪ ਬਣਿਆ) ਅਤੇ ਕਸ਼ੱਤਰੀਆਂ ਦਾ ਵਿਧਾਨਕ ਰਾਜ ਬਣਾਇਆ। (ਜਿਸ ਤਰ੍ਹਾਂ ਮਦਰਾਸ ਦੇ ਗੰਗ ਭੱਟ ਬ੍ਰਾਹਮਣ ਨੇ ਸ਼ਿਵਾਜੀ ਨੂੰ ਪੈਰ ਦੇ ਅੰਗੂਠੇ ਨਾਲ ਤਿਲਕ ਲਗਾ ਕੇ ਪੱਛਮੀ ਜਾਤੀ ਨੂੰ ਕਸ਼ੱਤਰੀ ਘੋਸ਼ਤ ਕਰਿਆ ਸੀ, ਉਸੇ ਤਰ੍ਹਾਂ ਚੰਦਰ ਗੁਪਤ ਸ਼ੂਦਰ ਨੂੰ ਵੀ ਕਸ਼ੱਤਰੀ ਘੋਸ਼ਤ ਕਰ ਦਿੱਤਾ ਗਿਆ ਹੋਵੇਗਾ।)

(240) ਬੋਧੀ ਗ੍ਰੰਥ ਅਨੁਸਾਰ ਚੰਦਰ ਗੁਪਤ ਦਾ ਸੰਬੰਧ ਸ਼ਾਕਯ ਰਾਜ ਪਰਵਾਰ ਦੇ ਮੌਰੀਆ ਵੰਸ਼ ਨਾਲ ਸੀ। ਉਹੀ ਸ਼ਾਕਯ ਵੰਸ਼ ਜਿਸ ਨੇ ਬੁੱਧ ਨੂੰ ਜਨਮ ਦਿੱਤਾ।

(L.A. Waddel Report on excavation at patli Putra, page 61)

-ਇਕ ਭਾਸ਼ਕਾਰ ਨੇ ਪੁਰਾਣਾਂ ਅਨੁਸਾਰ ਚੰਦਰ ਗੁਪਤ ਮੌਰੀਆ ਨੂੰ ਨੰਦ ਦੀ ਮੁਰਾ ਨਾਂ ਦੀ ਸ਼ੂਦਰ ਪਤਨੀ, ਬਰਿਸ਼ਾਲਾ ਤਮਜਾ ਦਾ ਪੁੱਤਰ ਦੱਸਿਆ ਹੈ।

ਵਿਸ਼ਨੂੰ ਪੁਰਾਣ 4-24-21 ਵਿਚ ਭਵਿੱਖਬਾਣੀ ਹੈ ਕਿ (240-41) ਮਹਾਨੰਦ ਦੀ ਸ਼ੂਦਰ ਪਤਨੀ ਤੋਂ ਰਾਜਾ ਮਹਾਂਪਦਮ ਪੈਦਾ ਹੋਏਗਾ, ਜੋ ਸਾਰੇ ਕਸ਼ੱਤਰੀਆਂ ਦਾ ਵਿਨਾਸ਼ ਕਰ ਦੇਵੇਗਾ। ਉਸ ਤੋਂ ਬਾਅਦ ਸਾਰੇ ਰਾਜੇ ਸ਼ੂਦਰ ਹੋਣਗੇ।

(243) Chandra Gupta Maurya was low born son of Maurya and founder of Maurya empire. (The Cambridge History of India vol. I., page 199)

-Chandra Gutpa Maurya according to learned School, was certainly a low caste.) (S.R. Loyal a History of Imperial Gupta page 75)

ਸਿੱਖ ਲਹਿਰ ਅਤੇ ਬ੍ਰਾਹਮਣਵਾਦ

(ਸਿੱਖ ਲਹਿਰ ਦੇ ਸੰਵਿਧਾਨ, ਗੁਰਬਾਣੀ ਦੀਆਂ ਧਾਰਾਵਾਂ)

(1. ਬਾਣੀ ਸੰਤਗੁਰੂ ਨਾਮਦੇਵ, 2. ਸੰਤਗੁਰੂ ਕਬੀਰ, 3. ਸੰਤਗੁਰੂ ਰਵਿਦਾਸ)

(ਖਸਮ ਛੋਡਿ ਦੂਜੇ ਲਗੇ ਡੂਬੇ ਸੇ ਵਣਜਾਰਿਆ)

1. ਕਿਸੇ ਦੀ ਗੁਲਾਮੀ ਕਰਨਾ ਪਾਪ ਹੈ, ਕਿਉਂਕਿ ਗੁਲਾਮ ਨੂੰ ਸਾਰੇ ਹੀਣ ਸਮਝਦੇ ਹਨ ਅਤੇ ਉਸ ਨੂੰ ਪਿਆਰ ਨਹੀਂ ਕਰਦੇ ।2. ਅਜਿਹੇ ਰਾਜ ਦੀ ਸਥਾਪਨਾ ਕਰਨੀ ਹੈ, ਜਿਸ ਵਿਚ ਸਭ ਨੂੰ ਅੰਨ ਮਿਲੇ, ਸਾਰੇ ਬਰਾਬਰ ਵੱਸਣ ਅਤੇ ਖੁਸ਼ੀਆਂ ਮਾਨਣ । ਜਿੱਥੇ ਕੋਈ ਗਮ ਤੇ ਚਿੰਤਾ ਨਾ ਹੋਵੇ । ਜਿੱਥੇ ਦੋਮ ਸੋਮ ਦਾ ਭੇਦ-ਭਾਵ ਨਾ ਹੋਵੇ । ਬੇਗਮਪੁਰੇ ਦੀ ਅਜਿਹੀ ਪਾਤਸ਼ਾਹੀ ਕਾਇਮ ਕਰੋ, ਜਿੱਥੇ ਹਰ ਤਰ੍ਹਾਂ ਦੀ ਸਮਾਨਤਾ ਹੋਵੇ । 3. ਹਰ ਆਦਮੀ ਨੂੰ ਬਚਨ ਤੇ ਕਰਮ ਦਾ ਪੂਰਾ ਹੋਣਾ ਚਾਹੀਦਾ ਹੈ। 4. ਮਸਜਿਦ ਜਾਂ ਮੰਦਰ ਵਿਚ ਅੱਲਾ ਜਾਂ ਰਾਮ ਨਹੀਂ ਵਸਦਾ ।5. ਸੱਚੀ ਗੱਲ ਕਹਿਣ ਵਾਲੇ ਧੰਨ ਹੁੰਦੇ ਹਨ। 6. ਜੋ ਅਤਿ ਪਵਿੱਤਰ ਹੈ ਉਹੀ ਅਸਲੀ ਸ਼ੂਦਰ ਹੈ 7. ਸਰਬੱਤ ਦਾ ਭਲਾ ਲੋਚਨ ਵਾਲੇ ਹੀ ਅਸਲੀ ਵੈਸ਼ ਹਨ। 8. ਗਰੀਬ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਹੀ ਅਸਲੀ ਕਸ਼ੱਤਰੀ ਹੋ ਸਕਦਾ ਹੈ। 9. ਅਭਿਮਾਨੀ ਬ੍ਰਾਹਮਣ ਨਾਲੋਂ ਸ਼ੂਦਰ ਚੰਗਾ ਹੈ। 10. ਉੱਚੀ ਜਾਤ ਕਾਰਨ ਕੋਈ ਬ੍ਰਾਹਮਣ ਨਹੀਂ ਹੋ ਸਕਦਾ।

11. ਸ਼ੁਭ ਕਰਮ ਕਰਕੇ ਹੀ ਬੰਦਾ ਨੀਚ ਤੋਂ ਉਚ ਹੋ ਸਕਦਾ ਹੈ । 12. ਦਿਲ ਦਾ ਪਾਪੀ ਹੀ ਅਸਲ ਵਿਚ ਨੀਚ ਆਦਮੀ ਹੈ । 13. ਗੁਣਹੀਣ ਬ੍ਰਾਹਮਣ ਨੂੰ ਨਾ ਪੂਜੋ, ਪਰ ਗੁਣਵਾਨ ਸ਼ੂਦਰ ਦੀ ਪੂਜਾ ਕਰੋ । 14. ਜਾਤਾਂ ਕੇਲਿਆਂ ਦੇ ਪੱਤਿਆਂ ਵਾਂਗ ਹੇਠ ਉੱਤੇ ਚੜ੍ਹੀਆਂ ਹਨ, ਜੋ ਮਨੁੱਖਾਂ ਨੂੰ ਜੁੜਕੇ ਬੈਠਣ ਨਹੀਂ ਦਿੰਦੀਆਂ । 15. ਬੰਦੇ ਜਨਮ ਤੋਂ ਨੀਚ ਨਹੀਂ । ਉਨ੍ਹਾਂ ਦੇ ਭੈੜੇ ਕੰਮ ਉਨ੍ਹਾਂ ਨੂੰ ਨੀਚ ਬਣਾਉਂਦੇ ਹਨ । 16. ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਦੀ ਇਕੋ ਜਾਤ ਹੈ-ਮਨੁੱਖ । 17. ਸਾਰੇ ਮਨੁੱਖ ਇਕ ਹਨ, ਪਰ ਚਾਰ ਨਾਵਾਂ ਵਿਚ ਵੰਡ ਦਿੱਤੇ ਹਨ । 18. ਜਾਤਪਾਤ ਮਨੁੱਖਤਾ ਨੂੰ ਖਾ ਜਾਣ ਵਾਲਾ ਰੋਗ ਹੈ । 19. ਰੱਬ ਦੇ ਬੰਦਿਆਂ ਦੀ ਕੋਈ ਜਾਤ ਕੁਜਾਤ ਨਹੀਂ ਹੁੰਦੀ। 20. ਮਥਰਾ, ਕਾਸ਼ੀ ਜਾਂ ਹਰਦੁਆਰ ਤੋਂ ਦਿਲਦਾਰ ਨਹੀਂ ਮਿਲਦਾ ।

21. ਮੰਦਰਾਂ, ਮਸੀਤਾਂ ਨੂੰ ਸਿਰ ਨਿਵਾਉਣ ਦੀ ਕੋਈ ਲੋੜ ਨਹੀਂ। 22. ਬ੍ਰਾਹਮਣ ਅਤੇ ਚੰਡਾਲ ਵਿਚ ਕੋਈ ਅੰਤਰ ਨਹੀਂ । 23. ਇਕੋ ਨੂਰ ਤੋਂ ਉਪਜੇ ਬੰਦੇ ਬ੍ਰਾਹਮਣ ਜਾਂ ਚਮਾਰ ਨਹੀਂ ਹੁੰਦੇ । 24. ਇਕੋ ਰਕਤ ਵਾਲੇ ਬੰਦੇ ਉਚ ਨੀਚ ਕਿਵੇਂ ਹੋਏ ? 25. ਵਰਨ (ਜਾਤ-ਪਾਤ) ਕਹਿਣ ਵਾਲੇ ਮੂਰਖ ਹਨ । 26. ਬ੍ਰਾਹਮਣ ਤੇ ਸ਼ੂਦਰ ਇਕੋ ਬੂੰਦ ਤੋਂ ਬਣੇ ਹਨ । 27. ਪ੍ਰੀਤਮ ਪਿਆਰਾ ਜੰਗਲਾਂ ਵਿਚ ਨਹੀਂ, ਮਾਨਵ ਪ੍ਰੇਮ ਵਿਚ ਹੈ । 28. ਬੰਦੇ ਦਾ ਰਾਮ ਦਸ਼ਰਥ ਦਾ ਬੇਟਾ ਨਹੀਂ ਹੈ । 29. ਜੋ ਬਰਾਬਰੀ ਨਾਲ ਰਹਿਣਾ ਚਾਹੇ, ਉਹੀ ਅਸਲੀ ਮੀਤ ਹੈ । 30. ਇਕੋ ਨੂਰ ਤੋਂ ਉਪਜੀ ਵਸਤੂ ਚੰਗੀ ਜਾਂ ਭੈੜੀ ਨਹੀਂ ਹੋ ਸਕਦੀ ।

31. ਇਕੋ ਵੀਰਜ ਬੂੰਦ, ਇਕੋ ਮਲ ਮੂਤਰ, ਇਕੋ ਚੰਮ, ਇਕੋ ਗੁਦਾ ਤੇ ਇਕੋ ਜੋਤ ਵਾਲੇ ਬੰਦੇ ਬ੍ਰਾਹਮਣ ਜਾਂ ਸ਼ੂਦਰ ਨਹੀਂ ਹੁੰਦੇ । 32. ਜੰਤਰ, ਮੰਤਰ ਸਭ ਝੂਠੇ ਹਨ । 33. ਜੋ ਆਦਮੀ ਦੂਜਿਆਂ ਨਾਲ ਦਵੈਤ ਕਰਦਾ ਹੈ, ਉਸ ਦੇ ਕੀਤੇ ਜਪ ਤਪ ਜਾਂ ਪੂਜਾ ਦਾ ਕੋਈ ਅਰਥ ਨਹੀਂ । 34. ਜੇ ਬ੍ਰਾਹਮਣ ਉਚਾ ਹੈ ਤਾਂ ਬ੍ਰਾਹਮਣੀ ਦੇ ਪੇਟ ਦੀ ਥਾਂ ਕਿਸੇ ਹੋਰ ਰਾਹੋਂ ਕਿਉਂ ਨਹੀਂ ਆਇਆ । 35. ਵੇਦਾਂ ਵਿਚੋਂ ਸਿਮ੍ਰਤੀਆਂ ਨਿਕਲਦੀਆਂ ਹਨ, ਜਿਸ ਨੇ ਸਾਰੀ ਮਨੁੱਖਤਾ ਨੂੰ ਉਲਟੇ ਜਾਲ ਵਿਚ ਪਾ ਰੱਖਿਆ ਹੈ । 36. ਭਲੇ ਅਸਵਾਰ (ਭਾਵ ਸਿਆਣੇ ਮਨੁੱਖ) ਵੇਦਾਂ ਕਤੇਬਾਂ ਤੋਂ ਦੂਰ ਹੀ ਰਹਿੰਦੇ ਸਨ । 37. ਜਦੋਂ ਜਲ, ਥਲ, ਪੌਣ ਪਾਣੀ ਸਭ ਅਪਵਿੱਤਰ ਹਨ ਤਾਂ ਬ੍ਰਾਹਮਣ ਪਵਿੱਤਰ ਕਿਵੇਂ ਹੋ ਸਕਦਾ ਹੈ ? ਨੈਣੀ ਦੇਖਣਾ, ਮੂੰਹੋ ਬੋਲਣਾ, ਕੰਨੀ ਸੁਣਨਾ, ਉਠਣਾ, ਬੈਠਣਾ ਸਭ ਝੂਠੇ ਹਨ । 38. ਝਟਕਿਆ

ਬ੍ਰਾਹਮਣ ਦੂਜੇ ਨੂੰ ਖਰਾਬ ਕਰਕੇ ਆਪ ਮੰਦਰ ਵਿਚ ਸੌਂ ਰਹਿੰਦਾ ਹੈ ।ਅਜਿਹੇ ਭੈੜੇ ਬੰਦਿਆਂ ਨੂੰ ਵੇਖ ਕੇ ਸ਼ਰਮ ਆਉਂਦੀ ਹੈ ।39. ਮਿੱਟੀ ਦੇ ਦੇਵੀ ਦੇਵਤੇ ਅਤੇ ਪਿਤਰ ਕੁਝ ਨਹੀਂ ਖਾ ਸਕਦੇ, ਕੁਝ ਨਹੀਂ ਕਰ ਸਕਦੇ ।40. ਜਿਉਂਦਿਆਂ ਦੇ ਸਿਰ ਕੱਟਣਾ, ਮੁਰਦੇ, ਪੱਥਰਾਂ ਨੂੰ ਪੂਜਣਾ, ਭਾਵ ਪੱਥਰਾਂ ਦੇ ਦੇਵੀ ਦੇਵਤਿਆਂ ਅਤੇ ਪਿੱਤਰਾਂ ਨੂੰ ਪੂਜਣਾ ਆਪਣਾ ਵਿਗਾੜ ਕਰਨਾ ਹੈ ।

41. ਧੋਤੀਆਂ ਬੰਨਣ ਵਾਲੇ ਤੀਹਰੇ ਜਨੇਊ ਪਾਉਣ ਵਾਲੇ, ਗਲਾਂ 'ਚ ਜਪ ਮਾਲੀਆਂ ਪਾਉਣ ਵਾਲੇ, ਹੱਥ 'ਚ ਲੋਟੇ ਰੱਖਣ ਵਾਲੇ ਸੰਤ ਨਹੀਂ, ਬਨਾਰਸ ਦੇ ਠੱਗ ਹਨ ।42. ਭਾਂਡੇ ਮਾਜਣਾ, ਲੱਕੜੀ ਧੋ ਕੇ ਜਲਾਉਣ ਤੇ ਫਿਰ ਹਰਿਆਵਲੀਆਂ ਵਸਤੂਆਂ ਖਾਣਾ, ਸਭ ਜੀਵ ਖਾਣਾ ਹੀ ਤਾਂ ਹੈ ।43. ਆਪਣੇ ਆਪ ਨੂੰ ਉੱਤਮ ਕਹਾਉਣ ਵਾਲੇ ਸਭ ਪਾਪੀ ਤੇ ਅਪਰਾਧੀ ਹਨ ।44. ਜੋਗੀ, ਜਤੀ, ਤਪੀ, ਸੰਨਿਆਸੀ, ਜੋ ਬਹੁਤੇ ਤੀਰਥਾਂ 'ਤੇ ਭਟਕਦੇ ਰਹਿੰਦੇ ਹਨ, ਜਤੀਆਂ, ਮੁਨੀਆਂ, ਜਟਾਧਾਰੀਆਂ ਸਭ ਨੇ ਮਰਨਾ ਹੈ ।45. ਵੇਦ, ਪੁਰਾਣ ਤੇ ਸਿਮਰਤੀਆਂ ਕਿਸੇ ਨੂੰ ਨਹੀਂ ਬਚਾ ਸਕਦੇ ।ਇਨ੍ਹਾਂ ਨੇ ਤਾਂ ਬ੍ਰਹਮਾ ਤੇ ਉਸ ਦੇ ਪੁੱਤਰ ਨੂੰ ਵੀ ਵਿਅਰਥ ਕਰ ਦਿੱਤਾ ।46. ਜਿਨ੍ਹਾਂ ਦੇ ਹਿਰਦੇ 'ਚ ਮੈਲ ਹੈ, ਕੂੜ ਕਪਟ ਹੈ, ਉਹ ਸੁਰਗ ਨੂੰ ਨਹੀਂ ਪਹੁੰਚ ਸਕਦਾ ।47. ਮਨੋ ਜਾਤਪਾਤੀ ਤੇ ਹੰਕਾਰੀ ਬੰਦਾ ਬਨਾਰਸ ਦੇ ਤੀਰਥਾਂ 'ਤੇ ਮਰ ਕੇ ਵੀ ਨਰਕ ਤੋਂ ਬੱਚ ਨਹੀਂ ਸਕਦਾ ।48. ਹਿੰਦੂ ਬੁੱਤ ਪੂਜਾ ਕਰਕੇ ਮਰ ਗਏ, ਤੁਰਕ ਸਿਰ ਨਿਵਾਕੇ ।ਸਭ ਨੇ ਐਵੇਂ ਵਿਅਰਥ ਜਨਮ ਗੁਆ ਲਿਆ।49. ਵੇਦ ਪੜ੍ਹਨ ਵਾਲਾ ਅਤੇ ਸੁੰਦਰ ਔਰਤਾਂ ਨੂੰ ਲਲਚਾਉਣ ਵਾਲਾ ਖੁਆਰ ਹੀ ਹੁੰਦਾ ਹੈ।50. ਵੇਦ ਪੁਰਾਣ ਸਭ ਨਿਰਾਸਤਾ ਦੇ ਅਡੰਬਰ ਹਨ ।

51. ਵੇਦ ਪੁਰਾਣ ਪੜ੍ਹਨ ਅਤੇ ਸੁਣਨ ਤੋਂ ਕੁਝ ਨਹੀਂ ਬਣਦਾ ।52. ਜਿਨ੍ਹਾਂ ਦੇ ਦਿਲਾਂ ਵਿਚ ਛਲ ਕਪਟ ਹੈ, ਝੂਠ ਬੋਲਦੇ ਹਨ, ਅੰਦਰ ਵਿਕਾਰਾਂ ਦੀ ਮੈਲ ਹੈ, ਚਿਹਰੇ ਮੋਹਰਿਓਂ ਗਿਆਨੀ ਦਿਸਦੇ ਹਨ, ਇਨ੍ਹਾਂ ਦੀ ਮੈਲ 68 ਤੀਰਥ ਨਹਾ ਕੇ ਵੀ ਨਹੀਂ ਜਾ ਸਕਦੀ ।53. ਸਕੰਦ, ਸੇਸ਼ਨਾਗ, ਹਨੂੰਮਾਨ, ਗਰੁੜ, ਇੰਦਰ, ਨਰਪਤ ਚਾਰੇ ਵੇਦ ਸਿਮਰਤੀਆਂ, ਪੁਰਾਣ ਵਿਸ਼ਨੂੰ, ਸ਼ਿਵ ਸਭ ਹੋਛੇ ਤਪ ਕਰਦੇ ਰਹੇ ਪਰੰਤੂ ਸਭ ਭੈੜੇ ਐਬਾਂ ਨਾਲ ਭਰੇ ਪਏ ਹਨ ।54. ਵੇਦਾਂ ਅਤੇ ਇਹੋ ਜਿਹੀਆਂ ਦੂਜੀਆਂ ਧਾਰਮਿਕ ਪੁਸਤਕਾਂ ਨਾਲ ਦਿਲ ਦੇ ਫਿਕਰ ਨਹੀਂ ਮੁਕਦੇ ।55. ਹੱਕ ਸੱਚ ਤੇ ਰੱਬ ਲੋਕਾਂ ਵਿਚ ਹੈ, ਕ੍ਰਿਸ਼ਨ ਦੀ ਮੂਰਤੀ ਵਿਚ ਨਹੀਂ ।56. ਨਾ ਦੇਵਤੇ ਭਾਵ ਬ੍ਰਾਹਮਣ ਨੂੰ ਪੂਜਿਆ, ਨਾ ਪਿਤਰ ਪੰਥੀ ਮੰਨੀ, ਸਿਰਫ ਗੁਰੂ ਦੇ ਸ਼ਬਦ ਵਿਚੋਂ ਸੱਚ ਦੀ ਸਿੱਖਿਆ ਪ੍ਰਾਪਤ ਕੀਤੀ ਹੈ ।57. ਜੋ ਆਦਮੀ ਵਰਤ ਰੱਖਦਾ ਹੈ, ਅੰਨ ਛੱਡਦਾ ਹੈ, ਆਪਣੀ ਜੂਨ ਖਰਾਬ ਕਰਦਾ ਹੈ ।ਪਖੰਡ ਕਰਦਾ ਹੈ ।58. ਜਿਹੜੀਆਂ ਔਰਤਾਂ ਅੰਨ ਛੱਡ ਕੇ ਪਤੀ ਲਈ ਵਰਤ ਰਖਦੀਆਂ ਹਨ, ਉਹ ਨਾ ਤਾਂ ਸੁਹਾਗਣਾਂ ਹਨ, ਨਾ ਰੰਡੀਆਂ ।ਪਖੰਡ ਕਰਦੀਆਂ ਹਨ ।59. ਅੰਨ ਖਾਧੇ ਬਿਨਾਂ ਨਾ ਗਤੀ ਹੁੰਦੀ ਹੈ ਨਾ ਰੱਬ ਮਿਲਦਾ ਹੈ ।60. ਜੋ ਉੱਚੇ ਹੋ ਕੇ ਨੀਚ ਘਰ ਭੋਜਨ ਵੀ ਕਰਦੇ ਹਨ, ਦਰਅਸਲ ਮੰਦੇ ਕੰਮੀ ਪੇਟ ਭਰਦੇ ਹਨ ।

61. ਜੋ ਉੱਚੇ ਹੋ ਕੇ ਨੀਚ ਘਰ ਭੋਜਨ ਵੀ ਕਰਦੇ ਹਨ, ਦਰਅਸਲ ਮੰਦੇ ਕੰਮੀ ਪੇਟ ਭਰਦੇ ਹਨ ।62. ਜਾਤ ਪਾਤ ਤਜਕੇ ਨਿੱਕੀ ਕੀੜੀ ਵਾਂਗ ਮਿਹਨਤ ਕਰਕੇ ਖਾਣਾ ਚਾਹੀਦਾ ਹੈ ।63. ਪੰਡਤ ਆਪਣੀਆਂ ਪੁੱਠੀਆਂ ਮੱਤਾਂ ਨਾਲ ਜ਼ਰੂਰ ਡੁੱਬਣਗੇ ।ਆਪ ਜੀਵਾਂ ਦੀ ਬਲੀ ਦੇਣ ਨੂੰ ਧਰਮ ਕਹਿੰਦੇ ਹਨ ਤੇ ਦੂਜਿਆਂ ਨੂੰ ਕਸਾਈ ਕਹਿੰਦੇ ਹਨ ।64. ਮਨ ਅੰਦਰ ਹਨ੍ਹੇਰਾ ਹੈ, ਕੁਝ ਨਹੀਂ ਦੇਖਦੇ ।ਫਿਰ ਵੀ ਦੂਜਿਆਂ ਨੂੰ ਗਿਆਨ ਦੇਣ ਦਾ ਧੰਦਾ ਕਰਦੇ ਹਨ ।ਵਿੱਦਿਆ ਨੂੰ ਮਾਇਆ ਇਕੱਠੀ ਕਰਨ ਲਈ ਵੇਚਦੇ ਹਨ ।65. ਵੇਦ ਪੁਰਾਣ ਪੜ੍ਹਨ ਨਾਲ ਕੋਈ ਗੁਣੀ ਨਹੀਂ ਬਣਦਾ, ਤੀਰਥ ਨਹਾਉਣੇ, ਵਰਤ ਰੱਖਣੇ, ਨੇਮ ਤੇ ਸੁੱਚਮ ਤੇ ਸੰਜਮ ਕਰਨੇ ਸਭ ਫਜ਼ੂਲ ਹਨ, ਵਿਅਰਥ ਹਨ। 66. ਬ੍ਰਹਮਾ, ਇੰਦਰ, ਦੇਵੀਆਂ, ਚੰਦ, ਸਭ ਮੈਲ ਨਾਲ ਭਰੇ ਹਨ ।67. ਜੇ ਪੰਡਤ ਮੁੱਲਾ ਦੋਹਾਂ ਨੂੰ ਪੂਜਣਾ ਬੰਦ ਕਰ ਦਈਏ ਤਾਂ ਕੋਈ ਝਗੜਾ ਨਹੀਂ ਰਹਿੰਦਾ, ਜੋ ਪੰਡਤਾਂ ਤੇ ਮੁਲਾਣਿਆਂ ਨੇ ਲਿਖਿਆ ਹੈ, ਛੱਡ ਦਿਉ ।ਇਸ ਵਿਚੋਂ ਕੁਝ ਨਾ ਲਵੋ ।68. ਜਿਹੜੇ ਪੱਥਰ ਨੂੰ ਦੇਵਤਾ ਕਹਿ ਕੇ ਪੂਜਦੇ ਹਨ, ਉਨ੍ਹਾਂ ਦੀ ਸੇਵਾ ਫਜ਼ੂਲ ਹੈ, ਅੰਧ ਵਿਸ਼ਵਾਸ ਹੈ ।ਹਨ੍ਹੇਰੇ ਦੀ ਭਟਕਣਾ ਹੈ ।69. ਜੋ 'ਪਥਰ' ਦੇ ਪੈਰੀਂ ਪੈਂਦੇ ਹਨ ਉਨ੍ਹਾਂ ਦਾ ਕੀਤਾ ਕਰਾਇਆ ਵਿਅਰਥ ਜਾਂਦਾ ਹੈ ।70. ਸੰਸਾਰ ਅੰਦਰ ਕੁਦਰਤੀ ਤੌਰ 'ਤੇ ਹੀ ਹਰ ਵਸਤੂ ਕਿਵੇਂ ਨਾ ਕਿਵੇਂ ਇਕ ਦੂਜੇ ਨਾਲ ਛੂਹ ਕੇ ਜੂਠੀ ਹੋ ਜਾਂਦੀ ਹੈ ।ਜਿਸ ਗੋਹੇ ਨਾਲ ਸੁੱਚਮ ਕੀਤੀ ਜਾਂਦੀ ਹੈ, ਉਹ ਵੀ ਜੂਠਾ ਹੁੰਦਾ ਹੈ ।ਸੁੱਚੇ ਕਰਨ ਦੀ, ਸੁੱਚੇ ਹੋਣ ਦੀ ਕਿਰਤ ਹੀ ਝੂਠੀ ਹੈ ।ਦਰਅਸਲ ਹਕੀਕਤ ਇਹ ਹੈ ਕਿ ਸੁੱਚੀ ਵਿਚਾਰਧਾਰਾ ਵਾਲੇ ਆਦਮੀ ਹੀ ਸੁੱਚੇ ਹਨ ।

71. ਕੋਈ ਵੀ ਔਰਤ ਸੱਚੀ ਵਿਚਾਰਧਾਰਾ ਤੋਂ ਬਿਨਾਂ ਸਤੀ ਨਹੀਂ ਅਖਵਾ ਸਕਦੀ ।72. ਪੰਡਤ ਲੋਕ ਤਾਂ

ਮਾਇਆ ਦੇ ਵਪਾਰੀ ਹਨ । ਜੋ ਗਿਆਨੀ ਹਨ, ਉਨ੍ਹਾਂ ਲਈ ਠੀਕ ਵਿਚਾਰ ਹੀ ਸਭ ਕੁਝ । 73. ਮੂਰਤੀਆਂ ਦੇ ਬਹਾਨੇ ਲੋਕ ਪੂਜਾ ਨਾਲ ਆਪਣਾ ਪੇਟ ਭਰਦੇ ਹਨ । 74. ਜਿਉਂਦੇ ਮਾਂ-ਬਾਪ ਦੀ ਕੋਈ ਇੱਜ਼ਤ ਨਹੀਂ ਕਰਦਾ । ਮਰਨ ਤੋਂ ਬਾਅਦ ਸਰਾਧ ਕਰਾਉਂਦੇ ਹਨ । ਮਰ ਗਏ ਪਿਤਰਾਂ ਤਾਂ ਕੀ ਖਾਣਾ ਹੈ, ਕਾਂ ਤੇ ਕੁੱਤੇ ਖਾ ਜਾਂਦੇ ਹਨ । 75. ਪੰਡਤ ਪੋਥੀਆਂ ਖੋਲ੍ਹਦਾ ਹੈ, ਦੂਜਿਆਂ ਨੂੰ ਮੱਤਾਂ ਦਿੰਦਾ ਹੈ ਅਤੇ ਮਾਇਆ ਦਾ ਵਪਾਰ ਕਰਦਾ ਹੈ, ਪਰ ਵਿਚਾਰ ਨਹੀਂ ਜਾਣਦਾ । 76. ਖੋਟੇ ਕਰਮ ਕਰਕੇ ਮਨ ਤੇ ਤਨ ਦੋਵੇਂ ਖੋਟੇ ਹੋ ਜਾਂਦੇ ਹਨ । 77. ਖਾਣਾ ਪੀਣਾ ਪਵਿੱਤਰ ਹੈ ਜੋ ਸਭਨਾਂ ਦਾ ਰਿਜ਼ਕ ਹੈ । ਇਸ ਵਿਚ ਕੋਈ ਜੂਠ ਨਹੀਂ ਹੈ । 78. ਮਾਸ-ਮਾਸ ਦਾ ਰੌਲਾ ਪਾ ਕੇ ਲੋਕ ਝਗੜ ਰਹੇ ਹਨ । ਪਰ ਦੇਖੀਏ ਤਾਂ ਅਸੀਂ ਸਭ ਮਾਸ ਹੀ ਤਾਂ ਖਾ ਰਹੇ ਹਾਂ । ਪੌਦੇ ਜੀਵ ਹਨ । ਹਰ ਕੋਈ ਪੌਦੇ ਖਾਂਦਾ ਹੈ । 79. ਗੁਰੂ ਹੀ ਜ਼ਿੰਦਗੀ ਦਾ ਪਾਰ ਉਤਾਰਾ ਕਰਨ ਵਾਲਾ ਹੈ । ਗੁਰੂ ਹੀ ਤੀਰਥ ਹੈ । ਤੀਰਥਾਂ 'ਤੇ ਨਹਾਉਣ ਦਾ ਕੀ ਫਾਇਦਾ, ਜੇ ਮਨ ਅੰਦਰੋਂ ਭਰਿਆ ਕੂੜ ਕਪਟ ਨਹੀਂ ਜਾਂਦਾ । 80. ਤੀਰਥ, ਵਰਤ, ਸੱਚ, ਸੰਜਮ, ਧਰਮ, ਪੂਜਾ ਦਾ ਕੀ ਅਰਥ ਹੈ ?

81. ਜਾਤ ਝੂਠੀ ਹੈ ਜਾਤ ਦਾ ਨਾਂ ਝੂਠਾ ਹੈ । ਸਭ ਬੰਦੇ ਇਕੋ ਜਿਹੇ ਹਨ । 82. ਸਿਰਲੱਥੇ ਮੂਰਖ ਨਹੀਂ ਜਾਣਦੇ ਕਿ ਜਦੋਂ ਪਾਣੀ ਵਰਸਦਾ ਹੈ ਤਾਂ ਹਰ ਥਾਂ ਹਰਿਆਲੀ ਤੇ ਅੰਨ ਪਦਾਰਥ ਉਗਦੇ ਹਨ, ਪਾਣੀ ਹੀ ਸਾਰੇ ਪਦਾਰਥਾਂ ਦਾ ਪਿਤਾ ਹੈ । ਇਸ ਪਾਣੀ ਦਾ ਕੀਤਾ ਹੀ ਮਨੁੱਖ ਜਿਉਂਦਾ, ਖਾਂਦਾ, ਪੀਂਦਾ ਤੇ ਪਹਿਨਦਾ ਹੈ । ਫਿਰ ਪਤਾ ਨਹੀਂ ਕਿਉਂ ਸਿਰਲੱਥੇ ਮੂਰਖ ਤੀਰਥਾਂ 'ਤੇ ਭਟਕ ਰਹੇ ਹਨ । 83. ਸਰੀਰ ਬ੍ਰਹਮ ਹੈ, ਮਨ ਧੋਤੀ ਹੈ, ਗਿਆਨ ਜਨੇਊ ਹੈ, ਧਿਆਨ ਸੱਤ ਧਾਤੂ ਛਾਪ ਹੈ । ਭਾਵ ਸਰੀਰ, ਮਨ, ਗਿਆਨ ਤੇ ਧਿਆਨ ਹੈ ਸੱਚ ਹੈ । ਬ੍ਰਹਮਾ ਧੋਤੀ ਜਨੇਊ ਜਾਂ ਕੁਸ ਪਾਤੀ ਸੱਚ ਨਹੀਂ ਹੈ । 84. ਮੂਰਖ ਪੰਡਤ, ਜੋਤਸ਼ ਵਿੱਦਿਆ ਨੂੰ, ਜੋ ਇਕ ਚਤੁਰਾਈ ਹੈ ਅਤੇ ਮਾਇਆ ਜਾਲ ਹੈ, ਪਿਆਰ ਕਰਦੇ ਹਨ । 85. ਧਰਮ ਗ੍ਰੰਥ ਪੜ੍ਹਨੇ, ਸਵੇਰ ਸ਼ਾਮ ਪੱਥਰ ਕੋਲ ਸਮਾਧੀ ਲਾ ਕੇ ਸੁੰਦਰ ਗਹਿਣੇ ਪਾ ਕੇ, ਮੂੰਹ ਵਿਚੋਂ ਝੂਠ ਮਾਰ ਕੇ ਗਾਇਤਰੀ ਪਾਠ ਕਰਨਾ, ਗੱਲ ਵਿਚ ਮਾਲਾ, ਮੱਥੇ 'ਤੇ ਤਿਲਕ, ਧੋਤੀ, ਲਾਲ ਪਰਨਾ ਪਹਿਨਕੇ ਰੱਖਣਾ, ਫੋਕਟ ਤੇ ਫਜ਼ੂਲ ਕੰਮ ਹਨ । 86. ਸਭ ਤੋਂ ਵੱਡੀ ਹੈਰਾਨੀ ਹੈ ਕਿ ਜਿਨ੍ਹਾਂ ਦੇ ਮਨ ਅੰਧਿਆਰੇ ਹਨ, ਉਨ੍ਹਾਂ ਦਾ ਨਾਂ ਸਿਆਣਾ ਰੱਖਿਆ ਗਿਆ ਹੈ । ਉਨ੍ਹਾਂ ਨੂੰ ਪੰਡਤ ਕਿਹਾ ਜਾਂਦਾ ਹੈ । 87. ਬ੍ਰਾਹਮਣ ਅਤੇ ਗਊ ਦੇ ਗੋਬਰ ਨਾਲ ਨਹੀਂ ਤਰਿਆ ਜਾ ਸਕਦਾ । ਧੋਤੀ ਹੈ, ਟਿੱਕਾ ਹੈ, ਜਪਮਾਲਾ ਹੈ ਪਰ ਪਾਠ-ਪੂਜਾ ਅਪਵਿੱਤਰ ਲੋਕਾਂ ਦੀ ਖਾਂਦੇ ਹਨ । ਇਹ ਪਖੰਡ ਛੱਡ ਕੇ ਮੁਕਤੀ ਹੋ ਸਕਦੀ ਹੈ । 88. ਮੱਥੇ ਟਿੱਕਾ ਹੈ, ਤੇੜ ਧੋਤੀ ਹੈ, ਨਾਪਾਕਾਂ ਦਾ ਧਾਨ ਲੈ ਕੇ ਪੁਰਾਣਾਂ ਦੀ ਪੂਜਾ ਕਰਦਾ ਹੈ । ਇਹ ਸਾਰਾ ਗੋਰਖ ਧੰਦਾ ਕੂੜ ਕਪਟ ਦਾ ਵਪਾਰ ਹੈ। ਹੱਥ ਵਿਚ ਛੁਰੀ ਫੜੀ ਹੈ, ਜੋ ਆਉਂਦਾ ਹੈ, ਉਸ ਨੂੰ ਕੱਟ ਲਿਆ ਜਾਂਦਾ ਹੈ । 89. ਲੋਕੋ ਸੱਚ ਦੇਖੋ, ਸੱਚ ਪਰਖੋ ! ਜੇ ਮਨ ਸੁੱਚਾ ਹੋਵੇ ਤਾਂ ਹੀ ਸੱਚ ਪਾਇਆ ਜਾ ਸਕਦਾ ਹੈ । 90. ਅਪਵਿੱਤਰਤਾ, ਖਾਣ, ਪੀਣ, ਬੈਠਣ ਵਿਚ ਹੀ ਨਹੀਂ, ਸਗੋਂ ਸੰਸਾਰ ਦਾ ਸਾਰਾ ਪਸਾਰਾ ਹੀ ਜੂਠਾ ਹੈ । ਅਸਲ ਵਿਚ ਮਨ ਦੀ ਮੈਲ ਜੋ ਅਸਲੀ ਜੂਠ ਹੈ, ਨੂੰ ਸਰਬਵਿਆਪੀ ਗਿਆਨ ਹੀ ਧੋਅ ਸਕਦਾ ਹੈ ।

91. ਜੇ ਮਾਸ ਖਾਣ ਵਾਲੇ ਨਰਕ ਦੇ ਭਾਗੀ ਹਨ ਤਾਂ ਉਨ੍ਹਾਂ ਤੋਂ ਦਾਨ ਕਿਉਂ ਲਿਆ ਜਾਂਦਾ ਹੈ ? ਅੰਦਰੋਂ ਝੂਠੇ ਬਾਹਰੋਂ ਪਾਕ ਬਣ-ਬਣ ਕੇ ਦੁਨੀਆ ਅੰਦਰ ਘੁੰਮਦੇ ਹਨ । 92. ਅਸੀਂ ਨਾ ਉਚ ਹਾਂ, ਨਾ ਮੱਧਵਰਗੀ ਤੇ ਨਾ ਹੀ ਨੀਚ ਜਾਤੀ । ਅਸੀਂ ਤਾਂ ਸਭ ਇਕੋ ਨੂਰ ਦੇ ਇਕੋ ਜਿਹੇ ਬੰਦੇ ਹਾਂ । 93. ਜੋ ਆਦਮੀ ਗੁਣਾਂ ਦੀ ਪਰਖ ਕਰਦਾ ਹੈ, ਉਹੀ ਗਿਆਨੀ ਹੈ । ਗਿਆਨ ਗੁਣ 'ਚੋਂ ਹੀ ਪ੍ਰਾਪਤ ਹੁੰਦਾ ਹੈ । 94. ਹਿੰਦੂ ਇਕ ਦੂਜੇ ਨੂੰ ਜਨੇਊ ਪਾਉਂਦੇ ਹਨ । ਸੂਤ ਗੱਲ ਵਿਚ ਪਾ ਕੇ ਬੁਰਾਈਆਂ ਕਰਦੇ ਹਨ । 95. ਪਾਣੀ ਮਨ ਨਹੀਂ ਧੋ ਸਕਦਾ । ਪਾਣੀ ਤਾਂ ਸਰੀਰ ਸਾਫ ਕਰ ਸਕਦਾ ਹੈ । ਪਾਣੀ ਜਗਤ ਦਾ ਪਿਤਾ ਹੈ । ਪਾਣੀ ਕਾਰਨ ਹੀ ਸਭ ਕੁਝ ਖਾ ਪੀ ਰਹੇ ਹਾਂ । ਪਰ ਮਨ ਤਾਂ ਵਿਚਾਰ ਅਤੇ ਗਿਆਨ ਨਾਲ ਹੀ ਧੋਤਾ ਜਾ ਸਕਦਾ ਹੈ । ਪਾਣੀ ਨਾਲ ਨਹੀਂ । 96. ਘਰੇ ਨਰਾਇਣ ਹੈ । ਲੋਕ ਵੀ ਆਉਂਦੇ ਹਨ, ਪੂਜਾ ਕਰਦੇ ਹਨ, ਇਸ਼ਨਾਨ ਕਰਾਉਂਦੇ ਹਨ, ਸੁਗੰਧ ਛਿੜਕਦੇ ਹਨ, ਫੁੱਲ ਚੜ੍ਹਾਉਂਦੇ ਹਨ, ਪੈਰੀਂ ਪੈ ਕੇ ਮੰਗਾਂ ਮਨਾਉਂਦੇ ਹਨ । ਪਰ ਬੰਦੇ ਤੋਂ ਮੰਗ-ਮੰਗ ਖਾਂਦੇ ਹਨ, ਪਹਿਨਦੇ ਹਨ, ਇਹ ਅੰਧਾ ਕਰਮ ਹੈ । ਝੂਠਾ ਕਰਮ ਹੈ । ਭੁੱਖਿਆਂ ਨੂੰ ਦਿੰਦੇ ਨਹੀਂ ਮੁਰਦਿਆਂ ਨੂੰ ਖੁਵਾਉਂਦੇ ਹਨ । ਇਸ ਬ੍ਰਾਹਮਣੀ ਸਮਾਜ ਵਿਚ ਅੰਧਾ ਪ੍ਰਚਾਰ ਹੈ । 97. ਅਸਲ ਵਿਚ ਵਰਤ ਦੀ ਥਾਂ ਸੱਚ, ਤੀਰਥ ਦੀ ਥਾਂ ਸਬਰ, ਸੰਤੋਖ, ਗਿਆਨ ਤੇ ਧਿਆਨ, ਦੇਵਤੇ ਦੀ ਥਾਂ ਦਇਆ, ਮਾਲਾ ਦੀ ਥਾਂ ਸਹਿਨਸ਼ੀਲਤਾ, ਮਨੁੱਖ ਦਾ ਸਨਮਾਨ, ਇੱਜ਼ਤ, ਧੋਤੀ ਦੀ ਥਾਂ ਚੰਗੀ ਜਾਚ-ਜੁਗਤ, ਚਉਕੇ ਦੀ ਥਾਂ

ਸੁਰਤੀ ਲਗਾਉਣਾ, ਤਿਲਕ ਦੀ ਥਾਂ ਚੰਗੇ ਅਮਲ ਕਰਨਾ ਹੀ ਦੁੱਖਾਂ ਤੋਂ ਮੁਕਤੀ ਦਾ ਰਾਹ ਹੈ ।98. ਸੰਸਾਰ ਦਾ ਹਰ ਜੀਵਾਣੂ, ਸ਼ੈਅ ਮਾਸ ਦੀ ਪੈਦਾਵਾਰ ਹੈ ।ਹਰ ਬੰਦਾ ਮਾਸ ਹੀ ਖਾਂਦਾ ਹੈ ।ਮੂਰਖ ਲੋਕ ਖਾਹਮਖਾਹ ਹੀ ਮਾਸ ਦੇ ਝਗੜਿਆਂ ਪਿੱਛੇ ਡਹਿ-ਡਹਿ ਮਰਦੇ ਹਨ ।ਜੋ ਖਾਣਾ ਨਹੀਂ, ਉਹ ਖਾਂਦੇ ਹਨ ।ਜੋ ਖਾਣਾ ਹੈ, ਉਸ ਤੋਂ ਦੂਰ ਭੱਜਦੇ ਹਨ ।ਇਹ ਮੂਰਖਾਂ ਦੀ ਸੱਥ ਹੈ, ਮੂਰਖਾਂ ਦਾ ਸਮਾਜ ਹੈ ।99. ਬ੍ਰਾਹਮਣ ਜੋ ਖਰਾ ਸਿਆਣਾ ਵੱਜਦਾ ਹੈ ।ਮੂਰਖ ਆਪ ਕੁਝ ਜਾਣਦਾ ਨਹੀਂ, ਦੂਜਿਆਂ ਨੂੰ ਮੱਤਾਂ ਦਿੰਦਾ ਹੈ ।100. ਕਿਸੇ ਦੀ ਜਾਤ, ਕਿਸੇ ਦਾ ਜਨਮ ਨਹੀਂ ਪੁੱਛਣਾ ਚਾਹੀਦਾ ।ਬੰਦਾ ਜਿਹੋ ਜਿਹਾ ਚੰਗੇ ਕੰਮ ਕਰਦਾ ਹੈ, ਉਸ ਨਾਲ ਹੀ ਉਸ ਦੀ ਮਾੜੀ ਜਾਂ ਚੰਗੀ ਜਾਤ ਬਣਦੀ ਹੈ ।ਜਨਮ ਨਾਲ ਨਹੀਂ ।

101. ਸਾਰਾ ਸੰਸਾਰ ਵੇਦ ਪਾਠ ਪੜ੍ਹ ਰਿਹੈ ।ਪੰਡਤ ਉਨ੍ਹਾਂ 'ਤੇ ਵਿਚਾਰਾਂ ਕਰਦਾ ਹੈ ।ਪਰ ਸੱਚ ਨੂੰ ਸਮਝੇ ਬਗੈਰ ਸਭ ਖੁਆਰੀ ਪੈਦਾ ਕਰ ਰਹੇ ਹਨ ।ਇਹ ਸਭ ਪੈਸੇ ਦਾ ਧੰਦਾ ਹੈ ।ਮਾਇਆ ਇਕੱਠੀ ਕਰਨ ਦਾ ਧੰਦਾ ਹੈ ।102. ਜਿਸ ਦੇ ਹੱਥ ਜ਼ੋਰ ਹੈ ਭਾਵ ਰਾਜਸੀ ਤਾਕਤ ਹੈ, ਉਹੀ ਕਿਸੇ ਨੂੰ ਉਚ ਤੇ ਕਿਸੇ ਨੂੰ ਨੀਚ ਬਣਾ ਲੈਂਦੇ ਹਨ ।ਉਂਜ ਕੋਈ ਵੀ ਉਚ ਜਾਂ ਨੀਚ ਨਹੀਂ ਹੈ ।103. ਉੱਚਿਆਂ ਤੇ ਵੱਡਿਆਂ ਨੂੰ ਛੱਡ ਕੇ ਨੀਚਾਂ ਤੋਂ ਵੀ ਨੀਚਾਂ ਦੇ ਸਾਥੀ ਬਣੋਂ ।ਇਹੀ ਇਨਸਾਨੀਅਤ ਹੈ ।ਇਹੀ ਰੱਬ ਪ੍ਰਾਪਤੀ ਹੈ ।104. ਦੂਜਿਆਂ ਦੀ ਕਮਾਈ ਖਾਣਾ, ਹਿੰਦੂ ਲਈ ਗਾਂ ਦੇ ਬਰਾਬਰ ਹੈ ਤੇ ਮੁਸਲਮਾਨਾ ਲਈ ਸੂਰ ਖਾਣ ਦੇ ਬਰਾਬਰ ਹੈ ।ਗੁਰੂ ਪੀਰ, ਜੇ ਉਹ ਸੱਚਾ ਹੈ ਤਾਂ ਹੀ ਆਪਣਾ ਅਸ਼ੀਰਵਾਦ ਦਿੰਦਾ ਹੈ, ਜੇਕਰ ਬੰਦਾ ਬੇਗਾਨੀ ਕਮਾਈ ਨਾ ਖਾਵੇ ।105. ਅਜੀਬ ਸਮਾਜ ਹੈ, ਜਿੱਥੇ ਅੰਨ੍ਹੇ ਨੂੰ ਪਾਰਖੂ ਕਿਹਾ ਜਾਂਦਾ ਹੈ ।ਜਿਹੜਾ ਅਗਿਆਨੀ ਹੈ, ਜੋ ਜ਼ਿੰਦਗੀ ਦੇ ਭੇਦ ਨਹੀਂ ਜਾਣਦਾ, ਉਸ ਨੂੰ ਪੰਡਤ ਕਿਹਾ ਜਾਂਦਾ ਹੈ ।106. ਮੂਰਖ ਲੋਕ ਸਿਰ ਸੁਆਹ ਪਾ ਲੈਂਦੇ ਹਨ, ਗੰਦ-ਮੰਦ ਖਾਂਦੇ ਰਹਿੰਦੇ ਹਨ, ਬੀਆਬਾਨਾਂ ਜਾਂ ਮੜ੍ਹੀਆਂ-ਮਸਾਣਾ ਵਿਚ ਰਹਿੰਦੇ ਹਨ, ਅਕਲ ਦੇ ਅੰਨ੍ਹੇ ਨਾ ਆਪਣਾ ਕੁਝ ਸਵਾਰਦੇ ਹਨ, ਨਾ ਕਿਸੇ ਦਾ ।ਘਰ ਬਾਰ ਛੱਡ ਕੇ ਜਤੀ ਅਖਵਾ ਕੇ ਮੁਕਤੀ ਭਾਲਦੇ ਫਿਰਦੇ ਹਨ ।107. ਔਰਤ ਮਹਾਨ ਹੈ ।ਮਹਾਂਪੁਰਸ਼ਾਂ ਤੇ ਸੁਲਤਾਨਾਂ ਦੀ ਮਾਂ ਹੈ ।ਸਾਰਾ ਸੰਸਾਰ ਹੀ ਇਸ ਔਰਤ ਰੂਪੀ ਮਾਤਾ ਦੀ ਉਪਜ ਹੈ ।ਔਰਤ ਸੰਸਾਰ ਦੀ ਜਨਮ ਦਾਤੀ ਹੈ ।ਉਸਦੀ ਕਦਰ ਹੋਣੀ ਚਾਹੀਦੀ ਹੈ ।108. ਹਿੰਦੂ ਭਟਕੇ ਹੋਏ ਲੋਕ ਹਨ ।ਜੋ ਪੁੱਠੀ ਕਾਰ ਕਰਦੇ ਹਨ। ਮੂਰਖ, ਗੰਵਾਰ, ਅੰਨ੍ਹੇ ਤੇ ਗੂੰਗੇ ਪੱਥਰਾਂ ਨੂੰ ਪੂਜਦੇ ਹਨ ।ਜੋ ਪੱਥਰ ਆਪ ਡੁੱਬ ਜਾਂਦਾ ਹੈ, ਉਹ ਦੂਜਿਆਂ ਨੂੰ ਕੀ ਤਾਰੂ।109. ਮਨ ਖੋਟੇ ਹਨ, ਤਨ-ਸਰੀਰ ਚੋਰ ਹਨ, ਪਰ ਤੀਰਥਾਂ 'ਤੇ ਨਹਾਉਣ ਜਾ ਰਹੇ ਹਨ ।ਬਾਹਰੋਂ ਤੂੰਬੜੀ (ਸਰੀਰ) ਧੋਅ ਲੈਂਦੇ ਹਨ, ਪ੍ਰੰਤੂ ਅੰਦਰ ਕੂੜ ਕਪਟ ਦੀ ਜ਼ਹਿਰ ਨਾਲ ਭਰਿਆ ਪਿਆ ਹੈ ।110. ਭਲੇ ਮਨੁੱਖਾਂ ਨੂੰ ਅਜਿਹੇ ਤੀਰਥਾਂ 'ਤੇ ਨਹਾਉਣ ਦੀ ਲੋੜ ਨਹੀਂ ਹੁੰਦੀ ।

111. ਰਾਮ ਇਸ ਕਰਕੇ ਰੋਇਆ ਕਿ ਦੇਸ਼ ਨਿਕਾਲਾ ਮਿਲ ਗਿਆ ।112. ਬ੍ਰਹਮਾ, ਵਿਸ਼ਨੂੰ, ਸ਼ਿਵ ਵਰਗੇ ਸਭ ਰੋਗੀ ਲੋਕ ਹਨ ।ਸੰਸਾਰੀ ਕੰਮਾਂ ਵਿਚ ਉਲਝੇ ਹੋਏ, ਮਾਇਆ ਜਾਲ ਵਿਚ ਫਸੇ ਹੋਏ ਹਨ ।ਕਾਮੀ ਹਨ, ਕਰੋਧੀ ਹਨ, ਹੰਕਾਰੀ ਹਨ ।113. ਗੁਰੂ ਦਾ ਸ਼ਬਦ ਜਦੋਂ, ਸੁਣਿਆ, ਮੰਨਿਆ ਤੇ ਵਿਚਾਰਿਆ ਤਾਂ ਜਾਤ ਜਨਮ ਦਾ ਸਾਰਾ ਵਹਿਮ ਭਰਮ ਟੁੱਟ ਗਿਆ ।ਸਾਰੇ ਮਨੁੱਖ ਇਕੋ ਜਿਹੇ ਨਜ਼ਰ ਆਉਣ ਲੱਗੇ ਹਨ ।114. ਕਪਾਹ ਦੀ ਥਾਂ ਦਇਆ ਹੋਵੇ, ਸੂਤ ਦੀ ਥਾਂ ਸੰਤੋਖ ਸਬਰ, ਗੰਢਾਂ ਦੀ ਥਾਂ ਜਤ ਤੇ ਵੱਟ ਦੀ ਥਾਂ ਸੱਚ ਹੋਵੇ, ਤਾਂ ਇਹ ਦਇਆ, ਸੰਤੋਖ, ਸਬਰ, ਜਾਤ ਅਤੇ ਸੱਚਾਈ ਨਾਲ ਬਣਿਆ ਜਨੇਊ ਹੀ ਸੱਚਾ ਹੈ ।ਧਾਗੇ ਦਾ ਜਨੇਊ ਤਾਂ ਇਕ ਝੂਠ ਹੈ । ਮਾਇਆ ਦਾ ਵਪਾਰ ਹੈ ।ਖਤਮ ਹੋਣ ਵਾਲੀ ਚੀਜ਼ ਹੈ ।115. ਜੋ ਆਦਮੀ ਸੱਚੇ ਗੁਰੂ ਨੂੰ ਛੱਡ ਕੇ ਭੇਖੀਆ, ਪਾਖੰਡੀਆਂ ਮਗਰ ਲੱਗ ਜਾਂਦੇ ਹਨ, ਉਨ੍ਹਾਂ ਆਖਰ ਡੁੱਬਣਾ ਹੀ ਹੈ ।ਮਨੁੱਖ ਨੂੰ, ਸਮਾਜ ਨੂੰ ਕੋਈ ਦੁੱਖ ਤਕਲੀਫ ਤੋਂ ਛੁਟਕਾਰਾ ਦਿਵਾ ਸਕਦਾ ਹੈ, ਉਹ ਸਿਰਫ ਸੱਚਾ ਗੁਰੂ ਹੀ ਹੈ ਜੋ ਖੁਦ ਗਿਆਨ ਦਾ ਭੰਡਾਰ ਹੈ ।ਉਸ ਦਾ ਗਿਆਨ ਹੀ ਕੂੜ ਕਪਟ ਤੇ ਜਾਤਪਾਤੀ ਬੰਧਨਾਂ ਤੋਂ ਛੁਟਕਾਰਾ ਦਿਵਾ ਸਕਦਾ ਹੈ ।116. ਬ੍ਰਾਹਮਣ ਜਗਤਗੁਰੂ ਤਾਂ ਅਖਵਾ ਸਕਦਾ ਹੈ, ਪ੍ਰੰਤੂ ਸੱਚੇ-ਸੁੱਚੇ ਮਨੁੱਖ ਦਾ ਨਹੀਂ ।ਉਹ ਤਾਂ ਚਾਰ ਵੇਦਾਂ ਵਿਚ ਹੀ ਉਲਝ ਕੇ ਰਹਿ ਗਿਆ ਹੈ ।117. ਅਸੀਂ ਕਿਸੇ ਗਣੇਸ਼, ਕ੍ਰਿਸ਼ਨ ਜਾਂ ਵਿਸ਼ਨੂੰ ਨੂੰ ਨਹੀਂ ਮੰਨਦੇ ।118. ਰਾਮ, ਰਹੀਮ, ਪੁਰਾਣ, ਕੁਰਾਨ ਬਹੁਤ ਕੁਝ ਆਖਦੇ ਹਨ ਪ੍ਰੰਤੂ ਇਸ ਵਿਚੋਂ ਇਕ ਵੀ ਗੱਲ ਨੂੰ ਮਾਨਤਾ ਨਹੀਂ ਦਿੰਦੇ ।ਇਸੇ ਤਰ੍ਹਾਂ ਸਿਮਰਤੀਆਂ, ਸ਼ਾਸਤਰ, ਵੇਦ ਬਹੁਤ ਸਾਰੇ ਭੇਦ ਦੱਸਣ ਬਾਰੇ ਲਿਖੇ ਗਏ ਹਨ, ਪ੍ਰੰਤੂ ਅਸੀਂ ਇਨ੍ਹਾਂ ਨੂੰ ਸਚਾਈ ਦੇ ਅਧਾਰ 'ਤੇ ਪ੍ਰਵਾਨ ਨਹੀਂ ਕੀਤਾ ।119. ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ, ਬਸ ਸਾਰੇ ਇਨਸਾਨ ਹਨ ।120.

ਚਾਰੇ ਵੇਦ ਪੜ੍ਹਨ ਨਾਲ ਪੰਡਤ ਦੇ ਦਿਲ ਦੀ ਮੈਲ ਖਤਮ ਨਹੀਂ ਹੁੰਦੀ ।

121. ਵੇਦ, ਕਿਤਾਬਾਂ, ਸਿਮਰਤੀਆਂ ਆਦਿ ਪੜ੍ਹ ਕੇ ਬੰਦਾ ਮੁਕਤੀ ਨਹੀਂ ਪਾ ਸਕਦਾ ।122. ਵੇਦ ਵਿਚਾਰ ਕੇ ਵੇਖੇ ਹਨ, ਇਕ ਤਰ੍ਹਾਂ ਦਾ ਵਪਾਰ ਹੀ ਨਜ਼ਰ ਆਇਆ ਹੈ ।123. ਸਿਮਰਤੀਆਂ, ਸ਼ਾਸਤਰ ਪੁੰਨਾਂ ਪਾਪਾਂ ਦੀ ਗੱਲ ਕਰਦੇ ਹਨ ।124. ਸਿਮਰਤੀਆਂ, ਸ਼ਾਸਤਰ ਮਾਇਆ ਮੋਹ ਦਾ ਹੀ ਪਸਾਰਾ ਹਨ ।125. ਵੇਦ ਪੜ੍ਹਨ ਵਾਲੇ ਸਭ ਮਾਇਆ ਦੇ ਵਾਪਰ ਵਿਚ ਰੁੱਝੇ ਹੋਏ ਹਨ ।126. ਪੰਡਤ ਤੇ ਮੁਨੀ ਲੋਕ ਵੇਦਾਂ ਦਾ ਅਭਿਆਸ ਕਰਦੇ ਹਨ ਪ੍ਰੰਤੂ ਹਕੀਕਤ ਨਹੀਂ ਪਾ ਸਕਦੇ ।127. ਬ੍ਰਹਮਾਂ ਨੇ ਚਾਰ ਵੇਦ ਰਚੇ, ਲੋਕਾਂ ਨੂੰ ਅਨੇਕ ਕਰਮ ਕਾਂਡਾਂ 'ਚ ਪਾਇਆ, ਪ੍ਰੰਤੂ ਜਿਨ੍ਹਾਂ ਲੋਕਾਂ ਨੇ ਸੱਚ ਪਛਾਣਿਆ ਹੈ, ਉਨ੍ਹਾਂ ਨੇ ਇਨ੍ਹਾਂ ਵੇਦਾਂ ਨੂੰ ਤਿਆਗ ਦਿੱਤਾ ਹੈ ।128. ਜੋ ਸਚਾਈ ਦੇ ਲੜ ਲੱਗਦੇ ਹਨ, ਉਹ ਸਿਮਰਤੀਆਂ ਵੇਦਾਂ ਆਦਿ ਦੇ ਚੱਕਰ ਵਿਚ ਨਹੀਂ ਪੈਂਦੇ ।129. ਵੇਦਾਂ ਦੇ ਪਾਠ ਨਾਲ ਤਾਂ ਬੰਦੇ ਦੀ ਅਕਲ ਪਾਪਾਂ ਨਾਲ ਭਰ ਜਾਂਦੀ ਹੈ ।130. ਸਾਡੀ ਜਾਤ-ਪਾਤ ਸਾਡਾ ਸਤਿਗੁਰੂ ਹੀ ਹੈ, ਜਿਸ ਨੂੰ ਅਸੀਂ ਸੀਸ ਭੇਟ ਕਰ ਦਿੱਤਾ ਹੈ ।

131. ਸਤਿਗੁਰੂ ਦੇ ਚਰਨਾਂ ਵਿਚ ਕੋਈ ਕਿਸੇ ਨੂੰ ਜਾਤਪਾਤ ਨਹੀਂ ਪੁੱਛਦਾ ।132. ਲੋਕੋ !ਜਾਤ ਦਾ ਹੰਕਾਰ ਨਾ ਕਰੋ ।ਜੋ ਆਦਮੀ ਬ੍ਰਹਿਮੰਡ ਦੀ ਸੋਝੀ ਰੱਖਦਾ ਹੈ, ਉਹੀ ਅਸਲ ਵਿਚ ਬ੍ਰਾਹਮਣ ਅਖਵਾ ਸਕਦਾ ਹੈ ।133. ਮਨੁੱਖ ਪੰਜ ਤੱਤਾਂ ਦਾ ਪੁਤਲਾ ਹੈ, ਅਗਨੀ, ਹਵਾ, ਜਲ, ਮਿੱਟੀ ਤੇ ਬੁੱਧੀ ।ਇਹ ਅੰਤਮ ਸੱਚ ਹੈ ।134. ਹਿੰਦੂਆਂ ਦੇ ਦਸ ਅਵਤਾਰਾਂ ਨੇ ਵੀ ਸੱਚ ਦਾ ਭੇਦ ਨਹੀਂ ਪਾਇਆ ।ਜੋ ਧਰਤੀ 'ਤੇ ਆਪਣੇ ਆਪ ਨੂੰ ਅਵਤਾਰ ਕਹਾਉਂਦੇ ਸੀ, ਸਭ ਇਸੇ ਧਰਤੀ 'ਤੇ ਮਰੇ ਤੇ ਅੰਤ ਪਛਤਾਵੇ 'ਚ ਗਏ ।(ਜਿਸ ਤਰ੍ਹਾਂ ਕ੍ਰਿਸ਼ਨ ਇਕ ਭੀਲ ਬਹੇਲੀਆ ਦੇ ਤੀਰ ਨਾਲ ਮਾਰਿਆ ਗਿਆ ।ਰਾਮ ਚੰਦਰ ਨੇ ਸਰਿਊ ਦਰਿਆ ਵਿਚ ਛਲਾਂਗ ਲਗਾ ਕੇ ਆਤਮ ਹੱਤਿਆ ਕੀਤੀ ।) 135. ਸਾਰੇ ਦੇਵਤੇ-ਦੇਵੀਆਂ ਮਾਇਆ ਦੇ ਜਾਲ ਵਿਚ ਫਸੇ ਨਜ਼ਰ ਆਉਂਦੇ ਹਨ ।136. ਸੁਰਗ-ਨਰਕ, ਦੇਵੀ-ਦੇਵਤੇ ਸਭ ਭਰਮਾਂ ਦਾ ਜਾਲ ਹਨ ।ਨਰਕ ਤੇ ਸੁਰਗ ਤਾਂ ਇਕ ਕਹਾਵਤ ਹੈ ।137. ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਸਭ ਮਾਇਆ ਵਿਚ ਫਸੇ ਹੋਏ ਹਨ ।138. ਦੇਵੀ-ਦੇਵਤਿਆਂ ਨੂੰ ਕਿਉਂ ਪੂਜਦੇ ਹੋ ? ਇਨ੍ਹਾਂ ਤੋਂ ਕੀ ਲੋਚਦੇ ਹੋ ? ਇਹ ਤੁਹਾਨੂੰ ਕੀ ਦੇ ਸਕਦੇ ਹਨ ? 139. ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਸਭ ਵਿਕਾਰਾਂ ਦੇ ਰੋਗੀ ਹਨ ।ਸਾਰੇ ਹੰਕਾਰ ਨਾਲ ਭਰੇ ਪਏ ਸਨ ।140. ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਇੰਦਰ ਸਾਰੇ ਅੰਤ ਸਮੇਂ ਮੌਤ ਦੀ ਫਾਂਸੀ ਵਿਚ ਪੈਣਗੇ ।

141. ਜਿਸ ਪੱਥਰ ਨੂੰ ਠਾਕੁਰ ਕਹਿੰਦੇ ਹੋ, ਉਹ ਪੱਥਰ ਬੰਦੇ ਨੂੰ ਲੈ ਡੁੱਬਦਾ ਹੈ ।142. ਗੁਨਾਹਗਾਰ ਤੇ ਲੂਣ ਹਰਾਮੀ ਨੂੰ ਪੱਥਰ ਪਾਰ ਨਹੀਂ ਲਗਾ ਸਕਦਾ ।143. ਮਾਇਆ ਜਾਲ ਵਿਚ ਫਸਣ ਫਸਾਉਣ ਦੀ ਵਿਧੀ ਤਾਂ ਹਰ ਕੋਈ ਜਾਣਦਾ ਹੈ, ਪਰ ਮੁਕਤੀ ਦਾ ਰਾਹ ਕੋਈ ਨਹੀਂ ਜਾਣਦਾ ।144. ਹੇ ਪੰਡਤ, ਭਲਾ ਦੱਸ ਕਿ ਕਿਹੜਾ ਥਾਂ ਸੁੱਚਾ ਹੈ, ਜਿਥੇ ਬੈਠ ਕੇ ਭੋਜਨ ਖਾਧਾ ਜਾ ਸਕਦਾ ਹੈ ।ਗੋਹਾ ਵੀ ਅਪਵਿੱਤਰ ਹੈ, ਚਉਂਕਾ ਵੀ ਅਪਵਿੱਤਰ ਹੈ ਤੇ ਇਸ ਚਉਂਕੇ ਬੈਠ ਕੇ ਕੀਤੀ ਕਾਰ ਵੀ ਮੈਲ ਭਰੀ ਹੈ ।ਅਸਲ ਵਿਚ ਉਹੀ ਲੋਕ ਸੁੱਚੇ ਹਨ, ਪਵਿੱਤਰ ਹਨ, ਜਿਨ੍ਹਾਂ ਦੀ ਵਿਚਾਰਧਾਰਾ ਸੁੱਚੀ ਤੇ ਸੱਚੀ ਹੈ ।145. ਸਤਿਗੁਰੂ ਤੋਂ ਬਿਨਾਂ ਸਭ ਹਨ੍ਹੇਰਾ ਹੈ ।ਥਿਤਾਂ ਵਾਰਾਂ ਦਾ ਧਿਆਨ ਮੂਰਖ ਲੋਕ ਰੱਖਦੇ ਹਨ ।146. ਤਟਾਂ, ਤੀਰਥਾਂ ਤੇ ਥਾਂ-ਥਾਂ ਨਹਾਉਣ ਵਾਲੇ ਲੋਕ ਤਾਂ ਹੰਕਾਰ ਦੀ ਮੈਲ ਸਗੋਂ ਹੋਰ ਮਨ 'ਤੇ ਚੜ੍ਹਾ ਲੈਂਦੇ ਹਨ ।147. ਤੀਰਥ ਅਸਲ ਵਿਚ ਸੱਚਾ ਨਾਮ ਹੈ, ਜਿਸਦਾ ਅਰਥ ਹੈ ਗੁਰੂ ਦਾ ਸੰਦੇਸ਼, ਗੁਰੂ ਦਾ ਵਿਚਾਰ ਗੁਰੂ ਦਾ ਦਿੱਤਾ ਗਿਆਨ ।ਨਾਮ ਗਿਆਨ ਦਾ ਦੂਜਾ ਨਾਂ ਹੈ ।148. ਬ੍ਰਾਹਮਣ ਗ੍ਰੰਥ ਨੂੰ ਉੱਚੀ-ਉੱਚੀ ਪੁਕਾਰਦਾ ਹੈ, ਸਿਰਫ ਇਸ ਕਰਕੇ ਉਸ ਦਾ ਮੋਹ ਪਿਆਰ ਮਾਇਆ ਨਾਲ ਹੈ ।149. ਮਾਇਆਧਾਰੀ ਗ੍ਰੰਥ ਪੜ੍ਹਦਾ ਹੈ ।ਪੰਡਤ ਅਖਵਾਉਂਦਾ ਹੈ, ਪ੍ਰੰਤੂ ਘੋਰ ਦੁੱਖ ਪਾਉਂਦਾ ਹੈ ।ਪੈਸੇ ਦਾ ਗੁਲਾਮ ਹੈ, ਪੰਡਤ ਕਹਾਉਂਦਾ ਹੈ, ਕੁਕਰਮ ਨਾਲ ਭਰਿਆ ਦੁੱਖ ਪਾਉਂਦਾ ਹੈ ।150. ਅਸੀਂ ਜੰਤਰਾਂ ਦਾ ਪਾਖੰਡ ਨਹੀਂ ਮੰਨਿਆ, ਪ੍ਰੰਤੂ ਹਿਰਦੇ ਅੰਦਰ ਸੱਚ ਸਮਾ ਗਿਆ ਹੈ ।

151. ਹੋਮ ਜੱਗ ਕੀਤੇ, ਦਿਲ ਵਿਚ ਹੰਕਾਰ ਭਰ ਲਿਆ ।ਕੀ ਲਾਭ ? 152. ਹੋਮ, ਜਪ, ਜੱਗ, ਤਪ, ਸੰਜਮ, ਤੀਰਥ, ਇਸ਼ਨਾਨ ਸਭ ਵਿਅਰਥ ਸਨ ।ਇਥੋਂ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ ।153. ਹਿੰਦੂ ਅਕਲ ਦਾ ਅੰਧਾ ਹੈ, ਤੁਰਕ ਅਕਲ ਦਾ ਕੱਟੜ ਹੈ, ਦੋਹਾਂ ਨਾਲੋਂ ਗਿਆਨਵਾਨ ਬੰਦਾ ਸਿਆਣਾ ਹੈ ।154. ਮੇਰੀ ਜਾਤ ਨੀਵੀਂ ਹੈ, ਮੈਂ ਸੋਚਦਾ ਹਾਂ ਕਿ ਛੀਂਬੇ ਦੇ ਜਨਮ ਵਿਚ ਕਿਉਂ ਆ ਗਿਆ ।ਲੋਕ ਅੱਧੇ ਟੇਕੇ ਦਾ ਛੀਂਬਾ ਹੀ ਕਹਿੰਦੇ

ਹਨ।155. ਇਕ ਪੱਥਰ ਦੀ ਲੋਕ ਪੂਜਾ ਕਰਦੇ ਹਨ, ਦੂਜੇ ਪੱਥਰ 'ਤੇ ਪੈਰ ਰੱਖ ਲੈਂਦੇ ਹਨ। ਜੇ ਸਾਹਮਣਾ ਪੱਥਰ ਦੇਵਤਾ ਹੈ ਤਾਂ ਪੈਰੋ ਹੇਠਲੇ ਨੂੰ ਦੇਵਤਾ ਕਿਉਂ ਨਹੀਂ ਮੰਨਦੇ? ਉਹ ਵੀ ਤਾਂ ਉਹੀ ਪੱਥਰ ਹੈ।156. ਹਿੰਦੂ ਦੇਹੁਰਾ (ਮੰਦਰ) ਪੂਜਦਾ ਹੈ, ਮੁਸਲਮਾਨ ਮਸੀਤ ਪੂਜਦਾ ਹੈ। ਨਾਮਦੇਵ ਤਾਂ ਉਸ ਸੱਚ ਨੂੰ ਪਛਾਣਦਾ ਹੈ, ਜੋ ਨਾ ਮੰਦਰ 'ਚ ਹੈ ਅਤੇ ਨਾ ਹੀ ਮਸੀਤ ਵਿਚ ਹੈ।157. ਗੁਰੂ ਉਹ ਹੈ, ਜਿਸ ਦੇ ਗਿਆਨ ਦੀ ਰੋਸ਼ਨੀ ਹਜ਼ਾਰਾਂ ਸੂਰਜਾਂ ਅਤੇ ਚੰਦਾਂ ਤੋਂ ਵੀ ਜ਼ਿਆਦਾ ਹੁੰਦੀ ਹੈ। ਗੁਰੂ ਜਿਸ ਨੂੰ ਬ੍ਰਹਮ (Universe) ਦਾ ਗਿਆਨ ਹੈ ਅਸਲ ਵਿਚ ਖ਼ੁਦ ਰੱਬ ਹੈ। 158. ਗੁਰਬਾਣੀ ਦਾ ਰੱਬ ਹੰਕਾਰੀ ਨਹੀਂ, ਮਾਇਆ ਜਾਲ ਵਿਚ ਫਸਿਆ ਨਹੀਂ। ਸਰਾਪ ਦੇਣ ਵਾਲਾ ਨਹੀਂ। ਲੋਭੀ ਨਹੀਂ, ਨਾ ਜੰਮਦਾ ਹੈ, ਨਾ ਮਰਦਾ ਹੈ। ਨਾ ਕਿਸੇ ਬੰਦੇ ਨਾਲ ਉਸਨੂੰ ਕੋਈ ਵਿਤਕਰਾ ਹੈ। ਉਸ ਦੇ ਦਰਬਾਰ ਵਿਚ ਇਨਸਾਫ ਹੈ। ਸੁੱਖ-ਸ਼ਾਤੀ ਹੈ, ਖ਼ੁਸ਼ੀਆਂ ਹਨ। ਪਾਤਸ਼ਾਹੀਆਂ ਹਨ, ਜਾਤਪਾਤ ਨਹੀਂ ਹੈ। ਉਹ ਵੱਡੇ ਤੋਂ ਵੱਡੇ ਗੁਨਾਹ ਵੀ ਬਖ਼ਸ਼ ਦਿੰਦਾ ਹੈ। ਉਹ ਤਬਾਹੀ ਨਹੀਂ ਮਚਾਉਂਦਾ। ਗਰੀਬਾਂ ਦਾ ਆਸਰਾ ਹੈ। ਨਿਓਟਿਆਂ ਦੀ ਓਟ ਹੈ। ਨਿਮਾਣਿਆਂ ਦਾ ਮਾਣ ਹੈ। ਸਰਬਸ਼ਕਤੀਮਾਨ ਹੈ। ਉਸ ਪਾਸ ਹਰ ਬੰਦੇ ਦੀ ਕਦਰ ਅਤੇ ਕੀਮਤ ਬਰਾਬਰ ਹੈ। ਉਸ ਦੇ ਨਿਯਮ ਹਨ, ਅਸੂਲ ਹਨ, ਜਿਸ ਨੂੰ ਹੁਕਮ ਕਿਹਾ ਜਾਂਦਾ ਹੈ। ਸਾਰਾ ਸੰਸਾਰ ਉਨ੍ਹਾਂ ਨਿਯਮਾਂ ਵਿਚ ਬੱਧਾ ਚਲ ਰਿਹਾ ਹੈ। ਬਣ ਰਿਹਾ ਹੈ। ਢਹਿ ਰਿਹਾ ਹੈ। ਸ਼ਕਲ ਆਕਾਰ ਬਦਲ ਰਿਹਾ ਹੈ। ਜਨਮ ਰਿਹਾ ਹੈ। ਮਰ ਰਿਹਾ ਹੈ। ਹਰ ਪੈਦਾਵਾਰ ਆਪਣੇ ਆਪ ਦੂਜੇ ਰੂਪ ਵਿਚ ਸਮੇਂ ਸਥਾਨ ਅਤੇ ਵਾਤਾਵਰਨ ਅਨੁਸਾਰ ਪਰਵੇਸ਼ ਕਰ ਰਹੀ ਹੈ।

ਇਹ ਇਕ ਅਜਿਹਾ ਰੱਬ ਹੈ, ਜੋ ਸੱਚ 'ਤੇ ਅਧਾਰਤ ਹੈ। ਜਿਸ ਪਾਸ ਝੂਠਿਆਂ, ਮਕਾਰਾਂ, ਪਾਖੰਡੀਆਂ, ਭੇਖੀਆਂ, ਹਰਾਮਖੋਰਾਂ, ਧੋਖੇਬਾਜ਼ਾਂ, ਜ਼ਾਲਮਾਂ, ਮਨੁੱਖੀ ਵੰਡੀਆਂ ਪਾਉਣ ਵਾਲਿਆਂ, ਦੂਜੇ ਇਨਸਾਨਾਂ ਨੂੰ ਲੁੱਟਣ ਖੋਹਣ ਵਾਲਿਆਂ, ਦੂਜਿਆਂ ਦੀ ਕਮਾਈ ਹੜੱਪਣ ਵਾਲਿਆਂ, ਦੂਜਿਆਂ ਨੂੰ ਲਾਚਾਰ, ਮਜ਼ਬੂਰ, ਕੰਗਾਲ, ਬੇਘਰ, ਗਰੀਬ ਕਰਕੇ ਆਪਣੇ ਪੇਟ ਭਰਨ ਵਾਲਿਆਂ, ਪਾਖੰਡੀ ਸਾਧੂਆਂ ਸੰਤਾਂ, ਮਾਇਆਧਾਰੀ ਠਾਠ ਨਾਲ ਰਹਿਣ ਵਾਲੇ ਸਾਧਾਂ, ਮਹਾਰਾਜਾਂ, ਬ੍ਰਹਮਚਾਰੀਆਂ, ਤਪੀਆਂ, ਜੰਤਰਾਂ-ਮੰਤਰਾਂ ਵਿਚ, ਰਿੱਧੀਆਂ-ਸਿੱਧੀਆਂ ਵਿਚ, ਵਰਾਂ ਤੇ ਸਰਾਪਾਂ ਵਿਚ ਝੂਠੇ ਲਾਲਚਾਂ ਵਿਚ, ਭੋਲੇ-ਭਾਲੇ ਲੋਕਾਂ ਨੂੰ ਫਸਾਉਣ ਵਾਲਿਆਂ ਲਈ ਕੋਈ ਥਾਂ ਨਹੀਂ।

ਇਸ ਰੱਬ ਕੋਲ ਤਾਂ ਉਹੀ ਪੁੱਗ ਸਕਦਾ ਹੈ ਜੋ ਹੰਕਾਰੀ ਨਹੀਂ, ਮਾਇਆਧਾਰੀ ਨਹੀਂ। ਕਾਮੀ ਤੇ ਕਰੋਧੀ ਨਹੀਂ। ਸਰਾਪ ਦੇ ਡਰਾਵੇ ਦੇਣ ਵਾਲਾ ਨਹੀਂ। ਧਰਮ ਦੇ ਨਾਂ 'ਤੇ ਲੁੱਟਣ ਵਾਲਾ ਨਹੀਂ। ਊਚ-ਨੀਚ, ਜਾਤਪਾਤ, ਕਰਮਕਾਂਡ, ਛੂਆਛਾਤ, ਤੀਰਥਵਰਤ, ਵਰ ਤੇ ਸਰਾਪ, ਨਰਕ ਸੁਰਗ ਆਦਿ ਨੂੰ ਜੋ ਨਹੀਂ ਮੰਨਦਾ। ਜੋ ਆਪਣੇ ਲਾਭਾਂ ਲਈ ਦੂਜਿਆਂ ਦੀ ਕਮਾਈ ਨਹੀਂ ਖਾਂਦਾ। ਜੋ ਸਰਾਧ ਨਹੀਂ ਕਰਦਾ। ਤੀਰਥਾਂ 'ਤੇ ਨਹੀਂ ਭਟਕਣਾ। ਵਿਤਕਰੇ ਨਹੀਂ ਕਰਦਾ। ਚੋਰੀਆਂ ਨਹੀਂ ਕਰਦਾ। ਡਾਕੇ ਨਹੀਂ ਮਾਰਦਾ। ਲੋਕਾਂ ਦੀ ਸੇਵਾ ਕਰਦਾ ਹੈ। ਸੰਸਾਰ ਭਰ ਦੇ ਜੀਵਾਂ ਨੂੰ ਆਪਣੇ ਵਰਗਾ ਸਮਝਦਾ ਹੈ। ਠਗੀਆਂ ਨਹੀਂ ਮਾਰਦਾ, ਦੂਣਸਵਾਈਆਂ ਨਹੀਂ ਕਰਦਾ। ਪੱਥਰ ਨਹੀਂ ਪੂਜਦਾ। ਮੱਥੇ ਨਹੀਂ ਟੇਕਦਾ। ਯਾਤਰਾਵਾਂ ਨਹੀਂ ਕਰਦਾ। ਘੇਰਲੂ ਜੀਵਨ ਬਤੀਤ ਕਰਦਾ ਹੈ। ਜੰਗਲਾਂ 'ਚ ਨਹੀਂ ਭਟਕਦਾ। ਦੂਜਿਆਂ ਦਾ ਖ਼ੂਨ ਪੀ ਕੇ ਆਪਣਾ ਜਨਮ ਮੈਲਾ ਨਹੀਂ ਕਰਦਾ। ਰੱਬ ਦੇ ਨਾਂ 'ਤੇ ਦੁਕਾਨਦਾਰੀ ਤੇ ਮਾਇਆ ਦਾ ਵਪਾਰ ਨਹੀਂ ਕਰਦਾ। ਔਰਤ ਤੇ ਮਰਦ ਨੂੰ ਬਰਾਬਰ ਸਨਮਾਨ ਦਿੰਦਾ ਹੈ। ਜੋ ਲੋਕ ਸੇਵਾ ਲਈ ਸੀਸ ਤਲੀ 'ਤੇ ਧਰ ਕੇ ਲੜਦਾ ਹੈ। ਜੋ ਸਮਾਜ ਵਿਚੋਂ ਵਹਿਮ ਭਰਮ, ਕੂੜ ਕਪਟ ਖ਼ਤਮ ਕਰਨ ਲਈ ਸੰਘਰਸ਼ ਕਰਦਾ ਹੈ, ਜਿਸ ਨੂੰ ਸਾਰੀ ਮਾਨਸ ਜਾਤ ਨਾਲ ਇਕੋ ਜਿਹਾ ਪਿਆਰ ਹੈ। ਜੋ ਦੁਸ਼ਟਾਂ ਨੂੰ ਖ਼ਤਮ ਕਰਦਾ ਹੈ ਤੇ ਇਨਸਾਨਾਂ ਲਈ ਲੜ ਮਰਦਾ ਹੈ। ਜੋ ਦਸਾਂ ਨੌਹਾਂ ਦੀ ਕਿਰਤ ਕਰਦਾ ਹੈ। ਵੰਡ ਕੇ ਖਾਂਦਾ ਹੈ। ਦੂਜਿਆਂ ਨੂੰ ਭਰਾ ਆਖਦਾ ਹੈ। ਨੇਕ ਕੰਮ ਕਰਦਾ ਹੈ। ਨੇਕੀ ਦਾ ਉਪਦੇਸ਼ ਕਰਦਾ ਹੈ। ਮਨ, ਬਚਨ ਅਤੇ ਕਰਮ ਦਾ ਸੱਚਾ ਹੈ, ਅਜਿਹਾ ਆਦਮੀ ਹੀ ਰੱਬ ਕੋਲ ਪੁੱਗ ਸਕਦਾ ਹੈ। ਦੂਜੀ ਕਿਸਮ ਦੇ ਲੋਕਾਂ ਨੂੰ ਰੱਬ ਸਖ਼ਤ ਸਜ਼ਾਵਾਂ ਦਿੰਦਾ ਹੈ। ਸੱਚੇ ਲੋਕਾਂ ਨੂੰ ਬਾਦਸ਼ਾਹੀਆਂ ਦੇਣ ਦੀ ਸ਼ਕਤੀ ਹੈ ਉਸ ਪਾਸ। ਝੂਠ ਤੇ ਮੱਕਾਰ ਇਸ ਦੇ ਕੋਲੋਂ ਸਜ਼ਾ ਪਾਉਂਦੇ ਹਨ। ਏਥੇ ਰਾਣਾ ਅਤੇ ਰੰਕ ਇਕੋ ਜਿਹੇ ਬਰਾਬਰ ਮੰਨੇ ਜਾਂਦੇ ਹਨ। ਇਹ ਸੰਸਾਰ ਉਸ ਸੱਚੇ ਰੱਬ ਦਾ ਘਰ ਹੈ। ਜੇ ਉਸ ਨੂੰ ਪ੍ਰਾਪਤ ਕਰਨਾ ਹੈ ਤਾਂ ਪੂਰੇ ਸਤਿਗੁਰੂ ਤੋਂ ਗਿਆਨ ਹਾਸਲ ਕਰਕੇ ਇਸ ਸੰਸਾਰ ਵਿਚ ਲੋਕ ਸੇਵਾ, ਮਾਨਵ ਸੇਵਾ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਅਜਿਹੇ ਚੰਗੇ ਕਰਮ ਕੀਤੇ ਬਿਨਾਂ ਇਹ ਰੱਬ ਕਿਸੇ ਨੂੰ ਨਹੀਂ ਮਿਲਦਾ। ਇਨਸਾਨੀਅਤ ਲਈ ਕੁਰਬਾਨ ਹੋਣ ਵਾਲੇ ਮਨੁੱਖ ਹੀ ਇਸ ਰੱਬ ਦੇ ਬੰਦੇ ਅਖਵਾ ਸਕਦੇ ਹਨ।

ਇਹ ਰੱਬ ਜੋ ਡਰਦਾ ਨਹੀਂ, ਇਹ ਰੱਬ ਜੋ ਅਮਰ ਹੈ, ਇਸ ਨੂੰ ਪ੍ਰਾਪਤ ਕਰਨ ਲਈ ਜਾਂ ਅਮਰ ਹੋ ਜਾਣ ਲਈ ਬੰਦੇ ਨਾ ਡਰਦੇ ਨਾ ਡਰਾਉਂਦੇ ਹਨ ਤੇ ਜੋ ਆਪਣਾ ਪੂਰਾ ਜੀਵਨ, ਸੁੱਖ ਸਾਧਨ ਆਪਣੇ ਸਮਾਜ ਦੇ ਪ੍ਰਾਣੀਆਂ ਦੀ ਭਲਾਈ ਲਈ ਲਗਾ ਦਿੰਦੇ ਹਨ, ਉਹ ਰੱਬ ਵਰਗੇ ਹੋ ਜਾਂਦੇ ਹਨ ਤੇ ਉਹ ਕਦੀ ਵੀ ਨਹੀਂ ਮਰਦੇ । ਅਮਰ ਹੋ ਜਾਂਦੇ ਹਨ । ਪਾਕ ਵਿਚਾਰਾਂ ਨਾਲ ਚੰਗੇ ਬੋਲਾਂ ਨਾਲ ਤੇ ਸ਼ੁੱਭ ਕਰਮਾਂ ਨਾਲ ਹੀ ਬੰਦਾ ਇਸ ਰੱਬ ਨੂੰ ਪਾ ਸਕਦਾ ਹੈ ।

ਗੁਰਬਾਣੀ ਦਾ ਰੱਬ ਬ੍ਰਾਹਮਣਵਾਦੀ ਰੱਬਾਂ ਵਰਗਾ ਨਹੀਂ, ਜਿਨ੍ਹਾਂ ਨੇ ਜਾਤਪਾਤ ਆਪ ਬਣਾਈ ਹੈ, ਸਗੋਂ ਉਸ ਤੋਂ ਵਿਰੋਧੀ ਹੈ। ਉੱਚਾ ਤੇ ਨੀਵਾਂ ਕਰਕੇ ਮਨੁੱਖ ਨੂੰ ਥਾਪਿਆ ਹੈ । ਔਰਤਾਂ ਨੂੰ ਪਾਪ ਜੋਨੀ 'ਚੋਂ ਪੈਦਾ ਕੀਤਾ ਹੈ । ਜੋ ਵਾਰ-ਵਾਰ ਜਨਮ ਲੈਂਦਾ ਹੈ । ਅਵਤਾਰ ਧਾਰਦਾ ਹੈ । ਕਰੋਧ ਕਰਦਾ ਹੈ । ਤਬਾਹੀ ਮਚਾਉਂਦਾ ਹੈ । ਖਾਸ ਕਿਸਮ ਦੇ ਬੰਦਿਆਂ ਦੀ ਰਾਖੀ ਕਰਦਾ ਹੈ । ਮਾਇਆਧਾਰੀਆਂ ਵਰਗਾ ਹੈ । ਜੋ ਮਨੁੱਖ ਅੰਦਰ ਜਾਤੀ ਵੰਡ ਕਰਨ ਵੇਲੇ, ਆਪਣਾ ਸਹਿਯੋਗ ਦਿੰਦਾ ਹੈ । ਜਿਸ ਦੇ ਹੁਕਮ ਅਨੁਸਾਰ ਕਰੋੜਾਂ ਮਨੁੱਖ ਪੜ੍ਹ-ਲਿਖ ਨਹੀਂ ਸਕਦੇ । ਚੰਗੇ ਕੱਪੜੇ ਪਾ ਨਹੀਂ ਸਕਦੇ । ਚੰਗੇ ਘਰ ਨਹੀਂ ਬਣਾ ਸਕਦੇ । ਜਿਸ ਨੇ ਆਪਣੀ ਮਰਜ਼ੀ ਨਾਲ ਕਿਸੇ ਨੂੰ ਉਚ ਸਵਰਨ ਤੇ ਕਿਸੇ ਨੂੰ ਨੀਚ ਅਵਰਨ ਬਣਾਇਆ ਹੈ । ਜੋ ਅਵਤਾਰ ਲੈਂਦਾ ਤੇ ਗਿਆਨ ਪ੍ਰਾਪਤ ਕਰਨ ਵਾਲਿਆਂ ਨੂੰ ਕਤਲ ਕਰਦਾ ਹੈ । ਜੋ ਅਵਤਾਰ ਲੈਂਦਾ ਤੇ ਨੀਚ ਜਾਤੀ ਦੇ ਯੋਧਿਆਂ ਨੂੰ ਧੋਖੇ ਨਾਲ ਮਾਰ ਦਿੰਦਾ ਹੈ । ਜੋ ਬੰਦੇ ਨੂੰ ਬੰਦੇ ਨਾਲ ਲੜਾਉਣ ਵਿਚ ਵਿਸ਼ਵਾਸ ਕਰਦਾ ਹੈ । ਜਿਸ ਦੀ ਤੀਜੀ ਅੱਖ ਖੁੱਲ੍ਹਣ ਨਾਲ ਤਬਾਹੀ ਮਚ ਜਾਂਦੀ ਹੈ । ਜਿਸ ਦੇ ਹੁੰਦਿਆਂ ਇਕ ਕਿਸਮ ਦੇ ਬੰਦੇ ਉਸ ਦੇ ਦਰ ਨੂੰ ਛੂਹ ਨਹੀਂ ਸਕਦੇ । ਜਿਸ ਦੇ ਹੁੰਦਿਆਂ 'ਕੁਆਰੀਆਂ' ਨਾਲ ਜਬਰ ਜਨਾਹ ਕੀਤਾ ਜਾ ਸਕਦਾ ਹੈ । ਜਿਸ ਦੇ ਹੁੰਦਿਆਂ ਉਸ ਦੇ ਵੱਡੇ-ਵੱਡੇ ਦੇਵਤੇ ਦੂਜਿਆਂ ਦੀਆਂ ਔਰਤਾਂ ਨਾਲ ਬਲਾਤਕਾਰ ਕਰ ਸਕਦੇ ਹਨ, ਪ੍ਰੰਤੂ ਸਜ਼ਾ ਔਰਤ ਨੂੰ ਮਿਲਦੀ ਹੈ । ਜਿਸਦੇ ਹੁੰਦਿਆਂ ਕੋਈ ਵੱਡਾ ਦੇਵਤਾ ਕਿਸੇ ਦੀ ਔਰਤ ਨੂੰ ਆਪਣੇ ਘਰ ਵਸਾ ਸਕਦਾ ਹੈ । ਜਿਸ ਦੇ ਹੁੰਦਿਆਂ ਕੋਈ ਉਸ ਦਾ ਆਪਣਾ ਰੂਪ, ਆਪਣੀ ਦੁੱਖਾਂ ਮਾਰੀ ਔਰਤ ਨੂੰ ਘਰੋਂ ਕੱਢ ਸਕਦਾ ਹੈ ਤੇ ਪੂਰੇ ਜੀਵਨ ਜਿੱਡੀ ਸਜ਼ਾ ਦੇ ਸਕਦਾ ਹੈ । ਜਿਸ ਦੇ ਹੁੰਦਿਆਂ ਇਕ ਬੰਦਾ, ਦੂਜੇ ਬੰਦਿਆਂ ਨਾਲ ਜੀਅ ਭਰਕੇ ਬਿਨ੍ਹਾਂ ਕਿਸੇ ਡਰ ਦੇ, ਧਰਮ ਦੇ ਨਾਂ 'ਤੇ ਮਨ ਮਰਜ਼ੀ ਦੀਆਂ ਘੋਰ ਸਜ਼ਾਵਾਂ ਦੇ ਸਕਦਾ ਹੈ । ਜਿਸਦੇ ਹੁੰਦਿਆਂ ਹਜ਼ਾਰਾਂ ਬੰਦਿਆਂ ਅਤੇ ਪਸ਼ੂਆਂ ਨੂੰ ਧਰਮ ਦੇ ਨਾਂ 'ਤੇ ਕਤਲ ਕੀਤਾ ਜਾ ਸਕਦਾ ਹੈ । ਜਿਸ ਦੇ ਹੁੰਦਿਆਂ ਕਰੋੜਾਂ ਗਰੀਬ ਤੇ ਮਜ਼ਲੂਮ ਲੋਕ ਜ਼ੁਲਮਾਂ ਅਤੇ ਬੇਇਨਸਾਫ਼ੀ ਦਾ ਸ਼ਿਕਾਰ ਹੋ ਸਕਦੇ ਹਨ । ਉਹ ਇਕ ਅਜਿਹਾ ਰੱਬ ਹੈ ਜਿਸ ਨੂੰ ਬ੍ਰਾਹਮਣ ਸਰਾਪ ਦੇ ਸਕਦਾ ਹੈ ਤੇ ਸਰਾਪ ਦੇ ਇਸ ਕਾਰਨ ਉਸ ਨੂੰ ਬੰਦੇ ਦੀ ਜੂਨ ਪੈ ਕੇ ਸਜ਼ਾ ਭੁਗਤਣੀ ਪੈ ਸਕਦੀ ਹੈ । ਇਕ ਅਜਿਹਾ ਰੱਬ ਜਿਸ ਨੂੰ ਪ੍ਰਾਪਤ ਕਰਨ ਲਈ ਸੰਸਾਰ ਨੂੰ ਮਿਥਿਆ, ਝੂਠ, ਫਾਨੀ ਸਮਝਕੇ, ਜਪ ਤਪ ਭਗਤੀ, ਸਾਧਨਾਂ, ਯੋਗ, ਧਰਮ, ਹਠ ਆਦਿ ਰਾਹੀਂ ਕਸ਼ਟ ਸਹਿ ਕੇ ਮੁਕਤੀ ਮਾਰਗ ਅਪਨਾਉਣਾ ਪੈਂਦਾ ਹੈ । ਜਿਸ ਦੀ ਬਣਾਈ ਔਰਤ ਨੂੰ ਜੋਗਣ, ਨਾਗਨ, ਕੁਲੱਛਣੀ, ਕਲੰਕਣੀ, ਪਸ਼ੂ ਸਮਾਨ ਤੇ ਗੁਲਾਮ ਮੰਨਿਆ ਜਾਣਾ ਪਾਪ ਨਹੀਂ ਹੈ । ਜਿਸ ਦੀ ਪ੍ਰਾਪਤੀ ਲਈ ਮਨੁੱਖਤਾ ਦੀ ਸੇਵਾ ਕੋਈ ਕਰਮ ਨਹੀਂ । ਗ੍ਰਹਿਸਥੀ ਕੋਈ ਫਰਜ਼ ਨਹੀਂ । ਬਸ ਇਕੱਲਿਆਂ ਬਹਿ ਕੇ ਉਸੇ ਦੀ ਪਾਠ ਪੂਜਾ ਧਿਆਨ ਕਰਕੇ ਮੁਕਤੀ ਪ੍ਰਾਪਤ ਕਰਨਾ ਮਨੁੱਖ ਦਾ ਇਕੋ ਇਕ ਧਰਮ ਹੈ । ਘਰ ਬਾਰ ਤਿਆਗ ਕੇ, ਦੁਨੀਆ ਦੇ ਕੰਮ-ਕਾਰ ਛੱਡ ਕੇ, ਜੰਗਲਾਂ 'ਚ ਰਹਿ ਕੇ ਉਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ । ਜਿਸ ਨੂੰ ਪ੍ਰਾਪਤ ਕਰਨ ਲਈ ਧਰਤੀ ਦੇ ਭੂੰਦੇਵ ਬ੍ਰਾਹਮਣ ਦੀ ਨਿਸ਼ਕਾਮ ਸੇਵਾ ਕਰਨੀ ਪੈਂਦੀ ਹੈ । ਉਸ ਦੀ ਖੁਸ਼ੀ ਵਿਚ ਦੇਵਤਿਆਂ ਦੀ ਖੁਸ਼ੀ, ਰੱਬ ਦੀ ਖੁਸ਼ੀ ਹੈ । ਜਿਸ ਦੇ ਹੁੰਦਿਆਂ ਡਰ ਹੈ, ਭੈਅ ਹੈ । ਇਕ ਬੰਦੇ ਨੂੰ ਮਨ-ਮਰਜ਼ੀ ਦੇ ਕੁਕਰਮ ਕਰਨ 'ਤੇ ਵੀ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ । ਦੂਜਿਆਂ ਨੂੰ ਸਿਰਫ ਪੂਰਬਲੇ ਜਨਮ 'ਤੇ ਅਧਾਰਤ ਜ਼ਿੰਦਗੀ ਦੀਆਂ ਸਾਰੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ, ਚਾਹੇ ਉਹ ਕੋਈ ਗੁਨਾਹ ਵੀ ਨਾ ਕਰੇ । ਇਸ ਰੱਬ ਦੀ ਪੂਜਾ ਤੇ ਭਗਤੀ ਸਮੇਂ ਬੰਦੇ ਦਾ ਸਮਾਜ ਨਾਲ, ਸਮਾਜ ਦੀ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਵਿਦਿਅਕ ਵਿਵਸਥਾ ਨਾਲ ਕੋਈ ਰਿਸ਼ਤਾ ਨਹੀਂ । ਉਹ ਇਕੱਲਾ ਆਇਆ ਹੈ । ਉਸ ਨੇ ਇਕੱਲੇ ਜਾਣਾ ਹੈ । ਬੰਦੇ ਦਾ, ਬੰਦੇ ਦੀ ਆਤਮਾ ਦਾ ਕੰਮ ਗੁਆਚੇ ਹੋਏ ਰੱਬ ਦੀ ਤਲਾਸ਼ ਕਰਨਾ ਹੈ ਤੇ ਜਨਮ-ਜਨਮ ਤੋਂ ਮੁਕਤੀ ਹਾਸਲ ਕਰਨਾ ਹੈ । ਇਕ ਪਾਸੇ ਰੱਬ ਜਦੋਂ ਬ੍ਰਹਮਾ ਦੇ ਰੂਪ ਵਿਚ ਸੰਸਾਰੀ ਜੀਵਾਂ ਦੀ ਰਚਨਾ ਕਰਦਾ ਹੈ ਤਾਂ ਸਿਰ ਬਾਹਾਂ ਲੱਤਾਂ ਅਤੇ ਪੈਰ ਤੋਂ ਵੱਖਰੇ-ਵੱਖਰੇ ਕੰਮਾਂ ਵਾਲੇ ਉਚੇ ਤੇ ਨੀਵੇਂ ਬੰਦੇ ਪੈਦਾ ਕਰਦਾ ਹੈ । ਉਤਲੇ ਤਿੰਨ ਬੰਦਿਆਂ ਨੂੰ ਜੀਵਨ ਦੇ ਸਾਰੇ ਅਧਿਕਾਰ ਦਿੰਦਾ ਹੈ ਤੇ ਚੌਥੇ ਬੰਦੇ ਨੂੰ ਸੇਵਾ ਅਤੇ ਗੁਲਾਮੀ ਕਰਨਾ ਦਿੰਦਾ ਹੈ । ਰੱਬ ਦੇ ਰੂਪ ਵਿਚ ਸ੍ਰਿਸ਼ਟੀ ਸਾਜਣ ਵਾਲੇ ਬ੍ਰਹਮਾਂ ਨੂੰ

ਆਪਣੀ ਧੀ ਨਾਲ ਵਸੇਬਾ ਕਰਨ ਦੀ ਖੁੱਲ੍ਹ ਹੈ। ਪ੍ਰੰਤੂ ਕਿਸੇ ਸ਼ੂਦਰ ਪੈਦਾ ਕੀਤੇ ਬੰਦੇ ਨੂੰ ਹੱਥ ਚੁੱਕਣ, ਮੂੰਹ ਖੋਲ੍ਹਣ, ਅੱਖਾਂ ਉਠਾਉਣ, ਸਿਰ ਉੱਚਾ ਚੁੱਕ ਕੇ ਤੁਰਨ, ਧਰਤੀ 'ਤੇ ਥੁੱਕਣ, ਉੱਚੀ ਥਾਂ 'ਤੇ ਬਹਿਣ, ਚਾਰ ਅੱਖਰ ਸਿੱਖਣ ਦੀ ਕੋਈ ਆਗਿਆ ਨਹੀਂ। ਇਕ ਬੰਦਾ ਸਮਾਜ ਦੀਆਂ ਸਾਰੀਆਂ ਔਰਤਾਂ ਨਾਲ ਮੌਜ ਕਰ ਸਕਦਾ ਹੈ ਤੇ ਉਸ ਦਾ ਇਹ ਅਧਿਕਾਰ ਰੱਬੀ ਹੈ। ਪ੍ਰੰਤੂ ਰੱਬ ਦੇ ਦੂਜੀ ਕਿਸਮ ਦੇ ਬੰਦਿਆਂ ਨੂੰ ਮਾਮੂਲੀ ਕੁਕਰਮ ਲਈ ਜਿਉਂਦੇ ਗੱਡ ਦੇਣ ਦੀ ਸਜ਼ਾ ਆਇਦ ਕਰ ਦਿੱਤੀ ਗਈ। ਇਸ ਤਰ੍ਹਾਂ ਦੇ ਇਨਸਾਫ ਤੇ ਬੇਇਨਸਾਫੀ ਦੇ ਖੰਧੇ 'ਇਕ ਕਿਸਮ' ਦੇ ਰੱਬ ਦੇ ਦਰਬਾਰ ਵਿਚ ਪਏ ਦੱਸੇ ਗਏ ਹਨ। ਦੂਜੇ ਪਾਸੇ ਇਕ ਅਜਿਹੇ ਰੱਬ ਦੀ 'ਸਿਰਜਣਾ' ਹੈ, ਜਿਸ ਦੇ ਦਰਬਾਰ ਵਿਚ ਹਰ ਤਰ੍ਹਾਂ ਦਾ ਇਨਸਾਫ ਹੈ, ਬਰਾਬਰੀ ਹੈ। ਮਨੁੱਖੀ ਭਾਈਚਾਰਾ ਹੈ। ਖੂਨੀ ਰਿਸ਼ਤਾ ਹੈ। ਆਜ਼ਾਦੀ ਹੈ। ਚੰਗੇ ਕੰਮਾਂ ਦੀ ਵਡਿਆਈ ਹੈ। ਮਾੜੇ ਕੰਮਾਂ ਦੀ ਸਜ਼ਾ ਹੈ। ਗੁਲਾਮੀ ਨੂੰ ਕੋਈ ਥਾਂ ਨਹੀਂ। ਊਚ-ਨੀਚ, ਜਾਤਪਾਤ, ਛੂਆਛਾਤ, ਰੱਬੀ ਅਧਿਕਾਰ ਕੋਈ ਚੀਜ਼ ਨਹੀਂ ਹੈ। ਸਾਂਝੀਵਾਲਤਾ ਹੈ, ਸਨਮਾਨ ਹੈ, ਇੱਜ਼ਤ ਹੈ, ਵਡਿਆਈ ਹੈ। ਕੋਈ ਰੁਕਾਵਟ ਨਹੀਂ। ਜੀਵਨ ਦੇ ਸਾਰੇ ਅਧਿਕਾਰਾਂ ਦੀ ਬਰਾਬਰ ਵੰਡ ਹੈ। ਕੋਈ ਵੰਡ ਕਾਣੀ ਨਹੀਂ। ਇਕ ਅਜਿਹਾ ਰੱਬ ਜੋ ਸਭਨਾਂ ਵਿਚ ਹੈ। ਜਿਸ ਦੇ ਸਾਰੇ ਬੰਦੇ ਮਨੁੱਖੀ ਸੇਵਾ ਰਾਹੀਂ ਮੁਕਤੀ ਪ੍ਰਾਪਤ ਕਰਦੇ ਹਨ। ਜਿਨ੍ਹਾਂ ਲਈ ਬ੍ਰਹਿਮੰਡ ਦਾ ਗਿਆਨ ਅਤੇ ਵਿਚਾਰਧਾਰਾ ਹੀ ਨਾਮ ਹੈ, ਭਗਤੀ ਹੈ, ਸਾਧਨਾ ਹੈ। ਜਿਸ ਦੇ ਦਰਬਾਰ ਵਿਚ ਪ੍ਰਵਾਨ ਹੋਣ ਲਈ ਮਨੁੱਖਤਾ ਦੀ ਸੇਵਾ ਦਾ ਗੁਣ ਸਭ ਤੋਂ ਉੱਤਮ ਹੈ। ਜਿਸ ਦੇ ਸਾਹਮਣੇ ਹਰ ਮਨੁੱਖ ਨੂੰ ਬਰਾਬਰ ਜਿਉਂ ਸਕਣ ਦਾ ਅਧਿਕਾਰ ਹੈ। ਇਹ ਰੱਬ ਹਰ ਤਰ੍ਹਾਂ ਦੇ ਵਿਤਕਰਿਆਂ ਤੋਂ ਬਾਹਰਾ ਹੈ। ਚੰਗੇ ਵਿਚਾਰਾਂ ਤੇ ਗੁਣਾਂ ਨਾਲ ਭਰੇ ਲੋਕਾਂ ਨੂੰ ਪਿਆਰ ਕਰਨ ਵਾਲੇ। ਜਿਨ੍ਹਾਂ ਦਾ ਕਿਸੇ ਅੰਧ-ਵਿਸ਼ਵਾਸ ਵਿਚ ਭਰੋਸਾ ਨਹੀਂ। ਜੋ ਤਰਕ 'ਚ ਵਿਸ਼ਵਾਸ ਕਰਦੇ ਹਨ। ਚੰਗੇ ਬੁਰੇ ਦੀ ਪਛਾਣ ਕਰਦੇ ਹਨ। ਇਹ ਰੱਬ ਚੰਗੇ ਪੁਰਸ਼ਾਂ ਦਾ ਸਾਥੀ ਹੈ। ਪ੍ਰੰਤੂ ਇਹ ਜੇ ਲੱਭਦਾ ਹੈ ਤਾਂ ਬ੍ਰਹਿਮੰਡ ਦੇ ਗਿਆਨਵਾਨ ਪੁਰਸ਼ ਦੇ ਦੱਸੇ ਮਾਰਗ 'ਚੋਂ ਲੱਭਦਾ ਹੈ। ਸੱਚਾ ਗੁਰੂ ਹੀ ਉਸ ਬਾਰੇ ਮਾਰਗ-ਦਰਸ਼ਨ ਕਰ ਸਕਦਾ ਹੈ। ਸੱਚਾ ਗੁਰੂ ਹੀ ਅਸਲ ਵਿਚ ਖੁਦ ਰੱਬ ਹੈ, ਰੱਬ ਦਾ ਰੂਪ ਹੈ, ਜਿਸ ਨੂੰ ਮਨੁੱਖਤਾ ਦੀ ਸੇਵਾ ਵਿਚ ਅੱਟਲ ਵਿਸ਼ਵਾਸ ਹੈ। ਭਲੇ ਕੰਮ ਕਰਕੇ, ਨੇਕੀ ਕਰਕੇ ਸਮਾਜਿਕ ਪ੍ਰਾਣੀਆਂ ਦੇ ਕਸ਼ਟਾਂ ਨੂੰ ਦੂਰ ਕਰਕੇ ਹੀ ਇਹ ਰੱਬ ਮਿਲ ਸਕਦਾ ਹੈ। ਇਹ ਰੱਬ ਕਿਸੇ ਨੂੰ ਬਿਨਾਂ ਬੁਰਾਈ ਕੀਤੀਆਂ ਸਜ਼ਾ ਨਹੀਂ ਦਿੰਦਾ, ਸਗੋਂ ਧਰਤੀ ਵਿਚ ਪਰੁੱਤੇ ਭਲੇ ਤੇ ਨੇਕ ਮਨੁੱਖਾਂ ਨੂੰ ਖੁਸ਼ੀਆਂ ਤੇ ਪਾਤਸ਼ਾਹੀਆਂ ਦਿੰਦਾ ਹੈ। ਭਾਵ ਵੱਖ-ਵੱਖ ਵਿਚਾਰਧਾਰਾਵਾਂ ਤੇ ਰੱਬਾਂ ਦੀ 'ਸਿਰਜਣਾ' ਤੇ ਹੋਂਦ ਆਦਿ ਵੀ ਵੱਖਰੀ-ਵੱਖਰੀ ਹੈ। ਦੋਹਾਂ ਦੇ ਗੁਣਾਂ ਵਿਚ ਅੰਤਰ ਹੈ। ਦੋਹਾਂ ਦੇ ਰੁਝਾਨ ਵੱਖਰੇ ਹਨ। ਦੋਹਾਂ ਦਾ ਇਨਸਾਫ ਵੱਖਰਾ ਹੈ। ਦੋਹਾਂ ਨੂੰ ਪ੍ਰਾਪਤ ਕਰਨ ਦਾ ਮਾਰਗ ਵੱਖਰਾ ਹੈ।

ਇਕ ਰੱਬ ਵਿਅਕਤੀਵਾਦੀ ਹੈ ਤੇ ਦੂਜਾ ਮਾਨਵਵਾਦੀ। ਇਕ ਰੱਬ, ਬੰਦੇ ਨੂੰ ਆਪਣੀ ਆਤਮਾ ਦੇ ਰੂਪ ਵਿਚ, ਆਪਣੀ ਹੀ ਤਲਾਸ਼ ਵੱਲ ਪ੍ਰੇਰਦਾ ਹੈ। ਦੂਜਾ ਸਮਾਜਵਾਦੀ ਹੋ ਕੇ ਮਨੁੱਖਤਾ ਦੀ ਸਰਵਸਾਂਝੀ ਭਲਾਈ ਦਾ ਮਾਰਗ ਨਿਰਧਾਰਤ ਕਰਦਾ ਹੈ। ਇਕ ਰੱਬ ਇਕੱਲੇ-ਇਕੱਲੇ ਬੰਦੇ ਨੂੰ ਉਸਦੇ ਕਰਮਾਂ ਅਨੁਸਾਰ ਸਜ਼ਾ ਦਾ ਫਲ ਦਿੰਦਾ ਹੈ, ਪ੍ਰੰਤੂ ਦੂਜਾ ਰੱਬ ਪੂਰੇ ਸਮਾਜ ਨੂੰ ਹੀ, ਜੇ ਉਹ ਸਮੂਹਿਕ ਭਲੇ ਦੀ ਸੇਵਾ ਵਿਚ ਲੱਗ ਜਾਵੇ ਤਾਂ ਬਾਦਸ਼ਾਹੀਆਂ ਦਿੰਦਾ ਹੈ। ਕਹਿਣ ਦਾ ਭਾਵ ਹੈ ਕਿ ਦੋ ਕਿਸਮ ਦੀਆਂ ਵਿਚਾਰਧਾਰਾਵਾਂ ਵਿਚ ਪਾਏ ਜਾਂਦੇ ਰੱਬਾਂ ਦੀ ਵਡਿਆਈ ਆਪਣੀ-ਆਪਣੀ ਕਿਸਮ ਦੀ ਹੈ। ਕਰਮ-ਕਾਂਡ ਆਪਣੀ-ਆਪਣੀ ਕਿਸਮ ਦਾ ਹੈ। ਇਕ ਨਿੱਜਤਾ ਵੱਲ ਰੁਚਿਤ ਦਿਖਾਈ ਦਿੰਦਾ ਹੈ, ਦੂਜਾ ਮਨੁੱਖਤਾ ਵੱਲ। ਇਹ ਹੁਣ ਸਮਾਜਿਕ ਪ੍ਰਾਣੀ ਨੇ ਵੇਖਣਾ ਹੈ ਕਿ ਕਿਹੋ ਜਿਹਾ 'ਰੱਬ' ਉਸ ਨੂੰ ਚਾਹੀਦਾ ਹੈ। ਕਿਸ ਤਰ੍ਹਾਂ ਦੀ ਵਿਚਾਰਧਾਰਾ ਹੀ ਨਾਮ ਹੈ, ਭਗਤੀ ਹੈ, ਪ੍ਰਾਪਤੀ ਹੈ, ਮੁਕਤੀ ਹੈ ਜਾਂ ਚੁਰਾਸੀ ਦਾ ਚੱਕਰ।

159. ਤੀਜੀ ਕਿਸਮ ਦਾ ਰੱਬ ਮਹਾਤਮਾ ਬੁੱਧ ਦੀ ਵਿਚਾਰਧਾਰਾ ਵਾਲਾ ਹੈ, ਜਿਸ ਦੀ ਹੋਂਦ ਮਨੁੱਖ ਦੀ ਹੋਂਦ 'ਤੇ ਨਿਰਭਰ ਕਰਦੀ ਹੈ। ਜਿਸ ਅਨੁਸਾਰ ਮਨੁੱਖ ਦਾ ਧਰਮ (ਮਜ਼ਹਬ ਜਾਂ Religion ਨਹੀਂ) ਹੈ ਹੀ ਮਾਨਵ ਕਲਿਆਣ। ਧਰਤੀ ਉੱਪਰ ਰਹਿੰਦਿਆਂ, ਸੰਸਾਰਕ ਦੁੱਖਾਂ ਕਸ਼ਟਾਂ ਦੇ ਕਾਰਨ ਲੱਭ ਕੇ ਉਨ੍ਹਾਂ ਨੂੰ ਦੂਰ ਕਰਨਾ ਅਤੇ ਸੁੱਖ, ਅਨੰਦ, ਸ਼ਾਂਤੀ ਦਾ ਪਸਾਰ ਕਰਨਾ ਹੀ ਨਿਰਵਾਣ ਪ੍ਰਾਪਤੀ ਹੈ। ਬੁੱਧ ਮਤ ਦਾ ਆਤਮਾ ਨਾਲ, ਪ੍ਰਮਾਤਮਾ ਨਾਲ ਕਰਮ-ਕਾਂਡ ਨਾਲ ਤੇ ਇਨ੍ਹਾਂ ਦੇ ਆਪਸੀ ਰਿਸ਼ਤੇ ਨਾਲ ਕੋਈ ਸਰੋਕਾਰ ਨਹੀਂ। ਇਸ ਮਤ ਅਨੁਸਾਰ ਮਨੁੱਖ ਦਾ ਮਨੁੱਖ ਨਾਲ ਪਿਆਰ ਤੇ ਸਦਭਾਵਨਾ ਵਾਲਾ ਰਿਸ਼ਤਾ ਹੀ ਮੁਕਤੀ ਹੈ। ਅਸੀਂ ਕਹਿ ਸਕਦੇ ਹਾਂ ਕਿ ਬੁੱਧ ਵਾਲੇ ਰੱਬ ਭਾਵ ਮਨੋਰਥ ਦੀ ਪ੍ਰਾਪਤੀ ਦਾ ਸਪੱਸ਼ਟ ਅਰਥ ਹੈ ਮਾਨਵਤਾ ਦੀ ਸੇਵਾ, ਮਾਨਵਤਾ ਦਾ ਕਲਿਆਣ। ਬਹੁਜਨ

ਦੇ ਹਿੱਤਾਂ ਲਈ, ਬਹੁਜਨ ਦੇ ਸੁੱਖਾਂ ਲਈ ਕਲਿਆਣਕਾਰੀ ਕਰਮ ਦੀ ਬੁੱਧ ਦਾ ਧਰਮ ਹੈ, ਜਿਸ ਦਾ ਮਜ਼ਹਬ ਜਾਂ Religion ਨਾਲ ਕੋਈ ਸੰਬੰਧ ਨਹੀਂ, ਕਿਉਂਕਿ ਮਜ਼ਹਬ ਅਤੇ ਰਿਲੀਜਨ ਦਾ ਸੰਬੰਧ ਮਨੁੱਖ, ਆਤਮਾ-ਪ੍ਰਮਾਤਮਾ, ਕਰਮਕਾਂਡ, ਨਰਕ-ਸੁਰਗ ਅਤੇ ਮੁਕਤੀ ਨਾਲ ਹੈ। ਬੁੱਧ ਵਿਚਾਰਧਾਰਾ ਸੰਸਾਰ ਕਲਿਆਣ ਤੋਂ ਅੱਗੇ ਕੁਝ ਨਹੀਂ ਮੰਨਦੀ।

ਮਹਾਤਮਾ ਬੁੱਧ ਨੇ ਰੱਬ, ਆਤਮਾ, ਪ੍ਰਮਾਤਮਾ, ਨਰਕ ਸੁਰਗ, ਦੇਵੀ ਦੇਵਤਾ ਕਿਸੇ ਨੂੰ ਵੀ ਨਹੀਂ ਮੰਨਿਆ ਸਗੋਂ ਇਹ ਦੱਸਿਆ ਕਿ ਇਹ ਸਭ ਕੁਝ ਹੋਂਦ ਵਿਚ ਨਹੀਂ ਹੈ। ਹੁਣ ਪ੍ਰਸ਼ਨ ਹੈ ਕਿ ਇਹ ਹੈ ਕਿ ਕਿਉਂ ਨਹੀਂ ? ਕਿਉਂਕਿ ਇਹ ਰੱਬ ਜਾਂ ਆਤਮਾ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਦੇਣ ਹੈ। ਇਹ ਰੱਬ ਕਰੋੜਾਂ ਮਨੁੱਖਾਂ ਨੂੰ, ਭਲੇ ਲੋਕਾਂ ਨੂੰ ਸਜ਼ਾਵਾਂ ਦਿੰਦਾ ਹੈ। ਨੀਚ ਬਣਾਉਂਦਾ ਹੈ। ਉਨ੍ਹਾਂ ਦੇ ਕਰਮ ਖੋਟੇ ਕਰਦਾ ਹੈ ਤੇ ਮੁੱਠੀ ਭਰ ਲੋਕਾਂ ਨੂੰ ਸਾਰੀ ਤਾਕਤ ਦੇ ਕੇ ਉਨ੍ਹਾਂ ਤੋਂ ਦੂਜਿਆਂ 'ਤੇ ਜ਼ੁਲਮ ਕਰਵਾਉਂਦਾ ਹੈ। ਅਜਿਹੀ ਰੱਬੀ ਵਿਵਸਥਾ ਜਾਂ ਨਰਕ ਸੁਰਗ ਤੇ ਦੇਵੀ ਦੇਵਤਿਆਂ ਤੋਂ, ਜੋ ਉੱਚ ਨੀਚ, ਜਾਤਪਾਤ, ਕਰਮ ਕੁਕਰਮ ਦਾ ਚੱਕਰ ਪਾਉਂਦੇ ਹਨ, ਬੁੱਧ ਇਨਕਾਰੀ ਹੈ। ਮਹਾਤਮਾ ਬੁੱਧ ਦਾ ਧਰਮ 'ਮਾਨਵ ਕਲਿਆਣ' ਹੈ ਜੋ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ 90 ਡਿਗਰੀ 'ਤੇ ਕੱਟਦਾ ਹੈ। ਰੱਬਾਂ ਦੀ ਵੱਖਰੀ-ਵੱਖਰੀ ਪ੍ਰਣਾਲੀ ਦੀ ਹੋਂਦ ਅਸਲ ਵਿਚ ਸਮਾਜ ਵਿਚ ਪਾਈਆਂ ਗਈਆਂ ਵੱਖ-ਵੱਖ ਵਿਚਾਰਧਾਰਾਵਾਂ ਦਾ ਅਕਸ ਹੈ, ਪ੍ਰਤੀਕ ਹੈ, ਲੋੜ ਹੈ। ਰੱਬ ਕਿਸੇ ਨਿਸ਼ਾਨੇ ਦੀ ਪ੍ਰਾਪਤੀ ਦਾ ਇਕ ਮਾਰਗ ਅਨੁਭਵ ਹੁੰਦਾ ਹੈ। ਮਹਾਤਮਾ ਬੁੱਧ ਤਾਂ ਰੱਬ ਵਾਲੇ ਮਾਰਗ ਤੋਂ ਵੀ ਮੁਨਕਰ ਹੈ ਤੇ ਉਹ ਸਿੱਧਾ ਹੀ ਮਨੁੱਖੀ ਕਲਿਆਣ ਦਾ ਨਿਸ਼ਾਨਾ ਮਿਥ ਕੇ ਮਾਰਗ ਦਰਸ਼ਨ ਕਰਦਾ ਹੈ। ਇਹ ਮਾਰਗ-ਦਰਸ਼ਨ ਜੋ ਗੁਰਬਾਣੀ ਬੁੱਧ ਦੇ ਸਿਧਾਤਾਂ ਤੇ ਖੜ੍ਹਾ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਵਾਲਾ ਨਹੀਂ।

160. ਇਹ ਗੱਲ ਕਹਿਣੀ ਕੁਥਾਂ ਨਹੀਂ ਕਿ ਬੁੱਧ ਧਰਮ ਤੇ ਸਿੱਖ ਧਰਮ ਭਾਰਤੀ ਮੂਲ ਦੇ ਧਰਮ ਹਨ, ਪ੍ਰੰਤੂ ਇਸਲਾਮ ਅਤੇ ਇਸਾਈ ਮਜ਼ਹਬ ਵਾਂਗ, ਹਿੰਦੂ ਬ੍ਰਾਹਮਣੀ ਧਰਮ ਬਦੇਸ਼ੀ ਮੂਲ ਦਾ ਧਰਮ ਹੈ, ਜੋ ਆਰੀਆਂ ਨੇ ਇਧਰ ਵਸਣ ਤੋਂ ਬਾਅਦ ਵੇਦਾਂ ਰਾਹੀਂ ਸ਼ੁਰੂ ਕੀਤਾ ਤੇ ਜਿਸ ਦੀ ਵਿਚਾਰਧਾਰਾ ਦੇ ਖਿਲਾਫ ਮੁੱਖ ਰੂਪ ਵਿਚ ਦੋ ਧਰਮ ਜਨਮੇਂ ਤੇ ਲੰਬੇ ਅਰਸੇ ਤੱਕ ਸੰਘਰਸ਼ਸ਼ੀਲ ਰਹੇ। ਉਹ ਹਨ, ਪਹਿਲਾ ਬੁੱਧ ਧਰਮ ਦੇ ਦੂਜਾ ਸਿੱਖ ਧਰਮ, ਜਿਨ੍ਹਾਂ ਦਾ ਅੰਬੇਡਕਰੀ ਵਿਚਾਰਧਾਰਾ ਉਪਰ ਗਹਿਰਾ ਅਸਰ ਹੈ। ਜਿਵੇਂ ਕਿ ਅੰਬੇਡਕਰ ਨੇ ਸਤਿਗੁਰੂ ਕਬੀਰ ਅਤੇ ਬੁੱਧ ਨੂੰ ਆਪਣੇ ਮਹਾਨ ਰਹਿਬਰ ਮੰਨਿਆ ਹੈ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਕ੍ਰਾਂਤੀਕਾਰੀ ਕਹਿ ਕੇ ਵਡਿਆਇਆ ਹੈ ਅਤੇ ਕਿਹਾ ਕਿ ਸਾਨੂੰ ਨਾਨਕ ਵਰਗੀ ਕ੍ਰਾਂਤੀ ਕਰਨੀ ਹੋਵੇਗੀ। ਸਾਡਾ ਮਨੋਰਥ ਵੀ ਇਹੀ ਹੈ ਕਿ ਅਸੀਂ ਵੱਖਰੇ-ਵੱਖਰੇ ਸਮੇਂ ਦੀਆਂ ਸਮਾਜਿਕ ਵਿਚਾਰਧਾਰਾਵਾਂ ਨੂੰ ਮੂਲ ਰੂਪ ਵਿਚ ਹੀ ਸਮਾਜ ਸਾਹਮਣੇ ਰੱਖਕੇ ਕਿਸੇ ਸਿੱਟੇ 'ਤੇ ਪਹੁੰਚ ਸਕੀਏ।

ਹਿੰਦੂ ਧਾਰਮਿਕ ਗ੍ਰੰਥਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਗ੍ਰੰਥ ਰੱਬੀ ਹਨ। ਇਸ ਨੂੰ ਦੇਵਬਾਣੀ ਵੀ ਕਿਹਾ ਗਿਆ। ਭਾਵ ਵੇਦ ਬਾਣੀ ਦੀ ਉੱਤਮਤਾ ਰੱਬੀ ਅਤੇ ਦੇਵਤਿਆਂ ਦੇ ਬੋਲ ਕਹਿ ਕੇ ਸਥਾਪਤ ਕੀਤੀ ਗਈ, ਜਿਸ ਨੂੰ ਅਨਜਾਣ, ਅਣਭੋਲ, ਅਨਪੜ੍ਹ ਅਤੇ ਅਬੋਧ ਜਨਤਾ ਨੇ ਜਿਉਂ ਦਾ ਤਿਉਂ ਪ੍ਰਵਾਨ ਕਰ ਲਿਆ ਅਤੇ ਆਪਣਾ ਮਨੁੱਖੀ ਸਦਾਚਾਰ ਅਤੇ ਸੁਭਾਅ ਇਸੇ ਅਨੁਸਾਰ ਢਾਲ ਲਿਆ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਅੰਧ-ਵਿਸ਼ਵਾਸ ਨੇ ਉਨ੍ਹਾਂ ਨੂੰ ਸਦੀਆਂ ਦੀ ਲੰਬੀ ਗੁਲਾਮੀ ਵਿਚ ਏਨਾ ਬੁਰਾ ਤਰ੍ਹਾਂ ਜਕੜੀ ਰੱਖਿਆ ਕਿ ਉਹ ਜੀਵਨ ਦੀ ਸਾਰੀ ਤੰਦ ਤਾਣੀ ਨੂੰ ਤਕਦੀਰ ਤੇ ਮੱਥੇ ਦੇ ਲੇਖ ਮੰਨ ਕੇ ਪ੍ਰਵਾਨ ਕਰਦੇ ਰਹੇ। ਇਸ ਵਿਸ਼ਵਾਸ ਨੂੰ ਤੋੜਨ ਲਈ ਸਿੱਖ ਗੁਰੂਆਂ ਨੇ ਵੱਖ-ਵੱਖ ਰਹਿਬਰਾਂ ਦੁਆਰਾ ਦਿੱਤੀ ਗਈ 'ਅਕਲ' ਨੂੰ ਭਾਵ ਵਿਚਾਰਧਾਰਾ ਨੂੰ 'ਧੁਰ ਦੀ ਬਾਣੀ' ਕਹਿ ਕੇ ਵਡਿਆਇਆ ਤਾਂ ਕਿ ਪਹਿਲੇ ਬਣੇ ਸੰਸਕਾਰ ਟੁੱਟ ਸਕਣ ਤੇ ਦੂਜੀ ਵਿਚਾਰਧਾਰਾ ਨਾਲ ਲੋਕ ਜੁੜਕੇ ਨਿੱਘਰੀ ਹੋਈ ਤਕਦੀਰ ਤੋਂ ਮੁਕਤੀ ਪ੍ਰਾਪਤ ਕਰ ਸਕਣ। ਉਨ੍ਹਾਂ ਕਿਹਾ ਕਿ ਇਹ ਬਾਣੀ, ਇਹ ਬੋਲ, ਇਹ ਵਿਚਾਰਧਾਰਾ ਦੀ ਧੁਰੋਂ ਆਈ ਹੈ, ਜਿਸ ਦੀ ਖ਼ੂਬੀ ਹੈ ਕਿ ਇਹ 'ਸਾਰੀ ਚਿੰਤਾ', ਜੋ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਪਾਈ ਤੇ ਬਣਾਈ, ਉਸ ਨੂੰ ਮਿਟਾ ਦਿੰਦੀ ਹੈ, ਖਤਮ ਕਰ ਦਿੰਦੀ ਹੈ। ਜਿਸ ਤਰ੍ਹਾਂ ਵੀ 'ਖਸਮ' ਭਾਵ ਸਤਿਗੁਰ ਨੇ ਸਿਖਾਇਆ, ਉਹੀ ਗੱਲ ਮਜ਼ਲੂਮ ਲਾਲੋਆਂ ਨੂੰ ਸਿਖਾਈ ਗਈ, ਕਹੀ ਤਾਂ ਕਿ ਮਨੁੱਖ ਦੁੱਖ ਤਕਲੀਫਾਂ ਤੋਂ ਛੁਟਕਾਰਾ ਪਾ ਸਕਣ।

ਇਸ ਤੋਂ ਬਾਅਦ ਅਸੀਂ ਬੁੱਧ ਮੱਤ, ਮਹਾਤਮਾ ਜੋਤੀ ਰਾਓ ਫੂਲੇ ਅਤੇ ਹੋਰ ਮਹਾਨ ਪੁਰਸ਼ਾਂ ਦੀ ਵਿਚਾਰਧਾਰਾ,

ਅੰਬੇਡਕਰਵਾਦ ਅਤੇ ਕਾਂਸ਼ੀ ਰਾਮ ਫਿਨਾਮਨਾ (ਚਮਤਕਾਰ) ਬਾਰੇ ਵਿਚਾਰ ਕਰਾਂਗੇ ਤਾਂ ਜੋ ਇਹ ਸਪੱਸ਼ਟ ਹੋ ਸਕੇ ਕਿ ਬ੍ਰਾਹਮਣਵਾਦ ਦੇ ਉਸਾਰੇ ਜਾਤਪਾਤੀ ਅਤੇ ਛੂਆਛਾਤੀ ਗੈਰ ਇਨਸਾਨੀ ਪ੍ਰਬੰਧ ਦੇ ਖਿਲਾਫ ਪਿਛਲੇ ਯੁੱਗ ਵਿਚ ਕਿਹੜੀਆਂ-ਕਿਹੜੀਆਂ ਦਲਿਤ ਲਹਿਰਾਂ ਉੱਠੀਆਂ, ਜੋ ਵਰਤਮਾਨ 'ਤੇ ਪ੍ਰਭਾਵੀ ਹਨ। ਏਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ 1848 ਤੋਂ 1890 ਤੱਕ ਮਹਾਂਰਾਸ਼ਟਰ ਤੋਂ ਉੱਠੀ ਮਹਾਤਮਾ ਜੋਤੀ ਰਾਓ ਫੂਲੇ ਦੀ ਲਹਿਰ ਅਤੇ ਲਗਪਗ ਵੀਹਵੀਂ ਸਦੀ ਦੇ ਤੀਜੇ ਦਹਾਕੇ 'ਚ ਉੱਠੀ ਪੈਰੀਅਰ ਰਾਮਾਸੁਆਮੀ ਨਾਇਕਰ ਲਹਿਰ (ਤਾਮਿਲਨਾਡੂ) ਅਤੇ ਕੇਰਲਾ ਦੀ ਨਰਾਇਣ ਗੁਰੂ ਦੀ ਈਜਵਾ ਲਹਿਰ ਜਾਂ ਅਜਿਹੀਆਂ ਹੋਰ ਲਹਿਰਾਂ ਦਾ ਜਿਕਰ ਵੀ ਬਹੁਤ ਜ਼ਰੂਰੀ ਹੈ। ਹਾਲ ਦੀ ਘੜੀ ਬੁੱਧ ਲਹਿਰ, ਸਿੱਖ ਲਹਿਰ, ਫੂਲੇ ਲਹਿਰ ਅਤੇ ਕਾਂਸ਼ੀ ਰਾਮ ਦੀ ਡੀ.ਐਸ-4 ਲਹਿਰ ਬਾਰੇ ਹੀ ਕੁਝ ਲਿਖਿਆ ਜਾ ਰਿਹਾ ਹੈ, ਜਿਸ ਦੇ ਅੰਤ ਵਿਚ ਸੰਵਿਧਾਨ ਦੀਆਂ ਉਨ੍ਹਾਂ ਪ੍ਰਾਪਤੀਆਂ ਦਾ ਮੋਟਾ-ਮੋਟਾ ਜ਼ਿਕਰ ਹੈ, ਜਿਨ੍ਹਾਂ ਨੇ ਮਨੂੰ ਸਿਮਰਤੀ ਦੇ ਸਿਧਾਂਤਾਂ ਨੂੰ ਲਤਾੜ ਕੇ ਭਾਰਤੀ ਸਮਾਜ ਅੰਦਰ ਸਮਤਾ-ਸਮਾਨਤਾ-ਭਾਈਚਾਰਾ ਅਤੇ ਆਜ਼ਾਦੀ ਲਈ ਪੂਰੇ ਸਮਾਧਾਨ ਪੇਸ਼ ਕੀਤੇ। ਭਾਵੇਂ ਇਸ ਸੰਵਿਧਾਨ ਨੂੰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਫਿਰ ਵੀ ਭਾਰਤ ਦੀ ਧਰਤੀ ਉੱਤੇ ਹਜ਼ਾਰਾਂ ਸਾਲਾਂ ਬਾਅਦ ਮਨੁੱਖੀ ਬਰਾਬਰੀ ਦੀ ਕਾਨੂੰਨੀ ਵਿਵਸਥਾ ਪੈਦਾ ਕਰਨ ਵਾਲਾ ਇਹ ਇਕ ਅਹਿਮ ਸਮਾਜਿਕ ਗ੍ਰੰਥ ਹੈ, ਜੋ ਪਰਜਾਤੰਤਰਕ ਸਮਾਜਿਕ ਪ੍ਰਣਾਲੀ ਦੀ ਉਪਜ ਹੈ, ਜਿਸ ਨਾਲ ਧਰਮ ਜਾਂ ਰਾਜੇ ਦੇ ਹੁਕਮਾਂ ਦਾ ਕੋਈ ਸਰੋਕਾਰ ਨਹੀਂ।

ਸਿੱਖ ਲਹਿਰ ਦਾ ਨਿਰਨਾ ਵਿਦਵਾਨਾਂ ਦੀ ਪਰਖ ਵਿਚ

ਸਿੱਖ ਲਹਿਰ ਲਗਪਗ 13ਵੀਂ ਸਦੀ ਤੋਂ ਸਤਿਗੁਰੂ ਕਬੀਰ, ਗੁਰੂ ਰਵੀਦਾਸ, ਸਤਿਗੁਰੂ ਨਾਮਦੇਵ ਆਦਿ ਸਦੀਆਂ ਤੋਂ ਲਤਾੜੇ, ਪਛਾੜੇ ਤੇ ਗਿਰਾਏ ਸ਼ੋਸ਼ਤ ਸਮਾਜ ਦੇ ਗੁਰੂਆਂ ਦੀ ਵਿਚਾਰਧਾਰਾ ਤੋਂ ਸ਼ੁਰੂ ਹੁੰਦੀ ਹੈ। ਇਸ ਗੱਲ ਨੂੰ ਅੱਜ ਤੀਕ ਪ੍ਰਵਾਨ ਨਹੀਂ ਕੀਤਾ ਗਿਆ। ਅਸੀਂ ਦਲਿਤ ਲੋਕ ਇਸ ਹਕੀਕਤ ਨੂੰ ਪ੍ਰਵਾਨ ਕਰਦੇ ਹਾਂ ਤੇ ਮੰਨਕੇ ਚਲਦੇ ਹਾਂ ਕਿ ਸਿੱਖ ਲਹਿਰ ਦੀ ਬੁਨਿਆਦ ਉਪਰੋਕਤ ਸ਼੍ਰੇਸ਼ਠ ਮਨੁੱਖ ਸਨ, ਜਿਨ੍ਹਾਂ ਨੇ ਦੇਸ਼ ਦੇ ਚੋਹਾਂ ਕੋਨਿਆਂ ਤੋਂ ਆਪਣੀ ਵਿਚਾਰਧਾਰਾ ਦਾ ਪਰਸਾਰ ਕਰਨਾ ਸ਼ੁਰੂ ਕੀਤਾ। ਇਹ ਗੱਲ ਅਸੀਂ ਗੁਰਬਾਣੀ ਦੇ ਅਧਾਰ 'ਤੇ ਹੀ ਸਾਬਤ ਕਰਨ ਦੇ ਸਮਰਥ ਹਾਂ, ਪ੍ਰੰਤੂ ਇਸ ਪੁਸਤਕ ਵਿਚ ਸਾਡਾ ਇਹ ਮੰਤਵ ਨਹੀਂ ਹੈ। ਅਸੀਂ ਸਿੱਖ ਲਹਿਰ ਦਾ ਖਾਸਾ ਕੀ ਹੈ, ਮਨੋਰਥ ਕੀ ਹੈ, ਇਹ ਕਿਵੇਂ ਤੇ ਕਿਉਂ ਹੋਂਦ ਵਿਚ ਆਈ, ਇਹੋ ਕੁਝ ਇਸ ਪੁਸਤਕ ਵਿਚ ਦੇਣਾ ਹੈ। ਚੰਗੀ ਤਰ੍ਹਾਂ ਪੜ੍ਹਨ ਤੋਂ ਬਾਅਦ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰਬਾਣੀ ਦਾ ਮੂਲ ਸਰੋਤ, ਮਹਾਨ ਬੁੱਧ ਦਾ ਫਲਸਫਾ ਹੈ। ਕਈ ਵਾਰ ਤਾਂ ਹੂ-ਬ-ਹੂ ਉਹੀ ਕੁਝ, ਲਗਪਗ ਇਕੋ ਜਿਹੇ ਵਿਚਾਰਾਂ ਅਤੇ ਸ਼ਬਦਾਂ ਵਿਚ ਮਿਲਦਾ ਹੈ। ਗੁਰੂਆਂ ਸਮੇਂ ਜਾਤਪਾਤ ਪੂਰੀ ਤਰ੍ਹਾਂ ਫੈਲੀ ਹੋਈ ਸੀ, ਜਿਵੇਂ ਅੱਜ ਹੈ, ਪਰ ਬੁੱਧ ਸਮੇਂ ਜਾਤਪਾਤ ਨਹੀਂ ਸੀ, ਵਰਨਵੰਡ ਸੀ। ਬ੍ਰਾਹਮਣਵਾਦ ਵੇਦਾਂ 'ਤੇ ਅਧਾਰਤ ਸੀ। ਮੌਰੀਆ ਵੰਸ਼ ਤੋਂ ਬਾਅਦ ਬ੍ਰਾਹਮਣਵਾਦ ਨੇ ਜਾਤੀਵਾਦ, ਛੂਤਛਾਤ ਤੇ ਊਚਨੀਚ ਦਾ ਰੂਪ ਧਾਰਨ ਕੀਤਾ। ਇਹ ਊਚਨੀਚ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਤੋਂ ਹੀ ਹੋਂਦ ਵਿਚ ਆ ਚੁੱਕੀ ਸੀ। ਰਹੀ ਗੱਲ ਰੱਬ ਦੀ, ਅਕਾਲ ਪੁਰਖ ਦੀ, ਸਿੱਖ ਲਹਿਰ ਨੇ ਅੱਲਾ-ਈਸ਼ਵਰ ਦੇ ਬਰਾਬਰ ਆਪਣਾ ਰੱਬ ਹੋਂਦ ਵਿਚ ਲਿਆਂਦਾ, ਜਿਸ ਦੇ ਗੁਣ ਗੁਰਬਾਣੀ ਵਾਲੇ ਹਨ। ਕਹਿਣ ਦਾ ਭਾਵ ਹੈ ਕਿ ਜਿਥੇ ਬੁੱਧ ਨੇ ਰੱਬ, ਆਤਮਾ ਤੇ ਨਰਕ ਸੁਰਗ ਨੂੰ ਪੂਰੀ ਤਰ੍ਹਾਂ ਖੰਡਤ ਕਰ ਦਿੱਤਾ ਤੇ ਮੰਨਣ ਤੋਂ ਇਨਕਾਰ ਕੀਤਾ, ਉਥੇ ਸਿੱਖ ਲਹਿਰ ਨੇ ਇਕ ਅਜਿਹਾ ਅਕਾਲ ਪੁਰਖ ਘੜਿਆ ਜੋ ਹਰ ਜੀਵ ਦਾ ਸਾਂਝਾ ਹੈ ਤੇ ਬ੍ਰਾਹਮਣ ਜਮਾਤ ਦੇ ਈਸ਼ਵਰ ਤੋਂ ਭਿੰਨ ਹੈ, ਸਗੋਂ ਵਿਰੋਧੀ ਗੁਣਾਂ ਵਾਲਾ ਹੈ। ਮਾਨਵਤਾ ਦਾ ਹਿਤੂ ਹੈ। ਇਨਸਾਫ ਪਸੰਦ ਹੈ। ਇਕੋ ਜਿਹਾ ਵਿਹਾਰ ਕਰਨ ਵਾਲਾ ਹੈ ਤੇ ਜਿਸ ਦੀ ਪ੍ਰਾਪਤੀ ਮਾਨਵੀ ਕਲਿਆਣ ਦੇ ਉੱਤਮ ਕਰਮ ਤੋਂ ਬਾਅਦ ਹੀ ਹੁੰਦੀ ਹੈ, ਵਰਨਾ ਨਹੀਂ। ਰੱਬ ਸਿੱਖ ਲਹਿਰ ਦਾ ਮਨੋਰਥ ਨਹੀਂ, ਇਕ ਸਾਧਨ ਹੈ, ਮਾਨਵ ਕਲਿਆਣ ਦਾ।

ਗੁਰੂ ਦਾ ਸਲੋਕ ਹੈ :- "ਵਿਚ ਦੁਨੀਆ ਸੇਵ ਕਮਾਈਐ, ਤਾਂ ਦਰਗਹਿ ਬੈਸਣ ਪਾਈਐ।"

ਸੇਵਾ ਕੇਹੀ, ਗੁਰਬਾਣੀ ਜੋ ਕੁਝ ਮਨੁੱਖ ਨੂੰ ਕਰਨ ਲਈ ਦਸਦੀ ਹੈ, ਉਹ ਸੇਵਾ ਹੈ। ਗੁਰਬਾਣੀ ਦੀ ਵਿਚਾਰਧਾਰਾ ਹੀ ਨਾਮ ਹੈ। ਬਾਣੀ ਚਿੰਤਾ ਦੂਰ ਕਰਦੀ ਹੈ। ਬਾਣੀ ਗੁਰੂ ਹੈ। ਬਾਣੀ ਤੇ ਗੁਰੂ 'ਚ ਅੰਤਰ ਨਹੀਂ ਹੈ। ਬਾਣੀ ਦਾ ਕਹਿਆ ਜਦੋਂ ਕੋਈ ਮੰਨ ਕੇ ਚਲਦਾ ਹੈ ਤਾਂ ਇਹੋ ਨਾਮ ਹੈ। ਗਿਆਨ ਹਾਸਲ ਕਰਨਾ, ਗੁਰੂ ਦਾ ਸ਼ਬਦ ਬੋਲਣਾ, ਸੁਣਨਾ, ਉਸ 'ਤੇ ਵਿਚਾਰ ਕਰਨਾ ਤੇ ਫਿਰ ਅਮਲ ਕਰਨਾ, ਇਹੋ ਗੁਰਬਾਣੀ ਦਾ ਨਾਮ ਹੈ ਜੋ 'ਰੱਬ' ਤੱਕ ਬੰਦੇ ਨੂੰ ਪਹੁੰਚਾ ਦਿੰਦਾ ਹੈ। ਗੁਰਬਾਣੀ ਦਾ ਰੱਬ, ਬੰਧਨਾਂ ਤੋਂ, ਗੁਲਾਮੀ ਤੋਂ ਤੇ ਬ੍ਰਾਹਮਣੀ ਵਰਤਾਰੇ ਦੇ ਸ਼ਕੰਜੇ 'ਚੋਂ ਨਿਕਲਣ

ਵਾਲੀ ਮੁਕਤੀ ਦਾ ਨਾਂ ਹੈ। ਇਸ ਬਾਰੇ ਗੁਰੂ ਬਾਣੀ ਕੋਈ ਸ਼ੰਕਾ ਨਹੀਂ ਛਡਦੀ, ਪਰ ਅਸੀਂ ਏਥੇ ਸਿੱਖ ਲਹਿਰ ਦੇ ਖਾਸੇ ਤੇ ਮਨੋਰਥ ਨਾਲ ਸੰਬੰਧਤ ਵਿਚਾਰ ਕਰਨਾ ਹੈ। ਸਿੱਖ ਲਹਿਰ ਕੀ ਹੈ? ਕਿਵੇਂ ਉਸਰੀ? ਕਿਸ ਆਸ਼ੇ ਨੂੰ ਲੈ ਕੇ ਉਸਰੀ? ਇਸ ਨੇ ਕੀ ਕਰਿਆ? ਇਸ ਸਾਰੇ ਵਰਤਾਰੇ ਬਾਰੇ ਜਾਣਕਾਰੀ ਲੈਣਾ ਸਾਡਾ ਮਨੋਰਥ ਹੈ।

ਸਿੱਖ ਲਹਿਰ ਦੀ ਹਕੀਕੀ ਵਿਆਖਿਆ ਕਰਨ ਵਾਲੇ ਸਿੱਖ ਦੀਵਾ ਲੈ ਕੇ ਭਾਲਿਆ ਵੀ ਨਹੀਂ ਲਭਦੇ। ਗੁਰਬਾਣੀ ਸੰਬੰਧੀ ਰਚੇ ਗਏ ਸਾਹਿਤ ਦੇ ਅੰਬਾਰ ਵਿਚੋਂ ਗਿਣਵੀਆਂ ਪੁਸਤਕਾਂ ਮਿਲਣਗੀਆਂ ਜਿਨ੍ਹਾਂ ਨੇ ਉਸ ਦਾ ਮੂਲ ਪਛਾਣਿਆ ਹੈ। ਉਨ੍ਹਾਂ ਵਿਚੋਂ ਇਕ ਪੁਸਤਕ ਸ੍ਰ. ਜਗਜੀਤ ਸਿੰਘ ਦੀ ਹੈ, ਜਾਤਪਾਤ ਤੇ ਸਿੱਖ ਅਤੇ ਦੂਜੀ ਸਿੱਖ ਇਨਕਲਾਬ (ਅੰਗਰੇਜ਼ੀ)। ਇਨ੍ਹਾਂ ਪੁਸਤਕਾਂ ਵਿਚੋਂ ਗੁਰਬਾਣੀ ਸੰਬੰਧੀ ਸਹੀ ਦ੍ਰਿਸ਼ਟੀਕੋਣ ਮਿਲਦਾ ਹੈ, ਜੋ ਇਸ ਪ੍ਰਕਾਰ ਹੈ :- ਜਾਤਪਾਤ ਤੇ ਸਿੱਖ : ਸਫਾ 35—ਸਿੱਖ ਗੁਰੂ ਸਾਹਿਬਾਨ ਨੇ ਜਾਤ-ਪਾਤ ਤੇ ਜਾਤਪਾਤੀ ਵਿਚਾਰਧਾਰਾ ਉੱਤੇ ਸਪੱਸ਼ਟ ਲਫਜ਼ਾਂ ਵਿਚ ਸਿੱਧਾ ਹਮਲਾ ਕੀਤਾ। ਗੁਰੂ ਵੱਡੀਆਂ ਜਾਤਾਂ ਨੂੰ ਛੱਡਕੇ ਨੀਵੀਆਂ ਵਿਚੋਂ ਸਭ ਤੋਂ ਨੀਵੀਆਂ ਜਾਤਾਂ ਦੇ ਭਾਈਬੰਦ ਬਣੇ ਤੇ ਕਿਹਾ :-

ਆਪਸ ਕਉ ਜੋ ਜਾਣੇ ਨੀਚਾ। ਸੋਊ ਗਨੀਐ ਸਭ ਤੇ ਊਚਾ।

• • • • •

ਕਥਾ ਕਹਾਣੀ ਬੇਦੀ ਆਣੀ (ਵੇਦਾਂ 'ਚੋਂ) ਪਾਪ ਪੁੰਨ ਵਿਚਾਰੁ।
ਉੱਤਮ ਮੱਧਮ ਜਾਤੀ ਜਿਨਸੀ ਭਰਮ ਭਵੈ ਸੰਸਾਰ।

(38) ਗੁਰੂ ਅਮਰਦਾਸ ਨੇ, ਜੋ ਲੰਗਰ ਵਿਚੋਂ ਭੋਜਨ ਕਰਕੇ ਨਹੀਂ ਸੀ ਆਉਂਦਾ, ਉਨ੍ਹਾਂ ਦੇ ਦਰਸ਼ਨ ਨਹੀਂ ਸੀ ਕਰ ਸਕਦਾ, ਇਹ ਬੰਦਸ਼ ਲਾਗੂ ਕੀਤੀ।

ਗੁਰੂ ਅਰਜਨ ਦੇਵ ਨੇ (ਆਪਣੇ ਸਿੱਖ) ਬੁਧੂ ਘੁਮਾਰ ਨੂੰ ਦੱਸਿਆ ਕਿ ਗੁਰੂ ਨਾਨਕ ਨੇ ਚਾਰੇ ਜਾਤਾਂ ਦੇ ਇਕੋ ਸਾਂਝੀ ਥਾਂ 'ਤੇ ਰੋਟੀ ਖਾਣ ਦੀ ਰੀਤ ਸ਼ੁਰੂ ਕੀਤੀ।

-ਗੁਰੂ ਗੋਬਿੰਦ ਸਿੰਘ ਨੇ ਚਾਰੇ ਜਾਤਾਂ ਨੂੰ ਇਕ ਥਾਂ ਮਿਲਾ ਦਿੱਤਾ।

-ਜਿਹੜਾ ਦਮਦਮਾ ਉਨ੍ਹਾਂ ਬਣਾਇਆ ਉਸ ਦਾ ਮੁਖੀਆ ਇਕ ਚਮਾਰ ਨੂੰ ਬਣਾਇਆ।

-ਤਖਾਣ ਰੂਪ ਚੰਦ ਨੂੰ ਕਿਹਾ, "ਰੂਪ ਚੰਦ ਮਮ ਅਧਿਕ ਪਿਆਰਾ।"

(39) 1699 ਦੀ ਵਿਸਾਖੀ 'ਤੇ ਗੁਰੂ ਗੋਬਿੰਦ ਸਿੰਘ ਨੇ ਜੋ ਭਾਸ਼ਨ ਦਿੱਤਾ, ਉਸ ਦੀ ਰਿਪੋਰਟ ਦਾ ਸਾਰਅੰਸ਼ ਇਸ ਪ੍ਰਕਾਰ ਹੈ :- "ਸਾਰੇ ਇਕ ਮਤ ਧਾਰਨ ਕਰੋ ਅਤੇ ਧਰਮਾਂ ਦੇ ਭੇਦਾਂ ਨੂੰ ਖਤਮ ਕਰੋ। ਹਿੰਦੂਆਂ ਦੀਆਂ ਚਾਰੇ ਜਾਤਾਂ ਆਪਣੇ ਵੱਖਰੇ-ਵੱਖਰੇ ਨੇਮ ਛੱਡ ਦੇਣ। ਇਕ ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ ਉੱਚਾ ਨਾ ਸਮਝੇ। ਇਕ ਥਾਂ ਭੋਜਨ ਛਕਣ, ਇਕ ਦੂਜੇ ਵਾਸਤੇ ਘਿਰਨਾ ਜਾਂ ਨਿਰਾਦਰੀ ਦੀ ਭਾਵਨਾ ਨਾ ਰੱਖਣ।"

(40) ਜੱਸਾ ਸਿੰਘ ਆਹਲੂਵਾਲੀਆ (ਕਲਾਲ) ਸਿੱਖ ਪੰਥ ਦਾ ਕਮਾਂਡਰ ਬਣਿਆ। ਇਕ ਮਿਸਲ ਦਾ ਸਰਦਾਰ ਜਾਂ ਮੁਖੀ ਜੱਸਾ ਸਿੰਘ ਰਾਮਗੜ੍ਹੀਆ ਸੀ। ਛੋਟੇ ਘੱਲੂਘਾਰੇ ਸਮੇਂ ਖਾਲਸੇ ਦੀ ਅਗਵਾਈ ਸੁੱਖਾ ਸਿੰਘ ਨੇ ਕੀਤੀ।

(43) ਗੁਰੂ ਸਾਹਿਬ ਨੇ ਸਿੱਖ ਧਰਮ ਨੂੰ ਨਾ ਕੇਵਲ ਹਿੰਦੂ ਧਰਮ ਨਾਲੋਂ ਨਿਖੇੜਿਆ ਸਗੋਂ ਆਪਣਾ ਨਿਆਰਾ ਧਰਮ ਸਥਾਪਤ ਕੀਤਾ। ਸਿੱਖ ਧਰਮ ਨੂੰ ਵਰਣ ਆਸ਼ਰਮ ਧਰਮ ਤੋੜ ਕੇ ਸਥਾਪਤ ਕੀਤਾ। ਸਿੱਖ ਧਰਮ ਵਿਚ ਪ੍ਰਵੇਸ਼ ਤਾਂ ਹੋ ਸਕਦਾ ਸੀ ਜੇਕਰ ਵਰਣ ਆਸ਼ਰਮ ਧਰਮ ਨੂੰ ਪਹਿਲਾਂ ਤਿਆਗਿਆ ਜਾਵੇ।

(53-54) ਮੋਹਸਨ ਫਾਨੀ—ਸਿੱਖ ਹਿੰਦੂਆਂ ਦੇ ਮੰਤਰ (ਵੇਦ) ਨਹੀਂ ਪੜ੍ਹਦੇ। ਨਾ ਹੀ ਹਿੰਦੂਆਂ ਦੇ ਮੰਦਰਾਂ, ਬੁਤਾਂ ਅਤੇ ਅਵਤਾਰਾਂ ਦੀ ਮਾਨਤਾ ਕਰਦੇ ਹਨ।

(56) ਭਾਈ ਗੁਰਦਾਸ ਲਿਖਦੇ ਹਨ, "ਬੇਦ ਪੁਰਾਨ ਖਟ ਸਾਸਤਰ ਫੁਨ ਮਿਟੀ ਕੁਮਲਾ।"

(59) ਗੁਰੂ ਦੀ ਫੌਜ ਬਾਰੇ ਭੀਖਣ ਸ਼ਾਹ ਨੇ ਕਿਹਾ :-

ਰੈਯਤ ਲੋਕ ਮਿਲੇ ਇਕ ਠਾਉ।
ਜਾਟ ਗਵਾਰ ਸੁ ਤੇਲੀ ਨਾਈ। ਭਾਈ ਲਬਾਨੇ ਚਮਰਾਈ।
ਬਨੀਏ ਰੋੜੇ ਭਾਟ ਮਹਾਨਾਂ। ਸੂਦਰ, ਛੀਪੇਂ, ਜਾਟ ਤ੍ਰਖਾਨਾਂ।

ਬਾਰਾ ਜਾਤ ਸਜਾਤ ਮਿਲਾਵੈ। ਇਕ ਕਹੁ ਤੀਰ ਕਮਾਨ ਸਿਖਾਵੈ।
ਔਰ ਕਲਾਲ ਸੁਨਾਰੇ ਜੇ ਹੀ। ਪਕੜ ਨਾ ਜਾ ਨੇ ਬਰਛਾ ਤੇਹੀ।

(62) ਗੁਲਾਮ ਮਹਯੂਦੀਨ : ਹਿੰਦੂ ਜਾਤਾਂ ਵਿਚੋਂ ਨੀਵੀਆਂ ਜਾਤਾਂ ਵਾਲੇ ਲੋਕ ਬੰਦੇ ਦੀ ਫੌਜ ਵਿਚ ਜ਼ਿਆਦਾ ਸਨ।

(67) ਇਰਵਨ-ਜਿਨ੍ਹਾਂ ਪਰਗਣਿਆਂ 'ਤੇ ਸਿੱਖਾਂ ਦਾ ਕਬਜ਼ਾ ਹੋਇਆ, ਉਥੇ ਪੁਰਾਣੇ ਰਿਵਾਜ ਉਖਾੜ ਦਿੱਤੇ ਅਤੇ ਮੁਕੰਮਲ ਤੌਰ 'ਤੇ ਉਲਟ ਦਿੱਤੇ ਗਏ। ਹੇਠਲੀ ਜਾਤ ਦਾ ਕੋਈ ਚੂਹੜਾ ਜਾਂ ਚਮਾਰ ਜਦੋਂ ਘਰ ਛੱਡ ਕੇ ਗੁਰੂ ਨਾਲ ਜਾ ਰਲਦਾ ਸੀ ਤਾਂ ਥੋੜੇ ਹੀ ਸਮੇਂ ਬਾਅਦ ਉਹ ਆਪਣੀ ਮਾਤਭੂਮੀ ਦਾ ਹਾਕਮ ਬਣਕੇ ਪਰਤਦਾ ਸੀ। ਉਸ ਦੇ ਹੱਥ ਵਿਚ ਹਾਕਮ ਬਣ ਜਾਣ ਦਾ ਪਰਵਾਨਾ ਹੁੰਦਾ ਸੀ। ਜਿਉਂ ਹੀ ਉਹ ਪਿੰਡ ਦੀ ਜੂਹ ਵਿਚ ਵੜਦਾ, ਉਚੀਆਂ ਜਾਤਾਂ ਵਾਲੇ ਤੇ ਧਨੀ ਉਸ ਨੂੰ ਅੱਗੋਂ ਹੋ ਕੇ ਲੈਣ ਲਈ ਆਉਂਦੇ ਅਤੇ ਉਸ ਨੂੰ ਘਰ ਲੈ ਜਾਂਦੇ। ਉਥੇ ਜਾ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਖੜ੍ਹ ਜਾਂਦੇ ਅਤੇ ਉਸ ਦੇ ਹੁਕਮ ਦਾ ਇੰਤਜ਼ਾਰ ਕਰਦੇ।

(69) ਮਿਸਲਾਂ ਦੇ ਸਮੇਂ ਵਿਚ ਸੰਪੂਰਨ ਕਿਸਾਨ, ਚਰਵਾਹੇ, ਪਿੰਡਾਂ ਦੇ ਕੰਮੀ ਅਤੇ ਕਮੀਦਾਕਾਰ, ਜਿਨ੍ਹਾਂ ਨੂੰ ਜਾਤਪਾਤੀ ਸਮਾਜ ਅਛੂਤਾਂ ਬਰਾਬਰ ਸਮਝਕੇ ਨਫਰਤ ਕਰਦਾ ਸੀ, ਖਾਲਸੇ ਦੀ ਰਾਜਸੀ ਸੱਤਾ ਦੇ ਲੀਡਰ ਬਣੇ। ਮੁਸਲਮਾਨ ਸਮਕਾਲੀ ਲਿਖਦਾ ਹੈ, "ਸਮੁੱਚਾ ਪੰਜਾਬ ਦੇਸ਼ ਇਸ ਭਾਈਚਾਰੇ (ਖਾਲਸੇ) ਦੇ ਕਬਜ਼ੇ ਵਿਚ ਹੈ ਤੇ ਉਨ੍ਹਾਂ ਦੇ ਸਭ ਤੋਂ ਉੱਚੇ ਲੀਡਰ ਤਰਖਾਣ, ਚਮਿਆਰ ਅਤੇ ਜੱਟ ਆਦਿ ਨੀਵੀਆਂ ਜਾਤਾਂ ਵਿਚੋਂ ਆਏ ਹਨ।"

(74) ਪੋਲੀਅਰ (1780) ਫੇਰ ਸਿੱਖ ਗਿਣਤੀ ਪੱਖੋਂ ਬਹੁਤ ਜ਼ਿਆਦਾ ਵਧਣੇ ਸ਼ੁਰੂ ਹੋ ਗਏ।.....ਹਿੰਦੂ ਰਿਵਾਜ ਦੇ ਉਲਟ ਸਭ ਤੋਂ ਨੀਚ ਅਤੇ ਸਭ ਤੋਂ ਜ਼ਿਆਦਾ ਦੁਰਕਾਰੀਆਂ ਹੋਇਆਂ ਜਾਤਾਂ ਨੂੰ ਪ੍ਰਵਾਨ ਕਰ ਲਿਆ ਗਿਆ।

(74) ਹਿਊਗਲ : ਉਹ (ਭਾਵ ਸਿੱਖ) ਹਿੰਦੂਆਂ ਦੀਆਂ ਨੀਚ ਜਾਤਾਂ ਵਿਚੋਂ ਬਣੇ ਹਨ, ਜਿਥੋਂ ਉਨ੍ਹਾਂ ਆਪਣਾ ਧਰਮ ਬਦਲਿਆ ਹੈ।

II Book : Another perspective view of the Sikh Revolution : Jagjit Singh

(36) ਸਿੱਖ ਦੂਜਿਆਂ ਨੂੰ 'ਭਾਈ' (ਭਰਾ brother) ਪੁਕਾਰਦੇ ਹਨ।

(37) ਸਮਾਜਿਕ ਨੁਕਤਾ ਨਜ਼ਰ ਤੋਂ ਜਾਤ ਇਕ ਵੰਡ ਹੈ, ਘਿਰਣਾ ਹੈ, ਇਕ ਈਰਖਾ ਹੈ ਤੇ ਗੁਆਂਢੀਆਂ ਵਿਚਕਾਰ ਬੇਵਿਸ਼ਵਾਸੀ ਹੈ। ਖਾਲਸੇ ਦੀ ਬਰਾਬਰੀ ਭਾਈਚਾਰਾ ਅਤੇ ਭਰਾਤਰੀ ਭਾਵ ਮਹਾਨਤਾ ਤਾਂ ਹੀ ਮਹਿਸੂਸ ਹੋ ਸਕਦੀ ਹੈ, ਜੇਕਰ ਇਸ ਨੂੰ ਜਾਤੀ ਢਾਂਚੇ ਬਰਾਬਰ ਮੇਲ ਕੇ ਦੇਖਿਆ ਜਾਵੇ।

(38) ਸਿੱਖ ਪੰਥ ਨੇ ਮੁਕੰਮਲ ਰੂਪ ਵਿਚ ਹੀ ਜਾਤਪਾਤੀ ਸਮਾਜ (ਹਿੰਦੂ ਧਰਮੀ ਸਮਾਜ) ਤੋੜ ਕੇ ਰੱਖ ਦਿੱਤਾ।

(39) ਸਾਰੀਆਂ ਜਾਤੀਆਂ ਦੇ ਲੋਕ, ਅਛੂਤ ਵੀ, ਖੁਲ੍ਹੇ ਤੌਰ 'ਤੇ ਖਾਲਸਾ ਭਾਈਚਾਰੇ ਵਿਚ ਸ਼ਾਮਲ ਕੀਤੇ ਗਏ। ਖਾਲਸੇ ਦੇ ਪਹਿਲੇ ਪੰਜ (ਪਿਆਰਿਆਂ) ਵਿਚੋਂ ਚਾਰ ਸ਼ੂਦਰ ਸਨ। ਖਾਲਸੇ ਦੀਆਂ ਪੰਜ ਡਵੀਜ਼ਨਾਂ ਵਿਚੋਂ ਇਕ ਡਵੀਜ਼ਨ ਦਾ ਮੁਖੀ, ਭਾਈ ਜੀਵਨ ਸਿੰਘ ਰੰਗਰੇਟਾ (ਅਛੂਤ) ਸੀ।

(41) ਜਦੋਂ ਖਾਲਸੇ ਨੇ ਪਹਿਲੀ ਵਾਰ ਰਾਜਨੀਤੀਕ ਸ਼ਕਤੀ, ਬੰਦੇ ਦੀ ਕਮਾਂਡ ਹੇਠ ਪ੍ਰਾਪਤ ਕੀਤੀ ਤਾਂ ਨੀਚਾਂ ਤੋਂ ਨੀਚ ਨੂੰ ਹਾਕਮ ਨਿਯੁਕਤ ਕੀਤਾ ਗਿਆ।

(ਅਛੂਤ) ਬੀਰ ਸਿੰਘ ਨੂੰ ਸਰਹੰਦ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਗਿਆ।

(47) ਸਿੱਖ ਪੰਥ ਦੀ ਸਥਾਪਨਾ ਹੀ ਜਾਤਪਾਤੀ ਵਿਚਾਰਧਾਰਾ ਅਤੇ ਜਾਤੀਪਾਤੀ ਸਮਾਜ ਦਾ ਪੂਰਾ ਤਿਆਗ ਕਰਨ ਲਈ ਹੋਈ। ਸਿੱਖ ਪੰਥ ਜਾਤੀ ਸਮਾਜ ਅਤੇ ਜਾਤੀ ਪ੍ਰਬੰਧ ਨਾਲੋਂ ਟੁੱਟਣ ਦਾ ਮਾਰਗ ਸਥਾਪਤ ਕਰਦਾ ਹੈ।

(49) ਉਸ (ਗੁਰੂ ਨਾਨਕ) ਨੇ ਆਪ ਕੁਰੂਕਸ਼ੇਤਰ ਵਿਖੇ ਮਾਸ ਰਿੰਨ੍ਹਿਆ। ਕਈ ਗੁਰੂਆਂ ਦੇ ਲੰਗਰ ਵਿਚ ਮਾਸ ਵੀ ਵਰਤਾਇਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਨੇ ਰੱਬ ਦੀ ਮਜ਼ਲੂਮਾਂ ਦਾ ਰਾਖਾ ਕਹਿ ਕੇ ਪਛਾਣ ਕਰਵਾਈ ਤੇ ਕਿਹਾ ਕਿ ਉਹ ਦੁਸ਼ਟਾਂ ਨੂੰ ਮਾਰਨ ਵਾਲਾ ਹੈ। ਉਹ ਖਾਲਸਾ ਹੈ ਜੋ ਗਰੀਬ ਮਜ਼ਲੂਮ ਦੀ ਰੱਖਿਆ ਕਰੇ। ਉਹ ਖਾਲਸਾ ਹੈ ਜੋ ਦੁਸ਼ਟਾਂ ਨੂੰ ਸੋਧੇ।

(51) ਸਿੱਖ ਮਤ ਇਕ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਸੀ ਕਿਉਂਕਿ ਸਿੱਖ ਫਲਸਫੇ ਅਤੇ ਵਿਸ਼ਵਾਸ

ਪੁਰਾਣੇ ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਨੂੰ ਜੋ ਮਨੁੱਖੀ ਨਾ ਬਰਾਬਰੀ ਅਤੇ ਬੇਇਨਸਾਫੀ 'ਤੇ ਅਧਾਰਤ ਹੈ ਨੂੰ ਸੱਚਮੁਚ ਬਦਲ ਦੇਣ ਲਈ ਵਚਨਬੱਧ ਹੈ।

(61) ਖਾਲਸੇ ਦੀ ਬਰਾਬਰੀ ਦੀ ਭਾਵਨਾ ਮੁੱਖ ਸਿਧਾਂਤ ਸੀ ਅਤੇ ਇਕ ਬ੍ਰਾਹਮਣ, ਉਸ ਸ਼ੂਦਰ, ਜੋ ਉਸ ਦੇ ਘਰ ਸਫਾਈ ਕਰਦਾ ਸੀ, ਨਾਲੋਂ ਉਚਾ ਹੋਣ ਦਾ ਦਾਅਵਾ ਨਹੀਂ ਸੀ ਕਰ ਸਕਦਾ।

(66) ਸਿੱਖ ਕ੍ਰਾਂਤੀਕਾਰੀ ਜ਼ਿਆਦਾ ਕਰਕੇ ਸ਼ੂਦਰਾਂ ਅਤੇ ਨੀਵੀਂ ਜਾਤ ਦੇ ਵੰਸ਼ਾਂ ਵਿਚੋਂ ਆਏ ਸਨ।

(68) ਮੁਸਲਮਾਨ ਇਤਿਹਾਸਕਾਰ ਦੱਸਦੇ ਹਨ ਕਿ ਉਨ੍ਹਾਂ ਦੇ ਬਹੁਤੇ ਮੁਖੀ (ਆਗੂ) ਨੀਵੀਂ ਜਾਤ 'ਚੋਂ ਸਨ। ਜਿਵੇਂ ਕਿ ਤਰਖਾਣ, ਚਮਾਰ ਅਤੇ ਜੱਟ।

(71) ਬੰਦੇ ਦੀ ਕਮਾਂਡ ਹੇਠ ਖਾਲਸੇ ਨੇ ਜਿਮੀਂਦਾਰੀ ਪ੍ਰਬੰਧ ਤੋੜ ਕੇ ਜ਼ਮੀਨ 'ਤੇ ਕਿਸਾਨੀ ਦੀ ਮਾਲਕੀ ਸਥਾਪਤ ਕੀਤੀ। ਜਾਤੀ ਵਿਰੋਧੀ (ਸਿੱਖ) ਵਿਚਾਰਧਾਰਾ ਜਿਸ ਨੂੰ ਸੰਗਤ ਤੇ ਪੰਗਤ ਵਿਚ ਸਥਾਪਤ ਕੀਤਾ ਨੇ ਬਾਅਦ ਵਿਚ ਇਕ ਪੂਰਨ ਰੂਪ ਜਾਤ ਰਹਿਤ ਸਿੱਖ ਪੰਥ ਤੱਕ ਵਿਕਾਸ ਕੀਤਾ। (ਇਨ੍ਹਾਂ ਹਵਾਲਿਆਂ ਨੂੰ ਲਿਖਣ ਤੋਂ ਸਾਡਾ ਮਨੋਰਥ ਹੈ ਕਿ ਸਿੱਖ ਲਹਿਰ ਦਾ ਬੁਨਿਆਦੀ ਖਾਸਾ ਇਤਿਹਾਸ ਦੀਆਂ ਨਜ਼ਰਾਂ ਵਿਚੋਂ ਲਭਿਆ ਜਾਵੇ ਤਾਂ ਜੋ ਹਕੀਕਤ ਉਭਰ ਕੇ ਸਾਹਮਣੇ ਆ ਸਕੇ। ਕਿਉਂਕਿ ਸਿੱਖ ਲਹਿਰ ਉਸਰੀ ਹੀ ਬ੍ਰਾਹਮਣੀ ਜਾਤਪਾਤੀ ਪ੍ਰਬੰਧ ਦੇ ਖਿਲਾਫ ਸੀ, ਸੋ ਇਸ ਨੇ ਜਾਤਪਾਤੀ ਪ੍ਰਬੰਧ ਨੂੰ ਹਰ ਕੋਨੇ ਤੋਂ ਢਾਹਿਆ ਤੇ ਇਕ ਬਰਾਬਰੀ ਵਾਲਾ ਨਵਾਂ ਪ੍ਰਬੰਧ ਲਾਗੂ ਕੀਤਾ। ਇਹ ਵੱਖਰੀ ਗੱਲ ਹੈ ਕਿ ਬੰਦੇ ਤੋਂ ਬਾਅਦ ਸਿੱਖ ਬ੍ਰਾਹਮਣਵਾਦੀ/ਜਾਤੀਵਾਦੀ ਹੋ ਚੁੱਕੇ ਹਨ ਤੇ ਬ੍ਰਾਹਮਣਵਾਦ, ਜਾਤਪਾਤ ਅਤੇ ਛੂਤਛਾਤ ਉਨ੍ਹਾਂ ਦੇ ਹੱਡਾਂ ਵਿਚ ਰਚੀ ਹੋਈ ਹੈ। ਜੱਟ ਤੋਂ ਲੈ ਕੇ ਸਾਰੀਆਂ ਨੀਵੀਆਂ ਜਾਤਾਂ ਆਪਸ ਵਿਚ ਰੱਜ ਕੇ ਨਫਰਤ ਕਰਦੀਆਂ ਹਨ ਤੇ ਕੋਈ ਰਿਸ਼ਤਾ ਪੈਦਾ ਨਹੀਂ ਕਰਦੀਆਂ। ਸਿੱਖ ਗੁਰਬਾਣੀ ਦੇ ਮੂਲ ਸਿਧਾਂਤਾਂ ਨੂੰ ਛੱਡ ਕੇ ਜਾਤਪਾਤੀ ਢਾਂਚੇ ਵਿਚ ਰਹਿ ਕੇ ਖੁਸ਼ ਹਨ। ਸਿੱਖ ਸਮਾਜ ਦੀ ਹਰ ਸੰਸਥਾ ਅੰਦਰ ਜਾਤਪਾਤ ਭਾਰੂ ਹੈ। ਬ੍ਰਾਹਮਣ, ਕਸ਼ੱਤਰੀ, ਅਰੋੜੇ ਤੇ ਜੱਟ ਸਿੱਖ, ਸਿੱਖ ਸਮਾਜ ਦੇ ਚੌਧਰੀ ਹਨ ਤੇ ਬਾਕੀ ਸਿੱਖ ਕੰਮੀ, ਲਾਗੀ, ਬਾਗੀ ਤੇ ਚੂੜ੍ਹੇ ਚਮਾਰ ਹੀ ਹਨ। ਪਰੰਤੂ ਇਸ ਤਰ੍ਹਾਂ ਦਾ ਜਿਉਣਾ ਗੁਰਬਾਣੀ ਦੇ 100 ਫੀਸਦੀ ਉਲਟ ਹੈ ਤੇ 100 ਫੀਸਦੀ ਬ੍ਰਾਹਮਣਵਾਦੀ ਹੈ। ਸਿੱਖ ਸੰਸਥਾ ਇਕ ਉਤਮ ਮਾਨਵੀ ਵਿਚਾਰਧਾਰਾ ਅਤੇ ਅਮਲ ਨਾ ਹੋ ਕੇ ਇਕ ਪੂਜਾ ਬਣ ਗਈ ਹੈ। ਅਜਿਹੀ ਪੂਜਾ, ਜਿਥੇ ਸ਼ਬਦ ਦਾ ਵਿਚਾਰ ਨਹੀਂ, ਗਿਆਨ ਨਹੀਂ, ਮਾਰਗ ਨਹੀਂ, ਜੇ ਹੈ ਤਾਂ ਬ੍ਰਾਹਮਣੀ ਵਿਚਾਰਧਾਰਾ ਤੇ ਜਾਤਪਾਤ ਹੈ।)

ਸਤਿਗੁਰੂ ਰਵਿਦਾਸ ਨੇ ਆਪਣੇ ਸਮੇਂ ਵਿਚ ਇਕ ਅਜਿਹੇ ਰਾਜ ਦੀ ਕਲਪਨਾ ਕੀਤੀ ਸੀ, ਜਿਥੇ ਹਰ ਤਰ੍ਹਾਂ ਦੀ ਬਰਾਬਰੀ ਹੋਵੇ। ਬੇਗਮਪੁਰਾ ਭਾਵ ਜਿਥੇ ਕੋਈ ਚਿੰਤਾਵਾਂ ਨਾ ਹੋਣ, ਗਮ ਨਾ ਹੋਣ, ਮਾਮਲੇ ਨਾ ਹੋਣ। ਦੋਮ ਸੇਮ ਦੇ ਆਦਮੀ ਨਾ ਹੋਣ। ਜਾਤਪਾਤ, ਛੂਆਛਾਤ ਤੇ ਊਚਨੀਚ ਨਾ ਹੋਵੇ। ਮਜ਼ਹਬੀ ਭਿੰਨ ਭੇਦ ਨਾ ਹੋਣ। ਕੋਈ ਕਿਸੇ ਨੂੰ ਮਹਿਲਾਂ ਤੋਂ ਨਾ ਰੋਕ ਸਕੇ। ਸਭ ਨੂੰ ਖਾਣ ਪੀਣ ਪਹਿਨਣ ਅਤੇ ਰਹਿਣ ਨੂੰ ਮਿਲੇ। ਹਰ ਤਰ੍ਹਾਂ ਦਾ ਇਨਸਾਫ ਹੋਵੇ। ਲੋਕ ਜੁੜਕੇ ਬੈਠਣ। ਅਸੀਂ ਇਸ ਗੱਲ ਦਾ ਦਾਅਵਾ ਕਰ ਸਕਦੇ ਹਾਂ ਕਿ ਸੰਸਾਰ ਭਰ ਵਿਚ ਕੋਈ ਵਿਅਕਤੀ ਵੀ ਅਜਿਹਾ ਨਹੀਂ ਲਭਦਾ, ਜਿਸ ਨੇ ਸਤਿਗੁਰੂ ਰਵਿਦਾਸ ਵਰਗਾ ਸਮਾਜਵਾਦੀ ਸੰਕਲਪ ਲਿਆ ਹੋਵੇ। ਮਾਰਕਸ ਤਾਂ ਅਜਿਹਾ ਸੰਕਲਪ 19ਵੀਂ ਸਦੀ ਵਿਚ ਲੈਂਦਾ ਹੈ। ਸਤਿਗੁਰੂ ਰਵਿਦਾਸ ਦਾ 'ਬੇਗਮਪੁਰਾ' ਭਾਵ ਚਿੰਤਾ ਰਹਿਤ ਸਮਾਜ ਸਮਾਜਵਾਦ ਦੀ ਉੱਤਮ ਕਲਪਨਾ ਹੈ। ਉਨ੍ਹਾਂ ਸਤਿਗੁਰੂ ਕਬੀਰ ਤੋਂ ਸਿੱਖਿਆ ਲੈ ਕੇ ਇਸ ਸੰਕਲਪ ਨੂੰ ਪੂਰਾ ਕਰਨ ਲਈ ਪੂਰਾ ਜੀਵਨ ਸਮਾਜ ਦੇ ਦਲਿਤ ਪੀੜਤ ਲੋਕਾਂ ਲਈ ਅਰਪਣ ਕੀਤਾ ਤੇ 150 ਵਰ੍ਹੇ ਦੀ ਲੰਬੀ ਆਯੂ ਤੱਕ ਦੇਸ਼ ਅੰਦਰ ਆਪਣੀ ਸਮਾਜਵਾਦੀ ਵਿਚਾਰਧਾਰਾ ਨੂੰ ਫੈਲਾਇਆ।

ਸਿੱਖ ਲਹਿਰ ਦੇ ਰੂਪ ਵਿਚ ਉਸਰੀ ਇਸ ਵਿਚਾਰਧਾਰਾ ਨੇ ਸਾਲ 1699 ਵਿਚ ਆਪਣਾ ਇਨਕਲਾਬੀ ਰੂਪ ਧਾਰਨ ਕੀਤਾ, ਜਦੋਂ ਸਿੱਖ ਲਹਿਰ ਦੇ ਵਿਅਕਤੀਗਤ ਅੰਤਮ ਰਹਿਬਰ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਦੇ ਦਿਨ ਮਜ਼ਲੂਮਾਂ ਅਤੇ ਦਲਿਤਾਂ ਨੂੰ ਸ਼ੇਰ ਬਨਾਉਣ ਦਾ ਬੀੜਾ ਉਠਾਇਆ।

ਜਿਨ੍ਹਾਂ ਮਨੁੱਖਾਂ ਨੇ ਸਮਾਜਵਾਦੀ, ਵਿਚਾਰਧਾਰਾ ਨੂੰ ਪਰਨਾ ਕੇ ਤੇ 'ਬੇਗਮਪੁਰੇ' ਦੀ ਸਥਾਪਨਾ ਲਈ ਆਪਣਾ ਆਪਾ ਗੁਰੂ ਦੇ ਹਵਾਲੇ ਕੀਤਾ, ਉਨ੍ਹਾਂ ਵਿਚ ਇਕ ਗਰੀਬ ਖੱਤਰੀ, ਇਕ ਨਾਈ, ਇਕ ਛੀਂਬਾ, ਇਕ ਝਿਊਰ ਅਤੇ ਇਕ ਚਮਾਰ (ਗੁਰੂ ਰਵੀਦਾਸ ਦਾ ਪੜਪੋਤਰਾ ਸੀ) ਬੇਗਮਪੁਰੇ ਦੀ ਮੁਕੰਮਲ ਉਸਾਰੀ ਲਈ ਇਨ੍ਹਾਂ ਪੰਜ ਸੂਰਬੀਰਾਂ ਨੇ ਆਪਣਾ ਆਪ ਖੰਡੇ ਦੀ ਧਾਰ 'ਤੇ ਰੱਖਿਆ।

ਖ਼ਾਲਸੇ ਦੀ ਬਣਤਰ

ਗੁਰੂ ਗੋਬਿੰਦ ਸਿੰਘ ਨੇ 'ਖ਼ਾਲਸੇ ਦੀ ਬਣਤਰ ਇਸ ਪ੍ਰਕਾਰ ਰੱਖੀ :-

1. ਖ਼ਾਲਸਾ ਸੁਣੇਗਾ, ਬੋਲੇਗਾ ਤੇ ਪੜ੍ਹੇਗਾ (ਸੱਚੀ ਅਤੇ ਸੁੱਚੀ ਵਿਚਾਰਧਾਰਾ ਜੋ ਸਤਿਗੁਰੂ ਕਬੀਰ ਤੋਂ ਸ਼ੁਰੂ ਹੋ ਕੇ ਸਿਖਰ ਤੱਕ ਪਹੁੰਚੀ।) 2. ਖ਼ਾਲਸਾ ਪੂਰੇ ਹਥਿਆਰਾਂ ਨਾਲ ਲੈਸ ਹੋ ਕੇ ਰਹੇਗਾ ।(ਕਿਉਂਕਿ ਬ੍ਰਾਹਮਣਾਂ ਨੇ ਸ਼ੂਦਰਾਂ ਨੂੰ ਹਥਿਆਰ ਰੱਖਣ ਦੀ ਮਨਾਹੀ ਕੀਤੀ ਸੀ ।) 3. ਖ਼ਾਲਸਾ ਸਰਬ ਲੋਹੇ ਦੇ ਵਰਤਨਾਂ 'ਚ ਖਾਏਗਾ, ਪੀਏਗਾ । (ਕਿਉਂਕਿ ਸ਼ੂਦਰਾਂ ਨੂੰ ਮਿੱਟੀ ਦੇ ਟੁੱਟੇ ਹੋਏ ਭਾਂਡਿਆਂ ਵਿਚ ਖਾਣ ਦਾ ਹੁਕਮ ਸੀ।) 4. ਖ਼ਾਲਸਾ ਦਸਤਾਰ, ਕਲਗੀ ਅਤੇ ਬਸਤਰ ਪਹਿਨੇਗਾ ।(ਕਿਉਂਕਿ ਸ਼ੂਦਰਾਂ ਨੂੰ ਸਿਰ 'ਤੇ ਖੰਭ ਲਾਉਣ ਦਾ ਹੁਕਮ ਸੀ ਤੇ ਮੁਰਦਿਆਂ ਤੋਂ ਲਾਹੇ ਜਾਂ ਫਟੇ ਪੁਰਾਣੇ ਕਪੜੇ ਪਹਿਨਣ ਦਾ ਹੀ ਹੁਕਮ ਸੀ।) 5. ਖ਼ਾਲਸਾ ਹਮੇਸ਼ਾ 'ਫ਼ਤਿਹ' ਦਾ ਨਾਅਰਾ ਲਗਾਏਗਾ । (ਕਿਉਂਕਿ ਸ਼ੂਦਰਾਂ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਨੇ ਹਰ ਖੇਤਰ ਵਿਚ ਹਰਾ ਦਿੱਤੀ ਸੀ।) 6. ਖ਼ਾਲਸਾ ਘੋੜੇ ਦੀ ਸਵਾਰੀ ਕਰੇਗਾ ।(ਕਿਉਂਕਿ ਸ਼ੂਦਰਾਂ ਨੂੰ ਉਚੀ ਥਾਂ 'ਤੇ ਬੈਠਣ ਲਈ ਤੱਤੇ ਸਰੀਆਂ ਨਾਲ ਦਾਗ ਦੇਣ ਦਾ ਸਜ਼ਾ ਸੀ।) 7. ਖ਼ਾਲਸਾ ਇਕੋ ਬਾਟੇ (ਵਰਤਣ) ਵਿਚੋਂ ਅੰਮ੍ਰਿਤ ਪੀਵੇਗਾ ।(ਕਿਉਂਕਿ ਸ਼ੂਦਰਾਂ ਅਤੇ ਉਚ ਜਾਤੀਆਂ ਵਿਚਕਾਰ ਭਿੱਟ ਤੇ ਛੂਆ-ਛਾਤ ਦਾ ਵਿਧਾਨ ਲਾਗੂ ਸੀ।) 8. ਖ਼ਾਲਸਾ ਭਿੱਟ ਨਹੀਂ ਕਰੇਗਾ, ਇਕ ਥਾਂ ਲੰਗਰ 'ਚ ਬਰਾਬਰ ਬੈਠਕੇ ਖਾਵੇ ਪੀਵੇਗਾ। ਕਿਉਂਕਿ ਬ੍ਰਾਹਮਣੀ ਵਿਚਾਰਧਾਰਾ ਨੇ ਸਮਾਜ ਵਿਚੋਂ ਰੋਟੀ ਦੀ ਸਾਂਝ ਖ਼ਤਮ ਕਰ ਦਿੱਤੀ ਸੀ ਤੇ ਇਕ ਦੂਜੀ ਜਾਤ ਤੋਂ ਅੰਨ ਖਾਣ ਦੀ ਨਫ਼ਰਤ ਫੈਲਾਈ ਹੋਈ ਸੀ।) 9. ਖ਼ਾਲਸਾ ਆਪਣੇ ਨਾਂ ਨਾਲ ਸਿੰਘ ਲਗਾ ਕੇ ਸ਼ੇਰ ਬਣਕੇ ਰਹੇਗਾ ।(ਕਿਉਂਕਿ ਸ਼ੂਦਰਾਂ ਦੀ ਕਦਰ ਕਾਂ, ਕੁੱਤੇ, ਬਿੱਲੇ ਦੇ ਬਰਾਬਰ ਮਿਥੀ ਗਈ ਸੀ, ਤੇ ਉਹ ਅਨਿਆਂ ਦੇ ਵਿਰੁੱਧ ਚੂੰ ਤੱਕ ਵੀ ਨਹੀਂ ਕਰ ਸਕਦੇ ਹਨ ।ਉਨ੍ਹਾਂ ਦੇ ਨਾਂ ਭੱਦੇ ਕਿਸਮ ਦੇ ਰੱਖਣ ਦਾ ਹੁਕਮ ਸੀ।) 10. ਖ਼ਾਲਸਾ ਸਾਰੇ ਸਮਾਜ ਦੇ ਲੋਕਾਂ ਨੂੰ ਮਾਂ-ਭੈਣ, ਭਾਈ ਦਾ ਸਤਿਕਾਰ ਦੇਵੇਗਾ ।(ਕਿਉਂਕਿ ਸ਼ੂਦਰਾਂ ਲਈ ਸਿਵਾਏ ਆਪਣੀ ਜਾਤ ਤੋਂ ਦੂਜੇ ਨਾਲ ਕੋਈ ਰਿਸ਼ਤਾ ਪਾ ਸਕਣ ਦੀ ਆਗਿਆ ਨਹੀਂ ਸੀ।) 11. ਖ਼ਾਲਸਾ ਰੋਮ-ਰੋਮ ਸੰਭਾਲ ਕੇ ਰੱਖੇਗਾ ।(ਕਿਉਂਕਿ ਸਾਰਾ ਹਿੰਦੂ ਸਮਾਜ ਬ੍ਰਾਹਮਣੀ ਕਰਮ ਕਾਂਡ ਅਨੁਸਾਰ ਵਾਲ ਕੱਟ ਕੇ ਰੱਖਦਾ ਸੀ ਅਤੇ ਮੁੰਡਨ ਕਰਵਾਏ ਜਾਣ ਦਾ ਬ੍ਰਾਹਮਣੀ ਰਿਵਾਜ ਸੀ।) 12. ਖ਼ਾਲਸਾ ਨਿਓਟਿਆਂ, ਨਿਮਾਣਿਆਂ, ਨਿਤਾਣਿਆਂ ਤੇ ਨਿਆਸਰਿਆਂ ਦਾ ਆਸਰਾ ਬਣਕੇ ਰਹੇਗਾ।(ਕਿਉਂਕਿ ਸ਼ੂਦਰਾਂ ਨੂੰ ਬ੍ਰਾਹਮਣਵਾਦੀ ਪ੍ਰਬੰਧ ਨੇ ਹਰ ਤਰ੍ਹਾਂ ਨਿਆਸਰੇ ਬਣਾਕੇ ਰੱਖ ਦਿੱਤਾ ਸੀ।) 13. ਖ਼ਾਲਸਾ ਕੁਲ-ਵੰਸ਼ ਵਿਚ, ਕਰਮ ਕਾਂਡ ਵਿਚ, ਬ੍ਰਾਹਮਣੀ ਧਰਮ ਵਿਚ ਅਤੇ ਜਾਤੀ ਜਨਮ ਤੋਂ ਨਿਸ਼ਚਰਤ ਸਨ।) 14. ਖ਼ਾਲਸਾ ਇਕੋ ਰੱਬ ਦੀ ਸ਼ਰਨ ਲਵੇਗਾ ।(ਕਿਉਂਕਿ ਸ਼ੂਦਰਾਂ ਨੂੰ 33 ਕਰੋੜ ਦੇਵੀ ਦੇਵਤਿਆਂ ਦੇ ਚੱਕਰਾਂ ਵਿਚ ਪਾ ਕੇ ਸਵਰਨ ਸਮਾਜ ਨੇ ਮੂਰਖ ਬਣਾ ਰੱਖਿਆ ਸੀ।) 15. ਖ਼ਾਲਸੇ ਦੀ ਜਾਤ ਉਸ ਦਾ ਸਤਿਗੁਰੂ ਹੋਵੇਗਾ ਭਾਵ ਸਤਿਗੁਰੂਆਂ ਦੀ ਵਿਚਾਰਧਾਰਾ ।(ਕਿਉਂਕਿ ਸ਼ੂਦਰ ਜਾਤਾਂ ਵਿਚ ਵੰਡੇ ਜਾਣ ਕਰਕੇ ਕਮਜ਼ੋਰ ਹੋ ਚੁੱਕੇ ਸਨ ਅਤੇ ਉਨ੍ਹਾਂ ਦਾ ਨਾ ਕੋਈ ਰਹਿਬਰ ਸੀ ਨਾ ਵਿਚਾਰਧਾਰਾ। 16. ਖ਼ਾਲਸਾ ਆਪਣੀ ਹੋਣੀ ਤੇ ਤਕਦੀਰ ਦਾ ਮਾਲਕ ਆਪ ਹੋਵੇਗਾ।(ਕਿਉਂਕਿ ਸ਼ੂਦਰ ਨੂੰ ਬ੍ਰਾਹਮਣੀ ਗ੍ਰੰਥ ਸਿਰਫ਼ ਬੇਹੱਕਾ ਸੇਵਾਦਾਰ ਸਥਾਪਤ ਕਰਦੇ ਸਨ।) 17. ਖ਼ਾਲਸਾ ਗੁਰੂ ਦਾ ਹੁਕਮ ਮੰਨ ਕੇ ਚਲੇਗਾ ।(ਕਿਉਂਕਿ ਸ਼ੂਦਰ ਸਮਾਜ ਨੂੰ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਦੇ ਹੁਕਮ ਅਨੁਸਾਰ ਚੱਲਣ ਦਾ ਹੁਕਮ ਸੀ।) 18. ਖ਼ਾਲਸਾ ਗੁਰੂ ਦਾ ਰੂਪ ਹੈ।(ਭਾਵ ਖ਼ਾਲਸਾ ਗੁਰੂ ਦੀ ਵਿਚਾਰਧਾਰਾ ਤੋਂ ਬਿਨਾਂ ਹੋਰ ਕਿਸੇ ਵਿਚਾਰਧਾਰਾ ਨੂੰ ਪਰਨਾਇਆ ਨਹੀਂ ਰਹਿ ਸਕਦਾ।) 19. ਖ਼ਾਲਸਾ ਬਿਪਰਨ ਕੀ ਰੀਤ ਨਹੀਂ ਕਰੇਗਾ।(ਬਿਪਰ ਦਾ ਅਰਥ ਹੈ ਬ੍ਰਾਹਮਣ) (ਕਿਉਂਕਿ ਹੁਣ ਤੀਕ ਸਾਰਾ ਸਮਾਜ ਬ੍ਰਾਹਮਣੀ ਕਰਮ ਕਾਂਡ ਅਨੁਸਾਰ ਹੀ ਚਲਦਾ ਆਇਆ ਸੀ।) 20. ਖ਼ਾਲਸੇ ਨੂੰ ਸਰਦਾਰ, ਜਥੇਦਾਰ, ਭਾਈ ਦਾ ਖ਼ਿਤਾਬ ਦਿੱਤਾ ਗਿਆ।(ਕਿਉਂਕਿ ਬ੍ਰਾਹਮਣੀ ਗ੍ਰੰਥਾਂ ਅਨੁਸਾਰ ਸ਼ੂਦਰ ਦੀ ਔਕਾਤ ਕੁੱਤਾ ਜਾਂ ਗਧਾ ਮਿਥੀ ਗਈ ਸੀ।) 21. ਖ਼ਾਲਸਾ ਕਿਸੇ ਜਾਤ-ਪਾਤ, ਛੂਤ-ਛਾਤ, ਊਚ-ਨੀਚ ਨੂੰ ਨਹੀਂ ਮੰਨੇਗਾ।(ਕਿਉਂਕਿ ਬ੍ਰਾਹਮਣੀ ਧਰਮ ਨੇ ਸ਼ੂਦਰ ਸਮਾਜ ਨੂੰ ਹਜ਼ਾਰਾਂ ਉੱਚੀਆਂ-ਨੀਵੀਆਂ ਜਾਤਾਂ ਵਿਚ ਵੰਡ ਕੇ ਤੋੜ ਦਿੱਤਾ ਸੀ ਅਤੇ ਛੂਤ-ਛਾਤ ਪੈਦਾ ਕਰਕੇ ਨਫ਼ਰਤ ਭਰ ਦਿੱਤੀ ਸੀ।) ਗੁਰੂ ਗੋਬਿੰਦ ਸਿੰਘ ਨੇ 13 ਅਪ੍ਰੈਲ 1699 ਨੂੰ ਵਿਸਾਖੀ ਦੇ ਦਿਨ ਖ਼ਾਲਸਾ ਸਾਜਣ ਸਮੇਂ ਜੋ ਭਾਸ਼ਨ ਦਿੱਤਾ ਉਸ ਦਾ ਕੁਝ ਭਾਗ ਇਸ ਪ੍ਰਕਾਰ ਹੈ :-

"ਮੇਰੀ ਇੱਛਾ ਹੈ ਕਿ ਤੁਸੀਂ ਸਾਰੇ ਇਕ ਮੱਤ (ਗੁਰੂ ਮੱਤ) ਦੇ ਧਾਰਨੀ ਅਤੇ ਇਕੋ ਰਸਤੇ ਦੇ ਪਾਂਧੀ ਬਣੋ ਅਤੇ ਸਾਰੇ ਧਾਰਮਿਕ ਵਿਤਕਰਿਆਂ ਨੂੰ ਆਪਣੇ ਦਿਮਾਗਾਂ ਵਿਚੋਂ ਕੱਢ ਦੇਵੋ । ਹਿੰਦੂਆਂ ਦੀਆਂ ਚਾਰੇ ਜਾਤਾਂ ਬਾਰੇ

ਸ਼ਾਸਤਰਾਂ ਵਿਚ ਦਿੱਤੇ ਗਏ ਵੱਖ-ਵੱਖ ਨਿਯਮਾਂ ਨੂੰ ਪੂਰੀ ਤਰ੍ਹਾਂ ਤਿਆਗ ਦਿੱਤਾ ਜਾਵੇ ਅਤੇ ਆਪਸੀ ਮਿਲਵਰਤਨ ਦਾ ਰਾਹ ਧਾਰਨ ਕਰਕੇ ਇਕ ਦੂਜੇ ਨਾਲ ਖੁਲ੍ਹਮ ਖੁਲ੍ਹਾ ਮਿਲਿਆ ਜਾਵੇ । ਕੋਈ ਵੀ ਆਪਣੇ ਆਪ ਨੂੰ ਦੂਜੇ ਨਾਲੋਂ ਚੰਗੇਰਾ ਨਾ ਸਮਝੇ । ਪੁਰਾਣੇ ਧਰਮ ਗ੍ਰੰਥਾਂ ਨੂੰ ਨਾ ਮੰਨੇ । ਤੁਹਾਡੇ ਵਿਚੋਂ ਕੋਈ ਵੀ ਦਰਿਆ ਗੰਗਾ ਅਤੇ ਹਿੰਦੂ ਧਰਮ ਵਿਚ ਪਵਿੱਤਰ ਗਿਣੇ ਜਾਂਦੇ ਤੀਰਥ ਅਸਥਾਨਾਂ ਦੀ ਪਰਵਾਹ ਨਾ ਕਰੇ ਅਤੇ ਨਾ ਹੀ ਹਿੰਦੂ ਇਸ਼ਟਾਂ ਵਿਚੋਂ ਜਿਵੇਂ ਰਾਮ, ਕ੍ਰਿਸ਼ਨ, ਬ੍ਰਹਮਾ, ਦੁਰਗਾ ਆਦਿ ਦੀ ਪੂਜਾ ਕਰੇ । ਪਰੰਤੂ ਤੁਹਾਡੇ ਵਿਚੋਂ ਹਰ ਕੋਈ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਉੱਤਰ ਅਧਿਕਾਰੀਆਂ (ਜਾਨਸ਼ੀਨਾਂ) ਵਿਚ ਸ਼ਰਧਾ ਰੱਖੇ । ਚੋਹਾਂ ਵਰਨਾਂ ਭਾਵ ਸਵਰਨ ਅਤੇ ਅਵਰਨ ਦੇ ਲੋਕ ਮੇਰਾ ਅੰਮ੍ਰਿਤ ਪਾਠ ਕਰਨ । ਇਕੋ ਬਾਟੇ ਵਿਚ ਪ੍ਰਸਾਦਿ ਛੱਕਣ ਅਤੇ ਮਨ ਵਿਚ ਇਕ ਦੂਜੇ ਪ੍ਰਤੀ ਘਿਰਣਾ ਦੀ ਭਾਵਨਾ ਨਾ ਰੱਖੀ ਜਾਵੇ ।"

ਖਾਲਸਾ ਕੋਈ ਸ਼ਕਲ ਨਹੀਂ, ਜ਼ਿੰਦਗੀ ਜਿਉਣ ਦਾ ਇਕ ਮਾਨਵਵਾਦੀ ਸਿਧਾਂਤ ਹੈ । ਪਹਿਰਾਵੇ ਜਾਂ ਸ਼ਕਲ ਸੂਰਤ ਪੱਖੋਂ ਵੀ ਉਸ ਨੂੰ ਬ੍ਰਾਹਮਣਵਾਦੀ ਸਿਧਾਂਤਾਂ ਦੇ ਵਿਰੋਧ ਵਿਚ ਖੜ੍ਹਾ ਕੀਤਾ ਗਿਆ ਤੇ ਬੌਧਕ ਤੇ ਕਰਮਕਾਂਡੀ ਪੱਧਰ 'ਤੇ ਵੀ ਉਸ ਨੂੰ ਬ੍ਰਾਹਮਣਵਾਦੀ ਵਿਚਾਰਾਂ 'ਚ ਤਿਆਰ ਕੀਤਾ ਗਿਆ । ਖ਼ਾਲਸਾ ਦਾ ਅਰਥ ਹੈ, ਪਵਿੱਤਰ-ਪਾਕ, ਨੁਕਸ ਰਹਿਤ, ਕਿਉਂਕਿ ਉਹ ਖਾਲਸਾ ਗੁਰੂ ਦਾ ਹੈ । ਗੁਰੂ ਜੋ ਪੂਰਨ ਹੈ ਤੇ ਸਭ ਨੂੰ ਪਿਆਰ ਕਰਨ ਵਾਲਾ ਤੇ ਬਰਾਬਰ ਅਧਿਕਾਰ ਦੇਣ ਵਾਲਾ ਹੈ । ਇਕ ਵਿਸ਼ਾਲ ਮਨੁੱਖੀ ਭਾਈਚਾਰਾ ਜਿਸ ਦਾ ਮਿਸ਼ਨ ਹੈ । ਖਾਲਸਾ ਗੁਰੂ ਦਾ 'ਖਾਸ' ਰੂਪ ਹੈ ਇਸ ਲਈ ਉਹ ਪਾਕ ਅਤੇ ਨੁਕਸ ਰਹਿਤ ਹੈ, ਜਿਸ ਵਿਚ ਕੋਈ ਅਣਮਨੁੱਖੀ ਖੋਟ ਨਹੀਂ ਹੈ । ਉਹ ਉੱਤਮ ਚਰਿੱਤਰ ਦਾ ਮਾਲਕ ਹੈ । ਸਮਾਜ ਲਈ ਇਕ ਚਾਨਣ ਮੁਨਾਰਾ ਹੈ । ਦੁੱਖਾਂ ਦਾ ਦਾਰੂ ਹੈ । ਇਸ ਲਈ ਜੋ ਸੰਗਠਨ-ਪੰਥ ਵਿਚ ਗੁਰੂ ਦੀ ਵਿਚਾਰਧਾਰਾ ਨੂੰ ਅਪਨਾਕੇ ਬ੍ਰਾਹਮਣੀ ਕਰਮਕਾਂਡ ਛੱਡ ਕੇ ਆਉਂਦਾ ਹੈ, ਉਸ ਦੀ ਹਮੇਸ਼ਾ ਜਿੱਤ ਹੁੰਦੀ ਹੈ । ਖਾਲਸਾ ਉਹ ਹੈ ਜਿਸ ਦੀ ਸੁਰਤੀ-ਮੱਤ-ਮਨ ਅਤੇ ਬੁੱਧੀ ਗੁਰੂ ਦੇ ਨਿਯਮਾਂ ਅਨੁਸਾਰ ਢੱਲ ਚੁੱਕੀ ਹੈ । ਜਿਸ ਨੂੰ ਹਰ ਕਿਸਮ ਦੀ ਸਮਝ ਹੈ, ਸੋਝੀ ਹੈ ਤੇ ਉਹ ਕਰਮਾਂ ਦਾ ਸੂਰਮਾ ਹੈ, ਯੋਧਾ ਹੈ, ਬਲਸੂਰਾ ਹੈ । ਸਮਾਜ ਦੇ ਦੁੱਖ ਦੂਰ ਕਰਨ ਲਈ ਡੱਟ ਜਾਂਦਾ ਹੈ ਤੇ ਗਰੀਬਾਂ-ਮਜ਼ਲੂਮਾਂ ਦੀ ਰਾਖੀ ਕਰਦਾ ਹੈ । ਦੁਸ਼ਟਾਂ ਨੂੰ ਸਜ਼ਾ ਦਿੰਦਾ ਹੈ, ਇਨਸਾਫ ਕਰਦਾ ਹੈ । ਮਨੁੱਖੀ ਬਰਾਬਰੀ ਪੈਦਾ ਕਰਦਾ ਹੈ । ਨਫਰਤ ਨਹੀਂ ਕਰਦਾ । ਸਭ ਨੂੰ ਸਾਂਝੀਵਾਲ ਕਹਿੰਦਾ ਹੈ ਤੇ ਮਾਣਸ ਦੀ ਸਾਰੀ ਜਾਤ ਨੂੰ ਇਕ ਰੂਪ ਸਮਝਦਾ ਹੈ ।

ਉਸ ਦੇ ਅੰਦਰ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਕੋਈ ਖੋਟ ਨਹੀਂ ਹੈ, ਕਿਉਂਕਿ ਬਿਪਰਨ ਦੀ ਰੀਤ ਮਗਰ ਜਾਣ ਵਾਲੇ ਉੱਤੇ ਗੁਰੂ ਨੂੰ ਕੋਈ ਭਰੋਸਾ ਨਹੀਂ ਹੈ । ਭਾਵ ਉਹ ਖਾਲਸਾ ਹੀ ਨਹੀਂ । ਨਾ ਉਹ ਗੁਰੂ ਦਾ ਰੂਪ ਹੈ ਤੇ ਨਾ ਉਹ ਫਤਹਿ ਪਾ ਸਕਦਾ ਹੈ, ਕਿਉਂਕਿ ਉਹ ਤਾਂ ਕਿ ਸੂਰਮਾ ਹੈ, ਜੋ ਦੀਨ ਦੇ ਹਿੱਤ ਲਈ ਲੜ ਮਰਦਾ ਹੈ । ਸਪੱਸ਼ਟ ਹੈ ਕਿ ਖਾਲਸਾ ਗੁਰੂ ਦੀ ਵਿਚਾਰਧਾਰਾ ਨੂੰ ਅਪਨਾਕੇ ਉਸ ਅਨੁਸਾਰ ਕਾਇਆ ਪਲਟ ਕਰਕੇ ਸਾਰੀ ਮਨੁੱਖਤਾ ਦੇ ਭਲੇ ਲਈ ਸੰਘਰਸ਼ ਕਰਦਾ ਹੈ । ਉਸ ਵਿਚ ਬ੍ਰਾਹਮਣਵਾਦੀ ਵਿਚਾਰਧਾਰਾ ਵਾਲੀ ਕੋਈ ਖੋਟ ਨਹੀਂ । ਉਹ ਪਵਿੱਤਰ ਇਨਸਾਨ ਹੈ ਤੇ ਗੁਰੂ ਦਾ ਸਾਖਸ਼ਾਤ ਰੂਪ ਹੈ । ਇਸੇ ਕਰਕੇ ਗੁਰੂ ਨੇ ਕਿਹਾ ਕਿ ਮੈਨੂੰ ਸਿਧਾਂਤ ਪਿਆਰੇ ਹਨ, ਰਹਿਣੀ ਪਿਆਰੀ ਹੈ ਭਾਵ ਜ਼ਿੰਦਗੀ ਦਾ ਅਮਲ ਪਿਆਰਾ ਹੈ, ਜੋ ਅਮਲ ਨਾਮ ਦੇ ਰੂਪ ਵਿਚ ਅੰਕਤ ਹੈ ਕਿ ਬੰਦੇ ਨੇ ਇਕ ਪਾਕ ਇਨਸਾਨ ਬਣਨ ਲਈ, ਖੋਟ ਰਹਿਤ ਇਨਸਾਨ ਬਣਨ ਲਈ ਕੀ ਕੀ ਕਰਨਾ ਹੈ, ਕਿਵੇਂ ਕਰਨਾ ਹੈ ਤੇ ਕਿਉਂ ਕਰਨਾ ਹੈ ਤੇ ਗੁਰੂ ਨੂੰ ਬੰਦੇ ਦੀ ਸ਼ਕਲ ਭਾਵ ਬਾਣਾ ਪਿਆਰਾ ਨਹੀਂ, ਬਾਹਰੀ ਦਿਖਾਵਾ ਗੁਰੂ ਨੂੰ ਨਹੀਂ ਚਾਹੀਦਾ ਹੈ । ਉਸ ਨੂੰ ਸਿੱਖ ਨਹੀਂ ਸਗੋਂ ਰਹਿਤ ਪਿਆਰੀ ਹੈ । ਉਸ ਦਾ ਅਮਲ ਪਿਆਰਾ ਹੈ ।

ਗੁਰੂ ਬਾਣੀ ਵਿਚ ਗੁਰਮੁਖ ਬਣਨ ਲਈ ਜੋ ਨਿਯਮ ਦੇ ਮਾਰਗ ਗੁਰੂਆਂ ਨੇ ਘੜੇ ਹਨ, ਉਨ੍ਹਾਂ ਨੂੰ ਅਮਲ ਵਿਚ ਲੈ ਕੇ ਆਉਣ ਵਾਲਾ ਹੀ ਖਾਲਸਾ ਕਹਾਉਣ ਦਾ ਹੱਕਦਾਰ ਹੈ । ਖਾਲਸਾ ਮਨੁੱਖੀ ਚਰਿੱਤਰ ਦਾ ਉਚਤਮ ਨਮੂਨਾ ਹੈ । ਇਹ ਕੋਈ ਭੇਖ ਨਹੀਂ ਦਿਖਾਵਾ ਨਹੀਂ । ਗੁਣਾਂ ਦਾ ਇਕ ਵਿਸ਼ਾਲ ਭੰਡਾਰ ਹੈ ।

ਜੇ ਸਾਰੀ ਗੁਰਬਾਣੀ ਦੇ ਮੂਲ ਮੰਤਰ ਦੀ ਵਿਆਖਿਆ ਵੀ ਕਰ ਲਈਏ ਤਾਂ ਗੱਲ ਹੋਰ ਵੀ ਵਧੀਆ ਬਣ ਸਕਦੀ ਹੈ । ਜੋ ਇਸ ਪ੍ਰਕਾਰ ਹੈ :-

ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰਪਰਸਾਦਿ ॥

ਇਹ ਮੂਲ ਮੰਤਰ ਗੁਰਬਾਣੀ ਦੇ ਰੱਬ ਦਾ ਸਰੂਪ ਹੈ ।

ਭਾਵ :-ਸਾਰਾ ਅਕਾਰ ਇਕ ਤੋਂ ਪੈਦਾ ਹੋਇਆ ਹੈ। ਹਰ ਜੀਵ ਉਸ ਦੀ ਪੈਦਾਵਾਰ ਹੈ। ਇਕ ਬਾਪ ਦੇ ਬੇਟੇ ਊਚ ਨੀਚ, ਚੂੜ੍ਹੇ, ਚਮਾਰ, ਬ੍ਰਾਹਮਣ, ਖੱਤਰੀ, ਨਾਈ, ਜੱਟ, ਖਾਮੇ, ਕੁਰਮੀ, ਲੋਧੇ, ਪਟੇਲ, ਮਰਾਠੇ, ਦੂਬੇ ਚੌਬੇ ਨਹੀਂ ਹੋ ਸਕਦੇ। ਉਹ ਸਭ ਇਕ ਬਾਪ ਦੇ ਪੈਦਾ ਕੀਤੇ ਬਰਾਬਰ ਦੇ ਇਨਸਾਨ ਹਨ। ਰੱਬ ਬੰਦੇ ਪੈਦਾ ਕਰਦਾ ਹੈ। ਇਕੋ ਇਹੋ ਬੰਦੇ। ਜਾਤਾਂ ਪੈਦਾ ਨਹੀਂ ਕਰਦਾ। ਇਹ ਨਾਮ ਇਹ ਵਿਚਾਰ ਸੱਚ ਹੈ। ਸਭ ਦਾ ਕਰਤਾ ਪੁਰਖ ਇਕੋ ਹੈ ਤੇ ਸਾਰੇ ਉਸ ਦੇ ਸਾਂਝੀਵਾਲ ਬੰਦੇ ਹਨ। ਇਹ ਕਿਸੇ ਤੋਂ ਡਰਦਾ ਨਹੀਂ ਜਿਵੇਂ ਕਿ ਬ੍ਰਹਮਾ, ਵਿਸ਼ਨੂੰ, ਮਹੇਸ਼, ਇੰਦਰ, ਰਾਮ ਸਭ ਕਿਸੇ ਡਰ ਕਾਰਨ ਇਕ ਦੂਜੇ ਦੀ ਸਹਾਇਤਾ ਲਈ ਦੌੜਦੇ ਦਿਖਾਈ ਦਿੰਦੇ ਹਨ। ਇਸ ਰੱਬ ਨੂੰ ਕਿਸੇ ਨਾਲ ਵੈਰ ਨਹੀਂ, ਇਸ ਸਭ ਦਾ ਹੈ। ਸਭ ਨੂੰ ਪਿਆਰ ਕਰਦਾ ਹੈ। ਇਹ ਵੈਰ ਭਾਵਨਾ ਨਾਲ ਉਚੇ ਨੀਵੇਂ ਪੈਦਾ ਨਹੀਂ ਕਰਦਾ। ਇਹ ਮੌਤ ਤੋਂ ਰਹਿਤ ਹੈ ਹਿੰਦੂ ਭਗਵਾਨਾਂ ਵਾਂਗ ਵਾਰ-ਵਾਰ ਅਵਤਾਰ ਨਹੀਂ ਲੈਂਦਾ ਤੇ ਨਾ ਹੀ ਜੂਨੀ ਵਿਚ ਆਉਂਦਾ ਹੈ, ਜਦੋਂ ਕਿ ਹਿੰਦੂਆਂ ਦਾ ਰੱਬ ਬਾਰ੍ਹਾ ਭਾਵ ਸੂਰ ਦਾ, ਕਛੂ ਤੇ ਮੱਛ ਦਾ ਅਵਤਾਰ ਵੀ ਧਾਰ ਲੈਂਦਾ ਹੈ। ਨਰਸਿੰਘ ਦਾ ਅਵਤਾਰ ਵੀ ਧਾਰ ਲੈਂਦਾ ਹੈ। ਬ੍ਰਹਮਾ ਵਿਸ਼ਨੂੰ, ਮਹੇਸ਼ ਕਦੀ ਰਾਮ ਬਣਕੇ, ਕਦੀ ਕ੍ਰਿਸ਼ਨ ਬਣਕੇ, ਕਦੀ ਪਰਸੂ ਰਾਮ ਬਣਕੇ ਆਉਂਦੇ, ਜਨਮ ਲੈਂਦੇ ਹਨ। ਜੰਮਦੇ ਹਨ ਤੇ ਮਰਦੇ ਹਨ। ਪਰੰਤੂ ਗੁਰਬਾਣੀ ਦਾ ਰੱਬ ਜੂਨ ਵਿਚ ਨਹੀਂ ਪੈਂਦਾ। ਬਸ ਆਪਣੇ ਆਪ ਵਿਚ ਹੀ ਚਲ ਰਿਹਾ ਹੈ। ਪਰੰਤੂ ਇਸ ਦੀ ਸਮਝ ਸਿਰਫ ਗੁਰੂ ਤੋਂ ਮਿਲੇ ਸੱਚੇ ਗਿਆਨ ਨਾਲ ਹੀ ਆ ਸਕਦੀ ਹੈ। ਜੇ ਬ੍ਰਹਮ ਗਿਆਨੀ ਗੁਰੂ ਮੇਹਰਬਾਨੀ ਕਰੇ ਤਾਂ ਹੀ ਗੱਲ ਦੀ ਸਮਝ ਪੈ ਸਕਦੀ ਹੈ। ਜਿਵੇਂ ਹਿੰਦੂ ਵਿਚਾਰਧਾਰਾ ਦੀ ਸਮਝ ਬ੍ਰਾਹਮਣਵਾਦ ਦਿੰਦਾ ਹੈ, ਉਸੇ ਤਰ੍ਹਾਂ ਸਿੱਖ ਵਿਚਾਰਧਾਰਾ ਤੇ ਉਸ ਦੇ ਰੱਬ ਦੀ ਸੋਝੀ ਗੁਰੂ ਹੀ ਦੇ ਸਕਦਾ ਹੈ, ਜੋ ਬ੍ਰਹਿਮੰਡ ਨੂੰ ਸਮਝਣ ਦੇ ਸਮਰੱਥ ਹੈ ਤੇ ਸੱਚ ਦਾ ਖੋਜੀ ਹੈ। ਇਹ ਰੱਬ ਗੁਰੂ ਵਾਲੇ ਸਮਾਜ ਦੀ ਜਮਾਤ ਦਾ ਰੱਬ ਹੈ, ਜਿਸ ਦਾ ਚਰਿੱਤਰ ਹਿੰਦੂ ਵਿਚਾਰਧਾਰਾ ਵਾਲੇ ਰੱਬ ਤੋਂ ਬਿਲਕੁਲ ਵੱਖਰਾ ਹੈ ਤੇ ਉਸ ਦੀਆਂ ਵਿਸ਼ੇਸ਼ਤਾਈਆਂ ਹੋਰ ਹਨ। ਇਸ ਦੀਆਂ ਵਿਸ਼ੇਸ਼ਤਾਈਆਂ ਹੋਰ ਹਨ। ਭਗਵਾਨ ਨੂੰ ਤਾਂ ਬ੍ਰਾਹਮਣ ਸਰਾਪ ਵੀ ਦੇ ਸਕਦਾ ਹੈ। ਪਰੰਤੂ ਗੁਰਬਾਣੀ ਦਾ ਰੱਬ ਨਿਰਅਕਾਰ ਹੈ ਤੇ ਸਰਬਸ਼ਕਤੀਵਾਨ ਹੈ। ਖੁਸ਼ੀਆਂ ਤੇ ਪਾਤਸ਼ਾਹੀਆਂ ਬਖਸ਼ ਦਿੰਦਾ ਹੈ। ਵੱਡੇ-ਵੱਡੇ ਸੁਲਤਾਨਾਂ ਨੂੰ ਮਿੱਟੀ ਘੱਟੇ ਰਲਾ ਦਿੰਦਾ ਹੈ।

ਇਸ ਤੋਂ ਬਾਅਦ ਸਤਿਗੁਰੂ ਕਬੀਰ ਬਾਣੀ, ਗੁਰੂ ਰਵੀਦਾਸ ਬਾਣੀ, ਸਤਿਗੁਰੂ ਨਾਮਦੇਵ ਬਾਣੀ ਤੇ ਹੋਰ ਬਾਣੀ ਦਿਆਂਗੇ ਤਾਂ ਕਿ ਬਾਣੀ ਨੂੰ ਮੂਲ ਰੂਪ ਵਿਚ ਪੜ੍ਹ ਕੇ ਹੀ ਸਿੱਖ ਲਹਿਰ ਦਾ ਦਰੁਸਤ ਨਿਰਨਾ ਹਰ ਸਧਾਰਨ ਬੁੱਧੀ ਵਾਲਾ ਆਦਮੀ ਵੀ ਕਰ ਸਕੇ ਕਿ ਸਿੱਖ ਲਹਿਰ ਕੋਈ ਧਾਰਮਿਕ ਭਜਨ ਬੰਦਗੀ ਨਹੀਂ ਸਗੋਂ ਇਹ ਸਮਾਜਿਕ, ਰਾਜਨੀਤੀ ਅਤੇ ਆਰਥਿਕ ਕ੍ਰਾਂਤੀ ਦੇ ਨਾਲ-ਨਾਲ ਵਿਦਿਅਕ ਕ੍ਰਾਂਤੀ ਵੀ ਹੈ, ਜਿਸ ਨੇ ਆਰੀਅਨ ਸੱਭਿਆਚਾਰਕ ਭਾਵ ਬ੍ਰਾਹਮਣੀ ਜਾਤਪਾਤੀ ਢਾਂਚੇ ਨੂੰ ਜੜੋਂ ਉਖਾੜ ਕੇ, ਬਰਾਬਰੀ, ਇਨਸਾਫ ਤੇ ਭਾਈਚਾਰੇ ਵਾਲਾ, ਸਰਬਸਾਂਝਾ ਮਾਨਵੀ ਢਾਂਚਾ ਤਿਆਰ ਕਰਨ ਦਾ ਸਿਰਤੋੜ ਯਤਨ ਕੀਤਾ।

ਬਾਣੀ ਸੰਤਗੁਰੂ ਨਾਮਦੇਵ ਅਤੇ ਬ੍ਰਾਹਮਣਵਾਦ

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ। (ਗੁਰੂ ਅਰਜਨ ਦੇਵ)

ਸਤਿਗੁਰ ਮਿਲੈ ਤ ਸਹਸਾ ਜਾਈ। ਕਿਸ ਹਉ ਪੂਜਉ ਦੂਜਾ ਨਦਰਿ ਨ ਆਈ।
ਏਕੈ ਪਾਥਰ ਕੀਜੈ ਭਾਉ। (ਪਿਆਰ) ਦੂਜੈ ਪਾਥਰ ਧਰੀਐ ਪਾਉ। (ਪੈਰ)
ਜੇ ਉਹ ਦੇਉ (ਦੇਵਤਾ) ਤ ਉਹ ਭੀ ਦੇਵਾ। ਕਹਿ ਨਾਮ ਦੇਵ ਹਮ ਹਰਕੀ ਸੇਵਾ। (ਗੁਜਰੀ)

• • • • •

ਹਿੰਦੂ ਪੂਜੈ ਦੇਹੁਰਾ, ਮੁਸਲਮਾਨੁ ਮਸੀਤਿ। ਨਾਮੇ ਸੋਇ ਸੇਵਿਆ ਜੁ ਦੇਹੁਰਾ ਨ ਮਸੀਤਿ।

• • • • •

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ, ਅਗਨਿ ਦਹੈ।
ਕਾਇਆ ਕਲਪ ਕੀਜੈ ਅਸਮੇਧੁ ਜਗ ਕੀਜੈ। ਸੋਨਾ ਗਰਭੁ ਦਾਨੁ ਦੀਜੈ।
ਛੋਡਿ ਛੋਡਿ ਰੇ ਪਾਖੰਡੀ। ਮਨ ਕਪਟੁ ਨ ਕੀਜੈ।
ਹਰਿ ਕਾ ਨਾਮ ਨਿਤ ਨਿਤ ਲੀਜੈ।
(ਛੱਡੀਏ ਪਖੰਡਾ, ਨਾਮ ਲਈਏ ਜਾਇ ਤਰੰਦਾ-ਗੁਰੂ ਨਾਨਕ)

• • • • •

ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥

• • • • •

ਹੱਸਤ ਖੇਲਤ ਤੇਰੇ ਦੇਹੁਰੇ ਆਇਆ । ਭਗਤ ਕਰਤ ਨਾਮਾ ਪਕਰਿ ਉਠਾਇਆ ॥
ਹੀਨੜੀ ਜਾਤਿ ਮੇਰੀ ਜਾਦਮ ਰਾਇਆ । ਛੀਪੇ ਕੇ ਜਨਮ ਕਾਹੇ ਕਉ ਆਇਆ ॥

• • • • •

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ।
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ।

• • • • •

ਏ ਪੰਡੀਆ ਮੋ ਕਉ। ਢੇਡ ਕਹਿਤ ਤੇਰੀ ਪੈਜ ਪਿਛੰਉਡੀ ਹੋਇਲਾ।
ਫੇਰ ਦੀਆ ਦੇਹੁਰਾ ਨਾਮੇ ਕਉ।
(ਬ੍ਰਾਹਮਣ) ਪੰਡੀਅਨ ਕਉ ਪਿਛਵਾਰਲਾ। (ਪਛਾੜਨਾ) (ਆਸਾ)

• • • • •

ਕਹਾ ਕਰਉ ਜਾਤੀ, ਕਹਾ ਕਰਉ ਪਾਤੀ। ਰਾਮ ਕੋ ਨਾਮੁ ਜਪਉ ਦਿਨ ਰਾਤੀ ।

• • • • •

ਪੰਡਿਤ ਹੋਇ ਕੈ ਬੇਦੁ ਬਖਾਨੈ। ਮੂਰਖ ਨਾਮਦੇਉ ਰਾਮਹਿ ਜਾਨੈ ।
ਅਸੁਮੇਧ ਜਗਨੇ ਤੁਲਾ ਪੁਰਖ ਦਾਨੇ। ਪ੍ਰਾਗ (ਤੀਰਥ ਦਾਨਾ) ਇਸਨਾਨੇ ।
ਤਉ ਨ ਪੁਜਹਿ, ਹਰਿ ਕੀਰਤਿ ਨਾਮਾ।
(ਤੀਰਥ) ਗਇਆ ਪਿੰਡੁ ਭਰਤਾ। (ਜਿਥੇ ਪਿਤਰਾਂ ਲਈ ਕਰਮਕਾਂਡ ਕੀਤਾ ਜਾਂਦਾ ਹੈ)
ਬਨਾਰਸਿ ਅਸਿ ਬਸਤਾ (ਰਹਿੰਦਾ) ਮੁਖਿ ਬੇਦ ਚਤੁਰ ਪੜਤਾ।
ਸਗਲ ਧਰਮ ਅਛਿਤਾ। (ਸਾਰੇ ਕਰਮ ਕਾਂਡ ਕਰਦਾ ਹੋਵੇ) ਗੁਰ ਗਿਆਨ ਇੰਦ੍ਰੀ ਦ੍ਰਿੜਤਾ।
(ਇੰਦਰੀ ਨੂੰ ਵੱਸ ਕਰਨਾ ਚਾਹੇ) ਖਟੁ ਕਰਮ (ਝੂਠੇ ਕੰਮ) ਸਹਿਤ ਰਹਿਤਾ ।

• • • • •

ਸਿਵ ਸਿਵ (ਸ਼ਿਵਜੀ) ਕਰਤੇ ਜੋ ਨਰ ਧਿਆਵੈ। ਬਰਦ ਚਢੇ ਡਉਰੂ ਢਮਕਾਵੈ।
ਮਹਾਮਾਈ (ਦੁਰਗਾ) ਕੀ ਪੂਜਾ ਕਰੈ। ਨਰ ਸੈ ਨਾਰਿ ਹੋਇ ਅਉਤਰੈ।
ਤੂ ਕਹੀਅਤ ਹੀ ਆਦਿ ਭਵਾਨੀ। ਮੁਕਤਿ ਕੀ ਬਰੀਆ ਕਹਾ ਛਪਾਨੀ।
ਬੇਦ ਪੁਰਾਨ ਸਾਸਤ੍ਰ ਆਨੰਤਾ। ਗੀਤ ਕਬਿਤ ਨ ਗਾਵਉਗੋ।

• • • • •

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ।
ਅਠ ਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰ ਨਾਉਗੋ।
ਸਤਿ ਸਤਿ ਸਤਿ ਸਤਿ ਸਤਿ ਗੁਰਦੇਵ। ਝੂਠ ਝੂਠ ਝੂਠ ਝੂਠ ਆਨ (ਹੋਰ) ਸਭ ਸੇਵ।
(ਜਿਵੇਂ ਸ਼ੂਦਰ ਦਾ ਧਰਮ ਬ੍ਰਾਹਮਣ ਕਸ਼ਤਰੀ ਤੇ ਵੈਸ਼ ਦੀ ਸੇਵਾ ਕਰਨਾ ਸੀ।)

• • • • •

ਜਉ ਗੁਰਦੇਉ ਤ ਅਠਸਠਿ ਨਾਇਆ। ਜਉ ਗੁਰਦੇਉ ਤਨਿ ਚਕ੍ਰ ਲਗਾਇਆ।
(ਕਾਇਆ ਪਲਟ ਗਈ)

• • • • •

(ਗਯਾ) ਗੰਗਾ, ਗਯਾ, ਗੁਦਾਵਰੀ (ਤੀਰਥ) ਸੰਸਾਰ ਕੇ ਕਾਮਾ।
ਨਾਰਾਇਣ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ॥

• • • • •

ਨਾਮੇ ਪ੍ਰੀਤਿ ਲਗੀ ਹਰ ਸੇਤੀ ਲੋਕ ਛੀਪਾ ਕਹਿ ਬੁਲਾਇ।
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮ ਦੇਉ ਲੀਆ ਮੁਖਿ ਲਾਇ ।

• • • • •

ਪਾਂਡੇ ਤੁਮਰੀ ਗਾਇਤਰੀ ਲੋਧੇ ਕਾ ਖੇਤ ਖਾਤੀ ਥੀ।
ਲੇਕਰ ਠੇਗਾ (ਸੋਟੀ) ਟਗਰੀ (ਟੰਗ) ਤੋਰੀ ਲਾਂਗਤ ਲਾਂਗਤ ਜਾਤੀ ਥੀ।
ਪਾਂਡੇ ਤੁਮਰਾ ਮਹਾਦੇਵ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ।
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ।
ਪਾਂਡੇ ਤੁਮਰਾ ਰਾਮ ਚੰਦ ਸੋਵੀ ਆਵਤ ਦੇਖਿਆ ਥਾ।
ਰਾਵਨ ਸੇਤੀ (ਨਾਲ) ਸਰਵਰ (ਲੜਾਈ) ਹੋਈ ਘਰ ਕੀ ਜੋਇ (ਔਰਤ) ਗਵਾਈ ਥੀ।

• • • • •

ਹਿੰਦੂ ਅੰਨ੍ਹਾ ਤੁਰਕੂ ਕਾਣਾ। ਦੁਹਾਂ ਤੇ ਗਿਆਨੀ ਸਿਆਨਾ॥

• • • • •

ਹਿੰਦੂ ਪੂਜੇ ਦੇਹੁਰਾ ਮੁਸਲਮਾਨ ਮਸੀਤ। ਨਾਮੇ ਸੋਈ ਸੇਵਿਆ ਨਾ ਦੇਹੁਰਾ ਨਾ ਮਸੀਤ ॥

• • • • •

ਪੰਡਿਤੁ ਹੋਇ ਕੈ ਬੇਦੁ ਬਖਾਨੈ। ਮੂਰਖ ਨਾਮਦੇਉ ਰਾਮਹਿ ਜਾਨੈ॥

• • • • •

ਅਸੁਮੇਧ ਜਗ ਨੇ ॥ ਤੁਲਾ ਪੁਰਖ ਦਾਨੇ॥
ਪ੍ਰਾਗ ਇਸਨਾਨੇ ।ਤਉਨ ਪੂਜਹਿ ॥ ਹਰਕੀਰਤ ਨਾਮਾ।

• • • • •

ਭੈਰਉ ਭੂਤ ਸੀਤਲ ਧਾਵੈ। ਖਰ ਬਾਹਨ ਉਹੁ ਛਾਰ ਉਡਾਵੈ
ਹਉ ਤਉ ਏਕ ਰਮਈਆ ਲੈਹਉ। ਆਨ ਦੇਵ ਬਦਲਾਵਨ ਦੈਹਉ ॥

• • • • •

ਸਤਿਗੁਰੂ ਮਿਲੈ ਤ ਸਹਸਾ ਜਾਈ। ਕਿਸ ਹਉ ਪੂਜਉ ਦੂਜਾ ਨਦਰਿ ਨ ਆਈ ।
ਏਕੈ ਪਾਥਰ ਕੀਜੈ ਭਾਉ। ਦੂਜੈ ਪਾਥਰ ਧਰੀਐ ਪਾਉ। (ਪੈਰ)
ਜੇ ਉਹੁ ਦੇਉ (ਦੇਵਤਾ) ਤ ਉਹੁ ਭੀ ਦੇਵਾ। ਕਹਿ ਨਾਮ ਦੇਉ ਹਮ ਹਰਿ ਕੀ ਸੇਵਾ ।

• • • • •

ਕਬੀਰ ਧਿਆਇਓ ਏਕ ਰੰਗ। ਨਾਮਦੇਵ ਹਰਿ ਜੀਉ ਬਸਹਿ ਸੰਗਿ।
ਰਵਿਦਾਸ ਧਿਆਏ ਪ੍ਰਭ ਅਨੂਪ। ਗੁਰੂ ਨਾਨਕ ਦੇਵ ਗੋਬਿੰਦ ਰੂਪ। (ਗੁਰੂ ਅਰਜਨ)

• • • • •

ਗੁਣ ਗਾਵੈ ਰਵਿਦਾਸ ਭਗਤੁ ਜੈਦੇਵ ਤ੍ਰਿਲੋਚਨ।
ਨਾਮਾ ਭਗਤ ਕਬੀਰ ਸਦ ਗਾਵਹਿ ਸਮਲੋਚਨ। (ਗੁਰੂ ਨਾਨਕ)

• • • • •

(2) ਸੰਤਗੁਰੂ ਕਬੀਰ ਜੀ ਅਤੇ ਬ੍ਰਾਹਮਣਵਾਦ

ਅੱਲਾ ਏਕ ਨੂਰ ਉਪਜਿਆ, ਤਾਕੀ ਕੈਸੀ ਨਿੰਦਾ।
ਵੋਹੀ ਨੂਰ ਤੇ ਸਭ ਜਗ ਉਪਜਿਆ, ਕੌਣ ਭਲਾ ਕੌਣ ਮੰਦਾ ।

• • • • •

ਏਕੈ ਬੂੰਦ, ਏਕ ਮਲ-ਮੂਤਰ, ਏਕ ਚਾਮ ਏਕ ਗੁਦਾ।
ਏਕ ਜੋਤ ਤੇ ਸਭ ਉਤਪੰਨਾ, ਕੋ ਬਾਮਨ ਕੋ ਸੂਦਾ ।

• • • • •

ਜੰਤਰ ਮੰਤਰ ਸਭ ਝੂਠ ਹੈ, ਮਤ ਭਰਮੋ ਜਗ ਕੋਇ ।

• • • • •

ਕਿਆ ਜਪੁ, ਕਿਆ ਤਪੁ ਕਿਆ ਬਰਤ ਪੂਜਾ।
ਜਾ ਕੈ ਰਿਦੈ ਭਾਉ (ਫਰਕ) ਹੈ ਦੂਜਾ ।

• • • • •

ਕਰਤ ਕਰਤ ਬੇਦ ਅਹੰਮੇਵ। (ਹੰਕਾਰ) ਮਿਲਿ, ਪਾਥਰ ਕੀ ਕਰਹੀ ਸੇਵ

• • • • •

ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ। ਸਾਂਕਲ (ਵਰਣ ਪ੍ਰਬੰਧ) ਜੇਵਰੀ (ਕਰਮਕਾਂਡ) ਲੈ ਹੈ ਆਈ
ਆਪਨ ਨਗਰ ਆਪਤੇ ਬਾਧਿਆ। (ਬੰਨ੍ਹਿਆ ਨੂੜਿਆ) ਮੋਹ ਕੈ ਫਾਧਿ (ਫੰਧਾ) ਕਾਲ ਸਰ ਸਾਂਧਿਆ ।
ਕਟੀ ਨ ਕਟੈ ਤੂਟਿ ਨਾ ਜਾਈ। ਸਾ ਸਾਪਨ (ਸਪਣੀ) ਹੋਇ ਜਗਤ ਕਉ ਖਾਈ ।
ਹਮ ਦੇਖਤ, ਜਿਨ ਸਭ ਜਗ ਲੂਟਿਆ। ਕਹੁ ਕਬੀਰ ਮੈਂ ਰਾਮ ਕਹਿ ਛੂਟਿਆ। (ਮੁਕਤ ਹੋਇਆ)

• • • • •

ਕਹਿਤ ਕਬੀਰ ਭਲੇ ਅਸਵਾਰਾ। ਬੇਦ-ਕਤੇਬ ਤੇ ਕਹੇ ਨਿਆਰਾ। (ਵੱਖ-ਨਿਰਲੇਪ)
ਮਾਟੀ ਕੇ ਕਰ ਦੇਵੀ ਦੇਵਾ ਤਿਸ ਆਗੈ ਕਿਉਂ ਜੀਉ (ਜੀਵਾਂ ਦੀਆਂ ਬਲੀਆਂ) ਦੇਹੀ ।
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨਾ ਲੇਹੀ।
ਸਰ ਜੀਉ (ਜਿਉਂਦੇ ਨੂੰ) ਕਾਟਹਿ। ਨਿਰ ਜੀਉ (ਨਿਰਜੀਵ) ਪੂਜਹਿ।
ਅੰਤ ਕਾਲ ਕਉ ਭਾਰੀ।

• • • • •

ਦੇਵੀ ਦੇਵਾ ਪੂਜਹਿ ਡੋਲਹਿ। ਪਾਰ ਬ੍ਰਹਮ ਨਹੀਂ ਜਾਨਾਂ।

• • • • •

ਗਜ ਸਾਢੇ ਤੈ ਤੈ ਧੋਤੀਆਂ, ਤਿਹਰੇ ਪਾਇਨ ਤੱਗ (ਜਨੇਊ)।
ਗਲੀ ਜਿਨਾ ਜਪਮਾਲੀਆਂ, ਲੋਟੇ ਹੱਥ ਨਿਬੱਗ (ਚਿੱਟੇ ਲਿਸ਼ਕਦੇ)
ਉਇ ਹਰਕੇ ਸੰਤ ਨਾ ਆਖੀਅਹਿ, ਬਾਨਾਰਸਿ ਕੇ ਠੱਗ।

• • • • •

ਐਸੇ ਸੰਤ ਨਾ ਮੋਕਹੁ ਭਾਵੈ,
ਡਾਲਾ (ਟਾਹਣੀਆਂ) ਸਿਉ ਪੇਡਾ (ਪੇੜ) ਮਟਕਾਵਹਿ (ਖਾ ਜਾਣ)
ਬਾਸਨ (ਭਾਂਡਾ) ਮਾਂਜ ਚਰਾਵਹਿ (ਚੜ੍ਹਾਉਂਦੇ) ਊਪਰਿ, ਕਾਠੀ ਧੋਇ ਜਲਾਵਹਿ ।
ਬਸੁਧਾ (ਧਰਤੀ) ਖੋਦ ਕਰਹਿ ਦੋਇ ਚੂਲੇ ਸਾਰੇ ਮਾਨਸ (ਮਨੁੱਖ) ਖਾਵਹਿ।
ਓਇ ਪਾਪੀ ਸਦਾ ਫਿਰਹਿ ਅਪਰਾਧੀ (ਅਪਰਾਧ ਕਰਦੇ) ਮੁਖਹੁ ਅਪਰਸ (ਅਛੋਹ ਉਚ ਉੱਤਮ) ਕਹਾਵਹਿ।
ਸਦਾ ਸਦਾ ਫਿਰਹਿ ਅਭਿਮਾਨੀ ਸਕਲ (ਸਾਰਾ) ਕਟੁੰਬ ਡੁਬਾਵਹਿ (ਡੋਬਣਾ)।
ਜਿਤ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵਹਿ ।
ਕਹੁ ਕਬੀਰ ਜਿਸ ਸਤਿਗੁਰੂ ਭੇਟੈ ਪੁਨਰ ਜਨਮ ਨਾ ਆਵਹਿ।

• • • • •

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭਰਮਾਨਾ।
ਲੁੰਜਿਤ ਮੁੰਜਿਤ ਮੋਨ ਜਟਾਧਾਰ, ਅੰਤ ਤਊਤੇ ਮਰਨਾ।
ਬੇਦ ਪੁਰਾਨ ਸਿੰਮ੍ਰਿਤ ਸਭ ਖੋਜੇ, ਕਾਹੂ ਨਾ ਊਬਰਨਾ (ਬਚਣਾ)
ਸ਼ਨਕ ਸਨੰਦ (ਬ੍ਰਹਮਾ ਦੇ ਪੁੱਤਰ) ਅੰਤ ਨਹੀਂ ਪਾਇਆ।
ਬੇਦ ਪੜੇ ਪੜਿ ਬ੍ਰਹਮੇ ਜਨਮ ਗਵਾਇਆ।
ਅੰਤਰ ਮੈਲ ਜੇ ਤੀਰਥ ਨਾਵੈ, ਤਿਸ ਬੈਕੁੰਠ ਨ ਜਾਨਾ।

ਜਲਕੈ ਮਜਨ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵੈ।
ਜੈਸੇ ਮੇਂਡੁਕ ਤੈਸੇ ਓਇਨਰ, ਫਿਰ ਫਿਰ ਜੋਨੀ ਆਵੈ।
ਮਨਹੁ ਕਠੋਰ ਹੰਕਾਰੀ (ਭੇਦਭਾਵ ਕਰਨ ਵਾਲਾ) ਮਰੈ ਬਨਾਰਸਿ।
ਨਰਕ ਨਾ ਬਾਂਚਿਆ (ਬਚਿਆ) ਜਾਵੈ।

• • • • •

ਓਛੀ ਮਤਿ ਮੇਰੀ ਜਾਤਿ ਜੁਲਾਹਾ। ਹਰਿ ਕਾ ਨਾਮ ਲਹਿਓ ਮੈਂ ਲਾਹਾ।

• • • • •

ਬੁੱਤ ਪੂਜ ਹਿੰਦੂ ਮੂਏ। ਤੁਰਕ ਮੂਏ ਸਿਰ ਨਾਈ (ਨਿਵਾਕੇ, ਸਿਜਦੇ ਕਰਕੇ)।
ਓਇ ਲੇ ਜਾਰੇ (ਚਿਖਾ 'ਚ ਜਾਲਦੇ) ਓਇਲੇ ਗਾਡੇ (ਕਬਰ 'ਚ ਦਫਨਾਉਂਦੇ ਹਨ)
ਤੇਰੀ ਗਤਿ ਦੁਹੂ ਨ ਪਾਈ।

• • • • •

ਬੇਦ ਪੜੇ ਪੜ ਪੰਡਤ ਮੂਏ, ਰੂਪ ਦੇਖ ਨਾਰੀ।
ਰਾਮ ਨਾਮ ਬਿਨੁ ਸਭੈ ਬਿਗੂਤੇ (ਖੁਆਰ) ਦੇਖਹੁ ਨਿਰਖ (ਪਰਖ ਕੇ) ਸਰੀਰੀ।

• • • • •

ਬੇਦ ਪੁਰਾਨ ਸਭੇ ਮਤਿ ਸੁਨਿਕੇ, ਕਰੀ ਕਰਮ ਕੀ ਆਸਾ।
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਤ ਪੈ ਚਲੇ ਨਿਰਾਸਾ।
ਸਨਕ ਸਨੰਦ ਅੰਤ ਸਮਾਨਾ ਸੇਖ ਨਾਗਿ ਤੇਰੋ ਮਰਮੁ (ਭੇਦ) ਨਾ ਜਾਨਾ।
ਹਨੂੰਮਾਨ ਸਰ (ਸਿਰਤੇ) ਗਰੜ ਸਮਾਨਾ ਸੁਰਪਤਿ (ਇੰਦਰ) ਨਰਪਤਿ (ਮਨੁੱਖ ਰਾਜਾ) ਨਹੀਂ ਗੁਨ ਜਾਨਾ।
ਚਾਰੇ ਬੇਦ ਅਰ ਸਿੰਮ੍ਰਿਤ ਪੁਰਾਨਾ ਕਵਲਾ ਪਤੀ (ਵਿਸ਼ਨੂੰ ਲੱਛਮੀ ਦਾ ਪਤੀ) ਕਵਲਾ ਨਹੀਂ ਜਾਨਾ।
ਇੰਦ੍ਰ ਲੋਕ ਸਿਵ ਲੋਕਹਿ ਜੈਬੋ। ਓਛੇ (ਛੋਟੇ) ਤਪਕਰ, ਬਹੁਰ, ਐਬੋ। (ਛੋਟੇ ਐਬ)

• • • • •

ਬੇਦ ਕਤੇਬ ਇਫਤਮ ਭਾਈ, ਦਿਲ ਕਾ ਫਿਕਰ ਨਾ ਜਾਇ।
ਦਰੋਗੁ (ਗ੍ਰੰਥੀ-ਪੁਜਾਰੀ) ਪੜਿ ਪੜਿ ਖੁਸ਼ੀ ਹੋਇ।
ਬੇਖਬਰ ਬਾਦੁ (ਵਾਦ-ਵਿਵਾਦ ਕਰਦੇ) ਬਕਾਇ।
ਹੱਕ ਸਚ ਖਾਲੁਕ ਖਲਕ (ਲੋਕ), ਮਿਆਨੇ, ਸਿਆਮ (ਕ੍ਰਿਸ਼ਨ ਦੀ) ਮੂਰਤਿ (ਮੂਰਤੀ) ਨਾਹਿ।
ਘਰ ਦੇ ਦੇਵ (ਦੇਵਤੇ ਬ੍ਰਾਹਮਣ) ਪਿਤਰ ਕੀ ਛੋਡੀ, ਗੁਰ ਕੋ ਸ਼ਬਦ ਲਇਓ (ਗੁਰੂ ਦਾ ਗਿਆਨ ਲਇਆ)

• • • • •

ਕਾਸੀ ਤੇ ਧੁਨਿ ਉਪਜੈ, ਧੁਨਿ ਕਾਸੀ ਜਾਈ।
ਕਾਸੀ ਫੂਟੀ ਪੰਡਤਾ, ਧੁਨਿ ਕਹਾ ਸਮਾਈ।

• • • • •

ਜਗ ਮਹਿ ਬਕਤੇ (ਕਹਿੰਦੇ) ਦੂਧਾ ਧਾਰੀ। (ਦੁੱਧ ਤੇ ਪਲਣ ਵਾਲੇ)
ਗੁਪਤੀ (ਚੋਰੀ) ਖਾਵਹਿ ਵਟਿਕਾ (ਮੁਕਤੀ ਪਿੰਨੀ) ਸਾਰੀ।
ਅੰਨੇ ਬਿਨਾ ਨਾ ਹੋਈ ਸੁਕਾਲ। (ਮੁਕਤੀ), ਤਜੀਐ ਅੰਨ ਨਾ ਮਿਲੈ ਗੁਪਾਲ।

• • • • •

ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ, ਸੋ ਕਿਉਂ ਬ੍ਰਾਮਨ ਬਿਸਰੁ ਕਰੈ।
ਜਾਕੇ ਪਾਇ ਜਗਤ ਸਭ ਲਾਗੇ, ਸੋ ਕਿਉਂ ਪੰਡਿਤ ਹਰਿ ਨ ਕਹੈ
ਕਾਹੇ ਰੇ ਹਰਿ ਨ ਕਹਹਿ, ਰਾਮ ਨਾ ਬੋਲੇ ਪਾਂਡੇ ਦੋਜਕੁ ਭਰਹਿ,
ਆਪਨ ਊਚ, ਨੀਚ ਘਰ ਭੋਜਨ, ਹਠੇ-ਕਰਮ ਕਰਿ ਉਦਰੁ (ਪੇਟ) ਭਰਹਿ।
ਚਉਦਸ, ਅਮਾਵਸ ਰਚਿ ਰਚਿ ਮਾਂਗਹਿ, ਕਰ ਦੀਪਕ ਲੈ ਕੂਪ (ਖੂਹ 'ਚ) ਪਰਹਿ।

ਤੂੰ ਬਾਮਨ ਮੈਂ ਕਾਸੀ ਕਾ ਜੁਲਾਹਾ, ਮੁਹਿ ਤੁਹਿ ਬਰਾਬਰੀ ਕੈਸੇ ਕੇ ਬਨਹਿ।
ਹਮ ਰੇ ਰਾਮ ਨਾਮ ਕਹਿ ਉਬਰੇ (ਤਰ ਗਏ) ਬੇਦ ਭਰੋਸੇ ਪਾਂਡੇ ਡੂਬਿ ਮਰਹਿ।

• • • • •

ਕਹਿ ਕਬੀਰ ਕੁਲ ਜਾਤਿ ਪਾਤਿ ਤਜੇ, ਚੀਟੀ ਹੋਇ (ਕੀੜੀ ਵਾਂਗ) ਚੁਨ ਖਾਈ ।(ਭਿੰਨ ਭੇਦ ਤੋਂ ਰਹਿਤ ਹੈ)

• • • • •

ਮੈਲਾ ਬ੍ਰਹਮਾ, ਮੈਲਾ ਇੰਦੂ, ਰਵਿ ਮੈਲਾ ਹੈ ਮੈਲਾ ਚੰਦ, ਮੈਲਾ ਮਲਤਾ ਇਹ ਸੰਸਾਰ।

• • • • •

ਹਮਰਾ ਝਗਰਾ ਰਹਾ ਨਾ ਕੋਊ, ਪੰਡਤ ਮੁਲਾਂ ਛਾਡੇ ਦੋਊ,
ਪੰਡਤ ਮੁਲਾਂ ਜੋ ਲਿਖਿ ਦੀਆ, ਛਾਡਿ ਚਲੇ ਹਮ ਕਛੂ ਨਾ ਲੀਆ ।
ਜੋ ਪਾਥਰ ਕੋ ਕਹਿਤੇ ਦੇਵ, ਤਾਕੀ ਬਿਰਥਾ ਹੋਵੈ ਸੇਵ।

• • • • •

ਜੋ ਪਾਥਰ ਕੇ ਪਾਇ ਪਾਇ, ਤਿਸਕੀ ਘਾਲ ਅਜਾਂਈ ਜਾਇ ।
ਅੰਤਰ ਦੋਊ ਨਾ ਜਾਨੈ ਅੰਧੁ, ਭਰਮ ਕਾ ਮੋਹਿਆ ਪਾਵੈ ਫੰਧੁ,
ਨਾ ਪਾਥਰ ਬੋਲੇ ਨਾ ਕਿਛੁ ਦੇਇ, ਫੋਕਟ ਕਰਮ ਨਿਹਫਲ ਹੈ ਸੇਵ।
ਜੋ ਮ੍ਰਿਤਕ ਕਉ ਚੰਦਨ ਚੜਾਵੈ।ਉਸਤੇ ਕਹਹੁ ਕਵਨ ਫਲ ਪਾਵੈ ।

• • • • •

ਮਾਤਾ ਜੂਠੀ ਪਿਤਾ ਵੀ ਜੂਠਾ, ਜੂਠੇ ਹੀ ਫਲ ਲਾਗੇ।
ਆਵਹਿ ਜੂਠੇ ਜਾਹਿ ਵੀ ਜੂਠੇ, ਜੂਠੇ ਮਰੇ ਅਭਾਗੇ।
ਕਹੁ ਪੰਡਤ ਸੂਚਾ ਕਵਨ ਥਾਓ, ਜਹਾ ਬੈਸ ਹਉ ਭੋਜਨ ਖਾਓ,
ਜਿਹਵਾ ਜੂਠੀ ਬੋਲਤ ਜੂਠਾ, ਕਰਨ (ਕੰਨ) ਨੇਤ੍ਰ ਸਭ ਜੂਠੇ ।
ਇੰਦਰੀ ਕੀ ਜੂਠ ਉਤਰਸ ਨਾਹੀ, ਬ੍ਰਹਮ ਅਗਨਿ ਕੇ ਲੂਠੇ (ਭਰੇ),
ਅਗਨ ਭੀ ਜੂਠੀ, ਪਾਨੀ ਜੂਠਾ ਜੂਠੀ ਬੈਸ ਪਕਾਇਆ ॥
ਜੂਠੀ ਕਰਛੀ ਪਰੋਸਨ ਲਾਗਾ, ਜੂਠੇ ਹੀ ਬੈਸ ਖਾਇਆ ॥
ਗੋਬਰ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ॥
ਕਹਿ ਕਬੀਰ ਤੇਈ ਨਰ ਸੂਚੇ, ਸਾਚੀ ਪਰੀ (ਪਈ) ਬਿਚਾਰਾ (ਵਿਚਾਰਧਾਰਾ) ॥
(ਜਿਨ੍ਹਾਂ ਪਾਸ ਸੱਚੀ ਵਿਚਾਰਧਾਰਾ ਹੈ ।ਗੁਰੂ ਬਾਣੀ 'ਚ ਇਸੇ ਵਿਚਾਰਧਾਰਾ ਨੂੰ ਨਾਮ ਕਿਹਾ ਗਿਆ ਹੈ ।)

• • • • •

ਬਿਨ ਸਤ ਸਤੀ ਹੋਇ ਕੈਸੇ ਨਾਰਿ।ਪੰਡਤ ਦੇਖਹੁ ਰਿਦੈ ਵਿਚਾਰ ॥

• • • • •

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ॥
ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾਂ ਬਸੈ ਨਿਰੰਕਾਰਾ॥

• • • • •

(ਬ੍ਰਹਿਮੰਡ ਅਤੇ ਮਨੁੱਖ)
ਅਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸ ਗਗਨੁ ਰਾਇਲੇ ।
ਆਨਦੂ ਮੂਲ ਸਦਾ ਪਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥
ਮੋਹਿ ਬੈਰਾਗ ਭਇਓ। ਇਹ ਜੀਉ ਆਇ, ਕਹਾ ਗਇਓ ।
ਪੰਚ ਤਤੁ ਮਿਲ ਕਾਇਆ ਕੀਨੀ ਤਤੁ ਕਹਾ ਤੇ ਕੀਨ ਰੇ ।
ਕਰਮ ਬਧ ਤੁਮ ਜੀਉ ਕਹਤ ਹੋ ਕਰਮਹਿ ਕਿਨ ਜੀਉ ਦੀਨ ਰੇ।
ਹਰਿ ਮਹਿ ਤਨ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰ ਸੋਇ ਰੇ।

ਕਹਿ ਕਬੀਰ ਰਾਮੁ ਨਾਮੁ ਨ ਛੋਡਹੁ ਸਹਜੇ ਹੋਇ ਸੁ ਹੋਇ ਰੇ ॥
(ਜਿਨ੍ਹਾਂ ਨੇ ਮਨ ਜਿੱਤ ਲਿਆ ਤੇ ਪਰਉਪਕਾਰੀ ਬਣ ਨਿਕਲੇ ।)
ਮੁੰਡੀਆ ਮੁੰਡੀਆ ਹੂਏ ਏਕ। ਏ ਮੁੰਡੀਆ ਬੂਡਤ ਕੀ ਟੇਕ?
ਸੁਨਿ ਅੰਧਲੀ ਲੋਈ ਬੇਪੀਰ। ਇਨ ਮੁੰਡੀਅਨ ਭਜਿ ਸਰਨਿ ਕਬੀਰ ।

• • • • •

ਪਹਿਲੇ ਦਰਸਨ ਮਗਹਰਿ ਪਾਇਓ ਫੁਨਿ ਕਾਸੀ ਬਸੇ ਆਨੀ।
ਜੈਸਾ ਮਗਹਰ ਤੈਸੀ ਕਾਸੀ ਹਮ ਏਕੈ ਕਰਿ ਜਾਨੀ ।

• • • • •

(ਦੇਵਤਿਆਂ ਨਾਲ ਕੀ ਵਾਸਤਾ)
ਜਹੁ ਜਾਚਉ ਤਉ ਕੇਵਲ ਰਾਮ ਆਨ ਦੇਵ ਸਿਉ ਨਾਹੀ ਕਾਮ ॥
ਨਾਵਨ ਕਉ ਤੀਰਥ ਘਣੇਂ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨ ਨਹੀਂ ਮਨ ਬਉਰਾ ਰੇ ਛੂਟਨ ਹਰਿ ਕੀ ਸੇਵ ॥

• • • • •

ਦੇਵੀ ਦੇਵਾ ਪੂਜਹਿ ਡੋਲਹਿ, ਪਾਰਬ੍ਰਹਮ ਨਹੀਂ ਜਾਨਾ।
ਕਹਤ ਕਬੀਰ ਅਕਲੁ ਨਹੀਂ ਚੇਤਿਆ, ਬਿਖਿਆ ਸਿਉ ਲਪਟਾਨਾ ॥

• • • • •

ਕਬੀਰ ਜੋਰ ਕੀਆ, ਸੋ ਜੁਲਮ ਹੈ, ਲੇਇ ਜਬਾਬ ਖੁਦਾਇ ॥

• • • • •

(ਮਾਂ ਕਿਹੋ ਜਿਹਾ ਪੁੱਤ ਜਨਮੇਂ)
ਜਨਨੀ ਜਨੈ ਤਾ ਭਗਤ ਜਨ, ਕੈ ਦਾਤਾ ਕੈ ਸੂਰ।
ਨਹਿ ਤਉ ਜਨਨੀ ਬਾਝ ਰਹੈ, ਕਾਹਿ ਗਵਾਵਹਿ ਨੂਰ ॥

• • • • •

(ਅਕਲ ਦੇ ਅੰਨੇ ਸਿੱਖਾਂ ਦਾ ਕੋਈ ਕੀ ਕਰੇ)
ਕਬੀਰ ਸਤਿਗੁਰੂ ਕਿਆ ਕਰੇ, ਜਉ ਸਿਖਾ ਮਹਿ ਚੂਕ।
ਅੰਧੇ ਏਕ ਨਾ ਲਾਗਈ, ਜਿਉ ਬਾਸ ਬਜਾਈਐ ਫੂਕ ॥

• • • • •

ਸਾਚੁ ਕਤੇਬ ਬਖਾਨੇ ਅਲਹੁ, ਨਾਹਿ ਪੁਰਖ ਨਹੀਂ ਕੋਈ,
ਪਢੇ ਗੁਨੇ ਨਾਂਹੁ ਹੀ ਕਛੁ ਬਉਰੇ, ਜਉ ਦਿਲ ਲੇਹੁ ਬੀਚਾਰੀ ॥

• • • • •

ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੇ ਨਿਹਕਾਮਾ ॥

• • • • •

ਕਹੁ ਰੇ ਪੰਡਤ ਕਬ ਕੇ ਬਾਮਨ ਹੋਇ । ਬਾਮਨ ਕਹਿ ਕਹਿ ਜਨਮੁ ਮਤ ਖੋਏ ॥ਰਹਾਉ ॥
ਜੋ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀਂ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ। ਹਮ ਕਤ ਲੋਹੂ ਤੁਮ ਕਤ ਦੂਧ ।

• • • • •

ਨਾ ਹਮ ਹਿੰਦੂ, ਨਾ ਮੁਸਲਮਾਨ ।

• • • • •

ਅਲਹੁ ਏਕੁ ਮਸੀਤਿ ਬਸਤ ਹੈ ਅਵਰੁ ਮੁਲਖੁ ਕਿਸੁ ਕੇਰਾ।
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥

• • • • • •

(ਬ੍ਰਾਹਮਣ ਸਾਡਾ ਗੁਰੂ ਨਹੀਂ)
ਕਬੀਰ, ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੂ ਨਾਹਿ।
ਅਰਝਿ ਉਰਝਿ ਕੈ ਪਚਿ ਮੂਆ ਚਾਰਹੁ ਬੇਦਹੁ ਮਾਹਿ ॥

• • • • • •

(ਅਕਲ ਹੀ ਗੁਰੂ ਹੈ)
ਕਹੁ ਕਬੀਰ ਮੈਂ ਸੋ ਗੁਰੂ ਪਾਇਆ ਜਾ ਕਾ ਨਾਉ ਬਿਬੇਕੁ ।
(ਬੁੱਧੀ ਅਕਲ ਸੁਰਤੀ ਅਕਲ ਮੱਤ ਪ੍ਰਚੰਡ ਗਿਆਨ)

• • • • • •

ਕੋਟਿ ਸੂਰ ਜਾਂਕੇ ਪਰਗਾਸੁ। ਕੋਟ ਮਹਾਂਦੇਵ ਅਰੁਕ ਬਿਲਾਸ
ਦੁਰਗਾ ਕੋਟਿ ਜਾਂਕੇ ਮਰਦਨੁ ਕਰੈ। ਬ੍ਰਹਮਾ ਕੋਟਿ ਬੇਦ ਉਚਰੈ।
ਜਉਂ ਜਾਚਉ ਤਉ ਕੇਵਲ ਰਾਮ। ਆਨ ਦੇਵ ਸਿਉ ਨਾਹੀ ਕਾਮ। (ਰਹਾਉ)

• • • • • •

ਹਰਿ ਕਾ ਸਿਮਰਨ ਛਾਡਕੇ ਅਹੋਈ ਰਖੈ ਨਾਰਿ।
ਗਦਹੀ ਹੁਇਕੇ ਆਉਤਰੈ ਭਾਰ ਸਹੇ ਮਨ ਚਾਰਿ ॥

• • • • • •

ਸੰਤੋ, ਪਾਂਡੇ ਨਿਪੁਨ ਕਸਾਈ ।
ਬਕਰਾ ਮਾਰਿ ਭੈਂਸ ਪਰ ਧਾਵੈ, ਦਿਲ ਕੋ ਦਰਦ ਨ ਆਈ ।
ਕਰ ਇਸਨਾਨ ਤਿਲਕ ਦੇ ਬੈਠੇ ਬਿਧਿ ਸੋ ਦੇਵ ਪੁਜਾਈ।
ਆਤਮ ਰਾਮ ਪਲਕ ਮੇਂ ਬਿਨਸੇ ਰੁਧਿਰ (ਲਹੂ) ਕੀ ਨਦੀ ਬਹਾਈ।
ਅਤਿ ਪੁਨੀਤ ਉਚੇ ਕੁਲ ਕਹੀਐ ਸਭ ਮਹਿ ਅਧਿਕਾਈ ।
ਇਨਹੂ ਤੇ ਦੀਕਸ਼ਾ ਸਭ ਕੋਈ ਮਾਂਗੇ ਹੰਸੀ ਆਵੇ ਮੋਹਿ ਭਾਈ ।

• • • • • •

ਪਾਪ ਕਟਨ ਕੋ ਕਥਾ ਸੁਨਾਵੈ ਕਰਮ ਕਰਾਵੈ ਨੀਚਾ ।
ਹਮਤੋ ਦੂਨੋ ਪਰਸਪਰ ਦੇਖਾ ਮੈਂ ਲਾਏ ਹੈ ਧੋਖਾ ।
ਗਾਏ ਬਧੇ (ਮਾਰੇ) ਤੇ ਤੁਰਕ ਕਹੀਏ ਇਨਤੇ ਵੇ (ਬ੍ਰਾਹਮਣ) ਕਿਆ ਛੋਟੇ ॥
ਕਹਿਤ ਕਬੀਰ ਸੁਨਹੋ ਰੇ ਸੰਤੋ ਕਲਿ ਮਾਂ ਬ੍ਰਾਹਮਣ ਖੋਟੇ ॥
(-ਕਬੀਰ ਸ਼ਬਦਾਬਲੀ ਭਾਗ। ਸ਼ਬਦ 41)

• • • • • •

(ਨਰਕ ਸੁਰਗ ਨੂੰ ਰੱਦ ਕਰ ਦਿੱਤਾ)
ਕਵਨ ਨਰਕੁ, ਕਿਆ ਸੁਰਗ ਬਿਚਾਰਾ ਸੰਤਨ ਦੋਊ ਰਾਦੇ। (ਰੱਦ ਕਰ ਦਿੱਤੇ)
ਹਮ ਕਾਹੂ ਕੀ ਕਾਣ ਨ ਕਢਤੇ ਅਪਣੇ ਗੁਰ ਪਰਸਾਦੇ।
ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰੰਗ ਪਾਨੀ।
ਰਾਮ-ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥
(ਗੁਰੂ ਸਾਹਿਬ ਕਹਿੰਦੇ ਹਨ ਕਿ ਨਰਕ ਸੁਰਗ ਕੋਈ ਚੀਜ਼ ਨਹੀਂ। ਅਸੀਂ ਇਸ ਨੂੰ ਰੱਦ ਕਰ ਦਿੱਤਾ ਹੈ। ਗੁਰੂ ਨੇ ਇਹ ਸਚਾਈ ਦੱਸੀ ਹੈ ਤੇ ਸੱਚ ਜਾਣ ਕੇ ਐਂ ਜਾਪਦਾ ਹੈ ਕਿ ਮੈਂ ਤੇ ਰਾਮ ਇਕੋ ਹੋ ਗਏ ਹਾਂ)

• • • • • •

ਸੁੰਨਤਿ ਕੀਏ ਤੁਰਕ ਜੋ ਹੋਆ, ਅਉਰਤ (ਔਰਤ) ਕਾ ਕਿਆ ਕਰੀਐ ?
ਅਰਧ ਸਰੀਰ ਨਾਰ ਨ ਛੋਡੈ, ਤਾ ਤੇ ਹਿੰਦੂ ਹੀ ਰੀਹਐ।

ਛਾਡ ਕਤੇਬ ਰਾਮਭਜ ਬਉਰੇ, ਜੁਲਮ ਕਰਤ ਹੈ ਭਾਰੀ ।
(ਧੱਕੇ ਨਾਲ ਮੁਸਲਮਾਨ ਬਣਾਉਂਦਾ ਹੈ)

• • • • •

(ਕਾਮ, ਕ੍ਰੋਧ, ਲੋਭ, ਮੋਹ, ਹੰਕਾਰ)
ਸਰਪਨੀ ਤੇ ਊਪਰ ਨਹੀਂ ਬਲੀਆ। ਜਿਨ ਬ੍ਰਹਮਾਂ ਬਿਸਨੁ ਮਹਾਦੇਉ ਛਲੀਆ ।

• • • • •

ਹਮ ਘਰਿ ਸੂਤ ਤਨਹਿ ਨਿਤ ਤਾਨਾ, ਕੰਠਿ ਜਨੇਊ ਤੁਮਾਰੇ।
ਤੁਮ ਤਉ ਬੇਦ ਪੜਹੁ ਗਾਇਤਰੀ ਗੋਬਿੰਦ ਰਿਦੈ ਹਮਾਰੇ ।

• • • • •

(ਖਾਲਸਾ)
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤ ਜਿਹ ਜਾਨੀ ।
(ਸ਼ਬਦ ਖਾਲਸਾ ਦੀ ਹੋਂਦ)

• • • • •

ਬਾਹਰਿ ਭੀਤਰਿ ਭਇਆ ਪ੍ਰਗਾਸੁ। ਤਬ ਹੂਆ ਸਗਲ ਕਰਮ ਕਾ ਨਾਸੁ।

• • • • •

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ।
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸੁ।

• • • • •

ਊਚੇ ਮੰਦਰ ਸੁੰਦਰ ਨਾਰੀ। ਰਾਮ ਨਾਮ ਬਿਨੁ ਬਾਜੀ ਹਾਰੀ ।

• • • • •

(ਕੁਦਰਤ ਧਨ ਸਭਦਾ ਹੈ)
ਸਮੁਹਿ ਧਨੁ ਚਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ।
ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ।

• • • • •

ਮਾਟੀ ਏਕ ਭੇਖ ਕਰ ਨਾਨਾ ਤਾਂ ਮਹਿ ਬ੍ਰਹਮੁ ਪਛਾਨਾ
ਕਹਿ ਕਬੀਰ ਭਿਸਤ ਛੋਡਿ ਕਰ ਦੋਜਕ ਸਿਉ ਮਨ ਮਾਨਾ ।

• • • • •

ਭੂਖੇ ਭਗਤ ਨਾ ਕੀਜੈ। ਯਹ ਮਾਲਾ ਅਪਨੀ ਲੀਜੈ ।

• • • • •

ਇੰਦਰ ਲੋਕ, ਸ਼ਿਵ ਲੋਕਹਿ ਜੈਬੋ। ਓਛੇ ਤਪਕਰਿ ਬਹੁਰਿ ਐਬੋ ।

• • • • •

ਬਾਵਰੇ ਤੈਂ ਗਿਆਨ ਬੀਚਾਰ ਨ ਪਾਇਆ। ਬਿਰਥਾ ਜਨਮੁ ਗਵਾਇਆ।

• • • • •

ਘਰ ਕੇ ਦੇਵ (ਭਾਵ ਬ੍ਰਾਹਮਣ) ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ।

• • • • •

ਮਾਥੇ ਤਿਲਕ, ਹਥਿ ਮਾਲਾ ਬਾਨਾ। ਲੋਗਨ ਰਾਮ ਖਿਲੌਨਾ ਜਾਨਾ ॥

• • • • •

ਅਵਲਿ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

• • • • •

(ਸੱਤਗੁਰੂ ਕਬੀਰ ਦੀ ਮਹਾਨਤਾ)

ਸਲੋਕ ਗੁਰੂ ਰਵੀਦਾਸ :-

ਧੰਨਿ ਕਬੀਰ ਧੰਨ ਵੋ ਸਤਿਗੁਰੂ ਜਿੰਨ ਪਰਮ ਤਤ ਲਖਾਇਆ।
ਕਹੇ ਰਵੀਦਾਸ ਸੁਣੋ ਹੇ ਸਵਾਮੀ ਧਨੈ (ਸਰਨ) ਤੁਮਾਰੀ ਆਇਆ ॥
ਸੁਆਮੀ ਜੋ ਤੁਮ ਗਾਵੋ ਸੋ ਹੌ ਗਾਊ ਤੁਮਾਰਾ ਗਿਆਨ ਵਿਚਾਰੂੰ।
ਕਹੇ ਰਵਿਦਾਸ ਸੁਣੋ ਹੌ ਸੁਆਮੀ ਭਰਮ ਕਰਮ (ਬ੍ਰਾਹਮਣਵਾਦੀ) ਸਭ ਛਾੜੂੰ ।

• • • • •

ਕਬੀਰ ਬੋਧ ਸਾਗਰ (ਸਰਸਾ)

ਨਾਨਕ ਸ਼ਾਹ ਬਚਨ :-

ਵਾਹ ਵਾਹ ਕਬੀਰ ਗੁਰੂ ਪੂਰਾ ਹੈ
ਪੂਰੇ ਗੁਰੂ ਕੀ ਮੈਂ ਬਲਿ ਜਾਹੂੰ ਜਾਕੋ ਸ਼ਕਲ ਹਜੂਰਾ ਹੈ ।
ਪੂਰਨ ਕਬੀਰ ਸਕਲ ਘਟ ਦਰਸੇ ਹਰ ਦਮ ਹਾਲ ਹਜੂਰਾ ਹੈ ।
ਨਾਮ ਕਬੀਰ ਜਪੈ ਵਡਭਾਗੀ ਨਾਨਕ ਚਰਨੋਂ ਕਾ ਧੂਰਾ ਹੈ ॥

ਕਬੀਰ ਜੀ :-

ਵਾਹ ਵਾਹ ਲੜਕੇ ਜੀਤਾ ਰਹੁ
ਮੰਡੂਏ ਕੀ ਰੋਟੀ ਬਥੂਏ ਕੀ ਭਾਜੀ ਠੰਡਾ ਪਾਣੀ ਪੀਤਾ ਰਹੁ ।(ਸਾਦਾ ਖਾਣਾ ਪੀਣਾ)
ਪਰੇਮ ਕੀ ਸੂਈ, ਸੁਰਤੀ ਕਾ ਧਾਗਾ ਗਿਆਨ ਗੁਦੜੀ ਸੀਤਾ ਰਹੁ।
ਵਾਹ ਲੜਕੇ ਕੀ ਬੜੀ ਬੜੀ ਅਖੀਆਂ ਨਿਤ ਪ੍ਰੀਤੀ ਦਰਸਨ ਕਰਤਾ ਰਹੁ।
ਕਹੁ ਕਬੀਰ ਸੁਨਹੁ ਭਾਈ ਲੜਕੇ ਰਾਮ ਰਸਕ ਰਸ ਪੀਤਾ ਰਹੁ ॥

• • • • •

ਪੁਰਾਤਨ ਜਨਮ ਸਾਖੀ ਪੰਨਾ 137

-ਗੁਰੂ ਨਾਨਕ, ਨਾਮਦੇਵ, ਕਬੀਰ ਅਤੇ ਰਵਿਦਾਸ ਦੀ ਬਾਣੀ ਪ੍ਰੇਮ ਨਾਲ ਗਾਇਆ ਕਰਦੇ ਸਨ ।
ਹਰ ਕੇ ਨਾਮ ਕਬੀਰ ਉਜਾਗਰ ।ਜਨਮ ਜਨਕ ਕੇ ਕਾਟੇ ਕਾਗਰ ॥(ਗੁਰੂ ਬਾਣੀ ਪੰਨਾ 487)
ਜਾ ਕੈ ਈਦ ਬਕਰੀਦ ਕੁਲ ਗਊ ਰੇ ਬਧ ਕਰਹਿ ਅਨੀਅਹਿ ਸੇਖ ਸਹੀਦ ਪੀਰਾ ।
ਜਾ ਕੈ ਬਾਪ ਵੈਸੀ ਕਰੀ, ਪੂਤ ਐਸੀ ਸਰੀ ਤਿਹੂਕੇ ਲੋਕ, ਪਰਸਿਧ ਕਬੀਰਾ ॥(ਗੁਰੂ ਗ੍ਰੰਥ ਪੰਨਾ 1293)

• • • • •

ਨਿਰਗੁਣ ਕਉ ਗੁਨ ਦੇਖੋ ਆਈ ।ਦੇਹੀ ਸਹਿਤ ਕਬੀਰ ਸਿਧਾਈ ॥(ਗੁਰਬਾਣੀ ਪੰਨਾ 90)

• • • • •

ਨਾਮ ਛੀਬਾ, ਕਬੀਰ ਜੁਲਾਹਾ ਪੂਰੇ ਗੁਰੂ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸ਼ਬਦ ਪਛਾਣਹਿ ਹਉਮੈਂ ਜਾਤ ਗਵਾਈ ॥(ਗੁਰੂ ਰਾਮਦਾਸ)

• • • • •

(ਧਰਮ ਦੇ ਨਾਂ 'ਤੇ ਲੁੱਟਣ ਵਾਲੇ)

ਹਰੀ ਅੰਗੂਰੀ ਗਧਹ ਚਰੈ ਨਿਤ ਉਠਿ ਹਾਸੈ ਹੀਗੈ ਮਰੈ
ਮਾਤਾ ਭੈਸਾ ਅਮੁਹਾ ਜਾਇ ਕੂਦਿ ਕੂਦਿ ਚਰੈ ਰਸਾਤਲਿ ਪਾਇ ।
ਕਹੁ ਕਬੀਰ ਪ੍ਰਗਟ ਭਈ ਖੇਡ ਲੇਲੇ ਕਉ ਚੂੰਘੈ ਨਿਤ ਭੇਡ ।

• • • • •

ਮਨ

ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ।

ਇਹ ਮਨ ਸ਼ਕਤੀ ਇਹ ਮਨ ਸੀਉ। ਇਹੁ ਮਨੁ ਪੰਚ ਤਤ ਕੋ ਜੀਉ ।
ਇਹ ਮਨ ਲੇ ਜਉ ਉਨਮਨਿ ਰਹੈ। ਤਉ ਤੀਨਿ ਲੋਕ ਕੀ ਬਾਤੈਂ ਕਹੈ ।

• • • • •

ਕਬੀਰ ਜਹਾ ਗਿਆਨੁ ਤਹ ਧਰਮ ਹੈ ਜਹਾ ਝੂਠ ਤਹ ਪਾਪੁ ॥

• • • • •

ਜੋ ਬ੍ਰਹਿਮੰਡਿ ਪਿੰਡਿ ਸੋ ਜਾਨੁ। ਮਾਨ ਸਰੋਵਰਿ ਕਰ ਇਸਨਾਨ ।
ਸੋਹੰਸੋ ਜਾ ਕਉ ਹੈ ਜਾਪੁ। ਜਾ ਕਉ ਲਿਪਤ ਨ ਹੋਇ ਪੁੰਨ ਅਰ ਪਾਪੁ ।

• • • • •

ਕਬੀਰ ਮਨੁ ਮੂੰਡਿਆ ਨਹੀਂ ਕੇਸ ਮੁੰਡਾਏ ਕਾਂਇ।
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਇ ॥

• • • • •

ਮਮਾ ਮਨ ਸਿਉ ਕਾਜ ਹੈ ਮਨ ਸਾਧੇ ਸਿਧਿ ਹੋਇ।
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ।
ਇਹ ਮਨ ਸ਼ਕਤੀ ਇਹੁ ਮਨੁ ਸੀਉ ਇਹ ਮਨ ਪੰਚ ਤਤ ਕੋ ਜੀਉ।

• • • • •

ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ।
ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ।
ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ।
ਗੁਰ ਕੈ ਸਬਦਿ ਇਹੋ ਮਨੁ ਰਾਤਾ ਦੁਬਿਧਾ ਸਹਿਜ ਸਮਾਣੀ
ਸਭੋ ਹੁਕਮੁ ਹੈ ਆਪੇ ਨਿਰਭਉ ਸਮਤੁ ਵੀਚਾਰੀ ।

• • • • •

ਪੰਡਤ ਲੋਗਾ ਕਉ ਬਿਉਹਾਰ। ਗਿਆਨ ਵੰਤ ਕਉ ਤਤੁ ਬੀਚਾਰ?
ਜਾ ਕੈ ਜੀਅ ਜੈਸੀ ਬੁਧਿ ਹੋਈ। ਕਹਿ ਕਬੀਰ ਜਾਨੈਗਾ ਸੋਈ।
ਜੀਵਤ ਪਾਵਹੁ ਮੋਖੁ ਦੁਆਰ। ਅਨਭਉ ਸ਼ਬਦ ਤਤੁ ਨਿਜੁ ਸਾਰ।
ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ
ਅੰਤਰਿ ਜੋਤਿ ਰਾਮ ਪ੍ਰਗਾਸਾ ਗੁਰਮੁਖਿ ਬਿਰਲੈ ਜਾਨੀ ।

• • • • •

ਜੋਗੀ ਜਤੀ ਤਪੀ ਸੰਨਿਆਸੀ ਬਹੁਤੀਰਥ ਭ੍ਰਮਨਾ ।
ਲੁੰਜਿਤ ਮੁੰਜਿਤ ਮੋਨਿ ਜਟਾਧਾਰ ਅੰਤਿ ਤਉ ਤੇ ਮਰਨਾ ।
ਤਾ ਤੇ ਸੇਵੀਅਲੇ ਰਾਮਨਾ।
ਅਨਾ ਰਾਮ ਨਾਮ ਹਿਤੁ ਜਾਕੈ ਕਹਾ ਕਰੈ ਜਮਨਾ (ਤੀਰਥ ਗੰਗਾ ਜਮਨਾ)

• • • • •

ਤੀਰਥ ਬਰਤ ਨੇਮ ਸੁਚਿ ਸੰਜਮ (ਬ੍ਰਾਹਮਣੀ ਕਰਮ ਕਾਂਡ)
ਰਵਿ ਦਾਸ ਗਹਨੇ (ਗਹਿਣੇ ਸੋਨਾ ਚਾਂਦੀ) ਦੇਉਰੇ ?
ਸੁਰਤਿ ਪਿਆਲ (ਅਕਲ 'ਚ ਪਾਓ) ਸੁਧਾ ਰਸ ਅੰਮ੍ਰਿਤ
ਏਹੁ (ਇਹ ਨਾ ਕਿ ਉਪਰਲਾ) ਮਹਾ ਰਸੁ ਪੇਉਰੇ।

• • • • •

ਅਚਰਜ ਏਕੁ ਸੁਨਹੁਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ।
ਸੁਰ ਨਰ ਗਣ ਗੰਧ੍ਰਬ ਜਿਨ ਮੋਹੇ (ਸਭ ਨੂੰ) ਤ੍ਰਿਭਵਣ ਮੇਖੁਲੀ (ਮਾਇਆ ਲੋਭ) ਲਾਈ ।

• • • • •

ਨਗਨ ਫਿਰਤ ਜੋ ਪਾਈਐ ਜੋਗੁ। ਬਨਕਾ ਮਿਰਗੁ ਮੁਕਤ ਸਭੁ ਹੋਗੁ।
ਕਿਆ ਨਾਗੇ (ਨੰਗੀ ਸਾਧ) ਕਿਆ ਬਾਧੇ ਚਾਮ। (ਸੰਗਲ ਲਾਕੇ) ਜਬ ਨਹੀਂ ਚੀਨਸ (ਚੇਤੇ) ਆਤਮ ਰਾਮ।
ਮੂੰਡ ਮੁਡਾਏ ਜੋ ਸਿਧਿ ਪਾਈ। ਮੁਕਤੀ ਭੇਡ ਨ ਗਈਆ ਕਾਈ।
ਬਿੰਦੁ (ਕਾਮ ਬੰਨ੍ਹ ਕੇ) ਰਾਖਿ ਜੋ ਤਰੀਐ ਭਾਈ। ਖੁਸਰੈ ਕਿਉ ਨ ਪਰਮ ਗਤਿ ਪਾਈ।

• • • • •

ਕਿਆ ਜਪੁ ਕਿਆ ਤਪੁ, ਕਿਆ ਬ੍ਰਤ, ਪੂਜਾ। ਜਾ ਕੈ ਰਿਦੈ (ਦਿਲ 'ਚ) ਭਾਉ ਹੈ ਦੂਜਾ।
ਕਰਮ ਕਰਤ (ਕਰਮਕਾਂਡ ਕਰਕੇ) ਬਧੇ ਅਹੰਮੇਵ। (ਹੰਕਾਰੀ ਬਣੇ) ਮਿਲਿ ਪਾਥਰ ਕੀ ਕਰਹੀ ਸੇਵ।
ਕਹੁ ਕਬੀਰ ਭਗਤਿ ਕਰ ਪਾਇਆ। ਭੋਲੇ, ਭਾਇ (ਭਲੇ ਮਾਣਸ ਬਣਕੇ) ਮਿਲੇ ਰਘੁਰਾਇਆ।

• • • • •

ਤਟਿ ਤੀਰਥ ਨਹੀਂ ਮਨ ਪਤੀਆਹਿ। ਚਾਰ ਅਚਾਰ ਰਹੇ ਉਰਝਾਇ।

• • • • •

ਸੋ ਧਿਆਨ ਧਰਹੁ ਬਹੁਰਿ ਨ ਧਰਨਾ। ਐਸੇ ਮਰਹੁ ਜਿ ਬਹੁਰਿ ਨ ਮਰਨਾ।
ਉਲਟੀ ਗੰਗਾ ਜਮਨੁ ਮਿਲਾਵਉ।
ਬਿਨ ਜਲ ਸੰਗਮ (ਜਿੱਥੇ ਤਿੰਨ ਨਦੀਆਂ ਦਾ ਮਿਲਣ ਸਥਾਨ ਹੈ) ਮਨ ਮਹਿ ਨਾਵਉ।

• • • • •

ਬਿਨੁ ਸਤ ਸਤੀ ਹੋਇ ਕੈਸੇ ਨਾਰਿ। ਪੰਡਿਤ, ਦੇਖਹੁ ਰਿਦੈ ਬੀਚਾਰ।

• • • • •

ਕਵਨ ਸੁ ਮੁਨਿ (ਮੁਨੀ) ਜੋ ਮਨੁ ਮਾਰੈ। ਮਨ ਕਉ ਮਾਰਿ ਕਹਹੁ ਕਿਸੁ ਤਾਰੈ।

• • • • •

ਜਲ ਹੈ ਸੂਤਕੁ, ਥਲਿ ਹੈ ਸੂਤਕੁ (ਅਪਵਿੱਤਰਤਾ) ਸੂਤਕ ਓਪਤਿ (ਉਤਪਤੀ) ਹੋਈ।
ਜਨਮੇ ਸੂਤਕੁ, ਮੂਏ ਫੁਨ ਸੂਤਕੁ ਸੂਤਕ ਪਰਜ ਬਿਗੋਈ।
ਕਹੁ ਰੇ ਪੰਡੀਆ, ਕਉਨ ਪਵੀਤਾ (ਪਵਿੱਤਰ)। ਐਸਾ ਗਿਆਨ ਜਪਹੁ ਮੇਰੇ ਮੀਤਾ।
ਨੈਨਹੁ ਸੂਤਕੁ, ਬੈਨਹੁ (ਬੋਲਣਾ) ਸੂਤਕੁ ਸੂਤਕੁ ਸ੍ਰਵਨੀ (ਸੁਣਨ) ਹੋਈ।
ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ।
ਫਾਸਨ ਕੀ ਬਿਧਿ (ਝੂਠ ਵਿਚ ਫਸਣ ਦੀ ਵਿਧੀ) ਸਭੁ ਕੋਊ ਜਾਨੈ
ਛੂਟਨ ਕੀ ਇਕ ਕੋਈ (ਵਿਰਲਾ ਕੋਈ)
ਕਹਹੁ ਕਬੀਰ ਰਾਮ ਰਿਦੈ ਬੀਚਾਰੈ ਸੂਤਕੁ ਤਿਨੈ ਨ ਹੋਈ॥

• • • • •

(ਰਾਮ ਦਾ ਅਰਥ ਹੈ ਜਿਸ ਨੇ ਸਭ ਨੂੰ ਬਰਾਬਰ ਪੈਦਾ ਕੀਤਾ ਹੈ। ਸਾਰੇ ਉਸ ਦੇ ਬੇਟੇ ਹਨ। ਉਹ ਸਭ ਬਰਾਬਰ ਹਨ। ਕੋਈ ਪਵਿੱਤਰ ਅਪਵਿੱਤਰ ਨਹੀਂ। ਇਹ ਸਭ ਪੰਡਤਾਂ ਦਾ ਫੈਲਾਇਆ ਝੂਠ ਪਸਾਰਾ ਹੈ ਜੋ ਬੰਦਿਆਂ ਅੰਦਰ ਊਚ ਨੀਚ ਜਾਂ ਜਾਤ-ਪਾਤ ਹੈ। ਬਾਣੀ ਦਾ ਰਾਮ ਅਜੇਹੀ ਸਿਰਜਣਾ ਨਹੀਂ ਕਰਦਾ।)

• • • • •

ਰਾਮੁ (ਰਾਜਾ ਰਾਮ) ਬਡਾ ਕਿ ਰਾਮਹਿ (ਰਾਮ) ਜਾਇਆ।
ਬ੍ਰਹਮਾ ਬਡਾ ਕਿ ਜਾਸੁ (ਜਿਸਨੇ) ਉਪਾਇਆ। (ਉਸ ਨੂੰ ਪੈਦਾ ਕੀਤਾ)
ਬੇਦੁ ਬਡਾ ਕਿ ਜਹਾਂ ਤੇ ਆਇਆ।
ਕਹਿ ਕਬੀਰ ਹਉ ਭਇਆ ਉਦਾਸ। ਤੀਰਥ ਬਡਾ ਕਿ ਹਰ ਕਾ ਦਾਸ॥

• • • • •

ਹਰਿ ਜਸੁ ਸੁਨਹਿ ਨ ਹਰਿ ਸੁਨ ਗਾਵਹਿ। ਬਾਤਨ ਹੀ ਅਸਮਾਨ ਗਿਰਾਵਹਿ।

ਐਸੇ ਲੋਗਨ ਕੋ ਸਿਉ ਕਿਆ ਕਹੀਐ
ਜੋ ਪ੍ਰਭ ਕੀਏ (ਪੈਦਾ ਕੀਤੇ) ਭਗਤਿ ਤੇ ਬਾਹਜ (ਬਾਂਝ)
ਤਿਨ ਤੇ ਸਦਾ ਡਰਾਨੇ (ਡਰਾਉਂਦੇ) ਰਹੀਐ ।
ਆਪਿ (ਬ੍ਰਾਹਮਣ) ਨ ਦੇਹਿ ਚੁਰੂ ਭਰਿ ਪਾਨੀ
ਤਿਹ ਨਿੰਦਹਿ ਜਿਹ ਗੰਗਾ ਆਨੀ ।
ਬੈਠਤ ਉਠਤ ਕੁਟਲਿਤਾ (ਚਲਾਕੀ) ਚਾਲਹਿ (ਚਾਲ)
ਆਪੁ ਗਏ, ਅਉਰਨ (ਹੋਰਾਂ ਨੂੰ) ਹੂ ਘਾਲਹਿ ।
ਛਾਡਿ ਕੁਚਰਚਾ (ਵੇਦਾਂ ਦੀਆਂ ਗੱਲਾਂ) ਆਨ (ਹੋਰ) ਨ ਜਾਨਹਿ।
(ਗਿਆਨੀ ਨੂੰ) ਬ੍ਰਹਮਾਂ ਹੂ ਕੋ ਦਹਿਉ ਨ ਮਾਨਹਿ ।
ਆਪ ਗਏ ਅਉਰਨ ਹੂ ਖੋਵਹਿ
ਆਗਿ ਲਗਾਇ (ਅਗਲੇ 'ਚ ਭੜਕਣ ਭਰਕੇ) ਮੰਦਰ ਮੈਂ ਸੋਵਹਿ ।
ਅਵਰਨ (ਦੂਜਿਆਂ ਤੇ) ਹਸਤ, ਆਪਹਹਿ ਕਾਨੇ (ਕਾਣੇ)
ਤਿਨ ਕਉ ਦੇਖ ਕਬੀਰ ਲਜਾਨੇ (ਸ਼ਰਮ ਸਾਰ)

• • • • •

ਜੀਵਤ ਪਿਤਰ (ਮਾਂ ਬਾਪ) ਨ ਮਾਨੈ ਕੋਊ ਮੂਏ ਸਰਾਧ ਕਰਾਹੀ।
ਪਿਤਰ ਭੀ ਬਪੁਰੇ (ਵਿਚਾਰੇ) ਕਹੁ, ਕਿਆ ਖਾਵਹਿ ਕਊਆ ਕੂਕਰ (ਕੁੱਤੇ) ਖਾਹੀ।
ਮਾਟੀ ਕੇ ਕਰ ਦੇਵੀ ਦੇਵਾ ਤਿਸੁ ਆਗੇ ਜੀਉ (ਜੀਵ ਬਲੀ) ਦੇਹੀ ਐਸੇ ਪਿਤਰ ਤੁਮਾਰੇ ਕਹੀਅਹਿ।
ਆਪਨ ਕਹਿਆ ਨ ਲੇਹੀ। ਸਰਜੀਓ (ਸਿਰ) ਕਾਟਹਿ।
ਨਿਰਜੀਓ ਪੂਜੈ ਅੰਤ ਕਾਲ ਕਉ ਭਾਰੀ।
ਰਾਮ ਨਾਮ ਕੀ ਗਤਿ ਨਹੀ ਜਾਨੀ ਭੈ (ਡਰ) ਡੂਬੇ ਸੰਸਾਰੀ।

• • • • •

(ਇੰਦਰਪੁਰੀ, ਬ੍ਰਹਮਪੁਰੀ, ਸ਼ਿਵਪੁਰੀ)
ਇੰਦ੍ਰ ਲੋਕ ਸਿਵ ਲੋਕਹਿ ਜੈਬੋ (ਜਾਉਗੇ) ਓਛੇ ਤਪ ਕਰਿ ਬਹੁਰ ਐਬੋ (ਭੈੜ-ਕੂੜ)
ਇੰਦ੍ਰ ਪੁਰੀ ਮਹਿ ਸਰਪਰ (ਸਿਰਪਰਨੇ) ਮਰਣਾ ਬ੍ਰਹਮਪੁਰੀ ਨਿਹਚਲੁ (ਟਿਕੀ) ਨਹੀ ਰਹਿਣਾ।
ਸਿਵਪੁਰੀ ਕਾ ਹੋਇਗਾ ਕਾਲਾ (ਕਾਲ ਅੰਤ)
ਤ੍ਰੈਗੁਣ ਮਾਇਆ ਬਿਨਸਿਓ ਤਾਲਾ।

• • • • •

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ
ਪੂਜਨ ਕਉ ਬਹੁਦੇਵ ।
ਕਹੁ ਕਬੀਰ ਛੂਟਣ (ਮੁਕਤੀ) ਨਹੀਂ
ਮਨ ਬਉਰਾ ਰੇ, ਛੂਟਨ ਹਰਿ ਕੀ ਸੇਵ ।

• • • • •

ਕਿਆ ਜਪੁ ਕਿਆ ਤਪੁ ਸੰਜਮ
ਕਿਆ ਬਰਤ ਕਿਆ ਇਸਨਾਨੁ
ਜਬ ਲਗ ਜੁਗਤਿ ਨ ਜਾਨੀਐ
ਭਾਉ ਭਗਤਿ ਭਗਵਾਨ ।

• • • • •

ਬਿੰਦ੍ਰਾਬਨ ਮਨਹਰਨ ਮਨੋਹਰ (ਮੋਹਣ ਮਨ ਵਾਲਾ)
ਕ੍ਰਿਸ਼ਨ ਚਰਾਵਤ ਗਾਊ ਰੇ

ਜਾ ਕਾ ਠਾਕਰ ਤੁਹੀ ਸਾਰਿਗਧਰ
ਮੋਹਿ (ਮੇਰਾ) ਕਬੀਰਾ ਨਾਊ (ਨਹੀਂ) ਰੇ। (ਭਾਵ ਮੇਰਾ ਠਾਕਰ ਤੂੰ ਹੈ ਕ੍ਰਿਸ਼ਨ ਨਹੀਂ)

• • • • •

ਪੰਡਤ ਲੋਗਹੁ ਕਉ ਬਿਉਹਾਰ। ਗਿਆਨ ਵੰਤ ਕਉ ਤਤੁ ਬੀਚਾਰ।

• • • • •

ਪੰਦ੍ਰਹ ਥਿਤੀ (ਪੰਦਰਾਂ ਥਿੱਤਾਂ) ਸਾਤ ਵਾਰ। ਕਹਿ ਕਬੀਰ ਉਰਵਾਰ ਨ ਪਾਰ।

• • • • •

ਕਬੀਰ ਜਿਹ ਮਾਰਗ (ਵੇਦਾਂ ਸਿਮਰਤੀਆਂ ਤੇ ਗੀਤਾਂ ਦਾ ਮਾਰਗ)
ਪੰਡਤ ਗਏ (ਡੁੱਬ ਗਏ)
ਪਾਛੈ ਪਰੀ (ਪਿੱਛੇ ਹੀ ਜਾ ਡਿੱਗੀ) ਬਹੀਰ।
ਇਕ ਅਵਘਟ ਘਾਟੀ ਰਾਮ ਕੀ
ਤਿਹ ਚੜਿ ਰਹਿਉ ਕਬੀਰ।

• • • • •

ਇਕਤੁ ਪਤਰਿ (ਭਾਂਡੇ 'ਚ) ਭਰ ਉਰਕਟ ਰਿਨਿਆ ਕੁਰਕਟ (ਕੁੱਕੜ) ਇਕਤੁ ਪਤਰਿ ਭਰ ਪਾਨੀ (ਸ਼ਰਾਬ)
ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟਿ ਦੇ ਰਾਨੀ (ਵਿਕਾਰੀ ਔਰਤ)
ਨਾਕਹੁ ਕਾਟੀ, ਕਾਨਹੁ ਕਾਟੀ, ਕਾਟ ਕੂਟ ਕਰਿ ਡਾਰੀ
ਕਹ ਕਬੀਰ ਸੰਤਨ ਕੀ ਬੈਰਨ ਤੀਨ ਲੋਗ ਕੀ ਪਿਆਰੀ।

• • • • •

ਬੇਦ ਪੁਰਾਨ ਸਿੰਮ੍ਰਿਤ ਸਭੈ ਖੋਜੇ ਕਹੂੰ ਨ ਉਬਰਨਾ।

• • • • •

ਪਾਤੀ (ਫੁੱਲ-ਪੱਤੀਆਂ) ਤੋਰੈ ਮਾਲਿਨੀ ਪਾਤੀ ਪਾਤੀ ਜੀਉ। (ਫੁੱਲ ਪੱਤੇ ਜਿਉਂਦੇ ਹਨ)
ਜਿਸ ਪਾਹਨ (ਪੱਥਰ-ਮੂਰਤੀ) ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ। (ਨਿਰਜਿੰਦ)
ਬ੍ਰਹਮੁ ਪਾਤੀ (ਪੱਤੀਆਂ) ਬਿਸਨੁ ਡਾਰੀ (ਡਾਲੀਆਂ) ਫੂਲ ਸੰਕਰ ਦੇਉ।
ਤੀਨ ਦੇਵ ਪ੍ਰਤਖਿ ਤੋਰਹਿ, ਕਰਹਿ ਕਿਸਕੀ ਸੇਉ।
ਪਾਹਨ (ਪੱਥਰ) ਗਢਿ ਕੈ (ਘੜ ਕੇ), ਮੂਰਤ ਕੀਨੀ ਦੇ ਕੈ ਛਾਤੀ ਪਾਉ। (ਛਾਤੀ ਤੇ ਪੈਰ ਧਰਕੇ ਚਲਦਾ)
ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ (ਪੈਰ ਧਰਕੇ ਘੜਨ ਵਾਲੇ ਨੂੰ) ਖਾਉ।
ਭਾਤ (ਚੌਲ) ਪਹਿਤਿ (ਦਾਲ) ਅਰ ਲਾਪਸੀ (ਕੜਾਹ)
ਕਰਕਰਾ (ਭੁਰਭੁਰੀ) ਕਾਸਾਰੁ। (ਪੰਜੀਰੀ ਦਾ ਚੜ੍ਹਾਵਾ ਹੋਇਆ)
ਭੋਗਨਹਾਰੇ (ਬ੍ਰਾਹਮਣ ਨੇ) ਭੋਗਿਆ ਇਸ ਮੂਰਤਿ ਕੇ ਮੁਖਛਾਰੁ। (ਮੂੰਹ ਨੂੰ ਛੁਹਾਕੇ)
ਮਾਲਿਨੀ ਭੂਲੀ, ਜਗੁ ਭੁਲਾਨਾ ਹਮ ਭਉਲਾਨੇ ਨਾਹਿ।
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰ ਹਰ ਰਾਇ।

• • • • •

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠ ਜਨੇਊ ਤੁਮਾਰੇ।
ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦ ਰਿਦੈ ਹਮਾਰੇ।
ਤੂੰ ਬਾਮਨੁ, ਮੈਂ ਕਾਸੀਕ (ਕਾਸ਼ੀ ਦਾ) ਜੁਲਾਹਾ ਬੂਝਹੁ ਮੋਰ (ਮੇਰਾ) ਗਿਆਨਾ।
ਤੁਮ ਤਉ ਜਾਚੇ ਭੂਪਤਿ (ਪਰਜਾਪਤੀ) ਰਾਜੇ ਹਰ ਸਿਉ ਮੋਰ ਧਿਆਨਾ।
ਅੰਤਰਿ ਮੈਲ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ।
ਜਲ ਕੈ ਮਜਨ (ਨਹਾਇਆਂ) ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ।
ਜੈਸੇ ਮੇਂਡਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ।

ਮਨ ਕਠੋਰ (ਬੇਤਰਸ) ਮਰੈ ਬਨਾਰਸ (ਹਿੰਦੂ ਬਨਾਰਸ 'ਚ ਮਰਨਾਂ ਚੰਗਾ ਸਮਝਦੇ ਹਨ)
ਨਰਕ ਨ ਬਾਂਚਿਆ (ਬਚਿਆਂ) ਜਾਈ।
ਹਰ ਕਾ ਸੰਤ ਮਰੈ ਹਾੜੰਬੈ (ਮਗਹਰ ਦਾ ਬੋਧੀ ਕੇਂਦਰ ਜਿੱਥੇ ਜਾਣ ਨੂੰ ਹਿੰਦੂ ਮਹਾਂ ਪਾਪ ਸਮਝਦੇ ਹਨ)
ਸਗਲੀ ਸੈਨ ਤਰਾਈ।
(ਭਾਵ ਬ੍ਰਾਹਮਣਵਾਦ ਤੋਂ ਉਲਟਾ ਚੱਲ ਤੇ ਮਨੁੱਖਾਂ ਨਾਲ ਪਿਆਰ ਕਰੋ)

• • • • •

ਬੇਦ ਪੁਰਾਨਾ ਸਭੇ ਮਤ ਸੁਨਿ ਕੈ ਕਰੀ ਕਰਮ ਕੀ ਆਸਾ।
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਤ ਪੈ ਚਲੇ ਨਿਰਾਸਾ।
ਬਨ ਖੰਡ ਜਾਇ ਜੋਗ ਤਪੁ ਕੀਨੋ ਕੰਦ ਮੂਲ ਚੁਨ ਖਾਇਆ।
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ (ਪਟਿਆਂ ਦੀ ਕੁੱਟਮਾਰ ਦਾ ਖਾਤਾ) ਲਿਖਾਇਆ।

• • • • •

ਕਿਆ ਪੜੀਐ ਕਿਆ ਗੁਨੀਐ। ਕਿਆ ਬੇਦ ਪੁਰਾਨਾਂ ਸੁਨੀਐ।
ਪੜੇ ਸੁਨੇ ਕਿਆ ਹੋਈ। ਜਉ ਸਹਿਜ ਨ ਮਿਲਿਓ ਸੋਈ।
ਹਿਰਦੈ ਕਪਟ ਮੁਖ ਗਿਆਨੀ। ਝੂਠੇ ਕਹਾ ਬਿਲੋਵਸ ਪਾਨੀ।
ਕਾਇਆ ਮਾਂਜਸਿ ਕਉਨ ਗੁਨਾਂ। ਜਉ ਘਟ ਭੀਤਰਿ ਹੈ ਮਲਨਾਂ (ਮਨ ਸਵਾਰਨਾਂ)
ਲਉਕੀ (ਤੂੰਬੀ ਸਰੀਰ) ਅਠਸਠਿ ਤੀਰਥ ਨਾਈ। ਕਉਰਾਪਨ ਤਉ ਨਾ ਜਾਈ॥
(ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਜਾਤ ਅਭਿਮਾਨ ਊਚ-ਨੀਚ, ਛੂਤ-ਛਾਤ)

• • • • •

ਪੁਤ੍ਰ ਕਲਤ੍ਰ ਲਛਮੀ ਮਾਇਆ। ਇਨਤੇ ਕਹੁ ਕਵਨੈ ਸੁਖ ਪਾਇਆ।

• • • • •

ਸਿੰਙਾ ਮੁੰਦ੍ਰਾ ਖਿੰਥਾ (ਗੋਦੜੀ) ਆਧਾਰੀ। ਭ੍ਰਮ ਕੈ ਭਾਈ ਭਵੈ ਭੇਖਧਾਰੀ
ਆਸਨ ਪਵਨ (ਜੋਗ ਆਸਣ) ਦੂਰ ਕਰ ਬਵਰੇ।
ਛੋਡ ਕਪਟੁ (ਇਹ ਪਾਪ ਵਰਤਾਰਾ) ਨਿਤੁ ਹਰ ਭਜੁ ਬਵਰੇ।

• • • • •

ਨਾ ਇਹੁ ਮਾਨਸੁ (ਬੰਦਾ) ਨਾ ਇਹ ਦੇਉ। (ਦੇਵਤਾ) ਨਾ ਇਹੁ ਜਤੀ ਕਹਾਵੈ ਸੇਉ।
ਨਾ ਇਹ ਜੋਗੀ ਨ ਅਵਧੂਤਾ। (ਮਾਇਆ ਤਿਆਗੀ) ਨਾ ਇਸ ਮਾਇ ਨਾ ਕਾਹੂ ਪੂਤਾ
ਇਹ ਮੰਦਰ ਮਹਿ ਕੌਣ ਬਸਾਈ। (ਕੌਣ ਰਹਿੰਦਾ ਹੈ) ਤਾਂ ਕਾ (ਅਸਲੀ ਰੱਬ ਦਾ) ਅੰਤ ਕੋਊ ਨ ਪਾਈ।

• • • • •

ਜਪੀਐ ਨਾਮੁ ਅੰਨ ਕੈ ਸਾਦਿ।
ਜਪੀਐ ਨਾਮੁ ਜਪੀਐ ਅੰਨੁ। ਅੰਨੈ ਕੇ ਸੰਗਿ ਨੀਕਾ ਵੰਨੁ।
ਅੰਨੈ ਬਾਹਿਰ (ਅੰਨ ਤੋਂ ਬਿਨਾ) ਜੋ ਨਰ ਹੋਵਹਿ। ਤੀਨ ਭਵਨ ਮਹਿ ਅਪਨੀ ਖੋਵਹਿ।
ਛੋਡਹਿ ਅੰਨ (ਵਰਤ ਰਖੇ) ਕਰਹਿ ਪਖੰਡ। ਨਾ ਸੋਹਾਗਨ ਨ ਉਹਿ ਰੰਡ।
ਜਗ ਮਹਿ ਬਕਤੇ ਦੂਧਾਧਾਰੀ। (ਕਿ ਅਸੀਂ ਅੰਨ ਨਹੀਂ ਖਾਂਦੇ ਸਿਰਫ ਦੁੱਧ ਤੇ ਗੁਜਾਰਾ ਕਰਦੇ ਹਾਂ)
ਗੁਪਤੀ (ਲੁਕਕੇ) ਖਾਵਹਿ ਵਟਿਕਾ (ਸਭ ਬਣਿਆ) ਸਾਰੀ।
ਅੰਨੈ ਬਿਨਾ ਨ ਹੋਇ ਸੁਕਾਲ। (ਮੁਕਤੀ) ਤਜੀਐ ਅੰਨ ਨ ਮਿਲੈ ਗੁਪਾਲ॥

• • • • •

ਤੇਰੇ ਭਰੋਸੇ ਮਗਹਰ ਬਸਿਓ (ਬੋਧੀ ਕੇਂਦਰ) ਮੇਰੇ ਤਨ ਕੀ ਤਪਤਿ ਬੁਝਾਈ।
ਪਹਿਲੇ ਦਰਸਨ ਮਗਹਰ ਪਾਇਓ ਫੁਨਿ (ਫੇਰ) ਕਾਸੀ (ਹਿੰਦੂ ਕੇਂਦਰ) ਬਸੇ ਆਈ।
ਜੈਸਾ ਮਗਹਰ ਤੈਸੀ ਕਾਸੀ (ਸਥਾਨਾਂ 'ਚ ਕੀ ਫਰਕ ਐ) ਹਮ ਏਕੈ ਕਰ ਜਾਨੀ।

ਹਮ ਨਿਰਧਨ ਜਿਉ ਇਹ ਧਨੁ (ਬਰਾਬਰੀ) ਪਾਇਆ ਮਰਤੇ ਫੂਟਿ ਗੁਮਾਨੀ ।
(ਇੱਕ ਦੂਜੇ ਨਾਲ ਜਾਤੀ ਭੇਦਭਾਵ, ਹੰਕਾਰ ਦੀ ਫੁੱਟ ਲੈ ਕੇ ਮਰਦੇ ਲੋਕ)

• • • • •

ਕਬੀਰ ਕੋ ਠਾਕਰ (ਰੱਬ) ਅਨਕ ਬਿਨੋਦੀ
ਜਾਤਿ ਨ ਕਾਹੂ ਕੀ ਮਾਨੀ ।(ਕਿਸੇ ਜਾਤ ਨੂੰ ਨਹੀਂ ਮੰਨਦਾ ਕਿਉਂਕਿ ਸਭ ਉਸ ਦੇ ਪੁੱਤਰ ਧੀਆਂ ਹਨ)

• • • • •

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।
ਖੇਤ ਜੁ ਮਾਡਿਓ ਸੂਰਮਾ ਅਬ ਜੂਝਨ ਕੋ ਦਾਉ।
ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ (ਗਰੀਬ-ਨੀਚ) ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।

• • • • •

ਮੈਲਾ ਬ੍ਰਹਮਾ (ਧੀਅ ਸਰਸਵਤੀ ਨਾਲ ਰਲਿਆ) ਮੈਲਾ ਇੰਦੁ (ਅਹੱਲਿਆ ਨਾਲ ਭੋਗ ਕੀਤਾ)
ਰਵਿ ਮੈਲਾ (ਕੁੰਤੀ ਕੋਲ ਗਿਆ) ਹੈ ਮੈਲਾ ਚੰਦੁ (ਇੰਦਰ ਕਾਮੀ ਦਾ ਰਾਖਾ ਬਣਿਆ)

• • • • •

ਉਲਟਿ ਜਾਤਿ ਕੁਲ ਦੋਊ ਬਿਸਾਰੀ (ਛੱਡੀ) ਸੁੰਨਿ ਸਹਿਜ (ਆਮ ਜੀਵਨ) ਮਹਿ ਬੁਨਤਿ ਹਮਾਰੀ।
ਹਮਰਾ ਝਗਰਾ ਰਹਾ ਨ ਕੋਊ।ਪੰਡਤ ਮੁਲਾਂ ਛਾਡੇ ਦੋਊ।
ਪੰਡਤ ਮੁਲਾਂ ਜੋ ਲਿਖ ਦੀਆ। ਛਾਡਿ ਚਲੇ ਹਮ ਕਛੂ ਨ ਲੀਆ।

• • • • •

ਜੋ ਪਾਥਰ ਕਉ ਕਹਤੇ ਦੇਵ।ਤਾ ਕੀ ਬਿਰਥਾ ਹੋਵੈ ਸੇਵ।
ਜੋ ਪਾਥਰ ਕੀ ਪਾਈ ਪਾਇ। ਤਿਸ ਕੀ ਘਾਲਿ ਅਜਾਈ ਜਾਇ।
ਅੰਤਰ ਦੇਉ ਨ ਜਾਨੈ ਅੰਧ। ਭ੍ਰਮ ਕਾ ਮੋਹਿਆ ਪਾਵੈ ਫੰਧ ।
ਨ ਪਾਥਰੁ ਬੋਲੈ ਨਾ ਕਿਛੁ ਦੇਇ।ਫੋਕਟ ਕਰਮ ਨਿਹਫਲ ਹੈ ਸੇਵ ।
ਮਿਰਤਕ ਕਉ ਚੰਦਨ ਚੜ੍ਹਾਵੈ।ਉਸਤੇ ਕਹਹੁ ਕਵਨ ਫਲ ਪਾਵੈ ।

• • • • •

ਤੇਤੀਸ ਕਰੋੜੀ ਹੈ ਖੇਲ ਖਾਨਾ (ਤਮਾਸ਼ਾ)।ਚਉਰਾਸੀ ਲਖ ਫਿਰੈ ਦਿਵਾਨਾ ।

• • • • •

ਜੰਤ੍ਰ ਮੰਤ੍ਰ ਸਭ ਝੂਠ ਹੈ ਮਤ ਭਰਮੋ ਜਗ ਕੋਇ।

• • • • •

ਜਾਤ ਨ ਪੂਛੋ ਸਾਧ ਕੀ ਪੂਛ ਲੀਓ ਤੁਮ ਗਿਆਨ।
ਮੋਲ ਕਰੋ ਤਲਵਾਰ ਕਾ ਪੜਾ ਰਹਿਨੇ ਦੋ ਮਿਆਨ।
ਵਰਤ ਨ ਰਹਉ, ਨਾ ਮਹ ਰਮਦਾਨਾ।ਤਿਸੁ ਸੇਵੀ ਜੋ ਰਖੈ ਨਿਦਾਨਾ।
ਏਕੁ ਗੁਸਾਈ ਅਲਹੁ ਮੇਰਾ।ਹਿੰਦੂ ਤੁਰਕ ਦੁਹਾਂ ਨਬੇਰਾ (ਨਿਵੇਕਲਾ ਦੋਹਾਂ ਤੋਂ)
ਹਜ ਕਾਬੈ ਜਾਉ ਨ ਤੀਰਥ ਪੂਜਾ।ਏਕੋ ਸੇਵੀ ਅਵਰੁ ਨਾ ਦੂਜਾ ।
ਪੂਜਾ ਕਰਉ ਨ ਨਿਵਾਜ ਗੁਜਾਰਉ।ਏਕ ਨਿਰੰਕਾਰ ਲੈ ਰਿਦੈ ਨਮਸਕਾਰਉ ।
ਨ ਹਮ ਹਿੰਦੂ ਨ ਮੁਸਲਮਾਨ ।ਅਲਹ ਰਾਮ ਕੇ ਪਿੰਡ ਪਰਾਨ।
ਕਹੁ ਕਬੀਰ ਇਹ ਕੀਆ ਬਖਾਨਾ।ਗੁਰ ਪੀਰ ਮਿਲਿ ਖੁਦਿ ਖਸਮ ਪਛਾਨਾ ।

(3) ਸੰਤਗੁਰੂ ਰਵਿਦਾਸ ਅਤੇ ਬ੍ਰਾਹਮਣਵਾਦ

ਗੁਲਾਮੀ

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।

ਰਵਿਦਾਸ ਦਾਸ ਪਰਾਧੀਨ ਕੋ ਕੌਨ ਕਰੇ ਹੈ ਪ੍ਰੀਤ ॥
ਪਰਾਧੀਨ ਕਾ ਦੀਨ ਕਿਆ ਪਰਾਧੀਨ ਬੇਦੀਨ
ਰਵਿਦਾਸ ਪਰਾਧੀਨ ਕੋ, ਸਭ ਹੀ ਸਮਝੇ ਹੀਨ ॥

• • • • •

ਕਿਹੋ ਜਿਹਾ ਰਾਜ ਹੋਵੇ ?

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।
ਛੋਟ ਬੜੋ ਸਭ ਸਮ ਬਸੇਂ, ਰਵਿਦਾਸ ਰਹੈ ਪ੍ਰਸੰਨ ॥
ਰਵਿਦਾਸ ਜੋ ਹੈ ਬੇਗਮਪੁਰਾ, ਉਹ ਪੂਰਨ ਸੁਖ ਧਾਮ।
ਦੁੱਖ ਅੰਦੋਹ ਅਰ ਦ੍ਵੇਸ਼-ਭਾਵ (ਦਵੈਤ-ਵੈਰ) ਨਹੀ ਵਸਹਿ ਤਹਿ ਠਾਮ॥ (ਉਸ ਥਾਂ 'ਤੇ)

• • • • •

ਬੇਗਮਪੁਰਾ

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀਂ ਤਹਿ ਠਾਉ (ਥਾਂ)।
ਨ ਸਤਵੀਸ, ਖਿਰਾਜ ਨ ਮਾਲ। (ਘਬਰਾਹਟ, ਫਿਕਰ, ਮਾਮਲਾ)
ਖਉਫ ਨ ਖਤਾ ਨ ਤਰਸੁ ਜਵਾਲੁ । (ਡਰ, ਭੁੱਲ, ਤੌਖਲਾ, ਨੁਕਸਾਨ)
ਅਬ ਮੋਹਿ ਖੂਬ ਵਤਨ ਗਹਿ ਪਾਈ (ਸੋਝੀ)। ਊਹਾਂ ਖੈਰਿ ਸਦਾ ਮੇਰੇ ਭਾਈ।
ਕਾਇਮ ਦਾਇਮੁ ਸਦਾ ਪਾਤਸ਼ਾਹੀ। ਦੋਮ ਨ ਸੋਮ ਏਕ ਸੋ ਆਹੀ। (ਦਰਜਾ ਬੰਦੀ)
ਅਬਾਦਾਨ ਸਦਾ ਮਸਹੂਰ। ਊਹਾਂ ਗਨੀ ਬਸਹਿ ਮਾਮੂਰ। (ਅਮੀਰ, ਸੰਤੁਸ਼ਟ ਲੋਕ)
ਤਿਉ ਤਿਉ ਸੈਲ ਕਰਹਿ ਜਿਉ ਭਾਵੈ। ਮਹਰਮ ਮਹਲ ਨਾ ਕੋ ਅਟਕਾਵੈ। (ਕੋਈ ਵੀ)
ਕਹਿ ਰਵਿਦਾਸ ਖਲਾਸ ਚਮਾਰਾ। ਜੋ ਹਮ ਸਹਰੀ ਸੋ ਮੀਤੁ ਹਮਾਰਾ।

• • • • •

ਸੋ ਕਤ ਜਾਨੈ ਪੀੜ ਪਰਾਈ ਜਾਕੈ ਅੰਤਰ ਦਰਦੁ ਨਾ ਪਾਈ।
ਦਾਰਿਦੁ ਦੇਖ ਸਭ ਕੋ ਹਸੈ ਐਸੀ ਦਸਾ ਹਮਾਰੀ ।

• • • • •

ਮਾਧੋ ਹਮ ਬਿੱਦਿਆ ਹਿਤ ਕੀਨ ਬਿਬੇਕ ਦੀਪ ਮਲੀਨ ।

• • • • •

ਮੇਰੀ ਜਾਤ ਕੁਟ-ਬਾਂਢਲਾ ਢੋਰ ਢੁਵੰਤਾ ਨਿਤਹੀ ਬਨਾਰਸੀ ਆਸ-ਪਾਸਾ ।
ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ।

• • • • •

ਰਵਿਦਾਸ ਬਚਨ ਜੋ ਦੀਆ ਉਹ ਨਾ ਜਾਨੇ ਪਾਏ ।
ਬਚਨ ਹਰੇ, ਕਓ ਜਗਤ ਮਹਿ ਕਛੂ ਨਾ ਸੇਸ ਰਹਾਇ। (ਮਾਨ-ਇੱਜ਼ਤ)
ਬਚਨ ਗਇਓ ਨਹਿ ਆਵਰਤ ਹੈ ਸੀਸ ਕਟਾ ਫਿਰ ਆਏ।
ਰਵਿਦਾਸ ਬਚਨ ਕੂੰ ਰਾਖੀਐ ਸਿਰ ਜਾਏ ਤਉ ਜਾਏ ।

• • • • •

ਰਵਿਦਾਸ ਸੋਈ ਸੂਰਾ ਭਲਾ, ਜਓ ਲਰੈ ਧਰਮ ਕੇ ਹੇਤ।
ਅੰਗ ਅੰਗ ਕਟ ਭੋਇ ਗਿਰੇ, ਤਉ ਨਾ ਛਾਡੇ ਖੇਤ।

• • • • •

ਮਸਜਿਦ ਸੋ ਕੁਛ ਘਿਰ ਨਹੀਂ ਮੰਦਰ ਸੋਂ ਨਹੀਂ ਪਿਆਰ।
ਦੋਊ ਮਹਿ ਅੱਲਾ ਰਾਮ ਨਹੀਂ ਕਹਿ ਰਵੀਦਾਸ ਚਮਾਰ।

• • • • •

ਕਰਮ ਅਕਰਮ ਬੀਚਾਰੀਐ, ਸੰਕਾ ਸੁਨ ਬੇਦ ਪੁਰਾਨ।
ਸੰਸਾ ਸਦ ਹਿਰਦੇ ਵਸੈ, ਕਉਨ ਹਿਰੈ ਅਭਿਮਾਨ ?
ਹਰਿਜਨ ਕਰ ਸੇਵਾ ਲਾਗੈ, ਮਨ ਅਹੰਕਾਰ ਨਾ ਰਾਖੈ।
ਰਵਿਦਾਸ ਸੂਦ (ਸ਼ੂਦਰ) ਸੋਈ ਧੰਨ ਹੈ ਜੋਊ ਅਸੱਤ ਬਚਨ ਨਾ ਭਾਖੈ ।(ਕਹੇ)

• • • • •

(ਸ਼ੂਦਰ)
ਰਵਿਦਾਸ ਜਉ ਅਤਿ ਪਵਿੱਤਰ ਹੈ, ਸੋਈ ਸ਼ੂਦਰ ਜਾਨ।
(ਜਦੋਂ ਕਿ ਬ੍ਰਾਹਮਣ ਅਨੁਸਾਰ ਸ਼ੂਦਰ ਅਪਵਿੱਤਰ ਹੈ)
ਜਊ ਕੁਕਰਮੀ ਅਸੁੱਧ ਜਨ, ਤਿਨਹੀ ਨਾ ਸ਼ੂਦਰ ਮਾਨ।

• • • • •

(ਵੈਸ਼)
ਸਾਚੀ ਹਾਟੀ ਬੈਠ ਕਰਿ, ਸੌਦਾ ਸਾਚਾ ਦੇਹਿ।
ਤਕੜੀ ਤੋਲੇ ਸਾਚ ਕੀ, ਰਵੀਦਾਸ ਵੈਸ ਸੋ ਹੋਇ।

• • • • •

(ਕਸ਼ੱਤਰੀ)
ਰਵਿਦਾਸ ਵੈਸ ਸੋਈ ਜਾਨੀਐ ਜਊ ਸਤ ਕਾਰ ਕਮਾਏ।
ਪੁੰਨ ਕਮਾਈ ਸਦਾ ਲਹੇ ਲੋਰੇ ਸਰਬੱਤ-ਸੁਖਾਏ।(ਸਰਬੱਤ ਦਾ ਭਲਾ)
ਦੀਨ ਦੁਖੀ ਕੇ ਹੇਤ ਜਊ, ਬਾਰੇ ਅਪਨੇ ਪਰਾਨ।
ਰਵਿਦਾਸ ਉਹ ਨਰ ਸੂਰ ਕੋ, ਸਾਚਾ ਸ਼ਤਰੀ (ਕਸ਼ੱਤਰੀ) ਮਾਨ।

• • • • •

ਅੰਗ ਅੰਗ ਕਟਵਾਈਹਿ, ਜਊ ਦੀਨਨ ਕਰ ਹੇਤ।
ਰਵਿਦਾਸ ਸ਼ਤਰੀ ਸੋਈ ਜਾਨੀਐ, ਜੋ ਛਾਡੈ ਨਾਹਿ ਖੇਤ।

• • • • •

(ਬ੍ਰਾਹਮਣ)
ਧਰਮ ਕਰਮ ਜਾਨੈ ਨਹੀਂ, ਮਨ ਮਹਿ ਜਾਤ ਅਭਿਮਾਨ ।
ਐਸੋ ਬ੍ਰਾਹਮਣ ਸੋ ਭਲੋ, ਰਵਿਦਾਸ ਸਰਮਕ ਹੂੰ ਜਾਨ ।(ਕਿਰਤੀ ਕਾਮਾ)

• • • • •

ਉਚੇ ਕੁਲ ਕੇ ਕਾਰਨੇ, ਬ੍ਰਾਹਮਣ ਕੋਇ ਨਾ ਹੋਇ।
ਜਊ ਜਾਨੈ ਬ੍ਰਹਮ ਆਤਮਾ, ਰਵਿਦਾਸ ਕਹੈ ਬ੍ਰਾਹਮਣ ਸੋਇ।

• • • • •

ਜਿਨ ਕਹਿ ਹਿਰਦੇ ਸਤ ਬਸਹੀ, ਪੰਜ ਦੋਸ਼ ਬਸੇ ਨਾਹਿ ॥
(ਕਾਮ, ਕਰੋਧ, ਲੋਭ, ਮੋਹ, ਹੰਕਾਰ)
ਰਵਿਦਾਸ ਤੇ ਨਰ ਊਚ ਭਏ, ਸਮਝ ਏਹੁ ਮਨ ਮਾਹਿ॥

• • • • •

(ਊਚ-ਨੀਚ)
ਰਵਿਦਾਸ ਸੁਕਰਮਨ (ਸ਼ੁੱਭ ਕਰਮ) ਕਰਤ ਸੋ ਨੀਚ ਊਚ ਹੋ ਜਾਏ ।
ਕਰੈ ਕੁਕਰਮ ਜੋ ਊਚ ਭੀ, ਤੌ ਮਹਾਂ ਨੀਚ ਕਹਿਲਾਏ ।

• • • • •

ਦਇਆ ਧਰਮ ਜਿਨ ਮੇ ਨਹੀਂ, ਹਿਰਦੇ ਪਾਪ ਕੋ ਕੀਚ ।(ਚਿੱਕੜ)

ਰਵਿਦਾਸ ਤਿਨਰੇ ਜਾਨਹੋ, ਮਹਾਂ ਪਾਤਕੀ (ਪਾਪੀ) ਨੀਚ।

• • • • •

ਰਵਿਦਾਸ ਬ੍ਰਾਹਮਣ ਮਤ ਪੂਜਹੀ ਜਉ ਹੋਵੈ ਗੁਨ ਹੀਨ।
ਪੂਜਹਿ ਚਰਨ ਚੰਡਾਲ ਕੇ ਜਉ ਹੋਵੈ ਗੁਨ ਪਰਵੀਨ।

• • • • •

ਜਾਤ ਜਾਤ ਮੇਂ ਜਾਤ ਹੈ, ਜੋ ਕੇਲਨ ਮੇ ਪਾਤ।
ਰਵਿਦਾਸ ਨਾ ਮਾਨਸ਼ ਜੁੜ ਸਕੈ ਜੋ ਲੌਂ (ਜਦ ਤੀਕ) ਜਾਤ ਨਾ ਜਾਤ। (ਖਤਮ ਹੋਣਾ)
ਰਵਿਦਾਸ ਜਨਮ ਕੇ ਕਾਰਨੈਂ ਹੋਤ ਨਾ ਕੋਊ ਨੀਚ।
ਨਰ ਕੋ ਨੀਚ ਕਰ ਡਾਰ ਹੈ (ਕਰ ਦਿੰਦੇ ਹਨ) ਓਛੇ (ਬੁਰੇ) ਕਰਮ ਕੋ ਕੀਚ (ਕਰਨਾ)।

• • • • •

ਰਵਿਦਾਸ ਜਾਤ ਮਤ ਪੂਛਈ ਕਾ ਜਾਤ ਕਾ ਪਾਤ।
ਬ੍ਰਾਹਮਣ ਖੱਤਰੀ ਵੈਸ ਸੂਦ ਸਭਨ ਕੀ ਏਕ ਜਾਤ।

• • • • •

ਨੀਚ ਨੀਚ ਕਹਿ ਮਾਰਹਿ ਜਾਨਤ ਨਹਿ ਨਦਾਨ।
ਸਭਕਾ ਸਿਰਜਨ ਹਾਰ ਹੈ ਰਵਿਦਾਸ ਏਕੋ ਭਗਵਾਨ।

• • • • •

ਬ੍ਰਾਹਮਣ ਖੱਤਰੀ ਵੈਸ ਸੂਦ ਰਵਿਦਾਸ ਜਨਮ ਤੇ ਨਾਹਿ।
ਜੋ ਚਾਹਿ ਸੁਬਰਨ (ਸਵਰਨ) ਕੌ, (ਉੱਚੀ ਪਦਵੀ) ਪਾਵਹੀ ਕਰਮਨ (ਸ਼ੁੱਭ ਕਰਮ) ਮਾਹਿ।

• • • • •

ਬੇਦ ਪੜੀ ਪੰਡਤ ਬਨਿਓ ਗਾਂਠ ਪਨਹੀਂ (ਪਾਈ) ਤੋ ਚਮਾਰ।
ਰਵਿਦਾਸ ਮਨੁਸ਼ ਏਕ ਹੋਏ ਨਾਮ ਧਰੇ ਹੈਂ ਚਾਰ।

• • • • •

ਜਨਮ ਜਾਤ ਕੂ ਛਾਡਿ ਕਰ ਕਰਨੀ ਜਾਤ ਪ੍ਰਧਾਨ।
ਇਹੋ ਬੇਦ ਕਾ ਧਰਮ ਹੈ ਕਰੇ ਰਵਿਦਾਸ ਵਖਾਨ।

• • • • •

ਜਾਤ ਪਾਤ ਕੇ ਫੇਰ ਮਹਿ ਉਰਝ ਰਹਿ ਸਭ ਲੋਗ।
ਮਾਨੁਸਤਾ ਕੂ ਖਾਤ ਹੈ, ਰਵਿਦਾਸ ਜਾਤ ਕਰ ਰੋਗ। (ਬਿਮਾਰੀ-ਕੈਂਸਰ)

• • • • •

ਜਨਮ ਜਾਤ ਮਤ ਪੂਛਹਿ ਕਾ ਜਾਤ ਅਰ ਪਾਤ।
ਰਵਿਦਾਸ ਪੂਤ ਸਭ ਪ੍ਰਭੂ ਕੇ ਕੋਊ ਨਹਿ ਜਾਤ ਕੁਜਾਤ।

• • • • •

ਕਾ ਮਥਰਾ ਕਾ ਦੁਆਰਕਾ ਕਾ ਕਾਸੀ ਹਰਦੁਆਰ।
ਰਵਿਦਾਸ ਖੋਜਾ ਦਿਲ ਆਪਨਾ ਤਉ ਮਿਲਿਆ ਦਿਲਦਾਰ।

• • • • •

ਦੇਹੁਰਾ ਅਤੇ ਮਸੀਤ ਮਹਿ ਰਵਿਦਾਸ ਨਾ ਸੀਸ ਨਿਵਾਏ।
ਜਹਿ ਲੋ ਸੀਸ ਨਿਵਾਵਨਾਂ ਸੋ ਠਾਕਰ ਸਭ ਥਾਏਂ।

• • • • •

ਬਰਾਮਨ ਅਰ ਚੰਡਾਲ ਮਹਿ ਰਵਿਦਾਸ ਨਹਿ ਅੰਤਰ ਜਾਨ।
ਸਭ ਮਹਿ ਏਕ ਹੀ ਜੋਤ ਹੈ ਸਭ ਘਟ ਏਕ ਭਗਵਾਨ।

ਰਵਿਦਾਸ ਏਕ ਹੀ ਨੂਰ ਤੇ ਜਿਮੀ ਉਪਜਿਓ ਸੰਸਾਰ
ਊਚ ਨੀਚ ਕਿਹ ਬਿਧ ਭਏ, ਬਰਾਮਨ ਅਰ ਚੁਮਾਰ।

• • • • • •

ਏਕ ਜੋਤ ਤੇ ਜਉ ਸਭ ਉਪਜੇ ਤਉ ਊਚ ਨੀਚ ਕਸ ਮਾਨ।(ਕਿਉਂ)
ਰਵਿਦਾਸ ਨਾਮ ਕਤ (ਕਿਉਂ) ਧਰੇ, ਨਾਦ ਬਿੰਦ (ਰਕਤ ਵੀਰਜ) ਹੈ ਸਮਾਨ ।

• • • • • •

ਰਵਿਦਾਸ ਏਕ ਹੀ ਬੂੰਦ ਸੋਂ ਸਭ ਹੀ ਭਇਓ ਵਿਥਾਰ।
ਮੂਰਖ ਹੈ ਜੋ ਕਰਤ ਹੈ ਬਰਨ-ਅਵਰਨ ਵੀਚਾਰ ।

• • • • • •

ਰਵਿਦਾਸ ਉਪਜਹਿ ਸਭ ਏਕ 'ਬੂੰਦ' ਤੇ, ਕਾ ਬਾਮਨ ਕਾ ਸੂਦ।
ਮੂਰਖ ਜਨ ਨਾ ਜਾਨੀਐ, ਸਭ ਮਹਿ ਰਾਮ ਮਜੂਦ।

• • • • • •

(ਜਹਾ ਅੰਧ) ਵਿਸ਼ਵਾਸ ਹੈ ਸਤ ਪਰਖ ਤਹਿ ਨਾਹਿ।
ਰਵਿਦਾਸ ਸਤ ਸੋਈ ਜਾਨੀਐ ਜੋ ਅਨਭਉ (ਅਨੁਭਵੀ) ਹੋਇ ਮਨ ਮਾਹਿ ।
ਬਨ ਖੋਜਹਿ ਪਿਰਿਆ ਨਾ ਮਿਲਹਿ, ਬਨ ਮੇਂ ਪ੍ਰੀਤਮ ਨਾਹਿ।
ਰਵਿਦਾਸ ਪਿਰਿਆ ਹੈ ਵਸ ਰਹੇ, ਮਾਨਵ ਪਰੇਮ ਮਾਹਿ।
(ਮਨੁੱਖਤਾ ਦੇ ਪਿਆਰ ਵਿਚ)

• • • • • •

ਰਵਿਦਾਸ ਹਮਾਰੋ ਰਾਮ ਜੀ, ਦਸ਼ਰਥ ਕਾ ਸੁਤ (ਪੁਤ) ਨਾਹਿ।
ਰਾਮ ਹਮੀ ਮਹਿ ਰਮ ਰਹਿਓ, ਬਿਸਬ (ਵਿਸ਼ਵ ਸੰਸਾਰ) ਕਟੁੰਬ ਮਾਹਿ।
ਜਾਤੀ ਓਛੀ, ਪਾਤੀ ਓਛੀ (ਬੁਰੀ) ਓਛਾ ਜਨਮ ਹਮਾਰਾ।
ਰਾਜਾ ਰਾਮ ਕੀ ਸੇਵ ਨਾ ਕੀਨੀ (ਨਾ ਕਰਨੀ ਹੈ) ਕਹਿ ਰਵਿਦਾਸ ਚਮਾਰਾ।

• • • • • •

ਨਾਮ ਦੇਵ ਕਬੀਰ ਤਿਲੋਚਣ, ਸਦਨਾ ਸੈਣ ਤਰੇ।
ਕਹਿ ਰਵਿਦਾਸ ਸੁਨੋ ਰੇ ਸੰਤਹੁ, ਹਰ ਜੀਓ ਤੇ ਸਭੇ ਸਰੇ।

• • • • • •

ਕਹਿ ਰਵਿਦਾਸ ਖਲਾਸ ਚਮਾਰਾ। ਜੋ ਹਮ ਸਹਰੀ ਸੋ ਮੀਤ ਹਮਾਰਾ।

• • • • • •

ਜਬ ਜਨਮੇਂ ਤੋਂ ਸ਼ੂਦਰ ਥੇ ਔਰ ਥੇ ਅਤਿ ਪਤਿਤ।(ਅਪਵਿੱਤਰ)
ਵਰਣ (ਜਾਤਪਾਤ) ਕਰਮ ਸੇ ਹੋਤ ਹੈ, ਰਵਿਦਾਸ ਕਰੇ ਜੋ ਨਿਤ ।

• • • • • •

ਬ੍ਰਾਹਮਣ ਵੈਸ ਸੂਦ ਅਰ ਖਤਰੀ ਡੋਮ ਚੰਡਾਲ ਮਲੇਛਮਨ ਸੋਇ।(ਵਾਣੀ 128)

• • • • • •

ਰਵਿਦਾਸ ਮਦੁਰਾ ਕਾ ਪੀਜੀਐ ਜੋ ਚੜ੍ਹੇ ਚੜ੍ਹੇ ਉਤਰਾਇ।
ਨਾਂਵ ਮਹਾਂਰਸ ਪੀਜੀਐ ਜੋ ਚੜ੍ਹੇ ਨਹੀਂ ਉਤਰਾਇ ।
(ਨਾਮ ਦਾ ਅਰਥ ਹੈ ਗੁਰੂ ਦਾ ਮਾਰਗ ਦਰਸ਼ਨ ।ਗੁਰੂ ਨਾਨਕ ਨੇ ਪਿੱਛੋਂ ਇਹ ਸਲੋਕ ਉਚਾਰਿਆ, ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ)
(ਸਭ ਝੂਠ ਹੈ)
ਥੋਥਾ ਪੰਡਤ ਥੋਥੀ ਬਾਨੀ ਥੋਥੀ ਹਰਿ ਬਨਿ ਸਬੈ ਕਹਾਨੀ॥

ਥਾ ਮੰਦਰ ਭੋਗ ਵਿਲਾਸਾ ਥੋਥੀ ਆਨ ਦੇਵੀ ਕਾ ਆਸਾ।
ਸਾਚਾ ਸੁਮਰਿਨ, ਨਾਂਵ ਬਿਸਾਸਾ ਮਨ ਬਚ ਕਰਮ ਕਹੈ ਰਵਿਦਾਸਾ। (ਵਾਣੀ 72)

• • • • •

(ਵੇਦਾਂ ਪੁਰਾਣਾਂ ਨਾਲ ਚਿੰਤਾ ਨਹੀਂ ਜਾਂਦੀ)
ਕਰਮ ਅਕਰਮ ਬੀਚਾਰੀਏ, ਸੰਕਾ ਸੁਨ ਬੇਦ ਪੁਰਾਣ।
ਸੰਸਾ ਸਦ ਹਿਰਦੇ ਵਸੈ, ਕਉਨ ਹਿਰੈ ਅਭਿਮਾਨੁ। (ਵੇਦ ਤਿਆਗ ਦਿੱਤੇ)
ਮੇਰ (ਮੇਰੀ) ਕੁਚਿਲ (ਨੀਚ) ਜਾਤ, ਕੁਚਿਲ ਮੈਂ ਬਾਸ।
ਚਾਰਿਓ ਬੇਦ ਕੀਆ ਖੰਡੋਤ (ਖੰਡਨ) ਜਨ ਰੈਦਾਸ ਕਰੇ ਡੰਡੌਤ।

• • • • •

(ਬ੍ਰਾਹਮਣੀ ਕਰਮ ਕਾਂਡ ਵਿਚ ਕੋਈ ਭਗਤੀ ਨਹੀਂ ਹੈ)
ਭਗਤਿ ਨ ਅਹਾਰ ਘਟਾਈ, ਏ ਸਭ ਕਰਮ ਕਹਾਈ।
ਭਗਤਿ ਨ ਇੰਦਮ ਸਾਧੇ, ਭਗਤਿ ਨ ਵੈਰਾਗ ਬਾਧੇ।
ਭਗਤਿ ਨ ਏ ਸਭ ਵੇਦ ਬੜਾਈ।
ਭਗਤਿ ਨ ਮੂੰਡ ਮੂੰਡਾਏ, ਭਗਤਿ ਨ ਮਾਲਾ ਦਿਖਾਈ।
ਭਗਤਿ ਨ ਚਰਨ ਧੋਵਇ, ਏ ਸਭ ਗੁਨੀ ਜਨ ਗਾਈ।

• • • • •

(ਨੀਚਾਂ ਦੀ ਸੰਗਤ)
ਮੇਰੀ ਸੰਗਤ ਪੋਚ (ਨੀਚ) ਸੋਚ ਦਿਨ ਰਾਤੀ। ਮੇਰਾ ਕਰਮ ਕੁਟਿਲਤਾ ਜਨ ਕੁ ਭਾਤੀ (ਨੀਚ ਜਾਤੀ ਦਾ)

• • • • •

(ਦੀਨ ਦੁਖੀ ਦੀ ਸੇਵਾ ਕਰਕੇ ਹੀ ਪ੍ਰਭੂ ਮਿਲ ਸਕਦਾ ਹੈ ਵਰਨਾ ਨਹੀਂ)
ਮਨ ਮਹਿ ਸੱਤ ਸੰਤੋਖ ਰਾਖਹੁ, ਸਭ ਕਰ ਸੇਵਾ ਲਾਗ।
ਸੇਵਾ ਸਭ ਕਛੁ ਦੇਤ ਹੈ। ਰਵਿਦਾਸ ਸੇਵਾ ਮਤਿ ਤਿਆਗ।
ਦੀਨ ਦੁਖੀ ਕਰ ਸੇਵਾ ਮਹਿ, ਲਾਗ ਰਹਿਓ ਰਵਿਦਾਸ
ਨਿਸ ਬਾਸਰ ਕੀ ਸੇਵ ਸੌਂ, ਪ੍ਰਭੂ ਮਿਲਣ ਦੀ ਆਸ।
(ਵਿਚ ਦੁਨੀਆ ਸੇਵ ਕਮਾਈਐ ਤਾਂ ਦਰਗਹਿ ਬੈਸਣ ਪਾਈਐ-ਨਾਨਕ)

• • • • •

ਮਸਜਿਦ ਸੋਂ ਕਛੁ ਘਿਨ ਨਹੀਂ ਮੰਦਰ ਸੋ ਨਹੀਂ ਪਿਆਰ
ਦੋਉ ਮੇਂ ਅੱਲਾ ਰਾਮ ਨਹੀਂ, ਕਹਿ ਰਵਿਦਾਸ ਚਮਾਰ।

• • • • •

ਭਰਮ ਨਾਚਣ, ਭਰਮ ਗਾਇਨ ਭਰਮ ਜਪੁ ਤਪੁ ਦਾਨਿ (ਬ੍ਰਾਹਮਣੀ ਤਪ ਜੋਗ ਕਰਮ ਸਭ ਭਰਮ ਹੈ)
ਭਰਮ ਸੇਵਾ, ਭਰਮ ਪੂਜਾ, ਅਰੁ ਭਰਮ ਕੂੰ ਪਹਿਚਾਨਿ।
ਭਰਮ ਖਟ ਕਰਮ ਸਕਲ ਸੰਹਿਤਾ, ਭਰਮ ਗ੍ਰਿਹ ਬਨ ਜਾਨਿ।
ਭਰਮ ਕਰ ਕਰ ਕਰਮ ਕੀਏ, ਭਰਮ ਕੀ ਯਹੁ ਬਾਨਿ। (ਆਦਤ)
ਭਰਮ ਜਿੰਦਗੀ ਨਿਗ੍ਰਹਿ ਕੀਐ, ਭਰਮ ਗੁਹਾ ਮੇਂ ਬਾਸ।
ਭਰਮ ਤੋ ਲੌ ਜਾਣੀਐ, ਸੁੰਨਿ ਕੀ ਕਰੇ ਆਸ।

• • • • •

ਭਗਤੀ ਐਸੀ ਸੁਨਹੁ ਰੇ ਭਾਈ ਆਈ ਭਗਤਿ ਤਉ ਗਈ ਬੜਾਈ।
ਕਹਾ ਭਇਓ ਨਾਚੇ ਅਰੁ ਗਾਏ, ਕਹਾ ਭਇਓ ਤਪ ਕੀਨੇ।
ਕਹਾ ਭਇਓ ਜੇ ਚਰਨ ਪਖਾਲੇ, ਜੌਂ ਲੌਂ ਪਰਮ ਤੱਤ ਨਹੀਂ ਚੀਨੇ।

ਕਹਾ ਭਇਓ ਜੇ ਮੂੰਡ ਮੁੰਡਾਇਓ, ਬਹੁ ਤੀਰਥ ਵਰਤ ਕੀਨੈ।

• • • • •

ਪਾਂਡੇ ! ਹਰਿ ਵਿਚ ਅੰਤਰ ਡਾਢਾ।
ਮੁੰਡ ਮੁਡਾਵੇ ਸੇਵਾ ਪੂਜਾ। ਭਰਮ ਕਾ ਬੰਧਨ ਗਾੜ੍ਹਾ।

• • • • •

ਤਿਲਕ ਦੀਓ ਪੈ ਤਪਨ (ਦੁੱਖ) ਨਾ ਜਾਈ। ਮਾਲਾ ਪਹਿਰ ਘਣੇਰੀ ਲਾਈ।

• • • • •

ਨੀਚ ਨੀਚ ਕਹਿ ਮਾਰਹਿ, ਜਾਨਤਨਾਹਿ ਨਦਾਨ।
ਸਭ ਕਾ ਸਿਰਜਨ ਹਾਰ ਹੈ ਰਵਿਦਾਸ ਏਕੈ ਭਗਵਾਨ।

• • • • •

(ਸਭ ਇਕ ਹਨ, ਵਰਨ ਅਵਰਨ ਕਹਿਣ ਵਾਲੇ ਮੂਰਖ ਹਨ)
ਰਵਿਦਾਸ ਉਪਜੇ ਸਭ ਇਕ ਬੂੰਦ ਤੇ, ਕਾ ਬ੍ਰਾਹਮਣ ਕਾ ਸੂਦ।
ਮੂਰਖ ਜਨ ਨਾ ਜਾਨਈ ਸਭ ਮਹਿ ਰਾਮ ਮੌਜੂਦ।
ਰਵਿਦਾਸ ਇਕ ਹੀ ਬੂੰਦ ਸੋ ਸਭ ਹੀ ਭਇਓ ਵਿਥਾਰ (ਵਿਸਥਾਰ ਪਸਾਰਾ)
ਮੂਰਖ ਹੈ ਜੋ ਕਰਤ ਹੈ ਬਰਨ ਅਬਰਨ ਬਿਚਾਰ।

• • • • •

ਇਕ ਜੋਤਿ ਤੇ ਜਊ ਸਭ ਉਪਜੇ ਤਊ ਊਚ ਨੀਚ ਕਸ ਮਾਨ।
ਰਵਿਦਾਸ ਨਾਮ ਕਤ ਧਰੈ ਕਾਹੂੰ ਕੋ, ਨਾਦ ਬਿੰਦ ਹੈ ਸਮਾਨ॥
(ਊਚ ਨੀਚ ਕੋਈ ਕਿਵੇਂ ਹੋਇਆ ?)
ਰਵਿਦਾਸ ਏਕੇ ਬ੍ਰਹਮ ਕਾ, ਹੋਇ ਰਹਿਓ ਸਗਲ ਪਸਾਰ।
ਏਕੈ ਮਾਟੀ ਸਭ ਘਟ ਸਿਰਜੇ, ਏਕੈ ਸਭ ਹੂੰ ਸਿਰਜਨਹਾਰ।
(ਮਨੁੱਖਤਾ ਦੀ ਅਸਲੀ ਪਛਾਣ ਦਾ ਉੱਚਤਮ ਦਰਜਾ)
ਮੁਸਲਮਾਨ ਸੋ ਦੋਸਤੀ, ਹਿੰਦੂਅਨ ਸੋ ਕਰ ਪ੍ਰੀਤ?
(ਜਦੋਂ ਕਿ ਇਹ ਨਫਰਤ ਕਰਦੇ ਹਨ)
ਰਵਿਦਾਸ ਜੋਤ ਸਭ ਰਾਮ ਕੀ, ਸਭ ਹੈ ਅਪਨੇ ਮੀਤ।

• • • • •

ਹਿੰਦੂ ਤੁਰਕ ਮੇਂ ਨਹੀਂ ਕਿਛੁ ਭੇਦਾ, ਦੋਇ ਆਇਹੁ ਇਕ ਦਵਾਰ।
ਪ੍ਰਾਣ ਪਿੰਡ ਲੋਹ ਮਾਸ ਏਕੈ, ਕਹਿ ਰਵਿਦਾਸ ਬੀਚਾਰ।

• • • • •

ਨਰਪਤਿ ਏਕ ਸਿੰਘਾਸਨ ਸੋਇਆ ਸੁਪਨੇ ਭਇਆ ਭਿਖਾਰੀ।
ਅਛੂਤ ਰਾਜ ਬਿਛੁਰਤ ਦੁਖ ਪਾਇਆ ਸੋ ਗਤ ਭਈ ਹਮਾਰੀ।

• • • • •

(ਵਾਲਮੀਕ ਦੀ ਸਿਫਤ)
ਕਾਹਿ ਨ ਬਾਲਮੀਕਹਿ ਦੇਖ।
ਕਿਸ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤ ਬਿਸੇਖ॥

• • • • •

(ਗੁਰੂ ਰਾਮਦਾਸ ਵੱਲੋਂ ਗੁਰੂ ਰਵਿਦਾਸ ਦੀ ਵਡਿਆਈ ਇਸ ਤਰ੍ਹਾਂ ਕੀਤੀ ਗਈ ਹੈ)
ਰਵਿਦਾਸ ਚੁਮਾਰ ਉਸਤਿਤਿ ਕਰੇ ਹਰ ਕੀਰਤਿ ਨਿਮਖ ਇਕ ਗਾਏ।
ਪਤਿਤ ਜਾਤ ਉਤਮੁ ਭਇਆ ਚਾਰ ਵਰਨ ਪਏ ਪਗਿ ਆਇ।

(ਗੁਰੂ ਜੀ ਉਨ੍ਹਾਂ ਦੀ ਸਿਫਤ ਇੰਜ ਕਰਦੇ ਹਨ)
ਰਵਿਦਾਸ ਢੁਵੰਤਾ ਢੋਰ ਨੀਤਿ ਤਿਨ ਤਿਆਗੀ ਮਾਇਆ।
ਪਰਗਟ ਹੋਇਆ ਸਾਧ ਸੰਗ ਹਰ ਦਰਸ਼ਨ ਪਾਇਆ।(847)

• • • • •

(ਭਾਈ ਗੁਰਦਾਸ)
ਭਗਤੁ ਭਗਤ ਜਗ ਵਜਿਆ। ਚਹੁੰ ਚੱਕਾਂ ਦੇ ਵਿਚ ਚਮਰੇਟਾ।

• • • • •

(ਗੁਰੂ ਅਰਜਨ ਸਾਰਿਆਂ ਦੀ ਸਿਫਤ ਇਸ ਤਰ੍ਹਾਂ ਕਰਦੇ ਹਨ)
ਗੋਬਿੰਦ ਗੋਬਿੰਦ ਗੋਬਿੰਦ ਸੰਗ, ਨਾਮ ਦੇਉ ਮਨੁ ਲੀਣਾ।
ਆਢ ਦਾਮਕਾ ਛੀਪਰੋ ਹੋਇਓ ਲਖੀਣਾ ।।
ਬੁਨਨਾ, ਤਨਨਾ ਤਿਆਗ ਕੇ, ਪ੍ਰੀਤਿ ਚਰਨ ਕਬੀਰਾ।
ਨੀਚ ਕੁਲਾ ਜੁਲਾਹਾ ਭਇਓ ਗੁਨੀ ਗਹੀਰਾ।
ਰਵੀਦਾਸ ਢੁਵੰਤਾ ਢੋਰ ਨੀਤ, ਤਿਨ ਤਿਆਗੀ ਮਾਇਆ।
ਪਰਗਟ ਹੋਆ ਸਾਧ ਸੰਗ, ਹਰ ਦਰਸਨੁ ਪਾਇਆ।
ਸੈਨੁ ਨਾਈ ਬੁਤਕਾਰੀਆ, ਉਹ ਘਰਿ ਘਰਿ ਸੁਨਿਆ।
ਹਿਰਦੇ ਵਸਿਆ ਪਾਰਬ੍ਰਹਮ, ਭਗਤਾ ਮਹਿ ਗਨਿਆ।
ਇਹ ਬਿਧਿ ਸੁਨ ਕੇ ਜਾਟਰੋ, ਉਠ ਭਗਤੀ ਲਾਗਾ।
ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡਭਾਗਾ।

• • • • •

(ਸ਼ਬਦ ਗੁਰੂ ਰਵਿਦਾਸ)
ਬੇਦ ਪੁਰਾਨ ਸਭ ਦੇਖੇ ਜੋਇ।(ਜੋਹ ਕੇ, ਪੜ੍ਹ ਕੇ, ਸਮਝ ਕੇ)
ਊਹਾ ਤਉ ਜਈਐ ਜਾਈਐ ਜਉ ਈਹਾ ਨ ਹੋਇ ।
ਸਤਿਗੁਰੂ ਮੈਂ ਬਲਿਹਾਰੀ ਤੋਰ। ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ।

• • • • •

ਬਰਨ (ਚਾਰਵਰਣ) ਸਹਿਤ (ਮੰਨ ਕੇ) ਜੋ ਜਾਪੈ ਨਾਮ। ਸੋ ਜੋਗੀ ਕੇਵਲ ਨਿਹਕਾਮ ।

• • • • •

ਓਛਾ ਜਾਤੀ ਓਛਾ ਪਾਤੀ ਓਛਾ ਜਨਮੁ ਹਮਾਰਾ।
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵੀਦਾਸ ਚੁਮਾਰਾ।

• • • • •

ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।
ਪੰਡਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰ ਅਉਰ ਨ ਕੋਇ ।

• • • • •

ਹਮ ਬਡ ਕਬਿ, ਕੁਲੀਨ ਹਮਪੰਡਿਤ ਹਮ ਜੋਗੀ ਸੰਨਿਆਸੀ ।
ਗਿਆਨੀ ਗੁਨੀ ਸੂਰ ਹਮਦਾਤੇ (ਹਉ) ਇਹ ਬੁਧਿ ਕਬਹਿ ਨ ਨਾਸੀ।(ਉਚਤਾ ਦਾ ਹੰਕਾਰ

• • • • •

ਐਸੀ ਲਾਲ ਤੁਝ ਬਿਨੁ ਕਉਨ ਕਰੈ।
ਗਰੀਬ ਨਿਵਾਜੁ ਗੁਸਈਆ ਮੇਰੇ ਮਾਥੇ ਛਤ੍ਰ ਧਰੈ।(ਰਹਾਓ)
ਜਾਕੀ ਛੋਤ (ਛੂਆਛਾਤ) ਜਗਤ ਕੋ ਲਾਗੈ ਤਾ ਪਰ ਤੁਹੀ ਢਰੈ ।
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।

ਬਾਪੁਰੋ ਸਤਿ ਰੈਦਾਸ ਕਹੈ ਰੇ।
ਗਿਆਨ ਵਿਚਾਰ ਚਰਨ ਚਿਤ ਲਾਵੈ।
ਹਰਿ ਕੇ ਸਰਨਿ ਰਹੈ ਰੇ ਪਾਤੀ ਤੋੜੈ ਪੂਜਿ ਰਚਾਵੈ।
ਤਾਰਨ ਤਰਨ ਕਹੈ ਰੇ।
ਮੂਰਤਿ (ਮੂਰਤੀ ਭਗਵਾਨ) ਮਾਹਿ ਬਸੈ ਪਰਮੇਸਰ ਤੇ ਪਾਨੀ ਮਾਹਿ ਤਰੈ ਰੇ।
ਕਹਿ ਰਵਿਦਾਸੁ ਜੋ ਜਪੈ ਨਾਮ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ।
(ਜਾਤਪਾਤ, ਜਨਮ-ਮਰਨ, ਭਰਮਣ, ਜੂਨੀ ਆਦਿ ਬ੍ਰਾਹਮਣੀ ਵਿਚਾਰਧਾਰਾ ਹੈ।)

• • • • •

ਜਨਮ ਜਾਤ ਮਤ ਪੂਛੀਐ, ਕਾ ਜਾਤ ਅਰ ਪਾਤ।
ਰਵਿਦਾਸ ਪੂਤ ਸਭ ਪ੍ਰਭੂ ਕੇ, ਕੋਊ ਨਹਿ ਜਾਤ ਕੁਜਾਤ।
ਜਾਤ ਪਾਤ ਕੇ ਫੇਰ ਮਹਿ ਉਰਝ ਰਹਈ ਸਭ ਲੋਗ।
ਮਾਨੁਸ਼ਤਾ ਕੋ ਖਾਤ ਹੈ ਰਵਿਦਾਸ ਜਾਤ ਕਰ ਰੋਗ।

• • • • •

ਏਕ ਜੋਤਿ ਤੇ ਜਉ ਸਭ ਉਪਜੇ ਤਉ ਊਚ ਨੀਚ ਕਸ ਮਾਨ। (ਕਿਉਂ)

• • • • •

ਰਵਿਦਾਸ ਬ੍ਰਾਹਮਣ ਮਤਿ ਪੂਜੀਏ ਜਉ ਹੋਵੈ ਗੁਣ ਹੀਨ।
ਪੂਜਹਿ ਚਰਨ ਚੰਡਾਲ ਕੇ ਜਉ ਹੋਵੈ ਗੁਣ ਪਰਵੀਨ।

• • • • •

ਅਬ ਮੈਂ ਹਾਰਿਓ ਰੇ ਭਾਈ।
ਥਕਤ ਭਇਓ ਸਭ ਹਾਲ ਕਾਲ ਤੇ ਲੋਗਨਿ ਵੇਦ ਬੜਾਈ।
ਥਕਤ ਭਇਓ ਗਾਇਨ ਅਰ ਨਾਚਨ ਥਾਕੀ ਦੇਵ ਪੂਜਾ।
ਕਾਮ ਕ੍ਰੋਧ ਤੇ ਦੇਹ ਥਕਤਿ ਭਈ ਕਹੋ ਕਹਾਂ ਲੌ ਦੂਜਾ।
ਰਾਮ ਜਨ ਹੋਊ ਨ ਭਗਤ ਕਹਾਊ ਚਰਨ ਪਖਾਲੂੰ ਨ ਦੇਵਾ।

• • • • •

ਕਾ ਮਥਰਾ ਕਾ ਦੁਆਰਕਾ ਕਾ ਕਾਸੀ ਹਰਿ ਦਵਾਰ।
ਰਵਿਦਾਸ ਖੋਜਾ ਦਿਲ ਅਪਨਾ ਤਉ ਮਿਲਿਆ ਦਿਲਦਾਰ।
ਜਗ ਮੈਂ ਬੇਦ ਬੈਦ ਮਾਨੀਜੈ।
ਇਨ ਮਹਿ ਅਵਰੁ, ਅਗਸ (ਅੱਗੇ) ਕਛੁ ਔਰੇ ਕਹੋ ਕਵਨ ਪਰਿ ਕੀਜੈ।
ਭੌਜਲ ਬਿਆਧਿ ਅਸਾਧਿ ਪਰਬਲ ਅਤਿ ਪਰਮ ਪੰਥ ਨ ਰਹੀਜੈ।
ਪੜ੍ਹੇ ਸੁਨੇ ਕਛੁ ਸਮਝਿ ਨ ਪਰਈ ਅਨਭੈ ਪਦੁ ਨ ਲਹੀਜੈ।

• • • • •

ਬਰਨ ਅਬਰਨ ਚੰਕੁ ਨਹੀ ਈਸਰੁ ਬਿਮਲ ਬਾਸ ਜਾਨੀਐ ਜਗ ਸੋਇ।
ਬ੍ਰਹਮਨ ਵੈਸ ਸੂਦ ਅਰੁ ਖੜ੍ਹੀ ਡੋਮ ਚੰਡਾਰ ਮਲੇਛ ਮਨ ਸੋਇ।

• • • • •

ਗੁਰੂ ਸਭ ਰਹਸਿ ਅਗੰਮਹਿ ਜਾਨੈ।
ਢੂੰਢੇ ਕੋਊ ਖਟ ਸਾਸਤ੍ਰਨ ਮਾਹਿ ਕਿਧੁੰ ਕੋਊ ਵੇਦ ਬਖਾਨੈ।
ਸਾਂਸ ਉਸਾਂਸ ਚੜ੍ਹਾਵੈ ਬਹੁ ਬਿਧਿ। ਬੈਠਹਿ ਸੁੰਨਿ ਸਮਾਧੀ।
ਫਾਂਟਿਓ ਕਾਨ, ਭਭੂਤ ਤਨੁ ਲਾਈ ਅਨਿਕ ਭਰਮਤ ਵੈਰਾਗੀ।
ਤੀਰਥ ਬਰਤ ਕਰਈ ਬਹੁਤੇਰੇ ਕਥਾ ਬਸਤ ਬਹੁ ਸਾਨੈ।

ਕਹਿ ਰਵਿਦਾਸ ਮਿਲਓ ਗੁਰ ਪੂਰੇ ਜਿਹਿ ਅੰਤਰ ਹਰਿ ਮਿਲਾਨੈ।

• • • • •

ਰਵਿਦਾਸ ਸ੍ਰਮ (ਕਿਰਤ) ਕਰਿ ਖਾਇਹਿ।
ਜੌ ਲੌ (ਲੋੜੇ) ਪਾਰ ਬਸਾਇ।
ਨੇਕ ਕਮਾਈ ਜੇ ਕਰੇ, ਕਬਹੂੰ ਨ ਨਿਹਫਲ ਜਾਇ।

• • • • •

ਜੀ ਜਨ ਦੁਸ਼ਟ ਕੁਮਾਰਗੀ ਬੈਠਹਿ ਨਹਿ ਤਿੰਹ ਪਾਸ।
ਜੀ ਜਨ ਸੰਤ ਸਮਾਰਗੀ ਤਿਨ ਪਾਏ ਲਾਗੋ ਰਵੀਦਾਸ।

• • • • •

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।
ਅਬ ਬਿਪ੍ਰ (ਬ੍ਰਾਹਮਣ) ਤਿਹ ਕਰਹਿ ਡੰਡਉਤਿ (ਨਮਸਕਾਰ) ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।

• • • • •

ਰਵਿਦਾਸ ਮਦੁਰਾ (ਸੁਰਾ) ਕਾ ਪੀਜੀਐ। ਜੋ ਚੜ੍ਹੇ ਚੜ੍ਹੇ ਉਤਰਾਇ।
ਨਾਮ ਮਹਾਰਸ ਪੀਜੀਐ। ਜੋ ਚੜ੍ਹੈ ਨਾਹਿ ਉਤਰਾਇ।
(ਨਾਮੁ ਖੁਮਾਰੀ ਨਾਨਕਾ ਚੜ੍ਹੀ ਰਹੈ ਦਿਨ ਰਾਤ)

• • • • •

ਬਾਪੁਰੋ (ਵਿਚਾਰਾ-ਨਿਮਾਣਾ) ਸਤਿ ਰੈਦਾਸ ਕਹੈ ਰੇ।
ਗਿਆਨ ਬਿਚਾਰਿ ਚਰਨ ਚਿਤ ਲਾਵੈ ਹਰਿ ਕੀ ਸਰਨਿ ਰਹੈ ਰੇ। (ਬ੍ਰਾਹਮਣ ਦੀਵਤਿਆਂ ਦੀ ਸ਼ਰਨ ਨਹੀਂ)
ਗੁਰ ਕੈ ਸ਼ਬਦ-ਅਰੁ ਸੁਰਤਿ ਕੁਦਾਲੀ (ਗੰਧਾਲਾ) ਖੋਦਤ ਕੋਊ ਲਹੈ ਰੇ।

• • • • •

ਐਸੀ ਭਗਤੀ ਨ ਹੋਇ ਰੇ ਭਾਈ।
ਭਗਤਿ ਨ ਰਸ ਦਾਨ, ਭਗਤ ਨ ਕਥੈ ਗਿਆਨ।
(ਭਾਵ ਬ੍ਰਾਹਮਣੀ ਕਥਾਵਾਂ ਕਰਨ 'ਚ)
ਭਗਤਿ ਨ ਵਨ (ਜੰਗਲ) ਮੈਂ ਗਹਾ ਖੁਦਾਈ। ਭਗਤਿ ਨ ਕੁਲ ਕਾਨਿ ਗਵਾਈ।
ਭਗਤਿ ਨ ਇੰਦ੍ਰੀ (ਲਿੰਗ) ਬਾਂਧੇ। ਭਗਤਿ ਨ ਜੋਗ ਸਾਧੇ।
ਭਗਤਿ ਨ ਐ ਸਬ ਵੇਦ ਬੜਾਈ। (ਵੇਦ ਵਡਿਆਈ)
ਭਗਤਿ ਨ ਮੂੰਡ ਮੂੰਡਾਏ ਭਗਤਿ ਨ ਮਾਲਾ ਦਿਖਾਈ।

• • • • •

(ਖਰਾ ਪੰਥ)
ਆਗੈ ਪੰਥ ਖਰਾ ਹੈ ਝੀਨਾ। (ਬਹੁਤ ਬਰੀਕ ਤੇ ਔਖਾ)
ਖਾਂਡੇ ਧਾਰ ਜਿਸਾ ਹੈ ਪੈਨਾ (ਤੇਜ਼)
ਤਿਸ ਊਪਰਿ ਮਾਰਗ ਹੈ ਤੇਰਾ। ਪੰਥੀ, ਪੰਥ ਸੰਵਾਰਿ ਸਬੇਰਾ।
(ਖੰਨਿਓ ਨਿੱਕੀ, ਖੰਡਿਓ ਤਿੱਖੀ)

• • • • •

ਦੇਹੁਰਾ (ਮੰਦਰ) ਅਰੁ ਮਸੀਤ ਮਹਿ। ਰਵਿਦਾਸ ਨਾ ਸੀਸ ਨਵਾਇ।
ਜਹਿਲੌਂ (ਲੋੜੇ) ਸੀਸ ਨਿਵਾਵਨਾ ਸੋ ਠਾਕਰ ਸਭ ਥਾਇ।

• • • • •

ਜਨਮ ਜਾਤ ਕੂੰ ਛਾਡਿ ਕਰਿ ਕਰਨੀ ਜਾਤ ਪ੍ਰਧਾਨ।
ਏਹੋ ਬੇਦ ਕੌ ਧਰਮ ਹੈ ਕਰੈ ਰਵਿਦਾਸ ਬਖਾਨ।

ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।
ਨਰ ਕੂੰ ਨੀਚ ਕਰਿ ਡਾਰਿ ਹੈ ਓਛੇ (ਮਾੜੇ) ਕਰਮ ਕੌ ਕੀਚ।(ਕਰਨਾ)

• • • • • •

ਨਹਿ ਅਬ ਰਾਮ ਕ੍ਰਿਸ਼ਨ ਗੁਣ ਭਾਈ।
ਬੋਲਤ ਹੈ ਸੁਫੈ ਛੰਦਾ ਨਹਿ ਅਬ ਬੇਦ ਕਤੇਬ ਪੁਰਾਨਨਿ ਸੁਨਿ ਜਹਜ ਰੇ ਭਾਈ।

• • • • • •

ਤੀਰਥ ਬਰਤ ਨ ਕਰੌ ਅੰਦੇਸਾ। ਤੁਮਰੇ ਚਰਨ ਕੰਵਲ ਭਰੋਸਾ।
ਜਹਾਂ ਜਹਾਂ ਜਾਊ ਤੁਮਰੀ ਪੂਜਾ। ਤੁਮ ਸਾ ਦੇਵ ਅਵਰ ਨਹਿ ਦੂਜਾ।

• • • • • •

ਰਾਜੇ ਇੰਦ੍ਰ ਸਮਸਰਿ ਗ੍ਰਿਹਿ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ।
ਨਾ ਬੀਚਾਰਿਓ ਰਾਜਾ ਰਾਮ ਕੋ ਰਸ ਜਿਹ ਰਸ ਅਨਰਸ ਬੀਸਰਿ ਜਾਹੀ।

• • • • • •

ਪੰਡਿਤ ! ਅਖਿਲ ਖਿਲੈ ਨਹੀਂ
ਕਾ ਕਹਿ ਗਾਊ ਕੋਈ ਨ ਕਹੈ ਸਮਝਾਈ।
ਅਬਰਨ ਬਰਨ ਰੂਪ ਨਹੀਂ ਜਾ ਕੈ ਸੁ ਕਹਾਂ ਲੌ ਜਾਇ ਸਮਾਈ।

• • • • • •

ਕ੍ਰਿਸ਼ਨ ਕਰੀਮੁ ਰਾਮ ਹਰਿ ਰਾਘੋ ਜਬ ਲਗਿ ਏਕੋ ਏਕ ਨਹੀਂ ਪੇਖਯਾ।
ਬੇਦ ਕਤੇਬ ਕੁਰਾਨ ਪੁਰਾਨਨਿ ਸਹਿਜ ਏਕ ਨਹੀਂ ਦੇਖਯਾ।

• • • • • •

ਜਾਤਿ ਥੈਂ ਕੋਊ ਪਾਰ ਨ ਪਹੁੰਚਯਾ ਰਾਮ ਭਗਤਿ ਬਿਸੇਖ ਰੇ।
ਖਟ ਕਰਮ ਸਹਿਤ ਬਿਪ੍ਰ (ਬ੍ਰਾਹਮਣ) ਹੋਤੇ ਹਰ ਭਗਤਿ ਚਿਤ ਦਿਹ ਨਾਹਿ ਰੇ।

• • • • • •

(੧ਓ ਸਤਿਨਾਮ ਆਦਿ ਸੱਚ ਜੁਗਾਦਿ ਸੱਚ)
ਓ ਕਾਰ ਹੈ ਸੱਤ ਨਾਮ ਆਦਿ ਜੁਗਾਦਿ ਸਭ ਸੱਤ।
ਰਵਿਦਾਸ ਸੱਤ ਕਹਿ ਸਾਮੁਹੇਂ (ਸਾਹਮਣੇ) ਟਿਕਵੈ ਨਾਹਿ ਅਸੱਤ।

• • • • • •

ਮਾਥੇ ਤਿਲਕ ਹਾਥ ਜਪਮਾਲਾ ਜਗ ਠਗਨੇ ਕੂੰ ਸਾਂਗ ਬਨਾਇਆ।
ਮਾਰਗ ਛਾਡਿ ਕੁਮਾਰਗ ਡਹਿਕੈ ਸਾਚੀ ਪ੍ਰੀਤ ਬਿਨ ਰਾਮ ਨ ਪਾਯਾ।

• • • • • •

ਧਰਮ ਕਰਮ ਜਾਨੈ ਨਹੀਂ ਮਨ ਮਹਿ ਜਾਤਿ ਅਭਿਮਾਨ।
ਐਸਉ ਬਾਹਮਨ ਸੋਂ ਭਲੋਂ ਰਵਿਦਾਸ ਸ੍ਰਮਕ (ਕਿਰਤੀ) ਸੁ ਜਾਨ।

ਸੰਤਗੁਰੂ ਧਰਮ ਅਤੇ ਸਮਾਜਿਕ ਸਭਿਆਚਾਰ

(ਬ੍ਰਾਹਮਣੀ ਧਰਮ ਅਤੇ ਸਮਾਜਿਕ ਸਭਿਆਚਾਰ)

1. ਗੁਰੂਆਂ ਦੀ ਬਾਣੀ ਵਿੱਚ ਸੰਤ-ਭਗਤ-ਸਾਧੂ-ਸਤਿਗੁਰੂ-ਗੁਰੂ ਆਦਿ ਵੱਲੋਂ ਰਚੀ 'ਬਾਣੀ' ਬਾਰੇ ਅਸਲੀ ਦ੍ਰਿਸ਼ਟੀਕੋਣ।

2. ਸੰਤ ਭਗਤ ਸਾਧੂ ਗੁਰੂ ਸਤਿਗੁਰ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦਾ ਮੂਲ ਦ੍ਰਿਸ਼ਟੀਕੋਣ ਕਿ ਇਹ ਸੰਤ ਹੀ ਸਿੱਖੀ ਦੇ ਸਿਰਜਕ ਸਨ।

3. ਗੁਰੂ ਗ੍ਰੰਥ ਸਾਹਿਬ ਵਿਚ ਬ੍ਰਾਹਮਣ, ਪੰਡਤ, ਪੰਡੀਆ, ਪਾਂਡੇ, ਪੰਡੀਅਨ, ਮਿਸ਼ਰ, ਜੋਤਸ਼ੀ, ਸਾਕਤ, ਬ੍ਰਹਮਾਂ, ਵਿਸ਼ਨੂੰ, ਸ਼ਿਵਜੀ, ਦੇਵੀ-ਦੇਵਤੇ, ਰਿਸ਼ੀ-ਮੁਨੀ, ਜੋਗੀ-ਜੰਗਮ, ਤਪੀ-ਤਪੀਸਰ ਆਦਿ ਬਾਰੇ ਬੁਨਿਆਦੀ ਦ੍ਰਿਸ਼ਟੀਕੋਣ।

4. ਸਿੱਖ ਲਹਿਰ ਦੇ ਸੰਵਿਧਾਨ ਗੁਰਬਾਣੀ ਦੀਆਂ ਧਾਰਾਵਾਂ ਅਤੇ ਨਿਰਨਾਂ।

5. (1) ਸੰਤਗੁਰੂ ਨਾਮ ਦੇਵ ਬਾਣੀ ।(2) ਸੰਤਗੁਰੂ ਕਬੀਰ ਬਾਣੀ ।(3) ਸੰਤਗੁਰੂ ਰਵੀਦਾਸ ਬਾਣੀ।(4) ਗੁਰੂ ਨਾਨਕ ਅਤੇ ਹੋਰ ਗੁਰੂ ਬਾਣੀ।(5) ਗੁਰੂ ਗੋਬਿੰਦ ਸਿੰਘ ਬਾਣੀ।(6) ਗੁਰੂ ਨਾਨਕ ਦੀ ਕੁਝ ਬਾਣੀ ਦੇ ਅਰਥ।

ਬਾਣੀ ਦੇ ਸਮਾਜਿਕ ਵਰਤਾਰੇ ਦੇ ਪ੍ਰਸੰਗ ਵਿੱਚ

ਸੰਤ ਗੁਰੂ ਬਾਣੀ ਦੇ ਬੁਨਿਆਦੀ ਦ੍ਰਿਸ਼ਟੀਕੋਣ ਸੰਬੰਧੀ, ਕਰੋੜਾਂ ਸਿੱਖਾਂ ਅਤੇ ਵਿਦਵਾਨਾਂ ਦਾ ਅੱਜ ਤੱਕ ਇਕੋ ਮੱਤ ਹੈ ਕਿ :-

-ਭਗਤ ਜਿਵੇਂ ਨਾਮਦੇਵ, ਕਬੀਰ, ਰਵੀਦਾਸ, ਸੈਣ ਆਦਿ ਗੁਰੂ ਨਹੀਂ ਹੋ ਸਕਦੇ। ਗੁਰੂ ਖਾਲਸਾ ਪੰਥ ਭਗਤ ਜੀ ਨੂੰ ਗੁਰੂ ਪ੍ਰਵਾਨ ਨਹੀਂ ਕਰਦਾ। ਸਿੱਖ ਹੋ ਜਾਣ ਤੋਂ ਬਾਅਦ ਕੋਈ ਦਲਿਤ ਭਾਵ ਅਛੂਤ ਸਿੱਖ, ਪਛੜਿਆਂ ਸਿੱਖ, ਨਿਮਨ ਸਿੱਖ, ਹਰੀਜਨ ਸਿੱਖ ਨਹੀਂ ਰਹਿ ਜਾਂਦਾ। ਗੁਰੂ ਅਰਜਨ ਸਾਹਿਬ ਦਾ ਬਹੁਤ ਵੱਡਾ ਉਪਕਾਰ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਦਰਜ ਕਰਕੇ, ਉਨ੍ਹਾਂ ਨੂੰ ਉੱਚਾ ਅਤੇ ਸਮਾਨਤਾ ਦਾ ਦਰਜਾ ਦਿੱਤਾ। ਸਿੱਖਾਂ ਵਿਚ ਭਗਤ ਪਰੰਪਰਾ ਨੂੰ ਮਾਨਤਾ ਹੈ, ਸੰਤਾਂ ਨੂੰ ਨਹੀਂ। ਭਗਤ ਅਤੇ ਗੁਰੂ ਨੂੰ ਬਰਾਬਰ ਨਹੀਂ ਰੱਖਿਆ ਜਾ ਸਕਦਾ। ਭਗਤਾਂ ਦੇ ਨਾਂ 'ਤੇ ਗੁਰਦੁਆਰੇ ਸਥਾਪਤ ਕਰਨੇ ਗਲਤ ਹਨ। ਭਗਤਾਂ ਨੂੰ ਗੁਰੂ ਕਹਿਣ ਤੇ ਸਿੱਖ ਸਮਾਜ ਨੂੰ (ਉਤਲੀਆਂ ਜਾਤੀਆਂ ਨੂੰ) ਇਤਰਾਜ ਹੁੰਦਾ ਹੈ। ਭਗਤਾਂ ਨੂੰ ਗੁਰੂ ਪ੍ਰਗਟ ਕਰਨ ਪਿੱਛੇ ਦਲਿਤ ਸਿਆਸਤ ਕੰਮ ਕਰਦੀ ਹੈ ।

ਉਪਰੋਕਤ ਭਾਵਨਾਵਾਂ ਅਧੀਨ ਸਿੱਖ ਸਮਾਜ ਅੰਦਰ ਖਾਸ ਕਰਕੇ, ਸੰਤ ਗੁਰੂ ਨਾਮਦੇਵ, ਸੰਤ ਗੁਰੂ ਕਬੀਰ ਅਤੇ ਸੰਤ ਗੁਰੂ ਰਵੀਦਾਸ ਦੀ ਬਾਣੀ ਦਾ ਪਾਠ ਅਤੇ ਕੀਰਤਨ ਕਰਨ ਤੋਂ ਵਧੇਰੇ ਕੋਈ ਸ਼ਰਧਾ ਨਹੀਂ ਹੈ ।ਜੇ ਸ਼ਰਧਾ ਹੈ ਤਾਂ ਕੇਵਲ ਦਲਿਤ ਪਛੜੀਆਂ ਜਾਤੀਆਂ ਵਿਚ ਹੈ ।ਜੇ ਉਹ ਕੋਈ ਗੁਰਦੁਆਰਾ ਸਥਾਪਤ ਕਰ ਲੈਂਦੇ ਹਨ ਤਾਂ ਉਸ ਸਥਾਨ ਕੋਈ ਦੂਸਰੀ ਜਾਤੀ ਮਾਨਤਾ ਨਹੀਂ ਦਿੰਦੀ ਅਤੇ ਨਾ ਹੀ ਉੱਥੇ ਆਪਣੀ ਸ਼ਰਧਾ ਪ੍ਰਗਟ ਕਰਦੀ ਹੈ । ਸਿੱਖ ਵਿਦਵਾਨਾਂ ਨੇ ਤਾਂ ਇਸ ਦੁਵੈਤ ਨੂੰ ਕਾਇਮ ਰੱਖਣ ਲਈ ਪੂਰੀ ਵਾਹ ਲਾਈ ਹੈ । ਇਹ ਸਾਰਾ ਕੁਝ ਉਚ-ਨੀਚ ਦੀ ਭਾਵਨਾ ਅਧੀਨ ਵਾਪਰਦਾ ਆ ਰਿਹਾ ਹੈ ।ਜਦੋਂ ਕਿ ਪੂਰੀ ਬਾਣੀ ਇਸ ਗੈਰ ਮਨੁੱਖੀ ਵਰਤਾਰੇ ਵਿਰੁੱਧ ਹੀ ਭੁਗਤਦੀ ਹੈ ।ਇਸ ਪ੍ਰਸੰਗ ਵਿਚ ਅਸੀਂ ਪ੍ਰੋ. ਬਲਕਾਰ ਸਿੰਘ ਡੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਕ ਪੱਤਰ ਵੀ ਛਾਪ ਰਹੇ ਹਾਂ, ਜੋ ਸਮੁੱਚੀ ਸਿੱਖ ਮਾਨਸਿਕਤਾ ਦਾ ਪ੍ਰਤੀਨਿਧ ਪੱਤਰ ਹੈ, ਜੋ 2-4-5-97 ਨੂੰ ਅੱਜ ਦੀ ਅਵਾਜ਼ ਨੇ ਛਾਪਿਆ ਸੀ ।ਇਕ 19-4-97 ਨੂੰ ਪ੍ਰਤੀਕਰਮ ਛਾਪਿਆ ਸੀ, ਜਿਸ ਦਾ ਉੱਤਰ ਦੇਣ ਲਈ ਮੈਨੂੰ ਇਕ ਮਿੱਤਰ ਨੇ ਲਿਖਿਆ ਸੀ, ਪ੍ਰੰਤੂ ਉਸ ਉੱਤਰ ਦੀ ਤਿਆਰੀ ਵਿਚ ਪੂਰੇ ਦੋ ਵਰ੍ਹੇ ਲੱਗ ਗਏ ਹਨ ।

ਪਰ ਇਹ ਉੱਤਰ ਅਸੀਂ ਗੁਰੂਆਂ ਦੀ ਜ਼ੁਬਾਨੀ ਉਨ੍ਹਾਂ ਦੇ ਸ਼ਬਦਾਂ ਰਾਹੀਂ ਦਿੱਤੇ ਜਾ ਰਹੇ ਹਨ । ਉਸ ਉੱਤਰ ਲਈ ਪ੍ਰੋ. ਬਲਕਾਰ ਸਿੰਘ ਜੀ ਜੋ ਸਿੱਖ ਸਮਾਜ ਦੀ ਮਾਨਸਿਕਤਾ ਦੇ ਪ੍ਰਤੀਨਿਧ ਪਾਤਰ ਵਜੋਂ ਪੇਸ਼ ਹੋਏ ਹਨ, ਦੀ ਚਿੱਠੀ ਦਾ ਮੂਲ ਵੀ ਛਾਪ ਰਹੇ ਹਾਂ ।

ਸੰਪਾਦਕ ਦੇ ਨਾਂ ਚਿੱਠੀ ਦੀਆਂ ਮੂਲ ਸਤਰਾਂ ਇਸ ਪ੍ਰਕਾਰ ਹਨ :-

-ਭਗਤ ਰਵੀਦਾਸ ਨੂੰ ਗੁਰੂ ਕਹਿਣ ਦੀ ਲੋੜ ਕਿਉਂ ਪਈ ? ਭਗਤ ਜੀ ਨੂੰ ਗੁਰੂ ਵਜੋਂ ਪ੍ਰਗਟ ਕਰਨ ਪਿੱਛੇ ਦਲਿਤ ਭਾਵਨਾ ਦੀ ਦਲਿਤ ਸਿਆਸਤ ਕੰਮ ਕਰ ਰਹੀ ਹੈ। ਇਹ ਕਾਂਸ਼ੀ ਰਾਮ ਉਭਾਰ ਤੋਂ ਬਾਅਦ, ਕਾਂਗਰਸ ਵੱਲੋਂ ਪੰਜਾਬ ਵਿਚ ਕਾਂਗਰਸ ਨੂੰ ਇਸ ਪ੍ਰਭਾਵ ਤੋਂ ਬਚਾਏ ਜਾਣ ਦੇ ਆਸ਼ੇ ਨਾਲ ਕੀਤਾ ਗਿਆ ਸੀ । ਇਸ ਪ੍ਰਥਾਏ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਇਕ ਸੈਮੀਨਾਰ ਕਰਵਾਈਆ ਗਿਆ ਸੀ।.....ਮੇਰੇ ਤੋਂ ਵੱਖਰੇ ਤੌਰ 'ਤੇ ਆਸ ਕੀਤੀ ਗਈ ਸੀ ਕਿ ਮੈਂ ਭਗਤ ਜੀ ਨੂੰ ਉਸੇ ਸੁਰ ਵਿਚ ਗੁਰੂ ਪ੍ਰਵਾਨ ਕਰ ਲਵਾਂ । ਮੇਰੀ ਉਦੋਂ ਵੀ ਸੀ ਤੇ ਅੱਜ ਵੀ ਹੈ ਕਿ ਸਿੱਖ ਸਿਧਾਂਤ ਅਤੇ ਪਰੰਪਰਾ ਵਿਚ ਗੁਰੂ ਕੇਵਲ ਦਸ ਹੀ ਹਨ ਅਤੇ ਇਸ ਗਿਣਤੀ ਵਿਚ ਅਦਲਾ-ਬਦਲੀ ਦਾ ਅਧਿਕਾਰ ਕਿਸੇ ਵਿਅਕਤੀ ਨੂੰ ਨਹੀਂ, ਸਗੋਂ ਗੁਰੂ ਖਾਲਸਾ ਪੰਥ ਨੂੰ ਹੀ ਹੈ । ਜਿੰਨਾ ਚਿਰ ਗੁਰੂ ਖਾਲਸਾ ਪੰਥ ਭਗਤ ਜੀ ਨੂੰ ਗੁਰੂ ਪ੍ਰਵਾਨ ਨਹੀਂ ਕਰਦਾ । ਓਨਾ ਚਿਰ ਸਿੱਖ ਕਹਾਉਣ ਵਾਲਿਆਂ ਨੂੰ ਇਹ ਮਸਲਾ ਨਹੀਂ ਉਠਾਉਣਾ ਚਾਹੀਦਾ।

-ਭਾਰਤੀ ਪਰੰਪਰਾ ਵਿਚ ਮਠਧੀਸ਼ਾਂ ਅਤੇ ਸ਼ੰਕਰਾਚਾਰੀਆ ਨੂੰ ਗੁਰੂ ਕਹਿਣ ਤੇ ਮੈਨੂੰ ਕੋਈ ਇਤਰਾਜ ਨਹੀਂ ਹੈ। ਭਗਤ ਜੀ ਨੂੰ ਗੁਰੂ ਕਹਿ ਕੇ ਸ਼੍ਰੇਣੀ ਪ੍ਰਤੀਨਿਧ ਹੋ ਜਾਣ 'ਤੇ ਹੀ ਮੇਰਾ ਪਹਿਲਾ ਇਤਰਾਜ ਹੈ । ਕਿਉਂਕਿ ਸਿੱਖ ਸਿਧਾਂਤ ਦੇ ਅੰਤਰਗਤ ਇਸ ਦੀ ਆਗਿਆ ਨਹੀਂ ।

(ਅੱਗੇ ਅਸੀਂ ਗੁਰੂਆਂ ਦੇ ਸਥਾਪਤ ਕੀਤੇ ਸਿੱਖ ਸਿਧਾਂਤ ਮੂਲ ਰੂਪ ਵਿਚ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਪੇਸ਼ ਕਰ ਰਹੇ ਹਾਂ, ਉੱਤਰ)

-ਇਸ ਲਈ ਮੈਂ ਕਹਿ ਰਿਹਾ ਹਾਂ ਕਿ ਅਕਾਲੀ ਸਰਕਾਰ (ਭਾਵ ਸਿੱਖਾਂ ਦੀ ਸਰਕਾਰ) ਇਸ ਨੂੰ ਮਾਨਤਾ ਨਹੀਂ ਦੇ ਸਕਦੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਰੂ ਰਵੀਦਾਸ ਚੇਅਰ ਸਥਾਪਤ ਕਰਨ ਲੱਗਿਆ ਪੰਜਾਬ ਯੂਨੀਵਰਸਿਟੀ ਵਿਚ ਪ੍ਰਾਪਤ ਮਾਡਲ ਦੀ ਨਕਲ ਨਹੀਂ ਮਾਰਨੀ ਚਾਹੀਦੀ ਸੀ। ਚੌਥਾ ਇਤਰਾਜ ਇਹ ਹੈ ਕਿ ਭਗਤ ਅਤੇ ਗੁਰੂ ਵਿਚ ਤਮੀਜ (ਫਰਕ) ਨਾ ਕਰਨ ਨਾਲ ਸਿੱਖਾਂ ਵਿਚਕਾਰ ਦੇਵਤਿਆਂ ਦੀ ਸੁਰ ਵਿਚ ਗੁਰੂ ਹੀ ਗੁਰੂ ਸਥਾਪਤ ਹੋ ਜਾਣਗੇ। ਪ੍ਰੋ. ਪੂਰਨ ਸਿੰਘ ਦੇ ਇਲਹਾਮੀ 'ਸ਼ਬਦਾਂ' ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ ਦਾ ਕੀ ਕਰਾਂਗੇ? ਸਿੱਖ ਹੋਣ ਤੋਂ ਬਾਅਦ ਕੋਈ ਦਲਿਤ ਨਹੀਂ ਰਹਿੰਦਾ.....ਇਸ ਲਈ ਭਗਤਾਂ ਨੂੰ ਗੁਰੂ ਕਹਾਉਣ ਦਾ ਰਾਹ ਨਹੀਂ ਖੋਲ੍ਹਣਾ ਚਾਹੀਦਾ, ਕਿਉਂਕਿ ਇਹ ਨਾ ਭਗਤਾਂ ਦੀ ਲੋੜ ਸੀ, ਨਾ ਇਸ ਦੀ ਸਿਧਾਂਤਕ ਪ੍ਰਸੰਗਤਾ ਸਾਹਮਣੇ ਹੈ ਅਤੇ ਨਾ ਹੀ ਇਸ ਨਾਲ ਸਿੱਖੀ ਦੇ ਦਲਿਤ ਮਾਡਲ ਦਾ ਸਮਰਥਨ ਹੁੰਦਾ ਹੈ। ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਸਿੱਖ ਚਿੰਤਨ ਵਿਚ ਭਗਤ ਪ੍ਰੰਪਰਾ ਨੂੰ ਮਾਨਤਾ ਪ੍ਰਾਪਤ ਹੈ ਨਾ ਕਿ ਸੰਤ ਪਰੰਪਰਾ ਨੂੰ (ਅੱਗੇ ਦਿੱਤੇ ਜਾ ਰਹੇ ਸੈਂਕੜੇ ਸ਼ਬਦ ਦੱਸਣਗੇ ਕਿ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਕਦੀ ਨਾ ਪੜ੍ਹਿਆ ਹੈ ਤੇ ਨਾ ਬੁੱਝਿਆ ਹੈ) ਕੀ ਭਗਤ ਰਵੀਦਾਸ ਕੀ ਆੜ ਵਿਚ ਸਿਆਸਤ ਕਰਨ ਵਾਲਿਆਂ ਨੂੰ ਇਹ ਗੱਲ ਵੀ ਸਮਝ ਆ ਸਕਦੀ ਹੈ ?

ਗੁਰੂ ਸੰਪੂਰਨ ਸੰਕਲਪ ਹੈ ਜੋ ਸ਼ਬਦ ਗੁਰੂ ਵਿਚ ਪਰਵਰਤਨ ਹੋ ਚੁੱਕਾ ਹੈ। ਸੋ ਭਗਤ ਨੂੰ ਗੁਰੂ ਹੋ ਜਾਣ ਦੀ ਅਕਾਦਮਿਕ ਮਾਣਤਾ ਜਿਵੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਦਿੱਤੀ ਹੈ, ਨਹੀਂ ਦਿੱਤੀ ਜਾ ਸਕਦੀ। ਗੁਰੂ ਰਵੀਦਾਸ ਦੇ ਨਾਂ 'ਤੇ ਗੁਰਦੁਆਰੇ ਸਥਾਪਤ ਨਹੀਂ ਕੀਤੇ ਜਾਣੇ ਚਾਹੀਦੇ। ਸਾਰੇ ਭਗਤਾਂ ਨੂੰ ਹੀ ਗੁਰੂ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਇਹ ਸਿੱਖ ਧਰਮ ਚਿੰਤਨ ਸਿੱਖ ਪਰੰਪਰਾ ਅਤੇ ਸਿੱਖ ਇਤਿਹਾਸ ਵਿਚ ਸੰਭਵ ਹੀ ਨਹੀਂ ਹੈ। ਭਗਤ ਗੁਰੂ ਦੇ ਅੰਗ ਵਜੋਂ ਗੁਰੂ ਹਨ, ਅੰਗ ਸਰੀਰ ਨਹੀਂ ਹੁੰਦਾ।

(ਅਸੀਂ ਸੋਚਦੇ ਹਾਂ ਕਿ ਜੇ ਇਹ ਅੰਗ ਦਿਲ, ਦਿਮਾਗ ਜਾਂ ਦੋਹੇਂ ਗੁਰਦੇ ਨਾ ਹੋਣ ਤਾਂ ਸਰੀਰ ਦਾ ਇਨ੍ਹਾਂ ਬਿਨਾਂ ਕੀ ਹੋਵੇਗਾ ?)

-ਭਗਤ ਗੁਰੂ ਦੇ ਅੰਗ ਵਜੋਂ ਅਰਦਾਸ ਵਿਚ ਸ਼ਾਮਲ ਹਨ । ਇਹ ਅਰਦਾਸ ਸਿੱਖਾਂ ਨੇ ਬਣਾਈ ਹੈ ਗੁਰੂਆਂ ਨੇ ਨਹੀਂ । ਗੁਰੂ ਨਾਨਕ ਸਾਹਿਬ ਦੀ ਇਕ ਅਰਦਾਸ ਇਉਂ ਹੈ :-

ਅੰਤਰ ਜਾਮੀ ਪੁਰਖ ਬਿਧਾਤੇ ਸ਼ਰਧਾ ਮਨ ਕੀ ਪੂਰੇ।

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ (ਪੰਨਾ-13)
ਕਿਉਂਕਿ :ਜਾਕੀ ਭਗਤਿ ਹੇਤੁ ਮੁਖਿ ਨਾਮੁ। ਸੰਤ ਭਗਤ ਕੀ ਸੰਗਤਿ ਰਾਮੁ।
ਭਗਤਿ ਵਛਲ ਭਗਤਾ ਹਰਿ ਸੰਗਿ। ਨਾਨਕ ਮੁਕਤਿ ਭਏ ਹਰਿ ਰੰਗਿ ॥ (ਪੰਨਾ 416)

• • • • •

ਕਹੁ ਨਾਨਕ ਪ੍ਰਭ ਲੋਚਾ ਪੂਰਿ। ਸੰਤ ਜਨਾ ਕੀ ਬਾਛਉ ਧੂਰਿ। (ਪੰਨਾ 724)

• • • • •

ਸਾਧੂ ਸਤਿਗੁਰੁ ਜੇ ਮਿਲੈ ਪਾਈਐ ਗੁਣੀ ਨਿਧਾਨੁ।
ਸਭ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ। (ਪੰਨਾ 21)

ਇਸ ਅਰਦਾਸ ਵਿਚ ਸੰਤਾਂ, ਭਗਤਾਂ, ਸਾਧੂ ਜਨਾਂ ਦੀ ਧੂੜ ਦਰਸ਼ਨ ਅਤੇ ਗਿਆਨ ਮਹਾਂ ਰਸ ਦੀ ਅਰਦਾਸ ਕੀਤੀ ਗਈ ਹੈ। ਇਹ ਗੁਰੂ ਨਾਨਕ ਸਾਹਿਬ ਦੇ ਸ਼ਬਦ ਹਨ। ਬਾਕੀ ਗੁਰੂਆਂ ਦੀਆਂ ਅਜਿਹੀਆਂ ਅਰਦਾਸ ਬੇਨਤੀਆਂ ਅੱਗੇ ਜਾ ਕੇ ਦਰਜ ਕੀਤੀਆਂ ਗਈਆਂ ਹਨ । ਜੋ ਗੁਰੂਆਂ ਨੇ ਲਿਖੀਆਂ ਹਨ, ਸਿੱਖਾਂ ਨੇ ਨਹੀਂ। ਅਰਦਾਸ ਨੂੰ 'ਸ਼ਬਦ ਗੁਰੂ' ਦੀ ਰੋਸ਼ਨੀ ਵਿਚ ਬਦਲਣ ਦੀ ਆਗਿਆ ਕੇਵਲ ਗੁਰੂ ਖਾਲਸਾ ਪੰਥ ਨੂੰ ਹੈ ।(ਸਾਡੀ ਸੁੱਧ ਬੁੱਧ ਅਨੁਸਾਰ ਜਾਤੀਪਾਤੀ ਬਿਰਤੀ ਵਾਲੇ ਸਿੱਖ ਜਾਂ ਖਾਲਸਾ ਰੂਪ ਨੂੰ ਗੁਰੂ ਕਦੀ ਵੀ ਕਿਵੇਂ ਵੀ ਪ੍ਰਵਾਨ ਨਹੀਂ ਕਰਦਾ । ਇਸ ਲਈ ਜਾਤੀ ਮੁਕਤ ਮਾਨਸਿਕਤਾ ਵਾਲਾ ਮਨੁੱਖ ਹੀ ਗੁਰੂ ਦੇ ਦ੍ਰਿਸ਼ਟੀਕੋਣ ਤੇ ਸੱਚਾ ਪਹਿਰਾ ਦੇ ਸਕਦਾ ਹੈ।) ਕਿਸੇ ਭੈਅ ਜਾਂ ਲਾਲਚ ਵਿਚੋਂ ਭਗਤਾਂ ਨੂੰ ਗੁਰੂ ਪ੍ਰਵਾਨ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਅਜਿਹਾ ਅਗਿਆਨ ਵਿਚੋਂ ਹੀ ਸੰਭਵ ਹੁੰਦਾ ਹੈ ।

(ਭਾਵ ਭਗਤਾਂ ਨੂੰ ਗੁਰੂ ਕਹਿਣਾ ਅਗਿਆਨੀਆਂ ਦਾ ਕੰਮ ਹੈ।)

ਪੱਤਰ ਮਿਤੀ 19.4.97 ਅਨੁਸਾਰ :-

-ਭਗਤ ਰਵੀਦਾਸ ਜੀ ਨੂੰ ਗੁਰੂ ਰਵੀਦਾਸ ਗਰਦਾਨਣ ਦੇ ਚੇਤੰਨ ਯਤਨ ਪੰਜਾਬ ਵਿਚ ਕਾਂਗਰਸ ਹਕੂਮਤ ਵੇਲੇ ਸ਼ੁਰੂ ਹੋਏ ਸਨ। ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਾਗਤ ਜੋਤ ਅਤੇ ਜਾਹਰਾ ਜਹੂਰ ਸ਼ਬਦ ਗੁਰੂ ਹਨ । (ਇਹ ਸ਼ਬਦ ਅੱਗੇ ਜਾ ਕੇ ਦਿੱਤੇ ਗਏ ਹਨ) ਭਗਤ ਰਵੀਦਾਸ ਜੀ ਨੂੰ ਰਿਸ਼ੀ ਮਾਡਲ ਦੇ ਪ੍ਰਸੰਗ ਵਿਚ ਤਾਂ ਪਰਖਿਆ ਅਤੇ ਪ੍ਰਸਤੁਤ ਕੀਤਾ ਜਾ ਸਕਦਾ ਹੈ। ਕੁੱਝ ਲੋਕ ਰਿਸ਼ੀ ਵਜੋਂ ਜਾਂ ਰਿਸ਼ੀ ਬਦਲ ਵਜੋਂ ਭਗਤ ਜੀ ਨੂੰ ਗ੍ਰਹਿਣ ਕਰਨ ਦੀ ਥਾਂ ਗੁਰੂ ਸਥਾਪਤ ਕਰਨ ਦੇ ਸ਼ਰੀਕਾ ਮਾਡਲ ਅਧੀਨ ਘੜਮੱਸ ਵਾਲਾ ਮਾਹੌਲ ਸਿਰਜਣ ਦਾ ਲਗਾਤਾਰ ਯਤਨ ਕਰਦੇ ਆ ਰਹੇ ਹਨ। ਜਪਯੋ ਜਿਨ ਅਰਜਨ ਦੇਵ ਗੁਰੂ ਦੀ ਰੀਸੇ, ਜਪੁ ਗੁਰੂ ਰਵੀਦਾਸ, ਜੇ ਅਗਿਆਨ ਵਿਚੋਂ ਸਾਮਹਣੇ ਆ ਗਿਆ ਹੈ ਤਾਂ ਉਸ ਨੂੰ ਠੀਕ ਕਰ ਲੈਣਾ ਚਾਹੀਦਾ ਹੈ ।

ਉਪਰੋਕਤ ਨੁਕਤਿਆਂ ਦੇ ਲੇਖਕ ਪ੍ਰੋ. ਬਲਕਾਰ ਸਿੰਘ ਡੀਨ, ਪੰਜਾਬੀ ਯੂਨੀ : ਪਟਿਆਲਾ

ਨੋਟ :-ਸਾਡਾ ਮੰਤਵ ਕੇਵਲ ਇਸ ਪੱਤਰ ਨਾਲ ਹੀ ਸੰਬੰਧਤ ਨਹੀਂ ਹੈ । ਪਰ ਇਹ ਸਿੱਖ ਮਾਨਸਿਕਤਾ ਦਾ ਪ੍ਰਤੀਨਿਧ ਵਿਸ਼ਲੇਸ਼ਣ ਹੈ । ਅੱਜ ਦੀ ਅਵਾਜ਼ ਵਿਚ ਗੁਰੂ ਰਵੀਦਾਸ 'ਤੇ ਇਕ ਲੇਖ ਛਪਿਆ ਸੀ, ਜਿਸ ਨੂੰ 'ਗੁਰੂ' ਸ਼ਬਦ 'ਤੇ ਕਾਟੇ ਮਾਰ ਕੇ, ਸਮੇਤ ਕਾਟਿਆਂ ਛਾਪਿਆ ਗਿਆ ਸੀ । ਰੋਜ ਕੀਤੀ ਜਾਂਦੀ ਅਰਦਾਸ ਵਿਚ ਸੰਤ ਜੈਦੇਵ, ਕਬੀਰ, ਤਿਰਲੋਚਨ, ਰਵੀਦਾਸ ਤੇ ਸੈਣ ਦਾ ਨਾਮ ਨਹੀਂ ਆਉਂਦਾ । ਮਜਬੂਰੀ ਵੱਸ ਭਗਤਾਂ ਆਉਂਦਾ ਹੈ । ਪ੍ਰੰਤੂ ਗੁਰੂਆਂ ਨੇ ਸਿੱਧੇ ਤੇ ਸਪੱਸ਼ਟ ਸ਼ਬਦਾਂ ਵਿਚ ਖਾਸ ਕਰਕੇ ਚਾਰ ਮਹਾਂਪੁਰਖਾਂ ਨੂੰ ਸੰਤ ਭਗਤ ਸਾਧੂ ਗੁਰ ਸਤਿਗੁਰ ਸ਼ਬਦਾਂ ਨਾਲ ਸੰਬੋਧਨ ਕਰਕੇ ਨਾਂਵਾਂ ਸਮੇਤ ਦਰਜ ਕੀਤਾ ਹੈ । ਇਹ ਸ਼ਬਦ ਅਗਲੇ ਸਫਿਆਂ 'ਤੇ ਦਰਜ ਹਨ । ਸਾਰੀ ਬਾਣੀ ਦਾ ਨਿਚੋੜ ਇਹ ਸਥਾਪਤ ਕਰਦਾ ਹੈ ਕਿ ਭਗਤਾਂ ਤੋਂ ਉੱਤੇ ਹੋਰ ਕੋਈ ਨਹੀਂ ਹੈ । ਗੁਰੂਆਂ ਨੇ ਸੈਂਕੜੇ ਸਲੋਕਾਂ-ਸ਼ਬਦਾਂ ਵਿਚ ਲਿਖ ਦਿੱਤਾ ਹੈ ਕਿ ਉਨ੍ਹਾਂ ਨੇ ਇਹ ਮਾਰਗ ਇਹ ਸੁਮੱਤ, ਇਹ ਮੱਤ, ਇਹ ਗੁਰਮੱਤ, ਇਹ ਧਰਮ ਇਨ੍ਹਾਂ ਸੰਤਾਂ ਸਾਧੂਆਂ ਭਗਤਾਂ ਅਤੇ ਸਤਿਗੁਰਾਂ ਤੋਂ ਲਏ ਹਨ । ਇਸ ਸੰਬੰਧ ਵਿਚ ਦੋ ਸੌ ਦੇ ਕਰੀਬ ਸ਼ਬਦ ਦਿੱਤੇ ਜਾ ਰਹੇ ਹਨ ।

ਪ੍ਰੰਤੂ ਸਿੱਖਾਂ ਨੇ ਪੰਥ ਵਜੋਂ ਉਨ੍ਹਾਂ ਮਹਾਂਪੁਰਖਾਂ ਦੇ ਨਾਮ ਅਰਦਾਸ ਵਿਚ ਸ਼ਾਮਲ ਨਹੀਂ ਕੀਤੇ । ਸਾਡੀ ਸਮੱਸਿਆ ਸਾਡੀ ਪੀੜ, ਸਾਡੀ ਜਾਚਨਾ ਇਹ ਹੈ ਕਿ ਜੋ ਕੁਝ ਗੁਰੂਆਂ ਨੂੰ ਪ੍ਰਵਾਨ ਹੈ ਉਹ ਸਿੱਖਾਂ ਨੂੰ ਪ੍ਰਵਾਨ ਨਹੀਂ, ਕਿਉਂਕਿ ਉਹ ਜਾਤ ਵਰਣ ਊਚ-ਨੀਚ ਦੇ ਬ੍ਰਾਹਮਣੀ ਧਰਮ ਤੋਂ ਮੁਕਤ ਨਹੀਂ ਹਨ । ਸਾਡਾ ਮਸਲਾ ਕੇਵਲ ਗੁਰੂ ਰਵੀਦਾਸ

ਤੱਕ ਸੀਮਤ ਨਹੀਂ । ਸੰਤ ਗੁਰੂ ਨਾਮਦੇਵ, ਸੰਤ ਗੁਰੂ ਕਬੀਰ ਅਤੇ ਸੰਤ ਗੁਰੂ ਸੈਣ ਤੱਕ ਵਿਆਪਕ ਹੈ । ਜਿਨ੍ਹਾਂ ਦਾ ਜਿਕਰ ਗੁਰੂਆਂ ਨੇ ਵਾਰ-ਵਾਰ ਕੀਤਾ ਤੇ ਕਿਹਾ ਕਿ ਇਨ੍ਹਾਂ ਦੀ ਬਾਣੀ ਉੱਤਮ ਹੈ ਜਿਸ ਨੂੰ ਕੋਈ ਮਿਟਾ ਨਹੀਂ ਸਕਦਾ । ਇਹ ਬਾਣੀ ਇਸ ਜੱਗ ਵਿਚ ਚਾਨਣ ਹੈ। ਭਗਤ ਸੰਤ ਗੁਰੂਆਂ ਨੇ ਬ੍ਰਾਹਮਣੀ ਧਾਰਮਿਕ, ਸਮਾਜਿਕ ਤੇ ਆਰਥਿਕ ਸੱਭਿਆਚਾਰ ਵਿਰੁੱਧ ਕ੍ਰਾਂਤੀ ਕੀਤੀ । ਇਹੀ ਕ੍ਰਾਂਤੀ ਗੁਰੂ ਸਾਹਿਬਾਂ ਨੇ ਬੁਲੰਦੀ ਤੱਕ ਲਿਆਂਦੀ । ਇਹ ਕਹਿ ਕਿ ਇਹ ਮਾਰਗ, ਇਹ ਧਰਮ, ਇਹ ਕ੍ਰਾਂਤੀ, ਸੰਤਾਂ ਭਗਤਾਂ ਦੀ ਸਿਰਜਣਾ ਹੈ ।

ਸਾਡੇ ਸਾਹਮਣੇ ਮੁੱਖ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਗੁਰੂਆਂ ਦੀ ਕਹੀ ਗੱਲ ਨੂੰ ਮੰਨੀਏ ਜਾਂ ਸਿੱਖਾਂ ਦੀ ਜਿਵੇਂ ਕਿ ਪ੍ਰੋ. ਬਲਕਾਰ ਸਿਘ ਨੇ ਪ੍ਰਗਟ ਕੀਤਾ ਹੈ । ਯਕੀਨਨ ਅਸੀਂ ਗੁਰੂ ਦੀ ਗੱਲ ਮੰਨਦੇ ਹਾਂ । ਇਸੇ ਲਈ ਜੋ ਕੁਝ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਨੇ ਕਿਹਾ ਹੈ ਉਹ ਅਸੀਂ ਮੂਲ ਰੂਪ ਵਿਚ ਇਸ ਪੁਸਤਕ ਵਿਚ ਇਸ ਲਈ ਦੇ ਰਹੇ ਹਾਂ ਕਿਉਂਕਿ ਇਹ ਮਸਲਾ ਇੱਕੜ-ਦੁੱਕੜ ਜਾਤੀਆਂ ਦਾ ਨਹੀਂ ਪੂਰੀ ਧਾਰਮਿਕ ਕ੍ਰਾਂਤੀ ਅਤੇ ਭਾਰਤ ਦੇ ਨੌ ਕਰੋੜ ਲੋਕਾਂ ਨਾਲ ਸੰਬੰਧਤ ਮਸਲਾ ਹੈ ਜੋ ਬ੍ਰਾਹਮਣੀ ਢਾਂਚੇ ਦੀ ਜਕੜ ਵਿਚ ਹਨ । ਜਿਸ ਦੀ ਰੂਪ-ਰੇਖਾ ਵੀ ਬਰਾਬਰ ਚਿਤਰੀ ਗਈ ਹੈ । ਹੋਰ ਤਾਂ ਹੋਰ ਇਸ ਵਾਰ 'ਬ੍ਰਾਹਮਣ' ਬਾਰੇ ਇਕ ਵੱਖਰਾ ਚੈਪਟਰ ਸ਼ਾਮਲ ਕੀਤਾ ਗਿਆ ਹੈ ਅਤੇ ਬਾਣੀ ਵਿਚ ਬ੍ਰਾਹਮਣ ਬਾਰੇ ਦਰਜ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਹੈ ।

ਅਸੀਂ ਬਾਣੀ ਨੂੰ ਇਕ ਧਾਰਮਿਕ ਸਮਾਜਿਕ ਅਤੇ ਸੱਭਿਆਚਾਰਕ ਕ੍ਰਾਂਤੀ ਮੰਨਕੇ ਤੁਰੇ ਹਾਂ ਤੇ ਇਹ ਇਕ ਹਕੀਕਤ ਹੈ । ਕਿਉਂਕਿ ਬਾਣੀ ਦਾ ਹਰ ਸਿਧਾਂਤ ਬ੍ਰਾਹਮਣੀ ਸਮੁੱਚੇ ਢਾਂਚੇ ਵਿਰੁੱਧ ਉਸਰਿਆ ਹੈ । ਬਾਣੀ ਦਾ ਪਾਰਬ੍ਰਹਮ ਅਕਾਲ ਪੁਰਖ ਵੀ ਵਰਣ ਜਾਤ ਤੇ ਉਚ-ਨੀਚ ਦੀ ਸਮੁੱਚੀ ਧਾਰਮਿਕਤਾ ਅਤੇ ਬ੍ਰਹਮੀ ਸਿਰਜਣਾ ਦਾ ਵਿਰੋਧੀ ਹੈ ਅਤੇ ਮਾਨਵੀ ਸਮਾਨਤਾ ਦਾ ਰਖਵਾਲਾ ਹੈ। ਇਸ ਤੱਥ ਨੂੰ ਪ੍ਰਗਟ ਕਰਨਾ ਉਭਾਰਨਾ ਅਤੇ ਚੇਤਨਤਾ ਪੈਦਾ ਕਰਨਾ ਹੀ ਸਾਡਾ ਮੰਤਵ ਹੈ । ਸਾਡੇ ਇਨ੍ਹਾਂ ਯਤਨਾਂ ਨਾਲ ਮਾਨਸਕ ਪਰਵਰਤਨ ਉਭਾਰ ਵਿਚ ਹੈ ।

ਬ੍ਰਾਹਮਣੀ ਧਰਮ ਬਨਾਮ ਸਿੱਖ ਧਰਮ ਸੰਤ, ਭਗਤ, ਸਾਧੂ, ਸਤਿਗੁਰੂ (ਇੱਕ ਸਹੀ ਖੋਜ)

'ਭਾਰਤੀ ਲੋਕ ਨੀਚ ਕਿਵੇਂ ਬਣੇ' ਦਾ ਪੰਜਵਾਂ ਐਡੀਸ਼ਨ ਛਾਪਣ ਤੋਂ ਪਹਿਲਾਂ ਇਕ ਵਿਸ਼ੇਸ਼ ਹਕੀਕਤ ਨੂੰ ਸਮਾਜ ਅੱਗੇ ਧਰਨ ਵਾਸਤੇ, ਪੂਰੀ ਤਰ੍ਹਾਂ ਅੰਤਰ ਧਿਆਨ ਤੇ ਮਗਨ ਹੋ ਕੇ, ਪੂਰਾ ਗੁਰੂ ਗ੍ਰੰਥ ਸਾਹਿਬ ਇੱਕ ਵਾਰ ਫੇਰ ਪੜ੍ਹਿਆ ਹੈ ਅਤੇ ਹਰ ਪੰਨੇ ਨੂੰ ਨੋਟ ਕੀਤਾ ਹੈ । ਹਰ ਸ਼ਬਦ ਨੂੰ ਅਤੇ ਬਾਣੀ ਦੇ ਦ੍ਰਿਸ਼ਟੀ ਕੋਣ ਨੂੰ ਸਮਝਣ ਲਈ ਬੌਧਕ ਕਸਰਤ ਕੀਤੀ ਹੈ । ਕਿਉਂਕਿ ਪੁਸਤਕ ਵਿਚ ਅਸੀਂ ਸਿਰਫ ਤੱਥ ਪੇਸ਼ ਕਰਨੇ ਹਨ, ਵਿਆਖਿਆਵਾਂ ਨਹੀਂ ਕਰਨੀਆਂ ਇਸ ਲਈ ਪਹਿਲਾ ਤੱਥ ਇਹ ਹੈ ਕਿ :-

ਸਿੱਖ ਲਹਿਰ, ਗੁਰਮੱਤ ਲਹਿਰ, ਸੰਤ ਮੱਤ ਲਹਿਰ, ਬਾਣੀ ਵਿਚਾਰ ਧਾਰਾ; ਸਿੱਖੀ, ਸਿੱਖੀ ਸਿਧਾਂਤ, ਸਿੱਖ ਫਲਸਫੇ ਦਾ ਜਨਮ, ਗੁਰੂ ਗ੍ਰੰਥ ਸਾਹਿਬ ਅਨੁਸਾਰ, ਹੇਠ ਲਿਖੇ ਅਨੁਸਾਰ ਹੋਇਆ ਹੈ ।

ਪ੍ਰਥਮ ਸੰਤ ਭਗਤ, ਸੰਤਗੁਰੂ, ਸਤਿਗੁਰੂ ਜੈ ਦੇਵ (ਬ੍ਰਾਹਮਣ ਜਿੰਨਾ ਦੇ ਇਕ ਦੋ ਸ਼ਬਦ ਹੀ ਹਨ।)
ਦੂਜੇ ਸੰਤ ਭਗਤ, ਸੰਤਗੁਰੂ ਨਾਮਦੇਵ (ਛੀਂਬਾ-ਢੇਡ-ਸ਼ੂਦਰ)
ਤੀਜੇ ਸੰਤ ਭਗਤ, ਸੰਤਗੁਰੂ ਕਬੀਰ ਅਤੇ ਤਰਲੋਚਨ (ਜੁਲਾਹਾ ਤੇ ਵੈਸ਼)
ਚੌਥੇ ਸੰਤ ਭਗਤ, ਸੰਤਗੁਰੂ ਰਵੀਦਾਸ (ਚੁਮਾਰ-ਢੇਡ-ਸ਼ੂਦਰ)
ਪੰਜਵੇਂ ਸੰਤ ਭਗਤ, ਸੰਤਗੁਰੂ ਸੈਣ (ਨਾਈ-ਢੇਡ-ਸ਼ੂਦਰ)
ਛੇਵੇਂ ਸੰਤ ਭਗਤ, ਸੰਤਗੁਰੂ ਧੰਨਾ (ਜਾਟ-ਸ਼ੂਦਰ)

(ਸੰਤਾਂ ਨੂੰ ਸਾਰੀ ਬਾਣੀ ਵਿਚ ਇਨ੍ਹਾਂ ਉਪਰੋਕਤ ਜਾਤੀ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। ਇਨ੍ਹਾਂ ਸੰਤਾਂ ਵਿਚ ਸੰਤ ਤ੍ਰਿਲੋਚਨ ਦਾ ਵੀ ਜਿਕਰ ਹੈ ਜੋ ਵੈਸ਼ ਬਣੀਆਂ ਜਾਤੀ ਵਿਚੋਂ ਸਨ।)

ਤੇ ਫਿਰ ਗੁਰੂ ਪਰੰਪਰਾ ਅਨੁਸਾਰ :- ਸੱਤਵੇਂ : ਗੁਰੂ ਨਾਨਕ (ਖੱਤਰੀ), ਅੱਠਵੇਂ : ਗੁਰੂ ਅੰਗਦ (ਖੱਤਰੀ), ਨੌਵੇਂ : ਗੁਰੂ ਅਮਰਦਾਸ (ਖੱਤਰੀ), ਦਸਵੇਂ : ਗੁਰੂ ਰਾਮਦਾਸ (ਖੱਤਰੀ), ਗਿਆਰਵੇਂ : ਗੁਰੂ ਅਰਜਨ (ਖੱਤਰੀ)

ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਤਾਂ ਦਰਜ ਹੈ ਪ੍ਰੰਤੂ ਇਹ ਉਪਰੋਕਤ ਲੜੀ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵੇਲੇ ਹੀ ਲਿਖ ਦਿੱਤੀ ਗਈ ਸੀ। ਸੰਤਗੁਰੂ ਜੈ ਦੇਵ, ਤ੍ਰਲੋਚਨ ਅਤੇ ਧੰਨਾ ਦੀ ਬਾਣੀ ਕੇਵਲ ਪੰਜ-ਛੇ ਸ਼ਬਦ ਹੀ ਹਨ।

ਇਹ 'ਜੋਤਵਾਰ ਲੜੀ' ਸਾਡੀ ਬਣਾਈ ਹੋਈ ਨਹੀਂ ਹੈ । ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਪੰਨਿਆਂ 'ਤੇ ਦਰਜ

[illegible] ਸਵਈਏ ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚੌਥੇ ਕੇ ਅਤੇ ਪੰਜਵੇਂ ਕੇ ਵਿਚ ਦਰਜ ਹੈ । ਜੋ ਇਜ ਸ਼ੁਰੂ ਹੁੰਦੀ ਹੈ :

ਜਿ ਮਤਿ ਗਹੀ ਜੈ ਦੇਵਿ ਨਾਮੈ ਸੰਮਾਣੀ।
ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕਬੀਰਹਿ ਜਾਣੀ।(1394)
ਇਹ ਵਿਆਖਿਆ ਅਖੀਰ ਇਸ ਸ਼ਬਦ 'ਤੇ ਮੁਕਦੀ ਹੈ ਕਿ
ਗੁਰ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ।(1407)

ਇਸ ਦਾ ਸਮੁੱਚਾ ਅਰਥ ਇਹ ਹੈ ਕਿ ਉਹ ਨਾਮ ਜੋ ਉਪਰੋਕਤ ਸੰਤਾਂ ਪਾਸ ਸੀ, ਲੜੀ ਵਾਰ ਗੁਰੂਆਂ ਪਾਸ ਪਹੁੰਚਦਾ ਆਇਆ। ਸੰਤ ਗੁਰੂ ਨਾਮਦੇਵ ਨੇ ਆਪਣੇ ਸ਼ਬਦਾਂ ਵਿਚ ਸੰਤ ਗੁਰੂ ਜੈ ਦੇਵ ਦਾ ਜਿਕਰ ਕੀਤਾ ਹੈ । ਸੰਤ ਗੁਰੂ ਕਬੀਰ ਨੇ ਸੰਤ ਗੁਰੂ ਨਾਮ ਦੇਵ ਦਾ। ਸੰਤ ਗੁਰੂ ਰਵੀਦਾਸ ਨੇ ਸੰਤ ਗੁਰੂ ਕਬੀਰ ਦਾ । ਸੰਤ ਗੁਰੂ ਧੰਨਾ ਨੇ ਇਕ ਪੂਰੇ ਸ਼ਬਦ ਵਿਚ, ਸੰਤ ਗੁਰੂ, ਨਾਮਦੇਵ, ਕਬੀਰ, ਰਵੀਦਾਸ ਅਤੇ ਸੈਣ ਦੀ ਵਿਚਾਰ ਬਾਣੀ ਸੁਣਕੇ, ਇਸ ਭਗਤੀ ਮੁਕਤੀ ਦੇ ਮਾਰਗ ਤੇ ਆਉਣ ਦਾ ਜਿਕਰ ਕੀਤਾ ਹੈ । ਗੁਰੂ ਨਾਨਕ ਅਤੇ ਬਾਕੀ ਚਾਰਾਂ ਗੁਰੂਆਂ ਨੇ ਮੁੱਖ ਰੂਪ ਆਪਣੇ ਗੁਰੂਆਂ ਦਾ ਜਿਕਰ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਾਰਾਂ ਵਾਰ ਜੋ ਕੀਤਾ ਹੈ ਉਹ ਨਾਂ ਇਸ ਪ੍ਰਕਾਰ ਹਨ :- ਭਗਤ, ਸੰਤ, ਸਾਧੂ, ਸਾਧ, ਗੁਰੂ, ਗੁਰੁ, ਸਤਿਗੁਰ ਤੇ ਸਤਿਗੁਰੂ ।(ਬਾਣੀ ਅਨੁਸਾਰ ਇਹ ਸਾਰੇ ਸ਼ਬਦ ਸਮਾਨ ਅਰਥਕ ਹਨ।) ਇਹ ਵਿਆਖਿਆ ਕਰਨ ਵਾਲੇ ਸੈਂਕੜੇ ਸ਼ਬਦ ਅਤੇ ਸਲੋਕ ਅਸੀਂ ਅੱਗੇ ਚੱਲ ਕੇ ਗੁਰੂਆਂ ਅਨੁਸਾਰ ਅਲੱਗ-ਅਲੱਗ ਲਿਖਾਂਗੇ ਤੇ ਅੰਤ ਉਹ ਸ਼ਬਦ ਪੂਰੇ ਦੇ ਪੂਰੇ ਲਿਖਾਂਗੇ । ਜਿਨ੍ਹਾਂ ਵਿਚ ਉਨ੍ਹਾਂ ਭਗਤਾਂ, ਸੰਤਾਂ, ਸਾਧੂਆਂ, ਗੁਰੂਆਂ ਦੇ ਨਾਮ ਅੰਕਤ ਕੀਤੇ ਗਏ ਹਨ। ਉਸ ਸਮੇਂ ਕੇਵਲ ਦੋ ਕੌਮਾਂ ਸਨ । ਇਸ ਲਈ ਇਹ ਬਾਣੀ ਮੁਸਲਮਾਨ ਅਤੇ ਹਿੰਦੂਆਂ ਦੁਆਰਾ ਰਚੀ ਗਈ ਹੈ।

ਪਰੰਤੂ ਇਸ ਤੋਂ ਪਹਿਲਾਂ ਕਿ ਅਸੀਂ ਉਹ ਸ਼ਬਦ ਲਿਖੀਏ, ਇਹ ਦੱਸਣਾ ਜ਼ਰੂਰੀ ਹੈ ਕਿ ਸਾਰੀ ਬਾਣੀ ਅੰਦਰ ਦੋ ਸਮਾਜਿਕ ਤੇ ਧਾਰਮਿਕ ਪ੍ਰਬੰਧਾਂ ਦਾ ਸਿੱਧਾ ਜਿਕਰ ਹੈ ਤੇ ਦੋਹਾਂ ਦਾ ਸਿੱਧਾ ਟਕਰਾ ਹੈ ਅਤੇ ਫੈਸਲਾ ਵੀ ਹੈ । ਇਕ ਪਾਸੇ ਸਥਾਪਤ ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਬਣਤਰ ਹੈ, ਜਿਸ ਦਾ ਸਿਰਜਕ ਬ੍ਰਹਮਾਂ ਹੈ । ਜਿਸ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ। ਨਾਭ ਕੰਵਲ 'ਚੋਂ ਪੈਦਾ ਹੋ ਕੇ । ਉਸ ਦੇ ਸਹਾਈ ਹਨ, ਇੰਦਰ, ਵਿਸ਼ਨੂੰ, ਸ਼ਿਵ, ਰਿਸ਼ੀ-ਮੁਨੀ, ਨਾਰਦ, ਪਰਾਸ਼ਰ, ਪਰਸ਼ੂ, ਰਾਮ ਚੰਦਰ, ਕ੍ਰਿਸ਼ਨ, ਦੇਵੀਆਂ, ਮਹਾਂਮਾਈ, ਲੱਛਮੀ ਆਦਿ । ਇਨ੍ਹਾਂ ਦਾ ਸਮੁੱਚਾ ਗਿਆਨ ਜੋ ਬ੍ਰਾਹਮਣੀ ਮੁਕਤੀ ਮਾਰਗ ਹੈ, ਉਹ ਬ੍ਰਾਹਮਣ, ਸਾਕਤ, ਜੋਗੀ, ਜੰਗਮ, ਸੰਨਿਆਸੀ, ਜਪੀ, ਤਪੀ, ਤਪੀਸਰ, ਪੰਡਤ, ਪਾਂਧੇ, ਪਾਂਡੇ ਪੰਡੀਅਨ, ਮਿਸ਼ਰ ਆਦਿ ਗੁਰੂਆਂ ਰਾਹੀਂ ਬਖਸਿਆਂ ਜਾਂਦਾ ਹੈ । ਤੀਰਥ, ਨੇਮ, ਵਰਤ, ਪੂਜਾ, ਸ਼ਰਾਧ, ਸੁੱਚਮ, ਜਾਤਵਰਨ ਇਸ ਦੀ ਸਾਧਨਾ ਹਨ। ਪਰੰਤੂ ਬਾਣੀ ਇਸ ਸਮੁੱਚੀ ਵਿਵਸਥਾ ਨੂੰ ਮਾਇਆ ਜਾਲ, ਪਖੰਡ, ਛਲ ਕਪਟ, ਜੰਜਾਲ ਆਦਿ ਅਨੇਕ ਸ਼ਬਦਾਂ ਨਾਲ ਕੱਟ ਦਿੰਦੀ ਹੈ ਤੇ ਇਕ ਨਵਾਂ ਧਾਰਮਿਕ ਅਤੇ ਸਮਾਜਿਕ ਪ੍ਰਬੰਧ ਸਿਰਜਦੀ ਹੈ।

ਹਰ ਜੀਵ, ਹਰ ਇਨਸਾਨ, ਹਰ ਵਸਤੂ, ਇਕੋ ਅਕਾਲ ਪੁਰਖ ਪਾਰਬ੍ਰਹਮ ਦੀ ਪੈਦਾਵਾਰ ਹਨ, ਇਹ ਸਿਰਜਣਾ, ਵਰਣਜਾਤ ਤੇ ਉਚ-ਨੀਚ 'ਤੇ ਅਧਾਰਤ ਨਾ ਹੋ ਕੇ ਇਕ ਸਮਾਨ ਹੈ । ਇਸ ਅਕਾਲ ਪੁਰਖ ਨੂੰ ਅਨੇਕ ਆਮ ਨਾਵਾਂ ਨਾਲ ਵਿਆਖਿਆ ਗਿਆ ਹੈ, ਪਰੰਤੂ ਵਿਸ਼ੇਸ਼ਤਾ ਇਕ ਹੀ ਹੈ। ਜਿਵੇਂ ਬ੍ਰਹਮਾਂ, ਵਿਸ਼ਨੂੰ, ਸ਼ਿਵਜੀ, ਇੰਦਰ, ਰਿਸ਼ੀ-ਮੁਨੀ, ਦੇਵੀਆਂ, ਰਾਮ, ਕ੍ਰਿਸ਼ਨ ਅਤੇ ਬ੍ਰਾਹਮਣ ਗੁਰੂ ਦਾ ਚਰਿੱਤਰ ਇਕ ਸਮਾਨ ਜਾਤਵਰਨ ਅਤੇ ਉਚ-ਨੀਚ 'ਤੇ ਅਧਾਰਤ ਹੈ । ਤਿਵੇਂ ਹੀ ਬਾਣੀ ਦੇ ਅੱਲਾ, ਨੂਰ, ਬੀਠਲ, ਸੋਹੰ, ਅਕਾਲ ਪੁਰਖ, ਪਾਰਬ੍ਰਹਮ, ਰਾਮ, ਮੁਰਾਰੀ, ਵਾਹਿਗੁਰੂ, ਏਕਮਕਾਰ, ਨਿਰੰਜਨ, ਕਰਤਾਰ, ਸੰਤ ਭਗਤ, ਸਾਧੂ, ਗੁਰੂ ਸਤਿਗੁਰੂ ਤੇ ਭਾਈ ਦਾ ਚਰਿਤਰ ਇਕ ਸਮਾਨ, ਮਨੁੱਖੀ ਸਮਾਨਤਾ ਉੱਤੇ ਟਿੱਕਿਆ ਹੋਇਆ ਹੈ। ਦੋਹਾਂ ਧੋਮਿਆਂ ਦੇ ਇਸ ਸਮੁੱਚੇ ਚਰਿੱਤਰ ਦੀ ਵਿਆਖਿਆ ਪੂਰੇ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ ਅਤੇ ਸਮੁੱਚਾ ਵਿਰੋਧ ਪ੍ਰਗਟ ਰੂਪ ਵਿਚ ਉਜਾਗਰ ਕੀਤਾ ਗਿਆ ਹੈ । ਜਿੱਥੇ ਹਿੰਦੂ ਧਰਮ ਦੀ ਸਮੁੱਚੀ ਸਰਦਾਰੀ ਕੇਵਲ ਤੇ ਕੇਵਲ ਬ੍ਰਾਹਮਣ ਪਾਸ ਹੈ, ਜਿਸ ਦੀ ਮਰਜੀ ਤੋਂ ਬਿਨਾਂ 'ਬ੍ਰਹਮ' ਹਰੀ ਓਮ ਜਾਂ ਈਸ਼ਵਰ ਦਾ ਅਵਤਾਰ ਨਹੀਂ ਲੈਂਦਾ, ਉੱਥੇ ਸਿੱਖ ਸਿਧਾਂਤ ਦੀ ਸਮੁੱਚੀ ਸਰਦਾਰੀ, ਅਛੂਤ ਸੰਤਾਂ, ਬ੍ਰਾਹਮਣ, ਵੈਸ਼ ਤੇ ਖੱਤਰੀ, ਸੰਤਾਂ, ਗੁਰੂਆਂ, ਜਾਟ ਸੰਤਾਂ, ਭੱਟ, ਮਰਾਸੀ, ਕਸਾਈ, ਸੇਵਕਾਂ ਆਦਿ ਕੋਲ ਸਮੂਹਿਕ ਰੂਪ ਵਿਚ ਹੈ ।

ਬ੍ਰਾਹਮਣਾਂ ਦੇ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਸਾਰੀ ਸ਼ਕਤੀ ਬ੍ਰਾਹਮਣ, ਪੰਡਤ, ਪਾਂਡੇ, ਪਾਂਧੇ, ਪੰਡੀਅਨ, ਮਿਸ਼ਰ, ਜੋਸ਼ੀ ਆਦਿ ਗੁਰੂਆਂ ਪਾਸ ਰਾਖਵੀਂ ਹੈ । ਪਰੰਤੂ ਬਾਣੀ ਵਿਚ ਸਾਰੀ ਸ਼ਕਤੀ, ਵਿਸ਼ੇਸ਼ ਕਰਕੇ ਅਛੂਤ, ਨੀਚ, ਅਪਮਾਨਤ, ਸੰਤਾਂ, ਸਾਧੂਆਂ ਅਤੇ ਭਗਤਾਂ ਪਾਸ ਰਾਖਵੀਂ ਹੈ ਤੇ ਬਾਣੀ ਦਾ ਅਕਾਲ ਪੁਰਖ ਇਨ੍ਹਾਂ ਸਾਧੂਆਂ ਤੇ ਭਗਤਾਂ ਨਾਲ ਗੋਸ਼ਟੀਆਂ ਕਰਦਾ ਹੈ । ਬਾਣੀ ਦਾ ਨਿਰੰਕਾਰ ਜਾਤ ਵਰਣ ਤੇ ਊਚ-ਨੀਚ ਤੋਂ ਮੁਕਤ, ਸਭ ਦਾ ਸਮਾਨ ਸਿਰਜਣਹਾਰ ਹੈ । ਜਿੱਥੇ ਕੋਈ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਤੇ ਨੀਚ ਨਹੀਂ ਹੈ ਸਗੋਂ ਇਹ ਪੰਜੇ ਹੀ ਉਸ ਦੀ ਦਰਗਾਹ ਤੇ ਪ੍ਰਵਾਨ ਹਨ । ਇਕ ਸਮਾਨ ਹਨ । ਕੋਈ ਮਾਨ-ਅਮਾਨ ਨਹੀਂ ਹੈ । ਕੋਈ ਵਿਤਕਰਾ ਜਾਂ ਭਿੰਨ-ਭੇਦ ਨਹੀਂ ਹੈ । ਇਹ ਕੇਵਲ ਬੰਦੇ 'ਤੇ ਨਿਰਭਰ ਹੈ ਕਿ ਉਸ ਨੇ ਬੁਰਾਈਆਂ ਕਰਨੀਆਂ ਹਨ ਜਾਂ ਚੰਗਿਆਈਆਂ ਬੰਦਿਆਂ ਦੇ ਚੰਗੇ ਨੇਕ, ਬੁਰੇ ਤੇ ਠੱਗੂ ਕੰਮ ਹੀ ਅੰਤ ਫਲ ਬਣਕੇ ਪੇਸ਼ ਆਉਂਦੇ ਹਨ। ਏਥੇ ਕੋਈ ਪੂਰਬਲੇ ਜਨਮ ਦੇ ਕਰਮਾਂ ਦਾ ਸਿਧਾਂਤ ਨਹੀਂ ਵਿਗਸ ਸਕਦਾ । ਪੂਰਬਲੇ ਕਰਮਾਂ ਦਾ ਸਿਧਾਂਤ ਵਿਗਸਦਾ ਹੈ । ਜਿਵੇਂ ਕੋਈ ਜੱਟ, ਕਿੱਕਰਾਂ ਬੀਜ ਕੇ ਦਾਖ ਬਜੌਰੀਆਂ ਦੀ ਆਸ ਨਹੀਂ ਰੱਖ ਸਕਦਾ । ਇਹ ਕਰਮ ਸਿਧਾਂਤ ਕੇਵਲ ਏਸੇ ਜੀਵਨ ਵਿਚ ਕੀਤੇ ਚੰਗੇ ਬੁਰੇ ਕੰਮਾਂ ਤੇ ਉਨ੍ਹਾਂ ਦੇ ਅੱਗੇ-ਪਿੱਛੇ ਨਿਕਲਦੇ ਨਤੀਜਿਆਂ ਦਾ ਖੁਲਾਸਾ ਹੈ । ਜਿਸ ਦਾ ਕਿਸੇ ਪੂਰਬਲੇ ਜਨਮ ਨਾਲ ਕੋਈ ਸੰਬੰਧ ਨਹੀਂ ਹੈ । ਜੇ ਹੈ ਤਾਂ ਇਹ ਕੇਵਲ ਇਕ ਪੀੜੀ ਦੇ ਕੰਮਾਂ ਦਾ ਨਤੀਜਾ, ਅਗਲੀ ਪੀੜੀ 'ਤੇ ਜੋ ਅਸਰ-ਅੰਦਾਜ ਹੁੰਦਾ ਹੈ, ਉਹ ਹੈ। ਇਉਂ ਬਾਣੀ ਸਮੁੱਚੇ ਰੂਪ ਵਿਚ ਹੀ ਬ੍ਰਾਹਮਣੀ ਸਿਸਟਮ ਵਿਰੁੱਧ ਇਕ ਸ਼ਾਨਦਾਰ ਮਾਨਵੀ ਕ੍ਰਾਂਤੀ ਦਾ ਉਲੇਖ ਹੈ । ਅਸੀਂ ਇਨ੍ਹਾਂ ਦੋਹਾਂ ਸਿਧਾਤਾਂ ਨੂੰ ਬਰੋਬਰਾਬਰ, ਮੂਲ ਰੂਪ ਵਿਚ ਪੇਸ਼ ਕਰਾਂਗੇ।

ਉਸ ਤੋਂ ਪਹਿਲਾਂ ਅਸੀਂ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਵੱਲੋਂ ਲਿਖੀ ਬਾਣੀ ਵਿਚੋਂ ਸੰਤ, ਭਗਤ, ਸਾਧ ਅਤੇ ਸਾਧੂ ਬਾਰੇ ਸਮੁੱਚੇ ਵਿਚਾਰ ਅਲੱਗ-ਅਲੱਗ ਪੇਸ਼ ਕਰਾਂਗੇ ਤਾਂ ਕਿ ਸਦੀਆਂ ਤੋਂ ਪਾਏ ਭੁਲੇਖੇ ਤੋਂ ਮੁਕਤ ਹੋਇਆ ਜਾ ਸਕੇ ਅਤੇ ਸਹੀ ਮਾਰਗ ਦਰਸ਼ਨ ਨੂੰ ਸਮਝਿਆ ਜਾ ਸਕੇ । ਅੱਗੇ ਦਿੱਤੀ ਜਾ ਰਹੀ ਗੁਰੂਆਂ ਦੀ ਮੂਲ ਬਾਣੀ ਦਾ ਅਸੀਂ ਅੰਸ਼ਕ ਅਰਥ ਲਿਖਣਾ ਜ਼ਰੂਰੀ ਸਮਝਦੇ ਹਾਂ। ਜਿਨ੍ਹਾਂ ਸਤਰਾਂ ਦੇ ਅਰਥ ਏਥੇ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਲਕੀਰਿਆਂ ਗਿਆ ਹੈ ਤਾਂ ਕਿ ਕੋਈ ਸ਼ੰਕਾ ਨਾ ਰਹੇ। ਇਹ ਸੰਖੇਪ ਅਰਥ ਸਿੱਖੀ ਦਾ ਦ੍ਰਿਸ਼ਟੀਕੋਣ ਸਪੱਸ਼ਟ ਕਰਨ ਲਈ ਹਨ।

ਇਨ੍ਹਾਂ ਸ਼ਬਦਾਂ ਵਿਚ ਦਰਜ ਹੈ ਕਿ :-

ਸੰਤਾਂ ਦਾ ਮਾਰਗ ਹੀ ਧਰਮ ਦੀ ਪਉੜੀ ਹੈ।

ਇਹ ਸੰਤ ਹਨ :- ਸੰਤ/ਭਗਤ/ਗੁਰੂ/ਸਤਿਗੁਰੂ/ਸਾਧ-ਸਾਧੂ ;

ਨਾਮਦੇਵ--ਛੀਂਬਾ, ਕਬੀਰ--ਜੁਲਾਹਾ, ਰਵੀਦਾਸ--ਚੁਮਾਰ, ਸੈਣ (ਨਾਈ-ਬੁਤਕਾਰੀਆ)

ਇਹ ਸਾਰੇ ਅਛੂਤ ਹਨ, ਨੀਚ ਹਨ, ਜਿਨ੍ਹਾਂ ਨੂੰ ਲੋਕੀ ਢੇਡ ਕਹਿੰਦੇ ਹਨ। ਪਰੰਤੂ ਅਸੀਂ (ਗੁਰੂ) ਆਖਦੇ ਹਾਂ ਕਿ ਇਹ ਮਹਾਂ ਪੁਰਸ਼ ਸੰਸਾਰ ਵਿਚ ਊਚ ਤੋਂ ਊਚ ਹਨ। ਬ੍ਰਹਮ ਗਿਆਨੀ ਹਨ। ਪ੍ਰਮੇਸ਼ਰ ਰੂਪ ਹਨ ਤੇ ਪਾਰਬ੍ਰਹਮ ਪ੍ਰਮੇਸ਼ਰ ਇਨ੍ਹਾਂ ਨਾਲ ਬੈਠ ਕੇ ਗੋਸ਼ਟੀਆਂ ਕਰਦਾ ਹੈ। ਕਿਉਂਕਿ ਉਹ ਇਨ੍ਹਾਂ ਉੱਤਮ ਸੰਤਾਂ-ਭਗਤਾਂ ਦੇ ਹੀ ਵੱਸ ਹੈ। ਇਹ ਸੰਤ-ਭਗਤ ਹੀ ਉਸ ਦਾ ਸਮੁੱਚਾ ਗਿਆਨ ਜਾਣਦੇ ਹਨ। ਉਹ ਗੁਰੂ ਹਨ, ਸਤਿਗੁਰੂ ਹਨ, ਜਿਨਵਾਂ ਨੇ ਸੱਚ ਦਾ ਮਾਰਗ ਦਿਖਾਇਆ ਹੈ। ਗੁਰੂਆਂ ਦੀ ਬਾਣੀ ਦੇ ਸਮੁੱਚੇ ਪਰ ਸੰਖੇਪ ਅਰਥ ਇਉਂ ਹਨ :-

-ਨਾਮਦੇਵ ਕਬੀਰ ਅਤੇ ਰਵੀਦਾਸ ਅਜਿਹੇ ਮਹਾਂ ਮਾਨਵ ਹਨ, ਜਿਨ੍ਹਾਂ ਦੀ ਬਾਣੀ ਨੂੰ ਦੇਵਤੇ ਅਤੇ ਮਨੁੱਖ ਗਾਉਂਦੇ ਹਨ। ਉਨ੍ਹਾਂ ਦੀ ਬਾਣੀ ਅਟੱਲ ਸੱਚ ਹੈ, ਜਿਸ ਨੂੰ ਮਿਟਾਇਆ ਨਹੀਂ ਜਾ ਸਕਦਾ। ਭਗਤਾਂ ਦੀ ਬਾਣੀ ਉੱਤਮ ਹੈ, ਜੋ ਰੋਜ ਨਿਆਰੀ ਕਥਾ ਕਹਿੰਦੇ ਹਨ। ਭਗਤਾਂ ਦੀ ਬਾਣੀ ਅੰਮ੍ਰਿਤ ਹੈ। ਅਸੀਂ ਉਨ੍ਹਾਂ ਚਰਨਾਂ ਦੀ ਪੂਜਾ ਨਿੱਤ ਕਰਦੇ ਹਾਂ। ਜੋ ਉਨ੍ਹਾਂ ਦੇ ਧਰਮ ਮਾਰਗ 'ਤੇ ਚਲਦੇ ਹਨ। ਇਨ੍ਹਾਂ ਸਾਧੂਆਂ ਦੀ ਅੰਮ੍ਰਿਤ ਬਾਣੀ ਤੋਂ ਮੁਕਤੀ ਅਤੇ ਜੁਗਤੀ ਮਿਲਦੀ ਹੈ। ਸੰਤਾਂ ਦਾ ਉਪਦੇਸ਼ ਸੁਣਕੇ ਜਮਦੂਤਾਂ ਦਾ ਭੈਅ ਹੀ ਲੱਥ ਗਿਆ। ਹਰੀ ਦੇ ਇਹ ਸੰਤ ਸਤਿਗੁਰੂ ਹਨ, ਸੱਤ ਪੁਰਖ ਹਨ ਜੋ ਅੰਮ੍ਰਿਤ ਬਾਣੀ ਬੋਲਦੇ ਹਨ। ਇਹ ਭਗਤ ਸੱਚੇ ਦਰ ਸੁਹਾਉਂਦੇ ਹਨ, ਕਿਉਂਕਿ ਉਹ ਸੱਚ ਦੇ ਵਾਪਰੀ ਹਨ। ਸਾਧੂਆਂ ਦੀ ਬਾਣੀ ਅੰਮ੍ਰਿਤ ਹੈ, ਜੋ ਜਪਦਾ ਹੈ ਉਸ ਦੀ ਗਤੀ ਹੋ ਜਾਂਦੀ ਹੈ। ਭਗਤਾਂ ਨੇ ਪੁਰਾਣੀਆਂ ਕਥਾਵਾਂ ਦੇ ਪ੍ਰਸੰਗ ਵਿਚ ਗਿਆਨ ਦਿੱਤਾ । ਦੁਸ਼ਟ ਲੋਕਾਂ ਦਾ ਪਰਦਾ ਫਾਸ਼ ਕੀਤਾ। ਉਸ ਨੂੰ ਅਸੀਂ ਮੰਨ ਲਿਆ ਹੈ। ਖੱਤਰੀ, ਬ੍ਰਾਹਮਣ, ਸ਼ੂਦਰ ਚੰਡਾਲ ਕੋਈ ਵੀ ਹੋਵੇ, ਇਨ੍ਹਾਂ ਸਾਧੂਆਂ ਦੀ ਸ਼ਰਨ ਪੈ ਕੇ ਪਾਰ ਹੋ ਜਾਂਦਾ ਹੈ।

ਇਹ ਸਾਧੂ ਜਿਨ੍ਹਾਂ ਦਾ ਨਾਂ ਹੈ ਜੈ ਦੇਵ, ਨਾਮਦੇਵ, ਕਬੀਰ, ਤ੍ਰਿਲੋਚਨ ਅਤੇ ਰਵੀਦਾਸ। ਇਨ੍ਹਾਂ ਭਗਤਾਂ ਨਾਲ ਤਾਂ ਪ੍ਰਭੂ ਗੋਸਟੀਆਂ ਕਰਦਾ ਹੈ। ਜੋ ਮੈਂ ਕਿਹਾ ਹੈ, ਸੰਤਾਂ ਦੀਆਂ ਸੱਚੀਆਂ ਸਾਖੀਆਂ ਸੁਣ ਕੇ ਕਿਹਾ ਹੈ। ਉਹ ਸ਼ਬਦ ਜੋ ਸੂਰਜ ਵਾਂਗ ਚਾਰਾ ਜੁੱਗਾਂ ਅੰਦਰ ਚਮਕਣ ਵਾਲੇ ਹਨ, ਇਹ ਭਗਤਾਂ ਦੀ ਬਾਣੀ ਨੂੰ ਵਿਚਾਰਨ ਤੋਂ ਬਾਅਦ ਹੀ ਲਏ ਹਨ। ਭਗਤਾਂ ਦਾ ਤਾਂ ਮਾਰਗ ਹੀ ਨਿਰਾਲਾ ਹੈ, ਬੜਾ ਔਖਾ ਰਾਹ ਹੈ। ਆਵਹੁ ਸਤਿਗੁਰੂ ਦੇ ਪਿਆਰਿਓ ਗੁਰੂ ਦੀ ਬਾਣੀ ਗਾਓ ਜੋ ਸਭ ਤੋਂ ਉੱਤਮ ਹੈ, ਜਿਸ ਤੋਂ ਬਿਨਾ ਬਾਕੀ ਸਾਰੀ ਬਾਣੀ ਕੱਚੀ ਹੈ, ਨਿਰਅਧਾਰ ਹੈ। ਅਸੀਂ ਤਾਂ ਦਾਸਾਂ ਦੇ ਦਾਸ ਹਾਂ। ਹੁਕਮ (ਸੰਸਾਰ ਅਤੇ ਬ੍ਰਹਿਮੰਡ ਦਾ ਸਿਧਾਂਤ) ਜਾਣਕੇ ਅਸੀਂ ਤਾਂ ਨਿਹਾਲ ਹੋ ਗਏ ਹਾਂ। ਇਹ ਭਗਤਾਂ ਦੀ ਘਾਲਣਾ ਹੈ। ਹੇ ਅੰਤਰ ਜਾਮੀ ਵਿਧਾਤੇ ਪੁਰਖ, ਮੇਰੇ ਮਨ ਦੀ ਇਹ ਸੁੱਖਣਾ ਪੂਰੀ ਕਰ ਅਤੇ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਦੇਹ। ਇਨ੍ਹਾਂ ਸਾਧੂਆਂ ਦੀ ਸੰਗਤ ਕਰਨ ਨਾਲ ਅਠਾਹਟ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ। ਜੋ ਭਗਤੀ ਹਿੱਤ ਨਾਮ ਜਪਣ ਦੇ ਚਾਹਵਾਨ ਹਨ, ਉਹ ਇਹ ਜਾਣ ਲੈਣ ਕਿ 'ਰਾਮ' ਸੰਤਾਂ ਅਤੇ ਭਗਤਾਂ ਦੀ ਸੰਗਤ ਵਿਚ ਮਿਲਦਾ ਹੈ। ਤਿੰਨਾਂ ਭਗਤਾਂ ਨੂੰ ਸਦਾ ਨਮਸਕਾਰ ਕਰੋ, ਜੋ ਦਿਨ ਰਾਤ ਹਰੀ ਦੇ ਗੁਣ ਗਾਉਂਦੇ ਹਨ। ਭਗਤਾਂ ਅਤੇ ਸੰਸਾਰੀ ਲੋਕਾਂ (ਜੋ ਤ੍ਰਿਸਨਾਵਾਂ ਤੇ ਖੁਦਗਰਜੀਆਂ ਲੋਕ ਹੰਕਾਰ ਕਾਮ ਕ੍ਰੋਧ ਵਿੱਚ ਫਸੇ ਰਹਿੰਦੇ ਹਨ।) ਵਿਚਕਾਰ ਜਮੀਨ ਅਸਮਾਨ ਦਾ ਅੰਤਰ ਹੈ। ਇਨ੍ਹਾਂ ਭਗਤ ਜਨਾ ਨੂੰ ਦੇਖਣ ਸੁਣਨ ਤੋਂ ਬਾਅਦ ਹੀ ਸੰਸਾਰ ਦੇ ਪਾਰ ਉਤਾਰੇ ਦੀ ਭਾਵਨਾ ਪੈਦਾ ਹੋਈ ਹੈ। ਇਹ ਭਗਤ ਧੰਨ ਹਨ, ਸਾਡੇ ਸਤਿਗੁਰੂ ਹਨ। ਜਿਨ੍ਹਾਂ ਨੇ ਵੈਰੀਆਂ ਅਤੇ ਮਿੱਤਰਾਂ ਸਭ ਪ੍ਰਤੀ ਸਮਾਨ ਦ੍ਰਿਸਟੀ ਦਿਖਾਈ ਹੈ। ਸਾਰੀਆਂ ਰਿੱਧੀਆਂ ਸਿੱਧੀਆਂ ਭਗਤਾਂ ਦੇ ਚਰਨਾਂ ਵਿਚ ਹਨ। ਮੈਂ ਆਖਦਾ ਹਾਂ ਕਿ ਸਤਿਗੁਰੂ ਸਾਧੂ ਸੱਜਣਾਂ ਨੂੰ ਮਿਲਕੇ ਸਾਰੇ ਦੁੱਖ ਦੂਰ ਹੋ ਗਏ। ਜੋ ਗੱਲਾਂ ਭਗਤ ਮੂੰਹੋਂ ਕੱਢਦੇ ਹਨ, ਉਹ ਬਚਨ ਪੂਰੇ ਹੋ ਜਾਂਦੇ ਹਨ। ਉਹ ਗਧੇ ਲੋਕ ਜੋ ਸੰਤਾਂ ਨਾਲ ਖਹਿੰਦੇ ਹਨ, ਸੁੱਖ ਨਹੀਂ ਪਾ ਸਕਦੇ। ਨਿਰਵੈਰ ਨਿਮਾਣੇ ਲੋਕਾਂ ਨਾਲ ਵੈਰ ਕਰਾਉਂਦੇ ਹਨ ਅਤੇ ਧਰਮ ਨਿਆਂ ਹਜਮ ਕਰ ਜਾਂਦੇ ਹਨ। ਜੇ ਇਹ ਸੰਤ ਸਰਾਪ ਦੇਣ ਤਾਂ ਲੋਕ ਭਟਕਦੇ ਫਿਰਦੇ ਹਨ। ਭਾਵ ਜੋ ਸੰਤ ਨਾਮਦੇਵ, ਸੰਤ ਕਬੀਰ ਅਤੇ ਸੰਤ ਰਵੀਦਾਮ ਵਰਗੇ ਸੰਤਾਂ ਦੇ ਮਾਰਗ ਤੋਂ ਦੂਰ ਰਹਿੰਦੇ ਹਨ, ਉਹ ਠੇਡੇ ਠੋਕਰਾਂ ਖਾਂਦੇ ਰਹਿੰਦੇ ਹਨ। ਹਰੀ ਸੰਤਾਂ ਨੇ ਮਾਰਗ ਦਿਖਾਇਆ ਤਾਂ ਅਸੀਂ ਪਿੱਛੇ ਲੱਗ ਤੁਰੇ। ਉਹ ਸੰਤ ਜਿਨ੍ਹਾਂ ਨੀਚ ਜਾਤ ਹੋ ਕੇ ਵੀ ਨਾਮ ਜਪਦਿਆਂ ਉੱਤਮ ਪਦਵੀ ਪ੍ਰਾਪਤ ਕਰ ਲਈ ਹੈ। ਇਹ ਨਾਮਦੇਵ ਛੀਂਬਾ, ਇਹ ਰਵੀਦਾਸ ਚੁਮਾਰ, ਜਿਨ੍ਹਾਂ ਦੇ ਚਾਰੇ ਵਰਨ ਆ ਪੈਰੀਂ ਪਏ ਹਨ, ਅਸੀਂ ਉਨ੍ਹਾਂ ਦੇ ਦਿਨ ਰਾਤ ਦਰਸਨ ਚਾਹੁੰਦੇ ਹਾਂ। ਅਸੀਂ ਤਾਂ ਉਨ੍ਹਾਂ ਦੇ ਵੀ ਚਰਨ ਸੇਵਕ ਹਾਂ, ਜੋ ਨੀਚ ਜਾਤ ਹਰ ਜਨਾਂ ਦੇ ਵੀ ਸੇਵਕ ਹਨ। ਉਨ੍ਹਾਂ ਸਾਧੂ-ਸੰਤਾਂ ਨਾਲ ਮਿਲ ਰਹਿਣਾ ਬੇਹਤਰ ਹੈ, ਜੋ ਪਰਉਪਕਾਰੀ ਗੁਣਾਂ ਦੀ ਬਾਣੀ ਬੋਲਦੇ ਹਨ। ਇਨ੍ਹਾਂ ਭਗਤਾਂ ਨੂੰ ਸਦਾ ਨਿਵ ਕੇ ਰਹੋ। ਨਿਵਣ ਨਾਲ ਹੀ ਗੁਣ ਫਲ ਮਿਲਦਾ ਹੈ। ਜੋ ਵੀ ਭਗਤ ਹੋਏ ਹਨ, ਉਨ੍ਹਾਂ ਦੀ ਬਿਨਾ ਭਰਮ ਪੂਜਾ ਕਰੋ। ਉਨ੍ਹਾਂ ਦੀ ਜਾਤ ਪਾਤ ਵੇਖ ਕੇ ਨਾ ਭਰਮੋ। ਪੰਡਤ ਤਾਂ ਵੇਦ ਪੁਕਾਰਦਾ ਹੈ। ਪਰ ਭਗਤ ਨਵੀਆਂ ਨਵੇਂ ਕਲੀਆਂ ਕਹਿੰਦੇ ਹਨ। ਸਭ ਕਹਿੰਦੇ ਹਨ ਕਿ ਰੱਬ ਪਾ ਲਿਆ, ਪਰ ਜਿਨ੍ਹਾਂ ਨੇ ਪਾ ਲਿਆ ਉਹ ਭਗਤ ਹੀ ਹਨ। ਮੇਰੇ ਮੁਖ ਨੂੰ ਸੰਤਾਂ ਦੀ ਰੇਣ ਲੱਗ ਗਈ ਹੈ, ਦੂਰ ਮੱਤ ਖਤਮ ਹੋਈ ਅਤੇ ਪੂਰੀ ਬੁੱਧੀ ਤੋਂ ਮੁਕਤ ਹੋਏ ਹਾਂ। ਸਾਧਾਂ ਦੀ ਕ੍ਰਿਪਾ ਨਾ3ਲ ਸੁੱਕਾ ਹਰਾਂ ਹੋ ਜਾਂਦਾ ਹੈ ਅਤੇ ਸੁਮੱਤ ਮਿਲਦੀ ਹੈ। ਸੰਤਾਂ ਦੇ ਚਰਨੀ ਲੱਗੇ ਜੋ ਗੁਰੂ ਦੇਣ ਉਹੀ ਬੰਦੇ ਦੇ ਕੰਮ ਦੀ ਚੀਜ ਹੈ। ਜਿਨ੍ਹਾਂ ਦਾ ਦਰਬਾਰ ਸਭ ਤੋਂ ਉੱਚਾ ਹੈ, ਉਹ ਸਾਰੇ ਭਗਤ ਜਿਨ੍ਹਾਂ ਦਾ ਨਾਮ (ਪਰਉਪਕਾਰੀ ਵਿਚਾਰ ਧਾਰਾ) ਹੀ ਅਧਾਰ ਹੈ। ਇਨ੍ਹਾਂ ਸਾਧੂਆਂ ਨਾਲ ਮਿਲ ਕੇ ਪਾਰਬ੍ਰਹਮ ਦੀ ਅਸਲੀਅਤ ਜਾਣ ਲਈ ਹੈ। ਇਨ੍ਹਾਂ ਸੰਤਾਂ ਸੰਗ ਮਿਲਕੇ (ਜਾਤ ਦਾ) ਹੰਕਾਰ ਮਿਟ ਗਿਆ। ਸਭ ਨੂੰ ਬਰਾਬਰ ਸਿਰਜਣ ਵਾਲਾ ਏਕੰਕਾਰ ਨਜ਼ਰ ਆ ਗਿਆ ਹੈ। ਸਾਧੂਆਂ ਸੰਗ ਮਿਲ ਕੇ ਜਾਤ ਦਾ ਬਿਕਾਰ ਮਿਟ ਜਾਂਦਾ ਹੈ। ਇਹ ਸਭ ਤੋਂ ਵੱਡਾ ਉਪਕਾਰ ਹੈ। ਸਾਧਾਂ ਦੀ ਸੰਗਤ ਵਿਚ ਸੰਤਾਂ ਦੀ ਕ੍ਰਿਪਾ ਨਾਲ ਸੁੱਤਾ ਮਨ ਜਾਗ ਪਿਆ ਹੈ। ਬੇਸ਼ੁਮਾਰ ਲੋਕ ਭਾਲਦੇ ਥੱਕ ਗਏ, ਪਰੰਤੂ ਭਗਤ ਉਹੀ ਬਣੇ ਜਿਨ੍ਹਾਂ ਤੇ ਕ੍ਰਿਪਾ ਹੋਈ। ਜੇ ਕਿਸੇ ਨੇ ਸੁੱਚ ਅਤੇ ਸੱਚ ਪ੍ਰਾਪਤ ਕਰਨੇ ਹਨ ਤਾਂ ਇਹ ਸੰਤਾਂ ਕੋਲ ਹਨ। ਸਾਰੇ ਬੰਦਿਆਂ ਵਿਚ ਉਹੀ ਪ੍ਰਧਾਨ ਹੈ, ਜਿਸਨੇ ਸਾਧੂਆਂ ਸੰਗ ਬਹਿ ਕੇ ਹੰਕਾਰ ਮਿਟਾ ਲਿਆ ਤੇ ਜਿਸ ਨੇ ਆਪਣੇ ਆਪ ਨੂੰ ਸਭ ਤੋਂ ਨੀਚ ਜਾਣ ਲਿਆ। ਉਹੀ ਸਭ ਤੋਂ ਉੱਚਾ ਹੋ ਗਿਆ। ਇਨ੍ਹਾਂ ਸਾਧੂਆਂ ਦੀ ਕਥਾ ਅਦਰਜ ਹੈ। ਅਗਿਆਨ ਮਿਟ ਜਾਂਦਾ ਹੈ, ਗਿਆਨ ਹੋ ਜਾਂਦਾ ਹੈ। ਦੁਸ਼ਮਣ ਮਿੱਤਰ ਹੋ ਜਾਂਦਾ ਹੈ। ਪਵਿੱਤਰ ਬਣ ਜਾਈਦਾ ਹੈ। ਸਾਰਾ ਧਰਮ ਹੀ ਇਨ੍ਹਾਂ ਪਾਸ ਹੈ। ਕੁਲਾਂ, ਕੁਟੰਬ ਸਭ ਤਰ ਜਾਂਦੇ ਹਨ। ਇਨ੍ਹਾਂ ਦੀ ਸੋਭਾ ਸਭ ਤੋਂ ਉੱਚੀ ਹੈ। ਇਨ੍ਹਾਂ ਸੰਤਾਂ ਦੀ ਨਿੰਦਾ ਕਰਨ ਵਾਲੇ ਹੀ ਮੁੜ-ਮੁੜ ਅਵਤਾਰ ਲੈਂਦੇ ਹਨ। (ਸੰਕੇਤ ਵਿਸ਼ਨੂੰ, ਰਾਮ ਅਤੇ ਕ੍ਰਿਸ਼ਨ

ਵੱਲ ਹੈ) ਤਿੰਨਾ ਲੋਕਾਂ ਵਿਚ ਉਹੀ ਭਗਤ ਸੁਣੀਂਦੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਸਭ ਨੂੰ ਬਰਾਬਰ ਸਿਰਜਣ ਵਾਲਾ ਇਕ ਏਕੰਕਾਰ ਹੀ ਹੈ। ਸਭ ਧਰਮ ਸੰਤਾਂ ਦੇ ਹਿਰਦੇ ਵਿਚ ਹੈ। ਵੇਦ ਸ਼ਾਸਤਰਾਂ ਦੀ ਬਾਣੀ ਵੀ ਹੈ, ਪਰੰਤੂ ਸਾਰਾ ਮੱਤ ਮਤਾਂਤ ਭਗਤਾਂ ਦੇ ਮਨ ਵਿਚ ਹੀ ਟਿਕਿਆ ਹੋਇਆ ਹੈ। ਉਨ੍ਹਾਂ ਦੀ ਉਸਤਤ ਨਿਰਮਲ ਹੈ, ਬਾਣੀ ਅੰਮ੍ਰਿਤ ਹੈ। ਮਨ ਵਿਚ ਇਕ ਨਾਮ ਹੈ। ਤਾਂ ਅਸੀਂ ਉਨ੍ਹਾਂ ਦਾ ਸਰਨ ਆਏ ਹਾਂ। ਸਾਡੇ ਦੁੱਖ ਰੋਗ ਭੈਅ ਭਰਮ ਸਭ ਮਿਟ ਗਏ ਹਨ। ਇਨ੍ਹਾਂ ਦੀ ਸੋਭਾ ਸਭ ਤੋਂ ਉੱਤਮ ਹੋ ਗਈ ਹੈ। ਇਨ੍ਹਾਂ ਸੰਤਾਂ ਦੇ ਉਪਦੇਸ਼ ਸੁਣੋ। ਚਰਨ ਧੋਵੋ, ਦੁਰਮੱਤ ਖੋਵੋ, ਦਾਸਾਂ ਦੀ ਧੂੜ ਬਣੋ, ਕੋਈ ਦੁੱਖ ਨਹੀਂ ਵਿਆਪਦਾ। ਭਗਤਾਂ ਦੇ ਚਰਨੀਂ ਲੱਗੋ, ਜਨਮ ਮਰਨ ਤੋਂ ਮੁਕਤ ਹੋਵੋ, ਸੰਤਾਂ ਦੀ ਧੂੜ ਬਣੋ ਇਸ ਵਿਚ ਕੁਝ ਵੀ ਮੰਦਾ ਨਹੀਂ, ਬੁਰਾ ਨਹੀਂ। ਅੱਧੇ ਟਕੇ ਦਾ ਛੀਂਬਾ, ਨੀਚ ਜਾਤ ਦਾ ਜੁਲਾਹਾ, ਪਸ਼ੂ ਢੋਣ ਵਾਲਾ ਰਵੀਦਾਸ, ਬੁੱਤ ਬਣਾਉਂਦਾ ਸੈਣ ਨਾਈ, ਪਾਰਬ੍ਰਹਮ ਦੀ ਸੋਝੀ ਪਾ ਕੇ ਭਗਤ ਹੋ ਗਏ ਹਨ। ਜੋ ਚਾਰਾਂ ਕੂੰਟਾਂ ਵਿਚ ਜਾਣੇ ਗਏ ਹਨ। ਇਨ੍ਹਾਂ ਨੂੰ ਵੇਖਕੇ ਧੰਨੇ ਜਾਟ ਨੇ ਵੀ ਉਹੀ ਭਗਤੀ ਮਾਰਗ ਫੜ ਲਿਆ ਤੇ ਪਾਰਬ੍ਰਹਮ ਵੇਖ ਲਿਆ। ਹੁਣ ਕੋਈ ਇਨ੍ਹਾਂ ਦੀ ਜਾਤ ਨਹੀਂ ਪੁੱਛਦਾ, ਇਹ ਨਾਮਦੇਵ, ਤ੍ਰਿਲੋਚਨ, ਕਬੀਰ ਦਾਸ ਤੇ ਰਵੀਦਾਸ ਚੁਮਾਰ ਸਭ ਮੁਕਤ ਹੋ ਗਏ ਹਨ। ਇਨ੍ਹਾਂ ਗੁਰੂਆਂ ਦੇ ਪੈਰ ਪੂਜੋ। ਦੁਰਮੱਤ ਮਿਟ ਜਾਂਦੀ ਹੈ। ਸਾਧੂ ਲੋਕਾਂ ਨਾਲ ਭਵਜਲ ਪਾਰ ਹੋ ਜਾਂਦਾ ਹੈ। ਭਗਤਾਂ ਦੀ ਧੂੜੀ (ਗਿਆਨ) ਤਨ ਮਨ ਤੇ ਲਗਾਇਆ, ਅਪਵਿੱਤਰ ਵੀ ਪਵਿੱਤਰ ਹੋ ਜਾਂਦੇ ਹਨ। ਜੋ ਕੋਈ ਨਿਰਗੁਣ ਹੈ, ਨੀਚ ਹੈ, ਅਨਾਥ ਹੈ, ਅਪਰਾਧੀ ਹੈ ਤਾਂ ਉਸ ਨੂੰ ਸੰਤਾਂ ਦੀ ਓਟ ਵਿਚ ਆਉਣਾ ਚਾਹੀਦਾ ਹੈ। ਅਸੀਂ ਤਾਂ ਤਨ, ਮਨ, ਧਨ ਸੰਤਾਂ ਦੇ ਚਰਨੀਂ ਰੱਖ ਦਿੱਤਾ ਹੈ, ਸੰਤਾਂ ਦੀ ਕ੍ਰਿਪਾ ਹੋਈ ਹੈ। ਸਭ ਸੁਖ ਸ਼ਾਂਤੀ ਹੋ ਗਈ ਹੈ। ਸੰਤਾਂ ਬਰਾਬਰ ਕੋਈ ਹੋਰ ਦਾਤਾ ਨਹੀਂ ਹੈ, ਜੋ ਸਾਧੂਆਂ ਦੀ ਸ਼ਰਨ ਆ ਪੈਂਦਾ ਹੈ, ਉਹ ਪਾਰ ਹੋ ਜਾਂਦਾ ਹੈ। ਅਸੀਂ ਤਾਂ ਸੰਤਾਂ ਦੀ ਸ਼ਰਨ ਹਾਂ। ਸੰਤਾਂ ਦੀ ਧੂੜ ਹਾਂ। ਸੰਤਾਂ ਨਾਲ ਹੀ ਲੈਣ ਦੇਣ ਤੇ ਵਿਵਹਾਰ ਹੈ। ਸੰਤਾਂ ਨੇ ਅਜਿਹੀ ਪੂੰਜੀ ਦੇ ਦਿੱਤੀ ਹੈ ਕਿ ਮਨ 'ਚ ਵੜਿਆ ਛਲ ਹੀ ਨਿਕਲ ਗਿਆ ਹੈ। (ਭਾਵ ਬ੍ਰਾਹਮਣੀ ਵਰਤਾਰਾ) ਸੰਤਾਂ ਦਾ ਮਾਰਗ ਧਰਮ ਦੀ ਪੌੜੀ ਹੈ, ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਮਿਲਦਾ ਹੈ। ਸੱਚਾ ਸਿਰਜਨਹਾਰ ਸੰਤਾਂ ਅਤੇ ਭਗਤਾਂ ਦੀ ਓਟ ਹੈ, ਟੇਕ ਹੈ। ਸੰਤਾਂ ਦੇ ਬਰਾਬਰ ਕੋਈ ਨਹੀਂ। ਭਗਤਾਂ ਦੀ ਉਸ ਪ੍ਰਭੂ ਨਾਲ ਬਣਦੀ ਹੈ, ਜੋ ਹਰ ਜਗ੍ਹਾ ਬਰਾਬਰ ਹੈ। ਸੰਤਾਂ ਦੀ ਧੂੜ ਲੈ ਕੇ ਮੱਥੇ ਲਾ ਲਓ। ਭਾਵੇਂ ਉਹ ਅਤਿ ਨੀਚ ਵੀ ਹੋਵੇ, ਉਸ ਨੂੰ ਬੇਨਤੀ ਕਰੋ। ਬੁਲਾਓ, ਆਪਣਾ ਜਾਤੀ ਹੰਕਾਰ ਛੱਡ ਕੇ ਪੈਰ ਮਲੋ ਤੇ ਉਨ੍ਹਾਂ ਸੰਤਾਂ ਦੇ ਰੰਗ ਵਿਚ ਰੰਗੇ ਜਾਵੋ। ਜੋ ਅੰਮ੍ਰਿਤ ਗੁਣ ਉਹ ਬੋਲਦੇ ਹਨ, ਉਹ ਆਪਣੇ ਮਨ ਨੂੰ ਪਿਆ ਦਿਉ। ਭਗਤਾਂ ਨੂੰ ਨਮਸਕਾਰ ਕਰੋ ਅਤੇ ਧੂੜੀ ਮੱਥੇ ਲਾਵੋ। ਭਗਤਾਂ ਤੋਂ ਬਿਨਾ ਸੰਸਾ (ਭਰਮ, ਚਿੰਤਾ, ਭੈਅ) ਖਤਮ ਨਹੀਂ ਹੁੰਦਾ। ਮੈਨੂੰ ਗੁਰੂ ਨੇ ਏਹੀ ਦੱਸਿਆ ਹੈ। ਸੰਤ ਸਹਾਈ ਹੋਏ ਹਨ, ਦਇਆਲ ਹੋਏ ਹਨ। ਸੁਰਤ ਮੱਤ ਅਤੇ ਬੁੱਧ ਵਿਚ ਪ੍ਰਕਾਸ਼ ਭਰ ਗਿਆ ਹੈ। ਸੰਤਾਂ ਜੀਵਾਂ ਦੇ ਸਹਾਰੇ ਹਨ। ਭਾਵਜਲ ਤਾਰਨ ਹਾਰ ਹਨ। ਉਨ੍ਹਾਂ ਨੂੰ ਸਭ ਤੋਂ ਉੱਚਾ ਜਾਣੋ। ਇਹੀ ਪਿਆਰ ਨਾਮ ਹੈ। ਨਾ ਤੂੰ ਪਾਖੰਡ ਕਰਨ ਨਾਲ, ਨਾ ਵੇਦ ਕਤੇਬ ਪੜ੍ਹਨ ਨਾਲ, ਨਾ ਤੀਰਥਾਂ ਤੇ ਨਹਾਉਣ ਨਾਲ, ਨਾ ਧਰਤੀ ਤੇ ਘੁੰਮਣ ਨਾਲ, ਨਾ ਫਜ਼ੂਲ ਸਿਆਣਪਾ ਨਾਲ, ਨਾ ਬਹੁਤਾ ਦਾਨ ਕਰਨ ਨਾਲ ਮਿਲਦਾ ਹੈ। ਸਭ ਕੁਝ ਤੇਰੇ ਵੱਸ ਵਿਚ ਹੈ। ਪਰੰਤੂ ਤੂੰ ਕੇਵਲ ਭਗਤਾਂ ਦੇ ਵੱਸ ਵਿਚ ਹੈ। ਭਗਤ ਹੀ ਤੇਰੀ ਸ਼ਕਤੀ ਹਨ। ਭਗਤਾਂ ਦੀ ਦਇਆ ਨਾਲ ਬੁੱਧ ਪ੍ਰਕਾਸ਼ਮਈ ਹੋ ਜਾਂਦੀ ਹੈ ਅਤੇ ਦੁਰਮੱਤ ਮਿਟ ਜਾਂਦੀ ਹੈ। ਸੰਤਾਂ ਦੀ ਮੱਤ ਲਵੋ, ਉਨ੍ਹਾਂ ਸੰਗ ਤੁਰ ਕੇ ਪਰਮਗਤ ਪਾਵੋ।

-ਪਰ ਲੜ ਕੋਈ ਕੋਈ ਲਗਦਾ ਹੈ, ਪਰ ਬੰਦਾ ਜਨਮਾਂ ਦਾ ਸੁੱਤਾ ਜਾਗ ਪੈਂਦਾ ਹੈ।

-ਭਗਤਾਂ ਦੀ ਨਿੰਦਿਆ ਕਰਨ ਵਾਲੇ ਦਾ ਸਭ ਕੁਝ ਤਬਾਹ ਹੋ ਜਾਂਦਾ ਹੈ।

-ਇਨ੍ਹਾਂ ਭਗਤਾਂ ਨੂੰ ਧੰਨੇ ਨੇ ਸੇਵਿਆ ਏਥੋਂ ਹੀ ਤ੍ਰਿਲੋਚਨ ਨੇ ਬੇਣੀ, ਨੂੰ ਪ੍ਰਕਾਸ਼ ਹੋਇਆ। ਜੈ ਦੇਵ ਜੋ ਬ੍ਰਾਹਮਣ ਸੀ, ਉਸਨੇ ਜਾਤ ਦਾ ਹੰਕਾਰ ਤਿਆਗਿਆ। ਸੈਣ ਨਾਈ ਵੀ ਪਾਰ ਉਤਰਿਆ। ਕਬੀਰ, ਨਾਮਦੇਵ ਅਤੇ ਰਵੀਦਾਸ ਹਰੀ ਸੰਗ ਵਸਦੇ ਹਨ। ਨਾਮਦੇਵ, ਕਬੀਰ, ਰਵੀਦਾਸ ਤੇ ਸੈਣ ਚਾਰਾਂ ਦੀ ਠਾਕੁਰ ਪ੍ਰਭੂ ਨਾਲ ਬਣਦੀ ਹੈ। ਅਸੀਂ ਤਾਂ ਮਾਤਾ-ਪਿਤਾ ਨੂੰ ਤਿਆਗ ਕੇ ਮਨ ਸੰਤਾਂ ਨੂੰ ਸਮਰਪਤ ਕੀਤਾ ਹੈ। ਇਸ ਕਾਰਨ ਸਾਡੀ ਜਾਤ, ਜਨਮ ਤੇ ਕੁਲ ਮਿਟ ਗਈ ਹੈ। ਉਹੀ ਸਭ ਤੋਂ ਉੱਚਾ ਹੈ, ਜਿਸ ਨਾਲ ਭਗਤ ਹਨ। ਇਹ ਗੁਰੂ ਬਾਣੀ ਦੀਆਂ ਟੁੱਟਵੀਆਂ ਸੱਤਰਾਂ ਦੇ ਅਰਥ ਹਨ। ਪੂਰੇ ਸ਼ਬਦ ਇਸ ਤੋਂ ਬਾਅਦ ਛਾਪੇ ਗਏ ਹਨ। ਤਾਂ ਕਿ ਜੋ ਅਸੀਂ ਦੱਸਣਾ ਚਾਹੁੰਦੇ ਹਾਂ ਉਹ ਆਮ ਆਦਮੀ ਨੂੰ ਵੀ ਸਮਝ ਪੈ ਸਕੇ।

ਹੁਣ ਤੱਕ ਸਿੱਖ ਪ੍ਰਚਾਰਕ, ਲੇਖਕ, ਵਿਦਵਾਨ, ਬੁੱਧੀਜੀਵੀ, ਭਾਈ ਰਾਗੀ, ਢਾਡੀ, ਕਥਾਵਾਚਕ ਜੋ ਬੋਲਦੇ

ਅਤੇ ਲਿਖਦੇ ਆਏ ਹਨ, ਉਹ ਇਹੀ ਸੀ ਕਿ ਗੁਰੂ ਅਰਜਨ ਨੇ ਅਛੂਤ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਵਿਚ ਸ਼ਾਮਲ ਕਰਕੇ ਉਨ੍ਹਾਂ ਨੂੰ ਮਾਣ ਬਖ਼ਸ਼ਿਆ। ਸਿੱਖਾਂ ਨੇ ਸੰਤਾਂ, ਭਗਤਾਂ ਨੂੰ ਉਨ੍ਹਾਂ ਦੇ ਅਛੂਤ ਹੋਣ ਕਾਰਨ ਬਰਾਬਰ ਦਾ ਮਾਣ ਇੱਜ਼ਤ ਨਹੀਂ ਦਿੱਤਾ। ਸਗੋਂ ਉਹੀ ਰਟ ਲਾਈ ਕਿ ਭਗਤ ਕਦੀ ਗੁਰੂ ਨਹੀਂ ਹੋ ਸਕਦੇ।

ਹੁਣ ਸਾਡੇ ਕੋਲ ਅੱਗੇ ਦਿੱਤੇ ਜਾ ਰਹੇ ਸੈਂਕੜੇ ਸ਼ਬਦ ਹਨ। ਜਿਨ੍ਹਾਂ ਵਿਚ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਨੇ ਭਗਤਾਂ ਨੂੰ ਸਾਧੂ, ਸੰਤ, ਸਤਿਗੁਰੂ ਤੇ ਗੁਰੂ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਇਕ ਪਾਸੇ ਗੁਰੂ ਹਨ, ਉਨ੍ਹਾਂ ਦੀ ਬਾਣੀ ਹੈ। ਦੂਜੇ ਪਾਸੇ ਸਿੱਖ ਲੋਕ। ਅਸੀਂ ਦੋਹਾਂ ਵਿਚੋਂ ਸੱਚ ਨੂੰ ਮੰਨਣਾ ਹੈ। ਤਾਂ ਅਸੀਂ ਉਹੀ ਮੰਨਾਂਗੇ ਜੋ ਗੁਰੂ ਜੀ ਨੇ ਕਿਹਾ ਹੈ। ਤੇ ਫਿਰ ਜੋ ਗੁਰੂਆਂ ਨੇ ਕਿਹਾ ਹੈ ਉਸ ਦਾ ਸਾਰ ਅੰਸ਼ ਅਸੀਂ ਉੱਪਰ ਦੇ ਆਏ ਹਾਂ ਕਿ ਸਿੱਖੀ, ਸੰਤਾਂ ਦਾ ਸਿਰਜਿਆ ਧਰਮ ਮਾਰਗ ਹੈ, ਜੋ ਗੁਰੂਆਂ ਨੇ ਪ੍ਰਵਾਨ ਕਰਕੇ ਅੱਗੇ ਤੋਰਿਆ ਅਤੇ ਪ੍ਰਵਾਨ ਚੜ੍ਹਾਉਣ ਦੇ ਅਲੌਕਿਕ ਯਤਨ ਕੀਤੇ। ਹੁਣ ਸਾਨੂੰ ਇਸ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕਿ ਸਿੱਖ ਇਸ ਸੱਚ ਨੂੰ ਮੰਨਦੇ ਹਨ ਜਾਂ ਨਹੀਂ। ਸੱਚ ਤਾਂ ਸੱਚ ਹੈ। ਜੋ ਆਦਿ ਜੁਗਾਦਿ ਰਹੇਗਾ। ਇਹ ਆਦਿ ਜੁਗਾਦਿ ਸੱਚ ਦਾ ਪ੍ਰਗਟਾਵਾ ਕਰਦੇ ਹੋਏ ਸ਼ਬਦ ਲੜੀਵਾਰ (ਜੈਤਵਾਰ) ਹੇਠ ਲਿਖੇ ਅਨੁਸਾਰ ਹਨ ;

ਸਭ ਤੋਂ ਪਹਿਲਾਂ ਅਸੀਂ ਗੁਰੂ ਨਾਨਕ ਦੇ ਵਿਚਾਰ ਹੀ ਲਿਖਾਂਗੇ। ਕਿ ਉਹ ਕਿਸ ਨੂੰ ਸੰਬੋਧਨ ਕਰਦੇ ਹਨ ਤੇ ਕੀ ਪ੍ਰਗਟ ਕਰਦੇ ਹਨ, ਪੇਸ਼ ਹਨ ਉਨ੍ਹਾਂ ਦੇ ਸਲੋਕ ਅਤੇ ਸ਼ਬਦ ;

ਸਿੱਖ ਸੰਤ ਗੁਰੂ ਵਿਚਾਰਧਾਰਾ ਦੇ ਸਿਰਜਕ ਮਾਰਗ ਦਾਤਾਵਾਂ ਦੀ ਅਗਲੀ ਕਤਾਰ ਨੂੰ ਹੋਰ ਸਪੱਸ਼ਟ ਕਰ ਦਿੰਦਾ ਹੈ ਇਹ ਸ਼ਬਦ :-

ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ।
ਜਿਨਿ 'ਭਗਤ' ਭਵਜਲ ਤਾਰੇ
ਸਿਮਰਹੁ ਸੋਈ ਨਾਮੁ ਪਰਧਾਨੁ। (ਸੋਈ ਨਾਮ, ਸੋਈ ਵਿਚਾਰਧਾਰਾ ਜੋ ਸੰਤਾਂ, ਭਗਤਾਂ ਕੋਲ ਹੈ)
ਤਿਤੁ ਨਾਮਿ ਨਾਨਕੁ ਲਹਣਾ ਥਪਿਓ ਜਨ ਸ੍ਰਬ ਸਿਧੀ।
ਕਵਿ ਜਨ ਕਲ ਸਬੁਧੀ ਕੀਰਤਿ ਜਨ ਅਮਰਦਾਸ ਬਿਸਰੀਯਾ ।(1392)
ਉਧਉ ਅਕੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ।
ਸੋਈ ਨਾਮੁ ਅਛਲੁ ਭਗਤਹ ਭਵਤਾਰਣੁ ਅਮਰਦਾਸ ਗੁਰ ਕਉ ਫੁਰਿਆ।(1393)

• • • • •

ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ
ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ ਤਿਵ ਗੁਰ ਅਮਰਦਾਸ ਕੈ ਗੁਰ ਰਾਮਦਾਸੁ ।(1406)

(ਭਾਗ 1)

ਗੁਰੂਆਂ ਦੀ ਬਾਣੀ ਵਿਚ ਸੰਤ-ਭਗਤ-ਸਾਧੂ-ਸਤਿਗੁਰੂ-ਗੁਰੂ ਆਦਿ ਵੱਲੋਂ ਰਚੀ ਬਾਣੀ ਬਾਰੇ ਅਸਲੀ ਦ੍ਰਿਸ਼ਟੀਕੋਣ :-

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥
ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ।
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।
ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥

1. ਸਤਿਗੁਰ ਸੇਵਹਿ ਤਾ ਗਤਿਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ।
ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥
ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ।(67) ਗੁਰੂ ਅਮਰਦਾਸ

• • • • •

2. ਭਗਤਾ ਮਨਿ ਆਨੰਦੁ ਹੈ ਸਚੈ ਸ਼ਬਦ ਰੰਗ ਰਾਤੇ ।
ਅਨਦਿਨ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ।
ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ।

ਏਕੋ ਸੇਵਨ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ।(69) ਗੁਰੂ ਅਮਰਦਾਸ

• • • • •

3. ਅੰਮ੍ਰਿਤ ਤੇਰੀ ਬਾਣੀ ਆ। ਤੇਰਿਆ ਭਗਤਾ ਰਿਦੈ ਸਮਾਣੀ ਆ ।(72) ਗੁਰੂ ਨਾਨਕ

• • • • •

ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ।
ਸਫਲ ਜਨਮ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ।
ਮਨਮੁਖ ਦੁਬਿਧਾ ਦੁਰ ਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ।
ਸੰਤ ਜਨਾ ਕੀ ਕਥਾ ਨਾ ਭਾਵੈ ਓਇ ਡੂਬੇ ਸਣੁ ਪਰਵਾਰੀ।
ਨਿੰਦਕ ਨਿੰਦਾ ਕਰਿ ਮਲੁ ਧੋਵੈ ਉਹ ਮਲਭਖੁ ਮਾਇਆ ਧਾਰ।
ਸੰਤ ਜਨਾ ਕੀ ਨਿੰਦਾ ਬਿਆਪੇ ਨਾ ਉਰਵਾਰਿ ਨ ਪਾਰੀ।(507) ਗੁਰੂ ਰਾਮ ਦਾਸ

• • • • •

ਅਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ।
ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਿਜ ਸੁਭਾਏ ਰਾਮ ॥ (538)
ਤਿਸ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ ॥ (540) ਗੁਰੂ ਰਾਮ ਦਾਸ

• • • • •

ਫਿਰਤ ਫਿਰਤ ਸੰਤਨ ਪਹਿ ਆਇਆ। ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ।
ਸਚੁ ਮੰਤਰ ਤੁਮਾਰਾ 'ਅਮ੍ਰਿਤ ਬਾਣੀ'। ਸੀਤਲ ਪੁਰਖ ਦ੍ਰਿਸਟਿ ਸੁਜਾਣੀ ।(ਗੁਰੂ ਅਰਜਨ ਦੇਵ 562)

• • • • •

ਹਰਿ ਰਸੁ ਪੀਵਹੁ ਪੁਰਖ ਗਿਆਨੀ। ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ
ਸਾਧੂ ਅੰਮ੍ਰਿਤ ਬਾਨੀ। ਮੁਕਤਿ ਭੁਗਤਿ ਜੁਗਤਿ ਸਚੁ ਪਾਈਐ।
ਸਰਬ ਸੁਖਾ ਕਾ ਦਾਤਾ ॥(ਗੁਰੂ ਅਰਜਨ 611)

• • • • •

ਉਪਦੇਸ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ।
ਜਿਨ ਕਉ ਕ੍ਰਿਪਾਲ ਹੋਆ ਪ੍ਰਭ ਮੇਰਾ ਸੇ ਲਾਗੇ ਗੁਰ ਕੀ ਬਾਣੀ ॥(ਗੁਰੂ ਅਰਜਨ 608)

• • • • •

ਹਰਿ ਅਮ੍ਰਿਤ ਬਾਨੀ ਗਾਵੈ। ਸਾਧਾ ਕੀ ਧੂਰੀ ਨਾਵੈ ।(ਗੁਰੂ ਅਰਜਨ 623)

• • • • •

ਮਿਲ ਸਾਧੂ ਦੁਰਮਤਿ ਖੋਇ। ਪਤਿਤ ਪੁਨੀਤ ਸਭ ਹੋਇ।
ਗੁਰ ਗੋਬਿਦ ਗਾਈਐ। ਸਾਧ ਸੰਗਿ ਮਿਲਿ ਧਿਆਈਐ।(ਗੁਰੂ ਅਰਜਨ 624)

• • • • •

ਹਰਿ ਕਾ ਸੰਤੁ 'ਸਤਗੁਰ' ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ।
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸਕੈ ਸਦ ਕੁਰਬਾਨੀ।
ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ ਵਡਾਨੀ।
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ ।(ਗੁਰੂ ਰਾਮ ਦਾਸ 667)

• • • • •

ਭਗਤ ਸੋਹਹਿ ਦਰਵਾਰਿ ਸ਼ਬਦਿ ਸੁਹਾਇਆ ਜੀਉ ।
ਬੋਲਹਿ ਅਮ੍ਰਿਤ ਬਾਣਿ (ਬਾਣੀ) ਰਸਨ ਰਸਾਇਆ ਜੀਉ ।
ਨਾਨਕ ਭਗਤ ਸੋਹਿਨ ਦਰ ਸਾਚੈ ਸਾਚੇ ਕੇ ਵਾਪਾਰੀ ।(ਗੁਰੂ ਨਾਨਕ 688-89)

ਅੰਮ੍ਰਿਤ ਬਚਨ ਸਾਧ ਕੀ ਬਾਣੀ ਜੋ ਜੋ ਜਪੈ ਤਿਸਕੀ ਗਤਿ ਹੋਵੈ।
ਹਰਿ ਹਰਿ ਨਾਮੁ ਨਿਤ ਰਸਨ ਬਖਾਨੀ।
ਕਲੀ ਕਾਲ ਕੇ ਮਿਟੇ ਕਲੇਸਾ। ਏਕੋ ਨਾਮੁ ਮਨ ਮਹਿ ਪਰਵੇਸਾ।
ਸਾਧੂ ਧੂਰਿ ਮੁਖਿ ਮਸਤਕਿ ਲਾਈ। ਨਾਨਕ ਉਧਰੇ ਹਰਿ ਗੁਰ ਸਰਣਾਈ ।(ਗੁਰੂ ਅਰਜਨ 744)

• • • • •

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ।
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ।
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ
ਬਾਣੀ ਗੁਰ ਗਾਈ ਗਤਿ ਪਾਈ ਪੰਚ ਮਿਲੇ ਸੋਹਾਇਆ।(ਗੁਰੂ ਰਾਮ ਦਾਸ 773)

• • • • •

ਨਿਰਮਲ ਹਰਿ ਪਾਇਆ ਹਰਿ ਗੁਣ ਗਾਇਆ।
ਮੁਖਿ ਬੋਲੀ ਹਰਿ ਬਾਣੀ ਸੰਤ ਜਨਾ ਵੱਡਭਾਗੀ ਪਾਇਆ।
ਹਰਿ ਕਥੀਐ ਅਕਥ ਕਹਾਣੀ ।(ਗੁਰੂ ਰਾਮਦਾਸ 774)

• • • • •

ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ।
ਏਕਸ ਆਗੈ ਬੇਨਤੀ ਰਵਿਆ ਸ੍ਰਬ ਥਾਇ।
ਕਥਾ ਪੁਰਾਤਨ ਇਉ ਸੁਣੀ ਭਗਤਨ ਦੀ ਬਾਨੀ।
ਸਗਲ ਦੁਸ਼ਟ ਖੰਡ-ਖੰਡ ਕੀਏ ਜਨ ਲੀਏ ਮਾਨੀ।
ਸਤ ਬਚਨ ਨਾਨਕ ਕਹੇ ਪ੍ਰਗਟ ਸਭ ਮਾਹਿ।
ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ ।(815)

ਗੁਰੂ ਰਾਮਦਾਸ ਆਪਣੇ ਇਸ ਸ਼ਬਦ ਨਾਲ ਇਹ ਗੱਲ ਨਾਂ ਦੱਸਕੇ ਸਪੱਸ਼ਟ ਕਰ ਦਿੰਦੇ ਹਨ ਕਿ ਉਹ ਸਾਧੂ, ਸੰਤ, ਭਗਤ, ਗੁਰੂ, ਸਤਿਗੁਰੂ ਕੌਣ ਯੁੱਗ ਪੁਰਸ਼ ਹਨ ਜਿਨ੍ਹਾਂ ਨੇ ਮੱਤ, ਸੁਮੱਤ, ਮਾਰਗ, ਮੁਕਤੀ ਤੇ ਅਕਾਲ ਪੁਰਖ ਦੀ ਸਿੱਖੀ ਬਖਸ਼ੀ ਹੈ ।ਜਿਨ੍ਹਾਂ ਦੀ ਬਾਣੀ ਇਸ ਜੱਗ ਵਿਚ ਚਾਨਣ ਹੈ ।

ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ।
ਤ੍ਰਿਪਤਿ ਸੰਤੋਖੁ ਮਨਿ ਸਾਂਤ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧ ਪਈਆ।
ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਆ ਜੰਤ ਉਪਈਆ।
ਸਾਧੂ ਸਰਣਿ ਪਰੇ ਸੋ ਉਬਰੇ ਖਤਰੀ ਬ੍ਰਾਹਮਣ ਸੂਦ ਵੈਸ਼ ਚੰਡਾਲ ਚੰਡਈਆ।
ਨਾਮਾ ਜੈ ਦੇਉ ਕੰਬੀਰੁ ਤ੍ਰਿਲੋਚਨੁ ਅਉ ਜਾਤਿ ਰਵਿਦਾਸੁ ਚਮਿਆਰੁ ਚਮਈਆ।
ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣ ਮਿਲਿਆ ਹਰਿ ਦਈਆ ।
ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤ ਵਛਲ ਅੰਗੀਕਾਰੁ ਕਰਈਆ।
ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ।(ਗੁਰੂ ਰਾਮ ਦਾਸ 835)

• • • • •

ਕੀਰਤਨੁ ਨਿਰਮੋਲਕ ਹੀਰਾ।ਆਨੰਦ ਗੁਣੀ ਗਹੀਰਾ।
ਅਨਹਦ ਬਾਣੀ ਪੂੰਜੀ।ਸੰਤਨ ਹਥਿ ਰਾਖੀ ਕੂੰਜੀ ॥
'ਭਗਤ ਸੰਗਿ ਪ੍ਰਭ ਗੋਸਟਿ ਕਰਤ'।ਤਹ ਹਰਖ ਨ ਸੋਗ ਨ ਜਨਮ ਨ ਮਰਤ ।

• • • • •

ਮਹਿਮਾ ਨ ਜਾਨਹਿ ਬੇਦ।ਬ੍ਰਹਮੇ ਨਹੀ ਜਾਨਹਿ ਭੇਦ।
ਅਵਤਾਰ ਨ ਜਾਨਹਿ ਅੰਤ।ਪਰਮੇਸ਼ਰ ਪਾਰ ਬ੍ਰਹਮ ਬੇਅੰਤ।

ਸੰਕਰਾ ਨਹੀ ਜਾਨੈ ਭੇਵ। ਖੋਜਤ ਹਾਰੇ ਦੇਵ।
ਦੇਵੀਆ ਨ ਜਾਨੈ ਮਰਮ। ਸਭ ਊਪਰਿ ਅਲਖ ਪਾਰ ਬ੍ਰਹਮ।

• • • • •

ਸੰਤਨ ਕੀ ਸੁਣਿ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ ॥ (ਗੁਰੂ ਅਰਜਨ 894)

• • • • •

ਮਨੂਆ ਅਸਥਿਰ ਸਬਦੇ ਰਾਤਾ ਏਹਾ ਕਰਣੀ ਸਾਰੀ
ਬੇਦੁ ਬਾਦ ਨ ਪਾਖੰਡ ਅਉਧੂ ਗੁਰਮੁਖਿ ਸਬਦਿ ਬੀਚਾਰੀ।
ਸਬਦਿ ਗੁਰੂ ਜੁਗਚਾਰੇ ਅਉਧੂ 'ਖਾਣੀ ਭਗਤਿ ਵੀਚਾਰੀ' ॥ (ਗੁਰੂ ਨਾਨਕ 908)

• • • • •

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨਾ ਪਾਈ।
ਬਿਖਿਆ ਮਾਤੇ ਭਰਮ ਭੁਲਾਏ ਉਪਦੇਸ਼ ਕਹਹਿ ਕਿਸ ਭਾਈ ॥

• • • • •

ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ।
ਬਾਣੀ ਲਾਗੀ ਸੋ ਗਤਿ ਪਾਏ ਸਬਦੇ ਸਚਿ ਸਮਾਈ ॥

• • • • •

ਗੁਰਮੁਖਿ ਗਾਵੈ ਆਪੁ ਗਵਾਵੈ ਦਰਿ ਸਾਚੈ ਸੋਭਾ ਪਾਈ।
ਸਾਚੀ ਬਾਣੀ ਸਚੁ ਵਖਾਣੈ ਸਚਿ ਨਾਮ ਲਿਵ ਲਾਈ। (909-10)

• • • • •

ਆਪਿ ਜਗਾਏ ਸੇਈ ਜਾਗੇ ਗੁਰ ਕੈ ਸਬਦਿ ਵੀਚਾਰੀ।
ਨਾਨਕ ਸੇਈ ਮੂਏ ਜਿ ਨਾਮੁ ਨ ਚੇਤਹਿ ਭਗਤ ਜੀਵੇ ਵੀਚਾਰੀ ॥ (ਗੁਰੂ ਅਮਰ ਦਾਸ 911)

• • • • •

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹੁ ਕਹਾਣੀ।
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ।
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ।
ਹੁਕਮੁ ਮੰਨਿਹੁ ਗੁਰੂ ਕੇਰੀ ਗਾਵਹੁ ਸਚੀ ਬਾਣੀ।
ਕਹੈ ਨਾਨਕ ਸੁਣਹੁ ਸੰਤਹੁ ਕਥਿਹ ਅਕਥ ਕਹਾਣੀ ॥ (ਗੁਰੂ ਅਮਰ ਦਾਸ 918)

• • • • •

ਭਗਤਾਂ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤ ਨਹੀ ਬੋਲਣਾ।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ।
ਕਹੈ ਨਾਨਕ ਚਾਲ ਭਗਤਾ ਜੁਗਹੁ ਜੁਗ ਨਿਰਾਲੀ ॥ (ਗੁਰੂ ਅਮਰਦਾਸ 919)

• • • • •

ਆਵਹੁ ਸਿਖ ਸਤਿਗੁਰ ਕੇ ਪਿਆਰੀਹੋ ਗਾਵਹੁ ਸਚੀ ਬਾਣੀ।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ।
ਪੀਵਹੁ ਅੰਮ੍ਰਿਤ ਸਦਾ ਰਹਹੁ ਹਰਿ ਰੰਗਿ ਜਪਹੁ ਸਾਰੰਗਿ ਪਾਣੀ।
ਕਹੈ ਨਾਨਕ ਸਦਾ ਗਾਵਹੁ ਏਹ ਸਚੀ ਬਾਣੀ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ (ਗੁਰੂ ਅਮਰ ਦਾਸ 920)

• • • • •

ਨੋਟ :-(ਇਨ੍ਹਾਂ ਉਪਰਲੇ ਸ਼ਬਦਾਂ ਵਿਚ ਗੁਰੂ ਸਾਹਿਬ ਨੇ, ਸੰਤ ਭਗਤ ਤੇ ਸਤਿਗੁਰੂ ਤਿੰਨਾਂ ਸ਼ਬਦਾਂ ਨੂੰ ਇਕ ਸਮਾਨ ਰੂਪ ਵਿਚ ਪ੍ਰਗਟ ਕੀਤਾ ਹੈ ।)

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ (ਦਿਆਲ) ਪੂਰੇ ਗੁਰ ਤੇ ਜਾਣੀ॥ (ਗੁਰੂ ਅਮਰਦਾਸ 922)

• • • • •

ਸਤਿਗੁਰ ਦਾਤਾ ਮੁਕਤਿ ਕਰਾਏ। ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ।
ਸਤਿਗੁਰ ਬਾਝਹੁ ਮੁਕਤਿ ਨ ਹੋਈ। ਕਿਰਤਿ ਬਾਧਾ ਗ੍ਰਸਿ ਦੀਨਾਹੇ।
ਕੂੜ ਛੋਡਿ ਸਾਚੇ ਕਉ ਧਾਵਹੁ। ਜੋ ਇਛਹੁ ਸੋਈ ਫਲੁ ਪਾਵਹੁ।
ਗੁਰ ਕੈ ਸਬਦਿ ਮਨ ਕਉ ਸਮਝਾਵਹਿ। ਸਤਿਗੁਰ ਕੀ ਬਾਣੀ ਸਤਿ ਸਤਿ ਕਰ ਮਾਨਹੁ।
ਇਉ ਆਤਮ ਰਾਮੈ ਲੀਨਾ ਹੇ ॥(1028)

• • • • •

ਗੁਰਮੁਖਿ ਸਾਧੂ ਸਰਣਿ ਤੁਮਾਰੀ। ਕਰਿ ਕ੍ਰਿਪਾ ਪ੍ਰਭਿ ਪਾਰ ਉਤਾਰੀ ॥
ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ। ਭਗਤਿ ਰਤੇ ਪਤੀਆਰਾ ਹੇ ॥(1029)

• • • • •

ਸੰਤ ਸਭਾ ਮਹਿ ਇਹੁ ਰਸੁ ਟੋਲੇਹੁ।
ਗੁਰਮਤਿ ਖੋਜ ਲਹਹੁ ਘਰੁ ਅਪਨਾ ਬਹੁੜ ਨ ਗਰਭ ਮਝਾਰਾ ਹੇ ।(1030)

• • • • •

ਸੋਹਨਿ ਭਗਤ ਪ੍ਰਭੂ ਦਰਬਾਰੇ। ਮੁਕਤੁ ਭਏ ਹਰਿ ਦਾਸ ਤੁਮਾਰੇ ।(1034)

• • • • •

ਹਮ 'ਦਾਸਨ' ਕੇ ਦਾਸ ਪਿਆਰੇ। ਸਾਧਿਕ ਸਾਚ ਭਲੇ ਵੀਚਾਰੇ।
ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ ।(ਗੁਰੂ ਨਾਨਕ 1035)

• • • • •

ਸਭ ਸਿਆਣੇ ਲੋਕਾਂ ਨੇ ਅੱਜ ਤੱਕ ਇਹ ਧਾਰਨਾਂ ਬਣਾ ਕੇ ਰੱਖੀ ਹੈ ਗੁਰੂ ਨਾਨਕ ਆਪਣੇ ਆਪ ਵਿਚ ਜਨਮ ਤੋਂ ਹੀ ਪੂਰਨ ਗੁਰੂ ਸਨ ।ਪ੍ਰੰਤੂ ਗੁਰੂ ਨਾਨਕ ਇਸ ਤੱਥ ਬਾਰੇ ਜੋ ਬਿਆਨ ਖੁਦ ਕਰਦੇ ਹਨ ਉਹ ਇਸ ਪ੍ਰਕਾਰ ਹੈ :-

ਰਿਧਿ ਬੁਧਿ ਸਿਧਿ ਗਿਆਨ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ।
ਇਸ ਮਨ ਮਾਇਆ ਕੋ ਨੇਹੁ ਘਨੇਰਾ। ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ।
ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜ ਕਮਾਇਦਾ।
ਸਤਿਗੁਰ ਤੇ ਪਾਏ ਵੀਚਾਰਾ। ਸੁੰਨ ਸਮਾਧਿ ਸਚੇ ਘਰ ਬਾਰਾ॥
ਉਤਮ ਜਨ ਸੰਤ ਭਲੇ ਹਰਿ ਪਿਆਰੇ। ਹਰਿ ਰਸਿ ਮਾਤੇ ਪਾਰਿ ਉਤਾਰੇ।
ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ।(1038)
ਸੇ ਭਗਤ ਸਚੇ ਤੇਰੈ ਮਨਿ ਭਾਏ। ਦਰਿ ਕੀਰਤਨੁ ਕਰਹਿ ਗੁਰ ਸਬਦ ਸੁਹਾਏ।
ਸਾਚੀ ਬਾਣੀ ਅਨਦਿਨ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ। (ਗੁਰੂ ਅਮਰ ਦਾਸ 1056)

• • • • •

ਸੰਤ ਸਭਾ ਬੈ ਸਹਿ ਪ੍ਰਭ ਪਾਸੇ। ਅਨੰਦ ਮੰਗਲ ਹਰਿ ਚਲਤ ਤਮਾਸੇ।
ਗੁਣ ਗਾਵਹਿ ਅਨਹਦ ਧੁਨਿ ਬਾਣੀ। ਤਹ ਨਾਨਕ ਦਾਸੁ ਚਿਤਾਰਣਾ।
ਹੁਕਮ ਬੂਝਿ ਜਨ ਭਏ ਨਿਹਾਲਾ। ਇਹ ਭਗਤਾ ਕੀ ਘਾਲਣਾ। (ਗੁਰੂ ਅਰਜਨ 1077)

ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ।
ਬਾਣੀ ਮੰਤਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥ (ਗੁਰੂ ਅਰਜਨ 1208)

• • • • •

ਸੰਤ ਰੇਨੁ ਨਿਤ ਮਜਨੁ ਕਰੈ। ਜਨਮ ਜਨਮ ਕੇ ਕਿਲਬਿਖ ਹਰੈ।
ਸੰਤ ਜਨਾ ਕੀ ਊਚੀ ਬਾਨੀ। ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ ।(ਗੁਰੂ ਅਰਜਨ 1300)

• • • • •

(ਭਾਗ 2)

ਸੰਤ, ਭਗਤ, ਸਾਧੂ, ਗੁਰ, ਸਤਿਗੁਰ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ, ਸ਼ਲੋਕਾਂ ਦਾ ਮੂਲ ਦ੍ਰਿਸ਼ਟੀ ਕੋਣ, ਪਹਿਲੇ ਗੁਰੂ ਨਾਨਕ ਦੇ ਸ਼ਬਦਾਂ ਵਿਚ :-

1. ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ।
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ
ਜੋ ਭਾਵਹਿ ਮੇਰੇ ਹਰਿ ਭਗਵੰਤਾ।। (11)

• • • • •

2. ਅੰਤਰ ਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।
ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ 'ਸੰਤਨ' ਕੀ ਧੂਰੇ।(13)

• • • • •

3. ਭਾਈ ਰੇ 'ਸੰਤ ਜਨਾ' ਕੀ ਰੇਣੁ। ਗੁਰ ਪਾਈਐ ਮੁਕਤਿ ਪਦਾਰਥੁ ਧੇਣੁ ॥(18)

• • • • •

4. 'ਸਾਧੂ' ਸਤਿਗੁਰੁ ਜੇ ਮਿਲੈ ਪਾਈਐ ਗੁਣੀ ਨਿਧਾਨੁ।
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥(21)

• • • • •

5. ਭਾਈ ਰੇ ਇਕ ਮਨਿ ਨਾਮੁ ਧਿਆਇ।
ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ॥(31)

• • • • •

6. ਭਾਈ ਰੇ ਸੁਖੁ ਸਾਧ ਸੰਗਿ ਪਾਇਆ।
ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ॥(42)

• • • • •

7. ਥਾਨ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥(44)

• • • • •

8. ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ।
ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਉ।
ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥(47)

• • • • •

9. ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ।
ਸਤੁ ਸੰਤੋਖੁ ਦਇਆ ਕਮਾਵੈ ਏਹਾ ਕਰਣੀ ਸਾਰੁ॥
ਗਤਿ ਅਵਿਗਤਿ ਕਛੂ ਨਦਰਿ ਨ ਆਇਆ।
ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ।(51)

10. ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵਿਚਾਰੁ।
ਬਿਨ ਸਾਧੂ ਸੰਗਤਿ ਰਤਿਆ ਮਾਇਆ ਮੋਹ ਸਭੁ ਛਾਰੁ।
ਸਾਧੂ ਸੰਗਤਿ ਮਨ ਵਸੈ ਪੂਰਨ ਹੋਵੈ ਘਾਲਿ।(52)

• • • • •

11. ਇਕਤੁ ਭਾਗੀ ਗਲਿ ਮਿਲੈ ਗਲਿ ਮੋਤੀਅਨ ਕਾ ਹਾਰੁ।
ਸੰਤ ਸਭਾ ਸੁਖ ਊਪਜੈ ਗੁਰਮੁਖਿ ਨਾਮ ਅਧਾਰੁ।।(59)

• • • • •

12. ਸਭ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ।
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।
ਸਾਧੂ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ।।(62)

• • • • •

13. ਅਮ੍ਰਿਤ ਤੇਰੀ ਬਾਣੀਆ। ਤੇਰਿਆ ਭਗਤਾ ਰਿਦੈ ਸਮਾਣੀਆ।(72)

• • • • •

14. ਤੂ ਵਰਨਾ ਚਿਹਨਾ ਬਾਹਰਾ। ਹਰਿ ਦਿਸਹਿ ਹਾਜਰ ਜਾਹਰਾ।
ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤਾ ਰਤੇ ਗੁਣਤਾਸੁ ਜੀਉ।(74)

• • • • •

15. ਸੰਤਾ ਸੰਗਿ ਨਿਧਾਨੁ ਅਮ੍ਰਿਤ ਚਾਖੀਐ। ਭੈਅ ਭੰਜਨ ਮਿਹਰਵਾਨ ਦਾਸ ਕੀ ਰਾਖੀਐ।(91)

• • • • •

16. ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ।
ਤੁਰੀ ਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ।(356)

• • • • •

17. ਜਾਕੀ ਭਗਤਿ ਹੇਤੁ ਮੁਖਿ ਨਾਮੁ। 'ਸੰਤ ਭਗਤ' ਕੀ ਸੰਗਤਿ ਰਾਮੁ।
ਭਗਤਿ ਵਛਲ ਭਗਤਾ ਹਰਿ ਸੰਗਿ। ਨਾਨਕ ਮੁਕਤਿ ਭਏ ਹਰਿ ਰੰਗਿ ।(416)

• • • • •

18. ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਿਜ ਮਿਲੈ ਮਿਲਾਇਆ।
ਸਾਧ ਸਭਾ ਸੰਤਾ ਕੀ ਸੰਗਹਿ ਨਦਰਿ ਪ੍ਰਭੂ ਸੁਖੁ ਪਾਇਆ।(437)
19. ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥ ਹੋਇ।
ਅਠਸਿਠ ਤੀਰਥ ਮਜਨਾ ਗੁਰ ਦਰਸ਼ ਪ੍ਰਾਪਤਿ ਹੋਇ।(597)

• • • • •

20. ਕਹੁ ਨਾਨਕ ਪ੍ਰਭ ਲੋਚਾ ਪੂਰਿ। ਸੰਤ ਜਨਾ ਕੀ ਬਾਛਉ ਧੂਰਿ ।।(ਗੁਰੂ ਨਾਨਕ 724)

• • • • •

21. ਬਿਨੁ ਗੁਰ ਭਗਤਿ ਨ ਭਾਉ ਹੋਇ। ਬਿਨੁ ਗੁਰ ਸੰਤ ਨ ਸੰਗਿ ਦੇਇ ।(1170)

• • • • • •

22. ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤਰ ਧਰੈ।
ਜਾਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ।
ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।(ਸੰਤ ਗੁਰੂ ਰਵੀਦਾਸ 1106)

23. ਰੇਚਿਤ ਚੇਤ ਚੇਤ ਅਚੇਤ ਕਾਹੇ ਨਾ ਬਾਲਮੀਕਹਿ ਦੇਖ।
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।(ਸਤਿਗੁਰੂ ਰਵੀਦਾਸ 1124)

• • • • •

(ਭਾਗ 3)

ਤੀਜੇ ਗੁਰੂ ਅਮਰਦਾਸ ਦੇ ਸ਼ਬਦਾਂ ਵਿਚ :-

1. ਹਰ ਕੀ ਭਗਤਾ ਪਰਤੀਤਿ ਹਰ ਸਭ ਕਿਛੁ ਜਾਣਦਾ।
ਕਾੜਾ ਅੰਦੇਸਾ ਕਿਉ ਕੀਜੇ ਜਾ ਨਾਹੀ ਅਧਰਮਿ ਮਾਰਦਾ।
ਸਚਾ ਸਾਹਿਬ ਸਚੁ ਨਿਆਉ ਪਾਪੀ ਨਰੁ ਹਾਰਦਾ।
ਸਾਲਾਹਿਹੁ ਭਗਤਹੁ ਕਰ ਜੋੜ (ਹੱਥ ਜੋੜ) ਹਰਿ ਭਗਤ ਜਨ ਤਾਰਦਾ॥(ਗੁਰੂ ਅਮਰ ਦਾਸ 90)

• • • • •

2. ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ।
ਤਿਨਾ ਭਗਤ ਜਨਾ ਕਉ ਸਦ ਨਮਸਕਾਰ ਕੀਜੈ ਜੋ ਅਨਦਿਨ ਹਰਿ ਗੁਣ ਗਾਵਣਿਆ।(123)

• • • • •

3. ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।
ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ।
ਭਗਤ ਆਪੇ ਮੇਲੀਅਨੁ ਜਿਨੀ ਸਚੋ ਸੱਚੁ ਕਮਾਇਆ।(145)

• • • • •

4. ਹਿਰਦੇ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ।
ਭਗਤਾ ਕੀ ਜਤਿ ਪਤਿ ਏਕੋ ਨਾਮ ਹੈ ਆਪੇ ਲਏ ਸਵਾਰਿ।(429)

• • • • •

5. ਜੋ ਤੁਧ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ।
"ਸੇ ਭਗਤ ਸੇ ਤਤ ਗਿਆਨੀ" ਜਿਨ ਕਉ ਹੁਕਮੁ ਮਨਾਏ।
ਏਹਾ ਭਗਤਿ ਸਚੇ ਸਿਉ ਲਿਵ ਲਾਗੀ ਬਿਨੁ ਸੇਵਾ ਭਗਤਿ ਨ ਹੋਈ॥(506)

• • • • •

6. ਭਗਤ ਸਚੈ ਦਰਿ ਸੋਹਦੇ ਸਚੇ ਸਬਦ ਰਹਾਏ।
ਹਰਿ ਕੀ ਪ੍ਰੀਤ ਤਿਨ ਊਪਜੀ ਹਰਿ ਪ੍ਰੇਮ ਕਸਾਏ।(513)

• • • • •

7. ਜਿਨਿ ਹਰਿ ਧਿਆਇਆ ਤਿਸਨੋ ਸਰਬ ਕਲਿਆਣ ਹੋਏ।
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹ ਜੋੜੀਐ।
ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤ ਤਰਿਆ ਸਭ ਲੋੜੀਐ॥(550)

• • • • •

8. ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ।
ਧਨੁ ਧਨੁ ਹਰਿ 'ਭਗਤੁ ਸਤਿਗੁਰੂ' ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ।
ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ।(594)

• • • • •

9. ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।
ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ।
ਭਗਤਾ ਨੋ ਜਮ ਜੋਹਿ ਨ ਸਾਕੈ ਕਾਲ ਨ ਨੇੜੈ ਜਾਈ।

ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ।
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜ ਸੁਭਾਈ।(637)

• • • • •

10. ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ।
ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ।
ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮ ਸਚਾ ਮਨ ਭਾਇਆ।
ਨਾਨਕ ਭਗਤ ਸੋਹਹਿ ਕਰ ਸਚੈ ਜਿਨੀ ਸਚੋ ਸਚੁ ਕਮਾਇਆ।
ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ॥(768)

• • • • •

11. ਭਗਤਾ ਕੈ ਘਰ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ।
ਭਗਤਿ ਖਜਾਨਾ ਆਪੇ ਦੀਆ ਕਾਲਿ ਕਟੰਕ ਮਾਹਿ ਸਮਾਣੇ ਰਾਮ।(769)

• • • • •

12. ਸੇ ਭਗਤ ਸਚੇ ਤੇਰੈ ਮਨਿ ਭਾਏ। ਦਰਿ ਕੀਰਤਨੁ ਕਰਹਿ ਗੁਰ ਸਬਦਿ ਸਹਾਏ।
ਸਾਚੀ ਬਾਣੀ ਅਨਦਿਨ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ।

• • • • •

13. ਭਗਤ ਸਚੇ ਤੇਰੈ ਦਰਬਾਰੇ। ਸਬਦੇ ਸੇਵਨ ਭਾਇ ਪਿਆਰੇ ॥(1056)

• • • • •

14. ਸੰਤ ਜਨਾ ਕਉ ਜਮੁ ਜੋਹਿ ਨ ਸਕੈ ਰਤੀ ਅੰਚ ਦੂਖ ਨ ਲਾਈ।
ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ।
ਭਗਤਾ ਕੀ ਪੈਜ ਰਖਹਿ ਤੂੰ ਆਪੇ ਏਹ ਤੇਰੀ ਵਡਿਆਈ ॥(1155)

(ਭਾਗ-4)

ਚੌਥੇ ਗੁਰੂ ਰਾਮ ਦਾਸ ਦੇ ਸ਼ਬਦਾਂ ਵਿੱਚ :-

1. ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੁਹੰਦੀ।(79)

• • • • •

2. ਹਰਿਜਨ ਸੰਤ ਮਿਲਹੁ ਮੇਰੇ ਭਾਈ॥
ਆਵਹੁ ਸੰਤ ਮੈ ਗਲਿ ਮੇਲਾਈਐ। ਮੇਰੇ ਪ੍ਰੀਤਮ ਕੀ ਮੈ ਕਥਾ ਸੁਨਾਈਐ।
ਹਰਿ ਕੇ ਸੰਤ ਮਿਲਹੁ ਮਨੁ ਦੇਵਾ। ਜੋ ਗੁਰਬਾਣੀ ਮੁਖਿ ਚਉਦਾ ਜੀਉ।
ਵਡਭਾਗੀ ਹਰਿ ਸੰਤੁ ਮਿਲਾਇਆ। ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ।(95)

• • • • •

3. ਨਿਰਗੁਣ ਕਥਾ ਕਥਾ ਹੈ ਹਰਿ ਕੀ। ਭਜੁ ਮਿਲਿ ਸਾਧੂ ਸੰਗਤਿ ਜਨ ਕੀ।
ਸੰਤ ਜਨਾ ਸਿਉ ਪ੍ਰੀਤ ਬਨਿ ਆਈ। ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ।(164)

• • • • •

4. ਮੈਂ ਮੇਲੇ ਮਿਤਰ ਸਤਿਗੁਰੁ ਵੇਚੋਲੇ ਜੀਉ। ਮਨ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ।(173)

• • • • •

5. ਭਗਤਾ ਨਾਮ ਅਧਾਰ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ।
ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ ਲੋਚ ਮਨਿ ਪੂਰੀ ਜੀਉ।(174)

• • • • •

6. ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ।
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ।(301)

7. ਨਾਨਕ ਵੀਚਾਰਹਿ ਸੰਤ ਜਨ ਚਾਰ ਵੇਦ ਕਹੰਦੇ ।
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ।
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ।
ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ।
ਵੈਰ ਕਰਾਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ।
ਜੋ ਜੋ ਸੰਤ ਸਰਾਪਿਆ ਸੇ ਫਿਰਹਿ ਭਵੰਦੇ।(306)

• • • • •

8. ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੂਟੁ।
ਕਾਮ ਕ੍ਰੋਧ ਬੁਰਿਆਈਆ ਸੰਗਿ ਸਾਧੂ ਤੁਟੁ।(315)

• • • • •

9. ਹਰਿ ਭਗਤਾਂ ਹਰਿ ਅਰਾਧਿਆ ਹਰਿ ਕੀ ਵਡਿਆਈ।
ਹਰਿ ਕੀਰਤਨ ਭਗਤ ਨਿਤ ਗਾਂਵਦੇ ਹਰ ਨਾਮ ਸੁਖਦਾਈ।
ਹਰਿ ਭਗਤਾ ਨੋ ਥਿਰ ਘਰੀ ਬਹਾਲੀਅਨੁ ਆਪਣੀ ਪੈਜ ਰਖਾਏ॥
ਨਿੰਦਕਾਂ ਪਾਸੋਂ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ।(316)

• • • • •

10. ਸਤ ਸੰਗਤਿ ਮਿਲੀਐ, ਹਰਿ ਸਾਧੂ ਮਿਲਿ ਸੰਗਤਿ ਹਰਿ ਗੁਣ ਗਾਇ।
ਗਿਆਨ ਰਤਨ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰਾ ਜਾਇ ।
ਹਰਿਜਨ ਨਾਚਹੁ ਹਰਿ ਹਰਿ ਧਿਆਇ।
ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ॥(398)

• • • • •

11. ਗੋਵਿੰਦ ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧ ਸੰਗਤਿ ਜਨ ਸੋਹੈ।
ਸੁਖ ਸਾਗਰ ਹਰਿ ਭਗਤ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ।(492)

• • • • •

12. ਹਰਿ ਜਨ ਊਤਮ ਊਤਮ ਬਾਣੀ ਮੁਖ ਬੋਲਹਿ ਪਰ ਉਪਕਾਰੇ।
ਜੋ ਜਨ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ।(493)

• • • • •

13. ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ਵਿਚੇ ਗ੍ਰਿਸਤ ਉਦਾਸ ਰਹਾਈ।(494)

• • • • •

14. ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ। (527)

• • • • •

15. ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ।
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਲਹਿ ਜਾਇ।
ਰਵਿਦਾਸ ਚਮਾਰ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ।
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ।
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ।
ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਏ।

ਜਨ ਨਾਨਕ 'ਤਿਨ ਕਉ' ਅਨਦਿਨੁ ਪਰਸੇ ਜੋ ਕ੍ਰਿਪਾ ਕਰੇ ਹਰ ਰਾਇ।(733)

● ● ● ● ●

16. ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤ ਭੰਡਾਰਾ।
ਮੂਰਖ ਹੋਵੈ ਸੁ ਉਨਕੀ ਰੀਸ ਕਰੇ ਤਿਸ ਹਲਤਿ ਪਲਤਿ ਮੁਹੁ ਕਾਰਾ।
ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ।
'ਤਿਨਕੀ ਸੇਵਾ ਤੇ' ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ।
ਜਿਸ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ, ਨਾਨਕ ਪੂਛ ਕਰਹੁ ਬੀਚਾਰਾ।(733)

● ● ● ● ●

17. ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ।
ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਭਉ ਦਰਸਨ ਕੇ ਤਾਈ ॥(755)

● ● ● ● ●

18. ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ। ਹਰਿ ਸੰਤ ਭਗਤ ਤਾਰਨੋ।(800)

● ● ● ● ●

19. ਉਹ ਸਭ ਤੇ ਊਚਾ ਸਭ ਤੇ ਸੂਚਾ ਜਾਕੈ ਹਿਰਦੈ ਵਸਿਆ ਭਗਵਾਨੁ।
ਜਨ ਨਾਨਕ ਤਿਸਕੇ ਚਰਨ ਪਖਾਲੈ ਜੋ ਹਰਿ ਜਨੁ ਨੀਚ ਜਾਤਿ ਸੇਵਕਾਣੁ।(861)

● ● ● ● ●

20. ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲੇ ਪਰ ਉਪਕਾਰੇ।
ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥(983)

● ● ● ● ●

21. ਕਲਜੁਗਿ ਨਾਮੁ ਪ੍ਰਧਾਨੁ ਪਦਾਰਥ ਭਗਤ ਜਨਾ ਉਧਰੇ।
ਨਾਮਾ ਜੈ ਦੇਉ ਕਬੀਰੁ ਤ੍ਰਿਲੋਚਨੁ ਸਭ ਦੋਖ ਗਏ ਚਮਰੇ॥
ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ॥(995)

● ● ● ● ●

22. ਸੰਗਤਿ ਸੰਤ ਮਿਲਹੁ ਸਤ ਸੰਗਤਿ ਮਿਲ ਸੰਗਤਿ ਹਰਿ ਰਸੁ ਆਵੈਗੋ।
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ।
ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸ ਮੀਠ ਲਗਾਵੈਗੋ।
ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ।
ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ।
ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀ ਲਗਿ ਧਿਆਵੈਗੋ।
ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ।
ਜਿਉ ਸਤ ਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ।(1309)

● ● ● ● ●

23. ਮਨਮੁਖਿ (ਪੰਡਤ) ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ।
ਕੂੜ ਕਮਾਵੈ ਕੂੜ ਸੰਘਰੈ ਕੂੜਿ ਕਰੈ ਆਹਾਰੁ।
ਬਿਖ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ।
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ।
ਨਾਨਕ ਮਨ ਮੁਖਿ ਜੋ ਕਮਾਵੈ ਸੁ ਥਾਇ ਨ ਪਵੈ ਦਰਗਾਹ ਹੋਇ ਖੁਆਰੁ।(ਗੁਰੂ ਰਾਮਦਾਸ 1423)
(ਭਾਗ-5)
ਪੰਜਵੇਂ ਗੁਰੂ ਗੁਰੂ ਅਰਜਨ ਦੇਵ ਦੇ ਸ਼ਬਦਾਂ ਵਿੱਚ :-

1. ਭਗਤ ਨਵੈ ਪਰਕਾਰਾ ਪੰਡਿਤੁ ਵੇਦੁ ਪੁਕਾਰਾ।
ਸਭ ਕਹਤੇ ਹੈ ਪਾਇਆ ਜਿਸੁ ਮੇਲੇ ਸੋ ਭਗਤਾ।(71)

• • • • •

2. ਮਨ ਪਿਆਰਿਆ ਜੀਉ ਮਿਤਰਾ ਕਰਿ ਸੰਤਾ ਸੰਗਿ ਨਿਵਾਸੋ।
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮ ਜਪਤ ਪਰਗਾਸੋ॥
ਨਾਨਕ ਸਿਖ ਸੰਤ ਸਮਝਾਈ ਹਰ ਪ੍ਰੇਮ ਭਗਤਿ ਮਨੁ ਲੀਨਾ॥(80)
ਕਹਿਤੇ ਪਵਿਤਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ।
ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ।(81)

• • • • •

3. ਸਗਲ ਸੰਤਨ ਪਹਿ ਵਸਤੁ ਇਕ ਮਾਂਗਉ। ਕਰਉ ਬੇਨੰਤੀ ਮਾਨੁ ਤਿਆਗਉ।
ਵਾਰਿ ਵਾਰਿ ਜਾਈ ਲਖ ਵਰੀਆ। ਦੇਹੁ ਸੰਤਨ ਕੀ ਧੂਰਾ ਜੀਉ।
ਤੁਮ ਦਾਤੇ ਤੁਮ ਪੁਰਖ ਬਿਧਾਤੇ। ਤੁਮ ਸਮਰਥ ਸਦਾ ਸੁਖ ਦਾਤੇ।
ਤੁਮ ਦਾਤੇ ਤੁਮ ਪੁਰਖ ਬਿਧਾਤੇ। ਤੁਧ ਜੇਵਡੁ ਅਵਰੁ ਨ ਸੂਰਾ ਜੀਉ।
ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ। ਦੁਰਮਤਿ ਬਿਨਸੀ ਕੁਬੁਧਿ ਅਭਾਗੀ।(99)

• • • • •

4. ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨ ਮਾਨਾ ਜੀਉ।
ਤੂੰ ਸੰਤਨ ਕੀ ਕਰਹਿ ਪ੍ਰਤਿ ਪਾਲਾ। ਸੰਤ ਖੇਲਹਿ ਤੁਮ ਸੰਗਿ ਗੋਪਾਲਾ।
ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ।
ਸੰਤਨ ਮੋ ਕਉ ਹਰਿ ਮਾਰਗਿ ਪਾਇਆ। ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ।(100)

• • • • •

5. ਜਨਮ ਜਨਮ ਕਾ ਵਿਛੁੜਿਆ ਮਿਲਿਆ ਸਾਧ ਕ੍ਰਿਪਾ ਤੇ ਸੂਕਾ ਹਰਿਆ।
ਸੁਮਤਿ ਪਾਏ ਨਾਮੁ ਧਿਆਏ ਗੁਰਮੁਖ ਹੋਏ ਮੇਲਾ ਜੀਉ।(102)

• • • • •

6. ਰਾਮ ਨਾਮੁ ਸਾਧ ਸੰਗਿ ਬੀਚਾਰਾ।
ਸਾਧੂ ਸੰਗਿ ਤਰੀਜੈ ਸਾਗਰੁ, ਕਟੀਐ ਜਮ ਕੀ ਫਾਸਾ ਜੀਉ॥(108)

• • • • •

7. ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧ ਲੋਭੁ ਪੀਠਾ ਜੀਉ।
ਤੂੰ ਨਿਰਵੈਰ ਸੰਤ ਤੇਰੇ ਨਿਰਮਲ। ਜਿਨ ਦੇਖੇ ਸਭ ਉਤਰਹਿ ਕਲਮਲ।(108)

• • • • •

8. ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ।
ਘਟਿ ਘਟਿ ਏਕ ਵਰਤਦਾ ਜਲਿ ਥਲਿ ਮਹੀਅਲਿ ਪੂਰੇ।
ਪਾਪ ਬਿਨਾਸਨੁ ਸੇਵਿਆ ਪਵਿਤਰ ਸੰਤਨ ਕੀ ਧੂਰੇ।(132)

• • • • •

9. ਉਕਤਿ ਸਿਆਣਪ ਸਗਲੀ ਤਿਆਗੁ। ਸੰਤ ਜਨਾ ਕੀ ਚਰਣੀ ਲਾਗੁ॥
ਜੋ ਗੁਰ ਦੀਆ ਸੁ ਮਨ ਕੈ ਕਾਮਿ। ਸੰਤ ਕਾ ਕੀਆ ਸਤਿ ਕਰ ਮਾਨਿ।(177)

• • • • •

10. ਸੋ ਸੁਖ ਮੋ ਕਉ ਸੰਤ ਬਤਾਵਹੁ। ਤ੍ਰਿਸ਼ਨਾ ਬੁਝੈ ਮਨੁ ਤ੍ਰਿਪਤਾਵਹੁ।
ਕਰਿ ਕਿਰਪਾ ਸੰਤਨ ਸੱਚੁ ਕਹਿਆ। ਸਰਬ ਸੂਖ ਇਹੁ ਅਨੰਦੁ ਲਹਿਆ।
ਸਾਧ ਸੰਗਿ ਹਰਿ ਕੀਰਤਨੁ ਗਾਈਐ। ਕਹੁ ਨਾਨਕ ਵਡ ਭਾਗੀ ਪਾਈਐ।(179)

11. ਸਭ ਤੇ ਊਚ ਜਾ ਕਾ ਦਰਬਾਰੁ। ਸਗਲ ਭਗਤ ਜਾ ਕਾ ਨਾਮ ਅਧਾਰੁ ॥
ਸੰਤ ਸਭਾ ਕਉ ਸਦਾ ਜੈਕਾਰੁ। ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ ।
ਕਹੁ ਨਾਨਕ ਮੇਰੀ ਸੁਣੀ ਅਰਦਾਸਿ। ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ।
ਸੰਤ ਪ੍ਰਸਾਦਿ ਸਗਲ ਦੁਖ ਮਿਟੇ। ਸੰਤ ਪ੍ਰਸਾਦਿ ਬੰਧਨ ਤੇ ਛੁਟੇ।
ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ। ਸਾਧ ਰੇਣ ਮਜਨ ਸਭਿ ਧਰਮ।
ਆਪੁ ਤਿਆਗਿ ਮਿਟੈ ਆਵਣ ਜਾਣਾ। ਸਾਧ ਕੈ ਸੰਗਿ ਪਾਰਬ੍ਰਹਮ ਪਛਾਣਾ।(183)

• • • • •

12. ਸੰਤ ਕੈ ਸੰਗ ਮਿਟਿਆ ਅਹੰਕਾਰੁ। ਦ੍ਰਿਸਟਿ ਆਵੈ ਸਭੁ ਏਕੰਕਾਰ ।
ਕਹੁ ਨਾਨਕ ਜਾਕਾ ਪੂਰਾ ਕਰਮ। ਤਿਸੁ ਭੇਟੇ ਸਾਧੂ ਕੇ ਚਰਨ ।
ਨਾਮ ਭਗਤ ਕੈ ਸੁਕ ਅਸਥਾਨੁ। ਨਾਮ ਰਤੁ ਸੋ ਭਗਤ ਪਰਵਾਨੁ ।(189)

• • • • •

13. ਸਫਲ ਉਹ ਮਾਥਾ ਸੰਤ ਨਮਸਕਾਰਸਿ। ਚਰਣ ਪੁਨੀਤ ਚਲਹਿ ਹਰਿ ਮਾਰਗਿ।
ਕਹੁ ਨਾਨਕ ਭਲਾ ਮੇਰਾ ਕਰਮ। ਜਿਤੁ ਭੇਟੇ ਸਾਧੂ ਕੇ ਚਰਨ ॥(191)

• • • • •

14. ਸਾਧੂ ਸੰਗਿ ਕਰਹੁ ਸਭੁ ਕੋਇ। ਸਦਾ ਕਲਿਆਣ ਫਿਰਿ ਦੂਖ ਨ ਹੋਇ ।
ਮਹਾ ਗਰੀਬ ਜਨ ਸਾਧ ਅਨਾਥ। ਨਾਨਕ ਪ੍ਰਭਿ ਰਾਖੇ ਦੇ ਹਾਥ ।
ਸਾਧ ਸੰਗਿ ਕਰਿਤਨ ਫਲੁ ਪਾਇਆ। ਜਮਕਾ ਮਾਰਗੁ ਦ੍ਰਿਸਟਿ ਨ ਆਇਆ ।(196-97)
15. ਸਾਧ ਸੰਗਿ ਮਿਟਿ ਜਾਤ ਬਿਕਾਰ। ਸਭ ਤੇ ਊਚ ਏਹੋ ਉਪਕਾਰ ।(198)

• • • • •

16. ਧਨੁ ਓਹੁ ਮਸਤਕੁ ਧਨੁ ਤੇਰੇ ਨੇਤੁ। ਧਨੁ ਓਇ ਭਗਤ ਜਿਨਿ ਤੁਮ ਸੰਗਿ ਹੇਤ।
ਤਿਨ ਊਪਰਿ ਜਾਈਐ ਕੁਰਬਾਣੁ। ਨਾਨਕ ਜਿਨਿ ਜਪਿਆ ਨਿਰਬਾਣੁ।(200)
17. ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥
ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥(204)

• • • • •

18. ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥
ਅੰਤਰ ਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।
ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥(205)

• • • • •

19. ਤਾਕੇ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ।
ਭਗਤਨ ਕੀ ਰੇਣ ਹੋਇ ਮਨੁ ਮੇਰਾ ਹੋਹੁ ਪ੍ਰਭੁ ਕਿਰਪਾਲਾ।(207)

• • • • •

20. ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ।
ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।
ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ।(208)

• • • • •

21. ਸਾਧ ਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ।(215)

• • • • •

22. ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ। ਸੇਈ ਹੋਏ ਭਗਤ ਜਿਨਾ ਕਿਰਪਾਰੀਆ ।

ਸੁਣਿ ਸੁਣਿ ਪੰਥੁ ਡਰਾਉ ਬਹੁਤ ਭੈਹਾਗੀਆ।ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ ।(240)

• • • • • •

23. ਆਪੇ ਸਤਿਗੁਰ ਆਪਿ ਸਬਦੁ ਜੀਓ। ਜੁਗ ਜੁਗ ਭਗਤ ਪਿਆਰੇ।
ਜੁਗ ਜੁਗ ਭਗਤ ਪਿਆਰੇ ਹਰਿ ਆਪਿ ਸਵਾਰੇ। ਆਪੇ ਭਗਤੀ ਲਾਏ ।(246)

• • • • • •

24. ਨਾਨਕ ਸਚੁ ਸੁਚਿ ਪਾਈਐ। ਤਿਹ ਸੰਤਨ ਕੈ ਪਾਸਿ ।(250)

• • • • • •

25. ਜਾਕੈ ਹੀਐ ਦੀਓ ਪ੍ਰਭ ਨਾਮ ਨਾਨਕ ਸਾਧੂ ਪੂਰਨ ਭਗਵਾਨ ।(251)

• • • • • •

26. ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ।
ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ।(256)

• • • • • •

27. ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ। ਸਾਧ ਸੰਗਿ ਜਾਕਾ ਮਿਟੈ ਅਭਿਮਾਨੁ ।
ਆਪਸ ਕਉ ਜੋ ਜਾਣੈ ਨੀਚਾ। ਸੋਊ ਗਨੀਐ ਸਭ ਤੇ ਊਚਾ।(266)

• • • • • •

28. ਸੁਣਿ ਮੀਤਾ ਨਾਨਕੁ ਬਿਨਵੰਤਾ। ਸਾਧ ਜਨਾ ਕੀ ਅਚਰਜ ਕਥਾ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ। ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥
ਸਾਧ ਕੈ ਸੰਗਿ ਬੁਝੈ ਸਭਿ ਨੇਰਾ। ਸਾਧ ਕੈ ਸੰਗਿ ਸਭਿ ਹੋਤ ਨਿਬੇਰਾ॥
ਸਾਧ ਕੈ ਸੰਗਿ ਦੁਸ਼ਮਨ ਸਭਿ ਮੀਤ। ਸਾਧੂ ਕੈ ਸੰਗਿ ਮਹਾ ਪੁਨੀਤ॥
ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ। ਸਾਧ ਕੈ ਸੰਗਿ ਕੇਵਲ ਪਾਰ ਬ੍ਰਹਮ॥
ਸਾਧ ਕੈ ਸੰਗਿ 'ਸਭ ਕੁਲ' ਉਧਾਰੈ ।ਸਾਧ ਕੈ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥(271)
ਸਾਧ ਸੰਗਿ ਭਏ ਆਗਿਆਕਾਰੀ। ਸਾਧ ਸੰਗਿ ਗਤਿ ਭਈ ਹਮਾਰੀ।
ਸਾਧ ਕੀ ਸੋਭਾ ਊਚ ਤੇ ਊਚੀ। ਸਾਧ ਕੀ ਸੋਭਾ ਮੂਚ ਤੇ ਮੂਚੀ॥
ਅਵਰ ਨ ਪੇਧੈ ਏਕਸ ਬਿਨ ਕੋਇ। ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥(272)

• • • • • •

29. ਸੰਤ ਸਰਨਿ ਜੋ ਜਨੁ ਪਰੈ ਸੋ ਜਨ ਉਧਰਨ ਹਾਰ।
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ।(279)

• • • • • •

30. ਸੰਤ ਕਾ ਨਿੰਦਕ ਮਹਾ ਹਤਿਆਰਾ। ਸੰਤ ਕਾ ਨਿੰਦਕ ਪਰਮੇਸੁਰਿ ਮਾਰਾ।
ਸੰਤ ਕਾ ਨਿੰਦਕੁ ਰਾਜ ਤੇ ਹੀਨੁ। ਸੰਤ ਕਾ ਨਿੰਦਕੁ ਦੁਖੀਆ ਅਰ ਦੀਨੁ।
ਸੰਤ ਕਾ ਦੋਖੀ ਸਦਾ ਅਪਵਿਤੁ। ਸੰਤ ਦਾ ਦੋਖੀ ਕਿਸੈ ਕਾ ਨਹੀ ਮਿਤੁ।

• • • • • •

31. ਸੰਤ ਦਾ ਦੋਖੀ ਅੰਤਰ ਤੇ ਥੋਥਾ। ਜਿਉ ਸਾਸ ਬਿਨਾ ਮਿਰਤਕ ਦੀ ਲੋਥਾ।
ਸੰਤ ਦਾ ਦੋਖੀ ਧਰਮ ਤੇ ਰਹਿਤ। ਸੰਤ ਦਾ ਦੋਖੀ ਸਦ ਮਿਥਿਆ ਕਹਿਤ॥(280)

• • • • • •

32. ਚਰਨ ਸਾਧ ਕੇ ਧੋਇ ਧੋਇ ਪੀਉ। ਅਰਪਿ ਸਾਧ ਕਉ ਅਪਨਾ ਜੀਉ।
ਸਾਧ ਕੀ ਧੂਰਿ ਕਰਹੁ ਇਸਨਾਨੁ। ਸਾਧ ਕੀ ਊਪਰਿ ਜਾਈਐ ਕੁਰਬਾਨੁ।।(283)

• • • • • •

33. ਭਗਤੁ ਭਗਤੁ ਸੁਨੀਐ ਤਿਹੁ ਲੋਇ। ਜਾਕੈ ਹਿਰਦੈ ਏਕੋ ਹੋਇ।

ਸਚੁ ਕਰਣੀ ਸਚੁ ਤਾਕੀ ਰਹਿਤ। ਸਚੁ ਹਿਰਦੈ ਸਤਿ ਮੁਖਿ ਕਹਿਤ।
ਸਾਚੀ ਦ੍ਰਿਸਟਿ ਸਾਚਾ ਆਕਾਰੁ। ਸਚੁ ਵਰਤੈ ਸਾਚਾ ਪਾਸਾਰੁ।
ਪਾਰਬ੍ਰਹਮੁ ਜਿਨਿ ਸਚੁ ਕਰ ਜਾਤਾ। ਨਾਨਕ ਸੋ ਜਨੁ ਸਚਿ ਸਮਾਤਾ॥(283

• • • • •

34. ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮੁ। ਸੰਤ ਜਨਾ ਕੈ ਹਿਰਦੈ ਸਭਿ ਧਰਮ।
ਸੰਤ ਜਨਾ ਸੁਨਹਿ ਸੁਭ ਬਚਨ। ਸਰਬ ਬਿਆਪੀ ਰਾਮ ਸੰਗਿ ਰਚਨ।
ਜਿਨਿ ਜਾਤਾ ਤਿਸਕੀ ਇਹ ਰਹਤ। ਸਤਿ ਬਚਨ ਸਾਧੂ ਸਭਿ ਕਹਤ॥(294)

• • • • •

35. ਗੁਣ ਗੋਬਿੰਦ ਨਾਮ ਧੁਨਿ ਬਾਣੀ। ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ।
ਸਗਲ ਮਤਾਂਤ ਕੇਵਲ ਹਰਿਨਾਮ। ਗੋਬਿੰਦ ਭਗਤ ਕੈ ਮਨ ਬਿਸ੍ਰਾਮ॥(296)

• • • • •

36. ਕੋਟਿ ਅਪ੍ਰਾਧ ਸਾਧ ਸੰਗਿ ਮਿਟੈ। ਸੰਤ ਕ੍ਰਿਪਾ ਤੇ ਜਮਤੇ ਛੂਟੈ।
ਜਾ ਕੈ ਮਸਤਕ ਕਰਮ ਪ੍ਰਭਿ ਪਾਏ। ਸਾਧ ਸਰਣਿ ਨਾਨਕ ਤੇ ਆਏ।
ਨਿਰਮਲ ਸੋਭਾ ਅਮ੍ਰਿਤ ਤਾਕੀ ਬਾਨੀ। ਏਕ ਨਾਮੁ ਮਨ ਮਾਹਿ ਸਮਾਨੀ।
ਦੂਖ ਰੋਗ ਬਿਨਸੇ ਭੈ ਭਰਮ। ਸਾਧ ਨਾਮ ਨਿਰਮਲ ਤਾ ਕੇ ਕਰਮ।
ਸਭ ਤੇ ਊਚ ਤਾਕੀ ਸੋਭਾ ਬਨੀ। ਨਾਨਕ ਇਹ ਗੁਣਿ ਨਾਮੁ ਸੁਖਮਨੀ।(296)

• • • • •

37. ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ।
ਨਾਨਕ ਪ੍ਰਭ ਸਿਉ ਮਿਲ ਰਹੇ ਬਿਨਸੇ ਸਗਲ ਜੰਜਾਲ।(299)

• • • • •

38. ਸਭ ਮਹਿ ਜਾਨਉ ਕਰਤਾ ਏਕ। ਸਾਧਿ ਸੰਗਤਿ ਮਿਲਿ ਬੁਧ ਬਿਬੇਕ।
ਬੁਧਿ ਪ੍ਰਗਾਸ਼ ਭਈ ਮਤਿ ਪੂਰੀ। ਤਾ ਤੇ ਬਿਨਸੀ ਦੁਰਮਤਿ ਦੂਰੀ।(377)

• • • • •

39. ਚਰਨ ਕਮਲ ਆਨੂਪ ਹਰਿ ਸੰਤ ਮੰਤ
ਕੋਊ ਲਾਗੈ ਸਾਧੂ ਨਾਨਕ ਸਾਧੂ ਸੰਗਿ।
ਜਾਗੇ ਗਿਆਨ ਰੰਗਿ ।(380)

• • • • •

40. ਮਿਟੇ ਅੰਦੇਸਿਆ ਹਾਂ। ਸੰਤ ਉਪਦੇਸਿਆ ਮੇਰੇ ਮਨਾ।
ਸੰਤ ਪਗ ਧੋਈਐ ਹਾਂ। ਦੁਰਮਤਿ ਖੋਈਐ ਹਾਂ।
ਦਾਸਹ ਰੇਨੁ ਹੋਇ ਹਾਂ। ਬਿਆਪੈ ਦੁਖੁ ਨ ਕੋਇ ਹਾਂ।
ਭਗਤਾਂ ਸਰਨੁ ਪਰੁ ਹਾਂ। ਜਨਮਿ ਨ ਕਦੇ ਮਰ ਹਾਂ।
ਮੰਦਾ ਨਾਹਿ ਕੋਇ ਹਾਂ। ਸੰਤ ਕੀ ਰੇਨ ਹੋਇ ਹਾਂ।(410)

• • • • •

41. ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ
ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ।
ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ।(452)
ਹਰਿ ਕੋ ਨਾਮ ਕਬੀਰ ਉਜਾਗਰ। ਜਨਮ ਜਨਮ ਕੇ ਕਾਟੇ ਕਾਗਰ।
ਨਿਮਤ ਨਾਮਦੇਉ ਦੂਧੁ ਪੀਆਇਆ। ਤਉ ਜਗ ਜਨਮ ਸੰਕਟ ਨਹੀਂ ਆਇਆ।
ਜਨ ਰਵਿਦਾਸ ਰਾਮ ਰੰਗਿ ਰਾਤਾ। ਇਉ ਗੁਰ ਪ੍ਰਸਾਦਿ ਨਰਕ ਨਹੀਂ ਜਾਤਾ।(ਸੰਤਗੁਰੂ ਰਵੀਦਾਸ 467)

42. ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਣਾ।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।

• • • • •

43. ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।
ਨੀਚ ਕੁਲਾ ਜੋਲਾਹਰਾ ਭਇਓ ਗੁਨੀ ਗਹੀਰਾ।
ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ।
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।(488)

• • • • •

44. ਪਤਿਤ ਪਵਿਤ੍ਰ ਲੀਏ ਕਰਿ ਅਪਨੇ ਸਗਲ ਕਰਤ ਨਮਸਕਾਰੋ।
ਬਰਨ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ।
ਠਾਕਰ ਐਸੋ ਨਾਮੁ ਤੁਮਾਰੋ।
ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ।
ਨਾਮਦੇਉ ਤ੍ਰਿਲੋਚਨ ਕਬੀਰ ਦਾਸਰੋ ਮੁਕਤਿ ਭਇਉ ਚੰਮਿਆਰੋ ।(498)

• • • • •

45. ਬ੍ਰਹਮ ਲੋਕ ਅਰ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।
ਸਾਧ ਸੰਗਤ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ।
ਅਬ ਮੋਹਿ ਆਇ ਪਰਿਓ ਸਰਨਾਇ।
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋਕਉ ਸਤਿਗੁਰ ਦੀਓ ਹੈ ਬਤਾਇ ।(500)

• • • • •

46. ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ।
ਕਰਿ ਕਿਰਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ।
ਕਰਣ ਕਾਰਣ ਸੰਮ੍ਰਥ ਸ੍ਰੀਧਰ ਸਰਣਿ ਤਾਕੀ ਗਹੀ।
ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ॥(501)

• • • • •

47. ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ।
ਸਾਧ ਜਨਾ ਕੈ ਸੰਗਿ ਭਵਜਲ ਜਾਇ ਤਰਿ॥
ਥਲਿ ਬੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ।
ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾ।(519)

• • • • •

48. ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ।
ਭਗਤਾ ਤੇਰੀ ਟੇਕ ਰਤੇ ਸਚਿ ਨਾਇ।
ਜਿਸਨੋ ਹੋਇ ਕ੍ਰਿਪਾਲ ਤਿਸਕਾ ਦੂਖ ਜਾਇ।
ਭਗਤ ਤੇਰੇ ਦਇਆਲ ਓਨਾ ਮਿਹਰ ਪਾਇ ।
ਦੂਖ ਦਰਦ ਵਡ ਰੋਗ ਨ ਪੋਹੇ ਤਿਸ ਮਾਇ
ਭਗਤਾ ਏਹੁ ਅਧਾਰੁ ਗੁਣ ਗਬਿੰਦ ਗਾਇ॥(522)

49. ਮਨ ਜਿਉ ਅਪੁਨੇ ਪ੍ਰਭ ਭਾਵਉ
ਨੀਚਹੁ ਨੀਚੁ ਨੀਚੁ ਅਤਿ ਨਾਨਾ ਹੋਇ ਗਰੀਬੁ ਬੁਲਾਵਉ।
ਦਾਸਨ ਦਾਸ ਰੇਣੁ ਦਾਸਨ ਕੀ ਜਨਕੀ ਟਹਲ ਕਮਾਵਉ।
ਸਰਬ ਸੂਖ ਬਡਿਆਈ ਨਾਨਕ ਜੀਵਉ ਮੁਖਹੁ ਬੁਲਾਵਉ।
ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ।
ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗ ਬਿਦਾਰਿਓ।
ਕਾਮ ਕ੍ਰੋਧ ਲੋਭੁ ਝੂਠੁ ਨਿੰਦਾ 'ਸਾਧੂ ਸੰਗਿ' ਬਿਸਾਰਿਓ॥(529)

• • • • •

50. ਗਤਿ ਪਾਵਹਿ ਸੁਖ ਸਹਜ ਅਨੰਦਾ ਕਾਟੇ ਜਮ ਕੇ ਫਾਹਾ।
ਖੋਜਤ ਖੋਜਤ ਖੋਜਿ ਬੀਚਾਰਿਓ ਹਰਿ ਸੰਤ ਜਨਾ ਪਹਿ ਆਹਾ।(530)
ਸਾਧੂ ਧੂਰ ਲਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ।
ਸਭ ਤੇ ਨੀਚ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ।(532)

• • • • •

51. ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ।
ਧੂਰਿ ਭਗਤਨ ਕੀ ਮਨਿ ਤਨਿ ਲਾਗਉ ਹਰਿ ਜੀਉ, ਸਭ ਪਤਿਤ ਪਨੀਤਾ ਰਾਮ।(54

52. ਉਪਦੇਸ਼ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ।(ਜਮਦੂਤਾਂ ਦੀ)
ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ।(608)

• • • • •

53. ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ।
ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ।(610)

• • • • •

54. ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕ ਇਹੁ ਸੁਖੁ ਮਾਂਗੈ।
ਜਹ ਕੀਰਤਨੁ ਤੇਰਾ ਸਾਧੂ ਗਾਵਹਿ, ਤਹ ਮੇਰਾ ਮਨੁ ਲਾਗੈ।
ਤਨੁ ਸੰਤਨ ਕਾ ਧਨ ਸੰਤਨ ਕਾ ਮਨੁ ਸੰਤਨ ਕਾ ਕੀਆ।
ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ।
ਸੰਤਨ ਬਿਨੁ ਅਵਰੁ ਨ ਦਾਤਾ ਬੀਆ।
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥(610)

• • • • •

55. ਹਰ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ।
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ।
ਹਮ ਸੰਤਨ ਸਿਉ ਬਣ ਆਈ ਪੂਰਬ ਲਿਖਿਆ ਪਾਈ।
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ।
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ।
ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ।
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ।(614)

• • • • •

56. ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲ ਖੋਈ।
ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ॥(617)

• • • • •

57. ਸੰਤ ਕਾ ਮਾਰਗਿ ਧਰਮ ਕੀ ਪਉੜੀ ਕੋ ਵਡਭਾਗੀ ਪਾਏ।
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ।(622)

• • • • •

58. ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ।
ਤੂੰ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ।
ਭਗਤ ਜਨਾ ਕੈ ਸੰਗਿ ਪਾਪ ਗਵਾਵਣਾ।
ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ।
ਸੰਤ ਭਗਤ ਪਰਵਾਣ ਜੋ ਪ੍ਰਭਿ ਭਾਇਆ।
ਸੋਈ ਬਿਚਖਣ ਜੰਤ ਜਿਨੀ ਹਰਿ ਧਿਆਇਆ।(652)

• • • • •

59. ਸੰਤ ਜਨਾ ਕੀ ਧੂਰਿ ਮਸਤਕਿ ਲਾਇਆ
ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ॥(653)

• • • • •

60. ਬੇਦ ਸਿਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ
ਮੁਕਤਿ ਪਾਈਐ ਸਾਧ ਸੰਗਤਿ ਬਿਨਸ ਜਾਇ ਅੰਧਾਰੁ॥(675)

• • • • •

61. ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ।
ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ, ਨਮਸਕਾਰੇ।(681)

• • • • •

62. ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ।
ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ॥(682)

• • • • •

63. ਪੜੇ ਰੇ ਸਗਲ ਬੇਦ, ਨਹ ਚੂਕੈ ਮਨ ਭੇਦ, ਇਕੁ ਖਿਨੁ ਧੀਰਹਿ, ਮੇਰੇ ਘਰ ਕੇ ਪੰਚਾ॥
ਕੋਈ ਐਸੋ ਰੇ ਭਗਤ, ਜੁ ਮਾਇਆ ਤੇ ਰਹਤ, ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ॥(687)

• • • • •

64. ਸੰਤ ਜਨਾ ਮਿਲਿ ਹਰਿ ਜਸੁ ਗਾਇਓ। ਕੋਟਿ ਜਨਮ ਕੇ ਦੂਖ ਗਵਾਇਓ।
ਜੋ ਚਾਹਤ ਸੋਈ ਮਨਿ ਪਾਇਓ। ਕਰਿ ਕਿਰਪਾ ਹਰਿ ਨਾਮੁ ਦਿਵਾਇਓ॥(720)

65. ਭਗਤਾ ਕੀ ਟੇਕ ਤੂੰ, ਸੰਤਾ ਕੀ ਓਟ ਤੂੰ, ਸਚਾ ਸਿਰਜਨਹਾਰਾ॥(746)

• • • • •

66. ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਨਹਾਰਾ।
ਭਗਤ ਤੇਰੇ ਸਭ ਪ੍ਰਾਣ ਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ।(747)

• • • • •

67. ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ।
ਖੋਜਤ ਖੋਜਤ ਭਇਆ ਸਾਧ ਸੰਗੁ ਤਿਨ ਸਰਣਾਈ ਆਇਆ॥
ਮੇਰੇ ਰਾਮ ਹਰਿ ਸੰਤਾ ਜੇਵਡ ਨ ਕੋਈ।

ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ॥
ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ।
ਜੇਹਾ ਮਨਰੋਥੁ ਕਰ ਅਰਾਧੇ ਸੋ ਸੰਤਨ ਤੇ ਪਾਵੈ।(748)

• • • • •

68. ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ।(749)

• • • • •

69. ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ।
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ।(755)

• • • • •

70. ਸਿੰਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ। ਨਾਮ ਬਿਨਾ ਸਭ ਕੂੜੁ ਗਾਲੀ ਹੋਛੀਆ।
ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ। ਜਨਮ ਮਰਣ ਮੋਹ ਦੁਖ ਸਾਧੂ ਸੰਗਿ ਨਸੈ ।(761)

• • • • •

71. ਜਾਇ ਬਸਰੁ ਵਡਭਾਗਣੀ ਸਖੀਏ ਸੰਤ ਸੰਗਿ ਸਮਾਈਐ।
ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵੇ ਲਾਈਐ ।(803)

• • • • •

72. ਗੁਰ ਪੂਰਾ ਵਡਭਾਗੀ ਪਾਈਐ। ਮਿਲਿ ਸਾਧੂ ਹਰਿ ਨਾਮੁ ਧਿਆਈਐ ।
ਅਵਰਿ ਕਰਮ ਸਭਿ ਲੋਕਾਚਾਰ। ਮਿਲਿ ਸਾਧੂ ਸੰਗਿ ਹੋਇ ਉਧਾਰ ।
ਸਿੰਮ੍ਰਿਤਿ ਸਾਸਤ੍ਰ ਬੇਦ ਬੀਚਾਰੇ। ਜਪੀਐ ਨਾਮੁ ਜਿਤੁ ਪਾਰਿ ਉਤਾਰੇ।
ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ। ਸਾਧੂ ਧੂਰਿ ਮਿਲੈ ਨਿਸਤਰੀਐ॥
ਅੰਧ ਕੂਪ ਤੇ ਕਰੁ ਗਹਿ ਲੀਨਾ। ਜੈ ਜੈ ਕਾਰ ਜਾਗਤਿ ਪ੍ਰਗਟੀਨਾ ।
ਨੀਚਾ ਤੇ ਊਚ ਊਨ ਪੂਰੀਨਾ। ਅੰਮ੍ਰਿਤ ਨਾਮੁ ਮਹਾ ਰਸੁ ਲੀਨਾ।(804)

• • • • •

73. ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ।
ਕਰਿ ਕ੍ਰਿਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ।
ਸੰਤ ਜਨਾ ਕੀ ਰੇਣੁਕਾ ਲੈ ਮਾਥੇ ਲਾਵਉ।
ਨੀਚ ਤੇ ਨੀਚ ਅਤਿ ਨੀਚੁ ਹੋਇ ਕਰ ਬਿਨਉ ਬੁਲਾਵਉ।
ਪਾਵ ਮਲੋਵਾ ਆਪ ਤਿਆਗਿ ਸੰਤ ਸੰਗਿ ਸਮਾਵਉ।(812)

• • • • •

74. ਅਮ੍ਰਿਤ ਗੁਣ ਸੰਤ ਬੋਲਤੇ ਸੁਣਿ ਮੰਨਹਿ ਪੀਲਾਵਉ।
ਊਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ।
ਜਬ ਭਗਤਿ ਕਰਹਿ ਸੰਤ ਮੰਡਲੀ ਤਿਨ ਮਿਲਿ ਹਰਿ ਗਾਵਉ।
ਕਰਉ ਨਮਸਕਾਰ ਭਗਤ ਜਨ ਧੂਰਿ ਮੁਖ ਲਾਵਉ॥(813)

• • • • •

75. ਗੁਰ ਪੂਰਾ ਅਰਾਧਿਆ ਹੋਇ ਕ੍ਰਿਪਾਲ।
ਮਾਰਗ ਸੰਤ ਬਤਾਇਆ ਤੂਟੇ ਜਮਪਾਲ ॥(819)

• • • • •

76. ਸਭ ਹੂ ਤਲੈ, ਤਲੈ ਸਭ ਊਪਰਿ (ਸਭ ਤੋਂ ਨੀਚ ਉੱਚੇ ਹੋ ਜਾਣ) ਏਹ ਦ੍ਰਿਸਟਿ ਦ੍ਰਿਸਟਾਏ ।
(ਜਾਤ ਦਾ) ਅਭਿਮਾਨ ਖੋਇ ਖੋਇ ਖੋਇ ਖੋਈ ਹਉ ਮੋਕੋ ਸਤਿਗੁਰ ਮੰਤਰ ਦ੍ਰਿੜਾਏ ।
ਅਤੁਲੁ ਅਤੁਲੁ ਅਤੁਲੁ ਨ ਤੁਲੀਐ ਭਗਤਿ ਵਛਲੁ ਕਿਰਪਾਏ।

ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨ ਸੁਖ ਪਾਏ।(820)

• • • • •

77. ਹਰਿ ਕੇ ਨਾਮ ਬਿਨਾ ਦੁਖੁ ਪਾਵੈ।
ਭਗਤਿ ਬਿਨਾ ਸਹਸਾ ਨਾ ਚੂਕੈ ਗੁਰੁ ਇਹੈ ਭੇਦੁ ਬਤਾਵੈ।(ਗੁਰੂ ਤੇਗ ਬਹਾਦਰ 830)

• • • • •

78. ਸੰਤਹ ਚਰਨ ਮਾਥਾ ਮੇਰੋ ਪਉਤ। ਅਨਿਕ ਬਾਰ ਸੰਤਹ ਡੰਡਉਤ।
ਇਹੁ ਮਨੁ ਸੰਤਨ ਕੈ ਬਲਿਹਾਰੀ।
ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ।
ਸੰਤਹ ਚਰਣ ਧੋਇ ਧੋਇ ਪੀਵਾ। ਸੰਤਹ ਦਰਸੁ ਪੇਖਿ ਪੇਖਿ ਜੀਵਾ।
ਸੰਤਹ ਕੀ ਮੇਰੈ ਮਨਿ ਆਸ। ਸੰਤ ਹਮਾਰੀ ਨਿਰਮਲ ਰਾਸਿ।
ਸੰਤ ਹਮਾਰਾ ਰਖਿਆ ਪੜਦਾ। ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ।
ਸੰਤ ਸੰਗੁ ਦੀਆ ਕਿਰਪਾਲ। ਸੰਤ ਸਹਾਈ ਭਏ ਦਇਆਲ।
ਸੁਰਤਿ ਮਤਿ ਬੁਧਿ ਪਰਗਾਸ। (889)

• • • • •

79. ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ ॥(915)

• • • • •

80. ਸੰਤ ਸਹਾਈ ਜੀਅ ਕੇ ਭਵਜਲ ਤਾਰਣ ਹਾਰ।
ਸਭ ਤੇ ਊਚੇ ਜਾਣੀਅਹਿ (ਸਭਹੂ ਤਲੈ ਤਲੈ ਸਭ ਓਪੁਰ) ਨਾਨਕ ਨਾਮ ਪਿਆਰੁ।
ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ।
ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ।
ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ।
ਆਵਣ ਜਾਵਣ ਦੂਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ। (ਗੁਰ ਅਰਜਨ 929)

• • • • •

81. ਨ ਤੂ ਆਵਹਿ ਵਸਿ ਬਹੁਤੁ ਘਿਣਾਵਣੇ (ਘਣੇ ਪਾਖੰਡ) ਨ ਤੂ ਆਵਹਿ ਵਸਿ ਬੇਦ ਪੜਾਵਣੇ।
ਨਾ ਤੂ ਆਵਹਿ ਵਸਿ ਤੀਰਥ ਨਾਈਐ। ਨ ਤੂ ਆਵਹਿ ਵਸਿ ਧਰਤੀ ਧਾਈਐ।
ਨ ਤੂ ਆਵਹਿ ਵਸਿ ਕਿਤੈ ਸਿਆਣਪੈ। ਨ ਤੂ ਆਵਹਿ ਵਸਿ ਬਹੁਤਾ ਦਾਨੁ ਦੇ।
ਸਭੁ ਕੋ ਤੇਰੇ ਵਸਿ ਅਗਮ ਅਗੋਚਰਾ।
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ।(962)

• • • • •

82. ਕਹੁ ਨਾਨਕ ਭਗਤਨ ਕਾ ਸਾਥੀ ਸੰਗੀ ਭਗਤ ਸੋਹਹਿ ਦਰਬਾਰਾ।(999)

• • • • •

83. ਸਰਣਿ ਸੂਰੋ ਗੁਰਦਾਤਾ ਰਾਖੈ ਆਪਿ ਵਡਾਈ।
ਭਗਤਾ ਕਾ ਆਗਿਆ ਕਾਰੀ ਸਦਾ ਸਦਾ ਸੁਖਦਾਈ।(1005)

• • • • •

84. ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ।
ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ ॥(1017)

• • • • •

85. ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ।
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥

ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ।
ਮੋਹਿ ਨਿਰਗੁਨ ਕਉ ਕੋਈ ਨ ਰਾਖੈ ਸੰਤਾ ਸੰਗਿ ਸਮਾਵਨਾ ॥(1018)

• • • • •

86. ਸੁਖ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ ।(1019)

• • • • •

87. ਸੰਤ ਜਨਾ ਕੀ ਲੇਹ ਮਤੇ ਸਾਧ ਸੰਗਿ ਪਾਵਹੁ ਪਰਮਗਤੇ ॥(1136)

• • • • •

88. ਹਰਿ ਸਿਮਰਣ ਸਾਚਾ ਬੀਚਾਰੁ
ਜਿਸੁ ਲੜਿ ਲਾਏ ਸੋ ਲਾਗੈ। ਜਨਮ ਜਨਮ ਕਾ ਸੋਇਆ ਜਾਗੈ ।
ਤੇਰੇ ਭਗਤ ਭਗਤਨ ਕਾ ਆਪਿ। ਆਪਣੀ ਮਹਿਮਾ ਆਪੇ ਜਾਪਿ ॥(1144)

• • • • •

89. ਜਾ ਕਾ ਭਰਵਾਸਾ ਸਭ ਘਟ ਮਾਹਿ
ਪ੍ਰਗਟ ਭਇਆ ਸਾਧੂ ਕੈ ਸੰਗਿ। ਭਗਤ ਅਰਾਧਹਿ ਅਨਦਿਨੁ ਰੰਗਿ।(1144)

• • • • •

90. ਸੰਤ ਕੀ ਨਿੰਦਾ ਜੋਨੀ ਭਵਨਾ। ਸੰਤ ਕੀ ਨਿੰਦਾ ਰੋਗੀ ਕਰਨਾ ।
ਸੰਤ ਕੀ ਨਿੰਦਾ ਦੂਖ ਸਹਾਮ। ਡਾਨੁ ਦੇਤ ਨਿੰਦਕ ਕਉ ਜਾਮ (ਜਮਦੂਤ)
ਭਗਤ ਕੀ ਨਿੰਦਾ ਕੰਧ ਛੇਦਾਵੈ। ਭਗਤ ਕੀ ਨਿੰਦਾ ਨਰਕ ਭੁੰਚਾਵੈ ।
ਭਗਤ ਕੀ ਨਿੰਦਾ ਗਰਭ ਮਹਿ ਗਲੈ। ਭਗਤ ਕੀ ਨਿੰਦਾ ਰਾਜ ਤੇ ਟਲੈ ।
ਨਿੰਦਕ ਕੀ ਗਤਿ ਕਤਹੂ ਨਾਹਿ। ਆਪਿ ਬੀਜਿ ਆਪੇ ਹੀ ਖਾਹਿ ॥(1145)

• • • • •

91. ਕਰਿ ਕ੍ਰਿਪਾ ਸੰਤ ਟਹਲੈ ਲਾਏ। ਨਾਨਕ ਸਾਧੂ ਸੰਗਿ ਸਮਾਏ।
ਸੰਤ ਸੰਗਿ ਹੋਇ ਨਿਰਮਲ ਬਾਣੀ। ਸੰਤ ਮੰਡਲ ਮਹਿ ਨਾਮੁ ਵਖਾਣੀ।
ਸੰਤ ਮੰਡਲ ਮਹਿ ਨਿਰਮਲ ਕਥਾ। ਸੰਤ ਸੰਗਿ ਹਉਮੈ ਦੁਖ ਨਸਾ।

• • • • •

92. ਸੰਤ ਮੰਡਲ ਕਾ ਨਹੀਂ ਬਿਨਾਸੁ। ਸੰਤ ਮੰਡਲ ਮਹਿ ਹਰਿ ਗੁਣ ਤਾਸੁ ।(1146)

• • • • •

93. ਜਾ ਕੀ ਗਤਿ ਮਿਤਿ ਕਹੀ ਨਾ ਜਾਇ। ਘਟਿ ਘਟਿ ਘਟਿ ਘਟਿ ਰਹਿਆ ਸਮਾਇ ।
ਜਾ ਕੇ ਭਗਤ ਆਨੰਦ ਮੈਂ, ਜਾ ਕੇ ਭਗਤ ਕਉ ਨਾਹੀ ਖੈ ।
ਜਾ ਕੇ ਭਗਤ ਕਉ ਨਾਹੀ ਭੈ, ਜਾ ਕੇ ਭਗਤ ਕਉ ਸਦਾ ਜੈ ।(1181)

• • • • •

94. ਮਾਣਸ ਸੇਵਾ ਖਰੀ ਦੁਹੇਲੀ। ਸਾਧ ਕੀ ਸੇਵਾ ਸਦਾ ਸੁਹੇਲੀ।
ਜੇ ਲੋੜਹਿ ਸਦਾ ਸੁਖੁ ਭਾਈ। ਸਾਧੂ ਸੰਗਤਿ ਗੁਰਹਿ ਬਤਾਈ।
ਊਹਾ ਜਪੀਐ ਕੇਵਲ ਨਾਮ। ਸਾਧੂ ਸੰਗਤਿ ਪਾਰ ਗਰਾਮ ॥(1182)

• • • • •

95. ਤੇਰਿਆ ਭਗਤਾ ਕਉ ਬਲਿਹਾਰਾ।
ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ।
ਤੇਰੀ ਸੇਵਾ ਤੁਝ ਤੇ ਹੋਵੈ ਅਉਰ ਨ ਦੂਜਾ ਕਰਤਾ।
ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂੰ ਰੰਗੁ ਧਰਤਾ॥(1186)

• • • • •

96. ਤੇਰਿਆ ਸੰਤਾ ਜਾਚਉ ਰੇਨ।
ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ।

• • • • •

97. ਧੰਨੈ ਸੇਵਿਆ ਬਾਲ ਬੁਧਿ। ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ।
ਬੇਣੀ ਕਉ ਗੁਰਿ ਕੀਓ ਪ੍ਰਗਾਸੁ। ਰੇਗਨ ਤੂ ਭੀ ਹੋਹਿ ਦਾਸੁ ।
ਜੈਦੇਵ ਤਿਆਗਿਓ ਅਹੰਮੇਵ। ਨਾਈ ਉਧਰਿਓ, ਸੈਨ, ਸੇਵ।
ਮਨ ਡੀਗਿ ਨ ਡੋਲੈ ਕਹੂੰ ਜਾਇ। ਮਨ ਤੂ ਵੀ ਤਰ ਸਹਿ ਸਰਣਿ ਪਾਇ॥
ਕਬੀਰ ਧਿਆਇਓ ਏਕ ਰੰਗ। ਨਾਮਦੇਵ ਹਰਿ ਜੀਉ ਬਸਹਿ ਸੰਗਿ।
ਰਵਿਦਾਸ ਧਿਆਏ ਪ੍ਰਭ ਅਨੂਪ। ਗੁਰ ਨਾਨਕ ਦੇਵ ਗੋਵਿੰਦ ਰੂਪ।(1192)

• • • • •

98. ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ।
ਭਗਤਨ ਕੀ ਟਹਿਲ ਕਮਾਵਤ ਗਾਵਤ ਦੁਖ ਕਾਟੇ ਜਾ ਕੇ ਜਨਮ ਮਰਨ।
ਸੰਤਹ ਚਰਨ ਮੋਰਲੋ ਮਾਥਾ। ਹਮਰੇ ਮਸਤਕਿ ਸੰਤ ਧਰੇ ਹਾਥਾ।
ਸਾਧਹ ਮੰਤਰ ਮੋਰਲੋ ਮਨੂਆ। ਤਾ ਤੇ ਗਹਿ ਹੋਇ ਤ੍ਰੈ ਗੁਨੀਆ।
ਭਗਤਹ ਦਰਸ ਦੇਖਿ ਨੈਨ ਰੰਗ। ਲੋਭ ਮੋਹ ਤੂਟੇ ਭ੍ਰਮ ਸੰਗ।(1206)

• • • • •

99. ਭਲੋ ਕਬੀਰ ਦਾਸ ਦਾਸਨ ਕੋ ਊਤਮੁ ਸੈਨੁ ਜਨੁ ਨਾਈ ।
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ।

• • • • •

100. ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹ ਮਨੁ ਸੰਤ ਰੇਨਾਈ ।
'ਸੰਤ ਪ੍ਰਤਾਪਿ' ਭਰਮ ਸਭ ਨਾਸੇ ਨਾਨਕ ਮਿਲੇ ਗੁਸਾਈ ॥(1207)

• • • • •

101. ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀ ਕੀ ਧਿਆਨ ਕਉ।
ਬਾਣੀ ਮੰਤਰ ਮਹਾ ਪਰੁਖਨ ਕੀ ਮਨਹਿ ਉਤਾਰਨ ਮਾਨ ਕਉ ।
ਛੋਡਿ ਸਿਆਨਪ ਬਹੁ ਚਤਰਾਈ। ਸਾਧੂ ਸਰਣੀ ਜਾਇ ਪਾਇ ॥
ਮਾਰਗਿ ਚਲੇ ਤਿਨੀ ਸੁਖ ਪਾਇਆ ਜਿਨ ਸਿਉ ਗੋਸਟਿ ਸੇ ਤਰੇ ।
ਬੂਡਤ ਘੋਰ ਅੰਧ ਕੂਪ ਮਹਿ ਤੇ ਸਾਧੂ ਸੰਗਿ ਪਾਰ ਪਰੇ।
ਜਿਨਕੇ ਭਾਗ ਬਡੇ ਹੈ ਭਾਈ ਤਿਨ ਸਾਧੂ ਸੰਗਿ ਮੁਖ ਜੁਰੇ।
ਤਿਨਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭ ਮੇਰਾ ਕ੍ਰਿਪਾ ਕਰੇ।(1208)

• • • • •

102. ਜੇ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ ਪਤਿਤ ਪੁਨੀਤਾ।
ਕਹੁ ਨਾਨਕ ਜਾ ਕੇ ਵਡ ਭਾਗਾ ਤਿਨਿ ਜਨਮੁ ਪਦਾਰਥੁ ਜੀਤਾ॥
ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ।
ਆਠ ਪਹਰ ਦਰਸਨ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ।(1217)
ਨੋਟ :-ਗੁਰੂ ਅਰਜਨ ਇਸ ਸਲੋਕ ਵਿਚ ਕਹਿੰਦੇ ਹਨ ਕਿ ਬੇਦ ਪੁਰਾਣ ਤੇ ਸਿਮਰਤੀਆਂ ਨੂੰ ਖੋਜਕੇ, ਸੰਤਾਂ ਭਗਤਾਂ ਨੇ ਸੱਚ ਦੀ ਖੋਜ ਕਰ ਲਈ ।

• • • • •

103. ਹਰਿ ਕੇ ਨਾਮ ਕੀ ਗਤਿ ਠਾਂਢੀ।
ਬੇਦ ਪੁਰਾਨ ਸਿੰਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ।

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੋ ਫਿਰਿਆ।
ਸਿਮਰ ਸਿਮਰ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ।
ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ।
ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ।(1219)

• • • • • •

104. ਮਾਤਰ ਪਿਤਰ ਤਿਆਗਿ ਕੈ ਮਨ ਸੰਤਨ, ਪਾਹਿ ਬੇਚਾਇਓ।
'ਜਾਤ' 'ਜਨਮ' 'ਕੁਲ' ਖੋਈਐ ਹਉ ਗਾਵਉ ਹਰਿ ਹਰੀ।(1230)
ਸਭ ਤੇ ਊਚ ਭਗਤ ਜਾ ਕੈ ਸੰਗਿ।ਆਠ ਪਹਰ ਗੁਨ ਗਾਵਹਿ ਰੰਗਿ॥(1236)

• • • • • •

105. ਛੋਡਿ ਮਾਨ ਤਜਿਗੁਮਾਨ (ਉੱਚੀ ਜਾਤ ਦਾ ਹੰਕਾਰ)
ਮਿਲਿ ਸਾਧੂਆਂ ਕੈ ਸੰਗਿ। ਹਰਿ ਸਿਮਰਿ ਏਕ ਰੰਗਿ।
ਮਿਟਿ ਜਾਹਿ ਦੋਖ ਮੀਤ।
ਪਾਰਬ੍ਰਹਮ ਭਏ ਦਇਆਲ। ਬਿਨਸਿ ਗਏ ਬਿਖੈ ਜੰਜਾਲ।
ਸਾਧ ਜਨਾ ਕੈ ਚਰਨ ਲਾਗਿ॥(1272)

• • • • • •

106. ਬਿਸਰ ਗਈ ਸਭ ਤਾਤਿ ਪਰਾਈ। ਜਬ ਤੇ ਸਾਧ ਸੰਗਤਿ ਮੋਹਿ ਪਾਈ।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮਕੋ ਬਨਿ ਆਈ।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥(ਗੁਰੂ ਅਰਜਨ 1299)

• • • • • •

107. ਨ ਜਾਨੀ ਸੰਤਨ ਪ੍ਰਭ ਬਿਨੁ ਆਨ।
ਊਚ ਨੀਚ ਸਭ ਪੇਖਿ ਸਮਾਨੋ ਮੁਖਿ ਬਕਨੋ ਮਨਿ ਮਾਨ ।
ਫਿਰਤ ਫਿਰਤ ਨਾਨਕ ਦਾਸੁ ਆਇਓ ਸੰਤਨ ਹੀ ਸਰਣਾਇ।
ਕਾਟੇ ਅਗਿਆਨ ਭਰਮ ਮੋਹ ਮਾਇਆ ਲੀਓ ਕੰਠਿ ਲਗਾਇ।(1302)

• • • • • •

108. ਚਰਨ ਸੰਤਹ ਮਾਥ ਮੋਰ ਨੈਨਿ ਦਰਸ ਪੇਖਉ ਨਿਸ ਭੋਰ।
ਹਸਤ ਹਮਰੇ ਸੰਤ ਟਹਲ। ਪ੍ਰਾਨ ਮਨੁ ਧਨੁ ਸੰਤ ਬਹਲ।
ਸੰਤ ਸੰਗਿ ਮੇਰੇ ਮਨ ਕੀ ਪ੍ਰੀਤਿ। ਸੰਤ ਗੁਨ ਬਸਹਿ ਮੇਰੈ ਚੀਤਿ।
ਸੰਤ ਆਗਿਆ ਮਨਹਿ ਮੀਠ। ਮੇਰਾ ਕਮਲ ਬਿਗਸੈ ਸੰਤ ਡੀਠ।
ਸੰਤ ਸੰਗਿ ਮੇਰਾ ਹੋਇ ਨਿਵਾਸੁ। ਸੰਤਨ ਕੀ ਮੋਹਿ ਬਹੁਤ ਪਿਆਸੁ।
ਸੰਤ ਬਚਨ ਮੇਰੇ ਮਨਹਿ ਮੰਤ। ਸੰਤ ਪ੍ਰਸਾਦਿ ਮੇਰੇ ਬਿਖੈ ਹੰਤ।
ਮੁਕਤਿ ਜੁਗਤਿ ਏਹਾ ਨਿਧਾਨ । ਪ੍ਰਭ ਦਇਆਲ ਮੋਹਿ ਦੇਵਹੁ ਦਾਨੁ।(ਗੁਰੂ ਅਰਜਨ 987)

• • • • • •

109. ਜਿਸ ਸਿਮਰਤ ਦੁਖ ਬੀਸਰਹਿ ਪਿਆਰੇ, ਸੋ ਕਿਉ ਤਜਣਾ ਜਾਇ।
ਇਹੁ ਤਨੁ ਵੇਚੀ ਸੰਤ ਪਹਿ ਪਿਆਰੇ, ਪ੍ਰੀਤਮੁ ਦੇਇ ਮਿਲਾਇ ।
ਅੰਚਲੁ ਸਹਿਰਾਮ ਸਾਧ ਕਾ ਪਿਆਰੇ, ਨਾਨਕ ਭੈ ਸਾਗਰੁ ਪਾਰਿ ਪਰਾਇ॥(431)

ਗੁਰੂ ਨਾਨਕ ਬਾਣੀ ਤੇ ਬ੍ਰਾਹਮਣਵਾਦ

ਪੰਦਰਵੀਂ ਸਦੀ ਦੇ ਮਗਰਲੇ ਦਹਾਕਿਆਂ 'ਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿਚ ਆਪਣੀ ਮਨੁੱਖੀ ਤੇ ਸਮਾਜ ਹਿਤੂ ਵਿਚਾਰਧਾਰਾ ਨੂੰ ਫੈਲਾਉਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਮੁਗਲਾ ਨੇ ਪੈਰ ਨਹੀਂ ਜਮਾਏ ਸਨ । ਪਹਿਲੇ ਮੁਗਲ ਬਾਦਸ਼ਾਹ ਬਾਬਰ ਦੇ ਹਮਲੇ ਦਾ ਜ਼ਿਕਰ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੀਤਾ ਹੈ ਤੇ ਉਸ ਦੀ ਫੌਜ ਕਹਿ ਕੇ ਵੰਗਾਰਿਆ ਹੈ । ਗੁਰੂ ਨਾਨਕ ਨੂੰ ਬਾਬਰ ਦੀ ਕੈਦ ਵੀ ਕੱਟਣੀ ਪਈ । ਪਰ ਜਦੋਂ ਗੁਰੂ ਨਾਨਕ ਅਤੇ ਬਾਬਰ ਆਹਮਣੇ-ਸਾਹਮਣੇ ਹੋਏ ਤੇ ਵਿਚਾਰਾਂ ਦਾ ਟਾਕਰਾ ਹੋਇਆ ਤਾਂ ਬਾਬਰ ਨੂੰ ਛਿੱਥਾ ਹੋਣਾ ਪਿਆ । ਕਿਉਂਕਿ ਬਾਬਰ ਪਹਿਲਾ ਹੁਕਮਰਾਨ ਸੀ, ਇਸਦਾ ਅਰਥ ਹੈ ਕਿ ਮੁਗਲੀ ਸੱਭਿਆਚਾਰ ਅਜੇ ਬਿਲਕੁਲ ਨਵਾਂ ਸੀ, ਜਿਹੜਾ ਅਜੇ ਭਾਰਤੀ ਸਮਾਜ ਵਿਚ ਕਿਸੇ ਵੀ ਤਰ੍ਹਾਂ ਅਸਰਦਾਇਕ ਨਹੀਂ ਸੀ ਬਣਿਆ । ਮੁਗਲਾਂ ਦੀ ਰਹਿਣੀ, ਸੋਚਣੀ, ਕਰਣੀ, ਕਰਮਕਾਂਡ, ਰੱਬ, ਖਾਣ-ਪਾਣ, ਪਹਿਰਾਵਾ ਆਦਿ ਦਾ ਇਥੋਂ ਦੇ ਸਮਾਜ ਉਪਰ ਕੋਈ ਪ੍ਰਭਾਵ ਨਹੀਂ ਸੀ । ਮੁਗਲ ਬਾਦਸ਼ਾਹ ਅਜੇ ਆਪਣੇ ਆਪ ਨੂੰ ਸਥਾਪਤ ਕਰਨ 'ਤੇ ਹੀ ਲੱਗਾ ਹੋਇਆ ਸੀ ਕਿ ਪੰਦਰਵੀਂ ਸਦੀ ਦੇ ਅੰਤ ਵਿਚ ਹਮਾਯੂੰ ਨੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਖਾ ਕੇ ਭਜਣਾ ਪਿਆ ਤੇ ਮੁੜ ਸਥਾਪਤ ਹੋਣ ਲਈ ਯਤਨ ਕਰਨੇ ਪਏ । ਇਸ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਪੂਰੀ ਤਰ੍ਹਾਂ ਸਥਾਪਤ ਅਤੇ ਕਾਬਜ਼ ਹੋ ਜਾਣ ਤੋਂ ਪਹਿਲਾਂ ਕੋਈ ਵੀ ਜਮਾਤ ਆਪਣਾ ਸੱਭਿਆਚਾਰਕ ਪ੍ਰਭਾਵ ਆਮ ਜਨਤਾ 'ਤੇ ਨਹੀਂ ਬਣਾ ਸਕਦੀ। ਤਾਂ ਫਿਰ ਗੁਰੂ ਦੇ ਸਮੇਂ ਭਾਰਤੀ ਸਮਾਜ 'ਤੇ ਕਿਹੜੇ ਸੱਭਿਆਚਾਰ ਦਾ ਪ੍ਰਭਾਵ ਸੀ ? ਇਹ ਸੀ ਬ੍ਰਾਹਮਣਵਾਦ, ਜਿਸ ਦਾ ਕਬਜ਼ਾ ਸੀ ਤੇ ਜਿਸ ਨੂੰ ਮਨੂੰਵਾਦ ਵੀ ਕਿਹਾ ਜਾਂਦਾ ਹੈ ।

ਵੀਹਵੀਂ ਸਦੀ ਤੋਂ ਲਗਪਗ 2200 ਸਾਲ ਪਹਿਲਾਂ ਇਸ ਦੇਸ਼ ਉਪਰ ਮਹਾਤਮਾ ਬੁੱਧ ਵੱਲੋਂ ਕੀਤੀ ਗਈ ਕ੍ਰਾਂਤੀ ਨਾਲ ਸ਼ੂਦਰ ਰਾਜ ਕਾਇਮ ਹੋਇਆ, ਜਿਸ ਨੂੰ ਪਹਿਲਾਂ ਨੰਦ ਖਾਨਦਾਨ ਅਤੇ ਫਿਰ ਮੋਰੀਆ ਵੰਸ਼ ਵੀ ਕਿਹਾ ਜਾਂਦਾ ਹੈ । ਚੰਦਰ ਗੁਪਤ ਮੋਰੀਆ ਭਾਰਤ ਦੀ ਆਦਿਵਾਸੀ ਨਾਗ ਲੜਕੀ ਮੁਰਾ ਦਾ ਪੁੱਤਰ ਸੀ । ਇਹ ਨਾਗ ਕੌਮ ਕਦੀ ਸਾਰੇ ਭਾਰਤ 'ਤੇ ਰਾਜ ਕਰਦੀ ਸੀ, ਜਿਸ ਦੀ ਰਾਜਧਾਨੀ ਨਾਗਪੁਰ ਸੀ । ਅਸ਼ੋਕ ਰਾਜ ਵੇਲੇ ਕੇਰਲਾ ਨੂੰ ਕਲਿੰਗਾ ਕਿਹਾ ਜਾਂਦਾ ਸੀ । ਬੋਧੀ ਰਾਜ ਸਮੇਂ, ਜੋ ਅਸ਼ੋਕ ਤੋਂ ਬ੍ਰਿਹਦਰਥ ਤੀਕ ਚਲਿਆ, ਇਸ ਦੇਸ਼ ਵਿਚੋਂ ਜ਼ਾਤ-ਪਾਤ, ਊਚ-ਨੀਚ, ਬ੍ਰਾਹਮਣਵਾਦ, (ਮਨੂੰਵਾਦ) ਕਾਫੀ ਹੱਦ ਤੀਕ ਖਤਮ ਕਰ ਦਿੱਤਾ ਸੀ, ਪ੍ਰੰਤੂ ਅੰਤਿਮ ਰਾਜਾ ਬ੍ਰਿਹਦਰਥ ਨੂੰ ਉਸ ਦੇ ਪ੍ਰਧਾਨ ਸੈਨਾਪਤੀ, ਜੋ ਬ੍ਰਾਹਮਣ ਸੀ, ਤੇ ਜਿਸ ਦਾ ਨਾਂ ਪੁਸ਼ਯ ਮਿਤਰ ਸੀ, ਨੇ ਕਤਲ ਕਰ ਦਿੱਤਾ ਅਤੇ ਆਪ ਗੱਦੀ 'ਤੇ ਬੈਠ ਗਿਆ । ਇਹ ਸ਼ੁੰਗਵੰਸ਼ੀ ਬ੍ਰਾਹਮਣ ਰਾਜ ਸੀ । ਗੱਦੀ ਦੇ ਬੈਠਣ ਨਾਲ ਹੀ ਉਸ ਨੇ ਇਕ ਬੋਧੀ ਭਿਖਸ਼ੂ (ਜੋ ਬ੍ਰਾਹਮਣਵਾਦੀ ਨਹੀਂ ਸੀ) ਜਾਂ ਆਮ ਬੋਧੀ ਨੂੰ ਵੀ ਕਤਲ ਕਰਨ ਦਾ 100 ਦਿਨਾਰ ਇਨਾਮ ਰੱਖਿਆ, ਜਿਸ ਦਾ ਅੱਜ 2700 ਰੁਪਇਆ ਬਣਦਾ ਹੈ । ਇਸ ਪੁਸ਼ਯ ਮਿਤਰ ਰਾਜੇ ਨੇ ਬੋਧੀ ਰਾਜ ਨੂੰ ਵੱਡੀ ਪੱਧਰ 'ਤੇ ਤਹਿਸ-ਨਹਿਸ ਕੀਤਾ ਤੇ ਹੌਲੀ-ਹੌਲੀ ਭਾਰਤ ਵਿਚੋਂ ਬੋਧੀ ਲੱਭਣੇ ਔਖੇ ਹੋ ਗਏ । ਬੋਧੀ ਸਿਰਫ ਇਥੇ ਹੀ ਰਹਿ ਗਏ ਜਿਥੇ ਬ੍ਰਾਹਮਣਵਾਦੀਆਂ ਦਾ ਜ਼ੋਰ ਨਹੀਂ ਸੀ ਚਲ ਸਕਦਾ । ਜਿਵੇਂ ਸ਼੍ਰੀ ਲੰਕਾ, ਜਾਪਾਨ, ਸਿਘਾਪੁਰ, ਮਲਾਇਆ, ਤਿੱਬਤ, ਨੇਪਾਲ ਆਦਿ । ਇਸ ਕੰਮ ਵਿਚ ਕੁਝ ਮੁਸਲਮਾਨ ਬਾਦਸ਼ਾਹਾਂ ਨੇ ਵੀ ਕਾਫੀ ਹਿੱਸਾ ਪਾਇਆ ਅਤੇ ਬੋਧੀ ਸੱਭਿਆਚਾਰ ਦੀ ਤਬਾਹੀ ਕੀਤੀ । ਕਿਉਂਕਿ ਬੁੱਧ ਧਰਮ ਫੈਲਿਆ ਹੀ ਇਸ ਅਧਾਰ 'ਤੇ ਸੀ ਕਿ ਕੋਈ ਆਤਮਾ ਨਹੀਂ, ਕੋਈ ਪ੍ਰਮਾਤਮਾ ਨਹੀਂ, ਸਮਾਜ ਦਾ ਚੰਗਾ ਮੰਦਾ ਆਦਮੀ ਦਾ ਕੀਤਾ ਹੋਇਆ ਹੈ । ਸਭ ਕੁਝ ਤਰਕ 'ਤੇ ਅਧਾਰਿਤ ਸੀ । ਵਿਗਿਆਨਕ ਤੌਰ 'ਤੇ ਜਿਸ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ, ਜਿਸ ਨੂੰ ਦਲੀਲ ਦੇ ਕੇ ਪਰਖਿਆ ਨਹੀਂ ਜਾ ਸਕਦਾ, ਉਹ ਸਭ ਝੂਠ ਹੈ, ਪਾਖੰਡ ਹੈ । ਕੋਈ ਛੂਆ-ਛਾਤ ਨਹੀਂ, ਕੋਈ ਜਾਤ-ਪਾਤ ਨਹੀਂ । ਬ੍ਰਾਹਮਣਸ਼ਾਹੀ ਦੇ ਖਿਲਾਫ, ਇਸ ਦੇ ਕਰਮ-ਕਾਂਡ ਦੇ ਖਿਲਾਫ ਉਸ ਨੇ

ਮਹਾਨ ਫਲਸਫੇ ਨੇ ਸਮਾਜ ਦੀ ਤਕਦੀਰ ਬਦਲ ਕੇ ਰੱਖ ਦਿੱਤੀ ਤੇ ਇਹ ਸੁਨਹਿਰੀ ਯੁੱਗ ਅਖਵਾਇਆ । ਪ੍ਰੰਤੂ ਬ੍ਰਾਹਮਣਸ਼ਾਹੀ ਦੇ ਮੁੜ ਕਬਜ਼ੇ ਨਾਲ ਭਾਰਤੀ ਸਮਾਜ ਅੰਦਰ ਮੁੜ ਬ੍ਰਾਹਮਣਸ਼ਾਹੀ ਕਲਚਰ ਬੁਰੀ ਤਰ੍ਹਾਂ ਲਾਗੂ ਹੋਣਾ ਸ਼ੁਰੂ ਹੋ ਗਿਆ । ਮਨੂੰ ਸਿਮਰਤੀ ਇਸੇ ਸਮੇਂ ਦੀ ਦੇਣ ਹੈ, ਜਿਸ ਨੇ ਅਜਿਹੇ ਕਾਨੂੰਨ ਘੜੇ ਕਿ ਭਾਰਤੀ ਸਮਾਨ ਐਨਾ ਖੇਰੂੰ-ਖੇਰੂੰ ਹੋ ਗਿਆ ਕਿ 712 ਈ. ਤੋਂ ਬਾਹਰੋਂ ਮੁਸਲਮਾਨਾਂ ਦੇ ਹਮਲੇ ਸ਼ੁਰੂ ਹੋ ਗਏ, ਜੋ ਮੁਗਲ ਸਾਮਰਾਜ ਸਥਾਪਤ ਹੋਣ ਤੱਕ ਜਾਰੀ ਰਹੇ । ਮਹਿਮੂਦ ਗਜ਼ਨਵੀ ਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਇਸ ਦੇਸ਼ ਦੀ ਦੌਲਤ ਨੂੰ ਲੁੱਟ ਕੇ ਮੁੜਦੇ ਰਹੇ । ਉਨ੍ਹਾਂ ਇਸ ਦੇਸ਼ ਦੀ ਦੌਲਤ ਵੀ ਲੁੱਟੀ ਅਤੇ ਅਨੇਕ ਔਰਤਾਂ ਨੂੰ ਬੰਦੀ ਬਣਾ ਕੇ ਆਪਣੇ ਦੇਸ਼ ਪਰਤੇ ਤੇ ਅੰਤ ਇਸ ਸਮਾਜ ਦਾ ਕਬਜ਼ਾ ਮੁਗਲਾਂ ਦੇ ਹੱਥ ਚਲਾ ਗਿਆ । ਇਸ ਸਭ ਦਾ ਜ਼ਿੰਮੇਵਾਰ ਇਸ ਦੇਸ਼ ਦਾ ਸਦੀਆਂ ਪੁਰਾਣਾ ਬ੍ਰਾਹਮਣ ਜਾਤਪਾਤੀ ਕਲਚਰ ਹੈ, ਜਿਸ ਨੂੰ ਭਾਰਤੀ ਸੰਸਕ੍ਰਿਤੀ ਦੇ ਨਾਂ ਨਾਲ ਯਾਦ ਕਰਕੇ, ਡੀਂਗਾਂ ਮਾਰੀਆਂ ਜਾਂਦੀਆਂ ਹਨ । ਇਹ ਕਲਚਰ ਜੋ ਆਰੀਆ ਮੱਧ ਏਸ਼ੀਆ ਤੋਂ ਲੈ ਕੇ ਆਏ, ਭਾਰਤ 'ਤੇ ਕਾਬਜ਼ ਹੋ ਗਏ ਤੇ ਊਚਨੀਚ, ਜਾਤਪਾਤ ਤੇ ਛੂਆਛਾਤ ਵਾਲਾ ਕਲਚਰ ਲਾਗੂ ਕਰਕੇ ਦੇਸ਼ ਦਾ, ਭਾਰਤੀ ਸਮਾਜ ਦਾ ਸਤਿਆਨਾਸ਼ ਕਰ ਦਿੱਤਾ । ਸਾਂਝੇ ਲਹੂ ਦਾ ਰਿਸ਼ਤਾ ਸਦਾ-ਸਦਾ ਲਈ ਖਤਮ ਕਰ ਦਿੱਤਾ । ਇਸ ਕਲਚਰ ਦਾ ਜ਼ਿਕਰ ਮਹਿਮੂਦ ਗਜ਼ਨਵੀ ਦੇ ਸਾਹਿਤਕਾਰ ਅਲਬਰੂਨੀ ਨੇ ਖੁੱਲ੍ਹਕੇ ਕੀਤਾ ਹੈ । ਉਨ੍ਹਾਂ ਦੱਸਿਆ ਕਿ ਕਿਵੇਂ ਮਹਾਨ ਸੰਸਕ੍ਰਿਤੀ ਵਾਲੇ ਲੋਕਾਂ ਨੇ ਸਮਾਜ ਨੂੰ ਜਾਤੀ ਨਫਰਤ ਫੈਲਾ ਕੇ ਖੇਰੂੰ-ਖੇਰੂੰ ਕਰ ਰੱਖਿਆ ਸੀ ਅਤੇ ਕਿਵੇਂ ਬ੍ਰਾਹਮਣ, ਕਸ਼ੱਤਰੀ, ਪ੍ਰੋਹਤ ਜਾਂ ਪਾਂਡੇ ਤੇ ਪੁਜਾਰੀ ਬਣ ਕੇ ਸਮਾਜ ਦਾ ਖੂਬ ਬੁਰਾ ਹਾਲ ਕਰ ਰਹੇ ਸਨ ਅਤੇ ਵਿਹਲੜ ਜੀਵਨ ਬਿਤਾ ਰਹੇ ਸਨ । ਦੇਵੀ-ਦੇਵਤਿਆਂ ਦੇ ਨਾਂ 'ਤੇ ਬਹੁਤ ਸਾਰੇ ਲੋਕ ਐਸ਼ ਕਰ ਰਹੇ ਸਨ । ਸਮਾਜ ਜਾਂ ਦੇਸ਼ ਜਾਂ ਕੌਮ ਨਾਂ ਦੀ ਕੋਈ ਚੀਜ਼ ਨਹੀਂ ਸੀ । ਜੋ ਵੀ ਆਉਂਦਾ ਸੀ, ਭਾਰਤੀਆਂ ਨੂੰ ਭੇਡਾਂ ਬੱਕਰੀਆਂ ਵਾਂਗ ਕਤਲ ਕਰਕੇ ਲੁੱਟ-ਪੁੱਟ ਕੇ ਆਰਾਮ ਨਾਲ ਘਰ ਪਰਤ ਜਾਂਦਾ ਸੀ । ਫਿਰ ਜਦੋਂ ਮੁਗਲ ਕਾਬਜ਼ ਹੋਣ ਦੇ ਯਤਨ ਕਰ ਰਹੇ ਸਨ ਤੇ ਗੁਰੂ ਨਾਨਕ ਵਿਚਾਰ ਧਾਰਾ ਉਭਰ ਕੇ ਸਾਹਮਣੇ ਆ ਰਹੀ ਸੀ ਤਾਂ ਸਮਾਜ 'ਤੇ ਬ੍ਰਾਹਮਣਵਾਦੀ ਕਲਚਰ ਬੁਰੀ ਤਰ੍ਹਾਂ ਕਾਬਜ਼ ਸੀ । ਹਰ ਔਰਤ ਮਰਦ ਦਾ ਆਮ ਜੀਵਨ ਹੀ ਬ੍ਰਾਹਮਣਵਾਦੀ ਕਰਮਕਾਂਡਾਂ ਨਾਲ ਜੁੜਿਆ ਹੋਇਆ ਸੀ ।

ਇਹ ਬ੍ਰਾਹਮਣੀ ਕਰਮ-ਕਾਂਡ ਹੈ ਕੀ ? ਜਦੋਂ ਤੀਕ ਸਾਡੇ ਪਾਠਕਾਂ ਨੂੰ ਇਸ ਦਾ ਪੂਰਾ ਗਿਆਨ ਨਹੀਂ ਹੋਵੇਗਾ, ਉਦੋਂ ਤੀਕ ਉਹ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਸਹੀ ਅਰਥਾਂ ਵਿਚ ਸਮਝ ਨਹੀਂ ਸਕਣਗੇ । ਆਓ ਆਪਾਂ ਹਿੰਦੂ ਧਰਮ ਗ੍ਰੰਥਾਂ ਤੋਂ ਹਵਾਲੇ ਪ੍ਰਾਪਤ ਕਰਕੇ ਇਹ ਵੇਖੀਏ ਕਿ ਬ੍ਰਾਹਮਣਵਾਦ ਕੀ ਹੈ

ਬ੍ਰਾਹਮਣਵਾਦ ਹਜ਼ਾਰਾਂ ਸਾਲਾਂ ਤੋਂ ਜਾਰੀ ਇਕ ਅਜਿਹੀ ਵਿਚਾਰਧਾਰਾ ਹੈ, ਜਿਸਨੂੰ ਬ੍ਰਾਹਮਣ ਜਾਤੀ ਦੇ ਲੋਕਾਂ ਨੇ ਪੈਦਾ ਕੀਤਾ ਅਤੇ ਫੈਲਾਇਆ । ਕਸ਼ੱਤਰੀ ਨੇ ਰਾਜਾ ਬਣਕੇ ਜਾਂ ਤਲਵਾਰ ਬਣਕੇ ਜਿਸ ਦੀ ਰੱਖਿਆ ਕੀਤੀ ਅਤੇ ਵੈਸ਼ ਨੇ ਸਾਰਾ ਆਰਥਿਕ ਪ੍ਰਬੰਧ ਆਪਣੇ ਹੱਥ ਵਿਚ ਲੈ ਕੇ, ਕਬਜ਼ੇ ਵਿਚ ਕਰਕੇ ਆਪਣੇ ਉੱਪਰ ਨਿਰਭਰ ਕੀਤੇ ਗਏ ਗੁਲਾਮ ਸ਼ੂਦਰਾਂ ਨੂੰ ਮਜਬੂਰ ਕੀਤਾ ਕਿ ਉਹ ਬ੍ਰਾਹਮਣੀ ਕਰਮ-ਕਾਂਡ ਅਨੁਸਾਰ ਚਲਣ । ਜੇ ਨਹੀਂ ਚਲਣਗੇ ਤਾਂ ਉਨ੍ਹਾਂ ਉਪਰ ਰੱਬੀ ਕਹਿਰ ਵਰਤੇਗਾ ਅਤੇ ਅਣਮਨੁੱਖੀ ਜ਼ੁਲਮ ਢਾਏ ਜਾਣਗੇ । ਇਹ ਜ਼ੁਲਮ ਕਰਨ ਦਾ ਅਧਿਕਾਰ ਬ੍ਰਾਹਮਣ ਅਤੇ ਵੈਸ਼ ਨੂੰ ਦਿੱਤਾ ਗਿਆ । ਇਸ ਤਰ੍ਹਾਂ ਦੀ ਵਿਵਸਥਾ ਧਾਰਮਿਕ ਗ੍ਰੰਥਾਂ ਵਿਚ ਦਰਜ ਹੈ ਤੇ ਇਸ ਅਧਿਕਾਰਾਂ ਨੂੰ ਧਾਰਮਿਕ ਗ੍ਰੰਥਾਂ ਰਾਹੀਂ ਰੱਬੀ ਕਰਾਰ ਦਿੱਤਾ ਗਿਆ। ਬ੍ਰਾਹਮਣੀ ਵਰਣ ਵੰਡ ਦੀ ਉਤਪਤੀ ਰਿਗਵੇਦ ਵਿਚੋਂ ਹੁੰਦੀ ਹੈ, ਜੋ ਆਰੀਅਨਾਂ ਨੇ ਭਾਰਤ ਵਿਚ ਸਥਾਪਤ ਹੋ ਜਾਣ 'ਤੇ ਲਿਖਿਆ ।

ਆਰੀਆਂ ਦੀ ਬੋਲੀ ਸੰਸਕ੍ਰਿਤ ਹੈ । ਰਿਗਵੇਦ ਅਨੁਸਾਰ ਸਾਰੀ ਉਤਪਤੀ 'ਬ੍ਰਹਮਾ' ਜੋ ਹਿੰਦੂਆਂ ਦਾ ਸਭ ਤੋਂ ਵੱਡਾ ਦੇਵਤਾ ਹੈ ਤੋਂ ਹੁੰਦੀ ਹੈ । ਇਸ ਬ੍ਰਹਮਾ ਦੇ ਸਿਰ (ਮੂੰਹ) ਤੋਂ ਬ੍ਰਾਹਮਣ ਪੈਦਾ ਹੋਇਆ ਹੈ । ਇਸ ਦਾ ਅਰਥ ਹੈ ਕਿ ਬ੍ਰਾਹਮਣ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ । ਇਹ ਧਰਤੀ ਬ੍ਰਾਹਮਣ ਦੀ ਜਾਇਦਾਦ ਹੈ । ਉਹ ਦੇਵਤਿਆਂ ਦਾ ਦੇਵਤਾ ਹੈ । ਵੇਦ ਤਾਂ ਇਥੋਂ ਤੀਕ ਜਾਂਦੇ ਹਨ ਕਿ ਸਾਰਾ ਸੰਸਾਰ ਦੇਵਤਿਆਂ ਅਧੀਨ ਹੈ, ਦੇਵਤੇ ਮੰਤਰਾਂ ਦੇ ਅਧੀਨ ਹਨ ਅਤੇ ਮੰਤਰ ਬ੍ਰਾਹਮਣਾਂ ਦੇ ਅਧੀਨ ਹਨ । ਇਸ ਦਾ ਅਰਥ ਹੈ ਕਿ ਸ੍ਰਿਸ਼ਟੀ ਦਾ ਕਾਰੋਬਾਰ ਹੀ ਬ੍ਰਾਹਮਣਾਂ ਦੇ ਹੱਥ ਵਿਚ ਹੈ । ਭਾਵ ਜੋ ਕੁਝ ਵੀ ਧਰਤੀ 'ਤੇ ਹੋ ਰਿਹਾ ਹੈ, ਸਭ ਕੁਝ ਹੀ ਬ੍ਰਾਹਮਣਾਂ ਦੇ ਹੁਕਮ ਅਨੁਸਾਰ ਹੋ ਰਿਹਾ ਹੈ । ਜੇ ਕਿਸੇ ਨੇ ਸੁਰਗ ਨੂੰ ਜਾਣਾ ਹੈ ਤਾਂ ਉਹ ਬ੍ਰਾਹਮਣ ਦੀ ਪੂਜਾ ਕਰੇ । ਜੇ ਕਿਸੇ ਅੱਛੇ ਫਲ ਦੀ ਪ੍ਰਾਪਤੀ ਕਰਨੀ ਹੈ ਤਾਂ ਬ੍ਰਾਹਮਣਾਂ ਦੀ ਉਪਾਸਨਾ ਕਰੇ, ਆਪਣਾ ਕਮਾਇਆ ਸਭ ਕੁਝ ਬ੍ਰਾਹਮਣਾਂ ਨੂੰ ਦਾਨ ਦੇ ਰੂਪ ਵਿਚ ਦੇ ਦੇਵੇ ।

ਕ੍ਰਿਸ਼ਨ ਤਾਂ ਗੀਤਾ ਵਿਚ ਇੱਥੇ ਤੱਕ ਲਿਖਦਾ ਹੈ ਕਿ ਜਿਸ ਨੇ ਮੈਨੂੰ ਕੁਝ ਦਾਨ ਕਰਨਾ ਹੈ, ਉਹ ਬ੍ਰਾਹਮਣ ਨੂੰ ਦੇ ਦੇਵੇ, ਕਿਉਂਕਿ ਜੋ ਬ੍ਰਾਹਮਣ ਦੇ ਮੂੰਹ ਵਿਚ ਜਾਂਦਾ ਹੈ, ਉਹ ਉਸ ਦੇ (ਕ੍ਰਿਸ਼ਨ ਦੇ) ਮੂੰਹ ਵਿਚ ਆਪਣੇ ਆਪ ਪਹੁੰਚ ਜਾਂਦਾ ਹੈ ।

ਸਨਾਤਨੀ ਧਾਰਮਿਕ ਗ੍ਰੰਥ ਕਹਿੰਦੇ ਹਨ ਕਿ ਬ੍ਰਾਹਮਣ ਰੱਬ ਨੂੰ ਵੀ ਸਰਾਪ ਦੇ ਸਕਦਾ ਹੈ ਅਤੇ ਉਸ (ਰੱਬ) ਨੂੰ ਕੋਹੜੀ ਬਣਾ ਸਕਦਾ ਹੈ । ਬ੍ਰਾਹਮਣ ਨੂੰ ਮਾਰਨਾ ਘੋਰ ਪਾਪ ਹੈ । ਬ੍ਰਾਹਮਣ ਮਾਰਨ ਵਾਲੇ ਨੂੰ 101 ਗਾਂਈਆਂ ਦਾ ਪਾਪ ਲਗਦਾ ਹੈ । ਬ੍ਰਾਹਮਣ ਦੇ ਕੋਲ ਦੀ ਲੰਘਣਾ ਵੀ ਪਾਪ ਹੈ । ਬ੍ਰਾਹਮਣ 'ਤੇ ਪਰਛਾਵਾਂ ਪਾਉਣਾ ਵੀ ਪਾਪ ਹੈ । ਬ੍ਰਾਹਮਣ ਨਾਲ ਦਲੀਲਬਾਜ਼ੀ ਕਰਨ ਵਾਲੇ ਦੀ ਜੀਭ ਕੱਟਣ ਜਾਂ ਉਸ ਦੇ ਮੂੰਹ ਵਿਚ ਤੱਤਾ ਸਰੀਆ ਠੋਕਣ ਦੀ ਸਜ਼ਾ ਹੈ ਤੇ ਕਤਲ ਕਰ ਦੇਣ ਦੀ ਸਜ਼ਾ ਹੈ । ਵੇਦ ਮੰਤਰਾਂ ਨੂੰ ਸੁਣਨ ਵਾਲੇ (ਸ਼ੂਦਰ) ਦੇ ਕੰਨਾਂ ਵਿਚ ਸਿੱਕਾ ਢਾਲਕੇ ਪਾਉਣ ਦੀ ਸਜ਼ਾ ਹੈ । ਮਨੂੰ ਅਨੁਸਾਰ ਬ੍ਰਾਹਮਣ ਦੁਨੀਆ ਦਾ ਸਭ ਤੋਂ ਸੁੰਦਰ ਫੁੱਲ ਹੈ । ਬ੍ਰਾਹਮਣ ਕੁਕਰਮ ਕਰਕੇ ਵੀ ਪਵਿੱਤਰ ਰਹਿੰਦਾ ਹੈ । ਬ੍ਰਾਹਮਣ ਦੀ ਸੇਵਾ ਕਰਨਾ ਸ਼ੂਦਰ ਦਾ ਹੀ ਧਰਮ ਨਹੀਂ, ਸਗੋਂ ਕਸ਼ੱਤਰੀ ਅਤੇ ਵੈਸ਼ ਦਾ ਵੀ ਧਰਮ ਹੈ । ਕਿਸੇ ਤੋਂ ਉਸ ਦੀ ਜਾਇਦਾਦ ਖੋਹ ਲੈਣਾ ਜਾਂ ਕਿਸੇ ਵੀ ਔਰਤ ਨਾਲ ਮਰਜ਼ੀ ਦੇ ਸੰਬੰਧ ਪੈਦਾ ਕਰ ਲੈਣ ਦਾ ਬ੍ਰਾਹਮਣ ਨੂੰ ਦੈਵੀ ਹੱਕ ਹੈ । ਬ੍ਰਾਹਮਣ ਦਾ ਹੁਕਮ ਇਕ ਰਾਜੇ ਦਾ ਹੁਕਮ ਹੈ, ਜੋ ਅੰਤਿਮ ਹੈ । ਜੋ ਦੈਵੀ ਹੈ, ਰੱਬੀ ਹੈ ਤੇ ਜਿਸਨੂੰ ਨਾਂ ਮੰਨਣ ਵਾਲਾ ਨਰਕਾਂ ਨੂੰ ਜਾਂਦਾ ਹੈ । ਬ੍ਰਾਹਮਣ ਚਾਹੇ ਮੂਰਖ ਵੀ ਹੋਵੇ, ਦੁਰਾਚਾਰੀ ਹੋਵੇ ਤਾਂ ਵੀ ਉਸਦੀ ਪੂਜਾ ਕਰਨ ਦਾ ਹੁਕਮ ਹੈ । ਹਰ ਕਾਨੂੰਨ, ਹਰ ਅਦਾਲਤ ਬ੍ਰਾਹਮਣ ਦੇ ਹੱਕ ਵਿਚ ਭੁਗਤੇਗੀ । ਰਾਜਾ ਬ੍ਰਾਹਮਣ ਨੂੰ ਸਜਾ ਨਹੀਂ ਦੇ ਸਕਦਾ । ਬ੍ਰਾਹਮਣ ਜਿਸ ਚੀਜ਼ ਨੂੰ ਛੋਹ ਲਵੇਗਾ, ਉਹ ਅੰਮ੍ਰਿਤ ਬਣ ਜਾਂਦੀ ਹੈ । ਬ੍ਰਾਹਮਣ ਦੀ ਨਿੰਦਿਆ ਕਰਨ ਵਾਲੇ ਨਰਕ ਭੋਗਦੇ ਹਨ ਅਤੇ ਕਾਂ ਦੀ ਜੂਨੀ ਪੈਂਦੇ ਹਨ । ਬ੍ਰਾਹਮਣ ਐਨਾ ਸ਼ਕਤੀਸ਼ਾਲੀ ਹੈ ਕਿ ਮੌਤ ਵੀ ਉਸ ਦੇ ਪੈਰਾਂ ਵਿਚ ਸਿਰ ਝੁਕਾ ਦਿੰਦੀ ਹੈ । ਬ੍ਰਾਹਮਣ ਨੂੰ ਅਧਿਕਾਰ ਹੈ ਕਿ ਉਹ ਕਿਸੇ ਪ੍ਰਕਾਰ ਦਾ ਵੀ ਮਾਸ ਆਪਣੇ ਮੰਤਰਾਂ ਨਾਲ ਪਵਿੱਤਰ ਕਰਕੇ ਖਾ ਸਕਦਾ ਹੈ । ਹਿੰਦੂ ਧਾਰਮਿਕ ਗ੍ਰੰਥ ਦਸਦੇ ਹਨ ਕਿ ਬ੍ਰਾਹਮਣ ਲੋਕ ਹਰ ਪ੍ਰਕਾਰ ਦਾ ਮਾਸ ਵੀ ਖਾਂਦੇ ਸਨ । ਬ੍ਰਾਹਮਣ ਨੂੰ ਸਮਾਜ ਵਿਚ ਸਭ ਤੋਂ ਉੱਚਾ ਰੁਤਬਾ ਪ੍ਰਾਪਤ ਹੈ । ਬ੍ਰਾਹਮਣ ਤੋਂ ਬਿਨਾਂ ਕੋਈ ਹੋਰ ਵਿਅਕਤੀ ਨਾ ਤੋਂ ਵਿਦਿਆ ਹਾਸਲ ਕਰ ਸਕਦਾ ਸੀ ਅਤੇ ਨਾ ਹੀ ਸੰਸਕ੍ਰਿਤ (ਦੇਖੋ ਰਿਗਵੇਦ ਸੂਤਰ 10/85/13, ਸਤਪਥ ਬ੍ਰਾਹਮਣ 3/4/1/2, ਅਤੇ ਅਪਸਤੰਬ ਧਰਮਸੂਤਰ 2/7/16/25-2/7/17/3 ਭਾਸ਼ਾ ਦੀ ਵਰਤੋਂ ਕਰ ਸਕਦਾ ਸੀ ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਬ੍ਰਾਹਮਣ ਸੰਸਾਰ ਭਰ ਦਾ ਹੀ ਸਭ ਤੋਂ ਸ਼ਕਤੀਸ਼ਾਲੀ ਆਦਮੀ ਬਣ ਜਾਂਦਾ ਹੈ । ਹਿੰਦੂ ਧਾਰਮਿਕ ਗ੍ਰੰਥਾਂ ਨੇ, ਜੋ ਕੇ ਅਸਲ ਵਿਚ ਸਮਾਜ ਦੇ ਕਾਨੂੰਨ ਹੀ ਹਨ, ਬ੍ਰਾਹਮਣ ਨੂੰ ਅਸੀਮ ਅਧਿਕਾਰ ਦਿੱਤੇ ਹਨ ਅਤੇ ਇਨ੍ਹਾਂ ਅਧਿਕਾਰਾਂ ਨੂੰ ਰੱਬੀ ਬਣਾ ਕੇ, ਸਮਾਜ ਉੱਪਰ ਕਾਨੂੰਨ ਦੀ ਤਰ੍ਹਾਂ ਲਾਗੂ ਕੀਤਾ ਹੈ ਅਤੇ ਇਕ ਅਜਿਹੇ ਸੱਭਿਆਚਾਰ ਨੂੰ ਜਨਮ ਦਿੱਤਾ ਹੈ, ਜੋ ਭਾਰਤ ਦੀ ਧਰਤੀ ਤਕਦੀ ਹਰ ਸ਼ੈਅ ਨੂੰ ਬ੍ਰਾਹਮਣ ਦੁਆਰਾ ਚਲਾਏ ਗਏ ਕਰਮ ਕਾਂਡ ਦੇ ਘੇਰੇ ਵਿਚ ਲੈ ਆਉਂਦਾ ਹੈ । ਅਸਲ ਵਿਚ ਬ੍ਰਾਹਮਣੀ ਕਾਂਡ ਹੈ ਹੀ ਵਰਤਮਾਨ ਭਾਰਤੀ ਸੱਭਿਆਚਾਰ ਦਾ ਦੂਜਾ ਨਾਉਂ । ਭਾਰਤੀ ਕਲਚਰ ਸਮੁੱਚੇ ਰੂਪ ਵਿਚ ਬ੍ਰਾਹਮਣ ਵਿਚਾਰਧਾਰਾ ਦੇ ਅਧੀਨ ਉਸਰਿਆ ਹੈ ਤੇ ਐਨਾ ਗਹਿਰਾ ਚਲਾ ਗਿਆ ਹੈ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਸ਼ੁਰੂ ਹੋ ਕੇ, ਮਰਨ ਤੋਂ ਬਾਅਦ ਤੀਕ ਜਾਰੀ ਰਹਿੰਦਾ ਹੈ । ਬਹੁਤ ਸਾਰੀਆਂ ਧਾਰਨਾਵਾਂ ਅਜਿਹੀਆਂ ਹਨ, ਜੋ ਬੱਚੇ ਦੇ ਪੇਟ ਵਿਚ ਹੋਣ 'ਤੇ ਹੀ ਸਥਾਪਤ ਹੋ ਜਾਂਦੀਆਂ ਹਨ । ਜਿਵੇਂ ਜਾਤ, ਧਰਮ, ਛੂਆ-ਛਾਤ, ਊਚ-ਨੀਚ, ਇੱਥੇ ਤੱਕ ਕਿ ਅਮੀਰੀ ਗਰੀਬੀ ਵੀ । ਕਿਉਂਕਿ ਬ੍ਰਾਹਮਣੀ ਸੱਭਿਆਚਾਰ ਅਨੁਸਾਰ ਬੱਚਾ ਕਿਸ ਤਰ੍ਹਾਂ ਦੀ ਜਾਤ ਵਿਚ ਜਨਮ ਲਵੇਗਾ, ਉਸ ਦਾ ਰੁਤਬਾ, ਉਸ ਦਾ ਪਾਲਣ ਪੋਸ਼ਣ, ਉਸ ਦੀ ਅਮੀਰੀ-ਗਰੀਬੀ, ਉਸ ਦੇ ਨਾਲ ਹੀ ਬੱਝੀ ਹੋਈ ਹੈ । ਬ੍ਰਾਹਮਣ ਕਰਮ ਕਾਂਡ ਕਾਰਨ ਸਮਾਜ ਵਿਚ ਰਹਿੰਦਿਆਂ ਹਰ ਬੱਚਾ ਉਹ ਕੁਝ ਗ੍ਰਹਿਣ ਕਰਦਾ ਹੈ, ਜੋ ਬ੍ਰਾਹਮਣੀ ਵਿਚਾਰਧਾਰਾ ਨੇ ਉਸ ਲਈ ਨਿਸ਼ਚਤ ਕੀਤਾ ਹੈ, ਕਿਉਂਕਿ ਇਹ ਵਿਚਾਰਧਾਰਾ ਆਪਣੇ ਕਰਮ ਸਿਧਾਂਤ ਅਨੁਸਾਰ ਬੰਦੇ ਦੀ ਕਿਸਮਤ ਘੜਕੇ ਸਹੀ ਕਰਦੀ ਹੈ ਕਿ ਜੋ ਕੁਝ ਉਹ ਪਹਿਨ-ਪੱਚਰ ਰਿਹਾ ਹੈ, ਜੋ ਕੁਝ ਉਹ ਖਾ ਪੀ ਰਿਹਾ ਹੈ, ਜਿਵੇਂ ਕਿਵੇਂ ਵੀ ਉਹ ਰਹਿ ਰਿਹਾ ਹੈ ਜਾਂ ਜੋ ਵੀ ਵਰਤਾਰਾ ਉਸ ਨਾਲ ਹੋ ਰਿਹਾ ਹੈ, ਚੰਗਾ ਮਾੜਾ ਇਹ ਸਭ ਕੁਝ ਉਸ ਦੇ ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਹੈ । ਉੱਚੀ ਜਾਤ ਚੰਗੇ ਕਰਮ, ਨੀਵੀਂ ਜਾਤ ਮਾੜੇ ਕਰਮ, ਉੱਚੀ ਜਾਤ ਉੱਚੀ ਬੁੱਧੀ, ਨੀਚ ਜਾਤ ਨੀਚ ਕਰਮ ਨੀਚ ਬੁੱਧੀ-ਇਸ ਤਰ੍ਹਾਂ ਜਿਉਂ-ਜਿਉਂ ਕਿਸੇ ਜਾਤ ਦਾ ਰੁਤਬਾ ਵਧਦਾ

ਜਾਂਦਾ ਹੈ, ਉਸ ਦੇ ਕਰਮਾਂ ਦਾ ਚੰਗਾਪਣ ਵਧਦਾ ਜਾਂਦਾ ਹੈ । ਜਿਉਂ-ਜਿਉਂ ਜਾਤ ਨੀਵੀਂ ਹੁੰਦੀ ਜਾਂਦੀ ਹੈ, ਉਸਦੇ ਕਰਮਾਂ ਦਾ ਮਾੜਾਪਣ ਵੀ ਵਧਦਾ ਜਾਂਦਾ ਹੈ । ਭਾਵ ਜਾਤ-ਪਾਤ ਜਨਮ ਅਧਾਰਤ ਹੈ । ਇਹ ਸਭ ਕੁਝ ਬੰਦੇ ਨੂੰ ਜਨਮ ਤੋਂ ਹੀ ਮਿਲਦਾ ਹੈ ਤੇ ਜਨਮ ਚੰਗੇ ਮਾੜੇ ਪੂਰਬਲੇ ਕਰਮਾਂ ਦੇ ਅਧਾਰ 'ਤੇ ਚੰਗੀ-ਮਾੜੀ ਜਾਤ ਅਤੇ ਚੰਗੇ ਮਾੜੇ ਘਰ ਵਿਚ ਹੁੰਦਾ ਹੈ ਅਤੇ ਇਸ ਤੋਂ ਬਾਅਦ ਜੋ ਵੀ ਕਰਮ ਮਨੁੱਖ ਆਪਣੇ ਜੀਵਨ ਵਿਚ ਕਰਦਾ ਹੈ, ਉਹ ਉਸ ਦੇ ਪਿਛਲੇ ਕੀਤੇ ਕਰਮਾਂ 'ਤੇ ਨਿਰਭਰ ਹੈ । ਭਾਵ ਉਸ ਦੀ, ਉਸ ਦੇ ਕੰਮਾਂ ਦੀ, ਉਸ ਦੀਆਂ ਪ੍ਰਾਪਤੀਆਂ ਅਪ੍ਰਾਪਤੀਆਂ ਦੀ ਫਹਿਰਿਸਤ ਪਹਿਲਾਂ ਹੀ ਤਿਆਰ ਹੈ ਅਤੇ ਉਹ ਆਪਣੇ ਮੱਥੇ ਦੀਆਂ ਲਕੀਰਾਂ ਜਾਂ ਹੱਥ ਦੀਆਂ ਲਕੀਰਾਂ, ਜੋ ਕਿਸੇ ਵਿਧਮਾਤਾ ਨੇ ਜਨਮ ਵੇਲੇ ਲਿਖ ਦਿੱਤੀਆਂ ਸਨ, ਅਨੁਸਾਰ ਹੀ ਕਰਮ ਕਰਦਾ ਹੈ ਤੇ ਭੋਗਦਾ ਹੈ । ਇਸ ਵਿਚ ਕੋਈ ਵਾਧਾ ਘਾਟਾ ਨਹੀਂ ਹੋ ਸਕਦਾ । ਕੋਈ ਤਬਦੀਲੀ ਨਹੀਂ ਹੋ ਸਕਦੀ । ਜਾਤਪਾਤ ਪ੍ਰਬੰਧ ਤਾਂ ਐਨਾ ਪੱਕਾ ਹੈ ਕਿ ਇਸ ਨੂੰ ਜੀਵਨ ਵਿਚ ਕਦੀ ਵੀ ਬਦਲਿਆ ਨਹੀਂ ਜਾ ਸਕਦਾ । ਦਰਅਸਲ ਭਾਰਤੀ ਬੰਦੇ ਦੀ ਤਕਦੀਰ ਰੱਬ ਨੇ ਨਹੀਂ, ਬ੍ਰਾਹਮਣਾਂ ਨੇ ਲਿਖੀ ਹੈ । ਆਪਣੀ ਖੁਦਗਰਜ਼ੀ ਲਈ । ਨਹੀਂ ਤਾਂ ਸਾਰੀ ਦੁਨੀਆ ਦੇ ਬੰਦੇ ਵੀ ਭਾਰਤੀ ਕਲਚਰ ਵਿਚ ਹੀ ਜਿਉਂਦੇ ਮਰਦੇ ਤੇ ਕਰਦੇ। ਇਹੀ ਕਾਰਨ ਹੈ ਕਿ ਆਰੀਅਨ ਲੋਕਾਂ ਦੁਆਰਾ ਚਲਾਈ ਵਰਣ (ਸਮਾਜਿਕ ਵੰਡ) ਅਤੇ ਜਾਤੀ ਵੰਡ, ਜਿਸ ਵਿਚੋਂ ਛੂਆ-ਛਾਤ ਤੇ ਊਚ-ਨੀਚ ਪੈਦਾ ਹੋਈਆਂ, ਅਜੇ ਤੀਕ ਨਹੀਂ ਟੁੱਟ ਸਕੀ ਜਦੋਂ ਕਿ ਸਾਰੇ ਸੰਸਾਰ ਵਿਚ ਕਿਧਰੇ ਵੀ ਇਹ ਜਾਤਪਾਤੀ ਪ੍ਰਬੰਧ ਨਹੀਂ ਹੈ, ਸਿਵਾਏ ਭਾਰਤ ਤੋਂ ।

ਅੱਜ ਤੱਕ ਵੀ ਉਚਤਾ ਤੇ ਨੀਚਤਾ ਦੀ ਪੂਰਨ ਵਿਵਸਥਾ ਬਣੀ ਹੋਈ ਹੈ । ਕੋਈ ਵੀ ਧਰਮ ਜਾਂ ਨਵੀਂ ਵਿਚਾਰਧਾਰਾ ਆ ਜਾਵੇ, ਸਵਰਨ ਸਮਾਜ ਆਪਣੀ ਉਂਚਤਾ ਵਾਲੀ ਵਿਵਸਥਾ ਬਣਾਉਣ ਵਿਚ ਸਫਲ ਰਹਿੰਦਾ ਹੈ । ਬੁੱਧ ਮਤ ਨੂੰ ਇਸ ਪ੍ਰਬੰਧ ਨੇ ਢਾਹ ਲਾਈ, ਸਿੱਖ ਮਤ ਨੂੰ ਢਾਹ ਲਾਈ । ਮੁਸਲਮ ਮੱਤ ਨੂੰ ਢਾਅ ਲਾਈ । ਭਾਵ ਭਾਰਤ ਵਿਚ ਕੋਈ ਵੀ ਮਤ ਉਠੇ, ਉਹ ਸਮਾਂ ਪਾ ਕੇ ਮੁੜ ਏਸੇ ਵਿਚਾਰਧਾਰਾ ਪ੍ਰਣਾਲੀ ਦੇ ਕਰਮ ਕਾਂਡਾਂ ਦੇ ਅਨੁਕੂਲ ਹੋ ਕੇ ਵਗ ਤੁਰਦਾ ਹੈ । ਇਕ ਵੱਖਰੇ ਨਾਉਂ ਥੱਲੇ ਉਹੀ ਸੋਚ ਅਰੋਕ ਵਗਦੀ ਰਹਿੰਦੀ ਹੈ, ਜੋ ਬ੍ਰਾਹਮਣਵਾਦੀ ਵਿਚਾਰਧਾਰਾ ਹੈ ।

ਆਜ਼ਾਦੀ ਤੋਂ ਬਾਅਦ ਵੀ ਉੱਚ ਵਰਗ ਨੇ ਵੱਖਰੀਆਂ-ਵੱਖਰੀਆਂ ਸੰਸਥਾਵਾਂ ਵਿਚ ਆਪਣੀ ਉੱਚਤਾ ਨੂੰ ਬਣਾਈ ਰੱਖਿਆ ਹੈ । ਸਮਾਜ ਵਿਚ ਤਾਂ ਉਸ ਦਾ ਰੁਤਬਾ ਪਹਿਲਾਂ ਵਾਲਾ ਹੀ ਬਣਿਆ ਹੋਇਆ ਹੈ । ਉਸ ਨੇ ਆਰ.ਐਸ.ਐਸ. ਸ਼ਿਵ ਸੈਨਾ, ਮਹਾਂਵੀਰ ਦਲ, ਹਿੰਦੂ ਮਹਾਂ ਪ੍ਰੀਸ਼ਦ, ਜਨਸੰਘ, ਵਿਸ਼ਵ ਹਿੰਦੂ ਪ੍ਰੀਸ਼ਦ, ਰਾਮ ਸੈਨਾ, ਕ੍ਰਿਸ਼ਨ ਸੈਨਾ, ਪਰਸ਼ੂ ਰਾਮ ਸੈਨਾ, ਬਜਰੰਗ ਬਰਗੇਡ, ਬਜਰੰਗ ਦਲ ਆਦਿ ਵਰਗੀਆਂ ਗੈਰ ਰਾਜਨੀਤਕ ਸੰਸਥਾਵਾਂ ਬਣਾ ਕੇ ਸਮਾਜ ਅੰਦਰ ਆਪਣੀ ਚੌਧਰ ਨੂੰ ਬਣਾਈ ਰੱਖਣ ਲੀ ਹਰ ਢੰਗ ਨਾਲ ਜਾਰੀ ਰੱਖਿਆ ਹੋਇਆ ਹੈ । ਦੂਜੇ ਪਾਸੇ ਰਾਜਨੀਤਕ ਖੇਤਰ 'ਚ ਉਪਰੋਂ ਲੈ ਕੇ ਥੱਲੇ ਤੀਕ ਹਰ ਭਾਗ ਵਿਚ ਸਵਰਨ ਲੋਕਾਂ ਨੇ ਆਪਣਾ ਕਬਜ਼ਾ ਜਮਾਇਆ ਹੋਇਆ ਹੈ । ਕੀ ਵਿਦਿਅਕ, ਕੀ ਧਾਰਮਿਕ, ਕੀ ਸੱਭਿਆਚਾਰਕ, ਕੀ ਰਾਜਨੀਤਕ ਤੇ ਸਮਾਜਿਕ, ਹਰ ਖੇਤਰ ਵਿਚ ਇਹ ਵਿਚਾਰਧਾਰਾ ਕਾਬਜ਼ ਹੈ । ਇਸ ਤਰ੍ਹਾਂ ਗੈਰ ਰਾਜਨੀਤਕ ਅਤੇ ਰਾਜਨੀਤਕ ਜੜ੍ਹਾਂ ਰਾਹੀਂ ਕਰਮਕਾਂਡ ਸਿਧਾਂਤ ਲਗਾਤਾਰ ਜਾਰੀ ਹੈ । ਜਦੋਂ ਵੀ ਕੋਈ ਖਤਰਾ ਬਣਦਾ ਹੈ, ਜਿਥੇ ਰਾਜਨੀਤਕ ਤਾਕਤ ਕਾਰਗਰ ਨਹੀਂ, ਉਥੇ ਗੈਰ ਰਾਜਨੀਤਕ ਸੰਸਥਾਵਾਂ ਆਪਣਾ ਰੋਲ ਨਿਭਾਉਂਦੀਆਂ ਹਨ । ਜਿਥੇ ਗੈਰ-ਰਾਜਨੀਤਕ ਸੰਸਥਾਵਾਂ ਫੇਲ੍ਹ ਹੋ ਜਾਂਦੀਆਂ ਹਨ, ਉਥੇ ਰਾਜਨੀਤਕ ਸੱਤਾ ਆਪਣਾ ਕ੍ਰਿਸ਼ਮਾ ਕਰਦੀ ਦਿਖਾਈ ਦਿੰਦੀ ਹੈ ।

ਇਸ ਬੇਰੋਕ ਪ੍ਰਵਾਹ ਨੂੰ ਸਵਰਨ ਆਰੀਅਨ ਸਮਾਜ ਨੇ ਆਪਣੇ ਧਾਰਮਿਕ ਕਾਨੂੰਨੀ ਗ੍ਰੰਥਾਂ ਵੇਦਾਂ, ਸ਼ਾਸਤਰਾਂ ਪੁਰਾਣਾ ਸਿਮਰਤੀਆਂ, ਮਹਾਂ ਭਾਰਤ, ਰਮਾਇਣ, ਉਪਨਿਸ਼ਦ ਤੇ ਗੀਤਾ ਆਦਿ ਰਾਹੀਂ ਪ੍ਰਫੁੱਲਤ ਕੀਤਾ ਹੈ । ਇਸ ਮਤ ਦਾ ਜਾਤਪਾਤੀ ਨਾਉਂ ਹੈ ਮਨੂੰਵਾਦ ਤੇ ਇਸ ਦਾ ਸਰਮਾਏਦਾਰੀ ਪੂੰਜੀਵਾਦੀ ਨਾਉਂ ਹੈ ਹਿੰਦੂਵਾਦ । ਇਸ ਮਨੂੰਵਾਦ ਦੇ ਕੁਝ ਬੁਨਿਆਦੀ ਅਸੂਲ ਹਨ, ਜਿਨ੍ਹਾਂ ਦੇ ਸਿਰ 'ਤੇ ਇਹ ਲਗਾਤਾਰ ਵਿਕਾਸ ਦੇ ਰਾਹ 'ਤੇ ਹੈ । ਜਿਹੜੀਆਂ ਵੀ ਲਹਿਰਾਂ ਇਸ ਦੇ ਖਿਲਾਫ ਉੱਭਰੀਆਂ, ਜਿਨ੍ਹਾਂ ਵੀ ਲਹਿਰਾਂ ਨੇ ਇਸ ਦੇ ਬੁਨਿਆਦੀ ਸਿਧਾਂਤਾਂ ਨੂੰ ਤੋੜ ਕੇ ਕੋਈ ਨਵਾਂ ਨਰੋਆ ਸਮਾਜ ਸਿਰਜਣਾ ਚਾਹਿਆ, ਉਹ ਕਿਸੇ ਨਾ ਕਿਸੇ ਤਰੁੱਟੀ ਕਾਰਨ ਜਾਂ ਹੋਰ ਕਾਰਨਾਂ ਕਰਕੇ, ਸਮਾਂ ਪਾ ਕੇ ਮੁੜ ਇਸ ਦੇ ਢਹੇ ਚੜ੍ਹ ਗਈਆਂ ਅਤੇ ਆਪਣਾ ਮੂਲ ਗਵਾ ਬੈਠੀਆਂ ।

ਆਓ ਆਪਾਂ ਵੇਖੀਏ ਕਿ ਉਹ ਕਿਹੜੇ ਸਿਧਾਂਤ ਹਨ ਜੋ ਇਸ ਮੱਤ ਦੇ ਥੰਮ੍ਹ ਹਨ । ਇਹ ਥੰਮ੍ਹ ਜਾਂ ਵਿਚਾਰਧਾਰਾ

ਹਿੰਦੂ ਧਾਰਮਿਕ ਗ੍ਰੰਥਾਂ ਵਿਚੋਂ ਭਲੀ-ਭਾਂਤ ਲੱਭਦੀ ਹੈ, ਜਿਸ ਨੂੰ ਇਸ ਦੀਆਂ ਧਾਰਮਿਕ ਸੰਸਥਾਵਾਂ ਹਰ ਹਾਲਤ ਵਿਚ ਚਲਦਾ ਰੱਖਦੀਆਂ ਹਨ। ਬ੍ਰਾਹਮਣਵਾਦ ਇਕ ਅਜਿਹਾ ਵਿਸ਼ਾਲ ਬੇੜਾ ਹੈ। ਜੋ ਸਮਾਜ ਸਾਗਰ ਵਿਚ ਤੂਫਾਨਾਂ ਨਾਲ ਟਕਰਾਉਂਦਾ ਹਜ਼ਾਰਾਂ ਸਾਲਾਂ ਤੋਂ ਆਪਣੇ ਪਥ 'ਤੇ ਅਡੋਲ ਚਲ ਰਿਹਾ ਹੈ। ਤੂਫਾਨ ਆਉਂਦੇ ਹਨ, ਕੁਝ ਨੁਕਸਾਨ ਕਰ ਜਾਂਦੇ ਹਨ, ਪਰ ਜਾਤੀਵਾਦੀ ਵਿਚਾਰਧਾਰਾ ਦਾ ਇਹ ਬੇੜਾ ਨਿੱਕੀਆਂ ਮੋਟੀਆਂ ਵੱਟਾਂ ਖਾਂਦਾ ਅੱਗੇ ਹੀ ਅੱਗੇ ਵਧ ਰਿਹਾ ਹੈ। ਇਸ ਦੀ ਕਰਮਕਾਂਡੀ ਵਿਚਾਰਧਾਰਾ ਹਰ ਤੂਫਾਨੀ ਲਹਿਰ ਵਿਚ ਘੁਸ ਜਾਂਦਾ ਹੈ। ਜਿਸ ਨਾਲ ਹਰ ਵਿਰੋਧੀ ਤੂਫਾਨ ਦਾ ਵੇਗ ਮੱਠਾ ਪੈ ਜਾਂਦਾ ਰਿਹਾ ਤੇ ਹਰ ਵਿਰੋਧੀ ਤੇ ਬਰਾਬਰੀ ਦੀ ਲਹਿਰ ਵੀ ਇਸ ਦੇ ਅਨੁਕੂਲ ਵਗ ਤੁਰੀ।

ਅੱਜ ਇਸ ਦੇ ਖਿਲਾਫ, ਬੋਧੀ ਵਿਚਾਰਧਾਰਾ ਤੋਂ ਬਾਅਦ ਉਠੀ ਲਹਿਰ ਸਿੱਖ ਵਿਚਾਰਧਾਰਾ ਦੇ ਪ੍ਰਸੰਗ ਵਿਚ ਜਦੋਂ ਅਸੀਂ ਸੋਚਦੇ ਹਾਂ ਤਾਂ ਸਾਫ ਦਿਖਾਈ ਦਿੰਦੀ ਹੈ ਕਿ ਸਿੱਖ ਲਹਿਰ ਅੱਜ ਕਮਰਕਾਂਡ ਪੱਖੋਂ (ਨਾ ਕਿ ਮੂਲ ਸਿਧਾਂਤਕ ਪੱਖੋਂ) ਤਾਂ ਪੂਰੀ ਦੀ ਪੂਰੀ ਬ੍ਰਾਹਮਣੀ ਵਿਚਾਰਧਾਰਾ ਹੀ ਬਣ ਚੁੱਕੀ ਹੈ ਅਤੇ ਇਕ ਵੱਖਰੇ ਨਾਂ ਹੇਠ ਵਗਦੀ ਨਜ਼ਰ ਆ ਰਹੀ ਹੈ। ਜਦੋਂ ਕਿ ਬੁੱਧ ਲਹਿਰ ਵਾਂਗ ਇਸ ਦਾ ਮੂਲ ਵੀ ਬ੍ਰਾਹਮਣੀ ਸੋਚ ਨਾਲੋਂ ਮੁਕੰਮਲ ਤੌਰ 'ਤੇ ਵੱਖਰਾ ਹੈ। ਇਸ ਵਖਰੇਂਵੇ ਨੂੰ ਗੁਰਬਾਣੀ ਵਿਚੋਂ ਲੱਭਿਆ ਜਾ ਸਕਦਾ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਨਜ਼ਰੀਏ ਤੋਂ ਵੀ ਅਸੀਂ ਵੇਖਣਾ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਬ੍ਰਾਹਮਣੀ ਵਿਚਾਰਧਾਰਾ ਨਾਲੋਂ ਵੱਖਰੀ ਕਿਵੇਂ ਹੈ ? ਇਨ੍ਹਾਂ ਦੇ ਮੂਲ ਸਿਧਾਂਤਾਂ ਵਿਚ ਕੀ ਅੰਤਰ ਹੈ ? ਇਸ ਅੰਤਰ ਨੂੰ ਸਪੱਸ਼ਟ ਕਰਨ ਲਈ ਸਿੱਖ ਲਹਿਰ ਦੇ ਮੁੱਢਲੇ ਰੂਪ ਵਿਚੋਂ ਅਸੀਂ ਗੁਰੂ ਨਾਨਕ ਬਾਣੀ ਨੂੰ ਲਿਆ ਹੈ। ਇਸ ਦੇ ਸਿਧਾਂਤਾਂ ਤੋਂ ਅਸੀਂ ਸਾਬਤ ਕਰਾਂਗੇ ਕਿ ਇਹ ਦੋਵੇਂ ਵਿਚਾਰਧਾਰਾਵਾਂ ਕਿਧਰੇ ਵੀ ਆਪਸ ਵਿਚ ਮੇਲ ਨਹੀਂ ਖਾਂਦੀਆਂ। ਜਿਥੇ ਇਕ ਦਾ ਮੰਤਵ ਇਕ ਵਿਸ਼ੇਸ਼ ਵਰਗ ਦੀ ਉੱਚਤਾ ਹੈ, ਜੋ ਬਾਕੀਆਂ ਨੂੰ ਕੋਈ ਅਧਿਕਾਰ ਨਹੀਂ ਦਿੰਦੀ, ਉਥੇ ਗੁਰਬਾਣੀ ਵਿਚ ਵਿਅਕਤੀ ਦੇ ਨਾਲ ਸਮਾਜ ਸਮੂਹਿਕ ਰੂਪ ਵਿਚ ਪ੍ਰਧਾਨ ਹੈ। ਜਿਥੇ ਕੋਈ ਇਕ ਵਰਗ ਪ੍ਰਧਾਨ ਨਹੀਂ ਹੈ, ਸਗੋਂ ਸਾਰੇ ਸਮਾਜ 'ਚ ਸਮਾਨਤਾ ਹੈ, ਸਮਤਾ ਹੈ, ਭਾਈਚਾਰਾ ਹੈ ਅਤੇ ਹਰ ਵਿਅਕਤੀ ਦੇ ਇਕੋ ਜਿਹੇ ਫਰਜ਼ ਹਨ ਅਤੇ ਇਕੋ ਜਿਹੇ ਅਧਿਕਾਰ ਹਨ। ਹਰ ਕੋਈ ਦੂਸਰੇ ਵਿਅਕਤੀ ਕਦੇ ਸਮਾਨ ਹੈ। ਉਹ ਆਪਣੀ ਜਾਤੀ ਵਿਸ਼ੇਸ਼ਤਾ ਨਾਲ ਦੂਜਿਆਂ ਨੂੰ ਦਬਾ ਕੇ ਹਥਿਆ ਕੇ ਨਹੀਂ ਰੱਖ ਸਕਦਾ। ਇਸ ਬਾਰੇ ਗੁਰੂ ਨਾਨਕ ਬਾਣੀ ਕਿਵੇਂ ਸਪੱਸ਼ਟ ਕਰਦੀ ਹੈ, ਇਸ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਇਸ ਮੱਤ ਦੇ ਮੂਲ ਅਧਾਰ ਕੀ ਹਨ ? ਹਿੰਦੂ ਧਾਰਮਿਕ ਗ੍ਰੰਥਾਂ ਨੂੰ ਕਿੰਨਾ ਆਧਾਰਾਂ 'ਤੇ ਸਥਾਪਤ ਕੀਤਾ ਹੈ ? ਆਓ ਵੇਖੀਏ ਇਸ ਮਤ ਦੀਆਂ ਮੁੱਖ ਮੰਨਤਾਵਾਂ ਕਿਹੜੀਆਂ ਹਨ?

ਇਹ ਮੰਨਤਾਵਾਂ, ਹਿੰਦੂ ਗ੍ਰੰਥਾਂ ਦੇ ਸਲੋਕਾਂ ਦਾ ਭਾਵ ਅਰਥ ਹਨ;

1. ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ। 2. ਹਿੰਦੂਆਂ ਦੇ ਕੁਲ 33 ਕਰੋੜ ਦੇਵਤੇ ਹਨ। 3. ਬ੍ਰਹਮਾਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਵਿਸ਼ਨੂੰ ਕਾਰਗੁਜ਼ਾਰੀ ਵੇਖਦਾ ਹੈ ਅਤੇ ਪਾਲਣਾ ਕਰਦਾ ਹੈ ਅਤੇ ਸ਼ਿਵ ਮੌਤ ਦਾ ਦੇਵਤਾ ਹੈ। 4. ਇੰਦਰ ਸੁਰਗ ਦਾ ਮਾਲਕ ਹੈ ਜੋ ਪਰੀਆਂ ਦਾ, ਅਪਸਰਾਵਾਂ ਦਾ ਦੇਸ਼ ਹੈ। ਜਿਥੇ ਸ਼ਾਂਤੀ ਹੈ। ਬਹੁਤ ਸੁਖ ਪ੍ਰਾਪਤ ਹੁੰਦੇ ਹਨ। ਠੰਡੀਆਂ ਹਵਾਵਾਂ ਚਲਦੀਆਂ ਹਨ। ਫੁੱਲਾਂ ਦੀ ਵਾਸ਼ਨਾ ਹਰ ਪਾਸੇ ਅਨੁਭਵ ਹੁੰਦੀ ਰਹਿੰਦੀ ਹੈ। ਜਿਥੇ ਆਨੰਦ ਹੀ ਆਨੰਦ ਹੈ। 5. ਇਕ ਨਰਕ ਸਮੂਹ ਹੈ ਜਿਥੇ ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਦੀ ਸਜ਼ਾ ਮਿਲਦੀ ਹੈ। ਮਾੜੇ ਕਰਮ ਕਰਕੇ ਬੰਦਾ ਇਸ ਨਰਕ ਦਾ ਭਾਗੀ ਬਣਦਾ ਹੈ। ਸਭ ਤੋਂ ਵੱਡੀ ਸਜ਼ਾ ਕੁੰਭੀ ਨਰਕ ਹੈ। ਜਿਥੇ ਸਜ਼ਾ ਜਲਣ ਦੀ ਹੈ। ਜਮਦੂਤ ਸਜ਼ਾਵਾਂ ਦਿੰਦੇ ਹਨ। 6. ਨਰਕਾਂ ਦਾ ਮਾਲਕ ਧਰਮਰਾਜ ਹੈ। ਜੋ ਬੰਦੇ ਦੇ ਕਰਮਾਂ ਦਾ ਲੇਖਾ-ਜੋਖਾ ਕਰਕੇ, ਉਸ ਨਰਕ ਦੀ ਸਜ਼ਾ ਸੁਣਾਉਂਦਾ ਹੈ ਜਾਂ ਸੁਰਗ ਵਿਚ ਭੇਜਦਾ ਹੈ। 7. ਚਿਤਰ-ਗੁਪਤ ਦੋ ਅਦਿਖ ਲਿਖਾਰੀ ਹਨ ਜੋ ਬੰਦੇ ਦੇ ਨਾਲ ਸਾਰੀ ਉਮਰ ਰਹਿੰਦੇ ਹਨ ਅਤੇ ਕਰਮਾਂ ਕੁਕਰਮਾਂ, ਚੰਗੀਆਂ-ਮੰਦੀਆਂ ਸੋਚਣੀਆਂ ਆਦਿ ਦਾ ਚਿੱਠਾ ਤਿਆਰ ਕਰਦੇ ਹਨ। ਧਰਮ ਰਾਜ ਕੋਲ ਜਾ ਕੇ ਇਨ੍ਹਾਂ ਦਾ ਲੇਖਾ-ਜੋਖਾ ਕਰਕੇ ਹੀ ਨਰਕ ਸੁਰਗ ਦਾ ਫੈਸਲਾ ਕੀਤਾ ਜਾਂਦਾ ਹੈ। 8. ਆਦਮੀ ਜਦੋਂ ਮਰਦਾ ਹੈ ਤਾਂ ਆਤਮਾ ਆਦਮੀ ਨੂੰ ਛੱਡ ਜਾਂਦੀ ਹੈ ਆਤਮਾ ਨੂੰ ਧਰਮ ਰਾਜ ਦੇ ਜਮਦੂਤ ਲੈ ਕੇ ਜਾਂਦੇ ਹਨ। ਆਤਮਾ ਨੂੰ ਹੀ ਸਵਰਗ ਜਾਂ ਨਰਕ ਦੀ ਸਜ਼ਾ ਭੁਗਤਣੀ ਪੈਂਦੀ ਹੈ। ਉਹੀ ਆਤਮਾ ਫਿਰ ਦੂਜੀਆਂ ਜੂਨਾਂ ਵਿਚ ਪੈਂਦੀ ਹੈ। 9. ਆਤਮਾ ਆਪਣੇ ਮੰਦੇ ਕਰਮਾਂ ਕਾਰਨ 84 ਲੱਖ ਜੂਨਾਂ ਦੇ ਚੱਕਰ ਵਿਚ ਹੀ ਭਟਕਦੀ ਰਹਿੰਦੀ ਹੈ। 10. 84 ਲੱਖ ਜੂਨਾਂ ਭੁਗਤਣ ਤੋਂ ਬਾਅਦ ਹੀ ਉਸ ਨੂੰ ਮਨੁੱਖੀ ਜੂਨ ਫਿਰ ਮਿਲਦੀ ਹੈ। 11. ਨਰਕ ਤੋਂ ਮੁਕਤੀ ਪ੍ਰਾਪਤ ਕਰਨ ਲਈ

ਅਤੇ ਸੁਰਗ ਪ੍ਰਾਪਤ ਕਰਨ ਲਈ ਆਦਮੀ ਨੂੰ ਸਵਰਨ ਸਮਾਜ ਵੱਲੋਂ ਧਾਰਮਿਕ ਗ੍ਰੰਥਾਂ ਵਿਚ ਦਿੱਤੇ ਹੇਠ ਲਿਖੇ ਕਰਮ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਸੰਸਕਾਰਾਂ ਦਾ ਕਰਮ ਕਾਂਡ ਕਿਹਾ ਜਾਂਦਾ ਹੈ।

(ੳ) ਬ੍ਰਹਮਾਂ ਦੇ ਸੀਸ 'ਚੋਂ ਪੈਦਾ ਹੋਏ ਬ੍ਰਾਹਮਣਾਂ ਦੀ ਸੇਵਾ ਕਰਨਾ। (ਅ) ਬ੍ਰਾਹਮਣ ਨੂੰ ਸੋਨਾ, ਚਾਂਦੀ, ਕੱਪੜੇ-ਗਹਿਣੇ, ਗਊਆਂ ਅਤੇ ਹੋਰ ਪਸ਼ੂ, ਥਾਂ-ਜ਼ਮੀਨ ਆਦਿ ਭੇਂਟ ਕਰਨਾ। (ੲ) ਬ੍ਰਾਹਮਣਾਂ ਵੱਲੋਂ ਮਾਣਤਾ ਪ੍ਰਾਪਤ ਦੇਵਤਿਆਂ ਦੀਆਂ ਪੱਥਰ ਮੂਰਤੀਆਂ ਦੀ ਪੂਜਾ ਕਰਨਾ। ਜਿਵੇਂ ਬ੍ਰਹਮਾ, ਸ਼ਿਵ, ਵਿਸ਼ਨੂੰ, ਕ੍ਰਿਸ਼ਨ, ਰਾਮ ਚੰਦਰ, ਹਨੂੰਮਾਨ, ਇੰਦਰ, ਲਾਟਾਂ ਵਾਲੀ, ਜੋਤਾਂ ਵਾਲੀ, ਸ਼ੇਰਾਂ ਵਾਲੀ, ਕਾਲੀ ਕਲਕੱਤੇ ਵਾਲੀ, ਕਾਲਕਾ, ਨੈਣਾ ਦੇਵੀ, ਗੰਗਾ, ਸਰਸਵਤੀ, ਸ਼ਿਵਲਿੰਗ, ਗਣੇਸ਼, ਲੱਛਮੀ, ਦੁਰਗਾ ਆਦਿ ਅਨੇਕ ਦੇਵੀ-ਦੇਵਤਿਆਂ ਦੀ ਪੂਜਾ ਕਰਨਾ ਤੇ ਭੇਟਾਂ ਚੜ੍ਹਾਉਣੀਆਂ। (ਸ) ਇਨ੍ਹਾਂ ਦੇਵੀ-ਦੇਵਤਿਆਂ ਸਾਹਮਣੇ ਬੰਦਿਆਂ, ਔਰਤਾਂ ਤੇ ਬੱਚਿਆਂ ਦੀਆਂ ਬਲੀਆਂ ਚੜ੍ਹਾਉਣਾ। ਫਿਰ ਚੰਗੇ-ਚੰਗੇ ਪਸ਼ੂਆਂ ਦੀ ਬਲੀਆਂ ਚੜ੍ਹਾਉਣਾ। ਇਨ੍ਹਾਂ ਬਲੀਆਂ ਦੇ ਚੜ੍ਹਾਉਣ ਵੇਲੇ ਵੇਦਾਂ ਦੇ ਮੰਤਰ ਰਟਣ ਹੁੰਦੇ ਹਨ। ਇਹ ਮੰਤਰ ਸਿਰਫ ਬ੍ਰਾਹਮਣ ਹੀ ਪੜ੍ਹ ਸਕਦਾ ਹੈ। ਇਸ ਤਰ੍ਹਾਂ ਬਲੀ ਚੜ੍ਹਾਏ ਬੰਦੇ ਅਤੇ ਪਸ਼ੂ ਵੀ ਜਜਮਾਨ ਦੇ ਨਾਲ ਸੁਰਗ ਨੂੰ ਪ੍ਰਾਪਤ ਹੁੰਦੇ ਹਨ। (ਹ) ਬਲੀ ਚੜ੍ਹਾਏ ਗਏ ਪਸ਼ੂਆਂ ਨੂੰ ਮੰਤਰ ਪੜ੍ਹਨ ਤੋਂ ਬਾਅਦ ਖਾਣਾ ਪ੍ਰੋਹਿਤਾਂ ਦਾ ਅਹਾਰ ਸੀ। ਹਵਾਲੇ ਪਹਿਲਾਂ ਦਿੱਤੇ ਹਨ। ਇਸ ਤਰ੍ਹਾਂ ਬਲੀਆਂ ਚੜ੍ਹਾਉਂਦੇ ਸਮੇਂ ਹਵਨ ਯੱਗ ਕਰਨਾ ਮਣਾਂ ਮੂੰਹੀ ਦੇਸੀ ਘਿਉ ਪਵਿੱਤਰ ਅੱਗ ਵਿਚ ਪਾਉਣਾ, ਵਾਸ਼ਨਾ ਵਾਲੀਆਂ ਲੱਕੜੀਆਂ ਦੀ ਅੱਗ ਬਾਲ ਕੇ ਮੰਤਰ ਰਟਣਾ ਅਤੇ ਬਲੀ ਚੜ੍ਹਾਏ ਪਸ਼ੂਆਂ ਦਾ ਮਾਸ ਤਿਆਰ ਕਰਕੇ ਖਾਣਾ ਤੇ ਸੋਮ ਰਸ ਪੀਣਾ। (ਕ) ਸੰਖ ਪੂਰਨੇ, ਘੰਟੀਆਂ ਖੜਕਾਉਣੀਆਂ, ਮਾਲਾ ਫੇਰਨੀਆਂ, ਘਿਉ ਦੇ ਦੀਵਿਆਂ ਨਾਲ ਆਰਤੀਆਂ ਉਤਾਰਨੀਆਂ, ਵੇਦਾਂ ਸ਼ਾਸਤਰਾਂ ਦੇ ਗੀਤ ਗਾਉਣੇ ਮੰਤਰ ਗਾਉਣੇ। (ਖ) ਕਿਸੇ ਵੀ ਕੰਮ ਕਰਨ ਤੋਂ ਪਹਿਲਾਂ ਪੰਡਤ ਬ੍ਰਾਹਮਣ ਤੋਂ ਮਹੂਰਤ ਕਢਵਾਉਣਾ, ਦਿਨ ਵਾਰ ਵੇਖਕੇ ਚੰਗੇ ਮਾੜੇ ਲਗਨ ਨੂੰ ਵਿਚਾਰਨਾ ਅਤੇ ਸਿ ਸਾਰੇ ਕੁਝ ਲਈ ਬ੍ਰਾਹਮਣ ਨੂੰ ਮੂੰਹ ਮੰਗਿਆ ਦਾਨ ਦੇਣਾ। (ਗ) ਗ੍ਰਹਿਆਂ ਦੇ ਹਿਸਾਬ 'ਤੇ ਦਿਨਾਂ ਦੇ ਹਿਸਾਬ 'ਤੇ, ਘੜੀਆਂ ਦੇ ਹਿਸਾਬ 'ਤੇ ਬੰਦੇ ਦੀਆਂ ਕਰਮ ਕੁੰਡਲੀਆਂ ਤਿਆਰ ਕਰਨਾ। ਸੁੱਖਾਂ ਅਤੇ ਕਲੇਸ਼ਾਂ ਦੇ ਚਿੱਠੇ ਤਿਆਰ ਕਰਨੇ। (ਘ) ਭਾਰੇ ਤੇ ਕਸ਼ਟ ਦੇ ਦਿਨਾਂ ਲਈ ਮੰਤਰ ਸਾਧਨੇ, ਭਜਨ ਗਾਉਣੇ, ਧੂਫ ਧੁਖਾਉਣੇ, ਤੀਰਥ ਇਸ਼ਨਾਨ ਕਰਵਾਉਣੇ, ਮੰਤਰ-ਤੰਤਰ, ਧਾਗੇ ਤਵੀਤ ਕਰਨੇ, ਟੂਣੇ ਕਰਨੇ, ਗ੍ਰਹਿਣਾਂ ਤੋਂ ਬਚਾਉਣਾ, ਰਾਹੂ ਕੇਤੂ ਸ਼ਨੀ ਬੁੱਧ ਆਦਿ ਦੇਵਤਿਆਂ ਦਾ ਭਰਮਣ ਬੰਦੇ ਦੇ ਹਿੱਤ ਵਿਚ ਬਦਲ ਦੇਣਾ ਅਤੇ ਇਸ ਸਾਰੀ ਕ੍ਰਿਆ ਲਈ ਬ੍ਰਾਹਮਣਾਂ ਨੂੰ ਮੂੰਹ ਮੰਗਵਾਂ ਦਾਨ ਦੇਣਾ। (ਚ) ਕਪਾਹ ਦੇ ਸੂਤ ਤੋਂ ਬਣਾਏ (ਤੱਗ ਜੰਜੂ ਜਨੇਊ ਧਾਗੇ) ਨੂੰ ਗੰਢਾਂ ਦੇ ਕੇ ਗੱਲ ਵਿਚ ਪਾ ਕੇ ਅਸਲੀ ਹਿੰਦੂ ਅਖਵਾਉਣਾ ਅਤੇ ਬ੍ਰਾਹਮਣ ਨੂੰ ਗੁਰੂ ਧਾਰਨਾ। ਉਸ ਦੀ ਸਿੱਖਿਆ ਲੈ ਕੇ ਉਸ 'ਤੇ ਅਮਲ ਕਰਨਾ।

ਬ੍ਰਾਹਮਣੀ ਕਲਚਰ ਦੀ ਸਿੱਖਿਆ (ਬ੍ਰਾਹਮਣੀ ਕਰਮ ਕਾਂਡ)

1. ਉਨ੍ਹਾਂ ਦੇ ਰਚੇ ਗ੍ਰੰਥਾਂ ਅਨੁਸਾਰ ਚੱਲਣਾ। 2. ਨੀਵੀਆਂ ਜਾਤੀਆਂ ਨਾਲ ਛੂਆ-ਛਾਤ ਕਰਨਾ ਭਾਵ ਉਨ੍ਹਾਂ ਤੋਂ ਦੂਰ ਰਹਿਣਾ। 3. ਭਿੱਟੇ ਜਾਣ ਤੇ ਸਣੇ ਕੱਪੜੀਂ ਗੰਗਾ ਜਲ ਨਾਲ ਨਹਾਉਣਾ ਜਾਂ ਪੰਜ ਗਵੇ ਨਾਲ (ਗਾਂ ਦਾ ਮੂਤਰ, ਗੋਹਾ, ਦੁੱਧ, ਦਹੀਂ ਤੇ ਮੱਖਣੀ ਨਾਲ) ਨਹਾਉਣਾ ਤੇ ਸ਼ੁੱਧ ਹੋਣਾ। ਵਰਤ ਰੱਖਣਾ। 4. ਨੀਵੀਆਂ ਜਾਤੀਆਂ ਨਾਲ ਹਰ ਸਾਂਝ ਨੂੰ ਤੋੜ ਕੇ ਰੱਖਣਾ। (ਰੋਟੀ ਤੇ ਬੇਟੀ ਦੀ ਸਾਂਝ ਨਾ ਕਰਨਾ) 5. ਸ਼ੂਦਰ ਭਾਵ ਨੀਚ ਜਾਤਾਂ ਨਾਲ ਕੁੱਤਿਆਂ ਵਰਗਾ ਸਲੂਕ ਕਰਨਾ। ਉਨ੍ਹਾਂ ਨੂੰ ਮਾਰਨ ਦਾ ਪਾਪ ਕੁੱਤੇ, ਕਿਰਲੀ, ਕਾਂ, ਨਿਓਲੇ ਆਦਿ ਬਰਾਬਰ ਸਮਝਣਾ, ਪਰ ਬ੍ਰਾਹਮਣ ਨੂੰ ਮਾਰਨ ਦਾ ਖਿਆਲ ਤੱਕ ਵੀ ਨਾ ਲਿਆਉਣਾ। ਜੇ ਬ੍ਰਾਹਮਣ ਅਚਾਨਕ ਮਰ ਜਾਵੇ ਤਾਂ 101 ਗਊਆਂ ਪੁੰਨ ਕਰਕੇ ਪਛਤਾਵਾ ਕਰਨਾ। 6. ਸ਼ੂਦਰਾਂ ਕੋਲੋਂ ਦਾਨ ਵਿਚ ਕੀਮਤੀ ਵਸਤਾਂ ਲੈਣਾ ਅਤੇ ਉਹ ਗੰਗਾ ਜਲ ਵਿਚ ਧੋ ਕੇ ਪਵਿੱਤਰ ਕਰਨਾ। ਇਹ ਦਾਨ ਸਿੱਧੇ ਹੱਥ ਨਹੀਂ ਫੜਨਾ, ਸਗੋਂ ਦੂਰ ਰਖਾ ਕੇ ਚੁੱਕਣਾ ਤੇ ਚੁੱਕਣ ਤੋਂ ਬਾਅਦ ਆਪ ਵੀ ਗੰਗਾ ਜਾਂ ਪੰਜ ਰਤਨੀ ਨਾਲ ਪਵਿੱਤਰ ਕਰਨਾ। 7. ਸ਼ੂਦਰ ਨੂੰ ਸਿਰਫ ਸੇਵਾਦਾਰ ਸਮਝਣਾ ਤੇ ਕੰਮ ਬਦਲੇ ਉਸ ਨੂੰ ਮਰਜ਼ੀ ਨਾਲ ਏਨਾ ਦੇਣਾ ਕਿ ਉਹ ਕੰਮ ਕਰਨ ਲਈ ਜਿਉਂਦਾ ਰਹਿ ਸਕੇ। 8. ਸ਼ੂਦਰ ਨੂੰ ਕੋਈ ਧਨ ਮਾਲ ਜ਼ਮੀਨ ਜਾਇਦਾਦ ਨਾ ਦੇਣਾ, ਸਗੋਂ ਜੇਕਰ ਸ਼ੂਦਰ ਪਾਸ ਕਿਸੇ ਕਾਰਨ ਇਹ ਵਸਤੂਆਂ ਆ ਜਾਣ ਤਾਂ ਰਾਜੇ ਦੀ ਸਹਾਇਤਾ ਨਾਲ ਉਸ ਸ਼ੂਦਰ ਪਾਸੋਂ ਖੋਹ ਲੈਣੀਆਂ। (ਦੇਖੋ ਹਿੰਦੂ ਗ੍ਰੰਥਾਂ ਦੇ ਹਵਾਲੇ) 9. ਸ਼ੂਦਰ ਨੂੰ ਕਿਸੇ ਵੀ ਹਾਲਤ ਵਿਚ ਵਿੱਦਿਆ ਹਾਸਲ ਨਹੀਂ ਕਰਨ ਦੇਣਾ। 10. ਸ਼ੂਦਰ ਦਾ ਪਰਛਾਵਾਂ

ਆਪਣੇ 'ਤੇ ਨਹੀਂ ਲੈਣਾ ।ਸ਼ੂਦਰ ਨੂੰ ਬਸਤੀਆਂ ਤੋਂ ਬਾਹਰ ਰੱਖਣਾ ।ਚੰਗੇ ਕੱਪੜੇ ਨਾ ਪਹਿਨਣ ਦੇਣਾ ।ਚੰਗੇ ਘਰ ਨਾ ਬਣਾਉਣ ਦੇਣੇ ।ਪਿੰਡ ਦੇ ਚੜ੍ਹਦੇ ਪਾਸੇ ਨਾ ਰਹਿਣ ਦੇਣਾ ।ਖਾਣ ਨੂੰ ਟੁੱਟੇ ਮਿੱਟੀ ਦੇ ਭਾਂਡਿਆਂ ਵਿਚ ਦੇਣਾ ।ਉੱਚੀ ਥਾਂ ਬੈਠਣ ਵਾਲੇ ਨੂੰ ਪਿੱਠ 'ਤੇ ਗਰਮ ਤੱਤੇ ਸਰੀਏ ਨਾਲ ਦਾਗਣਾ ਆਦਿ ।11. ਉਚ ਜਾਤੀ ਲੜਕੀਆਂ ਦਾ ਪਤੀ ਦੇ ਮਰਨ ਨਾਲ ਹੀ ਬਦਲੀ ਚਿਖਾ ਵਿਚ ਛਾਲ ਮਾਰਕੇ ਸਤੀ ਹੋ ਜਾਣਾ, ਜਾਂ ਸਾਰੀ ਉਮਰ ਵਿਧਵਾ ਰਹਿਣਾ ਜਾਂ ਪੁਜਾਰੀਆਂ ਦੀਆਂ ਬਾਂਦੀਆਂ ਬਣ ਕੇ ਰਹਿਣਾ-ਦੇਵ ਦਾਸੀਆਂ ।12. ਸ਼ੂਦਰ, ਔਰਤ ਤੇ ਪਸ਼ੂ ਨੂੰ ਇਕੋ ਦਰਜਾ ਦੇ ਕੇ ਰੱਖਣਾ ।ਉਨ੍ਹਾਂ ਨਾਲ ਇਕੋ ਜਿਹਾ ਬਦ-ਸਲੂਕ ਕਰਨਾ ।ਔਰਤ ਨੂੰ ਅਨਪੜ੍ਹ ਅਤੇ ਚਾਰਦੀਵਾਰੀ ਅੰਦਰ ਰੱਖਣਾ ।ਕਲੰਕਣੀ ਸਮਝਣਾ ।ਮੂਰਖ ਅਤੇ ਰੱਬ ਦੇ ਰਾਹ ਵਿਚ ਰੋੜਾ ਮੰਨਣਾ, ਪਾਪਾਂ ਦੀ ਖਾਣ ਕਹਿਣਾ ।13. ਬੱਚੇ ਦੇ ਜਨਮ ਵੇਲੇ ਪੰਡਤ ਪੁਜਾਰੀ ਬੁਲਾ ਕੇ ਜਨਮ ਕੁੰਡਲੀਆਂ ਅਤੇ ਮਰਨ ਵੇਲੇ ਸਾਰੇ ਕ੍ਰਿਆ ਕਰਮ ਬ੍ਰਾਹਮਣ ਤੋਂ ਕਰਵਾਉਣਾ ।ਮੁਕਤੀ ਦਾ ਪ੍ਰਬੰਧ ਕਰਾਉਣਾ ।14. ਹਰ ਮੌਤ ਤੋਂ ਬਾਅਦ ਫੁੱਲ ਚੁਗਣਾ, ਫੁੱਲਾਂ ਨੂੰ ਹਰਦੁਆਰ ਜਾ ਕੇ, ਪੰਡਤ ਪ੍ਰੋਹਤ ਤੋਂ ਪੱਤਰੀ ਬਣਵਾ ਕੇ, ਮੰਤਰ ਕਰਵਾ ਕੇ ਗੰਗਾ ਨਦੀ ਵਿਚ ਤਾਰਨਾ ਤੇ ਬ੍ਰਾਹਮਣ ਨੂੰ ਮੂੰਹ ਮੰਗਿਆ ਦਾਨ ਭੇਟ ਕਰਕੇ ਆਤਮਾਵਾਂ ਦੀ ਨਰਕ ਤੋਂ ਮੁਕਤੀ ਕਰਾਉਣਾ।15. ਹਰ ਜੀਵ ਭਾਵ ਮਰਦ ਨੂੰ ਮਰਨ ਤੋਂ ਬਾਅਦ ਅੱਗ ਵਿਚ ਸਾੜਨਾ ।ਕੁਝ ਦਿਨਾਂ ਲਈ ਪੂਜਾ ਪਾਠ ਕਰਵਾਉਣਾ । ਆਤਮਾ ਦੀ ਸ਼ਾਂਤੀ ਲਈ ਅਰਦਾਸਾਂ ਤੇ ਕਰਮ-ਕਾਂਡ ਕਰਵਾਉਣੇ, ਉਨ੍ਹਾਂ ਨੂੰ ਵੱਡੇ ਕਰਨਾ ਭਾਵ ਲੱਡੂ-ਜਲੇਬੀਆਂ ਪਕਾ ਕੇ ਪ੍ਰੋਹਤ ਨੂੰ ਖਵਾਉਣਾ, ਬਰਾਦਰੀ ਨੂੰ ਖਵਾਉਣਾ, ਦਾਨ ਦੱਖਸ਼ਣਾ ਦੇਣੀ। 16. ਕੰਜਕਾਂ ਖੁਆਉਣੀਆਂ ।17. ਤੀਰਥ ਇਸ਼ਨਾਨ ਕਰਕੇ ਕੀਤੇ ਕਰਮਾਂ ਦੀ ਮੈਲ ਲਾਹੁਣੀ ਤੇ ਸੁਰਗਾਂ ਨੂੰ ਜਾਣ ਦਾ ਰਸਤਾ ਬਣਾਉਣਾ ।18. ਤੀਰਥਾਂ 'ਤੇ ਜਾ ਕੇ ਪਿਤਰਾਂ ਨੂੰ ਪਾਣੀ ਦੇਣਾ ।19. ਵਰਤ ਰੱਖਣੇ ।20. ਪਿਤਰਾਂ ਦੇ ਸਰਾਧ ਕਰਨੇ ਤੇ ਪ੍ਰੋਹਤਾਂ ਨੂੰ ਹਲਵੇ ਮੰਡੇ ਤੇ ਖੀਰਾਂ ਖਵਾਉਣੀਆਂ ।21. ਚੁੱਲ੍ਹੇ ਚੌਕਿਆਂ ਨੂੰ ਪਵਿੱਤਰ ਕਰਨ ਲਈ ਗਾਂ ਦੇ ਗੋਹੇ ਦਾ ਮਲ੍ਹਣ ਫੇਰਨਾ ।22. ਸੂਤਕ ਮੰਨਣਾ ਭਾਵ ਪਵਿੱਤਰਤਾ ਅਪਵਿੱਤਰਤਾ ਦਾ ਫਰਕ ਜਾਨਣਾ ।23. ਬੁੱਧ ਧਰਮ ਤੋਂ ਬਾਅਦ ਗਊ ਹੱਤਿਆ ਵਿਚ ਵਿਸ਼ਵਾਸ ਨਾ ਕਰਨਾ ।ਗਾਂ ਨੂੰ ਮਾਤਾ ਦਾ ਦਰਜਾ ਦੇ ਕੇ, ਉਸ ਨੂੰ ਪਵਿੱਤਰ ਮੰਨ ਕੇ, ਉਸ ਦੀ ਸੁਰੱਖਿਆ ਖਾਤਰ ਸੰਘਰਸ਼ ਕਰਨਾ ।24. ਕਈਆਂ ਹਾਲਤਾਂ ਵਿਚ ਗਾਂ ਦਾ ਪਿਸ਼ਾਬ ਪੀ ਕੇ ਪਵਿੱਤਰ ਹੋਣਾ ।25. ਜੀਵ ਹੱਤਿਆ ਕਰਨਾ ।ਮੂੰਹ 'ਤੇ ਪੱਟੀਆਂ ਬੰਨ੍ਹ ਰੱਖਣਾ ।ਨੰਗੇ ਪੈਰੀਂ ਚੱਲਣਾ । (ਜੈਨੀ ਕਰਮ ਕਾਂਡ) 26. ਮੁੰਡਨ ਕਰਾਉਣਾ ।27. ਤਿਲਕ ਲਾਉਣਾ ।28. ਮਾਲਾ ਫੇਰਨੀ ਤੇ ਮੰਤਰਾਂ ਦਾ ਰਟਣ ਕਰਦੇ ਰਹਿਣਾ ।29. ਧੋਤੀ ਪਹਿਨਣੀ ।30. ਕਰਾਮਾਤਾਂ ਵਿਚ ਵਿਸ਼ਵਾਸ ਰੱਖਣਾ ।31. ਵਰਤ ਤੇ ਸਰਾਧ ਦੀ ਕਰਾਮਾਤ ਨੂੰ ਮੰਨ ਕੇ ਚੱਲਣਾ ।32. ਜੱਗ ਕਰਾਉਣਾ ਅਤੇ ਦੁਨੀਆਦਾਰੀ ਤਿਆਗਣਾ ।ਜੰਗਲਾਂ ਵਿਚ ਜਾ ਕੇ ਭਗਤੀ ਕਰਨਾ।ਸੰਸਾਰਕ ਪਦਾਰਥਾਂ ਨੂੰ ਤਿਆਗ ਕੇ, ਸਮਾਜ ਨਾਲੋਂ ਟੁੱਟ ਕੇ ਬਹਿਣਾ ।ਭੋਗ ਬਿਲਾਸ ਖਤਮ ਕਰਨਾ।ਹੱਠ ਤੱਪ ਨਾਲ ਇੰਦਰੀਆਂ ਨੂੰ ਵਸ ਕਰਨਾ।33. ਆਤਮਾ ਤੇ ਪ੍ਰਮਾਤਮਾ ਦਾ ਮੇਲ ਕਰਵਾਉਣ ਲਈ ਅਨੇਕ ਪ੍ਰਕਾਰ ਦੀਆਂ ਹੱਠ ਕਿਰਿਆਵਾਂ ਕਰਨਾ। 34. ਔਰਤ ਨੂੰ ਪਾਪਾਂ ਦੀ ਜੂਨੀ ਸਮਝਣਾ ਅਤੇ ਉਸ ਨੂੰ ਪ੍ਰਮਾਤਮਾ ਦੇ ਰਸਤੇ 'ਤੇ ਚਲਦਿਆਂ ਭਗਤੀ ਨੂੰ ਭੰਗ ਕਰਨ ਵਾਲੀ ਮੰਨਣਾ ।35. ਨੰਗ ਮਲੰਗ ਰਹਿ ਕੇ ਭਗਤੀ ਕਰਨਾ।36. ਵੇਦਾਂ ਸ਼ਾਸਤਰਾਂ ਦਾ ਪਾਠ ਕਰਨਾ।ਕਥਾ ਸੁਣਾਉਣੀਆਂ ਤੇ ਕਰਨੀਆਂ ।ਸੁਰਗ ਦੀ ਪ੍ਰਾਪਤੀ ਲਈ ਗਾਇਤਰੀ ਦਾ ਪਾਠ ਕਰਨਾ ।37. ਦਰਾਵੜ ਜਾਤੀਆਂ, ਰਾਖਸ਼ਾਂ, ਦੈਂਤਾਂ, ਅਸੁਰਾਂ ਨੂੰ ਨਫਰਤ ਨਾਲ ਵੇਖਣਾ। 38. ਚੌਦੇ, ਮੱਸਿਆ, ਪੁੰਨਿਆਂ ਦੇ ਵਰਤ ਤੇ ਇਸ਼ਨਾਨ ਕਰਨਾ ।39. ਪਿੱਪਲ, ਜੰਡ, ਸੂਰਜ, ਚੰਦ, ਪਾਣੀ, ਅੱਗ ਆਦਿ ਨੂੰ ਦੇਵਤੇ ਮੰਨ ਕੇ ਪੂਜਾ ਕਰਨਾ ।40. ਵਰਨ ਪ੍ਰਣਾਲੀ ਅਨੁਸਾਰ ਜੀਵਨ ਜਿਊਣ ਨੂੰ ਧਰਮ ਸਮਝਣਾ। ਜਾਤ-ਪਾਤ ਨੂੰ ਮੰਨ ਕੇ ਚੱਲਣਾ ਅਤੇ ਵੇਦਾਂ ਸਿਮਰਤੀਆਂ ਅੰਦਰ ਮਾਨਸਿਕ ਵਿਸ਼ਵਾਸ ਨੂੰ ਜੀਵਨ ਦਾ ਧੁਰਾ ਮੰਨਣਾ ।41. ਰਿੱਧੀਆਂ ਸਿੱਧੀਆਂ ਵਿਚ ਯਕੀਨ ਰੱਖਣਾ ਤੇ ਇਨ੍ਹਾਂ ਦੀ ਪ੍ਰਾਪਤੀ ਲਈ ਹੱਠ ਆਸਣਾਂ, ਕ੍ਰਿਆ ਕਾਂਡ ਅਤੇ ਚਿੱਲਿਆਂ ਵਿਚ ਵਿਸ਼ਵਾਸ ਰੱਖਣਾ ।42. ਜੋਤਿਸ਼ ਵਿੱਦਿਆ ਰਾਹੀਂ ਮਨੁੱਖ ਦੇ ਅੱਗੇ ਪਿੱਛੇ ਦੀ ਸੋਝੀ ਵਿਚ ਵਿਸ਼ਵਾਸ ਰੱਖਣਾ ਤਾਂ ਫਿਰ ਭਵਿੱਖ ਦੇ ਕਸ਼ਟਾਂ ਨੂੰ ਟਾਲਣ ਲਈ ਜੋਤਿਸ਼ ਦਾ ਹਿਸਾਬ ਲਾ ਕੇ, ਪੁੰਨ ਦਾਨ, ਵਰਤ, ਪੂਜਾ ਤੇ ਟੂਣੇ ਆਦਿ ਕਰਨਾ ।43. ਇਹ ਵਿਸ਼ਵਾਸ ਰੱਖਣਾ ਕਿ ਧਰਤੀ ਬਦਲ ਦੇ ਸਿੰਗਾਂ 'ਤੇ ਖੜ੍ਹੋਤੀ ਹੈ, ਜਦੋਂ ਉਹ ਸਿੰਗ ਤੋਂ ਭਾਰ ਬਦਲਦਾ ਹੈ ਤਾਂ ਭੂਚਾਲ ਆਉਂਦਾ ਹੈ ਅਤੇ ਬਲਦ ਕੱਛੂ ਕੁੰਮੇ ਉਪਰ ਖੜ੍ਹੋਤਾ ਹੈ। ਕੱਛੂ ਕੁੰਮਾਂ.... 44. ਤੀਰਥਾਂ 'ਤੇ ਇਸ਼ਨਾਨ ਕਰਕੇ ਸੁਰਗ ਪ੍ਰਾਪਤ ਕਰਨਾ ਤੇ ਜਨਮਾਂ-ਜਨਮਾਂ ਦੀ ਮੈਲ ਲਾਹੁਣੀ।

45. ਅੰਨ ਨਾ ਖਾਣਾ, ਸਵਾਸਾਂ ਨੂੰ ਦਸਵੇਂ ਦੁਆਰ ਚੜ੍ਹਾਉਣਾ, ਸਿਰ ਸੁਆਹ ਪਾਈ ਰੱਖਣਾ, ਗਰਮੀ ਵਿਚ ਧੂਣੀਆਂ ਤਾਪਣੀਆਂ, ਸਰਦੀਆਂ ਵਿਚ ਠੰਢੇ ਪਾਣੀ ਦੇ ਘੜੇ ਵਿਚ ਸਿਰ ਪਵਾਉਣੇ ਜਾਂ ਠੰਡੇ ਪਾਣੀ ਵਿਚ ਖੜ੍ਹੇ ਰਹਿਣਾ। 46. ਇਕ ਲੱਤ ਤੇ ਖੜ੍ਹੇ ਹੋ ਭਗਤੀ ਕਰਨਾ। ਲੰਮੀਆਂ ਸਮਾਧੀਆਂ ਲਾਉਣਾ। ਲਗਾਤਾਰ ਮੋਨ ਧਾਰ ਕੇ ਮੋਨੀ ਅਖਵਾਉਣਾ, ਮੜ੍ਹੀਆਂ ਮਸਾਣਾ ਵਿਚ ਡੇਰੇ ਪਾ ਕੇ ਬੈਠਣਾ, ਲੰਗੋਟੇ ਕੱਸ ਕੇ, ਇੰਦਰੀਆਂ ਬੰਨ੍ਹ ਕੇ ਜਤੀ ਅਖਵਾਉਣਾ। 47. ਗੰਗਾ ਜਲੀ ਨਾਲ ਸੁੱਚੇ ਹੋਣਾ। ਹੋਮ ਜੱਗ ਕਰਨੇ। 48. ਔਰਤ ਨੂੰ ਪਾਪਣ ਤੇ ਘਟੀਆ ਦਰਜੇ ਦੀ ਸਮਝਣਾ। 49. ਅਸ਼ਟਮੀ, ਚਤੁਰਦਸ਼ੀ, ਅਮਾਵਸ, ਸੰਗਰਾਂਦ, ਉਤਰਾਇਣ ਤੇ ਗ੍ਰਹਿਣ ਆਦਿ ਤੇ ਇਸ਼ਨਾਨ ਕਰਕੇ ਧਰਤੀ 'ਤੇ ਭਾਰ ਨੂੰ ਹੌਲਾ ਕਰਨਾ। 50. ਰਾਮ ਅਤੇ ਕ੍ਰਿਸ਼ਨ ਨੂੰ ਸਰਵ-ਸ਼ਕਤੀ ਮਾਨ ਭਗਵਾਨ ਮੰਨਣਾ। 51. ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਅਮਰ ਮੰਨਣਾ। ਗਣੇਸ਼, ਕਾਲਕਾ ਦੁਰਗਾ ਆਦਿ ਦੀ ਪੂਜਾ ਕਰਨਾ। 52. ਘਰ ਵਿਚ ਠਾਕਰ ਮੂਰਤੀਆਂ ਰੱਖਕੇ ਉਨ੍ਹਾਂ ਦਾ ਇਸ਼ਨਾਨ ਕਰਵਾਉਣਾ, ਅੰਨ ਦਾ ਪਹਿਲਾਂ ਮੂਰਤੀਆਂ ਤੇ ਠਾਕਰਾਂ ਨੂੰ ਭੋਗ ਲਵਾਉਣਾ ਤੇ ਫਿਰ ਆਪ ਖਾਣਾ। 53. ਸੁਰਤੀ ਆਪਣੇ ਇਸ਼ਟ ਨਾਲ ਜੋੜਨਾ ਅਤੇ ਇਸ ਪ੍ਰਕਾਰ ਆਤਮਾ ਤੇ ਪ੍ਰਮਾਤਮਾ ਦਾ ਮੇਲ ਕਰਵਾਉਣਾ। 54. ਗੁਰੂ ਪੀਰ, ਰਿਸ਼ੀ ਮੁਨੀ, ਸਿੱਧ ਜੋਗੀ ਜੰਗਮ ਆਦਿ ਅਖਵਾਉਣਾ ਤੇ ਮੰਗ ਕੇ ਖਾ ਛੱਡਣਾ। 55. ਅਛੂਤ ਕੁਆਰੀਆਂ ਲੜਕੀਆਂ, ਦੇਵਦਾਸੀਆਂ ਦੇ ਰੂਪ ਵਿਚ ਭੇਟਾ ਵਜੋਂ ਲੈਣਾ। ਉਨ੍ਹਾਂ ਦੀ ਸ਼ਾਦੀ ਦੇਵਤੇ ਨਾਲ ਕਰਨੀ ਤੇ ਫਿਰ ਉਨ੍ਹਾਂ ਨਾਲ ਭੋਗ ਵਿਲਾਸ ਕਰਨਾ। ਉਨ੍ਹਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸੁਰਗ ਵਿਚ ਪਹੁੰਚਾਉਣ ਲਈ ਪੁਜਾਰੀਆਂ ਵੱਲੋਂ ਧਾਰਮਿਕ ਕਰਮਕਾਂਡ ਕਰਨਾ ਆਦਿ।

ਹਿੰਦੂ ਕਲਚਰ ਦੇ ਇਹ ਕੁਝ ਅਜਿਹੇ ਮੂਲ ਅਧਾਰ ਹਨ ਜੋ ਸਾਰੇ ਭਾਰਤ ਵਿਚ ਸਾਂਝੇ ਪਾਏ ਜਾਂਦੇ ਹਨ। ਉਪਰ ਦੱਸੇ ਕੁਝ ਖਾਸ ਦੇਵੀਆਂ ਅਤੇ ਦੇਵਤੇ ਹਨ, ਜਿਨ੍ਹਾਂ ਨੂੰ ਤਕਰੀਬਨ ਸਾਰੇ ਭਾਰਤ ਵਿਚ ਹੀ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਕੁਝ ਲੱਖਾਂ ਦੇਵੀ ਦੇਵਤੇ ਹਨ, ਜਿਨ੍ਹਾਂ ਨੂੰ ਆਮ ਜਨਤਾ ਪੂਜਦੀ ਹੈ। ਜਿਵੇਂ ਗੁੱਗਾ, ਖੇਤਰਪਾਲ ਆਦਿ। ਪਰ ਇਹ ਹਰ ਖੇਤਰ ਵਿਚ ਸਾਂਝੇ ਨਹੀਂ ਹਨ। ਮੰਤਰ ਦੀ ਵੱਖਰੀ-ਵੱਖਰੀ ਕਿਸਮ ਦੇ ਵੱਖ-ਵੱਖ ਤਰ੍ਹਾਂ ਦੇ ਦੇਵੀ ਦੇਵਤਿਆਂ ਨਾਲ ਸੰਬੰਧਤ ਹਨ। ਉਨ੍ਹਾਂ ਅੰਦਰ ਹੁੰਦੀ ਪਾਠ ਪੂਜਾ ਦੇ ਢੰਗ ਵੀ ਵੱਖਰੇ-ਵੱਖਰੇ ਹਨ। ਹਰ ਦੇਵੀ ਦੇਵਤੇ ਨੂੰ ਖੁਸ਼ ਕਰਨ ਲਈ ਅਤੇ ਉਸ ਦੀ ਕ੍ਰਿਪਾ ਹਾਸਲ ਕਰਨ ਲਈ ਬੇਸ਼ੁਮਾਰ ਤਰੀਕੇ ਹਨ ਜੋ ਜਗ੍ਹਾ-ਜਗ੍ਹਾ ਵੱਖਰੀ ਕਿਸਮ ਦੇ ਹਨ। ਪ੍ਰੰਤੂ ਇਨ੍ਹਾਂ ਸਭ ਤੌਰ-ਤਰੀਕਿਆਂ ਦੇ ਸਾਰੇ ਵਰਤਾਰੇ ਦਾ ਮੂਲ ਹਿੰਦੂ ਮੱਤ ਹੈ ਜੋ ਵੇਦਾਂ ਸ਼ਾਸਤਰਾਂ ਸਿਮਰਤੀਆਂ, ਪੁਰਾਣਾਂ, ਗੀਤਾ, ਰਮਾਇਣ ਅਤੇ ਮਹਾਂਭਾਰਤ ਆਦਿ ਰਾਹੀਂ ਦਰਸਾਇਆ ਜਾਂਦਾ ਹੈ। ਖਾਸ ਕਰਕੇ ਮਨੂੰ ਸਿਮਤਰੀ ਰਾਹੀਂ ਤੇ ਜਾਂ ਬ੍ਰਾਹਮਣੀ, ਰਿਸ਼ੀਆਂ-ਮੁਨੀਆਂ ਬ੍ਰਹਮਚਾਰੀਆਂ ਸ਼ੰਕਰਾਚਾਰੀਆਂ ਆਦਿ ਰਾਹੀਂ ਨਿਰਧਾਰਤ ਕੀਤਾ ਗਿਆ ਹੈ।

ਇਸ ਤਰ੍ਹਾਂ ਦਾ ਸਮੁੱਚਾ ਵਰਤਾਰਾ ਹੀ ਕਰਮਕਾਂਡ ਹੈ, ਜਿਸ ਨੂੰ ਮਨੂੰਵਾਦ ਵੀ ਕਿਹਾ ਜਾਂਦਾ ਹੈ ਜਾਂ ਇਝ ਕਹਿ ਲਵੋ ਕਿ ਉਹੀ ਹਿੰਦੂ ਹੈ ਜੋ ਉਪਰੋਕਤ ਕਰਮਕਾਂਡਾਂ ਦੀ ਪਾਲਣਾ ਕਰਦਾ ਹੈ, ਇਨ੍ਹਾਂ ਸੰਸਕਾਰਾਂ ਵਿਚ ਪੂਰਨ ਵਿਸ਼ਵਾਸ ਰੱਖਦਾ ਹੈ ਅਤੇ ਇਸ ਵਰਤਾਰੇ ਨੂੰ ਚਲਦਾ ਰੱਖਣ ਲਈ ਸਿੱਧਾ ਜਾਂ ਅਸਿੱਧਾ ਹਿੱਸਾ ਪਾਉਂਦਾ ਹੈ। ਤਾਂ ਹੁਣ ਜਦੋਂ ਅਸੀਂ ਇਹ ਮੰਨ ਕੇ ਤੁਰਦੇ ਹਾਂ ਕਿ ਸਿੱਖ ਵਿਚਾਰਧਾਰਾ ਜਾਂ ਗੁਰਬਾਣੀ, ਜੋ ਸਿੱਖ ਵਿਚਾਰਧਾਰਾ ਦਾ ਸੰਗ੍ਰਿਹ ਹੈ, ਇਸ ਬ੍ਰਾਹਮਣਵਾਦੀ ਕਰਮ-ਕਾਂਡ ਨਾਲ ਮੇਲ ਨਹੀਂ ਖਾਂਦੀ, ਸਗੋਂ ਇਸਦੇ ਵਿਰੋਧ ਵਿਚ ਇਕ ਨਵਾਂ ਪੈਂਤੜਾ ਅਖਤਿਆਰ ਕਰਦੀ ਹੈ ਤੇ ਨਵੇਂ ਅਧਾਰ ਤਿਆਰ ਕਰਦੀ ਹੈ, ਜੋ ਨਵੀਂ ਕਿਸਮ ਦੇ ਸਮਾਜ ਦੀ ਸਿਰਜਣਾ ਕਰਨ ਵੱਲ ਵਧਦੀ ਹੈ।

ਹੁਣ ਤੱਕ ਬਣੇ ਵਿਸ਼ਵਾਸ ਅਨੁਸਾਰ ਗੁਰੂ ਨਾਨਕ ਨੂੰ ਸਿੱਖ ਲਹਿਰ ਦੇ ਬਾਨੀ ਪ੍ਰਵਾਨ ਕੀਤਾ ਗਿਆ ਹੈ। ਸੋ ਅਸੀਂ ਇਸ ਲੇਖ ਲੜੀ ਨੂੰ ਗੁਰੂ ਨਾਨਕ ਦੀ ਵਿਚਾਰਧਾਰਾ ਤੋਂ ਹੀ ਸ਼ੁਰੂ ਕਰਦੇ ਹਾਂ ਕਿ ਸਿੱਖ ਮੱਤ ਦਾ ਮੋਢੀ ਗੁਰੂ ਨਾਨਕ ਆਪਣੀ ਵਿਚਾਰਧਾਰਾ ਅਨੁਸਾਰ ਬ੍ਰਾਹਮਣੀ ਵਿਚਾਧਾਰਾ ਦਾ ਉਪਰੋਕਤ ਅਧਾਰਾਂ 'ਤੇ ਕਿਸ ਢੰਗ ਨਾਲ ਖੰਡਨ ਕਰਦਾ ਹੈ ਅਤੇ ਕਿਸ ਦਲੀਲ ਦੇ ਅਧਾਰ 'ਤੇ ਉਹ ਨਵੀਂ ਕਿਸਮ ਦੀ ਵਿਚਾਰਧਾਰਾ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਪਰਖਣ ਤੋਂ ਪਹਿਲਾਂ ਹੀ ਅਸੀਂ ਮੰਨਕੇ ਤੁਰ ਰਹੇ ਹਾਂ ਕਿ ਸਿੱਖ ਵਿਚਾਰਧਾਰਾ, ਬ੍ਰਾਹਮਣੀ ਵਿਚਾਰਧਾਰਾ ਦੀ ਮੁਕੰਮਲ ਵਿਰੋਧੀ ਹੈ। ਜਦੋਂ ਅਸੀਂ ਇਹ ਗੱਲ ਮੰਨ ਕੇ ਚੱਲੇ ਹਾਂ ਤਾਂ ਸਾਨੂੰ ਸਾਬਤ ਕਰਨਾ ਪਵੇਗਾ ਕਿ ਸਿੱਖ ਵਿਚਾਰਧਾਰਾ ਵਿਰੋਧੀ ਕਿਵੇਂ ਹੈ? ਵਿਰੋਧੀ ਸਾਬਤ ਕਰਨ ਲਈ ਆਪਣੇ ਵਿਚਾਰਾਂ ਤੋਂ ਜ਼ਿਆਦਾ ਸਾਡੇ ਪਾਸ ਗੁਰਬਾਣੀ ਹੈ। ਅਸੀਂ ਗੁਰਬਾਣੀ ਤੋਂ ਬਾਹਰ ਜਾਂ ਹਿੰਦੂ ਧਰਮ ਗ੍ਰੰਥਾਂ ਤੋਂ ਬਾਹਰ

ਗੱਲ ਕਰੀਏ ਤਾਂ ਇਹ ਮੰਨਣਯੋਗ ਦਲੀਲ ਨਹੀਂ ਬਣ ਸਕੇਗੀ, ਬੇਸ਼ੱਕ 100 ਫੀਸਦੀ ਸੱਚ ਹੋਵੇ ਕਿਉਂਕਿ ਮਸਲਾ ਧਾਰਮਿਕ ਵਿਸ਼ਵਾਸ ਦਾ ਹੈ ਤੇ ਇਨ੍ਹਾਂ ਵਿਸ਼ਵਾਸਾਂ ਦੇ ਆਪਸੀ ਟਕਰਾਅ ਦਾ ਹੈ । ਇਸ ਲਈ ਅਸੀਂ ਇਨ੍ਹਾਂ ਧਾਰਮਿਕ ਗ੍ਰੰਥਾਂ ਦੇ ਅਧਾਰ 'ਤੇ ਹੀ, ਉਨ੍ਹਾਂ ਦੇ ਹਵਾਲਿਆ ਰਾਹੀਂ ਸਾਬਤ ਕਰਾਂਗੇ ਕਿ ਸਿੱਖ ਵਿਚਾਰਧਾਰਾ, ਬ੍ਰਾਹਮਣੀ ਵਿਚਾਰਧਾਰਾ ਨਾਲ ਨਾ ਮੇਲ ਖਾਂਦੀ ਹੈ, ਨਾ ਇਸ ਦੇ ਨਾਲ ਤੁਰਦੀ ਹੈ ਨਾ ਇਸ ਦੇ ਬਰਾਬਰ ਦਾ ਪੈਂਤੜਾ ਅਖਤਿਆਰ ਕਰਦੀ ਹੈ ਤੇ ਨਾ ਹੀ ਦੋਹਾਂ ਮੱਤਵਾਂ ਦੀ ਕੋਈ ਸਾਂਝ ਹੈ । ਸਗੋਂ ਦੋਹਾਂ ਦਾ ਮੱਤਵ ਬਿਲਕੁਲ ਵੱਖਰਾ-ਵੱਖਰਾ ਹੈ ਅਤੇ ਇਨ੍ਹਾਂ ਦੋਹਾਂ ਦੇ ਮੱਤਵਾਂ ਵਿਚੋਂ ਨਿਕਲਣ ਵਾਲੇ ਸਿੱਟੇ ਵੀ ਵੱਖਰੀ-ਵੱਖਰੀ ਕਿਸਮ ਦੇ ਹਨ ।

ਤਾਂ ਆਓ ਆਪਾਂ ਤਰਕ 'ਤੇ ਅਧਾਰਿਤ ਇਸ ਤੱਥ ਨੂੰ ਜਾਨਣ ਦਾ ਯਤਨ ਕਰੀਏ ਕਿ ਸਿੱਖ ਵਿਚਾਰਧਾਰਾ ਅਤੇ ਬ੍ਰਾਹਮਣੀ ਵਿਚਾਰਧਾਰਾ ਦਾ ਆਪਸੀ ਵਿਰੋਧ ਕੀ ਹੈ ? ਇਸ ਆਸ਼ੇ ਨੂੰ ਪ੍ਰਾਪਤ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਗੁਰੂ ਨਾਨਕ ਦੀ ਬਾਣੀ ਨੂੰ ਲੈ ਰਹੇ ਹਾਂ, ਜਿਸ ਨੂੰ ਹੁਣ ਤੱਕ ਲੋਕ ਸਿੱਖ ਵਿਚਾਰਧਾਰਾ ਦਾ ਮੋਢੀ ਮੰਨਦੇ ਹਨ ।

ਵਰਣ ਅਤੇ ਜਾਤ-ਪਾਤ ਪ੍ਰਣਾਲੀ

ਗੁਰੂ ਨਾਨਕ ਜਾਤ ਦੇ ਖੱਤਰੀ ਸਨ । ਬ੍ਰਾਹਮਣੀ ਵਰਣ ਵੰਡ ਦੇ ਹਿਸਾਬ ਨਾਲ ਗੁਰੂ ਨਾਨਕ ਦੀ ਜਾਤ ਦਾ ਦੂਜਾ ਉੱਤਮ ਦਰਜਾ ਸੀ, ਜੋ ਸਿਰਫ ਬ੍ਰਾਹਮਣ ਦਾ ਹੁਕਮ ਮੰਨਣ ਤੋਂ ਸਿਵਾ, ਥੱਲੜੀਆਂ ਜਾਤੀਆਂ ਤੋਂ ਹੁਕਮ ਮੰਨਵਾ ਸਕਣ ਦੇ ਸਮਰੱਥ ਹੈ । ਵਰਣ ਵੰਡ ਤੋਂ ਬਾਅਦ ਭਾਰਤ ਉੱਪਰ ਖੱਤਰੀਆਂ ਦਾ ਰਾਜ ਲੰਬਾ ਸਮਾਂ ਰਿਹਾ। ਜਿਵੇਂ ਦਸ਼ਰਥ ਦਾ ਰਾਜ ਤੇ ਫਿਰ ਰਾਮ ਚੰਦਰ ਦਾ ਰਾਜ । ਜਨਕ ਦਾ ਰਾਜ । ਕੌਰਵਾਂ-ਪਾਂਡਵਾਂ ਦਾ ਰਾਜ। ਖੱਤਰੀ ਜਿੱਥੇ ਬ੍ਰਹਮਾਂ ਦੀ ਭੁਜਾ ਵਿਚੋਂ ਪੈਦਾ ਹੋਇਆ ਹੈ, ਉੱਥੋਂ ਬ੍ਰਾਹਮਣ ਦੀ ਇੱਛਾ ਅਨੁਸਾਰ ਰਾਜਵੰਸ਼ੀ ਰਿਹਾ ਹੈ। ਵਰਣ ਵੰਡ ਅਨੁਸਾਰ ਖੱਤਰੀ, ਵੈਸ਼ ਤੋਂ ਬਾਅਦ ਚੌਥੇ ਦਰਜੇ ਦੀਆਂ ਜਾਤਾਂ ਨਾਲ ਜਾਂ ਇਂਜ ਕਹਿ ਲਵੋ ਕਿ ਸ਼ੂਦਰ ਵਰਗ ਨਾਲ ਕੋਈ ਸਰੋਕਾਰ ਨਹੀਂ ਰੱਖਦਾ ਕਿਉਂਕਿ ਸ਼ੂਦਰ ਦਾ ਧਰਮ ਤਾਂ ਬ੍ਰਾਹਮਣ, ਖੱਤਰੀ ਅਤੇ ਵੈਸ਼ ਦੀ ਸੇਵਾ ਕਰਨਾ ਹੈ ਤੇ ਉਪਰੋਕਤ ਤਿੰਨਾਂ ਉੱਚ ਜਾਤੀਆਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ । ਉਨ੍ਹਾਂ ਦੇ ਰਹਿਮ 'ਤੇ ਜੀਵਨ ਬਤੀਤ ਕਰਨਾ ਹੈ । ਸ਼ੂਦਰ ਨੂੰ ਕਿਸੇ ਵੀ ਕਿਸਮ ਦਾ ਵਿਰੋਧ ਕਰਨ ਦੀ ਆਗਿਆ ਨਹੀਂ ਤੇ ਨਾ ਹੀ ਸ਼ੂਦਰ ਨੂੰ ਕਿਸੇ ਕਿਸਮ ਦਾ ਅਧਿਕਾਰ ਹੈ । ਉਹ ਤਾਂ ਸਿਰਫ ਫਰਜ਼ ਪੂਰੇ ਕਰਨ ਲਈ ਹੀ ਜਨਮਿਆ ਹੈ ਅਤੇ ਉਸ ਦੀ ਕੀਮਤ ਕੁੱਤੇ, ਕਾਂ, ਕਿਰਲੀ, ਚਿੜੀ ਤੋਂ ਵੱਧ ਨਹੀਂ ਹੈ । ਆਮ ਹਾਲਤਾਂ ਵਿਚ ਕੁੱਤਾ ਵੀ ਉਸ ਤੋਂ ਚੰਗਾ ਹੈ । ਇਸ ਤੋਂ ਇਲਾਵਾ ਧਾਰਮਿਕ ਗਰੰਥ ਕਿਸੇ ਵੀ ਬ੍ਰਾਹਮਣ, ਕਸ਼ੱਤਰੀ ਜਾਂ ਵੈਸ਼ ਨੂੰ ਇਹ ਆਗਿਆ ਨਹੀਂ ਦਿੰਦਾ ਕਿ ਉਹ ਸ਼ੂਦਰ ਨਾਲ ਕੋਈ ਗੱਲ ਕਰਨ ਜਾਂ ਸੰਪਰਕ ਕਰਨ । ਇਹ ਹਿੰਦੂ ਧਰਮ ਦੇ ਖਿਲਾਫ ਹੈ, ਜੋ ਇਹ ਧਰਮ ਨਹੀਂ ਨਿਭਾਏਗਾ, ਉਹ ਸਿੱਧਾ ਨਰਕ ਨੂੰ ਜਾਏਗਾ। ਤਾਂ ਗੁਰੂ ਨਾਨਕ ਨੇ ਬ੍ਰਾਹਮਣੀ ਗ੍ਰੰਥਾਂ ਦੇ ਇਨ੍ਹਾਂ ਕਾਨੂੰਨਾਂ ਨੂੰ ਵੰਗਾਰਿਆ ਤੇ ਕਿਹਾ-

ਨੀਚਾਂ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ ॥
ਨਾਨਕ ਤਿਨਕੇ ਸੰਗ ਸਾਥ ਵੱਡਿਆ ਸਿਉ ਕਿਆ ਰੀਸ ॥
ਜਿਥੈ ਨੀਚੁ ਸਮਾਲੀਅਨੁ ਤਿਥੈ ਨਦਰ ਤੇਰੀ ਬਖਸ਼ੀਸ਼ ॥

ਭਾਵ : ਗੁਰੂ ਨਾਨਕ ਨੇ ਕਿਹਾ ਕਿ ਸ਼ੂਦਰਾਂ ਦੇ ਅੰਦਰ ਇਕ ਹੋਰ ਨੀਚ ਜਾਤ ਹੈ ਜਿਵੇਂ ਜੱਟ ਦੇ ਥੱਲੇ ਪਛੜੀਆਂ ਸ਼੍ਰੇਣੀਆਂ ਤਰਖਾਣ, ਨਾਈ, ਛੀਂਬਾ, ਝਿਊਰ, ਰਾਏ ਸਿੱਖ, ਕੰਬੋਜ ਆਦਿ । ਉਨ੍ਹਾਂ ਤੋਂ ਥੱਲੇ ਇਕ ਹੋਰ ਨੀਚ ਜਾਤ ਜਿਵੇਂ ਜੁਲਾਹੇ, ਚਮਾਰ, ਮਜ਼ਬੀ, ਬੌਰੀਏ, ਸਾਂਹਸੀ, ਵਾਲਮੀਕਿ ਆਦਿ । ਮੈਂ ਉਨ੍ਹਾਂ ਤੋਂ ਵੀ ਨੀਵੀਆਂ ਜਾਤੀਆਂ (ਜਿਵੇਂ ਭੀਲ, ਕਬੀਲੇ, ਨਾਂਗੇ, ਗਿੱਦੜ ਕੁੱਟ, ਭੰਗੀ, ਗਧੀਲੇ, ਲੀਰਾਂ ਚੁੱਕਣ ਵਾਲੇ ਆਦਿ) ਦਾ ਸਾਥੀ ਹਾਂ । ਵੱਡਿਆਂ ਨਾਲ ਭਲਾ ਮੇਰੀ ਕੀ ਰੀਸ ਹੈ । ਭਾਵ ਕੀ ਸਾਂਝ ਹੈ ? ਵੱਡਾ ਕੌਣ ਹੈ ? ਵਰਣ ਵੰਡ ਅਨੁਸਾਰ ਆਰੀਆ ਜਾਤੀ ਦੇ ਸਵਰਨ ਲੋਕ ਖਾਸ ਕਰਕੇ ਬ੍ਰਾਹਮਣ ।

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਖੱਤਰੀਵਾਦ ਤਿਆਗ ਕੇ ਬ੍ਰਾਹਮਣੀ ਵਰਣ ਵੰਡ ਪ੍ਰਣਾਲੀ ਨੂੰ ਤਿਆਗ ਕੇ ਆਪਣੇ ਆਪ ਨੂੰ ਡੀ-ਕਲਾਸ ਕੀਤਾ ਤੇ ਵੱਡਿਆਂ (ਭਾਵ ਉੱਤਮ ਜਾਤਾਂ) ਦਾ ਡਟਵਾਂ ਵਿਰੋਧ ਕੀਤਾ । ਉਨ੍ਹਾਂ ਇਹ ਵੀ ਕਿਹਾ ਕਿ ਮੇਰੇ ਰੱਬ ਦਾ ਹੱਥ ਅਜਿਹੇ ਨੀਚ ਬਣਾਏ ਹੋਏ ਲੋਕਾਂ 'ਤੇ ਮਿਹਰ ਕਰਦਾ ਹੈ, ਫਿਰ ਬਖਸ਼ਸ਼ਾਂ ਕਰਦਾ ਹੈ ।

ਜਾਤ ਬਰਨ ਕਾ ਸਹਸਾ ਚੂਕਾ ਗੁਰਮਤਿ ਸ਼ਬਦ ਵਿਚਾਰੀ ।

ਉਨ੍ਹਾਂ ਕਿਹਾ ਕਿ ਆਪਣੇ ਗੁਰੂ ਦੀ ਸਿੱਖਿਆ 'ਤੇ ਵਿਚਾਰ ਕਰਨ ਤੋਂ ਬਾਅਦ ਮੇਰੇ ਮਨ ਵਿਚ ਜਾਤ ਪ੍ਰਬੰਧ ਅਤੇ ਵਰਣ ਵੰਡ ਵਾਲਾ ਭੇਦ ਭਾਵ ਖਤਮ ਹੋ ਗਿਆ ਹੈ ।

ਹਉ ਨੀਚ ਕਰਉ ਬੇਨੰਤੀ ਸਾਚ ਨਾ ਛੋਡਉ ਭਾਈ ॥
ਨਾਨਕ ਜਿਸ ਕਰਿ ਦੇਖਿਆ ਦੇਵੈ ਮਤਿ ਸਾਈ ॥

ਮੈਂ ਨੀਚ (ਜੋ ਖੱਤਰੀ ਨਹੀਂ ਰਿਹਾ) ਬੇਨਤੀ ਕਰਦਾ ਹਾਂ ਕਿ ਜਾਤਪਾਤ ਤੇ ਵਰਣ ਵੰਡ ਨੂੰ ਖਤਮ ਕਰਨਾ ਹੀ ਸੱਚ ਹੈ ।ਮੈਂ ਇਸ ਸੱਚ ਦਾ ਪੱਲਾ ਛੱਡਣ ਨੂੰ ਤਿਆਰ ਨਹੀਂ ।ਇਹ ਗੱਲ ਉਹੀ ਬੰਦਾ ਕਹਿ ਸਕਦਾ ਹੈ, ਜਿਸਨੇ ਅਮਲ ਵਿਚ ਇਹ ਕੀਤਾ ਹੋਵੇ ਜਾਂ ਕਰ ਸਕਦਾ ਹੋਵੇ ।ਜਿਸਨੇ ਆਪਣੇ ਆਪ ਨੂੰ ਅਮਲੀ ਰੂਪ ਵਿਚ ਨੀਚਾਂ ਦਾ ਸਾਥੀ ਬਣਾ ਲਿਆ ਹੈ ।ਨੀਚ ਤੋਂ ਭਾਵ ਨਿੱਕੀਆਂ ਜਾਤਾਂ, ਜਿਨ੍ਹਾਂ ਨੂੰ ਛੂਹਿਆਂ ਭਿੱਟ ਚੜ੍ਹਦੀ ਹੈ ।ਜਿਨ੍ਹਾਂ ਨੂੰ ਨਜ਼ਦੀਕ ਲਿਆਂਦਿਆਂ ਨਰਕ ਮਿਲਦਾ ਹੈ ।ਜੋ ਘਟੀਆ ਗੰਦੇ ਕਿੱਤਿਆਂ ਵਿਚ ਲੱਗੇ ਜਾਂ ਲਗਾਏ ਗਏ ਹਨ ਜਾਂ ਜੋ ਉਪਰਲੀਆਂ ਜਾਤਾਂ ਦੇ ਵਗਾਰੀ ਹਨ, ਕਾਮੇ ਹਨ, ਸੇਵਕ ਹਨ ।ਜਿਨ੍ਹਾਂ ਦੀ ਛੋਤ ਜਗਤ ਨੂੰ ਲਗਦੀ ਹੈ ।

ਭਾਉ ਭਗਤ ਕਰਿ ਨੀਚ ਸਦਾਏ। ਤਉ ਨਾਨਕ ਮੋਖੰਤਰ ਪਾਏ ।

ਗੁਰੂ ਨਾਨਕ ਨੇ ਕਿਹਾ ਕਿ ਸੱਚੇ ਪਿਆਰ ਤੇ ਸੱਚੀ ਭਗਤੀ ਨਾਲ, ਸੱਚੀ ਲਗਨ ਤੇ ਸੱਚੇ ਵਿਚਾਰ ਨਾਲ, ਸੱਚੇ ਆਪਣੇ ਅਮਲ ਨਾਲ ਜਿਹੜਾ ਆਪਣੇ ਆਪ ਨੂੰ ਨੀਚ ਕਹਾਉਂਦਾ ਹੈ, ਉਹੀ ਕਰਮ ਕਾਂਡ ਤੋਂ ਮੁਕਤੀ ਪਾ ਸਕਦਾ ਹੈ ।ਮੁਕਤੀ ਪ੍ਰਾਪਤ ਕਰਨ ਲਈ ਕਰਮ ਕਾਂਡ ਦੀ ਜ਼ਰੂਰਤ ਨਹੀਂ ਸਗੋਂ ਨੀਵੀਆਂ ਤੋਂ ਨੀਚਾਂ ਦਾ ਸਾਥੀ ਬਣ ਕੇ ਉਨ੍ਹਾਂ ਨੂੰ ਨਰਕ ਵਿਚੋਂ ਕੱਢਣ ਦੀ ਲੋੜ ਹੈ ।

ਹਉ ਢਾਡੀ ਕੀ ਨੀਚੁ ਜਾਤਿ ਹੋਰ ਉਤਮ ਜਾਤ ਸਦਾਇਦੇ ।

ਮੈਂ ਇਕ ਢਾਡੀ ਹਾਂ, ਵਿਚਾਰਧਾਰਕ ਹਾਂ।ਸੱਚ ਦੀਆਂ ਵਾਰਾਂ ਗਾਉਣ ਵਾਲਾ ਕਵੀਸ਼ਰ ਹਾਂ ਤੇ ਮੈਂ ਸਮਝ ਬੈਠਾ ਹਾਂ ਕਿ ਮੇਰੀ ਜਾਤ ਨੀਚ ਹੈ।ਬਾਕੀ ਲੋਕ ਜੋ ਮੇਰੇ ਨਾਲ ਦੇ ਹਨ, ਉਹ ਆਪਣੇ ਆਪ ਨੂੰ ਉੱਚੀ ਜਾਤ ਵਾਲੇ ਮੰਨਦੇ ਹਨ ।ਇਸ ਲਈ ਮੇਰਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ।

ਤੂੰ ਉਤਮ, ਹਉ ਨੀਚੁ ਸੇਵਕ ਕਾਂਢੀਆ।ਨਾਨਕ ਨਦਰ ਕਰੇਹੁ ਮਿਲੇ ਸਚਿਵਾਂਢੀਆ ।

ਗੁਰੂ ਨਾਨਕ ਨੇ ਕਿਹਾ ਕਿ ਉਤਮ ਬ੍ਰਾਹਮਣ, ਕਸ਼ੱਤਰੀ ਜਾਂ ਵੈਸ਼ ਨਹੀਂ ਸਗੋਂ ਮੇਰਾ ਰੱਬ ਸਭ ਤੋਂ ਉੱਤਮ ਹੈ (ਵਿਰੋਧੀ ਪੈਂਤੜਾ) ਪਰ ਮੈਂ ਨੀਚ ਹਾਂ, ਸੇਵਕ ਹਾਂ (ਸੇਵਾਦਾਰ ਸ਼ੂਦਰ ਹਨ) ਜੇ ਮੇਰਾ ਰੱਬ ਮਿਹਰ ਕਰੇ ਤਾਂ ਖੁੰਝਿਆ ਹੋਇਆ ਸੱਚ ਮਿਲਦਾ ਹੈ, ਸੱਚ ਦੀ ਪ੍ਰਾਪਤੀ ਹੁੰਦੀ ਹੈ ।(ਕਿ ਸਾਰੇ ਮਨੁੱਖ ਇਕ ਹਨ)

ਸਤਿਗੁਰੂ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ।

ਗੁਰੂ ਨਾਨਕ ਨੇ ਮੰਨਿਆ ਕਿ ਸੱਚੇ ਸਤਿਗੁਰੂ ਤੋਂ ਸਿੱਖਿਆ ਲੈਣ ਨਾਲ ਜਾਤੀ ਹਉਮੈ ਟੁੱਟਦੀ ਹੈ, ਖਤਮ ਹੁੰਦੀ ਹੈ ਤਾਂ ਹੀ ਸਹੀ ਸੋਧ ਮਿਲਦੀ ਹੈ।

ਜਿਸ ਹਥ ਜੋਰੁ ਕਰ ਵੇਖੈ ਸੋਇ। ਨਾਨਕ ਉਤਮ ਨੀਚ ਨਾ ਕੋਇ।

ਗੁਰੂ ਨਾਨਕ ਨੇ ਸਪੱਸ਼ਟ ਕੀਤਾ ਕਿ ਜਿਸ ਦਿਰ ਕੋਲ ਜ਼ੋਰ ਹੈ, ਤਾਕਤ ਹੈ, ਰਾਜ ਸ਼ਕਤੀ ਹੈ, ਉਹ ਹੀ ਅਜਿਹਾ ਕਰ ਸਕਦੀ ਹੈ ।ਭਾਵ ਉੱਚਾ ਨੀਵਾਂ ਬਣਾ ਸਕਦੀ ਹੈ ।ਉਂਝ ਸੱਚ ਇਹ ਹੈ ਕਿ ਨਾ ਕੋਈ ਉੱਤਮ ਹੈ ਅਤੇ ਨਾ ਕੋਈ ਨੀਚ ।ਇਹ ਊਚ-ਨੀਚ ਦਰਅਸਲ ਜੋਰ ਵਾਲੇ ਬੰਦਿਆਂ ਨੇ ਆਪਣੇ ਹਿੱਤਾਂ ਲਈ ਬਣਾਈ ਹੈ ।

ਜਾਤਿ ਜਨਮ ਨਾ ਪੁਛੀਐ ਸੱਚੇ ਲੇਹੁ ਬਤਾਇ ।
ਸਾ ਜਾਤ ਸਾ ਪਾਤ ਹੈ ਜੇਹੇ ਕਰਮ ਕਮਾਏ ॥

ਗੁਰੂ ਨਾਨਕ ਨੇ ਕਿਹਾ ਕਿ ਸਾਨੂੰ ਕਿਸੇ ਦੀ ਜਾਤ ਨਹੀਂ ਪੁੱਛਣੀ ਚਾਹੀਦੀ ਜਿਵੇਂ ਪੁੱਛਿਆ ਜਾਂਦਾ ਹੈ ਕਿ ਤੂੰ ਕਿਸ ਜਾਤ ਦਾ ਹੈ ? ਤੇਰਾ ਕਿਸ ਜਾਤ ਵਿਚ ਜਨਮ ਹੋਇਆ ਹੈ ? ਇਹ ਸੋਚੋ ਕਿ ਸਾਨੂੰ ਜਾਤਪਾਤ ਨਹੀਂ ਪੁੱਛਣੀ ਚਾਹੀਦੀ (ਕਿਉਂਕਿ ਸਾਰੇ ਇਕੋ ਜਿਹੇ ਹਨ-ਬਰਾਬਰ ਜਨਮੇ ਹਨ) ਸੱਚੇ ਘਰ ਤੋਂ ਪੁੱਛੋ, (ਭਾਵ ਉਨ੍ਹਾਂ ਬੁੱਧੀ ਵਾਲੇ ਲੋਕਾਂ ਤੋਂ ਪੁੱਛੋ) ਜਿਨ੍ਹਾਂ ਨੇ ਜਾਤ-ਪਾਤ ਤੇ ਵਰਣ ਪ੍ਰਬੰਧ ਦੀ ਅਸਲੀਅਤ ਸਮਝ ਲਈ ਹੈ ।ਅਸਲ ਵਿਚ ਜਿਹੜਾ ਮਨੁੱਖ ਜਿਸ ਤਰ੍ਹਾਂ ਦੀ ਕਿਰਤ ਕਰਦਾ ਹੈ ਉਸੇ ਤਰ੍ਹਾਂ ਦੀ ਉਸ ਦੀ ਜਾਤ ਹੈ ।ਭਾਵ ਸਾਨੂੰ ਗੰਦੇ ਮੰਦੇ ਕੰਮ ਕਰਨ ਵਾਲੇ ਨੂੰ ਗੰਦਾ ਕਹਿਣਾ ਚਾਹੀਦਾ ਹੈ ਅਤੇ ਉਸ ਦੀ ਇੱਜ਼ਤ ਨਹੀਂ ਕਰਨੀ ਚਾਹੀਦੀ ਤਾਂ ਕਿ ਉਹ ਰੁਕ ਸਕੇ ।ਜੋ ਚੰਗੇ ਕੰਮ ਕਰਦਾ ਹੈ, ਚੰਗੀ ਕਿਰਤ ਕਰਦਾ ਹੈ ਚਾਹੇ ਉਹ ਕਿੰਨਾ ਵੀ ਗਰੀਬ ਕਿਉਂ ਨਾ ਹੋਵੇ, ਉਸ ਦੀ ਇੱਜ਼ਤ

ਕਰਨੀ ਚਾਹੀਦੀ ਹੈ । ਜਾਤ ਜਨਮ ਨਾਲ ਕਿਸੇ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਜਾਤ ਜਨਮ ਨਾਲ ਭੈੜੇ ਬੰਦਿਆਂ ਨੂੰ ਉੱਚੇ ਲੋਕ ਕਹਿ ਕੇ ਵਡਿਆਉਣਾ ਚਾਹੀਦਾ ਹੈ ।

ਅੰਧੇ ਬੋਲੇ ਮੁਗਧੁ ਗਵਾਰ। ਹੀਣੋ ਨੀਚ ਬੁਰੇ ਬੁਰਿਆਰ ।

ਅਸਲ ਵਿਚ ਜਿਹੜੇ ਲੋਕ ਸੱਚ ਨੂੰ ਸੁਣਨ ਨੂੰ ਤਿਆਰ ਨਹੀਂ, ਉਹ ਮੂਰਖ ਗਵਾਰ ਹਨ ਤੇ ਜੋ ਲੋਕ ਗਿਆਨ ਰਹਿਤ, ਗੁਣ-ਹੀਣ ਹਨ, ਉਹ ਨੀਚਾਂ ਤੋਂ ਵੀ ਨੀਚ ਅਤੇ ਬੁਰੇ ਹਨ।

ਐ ਜੀ ਨ ਹਮ ਉਤਮੁ ਨੀਚ ਨ ਮਧਿਮ।

ਹਰਿ ਸਰਣਾਗਤਿ ਹਰ ਕੇ ਲੋਗ।

ਗੁਰੂ ਨਾਨਕ ਨੇ ਕਿਹਾ ਕਿ ਮੈਂ ਉੱਤਮ ਖੱਤਰੀ ਹਾਂ ਨਾ ਮੈਂ ਘਟੀਆ ਨੀਚ ਜਾਤ ਤੇ ਨਾ ਹੀ ਮੈਂ ਮਧਿਮ (ਅਛੂਤੀ) ਜਾਤ ਦਾ ਹਾਂ ਭਾਵ ਉਸ ਜਾਤ ਦਾ ਜੋ ਨੀਚ ਹਨ ਨਾ ਉੱਤਮ (ਜਿਵੇਂ ਤਰਖਾਣ, ਜੱਟ, ਨਾਈ, ਛੀਂਬੇ, ਝਿਊਰ, ਜਿਨ੍ਹਾਂ ਨੂੰ ਉਤਲੇ ਰਲਾਉਂਦੇ ਨਹੀਂ ਅਤੇ ਹੇਠਲਿਆਂ ਨਾਲ ਇਹ ਰਲਦੇ ਨਹੀਂ)

ਭਾਵ ਮੇਰਾ ਜਾਤੀ ਪ੍ਰਬੰਧ ਨਾਲ ਕੋਈ ਵਾਸਤਾ ਨਹੀਂ। ਮੈਂ ਤਾਂ ਆਪਣੇ ਉਸ ਹਰੀ ਦੀ ਸ਼ਰਣ ਵਿਚ ਹਾਂ ਜਿਥੇ ਕੋਈ ਜਾਤਪਾਤ ਨਹੀਂ ਤੇ ਜਿਥੇ ਸਾਰੇ ਲੋਕ ਇਕੋ ਰੱਬ ਦੀ ਰੱਈਅਤ ਹਨ। ਉਥੇ ਊਚ-ਨੀਚ, ਛੂਆ-ਛਾਤ ਦਾ ਕੋਈ ਕੰਮ ਨਹੀਂ ਕੋਈ ਵਰਤਾਰਾ ਨਹੀਂ।

ਜਾਣੋ ਜੋਤਿ ਨਾ ਪੂਛਹੁ ਜਾਤੀ ਅਗੇ ਜਾਤ ਨਾ ਹੇ।

ਹੇ ਲੋਕੋ ! ਇਹ ਗੱਲ ਸਮਝੋ ਕਿ ਸਾਰੇ ਮਨੁੱਖਾਂ ਵਿਚ ਇਕੋ ਜੋਤ ਹੈ ਭਾਵ ਸਾਰੇ ਮਨੁੱਖ-ਔਰਤ ਮਰਦ ਇਕੋ ਜਿਹੇ ਚਲਦੇ-ਫਿਰਦੇ, ਸੋਚਦੇ, ਕੰਮ ਕਰਦੇ, ਖਾਂਦੇ-ਪੀਂਦੇ, ਪਹਿਨਦੇ ਅਤੇ ਰਹਿੰਦੇ ਹਨ। ਦੁਨੀਆ ਦੇ ਕਿਸੇ ਮਨੁੱਖ ਦਾ, ਕਿਸੇ ਵੀ ਲੜਕੀ ਨਾਲ ਰਿਸ਼ਤਾ ਪੈਦਾ ਕਰ ਦਿਓ, ਉਹ ਨਵੇਂ ਮਨੁੱਖ ਨੂੰ ਜਨਮ ਦੇ ਸਕਦੇ ਹਨ। ਇਸ ਲਈ ਉਨ੍ਹਾਂ ਦੀ ਜਾਤ ਨਹੀਂ ਪੁਛਣੀ ਚਾਹੀਦੀ ਕਿਉਂਕਿ ਜਾਤ ਤਾਂ ਪਸ਼ੂਆਂ ਦੀ ਹੁੰਦੀ ਹੈ। ਕੋਈ ਗਾਂ, ਕੋਈ ਮੱਝ, ਕੋਈ ਘੋੜਾ, ਕੋਈ ਚਿੜੀ, ਕੋਈ ਹਿਰਨ, ਜੋ ਆਪਣੇ ਵਰਗ ਤੋਂ ਬਾਹਰ ਬੱਚੇ ਪੈਦਾ ਨਹੀਂ ਕਰ ਸਕਦੇ। ਇਸ ਵਰਗ ਵੰਡ ਵਿਚ ਅੰਤਰ ਹੈ, ਪਰ ਮਨੁੱਖ ਵਿਚ ਨਹੀਂ। ਗੁਰੂ ਨਾਨਕ ਨੇ ਇਹ ਵੀ ਕਿਹਾ ਕਿ ਸਾਡੇ ਰੱਬ ਕੋਲ ਕੋਈ ਜਾਤਪਾਤ ਲਈ ਥਾਂ ਨਹੀਂ ਹੈ। (ਜਿਵੇਂ ਕਿ ਦੇਵੀ-ਦੇਵਤਿਆਂ ਤੇ ਹਿੰਦੂ ਭਗਵਾਨਾਂ ਦੇ ਮੰਦਰਾਂ ਅੰਦਰ ਜਾਤ-ਪਾਤ ਦੀ ਮਾਨਤਾ ਹੈ।

ਫੱਕੜ ਜਾਤੀ ਫੱਕੜ ਨਾਓ। ਸਭਨਾ ਜੀਆ ਕਾ ਇਕੋ ਛਾਓ।

ਇਹ ਜਾਤੀ ਵੰਡ ਝੂਠ ਹੈ, ਕੂੜ ਹੈ, ਨਿਰੀ ਬਕਵਾਸ ਹੈ ਤੇ ਜਾਤੀ ਅਧਾਰਾਂ 'ਤੇ ਰੱਖੇ ਗਏ ਨਾਮ ਸਭ ਝੂਠ ਹਨ। ਜਿਵੇਂ ਬ੍ਰਾਹਮਣ ਸ਼ਰਮਾ ਹੈ। ਕਸ਼ੱਤਰੀ ਗੁਪਤਾ ਹੈ, ਵੈਸ਼ ਵਰਮਾ ਹੈ ਤੇ ਸ਼ੂਦਰ ਦਾਸ ਹੈ। (ਹਿੰਦੂ ਗ੍ਰੰਥ.....ਜਾਤੀ ਅਧਾਰ 'ਤੇ ਇਸ ਤਰ੍ਹਾਂ ਨਾਮ ਦਾ ਹੁਕਮ ਕਰਦੇ ਹਨ) ਜੋ ਜੀਵ ਪੈਦਾ ਹੋਏ ਹਨ, ਉਨ੍ਹਾਂ ਵਿਚਕਾਰ ਇਕੋ ਜਿਹਾ ਵਰਤਾਰਾ ਹੈ। ਇਕੋ ਜਿਹੀ ਕਿਰਿਆ ਹੈ। ਇਕੋ ਜਿਹੀ ਬਣਤਰ ਹੈ।

ਇਉਂ ਗੁਰੂ ਨਾਨਕ ਨੇ ਜਾਤੀ ਪ੍ਰਬੰਧ ਅਤੇ ਵਰਣ ਪ੍ਰਣਾਲੀ ਦਾ ਪੂਰਨ ਤੌਰ 'ਤੇ ਖਾਤਮਾ ਕਰ ਦਿੱਤਾ ਤੇ ਉਹ ਆਪਣੀ ਜਾਤੀ ਹਉਮੈ ਤਜ ਕੇ ਨੀਚਾਂ ਦੇ ਸਾਥੀ ਬਣੇ ਤੇ ਬ੍ਰਾਹਮਣੀ ਕਰਮਕਾਂਡ ਦੇ ਖਿਲਾਫ ਪੈਂਤੜਾ ਮਲਿਆ।

ਜਨੇਊ

ਹਿੰਦੂ ਦੇ ਘਰ ਹਿੰਦੂ ਆਵੈ। ਸੂਤੁ ਜਨੇਊ ਪੜਿ ਗਲ ਪਾਵੈ।।

ਸੂਤ ਪਾਇ ਕਰੇ ਬੁਰਿਆਈ। ਨਾਤਾ ਧੋਤਾ ਥਾਇ ਨਾ ਪਾਈ ॥

ਗੁਰੂ ਨਾਨਕ ਨੇ ਕਿਹਾ ਕਿ ਹਿੰਦੂ ਦੇ ਘਰ ਸਿਰਫ ਹਿੰਦੂ ਹੀ ਆਉਂਦਾ ਹੈ । (ਹੋਰ ਜਾਤੀ ਨਹੀਂ) ਸੂਤ ਦਾ ਧਾਗਾ ਲੈ ਕੇ ਜਨੇਊ ਬਣਾਉਂਦਾ ਹੈ ਤੇ ਮੰਤਰ ਪੜ੍ਹ ਕੇ ਅਗਲੇ ਹਿੰਦੂ ਦੇ ਗੱਲ ਲਟਕਾ ਦਿੰਦਾ ਹੈ। ਸੂਤ ਦਾ ਜਨੇਊ ਪਾ ਕੇ, ਜੋ ਧਰਮ ਦੀ ਨਿਸ਼ਾਨੀ ਵਜੋਂ ਪਾਇਆ ਜਾਂਦਾ ਹੈ, ਉਹ ਬੁਰਿਆਈਆਂ ਕਰਦਾ ਹੈ ਤੇ ਇਸ ਤਰ੍ਹਾਂ ਬੁਰੇ ਕੰਮ ਕਰਨ ਵਾਲੇ ਨੂੰ ਰੱਬ ਨਹੀਂ ਮਿਲਦਾ, ਚਾਹੇ ਉਹ ਸਾਰੇ ਤੀਰਥਾਂ 'ਤੇ ਨਹਾ ਆਏ।

ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵੱਟ।

ਇਹ ਜਨੇਊ ਜੀਆ ਕਾ ਹਈ ਤਾਂ ਪਾਂਡੇ ਘੱਤ।

ਮਹਾਨ ਡਾ. ਅੰਬੇਡਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਹਾਂ, ਪਰ ਹਿੰਦੂ ਰਹਿ ਕੇ ਮਰਾਂਗਾ ਨਹੀਂ। ਇਸੇ ਤਰ੍ਹਾਂ ਹੀ ਵਿਆਖਿਆ ਗੁਰੂ ਨਾਨਕ ਨੇ ਕੀਤੀ। ਹਿੰਦੂ ਨਿਯਮਾਂ ਅਨੁਸਾਰ ਕੋਈ ਵੀ ਹਿੰਦੂ ਉਦੋਂ ਤੀਕ ਹਿੰਦੂ ਨਹੀਂ

ਜਦੋਂ ਤਕ ਉਹ ਬ੍ਰਾਹਮਣ ਦਾ ਬਣਿਆ ਹੋਇਆ ਜਨੇਊ ਨਹੀਂ ਪਾ ਲੈਂਦਾ ਤਾਂ ਗੁਰੂ ਨਾਨਕ ਨੇ ਹਿੰਦੂ ਫਲਸਫੇ ਦੇ ਵਿਰੁੱਧ ਪਹਿਲੀ ਬਗਾਵਤ ਕਰਦਿਆਂ ਕਿਹਾ ਕਿ–

ਹੇ ਪੰਡਤ ਕਪਾਹ ਦੀ ਥਾਂ ਮੇਰੇ ਮਨ ਵਿਚ ਦਇਆ ਭਰ ਤਾਂ ਕਿ ਮੈਂ ਦੁਖੀਆਂ ਦੀ ਸੇਵਾ ਕਰ ਸਕਾਂ। ਸੂਤ ਦੀ ਥਾਂ 'ਤੇ ਮੈਨੂੰ ਸੰਤੋਖ ਸਬਰ ਕਰਨਾ ਸਿਖਾ ਤਾਂ ਕਿ ਮੈਂ ਦੂਜੇ ਹਿੰਦੂਆਂ ਵਾਂਗ ਦੂਜਿਆਂ ਦੀ ਕਮਾਈ 'ਤੇ ਪਲਣ ਵਾਲੀ ਜੋਕ ਨਾ ਬਣ ਸਕਾਂ। ਗੰਢਾਂ ਦੀ ਥਾਂ 'ਤੇ ਮੇਰੇ ਮਨ ਵਿਚ ਜਤੀ ਰਹਿਣ ਦੀ ਲਗਨ ਲਾ ਤਾਂ ਜੋ ਮੈਂ ਪਰਾਈਆਂ ਔਰਤਾਂ ਨਾਲ ਖਿਲਵਾੜ ਨਾ ਕਰ ਸਕਾਂ ਸਗੋਂ ਮੈਂ ਗ੍ਰਿਹਸਤੀ ਜੀਵਨ ਵਿਚ ਸੱਚ 'ਤੇ ਅਮਲ ਕਰ ਸਕਾਂ। ਸੱਚ ਦੇਖ ਸਕਾਂ, ਸੱਚ ਦਿਖਾ ਸਕਾਂ, ਸੱਚ ਜਿਉ ਸਕਾਂ, ਕਿਉਂਕਿ ਸੱਚ ਦੀ ਜ਼ਿੰਦਗੀ ਜਿਉਣਾ ਸੱਚ ਨਾਲੋਂ ਵੀ ਵੱਡਾ ਗੁਣ ਹੈ। ਜੇ ਤੇਰੇ ਪਾਸ ਅਜਿਹਾ ਜਨੇਊ ਹੈ ਤਾਂ ਮੈਂ ਪਾਉਣ ਲਈ ਤਿਆਰ ਹਾਂ, ਪਰ ਧਾਗਿਆਂ ਦਾ ਜਨੇਊ ਪਾ ਕੇ ਬੇਰਹਿਮੀ, ਲੋਭੀ, ਕਾਮੀ ਤੇ ਝੂਠਾ ਮਕਾਰੀ ਬਣਨਾ ਮੈਨੂੰ ਪਸੰਦ ਨਹੀਂ ਹੈ। ਮੈਂ ਸੱਚ ਦਾ ਜਨੇਊ ਇਸ ਲਈ ਚਾਹੁੰਦਾ ਹਾਂ ਕਿ–

ਨਾ ਇਹ ਤੁੱਟੈ ਨਾ ਮਲ ਲਗੈ ਨਾ ਇਹ ਜਲੈ ਨਾ ਜਾਇ॥
ਧੰਨ ਸੋ ਮਾਣਸ ਨਾਨਕਾ ਜੋ ਗਲ ਚਲੇ ਪਾਇ॥

ਸੱਚ ਦਾ ਜਨੇਊ ਭਾਵ ਉਸ ਸੱਚ ਜਿਸ ਵਿਚ ਦਇਆ ਹੈ, ਸਬਰ ਹੈ, ਸੰਤੋਖ ਹੈ, ਜਤਸਤ ਹੈ, ਕਦੀ ਮਰਦਾ ਨਹੀਂ ਕਦੀ ਟੁੱਟਦਾ ਨਹੀਂ। ਜਿਸ ਨੂੰ ਨਾ ਮੈਲ ਲਗਦੀ ਹੈ ਕਿਉਂਕਿ ਇਹ ਗੁਣ ਹਨ, ਪਦਾਰਥ ਨਹੀਂ ਜੋ ਕਿ ਮੈਲਾ ਹੋ ਸਕੇ। ਪਦਾਰਥ ਜਲ ਵੀ ਸਕਦਾ ਹੈ, ਖ਼ਤਮ ਵੀ ਹੋ ਸਕਦਾ ਹੈ। ਉਹ ਲੋਕ ਧੰਨ ਹਨ, ਵੱਡੇ ਹਨ, ਉੱਤਮ ਹਨ ਜੋ ਦਇਆਵਾਨ ਹਨ, ਸੱਚ ਦੀ ਕਮਾਈ ਖਾਣ ਵਾਲੇ ਹਨ, ਜੋ ਪਰਾਈਆਂ ਔਰਤਾਂ ਨਾਲ ਖਿਲਵਾੜ ਨਹੀਂ ਕਰਦੇ ਅਤੇ ਸੱਚ ਦੇ ਜੀਵਨ ਨੂੰ ਪਛਾਣਕੇ ਸੱਚ ਦੀ ਜ਼ਿੰਦਗੀ ਜਿਉਂਦੇ ਹਨ।

ਚਉਕੜਿ ਮੁਲ ਅਣਾਇਆ। ਬਹਿ ਚਉਕੇ ਪਾਇਆ॥
ਸਿਖਾ ਕੰਨ ਚੜ੍ਹਾਇਆ। ਗੁਰੂ ਬ੍ਰਾਹਮਣ ਥੀਆ॥

ਦੇਖੋ ਬ੍ਰਾਹਮਣ ਆਉਂਦਾ ਹੈ, ਸੂਤ ਦਾ ਮੱਲ ਪਾਉਂਦਾ ਹੈ। ਚਉਂਕਾ ਪਵਿੱਤਰ ਕਰਕੇ, ਉਸ 'ਤੇ ਬੈਠ ਕੇ ਦੂਜੇ ਹਿੰਦੂ ਦੇ ਗੱਲ ਵਿਚ ਪਾ ਦਿੰਦਾ ਹੈ। ਬ੍ਰਾਹਮਣ ਉਸ ਨੂੰ ਕੰਨ ਵਿਚ ਸਿੱਖਿਆ ਦਿੰਦਾ ਹੈ (ਕਿ ਉਸ ਦਾ ਕਰਮ ਕਾਂਡ 'ਚ ਵਿਸ਼ਵਾਸ ਹੋਣਾ ਚਾਹੀਦਾ ਹੈ) ਤੇ ਉਸ ਦਾ ਗੁਰੂ ਬ੍ਰਾਹਮਣ ਹੈ। ਭਾਵ ਜੋ ਬ੍ਰਾਹਮਣ ਕਹਿੰਦਾ ਹੈ, ਉਹੀ ਕਰਨਾ ਹੈ।

ਉਹ ਮੋਆ ਉਹ ਝੜ ਪਇਆ ਵੇਤਗਾ ਗਇਆ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦੋਂ ਜਨੇਊ ਵਾਲਾ ਹਿੰਦੂ ਮਰ ਜਾਂਦਾ ਹੈ ਤਾਂ ਜਨੇਊ ਵੀ ਝੜ ਜਾਂਦਾ ਹੈ ਤੇ ਉਹ ਬੰਦਾ ਬਿਨਾਂ ਜਨੇਊ ਤੋਂ ਹੀ ਰਹਿ ਜਾਂਦਾ ਹੈ।

ਲੱਖ ਚੋਰੀਆ ਲੱਖ ਜਾਰੀਆਂ ਲੱਖ ਕੂੜੀਆਂ, ਲੱਖ ਗਾਲਿ।
ਲੱਖ ਠੱਗੀਆਂ ਪਹਿਨਾਮੀਆਂ ਰਾਤਿ ਦਿਨਸ ਜੀਅ ਨਾਲਿ।

ਬੰਦਾ ਜੋ ਅਜਿਹੇ ਪਾਖੰਡ ਕਰਦਾ ਹੈ, ਗੁਰੂ ਨਾਨਕ ਕਹਿੰਦੇ ਹਨ ਕਿ ਚਾਹੇ ਉਹ ਜਨੇਊ ਪਾ ਲਏ, ਪਰ ਉਹ ਜ਼ਿੰਦਗੀ ਵਿਚ ਅਨੇਕ ਕਿਸਮ ਦੇ ਅਜਿਹੇ ਮੰਦੇ ਕੰਮ ਕਰਦਾ ਹੈ ਜੋ ਦੂਜਿਆਂ ਤੋਂ ਚੁਰਾ ਕੇ ਕਰਦਾ ਹੈ। ਆਪਣੇ ਨਿੱਜੀ ਹਿੱਤ ਲਈ ਅਨੇਕ ਪ੍ਰਕਾਰ ਦੀਆਂ ਯਾਰੀਆਂ ਪਾਲਦਾ ਹੈ, ਕੂੜ ਬੋਲਦਾ ਹੈ, ਕੁਫਰ ਤੋਲਦਾ ਹੈ, ਦੂਜਿਆਂ ਦੀ ਕਮਾਈ ਠੱਗਣ ਦਾ ਯਤਨ ਕਰਦਾ ਹੈ, ਕਈ ਪ੍ਰਕਾਰ ਦੀਆਂ ਗੁਪਤ ਠੱਗੀਆਂ ਕਰਦਾ ਹੈ, ਇਹ ਉਸ ਦਾ ਦਿਨ ਰਾਤ ਦਾ ਵਿਹਾਰ ਹੈ।

ਤਗੁ ਕਪਾਹੁ ਕੱਤੀਐ ਬ੍ਰਾਹਮਣ ਵੱਟੈ ਆਇ।
ਕੁਹਿ ਬਕਰਾ ਰਿੰਨ ਖਾਇਆ ਸਭ ਕੋ ਆਖੈ ਪਾਇ।

ਹੋਰ ਸੁਣੋ, ਬ੍ਰਾਹਮਣ ਆਉਂਦਾ ਹੈ, ਜਨੇਊ, ਕਪਾਹ ਤੋਂ ਤਿਆਰ ਕਰਦਾ ਹੈ ਉਸ ਨੂੰ ਵੱਟ ਚੜ੍ਹਾਉਂਦਾ ਹੈ ਅਤੇ ਜਨੇਊ ਪਾਉਣ ਤੋਂ ਪਹਿਲਾਂ ਜਾਂ ਬਾਅਦ 'ਚ ਬੱਕਰਾ ਬਣਾਉਂਦਾ ਹੈ। ਉਸ ਨੂੰ ਕੋਹ ਕੇ ਮਾਰਦਾ ਹੈ, ਰਿੰਨ੍ਹਦਾ ਹੈ, ਆਪ ਖਾਂਦਾ ਹੈ, ਸਾਰਿਆਂ ਨੂੰ ਖਾਣ ਲਈ ਆਖਦਾ ਹੈ। ਭਾਵ ਕਿ ਧਰਮੀ ਬੰਦਾ ਸੁਆਦਾਂ ਵਿਚ ਰੁੱਝਿਆ ਹੋਇਆ ਹੈ। ਜੀਭ ਦਾ ਲੋਭ ਕਰਦਾ ਹੈ।

ਹੋਇ ਪੁਰਾਣਾ ਸੁਟੀਐ ਭੀ ਪਾਈਐ ਹੋਰ ਨਾਨਕ ਤਗੁ ਨਾ ਤੁਟਈ ਜੇ ਤਗਿ ਹੋਵੈ ਜੋਰੁ ॥

ਸੂਤ ਦਾ ਬਣਾਇਆ ਇਹ ਜਨੇਊ ਟੁੱਟ ਜਾਂਦਾ ਹੈ, ਤਾਂ ਫੇਰ ਬ੍ਰਾਹਮਣ ਆਣ ਕੇ ਪਹਿਲੇ ਕਰਮਕਾਂਡ ਅਨੁਸਾਰ ਹੋਰ ਜਨੇਊ ਪਹਿਨਾ ਦਿੰਦਾ ਹੈ।(ਇਸ ਤਰ੍ਹਾਂ ਇਹ ਲਗਾਤਾਰ ਚੱਲ ਰਿਹਾ ਇਕ ਵਪਾਰ ਹੈ) ਪਰ ਜੇਕਰ ਤੱਗ ਵਿਚ ਜ਼ੋਰ ਹੋਵੇ, ਸੱਚ ਹੋਵੇ ਤਾਂ ਉਹ ਜਨੇਊ ਟੁੱਟਦਾ ਨਹੀਂ । ਉਸ ਨੂੰ ਵਾਰ-ਵਾਰ ਬਦਲਣ ਦੀ ਲੋੜ ਨਹੀਂ, ਕਿਉਂਕਿ ਉਹ ਮਨੁੱਖੀ ਮਨ ਦੇ ਗੁਣਾਂ ਨਾਲ ਪਰੋਤਾ ਹੁੰਦਾ ਹੈ ਤੇ ਇਕ ਚੰਗਾ ਮਾਨਸਿਕ ਵਰਤਾਰਾ ਹੁੰਦਾ ਹੈ ।

ਤਗੁ ਨਾ ਇੰਦ੍ਰੀ ਤਗੁ ਨਾ ਨਾਰੀ। ਭਲਕੇ ਥੁਕ ਪਵੈ ਨਿਤ ਦਾੜੀ ।

ਜਨੇਊ ਪਾ ਲਿਆ, ਧਰਮ ਬਣਾ ਲਿਆ, ਹਿੰਦੂ ਬਣ ਗਏ, ਪ੍ਰੰਤੂ ਇੰਦਰੀ ਦੇ ਸੁਆਦ ਨੂੰ ਰੋਕ ਨਹੀਂ ਸਕੇ । ਔਰਤ ਦਾ ਝੁਸ ਤਾਂ ਮੁਕਿਆ ਨਾ । ਭਾਵ ਕਾਮ ਗ੍ਰਸਤ ਰਹੇ ਤੇ ਜੋ ਕਾਮੀ ਹੈ, ਉਹ ਸਮਾਜ ਵਿਚ ਰੋਜ਼ ਬੇਇੱਜ਼ਤ ਹੁੰਦਾ ਹੈ । ਲੋਕ ਅਜਿਹੇ ਭੈੜੇ ਬੰਦੇ ਦੇ ਮੂੰਹ 'ਤੇ ਥੁੱਕਦੇ ਹਨ । ਭਾਵ ਸੱਚ ਦਾ ਜਨੇਊ ਤਾਂ ਬੰਦੇ ਨੂੰ ਕਾਮੀ ਨਹੀਂ ਹੋਣ ਦਿੰਦਾ । ਕਾਮ ਤੇ ਕਾਮਨਾਵਾਂ ਨੂੰ ਬੰਦੇ ਦਾ ਮਾਲਕ ਨਹੀਂ ਬਣਨ ਦਿੰਦਾ । ਸਗੋਂ ਕਾਮ ਬੰਦੇ ਦਾ ਗੁਲਾਮ ਹੋ ਕੇ ਰਹਿੰਦਾ ਹੈ । ਔਰਤ ਨੂੰ ਨਿਰਾਪੁਰਾ ਕਾਮ ਦੀ ਪੁਤਲੀ ਮੰਨਕੇ ਨਹੀਂ ਚਲਦਾ ।

ਤਗੁ ਨਾ ਪੈਰੀ ਤਗੁ ਨਾ ਹਥੀ। ਤਗੁ ਨਾ ਜਿਹਵਾ ਤਗੁ ਨਾ ਅਖੀ।

ਭਾਵ ਬੰਦਾ ਧਾਗੇ ਦਾ ਜਨੇਊ ਪਾ ਕੇ ਹਿੰਦੂ ਬਣਕੇ, ਕੁਰਾਹੇ ਜਾਣ ਵਾਲੇ ਪੈਰਾਂ ਨੂੰ ਨਹੀਂ ਰੋਕ ਸਕਦਾ । ਹੱਥਾਂ ਨੂੰ ਬੁਰੇ ਕੰਮ ਕਰਨ ਤੋਂ ਨਹੀਂ ਰੋਕ ਸਕਦਾ । ਜੀਭ ਨੂੰ ਬੁਰੀ ਗੱਲ ਕਹਿਣ ਤੋਂ ਨਹੀਂ ਰੋਕਦਾ, ਅੱਖਾਂ ਨੂੰ ਬੁਰਾ ਵੇਖਣ ਤੋਂ ਨਹੀਂ ਵਰਜਦਾ । ਤਾਂ ਫਿਰ ਸੱਚਾ ਤੱਗ ਕੀ ਹੈ ? ਕਿ ਬੰਦਾ ਸਹੀ ਰਸਤੇ 'ਤੇ ਚੱਲੇ, ਆਪਣੇ ਹੱਥਾਂ ਨਾਲ ਬੁਰਾਈਆਂ ਨਾ ਕਰੇ । ਮੂੰਹੋਂ ਮੰਦੇ ਬੋਲ ਨਾ ਬੋਲੇ ਤੇ ਅੱਖਾਂ ਨੂੰ ਬੁਰਾਈਆਂ ਵੇਖਣ ਤੋਂ ਰੋਕੇ । ਇਉਂ ਤੱਗ ਇਕ ਗੁਣਾਤਮਕ ਅਵਸਥਾ ਪੈਦਾ ਕਰਨ ਵਾਲੀ ਮਨੋਕਾਮਨਾ ਹੋਣੀ ਚਾਹੀਦੀ ਹੈ।

ਵੇਤਗਾ ਆਪੇ ਵਤੈ। ਵਟਿ ਧਾਗੇ ਅਵਰਾ ਘਤੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਬ੍ਰਾਹਮਣ ਪਾਸ ਸੱਚ ਦਾ ਜਨੇਊ ਤਾਂ ਹੈ ਨਹੀਂ, ਆਪਣੇ ਆਪ ਭਟਕਦਾ ਤੁਰਿਆ ਫਿਰਦਾ ਹੈ, ਪਰ ਧਾਗੇ ਵੱਟ-ਵੱਟ ਕੇ ਦੂਜਿਆਂ ਦੇ ਗਲ ਸੂਤ ਦਾ ਜਨੇਊ ਪਾ ਕੇ ਇਕ ਕਿਸਮ ਦੀ ਦੁਕਾਨਦਾਰੀ ਬਣਾਈ ਹੋਈ ਹੈ ।

ਲੈ ਭਾੜਿ ਕਰਹਿ ਵੀਆਹੁ। ਕਢਿ ਕਾਗਲੁ ਦਸੇ ਰਾਹੁ
ਸੁਣਿ ਲੋਕਾ ਇਹੁ ਵਿਡਾਣੁ। ਮਨ ਅੰਧਾ ਨਾਉ ਸੁਜਾਣੁ ।

ਭਾਵ ਕੰਨਿਆਂ ਦੇ ਵਿਆਹ ਸਮੇਂ ਖੁਸ਼ੀ ਸਮੇਂ ਪੰਡਤ ਭਾੜਾ ਲੈਂਦਾ ਹੈ ਤੇ ਪੱਤਰੀ ਪੜ੍ਹ ਕੇ ਸਾਰਿਆਂ ਨੂੰ ਸਹੀ ਰਾਹ ਦੱਸਦਾ ਹੈ ਕਿ ਜੋ ਧਾਰਮਿਕ ਗ੍ਰੰਥ ਕਹਿੰਦੇ ਹਨ, ਉਹੀ ਕਰਨਾ ਹੈ । ਬ੍ਰਾਹਮਣ ਦਾ ਹੁਕਮ ਮੰਨਣਾ ਹੈ । ਕਰਮ ਕਾਂਡਾਂ ਵਿਚ ਵਿਸ਼ਵਾਸ ਕਰਨਾ ਹੈ । ਜਨੇਊ ਪਾ ਕੇ ਹਿੰਦੂ ਅਖਵਾਉਣਾ ਹੈ । ਭਾਵ ਸਾਰਾ ਹਿੰਦੂ ਵਰਤਾਰਾ ਸਿਖਾਉਂਦਾ ਹੈ ।

ਲੋਕੋ ਇਹ ਕਿੱਡੀ ਅਦਭੁੱਤ ਅਤੇ ਹੈਰਾਨੀ ਵਾਲੀ ਗੱਲ ਹੈ ਕਿ ਇਕ ਬ੍ਰਾਹਮਣ, ਜੋ ਖੁਦ ਅਕਲ ਦਾ ਅੰਨ੍ਹਾ ਹੈ, ਉਸ ਦਾ ਨਾਂ ਸਿਆਣਾ ਰੱਖਿਆ ਹੋਇਆ ਹੈ । ਗਿਆਨੀ ਕਹਿੰਦੇ ਹਨ ਉਸ ਨੂੰ ਵਾਹ !

ਔਰਤ

ਬ੍ਰਾਹਮਣੀ ਵਿਚਾਰਧਾਰਾ ਤੇ ਹਿੰਦੂ ਮੱਤ (ਤੁਲਸੀ ਰਮਾਇਣ) ਅਨੁਸਾਰ ਗੰਵਾਰ, ਔਰਤ, ਸ਼ੂਦਰ ਅਤੇ ਪਸ਼ੂ ਚਾਰੇ ਡੰਡੇ ਦੇ ਪੀਰ ਹਨ । ਗੀਤਾ ਅਨੁਸਾਰ ਤਿੰਨੇ ਪਾਪ ਦੀ ਯੋਨੀ ਹਨ । ਔਰਤ ਨੂੰ ਤਾਂ ਸਭ ਨਾਲੋਂ ਅਪਵਿੱਤਰ ਮੰਨਿਆ ਗਿਆ ਹੈ, ਬੰਦੇ ਦਾ ਦੀਨ ਧਰਮ ਭਰਿਸ਼ਟ ਕਰਨ ਵਾਲੀ ਪਰ ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥

ਭਾਵ : ਔਰਤ ਜਨਮ ਦਿੰਦੀ ਹੈ । ਔਰਤ ਦੇ ਅੰਦਰ ਹੀ ਮਨੁੱਖ ਵਿਗਸਦਾ ਹੈ ਅਤੇ ਔਰਤ ਨਾਲ ਹੀ ਵਿਆਹ ਕਰਵਾਉਂਦਾ ਹੈ । ਭਾਵ ਔਰਤ ਮਾਂ ਵੀ ਹੈ ਔਰਤ ਪਤਨੀ ਵੀ ਹੈ ਤੇ ਔਰਤ ਦੋਸਤ ਵੀ ਹੈ । ਸਾਥਣ ਵੀ ਹੈ, ਮਹਿਬੂਬ ਵੀ ਹੈ ਤੇ ਖਿਚ ਸ਼ਕਤੀ ਵੀ । ਇਹੀ ਔਰਤ ਮਨੁੱਖਤਾ ਦੇ ਲਗਾਤਾਰ ਵਿਕਾਸ ਦਾ ਸਾਧਨ ਹੈ । ਮਨੁੱਖਤਾ

ਭੁਗਦੀ ਹੀ ਔਰਤ ਦੇ ਸਿਰ 'ਤੇ ਹੈ ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

ਔਰਤ ਮਰ ਜਾਂਦੀ ਹੈ ਤਾਂ ਬੰਦਾ ਹੋਰ ਔਰਤ ਲੈ ਆਉਂਦਾ ਹੈ । ਔਰਤ ਮਨੁੱਖ ਦੀ ਕਿੱਡੀ ਜ਼ਰੂਰਤ ਹੈ । ਸਾਰੇ ਰਿਸ਼ਤੇ ਹੀ ਅਸਲ ਵਿਚ ਔਰਤ ਦੇ ਰਾਹੀਂ ਹੀ ਬਣਦੇ ਹਨ । ਤੁਸੀਂ ਉਸੇ ਹੀ ਔਰਤ ਨੂੰ ਮਾੜੀ, ਅਪਵਿੱਤਰ, ਪਾਪਣ ਕਿਉਂ ਆਖਦੇ ਹੋ । ਭਾਵ ਔਰਤ ਨੂੰ ਮੰਦਾ ਨਹੀਂ ਆਖਣਾ ਚਾਹੀਦਾ, ਉਹ ਉੱਤਮ ਹੈ ।

ਭੰਡਹੁ ਹੀ ਭੰਡੁ ਊਪਜੈ, ਭੰਡੈ ਬਾਝੁ ਨਾ ਕੋਇ।

ਨਾਨਕ ਭੰਡੈ ਬਾਹਰਾ ਇਕੋ ਸੱਚਾ ਸੋਇ।

ਔਰਤ, ਔਰਤ ਦੀ ਜਨਮਦਾਤੀ ਹੈ ਅਤੇ ਹਰ ਮਨੁੱਖ ਔਰਤ ਦੀ ਦੇਣ ਹੈ । ਸਮਾਜਿਕ ਪਸਾਰਾ ਹੀ ਔਰਤ 'ਤੇ ਨਿਰਭਰ ਹੈ । ਹਾਂ ਇਕ ਚੀਜ਼ ਨੂੰ ਔਰਤ ਜਨਮ ਨਹੀਂ ਦਿੰਦੀ ਤੇ ਉਹ ਹੈ ਰੱਬ ਜੋ ਉਸ ਦੀ ਕੁੱਖ ਦੀ ਪੈਦਾਵਾਰ ਨਹੀਂ । ਬਾਕੀ ਸਭ ਕੁਝ ਔਰਤ ਹੀ ਜਨਣੀ ਹੈ।

ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਠਾਕਰ, ਇੰਦਰ, ਪਰਸ਼ੂ, ਕ੍ਰਿਸ਼ਨ, ਰਾਮ ਚੰਦਰ ਅਤੇ ਦੇਵੀ ਦੇਵਤੇ :-

ਘਰ ਨਰਾਇਣ, ਸਭਾ ਨਾਲ। ਪੂਜ ਕਰੇ ਰਖੈ ਨਾਵਾਲਿ।

ਕੁੰਗੂ ਚੰਨਣ ਫੁੱਲ ਚੜ੍ਹਾਏ। ਪੈਰੀ ਪੈ ਪੈ ਬਹੁਤ ਮਨਾਏ।

ਹਿੰਦੂ ਅਖਵਾਉਣ ਵਾਲੇ ਲੋਕਾਂ ਨੇ ਘਰਾਂ ਵਿਚ ਠਾਕਰ ਦੀ ਮੂਰਤੀ ਰੱਖੀ ਹੋਈ ਹੈ । ਉਸ ਨੂੰ ਉਹ ਨਰਾਇਣ ਕਹਿੰਦੇ ਹਨ । ਰੋਜ਼ ਕੁੰਗੂ ਚੰਦਨ ਤੇ ਫੁੱਲਾਂ ਦੀ ਭੇਟ ਚੜ੍ਹਾਉਂਦੇ ਹਨ । ਪੱਥਰ ਦੇ ਠਾਕਰ ਨੂੰ ਖੁਸ਼ ਕਰਨ ਲਈ ਉਸ ਦੇ ਪੈਰੀਂ ਹੱਥ ਲਾਉਂਦੇ ਹਨ । ਮੱਥੇ ਟੇਕਦੇ ਹਨ ਅਤੇ ਸਿਰ ਨਿਵਾਉਂਦੇ ਹਨ ।

ਮਾਣੂਆ ਮੰਗ ਪੈਨੇ ਖਾਇ। ਅੰਧੀ ਕੰਮੀ ਅੰਧ ਸਜਾਇ।

ਭੁਖਿਆਂ ਦੇਇ ਨਾ ਮੁਰਦਿਆਂ ਰਖੈ। ਅੰਧਾ ਝਗੜਾ ਅੰਧੀ ਸੱਥੈ ।

ਠਾਕਰ ਦੇ ਨਾਂ 'ਤੇ ਪੱਥਰ ਦੀ ਮੂਰਤੀ ਰੱਖ ਕੇ ਪੰਡਤ ਮੰਗ-ਮੰਗ ਖਾਂਦਾ ਹੈ । ਭੇਟਾ ਚੜ੍ਹਿਆ ਕੱਪੜਾ ਪਹਿਨਦਾ ਹੈ, ਭਾਵ ਕੋਈ ਹੱਕ ਦੀ ਕਮਾਈ ਦਾ ਖਾਂਦਾ ਨਹੀਂ, ਪਹਿਨਦਾ ਨਹੀਂ । ਇਹੋ ਜਿਹੇ ਧਾਰਮਿਕ ਕੰਮ ਅਗਿਆਨਤਾ, ਮੂੜ੍ਹਤਾ ਦੀ ਨਿਸ਼ਾਨੀ ਹਨ । ਇਹ ਲੋਕ ਹਨੇਰੇ ਵਿਚ ਟੱਕਰਾਂ ਮਾਰ ਰਹੇ ਹਨ । ਕਿੰਨੇ ਬੇਸ਼ਰਮ ਲੋਕ ਹਨ ਕਿ ਦੂਜਿਆਂ ਦੇ ਮੂੰਹ 'ਚੋਂ ਖੋਹਦੇ ਹਨ । ਜਿਉਂਦਿਆਂ ਨੂੰ ਦੋ ਟੁੱਕੜ ਦੇ ਨਹੀਂ ਸਕਦੇ, ਪਰ ਮੁਰਦਿਆਂ ਅੱਗੇ, ਪੱਥਰਾਂ ਅੱਗੇ ਖਾਣਾ ਪੀਣਾ, ਲੀੜਾ-ਕੱਪੜਾ ਭੇਟਾ ਕਰਦੇ ਹਨ । ਦਰਅਸਲ ਇਹ ਅਕਲ ਦੇ ਹੀਣੇ ਲੋਕਾਂ ਦਾ ਇਹ ਧੰਦਾ ਹੈ ਜਿਦਦੇ ਨਾਲ ਗਿਆਨ ਵਿਹੂਣੀ ਅੰਨੀ ਜਨਤਾ ਵੀ ਜੁੜੀ ਹੋਈ ਹੈ ।

ਗਿਆਨ ਵਿਹੂਣਾ ਗਾਵੈ ਗੀਤ। ਭੁੱਖੇ ਮੁੱਲਾਂ ਘਰੇ ਮਸੀਤ ।

ਅਗਿਆਨੀ ਨਾਸਮਝ ਲੋਕ ਧਾਰਮਿਕ ਗੀਤ ਗਾਉਂਦੇ ਰਹਿੰਦੇ ਹਨ । ਅਸਲ ਵਿਚ ਭੁੱਖੇ ਮੁੱਲਾਂ ਨੇ ਰੋਟੀਆਂ ਕਾਰਨ ਆਪਣੇ ਘਰ ਮਸੀਤ ਬਣਾ ਰੱਖੀ ਹੈ ਤਾਂ ਜੋ ਵਿਹਲਾ ਰਹਿ ਕੇ ਦੂਜਿਆਂ ਦੀ ਕਮਾਈ ਖਾ ਸਕੇ ।

ਮਖੱਟੂ ਹੋਇਕੇ ਕੰਨ ਪੜਾਇ। ਫਕਰ ਕਰੇ, ਹੋਰ ਜਾਤ ਗਵਾਏ।

ਗੁਰਪੀਰ ਸਦਾਏ ਮੰਗਣ ਜਾਏ। ਤਾ ਕੇ ਮੂਲ ਨਾ ਲਗੀਐ ਪਾਏ ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਵਿਹਲੜ ਲੋਕ ਹਨ । ਹੱਡ ਹਰਾਮੀ ਲੋਕ ਹਨ, ਜੋ ਕਿਰਤ ਤੋਂ ਭੱਜ ਕੇ ਕੰਨ ਪੜਵਾ ਕੇ ਜੋਗੀ ਬਣ ਬੈਠੇ ਹਨ । ਫਕੀਰੀ ਦਾ ਭੇਸ ਧਾਰਨ ਕਰਦੇ ਹਨ । ਬੰਦੇ ਦੀ ਜਾਤ ਨੂੰ ਧੱਬਾ ਲਾਉਂਦੇ ਹਨ । ਗੁਰੂ ਕਹਾਉਂਦੇ ਹਨ, ਪੀਰ ਕਹਾਉਂਦੇ ਹਨ ਤੇ ਫਿਰ ਲੋਕਾਂ ਦੇ ਘਰੀਂ ਕਿਰਤੀਆਂ ਦੇ ਘਰੀਂ ਮੰਗਣ ਤੁਰ ਪੈਂਦੇ ਹਨ । ਗੁਰੂ ਜੀ ਕਹਿੰਦੇ ਹਨ ਕਿ ਇਹੋ ਜਿਹੇ ਵਿਹਲੜਾਂ ਪਾਖੰਡੀਆਂ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ । ਇਨ੍ਹਾਂ ਨੂੰ ਗੁਰੂ ਪੀਰ ਫਕੀਰ ਮੰਨ ਕੇ ਆਪਣੀ ਨੇਕ ਕਮਾਈ ਨਹੀਂ ਖੁਆਉਣੀ ਚਾਹੀਦੀ । ਇਨ੍ਹਾਂ ਦੇ ਪੈਰੀਂ ਨਹੀਂ ਪੈਣਾ ਚਾਹੀਦਾ । ਇਨ੍ਹਾਂ ਸਾਹਮਣੇ ਨਿਵਣਾ ਪਾਪ ਹੈ । ਗਲਤ ਹੈ । ਮੂਰਖਤਾ ਹੈ ।

ਘਾਲਿ ਖਾਇ ਕਿਛੁ ਹਥੋਂ ਦੇਹਿ। ਨਾਨਕ ਰਾਹ ਪਛਾਣਹਿ ਸੇ।

ਫਿਰ ਸਾਡੇ ਲਈ ਸਹੀ ਰਸਤਾ ਕੀ ਹੈ ? ਬੰਦਾ ਹੱਕ ਹਲਾਲ ਦੀ ਕਮਾਈ ਕਰੇ (ਏਥੇ ਕਿਸੇ ਪੰਡਤ, ਭਾਈ, ਮੁੱਲਾਂ, ਪੁਜਾਰੀ, ਪਾਦਰੀ, ਸਾਧੂ, ਫਕੀਰ ਨੂੰ ਕੋਈ ਛੋਟ ਨਹੀਂ) ਤੇ ਉਸ ਵਿਚੋਂ ਵੀ ਦੁਖੀ ਤੇ ਲੋੜਵੰਦ ਦੀ

ਸਹਾਇਤਾ ਕਰੇ, ਉਹੀ ਬੰਦਾ ਸਚਾਈ ਦਾ ਰਸਤਾ ਪਛਾਣਦਾ ਹੈ, ਸਮਝਦਾ ਹੈ । ਉਹੀ ਗਿਆਨੀ ਅਖਵਾ ਸਕਦਾ ਹੈ ।

ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸ਼ੰਕਰ ਛੋਡੀ ਮਾਇਆ।

ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨਾ ਪਾਇਆ ।

ਜਿਸ ਮੁਕਤੀ ਲਈ ਜਿਸ ਪ੍ਰਾਪਤੀ ਲਈ ਬ੍ਰਹਮਾ ਨੇ ਵੇਦ ਉਚਾਰੇ ਤੇ ਸ਼ੰਕਰ ਨੇ, ਸ਼ਿਵ ਨੇ ਮਾਇਆ ਤਿਆਗੀ, ਜਿਸ ਖਾਤਰ ਸਿੱਧ ਜੋਗੀ ਘਰ ਘਾਟ ਛੱਡ ਜੰਗਲਾਂ ਵਿਚ ਜਾ ਕੇ ਜੋਗ ਕਮਾਉਣ ਲੱਗੇ ਤੇ ਹੋਰ ਦੇਵਤਿਆਂ ਨੇ ਜਾਂ ਦੇਵੀਆਂ ਨੇ, ਕਿਸੇ ਨੇ ਵੀ ਅਸਲੀ ਭੇਟ ਨਹੀਂ ਪਾਇਆ । ਭਾਵ ਬ੍ਰਹਮਾ, ਸ਼ਿਵਜੀ, ਸਿੱਧ ਜੋਗੀ ਤੇ ਦੇਵਤਿਆਂ ਨੂੰ ਅਸਲੀਅਤ ਦਾ ਗਿਆਨ ਨਹੀਂ ਹੋ ਸਕਿਆ । ਕਿਉਂਕਿ-

ਮਨ ਸਾਚਾ ਮੁਖ ਸਾਚਾ ਕਹੀਐ ਤਰੀਐ ਸਾਚਾ ਹੋਈ।

ਜੇ ਮਨ ਸੱਚਾ ਹੋਵੇ, ਪਵਿੱਤਰ ਹੋਵੇ, ਮਨ 'ਚ ਕਰੋਧ, ਲੋਭ, ਮੋਹ, ਹੰਕਾਰ ਦੀ ਮੈਲ ਨਾ ਹੋਲੇ ਤੇ ਫਿਰ ਬੰਦਾ ਮੂੰਹ ਵਿਚੋਂ ਸੱਚਾ ਬਚਨ ਬੋਲੇ, ਉਸ ਵਿਚ ਕਿਸੇ ਪ੍ਰਕਾਰ ਦਾ ਛਲ-ਕਪਟ, ਝੂਠ, ਲੋਭ, ਧੋਖਾ ਨਾ ਹੋਵੇ । ਇਉਂ ਕਹਿਣੀ, ਰਹਿਣੀ, ਸੋਚਣੀ ਵਿਚ ਅੰਤਰ ਤੇ ਭੇਦਭਾਵ ਨਾ ਹੋਵੇ ਤਾਂ ਹੀ ਬੰਦਾ ਕੋਈ ਲਾਭ ਪ੍ਰਾਪਤ ਕਰ ਸਕਦਾ ਹੈ । ਆਨੰਦ ਪ੍ਰਾਪਤ ਕਰ ਸਕਦਾ ਹੈ। ਵਰਨਾ ਨਹੀਂ।

ਹਿਦੂ ਮੂਲੇ ਭੂਲੇ ਅਖੁਟੀ ਜਾਹੀ। ਨਾਰਦਿ ਕਹਿਆ ਸਿ ਪੂਜ ਕਰਾਹੀਂ।

ਅੰਧੇ ਗੁੰਗੇ ਅੰਧ ਅੰਧਾਰ। ਪਾਥਰ ਲੇ ਪੂਜਹਿ ਮੁਗਧ ਗਵਾਰ।

ਓਹਿ ਜਾ ਆਪ ਡੁਬੇ ਤੁਮ ਕਹਾ ਤਾਰਣਹਾਰ।

ਗੁਰੂ ਨਾਨਕ ਨੇ ਦੱਸਿਆ ਕਿ ਹਿੰਦੂ ਤਾਂ ਮੁੱਢ ਤੋਂ ਹੀ ਭਟਕੇ ਲੋਕ ਹਨ ਜੋ ਪੁੱਠੇ ਚਲਦੇ ਹਨ । ਜਿਵੇਂ ਨਾਰਦ ਮੁਨੀ ਨੇ ਇਨ੍ਹਾਂ ਨੂੰ ਦੱਸਿਆ ਹੈ, ਇਹ ਉਸ ਤਰ੍ਹਾਂ ਪੱਥਰ-ਪੂਜਾ ਕਰਦੇ ਆ ਰਹੇ ਹਨ । ਇਨ੍ਹਾਂ ਕਦੇ ਸੋਚਿਆ ਹੀ ਨਹੀਂ ਕਿ ਇਹ ਠੀਕ ਜਾਂ ਨਹੀਂ । ਇਹ ਲੋਕ ਦਿਮਾਗੀ ਅੰਨ੍ਹੇ ਹਨ । ਪੱਥਰ ਦੀ ਅਸਲੀਅਤ ਨਹੀਂ ਪਛਾਣ ਸਕੇ । ਇਹ ਗੁੰਗੇ ਹਨ । ਭਾਵ ਇਹ ਸੱਚ ਨਹੀਂ ਕਹਿ ਸਕਦੇ । ਸੱਚ ਕਹਿੰਦਿਆਂ ਜ਼ੁਬਾਨ ਬੰਦ ਹੋ ਜਾਂਦੀ ਹੈ । ਇਨ੍ਹਾਂ ਦੀ ਬੁਨਿਆਦ ਹੀ ਅਗਿਆਨਤਾ ਦੇ ਹਨੇਰੇ 'ਤੇ ਬੱਝੀ ਹੈ । ਇਹ ਮੂਰਖ ਲੋਕ, ਗਵਾਰ ਲੋਕ ਪੱਥਰ ਲੈ ਕੇ ਇਸ ਦੀ ਪੂਜਾ ਕਰਦੇ ਹਨ ਤਾਂ ਕਿ ਉਹ ਭਵਸਾਗਰ ਤਰ ਜਾਣ। ਭਲੇ ਮਾਨਸੋ! ਜੋ ਪੱਥਰ ਆਪ ਹੀ ਤਰ ਨਹੀਂ ਸਕਦਾ, ਉਹ ਤੁਹਾਨੂੰ ਕਿਸ ਤਰ੍ਹਾਂ ਤਾਰ ਕੇ ਪਾਰ ਕਰੇਗਾ? ਗੱਲ ਸਮਝਣ ਵਾਲੀ ਤਾਂ ਇਹੋ ਹੈ।

ਸਹੰਸਰ ਦਾਨ ਦੇ ਇੰਦਰ ਰੁਆਇਆ। ਪਰਸੁਆ ਰੋਵੈ ਘਰ ਆਇਆ॥

ਅਜੇ ਸੁ ਰੋਵੈ ਭੀਖਿਆ ਖਾਇ। ਐਸੀ ਦਰਗਹਿ ਮਿਲੈ ਸਜਾਇ ॥

ਰੋਵੈ ਰਾਮ ਨਿਕਾਲਾ ਭਇਆ। ਸੀਤਾ ਲਛਮਣ ਵਿਛੁੜਿ ਗਇਆ ॥

ਗੁਰੂ ਨਾਨਕ ਅਨੁਸਾਰ ਰਾਮ ਆਪਣੇ ਆਪ ਨੂੰ ਭਗਵਾਨ ਅਖਵਾਉਂਦਾ ਹੈ । ਹਿੰਦੂ ਲੋਕ ਉਸ ਨੂੰ ਭਗਵਾਨ ਮੰਨਦੇ ਹਨ, ਪਰ 14 ਸਾਲ ਦਾ ਬਨਵਾਸ ਮਿਲ ਜਾਣ 'ਤੇ ਰੋਂਦਾ ਹੈ । ਭਾਵ ਜੋ ਆਦਮੀ ਧਰਤੀ ਤੇ ਮਨੁੱਖੀ ਰਿਸ਼ਤਿਆਂ ਨਾਲ ਬੱਝਾ ਹੋਇਆ ਹੈ, ਜੋ ਰੋਂਦਾ ਹੈ, ਹਸਦਾ ਹੈ, ਮਿਲਦਾ ਹੈ, ਵਿਛੜਦਾ ਹੈ, ਉਹ ਆਦਮੀ ਹੀ ਹੋ ਸਕਦਾ ਹੈ, ਭਗਵਾਨ ਨਹੀਂ । ਇਸੇ ਤਰ੍ਹਾਂ ਇਕ ਕਥਾ ਵਿਚ ਇੰਦਰ ਰੋਂਦਾ ਹੈ ਤੇ ਦੂਜੀ ਕਥਾ ਵਿਚ ਪਰਸੂਰਾਮ (ਬ੍ਰਾਹਮਣ ਜਿਸ ਨੇ ਕਸ਼ੱਤਰੀਆਂ ਨੂੰ ਮਾਰਨ ਲਈ ਕਹਿੰਦੇ ਵਾਰ-ਵਾਰ ਜਨਮ ਲਿਆ) ਰੋਂਦਾ ਹੈ, ਕਿਉਂਕਿ ਉਨ੍ਹਾਂ ਕੋਲੋਂ ਦੂਜੇ ਨੇ ਕੁਝ ਖੋਹ ਲਿਆ ।

ਰੋਵੈ ਦਹਿਸਿਰਿ ਲੰਕਾ ਗਵਾਇ। ਜਿਨ ਸੀਤਾ ਆਦੀ ਡਉਰੂ ਵਜਾਇ ॥

ਦਹਿਸਰ, ਭਾਵ ਦਸਾਂ ਸਿਰਾਂ ਵਾਲਾ ਵੱਡਾ ਸ਼ਕਤੀਸ਼ਾਲੀ ਦਿਮਾਗ ਰੱਖਣ ਵਾਲਾ ਰਾਵਣ ਆਪਣੀ ਲੰਕਾ ਖੁਹਾ ਕੇ, ਢੁਆ ਕੇ ਬਰਬਾਦ ਕਰਵਾ ਕੇ ਰੋਂਦਾ ਹੈ, ਜਿਸ ਨੇ ਸੀਤਾ ਨੂੰ ਐਲਾਨ ਕੇ ਲਲਕਾਰ ਕੇ ਚੁੱਕ ਲਿਆਂਦਾ ਸੀ ।

ਰੋਵਹਿ ਪਾਂਡਵ ਭਇ ਮਜੂਰ। ਜਿਨਕੈ ਸੁਆਮੀ ਰਹਿਤ ਹਦੂਰ।

ਪਾਂਡਵ ਲੋਕ ਵੀ, ਜਿਹੜੇ ਕਦੇ ਭਾਰਤ ਦੇ ਅੱਧ ਦੇ ਮਾਲਕ ਦੇ ਰਾਜੇ ਸਨ, ਪਰ ਅੰਤ ਉਨ੍ਹਾਂ ਨੂੰ ਮਜ਼ਦੂਰੀ ਕਰਕੇ ਪੇਟ ਪਾਲਣਾ ਪਿਆ, ਤੇ ਜਿਨ੍ਹਾਂ ਦਾ ਵੱਡਾ ਭਾਈ ਯੁਧਿਸ਼ਟਰ ਸੀ, ਜਿਸ ਨੂੰ ਧਰਮਰਾਜ ਦਾ ਅਵਤਾਰ

ਕਿਹਾ ਜਾਂਦਾ ਸੀ ਤੇ ਜਿਸ ਨੂੰ ਸੁਰਗ ਵਿਚ ਲੈ ਕੇ ਜਾਣ ਲਈ ਇੰਦਰ ਆਪ ਰੱਥ ਲੈ ਕੇ ਆਇਆ ਸੀ ਤੇ ਇਹ ਉਹੀ ਪਾਂਡੋ ਸਨ, ਜਿਨ੍ਹਾਂ ਦਾ ਸੁਆਮੀ ਭਾਵ ਕ੍ਰਿਸ਼ਨ ਉਨ੍ਹਾਂ ਦੇ ਨਾਲ ਰਹਿੰਦਾ ਸੀ ਤੇ ਜਿਸ ਨੇ ਅਰਜਨ ਨੂੰ ਸਾਰੀ ਦੁਨੀਆ ਮੂੰਹ 'ਚੋਂ ਵਿਖਾ ਦਿੱਤੀ ਸੀ ਅਤੇ ਦੱਸਿਆ ਸੀ ਕਿ ਮੈਂ ਹੀ ਸਾਰੀ ਸ੍ਰਿਸ਼ਟੀ ਦਾ ਰਚਣਹਾਰ ਹਾਂ। ਜਿਸ ਨੇ ਦਰੋਪਦੀ ਦੇ ਚੀਰ ਹਰਣ ਵੇਲੇ ਆਪਣੀ ਰੱਬੀ ਸ਼ਕਤੀ ਨਾਲ ਉਸ ਦੀ ਇੱਜ਼ਤ ਬਚਾ ਲਈ ਸੀ । ਏਡੇ ਮਾਲਕ ਹੁੰਦਿਆਂ ਪਾਂਡੋ ਮਜਬੂਰੀ ਵਿਚ ਸਨ ? ਦਿਹਾੜੀਆਂ ਕਰਕੇ ਦਿਨ ਕੱਟਦੇ ਹਨ ।ਦੁਖੀ ਹਨ, ਦੂਜੇ ਬੰਦਿਆਂ ਵਾਂਗ ਹੀ। ਤਾਂ ਸੋਚੋ ਕਿ ਸੱਚ ਕੀ ਹੈ ?

ਰੋਵੈ ਜਨਮੇਜਾ ਭਇਆ

ਉਹ ਜਨਮੇਜਾ ਜੋ ਕਦੀ ਵੱਡਾ ਰਾਜਾ ਸੀ, ਵੀ ਰੋ ਰਿਹਾ ਸੀ, ਜਿਸ ਨੇ ਉੱਤਮ ਬ੍ਰਾਹਮਣਾਂ ਨੂੰ ਵੀ ਮਾਰ ਮੁਕਾਇਆ ਸੀ।

ਰੋਵਹਿ ਸੇਖ ਮਸਾਇਕ ਪੀਰ। ਅੰਤਿ ਕਾਲਿ ਮਤੁ ਲਾਗੈ ਪੀੜ।

ਗੁਰੂ ਨਾਨਕ ਕਹਿੰਦੇ ਹਨ ਕਿ ਮੁਸਲਮਾਨਾਂ ਦੇ ਸੇਖ ਪੀਰ ਵੀ ਰੋਂਦੇ ਹਨ, ਡਰਦੇ ਹਨ ਕਿ ਅੰਤ ਸਮੇਂ ਭਾਵ ਮੌਤ ਤੋਂ ਬਾਅਦ ਉਨ੍ਹਾਂ ਨੂੰ ਪੀੜਾਂ ਨਾ ਝੱਲਣੀਆਂ ਪੈਣ, ਦੁੱਖ ਨਾ ਸਹਿਣੇ ਪੈਣ ਨਰਕ 'ਚ ਨਾ ਜਾਣਾ ਪਵੇ।

ਰੋਵਹਿ ਰਾਜੇ ਕੰਨ ਪੜਾਇ। ਘਰਿ ਘਰਿ ਮਾਂਗਹਿ ਭੀਖਿਆ ਜਾਇ।

ਉਹ ਰਾਜੇ ਜਿਨ੍ਹਾਂ ਨੂੰ ਮੁਸ਼ਕਲ ਵਿੱਚ, ਭੀੜਾਂ ਵਿਚ ਫਸਿਆ ਕੰਨ ਪੜਵਾ ਕੇ ਜੋਗੀ ਬਣਨਾ ਪਿਆ ਤੇ ਰਾਜ ਭਾਗ ਤਿਆਗ ਕੇ ਘਰ-ਘਰ ਜਾ ਕੇ ਭਿਖਿਆ ਮੰਗਣ ਲਈ ਮਜਬੂਰ ਹੋਣਾ ਪਿਆ, ਵੀ ਰੋਂਦੇ ਹਨ।

ਪੰਡਤ ਰੋਵਹਿ ਗਿਆਨ ਗਵਾਇ।

ਪੰਡਤ ਵੀ ਅਸਲ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਆਖਰ ਰੋ ਪੈਂਦਾ ਹੈ, ਦੁੱਖੀ ਹੁੰਦਾ ਹੈ, ਪਛਤਾਉਂਦਾ ਹੈ, ਜਦੋਂ ਉਸ ਦੇ ਕੀਤੇ ਕਰਮ ਕਾਂਡ ਉਸ ਦਾ ਸਾਥ ਨਹੀਂ ਦਿੰਦੇ ।

ਬਾਲੀ ਰੋਵਹਿ ਨਾਹਿ ਭਤਾਰੁ। ਨਾਨਕ ਦੁਖੀਆ ਸਭੁ ਸੰਸਾਰੁ ।

ਬਾਲੀ ਵੀ ਪਤਨੀ ਕਾਰਨ ਦੁਖੀ ਹੋਇਆ, ਕਿਉਂਕਿ ਸੁਗਰੀਵ ਨਾਲ ਨਹੀਂ ਬਣਦੀ ਸੀ ਤੇ ਉਹ ਵਿਰੋਧੀ ਬਣ ਕੇ ਰਾਜ ਵਿਚੋਂ ਨਿਕਲ ਗਿਆ ਸੀ ਤਾਂ ਹੀ ਉਸ ਨੂੰ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ।ਉਸ ਦੀ ਪਤਨੀ ਸੁਗਰੀਵ ਨੇ ਕਬਜ਼ੇ ਵਿਚ ਕਰ ਲਈ ਸੀ ।ਅਸਲ ਵਿਚ ਗੁਰੂ ਨਾਨਕ ਕਹਿੰਦੇ ਹਨ ਕਿ ਲੋਭ, ਮੋਹ, ਹੰਕਾਰ, ਕਾਮ, ਕਰੋਧ ਵਿਚ ਗਰੱਸਿਆ ਸਾਰਾ ਸੰਸਾਰ ਹੀ ਦੁਖੀ ਹੁੰਦਾ ਹੈ ।ਕਹਿਣ ਦਾ ਭਾਵ ਕਿ ਪਰਸ਼ੂ, ਇੰਦਰ, ਰਾਮ, ਕ੍ਰਿਸ਼ਨ, ਪਾਂਡੋ, ਰਾਜੇ, ਰਾਵਣ, ਬਾਲੀ, ਪੰਡਤ, ਮੁੱਲਾਂ, ਸੀਤਾ, ਲਛਮਣ ਸਭ ਸੰਸਾਰੀ ਜੀਵ ਹਨ ਜੋ ਆਪ ਦੁਖੀ ਹਨ, ਜੋ ਆਪਣੇ ਆਪ ਨੂੰ ਵੀ ਦੁੱਖ ਤੋਂ ਨਹੀਂ ਸਨ ਬਚਾ ਸਕੇ ।ਉਹ ਦੂਜੀ ਜਨਤਾ ਦਾ ਕੀ ਸੰਵਾਰ ਸਕਦੇ ਹਨ ? ਇਹ ਹੈ ਪ੍ਰਸ਼ਨ, ਜੋ ਸੋਚਣਾ ਬਣਦਾ ਹੈ ।

ਮਾਇਆ ਮੋਹੇ ਦੇਵੀ ਸਭ ਦੇਵਾ।
ਕਾਲੁ ਨਾ ਛੋਡੈ ਬਿਨ ਗੁਰ ਕੀ ਸੇਵਾ॥
ਰੋਗੀ ਬ੍ਰਹਮਾਂ ਬਿਸਨ ਸਰੁਦ੍ਰਾ ਰੋਗੀ ਸਗਲ ਸੰਸਾਰਾ॥

ਗੁਰੂ ਨਾਨਕ ਤਾਂ ਕਹਿੰਦੇ ਹਨ ਕਿ ਜੋ ਹਿੰਦੂਆਂ ਦੇ ਵੱਡੇ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼, ਜਿਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਇਕ ਸੰਸਾਰ ਨੂੰ ਪੈਦਾ ਕਰਦਾ ਹੈ, ਦੂਜਾ ਪਾਲਦਾ ਹੈ ਤੇ ਤੀਜਾ ਖਤਮ ਕਰਦਾ ਹੈ, ਇਹ ਅਸਲ ਵਿਚ ਸਾਰੇ ਦੇ ਸਾਰੇ ਵਿਸ਼ਿਆਂ ਵਿਕਾਰਾਂ ਅਤੇ ਕਾਮਨਾਵਾਂ ਦੇ ਲੋਭੀ ਹੋਣ ਕਾਰਨ, ਰੋਗੀ ਹਨ ।ਬ੍ਰਹਮਾ, ਵਿਸ਼ਨੂੰ ਅਤੇ ਸਿਵਜੀ ਤਿੰਨੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਿਚ ਹੀ ਫਸੇ ਹਨ। ਕਾਮਕ ਰੁਚੀਆਂ ਵਾਲੇ ਹਨ। ਵੱਡੇ ਅਖਵਾਉਣ ਦੇ ਲੋਭੀ ਹਨ। ਇਸ ਤਰ੍ਹਾਂ ਸੰਸਾਰ ਦੇ ਸਾਰੇ ਜੀਵ ਵੀ ਪਦਾਰਥਾਂ ਦੇ ਲੋਭ ਵਿਚ ਫਸੇ ਇਕ ਦੂਜੇ ਦਾ ਗਲ ਘੁਟ ਰਹੇ ਹਨ। ਇਕ ਦੂਜੇ ਦਾ ਲਹੂ ਪੀਂਦੇ ਹਨ। ਦੂਜਿਆਂ ਦੀ ਕਮਾਈ 'ਤੇ ਪਲ ਰਹੇ ਹਨ। ਪਾਪ ਦੀ ਕਮਾਈ 'ਤੇ ਪਲ ਰਹੇ ਹਨ।

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖ ਕੰਠਿ ਸੰਵਾਰਿ।
ਤਾ ਕੋ ਅੰਤ ਨਾ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ॥

ਗੁਰੂ ਨਾਨਕ ਦਸਦੇ ਹਨ ਕਿ ਹਿੰਦੂ ਮੱਤ ਅਨੁਸਾਰ ਕਿਆਸ ਕੀਤਾ ਜਾਂਦਾ ਹੈ ਕਿ ਬ੍ਰਹਮਾ ਨਾਭਿ ਕਮਲ ਵਿਚੋਂ

ਪੈਦਾ ਹੋਇਆ ਸੀ ਤੇ (ਹਿਦੂ ਕਹਿੰਦੇ ਹਨ ਕਿ ਸ੍ਰਿਸ਼ਟੀ ਦਾ ਰਚਨਹਾਰ ਸੀ ਤਾਂ ਫਿਰ ਉਹ ਆਪ ਕਿਉਂ ਪੈਦਾ ਹੋਇਆ?) ਦੂਜੇ ਲਫਜ਼ਾਂ ਵਿਚ ਨਾਭਿ ਕਮਲ ਦਾ ਅਰਥ ਧੁੰਨੀ ਹੈ ਅਤੇ ਕਮਲ ਦਾ ਅਰਥ ਜਣਨ ਵਾਲੀ ਮਾਂ, ਇਕ ਔਰਤ, ਮਾਂ ਦੀ ਬੱਚੇਦਾਨੀ। ਤਾਂ ਫਿਰ ਪੇਟ ਵਿਚ ਖੁਦ ਜਨਮ ਲੈਣ ਵਾਲਾ ਸ੍ਰਿਸ਼ਟੀ ਦਾ ਰਚਨਹਾਰ ਕਿਵੇਂ ਅਖਵਾ ਸਕਦਾ ਹੈ ਜਾਂ ਬਣ ਸਕਦਾ ਹੈ ? ਗੱਲ ਧਿਆਨ ਮੰਗਦੀ ਹੈ। ਇਉਂ ਨਾਭਿ ਕਮਲ 'ਚੋਂ ਪੈਦਾ ਹੋਏ, ਉਪਜੇ ਬ੍ਰਹਮਾ ਨੇ ਆਪਣੇ ਮੁੱਖ 'ਚੋਂ ਚਾਰ ਵੇਦ ਉਚਾਰੇ ਤਾਂ ਵੀ ਉਹ ਬ੍ਰਹਮੰਡ ਦਾ ਅੰਤ ਨਾ ਪਾ ਸਕਿਆ। ਸੋਝੀ ਨਹੀਂ ਪਾ ਸਕਿਆ। ਗਵਾਰ ਜਨਮ ਮਰਨ ਦੇ ਚੱਕਰ ਵਿਚ ਹੀ ਫਸਿਆ ਹੋਇਆ ਹੈ। ਜੰਮਣ ਮਰਨ ਦੀ ਕਿਰਿਆ ਵਿਚ ਪਿਆ ਰਹਿੰਦਾ ਹੈ। ਭਾਵ ਬ੍ਰਹਮਾ ਵੀ ਦੂਜਿਆਂ ਮਨੁੱਖਾਂ, ਜੀਵਾਂ ਵਾਂਗ ਹੀ ਇਕ ਸੰਸਾਰੀ ਜੀਵ ਹੈ। ਇਸ ਵਿਚ ਕੋਈ ਵਿਲੱਖਣਤਾ ਵਾਲੀ ਗੱਲ ਹੈ।

ਆਰਤੀ

ਗਗਨ ਮੈ ਥਾਲ ਰਵਿਚੰਦ ਦੀਪਕ ਬਨੇ ਤਾਰਕਾ ਮੰਡਲ ਜਨਕ ਮੋਤੀ।
ਧੂਪ ਮਲਆਨਲੋ, ਪਵਨ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।

ਹਿੰਦੂ ਲੋਕ ਮੰਦਰਾਂ ਵਿਚ ਸਥਾਪਤ ਕੀਤੇ ਦੇਵੀ ਦੇਵਤਿਆਂ, ਠਾਕਰਾਂ, ਭਗਵਾਨਾਂ ਨੂੰ ਆਰਤੀਆਂ ਉਤਾਰਦੇ ਹਨ। ਥਾਲ ਵਿਚ ਘਿਉ ਤੇਲ ਦੇ ਦੀਵੇ ਜਾਗ ਕੇ, ਧੂਪ ਬੱਤੀਆਂ ਕਰਕੇ, ਫੁੱਲ ਮਾਲਾਵਾਂ ਚੜ੍ਹਾ ਕੇ ਭਜਨ ਗਾਉਂਦੇ ਹਨ ਤੇ ਇੰਝ ਉਹ ਸੋਚਦੇ ਹਨ ਕਿ ਸੁਰਗ ਪ੍ਰਾਪਤ ਹੋਵੇਗਾ ਅਤੇ ਚੌਰਾਸੀ ਲੱਖ ਜੂਨ ਦੇ ਚੱਕਰ ਤੋਂ ਨਿਕਲਕੇ ਮੁਕਤੀ ਮਿਲ ਜਾਵੇਗੀ। ਪ੍ਰੰਤੂ ਗੁਰੂ ਨਾਨਕ ਅਨੁਸਾਰ ਇਹ ਆਰਤੀਆਂ ਝੂਠੀਆਂ ਹਨ। ਪੱਥਰ ਦੇ ਭਗਵਾਨ ਮੁਕਤੀ ਨਹੀਂ ਦੇ ਸਕਦੇ। ਨਾ ਹੀ ਪੱਥਰ ਦੇ ਭਗਵਾਨਾਂ ਅੱਗੇ ਅਜਿਹੀਆਂ ਝੂਠੀਆਂ ਆਰਤੀਆਂ ਦਾ ਕੋਈ ਲਾਭ ਹੈ। ਕਿਉਂਕਿ ਬ੍ਰਹਿਮੰਡ ਵਿਚ ਦਿਸ ਰਿਹਾ ਨੀਲਾ ਅਸਮਾਨ ਕੁਦਰਤੀ ਬਣਿਆ ਇਕ ਥਾਲ ਹੈ, ਜਿਸ ਦੇ ਵਿਚ ਸੂਰਜ ਅਤੇ ਚੰਦ ਦੀਪਕ ਹਨ, ਜੋ ਦਿਨ-ਰਾਤ ਸਹਿਜ ਅਵਸਥਾ 'ਚ ਹੀ ਚਮਕਦੇ ਰਹਿੰਦੇ ਹਨ। ਜੋ ਸਾਰੇ ਸੰਸਾਰ ਨੂੰ ਰੌਸ਼ਨੀ ਦੇ ਰਹੇ ਹਨ। ਭਾਵ ਬਨਾਸਪਤੀ 'ਚੋਂ ਆਪ ਹੀ ਸੁਗੰਧੀ ਫੈਲ ਰਹੀ ਹੈ। ਸਾਰਾ ਵਾਤਾਵਰਣ ਹੀ ਖੁਸ਼ਬੋਈ ਨਾਲ ਭਰ ਰਿਹਾ ਹੈ। ਉੱਤਰ ਦੱਖਣ ਪੂਰਬ ਪੱਛਮ ਵੱਲੋਂ ਵਗਦੀਆਂ ਹਵਾਵਾਂ, ਕੁਦਰਤੀ ਚੌਰ ਫੇਰ ਰਹੀਆਂ ਹਨ। ਧਰਤੀ 'ਤੇ ਉੱਗੀ ਸਾਰੀ ਬਨਸਪਤੀ, ਬੇਸ਼ੁਮਾਰ ਫੁੱਲ ਟਹਿਕ ਰਹੇ ਹਨ। ਇਉਂ ਲਗਦਾ ਹੈ ਜਿਵੇਂ ਇਹ ਸਾਰੀ ਕੁਦਰਤੀ ਆਰਤੀ ਉਸ ਦੀ ਜੋਤ ਜਗਾ ਰਹੀ ਹੈ।

ਧਰਤੀ ਹੇਠਲਾ ਬਲਦ

ਹਿੰਦੂ ਮਤ ਅਨੁਸਾਰ ਧਰਤੀ ਧੌਲੇ ਬਦਲ ਦੇ ਸਿੰਗਾਂ 'ਤੇ ਖੜ੍ਹੋਤੀ ਹੈ। ਜਦੋਂ ਬਲਦ ਸਿੰਗ ਦਾ ਭਾਰ ਬਦਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਧਰਤੀ ਹਿਲਦੀ ਹੈ ਤੇ ਭੂਚਾਲ ਆ ਜਾਂਦਾ ਹੈ, ਪ੍ਰੰਤੂ ਗੁਰੂ ਨਾਨਕ ਜੀ ਨੇ ਸਮਝਾਇਆ :-

ਧਉਲ ਧਰਮ ਦਇਆ ਕਾ ਪੂਤ। ਸੰਤੋਖ ਥਾਪਿ ਰਖਿਆ ਜਿਨ ਸੂਤਿ ॥
ਧਰਤੀ ਹੋਰ ਪਰੈ ਹੋਰੁ ਹੋਰੁ। ਤਿਸਤੇ ਭਾਰੁ ਤਲੈ ਕਵਣੁ ਜੋਰੁ ॥

ਉਨ੍ਹਾਂ ਕਿਹਾ ਕਿ ਅਸਲ ਵਿਚ ਇਸ ਧਰਤੀ ਨੂੰ ਧਰਮ ਰੂਪ ਬਲਦ ਨੇ ਥੰਮ੍ਹਿਆ ਹੋਇਆ ਹੈ। ਭਾਵ ਧਰਤੀ ਦਾ ਕਾਰੋਬਾਰ ਧਰਮੀ ਬੰਦਿਆਂ ਨੇ ਆਪਣੀ ਮਨੁੱਖੀ ਦਇਆ ਕਰਕੇ ਹੀ ਸੰਭਾਲਿਆ ਹੋਇਆ ਹੈ। ਸੂਤ ਕਰਕੇ, ਠੀਕ ਕਰਕੇ ਰੱਖਿਆ ਹੋਇਆ ਹੈ। ਇਹੀ ਧਰਮੀ ਭਾਵ ਨੇਕ ਬੰਦੇ ਹਨ, ਜਿਨ੍ਹਾਂ ਨੇ ਧਰਤੀ ਦੇ ਦੁੱਖ-ਤਕਲੀਫਾਂ ਘਟਾਉਣ ਲਈ ਆਪ ਦੁੱਖ ਝੱਲੇ ਹਨ। ਅਸਲੀਅਤ ਇਹ ਹੈ ਕਿ ਇਹ ਧੌਲ, ਜਿਸ ਨੂੰ ਹਿੰਦੂ ਬਲਦ ਆਖਦੇ ਹਨ, ਇਕ ਧਰਮ ਹੈ, ਇਕ ਨਿਯਮ ਹੈ, ਇਕ ਫਰਜ਼ ਹੈ, ਸਚਾਈ ਹੈ, ਜੋ ਮਨੁੱਖੀ ਦਇਆ ਵਿਚੋਂ ਉਪਜਦੀ ਹੈ। ਭਾਵ ਇਕ ਮਨੁੱਖ ਜਦੋਂ ਦੂਜਿਆਂ ਲੋੜਵੰਦਾਂ ਲਈ ਦਇਆ ਨਾਲ ਪੇਸ਼ ਆਉਂਦਾ ਹੈ ਤਾਂ ਇਹ ਉਸ ਦਾ ਧਰਮ ਹੈ। ਉਨ੍ਹਾਂ ਦਇਆਵਾਨ ਵਿਅਕਤੀਆਂ ਦੇ ਸੰਤੋਖ ਸਬਰ ਨੇ ਭਾਵ ਲੋਭ ਰਹਿਤ ਵਰਤਾਰੇ ਨੇ ਹੀ ਧਰਤੀ ਦਾ ਭਾਰ ਚੁੱਕਿਆ ਹੋਇਆ ਹੈ। ਇਉਂ ਲੋਭ ਰਹਿਤ ਸਮਾਜ ਅੰਦਰ, ਸਮਾਜਿਕ ਜੀਵਨ ਬਰਾਬਰੀ ਵਾਲਾ ਰਹਿੰਦਾ ਹੈ। ਭਲਾ ਕੋਈ ਪੁੱਛੇ ਧਰਤੀਆਂ ਤਾਂ ਬ੍ਰਹਿਮੰਡ ਵਿਚ ਹਨ, ਪਰੇ ਤੋਂ ਪਰੇ ਹਨ। ਉਨ੍ਹਾਂ ਥੱਲੇ ਕਿਹੜੇ ਬਲਦ ਦੀ ਸ਼ਕਤੀ ਹੈ ਜਾਂ ਕਿਸ ਬਦਲ ਨੇ ਉਹ ਸਾਰੀਆਂ ਕਿਸ ਸ਼ਕਤੀ ਨਾਲ ਚੁੱਕੀਆਂ ਹਨ ? ਤਾਂ ਫਿਰ ਇਹ ਕਹਿਣ ਕਿ ਧਰਤੀ ਹੇਠਲੇ ਬਲਦ ਨੇ ਧਰਤੀ ਦਾ ਭਾਰ ਚੁਕਿਆ ਹੋਇਆ ਹੈ, ਇਹ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਬਿਨਾਂ ਹੋਰ ਕੋਈ ਸਚਾਈ ਨਹੀਂ ਹੈ। ਸ਼ਾਇਦ ਗਊ

ਪੂਜਾ ਦੇ ਸਿਧਾਂਤ ਨੂੰ ਬੜ੍ਹਾਵਾ ਦੇਣ ਲਈ ਇਸ ਬਲਦ ਦੀ ਕਲਪਨਾ ਕੀਤੀ ਹੋਵੇ ।

ਹੱਕ ਹਲਾਲ

ਹਿੰਦੂ ਧਰਮ ਅੰਦਰ ਪਰਮਾਰਥ ਅਧੀਨ ਮੰਦਰਾਂ ਦੀ ਪੂਜਾ, ਪੰਡਤਾਈ ਕਰਮ ਕਾਂਡ ਤੋਂ ਪ੍ਰਾਪਤ ਧਨ, ਜੋਗੀ, ਸਿੱਧ, ਪੀਰ, ਫਕੀਰ, ਸਾਧੂ, ਮਹਾਤਮਾ ਬਣਕੇ ਖਾਣਾ ਭਾਵ ਦੂਜਿਆਂ ਦੀ ਕਮਾਈ ਖਾ ਕੇ ਪਲਣਾ ਹੀ ਜੀਵਨ ਦਾ ਵਰਤਾਰਾ ਹੈ, ਜਿਸ ਨੂੰ ਧਰਮ ਕਿਹਾ ਗਿਆ ਹੈ । ਪ੍ਰੰਤੂ ਗੁਰ ਨਾਨਕ ਨੇ ਕਿਹਾ-

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥

ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ॥

ਉਨ੍ਹਾਂ ਕਿਹਾ ਕਿ ਪਰਾਇਆ ਹੱਕ, ਪਰਾਈ ਕਮਾਈ, ਜੋ ਕਿਸੇ ਨੇ ਖੂਨ-ਪਸੀਨਾ ਵਹਾਕੇ ਇਕੱਠੀ ਕੀਤੀ ਹੈ, ਜੇ ਦੂਜਾ ਬੰਦਾ ਧਰਮ ਦੇ ਨਾਂ 'ਤੇ ਜਾਂ ਜ਼ੋਰ ਜਬਰ ਨਾਲ ਖਾਂਦਾ ਹੈ, ਚਾਹੇ ਉਹ ਕਿੱਡਾ ਵੀ ਧਰਮਾਤਮਾ ਕਿਉਂ ਨਾ ਹੋਵੇ, ਉਸ ਦੇ ਲਈ ਦੂਜੇ ਦੀ ਕਮਾਈ ਖੋਹਣੀ, ਕਬਜ਼ੇ ਵਿਚ ਕਰਨੀ ਹਰਾਮ ਹੈ । ਹਿੰਦੂ ਗਾਂ ਖਾਣ ਨੂੰ ਅਧਰਮ ਸਮਝਦਾ ਹੈ, ਮੁਰਦਾਰ ਸਮਝਦਾ ਹੈ । ਅਸਲ ਵਿਚ ਪਰਾਇਆ ਹੱਕ, ਪਰਾਈ ਕਮਾਈ ਖੋਹਣੀ, ਖਾਣੀ ਹੀ ਮੁਰਦਾਰ ਖਾਣਾ ਹੈ । ਗੁਰੂ ਪੀਰ, ਸੱਚਾ ਆਗੂ ਉਦੋਂ ਤੁਹਾਡੀ ਗਵਾਹੀ ਭਰ ਸਕਦਾ ਹੈ ਜਦੋਂ ਤੁਸੀਂ ਇਹ ਮੁਰਦਾਰ ਨਹੀਂ ਖਾਂਦੇ। ਪਰਾਈ ਕਮਾਈ ਨੂੰ ਖੋਹ ਖਿੱਚ ਕੇ ਖਾਣਾ, ਦੂਜਿਆਂ ਦੀ ਕਮਾਈ 'ਤੇ ਜਿਉਣਾ ਤੇ ਐਸ਼ ਕਰਨਾ ਹੈ। ਜਦੋਂ ਤੁਸੀਂ ਮਿਹਨਤ ਨਹੀਂ, ਕਰ ਰਹੇ, ਸੱਚੀ ਕਿਰਤ ਨਹੀਂ ਕੀਤੀ ਤਾਂ ਤੁਹਾਨੂੰ ਹੱਕ ਨਹੀਂ ਕਿ ਤੁਸੀਂ ਵਿਹਲੇ ਬੈਠਕੇ ਲੋਕਾਂ ਦੀ ਕਮਾਈ ਪੂਜਾ ਸਮਝਕੇ ਖਾਈ ਜਾਓ ਤੇ ਇਸ ਨੂੰ ਆਪਣਾ ਹੱਕ ਸਮਝੋ।

ਹਿੰਦੂਆਂ ਲਈ ਗਾਂ ਨਾ ਖਾਣ ਨਾਲੋਂ ਵੱਡਾ ਧਰਮ, ਮੁਸਲਮਾਨ ਲਈ ਸੂਰ ਖਾਣ ਨਾਲੋਂ ਵੱਡਾ ਧਰਮ ਤਾਂ ਹੱਕ ਹਲਾਲ, ਸੱਚੀ ਕਿਰਤ ਦੀ ਕਮਾਈ ਖਾਣਾ ਹੈ । ਜੇ ਅਜਿਹਾ ਉਹ ਨਹੀਂ ਕਰਦੇ ਤੇ ਪੂਜਾ ਦੇ ਧਾਨ ਜਾਂ ਭਿੱਖਿਆ 'ਤੇ ਪਲਦੇ ਹਨ ਜਾਂ ਜੋਰਾਵਰ ਹੋ ਕੇ ਗਰੀਬਾਂ ਦੀ ਕਮਾਈ ਖੋਹਦੇ ਹਨ ਤਾਂ ਉਹ ਕਿਸੇ ਵੀ ਮੁਕਤੀ ਨੂੰ ਪ੍ਰਾਪਤ ਨਹੀਂ ਕਰ ਸਕਦੇ । ਸੱਚ ਦੇ ਲੇਖੇ ਵਿਚ ਇਹ ਪੂਜਾ ਕਰਮ ਕਾਂਡ ਝੂਠਾ ਹੈ, ਜਿਸ ਨੂੰ ਕਿਧਰੇ ਵੀ ਮਾਨਤਾ ਨਹੀਂ ਮਿਲ ਸਕਦੀ ।

ਪੰਡਤ/ਬ੍ਰਾਹਮਣ

ਪੰਡਤ/ਬ੍ਰਾਹਮਣ ਨੂੰ ਹਿੰਦੂ ਧਰਮ ਵਿਚ ਸਭ ਤੋਂ ਉੱਚਤਮ ਅਤੇ ਉੱਤਮ ਦਰਜਾ ਪ੍ਰਾਪਤ ਹੈ । ਅਸਲ ਵਿਚ ਹਿੰਦੂ ਧਰਮ ਬਣਿਆ ਬਣਾਇਆ ਹੀ ਬ੍ਰਾਹਮਣ ਦੇ ਸਿਰ ਹੈ । ਬ੍ਰਾਹਮਣ ਨੂੰ ਬ੍ਰਹਮਾ ਦੇ ਸਿਰ ਵਿਚੋਂ ਪੈਦਾ ਹੋਇਆ ਦੱਸ ਕੇ ਉਸ ਨੂੰ ਸਾਰੀਆਂ ਸ਼ਕਤੀਆਂ ਦਾ ਮਾਲਕ ਬਣਾਇਆ ਗਿਆ । ਉਸ ਨੂੰ ਹੁਕਮ ਦਾ ਮਾਲਕ ਬਣਾਇਆ ਗਿਆ । ਭਾਰਤੀ ਸਮਾਜ ਦੀ, ਭਾਰਤੀ ਬੰਦੇ ਔਰਤ ਦੀ ਹਰ ਇਕ ਹਰਕਤ ਬ੍ਰਾਹਮਣ ਵੱਲੋਂ ਪੈਦਾ ਕੀਤੇ ਕਰਮਕਾਂਡਾਂ 'ਤੇ ਹੀ ਨਿਰਭਰ ਹੈ । ਭਾਰਤ ਦਾ ਸਮੁੱਚਾ ਢਾਂਚਾ ਹੀ ਬ੍ਰਾਹਮਣ ਦਾ ਵਗਾਇਆ ਵਗਿਆ ਹੈ। ਕ੍ਰਿਸ਼ਨ ਨੇ ਕਿਹਾ ਕਿ ਮੈਨੂੰ ਦਾਨ ਦੇਣ ਵਾਲੇ ਬ੍ਰਾਹਮਣ ਨੂੰ ਦਾਨ ਦੇਣ ਤੋਂ ਉਹ ਮੇਰੇ ਪਾਸ ਆਪਣੇ ਆਪ ਪਹੁੰਚ ਜਾਵੇਗਾ । ਬ੍ਰਾਹਮਣ ਨੂੰ ਕੋਈ ਰਾਜਾ ਸਜ਼ਾ ਨਹੀਂ ਦੇ ਸਕਦਾ । ਸਾਰੀ ਧਰਤੀ ਦਾ ਧਨ ਦੌਲਤ ਬ੍ਰਾਹਮਣ ਦੀ ਜਾਇਦਾਦ ਮਿਥਿਆ ਗਿਆ । ਉਹ ਜਦੋਂ ਚਾਹੇ ਕਿਸੇ ਪਾਸੋਂ ਵੀ ਕੋਈ ਜਾਇਦਾਦ ਖੋਹ ਸਕਣ ਦੀ ਤਾਕਤ ਰੱਖਦਾ ਹੈ, ਪਰ ਮੁਕਤੀ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਹੈ ਬ੍ਰਾਹਮਣ ਦੀ ਪੂਜਾ ਕਰੇ । ਉਸ ਨੂੰ ਸੋਨਾ, ਚਾਂਦੀ ਅਤੇ ਵਧੀਆ ਵਸਤੂਆਂ ਦਾਨ ਕਰੇ । ਇਹ ਵੀ ਕਿਹਾ ਗਿਆ ਕਿ ਸਾਰਾ ਸੰਸਾਰ ਦੇਵਤਿਆਂ ਅਧੀਨ ਹੈ । ਦੇਵਤੇ ਵੇਦਾਂ 'ਚ ਦਿੱਤੇ ਗਏ ਮੰਤਰਾਂ ਦੇ ਅਧੀਨ ਹਨ, ਪਰ ਮੰਤਰਾਂ ਨੂੰ ਉਚਾਰਨ ਦਾ ਅਧਿਕਾਰ ਸਿਰਫ ਬ੍ਰਾਹਮਣ ਪਾਸ ਹੈ । ਕਿਉਂਕਿ ਮੰਤਰ ਬ੍ਰਾਹਮਣ ਦੇ ਅਧੀਨ ਹਨ, ਇਸ ਲਈ ਬ੍ਰਾਹਮਣ ਹੀ ਪੂਜਣ ਯੋਗ ਸਰਭ ਸ਼ਕਤੀ ਦਾ ਮਾਲਕ ਹੈ। ਸਰਬੋਤਮ ਸ਼ਕਤੀ ਹੈ, ਜੋ ਰੱਬ ਨੂੰ ਵੀ ਸਰਾਪ ਦੇ ਸਕਦੇ ਹਨ । ਬ੍ਰਾਹਮਣ ਨੂੰ ਸੁਣਿਆ ਜਾਣਾ ਠੀਕ ਹੈ । ਬ੍ਰਾਹਮਣ ਦੀ ਕਹੀ ਨੂੰ ਸੁਣਿਆ ਜਾਣਾ, ਉਸ ਨੂੰ ਦਲੀਲ ਦੇਣੀ, ਉਸ ਦਾ ਮੁਕਾਬਲਾ ਕਰਨਾ ਮਹਾਂ ਪਾਪ ਹੈ, ਕਿਉਂਕਿ ਬ੍ਰਾਹਮਣ ਦੇਵਤਿਆਂ ਦਾ ਦੇਵਤਾ ਭੂਦੇਵ ਹੈ । ਬ੍ਰਾਹਮਣ ਰੱਬ ਕੋਲ ਪਹੁੰਚਣ ਦਾ ਇਕੋ ਇਕ ਸਾਧਨ ਹੈ ।

ਬ੍ਰਾਹਮਣ ਚਾਹੇ ਮੂਰਖ ਹੋਵੇ ਜਾਂ ਦੁਰਾਚਾਰੀ ਹੋਵੇ ਫਿਰ ਵੀ ਉਹ ਪੂਜਣ ਯੋਗ ਹੈ । ਬ੍ਰਾਹਮਣ ਬੱਚਾ ਵੀ ਪਿਤਾ ਦੇ ਸਮਾਨ ਹੈ । ਭਾਵ ਹਿੰਦੂ ਸਮਾਜ ਵਿਚ, ਹਿੰਦੂ ਧਰਮ ਗ੍ਰੰਥਾਂ ਨੇ ਬ੍ਰਾਹਮਣ ਨੂੰ ਸੰਸਾਰ ਦੀ ਕਿਸੇ ਦੌਲਤ ਤੋਂ ਵੱਧ ਅਸੀਮ ਸ਼ਕਤੀ ਦਾ ਮਾਲਕ ਬਣਾਉਣ 'ਤੇ ਜ਼ੋਰ ਦਿੱਤਾ । ਉਹ ਵਰ ਤੇ ਸਰਾਪ ਦਾ ਮਾਲਕ ਹੈ । ਕਿਸੇ ਨੂੰ ਵਰਦਾਨ

ਦੇਵੇ ਜਾਂ ਕਿਸੇ ਨੂੰ ਸਰਾਪ ਦੇ ਕੇ ਉਜਾੜ ਦੇਵੇ, ਇਹ ਸਭ ਬ੍ਰਾਹਮਣ ਦੇ ਹੱਥ ਵਿਚ ਹੈ। ਪ੍ਰੰਤੂ ਗੁਰੂ ਨਾਨਕ ਨੇ ਬ੍ਰਾਹਮਣੀ ਵਰਤਾਰੇ ਨੂੰ ਹੇਠ ਲਿਖੇ ਅਨੁਸਾਰ ਲਿਆ ਤੇ ਪੜਚੋਲਿਆ ਹੈ। ਉਨ੍ਹਾਂ ਨੇ ਹਕੀਕਤ ਪੇਸ਼ ਕਰਨ ਦਾ ਭਰਪੂਰ ਉਪਰਾਲਾ ਕੀਤਾ ਹੈ।

ਪੰਡਤ ਪੜਹਿ ਵਖਾਣਹਿ ਵੇਦ। ਅੰਤਰ ਵਸਤੁ ਨਾ ਜਾਣਹਿ ਭੇਦ ॥

ਪੰਡਤ ਵੇਦ ਪੜ੍ਹਦਾ ਹੈ, ਉਚਾਰਦਾ ਹੈ ਤੇ ਦੂਜਿਆਂ ਨੂੰ ਰਾਹ ਵਿਖਾਉਂਦਾ ਹੈ, ਪਰੰਤੂ ਅੰਦਰੋਂ ਉਹ ਖੋਖਲਾ ਹੈ। ਅਸਲ ਵਿਚ ਉਸ ਪਾਸ ਕੋਈ ਗਿਆਨ ਨਹੀਂ ਹੈ। ਉਹ ਕੋਈ ਭੇਦ ਨਹੀਂ ਜਾਣਦਾ, ਉਹ ਕੋਈ ਸਚਾਈ ਨਹੀਂ ਜਾਣਦਾ, ਕਿ ਮੁਕਤੀ ਪ੍ਰਾਪਤੀ ਲਈ ਕਿਸ ਤਰ੍ਹਾਂ ਦਾ ਗਿਆਨ ਕਿਸ ਤਰ੍ਹਾਂ ਦੀ ਵਿੱਦਿਆ, ਕਿਸ ਤਰ੍ਹਾਂ ਦਾ ਪਰਮਾਰਥ ਅਤੇ ਕਿਸ ਕਰਮ ਕਿਰਤ ਦੀ ਲੋੜ ਹੈ।

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।
ਗਿਆਨੀ ਨੱਚੇ ਵਾਜੇ ਵਾਵਹਿ ਰੂਪ ਕਰੇ ਸੀਗਾਰ।
ਉਚੇ ਕੂਕੇ, ਵਾਦਾ ਗਾਵਹਿ ਜੋਧਾ ਕਾ ਬੀਚਾਰੁ।
ਮੂਰਖ ਪੰਡਤ ਹਿਕਮਤ ਹੁਜਤਿ, ਸੰਜੇ ਕਰਹਿ ਪਿਆਰ।

ਇਸ ਸਲੋਕ ਦਾ ਅਰਥ ਹੇਠੋਂ ਉੱਪਰ ਵੱਲ ਜ਼ਿਆਦਾ ਦਰੁਸਤ ਰਹੇਗਾ ਕਿ ਪੰਡਤ ਮੂਰਖ ਹੈ। ਪੰਡਤ ਅਗਿਆਨੀ ਹੈ। ਸਿਆਣਪ ਤਾਂ ਕਰਦਾ ਹੈ ਪਰ ਇਹ ਸਿਆਣਪ ਤਾਂ ਉਸ ਦੀ ਸ਼ੈਤਾਨੀ ਹੈ। ਹੁੱਜਤੀ ਹੈ, ਚਲਾਕੀ ਤੇ ਮੱਕਾਰੀ ਹੈ। ਉਹ ਧਨ ਇਕੱਠਾ ਕਰਨ ਨੂੰ ਹੀ ਪਿਆਰ ਕਰਦਾ ਹੈ। ਇਸੇ ਲਈ ਉਹ ਉੱਚੀ-ਉੱਚੀ ਕੂਕਦਾ ਹੈ। ਬੇਅਰਥ ਹੀ ਜੋਧਿਆਂ ਦੀਆਂ ਵਾਰਾਂ ਗਾਉਂਦਾ ਹੈ, ਵਿਚਾਰਦਾ ਹੈ। ਗਿਆਨੀ ਬਣ ਕੇ ਨੱਚਦਾ ਹੈ ਭਾਵ ਪਖੰਡ ਕਰਦਾ ਹੈ, ਵਾਜੇ ਵਜਾਉਂਦਾ ਹੈ। ਸੋਹਣਾ ਬਣ-ਬਣ ਆਪਣਾ ਰੂਪ ਸ਼ਿੰਗਾਰਦਾ ਹੈ। ਦੂਜੇ ਪਾਸੇ ਉਸ ਦੇ ਗਿਰਦ ਜੁੜੀ ਲੁਕਾਈ ਵੀ ਅੰਨ੍ਹੀ ਹੈ, ਮੂਰਖ ਹੈ। ਮੁਰਦਿਆਂ ਨੂੰ ਪੂਜਦੀ ਹੈ। ਮੁਰਦਿਆਂ ਵਿਚੋਂ ਕੁਝ ਲੱਭਣ ਦਾ ਵਿਅਰਥ ਯਤਨ ਕਰਦੀ ਹੈ। ਗਿਆਨ ਵਿਹੂਣੀ ਹੈ।

ਇਹ ਮਾਇਆ ਜਗ ਮੋਹਨੀ ਭਾਈ ਕਰਮ ਕਰੇ ਬੇ-ਕਾਰੀ। ਸੁਣਿ ਪੰਡਤ ਕਰਮਾਚਾਰੀ।

ਗੁਰੂ ਨਾਨਕ ਦੇਵ ਜੀ ਬ੍ਰਾਹਮਣ ਨੂੰ ਕਹਿੰਦੇ ਹਨ ਕਿ ਸੁਣ ਪੰਡਤ, ਤੂੰ ਜੋ ਕਰਮ ਕਰਦਾ ਹੈਂ, ਜੋ ਕਰਮ ਸਿਧਾਂਤ 'ਚ ਵਿਸ਼ਵਾਸ ਕਰਦਾ ਹੈ, ਦੂਜਿਆਂ ਦੇ ਚੰਗੇ ਮਾੜੇ ਕਰਮਾਂ ਦੇ ਨਿਰਣੇ ਕਰ ਕਰ ਦੱਸਦਾ ਹੈਂ ਤੇਰੇ ਇਹ ਸਾਰੇ ਕਰਮ ਕਾਂਡ ਵਿਅਰਥ ਹਨ, ਬੇਕਾਰ ਹਨ, ਫਜ਼ੂਲ ਹਨ ਕਿਉਂਕਿ ਜਿਸ ਮਾਇਆ, ਜਿਸ ਧਨ ਦੀ ਪ੍ਰਾਪਤੀ ਲਈ ਤੂੰ ਇਹ ਕਰਮ ਕਾਂਡ ਕਰਕੇ, ਜਨਤਾ ਨੂੰ ਠੱਗ ਰਿਹਾ ਹੈ, ਇਸ ਮਾਇਆ ਨੇ ਤਾਂ ਸੰਸਾਰ ਮੋਹ ਰੱਖਿਆ ਹੈ ਤੇ ਇਸ ਮਾਇਆ ਦੇ ਅੰਬਾਰ ਇਕੱਠੇ ਕਰਨ ਲਈ ਹੀ ਇਕ ਦੂਜੇ ਦਾ ਗਲਾ ਕੱਟ ਰਹੇ ਹਨ।

ਪੰਡਤ ਜੀ ਮਹਾਰਾਜ! ਜੇ ਦਹੀਂ ਨੂੰ ਰਿੜਕੀਏ ਤਾਂ ਵਿਚੋਂ ਅਸਲੀਅਤ ਵਿਚ ਮੱਖਣ ਨਿਕਲੇਗਾ ਪਰ ਝੂਠ ਰਿੜਕ-ਰਿੜਕ ਕੇ ਵਿਚੋਂ ਜ਼ਹਿਰ ਹੀ ਨਿਕਲੇਗੀ ਤੇ ਇਹ ਜ਼ਹਿਰ ਖਾ ਕੇ ਬੰਦਾ ਸਵਰਗ ਦਾ ਨਹੀਂ ਨਰਕ ਦਾ ਭਾਗੀ ਬਣਦਾ ਹੈ।

ਕਾਜੀ ਕੂੜ ਬੋਲ ਬਿਖੁ ਖਾਇ। ਬ੍ਰਾਹਮਣ ਖਾਵੈ, ਜੀਆ ਘਾਇ।
ਜੋਗੀ ਜੁਗਤਿ ਨਾ ਜਾਣੈ ਅੰਧੁ। ਤੀਨੋ ਉਜਾੜੇ ਕਾ ਬੰਧ।

ਮੁਸਲਮਾਨ ਕਾਜ਼ੀ ਵੀ ਕੁਫਰ ਤੋਲਦਾ ਹੈ। ਝੂਠ ਬੋਲਣ ਦੇ ਰਸਤੇ ਪੈ ਗਿਆ। ਉਹ ਵੀ ਝੂਠ ਧਰਮ ਪ੍ਰਚਾਰ ਬਦਲੇ ਜਿਹੜੀ ਪੂਜਾ ਖਾਂਦਾ ਹੈ, ਉਹ ਵੀ ਮੈਲ ਹੈ, ਵਿੱਖ ਹੈ ਜ਼ਹਿਰ ਹੈ। ਏਵੇਂ ਬ੍ਰਾਹਮਣ ਤੀਰਥ ਇਸ਼ਨਾਨ ਕਰਕੇ, ਗੰਗਾ ਨਹਾ ਕੇ, ਪਵਿੱਤਰ ਅਸਥਾਨ 'ਤੇ ਇਸ਼ਨਾਨ ਕਰਕੇ, ਜੀਵਾਂ ਦਾ ਘਾਤ ਕਰਦਾ ਹੈ, ਭਾਵ ਜੀਵਾਂ ਨੂੰ ਧਰਮੀ ਬਣਕੇ ਲੁੱਟਦਾ ਹੈ। ਆਪ ਰੱਜਦਾ ਹੈ, ਪਰ ਦੂਜਿਆਂ ਨੂੰ ਭੁੱਖੇ ਮਾਰਦਾ ਹੈ। ਇਵੇਂ ਜੋਗੀ ਜੋ ਰਿੱਧੀਆਂ ਸਿੱਧੀਆਂ ਕਰਦਾ ਹੈ, ਕੰਨ ਪੜਵਾਕੇ, ਮਸਾਣ ਮਲ ਕੇ, ਘਰ ਬਾਰ ਤਿਆਗ ਕੇ, ਧੂਣੀਆਂ ਤਾਅ ਕੇ ਤੇ ਹੋਰ ਅਜਿਹੇ ਪਖੰਡ ਕਰਕੇ ਜੋਗ ਕਮਾਉਣ ਦਾ ਢੰਗ ਰਚਦਾ ਹੈ, ਉਹ ਵੀ ਅਕਲ ਦਾ ਖੋਟਾ ਹੈ, ਅੰਨ੍ਹਾਂ ਹੈ। ਅਸਲ ਵਿਚ ਇਹ ਤਿੰਨੇ ਹੀ ਮਨੁੱਖਤਾ ਦੇ ਉਜਾੜੇ ਦਾ ਕਾਰਨ ਹਨ। ਉਨ੍ਹਾਂ ਦੇ ਵੱਖ-ਵੱਖ ਡੇਰੇ ਲਾ ਕੇ ਗਿਆਨ ਵਿਹੂਣੀ ਜਨਤਾ ਨੂੰ ਭੜਕਾਉਣ ਦਾ, ਉਜਾੜਨ ਦਾ, ਭੁੱਖੇ ਮਾਰਨ ਦਾ ਠੇਕਾ ਲੈ ਲਿਆ ਹੋਇਆ ਹੈ। (ਤਿੰਨੇ ਅਗਿਆਨੀ ਹਨ। ਇਨ੍ਹਾਂ ਦਾ ਕਰਮ ਕਾਂਡ ਹਕੀਕਤ ਨਹੀਂ, ਸਗੋਂ ਇਕ ਢੋਂਗ ਹੈ। ਇਕ ਛਲਕਪਟ ਹੈ) ਤੇ ਕੋਈ ਕਿਸੇ ਦਾ ਭਾਈ ਬੰਦ

ਜਣੀ ਰਿਹਾ ।

ਸਾਸਤ੍ਰ ਬੇਦ ਪੜੇ ਖੜੇ ਭਾਈ ਕਰਮ ਕਰਹੁ ਸੰਸਾਰੀ ।
ਪਾਖੰਡ ਮੈਲ ਨ ਚੂਕਈ ਭਾਈ ਅੰਤਰ ਮੈਲ ਵਿਕਾਰੀ ।

ਹੇ, ਬ੍ਰਾਹਮਣ ਤੂੰ ਖੜਾ ਹੋ ਕੇ ਵੇਦ ਪੜ੍ਹਦਾ ਹੈ । ਸ਼ਾਸਤਰ ਪੜ੍ਹਦਾ ਹੈ, ਲੋਕਾਂ ਨੂੰ ਧਰਮ ਦਾ ਰਾਹ ਵਿਖਾਉਂਦਾ ਹੈਂ । ਨਰਕ ਤੋਂ ਬਚਣ ਦੇ ਉਪਰਾਲੇ ਦਸਦਾ ਹੈਂ, ਪਰ ਆਪ ਤਾਂ ਤੂੰ ਸੰਸਾਰੀ ਕੰਮਾਂ ਵਿਚ ਗਲਤਾਨ ਹੈ । ਤੂੰ ਪਾਖੰਡ ਕਰ ਰਿਹਾ ਹੈ । ਤੇਰਾ ਕਰਮ ਕਾਂਡ ਸ਼ਕਲ ਸੂਰਤ ਸਭ ਪਾਖੰਡ ਹੈ । ਸਭ ਚਲਾਕੀਆਂ ਹਨ । ਹੁੱਜਤਾਂ ਹਨ । ਬੇਈਮਾਨੀਆਂ ਹਨ । ਤੇਰੇ ਅੰਦਰੋਂ ਦੂਜਿਆਂ ਦਾ ਧਨ ਇਕੱਠਾ ਕਰਨ ਦੀ ਮੈਲ ਨਹੀਂ ਗਈ । ਲੋਭ ਲਾਲਚ ਦੀ ਮੈਲ ਨਹੀਂ ਗਈ । ਪਰਾਇਆ ਧਨ, ਪਰਾਈ ਪੂਜਾ ਖਾ ਕੇ ਤੇਰਾ ਸਰੀਰ ਮੈਲ ਨਾਲ ਭਰਿਆ ਹੋਇਆ ਹੈ ਤੇ ਧਰਮ-ਧਰਮ ਕਰਦਿਆਂ ਧਰਮ ਦਾ ਪਾਠ ਪੜ੍ਹਾਉਂਦਿਆਂ ਇਹ ਮੈਲ ਤਾਂ ਮੇਰੀ ਉਤਰੀ ਨਹੀਂ । ਤੇਰੇ ਅੰਦਰ ਤਾਂ ਵਿਸ਼ੇ ਵਿਕਾਰਾ ਦੀ ਮੈਲ ਭਰੀ ਪਈ ਹੈ । ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਤਾਂ ਤੇਰੇ ਅੰਦਰ ਹਨ ਤਾਂ ਇਉਂ ਤਾਂ ਨਾ ਆਪਣਾ ਕੁਝ ਸੰਵਰਦਾ ਹੈ ਤੇ ਨਾਂ ਕਿਸੇ ਹੋਰ ਦਾ ਕੁਝ ਸੰਵਰਦਾ ਹੈ । ਇਹ ਸਭ ਕੁਝ ਵਿਅਰਥ ਹੈ, ਫਜ਼ੂਲ ਹੈ, ਧੋਖਾ ਹੈ ।

ਜਿ ਅੰਤਰ ਲੋਭ ਕੇ ਕਰਮ ਕਮਾਵੈ ਭਾਈ ਕੂੜ ਬੋਲ ਬਿਖੁ ਖਾਈ।
ਪੰਡਤ ਦਹੀ ਵਿਰੋਲੀਐ ਭਾਈ ਵਿਚਹੁ ਨਿਕਲੈ ਤਥੁ।

ਭਾਵ ਜਿਸ ਅੰਦਰ ਲੋਭ ਹੈ, ਦੁਨੀਆ ਤੋਂ ਦਾਨ ਦੱਛਣਾ ਲੈ ਕੇ ਪੂਜਾ ਪਾਠ ਕਰਵਾ ਕੇ, ਧਰਮ ਦੇ ਨਾਂ 'ਤੇ ਪੂਜਾ ਲੈ ਕੇ ਜੋ ਆਪਣਾ ਪੇਟ ਭਰਦਾ ਹੈ, ਉਹ ਕੀ ਚੰਗੇ ਕਰਮ ਕਰ ਰਿਹਾ ਹੈ ? ਉਹ ਤਾਂ ਕੂੜ ਬੋਲਦਾ ਹੈ । ਝੂਠ ਬੋਲਦਾ ਹੈ । ਚਤਰਾਈਆਂ ਕਰਦਾ ਹੈ ਤੇ ਇਸ ਦੇ ਬਦਲੇ ਵਿਚ ਮਿਲਿਆ ਪੂਜਾ ਦਾ ਧਾਨ ਖਾ ਕੇ ਇਕ ਤਰ੍ਹਾਂ ਦੀ ਜ਼ਹਿਰ ਹਜ਼ਮ ਕਰਦਾ ਹੈ, ਜਿਸ ਨਾਲ ਕਿਸੇ ਨਾ ਕਿਸੇ ਦਿਨ ਸਰੀਰ ਫਿੱਟ ਜਾਂਦਾ ਹੈ ।

ਅੰਤਰ ਮੈਲੁ ਤੀਰਥ ਭਰਮੀਜੈ । ਮਨ ਨਹੀਂ ਸੂਚਾ ਕਿਆ ਸੋਚ ਕਰੀਜੈ ।

ਅੰਦਰ ਪਾਪਾਂ ਦੀ ਮੈਲ ਭਰੀ ਪਈ ਹੈ । ਕੁਕਰਮਾਂ ਦੀ ਵਿਖੁ ਭਰੀ ਹੋਈ ਹੈ । ਉਂਜ ਤੀਰਥਾਂ ਦਾ ਭ੍ਰਮਣ ਕਰਦਾ ਹੈ । ਤੀਰਥ-ਤੀਰਥ ਨਹਾਉਣ ਦਾ ਢੌਂਗ ਰਚਾਉਂਦਾ ਹੈ । ਮਨ ਦਾ ਸੁੱਚਾ ਨਹੀਂ, ਕਿਉਂਕਿ ਚੰਗੇ, ਭਲੇ ਕੰਮ ਕੀਤੇ ਨਹੀਂ । ਧਰਮ ਦੇ ਨਾਂ ਤੇ ਤਾਂ ਸਗੋਂ ਦੂਜਿਆਂ ਨੂੰ ਠੱਗਿਆ ਹੈ । ਲੁੱਟਿਆ ਹੈ । ਇਸ ਸੋਚ ਕੇ ਕਿ ਤੀਰਥ 'ਤੇ ਨਹਾਕੇ ਪਾਪ ਉਤਰ ਜਾਣਗੇ ਤੇ ਸੁਰਗ ਮਿਲੇਗਾ, ਇਹ ਸੋਚਣ ਨਾਲ ਕੁਝ ਨਹੀਂ ਬਣਨ ਲੱਗਾ । ਇਉਂ ਮਨ ਦੀ ਮੈਲ ਨਹੀਂ ਉਤਰਦੀ । ਇਉਂ ਪਾਪਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ ।

ਪਾਠ ਪੜੈ ਲੈ ਲੋਕ ਸੁਣਾਵੈ । ਤੀਰਥ ਭਰਮਸ ਬਿਆਧਿ ਨਾ ਜਾਵੈ।

ਬ੍ਰਾਹਮਣ ਪਾਠ ਪੜ੍ਹਦਾ ਹੈ, ਵੇਦ ਸ਼ਾਸਤਰ, ਸਿਮਰਤੀਆਂ, ਪੁਰਾਣ, ਰਮਾਇਣ, ਗੀਤਾ, ਮਹਾਂਭਾਰਤ, ਪੜ੍ਹ ਕੇ ਲੋਕਾਂ ਨੂੰ ਸੁਣਾਉਂਦਾ ਹੈ । ਪਰਮਾਰਥ ਦਾ ਕੰਮ ਕਰਦਾ ਜਾਪਦਾ ਹੈ ਤੇ ਫੇਰ ਆਪ ਤੀਰਥਾਂ 'ਤੇ ਨਹਾਉਣ ਜਾਂਦਾ ਹੈ । ਦੂਜਿਆਂ ਨੂੰ ਤੀਰਥਾਂ 'ਤੇ ਭ੍ਰਮਣ ਕਰਨ ਦਾ ਫਲ ਸਮਝਾਉਂਦਾ ਹੈ, ਦਸਦਾ ਹੈ, ਪ੍ਰੰਤੂ ਅੰਦਰੋਂ ਪੰਜਾਂ ਵਿਕਾਰਾਂ ਦਾ ਲੋਭਾਂ ਦਾ, ਕਾਮਨਾਵਾਂ ਦਾ ਰੋਗ ਨਿਕਲਦਾ ਨਹੀਂ । ਮਨ ਵਿਚ ਜੋ ਮੈਲ ਹੈ, ਉਹ ਨਾ ਪਾਠ ਕਰਨ ਨਾਲ ਲਹਿੰਦੀ ਹੈ ਅਤੇ ਨਾ ਹੀ ਤੀਰਥਾਂ 'ਤੇ ਨਹਾਤਿਆਂ ਜੇ ਉਹ ਅੰਦਰੋਂ ਠੀਕ ਨਹੀਂ । ਇੰਜ ਪਾਠ ਕਰਨ ਨਾਲ ਅਤੇ ਤੀਰਥਾਂ ਤੇ ਨਹਾਉਣ ਨਾਲ ਤਾਂ ਕੁਕਰਮਾਂ ਦਾ ਰੋਗ ਲਹਿ ਜਾਂਦਾ ਹੈ । ਮਨ ਸੁੱਚਾ ਨਹੀਂ, ਸੁੱਚ ਕੀ ਕਰੂ?

ਗਲ ਮਾਲਾ ਤਿਲਕ ਲਿਲਾਟੰ । ਦੁਇ ਧੋਤੀ ਬਸਤਰ ਕਪਾਟੰ ।
ਜੋ ਜਾਨਸਿ ਬ੍ਰਹਮ ਕਰਮੰ । ਸਭ ਫੋਕਟ ਨਿਸ਼ਚੈ ਕਰਮੰ ।

ਬ੍ਰਾਹਮਣ ਨੇ ਗਲ ਮਾਲਾ ਪਾਈ ਹੋਈ ਹੈ । ਮੱਥੇ 'ਤੇ ਤਿਲਕ ਧਾਰਣ ਕੀਤਾ ਹੋਇਆ ਹੈ । ਸਜਾਇਆ ਹੋਇਆ ਹੈ । ਚਿੱਟੀ ਧੋਤੀ ਪਹਿਨੀ ਹੋਈ ਹੈ ਤੇ ਇਕ ਝਾਗਾ ਮੋਢੇ 'ਤੇ ਰੱਖਿਆ ਹੋਇਆ ਹੈ । ਜੋ ਵੀ ਆਦਮੀ ਬ੍ਰਾਹਮਣ ਦੇ ਇਸ ਕਰਮ ਕਾਂਡ ਨੂੰ ਜਾਨਣਾ ਚਾਹੁੰਦਾ ਹੈ, ਉਹ ਸੁਣ ਲਵੇ ਕਿ ਨਿਸ਼ਚੇ ਹੀ ਇਹ ਕਰਮ ਕਾਂਡ ਝੂਠ ਹੈ, ਕੂੜ ਹੈ, ਛਲਕਪਟ ਹੈ ਅਤੇ ਫੋਕਟ ਹੈ ।

ਜਿਨ੍ਹਾਂ ਨੂੰ ਨਾ ਸੁੱਧ ਹੈ ਭਾਵ ਨਾ ਚੰਗੇ ਮਾੜੇ ਦੀ ਪਰਖ ਹੈ, ਨਾ ਬੁੱਧ ਹੈ, ਭਾਵ ਉਹ ਠੀਕ ਗਲਤ ਦਾ ਨਿਰਨਾ ਨਹੀਂ ਕਰ ਸਕਦੇ । ਨਾ ਅਕਲ ਹੈ, ਭਾਵ ਸਿਆਣਪ ਵੀ ਹੈ ਤਾਂ ਉਹ ਜਿੱਥੇ ਦੂਜਿਆਂ ਦਾ ਵਿਗਾੜਦਾ ਹੈ, ਉੱਥੇ

ਆਪਣਾ ਵੀ ਵਿਗੜਦਾ ਹੈ ।

ਨਾਨਕ ਸੇ ਨਰ ਅਸਲ ਖਰ ਜਿ ਬਿਨੁ ਗੁਣ ਗਰਬੁ ਕਰੰਤ॥

ਅਜਿਹੇ ਆਦਮੀ, ਗੁਰੂ ਨਾਨਕ ਕਹਿੰਦਾ ਹੈ, ਅਸਲੀ ਖੋਤੇ ਹਨ ਜੋ ਬਿਨਾਂ ਗੁਣ ਤੋਂ ਬਿਨਾਂ ਸੁੱਧ ਬੁੱਧ ਤੋਂ, ਬਿਨਾਂ ਅਕਲ ਤੋਂ ਹੰਕਾਰ ਕਰਦੇ ਹਨ ਕਿ ਉਹ ਗਿਆਨੀ ਹਨ, ਬ੍ਰਾਹਮਣ ਹਨ ।(ਬ੍ਰਾਹਮਣ ਦਾ ਅਰਥ ਗਿਆਤਾ ਹੈ)

ਸਭ ਜਪ ਸਭ ਤਪ ਸਭ ਚਤੁਰਾਈ। ਊਝੜਿ ਭਰਮੈ ਰਾਹੈ ਨਾ ਪਾਈ ।

ਭਾਵੇਂ ਹਿੰਦੂ ਮਤ ਅਨੁਸਾਰ ਜੋ ਜਪ ਹਨ, ਭਾਵ ਹਿੰਦੂ ਧਾਰਮਿਕ ਗ੍ਰੰਥਾਂ ਦਾ ਪਾਠ ਰਟਣ ਸਾਰੇ ਤਪ ਭਾਵ ਸਿੱਧ, ਮੁਨੀ, ਯੋਗੀ, ਰਿਸ਼ੀ, ਪੀਰ, ਗੁਰੂ ਬਣਨ ਲਈ ਕੀਤੇ ਜਾਂਦੇ ਸਾਧਨ ਤੇ ਇਨ੍ਹਾਂ ਕਰਮਕਾਂਡਾਂ ਲਈ ਵਰਤੀ ਜਾਂਦੀ ਸਿਆਣਪ ਅਕਲ, ਬੰਦੇ ਨੂੰ ਔਕੜਾਂ ਰਾਹੀਂ ਭਟਕਣਾਂ ਵਿਚ ਅਤੇ ਵਹਿਮਾਂ ਭਰਮਾਂ ਵਿਚ ਪਾਉਂਦੀ ਹੈ । ਇਨ੍ਹਾਂ ਨਾਲ ਬੰਦਾ ਸਹੀ ਰਸਤੇ ਨਹੀਂ ਪੈਂਦਾ। ਜੋ ਉਸ ਦਾ ਕਰਨਾ ਬਣਦਾ ਹੈ, ਉਹ ਨਹੀਂ ਕਰਦਾ ।

ਪੰਡਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰ।
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰ ।

ਬ੍ਰਾਹਮਣ ਹਿੰਦੂ ਧਾਰਮਿਕ ਗ੍ਰੰਥ ਵਾਚਦਾ ਹੈ, ਪੜ੍ਹਦਾ ਹੈ, ਕਥਾ ਕਰ-ਕਰਕੇ ਦੂਜਿਆਂ ਨੂੰ ਸਮਝਾਉਂਦਾ ਹੈ, ਪਰ ਉਹ ਆਪ ਤਾਂ ਹਕੀਕਤ ਨੂੰ ਵਿਚਾਰਦਾ ਨਹੀਂ ਕਿ ਇਨ੍ਹਾਂ ਗ੍ਰੰਥਾਂ ਰਾਹੀਂ, ਕੀ ਉਸ ਨੂੰ ਕੁਝ ਪ੍ਰਾਪਤ ਹੋ ਵੀ ਸਕਦਾ ਹੈ ਕਿ ਨਹੀਂ ? ਉਹ ਦੂਜਿਆਂ ਨੂੰ ਤਾਂ ਮੱਤਾਂ ਦਿੰਦਾ ਹੈ, ਰਾਹ ਵਿਖਾਉਂਦਾ ਹੈ, ਸੋਝੀ ਦਿੰਦਾ ਹੈ ਪਰ ਅਸਲ ਵਿਚ ਸਿਰਫ ਮਾਇਆ ਇਕੱਠੀ ਕਰਨ ਦਾ ਇਕ ਢੋਂਗ ਹੈ, ਇਕ ਲਾਭਦਾਇਕ ਵਪਾਰ ਹੈ ਜੋ ਉਹ ਪੂਜਾਦਾਨ ਆਦਿ ਰਾਹੀਂ ਇਕੱਠੀ ਕਰ ਰਿਹਾ ਹੈ ।

ਕਥਨੀ ਝੂਠੀ, ਜਗ ਭਵੈ ਰਹਿਣੀ ਸਬਦ ਸੁ ਸਾਰ।
ਕੇਤੇ ਪੰਡਤ ਜੋਤਕੀ ਬਹਿ ਕਰਹਿ ਬੀਚਾਰ।

ਗੁਰੂ ਨਾਨਕ ਕਹਿੰਦੇ ਹਨ ਕਿ ਅਨੇਕਾਂ ਹੀ ਬ੍ਰਾਹਮਣ ਆਪਣੀ ਚਤਰਾਈ ਨੂੰ ਵਿਖਾ-ਵਿਖਾ ਕੇ ਵੇਦਾਂ ਦੇ ਮੰਤਰਾਂ ਨੂੰ ਵਾਚਦੇ ਤੇ ਦਸਦੇ ਹਨ । ਵੇਦਾਂ ਮੁਤਾਬਕ ਸਮਾਜ ਨੂੰ ਚੱਲਣ ਲਈ ਪ੍ਰੇਰਦੇ ਹਨ । ਵੇਦਾਂ ਦੇ ਗੀਤ ਗਾਉਂਦੇ ਹਨ ਪਰ ਉਨ੍ਹਾਂ ਨੂੰ ਅਸਲੀਅਤ ਦਾ ਰਤਾ ਭਰ ਵੀ ਪਤਾ ਨਹੀਂ । ਅਸਲੀ ਰਹਿਣੀ ਕੀ ਹੈ । ਅਸਲ ਕਰਮ ਕਿਹੜੇ ਹਨ, ਜੋ ਮਨੁੱਖ ਨੂੰ ਕਰਨੇ ਚਾਹੀਦੇ ਹਨ । ਬ੍ਰਾਹਮਣ ਤਾਂ ਆਪਣੇ ਰੁਤਬੇ ਦੇ ਗੁਮਾਨ ਤੇ ਹੰਕਾਰ ਵਿਚ ਹੀ ਗ੍ਰਸਿਆ, ਝੂਠੇ ਕਰਮ ਕਰ ਰਿਹਾ ਹੈ । ਉਸ ਨੂੰ ਮਨੁੱਖ ਦੀ ਅਸਲ ਰਹਿਣੀ, ਮਾਨਵਤਾ ਦੇ ਅਸੂਲਾਂ ਦਾ ਤਾਂ ਪਤਾ ਹੀ ਨਹੀਂ । ਉਸਦਾ ਦਿਮਾਗ ਤਾਂ ਇਸ ਸੱਚੀ, ਦਇਆ, ਸੰਤੋਖ ਅਤੇ ਇਨਸਾਫ ਵਾਲੀ ਮਨੁੱਖ ਦੀ ਰਹਿਣੀ, ਜੀਵਨ ਜਾਚ ਤੋਂ ਕੋਰਾ ਹੈ । ਅਸਲ ਭਾਵ ਕਿ ਸੱਚਾ ਅਤੇ ਠੀਕ ਪ੍ਰਕਾਰ ਦੇ ਜੀਵਨ ਜਿਊਣ ਤੋਂ ਬਿਨਾਂ ਬ੍ਰਾਹਮਣ ਸਿਰਫ ਵੇਦਾਂ ਮੰਤਰਾਂ ਵਿਚ ਹੀ ਫਸ ਕੇ ਰਹਿ ਗਏ ਹਨ ਅਤੇ ਉਸ ਸੱਚ ਤੋਂ ਦੂਰ ਰੱਖਣ ਲਈ ਲੋਕਾਂ ਨੂੰ ਵੀ ਅਗਿਆਨਤਾ ਦੇ ਹਨੇਰੇ ਵਿਚ ਜਾਣ ਬੁੱਝਕੇ ਸੁੱਟ ਰਹੇ ਹਨ । ਉਨ੍ਹਾਂ ਨੂੰ ਗੁੰਮਰਾਹ ਕਰ ਰਹੇ ਹਨ ।(ਕਿਉਂਕਿ ਇਸ ਵਿਚ ਹੀ ਬ੍ਰਾਹਮਣਾਂ ਨੂੰ ਆਪਣਾ ਲਾਭ ਦਿਖਾਈ ਦਿੰਦਾ ਹੈ)

ਗਿਆਨ ਹੀਣ ਅਗਿਆਨ ਪੂਜਾ। ਅੰਧ ਵਰਤਾਰਾ ਭਾਉ ਦੂਜਾ ।

ਬ੍ਰਾਹਮਣ ਲੋਕ ਆਪਣੇ ਆਪ ਨੂੰ ਪੰਡਤ ਅਖਵਾਉਂਦੇ ਹਨ, ਜਿਸ ਦਾ ਅਥ ਹੈ : ਬ੍ਰਹਮੰਡ ਨੂੰ ਜਾਨਣ ਵਾਲਾ ਵਿਦਵਾਨ । ਪਰ ਹੈ ਉਹ ਅਗਿਆਨੀ । ਉਨ੍ਹਾਂ ਨੂੰ ਜ਼ਿੰਦਗੀ ਦੇ ਤੱਤ ਦਾ ਤਾਂ ਪਤਾ ਹੀ ਨਹੀਂ । ਉਨ੍ਹੀਂ ਸਾਰੀ ਪਾਠ ਪੂਜਾ ਅਗਿਆਨਤਾ ਵਾਲਾ ਵਿਹਾਰ ਹੈ । ਉਨ੍ਹਾਂ ਦਾ ਵਰਤਾਰਾ ਵੀ ਅੰਨ੍ਹੀ ਦ੍ਰਿਸ਼ਟੀ ਵਾਲਾ ਹੈ । ਪੱਥਰਾਂ ਨੂੰ ਪੂਜਣਾ, ਵਿਹਲੇ ਬਹਿ ਕੇ ਪੂਜਾ ਧਾਨ ਖਾਣਾ, ਅਗਿਆਨੀ ਹੋ ਕੇ ਗਿਆਨੀ ਅਖਵਾਉਣਾ, ਮਾਇਆ ਚੱਕਰ 'ਚ ਪੈ ਕੇ ਲੋਕਾਂ ਤੋਂ ਧਨ ਦੌਲਤ ਇਕੱਠੀ ਕਰਨੀ, ਦਾਨ ਦੱਛਣਾ ਦੇ ਬਹਾਨੇ ਸੋਨਾ, ਚਾਂਦੀ ਇਕੱਠਾ ਕਰਨਾ, ਪੈਸਾ ਜੋੜਨਾ, ਜਨਮ ਕੁੰਡਲੀਆਂ ਦੇ ਬਹਾਨੇ ਜਨਤਾ ਨੂੰ ਲੁੱਟਣਾ, ਮਰਨ ਤੋਂ ਬਾਅਦ ਕਿਰਿਆ ਰਾਹੀਂ ਜਨਤਾ ਦੀਆਂ ਜੇਬਾਂ ਕੁਤਰਨਾ, ਜਨਤਾ ਨੂੰ ਵਹਿਮਾਂ ਭਰਮਾਂ 'ਚ ਪਾਈ ਰੱਖਣਾ ਅਤੇ ਨਰਕਾਂ ਤੋਂ ਛੁਟਕਾਰਾ ਦਿਵਾਉਣ ਦੇ ਬਹਾਨੇ ਉਨ੍ਹਾਂ ਨੂੰ ਅਸਲ ਤੋਂ ਤੋੜ ਲੈਣਾ, ਤੀਰਥ ਯਾਤਰਾ ਦੇ ਲੋਭ 'ਚ ਜ਼ਿੰਦਗੀ ਦਾ ਰਸ ਮਾਰ ਦੇਣਾ ਤੇ ਸੰਸਾਰੀ ਸਹੀ ਜ਼ਿੰਦਗੀ ਨਾਲੋਂ ਤੋੜ ਕੇ ਭਟਕਣਾਂ ਵਿਚ ਪਾਉਣਾ । ਇਹ ਸਾਰਾ ਕਰਮ ਕਾਂਡ, ਸਾਰਾ ਵਰਤਾਰਾ ਅਸਲ ਵਿਚ ਅੰਨ੍ਹੀ ਖੱਡ ਹੈ, ਅੰਨ੍ਹਾ ਖੂਹ ਹੈ, ਜਿਸ ਵਿਚ ਡਿਗਿਆ ਬੰਦਾ ਮੁੜ ਬਾਹਰ ਨਹੀਂ ਨਿਕਲ ਸਕਦਾ । ਇਸ ਹਨ੍ਹੇਰੇ ਖੂਹ

ਤੇ ਬ੍ਰਹਮ ਗਿਆਨੀ ਗੁਰੂ ਹੀ ਕੱਢ ਸਕਦਾ ਹੈ। ਜ਼ਿੰਦਗੀ ਦੇ ਸੱਚ ਦਾ ਗਿਆਨ ਹੀ ਇਸ ਕੂੜ ਦੀ ਮੈਲ ਨੂੰ ਧੋਅ ਸਕਦਾ ਹੈ। ਕੂੜ ਦੀ ਬ੍ਰਾਹਮਣਵਾਦੀ ਕੰਧ, ਸੱਚ ਨਾਲ ਹੀ, ਗਿਆਨ ਨਾਲ ਹੀ ਢਾਹੀ ਜਾ ਸਕਦੀ ਹੈ।

ਦੂਜੇ ਪਾਸੇ ਇਸ ਬ੍ਰਾਹਮਣ ਦਾ ਵਰਤਾਰਾ ਦਵੈਤ ਵਾਲਾ ਹੈ। ਇਹ ਕੁਝ ਇਕ ਲੋਕਾਂ ਨੂੰ ਜੀਵਨ ਦੇ ਸਾਰੇ ਅਧਿਕਾਰ ਦਿੰਦਾ ਹੈ, ਪਰ ਦੂਜੇ ਲੋਕਾਂ ਨੂੰ ਨੀਚ, ਸ਼ੂਦਰ, ਅਛੂਤ, ਹਰੀਜਨ ਆਦਿ ਦਾ ਦਰਜਾ ਦੇ ਕੇ ਉਨ੍ਹਾਂ ਕੋਲੋਂ ਵਿਦਿਆ, ਹਥਿਆਰ, ਜ਼ਮੀਨ, ਪੈਸਾ, ਇੱਜ਼ਤ ਸਭ ਕੁਝ ਖੋਹ ਲੈਂਦਾ ਹੈ। ਅਜਿਹੇ ਆਦਮੀ ਨੂੰ ਪੰਡਿਤ ਜਾਂ ਗਿਆਨੀ ਕਿਵੇਂ ਕਿਹਾ ਜਾ ਸਕਦਾ ਹੈ?

ਮਥਿ ਟਿੱਕਾ ਤੇੜ ਧੋਤੀ ਕਖਾਈ। ਹੱਥ ਛੁਰੀ, ਜਗਤ ਕਸਾਈ।

ਬ੍ਰਾਹਮਣ ਨੇ ਮੱਥੇ 'ਤੇ ਟਿੱਕਾ ਲਗਾਇਆ ਹੈ। ਤਿਲਕ ਲਗਾਇਆ ਹੈ। ਲੱਕ ਨਾਲ ਲੜ-ਟੰਗਵੀਂ ਚਿੱਟੀ ਧੋਤੀ ਬੰਨ੍ਹੀ ਹੋਈ ਹੈ, ਪਰ ਜਿਸ ਬੰਦੇ ਦੇ ਕੋਲ ਛੁਰੀ ਹੈ (ਜਿਹੜੀ ਦਿਸਦੀ ਨਹੀਂ) ਤੇ ਉਹ ਸਾਰੇ ਸੰਸਾਰ ਨੂੰ ਕੋਹ-ਕੋਹ ਕੇ ਖਾ ਰਿਹਾ ਹੈ। ਲੁੱਟ-ਪੁੱਟ ਰਿਹਾ ਹੈ। ਉਹ ਤਾਂ ਅਸਲ ਵਿਚ ਜਗਤ-ਕਸਾਈ ਹੈ, ਲੋਕਾਂ ਦੇ ਅਣਡਿੱਠੀ ਲੁਕਵੀਂ ਅਤਿਆਚਾਰ ਦੀ ਛੁਰੀ ਨਾਲ ਜਨਤਾ ਦੇ ਗਲੇ ਕੱਟ-ਕੱਟ ਕੇ ਉਨ੍ਹਾਂ ਦਾ ਖੂਨ ਪੀ ਰਿਹਾ ਹੈ। ਲੋਕਾਂ ਦੀ ਹੱਕ ਹਲਾਲ ਦੀ ਕਮਾਈ ਆਪਣੇ ਕਾਲੇ ਕਾਰਨਾਮਿਆਂ ਰਾਹੀਂ ਹੜੱਪੀ ਜਾ ਰਿਹਾ ਹੈ। ਉਨ੍ਹਾਂ ਦੀ ਮਿਹਨਤ ਮੁਸ਼ੱਕਤ ਦੀ ਕਮਾਈ, ਖੂਨ-ਪਸੀਨਾ ਇਕ ਕਰਕੇ ਕਮਾਏ ਰੋਜ਼ਗਾਰ ਨੂੰ ਖੋਹ ਰਿਹਾ ਹੈ।

ਅਭਾਖਿਆ ਕਾ ਕੁੱਠਾ ਬੱਕਰਾ ਖਾਣਾ। ਚਉਕੇ ਉਪਰ ਕਿਸੈ ਨਾ ਜਾਣਾ।

ਦੇ ਕੇ ਚਉਕਾ ਕੱਢੀ ਕਾਰ। ਉਪਰ ਆਇ ਬੈਠੇ ਕੂੜਿਆਰ।

ਬ੍ਰਾਹਮਣ ਵੱਲੋਂ ਹੁਣ ਪੂਜਾ ਪਾਠ ਕਰਕੇ ਬੱਕਰਾ ਖਾਣ ਦੀ ਤਿਆਰੀ ਹੈ ਤੇ ਹੁਕਮ ਕਰ ਦਿੱਤਾ ਹੈ ਕਿ ਰਸੋਈ ਕਰਨ ਵਾਲੇ ਚਉਕੇ ਤੇ ਕੋਈ ਬੰਦਾ ਨਾ ਚੜ੍ਹੇ। ਉਸ ਨੂੰ ਗਾਂ ਦੇ ਗੋਹੇ ਨਾਲ ਲਿੱਪ-ਪੋਚ ਕੇ ਅਤੇ ਪਾਸੀਂ ਲਕੀਰ ਖਿੱਚ ਕੇ, ਕਾਰ ਲਾ ਕੇ, ਕਹਿ ਦਿੱਤਾ ਹੈ ਕਿ ਇਸ ਅੰਦਰ ਨਾ ਆਵੇ, ਪਰ ਉਸ ਚੌਕੇ ਤੇ ਕੂੜਿਆਰ ਲੋਕ ਭਾਵ ਝੂਠੇ, ਪਾਖੰਡੀ ਲੋਕ ਭਾਵ ਜੀ ਆਣ ਬਿਰਾਜਮਾਨ ਹੋਏ ਹਨ।

ਮੱਤ ਭਿਟੈ ਵੇ ਮੱਤ ਭਿਟੈ। ਇਹ ਅੰਨ ਅਸਾਡਾ ਫਿਟੈ।

ਤੇ ਹੁਕਮ ਕੀਤਾ ਜਾਂਦਾ ਹੈ ਕਿ ਹੁਣ ਕੋਈ ਨਾ ਸਾਡੇ ਚਉਕੇ ਨੂੰ ਭਿਟੇ ਤੇ ਨਾ ਸਾਡੇ ਅੰਨ ਨੂੰ ਭਿਟੇ। ਜੇਕਰ ਕੋਈ ਦੂਸਰਾ ਉਸ ਅੰਨ ਨੂੰ ਹੱਥ ਲਾ ਦੇਵੇਗਾ ਤਾਂ ਇਹ ਭਿੱਟ ਜਾਵੇਗਾ, ਖਰਾਬ ਹੋ ਜਾਵੇਗਾ ਤੇ ਖਾਣ ਯੋਗ ਨਹੀਂ ਰਹੇਗਾ।

ਤਨ ਫਿਟੈ ਫੇੜ ਕਰੇਨ ਮਨ ਜੂਠੇ, ਚੂਲੀ ਭਰੇਨ।

ਬ੍ਰਾਹਮਣਾਂ ਦੇ ਤਨ ਪੂਜਾ ਦਾ ਧਾਨ ਖਾ-ਖਾ ਕੇ ਫਿੱਟ ਗੇ ਹਨ ਭਾਵ ਮੋਟੇ ਹੋ ਗਏ ਹਨ। ਤੇ ਇਉਂ ਲਗਾਤਾਰ ਇਹ ਬੁਰਿਆਈ, ਚਤਰਾਈ ਕਰਦੇ ਆ ਰਹੇ ਹਨ। ਜਿਨ੍ਹਾਂ ਦਾ ਮਨ ਜੂਠਾ ਹੈ ਭਾਵ ਜੋ ਅੰਦਰੋਂ ਪਾਪੀ ਹਨ, ਉਨ੍ਹਾਂ ਦਾ ਅੰਦਰ ਤਾਂ ਪਾਪਾਂ ਦੀ ਜੂਠ ਅਤੇ ਝੂਠ ਨਾਲ ਭਰਿਆ ਹੋਇਆ ਹੈ, ਪਰ ਬਾਹਰੋਂ ਚੂਲੀਆਂ ਭਰ-ਭਰ ਕੇ ਸੁੱਚ ਕਰ ਰਹੇ ਹਨ।

ਕਹੁ ਨਾਨਕ ਸੱਚ ਧਿਆਈਐ। ਸੁੱਚ ਹੋਵੈ ਤਾ ਸਚੁ ਪਾਈਐ।

ਗੁਰੂ ਨਾਨਕ ਕਹਿੰਦੇ ਹਨ ਕਿ ਸੱਚ ਧਿਆਉਣ ਤੋਂ ਪਹਿਲਾਂ ਜੇ ਮਨ ਸੱਚਾ ਹੋਵੇ, ਪਾਪ ਰਹਿਤ ਹੋਵੇ, ਪਾਖੰਡ ਰਹਿਤ ਹੋਵੇ, ਉਸ ਅੰਦਰ ਬੁਰਿਆਈਆਂ ਦੀ ਸੋਚ ਨਾ ਹੋਵੇ ਤਾਂ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ। ਵਰਨਾ ਨਹੀਂ। ਭਾਵ ਸੁੱਚ ਤਾਂ ਬੁਰੇ ਕੰਮ ਤੋਂ ਹੋਣੀ ਚਾਹੀਦੀ ਹੈ ਨਾ ਕਿ ਬੰਦੇ ਦੀ ਛੋਹ ਤੋਂ।

ਗਊ ਬ੍ਰਾਹਮਣ ਕਉ ਕਰ ਲਾਵਹੁ ਗੋਬਰ ਤਰਣ ਨਾ ਜਾਈ।
ਧੋਤੀ ਟਿੱਕਾ ਤੇ ਜਪਮਾਲੀ ਧਾਨ ਮਲੇਛਾ ਖਾਈ।
ਅੰਤਰ ਪੂਜਾ ਪੜਹਿ ਕਤੇਬਾਂ ਸੰਜਮ ਤੁਰਕਾਂ ਭਾਈ।
ਛੋਡੀ ਲੇ ਪਾਖੰਡਾ ਨਾਮ ਲਈਐ ਜਾਹਿ ਤਰੰਦਾ।
(ਨਾਮ ਦਾ ਅਰਥ ਹੈ ਸੱਚੀ ਸੁੱਚੀ ਵਿਚਾਰਧਾਰਾ ਜੋ ਗੁਰੂ ਨੇ ਦੱਸੀ ਹੈ।)

ਗਊ ਅਤੇ ਬ੍ਰਾਹਮਣ, ਉਸ ਦੇ ਨਾਲ ਲੈਣ ਦੇਣ (ਦਖਸ਼ਣਾ) ਪੂਜਾ ਆਦਿ ਮੁਕਾ ਕੇ, ਲੈ ਕੇ ਲੋਕ ਆਉਂਦੇ ਹਨ ਕਿ ਉਨ੍ਹਾਂ ਦੀ ਮੁਕਤੀ ਹੋ ਜਾਵੇਗੀ, ਪਰ ਵਿਚਾਰੇ ਇਹ ਨਹੀਂ ਜਾਣਦੇ ਕਿ ਗੋਬਰ ਚਾਹੇ ਗਾਂ ਦਾ ਹੀ ਹੋਵੇ, ਉਸ

ਨਾਲ ਤਰਿਆ ਨਹੀਂ ਜਾਂਦਾ। ਉਸ ਨਾਲ ਮੁਕਤੀ ਨਹੀਂ ਮਿਲਦੀ। ਇਹ ਬੰਦਾ ਜੋ ਬ੍ਰਾਹਮਣ ਅਖਵਾਉਂਦਾ ਹੈ, ਚਿੱਟੀ ਧੋਤੀ ਪਹਿਨਦਾ ਹੈ, ਟਿੱਕਾ ਤਿਲਕ ਲਗਾਉਂਦਾ ਹੈ ਤੇ ਜਪਣ ਲਈ ਮਾਲਾ ਰੱਖਦਾ ਹੈ, ਇਹ ਬੰਦਾ ਜੋ ਬੰਦਿਆਂ ਵਿਚਕਾਰ ਹੀ ਪਵਿੱਤਰਤਾ ਅਤੇ ਅਪਵਿੱਤਰਤਾ, ਅਛੂਤ-ਸਛੂਤ ਦੀ ਲਕੀਰ ਖਿੱਚਦਾ ਹੈ, ਉਹੀ ਪੂਜਾ ਵਜੋਂ ਮਲੇਛਾਂ ਦਾ ਹੀ (ਭਾਵ ਅਛੂਤਾਂ ਦਾ, ਅਪਵਿੱਤਰਤਾ ਦਾ ਹੀ) ਪੂਜਾ ਧਾਨ ਲੈ ਕੇ ਖਾ ਜਾਂਦਾ ਹੈ। ਅੰਦਰ ਵੜਕੇ ਪੂਜਾ ਕਰਦਾ ਹੈ, ਧਾਰਮਿਕ ਗ੍ਰੰਥਾਂ ਪੜ੍ਹਦਾ ਹੈ ਅਤੇ ਤੁਰਕਾਂ ਭਾਵ ਮੁਸਲਮਾਨਾਂ ਤੋਂ ਸੰਕੋਚ ਕਰਦਾ ਹੈ। ਭਾਵ ਉਨ੍ਹਾਂ ਨੂੰ ਬੰਦੇ, ਇਨਸਾਨ ਪ੍ਰਵਾਨ ਨਹੀਂ ਕਰਦਾ।

ਗੁਰੂ ਨਾਨਕ ਕਹਿੰਦੇ ਹਨ ਕਿ ਹੇ ਪੰਡਤ ਲੋਕ। ਤੂੰ ਇਹ ਪਾਖੰਡ ਛੱਡ ਦੇ। ਇਸ ਨਾਲ ਤਰਿਆ ਨਹੀਂ ਜਾ ਸਕਦਾ। ਸੱਚੀ ਵਿਚਾਰਧਾਰਾ ਦਾ ਪੱਲਾ ਫੜ। ਇਸ ਨੂੰ ਆਪਣਾ ਲੈ, ਜੇ ਮੁਕਤੀ ਪਾਉਣੀ ਹੈ।

ਮਾਣਸ ਖਾਣੇ ਕਰੇ ਨਿਵਾਜ। ਛੁਰੀ ਵਗਾਇਣ ਤਿਨ ਗਲ ਤਾਗੁ।

ਜੋ ਸਾਬਤੇ ਬੰਦਿਆਂ ਨੂੰ ਭੋਰਾ-ਭੋਰਾ ਕਰਕੇ ਨਿਗਲ ਜਾਂਦੇ ਹਨ, ਉਹ ਨਿਮਾਜਾਂ ਪੜ੍ਹਦੇ। ਕਲਮਾਂ ਪੜ੍ਹਦੇ ਹਨ। ਉਸੇ ਤਰ੍ਹਾਂ ਹੀ ਜਿਨ੍ਹਾਂ ਦੇ ਗਲ ਧਰਮ ਦਾ ਜੰਞੂ ਪਾਇਆ ਹੋਇਆ ਹੈ, ਉਹ ਮਿੱਠੀ ਛੁਰੀ ਵਗਾ-ਵਗਾ ਕੇ ਲੋਕਾਂ ਨੂੰ ਕੋਹ-ਕੋਹ ਕੇ ਖਾ ਰਹੇ ਹਨ।

ਤਿਨ ਘਰ ਬ੍ਰਾਹਮਣ ਪੂਰਹਿ ਨਾਦ। ਉਨਾ ਭੀ ਆਵੈ ਓਹੀ ਸੁਆਦ।

ਅਜਿਹੇ ਲੋਕਾਂ ਦੇ ਘਰ ਭਾਵ ਹਿੰਦੂਆਂ ਦੇ ਘਰ ਬ੍ਰਾਹਮਣ ਸੰਖ ਵਜਾ ਕੇ ਇਕ ਸੁਰ ਪੈਦਾ ਕਰਦਾ ਹੈ ਅਤੇ ਉਸ ਨੂੰ ਲੈ ਕੇ ਆਉਣ ਵਾਲੇ ਲੋਕ ਵੀ ਇਸ ਧਾਰਮਿਕ ਰਸਮ ਦਾ ਆਨੰਦ ਮਾਣਦੇ ਹਨ। ਭਾਵ ਇਕੋ ਸੱਥ ਵਿਚ ਸਾਰੇ ਗਿਆਨਹੀਣ, ਬੁੱਧਹੀਣ ਹਨ।

ਕੂੜੀ ਰਾਸ ਕੂੜਾ ਵਪਾਰ। ਕੂੜ ਬੋਲ ਕਰੇ ਆਹਾਰ।

ਇਹ ਰਾਸ ਲੀਲਾ ਕਰਮ ਕਾਂਡ ਲੀਲਾ, ਇਹ ਪੰਡਤਾਈ ਬ੍ਰਾਹਮਣੀ ਕਰਮ ਕਾਂਡ ਕੂੜ ਹਨ, ਝੂਠ ਹਨ। ਝੂਠ ਦਾ ਧੰਦਾ ਹਨ। ਝੂਠਾ ਵਿਹਾਰ ਹੈ, ਜਿਸ ਦੀ ਲੋਕਾਂ ਨੂੰ ਸਮਝ ਨਹੀਂ। ਇਹ ਬ੍ਰਾਹਮਣ ਲੋਕ ਝੂਠ ਬੋਲ ਕੇ, ਲੋਕਾਂ ਨੂੰ ਠਗ-ਠਗ ਕੇ, ਆਪਣਾ ਆਹਾਰ, ਆਪਣੀ ਰੋਟੀ ਤੇ ਪੇਟ ਪੂਜਾ ਬਣਾਈ ਬੈਠੇ ਹਨ। ਵਿਹਲੇ ਰਹਿ ਕੇ ਵੀ ਰੱਜ-ਰੱਜ ਖਾਂਦੇ ਹਨ।

ਸ਼ਰਮ ਧਰਮ ਕਾ ਡੇਰਾ ਦੂਰ। ਨਾਨਕ ਕੂੜ ਰਿਹਾ ਭਰਪੂਰ।

ਅਸਲ ਵਿਚ ਇਸ ਤਰ੍ਹਾਂ ਦੇ ਬ੍ਰਾਹਮਣੀ ਸਮਾਜ ਵਿਚ ਸ਼ਰਮ, ਲੱਜਾ, ਧਰਮ, ਸਚਾਈ ਨਾਂ ਦੀ ਕੋਈ ਚੀਜ਼ ਨਹੀਂ ਰਹੀ। ਚਾਰੋਂ ਤਰਫ ਕੂੜ ਦਾ ਧੰਦਾ ਹੈ। ਝੂਠ ਦਾ ਬੋਲਬਾਲਾ ਹੈ। ਬ੍ਰਾਹਮਣੀ ਵਰਤਾਰੇ ਨੇ ਸਮਾਜ ਦੀ ਜੀਵਨ ਨੂੰ ਸਮਾਜ ਦੇ ਵਰਤਾਰੇ ਨੂੰ, ਬੰਦੇ ਦੀ ਹੋਂਦ ਨੂੰ ਝੂਠੇ ਵਪਾਰ ਵਿਚ ਲਗਾ ਰੱਖਿਆ ਹੈ।

ਪੰਡਤ ਪਾਧੇ ਜੋਤਸ਼ੀ ਨਿੱਤ ਪੜ੍ਹੇ ਪੁਰਾਣ।

ਪੰਡਤ, ਬ੍ਰਾਹਮਣ, ਪਾਂਧੇ, ਜੋਤਸ਼ੀ ਸਭ ਪੁਰਾਣ ਪੜ੍ਹ-ਪੜ੍ਹ ਕੇ ਇਨ੍ਹਾਂ ਦੇ ਵਿਚਾਰ ਦੇ-ਦੇ ਕੇ, ਇਕ ਖਾਸ ਕਿਸਮ ਦੇ ਧੰਦੇ ਵਿਚ ਮਗਨ ਹਨ।

ਨਾਲ ਕਿਰਾੜਾਂ ਦੋਸਤੀ ਕੂੜੇ ਕੂੜੀ ਪਾਇ।

ਭਾਵ-ਕਰਮ-ਕਾਂਡ ਦੇ ਮਾਇਆ ਵਿਚ ਲੱਗੇ ਹਿੰਦੂਆਂ ਨਾਲ ਦੋਸਤੀ ਪਾ ਕੇ ਬੰਦਾ, ਕੂੜ ਵਪਾਰ ਵਿਚੋਂ ਕੂੜ ਹੀ ਖੱਟ ਸਕਦਾ ਹੈ। ਝੂਠੇ ਵਪਾਰ ਵਿਚੋਂ ਝੂਠ ਹੀ ਹਾਸਲ ਕਰ ਸਕਦਾ ਹੈ ਜਿਵੇਂ ਕੋਲਿਆਂ ਦੀ ਦਲਾਲੀ 'ਚ ਮੂੰਹ ਕਾਲਾ ਕਰਵਾਉਣ ਤੋਂ ਬਿਨਾਂ ਹੋਰ ਕੀ ਲੱਭਿਆ ਜਾ ਸਕਦਾ ਹੈ।

ਬਾਬਾ ਆਖੇ ਹਾਜੀਆ ਸ਼ੁੱਭ ਅਮਲਾਂ ਬਾਝੋਂ ਦੋਵੇਂ ਰੋਈ।

ਹਿੰਦੂ ਮੁਸਲਮਾਨ ਦੋਇ। ਦਰਗਾਹਿ ਅੰਦਰ ਲੈਣ ਨਾ ਢੋਈ।

ਗੁਰੂ ਨਾਨਕ ਦੇ ਸਪੱਸ਼ਟ ਕਹਿ ਦਿੱਤਾ ਕਿ ਕਾਜੀ, ਮੁਸਲਮਾਨ, ਹਾਜੀ, ਹਿੰਦੂ ਬ੍ਰਾਹਮਣ ਦੋਵੇਂ ਸੱਚ ਅਮਲ ਤੋਂ ਬਿਨਾਂ ਭਟਕ ਰਹੇ ਹਨ।

ਇਨ੍ਹਾਂ ਦੀ ਜ਼ਿੰਦਗੀ ਦਾ ਆਧਾਰ ਸਚਾਈ ਨਹੀਂ। ਇਨ੍ਹਾਂ ਦੋਹਾਂ ਨੂੰ, ਜੋ ਕੂੜ ਦੇ ਧੰਦੇ ਵਿਚ ਲੱਗੇ ਹਨ, ਕਿਧਰੇ ਵੀ ਢੋਈ ਨਹੀਂ ਮਿਲੇਗੀ।

ਸੂਤਕ (ਅਪਵਿੱਤਰਤਾ)

ਬ੍ਰਾਹਮਣੀ ਕਰਮ-ਕਾਂਡ ਅਨੁਸਾਰ ਬੇ-ਸ਼ੁਮਾਰ ਚੀਜ਼ਾਂ ਤੋਂ ਸੂਤਕ ਕਰਨ ਦਾ ਹੁਕਮ ਹੈ । ਭਾਵ ਬਹੁਤ ਚੀਜ਼ਾਂ ਨੂੰ ਪਵਿੱਤਰ-ਅਪਵਿੱਤਰ ਮੰਨਣ ਦਾ ਹੁਕਮ ਹੈ ਤੇ ਇਸ ਦਾ ਮੰਤਵ ਹੈ ਸੁਰਗ ਦੀ ਪ੍ਰਾਪਤੀ। ਧਰਮ ਦੀ ਪਾਲਣਾ। ਪਰ ਗੁਰੂ ਨਾਨਕ ਜੀ ਕਹਿੰਦੇ ਹਨ :

ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਏ॥
ਗੋਹੇ ਅਤੇ ਲੱਕੜੀ ਅੰਦਰ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕਿਛੁ ਹੋਇ॥
ਸੂਤਕ ਕਿਉਕਰ ਰੱਖੀਐ ਸੂਤਕ ਪਵੈ ਰਸੋਇ॥
ਨਾਨਕ ਸੂਤਕ ਏਵ ਨਾ ਉਤਰੈ ਗਿਆਨ ਉਤਾਰੇ ਧੋਇ॥

ਜੇਕਰ ਉਸ ਔਰਤ, ਜਿਸਨੇ ਬੱਚਾ ਜਣਿਆ ਹੈ, ਤੋਂ ਸੂਤਕ ਮੰਨਿਆ ਜਾਂਦਾ ਹੈ ਤੇ ਉਸ ਨੂੰ ਕਿਸੇ ਚੀਜ਼ ਨੂੰ ਹੱਥ ਨਹੀਂ ਲਾਉਣ ਦਿੱਤਾ ਜਾਂਦਾ ਹੈ ਤਾਂ ਗੁਰੂ ਨਾਨਕ ਨੇ ਦੱਸਿਆ ਕਿ ਹਰ ਚੀਜ਼ ਵਿਚ ਹੀ ਸੂਤਕ ਹੈ। ਜੇਕਰ ਬ੍ਰਾਹਮਣ ਮਾਂ ਨੂੰ, ਜਿਸ ਨੇ ਬੱਚੇ ਨੂੰ ਜਨਮ ਦਿੱਤਾ ਹੈ, ਅਪਵਿੱਤਰ ਮੰਨਦਾ ਹੈ ਤਾਂ ਗੋਹੇ ਅਤੇ ਲੱਕੜੀ ਨੂੰ ਵੀ ਸੂਤਕ ਮੰਨਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਅੰਦਰ ਵੀ ਜੀਵ ਹਨ ਜੋ ਅੱਗ ਅੰਦਰ ਜਲ ਜਾਂਦੇ ਹਨ। ਇਨ੍ਹਾਂ ਨੂੰ ਤਾਂ ਉਹ ਬਿਨਾਂ ਝਿਜਕ ਹਰ ਰੋਜ਼ ਵਰਤ ਰਿਹਾ ਹੈ । ਇਸ ਤੋਂ ਇਸ ਨੂੰ ਭਿੱਟ ਕਿਉਂ ਨਹੀਂ ਹੁੰਦੀ? ਗੋਹੇ ਨਾਲ ਤਾਂ ਉਹ ਆਪ ਪਵਿੱਤਰ ਹੁੰਦਾ ਹੈ, ਚਉਂਕਾ ਪਵਿੱਤਰ ਕਰਦਾ ਹੈ । ਲੱਕੜ ਨਾਲ ਉਹ ਰਸੋਈ ਬਣਾਉਂਦਾ ਹੈ। ਹੋਮ ਜੱਗ ਕਰਦਾ ਹੈ। ਇਸ ਤੋਂ ਅੱਗੇ ਜਿਨਾ ਵੀ ਅਨਾਜ ਹੈ, ਉਸ ਨੂੰ ਅਸੀਂ ਖਾਂਦੇ ਹਾਂ ਉਹ ਜੀਆਂ ਤੋਂ ਬਿਨਾ ਨਹੀਂ ਹੈ ਤੇ ਨਾ ਹੀ ਹੋ ਸਕਦਾ ਹੈ, ਕਿਉਂਕਿ ਮੁੱਢਲੇ ਰੂਪ ਵਿਚ ਪਾਣੀ ਵੀ ਇਕ ਜੀਵ ਹੈ। ਜੀਵਾਂ ਦਾ ਸੁਮੇਲ ਹੈ। ਜੋ ਹਰ ਚੀਜ਼ ਨੂੰ ਹਰੀ ਭਰੀ ਕਰਦਾ ਹੈ ਜਦੋਂ ਸਾਰਾ ਪਸਾਰਾ ਹੀ ਪਾਣੀ ਨਾਲ ਹੋਇਆ ਹੈ ਤਾਂ ਫਿਰ ਸੂਤਕ ਕਿਹੜੀ-ਕਿਹੜੀ ਚੀਜ਼ ਤੋਂ ਕਰ ਰਹੇ ਹੋ ? ਸੂਤਕ ਤਾਂ ਰਸੋਈ ਵਿਚ ਵੀ ਹੈ । ਕੀ ਇਹ ਗੱਲ ਸਪੱਸ਼ਟ ਨਹੀਂ ਕਿ ਔਰਤ ਤੋਂ ਸੂਤਕ ਮੰਨਣਾ, ਪਾਖੰਡ ਨਹੀਂ ? ਪਾਪ ਨਹੀਂ ? ਅਗਿਆਨਤਾ ਨਹੀਂ ? ਪੰਡਤ ਜੀ ਮਹਾਰਾਜ ! ਇਉਂ ਸੂਤਕ ਨਾ ਹੀ ਲਹਿੰਦਾ ਤੇ ਨਾ ਇਹ ਖਤਮ ਹੁੰਦਾ ਹੈ । ਜੇ ਤੁਸੀਂ ਸੂਤਕ ਖਤਮ ਕਰਨਾ ਹੈ ਤਾਂ ਸਿਰਫ ਗਿਆਨ ਹੀ ਇਸ ਨੂੰ ਖਤਮ ਕਰ ਸਕਦਾ ਹੈ । ਗਿਆਨ ਸੱਚੀ ਤੇ ਸੁਚੀ ਵਿਚਾਰਧਾਰਾ ਹੈ, ਜਿਸ ਨੂੰ ਬਾਣੀ ਵਿਚ ਨਾਮ ਕਿਹਾ ਗਿਆ ਹੈ । ਸਚਾਈ 'ਤੇ ਚਲਣ ਦੀ ਵਿਚਾਰਧਾਰਾ ਮਾਰਗ ਹੀ ਨਾਮ ਹੈ । ਨਾਮ ਜੋ ਸੱਚ ਦਾ ਮਾਰਗ ਹੈ । ਨਾਮ ਜੋ ਸੱਚ ਹੈ । ਨਾਮ ਜੋ ਗਿਆਨ ਦਾ ਦੂਜਾ ਨਾਮ ਹੈ। ਨਾਮ ਜੋ ਪੂਰੇ ਗੁਰੂ ਤੋਂ ਮਿਲਦਾ ਹੈ । ਪੂਰਾ ਗੁਰੂ ਜੋ ਸੰਸਾਰ ਦਾ ਭਲਾ ਮੰਗਦਾ ਹੈ । ਸੰਸਾਰ ਦੇ ਮਨੁੱਖੀ ਸਮਾਜ ਲਈ ਭਲਾ ਲੋੜਦਾ, ਭਲਾ ਕਰਦਾ ਹੈ । ਭਲਾ ਕਰਨ ਦਾ ਉਪਦੇਸ਼ ਦਿੰਦਾ ਹੈ । ਜਿਸ ਦਾ ਪਰਮਾਰਥ ਸੁਆਰਥ ਨਹੀਂ, ਜ਼ਿੰਦਗੀ ਦੇ ਹਰ ਖੇਤਰ ਵਿਚ ਸਮਤਾ ਸਮਾਨਤਾ ਭਾਈਚਾਰਾ ਅਤੇ ਆਜ਼ਾਦੀ ਹੈ । ਇਸ ਤਰ੍ਹਾਂ ਨਾਮ ਜਿਸ ਦਾ ਮਾਰਗ ਹੈ, ਉਹ ਹੈ ਸੱਚੀ ਵਿਚਾਧਾਰਾ ! ਸੱਚ ਬੋਲਣਾ, ਸੱਚ ਸੁਣਨਾ, ਸੱਚ ਮੰਨਣਾ, ਸੱਚ ਦਾ ਪਸਾਰ ਕਰਨਾ। ਮਨੁੱਖ ਅੰਦਰ ਦਇਆ, ਸੰਤੋਖ, ਸਬਰ, ਸਾਂਝੀਵਾਲਤਾ ਪੈਦਾ ਕਰਨਾ । ਉਹ ਵਿਚਾਰਧਾਰਾ ਜੋ ਬ੍ਰਾਹਮਣਵਾਦੀ ਸੁਆਰਥੀ ਵਿਚਾਰਧਾਰਾ ਨੂੰ ਕੱਟਕੇ, ਸਰਬਤ ਦਾ ਭਲਾ ਮੰਗਦੀ ਹੈ, ਨਾਮ ਹੈ । ਨਾਮ ਸਰਬਤ ਮਨੁੱਖਾਂ ਦੇ ਭਲੇ ਲਈ ਦਸੇ ਗਏ ਗਿਆਨ ਮਾਰਗ ਦਾ ਨਾਂ ਹੈ ਤੇ ਇਸ ਮਾਰਗ ਉਪਰ ਚਲਣਾ ਭਗਤੀ ਹੈ, ਬੰਦਨਾਂ ਹੈ, ਅਰਾਧਨਾ ਹੈ।

ਸੁੱਚਾ (ਸੁੱਚਾ ਹੋਣਾ)

ਪਹਿਲਾ ਸੁਚਾ ਆਪ ਹੋਇ ਸੁਚੈ ਬੈਠਾ ਆਇ।
ਸੁਚੇ ਅਗੈ ਰਖੀਓਨ ਕੋਇ ਨਾ ਭਿਟਿਆ ਜਾਇ॥

ਪਹਿਲਾਂ ਬ੍ਰਾਹਮਣ ਆਪ ਹੱਥ ਪੈਰ ਮੂੰਹ ਧੋ ਕੇ ਚੁਲੀ ਕਰਕੇ, ਗੰਗਾ ਜਲੀ ਛਿੜਕ ਕੇ, ਗਾਂ ਦੇ ਗੋਹੇ ਨਾਲ ਚੌਂਕਾ ਸਵਾਰ ਕੇ, ਸੁੱਚਾ ਹੋ ਕੇ ਆਉਂਦਾ ਹੈ । ਇਸੇ ਤਰ੍ਹਾਂ ਸੁੱਚੇ ਹੋ ਕੇ ਬੈਠੇ ਲੋਕਾਂ ਵਿਚ ਬਿਰਾਜਦਾ ਹੈ । ਜੋ ਵੀ ਵਸਤੂ ਖਾਣ ਪੀਣ ਲਈ ਬਣਦੀ ਹੈ, ਉਹ ਸੁੱਚੇ ਲੋਕਾਂ ਅੱਗੇ ਪਰੋਸੀ ਜਾਂਦੀ ਹੈ । ਤੇ ਇੰਝ ਭਿੱਟ ਦੀ ਗੱਲ ਖਤਮ ਹੋ ਜਾਂਦੀ ਹੈ । ਭਾਵ ਜੋ ਵੀ ਵਸਤੂ ਭਿੱਟੀ ਨਹੀਂ ਜਾਂਦੀ ਅਪਵਿੱਤਰ ਨਹੀਂ ਹੁੰਦੀ ।

ਸੁੱਚਾ ਹੋਇਕੇ ਜੇਵਿਆ ਲਗਾ ਪੜ੍ਹਨ ਸਲੋਕ।

ਕੁਹਥੀ ਜਾਈ ਸਦਿਆ ਕਿਸ ਇਹ ਲਗਾ ਦੋਖੁ॥

ਪੰਡਤ ਜੀ ਬਾਹਰੋਂ ਸੁੱਚਾ ਹੋ ਕੇ, ਅੰਨ ਪਾਣੀ ਛੱਕ ਲਿਆ ਤੇ ਫੇਰ ਧਾਰਮਿਕ ਗ੍ਰੰਥਾਂ ਦੇ ਸਲੋਕ ਉਚਾਰਨ ਲੱਗਾ :-

ਅੰਨ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ ਲੂਣ॥

ਪੰਜਵਾ ਪਾਇਆ ਘਿਰਤੁ ਤਾ ਹੋਆ ਪਾਕ ਪਵਿਤੁ॥

(ਉਸਦੇ ਹੁੰਦਿਆਂ ਰਾਮ ਮੰਤਰ ਪੜ੍ਹਨਾ ਮਨ੍ਹਾ ਹੈ)

ਅੰਨ ਨੂੰ ਦੇਵਤਾ ਕਿਹਾ ਗਿਆ। ਪਾਣੀ ਨੂੰ ਦੇਵਤਾ ਕਿਹਾ ਗਿਆ। ਜਿਸ ਅੱਗ ਤੇ ਸਾਰੀ ਵਸਤੂ ਪਕਾਈ, ਉਹ ਵੀ ਦੇਵਤਾ ਕਹੀ ਗਈ ਅਤੇ ਲੂਣ ਨੂੰ ਵੀ ਦੇਵਤੇ ਦਾ ਨਾਉਂ ਦਿੱਤਾ ਗਿਆ। ਪੰਜਵੇਂ ਨੰਬਰ 'ਤੇ ਇਨ੍ਹਾਂ ਦੇਵਤਿਆਂ ਦੀ ਕ੍ਰਿਪਾ ਨਾਲ ਬਣੀ ਵਸਤੂ ਵਿਚ ਘਿਓ ਪਾਇਆ ਗਿਆ। ਇੰਜ ਇਹ ਸਭ ਕੁਝ ਪਾਕ ਹੋ ਗਿਆ, ਪਵਿੱਤਰ ਹੋ ਗਿਆ।

ਇਨ੍ਹਾਂ ਕਰਮਕਾਂਡੀ ਲੋਕਾਂ ਨੇ ਆਪਣਾ ਸਰੀਰ ਪਾਪਾਂ ਵਿਚ ਲਗਾ ਲਿਆ ਹੋਇਆ ਹੈ। ਝੂਠੇ ਤਾਣੇ-ਬਾਣੇ ਵਿਚ ਉਲਝਿਆ ਹੋਇਆ ਹੈ ਤਾਂ ਹੀ ਤਾਂ ਇਨ੍ਹਾਂ ਦੀ ਬੇਇੱਜਤੀ ਹੁੰਦੀ ਹੈ ? ਜੋ ਮੂੰਹੋਂ ਸੱਚਾ ਨਾਮ ਨਹੀਂ ਲੈਂਦਾ, ਜੋ ਮੁਖ ਤੋਂ ਮਨ ਤੋਂ ਸੱਚਾ ਬਚਨ ਨਹੀਂ ਬੋਲਦਾ, ਸੱਚਾ ਕਰਮ ਨਹੀਂ ਕਰ ਤੇ ਇਸ ਸੱਚ ਨੂੰ ਸਮਝੇ ਬਿਨਾਂ, ਰਸ ਪਦਾਰਥ ਖਾਂਦਾ ਹੈ ਪੂਜਾ ਦੇ ਨਾਂ 'ਤੇ ਤਾਂ ਇਹ ਗੱਲ ਜਾਣ ਲਉ ਕਿ ਅਜਿਹੇ ਮੂੰਹਾਂ 'ਤੇ ਥੁੱਕਿਆ ਜਾਵੇਗਾ। ਉਨ੍ਹਾਂ ਨੂੰ ਅੰਤ ਬੇ-ਇੱਜ਼ਤ ਕੀਤਾ ਜਾਵੇਗਾ।

ਜੂਠ

ਬ੍ਰਾਹਮਣੀ ਵਿਚਾਰਧਾਰਾ ਬਹੁਤ ਚੀਜ਼ਾਂ ਨੂੰ ਜੂਠੀਆਂ ਸਮਝਕੇ ਅਪਵਿੱਤਰ ਮੰਨਦੀ ਹੈ ਤੇ ਉਸ ਤੋਂ ਪ੍ਰਹੇਜ਼ ਕਰਦੀ ਹੈ। ਇਸ ਪ੍ਰਹੇਜ਼ ਨੂੰ ਧਰਮ ਦਾ ਅੰਗ ਸਮਝਿਆ ਜਾਂਦਾ ਹੈ। ਜੂਠ ਬਾਰੇ ਗੁਰੂ ਨਾਨਕ ਕਹਿੰਦੇ ਹਨ :-

ਜੂਠ ਨਾ ਰਾਗੀਂ ਜੂਠ ਨਾ ਵੇਦੀਂ। ਜੂਠ ਨਾ ਚੰਦ ਸੂਰਜ ਕੀ ਭੇਦੀਂ॥

ਜੂਠ ਨਾ ਪਉਨੀ ਜੂਠ ਨਾ ਨਾਈ। ਜੂਠ ਨਾ ਮੀਹੁ ਵਰ੍ਹਿਆ ਸਭ ਥਾਈਂ॥

ਜੂਠ ਨਾ ਧਰਤੀ ਜੂਠ ਨਾ ਪਾਣੀ। ਜੂਠ ਨਾ ਪਉਣੈ ਮਾਹਿ ਸਮਾਣੀ॥

ਨਾਨਕ ਨਿਗੁਰਿਆਂ ਗੁਣ ਨਾਹੀ ਕੋਇ। ਮੁਹਿ ਫੇਰਿਐ ਮੁਹੁ ਜੂਠਾ ਹੋਇ॥

ਕਿਸੇ ਵੀ ਕਾਰਨ ਨਾ ਰਾਗ ਜੂਠਾ ਹੁੰਦਾ ਹੈ, ਨਾ ਵੇਦ ਸੱਚਾ ਹੈ। ਜਿਵੇਂ ਬ੍ਰਾਹਮਣੀ ਗ੍ਰੰਥਾਂ ਵਿਚ ਲਿਖਿਆ ਹੈ ਕਿ ਸ਼ੂਦਰ ਦੇ ਆ ਜਾਣ ਨਾਲ ਵੇਦ ਗ੍ਰੰਥ ਵੀ ਭਿਟੇ ਜਾਂਦੇ ਹਨ।

ਗੁਰੂ ਨਾਨਕ ਕਹਿੰਦੇ ਹਨ ਕਿ ਨਾ ਚੰਦ ਕਦੀ ਅਪਵਿੱਤਰ ਹੋ ਸਕਦਾ ਹੈ ਨਾ ਸੂਰਜ (ਜਿਵੇਂ ਬ੍ਰਾਹਮਣ ਚੰਦ ਸੂਰਜ ਨੂੰ ਗ੍ਰਹਿਣ ਕਾਰਨ ਅਪਵਿੱਤਰ ਹੋਣਾ ਮੰਨ ਕੇ ਉਸ ਦੇ ਉਪਾਓ ਲਈ ਪਾਠ ਪੂਜਾ ਕਰਦੇ ਹਨ) ਅੰਨ ਚਾਹੇ ਉਹ ਕਿਸੇ ਵੀ ਹੱਥ ਦਾ ਹੈ, ਉਹ ਅਪਵਿੱਤਰ ਨਹੀਂ ਜੂਠਾ ਨਹੀਂ। ਨਾ ਹੀ ਕਿਸੇ ਵਿਸ਼ੇਸ਼ ਪਾਣੀ 'ਚ ਜੂਠ ਹੈ, ਅਪਵਿੱਤਰਤਾ ਹੈ। (ਜਿਵੇਂ ਬ੍ਰਾਹਮਣ ਗੰਗਾ ਦੇ ਪਾਣੀ ਨੂੰ ਚੰਗਾ ਤੇ ਪਵਿੱਤਰ ਮੰਨਦਾ ਹੈ) ਕਿਉਂਕਿ ਇਹ ਜੂਠ ਤਾਂ ਰਹਿ ਹੀ ਨਹੀਂ ਜਾਂਦੀ ਜਦੋਂ ਕਿ ਮੀਂਹ ਸਭ ਥਾਈਂ ਵਰ੍ਹ ਕੇ ਉਹੀ ਪਾਣੀ ਗੰਗਾ ਵਿਚ ਸੁਟਦਾ ਹੈ, ਵਗਦਾ ਪਾਣੀ ਮੀਂਹ ਦੀ ਕਿਰਿਆ ਹੈ। ਮੀਂਹ ਹਰ ਉੱਚੀ ਨੀਵੀਂ ਥਾਂ 'ਤੇ ਵਰ੍ਹਦਾ ਹੈ ਅਤੇ ਮੀਂਹ ਦਾ ਪਾਣੀ ਹੀ ਹਰ ਜਗ੍ਹਾ ਵਗਦਾ ਹੈ ਤਾਂ ਫਿਰ ਇਹ ਪਾਣੀ ਜੂਠਾ ਜਾਂ ਸੁੱਚਾ ਕਿਵੇਂ ਹੋ ਗਿਆ ਜਦੋਂ ਕਿ ਧਰਤੀ ਵੀ ਇਕ ਹੈ ? ਫਿਰ ਇਕ ਖਾਸ ਥਾਂ ਨੂੰ ਪਵਿੱਤਰ ਕਿਵੇਂ ਮੰਨਿਆ ਜਾ ਸਕਦਾ ਹੈ ਜਾਂ ਇਕ ਖਾਸ ਥਾਂ ਨੂੰ ਅਪਵਿੱਤਰ ਕਿਵੇਂ ਕਿਹਾ ਜਾ ਸਕਦਾ ਹੈ ? ਪਾਣੀ ਵੀ ਇਕ ਹੈ। ਇਸ ਕਿਸਮ ਦੇ ਸੰਯੋਗ ਨਾਲ ਬਣਿਆ ਹੈ ਭਾਵ ਹਾਈਡਰੋਜਨ ਤੇ ਆਕਸੀਜਨ ਦੇ ਸੁਮੇਲ ਨਾਲ ਬਣਿਆ ਹੈ। ਇਹ ਅਪਵਿੱਤਰ ਤੇ ਪਵਿੱਤਰ ਨਹੀਂ ਹੋ ਸਕਦਾ। ਹਵਾ ਵੀ ਜੂਠੀ ਨਹੀਂ, ਅਪਵਿੱਤਰ ਨਹੀਂ ਜਿਸ ਵਿਚ ਸਾਰੇ ਜੀਵ ਸਾਹ ਲੈ ਰਹੇ ਹਨ। ਸ਼ੂਦਰ ਜਾਂ ਅਛੂਤ ਨਾਲੋਂ ਲੰਘ ਕੇ ਆਉਣ ਵਾਲੀ ਹਵਾ ਵੀ ਅਪਵਿੱਤਰ ਨਹੀਂ, ਕਿਉਂਕਿ ਉਹ ਵੀ ਇਸ ਧਰਤੀ 'ਤੇ ਰਹਿਣ ਵਾਲੇ ਮਨੁੱਖ ਹਨ।

ਦਰਅਸਲ ਇਹੋ ਜਿਹੇ ਪਵਿੱਤਰ-ਅਪਵਿੱਤਰ, ਜੂਠ-ਸੁੱਚ ਦਾ ਪਾਠ ਪੜ੍ਹਾਉਣ ਵਾਲੇ ਬੰਦੇ ਨਿਗੁਰੇ ਬੰਦੇ ਹਨ, ਜਿਨ੍ਹਾਂ ਨੂੰ ਨਾ ਕੋਈ ਗਿਆਨ ਹੈ ਤੇ ਨਾ ਹੀ ਉਨ੍ਹਾਂ ਅੰਦਰ ਕੋਈ ਗੁਣ ਹੈ। ਸਹੀ ਤਾਂ ਇਹ ਹੈ ਕਿ ਉਹ ਸਚਾਈ ਤੋਂ ਮੁਖ ਫੇਰ ਕੇ, ਸੱਚ ਤੋਂ ਪਾਸਾ ਵੱਟ ਕੇ, ਤਨੋ-ਮਨੋ ਜੂਠੇ ਤੇ ਅਪਵਿੱਤਰ ਹੋ ਚੁੱਕੇ ਹਨ। ਪਰ ਦੂਜਿਆਂ ਨੂੰ ਪਵਿੱਤਰ

ਅਪਵਿੱਤਰ ਦਾ ਪਾਠ ਪੜ੍ਹਾ ਕੇ ਕੂੜੀ ਰਾਸ ਕੂੜਾ ਵਪਾਰ ਵਾਲਾ ਧੰਦਾ ਚਲਾ ਰਹੇ ਹਨ।

ਵਰਣ ਭੇਦ

ਵਰਣ ਭੇਦ ਨਹੀਂ ਬ੍ਰਾਹਮਣ ਖੱਤਰੀ। ਦੇਉ ਨਾ ਦੇਹੁਰਾ ਗਊ ਗਾਇਤ੍ਰੀ।
ਹੋਮ ਜਗ ਨਹੀਂ ਤੀਰਥ ਨਾਵਣ ਨਾ ਕੋ ਪੂਜਾ ਲਾਇਦਾ।
ਭਾਵ ਸਮਾਜ ਦੀ ਸਚਾਈ ਨਹੀਂ ਜਾਣ ਸਕੇ।

ਗੁਰੂ ਨਾਨਕ ਅਨੁਸਾਰ ਸ੍ਰਿਸ਼ਟੀ ਰਚਨਾ ਜਾਂ ਇੰਜ ਕਹਿ ਲਵੋ ਕਿ ਜਦੋਂ ਅਜੇ ਧਰਤੀ ਹੋਂਦ 'ਚ ਆਈ ਸੀ ਤੇ ਜਦੋਂ ਮਨੁੱਖ ਨੇ ਆਪਣਾ ਵਿਕਾਸ ਆਰੰਭਿਆ ਸੀ, ਉਸ ਵਕਤ ਇਹ ਵਰਣ ਵੰਡ ਨਹੀਂ ਸੀ ਭਾਵ ਨਾ ਕੋਈ ਬ੍ਰਾਹਮਣ ਸੀ ਅਤੇ ਨਾ ਕੋਈ ਖੱਤਰੀ (ਨਾ ਵੈਸ਼ ਨਾ ਸ਼ੂਦਰ) । ਮਨੁੱਖਤਾ ਅੰਦਰ ਵੰਡੀਆਂ ਦੀ ਇਹ ਜ਼ਹਿਰ, ਉਚ ਨੀਚ ਦੀ ਇਹ ਘਿਰਣਾ ਨਹੀਂ ਸੀ । ਨਾ ਕੋਈ ਦੇਵਤਾ ਸੀ ਅਤੇ ਨਾ ਦੇਵਤਿਆਂ ਲਈ ਕੋਈ ਮੰਦਰ ਸੀ । ਨਾ ਗਊ ਨਾਲ ਜੋੜੇ ਗਏ ਮਸਲੇ ਸਨ । (ਜਿਵੇਂ ਕਿ ਗਾਂ ਨੂੰ ਕਰਮ ਕਾਂਡ ਵਿਚ ਵਿਸ਼ੇਸ਼ ਥਾਂ ਪ੍ਰਾਪਤ ਹੈ) ਨਾ ਉਸ ਵਕਤ ਗਾਇਤ੍ਰੀ ਵਰਗੇ ਪਾਠ ਸਨ । ਨਾ ਕੋਈ ਹੋਮ ਜੱਗ, ਨਾ ਕੋਈ ਹੋਮ ਜੱਗ ਜਾਣਦਾ ਸੀ ਨਾ ਕਰਦਾ ਸੀ । ਨਾ ਕੋਈ ਤੀਰਥ ਸਨ ਅਤੇ ਨਾ ਕੋਈ ਤੀਰਥ ਨਹਾਉਣ ਦੀ ਕੋਈ ਧਾਰਮਿਕ ਰੀਤ ਸੀ। ਨਾ ਹੀ ਕੋਈ ਪੂਜਾ ਸੀ ਤੇ ਨਾ ਹੀ ਪੂਜਾ ਕਰਵਾਉਂਦਾ ਸੀ । ਨਾ ਕੋਈ ਅਜਿਹੀ ਪੂਜਾ ਮੌਜੂਦ ਸੀ। ਤਾਂ ਇਸ ਦਾ ਸਮੁੱਚਾ ਅਰਥ ਇਹ ਹੈ ਕਿ ਇਹ ਸਾਰਾ ਬ੍ਰਾਹਮਣੀ ਕਰਮ-ਕਾਂਡ ਹੈ ਜੋ ਅਸੀਂ ਅੱਜ ਵੇਖ ਰਹੇ ਹਾਂ। ਇਹ ਕੁਝ ਬੰਦਿਆਂ ਦੇ ਸੌੜੇ ਨਿੱਜੀ ਹਿੱਤਾਂ ਲਈ ਹੋਂਦ ਵਿਚ ਲਿਆਂਦਾ ਗਿਆ ਅਤੇ ਇਸ ਦਾ ਫੈਲਾਉ ਧਰਮ ਦੇ ਨਾਂ 'ਤੇ ਕੀਤਾ ਗਿਆ। ਇਹ ਆਡੰਬਰ ਰੱਬੀ ਨਹੀਂ (ਜਿਵੇਂ ਕਿ ਹਿੰਦੂ ਧਾਰਮਿਕ ਗ੍ਰੰਥ ਕਹਿੰਦੇ ਹਨ) ਇਹ ਤਾਂ ਕੁਝ ਲਾਲਚੀ, ਪਾਖੰਡੀ ਹਿਰਸੀ ਕਿਸਮ ਦੇ ਬੰਦਿਆਂ ਨੇ ਘੜਿਆ ਹੈ ਤਾਂ ਜੋ ਧਰਮ ਤੇ ਪੂਜਾ ਦੇ ਨਾਂ 'ਤੇ ਲੋਕਾਂ ਨੂੰ ਗੁਮਰਾਹ ਕਰਕੇ ਲੁੱਟਿਆ ਜਾ ਸਕੇ।

ਜੇ ਇਤਿਹਾਸ ਵਾਚੀਏ ਤਾਂ ਆਰੀਆ ਨੇ ਭਾਰਤੀ ਆਦਿਵਾਸੀ ਲੋਕਾਂ, ਜਿਨ੍ਹਾਂ ਨੂੰ ਅੱਜ ਸ਼ੂਦਰ ਕਿਹਾ ਜਾਂਦਾ ਹੈ, ਅਛੂਤ, ਸਛੂਤ, ਧਾਰਮਿਕ ਘੱਟ ਗਿਣਤੀਆਂ ਜਿਵੇਂ (ਸਿੱਖ ਜੱਟ), ਮੁਸਲਮਾਨ ਈਸਾਈ, ਬੋਧੀ ਆਦਿ ਕਿਹਾ ਜਾਂਦਾ ਹੈ ਜੋ ਬ੍ਰਾਹਮਣੀ ਧਰਮ, ਕਰਮ ਕਾਂਡਾਂ ਤੋਂ ਤੰਗ ਆ ਕੇ ਦੂਜੇ ਧਰਮਾਂ ਵਿਚ ਚਲੇ ਗਏ ਹਨ ਜਾਂ ਜਿਨ੍ਹਾਂ ਨਵੇਂ ਧਰਮ ਬਣਾ ਲਏ, ਨੂੰ ਦਬਾਉਣ ਵਾਸਤੇ ਲਤਾੜਣ ਤੇ ਲੁੱਟਣ ਵਾਸਤੇ ਹੈ ਤੇ ਧਾਰਮਿਕ ਗ੍ਰੰਥਾਂ ਰਾਹੀਂ ਲਾਗੂ ਕੀਤਾ ਹੈ । ਸਦੀਆਂ 'ਚ ਇਹ ਭਾਰਤੀ ਲੋਕਾਂ ਦਾ ਸੱਭਿਆਚਾਰ ਬਣ ਗਿਆ ਹੈ ।

ਖੱਤਰੀ ਬ੍ਰਾਹਮਣ ਸੂਦ ਕਿ ਵੈਸ। ਨਿਰਤੁ ਨਾ ਪਈਆ ਗਣੀ ਸਹੰਸ।

ਗੁਰੂ ਨਾਨਕ ਨੇ ਕਿਹਾ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਸਹੀ ਨਿਰਣਾ ਤਾਂ ਪਾ ਨਹੀਂ ਸਕਣ । ਹਾਂ, ਹਜ਼ਾਰਾਂ ਜਾਤਾਂ ਜ਼ਰੂਰ ਬਣਾ ਲਈਆਂ ਹਨ।

ਮਾਸ

ਹਿੰਦੂ ਧਾਰਮਿਕ ਗ੍ਰੰਥ ਵਿਚ ਗੱਲ ਦੀ ਸਪੱਸ਼ਟ ਗਵਾਹੀ ਭਰਦੇ ਹਨ ਕਿ ਹਿੰਦੂ ਲੋਕਾਂ ਦੇ ਪੂਰਵਜ ਬ੍ਰਾਹਮਣ, ਖੱਤਰੀ ਤੇ ਵੈਸ਼ ਅਤੇ ਉਨ੍ਹਾਂ ਦੇ ਸਾਰੇ ਦੇਵੀ-ਦੇਵਤੇ, ਰਿਸ਼ੀ-ਮੁਨੀ ਮਾਸ ਖਾਂਦੇ ਸਨ। ਪਸ਼ੂ ਬਲੀਆਂ ਅਧੀਨ ਜੋ ਮਾਸ ਦੇਵੀ-ਦੇਵਤਿਆਂ ਦੀ ਭੇਟ ਚੜ੍ਹਦਾ ਸੀ, ਉਸ ਨੂੰ ਮੰਤਰ ਪੜ੍ਹਕੇ ਖਾਧਾ ਜਾਂਦਾ ਸੀ। ਵਾਲਮੀਕ ਰਮਾਇਣ ਵਿਚ ਭਗਵਾਨ ਰਾਮ ਤੇ ਸੀਤਾ ਵਲੋਂ ਮਾਸ ਅਤੇ ਸ਼ਰਾਬ ਦੀ ਵਰਤੋਂ ਬਾਰੇ ਪੂਰਾ ਜ਼ਿਕਰ ਹੈ।

ਗਊ ਦਾ ਮਾਸ ਵਿਸ਼ੇਸ਼ ਤੌਰ 'ਤੇ ਖਾਧਾ ਜਾਂਦਾ ਸੀ। ਜਦੋਂ ਮਹਾਤਮਾ ਬੁੱਧ ਵੱਲੋਂ ਤਰਕਵਾਦੀ ਪ੍ਰਚਾਰ ਰਾਹੀਂ ਲੋਕਾਂ ਨੂੰ ਬ੍ਰਾਹਮਣਵਾਦ ਵੱਲੋਂ ਮੁਕਤ ਕੀਤਾ ਤੇ ਸਿੱਟੇ ਵਜੋਂ ਮੌਰੀਆ ਵੰਸ਼ ਦਾ ਰਾਜ ਸਥਾਪਤ ਹੋਇਆ । ਫਿਰ ਇਸ ਰਾਜ ਨੂੰ ਬ੍ਰਾਹਮਣ ਸੈਨਾਪਤੀ ਪੁਸ਼ਯ ਮਿੱਤਰ ਰਾਹੀਂ ਖਤਮ ਕੀਤਾ ਗਿਆ। ਬ੍ਰਾਹਮਣ ਸ਼ਾਹੀ ਨੇ ਨਵਾਂ ਪੈਂਤੜਾ ਲਿਆ । ਉਨ੍ਹਾਂ ਆਪਣੇ ਆਪ ਨੂੰ ਸ਼ੂਦਰਾਂ ਤੋਂ ਨਿਖੇੜਨ ਲਈ ਗਾਂ ਦੇ ਮਾਸ ਨੂੰ ਅਧਾਰ ਬਣਾਇਆ। ਗਾਂ ਦੇ ਮਾਸ ਤੋਂ ਮਨਾਹੀ ਕਰਕੇ ਉਨ੍ਹਾਂ ਹਿੰਦੂ ਧਰਮਾਂ ਦਾ ਨਵਾਂ ਨਿਯਮ ਤਿਆਰ ਕੀਤਾ ਕਿ ਜੋ ਗਾਂ ਮਾਸ ਖਾਏਗਾ, ਉਹ ਨਰਕਾਂ ਨੂੰ ਜਾਏਗਾ। ਇੰਜ ਸਾਰੇ ਹਿੰਦੂਆਂ ਨੇ ਗਾਂ ਦਾ ਮਾਸ ਖਾਣਾ ਬੰਦ ਕੀਤਾ ਤੇ ਗਊ ਨੂੰ ਪਵਿੱਤਰ, ਖਾਣ ਵਾਲੇ ਨੂੰ ਅਪਵਿੱਤਰ ਆਖਿਆ। ਗਾਂ ਦਾ ਮਾਸ ਖਾਣ ਵਾਲਿਆਂ ਨਾਲ ਨਫਰਤ ਕਰਨੀ ਸ਼ੁਰੂ ਕਰ ਦਿੱਤੀ । ਇਸ ਨਫਰਤ ਨੇ ਅਛੂਤਪਣ ਨੂੰ ਜਨਮ ਦਿੱਤਾ। ਭਾਵ ਜੋ ਮਾਸ ਖਾਂਦੇ ਸਨ, ਉਹ ਅਪਵਿੱਤਰ ਮੰਨੇ ਗਏ, ਅਛੂਤ ਹੋ ਗਏ ਤੇ ਨਾ ਖਾਣ ਵਾਲੇ ਪਵਿੱਤਰ ਮੰਨੇ ਜਾਣ ਲੱਗੇ।

ਅੱਜ ਦੇਸ਼ ਅੰਦਰ ਗਾਂ ਦਾ ਮਾਸ ਖਾਣਾ ਸਿਰਫ ਸਮਾਜਿਕ ਮਸਲਾ ਹੀ ਨਹੀਂ ਤੇ ਨਾ ਹੀ ਧਾਰਮਿਕ ਮਸਲੇ ਤੱਕ ਹੀ ਸੀਮਤ ਹੈ, ਸਗੋਂ ਸੰਵਿਧਾਨਕ ਮਸਲਾ ਵੀ ਬਣਾ ਦਿੱਤਾ ਗਿਆ ਹੈ । ਕਾਰਨ ਹੈ ਕਿ ਜੋ ਬਹੁਗਿਣਤੀ ਅਛੂਤ ਧਰਮ ਬਦਲੀ ਕਰਕੇ, ਹਿੰਦੂ ਧਰਮ ਛੱਡ ਕੇ, ਇਸਾਈ ਤੇ ਮੁਸਲਮਾਨ ਧਰਮ ਵਿਚ ਚਲੇ ਗਏ ਸਨ, ਉਨ੍ਹਾਂ ਉਪਰ ਜ਼ੁਲਮ ਕਰਨ ਦਾ ਇਕੋ ਇਕ ਅਧਾਰ ਹੈ.। ਇਨ੍ਹਾਂ ਦੋਹਾਂ ਧਰਮਾਂ ਵਿਚ ਗਾਂ ਦੇ ਮਾਸ ਖਾਣ ਦੀ ਮਨਾਹੀ ਨਹੀਂ । ਇਸ ਦੇਸ਼ ਵਿਚ ਅੱਜ ਦੇ ਪ੍ਰਸੰਗ ਵਿਚ ਸਾਬਤੇ ਬੰਦੇ ਨਿਗਲ ਜਾਣ ਵਾਲਾ ਜਾਂ ਵੱਡੀ ਪੱਧਰ 'ਤੇ ਬੰਦਿਆਂ ਨੂੰ ਕਤਲ ਕਰਨ ਵਾਲਾ ਪਾਪੀ ਨਹੀਂ । ਹਾਂ, ਗਾਂ ਖਾਣ ਵਾਲਾ, ਗਾਂ ਬਨਾਉਣ ਵਾਲਾ, ਗਾਈਆਂ ਲੈ ਕੇ ਜਾਣ ਵਾਲਾ ਬੁੱਚੜ ਹੈ, ਪਾਪੀ ਹੈ, ਦੁਸ਼ਟ ਹੈ । ਹਜ਼ਾਰਾਂ ਬੰਦੇ ਕਤਲ ਕਰਨਾ, ਔਰਤਾਂ ਦੀ ਪਤ ਲੁੱਟਣੀ, ਕਰੋੜਾਂ ਬੰਦਿਆਂ ਦੀ ਕਮਾਈ ਲੁੱਟਣਾ, ਕੋਈ ਪਾਪ ਨਹੀਂ ।

ਜਿਵੇਂ ਯੂ.ਪੀ. ਵਿਚ ਕਈ ਜ਼ਿਲ੍ਹਿਆਂ 'ਚੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਕ ਮੁਸਲਮਾਨ ਜ਼ਿੰਦਗੀ ਭਰ ਵਿਚ 20 ਗਊਆਂ ਖਾਂਦਾ ਹੈ ਤਾਂ ਕੁਝ ਮਨੁੱਖ ਦੋਖੀ ਲੋਕਾਂ ਨੇ ਪ੍ਰਚਾਰ ਕੀਤਾ ਹੈ ਕਿ 20 ਗਊਆਂ ਨੂੰ ਬਚਾਉਣ ਲਈ ਇਸ ਮੁਸਲਮਾਨ ਨੂੰ ਮਾਰਨਾ ਧਰਮ ਹੈ, ਪੁੰਨ ਹੈ, ਅਜਿਹੀ ਗੱਲ ਆਮ ਲੋਕ ਦੱਸਦੇ ਹਨ । ਪੰਜਾਬ ਦਾ ਜੱਟ ਵੀ ਸ਼ੂਦਰ ਹੈ । ਕਿਸੇ ਸਮੇਂ ਇਹ ਵੀ ਅਛੂਤ ਸੀ ਤੇ ਫਿਰ ਸਛੂਤ । ਪਰ ਉਸ ਦੇ ਕਬੀਲੇ ਦੇ ਦੂਜੇ ਲੋਕ ਜਿਵੇਂ ਚਮਾਰ, ਮਜ਼ਬੀ, ਬੌਰੀਏ, ਸਾਂਸੀ ਆਦਿ ਅੱਜ ਵੀ ਅਛੂਤ ਹਨ । ਸਾਰੇ ਗੋਤਾਂ ਦਾ ਸਾਂਝੇ ਹੋਣਾ, ਉਨ੍ਹਾਂ ਦੇ ਸਾਂਝੇ ਕਬੀਲਿਆਂ ਦੀ ਗਵਾਹੀ ਹੈ, ਪ੍ਰੰਤੂ ਸਿੱਖ ਧਰਮ ਨੂੰ, ਜੋ ਅਸਲ ਵਿਚ ਅਤੇ ਮੂਲ ਰੂਪ ਵਿਚ ਅਛੂਤਾਂ, ਸ਼ੂਦਰਾਂ ਤੇ ਸਛੂਤਾਂ ਦਾ ਧਰਮ ਹੈ, ਹਿੰਦੂ ਸਮਾਜ ਦਾ ਕੇਸਧਾਰੀ ਧਰਮ ਵਾਂਗ, ਅੱਜ ਸਿੱਖ ਧਰਮ ਵਿਚ ਵੀ ਗਾਂ ਦਾ ਮਾਰਨਾ, ਮਹਾਂ ਪਾਪ ਸਮਝਿਆ ਜਾਂਦਾ ਹੈ । ਇਸੇ ਕਰਕੇ ਸਿੱਖ ਸਮੂਹ ਮੁਸਲਮਾਨਾਂ ਨੂੰ ਬੁੱਚੜ ਜਾਂ ਮੁਸਲੇ ਕਹਿ ਕੇ ਦੁਰਕਾਰਦੇ ਹਨ ਤੇ ਗਊ ਮਾਸ ਦੀ ਗੱਲ ਸੁਣਦਿਆਂ ਹੀ ਲੋਹੇ ਲਾਖੇ ਹੋ ਜਾਂਦੇ ਹਨ । ਕੂਕਾ ਲਹਿਰ ਵਿਚ ਗਾਂ ਨੂੰ ਬਚਾਉਣ ਲਈ ਕਈ ਘਟਨਾਵਾਂ ਮਿਲਦੀਆਂ ਹਨ। 1857 ਦੇ ਗਦਰ ਸਮੇਂ ਹੋਰ ਕਾਰਨਾਂ ਦੇ ਨਾਲ-ਨਾਲ ਕਾਰਤੂਸਾਂ ਨੂੰ ਗਾਂ ਦੀ ਚਰਬੀ ਲਾਉਣਾ ਵੀ ਸੀ। ਕਾਰਤੂਸ ਮੂੰਹ ਨਾਲ ਖੋਲ੍ਹਣੇ ਪੈਂਦੇ ਹਨ, ਹਾਲਾਂਕਿ ਇਸ ਚਰਬੀ ਨੂੰ ਸਪਲਾਈ ਕਰਨ ਵਾਲਾ ਠੇਕੇਦਾਰ ਇਕ ਉੱਚ ਜਾਤੀ ਦਾ ਦੱਸਿਆ ਗਿਆ ਹੈ।

ਅੱਜ ਤੀਕ, ਆਮ ਅਛੂਤ, ਜਿਨ੍ਹਾਂ ਨੂੰ ਹਰੀਜਨ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ, ਜਿਨ੍ਹਾਂ ਦੀਆਂ ਲਗਪਗ 2500 ਜਾਤਾਂ ਹਨ ਤੇ ਅਬਾਦੀ 18 ਕਰੋੜ ਤੋਂ ਉਪਰ ਹੈ, ਗਾਂ ਦਾ ਮਾਸ ਖਾਣਾ ਛੱਡ ਗਏ ਹਨ ਤੇ ਉਨ੍ਹਾਂ ਆਪਣੇ ਆਪ ਨੂੰ ਹਿੰਦੂ ਧਰਮ ਦਾ ਹੀ ਅੰਗ ਮੰਨਣਾ ਸ਼ੁਰੂ ਕਰ ਦਿੱਤਾ ਹੈ । ਜਿਵੇਂ ਕਿ ਪੰਜਾਬ ਦੇ ਕਿਸੇ ਵੀ ਪੜ੍ਹੇ-ਲਿਖੇ ਜੱਟ ਨਾਲ ਗੱਲ ਕਰੋ । ਉਹ ਆਪਣੇ ਆਪ ਨੂੰ ਆਰੀਅਨ ਜਾਂ ਦੂਜੇ ਲਫਜ਼ਾਂ ਵਿਚ ਪ੍ਰਾਚੀਨ ਹਿੰਦੂ ਮੂਲ ਦਾ ਸਮਝਦਾ ਹੈ । ਆਮ ਜੱਟ ਤਾਂ ਆਪਣੇ ਆਪ ਨੂੰ ਆਰੀਆ ਹੀ ਮੰਨਦੇ ਹਨ । ਇਸ ਤਰ੍ਹਾਂ ਹਿੰਦੂ ਧਰਮ ਨਾਲ ਜੁੜਨ ਦਾ ਮੂਲ ਅਧਾਰ ਗਾਂ ਦਾ ਮਾਸ ਨਾ ਖਾਣ ਅਤੇ ਉਸ ਨਾਲ ਜੁੜੀ ਭਾਵਨਾ ਹੈ । ਏਸੇ ਲਈ ਸਿੱਖ ਜਿਥੇ 12% ਮੁਸਲਮਾਨਾਂ ਨੂੰ ਨਫਰਤ ਕਰਦੇ ਹਨ, ਜਿਨ੍ਹਾਂ ਵਿਚ 85% ਸ਼ੂਦਰ ਹਨ, ਉਥੇ 2% ਇਸਾਈਆਂ ਨੂੰ ਵੀ ਨਫਰਤ ਕਰਦੇ ਹਨ, ਜਿਨ੍ਹਾਂ ਵਿਚੋਂ ਬਹੁਤੇ ਅਛੂਤ ਲੋਕ ਹੀ ਹਨ ਤੇ ਜਿਨ੍ਹਾਂ ਨੇ ਧਰਮ ਤਬਦੀਲ ਕਰ ਲਿਆ ਹੈ, ਹਿੰਦੂਆਂ ਤੋਂ ਤੰਗ ਆ ਕੇ । ਇਹ ਲੋਕ ਨਫਰਤ ਦੇ ਪਾਤਰ ਬਣ ਗਏ ਹਨ।

ਆਮ ਇਹ ਵੀ ਸਮਝਿਆ ਜਾਂਦਾ ਹੈ ਕਿ ਹਿੰਦੂ ਲੋਕ ਮਾਸ ਨਹੀਂ ਖਾਂਦੇ । ਖਾਸ ਕਰਕੇ ਉੱਤਮ ਵਰਗ ਬ੍ਰਾਹਮਣ ਲੋਕ । ਹਿੰਦੂ ਧਰਮ ਨੇ ਮਾਸ ਤੇ ਖਾਸ ਕਰਕੇ ਗਾਂ ਦੇ ਮਾਸ ਦਾ ਅਧਾਰ ਬਣਾ ਕੇ ਨਰਕ ਅਤੇ ਸੁਰਗ ਦਾ ਪਾੜ੍ਹਾ ਵੀ ਖਿੱਚਿਆ ਹੈ । ਹਿੰਦੂਆਂ ਵੱਲੋਂ ਚਲਾਏ ਬਹੁਤ ਧਰਮ ਜਿਵੇਂ ਰਾਧਾ ਸੁਆਮੀ, ਸੱਚਾ ਸੌਦਾ ਤੇ ਹੋਰ ਹਿੰਦੂ ਬਾਬਿਆਂ ਦੇ ਧਰਮ ਆਦਿ ਮਾਸ ਨਾ ਖਾਣ 'ਤੇ ਟਿਕੇ ਹੋਏ ਹਨ । ਇਸ ਦੇ ਨਾਲ ਹੀ ਸ਼ਰਾਬ ਨੂੰ ਵੀ ਜੋੜ ਲਿਆ ਗਿਆ ਹੈ। ਇੰਜ ਮਾਸ ਹਿੰਦੂ ਧਰਮ ਨੂੰ ਲਗਾਤਾਰ ਪੈਰਾਂ ਸਿਰ ਰੱਖਣ ਦੀ ਬੁਨਿਆਦ ਰਿਹਾ ਹੈ ਅਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਵਿਵਸਥਾ ਰਹੇ। ਵਰਤਮਾਨ ਸਮੇਂ ਬੇਸ਼ੱਕ ਬਹੁਤੇ ਹਿੰਦੂ ਮਾਸ ਦੀ ਵਰਤੋਂ ਕਰ ਰਹੇ ਹਨ, ਪ੍ਰੰਤੂ ਦੂਜਿਆਂ ਲਈ ਇਸ ਤਰ੍ਹਾਂ ਦਾ ਜਾਲ ਵਿਛਾ ਕੇ ਹਿੰਦੂ ਧਰਮ ਨੂੰ ਬਚਾਉਣ ਦਾ ਸਿਲਸਲਾ ਜਾਰੀ ਰੱਖਦੇ ਹਨ।

ਗੁਰੂ ਨਾਨਕ ਦੇ ਸਮੇਂ ਵਿਚ ਵੀ ਇਸੇ ਤਰ੍ਹਾਂ ਦੇ ਢੰਗ ਤਰੀਕੇ (ਹਿੰਦੂਆਂ ਵੱਲੋਂ) ਚਲਾਏ ਗਏ ਸਨ । ਅਨਪੜ੍ਹ, ਅਨਜਾਣ, ਮੂੜ ਜਨਤਾ ਇਸ ਗੱਲ ਨੂੰ ਸਮਝ ਨਹੀਂ ਸੀ ਸਕਦੀ ਇਸ ਲਈ ਉਹ ਹਿੰਦੂ ਪੰਡਤਾਂ, ਪਰੋਹਤਾਂ, ਸਾਧੂਆਂ, ਰਿਸ਼ੀਆਂ, ਮੁਨੀਆਂ ਦੇ ਜਾਲ ਵਿਚ ਫਸੇ ਰਹਿੰਦੇ ਸਨ ਤੇ ਜ਼ਿੰਦਗੀ ਦਾ ਸਾਰਾ ਤੱਤ ਗੁਆ ਬੈਠਦੇ

ਹਨ। ਕਿਉਂਕਿ ਇਹ ਸਿਲਸਲਾ ਅੱਜ ਵੀ ਜਾਰੀ ਹੈ, ਇਸ ਲਈ ਗੁਰੂ ਨਾਨਕ ਦਾ ਮਾਸ ਵਿਗਿਆਨ ਲੋਕਾਂ ਦੇ ਸਾਹਮਣੇ ਲਿਆਉਣਾ ਅਤਿ ਜ਼ਰੂਰੀ ਹੈ। ਗੁਰੂ ਨਾਨਕ ਨੇ ਮਾਸ ਨੂੰ ਵਿਗਿਆਨ ਤੌਰ 'ਤੇ ਕਿਵੇਂ ਸਿੱਧ ਕੀਤਾ ਹੈ, ਉਨ੍ਹਾਂ ਦੀ ਬਾਣੀ ਵਿਚ ਦਰਜ ਹੈ :-

ਪਹਿਲਾ ਮਾਸਹੁ ਨਿੰਮਿਆ ਮਾਸੈ ਅੰਦਰ ਵਾਸੁ।
ਜੀਉ ਪਾਇ ਮਾਸ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰ ਕਢਿਆ ਮੰਮਾ ਮਾਸ ਗਰਾਸੁ।
ਮੁਹ ਮਾਸੈ ਕਾ ਜੀਭ ਮਾਸੈ ਕੀ, ਮਾਸੈ ਅੰਦਰ ਸਾਸੁ।
ਵਡਾ ਹੋਇਆ ਵੀਆਹਿਆ ਘਰ ਲੈ ਆਇਆ ਮਾਸੁ।
ਮਾਸਹੁ ਹੀ ਮਾਸ ਊਪਜੈ, ਮਾਸਹੁ ਸਭੋ ਸਾਕੁ।

ਗੁਰੂ ਨਾਨਕ ਨੇ ਕਿਹਾ ਕਿ ਪਹਿਲਾ 'ਸਪਰਮ' ਦੇ ਰੂਪ ਵਿਚ ਜੀਵ ਮਾਸ ਵਿਚੋਂ ਹੀ ਉਤਪੰਨ ਹੋ ਕੇ ਬਾਹਰ ਆਇਆ ਤੇ ਉਸ ਨੇ ਦੂਜੇ ਮਾਸ ਅੰਦਰ ਭਾਵ ਬੱਚੇਦਾਨੀ ਅੰਦਰ ਵਾਸਾ ਕਰ ਲਿਆ। ਹੌਲੀ-ਹੌਲੀ ਮਾਸ ਦੇ ਲੋਥੜੇ ਵਿਚ ਜਾਨ ਪੈਣੀ ਸ਼ੁਰੂ ਹੋਈ ਤੇ ਮੂੰਹ ਲਗ ਗਿਆ। ਫਿਰ ਹੱਡ ਬਣੇ। ਚੰਮ ਬਣਿਆ। ਸਰੀਰ ਦਾ ਢਾਂਚਾ ਬਣਿਆ। ਇਹ ਸਭ ਕੁਝ ਮਾਸ ਤੋਂ ਹੀ ਤਿਆਰ ਹੋਇਆ। ਨਿਸ਼ਚਿਤ ਸਮੇਂ ਤੋਂ ਬਾਅਦ ਮਾਸ ਜੀਵਤ ਰੂਪ ਵਿਚ ਮਾਂ ਦੇ ਪੇਟ ਵਿਚੋਂ ਬਾਹਰ ਆ ਗਿਆ ਤੇ ਉਸ ਦੇ ਮੂੰਹ ਵਿਚ ਮਾਸ ਦਾ ਮੰਮਾ ਦਿੱਤਾ ਗਿਆ ਖੁਰਾਕ ਦੇਣ ਲਈ। ਮੰਮੇ ਵਿਚੋਂ ਖੁਰਾਕ ਲੈਣ ਵਾਲਾ ਮੂੰਹ ਮਾਸ ਦਾ ਹੈ, ਜੀਭ ਮਾਸ ਦੀ ਹੈ ਤੇ ਮਾਸ ਦੇ ਅੰਦਰ ਹੀ ਸਾਹ ਚਲ ਰਿਹਾ ਹੈ। ਮਾਸ ਵੱਡਾ ਹੋ ਗਿਆ। ਜੁਆਨ ਹੋ ਗਿਆ ਤੇ ਫਿਰ ਵਿਆਹ ਹੋ ਗਿਆ। ਵਿਆਹ ਕੇ ਵੀ ਮਾਸ ਨੂੰ ਹੀ ਘਰ ਲੈ ਆਂਦਾ ਗਿਆ। ਇਉਂ ਮਾਸ ਤੋਂ ਹੀ ਮਾਸ ਉਪਜ ਰਿਹਾ ਹੈ। ਮਨੁੱਖ ਦੇ ਸਾਰੇ ਰਿਸ਼ਤੇ ਹੀ ਮਾਸ ਕਿਰਿਆ ਪ੍ਰਕਿਰਿਆ ਹਨ। ਮਾਸ ਦੀ ਹੀ ਪੈਦਾਵਾਰ ਹਨ।

ਮਾਸ ਮਾਸ ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ॥
ਕਉਣ ਮਾਸੁ ਕਉਣ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥

ਮੂਰਖ ਬ੍ਰਾਹਮਣ, ਪਰੋਹਤਾਂ ਤੇ ਪੁਜਾਰੀਆਂ ਨੇ ਮਾਸ ਦੇ ਸੰਬੰਧ ਵਿਚ ਹੀ ਅਨੇਕ ਝਗੜੇ ਖੜ੍ਹੇ ਕਰ ਰੱਖੇ ਹਨ। ਪਰ ਉਨ੍ਹਾਂ ਨੂੰ ਅਸਲ ਗਿਆਨ ਨਹੀਂ ਹੈ। ਉਹ ਨਹੀਂ ਜਾਣਦੇ ਕਿ ਮਾਸ ਕੀ ਹੈ ? ਸਾਗ ਕੀ ਹੈ ? ਉਹ ਇਹ ਵੀ ਨਹੀਂ ਜਾਣਦੇ ਕਿ ਅਸਲ ਵਿਚ ਪਾਪ ਕਿਸ ਚੀਜ਼ ਵਿਚ ਛੁਪਿਆ ਹੈ।

ਗੈਂਡਾ ਮਾਰ ਹੋਮ ਜਗ ਕੀਏ ਦੇਵਤਿਆਂ ਕੀ ਬਾਣੈ।
ਮਾਸ ਛੋਡ ਬੈਸ ਨਕ ਪਕੜਹਿ ਰਾਤੀ ਮਾਨਸ ਖਾਣੈ।

ਬ੍ਰਾਹਮਣ ਰਿਸ਼ੀ ਮੁਨੀ ਲੋਕ ਗੈਂਡਾ ਮਾਰਦੇ ਸਨ ਤੇ ਇਸ ਕਿਰਿਆ ਨੂੰ ਹੋਮ ਜਗ ਦਾ ਨਾਂ ਦਿੰਦੇ ਸਨ। ਇਹ ਦੇਵਤਿਆਂ ਦੀ ਚਲਾਈ ਰੀਤ ਹੈ ਜਾਂ ਇਹ ਦੇਵਤਿਆਂ ਦੇ ਨਾਂ 'ਤੇ ਕੀਤਾ ਜਾਂਦਾ ਹੈ। ਦੂਜੇ ਪਾਸੇ ਮਾਸ ਛੱਡ ਕੇ ਲੋਕ ਵੈਸ਼ਨੋ ਬਣ ਜਾਂਦੇ ਹਨ ਤੇ ਮਾਸ ਤੋਂ ਉਨ੍ਹਾਂ ਨੂੰ ਬੋ ਆਉਂਦੀ ਹੈ। ਪ੍ਰੰਤੂ ਇਹੀ ਵੈਸ਼ਨੂੰ ਲੋਕ ਰਾਤੀਂ ਮਾਸ ਢੂੰਡਦੇ ਹਨ ਭਾਵ ਮਾਸ ਤੋਂ ਬਣੀ ਔਰਤ ਨੂੰ ਢੂੰਡਦੇ ਹਨ।

ਫੜ ਕਰ ਲੋਕਾਂ ਨੂੰ ਦਿਖਲਾਵਹਿ ਗਿਆਨ ਧਿਆਨ ਨਹੀਂ ਸੂਝੈ।
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨਾ ਕਹਿਆ ਬੂਝੈ।

ਮਾਸ ਤੋਂ ਨਫਰਤ ਕਰਨ ਦਾ ਫੱਕੜ ਕਰਕੇ, ਲੋਕਾਂ ਨੂੰ ਵੈਸ਼ਨੂੰ ਬਣ-ਬਣ ਦਿਖਾਉਂਦੇ ਹਨ। ਨਾ ਉਨ੍ਹਾਂ ਨੂੰ ਗਿਆਨ ਹੈ ਅਤੇ ਨਾ ਹੀ ਗਿਆਨ ਵੱਲ ਉਨ੍ਹਾਂ ਦਾ ਕੋਈ ਧਿਆਨ ਹੈ। ਗੁਰੂ ਨਾਨਕ ਕਹਿੰਦੇ ਹਨ, ਹੁਣ ਅਕਲ ਦੇ ਅੰਨ੍ਹਿਆਂ ਨੂੰ ਕੀ ਕਹੀਏ। ਉਹ ਨਾ ਤਾਂ ਆਪ ਹੀ ਕੋਈ ਸਮਝ ਦੀ ਗੱਲ ਕਰਦੇ ਹਨ ਅਤੇ ਨਾ ਹੀ ਸਮਝਾਈ ਗੱਲ ਨੂੰ ਸਮਝਦੇ ਹਨ।

ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ।
ਮਾਤ ਪਿਤਾ ਕਿਰਕਤ ਨਿਪੰਨੇ ਮੱਛੀ ਮਾਸ ਨਾ ਖਾਹੀ।

ਅਸਲ ਵਿਚ ਅੰਨ੍ਹਾ, ਉਸ ਨੂੰ ਕਿਹਾ ਜਾਂਦਾ ਹੈ ਜੋ ਅਕਲ ਤੋਂ ਕੰਮ ਨਾ ਲੈ ਕੇ ਫੱਕੜ ਤੋਲਦਾ ਹੈ। ਉਸ ਦੇ ਅੱਖਾਂ ਤਾਂ ਹਨ, ਪਰ ਹਿਰਦੇ ਅੰਦਰ ਗਿਆਨ ਦੀਆਂ ਸੋਝੀ ਅੱਖਾਂ ਨਹੀਂ ਹਨ। ਉਹ ਬੰਦ ਹਨ। ਮਾਂ ਪਿਉ ਦੇ ਮਾਸ

ਤੋਂ ਉਪਜ ਕੇ ਬਾਹਰ ਆਉਂਦਾ ਹੈ, ਪਰ ਮੱਛੀ ਦਾ ਮਾਸ ਖਾਣ ਤੋਂ ਤੋਬਾ ਕਰਦਾ ਹੈ। (ਆਪਣੇ ਆਪ ਨੂੰ ਧਰਮਾਤਮਾ ਅਖਵਾਉਂਦਾ ਹੈ।)

ਇਸਤਰੀ ਪੁਰਖੈ ਨਿਸ ਦਿਲ ਮੇਲਾ ਉਥੈ ਮੰਧੁ ਕਮਾਹੀ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨ ਧਿਆਨ ਕਿਛੁ ਜਾਣਹਿ ਨਾਹੀ ਚਤਰ ਕਹਾਵੈ ਪਾਂਡੇ।

ਔਰਤ ਤੇ ਮਰਦ, ਭਾਵ ਇਕ ਮਾਸ ਦਾ ਦੂਜੇ ਮਾਸ ਨਾਲ ਰੋਜ਼ ਮਿਲਾਪ ਹੁੰਦਾ ਹੈ। ਉਸ ਸਮੇਂ ਮਾਸ ਹੀ ਮਾਸ ਭੋਗਦਾ ਹੈ। ਮਾਸ 'ਚੋਂ ਨਿਕਲੇ, ਮਾਸ ਤੋਂ ਜਨਮੇ, ਅਸੀਂ ਸਾਰੇ ਮਾਸ ਦੇ ਹੀ ਭਾਂਡੇ ਹਾਂ। ਪੰਡਤ (ਉਹ ਲੋਕ ਜੋ ਮਾਸ ਨਾ ਖਾ ਕੇ ਆਪਣੇ ਆਪ ਨੂੰ ਧਰਮਾਤਮਾ ਅਖਵਾਉਂਦੇ ਹਨ) ਆਪਣੇ ਆਪ ਨੂੰ ਸਿਆਣਾ ਅਖਵਾਉਂਦਾ ਹੈ। ਬ੍ਰਾਹਮਣ ਅਖਵਾ ਕੇ ਬ੍ਰਹਮ ਗਿਆਨੀ ਬਣਦਾ ਹੈ, ਪਰ ਉਸ ਨੂੰ ਗਿਆਨ ਦੀ ਤਾਂ ਡੱਕਾ ਗੱਲ ਦਾ ਪਤਾ ਨਹੀਂ ਤੇ ਨਾ ਹੀ ਉਸ ਦਾ ਗਿਆਨ ਵੱਲ ਕੋਈ ਧਿਆਨ ਹੀ ਹੈ।

ਬਾਹਰ ਕਾ ਮਾਸ ਮੰਦਾ ਸੁਆਮੀ ਘਰ ਕਾ ਮਾਸ ਚੰਗੇਰਾ
ਜੀਵ ਜੰਤ ਸਭ ਮਾਸਹੁ ਹੋਇ ਜੀਇ ਲਇਆ ਬਸੇਰਾ।
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ।

ਸੁਆਮੀ ਬਣੇ ਅਗਿਆਨੀ ਬਾਹਰ ਦੇ ਮਾਸ ਨੂੰ ਭਾਵ ਜੀਵ ਜੰਤੂ ਦੇ ਮਾਸ ਨੂੰ ਤਾਂ ਮੰਦਾ ਭਾਵ ਮਾੜਾ ਬੁਰਾ ਕਹਿੰਦੇ ਹਨ, ਪਾਪ ਕਰਮ ਆਖਦੇ ਹਨ, ਪਰ ਉਹੀ ਸੁਆਮੀ ਘਰ ਦੇ ਮਾਸ ਨੂੰ ਭਾਵ ਔਰਤ ਦੇ ਮਾਸ ਨੂੰ ਚੰਗਾ ਕਹਿਕੇ ਹੰਢਾਉਂਦੇ ਹਨ। ਖਾਂਦੇ ਹਨ, ਚੂੰਡਦੇ ਹਨ। ਉਹ ਇਹ ਗੱਲ ਕਿਉਂ ਨਹੀਂ ਸਮਝਦੇ ਕਿ ਸਾਰੇ ਜੀਵ, ਜੰਤੂ, ਜਿਨ੍ਹਾਂ ਵਿਚ ਆਦਮੀ ਤੇ ਔਰਤਾਂ ਵੀ ਸ਼ਾਮਲ ਹਨ, ਮਾਸ ਦੇ ਹੀ ਜੰਮੇ ਪਲੇ ਹਨ ਅਤੇ ਇਕ ਜੀਵ ਦੂਸਰੇ ਅੰਦਰ ਫਲਦਾ ਫੁੱਲਦਾ ਹੈ।

ਗੁਰੂ ਨਾਨਕ ਕਹਿੰਦੇ ਹਨ ਕਿ ਜਿਨ੍ਹਾਂ ਲੋਕਾਂ ਨੇ ਅੰਨ੍ਹਿਆਂ ਨੂੰ ਭਾਵ ਅਕਲ ਤੋਂ ਅੰਨ੍ਹਿਆਂ, ਅਗਿਆਨੀਆਂ ਨੂੰ ਗੁਰੂ ਬਣਾਇਆ ਹੈ, ਉਹ ਉਸ ਚੀਜ਼ਾਂ ਨੂੰ ਤਾਂ ਖਾ ਜਾਂਦੇ ਹਨ ਜੋ ਖਾਣੀ ਨਹੀਂ ਚਾਹੀਦੀ, ਪਰ ਖਾਣਯੋਗ ਵਸਤੂਆਂ ਨੂੰ ਛੱਡ ਬਹਿੰਦੇ ਹਨ ਤੇ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ।

ਮਾਸ ਪੁਰਾਣੀ ਮਾਸ ਕਤੇਬੀ ਚਹੁ ਜੁਗਿ ਮਾਸੁ ਸਮਾਣਾ।
ਜਜਿ ਕਾਜ ਵਿਆਹੁ ਸੁਹਾਵੈ ਉਥੈ ਮਾਸੁ ਸਮਾਣਾ।

ਪੁਰਾਣ ਪੜ੍ਹਕੇ ਵੇਖ ਲਉ। ਹੋਰ ਹਿੰਦੂ ਪੁਸਤਕਾਂ ਪੜ੍ਹ ਕੇ ਵੇਖ ਲਓ। ਹਰ ਥਾਂ ਮਾਸ ਖਾਣ ਦੇ ਹਵਾਲੇ ਹਨ। ਜੱਗਾਂ ਵਿਚ ਬ੍ਰਾਹਮਣ ਮਾਸ ਖਾਂਦੇ ਰਹੇ ਹਨ। ਵਿਆਹਾਂ ਵਿਚ ਵੀ ਮਾਸ ਖਾਧਾ ਜਾਂਦਾ ਹੈ। ਕੋਈ ਨਹੀਂ ਨਿੰਦਦਾ। ਕੋਈ ਪਾਪ ਨਹੀਂ ਸਮਝਿਆ ਜਾਂਦਾ ਹੈ।

ਇਸਤਰੀ ਪੁਰਖ ਉਪਜਹਿ ਮਾਸਹੁ ਪਾਤਿਸਾਹੁ ਸੁਲਤਾਨਾ।
ਜੇ ਓਇ ਦਿਸਹਿ ਨਰਕੇ ਜਾਂਦੇ ਤਾਂ ਉਨਕਾ ਦਾਨ ਨਾ ਲੈਣਾ।

ਇਸਤਰੀ, ਪੁਰਖ, ਮਾਸ ਤੋਂ ਹੀ ਬਣੇ ਭਾਂਡੇ ਹਨ। ਬਾਦਸ਼ਾਹ ਸੁਲਤਾਨ ਵੀ ਮਾਸ ਤੋਂ ਹੀ ਬਣੇ ਹਨ। ਜੇ ਉਹ ਮਾਸ ਤੋਂ ਬਣੇ ਮਾਸ ਖਾਂਦੇ ਨਰਕਾਂ ਨੂੰ ਜਾਣ ਵਾਲੇ ਹਨ ਤਾਂ ਉਨ੍ਹਾਂ ਤੋਂ ਦਾਨ ਕਿਉਂ ਲਿਆ ਜਾਂਦਾ ਹੈ।

ਦੇਂਦਾ ਨਰਕ ਸੁਰਗ ਲੈਂਦੇ ਦੇਖੋ ਇਹ ਧਿਗਾਣਾ।
ਆਪ ਨ ਬੁਝੈ, ਲੋਕ ਬੁਝਾਏ, ਪਾਂਡੇ ਖਰਾ ਸਿਆਣਾ।

ਜੋ ਦਾਨ ਦਿੰਦਾ ਹੈ ਉਸ ਲਈ ਨਰਕ ਅਤੇ ਜੋ ਦਾਨ ਲੈਂਦੇ ਹੈ ਉਸ ਲਈ ਸੁਰਗ, ਇਹ ਕਿੱਡੀ ਅਸਚਰਜ ਘਾੜਤ ਹੈ। ਜੋ ਆਪ ਗੱਲ ਸਮਝਦੇ ਨਹੀਂ, ਜੋ ਆਪ ਅਗਿਆਨੀ ਹਨ, ਬੇਸਮਝ ਹਨ, ਉਹ ਲੋਕਾਂ ਨੂੰ ਮੱਤਾਂ ਦਿੰਦੇ ਹਨ। ਨਰਕ ਸੁਰਗ ਦਾ ਰਾਹ ਵਖਾਉਂਦੇ ਹਨ। ਭਾਵ ਇਹ ਮੂਰਖ ਪਾਂਡੇ ਐਵੇਂ ਸਿਆਣੇ ਬਣ-ਬਣ ਕੇ ਬਹਿੰਦੇ ਹਨ।

ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ।
ਤੋ ਇਅਹੁ ਅੰਨ ਕਮਾਦ ਕਪਾਹਾ ਤੋਇ ਅਹੁ ਤ੍ਰਿਭਵਣ ਗੰਨਾ।

ਪਾਂਡੇ ਨੂੰ ਜਾਣਦਾ ਹੀ ਨਹੀਂ ਕਿ ਮਾਸ ਦਾ ਸਰੋਤ ਕੀ ਹੈ। ਪਾਣੀ ਤੋਂ ਅੰਨ ਪੈਦਾ ਹੁੰਦਾ ਹੈ। ਪਾਣੀ ਤੋਂ ਹੀ

ਜਾਂਦਾ। ਪਾਣੀ ਤੋਂ ਹੀ ਕਪਾਹ ਪੈਦਾ ਹੁੰਦੀ ਹੈ ਜੋ ਸਾਰੇ ਲੋਕ ਕੱਪੜਾ ਪਹਿਨਦੇ ਹਨ। ਨੰਗ ਢੱਕਦੇ ਹਨ ਤੇ ਇਸੇ ਵੀਰਜ ਤੋਂ ਮਨੁੱਖ ਬਣਦਾ ਹੈ। ਅਸਲੀਅਤ ਤਾਂ ਇਹ ਹੈ ਕਿ ਸਾਰਾ ਸੰਸਾਰ ਹੀ ਪਾਣੀ ਦੀ ਉਪਜ ਹੈ। ਪਾਣੀ, ਜੋ ਆਪਣੇ ਆਪ ਨੂੰ ਚੰਗਾ ਸਮਝਦਾ ਹੈ, ਪਰ ਇਸ ਵਿਚ ਵੀ ਬਹੁਤ ਵਿਕਾਰ ਹਨ, ਭੈੜ ਹਨ।

ਗੁਰੂ ਨਾਨਕ ਕਹਿੰਦੇ ਹਨ ਕਿ ਜੇ ਸਾਰਿਆਂ ਵਸਤੂਆਂ ਦੀ ਪੈਦਾਵਾਰ-ਸ਼ਕਤੀ ਪਾਣੀ ਨੂੰ ਨਹੀਂ ਛੱਡ ਸਕਦੇ ਜਿਸ ਤੋਂ ਸਾਰੀ ਬਨਸਪਤੀ ਅਤੇ ਸਾਰਾ ਮਾਸ ਪੈਦਾ ਹੋਇਆ ਹੈ, ਤਾਂ ਮਾਸ ਛੱਡਣ ਦਾ ਪਾਖੰਡ ਕਰਕੇ ਅਨਭੋਲ ਲੋਕਾਂ ਨੂੰ ਉੱਲੂ ਕਿਉਂ ਬਣਾਉਂਦੇ ਹਨ। ਕੀ ਇਹ ਪਾਪ ਨਹੀਂ? ਮੈਂ ਤਾਂ ਇਹੀ ਕਹੂੰਗਾ ਕਿ ਇਹ ਪਾਂਛੇ ਲੋਕ ਸਿਰਫ ਪਖੰਡ ਕਰਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਇਹ ਕੋਈ ਧਰਮ ਨਹੀਂ।

ਅਗਿਆਨਤਾ

ਸਾਸਤਰ ਬੇਦ ਪੁਰਾਣ ਪੜੰਤਾ ਪੂਕਾਰੰਤਾ ਅਜਣੰਤਾ।
ਜਾਂ ਬੂਝੈ ਤਾਂ ਸੂਝੈ ਸੋਈ ਨਾਨਕ ਆਖੈ ਕੂਕ ਨਾ ਹੋਈ।

ਬ੍ਰਾਹਮਣ ਸ਼ਾਸਤਰ ਪੜ੍ਹਦਾ ਹੈ, ਵੇਦ ਪੜ੍ਹਦਾ ਹੈ, ਪੁਰਾਣ ਪੜ੍ਹਦਾ ਹੈ। ਪੜ੍ਹ-ਪੜ੍ਹ ਕੇ ਲੋਕਾਂ ਨੂੰ ਪੁਕਾਰ-ਪੁਕਾਰ, ਕੂਕ-ਕੂਕ ਕੇ ਗਿਆਨ ਦਿੰਦਾ ਹੈ, ਚੰਗੇ ਮੰਦੇ ਦਾ ਨਿਰਨਾ ਕਰਾਉਂਦਾ ਹੈ। ਪਰ ਆਪ ਕੁਝ ਵੀ ਨਹੀਂ ਜਾਣਦਾ। ਜੋ ਆਦਮੀ ਅਸਲੀਅਤ ਜਾਣਦਾ ਹੈ, ਸਹੀ ਗਿਆਨਵਾਨ ਹੈ, ਉਹੀ ਦੂਜਿਆਂ ਨੂੰ ਸੋਝੀ ਦੇ ਸਕਣ ਦੇ ਯੋਗ ਹੈ।

ਜਿਉਂ ਕੂਕ-ਕੂਕ ਕੇ ਪੁਕਾਰ-ਪੁਕਾਰ ਕੇ ਦੂਜਿਆਂ ਨੂੰ ਨਾ ਤਾਂ ਸੋਝੀ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਸਹੀ ਰਾਹ ਵਿਖਾਇਆ ਜਾ ਸਕਦਾ ਹੈ।

ਤੀਰਥ ਇਸ਼ਨਾਨ

ਅੰਦਰਹੁ ਝੂਠੇ, ਪੈਜ ਬਾਹਰਿ, ਦੁਨੀਆ ਅੰਦਰ ਫੈਲ॥
ਅਠਸਿਠ ਤੀਰਥ ਜੇ ਨਾਵਹਿ, ਉਤਰੈ ਨਾਹੀ ਮੈਲੁ॥

ਤੀਰਥ ਇਸ਼ਨਾਨ ਕਰਨਾ, ਤੀਰਥਾਂ ਦੇ ਭ੍ਰਮਣ ਕਰਨਾ ਹਿੰਦੂ ਧਰਮ ਵਿਚ ਸਭ ਤੋਂ ਮਹੱਤਵਪੂਰਨ ਕਦਮ ਹੈ, ਜਿਸ ਨਾਲ ਜਨਮ-ਜਨਮ ਦੀ ਮੈਲ ਕੱਟੀ ਜਾਂਦੀ ਦੱਸੀਦੀ ਹੈ। ਆਦਮੀ ਲੱਖ ਬੁਰੇ ਕਰਮ ਕਰਨ ਤੋਂ ਬਾਅਦ ਵੀ ਪਵਿੱਤਰ ਹੋ ਜਾਂਦਾ ਹੈ। ਉਸ ਦੇ ਪਾਪ ਧੋਤੇ ਜਾਂਦੇ ਹਨ ਅਤੇ ਉਹ ਸੁਰਗ ਨੂੰ ਪ੍ਰਾਪਤ ਹੋ ਜਾਂਦਾ ਹੈ।

ਪਰ ਗੁਰੂ ਨਾਨਕ ਕਹਿੰਦੇ ਹਨ ਕਿ ਤੀਰਥਾਂ 'ਤੇ ਨਹਾਉਣ ਵਾਲੇ ਲੋਕ ਅੰਦਰੋਂ ਵਿਸ਼ੇ ਵਿਕਾਰਾਂ ਨਾਲ ਭਰੇ ਪਏ ਹਨ। ਪੈਰ-ਪੈਰ 'ਤੇ ਬੁਰੇ ਕਰਮ ਅਤੇ ਬੁਰਾ ਸੋਚਦੇ ਹਨ। ਇਹ ਅੰਦਰੋਂ ਝੂਠੇ ਹਨ ਪਰ ਪਾਜੀ, ਬਾਹਰੋਂ ਭਲੇ ਪੁਰਸ਼ਾਂ ਵਾਲਾ ਦਿਖਾਵਾ ਕਰਦੇ ਹਨ। ਗੁਰੂ ਨਾਨਕ ਨੇ ਜ਼ੋਰਦਾਰ ਸ਼ਬਦਾਂ ਅੰਦਰ ਹਿੰਦੂਆਂ ਦੇ ਅਠਾਹਰ (ਅਠਸਠ) ਤੀਰਥਾਂ ਤੇ ਨਹਾਉਣ ਨਾਲ ਅੰਦਰਲੀ ਮੈਲ ਦੇ ਉਤਰ ਜਾਣ ਦਾ ਖੰਡਨ ਕੀਤਾ ਹੈ। ਪਾਪਾਂ ਦੀ ਮੈਲ ਨਹੀਂ ਜਾ ਸਕਦੀ। ਅੰਦਰਲੇ ਵਿਸ਼ੇ ਵਿਕਾਰਾਂ ਨੂੰ ਪਾਣੀ ਨਹੀਂ ਧੋ ਸਕਦਾ।

ਨਾਵਨ ਚਲੇ ਤੀਰਥੀ ਮਨ ਖੋਟੇ ਤਨ ਚੋਰ। ਇਕ ਭਉ ਲਥੀ ਨਾਤਿਆਂ ਦੁਇ ਭਉ ਚੜਿਆਸ ਹੋਰ।
ਬਾਹਰ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ। ਸਾਧ ਭਲੇ ਅਣਨਾਤਿਆ ਚੋਰਿ ਸਿ ਚੋਰਾ ਚੋਰ।

ਗੁਰੂ ਨਾਨਕ ਨੇ ਕਿਹਾ ਕਿ ਜੋ ਲੋਕ ਤੀਰਥਾਂ 'ਤੇ ਨਹਾਉਣ ਜਾਂਦੇ ਹਨ, ਉਨ੍ਹਾਂ ਦੇ ਮਨ ਖੋਟੇ ਹੁੰਦੇ ਹਨ, ਉਹ ਝੂਠੇ ਹਨ, ਧੋਖੇਬਾਜ਼ ਹਨ, ਬੇਈਮਾਨ ਹਨ। ਉਨ੍ਹਾਂ ਦਾ ਸਰੀਰ ਵਿਸ਼ੇ-ਵਿਕਾਰਾਂ ਨੇ ਮੱਲਿਆ ਹੋਇਆ ਹੈ। ਜੋ ਕਰਨਾ ਬਣਦਾ ਹੈ ਉਹ ਕਰਦੇ ਨਹੀਂ ਅਤੇ ਜੋ ਨਹੀਂ ਕਰਨਾ, ਉਹ ਕਰਦੇ ਹਨ।

ਨਹਾਉਣ ਨਾਲ ਬੰਦੇ ਦੀ ਬਾਹਰਲੀ ਮੈਲ ਉਤਰਦੀ ਹੈ ਪਰ ਇਕ ਮੈਲ ਚੜ੍ਹ ਜਾਂਦੀ ਹੈ। (ਜੇ ਪਾਣੀ ਦੀ ਸ਼ੁੱਧੀ ਵੱਲ ਧਿਆਨ ਮਾਰੀਏ ਤਾਂ ਬਾਹਰਲੀ ਮੈਲ ਵੀ ਨਹੀਂ ਉਤਰਦੀ ਜਿਵੇਂ ਕਿ ਗੰਗਾ ਦੇ ਇਕ ਮਿਲੀਲੀਟਰ ਪਾਣੀ ਵਿਚ 9 ਲੱਖ ਦੇ ਕਰੀਬ ਬੈਕਟੀਰੀਆ ਭਾਵ ਬੀਮਾਰੀ ਦੇ ਕੀਟਾਣੂ ਹਨ ਅਤੇ 37 ਸ਼ਹਿਰਾਂ ਦਾ ਸਾਰਾ ਗੰਦ ਗੰਗਾ ਵਿਚ ਲਗਾਤਾਰ ਪੈਂਦਾ ਰਹਿੰਦਾ ਹੈ। ਜਿਵੇਂ ਹਜ਼ਾਰਾਂ ਲੋਕ ਜੋ ਇਕੋ ਥਾਂ ਨਹਾ ਜਾਂਦੇ ਹਨ ਤਾਂ ਉਨ੍ਹਾਂ ਦੇ ਸਰੀਰ ਵਿਚ ਚਮੜੀ ਦੀਆਂ ਬਿਮਾਰੀਆਂ ਦੀ ਤਰ੍ਹਾਂ-ਤਰ੍ਹਾਂ ਦੀ ਮੈਲ ਇਕੱਠੀ ਹੁੰਦੀ ਰਹਿੰਦੀ ਹੈ ਅਤੇ ਇਕ ਦੂਸਰੇ ਨੂੰ ਲਗਦੀ ਰਹਿੰਦੀ ਹੈ) ਫਰਜ਼ ਕਰੋ, ਬਾਹਰੀ ਮੈਲ ਜੇ ਨਹਾਉਣ ਨਾਲ ਲਹਿ ਵੀ ਜਾਂਦੀ ਹੋਵੇ ਤਾਂ ਵੀ ਅੰਦਰਲੀ ਮੈਲ ਤਾਂ ਲਹਿਣ ਦੀ ਥਾਂ ਹੋਰ ਚੜ੍ਹ ਜਾਂਦੀ ਹੈ। ਬੰਦਾ ਤੀਰਥ ਨਹਾ ਕੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਧਰਮੀ ਸਮਝ ਕੇ

ਮੈਂ-ਮੈਂ ਕਰਦਾ ਹੈ । ਆਪ ਗੁੰਮਰਾਹ ਹੁੰਦਾ ਹੈ ਅਤੇ ਦੂਜਿਆਂ ਨੂੰ ਭਟਕਣ ਵਿਚ ਪਾਉਂਦਾ ਰਹਿੰਦਾ ਹੈ । ਪ੍ਰਚਾਰ ਕਰਦਾ ਹੈ ਕਿ ਤੀਰਥ ਨਹਾ ਕੇ ਪਾਪ ਲੱਥ ਜਾਂਦੇ ਹਨ, ਜਿਵੇਂ ਉਹ ਆਪ ਪਵਿੱਤਰ ਹੋ ਕੇ ਆਇਆ ਹੈ । ਇਹ ਪ੍ਰਚਾਰ ਹੋਰ ਲੱਖਾਂ ਨੂੰ ਗੁੰਮਰਾਹ ਕਰਦਾ ਹੈ ।

ਬੰਦਾ ਤੀਰਥ ਨਹਾ ਕੇ ਬਾਹਰੋਂ ਤੂੰਬੜੀ ਭਾਵ ਸਰੀਰ ਨੂੰ ਧੋ ਲੈਂਦਾ ਹੈ, ਪਰ ਅੰਦਰ ਨਿਰੀ ਵਿਸ ਭਰੀ ਰਹਿੰਦੀ ਹੈ। ਭਾਵ ਮਨ ਦੀ ਮੈਲ, ਮਨ ਦੀ ਬੁਰਿਆਈ ਤਾਂ ਨਹੀਂ ਜਾਂਦੀ ।

ਗੁਰੂ ਨਾਨਕ ਨੇ ਕਿਹਾ ਕਿ ਸਾਧਾਂ ਭਾਵ ਜਿਨ੍ਹਾਂ ਬੰਦਿਆਂ ਨੇ ਮਨ ਦੀ ਮੈਲ ਚੰਗੇ ਕੰਮ ਕਰਕੇ ਧੋ ਲਈ ਹੈ ਉਹ ਤਾਂ ਤੀਰਥ ਨਹਾਉਣ ਤੋਂ ਬਿਨਾਂ ਹੀ ਪਵਿੱਤਰ ਹਨ, ਪਰ ਜੋ ਚੋਰ ਹੈ, ਪਾਪੀ ਹੈ, ਅੰਦਰੋਂ ਮੈਲਾ ਹੈ, ਉਹ ਕਿਧਰੇ ਵੀ ਤੀਰਥਾਂ 'ਤੇ ਨਹਾਉਂਦਾ ਫਿਰੇ ਉਹ ਚੋਰ ਹੀ ਰਹਿੰਦਾ ਹੈ, ਪਾਪੀ ਹੀ ਰਹਿੰਦਾ ਹੈ ।

ਅਖਰੁ ਪੜਿ-ਪੜਿ ਭੁਲੀਐ ਭੇਖੀ ਬਹੁਤ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੈ ਮਨ ਮਹਿ ਮੈਲੁ ਗੁਮਾਨ ॥

ਭੇਖੀ ਪਾਖੰਡੀ ਲੋਕ ਧਾਰਮਿਕ ਗ੍ਰੰਥਾਂ ਦੀਆਂ ਤੁਕਾਂ ਪੜ੍ਹ-ਪੜ੍ਹ ਕੇ ਆਪਣੇ ਆਪ ਨੂੰ ਵੱਡੇ ਗਿਆਨੀ ਤਾਂ ਅਖਵਾਉਂਦੇ ਹਨ, ਪਰ ਉਹ ਇਹ ਨਹੀਂ ਸਮਝਦੇ ਕਿ ਉਨ੍ਹਾਂ ਇਹ ਝੂਠਾ ਮਾਣ ਕਰਿਆ ਹੋਇਆ ਹੈ । ਚਾਰ ਅੱਖਰ ਪੜ੍ਹ ਕੇ ਉਹ ਅਭਿਮਾਨੀ ਬਣ ਜਾਂਦੇ ਹਨ । ਉਨ੍ਹਾਂ ਅੰਦਰ ਹੰਕਾਰ ਦੀ ਮੈਲ ਭਰੀ ਰਹਿੰਦੀ ਹੈ। ਤੀਰਥਾਂ 'ਤੇ ਨਹਾਉਣ ਨਾਲ ਭਲਾ ਕੀ ਬਣ ਜਾਈਦਾ ਹੈ ? ਮਨ ਅੰਦਰ ਤਾਂ ਬੁਰੇ ਕੰਮਾਂ ਦੀ, ਪਾਪਾਂ ਦੀ ਮੈਲ ਭਰੀ ਹੁੰਦੀ ਹੈ ਤੇ ਆਪਣੇ ਆਪ ਨੂੰ ਚੰਗਾ, ਪਵਿੱਤਰ, ਸ੍ਰੇਸ਼ਟ, ਸਾਧੂ, ਫਕੀਰ, ਪੰਡਤ, ਬ੍ਰਾਹਮਣ ਕਹਾਉਣਾ ਤੇ ਹੰਕਾਰ ਵਾਧੂ ਦਾ ।

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮ ਧਰਮ ਨਹੀਂ ਪੂਜਾ ॥

ਗੁਰੂ ਨਾਨਕ ਨੇ ਸਾਫ ਸ਼ਬਦਾਂ ਵਿਚ ਕਹਿਆ ਹੈ, ਤੀਰਥਾਂ 'ਤੇ ਨਹਾਉਣਾ, ਵਰਤ ਰੱਖਣੇ, ਸੁੰਨਤ ਕਰਨੀ, ਸੰਕੋਚ ਕਰਨਾ ਭਾਵ ਪਵਿੱਤਰ ਅਪਵਿੱਤਰ ਮੰਨਣਾ, ਖਾਣ ਯੋਗ-ਨਾ ਖਾਣ ਯੋਗ ਮੰਨਣਾ, ਨਾ ਇਹ ਚੰਗਾ ਕਰਮ ਹੈ ਅਤੇ ਨਾ ਹੀ ਇਹ ਧਰਮ ਹੈ ਅਤੇ ਨਾ ਹੀ ਇਹ ਪੂਜਾ ਹੈ । ਇਸ ਤਰ੍ਹਾਂ ਦੇ ਕਰਮ ਕਾਂਡਾਂ ਦਾ ਕੋਈ ਅਰਥ ਨਹੀਂ।

ਅਠਸਠ ਤੀਰਥ ਦੇਵੀ ਥਾਪੇ ਪੁਰਬੀ ਲਗੈ ਪਾਣੀ।
ਨਾਇ ਨਿਵਾਜਾ ਨਾਤੈ ਪੂਜਾ ਨਾਵਨ ਸਦਾ ਸੁਜਾਣੀ।
ਮੁਇਆ ਜੀਵਦਿਆਂ ਗਤਿ ਹੋਵੈ ਜਾਂ ਸਿਰ ਪਾਈਐ ਪਾਣੀ ॥

ਬ੍ਰਾਹਮਣਾਂ ਨੇ ਦੇਵੀ ਅਤੇ ਦੇਵਤਿਆਂ ਦੇ ਨਾਂ 'ਤੇ ਤੀਰਥ ਸਥਾਪਤ ਕੀਤੇ ਹੋਏ ਹਨ । ਇਥੇ ਪੁਰਬ ਮਨਾਏ ਜਾਂਦੇ ਹਨ ਮੇਲੇ ਲਗਦੇ ਹਨ ਅਤੇ ਜਿੱਥੇ ਹਿੰਦੂ ਗ੍ਰੰਥਾਂ ਦੀ ਕਥਾ ਕੀਤੀ ਜਾਂਦੀ ਹੈ ਤਾਂ ਕਿ ਉਸ ਦੀ ਗਤੀ ਹੋ ਸਕੇ । ਦੁਨੀਆ ਨਹਾ ਕੇ ਸਲਾਮ ਕਰਦੀ ਹੈ, ਮੱਥਾ ਟੇਕਦੀ ਹੈ, ਨਹਾ ਕੇ ਪੂਜਾ ਕਰਦੀ ਹੈ । ਇਹ ਤੀਰਥ ਨਹਾਉਣ ਵਾਲੇ ਸਦਾ ਆਪਣੇ ਆਪ ਨੂੰ ਸਿਆਣੇ ਅਖਵਾਉਂਦੇ ਹਨ, ਕਿਉਂਕਿ ਉਹ ਆਪਣੇ ਵੱਲੋਂ ਪੁੰਨ ਦਾ ਕੰਮ ਕਰਨ ਲੱਗੇ ਹੁੰਦੇ ਹਨ । ਜਦੋਂ ਬੰਦਾ ਮਰ ਜਾਂਦਾ ਹੈ ਤਾਂ ਇਹੀ ਪਾਣੀ ਬੰਦੇ ਦੇ ਸਿਰ ਵਿਚ ਪਾਇਆ ਜਾਂਦਾ ਹੈ ਭਾਵ ਉਸ ਨੂੰ ਨਹਾਇਆ ਜਾਂਦਾ ਹੈ ਤਾਂ ਕਿ ਉਸ ਦੀ ਗਤੀ ਹੋ ਸਕੇ।

ਅਸਲ ਵਿਚ ਗੁਰੂ ਨਾਨਕ ਨੇ ਕਿਹਾ ਹੈ ਕਿ ਨਹਾਉਣ ਤਾਂ ਚੰਗਾ ਹੈ । ਨਹਾਉਣ ਨਾਲ ਸੁਰਤ ਆਉਂਦੀ ਹੈ । ਸਾਲਾਂ ਬੱਧੀ ਜਟਾਂ ਰੱਖਣ ਵਾਲਿਆਂ ਨੂੰ ਕਿਹਾ ਹੈ ਕਿ ਤੁਹਾਡੀ ਸੁਰਤ ਮਾਰੀ ਰਹਿੰਦੀ ਹੈ । ਨਹਾਉਣ ਨਾਲ ਜਿੱਥੇ ਸੁਰਤ ਆਉਂਦੀ ਹੈ, ਉੱਥੇ ਸਰੀਰ ਚੁਸਤ ਰਹਿੰਦਾ ਹੈ । ਨਹਾਉਣ ਨਾਲ ਜਿਥੇ ਸੁਰਤ ਆਉਂਦੀ ਹੈ, ਉਥੇ ਸਰੀਰ ਚੁਸਤ ਰਹਿੰਦੀ ਹੈ । ਪਰ ਤੀਰਥ ਸਮਝ ਕੇ ਗਤੀ ਜਾਂ ਸੁਰਗ ਲਈ ਪਾਏ ਭੁਲੇਖਿਆਂ ਵਿਚ ਪਏ ਫਿਰਨਾ ਮੂਰਖਤਾ ਹੈ।

ਵੂਠੇ ਹੋਇਐ ਹੋਇ ਵਿਲਾਵਲ, ਜੀਆਂ ਜੁਗਤ ਸੁਆਣੀ।
ਵੂਠੇ ਘਾਉ ਚਰਹਿ ਨਿਤ ਸੁਰਤ, ਸਾਧਨ ਦਹੀਂ ਵਿਲੋਵੈ।
ਤਿਤੁ ਘਿਇ ਹੋਮ ਜਗ ਸਦਾ ਪੂਜਾ, ਪਾਈਐ ਕਾਰਜ ਸੋ ਹੈ।

ਇਕ ਮੀਂਹ ਜੋ ਧਰਤੀ 'ਤੇ ਵਰ੍ਹਦਾ ਹੈ, ਪਾਣੀ ਡਿਗਦਾ ਹੈ ਤਾਂ ਸਾਰੇ ਪਾਸੇ ਹਰਿਆਵਲ ਹੋ ਜਾਂਦੀ ਹੈ । ਸਾਰੇ ਜੀਵ ਖੁਸ਼ੀ ਨਾਲ ਝੂਮ ਉਠਦੇ ਹਨ । ਮੀਂਹ ਪਏ 'ਤੇ ਅੰਨ ਪੈਦਾ ਹੁੰਦਾ ਹੈ ਜੋ ਸਾਰੇ ਜੀਅ ਖਾਂਦੇ ਹਨ ਤੇ ਜਿਉਂਦੇ

ਜਲ । ਕਪਾਹ ਪੈਦਾ ਹੁੰਦੀ ਹੈ ਜਿਸ ਤੋਂ ਕੱਪੜਾ ਬਣ ਕੇ ਲੋਕਾਂ ਦਾ ਨੰਗ ਢੱਕਿਆ ਜਾਂਦਾ ਹੈ । ਮੀਂਹ ਪੈਣ ਤੋਂ ਬਾਅਦ ਘਾਹ ਪੈਦਾ ਹੁੰਦਾ ਹੈ, ਜਿਸ ਨੂੰ ਗਊਆਂ ਚਰਦੀਆਂ ਹਨ ਅਤੇ ਜਿਸ ਦੇ ਦੁੱਧ ਤੋਂ ਔਰਤ ਦਹੀਂ ਰਿੜਕਕੇ ਘਿਓ ਤਿਆਰ ਕਰਦੀ ਹੈ । ਇਸ ਘਿਓ ਤੋਂ ਬ੍ਰਾਹਮਣ ਹੋਮ ਜੱਗ ਕਰਦੇ ਹਨ । ਗੁਰੂ ਨਾਨਕ ਦਾ ਭਾਵ ਹੈ ਕਿ ਜਦੋਂ ਹਰ ਵਸਤੂ ਪਾਣੀ ਦੀ ਕਰਾਮਾਤ ਹੈ ਅਤੇ ਤੁਸੀਂ ਇਕੋ ਪਾਣੀ ਤੋਂ ਬਣੀਆਂ ਵਸਤੂਆਂ ਲਗਾਤਾਰ ਵਰਤ ਰਹੇ ਹੋ ਤਾਂ ਫਿਰ ਤੀਰਥਾਂ 'ਤੇ ਨਹਾਉਣ ਦੀ ਕਿਹੜੀ ਕਸਰ ਬਾਕੀ ਰਹਿ ਗਈ । ਜਦੋਂ ਉਹ ਪਾਣੀ ਘਰ ਬੈਠਿਆ ਹੀ ਜ਼ਿੰਦਗੀ ਦਾ ਅਨੰਦ ਦੇ ਰਿਹਾ ਹੈ ਤਾਂ ਤੀਰਥ ਵਾਲਾ ਪਾਣੀ ਹੋਰ ਕੀ ਦੇਵੇਗਾ ? ਜਦੋਂ ਕਿ ਪਾਣੀ ਇਕ ਹੈ, ਪਾਣੀ ਦਾ ਤੱਤ ਇਕ ਹੈ ।

ਗੁਰੁ ਸਮੁੰਦ ਨਦੀ ਸਭ ਸਿਖੀ ਨਾਤੈ ਜਿਤੁ ਵਡਿਆਈ ।
ਨਾਨਕ ਜੇ ਸਿਰ ਖੁਥੇ ਨਾਵਣ ਨਾਹੀ ਤਾਂ ਸਤ ਚਟੇ ਸਿਰ ਛਾਈ ।

ਭਾਵ ਉਪਰੋਕਤ ਗਿਆਨ ਤਾਂ ਸਿਰਫ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ, ਜੋ ਸਮੁੰਦਰ ਵਰਗਾ ਵਿਸ਼ਾਲ ਹੈ । ਉਹੀ ਗਿਆਨ ਦਾ ਅਥਾਹ ਸਾਗਰ ਹੈ । ਜੋ ਬੰਦਾ ਉਸ ਤੋਂ ਸਹੀ ਸੇਧ ਲੈ ਲੈਂਦਾ ਹੈ, ਸਹੀ ਗੱਲ ਸਿੱਖ ਲੈਂਦਾ ਹੈ ਉਸ ਤੀਰਥਾਂ ਵਰਤਾਂ ਪੂਜਾ ਆਦਿ ਦੇ ਚੱਕਰ ਵਿਚ ਨਹੀਂ ਪੈਂਦਾ । ਉਹ ਸਿੱਖ ਨਦੀ ਵਾਂਗ ਹੈ ਜੋ ਸਮੁੰਦਰ ਨਾਲ ਮਿਲ ਕੇ ਇਕ ਜਾਨ ਹੋ ਜਾਂਦੀ ਹੈ, ਕਿਉਂਕਿ ਸਿੱਖ ਗਿਆਨਵਾਨ ਬੰਦੇ ਦਾ ਹੀ ਨਾਮ ਹੈ । ਗੁਰੂ ਨਾਨਕ ਕਹਿੰਦੇ ਹਨ ਕਿ ਮਨਮੁੱਖ ਅਕਲੋਂ ਹੀਣੇ, ਮੂਰਖ ਗਵਾਰ ਗੁਰੂ ਦੇ ਅਥਾਹ ਸਾਗਰ ਵਿਚ ਨਦੀ ਬਣਕੇ ਲੀਨ ਨਹੀਂ ਹੋਣਾ ਚਾਹੁੰਦੇ ਅਤੇ ਕੁਝ ਕਰਮ ਕਾਂਡ ਵਿਚ ਲਗੇ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੇ ਸਿਰ ਵਿਚ ਸੱਤ ਚੁਲ੍ਹਿਆਂ ਦੀ ਸੱਤ ਬੁੱਕ ਸੁਆਹ ।

ਵੇਦ-ਪਾਠ

ਵੇਦ ਪਾਠ ਸੰਸਾਰ ਕੀ ਕਾਰ, ਪੜ੍ਹਿਪੜ੍ਹਿ ਪੰਡਿਤ ਕਰਹਿ ਬੀਚਾਰ ।
ਬਿਨ ਬੂਝੇ ਸਭ ਹੋਇ ਖੁਆਰ, ਨਾਨਕ ਗੁਰਮੁਖ ਉਤਰਸ ਪਾਰ ।

ਗੁਰੂ ਨਾਨਕ ਕਹਿੰਦੇ ਹਨ ਕਿ ਵੇਦਾਂ ਸ਼ਾਸਤਰਾਂ, ਸਿਮਰਤੀਆਂ, ਗੀਤਾ, ਰਮਾਇਣ, ਮਹਾਂਭਾਰਤ ਦਾ ਪਾਠ ਕਰਨਾ ਸਿਰਫ ਸੰਸਕਾਰੀ ਕਰਮਕਾਂਡ ਹਨ, ਜਿਸ ਨੂੰ ਪੜ੍ਹ-ਪੜ੍ਹ ਕੇ ਪੰਡਤ ਲੋਕ ਉਸ 'ਤੇ ਵਿਚਾਰ ਕਰਦੇ ਹਨ । ਗੁਰੂ ਨਾਨਕ ਦਾ ਵਿਚਾਰ ਹੈ ਕਿ ਇਹ ਸਭ ਕੁਝ ਸੰਸਾਰ ਦੇ ਪਦਾਰਥਾਂ ਨੂੰ ਪ੍ਰਾਪਤ ਕਰਨ ਦਾ ਇਕ ਚੰਗਾ ਵਧੀਆ ਢੰਗ ਹੈ । ਸੱਚ ਦੀ ਪ੍ਰਾਪਤੀ ਨਾਲ ਇਸ ਦਾ ਕੋਈ ਵਾਸਤਾ ਨਹੀਂ । ਇਸ ਦੀ ਹਕੀਕਤ ਸਿਰਫ ਉਹੀ ਆਦਮੀ ਜਾਣ ਸਕਦਾ ਹੈ, ਜੋ ਗੁਰਮੁਖ ਹੈ । ਉਹੀ ਬੰਦਾ ਸੱਚ ਨੂੰ ਪ੍ਰਾਪਤ ਹੁੰਦਾ ਹੈ ।

ਕ੍ਰਿਸ਼ਨ

ਜਜੁ ਮਹਿ ਜੋਰ ਛਲੀ ਚੰਦ੍ਰਾਵਲ ਕਾਨ ਕ੍ਰਿਸ਼ਨ ਜਾਦਮ ਭਇਆ
ਪਾਰਜਾਤ ਗੋਪੀ ਲੈ ਆਇਆ ਬਿੰਦਰਾ-ਬਨ ਮੈਂ ਰੰਗ ਕੀਆ ।

ਗੁਰੂ ਨਾਨਕ ਨੇ ਦੱਸਿਆ ਕਿ ਕ੍ਰਿਸ਼ਨ (ਜੋ ਹਿੰਦੂਆਂ ਦਾ ਰਾਮ ਦੇ ਬਰਾਬਰ ਦਾ ਭਗਵਾਨ ਹੈ) ਜਿਸ ਨੂੰ ਕਾਹਨ ਵੀ ਕਹਿੰਦੇ ਹਨ ਅਤੇ ਜਿਸ ਦੀ ਜਾਤ ਯਾਦਵ ਹੈ, ਜੋਰ ਜਬਰ, ਬਲ ਅਤੇ ਛਲ ਨਾਲ ਚੰਦ੍ਰਾਵਲੀ ਨਾਂ ਦੀ ਕੁੜੀ ਨੂੰ ਲਿਆਇਆ । ਇਹ ਕੁੜੀ ਪਾਰ ਜਾਤ ਸੀ, ਦੂਜੀ ਜਾਤ ਦੀ ਸੀ (ਕਿਉਂਕਿ ਹਿੰਦੂ ਧਰਮ ਅੰਦਰ ਦੂਜੀ ਜਾਤ ਨਾਲ ਕੋਈ ਰਿਸ਼ਤਾ ਕਾਇਮ ਨਹੀਂ ਹੋ ਸਕਦਾ) ਉਸ ਨੂੰ ਗੋਪੀ ਬਣਾ ਕੇ ਲੈ ਆਇਆ ਅਤੇ ਫਿਰ ਬਿੰਦਰਾ-ਬਨ ਵਿਚ ਜਾ ਕੇ ਉਸ ਨਾਲ ਰੰਗ ਕੀਤਾ ।

ਲਿਖ ਲਿਖ ਪੜਿਆ ਤੇਤਾ ਕੜਿਆ। ਬਹੁ ਤੀਰਥ ਭਵਿਆ ਤੇਤੋ ਲਵਿਆ॥

ਬ੍ਰਾਹਮਣ ਪੰਡਤਾਂ ਨੇ ਵੇਦ ਕਤੇਬ ਸ਼ਾਸਤਰ ਪੁਰਾਣ ਤੇ ਹੋਰ ਧਾਰਮਿਕ ਗ੍ਰੰਥ ਲਿਖੇ ਤੇ ਫਿਰ ਪੜ੍ਹੇ । ਇਜ ਕਰਦਿਆਂ ਉਹ ਹੰਕਾਰੀ ਹੋ ਗਏ । ਕਰਮਕਾਂਡ ਅਨੁਸਾਰ ਜੋ ਤੀਰਥਾਂ ਦਾ ਭ੍ਰਮਣ ਕਰਦਾ ਹੈ, ਉਸ ਦੀ ਜ਼ਬਾਨ ਚੱਲਣ ਲੱਗ ਪੈਂਦੀ ਹੈ ਤੋਤੇ ਵਾਂਗ । ਉਹ ਜਿਥੇ ਵੀ ਉਠਦਾ ਬੈਠਦਾ ਹੈ, ਤੀਰਥ ਯਾਤਰਾ ਦੀ ਰਟ ਲਗਾਉਂਦਾ ਹੈ ਤਾਂ ਜੋ ਲੋਕ ਉਸ ਨੂੰ ਧਰਮੀ ਸਮਝਣ। ਗੱਲ ਇਥੇ ਹੀ ਬੱਸ ਨਹੀਂ, ਸਾਧੂਆਂ ਦੇ ਅਨੇਕ ਫਿਰਕੇ ਹਨ ਅਤੇ ਉਹ ਅਨੇਕ ਭੇਖ ਧਾਰਕੇ ਮੁਕਤੀ ਦਾ ਰਾਹ ਲੱਭਦੇ ਹਨ । ਅਨੇਕ ਪ੍ਰਕਾਰ ਦੇ ਤਸੀਹੇ ਸਹਿੰਦੇ ਹਨ, ਦੁੱਖ ਝਲਦੇ ਹਨ । ਜਿਵੇਂ ਇਕ ਲੱਤ 'ਤੇ ਖੜ੍ਹੇ ਰਹਿਣਾ, ਪੁੱਠੇ ਲਟਕਣਾ, ਸਿਰ ਵਿਚ ਠੰਡਾ ਪਾਣੀ ਪਾਉਂਦੇ ਰਹਿਣਾ, ਗਰਮੀਆਂ ਵਿਚ ਧੂਣੀਆਂ

ਤਾਪਣੀਆਂ, ਸਮਾਧੀਆਂ ਲਾ ਕੇ ਬੈਠੇ ਰਹਿਣਾ, ਸਾਹ ਰੋਕਣਾ, ਪਿੰਡੇ 'ਤੇ ਸੁਆਹ ਮਲਣੀ, ਜੱਟਾਂ ਵਧਾ ਲੈਣੀਆਂ, ਮੋਨ ਧਾਰਨ ਕਰਨਾ, ਪੈਰ ਟਿਕਣ ਨਾ ਦੇਣੇ, ਨੰਗੇ ਫਿਰਨਾ, ਇੰਦਰੀ ਨੂੰ ਸੰਗਲੀ ਪਾ ਕੇ ਰੱਖਣਾ ਆਦਿ।

ਗੁਰੂ ਨਾਨਕ ਕਹਿੰਦੇ ਹਨ :-

ਬਹੁ ਭੇਖ ਕੀਆ ਦੇਹੀ ਦੁਖ ਦੀਆ। ਸਹੁਵੇ ਜੀਆ ਆਪਣਾ ਕੀਆ।

ਭਾਵ ਭੇਖੀ ਸਾਧੂ ਅਨੇਕ ਤਰ੍ਹਾਂ ਦੇ ਭੇਖ ਕਰਕੇ ਸਰੀਰ ਨੂੰ ਕਸ਼ਟ ਦਿੰਦੇ ਹਨ। ਕਿਉਂਕਿ ਇਹ ਉਨ੍ਹਾਂ ਆਪ ਕੀਤਾ ਹੈ, ਆਪ ਹੀ ਦੁੱਖ ਸਹੇੜੇ ਹਨ, ਇਸ ਲਈ ਉਹ ਇਸ ਸਜ਼ਾ ਦੇ ਹੱਕਦਾਰ ਵੀ ਹਨ। ਉਹ ਆਪਣੇ ਕੀਤੇ ਦੀ ਸਜ਼ਾ ਪਾਉਣ।

ਅੰਨ ਨਾ ਖਾਇਆ ਸਾਦੁ ਗਵਾਇਆ।

ਅੰਨ ਨਹੀਂ ਖਾਂਦੇ । ਵਰਤ ਰੱਖਦੇ ਹਨ, ਤਾਂ ਇਹ ਵੀ ਫੋਕਟ ਕਰਮ ਹੈ। ਭੁੱਖੇ ਰਹਿਣ ਨਾਲ ਦੁੱਖ ਝੱਲਦੇ ਹਨ ਅਤੇ ਅੰਨ ਦਾ ਸੁਆਦ ਗੁਆਉਂਦੇ ਹਨ। ਜੋ ਕਿ ਜ਼ਿੰਦਗੀ ਲਈ ਇਕ ਜ਼ਰੂਰੀ ਲੋੜ ਹੈ।

ਤਾਂ ਫਿਰ ਕੀ ਕਰੀਏ—ਮੁਕਤੀ ਕਿਵੇਂ ਮਿਲੇ :

ਹਉ ਨੀਚ ਕਰਉ ਬੇਨੰਤੀ ਸਾਚ ਨ ਛੋਡਉ ਭਾਈ॥
ਨਾਨਕ ਜਿਸ ਕਰ ਵੇਖਿਆ ਦੇਵੈ ਮੱਤ ਸਾਈ॥
ਭਾਉ ਭਗਤ ਕਰ ਨੀਚ ਸਦਾਏ ਤਉ ਨਾਨਕ ਮੋਖੰਤਰ ਪਾਏ।
ਜਾਤ ਜਨਮ ਨਾ ਪੂਛੀਐ ਸੱਚ ਘਰੁ ਲੇਹੁ ਬਤਾਏ॥
ਸਾ ਜਾਤ ਸਾ ਪਾਤ ਹੈ ਜੇਹੇ ਕਰਮ ਕਮਾਏ॥
ਐਜੀ ਨਾ ਹਮ ਉੱਤਮ ਨੀਚ ਨਾ ਮੱਧਮ॥
ਹਰ ਸਰਣਾਗਤਿ ਹਰ ਕੇ ਲੋਗ॥

ਗੁਰੂ ਨਾਨਕ ਦਾ ਕਹਿਣਾ ਹੈ ਕਿ ਮੈਂ ਨੀਚ, ਜਿਸ ਨੇ ਨੀਚਾਂ ਦਾ ਸਾਥੀ ਬਣਨ ਦਾ ਪ੍ਰਣ ਕੀਤਾ ਤੇ ਵੱਡਿਆਂ, ਭਾਵ ਉੱਚੀਆਂ ਜਾਤਾਂ ਦਾ ਸਾਥ ਤਿਆਗ ਦਿੱਤਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਮਾਜ ਦੇ ਲੋਕੋ ਸੱਚ ਦਾ ਪੱਲਾ ਨਾ ਛੱਡੋ। ਸੱਚ ਹੈ-ਬ੍ਰਾਹਮਣਵਾਦ, ਊਚ-ਨੀਚ, ਜਾਤ-ਪਾਤ, ਛੂਤ-ਛਾਤ, ਕਰਮ ਕਾਂਡ ਦਾ ਮੁਕੰਮਲ ਤਿਆਗ, ਮਨੁੱਖੀ ਬਰਾਬਰੀ, ਭਾਈਚਾਰਾ, ਭਰਾਤਰੀ ਭਾਵ, ਇਨਸਾਫ, ਮਾਇਆ ਰਹਿਤ ਸੋਚ ਆਦਿ ਦੀ ਧਾਰਨਾ। ਗੁਰੂ ਨਾਨਕ ਕਹਿੰਦੇ ਹਨ ਕਿ ਜਿਸਨੇ ਖੁਦ ਇਹ ਕੁਝ ਕੀਤਾ ਹੈ ਉਹੀ ਮੱਤ ਦੇ ਸਕਦਾ ਹੈ। ਉਹੀ ਦੂਜਿਆਂ ਦਾ ਮਾਰਗ ਦਰਸ਼ਨ ਕਰ ਸਕਦਾ ਹੈ।

ਮਨੁੱਖਤਾ ਨੂੰ ਪਿਆਰ ਕਰਕੇ, ਮਨੁੱਖੀ ਕਲਿਆਣ ਦੀ ਜੀਵਨ ਜਾਚ ਸਿੱਖ ਕੇ, ਆਪਣੇ ਆਪ ਨੂੰ ਨੀਚ ਮੰਨ ਕੇ ਭਾਵ ਨਿਉਟਿਆਂ, ਨਿਆਸਰਿਆਂ, ਨਿਮਾਣਿਆਂ-ਨਿਤਾਣਿਆਂ, ਮਹਿਰੂਮਾਂ, ਦੀਨ ਦੁਖੀਆਂ ਦਾ ਸਾਥੀ ਬਣਕੇ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ । ਸਪੱਸ਼ਟ ਹੈ ਕਿ ਮੁਕਤੀ ਮਨੁੱਖ ਕਲਿਆਣ ਦਾ ਮਾਰਗ, ਸੱਚੇ ਮਨ ਨਾਲ ਪਰਣਾ ਕੇ ਹੀ ਪ੍ਰਾਪਤ ਹੋ ਸਕਦੀ ਹੈ, ਵਰਨਾ ਨਹੀਂ । ਮਨੁੱਖਤਾ ਦੇ ਦੁੱਖ ਦੂਰ ਕਰਨਾ ਹੀ ਮੁਕਤੀ ਮਾਰਗ ਹੈ । ਮੁਕਤੀ ਇਕ ਸੰਤੁਸ਼ਟੀ ਹੈ, ਜੋ ਬਹੁਤ ਹੀ ਨਿਰਮਲ ਤੇ ਕਲਿਆਣਕਾਰੀ ਅਮਲ ਕਰਨ ਨਾਲ ਹੁੰਦੀ ਹੈ। ਕਿਸੇ ਦੀ ਜਾਤ ਨਾ ਪੁੱਛੋ ਕਿਉਂਕਿ ਇਸ ਜਾਤ ਨੇ ਸਾਰਾ ਸਮਾਜ ਸੱਪਣੀ ਬਣ ਕੇ ਖਾ ਲਿਆ ਹੈ । ਅਸਲ ਵਿਚ ਸੱਚਾ ਘਰ ਭਾਵ ਸਾਰੇ ਮਨੁੱਖ ਬਰਾਬਰ ਹਨ । ਸਭੇ ਸਾਂਝੀਵਾਲ ਹਨ । ਮਾਨਸ ਕੀ ਜਾਤ ਇਕ ਹੈ, ਕੋਈ ਊਚ-ਨੀਚ ਭੇਦ ਭਾਵ ਨਹੀਂ ਹੈ । ਇਹੀ ਗੱਲ ਪੁੱਛੋ, ਇਹੀ ਗੱਲ ਦੱਸੋ ਤੇ ਇਸ 'ਤੇ ਅਮਲ ਕਰੋ। ਅਸਲ ਵਿਚ ਜਾਤ-ਪਾਤ ਕੀ ਹੈ । ਗੁਰੂ ਦੀ ਨਜ਼ਰ ਵਿਚ ਜਿਹੋ ਜਿਹੇ ਮਾੜੇ ਚੰਗੇ ਕਰਮ ਬੰਦਾ ਇਸ ਜਨਮ ਵਿਚ ਕਰਦਾ ਹੈ, ਉਹੀ ਉਸ ਦੀ ਜਾਤ ਹੈ । ਭਾਵ ਮਾੜੇ ਕੰਮ ਮਾੜੀ, ਚੰਗੇ ਕੰਮ ਚੰਗੀ ਜਾਤ । ਭਾਵ ਗੁਣਾਂ ਨਾਲ ਭਰਪੂਰ ਬੰਦੇ ਦੀ ਜਾਤ ਉੱਚੀ ਹੈ । ਔਗੁਣਾਂ ਨਾਲ ਭਰੇ ਬੰਦੇ ਦੀ ਜਾਤ ਨੀਚ ਹੈ।

ਜਿਵੇਂ ਗੁਰੂ ਰਵਿਦਾਸ ਨੇ ਕਿਹਾ ਹੈ :-

ਰਵਿਦਾਸ ਜਨਮ ਕੇ ਕਾਰਣੇ ਹੋਤ ਨ ਕੋਊ ਨੀਚ।
ਨਰ ਕੋ ਨੀਚ ਕਰ ਡਾਰ ਹੈ ਓਛੇ ਕਰਮ ਕੋ ਨੀਚ॥

ਭਾਈ ਬੰਧੂਓ ! ਆਪਾਂ ਤਾਂ ਨਾ ਉੱਤਮ ਹਾਂ, ਨਾ ਮੱਧਮ ਅਤੇ ਨਾ ਨੀਚ । ਬੱਸ ਇਕ ਅਕਾਲ-ਪੁਰਖ ਜੋ ਸਭ

ਦੁੱਖਾਂ ਦਾ ਦਾਰੂ ਹੈ, ਦੇ ਲੋਕ ਹਾਂ । ਉਸ ਅਕਾਲ ਪੁਰਖ ਦੀ ਇੱਛਾ ਅਨੁਸਾਰ, ਸੰਸਾਰ ਦੇ ਦੁੱਖਾਂ ਦਾ ਕੋਈ ਉਪਾਅ ਕਰਨ ਲੱਗੇ ਹੋਏ ਹਾਂ ।

ਜਾਤ-ਪਾਤ ਤਿਆਗਣਾ ਇੰਝ :-

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥

ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭ ਚੁਕਾਇਆ ॥

ਮੜ੍ਹੀ ਮਸਾਣੀ ਨਹੀਂ ਜਾਣਾ :-

ਦੁਬਿਧਾ ਨ ਪੜਉ, ਹਰਿਬਿਨ ਹੋਰ ਨ ਪੂਜਾਉ, ਮੜੈ ਮਸਾਣਿ ਨ ਜਾਈ ।

ਗੁਰੂ ਵਿਚਾਰ ਨਾਲ ਜਾਤ ਗਈ :-

ਜਾਤਿ ਵਰਨ ਕੁਲ ਸਹਿਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥

ਸਭ ਦੇਵਤੇ ਰੋਗੀ ਹਨ :-

ਬ੍ਰਹਮਾ ਬਿਸਨ ਮਹਾਦੇਉ ਤ੍ਰੈਗੁਣ ਰੋਗੀ ॥

(ਗੁਰਬਾਣੀ)

ਪੰਜੇ ਪ੍ਰਵਾਨ ਹਨ :-

ਪੰਚ ਪਰਵਾਣ, ਪੰਚ ਪ੍ਰਧਾਨ, ਪੰਚੇ ਪਾਵਹਿ ਦਰਗਹਿ ਮਾਨੁ।

ਪੰਚੇ ਸੋਹਹਿ ਦਰਿ ਰਾਜਾਨੁ, ਪੰਚਾ ਕਾ ਗੁਰ ਏਕ ਧਿਆਨੁ॥ (ਗੁਰੂ ਨਾਨਕ)

ਭਾਵ ਪੰਜੇ ਜਾਤੀਆ, ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਅਤੇ ਅਤੀ ਸ਼ੂਦਰ, ਪ੍ਰਵਾਨ ਹੋ ਜਾਂਦੇ ਹਨ । ਪੰਜਾਂ ਨੂੰ ਬਰਾਬਰ ਇੱਜ਼ਤ ਸਨਮਾਨ ਮਿਲਦਾ ਹੈ। ਪੰਜੇ ਹੀ ਗੁਰੂ ਦੀ ਸਿੱਖਿਆ ਸੁਣਕੇ ਅਮਲ ਕਰ ਸਕਦੇ ਹਨ । ਜਦੋਂ ਕਿ ਬ੍ਰਾਹਮਣੀ ਵਰਗ ਵਿਚ ਪਹਿਲੇ ਤਿੰਨ ਪਰਵਾਨ ਹਨ ਬਾਕੀ ਦੋਵੇਂ ਜੇ ਪਹਿਲੇ ਤਿੰਨਾਂ ਦੀ ਤਨ ਮਨ ਤੇ ਧਨ ਨਾਲ ਬਿਨਾਂ ਇੱਛਾ ਦੇ ਸੇਵਾ ਕਰਨ ਤਾਂ ਪ੍ਰਵਾਨ ਹਨ । ਗੁਰਬਾਣੀ ਅਨੁਸਾਰ ਪੰਜੇ ਜਾਤੀਆਂ ਬਰਾਬਰ ਹਨ ।

ਗਿਆਨ ਹੀ ਤੀਰਥ ਹੈ :-

ਤੀਰਥਿ ਨਾਵਣ ਜਾਉ ਤੀਰਥ ਨਾਮੁ ਹੈ।

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।

• • • • • •

ਦੁਬਿਧਾ ਨਾ ਪੜਉ, ਹਰਿ ਬਿਨੁ ਹੋਰ ਨਾ ਪੂਜਉ। ਮੜੈ ਮਸਾਣਿ ਨ ਜਾਈ।

• • • • • •

ਦੇਵਤੇ

ਬ੍ਰਹਮਾ ਬਿਸਨੁ ਮਹੇਸੁ ਨ ਕੋਈ। ਅਵਰੁ ਨ ਦੀਸੈ, ਏਕੋ ਸੋਈ ।

ਇੱਜ਼ਤ ਤੇ ਸਨਮਾਨ :-

ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ॥

ਵਿਚਾਰਧਾਰਾ ਹੀ ਗੁਰੂ ਦੀ ਸੇਵਾ ਹੈ :-

ਗੁਰ ਕੀ ਸੇਵਾ ਸਬਦੁ ਵੀਚਾਰੁ। ਹਉਮੈ ਮਾਰੇ ਕਰਣੀ ਸਾਰੁ॥

ਗਿਆਨ ਨਾਲ ਪਰਉਪਕਾਰੀ ਬਣੇ :

ਵਿਦਿਆ ਵੀਚਾਰੀ ਤਾਂ ਪਰ ਉਪਕਾਰੀ।

ਪੱਥਰ ਦਾ ਦੇਵਤਾ ਤਾਂ ਆਪ ਡੁੱਬਦਾ ਹੈ :-

ਦੇਵੀ ਦੇਵਾ ਪੂਜੀਐ ਭਾਈ। ਕਿਆ ਮਾਗਉ ਕਿਆ ਦੇਹਿ।

ਪਾਹਣੁ ਨੀਰਿ ਪਖਾਲੀਐ ਭਾਈ। ਜਲ ਮਹਿ ਬੂਡਹਿ ਤੇਹਿ ॥

ਗੁਰੂ ਨਾਨਕ ਨੇ ਬ੍ਰਾਹਮਣਵਾਦ ਨੂੰ ਉਸਦੀਆਂ ਤਹਿਆਂ ਤੀਕ ਨਿਖੇੜਿਆ ਹੈ ਤੇ ਸਾਬਤ ਕੀਤਾ ਹੈ ਕਿ ਕਰਮਕਾਂਡਾਂ ਵਿਚ ਰੁੱਝੇ ਲੋਕ ਮਾਇਆ ਦੇ ਵਪਾਰ ਵਿਚ ਗਲਤਾਨ ਹਨ । ਹੋਰ ਇਨ੍ਹਾਂ ਪਾਸ ਕੁਝ ਨਹੀਂ । ਜਦੋਂ ਕੋਈ ਆਲੋਚਕ ਕਿਸੇ ਗੱਲ ਨੂੰ ਗਲਤ ਸਾਬਤ ਕਰਦਾ ਹੈ ਤਾਂ ਉਸ ਦੀ ਵਿਚਾਰਧਾਰਾ ਉਸ ਵਕਤ ਤੱਕ ਸਹੀ ਨਹੀਂ ਮੰਨੀ

ਜਾ ਸਕਦੀ ਜਦੋਂ ਤਕ ਉਹ ਵਰਤਾਰੇ ਦੇ ਵਿਰੁੱਧ ਸਹੀ ਦਿਸ਼ਾ ਨਹੀਂ ਦਰਸਾਉਂਦਾ। ਗੁਰੂ ਨੇ ਅਜਿਹਾ ਕੀਤਾ ਹੈ। ਆਓ ਆਪਾਂ ਗੁਰੂ ਨਾਨਕ ਦੀ ਸਹੀ ਸੋਧ ਦਾ ਨਿਰੀਖਣ ਕਰੀਏ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਨਾਈਏ।

ਗਿਆਨ

ਕੁੰਭੇ ਬੱਧਾ ਜਲ ਰਹੈ ਜਲ ਬਿਨ ਕੁੰਭ ਨਾ ਹੋਇ।
ਗਿਆਨ ਕਾ ਬਧਾ ਮਨ ਰਹੈ ਗੁਰੂ ਬਿਨ ਗਿਆਨ ਨਾ ਹੋਇ।

ਗੁਰੂ ਨਾਨਕ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਿਸ ਤਰ੍ਹਾਂ ਘੜੇ ਦਾ ਬੰਨ੍ਹਿਆ ਪਾਣੀ ਉਸ ਦੇ ਅੰਦਰ ਖਲੋਤਾ ਰਹਿੰਦਾ ਹੈ, ਇਸੇ ਤਰ੍ਹਾਂ ਗਿਆਨ ਇਕ ਅਜਿਹਾ ਘੜਾ ਹੈ ਜੋ ਮਨ ਰੂਪੀ ਪਾਣੀ ਨੂੰ ਬੰਨ੍ਹ ਕੇ ਰੱਖਦਾ ਹੈ, ਪ੍ਰੰਤੂ ਗੁਰੂ ਤੋਂ ਬਿਨਾਂ ਇਹ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਆਓ ਵੇਖੀਏ ਕਿ ਗੁਰੂ ਨੇ ਕਿਸ ਤਰ੍ਹਾਂ ਦਾ ਗਿਆਨ ਸਾਡੇ ਲਈ ਸਥਾਪਤ ਕੀਤਾ ਹੈ।

ਬ੍ਰਾਹਮਣ

ਕਾਇਆ ਬ੍ਰਾਹਮਣ ਮਨ ਹੈ ਧੋਤੀ। ਜਨੇਊ ਧਿਆਨ ਕੁਸਮਾਤੀ॥
ਪਾਂਡੇ ਐਸਾ ਬ੍ਰਹਮ ਬੀਚਾਰ। ਨਾਮੇ ਸੁਚਿ ਨਾਮੋ ਪੜਉ ਨਾਮੇ ਚੱਜ ਅਚਾਰ॥

ਭੇਖਧਾਰੀ ਪੰਡਤ ਨੂੰ ਗੁਰੂ ਨਾਨਕ ਕਹਿੰਦੇ ਹਨ ਕਿ ਇਹ ਸਰੀਰ ਹੀ (ਜੋ ਸਾਰੇ ਹੀ ਜੀਵਾਂ ਦਾ ਹੈ, ਜੋ ਇਕੋ ਜਿਹਾ ਹੈ ਤੇ ਜਿਸ ਦੀ ਕੋਈ ਜਾਤ ਨਹੀਂ, ਸਰੀਰ ਜਿਸਦੀਆਂ ਲੋੜਾਂ ਬਰਾਬਰ ਹਨ) ਅਸਲ ਵਿਚ ਬ੍ਰਾਹਮਣ ਹੈ। ਇਸ ਸਰੀਰ ਦੇ ਅੰਦਰ ਸੂਖਮ ਰਹਿੰਦਾ ਮਨ ਬ੍ਰਾਹਮਣ ਦੀ ਧੋਤੀ ਸੱਚਾ ਗਿਆਨ ਪਾਇਆ ਹੋਇਆ ਜਨੇਊ ਹੈ। ਤੇ ਬਿਰਤੀ ਧਿਆਨ ਕੁਸਮਾਤੀ ਹੈ। ਭਾਵ ਬ੍ਰਾਹਮਣ ਨੂੰ ਧੋਤੀ ਤੇ ਕੁਸਮਾਤੀ ਦੀ ਥਾਂ, ਸੱਚ ਦੀ ਪ੍ਰਾਪਤੀ ਲਈ ਕਿਹੜੀਆਂ-ਕਿਹੜੀਆਂ ਚੀਜ਼ਾਂ ਚਾਹੀਦੀਆਂ ਹਨ। ਸਰੀਰ, ਮਨ, ਗਿਆਨ ਅਤੇ ਬਿਰਤੀ ਲਗਨ। ਭਾਵ ਸ਼ਕਲ ਜਾਂ ਭੇਖ ਕਿਸੇ ਨੂੰ ਸੁੱਚਾ ਜਾਂ ਉੱਤਮ ਨਹੀਂ ਬਣਾਉਂਦਾ ਸਗੋਂ ਉਹ ਸਰੀਰ, ਜਿਸ ਦਾ ਮਨ ਸ਼ੁੱਧ ਹੈ, ਸਵੱਛ ਹੈ, ਬੇਦਾਗ ਹੈ, ਮਨ ਦੀ ਮੈਲ ਗਿਆਨ ਨਾਲ ਧੋਤੀ ਹੋਈ ਹੈ, ਇਹ ਸਭ ਕੁਝ ਸਹੀ ਲਗਨ, ਸਹੀ ਬਿਰਤੀ ਨਾਲ ਕੀਤਾ ਗਿਆ ਹੋਵੇ, ਇਸ ਵਿਚ ਕੋਈ ਖੋਟ ਨਾ ਹੋਵੇ ਤਾਂ ਬੰਦਾ ਉੱਤਮ ਅਖਵਾ ਸਕਦਾ ਹੈ।

ਪੰਡਤ ਜੀ, ਜੇ ਗਿਆਨ ਨੂੰ ਸਮਝਣਾ ਹੈ ਤਾਂ ਅਜਿਹੀ ਸ਼ਕਲ ਅਖਤਿਆਰ ਕਰੋ। ਇਸ ਸੋਝੀ ਗੁਰੂ ਦੇ ਗਿਆਨ ਤੋਂ ਪੈਂਦੀ ਹੈ, ਜਿਸ ਨੂੰ ਨਾਮ ਕਿਹਾ ਜਾਂਦਾ ਹੈ। ਇਸ ਨਾਮ ਨਾਲ, ਇਸ ਗਿਆਨ ਨਾਲ ਬੰਦਾ ਸੁੱਚਾ ਹੋ ਜਾਂਦਾ ਹੈ। ਇਸ ਨਾਲ ਬੰਦੇ ਨੂੰ ਸੋਝੀ ਪੈਂਦੀ ਹੈ। ਇਸ ਗਿਆਨੀ ਨਾਲ ਜ਼ਿੰਦਗੀ ਜਿਉਣ ਦਾ ਚੱਜ ਆਚਾਰ ਆਉਂਦਾ ਹੈ।

ਸੋ ਬ੍ਰਾਹਮਣ ਜੋ ਬ੍ਰਹਮ ਬੀਚਾਰੇ। ਆਪ ਤਰੈ ਸਗਲੇ ਕੁਲ ਤਾਰੇ।

ਬ੍ਰਾਹਮਣ ਉਹ ਹੈ ਜੋ ਸਾਰੀ ਸ੍ਰਿਸ਼ਟੀ ਦੀ ਰਚਨਾ ਨੂੰ ਠੀਕ ਸਮਝਦਾ ਹੈ ਅਤੇ ਇਸ ਪਸਾਰੇ ਅਤੇ ਵਿਕਾਸ ਦੀ ਸੋਝੀ ਰੱਖਦਾ ਹੈ। ਮਨੁੱਖ ਦੀ ਉਤਪਤੀ ਤੇ ਵਿਕਾਸ ਨੂੰ ਜਾਣਦਾ ਹੈ। ਇਸ ਗਿਆਨ ਨਾਲ ਜਿੱਥੇ ਉਹ ਆਪਣਾ ਭਲਾ ਕਰਦਾ ਹੈ, ਉੱਥੇ ਉਹ ਸਾਰੀਆਂ ਕੁਲਾਂ ਨੂੰ ਹੀ ਗਿਆਨ ਦਾ ਸਹੀ ਰਾਹ ਦਰਸਾਉਂਦਾ ਹੈ। (ਜਦੋਂ ਕਿ ਭਾਰਤੀ ਬ੍ਰਾਹਮਣ ਆਪਣੇ ਆਪ ਨੂੰ ਉੱਚਾ ਸਮਝਕੇ ਦੂਜਿਆਂ ਨੂੰ ਨੀਵਾਂ ਤੇ ਨੀਚ ਸਮਝ ਕੇ ਜ਼ੁਲਮ ਕਰਦਾ ਹੈ। ਉਨ੍ਹਾਂ ਨੂੰ ਲੁੱਟਦਾ ਹੈ। ਲੋਕਾਂ ਨੂੰ ਕਰਮਕਾਂਡਾਂ ਵਿਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਦਾ ਰਸ ਖਤਮ ਕਰ ਦਿੰਦਾ ਹੈ। ਉਨ੍ਹਾਂ ਨੂੰ ਵਾਧੂ ਭਟਕਣਾ ਵਿਚ ਪਾਈ ਰੱਖਦਾ ਹੈ ਤੇ ਆਪ ਉਸ ਭਟਕਣਾ ਦਾ ਲਾਭ ਉਠਾਉਂਦਾ ਹੈ। ਊਚ-ਨੀਚ ਪੈਦਾ ਕਰਕੇ ਕੁਦਰਤ ਦੇ ਸਾਰੇ ਨਿਯਮਾਂ ਦੇ ਖਿਲਾਫ ਇਕ ਝੂਠਾ ਵਪਾਰ ਚਲਾਉਂਦਾ ਹੈ।)

ਸੂਤਕ

ਮਨ ਦਾ ਸੂਤਕ ਲੋਭ ਹੈ, ਜਿਹਵਾ ਸੂਤਕ ਕੂੜ।
ਅਖੀ ਸੂਤਕ ਵੇਖਣਾ ਪਰਤ੍ਰਿਆ ਪਰ ਧਨ ਰੂਪ।
ਕੰਨੀ ਸੂਤਕ ਕੰਨਿ ਪੈ ਲਾਇਤਬਾਰੀ ਖਾਹਿ।
ਸਭੋ ਸੂਤਕ ਭਰਮ ਹੈ, ਦੂਜੇ ਲਗੈ ਜਾਇ।

ਬ੍ਰਾਹਮਣ ਲੋਕਾਂ ਨੇ ਜੋ ਪਵਿੱਤਰ ਅਪਵਿੱਤਰ ਭਾਵ ਸੂਤਕ ਦਾ ਢਕੋਂਚ ਘੜਿਆ ਹੈ, ਉਹ ਝੂਠਾ ਹੈ। ਤਾਂ ਫਿਰ ਸੂਤਕ ਕੀ ਹੈ? ਬੰਦਾ ਅਪਵਿੱਤਰ ਕਿਵੇਂ ਹੁੰਦਾ ਹੈ। ਮਨ ਦੀ ਅਪਵਿੱਤਰਤਾ ਇਸ ਗੱਲ ਵਿਚ ਹੈ ਕਿ ਜਦੋਂ ਉਹ

ਪਦਾਰਥ ਦਾ ਲੋਭ ਕਰਦਾ ਹੈ, ਜਦੋਂ ਉਹ ਆਪਣੇ ਲਈ ਦੂਜਿਆਂ ਦੇ ਹੱਕਾਂ 'ਤੇ ਛਾਪਾ ਮਾਰਦਾ ਹੈ। ਦੂਜਿਆਂ ਦੀ ਕਮਾਈ ਖੋਹ ਕੇ ਆਪਣਾ ਘਰ ਭਰਨ ਦੀ ਕੋਸ਼ਿਸ਼ ਕਰਦਾ ਹੈ। ਜੀਭ ਦੀ ਅਪਵਿੱਤਰਤਾ ਇਸ ਗੱਲ ਵਿਚ ਹੈ ਕਿ ਉਹ ਛਲਾਵਾ ਕਰਦੀ ਹੈ। ਝੂਠ ਬੋਲਦੀ ਹੈ ਜਾਂ ਦੂਜੇ ਨੂੰ ਬੁਰਾ ਤੇ ਨੀਚ ਕਹਿੰਦੀ ਹੈ। ਜਦੋਂ ਉਹ ਮਨ ਦੀ ਗੱਲ ਲੁਕਾਉਂਦੀ ਹੈ, ਜਦੋਂ ਉਹ ਕੁਫਰ ਤੋਲਦੀ ਹੈ ਤੇ ਜਦੋਂ ਮੂੰਹ ਮੇਂ ਰਾਮ ਰਾਮ ਬਗਲ ਮੇਂ ਛੁਰੀ। ਅੱਖਾਂ ਲਈ ਕਿਹੜੀ ਵਸਤੂ ਵਰਜਤ ਹੈ, ਅੱਖਾਂ ਲਈ ਸੂਤਕ ਕੀ ਹੈ ? ਅੱਖਾਂ ਉਸ ਵਕਤ ਅਪਵਿੱਤਰ ਹੁੰਦੀਆਂ ਜਦੋਂ ਉਹ ਪ੍ਰਾਏ ਧਨ, ਰੂਪ ਅਤੇ ਪਰਾਈ ਇਸਤਰੀ ਨੂੰ ਵੇਖ ਕੇ ਲੁਭਾਇਮਾਨ ਹੁੰਦੀਆਂ ਹਨ, ਲਾਲਚ ਵਿਚ ਆਉਂਦੀਆਂ ਹਨ। ਕੰਨ ਉਸ ਵਕਤ ਅਪਵਿੱਤਰ ਹੁੰਦੇ ਹਨ, ਜਦੋਂ ਉਹ ਪਰਾਈ ਨਿੰਦਿਆਂ ਸੁਣਨ ਵਿਚ ਰੁਝੇ ਰਹਿਣ ਕਿਉਂਕਿ ਦੂਜਿਆਂ ਬਾਰੇ ਸੁਣ-ਸੁਣ ਕੇ ਮਨ ਮੰਦਾ ਹੋ ਜਾਂਦਾ ਹੈ। ਬਾਕੀ ਦੇ ਸਾਰੇ ਬ੍ਰਾਹਮਣੀ ਸੂਤਕ ਸਭ ਭਰਮ ਹਨ ਜੋ ਅਖੌਤੀ ਬ੍ਰਾਹਮਣਾਂ ਦੇ ਪਾਏ ਹੋਏ ਹਨ। ਇਹ ਭਰਮ ਤੇ ਵਹਿਮ ਇਕ ਤੋਂ ਦੂਜੇ ਨੂੰ ਚਿੰਬੜਦਾ ਰਹਿੰਦਾ ਹੈ।

ਤੀਰਥ

ਤੀਰਥ ਸ਼ਬਦ ਬੀਚਾਰ ਅੰਤਰ ਗਿਆਨ ਹੈ।
ਗੁਰਵਾਕ ਨਿਰਮਲ ਸਦਾ ਚਾਨਣੁ
ਨਿੱਤ ਸਾਚੁ ਤੀਰਥੁ ਮਜਨਾ।

ਗੁਰੂ ਨਾਨਕ ਕਹਿੰਦੇ ਹਨ ਕਿ ਤੀਰਥ ਸ਼ਬਦ ਤੇ ਵਿਚਾਰ ਕਰਨਾ ਹੈ ਭਾਵ ਉਹ ਸ਼ਬਦ, ਜੋ ਗੁਰੂ ਨੇ ਸਿਖਾਇਆ ਹੈ, ਉਸ 'ਤੇ ਚਲਣਾ ਹੈ। ਉਸ ਨੂੰ ਸਮਝ ਕੇ ਸੇਧ ਲੈਣੀ ਹੈ। ਤੀਰਥ ਬਾਰਲਾ ਪਾਣੀ ਨਹੀਂ ਸਗੋਂ ਮੰਨ ਕੇ ਅੰਦਰ ਫੈਲਿਆ ਗਿਆਨ ਹੈ। ਸੋਝੀ ਹੈ, ਸਮਝ ਹੈ। ਸੱਚੇ ਗੁਰੂ ਦਾ ਵਾਕ ਸੁਣਕੇ ਗੁਰੂ ਦੀ ਬੁੱਧੀ ਤੋਂ ਗਿਆਨ ਲੈ ਕੇ, ਸਹੀ ਦਿਸ਼ਾ ਵਿਚ ਵਧਦਿਆਂ, ਸਦਾ ਚਾਨਣ ਰਹਿੰਦਾ ਹੈ, ਸਦਾ ਰੋਸ਼ਨੀ ਰਹਿੰਦੀ ਹੈ। ਭਾਵ ਬੰਦਾ ਭਟਕਣਾ ਵਿਚ ਨਹੀਂ ਪੈਂਦਾ। ਹਨੇਰੇ ਵਿਚ ਟੱਕਰਾਂ ਨਹੀਂ ਮਾਰਦਾ। ਵਹਿਮਾਂ ਭਰਮਾਂ ਵਿਚ ਨਹੀਂ ਪੈਂਦਾ, ਸਗੋਂ ਸਿੱਧਾ ਪੱਧਰਾ ਸਚਾਈ ਦਾ ਜੀਵਨ ਬਤੀਤ ਕਰਦਾ ਹੈ। ਉਹ ਲੋਭ ਲਾਲਚ ਭਰਮ ਅਤੇ ਭਟਕਣਾ ਤੋਂ ਦੂਰ ਰਹਿੰਦਾ ਹੈ। ਜਿਥੇ ਹਰ ਚੀਜ਼ ਦਾ ਕਰਮ ਦਾ ਪੂਰਾ ਗਿਆਨ ਹੈ, ਪੂਰੀ ਸੋਝੀ ਹੈ ਉੱਥੇ ਪੂਰਾ ਚਾਨਣ ਹੈ।

ਤੀਰਥ ਨਾਵਣ ਜਾਉ ਤੀਰਥ ਨਾਮ ਹੈ ਤੀਰਥ ਸ਼ਬਦ ਬੀਚਾਰੁ ਅੰਤਰ ਗਿਆਨ ਹੈ।
ਗੁਰੂ ਗਿਆਨ ਸਾਚਾ ਥਾਨਿ ਤੀਰਥੁ ਦਸ ਪੁਰਬ ਸਦਾ ਦੁਸਾਹਰਾ।

ਗੁਰੂ ਨਾਨਕ ਨੇ ਕਿਹਾ ਕਿ ਤੀਰਥ ਨਹਾਉਣਾ ਹੈ ਤਾਂ ਅਸਲੀ ਤੀਰਥ ਨਾਮ ਹੈ। ਸ਼ਬਦ ਹੈ, ਸ਼ਬਦ ਦਾ ਵਿਚਾਰ ਹੈ, ਸੋਝੀ ਹੈ ਸਮਝ ਹੈ। ਤੀਰਥ ਉਹ ਗਿਆਨ ਹੈ, ਜੋ ਮਨ ਅੰਦਰ ਵਸ ਗਿਆ ਹੈ, ਜਿਹੜਾ ਗੁਰੂ ਦੇ ਗਿਆਨ ਤੋਂ, ਸ਼ਬਦ ਤੋਂ, ਗੁਰੂ ਦੇ ਵਿਚਾਰ ਤੋਂ ਪ੍ਰਾਪਤ ਹੁੰਦਾ ਹੈ। ਸੱਚੇ ਗੁਰੂ ਦਾ ਗਿਆਨ ਹੀ ਅਸਲ ਤੀਰਥ ਹੈ। ਇਹ ਗਿਆਨ ਇਹ ਬੁੱਧੀ ਇਹ ਅਕਲ ਹੀ ਉਹ ਸਚਾ ਤੀਰਥ ਅਸ਼ਨਾਨ ਹੈ, ਜਿਥੇ ਬੈਠਿਆਂ ਬੰਦਾ ਦਸਾਂ ਪੁਰਬਾਂ ਦੇ ਦਸ ਤੀਰਥ ਅਸ਼ਨਾਨ ਕਰ ਲੈਂਦਾ ਹੈ।(ਇਹ ਦਸ ਤੀਰਥ ਅਸ਼ਨਾਨ ਬ੍ਰਾਹਮਣ ਨੇ ਇਸ ਤਰ੍ਹਾਂ ਬਣਾਏ ਹੋਏ ਹਨ-(1) ਅਸ਼ਟਮੀ (2) ਚਤੁਰਦਸੀ (3) ਅਮਾਵਸ (4) ਪੂਰਨਮਾਸ਼ੀ (5) ਸੰਗਰਾਂਦ (6) ਉਤਰਾਇਣ (7) ਦਖਣਾਇਣ (8) ਵਯਤਿਪਾਤ (9) ਚੰਨ ਗ੍ਰਹਿਣ (10) ਸੂਰਜ ਗ੍ਰਹਿਣ।) ਸਮੁੱਚਾ ਭਾਵ ਕਿ ਸੱਚੇ ਗੁਰੂ ਤੋਂ ਸਿੱਖਿਆ ਸ਼ਬਦ ਸੁਣਕੇ, ਉਸ 'ਤੇ ਅਮਲ ਕਰਕੇ ਗਿਆਨਵਾਨ ਹੋ ਕੇ, ਬੁੱਧੀਮਾਨ ਹੋ ਕੇ ਬੰਦਾ ਘਰ ਬੈਠਿਆਂ ਹੀ ਤੀਰਥ ਨਹਾ ਲੈਂਦਾ ਹੈ, ਕਿਉਂਕਿ ਉਸ ਨੂੰ ਸੋਝੀ ਆ ਜਾਂਦੀ ਹੈ ਕਿ ਬ੍ਰਾਹਮਣੀ ਤੀਰਥ ਕਰਮ ਕਾਂਡ ਝੂਠੇ ਹਨ। ਇਹ ਕਰਮ ਕਾਂਡ ਸਿਰਫ ਮਾਇਆ ਦਾ ਵਪਾਰ ਹੈ, ਜੋ ਬ੍ਰਾਹਮਣਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਚਲਾ ਛਡਿਆ ਹੈ।

ਰਿਧੁ ਅਤੇ ਸਿਧੁ

ਸਿਧ ਹੋਵਾ ਸਿਧੁ ਲਾਈ ਰਾਖਾ ਰਿਧਿ ਆਖਾ ਆਓ।
ਗੁਪਤ ਪਰਗਟੁ ਹੋਇ ਬੈਸਾ ਲੋਕ ਰਾਖੈ ਭਾਓ।
ਮਤੁ ਦੇਖਿ ਭੂਲਾ ਵੀਸਰੇ, ਤੇਰਾ ਚਿਰ ਨਾ ਆਵੇ ਨਾਓ।

ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਅਜਿਹਾ ਸਿਧ ਜੋਗੀ ਨਹੀਂ ਬਣਨਾ ਚਾਹੁੰਦਾ ਜੋ ਅੱਖਾਂ ਮੀਟ ਕੇ ਲਿਵਲਾਈ ਬੈਠਾ ਹੋਵੇ, ਰਿਧੀਆਂ ਸਿਧੀਆਂ ਆਪਣੇ ਵੱਸ ਵਿਚ ਕਰੀ ਬੈਠਾ ਹੋਵੇ। ਕਦੀ ਛੁਪ ਜਾਣ ਅਤੇ ਕਦੀ ਪਰਗਟ ਹੋ ਜਾਣ ਦੀ ਤਾਕਤ ਰੱਖਦਾ ਹੋਵੇ ਤੇ ਲੋਕ ਉਸ ਤੋਂ ਭੈ ਖਾਂਦੇ ਹੋਣ। ਮੈਂ ਅਜਿਹਾ ਸਿਧ ਨਹੀਂ ਬਣਨਾ ਚਾਹੁੰਦਾ,

ਕਿਉਂਕਿ ਮੈਨੂੰ ਇਜ ਰਹਿੰਦਿਆਂ, ਉਹ ਨਾਮ ਭੁਲ ਜਾਵੇਗਾ ਜੋ ਮੈਂ ਗੁਰੂ ਤੋਂ ਗਿਆਨ ਪ੍ਰਾਪਤ ਕੀਤਾ ਹੈ। ਮੈਂ ਸਿੱਧ ਜੋਗੀ ਬਣਕੇ ਲੋਕਾਂ ਨੂੰ ਠੱਗਣਾ ਨਹੀਂ ਚਾਹੁੰਦਾ। ਉਨ੍ਹਾਂ ਦੀ ਜ਼ਿੰਦਗੀ ਨੂੰ ਭਟਕਣਾਂ ਵਿਚ ਨਹੀਂ ਪਾਉਣਾ ਚਾਹੁੰਦਾ ਤੇ ਨਾ ਹੀ ਮੈਂ ਘਰ ਬਾਰ ਤਿਆਗ ਕੇ, ਦਸਾਂ ਨੌਂਹਾਂ ਦੀ ਕਿਰਤ-ਕਮਾਈ ਛੱਡ ਕੇ ਜ਼ਿੰਦਗੀ ਦਾ ਉਹ ਰਾਹ ਤਿਆਗ ਕੇ, ਜਿਥੇ ਜ਼ਿੰਦਗੀ ਨੇ ਬੰਦੇ ਨੂੰ ਬੜੇ ਸੋਹਣੇ ਮਿੱਠੇ ਰਸ ਦਿੱਤੇ ਹਨ, ਜੰਗਲਾਂ ਵਿਚ ਭਟਕਣਾ ਚਾਹੁੰਦਾ ਹਾਂ। ਮੈਂ ਗ੍ਰਹਿਸਥੀ ਜੀਵਨ ਬਤੀਤ ਕਰਦਿਆਂ, ਹੱਕ ਹਲਾਲ ਦੀ ਕਮਾਈ ਕਰਦਿਆਂ, ਵੰਡਕੇ ਖਾਂਦਿਆਂ, ਬੁੱਧੀ ਅਤੇ ਗਿਆਨ ਨਾਲ ਹਰ ਵਰਤਾਰੇ ਨੂੰ ਘੋਖਦਿਆਂ ਤੇ ਸਹੀ ਰਾਹ ਵੱਲ ਵਧਦਿਆਂ, ਜਿਉਣਾ ਚਾਹੁੰਦਾ ਹਾਂ। ਮੈਂ ਸੰਸਾਰ ਵਿਚ ਰਹਿ ਕੇ ਹੀ, ਘਰ ਦੇ ਜੀਵਨ ਵਿਚ ਰਹਿ ਕੇ ਹੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਤਿਆਗਦਿਆਂ ਜੀਵਨ ਬਤੀਤ ਕਰਨਾ ਚਾਹੁੰਦਾ ਹਾਂ ਅਤੇ ਦੂਜਿਆਂ ਨੂੰ ਵੀ ਸਹੀ ਰਾਹ ਦਰਸਾਕੇ, ਬ੍ਰਾਹਮਣੀ ਕਰਮ ਕਾਂਡ ਤੋਂ ਬਾਹਰ ਕੱਢ ਕੇ, ਚੱਜ ਆਚਾਰ ਨਾਲ ਜਿਉਣਾ ਸਿਖਾਉਣਾ ਚਾਹੁੰਦਾ ਹਾਂ। ਜਿਥੇ ਕਿਰਤ ਦੀ ਵਡਿਆਈ ਹੋਵੇ। ਸਾਰੇ ਸਮਾਨ ਹੋਣ। ਕੋਈ ਜਾਤ-ਪਾਤ ਨਾ ਹੋਵੇ। ਭਾਈਚਾਰਾ ਹੋਵੇ। ਤੀਰਥਾਂ ਦੀ ਭਟਕਣ ਨਾ ਹੋਵੇ। ਝੂਠੀ ਪੂਜਾ ਨਾ ਹੋਵੇ। ਧਰਮ ਦੇ ਨਾਂ 'ਤੇ ਐਸ਼ ਨਾ ਹੋਵੇ, ਜਿਥੇ ਹਰ ਵਰਤਾਰੇ ਨੂੰ ਗਿਆਨ ਦੀ ਕਸਵੱਟੀ 'ਤੇ ਪਰਖ ਕੇ ਜੀਵਿਆ ਜਾਵੇ।

ਮੋਤੀ ਮੰਦਰ

ਮੋਤੀ ਦਾ ਮੰਦਰ ਉਸਰਹਿ ਰਤਨੀ ਹੋਹਿ ਜੜਾਉ।
ਕਸਤੂਰਿ ਕੁੰਗੂ ਅਗਰ ਚੰਦਨਿ ਲੀਪਿ ਆਵੈ ਚਾਉ।
ਮਤਿ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।

ਬ੍ਰਾਹਮਣਾਂ ਦੇ ਮੰਦਰਾਂ ਵਿਚ ਬੇ-ਸ਼ੁਮਾਰ, ਹੀਰੇ ਮੋਤੀ, ਸੋਨਾ-ਚਾਂਦੀ, ਜਵਾਹਰ, ਧਨ-ਦੌਲਤ ਆਦਿ ਪਏ ਹਨ। ਹਮਲਾਵਰਾਂ ਅਤੇ ਬਦੇਸ਼ੀਆਂ ਨੇ ਭਾਰਤ ਦਾ ਇਹ ਵਡਮੁੱਲਾ ਧਨ ਮੰਦਰਾਂ ਉੱਤੇ ਹਮਲੇ ਕਰਕੇ ਲੁੱਟਿਆ। ਅੱਜ ਵੀ ਅਰਬਾਂ ਰੁਪਏ ਦੀ ਇਹ ਦੌਲਤ ਮੰਦਰਾਂ ਦੀ ਸ਼ਿੰਗਾਰ ਹੈ। ਗੁਰੂ ਨਾਨਕ ਨੇ ਇਸ ਆਡੰਬਰ ਦੇ ਵਿਰੁੱਧ ਅਵਾਜ਼ ਉਠਾਉਂਦਿਆਂ ਕਿਹਾ ਹੈ ਕਿ ਜੇ ਸਾਰਾ ਮੰਦਰ ਹੀ ਮੋਤੀਆਂ ਦਾ ਬਣਿਆ ਹੋਵੇ, ਰਤਨਾਂ ਨਾਲ ਉਸ ਨੂੰ ਸ਼ਿੰਗਾਰਿਆਂ ਹੋਵੇ, ਕਸਤੂਰੀ, ਕੰਗੂ ਕੇਸਰ, ਅਗਰਬੱਤੀਆਂ ਅਤੇ ਚੰਦਨ ਦੀ ਲਕੜੀ 'ਚੋਂ ਖੁਸ਼ਬੋਈਆਂ ਉਠਦੀਆਂ ਹੋਣ, ਇਨ੍ਹਾਂ ਵਸਤੂਆਂ ਦਾ ਲੇਪ ਕੀਤਾ ਹੋਵੇ ਤੇ ਵਿਸਮਾਦੂ ਅਨੰਦ ਆ ਰਿਹਾ ਹੋਵੇ, ਹੇ ਰੱਬਾ! ਮੈਨੂੰ ਇਹੋ ਜਿਹੇ ਪਦਾਰਥਾਂ ਦੀ ਲੋੜ ਨਹੀਂ ਕਿ ਮੈਂ ਹੋਰਨਾਂ ਲੋਕਾਂ ਵਾਂਗ ਮੰਦਰਾਂ ਦੀ ਸੁੰਦਰਤਾ ਅਤੇ ਖੁਸ਼ਬੋਈਆਂ ਵਿਚ ਤੇਰਾ ਨਾਮ ਭੁਲ ਜਾਵਾਂ। ਭਾਵ ਜੋ ਸਰਬੱਤ ਦੇ ਭਲੇ ਵਾਲਾ ਰਸਤਾ ਮੈਨੂੰ ਗੁਰੂ ਨੇ ਵਿਖਾਇਆਂ ਹੈ, ਜਿਸ ਨੂੰ ਮਨ ਅਤੇ ਤਨ ਦੇ ਅਮਲ ਨਾਲ ਅਪਣਾਇਆ ਹੈ, ਉਹ ਛੱਡ ਨਾ ਬੈਠਾਂ, ਮੈਂ ਖੁਦ ਹੀ ਭਟਕ ਨਾ ਜਾਵਾਂ ਅਤੇ ਕਿਧਰੇ ਭੋਲੀ ਲੋਕਾਈ ਨੂੰ ਪੁੱਠੇ ਰਾਹ ਨਾ ਪਾ ਦੇਵਾਂ, ਜਿਸ ਨਾ ਕਰੋੜਾਂ ਲੋਕਾਂ ਦਾ ਜਿਉਣਾ ਦੂਭਰ ਹੋ ਜਾਵੇ। ਇਹ ਨਾ ਹੋਵੇ ਕਿ ਮੈਂ ਕਰੋੜਾਂ ਅਰਬਾਂ ਦੇ ਮੰਦਰ ਬਣਾ ਬੈਠਾਂ ਅਤੇ ਗਰੀਬ ਕੱਪੜੇ, ਮਕਾਨ ਨੂੰ ਤਰਸਦੇ ਰਹਿ ਜਾਣ। ਮੈਂ ਤਾਂ ਸੱਚਾ ਮਾਰਗ ਹੀ ਚਾਹੁੰਦਾ ਹਾਂ।

ਕਰਮ ਕੁਕਰਮ

ਕੁਬੁਧਿ ਡੂਮਣੀ ਕੁਦਇਆ ਕਸਾਇਣ।
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲ।
ਕਾਰੀ ਕੱਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲ।

ਗੁਰੂ ਨਾਨਕ ਨੇ ਦੱਸਿਆ ਹੈ ਕਿ ਬ੍ਰਾਹਮਣ ਪਵਿੱਤਰ ਚੌਂਕੇ ਵਿਚ ਕੁਝ ਲਕੀਰਾਂ ਆਪਣੇ ਗਿਰਦ ਵਾਹ ਲੈਂਦਾ ਹੈ ਤੇ ਫਿਰ ਕਿਸੇ ਪਦਾਰਥ ਨਾਲ ਮੁੱਠੀਆਂ ਭਰਕੇ ਡੋਲ੍ਹਕੇ, ਕੋਈ ਮੰਤਰ ਪੜ੍ਹ ਕੇ, ਸ਼ੁੱਭ ਕਾਰਜ ਸ਼ੁਰੂ ਕਰਦਾ ਹੈ ਜਾਂ ਸ਼ੁੱਭ ਕਾਰਜ ਦਾ ਲਗਨ ਤਿਆਰ ਕਰਦਾ ਹੈ। ਆਉਣ ਵਾਲੇ ਸਮੇਂ ਦੇ ਕਸ਼ਟ ਖਤਮ ਕਰਨ ਲਈ ਉਪਰਾਲਾ ਕਰਦਾ ਹੈ। ਪ੍ਰੰਤੂ ਗੁਰੂ ਨਾਨਕ ਕਹਿੰਦੇ ਹਨ ਕਿ ਕੁਬੁਧੀ ਭਾਵ ਬੁੱਧੀ ਹੀਣਤਾ ਭਾਵ, ਮੂਰਖਤਾ ਬੇਸਮਝੀ ਤਾਂ ਉਸ ਦੇ ਦਿਮਾਗ ਨੂੰ ਡੂਮਣੀ ਬਣ ਕੇ ਚੰਬੜੀ ਹੋਈ ਹੈ। ਦਿਲ ਵਿਚ ਕੁਦਇਆ, ਬੇ-ਰਹਿਮੀ ਹੈ, ਕੋਈ ਦਇਆ ਨਹੀਂ, ਟੁੱਕਣ ਲੱਗੀ ਹੋਈ ਹੈ। ਚੂੜੀ ਕੋਈ ਜਾਤ ਨਹੀਂ ਸਗੋਂ ਦੂਜਿਆਂ ਦੀ ਨਿੰਦਾ ਕਰਨਾ, ਦੂਜਿਆ ਦੀ ਬੁਰਾਈ ਕਰਨਾ, ਦੂਜਿਆਂ ਨੂੰ ਮੰਦਾ ਬੋਲਣਾ ਅਸਲ ਵਿਚ ਚੂਹੜਾਪਨ ਹੈ। ਇਹ ਹੀ ਪਰਾਈ ਗੰਦਗੀ ਨੂੰ ਆਪਣੇ ਸਿਰ

ਭੁੰਨਦਾ ਹੈ। ਔਗੁਣ ਹੈ ਜੋ ਜਾਤ ਤੋਂ ਕੁਜਾਤ ਕਰਦਾ ਹੈ। ਦਿਖਾਵੇ ਖਾਤਰ ਲੀਕਾਂ ਕੱਢਣੀਆਂ ਪਰ ਅੰਦਰੋਂ ਕ੍ਰੋਧ ਨਾਲ ਕਰ ਰੱਖਣਾ ਕੋਈ ਧਰਮ ਨਹੀਂ ਹੈ। ਸਗੋਂ ਕ੍ਰੋਧ ਤਾਂ ਇਕ ਚੰਡਾਲ ਹੈ ਜੋ ਸਰੀਰ ਨੂੰ ਭੋਗ-ਭੋਗ ਕੇ ਖਤਮ ਕਰਦਾ ਰਹਿੰਦਾ ਹੈ।

ਤਾਂ ਫਿਰ ਆਪਣੇ ਗਿਰਦ ਜਾਂ ਚਉਕੇ ਗਿਰਦ ਲਕੀਰਾਂ ਕੱਢਣ ਦਾ ਕੀ ਫਾਇਦਾ? ਚਉਕਿਆਂ ਨੂੰ ਪਵਿੱਤਰ ਕਰਨ ਦਾ ਕੀ ਫਾਇਦਾ ਜੇ ਕੁਬੁੱਧ ਡੂਮਣੀ, ਕੁਦਇਆ ਕਸਾਇਣ, ਪਰਨਿੰਦਾ ਚੂਹੜੀ, ਅਤੇ ਕ੍ਰੋਧ ਚੰਡਾਲ ਬਣਕੇ ਮਨ ਨੂੰ, ਸਰੀਰ ਨੂੰ, ਦਿਮਾਗ ਨੂੰ ਚੰਬੜੇ ਹੋਏ ਹਨ। ਅਸਲ ਵਿਚ ਲਕੀਰ ਤਾਂ ਇਨ੍ਹਾਂ ਨੂੰ ਦੂਰ ਰੱਖ ਕੇ ਆਪਣੇ ਅੰਦਰ ਸੱਚ ਅਤੇ ਸੰਜਮ ਭਾਵ ਇਨਸਾਫ ਅਤੇ ਸੰਤੋਖ ਕਮਾਉਣਾ ਹੈ ਅਤੇ ਅਜਿਹੀ ਜ਼ਿੰਦਗੀ ਦੀ ਘਾੜਤ ਘੜਣਾ ਹੈ ਜਿਸ ਅੰਦਰ ਦੂਸਰੇ 'ਤੇ ਜ਼ੁਲਮ ਨਾ ਹੋ ਸਕੇ। ਇਸ ਸਰੀਰ ਰੂਪੀ ਦੇਹੀ ਨੂੰ ਪਾਪਾਂ ਤੋਂ, ਭੈੜੇ ਕੰਮਾਂ ਤੋਂ ਦੂਰ ਰੱਖਿਆ ਜਾਵੇ। ਅਜਿਹੇ ਭੈੜੇ ਕੰਮਾਂ ਤੋਂ ਮੁਕਤ ਅਤੇ ਸ਼ੁੱਭ ਗੁਣ ਗ੍ਰਹਿਣ ਕਰਨ ਵਾਲਾ ਵਿਅਕਤੀ ਹੀ ਹਰ ਥਾਂ ਪ੍ਰਵਾਨ ਹੁੰਦਾ ਹੈ, ਚੰਗਾ ਮੰਨਿਆ ਜਾਂਦਾ ਹੈ। ਜੋ ਦੂਜਿਆਂ ਨੂੰ ਕਸ਼ਟ ਦੇਣ ਦੀ ਥਾਂ ਹਰ ਇਕ ਨਾਲ ਪਿਆਰ ਅਤੇ ਹਮਦਰਦੀ ਦਾ ਵਰਤਾਰਾ ਕਰਦਾ ਹੋਇਆ ਦੂਜਿਆਂ ਦੀ ਲੁੱਟ-ਖੋਹ ਤੋਂ ਦੂਰ ਰਹਿੰਦਾ ਹੈ ਉਹ ਆਦਮੀ ਹੀ ਸ੍ਰੇਸ਼ਟ ਹੈ। ਬ੍ਰਾਹਮਣ ਲੋਕ ਇਨ੍ਹਾਂ ਚਾਰ ਚੰਡਾਲਾਂ ਤੋਂ ਤਾਂ ਬਚ ਨਹੀਂ ਸਕਦੇ, ਨਾ ਉਨ੍ਹਾਂ ਪਾਸ ਬੁੱਧੀ ਹੈ, ਨਾ ਗਿਆਨ ਹੈ, ਨਾ ਉਨ੍ਹਾਂ ਪਾਸ ਦਇਆ ਹੈ, ਨਾ ਉਹ ਪਰਾਈ ਨਿੰਦਾ ਤੋਂ ਬਚ ਸਕਦੇ ਹਨ, ਤਾਂ ਫਿਰ ਆਟੇ ਦੀਆਂ ਲਕੀਰਾਂ ਕੱਢਣ ਦਾ ਕੀ ਫਾਇਦਾ। ਅਸਲ ਧਰਮ ਤਾਂ :-

ਸੱਚੁ ਸੰਜਮਿ ਕਰਣੀ ਕਾਰਾ ਤੀਰਥੁ ਨਾਉ ਜਪੇਹੀ।
ਨਾਨਕ ਅੱਗੇ ਉਤਮ ਸੇਈ ਜੇ ਪਾਪਾਂ ਪੰਦ ਨਾ ਦੇਹੀ।
ਖੋਟੇ ਵਣਜ ਤੇ ਉੱਤਮ ਨੀਚ :-
ਲਬੁ ਕੁੱਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰ।
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲ।
ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ।

ਗੁਰੂ ਨਾਨਕ ਕਹਿੰਦੇ ਹਨ, ਬੰਦੇ ਦਾ ਲੋਭ ਲਾਲਚ ਹੀ ਉਸ ਦੇ ਮਨ ਵਿਚ ਵਸਿਆ ਕੁੱਤਾ ਹੈ। ਤੇ ਜੋ ਕੂੜ ਕੁਫਰ ਉਹ ਬੋਲਦਾ ਹੈ, ਉਹ ਹੈ ਝੂਠ। ਅਜਿਹੇ ਕੂੜ ਝੂਠ ਬੋਲਣ ਵਾਲੇ ਲੋਕ ਹੀ ਚੂਹੜੇ ਹਨ ਨਾ ਕਿ ਵਿਸ਼ੇਸ਼ ਜਾਤੀ ਦੇ ਲੋਕ (ਜਿਨ੍ਹਾਂ ਨੂੰ ਬ੍ਰਾਹਮਣੀ ਵਰਤਾਰੇ ਨੂੰ ਨੀਚ ਬਣਾ ਕੇ ਚੂੜ੍ਹੇ ਕਿਹਾ ਹੈ) ਉਹ ਲੋਕ ਅਸਲ ਵਿਚ ਮੁਰਦਾਰ ਖਾਂਦੇ ਹਨ, ਦੂਜਿਆਂ ਦਾ ਮਾਸ ਖਾਂਦੇ ਹਨ ਤੇ ਦੂਜਿਆਂ ਨੂੰ ਠਗਦੇ ਹਨ। ਚਾਹੇ ਉਹ ਠੱਗੀ ਧਰਮ ਦੇ ਨਾਂ 'ਤੇ ਹੋਵੇ ਤੇ ਚਾਹੇ ਦੁਕਾਨਦਾਰੀ ਜਾਂ ਵਿਵਹਾਰ ਵਿਚ। ਜੋ ਵੀ ਬੰਦਾ ਕਿਸੇ ਵੀ ਢੰਗ ਨਾਲ ਕਿਸੇ ਹੋਰ ਦੇ ਮਾਲ ਨਾਲ ਆਪਣਾ ਘਰ ਪੇਟ ਭਰਦਾ ਹੈ, ਅਸਲ ਵਿਚ ਉਹ ਬੰਦਿਆਂ ਦਾ ਮਾਸ, ਖਾਣਾ, ਖੂੰਖਾਰ, ਵਹਿਸ਼ੀ ਹੈ। ਦੂਜਿਆਂ ਦੀ ਬੁਰਾਈ ਕਰਨਾ, ਦੂਜਿਆਂ ਲਈ ਬੁਰਾ ਸੋਚਣਾ, ਨਿੰਦਿਆ ਕਰਨਾ, ਦੂਜਿਆਂ ਨੂੰ ਘਟੀਆ ਬਣਾਉਣਾ ਜਾਂ ਸਮਝਣਾ ਹੀ ਦੂਜਿਆਂ ਦੀ ਬੁਰਾਈ ਨੂੰ ਆਪਣੇ ਸਿਰ ਲੈਣਾ ਹੈ। ਦੂਜਿਆਂ ਦੀ ਮੈਲ ਨੂੰ ਆਪਣੇ ਮਨ 'ਤੇ ਅਸਰਦਾਰ ਕਰਨਾ ਹੈ, ਜਿਸ ਤੋਂ ਮਨੁੱਖ ਨੂੰ ਸ਼ੁੱਧ ਰਹਿਣਾ ਚਾਹੀਦਾ ਹੈ। ਏਸੇ ਤਰ੍ਹਾਂ ਬੰਦੇ ਦਾ ਦੂਜਿਆਂ ਪ੍ਰਤੀ ਕ੍ਰੋਧ ਇਕ ਚੰਡਾਲ ਰੂਪੀ ਅਗਨੀ ਹੈ, ਜੋ ਮਨ ਨੂੰ, ਸਰੀਰ ਨੂੰ ਜਲਾਉਂਦੀ ਰਹਿੰਦੀ ਹੈ। ਜੋ ਆਦਮੀ ਲੋਭ ਲਾਲਚ ਤੋਂ ਕੂੜ ਬੋਲਣ ਤੋਂ, ਠੱਗੀ ਮਾਰਨ ਤੋਂ, ਦੂਜਿਆਂ ਦੀ ਬੁਰਾਈ ਕਰਨ ਤੋਂ, ਕ੍ਰੋਧ ਤੋਂ ਛੁਟਕਾਰਾ ਪਾ ਲੈਂਦਾ ਹੈ ਉਹੀ ਆਦਮੀ ਉਤਮ ਹੁੰਦਾ ਹੈ। ਉੱਚਾ ਹੁੰਦਾ ਹੈ। ਉਸ ਨੂੰ ਹੀ ਉਤਮ ਹੋਣ ਦੀ ਪਦਵੀ ਮਿਲ ਸਕਦੀ ਹੈ। ਪ੍ਰੰਤੂ ਜੋ ਇਸ ਨਹੀਂ ਕਰਦੇ, ਲੋਭ ਲਾਲਚ ਕੂੜ ਠੱਗੀ ਬੁਰਾਈ ਕ੍ਰੋਧ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਚਲਦੇ ਹਨ ਉਹ, ਨੀਚ ਹਨ ਕਿਉਂਕਿ ਉਨ੍ਹਾਂ ਦੇ ਕਰਮ ਨੀਚ ਹਨ। ਉਹ ਹਮੇਸ਼ਾ ਰੋਂਦੇ ਹਨ, ਦੁਖੀ ਹਨ। ਭਾਵ ਕੋਈ ਜਾਤ ਕਾਰਨ ਬ੍ਰਾਹਮਣ, ਕਸ਼ੱਤਰੀ, ਵੈਸ਼, ਜੱਟ ਆਦਿ ਕਹਾ ਕੇ ਉਤਮ ਨਹੀਂ ਹੋ ਸਕਦਾ ਤੇ ਨਾ ਹੀ ਜਾਤ ਕਾਰਨ ਕੋਈ ਚੂਹੜਾ ਚਮਿਆਰ ਕਹਾ ਕੇ ਨੀਚ ਹੁੰਦਾ ਹੈ। ਇਹ ਤਾਂ ਬ੍ਰਾਹਮਣਾ ਦਾ ਬਣਾਇਆ ਇਕ ਢਕਵੰਜ ਹੈ ਜਿਸ ਦੇ ਨਾਂ 'ਤੇ ਕਰੋੜਾਂ ਲੋਕਾਂ ਨਾਲ ਠੱਗੀ ਕੀਤੀ ਜਾਂਦੀ ਹੈ। ਕੁਝ ਜਾਤਾਂ ਨੂੰ ਉਤਮ ਮੰਨ ਕੇ ਸਾਰੇ ਅਧਿਕਾਰ ਦੇ ਦਿੱਤੇ ਗਏ ਹਨ। ਬਾਕੀਆਂ ਨੂੰ ਨੀਚ ਜਾਤ ਬਣਾਕੇ ਸਾਰੇ ਕੰਮ ਸੌਂਪ ਦਿੱਤੇ ਹਨ, ਜਿਨ੍ਹਾਂ ਦੇ ਫਰਜ਼ ਹਨ, ਅਧਿਕਾਰ ਕੋਈ ਨਹੀਂ ਤੇ ਇਉਂ ਉਹ ਗਰੀਬੀ ਤੇ ਕੰਗਾਲੀ ਦਾ ਪਸ਼ੂਆਂ ਤੋਂ ਭੈੜਾ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਰਹੇ ਹਨ ਅਤੇ ਮਜਬੂਰ ਕੀਤੇ ਜਾਂਦੇ ਹਨ।

ਗੁਰੂ ਨਾਨਕ ਕਹਿੰਦੇ ਹਨ ਕਿ ਜਾਤ ਕੋਈ ਉੱਚਾ ਨਹੀਂ ਹੁੰਦਾ। ਭੈੜੇ ਕੰਮਾਂ ਕਰਕੇ ਹੀ ਬੰਦਾ ਨੀਚ ਹੁੰਦਾ ਹੈ। ਸਿਰਫ ਚੰਗੇ ਸਰਬੱਤ ਦੀ ਭਲਾਈ ਵਾਲੇ ਕੰਮ ਕਰਕੇ ਹੀ ਬੰਦਾ ਉੱਚਾ ਅਖਵਾ ਸਕਦਾ ਹੈ। ਜਿਸ ਦਾ ਕਿਰਦਾਰ ਉੱਚਾ ਹੋਵੇ ਇਖਲਾਕ ਉੱਚਾ ਸੁੱਚਾ ਹੋਵੇਗਾ, ਉਹ ਹੀ ਉਤਮ ਅਖਵਾ ਸਕਦਾ ਹੈ।

ਸੱਚੀ ਦਾਨ ਦੱਛਣਾ

ਇਕ ਦੱਖਿਣਾ ਹਉ ਤੈ ਪਹਿ ਮਾਗਉ ਦੇਹੁ ਆਪਣਾ ਨਾਮ।
ਪੰਚ ਤਸਕਰ ਧਾਵਤ ਰਾਖੇ ਚੂਕਾ ਮਨ ਅਭਿਮਾਨ।
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨ।

ਬ੍ਰਾਹਮਣੀ ਕਰਮ ਕਾਂਡ ਅਨੁਸਾਰ, ਬ੍ਰਾਹਮਣ ਤੋਂ ਧਰਮ ਦਾ ਕੰਮ ਕਰਵਾਉਂਦਿਆਂ ਉਸ ਦੇ ਬਦਲੇ ਵਿਚ ਬ੍ਰਾਹਮਣ ਨੂੰ ਧਨ ਦੌਲਤ, ਸੋਨਾ ਚਾਂਦੀ ਆਦਿ ਦੀ ਦੱਛਣਾ ਦਿੱਤੀ ਜਾਂਦੀ ਹੈ। ਕਈ ਰੂਪਾਂ ਵਿਚ ਤਾਂ ਇਹ ਦਾਨ ਦੱਛਣਾ ਪੱਕੇ ਤੌਰ 'ਤੇ ਹੀ ਨਿਸ਼ਚਤ ਹੈ। ਉਸ ਤੋਂ ਘੱਟ ਉਹ ਪ੍ਰਾਪਤ ਨਹੀਂ ਕਰਦੇ।

ਪ੍ਰੰਤੂ ਗੁਰੂ ਨਾਨਕ ਨੇ ਇਸ ਤਰ੍ਹਾਂ ਦੀ ਧੱਕੜਸ਼ਾਹੀ, ਦਾਨ ਦੱਛਣਾ ਦੇ ਉਲਟ ਜੋ ਮੰਗਿਆ ਹੈ, ਉਹ ਇਸ ਪ੍ਰਕਾਰ ਹੈ :-

ਮੈਂ ਇਹ ਦੱਛਣਾ ਤੇਰੇ ਤੋਂ ਮੰਗਦਾ ਹਾਂ ਕਿ ਤੂੰ ਮੈਨੂੰ ਆਪਣਾ ਨਾਮ ਦੇਹ, ਗੁਰੂ ਗਿਆਨ ਦੇਹ, ਸ਼ਬਦ ਗਿਆਨ ਦੇਹ, ਬੁੱਧੀ ਦੇਹ, ਸਮਝ ਦੇਹ, ਸੋਝੀ ਦੇਹ। ਜਦੋਂ ਦੇ ਮੈਂ ਪੰਜ ਚੋਰ ਵੱਸ ਕਰ ਲਏ ਹਨ, ਕਾਮ ਕ੍ਰੋਧ ਆਦਿ ਤਾਂ ਮੇਰੇ ਮਨ ਦਾ ਸਾਰਾ ਹੰਕਾਰ ਜਾਂਦਾ ਰਿਹਾ ਹੈ। ਮੈਂ ਕਸ਼ੱਤਰੀ ਹੁੰਦਿਆਂ ਹੋਇਆਂ ਵੀ ਨੀਚਾਂ ਦਾ ਧਿਰਕਾਰਿਆਂ ਹੋਇਆ ਦਾ, ਸਤਾਇਆਂ ਹੋਇਆਂ ਦਾ ਸਾਥੀ ਬਣਿਆ ਤੇ ਜਿਥੇ ਨੀਚ ਵਸਦੇ ਹਨ, ਉਥੇ ਮੈਂ ਰਹਿੰਦਾ ਹਾਂ। ਮੈਂ ਉਨ੍ਹਾਂ ਦਾ ਸਾਥ ਪਾਲਿਆ ਹੈ ਤੇ ਉਚੀ ਜਾਤ ਦਾ ਝੂਠਾ ਗੁਮਾਨ ਤੋੜ ਦਿੱਤਾ ਹੈ। ਇਹ ਦਰਅਸਲ ਤੇਰੇ ਨਾਮ ਦਾ ਹੀ ਕ੍ਰਿਸ਼ਮਾ ਹੈ। ਮੈਂ ਪੰਜਾ ਤਸਕਰਾਂ ਤੋਂ ਪਿੱਛਾ ਛੁਡਾ ਲਿਆ ਹੈ। ਮੈਂ ਗ੍ਰਿਹਸਥੀ ਬਣਿਆ ਹਾਂ ਪਰ ਕਾਮੀ ਨਹੀਂ। ਮੈਂ ਕ੍ਰੋਧ ਕਰਕੇ ਦੂਜਿਆਂ ਨੂੰ ਡਰਾਉਂਦਾ ਨਹੀਂ। ਨਾਂ ਹੀ ਮੈਨੂੰ ਪਦਾਰਥਾਂ ਦਾ ਐਨਾ ਲੋਭ ਹੈ ਕਿ ਮੇਰਾ ਘਰ ਭਰ ਜਾਵੇ ਤੇ ਦੂਜੇ ਭਾਵੇਂ ਭੁੱਖੇ ਮਰਨ ਤੇ ਦੁਖੀ ਹੋਣ। ਮੈਂ ਇਨ੍ਹਾਂ ਮੋਹਗ੍ਰਸਤ ਵੀ ਨਹੀਂ ਕਿ ਆਪਣੇ ਗਿਆਨ ਨੂੰ ਚਾਰਦੀਵਾਰੀ ਅੰਦਰ ਹੀ ਕੈਦ ਕਰ ਰੱਖਾਂ। ਮੈਂ ਤਾਂ ਇਸ ਗਿਆਨ ਦੇ ਦੀਪ ਨੂੰ ਦੂਰ ਦੇਸ਼ ਦੇਸ਼ਾਂਤਰਾਂ ਤੀਕ ਘੁਮਾਵਾਂਗਾ ਤੇ ਪਾਖੰਡਾਂ ਵਿਰੁੱਧ ਅਵਾਜ਼ ਬੁਲੰਦ ਕਰਾਂਗਾ। ਮੈਂ ਹੰਕਾਰੀ ਨਹੀਂ ਹਾਂ। ਨਾ ਮੈਨੂੰ ਸਾਧੂ ਹੋਣ ਦਾ ਘੁਮੰਡ ਹੈ ਤੇ ਨਾ ਮੈਂ ਉੱਚੀ ਜਾਤ ਦਾ ਹੰਕਾਰ ਕਰਦਾ ਹਾਂ।

ਮੇਰੀ ਵਿਸ਼ੇ ਵਿਕਾਰਾਂ ਵਾਲੀ ਸੋਚ ਤੇ ਦੁਰਮਤ ਭਾਵ ਕਬੁੱਧ, ਮਨ ਦੀ ਲਾਲਸਾ ਸਭ ਖਤਮ ਹੋ ਗਈ ਹੈ। ਮੈਂ ਤੇਰੇ ਦਿੱਤੇ ਗਿਆਨ ਤੋਂ ਅਜਿਹੀ ਸੁਮੱਤ ਪਾ ਲਈ ਹੈ ਜੋ ਸਾਰੇ ਬ੍ਰਹਮ ਨੂੰ, ਸਾਰੀ ਸ੍ਰਿਸ਼ਟੀ ਨੂੰ ਸਮਝ ਸਕੇ ਅਤੇ ਸਹੀ ਗੱਲ ਦਾ ਨਿਰਨਾ ਕਰ ਸਕੇ। ਹੁਣ ਜਦੋਂ ਕਿ ਮੈਂ ਤੇਰਾ ਗਿਆਨ ਹਾਸਲ ਕਰਕੇ ਪਰਮਾਰਥ ਦਾ, ਧਰਮ ਦਾ ਕੰਮ ਸ਼ੁਰੂ ਕੀਤਾ ਹੈ ਤਾਂ ਦਾਨ-ਦੱਛਣਾ ਵਜੋਂ ਮੈਂ ਤੇਰੇ ਤੋਂ ਹੇਠ ਲਿਖੀਆਂ ਵਸਤੂਆਂ ਦੀ ਮੰਗ ਕਰਦਾ ਹਾਂ :-

ਜਤ ਸਤ ਚਾਵਲ ਦਇਆ ਕਣਕ ਕਰ ਪ੍ਰਾਪਤ ਪਾਤੀ ਧਾਨੁ।
ਦੂਧ ਕਰਮ ਸੰਤੋਖ ਘੀਉ ਕਰ ਐਸਾ ਮਾਂਗਿਓ ਦਾਨੁ।
ਖਿਮਾਂ ਧੀਰਜ ਕਰ ਗਊ ਲਵੇਰੀ ਸਹਜੇ ਬਛਰਾ ਖੀਰ ਪੀਐ।
ਸਿਫਤ ਸਰਮ ਕਾ ਕਪੜਾ ਮਾਗਉ ਹਰਿ ਗੁਣ ਨਾਨਕ ਰਵਤੁ ਰਹੈ।

ਭਾਵ ਚਾਵਲਾਂ ਦਾ ਥਾਂ ਮੈਨੂੰ ਜਤ ਸਤ ਚਾਹੀਦੇ ਹਨ। ਮੈਂ ਜਤੀ ਹੋਵਾਂ, ਸੱਚਾ ਹੋਵਾਂ। ਕਣਕ ਦੀ ਥਾਂ 'ਤੇ ਮੈਂ ਚਾਹੁੰਦਾ ਹਾਂ ਕਿ ਮੇਰੇ ਮਨ ਅੰਦਰ ਦਇਆ ਭਾਵ ਹੋਵੇ। ਪੱਤਲ ਅਤੇ ਧਨ ਦੌਲਤ ਦੀ ਥਾਂ ਮੈਂ ਅਮਲਾਂ ਦੀ ਪ੍ਰਾਪਤੀ ਚਾਹੁੰਦਾ ਹਾਂ। ਭਾਵ ਜੋ ਮੈਂ ਕਹਿਆ ਹੈ, ਉਹ ਕਰਾਂ। ਦੁੱਧ ਦੀ ਥਾਂ 'ਤੇ ਮੈਨੂੰ ਨੇਕ ਕਰਮ ਕਰਨ ਦੀ ਤਾਕਤ ਮਿਲਣੀ ਚਾਹੀਦੀ ਹੈ। ਘਿਓ ਦੀ ਥਾਂ 'ਤੇ ਸਬਰ ਸੰਤੋਖ ਹੋਵਣ। ਮੈਂ ਅਜਿਹਾ ਦਾਨ ਮੰਗਦਾ ਹਾਂ। ਮੈਨੂੰ ਲਵੇਰੀ ਗਊ ਦੇ ਦਾਨ ਦੀ ਥਾਂ ਧੀਰਜ ਧਮਲ ਅਤੇ ਹੌਸਲਾ ਚਾਹੀਦਾ ਹੈ। ਕਿਸੇ ਨੂੰ ਮੁਆਫ ਕਰ ਸਕਣ ਦੀ ਤਾਕਤ ਚਾਹੀਦੀ ਹੈ, ਜਿਸ ਰਾਹੀਂ ਮਨ ਦਾ ਬਛਰਾ ਸਹਿਜ ਸੁਭਾਅ ਦੀ ਖੀਰ ਦਾ ਸੁਆਦ ਮਾਣਦਾ ਰਹੇ। ਮੈਨੂੰ ਸਿਫਤ ਸ਼ਰਮ ਦਾ ਕੱਪੜਾ ਮਿਲੇ ਭਾਵ ਮੈਂ ਮਾੜੇ ਮੰਦੇ ਕਰਮਾਂ ਤੋਂ ਸਦਾ ਛੁਟਕਾਰਾ ਪਾ ਸਕਾਂ, ਸੰਕੋਚ ਕਰ ਸਕਾ ਅਤੇ ਚੰਗੇ ਗੁਣਾਂ, ਸੋਚਣੀ ਅਤੇ ਅਮਲਾਂ ਦਾ ਧਾਰਨੀ ਹੋ ਸਕਾਂ। ਸੋ ਮੈਨੂੰ ਦਾਨ ਦੱਛਣਾ ਵਿਚ ਗੁਣ ਦਿੱਤੇ ਜਾਣ ਜੋ ਸਦਾ ਮੇਰੇ ਅੰਦਰ ਰਵੇ ਰਹਿਣ,

ਵਸੇ ਰਹਿਣ। ਮੈਨੂੰ ਚਾਵਲ ਕਣਕ, ਕੱਪੜਾ, ਲਵੇਰੀਆਂ, ਪੱਤਲ, ਧਨ ਮਾਲ ਦੀ ਕੋਈ ਜ਼ਰੂਰਤ ਨਹੀਂ ਹੈ। ਮੈਨੂੰ ਤਾਂ ਸ੍ਰੇਸ਼ਠ ਗੁਣਾਂ ਦੀ ਦਾਨ ਦੱਛਣਾ ਚਾਹੀਦੀ ਹੈ, ਜਿਸ ਨਾਲ ਮੈਂ ਖ਼ੁਦ ਵੀ ਤਰ ਸਕਾਂ ਤੇ ਸਾਰੇ ਸੰਸਾਰ ਨੂੰ ਤਾਰ ਸਕਾਂ।

ਗੁਰੂ ਨਾਨਕ ਅਨੁਸਾਰ ਸਪੱਸ਼ਟ ਹੈ ਕਿ ਬ੍ਰਾਹਮਣੀ ਕਰਮ ਕਾਂਡ ਵਿਚ ਆਉਂਦੀ ਦਾਨ ਦੱਛਣਾ ਧਰਮ ਕਰਮ ਨਹੀਂ। ਇਹ ਤਾਂ ਇਕ ਉਹ ਲੋਭ ਲਾਲਚ ਤੇ ਹਿਰਸ ਹੈ। ਸ਼ਿਕਾਰੀ ਤਿਲਕ ਲਾ ਕੇ, ਜੰਞੂ ਪਾਕੇ, ਧੋਤੀ ਟਿੱਕਾ ਲਾ ਕੇ, ਮੂਰਤੀਆਂ ਸਜਾ ਕੇ, ਤੀਰਥ ਸਜਾ ਕੇ, ਨਰਕ ਸੁਰਗ ਉਸਾਰਕੇ, ਦੇਵੀ ਦੇਵਤਿਆਂ ਦੀ ਪੂਜਾ ਕਰਕੇ ਕਰਵਾਕੇ, ਦਾਨ ਦੱਛਣਾ ਲੈ ਕੇ, ਕਰੋੜਾਂ ਲੋਕਾਂ ਦੀ ਜ਼ਿੰਦਗੀ ਦਾ ਚਿੱਟੇ ਦਿਨ ਲਹੂ ਪੀ ਰਿਹਾ ਹੈ। ਕਰੋੜਾਂ ਲੋਕਾਂ, ਕਾਮਿਆਂ, ਗਰੀਬਾਂ ਦੀ ਕਮਾਈ ਹੜੱਪ ਕਰ ਰਿਹਾ ਹੈ।

ਗੁਰੂ ਨਾਨਕ ਲੁਕਾਈ ਨੂੰ ਉਸ ਪ੍ਰਕਾਰ ਦੇ ਕਰਮਕਾਂਡ ਤੋਂ ਛੁਟਕਾਰਾ ਦਿਵਾਉਣ ਲਈ, ਜਤਸਤ, ਦਇਆ ਕਰਮ, ਸੰਤੋਖ, ਕਹਿਣੀ, ਕਰਨੀ, ਗਿਆਨ, ਬੁੱਧੀ ਦੀ ਗੁਣਾਤਮਕ ਤਬਦੀਲੀ ਲਈ ਘੋਲ ਕਰ ਰਹੇ ਹਨ। ਗਰੀਬ ਕਾਮੇ ਤੇ ਗੁੰਮਰਾਹ ਕੀਤੇ ਲੋਕਾਂ ਨੂੰ ਲੁੱਟ ਤੋਂ ਬਚਾਉਣ ਲਈ ਸੰਘਰਸ਼ ਕਰ ਰਹੇ ਹਨ।

ਖੋਟੇ ਵਣਜ

ਖੋਟੇ ਵਣਜ ਵਣੰਜਿਐ, ਮਨੁ ਤਨੁ ਖੋਟਾ ਹੋਇ।
ਫਾਹੀ ਫਾਥੇ ਮਿਰਗ ਜਿਉ ਦੂਖ ਪਾਵੈ ਨਿਤ ਹੋਇ।
ਖੋਟੇ ਜਾਤਿ ਨਾ ਪਾਤਿ ਹੈ ਖੋਟਿ ਨਾ ਸੀਝਸਿ ਸੋਇ।
ਖੋਟੇ ਖੋਟੁ ਕਮਾਵਣਾ ਆਇ ਗਇਆ ਪਤ ਖੋਇ।

ਗੁਰੂ ਨਾਨਕ ਕਹਿੰਦੇ ਹਨ ਕਿ ਧਰਮ ਦੇ ਨਾਂ 'ਤੇ ਠੱਗੀਆਂ ਮਾਰਦੇ, ਕੂੜ ਬੋਲਦੇ, ਘਟਿ ਤੋਲਦੇ, ਮਾਇਆ ਦਾ ਵਪਾਰ ਕਰਦੇ, ਦੂਜਿਆਂ ਦੀ ਕਮਾਈ 'ਤੇ ਪਲਦੇ ਲੋਕ ਅਸਲ ਵਿਚ ਖੋਟਾ ਵਪਾਰ ਕਰਦੇ ਹਨ। ਉਹ ਸਾਬਤੇ ਬੰਦਿਆਂ ਨੂੰ ਨਿਗਲ ਜਾਂਦੇ ਹਨ। ਜਦੋਂ ਉਨ੍ਹਾਂ ਦਾ ਮਨ ਪਾਪਾਂ ਅਤੇ ਖੋਟਾਂ ਨਾਲ ਭਰਿਆ ਹੋਇਆ ਹੈ ਤਾਂ ਉਨ੍ਹਾਂ ਦਾ ਸਰੀਰ ਵੀ ਖੋਟਾ, ਨਿਕੰਮਾ ਤੇ ਵਿਹਲੜ ਹੋ ਗਿਆ ਹੈ। ਉਹ ਦੂਜਿਆਂ ਦੀ ਮਿਹਨਤ ਕਿਰਤ ਕਮਾਈ 'ਤੇ ਵਾਧੂ ਬੋਝ ਹਨ, ਜੋਕਾਂ ਹਨ। ਉਹ ਖੋਟੇ ਵਪਾਰ ਵਿਚ ਪੈ ਕੇ ਉਸ ਹਿਰਨ ਵਰਗੇ ਹੋ ਗਏ ਹਨ, ਜੋ ਪਰਾਈਆਂ ਅੰਗੂਰੀਆਂ ਚਰਦਾ ਜਾਲ ਵਿਚ ਫਸ ਗਿਆ ਹੈ। ਉਹ ਇਸ ਕੂੜ ਵਪਾਰ ਤੋਂ ਛੁਟਕਾਰਾ ਨਹੀਂ ਪਾ ਸਕਦੇ। ਉਹ ਮਾਇਆ ਗ੍ਰਸਤ ਹਨ, ਕਾਮ ਗ੍ਰਸਤ ਹਨ, ਲੋਭ ਲਾਲਚ ਗ੍ਰਸਤ ਹਨ। ਹੰਕਾਰੀ ਹਨ, ਹਿਰਸੀ ਹਨ, ਕ੍ਰੋਧੀ ਹਨ, ਬੇਇਨਸਾਫੀ ਹਨ, ਲੁਟੇਰੇ ਹਨ, ਠੱਗ ਹਨ। ਪਰ ਉਹ ਮਾਇਆ ਦੇ ਇਸ ਵਰਤਾਰੇ ਨੂੰ ਛੱਡਣ ਲਈ ਤਿਆਰ ਨਹੀਂ ਹੁੰਦੇ। ਦੂਜਿਆਂ ਨੂੰ ਦੁਖੀ ਕਰਦੇ ਹਨ ਅਤੇ ਆਪ ਵੀ ਦੁਖੀ ਰਹਿੰਦੇ ਹਨ। ਅਜਿਹੇ ਖੋਟੇ ਲੋਕਾਂ ਦੀ ਕੋਈ ਜਾਤ ਨਹੀਂ ਹੁੰਦੀ। ਜਦੋਂ ਠੱਗੀ ਮਾਰਨੀ ਹੁੰਦੀ ਹੈ, ਦੂਜਿਆਂ ਦੀ ਮਿਹਨਤ ਤੇ ਛਾਪਾ ਮਾਰਨਾ ਹੁੰਦਾ ਹੈ ਤਾਂ ਬ੍ਰਾਹਮਣ, ਜੋ ਅਖੌਤੀ ਉੱਚ-ਜਾਤ ਦਾ ਹੈ, ਉਹ ਵੀ ਜਾਤ ਕੁਜਾਤ ਨਹੀਂ ਵੇਖਦੇ। ਇਉਂ ਇਨ੍ਹਾਂ ਦੀ ਕਿਹੜੀ ਇੱਜ਼ਤ ਬਣਦੀ ਹੈ। ਅਜਿਹੇ ਖੋਟੇ, ਘਟੀਆ ਕਿਰਦਾਰ ਦੇ ਬੰਦਿਆਂ ਨੂੰ ਅਸਲੀਅਤ ਦੀ, ਸੱਚ ਦੀ ਸੋਝੀ ਨਹੀਂ ਹੁੰਦੀ। ਖੋਟੇ ਲੋਕ ਜ਼ਿੰਦਗੀ ਭਰ ਖੋਟੇ ਕੰਮ ਕਰਦੇ ਹਨ। ਲੁੱਟ ਪੁੱਟ ਕੇ ਖਾਂਦੇ ਹਨ। ਅਨੇਕ ਪਾਖੰਡ ਕਰਦੇ ਹਨ। ਧਰਤੀ 'ਤੇ ਆਉਂਦੇ ਹਨ ਮਰ ਜਾਂਦੇ ਹਨ, ਪਰ ਅਜਿਹੇ ਗੰਦੇ ਕਿਰਦਾਰ ਦੇ ਬੰਦਿਆਂ ਦੀ ਕੋਈ ਇੱਜ਼ਤ ਨਹੀਂ ਹੁੰਦੀ। ਦੁਨੀਆ ਉਨ੍ਹਾਂ ਨੂੰ ਯਾਦ ਨਹੀਂ ਕਰਦੀ।

ਮਾਇਆ

ਬਾਬਾ ਮਾਇਆ ਸਾਥ ਨਾ ਹੋਇ। ਇਨ ਮਾਇਆ ਜਗ ਮੋਹਿਆ॥ ਬਿਰਲਾ ਬੂਝੈ ਕੋਇ।

ਗੁਰੂ ਨਾਨਕ ਕਹਿੰਦੇ ਹਨ ਕਿ ਮਾਇਆ, ਜਿਸ ਲਈ ਬ੍ਰਾਹਮਣ ਨੇ ਜਾਲ ਵਿਛਾ ਰੱਖਿਆ ਹੈ, ਇਹ ਮਾਇਆ ਜਿਸ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ, ਰਿਸ਼ੀ-ਮੁਨੀ, ਦੇਵੀ ਦੇਵਤੇ ਗਲਤਾਨ ਰਹੇ, ਕੋਈ ਧਨ ਦੇ ਅੰਬਾਰ ਇਕੱਠੇ ਕਰਦਾ ਰਿਹਾ, ਕੋਈ ਕਾਮ ਗ੍ਰਸਤ ਰਿਹਾ, ਕੋਈ ਭਟਕਦਾ ਰਿਹਾ, ਕੋਈ ਲੜਦਾ ਲੜਾਉਂਦਾ ਰਿਹਾ, ਇਹ ਮਰਨ ਤੋਂ ਬਾਅਦ ਸਾਥ ਨਹੀਂ ਜਾਂਦੀ। ਜਿਵੇਂ ਅੱਜ ਵੀ ਵੱਡੇ-ਵੱਡੇ ਸਾਧ ਸੰਤਾਂ ਨੇ ਅਰਬਾਂ ਦੀ ਜਾਇਦਾਦ ਬਣਾ ਰੱਖੀ ਹੈ ਤੇ ਉਹ ਮਾਇਆ ਤਿਆਗਣ ਦਾ ਸਬਕ ਦਿੰਦੇ ਹਨ। ਕਰੋੜਾਂ ਲੋਕਾਂ ਨੂੰ ਠੱਗ ਕੇ, ਕਰੋੜਾਂ ਰੁਪਏ ਦੇ ਡੇਰੇ ਸਥਾਪਤ ਕਰੀ ਬੈਠੇ ਹਨ। ਉਨ੍ਹਾਂ ਪਾਸ ਸੋਨਾ ਹੈ, ਕਾਰਾਂ ਹਨ, ਬੰਗਲਿਆਂ ਵਰਗੇ ਧਰਮ

ਸਥਾਨ ਹਨ, ਧਾਮ ਹਨ। ਜਿਥੇ ਅਨੇਕਾਂ ਗੁਰਦੁਆਰਿਆਂ ਅਤੇ ਮੰਦਰਾਂ ਵਿਚ ਅਰਬਾਂ-ਖਰਬਾਂ ਰੁਪਏ ਦਾ ਸੋਨਾ ਚਾਂਦੀ ਇਕੱਠਾ ਕੀਤਾ ਗਿਆ ਹੈ। ਦੂਜੇ ਪਾਸੇ ਕਰੋੜਾਂ ਲੋਕ ਗਰੀਬੀ ਕਾਰਨ ਮਰ ਰਹੇ ਹਨ, ਭੁੱਖੇ ਹਨ, ਕੰਗਾਲ ਹਨ ਪਰ ਧਰਮ ਸਥਾਨਾਂ ਵਿਚ ਕਰੋੜਾਂ, ਅਰਬਾਂ, ਖਰਬਾਂ ਦੀ ਜਾਇਦਾਦ ਜਮ੍ਹਾਂ ਹੋ ਰਹੀ ਹੈ।

ਇਥੇ ਗੁਰੂ ਨਾਨਕ ਕਹਿੰਦੇ ਹਨ ਕਿ ਇਸ ਮਾਇਆ ਨੇ ਸਾਥ ਜਾਣਾ ਨਹੀਂ। ਇਸ ਮਾਇਆ ਦੇ ਮੋਹ ਨੇ ਸਾਰੇ ਲੋਕਾਂ ਨੂੰ ਜਾਲ ਵਿਚ ਫਸਾਇਆ ਹੋਇਆ ਹੈ। ਮਾਇਆ ਪਿੱਛੇ ਹੀ, ਲੋਕ ਧਰਮ ਦੇ ਨਾਂ 'ਤੇ ਝੂਠੇ ਸਮਾਜਿਕ ਰੁਤਬੇ ਲਈ ਕਰੋੜਾਂ ਲੋਕਾਂ ਦਾ ਗਲਾ ਕੱਟ ਰਹੇ ਹਨ। ਉਨ੍ਹਾਂ ਦੀ ਕਮਾਈ ਹੜੱਪ ਕਰ ਰਹੇ ਹਨ। (ਸਿੱਖ ਸਾਧ ਤੇ ਭਾਈ ਵੀ ਆਪਣੇ ਆਪ ਨੂੰ ਇਸ ਨਾਲੋਂ ਵੱਖ ਨਾ ਸਮਝਣ) ਪਰ ਇਸ ਗੱਲ ਦੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਆਪਣੀ ਉਮਰ ਨੂੰ ਇਕ ਹੱਟੀ ਬਣਾ ਲਉ। ਇਸ ਵਿਚ ਗੁਰੂ ਦੇ ਸੱਚੇ ਸ਼ਬਦਾਂ ਦਾ ਸੌਦਾ ਰੱਖੋ। ਗੁਰੂ ਤੋਂ ਮਿਲੀ ਸੋਝੀ ਦਾ ਵਪਾਰ ਕਰੋ। ਇਸ ਵਪਾਰ ਲਈ ਜੋ ਗੁਦਾਮ ਬਣਾਇਆ ਹੈ, ਉਹ ਸੱਚੀ ਲਗਨ ਤੇ ਸੋਚ ਦਾ ਬਣਾਇਆ ਹੋਣਾ ਚਾਹੀਦਾ ਹੈ। ਭਾਵ ਲਗਨ ਨਾਲ ਸੱਚ ਝੂਠ ਤੇ ਵਿਚਾਰ ਕਰਦੇ ਰਹਿਣਾ ਚਾਹੀਦਾ ਹੈ। ਸੱਚੇ ਨਾਮ ਦਾ ਸੌਦਾ, ਗੁਰੂ ਦੇ ਗਿਆਨ ਦਾ ਸੌਦਾ, ਸੁਰਤੀ ਅਤੇ ਸੋਚ ਦੇ ਗੁਦਾਮ ਵਿਚ ਹਰ ਵਕਤ ਪਿਆ ਰਹਿਣਾ ਚਾਹੀਦਾ ਹੈ। ਕਦੇ ਮੁਕਣਾ ਨਹੀਂ ਚਾਹੀਦਾ।

ਗੁਰੂ ਨਾਨਕ ਦਾ ਇਸ ਤਰ੍ਹਾਂ ਦੇ ਵਪਾਰ ਤੋਂ ਕੀ ਭਾਵ ਹੈ ? ਇਹੀ ਕਿ ਧਰਮ ਦੇ ਨਾਂ 'ਤੇ (ਚਾਹੇ ਉਹ ਕੋਈ ਵੀ ਕਰਦਾ ਹੋਵੇ) ਜਦੋਂ ਵੀ ਮਾਇਆ ਵਪਾਰ ਹੁੰਦਾ ਹੈ, ਉਹ ਕੂੜ ਤੇ ਝੂਠ ਹੈ, ਫਰੇਬ ਹੈ, ਛਲ ਕਪਟ ਹੈ, ਧੋਖਾ ਹੈ। ਗੁਰੂ ਨਾਨਕ ਅਜਿਹੇ ਵਪਾਰ ਦੇ ਵਿਰੋਧ ਵਿਚ ਇਕ ਸੰਸਾਰ ਵਿਆਪੀ ਵਿਚਾਰ, ਪੇਸ਼ ਕਰਦੇ ਹਨ ਕਿ ਉਮਰ ਭਰ ਸੌਦਾ ਸੱਚੇ ਸੌਦੇ ਦੀ ਹੱਟੀ ਕਰੋ। ਸੱਚਾ ਸੌਦਾ ਲਗਨ ਅਤੇ ਬੁੱਧੀ ਦੇ ਅਨੁਸਾਰ ਅਤੇ ਅਧਾਰ 'ਤੇ ਹੋਣਾ ਚਾਹੀਦਾ ਹੈ ਜੋ ਗੁਰੂ ਦੇ ਗਿਆਨ ਦੀ ਕਸਵੱਟੀ 'ਤੇ ਪੂਰਾ ਉਤਰਦਾ ਹੋਣਾ ਚਾਹੀਦਾ ਹੈ। ਉਸ ਤਰ੍ਹਾਂ ਦਾ ਵਪਾਰ ਮਨੁੱਖੀ ਕਲਿਆਣ ਲਈ ਸੱਚ ਦਾ ਵਪਾਰ ਹੋਵੇਗਾ। ਇਸ ਵਿਚ ਝੂਠ ਫਰੇਬ ਲਈ ਥਾਂ ਨਹੀਂ ਹੋ ਸਕਦੀ।

ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਸਮਝਦਾ ਹਾਂ ਕਿ ਅਜਿਹੇ ਮਨੁੱਖ ਜੋ ਸੱਚੇ ਹਨ, ਸੰਤੋਖੀ ਹਨ, ਗਿਆਨੀ, ਧਿਆਨੀ ਹਨ, ਦਇਆਵਾਨ ਹਨ, ਉਹ ਉੱਚੇ ਅਤੇ ਉੱਤਮ ਹਨ। ਧੋਤੀ ਦੀ ਥਾਂ ਜੁਗਤੀ ਸਿੱਖੋ ਕਿ ਕਿਵੇਂ ਧਰਮੀ ਆਦਮੀ ਬਣ ਸਕੀਦਾ ਹੈ। ਗਾਂ ਦੇ ਗੋਹੇ ਨਾਲ ਸਵਾਰੇ ਚੌਂਕੇ ਦੀ ਥਾਂ, ਸੁਰਤੀ ਨੂੰ, ਧਿਆਨ ਨੂੰ, ਲਗਨ ਨੂੰ ਸ਼ੁੱਧ ਕਰੋ। ਤਿਲਕ ਦੀ ਥਾਂ ਅਮਲ ਕਰਨਾ ਸਿੱਖੋ। ਭੇਖਾਂ ਪਾਖੰਡਾਂ ਨਾਲ ਜਾਂ ਆਪ ਕੁਚੱਜੇ ਹੋ ਕੇ ਦੂਜਿਆਂ ਨੂੰ ਮੰਦਾ ਬੋਲਣ ਨਾਲ ਕੁਝ ਨਹੀਂ ਬਣਦਾ। ਜੇ ਭੋਜਨ ਪਵਿੱਤਰ ਕਰਕੇ ਖਾਧਾ ਜਾਂਦਾ ਹੈ ਉਸ ਦੀ ਥਾਂ ਪਿਆਰ ਸਿੱਖੋ। ਜਿਹੜਾ ਇਸ ਗੱਲ ਨੂੰ ਸਮਝ ਕੇ ਅਮਲ ਵਿਚ ਲਿਆ ਸਕਦਾ ਹੈ। ਉਹ ਵਿਰਲਾ ਹੀ ਹੁੰਦਾ ਹੈ। ਇਹ ਸਾਰਿਆਂ ਦੇ ਵੱਸ ਦਾ ਰੋਗ ਨਹੀਂ।

ਬ੍ਰਾਹਮਣ

ਸੋ ਬ੍ਰਾਹਮਣ ਜੋ ਬਿੰਦੇ ਬ੍ਰਹਮ। ਜਪ ਤਪ ਸੰਜਮ, ਕਮਾਵੇ ਕਰਮ। ਸੀਲ ਸੰਤੋਖ ਕਾ ਰਾਖੈ ਧਰਮ।
ਬੰਧਨ ਤੋੜੈ ਹੋਵੈ ਮੁਕਤ। ਸੋਈ ਬ੍ਰਾਹਮਣ ਪੂਜਣ ਜੁਗਤ।

ਗੁਰੂ ਨਾਨਕ ਕਹਿੰਦੇ ਹਨ : ਬ੍ਰਾਹਮਣ ਉਹ ਨਹੀਂ ਜੋ ਤਿਲਕ ਲਾਉਂਦਾ ਹੈ, ਧੋਤੀ ਪਹਿਨਦਾ ਹੈ, ਜਨੇਊ ਪਾਉਂਦਾ ਹੈ, ਤੀਰਥਾਂ 'ਤੇ ਰਹਿੰਦਾ ਹੈ, ਵੇਦ ਕਤੇਬ ਪੜ੍ਹਦਾ ਹੈ, ਪੂਜਾ ਲੈਂਦਾ ਹੈ, ਦਾਨ ਦੱਛਣਾ ਲੈਂਦਾ ਹੈ, ਕ੍ਰਿਆ ਕਰਮ ਕਰਦਾ ਹੈ, ਪੱਤਰੀ ਵਾਚਦਾ ਹੈ, ਜਨਮ ਕੁੰਡਲੀਆਂ ਬਣਾਉਂਦਾ ਹੈ, ਚਾਉਂਕੇ ਪਵਿੱਤਰ ਕਰਦਾ ਹੈ, ਚੁਲੀਆਂ ਭਰਦਾ ਹੈ, ਭਿੱਟ ਦੇ ਸਿਧਾਂਤ ਨੂੰ ਚਲਾਉਂਦਾ ਹੈ, ਜਾਤ-ਪਾਤ ਪੈਦਾ ਕਰਦਾ ਹੈ, ਵਰਤ ਰੱਖਦਾ ਤੇ ਰਖਾਉਂਦਾ ਹੈ, ਜਪ ਤਪ ਕਰਦਾ ਹੈ, ਮੂਰਤੀਆਂ ਦੀ ਪੂਜਾ ਪਾਠ ਕਰਦਾ ਜਾਂ ਕਰਵਾਉਂਦਾ ਹੈ ਅਤੇ ਸੂਤਕ ਮੰਨਦਾ ਹੈ ਆਦਿ। ਅਜਿਹੇ ਭੇਖੀ ਪਾਖੰਡੀ ਬੰਦਿਆਂ ਨੂੰ ਬ੍ਰਾਹਮਣ ਨਹੀਂ ਕਿਹਾ ਜਾ ਸਕਦਾ। ਬ੍ਰਾਹਮਣ ਤਾਂ ਗਿਆਨੀ ਦਾ ਨਾਂ ਹੈ। ਜੋ ਸਾਰੇ ਬ੍ਰਹਿਮੰਡ ਦੀ ਸੋਝੀ ਰੱਖਦਾ ਹੈ ਤੇ ਸਹੀ ਗਿਆਨ ਵੰਡਦਾ ਹੈ। ਉਹ ਜਨਮ ਜਾਤ ਤੋਂ ਸੰਕੋਚ ਕਰਦਾ ਹੈ। ਦਸਾਂ ਨੌਹਾਂ ਦੀ ਕਿਰਤ ਕਮਾਈ ਕਰਦਾ ਹੈ। ਗਿਆਨ ਤੇ ਬੁੱਧੀ ਨਾਲ ਸੱਚ ਦਾ ਵਪਾਰ ਕਰਦਾ ਹੈ। ਸਰਬੱਤ ਦੇ ਭਲੇ ਵਿਚ ਵਿਸ਼ਵਾਸ ਰੱਖਦਾ ਹੈ। ਮਾਇਆ ਦੇ ਵਪਾਰ ਦੀ ਥਾਂ ਸਰਬ ਸੰਤੋਖ ਦਾ ਜੀਵਨ ਬਤੀਤ ਕਰਦਾ ਹੈ। ਦੂਜਿਆਂ ਦੀ ਪੂਜਾ 'ਤੇ ਨਹੀਂ ਰਹਿੰਦਾ। ਉਹ ਸੀਲ ਹੈ, ਸ਼ਰੀਫ ਹੈ, ਦਇਆਵਾਨ ਹੈ ਤੇ ਮਨੁੱਖਾਂ ਨੂੰ ਪਿਆਰ ਕਰਨਾ ਵਾਲਾ ਹੈ। ਸੰਤੋਖ ਉਸ ਦੇ ਅੰਦਰ ਭਰਿਆ ਹੈ। ਇਨ੍ਹਾਂ ਗੁਣਾਂ ਦੀ ਹੀ ਉਹ ਸ਼ਰਮ ਕਰਦਾ ਹੈ। ਮਾਇਆ ਦੇ ਕਾਮ, ਕ੍ਰੋਧ,

ਲੇਖ, ਮਿਹ, ਨੌਕਾਰ, ਜਾਤ-ਪਾਤ, ਪਵਿੱਤਰ, ਉੱਚ-ਨੀਚ, ਵੇਦ ਕਤੇਬਾਂ ਦੇ ਵਿਖਾਵੇ ਮਾਤਰ ਪਾਠ ਪੂਜਾ, ਤੀਰਥ,
ਇਸ਼ਨਾਨ ਵਰਤ ਕੇ ਪੰਡਤ ਪੂਜਾ ਦੇ ਬੰਧਨ ਤੋੜਕੇ ਇਸ ਤਰ੍ਹਾਂ ਦੇ ਝੂਠੇ ਕਰਮ ਕਾਂਡ ਦੀ ਭਟਕਣ ਤੋਂ ਮੁਕਤੀ ਪ੍ਰਾਪਤ
ਕਰ ਲੈਂਦਾ ਹੈ।

ਅਜਿਹਾ ਗੁਣੀ ਗਿਆਨੀ ਬ੍ਰਾਹਮਣ ਹੀ ਪੂਜਣ ਯੋਗ ਹੈ। ਪੁਰਸ਼ ਦਾ ਇਕ ਕਰਮ ਹੈ, ਸੱਚਾ ਸੁੱਚਾ ਧਰਮ।
ਕੋਈ ਵਿਅਕਤੀ ਵੀ ਬ੍ਰਾਹਮਣ (ਗਿਆਨੀ) ਹੋ ਸਕਦਾ ਹੈ, ਜੋ ਉਪਰੋਕਤ ਗੁਣਾਂ ਦਾ ਧਾਰਨੀ ਹੈ।

ਕਰਮ ਕਾਂਡ

ਸੱਚ ਵਰਤ ਸੰਤੋਖ ਤੀਰਥ ਗਿਆਨ ਧਿਆਨ ਇਸ਼ਨਾਨ।
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ।
ਜੁਗਤਿ ਧੋਤੀ ਸੁਰਤਿ ਚਉਕਾ ਤਿਲਕ ਕਰਣੀ ਹੋਇ।
ਭਾਉ ਭੋਜਨ ਨਾਨਕਾ ਵਿਰਲਾ ਤ ਕੋਈ ਕੋਇ।

ਬ੍ਰਾਹਮਣੀ ਕਰਮ ਕਾਂਡ ਅਨੁਸਾਰ ਵਰਤ ਤੀਰਥ ਇਸ਼ਨਾਨ, ਦੇਵੀ-ਦੇਵਤਿਆਂ ਦੀ ਪੂਜਾ ਅਰਚਨਾ, ਮਾਲਾ
ਫੇਰਨਾ, ਧੋਤੀ ਚਉਕਾ ਪਵਿੱਤਰ ਕਰਕੇ ਬੈਠਣਾ, ਤਿਲਕ ਲਗਾਉਣਾ ਤੇ ਸੁੱਚੇ ਹੋ ਕੇ ਭੋਜਨ ਕਰਨਾ, ਮੁਕਤੀ ਅਤੇ
ਮਨੁੱਖੀ ਗਤੀ ਦਾ ਇਕੋ ਇਕ ਰਾਹ ਹੈ। ਪਰ ਗੁਰੂ ਨਾਨਕ ਨੇ ਇਸ ਰਾਹ ਨੂੰ ਮਾਇਆ ਦਾ ਧੰਦਾ ਕਿਹਾ ਹੈ ਅਤੇ ਇਸ
ਦੇ ਨਾਲ ਹੀ ਉਹ ਸੱਚ ਦਾ ਰਾਹ ਦੱਸਦੇ ਹਨ। ਵਰਤ ਦੀ ਥਾਂ 'ਤੇ ਮਨੁੱਖ ਸੱਚਾ ਹੋਵੇ, ਇਹੀ ਉਸ ਦਾ ਵਰਤ ਹੈ,
ਤੀਰਥ ਦੀ ਥਾਂ 'ਤੇ ਸਬਰ ਸੰਤੋਖ ਵਾਲਾ ਹੋਵੇ ਭਾਵ ਦੂਜਿਆਂ ਦੀ ਕਮਾਈ ਖਾਣ ਨਾਲੋਂ ਆਪਣੀ ਕਮਾਈ 'ਤੇ
ਸਬਰ ਕਰੇ। ਤੀਰਥ ਇਸ਼ਨਾਨ ਦੀ ਥਾਂ ਉਸ ਨੂੰ ਸੱਚ ਦਾ ਸਹੀ ਗਿਆਨ ਹੋਣਾ ਚਾਹੀਦਾ ਹੈ, ਉਸ ਦਾ ਧਿਆਨ
ਲਗਨ ਸਦਾ ਇਸ ਸੱਚੇ ਰਾਹ ਵੱਲ ਹੋਵੇ। ਦੇਵਤਿਆਂ ਨੂੰ ਪੂਜਣ ਦੀ ਥਾਂ, ਦਇਆ 'ਚ ਯਕੀਨ ਰੱਖੇ। ਦੂਜਿਆਂ
ਨਾਲ ਪਿਆਰ ਕਰੇ। ਜਪਮਾਲਾ ਦੀ ਥਾਂ ਮਨ 'ਚ ਕਿਸੇ ਦੇ ਗੁਨਾਹ ਨੂੰ ਮੁਆਫ਼ ਕਰ ਦੇਣ ਦੀ ਸ਼ਕਤੀ ਹੋਣੀ
ਚਾਹੀਦੀ ਹੈ।

ਮੈਂ (ਨਾਨਕ) ਇਹ ਗੱਲ ਸਮਝਦਾ ਹਾਂ ਕਿ ਅਜਿਹੇ ਮਨੁੱਖ ਜੋ ਸੱਚੇ ਹਨ, ਸੰਤੋਖੀ ਹਨ, ਗਿਆਨਵਾਨ ਅਤੇ
ਸੱਚੀ ਲਗਨ ਦੇ ਮਾਲਕ ਹਨ, ਦਇਆਵਾਨ ਹਨ, ਮੁਆਫ਼ ਕਰ ਦੇਣ ਵਾਲੇ ਹਨ ਉਹੀ ਅਸਲ ਪ੍ਰਧਾਨ ਹਨ। ਉਹੋ
ਅਤੇ ਉੱਤਮ ਹਨ, ਪਰ ਅਜਿਹੇ ਲੋਕ ਵਿਰਲੇ ਹੀ ਹੁੰਦੇ ਹਨ।

ਸੁੱਚ

ਨਾਨਕ ਚੁਲੀਆ ਸੁੱਚੀਆ ਜੇ ਭਰ ਜਾਣੈ ਕੋਇ। ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤ ਹੋਇ॥
ਬ੍ਰਾਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨ। ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ॥
ਪਾਣੀ ਚਿਤੁ ਨਾ ਧੋਪਈ ਮੁਖ ਪੀਤੇ ਤਿਖ ਜਾਇ। ਪਾਣੀ ਪਿਤਾ ਜਗਤ ਕਾ, ਫਿਰ ਪਾਣੀ ਸਭੁ ਖਾਇ॥

ਬ੍ਰਾਹਮਣ ਕਰਮ ਕਾਂਡ ਅਨੁਸਾਰ ਹਿੰਦੂ ਧਰਮ ਨੂੰ ਮੰਨਣ ਵਾਲੇ ਲੋਕ ਪਾਣੀਆਂ ਦੀਆਂ ਚੁਲੀਆਂ ਭਰਕੇ ਸੁੱਚੇ
ਹੁੰਦੇ ਹਨ। ਸੁੱਚੇ ਦਾ ਅਰਥ ਹੈ ਕਿ ਹੁਣ ਉਨ੍ਹਾਂ ਵਿਚ ਕੋਈ ਛਲਕਪਟ, ਝੂਠ-ਕੂੜ, ਲੋਭ ਲਾਲਚ ਨਹੀਂ ਰਿਹਾ।
ਪਾਣੀ ਨੇ ਉਨ੍ਹਾਂ ਦੇ ਪਿਛਲੇ ਪਾਪ ਧੋ ਦਿੱਤੇ ਹਨ, ਉਹ ਧਰਮੀ ਲੋਕ ਬਣ ਗਏ ਹਨ।

ਪ੍ਰੰਤੂ ਗੁਰੂ ਨਾਨਕ ਨੇ ਵੇਖਿਆ ਕਿ ਅਜਿਹਾ ਧਾਰਮਿਕ ਪਾਖੰਡ ਕਰਕੇ ਹਿੰਦੂ ਲੋਕ ਜਾਂ ਹੋਰ ਲੋਕ ਛਲਕਪਟ
ਕਰਦੇ ਹਨ ਤਾਂ ਉਨ੍ਹਾਂ ਸੁੱਚੇ ਹੋਣ ਦੀ ਅਸਲੀ ਵਿਧੀ ਇਜ ਪੇਸ਼ ਕੀਤੀ :-

ਕਿ ਜੇ ਕਿਸੇ ਨੇ ਸੁੱਚਾ ਹੋਣਾ ਹੈ ਤਾਂ ਚੁਲੀਆਂ ਇਸ ਤਰ੍ਹਾਂ ਭਰੇ। ਜੋ ਗਿਆਨੀ ਅਖਵਾਉਂਦਾ ਹੈ, (ਜਿਵੇਂ
ਬ੍ਰਾਹਮਣ ਦਾ ਅਰਥ ਹੈ, ਬ੍ਰਹਮ ਨੂੰ ਜਾਨਣ ਵਾਲਾ ਗਿਆਨੀ, ਪੰਡਤ ਦਾ ਅਰਥ ਹੈ ਵਿਦਿਆਵਾਨ) ਉਸ ਦੀ
ਅਸਲੀ ਚੁਲੀ ਉਸ ਦਾ ਸਹੀ ਗਿਆਨ ਹੈ। ਜੇ ਉਸ ਪਾਸ ਗਿਆਨ ਨਹੀਂ ਤਾਂ ਉਹ ਪਾਣੀ ਦੀ ਚੁਲੀ ਨਾਲ ਸੁੱਚਾ
ਨਹੀਂ ਹੋ ਸਕਦਾ। ਜੋ ਆਪਣੇ ਆਪ ਨੂੰ ਜੋਗੀ ਅਖਵਾਉਂਦਾ ਹੈ ਤਾਂ ਉਸ ਦਾ ਜੋਗੀਪਣ ਉਸ ਦੇ ਜਤ ਵਿਚ ਹੈ।
ਭਾਵ ਉਹ ਕਾਮੀ ਬੰਦਾ ਨਹੀਂ ਹੋਣਾ ਚਾਹੀਦਾ। ਕਾਮ ਗ੍ਰਸਿਆ ਭੋਗ ਵਿਲਾਸੀ ਹੈ ਤਾਂ ਉਹ ਪਾਣੀ ਦੀਆਂ
ਚੁਲੀਆਂ ਨਾਲ ਸੁੱਚਾ ਕਿਵੇਂ ਹੋ ਸਕਦਾ ਹੈ? ਬ੍ਰਾਹਮਣ ਅੰਦਰ ਜੇ ਸੰਤੋਖ ਨਹੀਂ, ਉਸ ਦੀ ਲਾਲਚ ਅਗਨੀ ਨਹੀਂ
ਬੁਝੀ, ਸਬੂਰੀ ਨਹੀਂ, ਮਾਇਆ ਦਾ ਲੋਭੀ ਲਾਲਚੀ ਹੈ ਤਾਂ ਪਾਣੀ ਦੀਆਂ ਚੁਲੀਆਂ ਨਾਲ ਉਹ ਸੱਚਾ ਨਹੀਂ ਬਣ
ਸਕਦਾ। ਗ੍ਰਿਹਸਥੀ ਬੰਦਾ, ਜੇ ਦਾਨ ਦੇ ਕੇ ਚੁਲੀਆਂ ਭਰ ਕੇ ਸੁੱਚਾ ਹੋਣਾ ਚਾਹੁੰਦਾ ਹੈ, ਨਹੀਂ ਹੋ ਸਕਦਾ, ਜਦੋਂ ਤੀਕ

ਉਸ ਦਾ ਮਨ ਸੁੱਚਾ ਨਹੀਂ। ਜੋ ਰਾਜਾ ਲੋਕਾਂ ਨਾਲ ਇਨਸਾਫ ਨਹੀਂ ਕਰਦਾ, ਉਹ ਭਾਵੇਂ ਲੱਖ ਚੁਲੀਆਂ ਭਰੇ, ਸੱਚਾ ਜਾਂ ਸੁੱਚਾ ਨਹੀਂ ਹੋ ਸਕਦਾ। ਉਸ ਦਾ ਧਿਆਨ ਹਮੇਸ਼ਾ ਸਚਾਈ ਵੱਲ ਰਹੇ ਤੇ ਸਚਾਈ ਦੇ ਅਧਾਰਤ ਨਿਆਂ ਕਰੇ, ਤਾਂ ਹੀ ਉਹ ਸੁੱਚਾ ਹੋ ਸਕਦਾ ਹੈ।

ਪਾਣੀ ਮੂੰਹ ਵਿਚ ਪਾ ਲੈਣ ਨਾਲ ਜਾਂ ਪਾਣੀ ਨਾਲ ਨਹਾ ਲੈਣ ਨਾਲ ਵੀ ਮਨ ਚਿੱਤ ਸੁੱਚਾ ਨਹੀਂ ਹੁੰਦਾ । ਉਸ ਨਾਲ ਤਾਂ ਸਿਰਫ ਪਿਆਸ ਹੀ ਬੁਝ ਸਕਦੀ ਹੈ। ਪਾਣੀ ਜਗਤ ਦਾ ਪਿਤਾ ਹੈ ਭਾਵ ਹਰ ਚੀਜ਼ ਵਸਤੂ ਨੂੰ ਜਨਮ ਦੇਣ ਵਾਲਾ ਹੈ । ਸਾਰੇ ਹੀ ਪਾਣੀ ਦਾ ਕੀਤਾ ਖਾਂਦੇ ਹਨ । ਫਿਰ ਚੁਲੀਆਂ ਭਰਨ ਦੀ ਕਿਹੜੀ ਲੋੜ ਰਹਿ ਗਈ? ਇਉਂ ਗੁਰੂ ਨਾਨਕ ਅਨੁਸਾਰ ਪਾਣੀ ਦੀਆਂ ਚੁਲੀਆਂ ਭਰਨ ਤੇ ਸੁੱਚੇ ਹੋਣਾ ਇਕ ਅੰਧੀ ਰਸਮ ਹੈ, ਜਿਸ ਨਾਲ ਮਨ ਸੁੱਚਾ ਨਹੀਂ ਹੁੰਦਾ । ਮਨ ਸੁੱਚਾ ਕਰਨ ਲਈ ਤਾਂ ਗਿਆਨ, ਜਤ ਸਤ, ਸੰਤੋਖ ਸਬਰ, ਨਿਆਂ ਆਦਿ ਚੰਗੇ ਗੁਣਾਂ ਦੀ ਜ਼ਰੂਰਤ ਹੈ ਨਾ ਕਿ ਪਾਣੀ ਦੀਆਂ ਚੁਲੀਆਂ ਦੀ, ਜੋ ਅਸੀਂ ਨਿੱਤ ਵਰਤਦੇ ਰਹਿੰਦੇ ਹਾਂ ।

ਖੱਤਰੀ

ਖੱਤਰੀ ਸੋ ਜੋ ਕਰਮਨ ਕਾ ਸੂਰੁ ਪੁੰਨ ਦਾਨ ਕਾ ਕਰੈ ਸਰੀਰੁ।
ਖੇਤ ਪਛਾਣੈ ਬੀਜੈ ਦਾਨ ਸੋ ਖੱਤਰੀ ਦਰਗਾਹਿ ਪ੍ਰਵਾਣੁ।

ਬ੍ਰਾਹਮਣ ਤੋਂ ਦੂਜੇ ਨੰਬਰ 'ਤੇ ਖੱਤਰੀ ਦਾ ਦਰਜਾ ਹੈ, ਜਿਸ ਨੂੰ (ਰਿਗਵੇਦ ਅਨੁਸਾਰ) ਬ੍ਰਹਮਾ ਨੇ ਭੁਜਾ ਤੋਂ ਪੈਦਾ ਕੀਤਾ ਹੈ ਤੇ ਸ਼ਕਤੀ ਦਾ ਮਾਲਕ ਬਣਾਇਆ ਹੈ । ਇਜ ਇਹ ਜਾਤਪਾਤੀ ਢਾਂਚੇ ਵਿਚ ਦੂਜੇ ਨੰਬਰ ਦਾ ਉਤਮ ਬੰਦਾ ਹੈ, ਉਚ ਹੈ। ਗੁਰੂ ਨਾਨਕ ਨੇ ਕਿਹਾ ਹੈ ਕਿ ਖੱਤਰੀ ਅਸਲ ਵਿਚ ਉਸ ਬੰਦੇ ਦਾ ਨਾਂ ਹੈ ਜੋ ਕਰਨੀ ਦਾ ਸੂਰਾ ਹੈ। ਜਿਸ ਦੀ ਕਹਿਣੀ ਤੇ ਕਰਨੀ ਵਿਚ ਅੰਤਰ ਨਹੀਂ। ਉਹ ਪਾਪ ਨਹੀਂ ਕਰਦਾ। ਬੁਰੇ ਕਰਮ ਨਹੀਂ ਕਰਦਾ, ਸਗੋਂ ਪੁੰਨਦਾਨ ਕਰਨ ਵਾਲਾ ਭਾਵ ਚੰਗੇ ਕੰਮ ਕਰਨ ਵਾਲਾ ਹੁੰਦਾ ਹੈ । ਉਹ ਚੰਗੇ ਕੰਮ ਜਿਨ੍ਹਾਂ ਨਾਲ ਮਨੁੱਖਤਾ ਨੂੰ ਆਸਰਾ ਮਿਲੇ । ਉਸ ਨੇ ਆਪਣੇ ਸਰੀਰ ਨੂੰ ਲੜਨ ਮਰਨ 'ਤੇ ਨਹੀਂ ਸਗੋਂ ਦਾਨ ਕਰਨ 'ਤੇ ਲਾਇਆ ਹੈ । ਲੋੜਵੰਦ ਨੂੰ ਮਦਦ ਦਿੰਦਾ ਹੈ । ਗਰੀਬ ਦੀ ਹਰ ਤਰ੍ਹਾਂ ਸਹਾਇਤਾ ਕਰਦਾ ਹੈ । ਵੰਡਕੇ ਖਾਂਦਾ ਹੈ । ਖੋਹਦਾ ਨਹੀਂ ਲੁੱਟਦਾ ਨਹੀਂ ।(ਜਿਵੇਂ ਕਸ਼ੱਤਰੀ ਤੋਂ ਬਣਿਆ ਬਾਣੀਆਂ ਸਾਰਿਆਂ ਨੂੰ ਲੁੱਟ-ਲੁੱਟ ਕੇ ਖਾ ਰਿਹਾ ਹੈ) ਉਹ ਵਕਤ ਦੀ ਨਜ਼ਾਕਤ ਨੂੰ ਸਮਝਕੇ ਹੀ ਠੀਕ ਸਮੇਂ 'ਤੇ ਠੀਕ ਕੰਮ ਕਰਦਾ ਹੈ । ਹਮੇਸ਼ਾ ਭਲਾਈ ਵਾਲਾ ਕੰਮ ਕਰਦਾ ਹੈ । ਮਜ਼ਲੂਮ ਦੀ ਰੱਖਿਆ ਕਰਦਾ ਹੈ । ਅਜਿਹੇ ਆਦਮੀ, ਜੋ ਕਹਿਣੀ ਤੇ ਕਰਨੀ ਦੇ ਸੱਚੇ-ਸੁੱਚੇ ਹਨ, ਜੋ ਦਾਨੀ ਹਨ, ਦੂਜਿਆਂ ਦੀ ਸਹਾਇਤਾ ਕਰਦੇ ਹਨ, ਅਜਿਹੇ ਭਲੇ ਲੋਕ ਹੀ ਅੱਗੇ ਪਿੱਛੇ ਮਾਨਤਾ ਪ੍ਰਾਪਤ ਕਰਦੇ ਹਨ । ਉਹ ਲੋਕਜੋ ਬਲ ਦੇ ਸਿਰ'ਤੇ ਦੂਜਿਆਂ ਨੂੰ ਲੁੱਟਦੇ ਹਨ, ਲਤਾੜਨ ਲੱਗੇ ਹੋਏ ਹਨ, ਦੂਜਿਆਂ ਦਾ ਖੂਨ ਪੀ ਰਹੇ ਹਨ, ਦੂਜਿਆਂ ਦਾ ਘਾਣ ਕਰ ਰਹੇ ਹਨ, ਉਹ ਖੱਤਰੀ ਨਹੀਂ ਹੋ ਸਕਦੇ । ਅਸਲ ਖੱਤਰੀ ਤਾਂ ਮਨੁੱਖਤਾ ਦੀ ਸਹਾਇਤਾ ਕਰਨ ਵਾਲਾ ਹੀ ਹੋ ਸਕਦਾ ਹੈ।

ਜੋਗੀ

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।

ਜੋਗੀ ਮੁੰਦਰਾਂ ਪਾ ਕੇ ਝੋਲੀ ਬੰਨ੍ਹਕੇ, ਸੁਆਹ ਮਲ ਕੇ, ਗੋਦੜੀ ਲੈ ਕੇ ਤੇ ਹੱਥ ਵਿਚ ਡੰਡਾ ਫੜ੍ਹਕੇ ਜੋਗ ਕਮਾਉਣ ਦਾ ਪਾਖੰਡ ਕਰਦਾ ਹੈ । ਇਸ ਪ੍ਰਕਾਰ ਕੀਤਿਆਂ ਕੋਈ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਗੁਰੂ ਨਾਨਕ ਨੇ ਕਿਹਾ ਹੈ ਕਿ ਜੇ ਬੰਦਾ ਮੁੰਦਰਾਂ ਦੀ ਥਾਂ 'ਤੇ ਦਿਲ ਵਿਚ ਸਬਰ ਸੰਤੋਖ ਪਾ ਲਵੇ, ਲੋਭ ਲਾਲਚ ਤਿਆਗ ਦੇਵੇ, ਸ਼ਰਮ ਅਤੇ ਪੱਤ ਵਾਲੇ ਕਰਮ ਕਰੇ । ਕਾਮੀ ਨਾ ਹੋਵੇ, ਆਪ ਇੱਜ਼ਤ ਨਾਲ ਰਹੇ ਅਤੇ ਦੂਜਿਆਂ ਦੀ ਵੀ ਇੱਜ਼ਤ ਦਾ ਖਿਆਲ ਰੱਖੇ । ਝੋਲੀ ਬੰਨ੍ਹਣ ਦੀ ਥਾਂ 'ਤੇ ਸ਼ਰਮ ਹਯਾ ਤੇ ਇੱਜ਼ਤ ਮਨ ਨਾਲ ਬੰਨ੍ਹ ਕੇ ਤੁਰੇ । ਸੁਆਹ ਮਲਣ ਦੀ ਥਾਂ ਸਹੀ ਧਿਆਨ, ਸਹੀ ਗਿਆਨ ਤੋਂ ਕੰਮ ਲਵੇ । ਜੇ ਉਹ ਗੋਦੜੀ ਚੁੱਕ ਕੇ ਤੁਰਦਾ ਹੈ, ਉਸ ਦੀ ਥਾਂ ਇਹ ਸਮਝੇ ਕਿ ਆਖਰ ਉਸ ਨੇ ਵੀ ਮਰ ਜਾਣਾ ਹੈ । ਉਸ ਪ੍ਰਕਾਰ ਆਪਣੇ ਖਿਆਲਾਂ ਅਤੇ ਸਰੀਰ ਨੂੰ ਵਿਸ਼ੇ ਵਿਕਾਰਾਂ ਤੋਂ, ਕਾਮ, ਕ੍ਰੋਧ, ਲੋਭ ਅਤੇ ਹੰਕਾਰ ਆਦਿ ਤੋਂ ਬਚਾ ਕੇ ਰੱਖੇ । ਕੂੜ, ਠੱਗੀ, ਧੋਖਾ, ਬੇਈਮਾਨੀ ਤੋਂ ਬਚਾ ਕੇ ਰੱਖੇ । ਡੰਡੇ ਦੀ ਥਾਂ ਵਿਸ਼ਵਾਸ ਪਾਲੇ ਤਾਂ ਇਹ ਉਹ ਜੁਗਤ ਹੈ, ਜਿਸ ਨਾਲ ਬੰਦਾ ਸਹੀ ਅਰਥਾਂ ਵਿਚ ਜੋਗੀ ਬਣ ਸਕਦਾ ਹੈ

ਜੇ ਉਹ ਆਪਣੇ ਮਨ ਨੂੰ, ਆਪਣੇ ਸਰੀਰ ਨੂੰ ਸਾਧ ਨਹੀਂ ਸਕਦਾ ਤਾਂ ਮੁੰਦਰਾਂ ਪਾਉਣ ਦਾ, ਝੋਲੀ ਬੰਨ੍ਹਣ ਦਾ ਤੇ ਸੁਆਹ ਮਲਣ ਦਾ ਕੀ ਲਾਭ ? ਇਹ ਭੇਖ ਕਿਉਂ? ਸਾਰੀਆਂ ਜਮਾਤਾਂ ਲਈ ਭਾਵ ਉੱਚੇ ਤੇ ਨੀਵੇਂ ਬਣਾਏ ਲੋਕਾਂ ਦਾ, ਭਾਵੇਂ ਉਹ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ ਵਸਦੇ ਹੋਣ, ਚਾਹੇ ਉਹ ਕਿਸੇ ਵੀ ਪੰਥ ਦੇ ਹੋਣ, ਕਿਸੇ ਵੀ ਧਰਮ ਦੇ ਹੋਣ, ਸਬਨਾਂ ਲਈ ਸਹੀ ਰਸਤਾ ਇਹੋ ਹੈ ਕਿ ਉਹ ਆਪਣੇ ਮਨ ਨੂੰ ਜਿੱਤ ਲੈਣ । ਉਸ ਵਿਚੋਂ ਵਿਸ਼ੇ ਵਿਕਾਰ, ਕੂੜ-ਕੁਫਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਠੱਗੀਆਂ, ਚੁਸਤੀਆਂ ਅਤੇ ਕਮੀਨਗੀਆਂ ਸਭ ਕੱਢ ਦੇਣ, ਤਾਂ ਹੀ ਮਨ ਨੂੰ ਜਿੱਤ ਕੇ ਸੰਸਾਰ ਨੂੰ ਜਿੱਤਿਆ ਜਾ ਸਕਦਾ ਹੈ, ਵਰਨਾ ਨਹੀਂ । ਚਾਹੇ ਕੋਈ ਵੀ ਭੇਖ ਧਾਰ ਲਉ, ਕੋਈ ਵੀ ਕਰਮ ਕਾਂਡ ਬਣਾ ਲਵੇ, ਸੁੱਚੇ ਕੰਮ ਤੋਂ ਬਿਨਾਂ ਸੁੱਚੀ ਸੋਹਣੀ ਅਤੇ ਕਰਨੀ ਤੋਂ ਬਿਨਾਂ ਕੋਈ ਜੋਗ ਨਹੀਂ ਕਮਾ ਸਕਦਾ । ਭੇਖਧਾਰੀ ਜੋਗੀ ਸਿਵਾਏ ਲੁਕਾਈ ਨੂੰ ਬੁੱਧੂ ਬਣਾਉਣ, ਠੱਗਣ ਜਾਂ ਡਰਾਉਣ ਤੋਂ ਹੋਰ ਕੁਝ ਨਹੀਂ ।

ਗਿਆਨੀ (ਪੰਡਤ)

ਗੁਣ ਵੀਚਾਰੇ ਗਿਆਨੀ ਹੋਇ। ਗੁਣ ਮਹਿ ਗਿਆਨ ਪ੍ਰਾਪਤ ਹੋਇ
ਗੁਣ ਦਾਤਾ, ਵਿਰਲਾ ਸੰਸਾਰ। ਸਾਚੀ ਕਰਣੀ ਗੁਰ ਬੀਚਾਰ।

ਹਿੰਦੂ ਧਰਮ ਅਨੁਸਾਰ ਬ੍ਰਾਹਮਣ ਜਾਂ ਪੰਡਤ ਹੀ ਵਿਦਿਆਵਾਨ ਹਨ ਜਾਂ ਗਿਆਨੀ ਹਨ । ਜਦੋਂ ਤੋਂ ਬ੍ਰਾਹਮਣ ਨੇ ਵਿਦਿਆ ਦਾ ਅਧਿਕਾਰ ਆਪਣੇ ਤੀਕ ਸੀਮਤ ਕਰ ਲਿਆ ਸੀ, ਉਦੋਂ ਤੋਂ ਹੀ ਇਨ੍ਹਾਂ ਲੋਕਾਂ ਦੀ ਕਹੀ ਹੋਈ ਗੱਲ, ਚਾਹੇ ਉਹ ਕੁਫਰ ਹੀ ਤੋਲਿਆ ਕਿਉਂ ਨਾ ਹੋਵੇ, ਪ੍ਰਵਾਨ ਕੀਤੀ ਗਈ । ਵੇਦਾਂ ਸ਼ਾਸਤਰਾਂ 'ਚ ਕਹੀਆਂ ਗੱਲਾਂ ਨੂੰ ਗਿਆਨ ਦਾ ਅਥਾਹ ਸਾਗਰ ਮੰਨਿਆ ਗਿਆ, ਕਿਉਂਕਿ ਛੋਟੀ ਜਾਤ ਦੇ ਸ਼ੂਦਰ ਲੋਕ ਤਾਂ ਪੜ੍ਹ ਹੀ ਨਹੀਂ ਸਨ ਸਕਦੇ। ਪ੍ਰੰਤੂ ਗੁਰੂ ਨਾਨਕ ਨੇ ਗਿਆਨੀ ਦਾ ਅਰਥ ਭੇਖਾਂ ਅਤੇ ਜਨਮ ਜਾਤ ਦੀ ਥਾਂ ਗੁਣਾਂ ਦੇ ਅਧਾਰ 'ਤੇ ਲਿਆ। ਉਨ੍ਹਾਂ ਕਿਹਾ ਕਿ ਜੋ ਆਦਮੀ ਗੁਣ ਵਿਚਾਰਦਾ ਹੈ ਭਾਵ ਉਹ ਕੰਮ ਕਰਦਾ ਹੈ, ਜੋ ਜਿਥੇ ਆਪਣਾ ਭਲਾ ਕਰਦੇ ਹਨ, ਉੱਥੇ ਮਨੁੱਖਤਾ ਦਾ ਭਲਾ ਵੀ ਕਰਦੇ ਹਨ, ਉਸ ਨੂੰ ਗਿਆਨੀ ਕਿਹਾ ਜਾਂਦਾ ਹੈ। ਗਿਆਨ ਮਨੁੱਖ ਦੇ ਗੁਣਾਂ 'ਚ ਹੈ, ਔਗੁਣਾਂ ਜਾਂ ਕਰਮ ਕਾਂਡਾਂ ਵਿਚ ਨਹੀਂ । ਜਦੋਂ ਬੰਦੇ ਦੀ ਬੁੱਧੀ ਸਰੀਰ, ਮਨ ਤੇ ਹਿਰਦਾ ਸ਼ੁੱਧ ਅਮਲਾਂ ਵਿਚ ਲੱਗੇ ਹੁੰਦੇ ਹਨ, ਤਾਂ ਮਨੁੱਖ ਨੂੰ ਸਹੀ ਗਿਆਨ ਪ੍ਰਾਪਤ ਹੁੰਦਾ ਹੈ। ਜਾਂ ਇੰਜ ਕਹਿ ਲਵੋ ਕਿ ਜਦੋਂ ਆਦਮੀ ਨੂੰ ਸਹੀ ਗਿਆਨ ਪ੍ਰਾਪਤ ਹੁੰਦਾ ਹੈ ਤਾਂ ਉਹ ਸ਼ੁੱਧ ਅਤੇ ਸਹੀ ਅਮਲ ਕਰਦਾ ਹੈ। ਅਜਿਹੇ ਸ਼ੁਭ ਕਰਮ ਕਰਦਿਆਂ ਬੰਦਾ ਗੁਣ ਦੇਣ ਵਾਲਾ ਹੋ ਨਿਬੜਦਾ ਹੈ । ਉਸ ਦਾ ਤਜਰਬਾਤੀ ਗਿਆਨ ਦੂਜੇ ਲੋਕਾਂ ਦੀ ਭਲਾਈ ਦਾ ਰਾਹ ਦਸੇਰਾ ਬਣਦਾ ਹੈ। ਪ੍ਰੰਤੂ ਅਜਿਹੇ ਗੁਣਵਾਨ ਗਿਆਨੀ ਵਿਰਲੇ ਹੀ ਹੁੰਦੇ ਹਨ, ਜੋ ਗੁਰੂ ਦੇ ਨਾਮ ਨੂੰ, ਗੁਰੂ ਦੇ ਸ਼ਬਦ ਨੂੰ ਵਿਚਾਰਕੇ, ਸਮਝਕੇ, ਗਿਆਨ ਪ੍ਰਾਪਤ ਕਰਕੇ, ਸੱਚੀ ਕਰਨੀ ਕਰਦੇ ਹਨ ਭਾਵ ਸੱਚਾ ਅਮਲ ਕਰਦੇ ਹਨ। ਉਹ ਅਮਲ ਸਰਬੱਤ ਦੇ ਭਲੇ ਵਾਲਾ ਹੋ ਨਿਬੜਦਾ ਹੈ ਨਾ ਕਿ ਬ੍ਰਾਹਮਣੀ ਅਮਲ ਵਾਲਾ, ਜੋ ਨਿੱਜੀ ਹਿੱਤਾਂ ਲਈ ਦੂਜੀ ਜਨਤਾ ਨੂੰ ਨੀਚ ਬਣਾ ਕੇ ਠੱਗਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਨੇ ਇਕ ਗਿਆਨੀ ਲਈ ਜ਼ਰੂਰੀ ਤੱਤ ਇਹ ਦੱਸੇ ਹਨ ਕਿ ਉਸ ਪਾਸ ਸੱਚੇ ਗੁਰੂ ਦਾ ਸੱਚਾ ਸ਼ਬਦ ਹੋਵੇ (ਸ਼ਬਦ ਦਾ ਅਰਥ ਹੈ ਰਾਹ-ਸੇਧ, ਦ੍ਰਿਸ਼ਟੀ) ਸ਼ਬਦ ਦਾ ਪੂਰਾ ਗਿਆਨ ਹੋਵੇ ਤੇ ਇਹ ਗਿਆਨ ਅਮਲਾਂ 'ਤੇ ਨਿਰਭਲ ਕਰੇ । ਅਮਲ ਗੁਣਾਤਮਕ ਹੋਣ ਨਾ ਕਿ ਨਿੱਜਾਤਮਕ । ਕਹਿਣੀ ਅਤੇ ਕਰਨੀ 'ਚ ਅੰਤਰ ਨਾ ਹੋਵੇ । ਮੰਤਵ ਤੇ ਗੁਣ ਕਰਕੇ ਸਰਬੱਤ ਦੇ ਭਲੇ ਵਾਲਾ ਹੋਵੇ ।

ਪੂਜਾ ਤਿਲਕ ਜਨੇਊ

ਮਤਿ ਬਿਣੁ ਪੂਜਾ ਸਤ ਬਿਣੁ ਸੰਜਮ ਜਤ ਵਿਣੁ ਕਾਹੇ ਜਨੇਊ।
ਨਾਵਹੁ ਧੋਵਹੁ ਤਿਲਕ ਚੜਾਵਹੁ ਸੁੱਚ ਬਿਨੁ ਸੱਚ ਨਾ ਹੋਵਈ।
ਕਲਿ ਪਰਵਾਣ ਕਤੇਬ ਕੁਰਾਣ। ਪੋਥੀ ਪੰਡਤ ਰਹੇ ਪੁਰਾਣ ।

ਗੁਰੂ ਨਾਨਕ ਕਹਿੰਦੇ ਹਨ ਤਿਲਕ ਲਾ ਲੈਣਾ, ਜਨੇਊ ਪਾ ਲੈਣਾ, ਪੂਜਾ ਕਰਨਾ, ਸੁੱਚੇ ਹੋ ਕੇ ਬੈਠਣਾ, ਪੋਥੀਆਂ ਪੜ੍ਹਨਾ ਆਦਿ ਦਾ ਕੋਈ ਅਰਥ ਨਹੀਂ ਜੇਕਰ ਇਹ ਬਿਨਾਂ ਮੱਤ ਤੋਂ, ਬਿਨਾਂ ਬੁੱਧੀ ਤੋਂ ਕੀਤੀ ਜਾਂਦੀ ਹੈ । ਅੰਨ੍ਹੀ ਸ਼ਰਧਾ ਨਾਲ ਕੀਤੀ ਪੂਜਾ ਦਾ ਕੋਈ ਅਰਥ ਨਹੀਂ । ਬਿਨਾਂ ਸੰਜਮ ਤੋਂ (ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਵਿਸ਼ੇ ਵਿਕਾਰ ਤੋਂ ਮਾਇਆ ਲੋਭ ਤੋਂ) ਛੁਟਕਾਰਾ ਨਹੀਂ ਹੁੰਦਾ । ਵਿਸ਼ੇ ਵਿਕਾਰਾਂ ਵਾਲੇ ਲੋਭੀ ਲਾਲਚੀ ਬੰਦਿਆਂ ਨੂੰ ਸੱਚੇ ਅਖਵਾਉਣ ਦਾ ਅਧਿਕਾਰ ਨਹੀਂ । ਉਹ ਤਾਂ ਝੂਠੇ ਹਨ, ਪਾਜੀ ਹਨ, ਬਨਾਰਸ ਦੇ ਠੱਗ ਹਨ। ਹਿੰਦੂ ਜਨੇਊ ਤਾਂ ਪਾ ਲੈਂਦਾ ਹੈ, ਪਰ ਕਾਮ-ਗ੍ਰਸਤ ਰਹਿੰਦਾ ਹੈ । ਉਸ ਨੂੰ ਆਪਣੀ ਔਰਤ ਨਾਲ ਭੋਗ ਵਿਲਾਸ ਕਰਨ ਦਾ ਪੂਰਾ

ਅਧਿਕਾਰ ਹੈ ਪਰ ਜੇ ਉਹ ਪਰਾਈਆਂ ਔਰਤਾਂ ਪਿੱਛੇ ਵੀ ਸਰੀਰਕ ਜਾਂ ਮਾਨਸਿਕ ਤੌਰ ਤੇ ਭੱਜਦਾ ਹੈ ਤਾਂ ਉਹ ਜਤੀ ਕਿਵੇਂ ਅਖਵਾ ਸਕਦਾ ਹੈ। ਤੀਰਥ ਨਹਾ ਲਏ। ਸੰਗਮ ਪਾਣੀ ਨਾਲ ਨਹਾ ਧੋਅ ਕੇ ਪਵਿੱਤਰ ਹੋ ਕੇ ਤਿਲਕ ਲਵਾ ਲਿਆ, ਇਸ ਦਾ ਕੀ ਅਰਥ ਹੈ? ਜੇ ਬੰਦਾ ਮਨ ਦਾ ਸੁੱਚਾ ਨਹੀਂ, ਜਿਸ ਨੇ ਮਨ ਦੀ ਮੈਲ ਤਾਂ ਦੂਰ ਨਹੀਂ ਕੀਤੀ, ਕੱਪਟ ਤਾਂ ਛੱਡਿਆ ਨਹੀਂ, ਮਨ ਵਿਸ਼ੇ ਵਿਕਾਰਾਂ ਵਿਚ ਗੁਆ ਲਿਆ, ਜੋ ਉਹ ਨਿੱਤ ਨਹਾਉਂਦਾ ਹੈ ਜਨੇਊ ਪਾਉਂਦਾ ਰਹੇ, ਉਹ ਸੁੱਚਾ ਨਹੀਂ ਅਖਵਾ ਸਕਦਾ। ਕਿਉਂਕਿ ਉਹ ਤਾਂ ਮੂੰਹ ਵਿਚੋਂ ਹੀ ਰਾਮ ਰਾਮ ਆਖਦਾ ਹੈ, ਪਰ ਗੁਪਤ ਤੌਰ 'ਤੇ ਛੁਰੀ ਮਾਰਦਾ ਹੈ। ਲੋਕਾਂ ਨਾਲ ਠੱਗੀ ਕਰਦਾ ਹੈ। ਕਪਟ ਤੇ ਛਲ ਕਰਦਾ ਹੈ। ਕਲਯੁੱਗ ਵਿਚ ਤਾਂ ਇਹੀ ਵਰਤਾਰਾ ਹੈ। ਹਿੰਦੂ ਲੋਕਾਂ ਨੇ ਹਿੰਦੂਆਂ ਦੀਆਂ ਧਾਰਮਿਕ ਪੁਸਤਕਾਂ ਨੂੰ ਪ੍ਰਵਾਨ ਕਰ ਲਿਆ ਹੈ। ਪੰਡਤ ਬ੍ਰਾਹਮਣ ਪੋਥੀਆਂ ਲੈ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ। ਮੁਸਲਮਾਨਾਂ ਨੇ ਕੁਰਾਨ ਨੂੰ ਤਸਲੀਮ ਕਰ ਲਿਆ ਹੈ। ਪਰ ਬਿਨਾ ਬੁੱਧ ਤੋਂ ਬਿਨਾ ਸੰਜਮ ਸੰਤੋਖ ਤੋਂ, ਬਿਨਾਂ ਸਚਾਈ ਤੋਂ, ਬਿਨਾਂ ਮਨ ਦੀ ਮੈਲ ਦੂਰ ਕੀਤਿਆਂ, ਬਿਨਾਂ ਵਿਸ਼ੇ ਵਿਕਾਰਾਂ ਨੂੰ ਛੱਡਿਆਂ, ਇਹ ਵਰਤਾਰਾ ਝੂਠ ਹੈ। ਇਸ ਦਾ ਕੋਈ ਲਾਭ ਨਹੀਂ ਹੋ ਸਕਦਾ।

ਸੰਸਾਰ ਦੀ ਮਹਾਨਤਾ

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤੁ।
ਦਿਵਸ ਰਾਤ ਦੋਇ ਦਾਈ ਦਾਇਆ ਖੇਲੇ ਸਗਲ ਜਗਤੁ।

ਗੁਰੂ ਨਾਨਕ ਕਹਿੰਦੇ ਹਨ ਕਿ ਹਵਾ ਸਭ ਤੋਂ ਪਹਿਲਾ ਜੀਵਨ ਦਾ ਆਧਾਰ ਹੈ। ਹਵਾ ਤੋਂ ਬਿਨਾਂ ਜਿਉਂਦੇ ਰਹਿਣਾ ਮੁਸ਼ਕਿਲ ਹੈ। ਜਿਵੇਂ ਸੱਚੇ ਗੁਰੂ ਤੋਂ ਬਿਨਾਂ ਬੰਦਾ ਮਰਿਆਂ ਬਰਾਬਰ ਹੈ, ਜਿਵੇਂ ਪਿਤਾ ਤੋਂ ਬਿਨਾਂ ਭਾਵ ਨਰ ਤੋਂ ਬਿਨਾਂ ਕਿਸੇ ਦੂਜੇ ਹੋਰ ਜੀਵ ਦੀ ਉਤਪਤੀ ਨਹੀਂ ਹੋ ਸਕਦੀ, ਇਸੇ ਤਰ੍ਹਾਂ ਪਾਣੀ ਤੋਂ ਬਿਨਾ ਕੋਈ ਜੀਵ ਜਾਂ ਬਨਸਪਤੀ ਨਹੀਂ ਹੋ ਸਕਦੀ। ਪਾਣੀ ਪਿਤਾ ਦੇ ਸਮਾਨ ਹੈ ਤੇ ਹਵਾ ਗੁਰੂ ਦੇ ਸਮਾਨ। ਇਸੇ ਤਰ੍ਹਾਂ ਧਰਤੀ, ਜੋ ਸਾਰਿਆਂ ਜੀਵਾਂ ਨੂੰ ਜਿਉਂਦੇ ਰਹਿਣ ਲਈ ਖੁਰਾਕ ਦਿੰਦੀ ਹੈ, ਇਸ ਦੀ ਮਹਾਨਤਾ ਮਾਂ ਦੇ ਸਮਾਨ ਹੈ ਜੋ ਆਪਣੇ ਪੇਟ ਰਾਹੀਂ, ਫਿਰ ਆਪਣੀ ਪਾਲਣਾ ਪੋਸਣਾ ਤੇ ਸੰਭਾਲ ਰਾਹੀਂ ਆਪਣੇ ਬੱਚੇ ਨੂੰ ਪਾਲਦੀ ਹੈ। ਧਰਤੀ ਮਾਂ ਬਣਕੇ ਜੀਵਨ ਦੀਆਂ ਮੁੱਖ ਲੋੜਾਂ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ ਦਿਨ ਅਤੇ ਰਾਤ ਰਤਵੇ ਕਹਿੰਦੇ ਹਨ। ਇਨ੍ਹਾਂ ਦਾ ਚੜ੍ਹਨਾ ਲਹਿਣਾ ਇਸ ਸੰਸਾਰ ਵਿਆਪੀ ਅਤੀ ਜ਼ਰੂਰੀ ਕਿਰਿਆ ਹੈ। ਇਸ ਕਿਰਿਆ ਦੇ ਜਾਰੀ ਰਹਿਣ ਨਾਲ ਧਰਤੀ, ਚੰਦ ਸੂਰਜ ਦਾ, ਗਰਮੀ ਦਾ ਚੱਕਰ ਜਾਂ ਇਸ ਨਾਲ ਜੁੜਿਆ ਕਾਰੋਬਾਰ ਚੱਲ ਰਿਹਾ ਹੈ, ਜੋ ਜੀਵਨ ਲਈ ਅੱਟਲ ਲੋੜ ਹੈ। ਗੁਰੂ ਨਾਨਕ ਦੇ ਕਹਿਣ ਦਾ ਭਾਵ ਹੈ ਕਿ ਹਵਾ, ਪਾਣੀ, ਧਰਤੀ, ਗਰਮੀ ਤੇ ਸਰਦੀ ਆਦਿ ਦੀ ਮਨੁੱਖਤਾ ਨੂੰ ਅਟੱਲ ਲੋੜ ਹੈ। ਇਹ ਸਾਰਾ ਪਸਾਰਾ ਇਕ ਹੁਕਮ ਵਿਚ, ਇਕਸੇ ਵਿਚ, ਇਕ ਸੁਰਤਾਲ ਵਿਚ ਨਿਰੰਤਰ ਬੱਝਾ ਹੋਇਆ ਹੈ ਅਤੇ ਲਗਾਤਾਰ ਗਤੀਸ਼ੀਲ ਹੈ, ਜਿਵੇਂ ਕਿ ਸੱਚੇ ਗੁਰੂ ਦੇ ਵਿਚਾਰ ਗਤੀਸ਼ੀਲ ਹਨ, ਪਿਤਾ ਦੀ ਜਣਨ ਤਾਕਤ ਗਤੀਸ਼ੀਲ ਹੈ, ਮਾਂ ਦੀ ਜਣਨ ਕਿਰਿਆ ਗਤੀਸ਼ੀਲ ਹੈ। ਇਸ ਗਤੀਸ਼ੀਲਤਾ ਨੂੰ ਕੋਈ ਬ੍ਰਾਹਮਣ, ਕੋਈ ਪੰਡਤ, ਕੋਈ ਵੇਦ ਸ਼ਾਸਤਰ, ਕੋਈ ਦੇਵਤਾ, ਕੋਈ ਭੇਖ, ਕੋਈ ਸਿੱਧ ਜੋਗੀ, ਕੋਈ ਵਰ ਤੇ ਸਰਾਪ, ਵਰਤ ਪੂਜਾ, ਤੀਰਥ ਇਸ਼ਨਾਨ ਬੰਨ੍ਹ ਕੇ ਨਹੀਂ ਰੱਖ ਸਕਦਾ। ਨਾ ਹੀ ਕੋਈ ਆਪਣੀ ਮਰਜ਼ੀ ਨਾਲ ਚਲਾ ਸਕਦਾ ਹੈ। ਨਾ ਮਰਜ਼ੀ ਨਾਲ ਰੋਕ ਸਕਦਾ ਹੈ। ਹਾਂ, ਮਨੁੱਖ ਜਿਸ ਤਰ੍ਹਾਂ ਕਰ ਰਿਹਾ ਹੈ, ਇਸ ਨਿਰੰਤਰ ਕਿਰਿਆ ਦੀ ਸੋਝੀ ਪਾ ਕੇ, ਗਿਆਨ ਪ੍ਰਾਪਤ ਕਰਕੇ ਇਸ ਤੋਂ ਅਨੇਕ ਲਾਭ ਉਠਾ ਸਕਦਾ ਹੈ। ਕੁਦਰਤ ਨੇ ਮਨੁੱਖ ਨੂੰ ਬੁੱਧੀ ਦਿੱਤੀ ਹੈ ਦਿਮਾਗ਼ ਦਿੱਤਾ ਹੈ ਅਤੇ ਸ਼ਕਤੀਮਾਨ ਸਰੀਰ ਦਿੱਤਾ ਹੈ।

ਸੱਚ ਅਤੇ ਸਤਿਗੁਰੂ

ਸਾਚੀ ਕੀਰਤਿ ਸਾਚੀ ਬਾਣੀ, ਹੋਰ ਨਾ ਦੀਸੈ ਬੇਦ ਪੁਰਾਣੀ।
ਪੂਜੀ ਸਾਚੁ ਸੱਚੇ ਗੁਣ ਗਾਵਾਂ ਮੈਂ ਧਰ ਹੋਰ ਨਾ ਕਾਈ ਹੇ।
ਜੁਗ ਜੁਗ ਸਾਚਾ ਹੈ ਭੀ ਹੋਸੀ, ਕਉਣ ਨ ਮੂਆ ਕਉਣ ਨਾ ਮਰਸੀ
ਨਾਨਕ ਨੀਚ ਕਰੇ ਬੇਨੰਤੀ ਦਰ ਦੇਖਹੁ ਲਿਵ ਲਾਈ ਹੇ।

ਗੁਰੂ ਨਾਨਕ ਕਹਿੰਦੇ ਹਨ ਕਿ ਜੋ ਕੀਰਤਨ ਮੈਂ ਕਰ ਰਿਹਾ ਹਾਂ, ਜੋ ਬਾਣੀ ਮੈਂ ਬੋਲ ਰਿਹਾ ਹਾਂ, ਇਹ ਬਾਣੀ ਸੱਚ ਹੈ ਜੋ ਵੇਦਾਂ ਪੁਰਾਣਾਂ 'ਚੋਂ ਨਹੀਂ ਲੱਭ ਸਕਦੀ। ਮੈਂ ਸੱਚ ਦਾ ਪੁਜਾਰੀ ਹਾਂ। ਸੱਚੇ ਗੁਣਾਂ ਦਾ ਗਾਇਣ ਕਰਦਾ ਹਾਂ। ਕੀਰਤਨ ਕਰਦਾ ਹਾਂ। ਸੱਚ ਤੋਂ ਬਿਨਾਂ ਮੇਰੀ ਹੋਰ ਕੋਈ ਧਿਰ ਨਹੀਂ। ਵੇਦ, ਸ਼ਾਸਤਰ, ਸਿਮਰਤੀਆਂ, ਰਮਾਇਣ ਤੇ

ਗੀਤਾ ਆਦਿ ਪੁਰਾਣ ਮੇਰੇ ਮੱਦ ਦਾ ਅਧਾਰ ਨਹੀਂ ਹਨ । ਹਰ ਯੁੱਗਾਂ ਵਿਚ ਇਹੀ ਸ਼ੋਰ ਸੀ, ਹੁਣ ਵੀ ਹੈ ਅਤੇ ਅੱਗੇ ਨੂੰ ਵੀ ਹੋਵੇਗਾ । ਦੱਸੋ ਕੌਣ ਹੈ ਜੋ ਅੱਜ ਤੀਕ ਮਰਿਆ ਨਹੀਂ ? ਕੌਣ ਹੈ ਜੋ ਮਰੇਗਾ ਵੀ ਨਹੀਂ ? ਭਾਵ ਮੌਤ ਅੱਟਲ ਹੈ। ਜਦ ਹਰ ਜੀਵ ਨੇ ਇਕ ਦਿਨ ਮਰਨਾ ਹੀ ਮਰਨਾ ਹੈ। ਇਹ ਜੁਗਾਂ ਜੁਗਾਂਤਰਾਂ ਤੋਂ ਤੁਰਿਆ ਆਉਂਦਾ ਸੱਚ ਹੈ । ਮੈਂ ਨੀਚ ਛੋਟੀ ਜਾਤ ਦਾ ਬੰਦਾ ਬੇਨਤੀ ਕਰਦਾ ਹਾਂ ਤੇ ਕਹਿੰਦਾ ਹਾਂ ਕਿ ਮੇਰੀ ਸੱਚ ਦੇ ਦਰ 'ਤੇ ਹੀ ਲਿਵ ਲੱਗੀ ਹੋਈ ਹੈ ਅਤੇ ਇਸ ਸੱਚ ਤੋਂ ਬਿਨਾ ਮੈਂ ਕਿਸੇ ਵੀ ਹੋਰ ਚੀਜ਼ ਨੂੰ ਪ੍ਰਵਾਨ ਨਹੀਂ ਕਰਦਾ।

ਮਨਮੁਖ ਕੂੜ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮ ਨ ਜਾਈ ਹੇ।
ਬਿਨੁ ਗੁਰ ਬੱਜਰ ਕਪਾਟ ਨਾ ਖੁਲਹਿ ਸਬਦ ਮਿਲੈ ਨਿਸਤਾਰਾ ਹੇ ।
ਆਪ ਵਿਚਾਰ ਨਾ ਹੋਵੈ ਕੋਈ। ਸਤਿਗੁਰ ਮਿਲੈ ਤਾ ਸੋਝੀ ਹੋਈ ।

ਇਹ ਵਰਤਾਰਾ ਜੋ ਕਰਮ ਕਾਂਡ ਦਾ ਵਰਤ ਰਿਹਾ ਹੈ, ਇਹ ਜੋ ਮਾਇਆ ਦਾ ਵਪਾਰ ਧਰਮ ਦੇ ਨਾਂ 'ਤੇ ਚੱਲ ਰਿਹਾ ਹੈ, ਮਨਮੁੱਖਾਂ ਨੇ ਚਲਾਇਆ ਹੈ । ਇਸ ਪ੍ਰਕਾਰ ਦਾ ਇਹ ਮਨਮੁੱਖਾਂ ਵੱਲੋਂ ਚਲਾਇਆ ਵਰਤਾਰਾ ਕੂੜ ਹੈ, ਝੂਠ ਹੈ, ਛਲਾਵਾ ਹੈ, ਵਹਿਮ ਭਰਮ ਹੈ । ਬਿਨਾ ਸੱਚੇ ਸਤਿਗੁਰੂ ਤੋਂ ਇਹ ਵਹਿਮ ਭਰਮ ਖਤਮ ਨਹੀਂ ਹੋ ਸਕਦੇ। ਬਿਨਾ ਸੱਚੇ ਗੁਰੂ ਤੋਂ ਦਿਮਾਗ ਦੇ ਬੱਜਰ ਬਣ ਗਏ ਹੋਏ ਬੂਹੇ ਖੁਲ੍ਹ ਨਹੀਂ ਸਕਦੇ । ਜੇ ਗੁਰੂ ਦਾ ਸ਼ਬਦ ਮਿਲ ਜਾਵੇ, ਗੁਰੂ ਦਾ ਗਿਆਨ ਮਿਲ ਜਾਵੇ ਤਾਂ ਇਸ ਕੂੜ ਪਸਾਰੇ ਤੋਂ ਛੁਟਕਾਰਾ ਹੋ ਜਾਂਦਾ ਹੈ । ਜੇ ਕੋਈ ਕਹੇ ਕਿ ਉਹ ਸੋਝੀ ਆਪਣੇ ਆਪ ਹੀ ਹੋ ਜਾਂਦੀ ਹੈ ਤਾਂ ਉਹ ਝੂਠ ਮਾਰਦਾ ਹੈ । ਸੱਚਾ ਸਤਿਗੁਰੂ ਮਿਲੇ ਤੋਂ ਹੀ ਮੈਨੂੰ ਇਹ ਸੋਝੀ ਹੋਈ ਹੈ ਤਾਂ ਹੀ ਮੈਂ ਇਹ ਸਮਝ ਸਕਿਆ ਹਾਂ। ਅਸੀਂ ਦੇਖ ਸਕਦੇ ਹਾਂ ਕਿ ਗੁਰੂ ਸਾਹਿਬਾਂ ਨੇ ਸੰਤਗੁਰੂ ਨਾਮਦੇਵ, ਕਬੀਰ, ਰਵਿਦਾਸ, (ਧੰਨਾ, ਸਦਨਾ, ਜੈਦੇਵ, ਤ੍ਰਿਲੋਚਨ) ਸੈਣ ਸਭ ਦੀ ਵਾਰ-ਵਾਰ ਸਿਫਤ ਕੀਤੀ ਹੈ ਤੇ ਉਨ੍ਹਾਂ ਦੀ ਉਤਮਤਾ ਦੇ ਲੱਛਣ ਬਿਆਨ ਕਰਕੇ ਦੱਸਿਆ ਕਿ ਉਨ੍ਹਾਂ ਸਭ ਨੇ ਪਰਮਪਦ ਹਾਸਲ ਕੀਤਾ । ਜਿਵੇਂ ਗੁਰੂ ਨਾਨਕ ਇਨ੍ਹਾਂ ਦੀ ਬਾਣੀ ਗਾਇਆ ਕਰਦੇ ਸਨ, ਉਸੇ ਤਰ੍ਹਾਂ ਬਾਕੀ ਗੁਰੂ ਵੀ ਉਨ੍ਹਾਂ ਦੀ ਬਾਣੀ ਪੜ੍ਹਦੇ ਅਤੇ ਗਾਉਂਦੇ ਸਨ । ਉਨ੍ਹਾਂ ਦੀ ਵਾਰ-ਵਾਰ ਵਡਿਆਈ ਕਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਗੁਰੂ ਬਾਣੀ ਪੜ੍ਹਦੇ ਸਨ, ਗਾਉਂਦੇ ਸਨ ਅਤੇ ਸਿੱਖਾਂ ਨੂੰ ਸੁਣਾਉਂਦੇ ਸਨ। ਉਨ੍ਹਾਂ ਨੇ ਜਿਹੜੀ ਪਦਵੀ ਹਾਸਲ ਕੀਤੀ, ਉਹ ਵੀ ਸਿੱਖਾਂ ਨੂੰ ਦੱਸਦੇ ਸਨ । ਜੇ ਗੌਰ ਨਾਲ ਪੜ੍ਹੀਏ ਤਾਂ ਗੁਰੂਆਂ ਦੇ ਅਨੇਕ ਸ਼ਲੋਕ ਅਜਿਹੇ ਹਨ, ਜੋ ਪਹਿਲੇ ਗੁਰੂਆਂ ਭਾਵ ਨਾਮਦੇਵ, ਕਬੀਰ, ਰਵੀਦਾਸ, ਸੈਣ ਆਦਿ ਦੀ ਬਾਣੀ ਨਾਲ ਹੂ-ਬ-ਹੂ ਮਿਲਦੇ ਹਨ ਜਾਂ ਉਨ੍ਹਾਂ ਦੇ ਹੀ ਸ਼ਲੋਕਾਂ ਨੂੰ ਹੋਰ ਸਰਲ ਕਰਕੇ ਲਿਖਿਆ ਗਿਆ ਹੈ।

ਵੱਡੀ ਤੇ ਬੁਨਿਆਦੀ ਸਮਝ ਇਹ ਹੈ ਕਿ ਜੋ ਵਿਚਾਰਧਾਰਾ ਪਹਿਲੇ ਗੁਰੂਆਂ ਨੇ ਅਪਨਾਈ ਹੈ, ਉਹੀ ਵਿਚਾਰਧਾਰਾ ਪੂਰੀ ਬਾਣੀ ਵਿਚ ਵਿਦਮਾਨ ਹੈ । ਗੁਰੂ ਗੋਬਿੰਦ ਸਿੰਘ ਤੱਕ ਅਸੀਂ ਉਸ ਵਿਚਾਰਧਾਰਾ ਨੂੰ ਪ੍ਰਤੱਖ ਰੂਪ ਵਿਚ ਦੇਖ ਸਕਦੇ ਹਾਂ, ਕਿਉਂਕਿ ਸਾਰੀ ਗੁਰਬਾਣੀ ਭਾਰਤੀ ਸਮਾਜ ਅੰਦਰ ਰਸੀ ਬ੍ਰਾਹਮਣੀ ਵਿਚਾਰਧਾਰਾ ਦੇ ਉਲਟ ਮਾਨਵੀ ਪੈਂਤੜਾ ਧਾਰਨ ਕਰਦੀ ਹੈ । ਆਪਣਾ ਰੱਬ, ਆਪਣਾ ਵਿਚਾਰ, ਆਪਣੀ ਵਿਚਾਰਧਾਰਾ, ਆਪਣਾ ਸਿੱਖ, ਆਪਣੀਆਂ ਸੰਸਥਾਵਾਂ ਸਥਾਪਤ ਕਰਦੀ ਹੈ ਅਤੇ ਬ੍ਰਾਹਮਣੀ ਵਿਚਾਰਧਾਰਾ ਨੂੰ ਮੁੱਢੋਂ-ਸੁੱਢੋਂ ਸਮਾਜ ਵਿਚੋਂ ਉਖਾੜ ਦੇਣ ਦਾ ਯਤਨ ਕਰਦੀ ਹੈ, ਕਿਉਂਕਿ ਕਬੀਰ ਸਾਹਿਬ ਸਭ ਤੋਂ ਵੱਡੇ (ਉਮਰ ਵਿਚ ਵੀ ਤੇ ਵਿਚਾਰਧਾਰਾ ਵਿਚ ਵੀ) ਜਾਪਦੇ ਹਨ, ਉਨ੍ਹਾਂ ਦੇ ਵਿਚਾਰਾਂ ਦੀ ਸਿੱਧੀ ਛਾਪ ਅਸੀਂ ਪੂਰੀ ਗੁਰਬਾਣੀ ਵਿਚੋਂ ਲਭ ਸਕਦੇ ਹਾਂ । ਇਹ ਕਿਹਾ ਜਾ ਸਕਦਾ ਹੈ ਕਿ ਉਹ ਸਿੱਖ ਲਹਿਰ ਦੀ ਬੁਨਿਆਦ ਹਨ ਤੇ ਗੁਰੂ ਨਾਮਦੇਵ ਉਨ੍ਹਾਂ ਦੇ ਸਮਕਾਲੀ ਹਨ । ਗੁਰੂ ਗੋਬਿੰਦ ਸਿੰਘ ਨੇ ਗੁਰੂ ਕਬੀਰ ਦੇ ਖਾੜਕੂ ਸ਼ਬਦਾਂ ਨੂੰ ਸਪੱਸ਼ਟ ਰੂਪ ਵਿਚ ਅਮਲ ਵਿਚ ਲਿਆਂਦਾ ਹੈ । ਇਸੇ ਤਰ੍ਹਾਂ ਗੁਰੂ ਰਵਿਦਾਸ ਨੇ ਇਕ ਪੂਰਾ ਮਾਰਗ ਦਰਸ਼ਨ ਦਿੱਤਾ ਹੈ । ਗੁਰੂ ਬਾਣੀ ਦੇ ਹਰ ਕੋਨੇ ਤੋਂ ਇਸ ਮਾਰਗ ਦਰਸ਼ਨ ਦੀ ਝਲਕ ਮਿਲਦੀ ਹੈ। ਇਹੀ ਕਾਰਨ ਹੈ ਕਿ ਬਾਅਦ ਵਿਚ ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਬਾਣੀ ਗਾਈ, ਸੁਣਾਈ ਤੇ ਵਰਤਾਈ। ਉਨ੍ਹਾਂ ਦੀ ਰੱਜ ਕੇ ਸਿਫਤ ਕੀਤੀ ਅਤੇ ਆਪਣੇ ਰਹਿਬਰ ਮੰਨਿਆ ਹੈ।

ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ ਜਾਂ ਗੁਰੂ ਰਵਿਦਾਸ ਨੇ ਇਹ ਮਾਰਗ ਦਰਸ਼ਨ ਜ਼ਰੂਰ ਹਾਸਲ ਕੀਤਾ, ਪਰੰਤੂ ਉਹ ਮਹਾਨ ਵਿਅਕਤੀ ਜਿਸ ਨੇ ਬ੍ਰਾਹਮਣਵਾਦੀ ਮਨੂੰਵਾਦੀ ਵਿਚਾਰਧਾਰਾ ਦੇ ਵਿਰੁੱਧ ਉਨ੍ਹਾਂ ਨੂੰ ਪੈਂਤੜਾ ਸਿਖਾਇਆ, ਉਸ ਦੀ ਜੀਵਨੀ ਇਤਿਹਾਸ ਦੇ ਪੰਨਿਆਂ ਤੋਂ ਗੁੰਮ ਹੈ । ਰਮਾਨੰਦ ਨੂੰ ਉਨ੍ਹਾਂ ਦਾ ਗੁਰੂ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਉਹ ਖੁਦ ਹੀ ਇਸ ਵਿਸ਼ਾਲ ਧਾਰਾ ਤੋਂ ਵਾਕਫ ਪ੍ਰਤੀਤ ਨਹੀਂ ਹੁੰਦੇ । ਜਿਹੜੀ ਵਿਚਾਰਧਾਰਾ

ਦੀਆਂ ਸਿਖਰਾਂ ਇਨ੍ਹਾਂ ਗੁਰੂਆਂ ਨੇ ਛੋਹੀਆਂ ਹਨ, ਉਨ੍ਹਾਂ ਦੇ ਬਰਾਬਰ ਰਾਮਾ ਨੰਦ ਨਹੀਂ ਪੁੱਜਦੇ। ਪਰੰਤੂ ਇਹ ਮੰਨਣਾ ਹੋਵੇਗਾ ਕਿ ਇਸ ਮਾਨਵੀ ਤੇ ਬਰਾਬਰੀ ਵਾਲੀ ਵਿਚਾਰਧਾਰਾ ਨੂੰ ਸਮਝਾਉਣ ਵਾਲਾ ਜ਼ਰੂਰ ਕੋਈ ਮਹਾਨ ਵਿਅਕਤੀ ਹੋਵੇਗਾ, ਜਿਸ ਨੂੰ ਜਾਣ ਬੁੱਝ ਕੇ ਪੰਨਿਆਂ ਤੋਂ ਅਲੋਪ ਕਰ ਦਿੱਤਾ ਗਿਆ।

ਇਹ ਕੋਈ ਮੁਸਲਮਾਨ ਫਕੀਰ ਵੀ ਹੋ ਸਕਦਾ ਹੈ, ਕਿਉਂਕਿ ਉਸ ਸਮੇਂ ਮੁਸਲਮ ਰਾਜ ਸੀ। ਪਰੰਤੂ ਅਜਿਹਾ ਕੋਈ ਜ਼ਿਕਰ ਇਨ੍ਹਾਂ ਗੁਰੂਆਂ ਦੀ ਬਾਣੀ ਵਿਚ ਨਹੀਂ ਮਿਲਦਾ, ਜਿਸ ਦੀ ਉਨ੍ਹਾਂ ਸਿਫਤ ਕੀਤੀ ਹੋਵੇ ਜਾਂ ਵਰਨਣ ਕੀਤਾ ਹੋਵੇ। ਹਾਂ ਇਕ ਗੱਲ ਸਪੱਸ਼ਟ ਹੈ ਕਿ ਮਹਾਨ ਬੁੱਧ ਦੀ ਵਿਚਾਰਧਾਰਕ ਛਾਪ ਇਨ੍ਹਾਂ ਗੁਰੂਆਂ ਦੀ ਬਾਣੀ 'ਤੇ ਪ੍ਰਤੱਖ ਹੈ। ਤੁਸੀਂ ਜਦੋਂ ਬੁੱਧ ਵਿਚਾਰਧਾਰਾ ਨਾਲ ਮੇਲ ਕਰੋਗੇ ਤਾਂ ਇਕ ਰੱਬ ਤੋਂ ਸਿਵਾ ਬਾਕੀ ਸਭ ਕੁਝ ਮਿਲਦਾ-ਜੁਲਦਾ ਨਜ਼ਰ ਆਵੇਗਾ। ਅਸੀਂ ਇਸ ਸਿੱਟੇ 'ਤੇ ਅਸਾਨੀ ਨਾਲ ਪੁੱਜ ਜਾਂਦੇ ਹਾਂ ਕਿ ਸਿੱਖ ਧਰਮ ਅਸਲ ਵਿਚ ਬੁੱਧ ਧਰਮ ਦੀ ਹੀ ਪੁੱਨਰ ਸੁਰਜੀਤੀ ਹੈ। ਸੰਸਾਰ ਵਿਚ ਇਹ ਲੁਕਿਆ ਛਿਪਿਆ ਨਹੀਂ ਕਿ ਕਈ ਵਾਰ ਕੋਈ ਅਧਿਆਪਕ ਆਪਣੇ ਵਿਦਿਆਰਥੀ ਨੂੰ ਅੱਖਰੀ ਗਿਆਨ ਹੀ ਦਿੰਦਾ ਹੈ, ਪਰੰਤੂ ਬਾਅਦ ਵਿਚ ਉਹ ਵਿਦਿਆਰਥੀ ਵਿਚਾਰਧਾਰਕ ਜਾਂ ਫਿਲਾਸਫਰ ਜਾਂ ਯੋਧਾ ਬਣ ਨਿਬੜਦਾ ਹੈ ਤੇ ਉਹ ਆਪਣੇ ਸਮੇਂ ਦਾ ਸਾਰਾ ਸਾਹਿਤ ਪੜ੍ਹ ਕੇ ਸਮਝ ਕੇ ਕੁਝ ਨਵਾਂ ਦੱਸਣ ਦੇ ਸਮਰੱਥ ਬਣ ਜਾਂਦਾ ਹੈ। ਅਧਿਆਪਕ ਨੇ ਤਾਂ ਸਿਰਫ ਉਸ ਦੀ ਸੁਰਤੀ ਜਗਾਈ ਹੁੰਦੀ ਹੈ। ਉਸ ਨੂੰ ਚੇਤੰਨ ਕੀਤਾ ਹੁੰਦਾ ਹੈ। ਬਾਅਦ ਵਿਚ ਉਹੀ ਚੇਤਨਾ ਵਿਚਾਰਧਾਰਾ ਜਾਂ ਮਾਰਗ ਦਰਸ਼ਨ ਹਾਸਲ ਕਰ ਲੈਂਦੀ ਹੈ ਤੇ ਸਿਖਰ ਛੋਹ ਜਾਂਦੀ ਹੈ। ਮੁਸਲਮਾਨ ਰਾਜ ਸਮੇਂ ਅਜਿਹਾ ਸੰਭਵ ਹੋ ਸਕਦਾ ਹੈ, ਕਿਉਂਕਿ ਕਬੀਰ, ਨਾਮਦੇਵ, ਰਵੀਦਾਸ ਦਾ ਸਮਾਜਿਕ ਅਨੁਭਵ ਜਾਤਪਾਤੀ ਵਿਤਕਰਿਆਂ ਕਾਰਨ ਗਹਿਰਾ ਸੀ, ਇਸ ਕਰਕੇ ਉਨ੍ਹਾਂ ਬ੍ਰਾਹਮਣੀ ਵਿਚਾਰਧਾਰਾ ਵਿਰੁੱਧ ਪੈਂਤੜਾ ਅਖਤਿਆਰ ਕੀਤਾ। ਗੁਰੂ ਰਵੀਦਾਸ ਬਾਰੇ ਤਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਸਤਿਗੁਰੂ ਕਬੀਰ ਤੋਂ ਗਿਆਨ ਹਾਸਲ ਕੀਤਾ ਜਿਸ ਗਿਆਨ ਨਾਲ ਉਨ੍ਹਾਂ ਖੱਬੀ ਖਾਨਾਂ ਨੂੰ ਨਿਵਾਇਆ ਤੇ ਸੱਚ ਦਾ ਮਾਰਗ ਦਰਸ਼ਨ ਕੀਤਾ। ਉਨ੍ਹਾਂ ਦੀ ਸਮੁੱਚੀ ਵਿਚਾਰਧਾਰਾ ਦੀ ਹੀ ਨਹੀਂ, ਵਿਸ਼ੇਸ਼ ਚਿੰਨ੍ਹਾਂ ਜਿਵੇਂ ੧ਓ ਸਤਿਨਾਮ, ਸਤਿਗੁਰੂ, ਸੰਗਤ, ਸਿੱਖਿਆ, ਵਿਚਾਰ, ਸਬਰ-ਸੰਤੋਖ ਆਦਿ ਦੀ ਛਾਪ ਸਾਰੀ ਬਾਣੀ ਵਿਚ ਪ੍ਰਤੱਖ ਲੱਭਦੀ ਹੈ।

ਕਿਉਂਕਿ ਉਸ ਸਮੇਂ ਅਲ੍ਹਾ ਮੁਸਲਮਾਨੀ ਰਾਜ ਕਾਰਨ ਭਾਰਤੀ ਸਮਾਜ ਅੰਦਰ ਵਿਦਮਾਨ ਸੀ, ਜਿਸ ਦਾ ਜਾਤ-ਪਾਤ ਪ੍ਰਬੰਧ ਨਾਲ ਸਰੋਕਾਰ ਨਹੀਂ ਸੀ, ਇਸ ਕਰਕੇ ਪਹਿਲੇ ਗੁਰੂਆਂ ਨੇ ਵੀ ਉਸ ਵਰਗਾ ਨਿਰਮਲ ਪ੍ਰਮਾਤਮਾ ਜਾਂ ਉਸ ਨੂੰ ਆਪਣੇ ਹਿਸਾਬ ਨਾਲ ਨਾਂ ਦਿੱਤਾ। ਜਿਵੇਂ ੧ਓ ਹੈ, ਜਿਸ ਦਾ ਅਰਥ ਹੈ ਕਿ ਸਾਰੀ ਸ੍ਰਿਸ਼ਟੀ ਦੀ ਰਚਨਾ ਇਕੋ ਥਾਂ ਤੋਂ ਹੋਈ ਹੈ, ਕਿਉਂਕਿ ਮਸੀਤ ਨੇ, ਮਸਜਦ ਨੇ ਬਾਕੀ ਜੰਤਾ ਨੂੰ ਜੋ ਮੁਸਲਮਾਨ ਨਹੀਂ ਸੀ, ਆਪਣੇ ਤੋਂ ਬਾਹਰੀ ਕਰਾਰ ਦੇ ਦਿੱਤਾ ਸੀ ਤੇ ਅੱਲ੍ਹਾ ਨੂੰ ਸਿਰਫ ਮੁਸਲਮਾਨ ਸਮਾਜ ਨਾਲ ਹੀ ਜੋੜ ਦਿੱਤਾ ਸੀ, ਇਸ ਲਈ ਇਨ੍ਹਾਂ ਗੁਰੂਆਂ ਨੇ ਦੇਹੁਰਾ ਅਤੇ ਮਸੀਤ ਦੋਹਾਂ ਤੋਂ ਅਲਗ ਹੋਣ ਦਾ ਸੰਕਲਪ ਲਿਆ ਪਰੰਤੂ ਅਲ੍ਹਾ ਦਾ ਜ਼ਿਕਰ ਵਾਰ-ਵਾਰ ਕੀਤਾ ਕਿਉਂਕਿ ਉਸ ਦੇ ਅਧੀਨ ਸਭ ਇਕੋ ਹਨ। ਸਾਰੀ ਦੁਨੀਆ ਇਕੋ ਹੈ।

ਗੁਰੂ ਨਾਨਕ ਜੋ ਬ੍ਰਾਹਮਣ ਤੋਂ ਦੂਜੇ ਨੰਬਰ ਦੀ ਜਾਤ ਦੇ ਸਨ, ਉਨ੍ਹਾਂ ਨੇ ਪਹਿਲੇ ਗੁਰੂਆਂ ਵਾਲੀ ਵਿਚਾਰਧਾਰਾ ਸਮਝਕੇ ਹੀ ਕਿਹਾ, "ਭਾਉ ਭਗਤ ਕਰੇ, ਨੀਚ ਸਦਾਏ, ਤਉ ਨਾਨਕ ਮੋਖੰਤਰ ਪਾਏ, ਹਉ ਢਾਢੀ ਕੀ ਨੀਚ ਜਾਤ ਹੋਰ ਉੱਤਮ ਜਾਤ ਸਦਾਇਦੇ।' ਗੁਰਬਾਣੀ ਨੇ ਕਿਹਾ ਹੈ ਕਿ 'ਆਪਸ ਕਉ ਜੋ ਜਾਣੇ ਨੀਚਾ, ਸੋਉ ਗਨੀਐ ਸਭ ਤੋਂ ਊਚਾ।' ਕਹਿਣ ਦਾ ਭਾਵ ਹੈ ਕਿ ਇਹ ਨੀਚਾਂ ਦਾ ਪੱਧਰ ਐਵੇਂ ਕਿਵੇਂ ਅਖਤਿਆਰ ਨਹੀਂ ਕਰ ਲਿਆ ਗਿਆ। ਇਸ ਦੇ ਪਿੱਛੇ ਪਰਚੰਡ ਇਹ ਗਿਆਨ ਵਿਚਾਰਧਾਰਾ ਖਲੋਤੀ ਹੈ।

ਸੰਭਵ ਹੈ ਕਿ ਉਹ ਸਮਾਂ ਆਵੇ ਜਦੋਂ ਇਸ ਸਚਾਈ ਨੂੰ ਮੰਨਣ ਲਈ, ਮਨਾਉਣ ਲਈ ਵਿਦਵਾਨ ਆਪਣਾ ਯਤਨ ਕਰਨ ਤੇ ਖੋਜ ਕਰਨ। ਜੇ ਅਜਿਹਾ ਨਾ ਵੀ ਹੋ ਸਕਿਆ ਤਾਂ ਇਹ ਗੱਲ ਚਿੱਟੇ ਦਿਨ ਵਰਗੀ ਸੱਚ ਹੈ ਕਿ ਜੋ ਵਿਚਾਰਧਾਰਾ ਪਹਿਲੇ (ਨੀਚ ਜਾਤੀ) ਗੁਰੂਆਂ ਦੀ ਹੈ ਉਸ ਦੀ ਝਲਕ ਪੂਰੀ ਗੁਰਬਾਣੀ ਵਿਚ ਤੇ ਅਮਲ ਵਿਚ ਵਿਦਮਾਨ ਹੈ। 'ਬੇਗਮਪੁਰੇ' ਦੀ ਉਸਾਰੀ ਲਈ ਸਾਰੇ ਗੁਰੂਆਂ ਨੇ ਆਪਣੇ-ਆਪਣੇ ਸਮੇਂ ਦੇ ਪ੍ਰਸੰਗ ਵਿਚ ਪੈਂਤੜਾ ਅਖਤਿਆਰ ਕੀਤਾ ਤੇ ਇਕ ਅਜਿਹਾ ਸਮਾਜ ਸਿਰਜਣ ਦਾ ਯਤਨ ਕੀਤਾ, ਜਿਥੇ ਸੱਭਹਿ ਸਾਂਝੀਵਾਲ ਸਦਾਇਨ। ਹਰ ਮਨੁੱਖ ਨੂੰ ਬਤੌਰ ਮਨੁੱਖ ਬਰਾਬਰੀ ਮਿਲੀ। ਇਸ ਕਿਸਮ ਦੇ ਸਮਾਜ ਨੂੰ ਸਿਰਜਣ ਵਿਚ ਨੀਚ ਕਹੇ ਜਾਣ ਵਾਲੀ ਜੰਤਾ ਨੇ ੯੯ ਫੀਸਦੀ ਹਿੱਸਾ ਪਾਇਆ ਤੇ ਲਾਸਾਨੀ ਕੁਰਬਾਨੀਆਂ ਕੀਤੀਆਂ।

ਗੁਰੂ ਬਾਣੀ

ਨੀਚ ਕੌਣ ਹੈ

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ।
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥

ਪੰਜ ਤੱਤ ਦੇ ਅਕਾਰ

ਜਾਤਿ ਕਾ ਗਰਬੁ ਨ ਕਰੀਅਹੁ ਕੋਈ । ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ ।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ । ਘਟਿ ਵਧਿ ਕੋ ਕਰੈ ਬੀਚਾਰਾ ।

• • • •

ਬ੍ਰਹਮਾ ਮੂਲੁ ਵੇਦ ਅਭਿਆਸਾ । ਤਿਸ ਤੇ ਉਪਜੇ ਦੇਵ ਮੋਹ ਪਿਆਸਾ ।
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ।

ਝੂਠਾ ਵਪਾਰ

ਤ੍ਰੈ ਗੁਣ ਬਾਣੀ ਬੇਦ ਬੀਚਾਰੁ । ਬਿਖਿਆ ਮੈਲੁ ਬਿਖਿਆ ਵਾਪਾਰੁ ।

• • • •

ਸਿੰਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ । ਤਤੈ ਸਾਰ ਨ ਜਾਣੀ ।

• • • •

ਸਿੰਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ । ਮਾਇਆ ਮੋਹੁ ਪਸਰਿਆ ਪਾਸਾਰਾ ।

• • • •

ਬ੍ਰਹਮੇ ਚਾਰ ਹੀ ਬੇਦ ਬਨਾਏ । ਸਰਬ ਲੋਕ ਤਿਹ ਕਰਮ ਚਲਾਏ ।

ਮਾਇਆ ਮੋਹ ਪਸਾਰਾ

ਬ੍ਰਹਮੈ ਬੇਦ ਬਾਣੀ ਪਰਗਾਸੀ । ਮਾਇਆ ਮੋਹ ਪਸਾਰਾ ।
ਮਹਾ ਦੇਉ ਅਗਿਆਨੀ ਵਰਤੈ । ਘਰਿ ਆਪਣੈ ਤਾਮਸੁ ਬਹੁਤ ਅਹੰਕਾਰਾ
ਕ੍ਰਿਸ਼ਨ ਸਦਾ ਅਵਤਾਰੀ ਰੂਧਾ । ਕਿਤੁ ਲਗਿ ਤਰੈ ਸੰਸਾਰਾ

ਹੱਲ

ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੇ ਮੋਹ ਗੁਬਾਰਾ ।
ਸਤਿਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ।

ਇਕ ਆਗੂ, ਇਕ ਵਿਚਾਰਧਾਰਾ

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ।

ਮੂਰਖ ਪੰਡਤ

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ।
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ।
ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ।
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ।

ਮਾਇਆ ਦਾ ਮੁਥਾਜ ਪੰਡਤ

ਮਨਮਤ ਪੜਹਿ ਪੰਡਿਤ ਕਹਾਵਹਿ । ਦੂਜੈ ਭਾਇ ਮਹਾ ਦੁਖੁ ਪਾਵਹਿ ।
ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ।

• • • •

ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ।
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ । ਗੁਰਮੁਖਿ ਜਮਕਾਲੁ ਨੇੜਿ ਨ ਆਵੈ ।

• • • •

ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ।
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ।

• • • •

ਅਨੇਕ ਤੀਰਥ ਜੇ ਜਤਨ ਕਰੈ । ਤਾ ਅੰਤਰ ਕੀ ਹਉਮੈ ਕਦੇ ਨਾ ਜਾਇ ।

• • • •

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ, ਹਉਮੈ ਮੋਹੁ ਵਧਾਇ ।

• • • •

ਬ੍ਰਹਮਾ ਬਿਸਨੁ, ਰੁਦ੍ਰ ਤਿਸ ਕੀ ਸੇਵਾ । ਅੰਤ ਨ ਪਾਵਹਿ ਅਲਖ ਅਭੇਵਾ ।
ਮਨਮੁਖ ਪੜਹਿ, ਪੰਡਿਤ ਕਹਾਵਹਿ । ਦੂਜੈ ਭਾਇ ਮਹਾਂ ਦੁਖ ਪਾਵਹਿ ।
ਵੇਦੁ ਪੜਹਿ ਹਰਿਰਸੁ ਨਹੀਂ ਆਇਆ । ਵਾਦ ਵਖਾਣਹਿ ਮੋਹੇ ਮਾਇਆ ॥

ਬਾਨਰ ਸੈਨਾ ਨੂੰ ਧਿਆਉਂਦਾ ਰਾਮ

ਰਾਮੁ ਝੁਰੈ ਦਲ ਮੇਲਵੈ, ਅੰਤਰਿ ਬਲ ਅਧਿਕਾਰਾ ॥
ਬੰਤਰ ਕੀ ਸੈਨਾ ਸੇਵੀਐ, ਮਨਿ ਤਨਿ ਜੁਝ ਅਪਾਰਾ ।
ਸੀਤਾ ਲੈ ਗਇਆ ਦਹਸਿਰੋ, ਲਛਮਣ ਮੂਓ ਸਰਾਪਿ ।
ਨਾਨਕ ਕਰਤਾ ਕਰਨਹਾਰ, ਕਰਿ ਵੇਖੈ ਥਾਪਿ ਉਥਾਪਿ ॥

ਅਸਲ ਅੰਨੇ ਅਕਲ ਦੇ ਹੁੰਦੇ ਹਨ

ਸੋ ਕਿਉ ਅੰਧਾ ਆਖੀਐ ਜਿ ਹੁਕਮਹੁ (ਜਨਮ ਤੋਂ) ਅੰਧਾ ਹੋਇ ।
ਨਾਨਕ ਹੁਕਮ ਨ ਬੁਝਈ, ਅੰਧਾ ਕਹੀਐ ਸੋਇ । (ਬਾਣੀ ਗੁਰੂ ਅੰਗਦ ਦੇਵ ਜੀ)

ਬਾਣੀ (ਵਿਚਾਰਧਾਰਾ) ਤੇ ਗੁਰੂ ਇੱਕ ਹਨ

"ਆਵਹੁ ਸਿਖ ਸਤਗੁਰੂ ਕੇ ਪਿਆਰੇ ਹੋ, ਗਾਵਹੁ ਸਚੀ ਬਾਣੀ ।
ਬਾਣੀ ਤ ਗਾਵਹੁ ਗੁਰੂ ਕੇਰੀ, ਬਾਣੀਆਂ ਸਿਰ ਬਾਣੀ ।
ਸਤਗੁਰੂ ਬਿਨਾਂ ਹੋਰ ਕਚੀ ਹੈ ਬਾਣੀ ।
ਬਾਣੀ ਤੇ ਕਚੀ ਸਤਿ ਗੁਰੂ ਬਾਝਹੁ, ਹੋਰ ਕਚੀ ਬਾਣੀ ।
ਕਹਿਦੇ ਕਚੇ ਸੁਣਦੇ ਕਚੇ ਕਚੀ ਆਖ ਵਖਾਣੀ ।

• • • •

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ
ਗੁਰਬਾਣੀ ਕਹੈ ਸੇਵਕ ਜਨ ਮਾਨੈ, ਪ੍ਰਤਖਿ ਗੁਰੂ ਨਿਸਤਾਰੇ ।"

ਬ੍ਰਹਮਾ ਤੇ ਵੇਦ ਸੱਚ ਨਹੀਂ ਜਾਣਦੇ

ਮਹਿਮਾ ਨ ਜਾਨਹਿ ਬੇਦ । ਬ੍ਰਹਮੇ ਨਹੀ ਜਾਨਹਿ ਭੇਦ ।
ਸੰਕਰਾ ਨਹਿ ਜਾਨੈ ਭੇਵ । ਖੋਜਤ ਹਾਰੇ ਦੇਵ ।
ਦੇਵੀਆਂ ਨਾਹੀ ਜਾਨੈ ਮਰਮ । ਸਭ ਊਪਰਿ ਅਲਖ ਪਾਰਬ੍ਰਹਮ (ਰਾਮਕਲੀ ਮ. 5)

• • • •

ਅਵਤਾਰ ਨ ਜਾਨਹਿ ਅੰਤੁ। ਪਰਮੇਸਰੁ ਪਾਰ ਬ੍ਰਹਮ ਬੇਅੰਤੁ ।(ਰਾਮਕਲੀ ਮ. 5)
ਬੇਦ ਕਤੇਬ ਸਿਮ੍ਰਿਤ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ ।(ਸੂਹੀ ਮ. 5)

• • • •

ਪੜੇ ਰੇ ਸਗਲ ਬੇਦ, ਨਹ ਚੂਕੈ ਮਨ ਭੇਦ।
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ।(ਧਨਾਸਰੀ ਮ. 5)

ਪਾਸਾ ਕਿਵੇਂ ਪਲਟੀਏ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ।ਦੁਬਧਾ ਦੂਰ ਕਰਹੁ ਲਿਵ ਲਾਇ ।
ਹਰਿਨਾਮੈ ਕੇ ਹੋਵਹੁ ਜੋੜੀ ।ਗੁਰਮੁਖਿ ਬੈਸਹੁ ਸਫਾ ਵਿਛਾਇ ।
ਇਨ ਬਿਧਿ ਪਾਸਾ ਢਾਲਹੁ ਬੀਰ ।(ਬਸੰਤ ਮ.5)

• • • •

ਕੋਈ ਗਾਵੈ ਕੋ ਸੁਣੈ, ਕੋਈ ਕਰੈ ਬੀਚਾਰ ।
ਕੋ ਉਪਦੇਸੈ ਕੋ ਦ੍ਰਿੜੈ (ਯਕੀਨ ਕਰੇ) ਤਿਸ ਕਾ ਹੋਇ ਉਧਾਰੁ ।(ਥਿਤੀ ਗਉੜੀ ਮ. 5)
ਹੋਮ ਜਗ ਤੀਰਥ ਕੀਏ ਬਿਚਿ ਹਉਮੈ ਵਧੇ ਬਿਕਾਰ ।
ਨਰਕੁ ਸੁਰਗੁ ਦੁਇ ਭੁੰਚ ਨਾ ਹੋਇ ਬਹੁਰਿ ਬਹੁਰਿ ਅਵਤਾਰ ।
ਜੈਸੇ ਗੁਰਿ ਉਪਦੇਸਿਆ ਮੈਂ ਤੈ ਕਹਿਆ ਪੁਕਾਰ ।
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰ ॥ (ਗਉੜੀ ਮੁਹਲਾ 5)

• • • •

ਤੀਰਥ ਨਾਇ ਨਾ ਉਤਰਸਿ ਮੈਲੁ।ਕਰਮ ਧਰਮ ਸਭਿ ਹਉਮੈ ਫੈਲੁ। (ਰਾਮਕਲੀ ਮੁਹਲਾ 5)

• • • •

ਜੋ ਪਾਥਰ ਕਉ ਕਹਤੇ ਦੇਵ ।ਤਾਂ ਕੀ ਬਿਰਥਾ ਹੋਵੈ ਸੇਵ ।
ਜੋ ਪਾਥਰ ਕੀ ਪਾਈ ਪਾਇ ।ਤਿਸ ਕੀ ਘਾਲ ਅਜਾਈ ਜਾਇ ।
ਠਾਕੁਰੁ ਹਮਰਾ ਸਦ ਬੋਲੰਤਾ ।ਸਰਬ ਜੀਆ ਕਉ ਪ੍ਰਭੁ ਦਾਨ ਦੇਤਾ ।
ਨ ਪਾਥਰੁ ਬੋਲੈ ਨਾ ਕਿਛੁ ਦੇਇ ।ਫੋਕਟ ਕਰਮ ਨਿਹਫਲ ਹੈ ਸੇਵ । (ਭੈਰਉ ਮ. 5)
(ਇਹੋ ਸਲੋਕ ਸਤਿਗੁਰੂ ਕਬੀਰ ਦਾ ਹੈ ।ਪੰਜਵੇਂ ਗੁਰੂ ਨੇ ਗੱਲ ਦੁਹਰਾ ਕੇ ਸੱਚ ਨੂੰ ਫੇਰ ਉਘਾੜਿਆ ਹੈ ।)

• • • •

ਹਿੰਦੂ ਮੂਲੇ ਭੂਲੇ ਅਖੁਟੀ ਜਾਹੀ ।ਨਾਰਿਦ ਕਹਿਆ ਸਿ ਪੂਜ ਕਰਾਂਹੀ ।
ਅੰਧੇ ਗੁੰਗੇ ਅੰਧ ਅੰਧਾਰੁ ।ਪਾਥਰੁ ਲੇ ਪੂਜਹਿ ਮੁਗਧ ਗਵਾਰ ।
ਓਹਿ ਜਾ ਆਪ ਡੁਬੇ, ਤੁਮ ਕਹਾਂ ਤਰਣ ਹਾਰੁ ।ਘਰ ਮਹਿ ਠਾਕੁਰ ਨਦਰਿ ਨ ਆਵੈ ।
ਗਲ ਮਹਿ ਪਾਹੁਣ ਲੈ ਲਟਕਾਵੈ ।ਭਰਮੇ ਭੂਲਾ ਸਾਕਤ ਫਿਰਤਾ ।
ਨੀਰੁ ਬਿਰੋਲੇ ਖਪਿ ਖਪਿ ਮਰਤਾ ।ਜਿਸੁ ਪਾਹਨੁ ਕਉ ਠਾਕੁਰੁ ਕਹਤਾ ।
ਓਹੁ ਪਾਹਨੁ ਲੈ ਉਸ ਕਉ ਡੁਬਤਾ ।ਗੁਨਹਗਾਰ ਲੂਣ ਹਰਾਮੀ ।
ਪਾਹਣ ਨਾਵਨ ਪਾਰ ਗਿਰਾਮੀ । ਗੁਰੂ ਮਿਲਿ ਨਾਨਕ ਠਾਕੁਰੁ ਜਾਤਾ ।
ਜਲਿ ਥਲਿ ਮਹੀਅਲਿ ਪੂਰਨ ਬਿਧਾਤਾ । (ਸੂਹੀ ਮਹਲਾ 5)
(ਇਹ ਸਲੋਕ ਸੰਤਗੁਰੂ ਕਬੀਰ, ਗੁਰੂ ਅਰਜਨ ਦਾ ਸਾਂਝਾ ਹੈ ।ਭਾਵ ਗੁਰੂਆਂ ਦੀ ਵਿਚਾਰਧਾਰਾ ਇਕੋ ਹੈ, ਸਾਂਝੀ ਹੈ।)

ਉਸ ਦੇ ਹੁਕਮ ਵਿਚ ਵਰਨ ਤੇ ਜਾਤ ਨਹੀਂ ਹੈ

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ।ਸਭ ਮਹਿ ਵਰਤੈ ਆਪਿ ਨਿਰਾਰਓ।
ਵਰਨੁ ਜਾਤਿ ਚਿਹਨੁ ਨਹੀਂ ਕੋਈ ।ਸਭੁ ਹੁਕਮੇ ਸ੍ਰਿਸਟਿ ਉਪਾਇਦਾ । (ਮਾਰੂ ਸੋਹਲੇ ਮ. 5)

• • • •

ਕੋਈ ਗਾਵੈ, ਕੋ ਸੁਣੈ, ਕੋਈ ਕਰੈ ਬੀਚਾਰ ।
ਕੋ ਉਪਦੇਸੈ ਕੋ ਦ੍ਰਿੜੈ, ਤਿਸ ਕਾ ਹੋਇ ਉਧਾਰੁ । (ਗਉੜੀ ਮ. 5)

ਵੇਦਾਂ ਸ਼ਾਸਤਰਾਂ ਵਿਚ ਮੁਕਤੀ ਨਹੀਂ ਹੈ

ਬੇਦ ਕਤੇਬ ਸਿਮ੍ਰਿਤ ਸਭਿ ਸਾਸਤ ਇਸ ਪੜਿਆ ਮੁਕਤਿ ਨ ਹੋਇ ।
ਏਕੁ ਅਖਰੁ ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਇ ।
ਖਤਰੀ ਬ੍ਰਾਹਮਣ ਸੂਦ ਵੈਸ, ਉਪਦੇਸ ਚਹੁ ਵਰਨਾ ਕਉ ਸਾਂਝਾ ।
ਗੁਰਮੁਖਿ ਜਾਪੈ ਉਧਰੈ ਸੋ ਕਲ ਮਹਿ, ਘਟਿ ਘਟਿ ਨਾਨਕ ਮਾਝਾ । (ਸੂਹੀ ਮ. 5)

• • • •

ਜੀਵਤ ਛਾਡਿ ਜਾਹਿ ਦੀਵਾਨੇ । ਮੁਇਆ ਉਨਤੇ ਕੋ ਵਰਸਾਨੇ । (ਗਉੜੀ ਮ. 5)

ਕਰਮ ਕਾਂਡ ਵਿਅਰਥ ਹੈ

ਕਰਮ ਧਰਮ ਨੇਮ ਬ੍ਰਤ ਪੂਜਾ । ਪਾਰ ਬ੍ਰਹਮ ਬਿਨੁ ਜਾਨੁ ਨ ਦੂਜਾ ॥ (ਗਉੜੀ ਮ. 5)

ਬਾਣੀ ਗੁਰੂ ਗੋਬਿੰਦ ਸਿੰਘ

ਮੈ ਨ ਗਨੇਸ਼ਹਿ ਪ੍ਰਥਮ ਮਨਾਊ । ਕਿਸ਼ਨ ਬਿਸ਼ਨ ਕਬਹੂੰ ਨ ਧਿਆਊ । (ਪਾਤਸ਼ਾਹੀ 10)

ਕੂੜ ਕਿਰਿਆ

ਕਾਹੂੰ ਲੈ ਪਾਹਨ ਪੂਜ ਧਰਯੋ ਸਿਰ । ਕਾਹੂੰ ਲੈ ਲਿੰਗ ਗਰੇ ਲਟਕਾਯੋ ॥
ਕਾਹੂੰ ਲਿਖਾਯੋ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਸੋ ਸੀਸ ਨਿਵਾਯੋ ।
ਕੋਊ ਬੁਤਾਨ ਕੋ ਪੂਜਤ ਹੈ ਪਸੂ ਕੋਊ ਮ੍ਰਿਤਾਨ ਕੋ ਪੂਜਨ ਧਾਯੋ ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦ ਨ ਪਾਯੋ । (ਪਾਤਸ਼ਾਹੀ 10)

• • • •

ਪੂਰਨ ਪ੍ਰੇਮ ਪ੍ਰਤੀਤ ਸਜੈ । ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ।
ਤੀਰਥ ਦਾਨ ਦਇਆ ਤਪ ਸੰਜਮ । ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈ । ਤਬ ਖਾਲਸ ਤਾਹਿ ਨਿਖਾਲਸ ਜਾਨੈ । (ਸਵਯੇ ਪਾ. 10)

ਮਾਣਸ ਦੀ ਇਕ ਜਾਤ

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ।
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥ (ਅਕਾਲ ਉਸਤਤਿ ਪਾ. 10)

• • • •

ਏਕੈ ਨੈਨ, ਏਕੇ ਕਾਨ, ਏਕੈ ਦੇਹ, ਏਕੈ ਬਾਨ ।
ਖਾਕ ਬਾਦ ਆਤਿਸ਼ ਔ ਆਬ ਕੋ ਰਲਾਓ ਹੈ । (ਅਕਾਲ ਉਸਤਤਿ ਪਾ. 10)

• • • •

ਦੇਵ ਭੇਵ ਨ ਜਾਨ ਹੀ ਜਿਹ ਬੇਦ ਔਰ ਕਤੇਬ । ਰੂਪ ਰੰਗ ਨ ਜਾਤਿ ਪਾਤਿ ਸੁ ਜਾਨ ਹੀ ਕਿਹ ਜੇਬ ।
ਤਾਤ ਮਾਤ ਨ ਜਾਤਿ ਜਾਕਰ ਜਨਮ ਮਰਨ ਬਿਹੀਨ । ਚਕ੍ਰ ਬਕ੍ਰ ਫਿਰੈ ਚਤੁਰ ਚਕ ਮਾਨ ਹੀਂ ਪੁਰ ਤੀਨ ।

ਪੱਥਰ ਨਹੀਂ ਤਾਰ ਸਕਦੇ

ਕਹਾਂ ਭਇਓ ਜੋ ਅਤਿ ਹਿਤ ਚਿਤ ਕਰ । ਬਹੁਬਿਧਿ ਸਿਲਾ ਪੁਜਾਈ ।
ਪਾਨ ਥਕਯੋ ਪਾਹਨ ਕਹ ਪਰਸਤ । ਕਛ ਕਰ ਸਿੱਧਿ ਨ ਆਈ ।
ਅੱਛਰ ਧੂਪ ਦੀਪ ਅਰਪਤ ਹੈ । ਪਾਹਨ ਕਛੂ ਨ ਖੈਹੈ ।
ਤਾ ਮੈ ਕਹਾਂ ਸਿੱਧਿ ਹੈ, ਰੇ ਜੜ੍ਹ (ਮੂਰਖ) । ਤੋਹਿ ਕਛੂ ਬਰ ਦੇਹੈ ।
ਜੋ ਜੀਅ ਹੋਤ ਦੇਤੁ ਕਛੂ ਤੁਹਿ । ਕਰ ਮਨ ਬਚ ਕਰਮ ਬਿਚਾਰ (ਵਿਚਾਰ ਕਰ) ।
ਕੇਵਲ ਏਕ ਸਰਣਿ ਸੁਆਮੀ ਬਿਨ । ਯੌ ਨਹਿ ਕਤਹਿ ਉਧਾਰ । (ਸਬਦ ਹਜਾਰੇ, ਪਾਤਸ਼ਾਹੀ 10)

• • • •

ਬੇਦ ਕਤੇਬ ਤਜ ਦਿੱਤੇ

ਜਿਨਕੀ ਲਿਵ ਹਰਿ ਚਰਨਨ ਲਾਗੀ ।ਤੇ ਬੇਦਨ ਤੇ ਭਏ ਤਿਆਗੀ ।
ਜਿਨ ਮਨ ਹਰਿ ਚਰਨਨ ਠਹਿਰਾਯੋ ।ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ।
ਸਿੰਮ੍ਰਿਤ ਸਾਸਤ੍ਰ ਬੇਦ ਸਭੈ ।ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ।
ਬੇਦ ਕਤੇਬ ਕੇ ਭੇਦ ਸਭੈ ਤਜਿ ।ਕੇਵਲ ਕਾਲ ਕ੍ਰਿਪਾ ਨਿਧਿ ਮਾਨਯੋ । (ਦਸਮ ਗੁਰੂ ਜੀ)

• • • •

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ।ਸਰਬ ਸਾਸਤ੍ਰ ਨ ਜਾਨਹੀ, ਜਿਹ ਰੂਪ ਰੰਗ ਅਰੁ ਰੇਖ ।
ਪਰਮਬੇਦ ਪੁਰਾਨ ਜਾਕਹਿ ਨੇਤਿ ਭਾਖਤ ਨਿੱਤ ।ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ।
ਨ ਆਵਹੀ ਵਹੁ ਚਿੱਤ ।(86)

• • • •

ਬਰਨ ਚਿਹਨ ਸਭਹੂੰ ਤੇ ਨਯਾਰਾ ।ਆਦਿ ਪੁਰਖ ਅਦ੍ਵੈ, ਅਬਿਕਾਰਾ । (3)
ਬਰਨ ਚਿਹਨ ਜਿਹਿ ਜਾਤਿ ਨ ਪਾਤਾ।ਸਤ੍ਰ ਮਿਤ੍ਰ ਜਿਹਿ ਤਾਤ ਨ ਮਾਤਾ ।
ਸਭ ਤੇ ਦੂਰ ਸਭਿਨ ਤੇ ਨੇਰਾ ।ਜਲ ਥਲ ਮਹੀਅਲ ਜਾਹਿ ਬਸੇਰਾ । (4)

• • • •

ਜਿਥੇ ਜਾਤਪਾਤ ਵਰਨ ਨਹੀਂ ਹੈ

ਜਾਤਿ ਪਾਤਿ ਜਿਹ ਚਿਹਨ ਨ ਬਰਨਾ ।ਅਬਿਗਤ ਦੇਵ ਅਛੈ ਅਨਭਰਮਾ । (9)

• • • •

ਤੀਰਥ ਨ੍ਹਾਨ, ਦਯਾ, ਦਮ, ਦਾਨ ।ਸੁ ਸੰਜਮ, ਨੇਮ ਅਨੇਕ ਬਿਸੇਖੈ ।
ਬੇਦ ਪੁਰਾਨ, ਕਤੇਬ ਕੁਰਾਨ, ।ਜ਼ਮੀਨ ਜ਼ਮਾਨ ਸਬਾਨਕੇ ਪੇਖੈ ।
ਪੌਨ ਅਹਾਰਿ, ਜਤੀ ਜਤਧਾਰਿ ।ਸਬੈ ਸੁ ਬਿਚਾਰ ਹਜਾਰਕ ਦੇਖੈ ।
ਸ੍ਰੀ ਭਗਵਾਨ ਭਜੇ ਬਿਨ ਭੂਪਤਿ (ਬ੍ਰਾਹਮਣ) ।ਏਕ ਰਤੀ ਬਿਨ ਏਕ ਨ ਲੇਖੈ । (14)

• • • •

ਬ੍ਰਹਮ, ਮਹੇਸੁਰ, ਬਿਸ਼ਨੁ, ਸਚੀਪਤਿ ।ਅੰਤ ਫਸੇ ਯਮਫਾਸਿ ਪਰੈਂਗੇ । (18)

• • • •

ਜਿਹ ਕੋਟਿ ਇੰਦ੍ਰ ਨ੍ਰਿਪਾਰ ।ਕਈ ਬ੍ਰਹਮ ਬਿਸ਼ਨ ਬਿਚਾਰ ।
ਕਈ ਰਾਮ ਕ੍ਰਿਸ਼ਨ ਰਸੂਲ ।ਬਿਨ ਭਗਤਿ ਕੋ ਨ ਕਬੂਲ । (38)

• • • •

ਕਈ ਸਿਧ ਬਿਧ ਨਗੇਂਦ੍ਰ ।ਕਈ ਮੱਛ ਕੱਛ ਫਨੇਂਦ੍ਰ ।
ਕਈ ਦੇਵ ਆਦਿ ਕੁਮਾਰ ।ਕਈ ਕਿਸ਼ਨ ਬਿਸ਼ਨ ਅਵਤਾਰ । (39)

• • • •

ਤੀਰਥ ਕੋਟ ਕੀਯੇ ਇਸਨਾਨ ।ਦੀਯੇ ਬਹੁਦਾਨ ਮਹਾਂ ਬ੍ਰਤ ਧਾਰੇ ।
ਦੇਸ ਫਿਰਯੋ ਕਰ ਭੇਸ ਤਪੋਬਨ ।ਕੇਸ ਧਰੇ ਨ ਮਿਲੇ ਹਰਿ ਪਯਾਰੇ ।
ਆਸਨ ਕੋਟ ਕਰੇ ਅਸ਼ਟਾਂਗ ।ਧਰੇ ਬਹੁ ਨਯਾਸ ਕਰੇ ਮੁਖ ਕਾਰੇ ।
ਦੀਨ ਦਯਾਲੁ ਅਕਾਲ ਭਜੇ ਬਿਨ ।ਅੰਤ ਕੁ ਅੰਤ ਕੇ ਧਾਮ ਸਿਧਾਰੇ । (252)

• • • •

ਮਹਾਦੇਵ ਅਚੁੱਤ ਕਹਿਵਾਯੋ ।ਬਿਸਨੁ ਆਪ ਹੀ ਕੋ ਠਹਿਰਾਯੋ ।
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ।ਪ੍ਰਭੁ ਕੋ ਪ੍ਰਭੁ ਨ ਕਿਨਹੂੰ ਜਾਨਾ ॥ (8)

• • • •

ਕਿਨਹੁ ਪ੍ਰਭੁ ਪਾਹਨ ਪਹਿਚਾਨਾ ।ਨ੍ਹਾਤ ਕਿਤੇ ਜਲ ਕਰਤ ਬਿਧਾਨਾ ।

ਕੇਤਕ ਕਰਮ ਕਰਤ ਡਰਪਾਨਾ ।ਧਰਮ ਰਾਜ ਕੋ ਧਰਮ ਪਛਾਨਾ ।(11)

ਸਿਮਰਤੀ ਦੇ ਰਾਹ ਨਹੀਂ ਜਾਣਾ

ਜੋ ਸਿਮ੍ਰਿਤਨ ਕੇ ਭੇ ਅਨੁਰਾਗੀ । ਤਿਨ ਤਿਨ ਕ੍ਰਿਯਾ ਬ੍ਰਹਮ ਕੀ ਤਯਾਗੀ ।
ਜਿਨ ਮਨ ਹਰਿ ਚਰਨਨ ਠਹਿਰਾਯੋ ।ਸੋ ਸਿਮ੍ਰਿਤਨ ਕੇ ਰਾਹ ਨ ਆਯੋ । (18)

ਵੇਦਾਂ ਦਾ ਤਿਆਗ

ਬ੍ਰਹਮੇ ਚਾਰ ਹੀ ਬੇਦ ਬਨਾਯੇ ।ਸਰਬ ਲੋਕ ਤਿਹ ਕਰਮ ਚਲਾਯੇ ।
ਜਿਨ ਕੀ ਲਿਵ ਹਰਿ ਚਰਨਨ ਲਾਗੀ । ਤੇ ਬੇਦਨ ਤੇ ਭਯੇ ਤਯਾਗੀ । (19)

• • • •

ਜਿਨ ਮਤ ਬੇਦ ਕਤੇਬ ਨ ਤਯਾਗੀ । ਪ੍ਰਾਬ੍ਰਹਮ ਕੇ ਤੇ ਅਨੁਰਾਗੀ । (20)

• • • •

ਜੋ ਹਮਕੋ ਪਰਮੇਸਰ ਉਚਰਹੈ । ਤੇ ਸਭਿ ਨਰਕ ਕੁੰਡ ਮਹਿ ਪਰਹੈ ।
ਮੋਕੋ ਦਾਸ ਤਵਨ ਕਾ ਜਾਨੋ। ਯਾ ਮੇ ਭੇਦਨ ਨ ਰੰਚ ਪਛਾਨੋ ।(32)

ਧਰਮ ਕਿਸ ਖਾਤਰ

ਜਹਾਂ ਤਹਾਂ ਤੁਮ ਧਰਮ ਬਿਥਾਰੋ ।ਦੁਸਟ ਦੋਖੀਅਨ ਪਕਰ ਪਛਾਰੋ । (42)

• • • •

ਧਰਮ ਚਲਾਵਨ, 'ਸੰਤ ਉਬਾਰਨ' ।ਦੁਸਟ ਸਭਿਨ ਕੋ ਮੂਲ ਉਪਾਰਨ । (43)

• • • •

ਕੋਈ ਪੜ੍ਹਤ ਪੁਰਾਨ ਕੋ ।ਕੋਈ ਪੜ੍ਹਤ ਕੁਰਾਨ ।
ਕਾਲ ਨਸਕਤ ਬਚਾਯਕੈ ।ਫੋਕਟ ਧਰਮ ਨਿਦਾਨ । (47)

• • • •

ਕਈ ਕੋਟੀ ਮਿਲ ਪੜ੍ਹਤ ਪੁਰਾਨਾ ।ਬਾਚਤ ਕਿਤੇ ਕੁਰਾਨ ਅਜਾਨਾ ।
ਅੰਤ ਕਾਲ ਕੋਈ ਕਾਮ ਨਾ ਆਵਾ ।ਦਾਵ ਕਾਲ ਕਾਹੂੰ ਨ ਬਚਾਨਾ । (48)

ਦੇਵਤੇ ਤੇ ਰਿਸ਼ੀ

ਬੇਦ ਭੇਦ ਨਹਿ ਲਖੇ ਬ੍ਰਹਮ, ਬ੍ਰਹਮਾ ਨਹਿ ਬੁਝੈ ।ਬਯਾਸ, ਪਰਾਸਰ, ਸ਼ੁਕ ਸਨਾਦਿ ਸ਼ਿਵ ਅੰਤ ਨਾ ਸੂਝੈ ।(.

ਕਾਲ ਹੀ ਮਿਟਾਉਂਦਾ ਬਣਾਉਂਦਾ ਹੈ

ਜਬ ਜਬ ਹੋਤ ਅਰਿਸ਼ਟ ਅਪਾਰਾ (ਜ਼ੁਲਮ) ।ਤਬ ਤਬ ਦੇਹ ਧਰਤ ਅਵਤਾਰਾ ।
ਕਾਲ ਸਭਿਨ ਕੋ ਪੇਖ ਤਮਾਸਾ ।ਅੰਤਹਿ ਕਾਲ ਕਰਤ ਹੈ ਨਾਸਾ । (2)

ਕਾਲ ਪਸਾਰਾ ਕਰਦਾ ਹੈ

ਕਾਲ ਸਭਿਨ ਕਾ ਕਰਤ ਪਸਾਰਾ ।ਅੰਤ ਕਾਲ ਸੋਈ ਖਾਪਨ ਹਾਰਾ ।
ਆਪਨ ਰੂਹ ਅਨੰਤਨ ਧਰਹੀ ।ਆਪਹਿ ਮੱਧ ਲੀਨ ਪੁਨ ਕਰਹੀਂ । (3)

ਭਰਮ ਦੇ ਅਵਤਾਰ

ਜੋ ਚੌਬਿਸ ਅਵਤਾਰ ਕਹਾਏ ।ਤਿਨ ਭੀ ਤੁਮ, ਪ੍ਰਭੂ, ਤਨਿਕ ਨ ਪਾਯੇ ।
ਸਭ ਹੀ ਜਗ ਭਰਮੇ ਭਵਰਾਯੰ ।ਤਾਂਤੇ ਨਾਮ ਬਿਅੰਤ ਕਹਾਯੰ । (7)

• • • •

ਅੰਤ ਕਰਤ ਸਭ ਜਗ ਕੋ ਕਾਲਾ ।ਨਾਮ ਕਾਲ ਤਾਂਤੇ ਜਗ ਡਾਲਾ ।
ਸਮੈ ਸੰਤ ਪਰ ਹੋਤ ਸਹਾਈ ।ਤਾਂਤੇ ਸੰਖਯਾ 'ਸੰਤ' ਸੁਨਾਈ । (9)

ਫੋਕਟ ਕਰਮ

ਕਈ ਇੰਦ੍ਰ ਬਾਰ ਬਹਾਰ ।ਕਈ ਬੇਦ ਅਉ ਮੁਖਚਾਰ ।
ਕਈ ਰੁਦ੍ਰ ਛੁਦ੍ਰ ਸਰੂਪ ।ਕਈ ਰਾਮ ਕ੍ਰਿਸ਼ਨ ਸਰੂਪ । (40)

ਕਈ ਕੋਕ ਕਾਵ੍ਯ ਭਣੰਤ । ਕਈ ਬੇਦ ਭੇਦ ਕਹੰਤ ।
ਕਈ ਸਾਸਤ੍ਰ ਸਿਮ੍ਰਿਤ ਬਖਾਨ । ਕਹੂੰ ਕਥਤ ਹੀ ਸੁਪੁਰਾਨ । (41)

• • • •

ਕਈ ਅਗਨਿ ਹੋਤ੍ਰ ਕਰੰਤ । ਕਈ ਉਰਧਤਾਪ ਦੁਰੰਤ ।
ਕਈ ਉਰਧਬਾਹੁ ਸੰਨਯਾਸ । ਕਹੂੰ ਜੋਗ ਭੇਸ ਉਦਾਸ । (42)

• • • •

ਸਭ ਕਰਮ ਫੋਕਟ ਜਾਨ । ਸਭ ਧਰਮ ਨਿਹਫਲ ਮਾਨ ।
ਖਿਨ ਏਕ ਨਾਮ ਅਧਾਰ । ਸਭ ਕਰਮ ਭਰਮ ਬਿਚਾਰ । (50)

• • • •

ਬੇਦ ਕਤੇਬ ਨ ਭੇਦ ਲਖਾਯੋ । ਸਭ ਹਾਰਪਰੇ ਹਰਿਹਾਥ ਨ ਆਯੋ । (250)

• • • •

ਰਾਮ ਰਹੀਮ ਪੁਰਾਨ ਕੁਰਾਨ । ਅਨੇਕ ਕਹੈਂ ਮਤ, ਏਕ ਨ ਮਾਨਯੋ ।
ਸਿਮ੍ਰਿਤ ਸ਼ਾਸਤ੍ਰ ਬੇਦ ਸਬੈ । ਬਹੁ ਭੇਦ ਕਹੈ, ਹਮ ਏਕ ਨ ਜਾਨਯੋ । (263)

• • • •

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦਾ ਰਹਿਣਾ ।
ਸੂਲ ਸੁਰਾਹੀ ਖੰਜਰ ਪਯਾਲਾ ਬਿੰਗ ਕਸਾਈਆਂ ਦਾ ਸਹਿਣਾ ।
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ । (ਸ਼ਬਦ ਹਜ਼ਾਰੇ 6)
(ਭਾਵ ਯਾਰੜੇ ਭਾਵ ਨਿਮਾਣੇ, ਨਿਤਾਣੇ, ਨਿਓਟੇ, ਨਿਆਸਰੇ, ਜ਼ੁਲਮ ਦਾ ਸ਼ਿਕਾਰ, ਗਰੀਬ, ਕੰਗਾ
ਲਿਤ, ਸ਼ੋਸ਼ਤ, ਲਤਾੜੇ, ਨਪੀੜੇ ਆਦਿ।) (ਖੇੜਿਆਂ-ਐਸ਼ ਅਰਾਮ ਦੀ ਜ਼ਿੰਦਗੀ)

ਜਾਚ ਨਹੀਂ ਆਈ

ਦੇਵ ਅਦੇਵ ਮਹੀਧਰ ਨਾਗਨ । ਸਿੱਧ ਪ੍ਰਸਿੱਧ ਬਡੋ ਤਪ ਕੀਨੋ ।
ਬੇਦ ਪੁਰਾਨ ਕੁਰਾਨ ਸ[illegible] ਗੁਨ । ਗਾਯ ਥਕੇ, ਪਰ ਜਾਯ ਨ ਚੀਨੋ । (9)

ਉਹ ਗੁਰੂ ਜਿਸਨੇ ਵੇਦਾਂ ਦਾ ਭੇਦ ਪਾ ਲਿਆ

ਕੋਟਿਕ ਇੰਦ੍ਰ ਕਰੇ ਜਿਹ ਕੇ । ਕਈ ਕੋਟੀ ਉਪਪਿੰਦ੍ਰ ਬਨਾਯ ਖਪਾਯੋ ।
ਦਾਨਵ, ਦੇਵ, ਫਨਿੰਦ੍ਰ, ਧਰਾਧਰ । ਪੱਛ, ਪਸ਼ੂ, ਨਹਿਜਾਤ ਗਨਾਯੋ ।
ਆਜ ਲਗੇ ਤਪ ਸਾਧਤ ਹੈ । ਸਿਵਊ ਬ੍ਰਹਮਾ ਕਛੂ ਪਾਰ ਨ ਪਾਯੋ ।
ਬੇਦ ਕਤੇਬ ਨ ਭੇਦ ਲਖਾਯੋ ਜਿਹ । ਸੋਊ ਗੁਰੂ ਗੁਰੂ ਮੋਹਿ ਬਤਾਯੋ । (17)

ਇਨ੍ਹਾਂ ਗਰੀਬਾਂ ਗੁਰਮੁਖਾਂ ਤੇ ਦਲਿਤ ਸੂਰਬੀਰਾਂ ਸਦਕਾ

ਯੁਧ ਜਿਤੇ ਇਨਹੀਂ ਦੇ ਪ੍ਰਸਾਦਿ । ਇਨਹੀਂ ਕੇ ਪ੍ਰਸਾਦਿ ਸੁ ਦਾਨ ਕਰੇ ।
ਅਘ ਉਘ ਟਰੇ ਇਨਹੀਂ ਕੇ ਪ੍ਰਸਾਦਿ । ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ।
ਇਨਹੀ ਕੇ ਪ੍ਰਸਾਦਿ ਸੁਵਿਦਯਾ ਲਈ । ਇਨਹੀਂ ਕੀ ਕ੍ਰਿਪਾ ਸਭ ਸ਼ਤ੍ਰੂ ਮਰੇ ।
ਇਨਹੀਂ ਕੀ ਕ੍ਰਿਪਾ ਕੇ ਸਜੇ ਹਮ ਹੈਂ । ਨਹਿ ਮੋ ਸੋ ਗਰੀਬ ਕਰੋਰ ਪਰੇ । (2)

ਇਨ੍ਹਾਂ ਦੀ ਖਾਤਰ ਸਭ ਹਾਜ਼ਰ ਹੈ

ਸੇਵ ਕਰੀ ਇਨ ਕੀ ਮਨ ਭਾਵਤ । ਔਰ ਕੀ ਸੇਵ ਜੁਗਤ ਨ ਜੀਕੋ ।
ਦਾਨ ਦਯੋ ਇਹਨੀਂ ਕੋ ਭਲੋ । ਅਰੁ ਆਨ ਕੋ ਦਾਨ ਨ ਲਾਗਤ ਨੀਕੋ ।
ਆਗੇ ਫਲੈ ਇਨਹੀਂ ਕੋ ਦਯੋ । ਜਗ ਮੇ ਜਸ ਔਰ ਦਯੋ ਸਭ ਫੀਕੋ
ਮੋ ਗ੍ਰਿਹ ਮੇ ਮਨ ਤੇ ਤਨ ਤੇ । ਸਿਰ ਲੌ ਧਨ ਹੈ ਸਭ ਹੀ ਇਨਹੀ ਕੋ । (3)

ਤੰਤਰ ਮੰਤਰ ਦਾ ਪਖੰਡ

ਸੋਈ ਕਰੇ ਜੋਈ ਮਨ ਭਾਵੈ । ਕਿਸੈ ਪੁਜਾਈ ਸਿਲਾ ਸੁੰਨ ।
ਕੋਈ ਗੋਰੀਂ ਮੜ੍ਹੀ ਪੁਜਾਵੈ । ਤੰਤ੍ਰ ਮੰਤ੍ਰ ਪਾਖੰਡ ਕਰ ।
ਕਲਿਹ ਕ੍ਰੋਧ ਬਹੁ ਵਾਦ ਵਧਾਵੈ । ਆਪਧਾਪੀ ਹੋਇਕੇ ਨਯਾਰੇ ਨਯਾਰੇ ਧਰਮ ਚਲਾਵੈ ।
ਕੋਈ ਪੂਜੈ ਚੰਦੁ ਸੂਰ, ਕੋਈ ਧਰਤਿ ਅਕਾਸ ਮਨਾਵੈ ।
ਪਾਉਣ ਪਾਨੀ ਬੈਸੰਤਰੋ, ਧਰਮਰਾਜ ਕੋਈ ਤ੍ਰਿਪਤਾਵੈ । ਫੋਕਟ ਧਰਮੀ ਭਰਮ ਭੁਲਾਵੈ । (18)

• • • •

ਦਉਦਸ ਅਮਾਵਸ ਰਚਿ ਰਚਿ ਮਾਂਗਹਿ । ਕਰ ਦੀਪਕ ਲੈ ਕੂਪ (ਖੂਹ) ਪਰਹਿ ।

• • • •

ਈਸਰ ਬ੍ਰਹਮਾ ਦੇਵੀ ਦੇਵਾ । ਇੰਦ੍ਰ ਤਪੇ (ਤਪੀਸਰ) ਮੁਨਿ ਤੇਰੀ ਸੇਵਾ ।
ਜਤੀ ਸਤੀ ਕੇਤੇ ਬਨਵਾਸੀ । ਅੰਤ ਨਾ ਕੋਈ ਪਾਇਦਾ । (ਕਿਸੇ ਨੇ ਅਸਲ ਭੇਦ ਨਹੀਂ ਪਾਇਆ)

• • • •

ਦੇਵੀ ਦੇਵਾ ਪੂਜੀਏ ਭਾਈ । ਕਿਆ ਮਾਗਉ ਦਿਆ ਦੇਹਿ ।

• • • •

ਹੋਮ ਜਗ ਸਭ ਤੀਰਥਾ । ਪੜਿ ਪੰਡਿਤ ਥਕੇ ਪੁਰਾਣ ।
ਬਿਖ ਮਾਇਆ ਮੋਹ ਨਹ ਮਿਟਈ । ਵਿਚ ਹਉਮੈ (ਜਾਤੀ ਹੰਕਾਰ) ਆਵਣ ਜਾਣ ।

• • • •

ਆਇਆ ਗਇਆ ਮੋਇਆ ਨਾਉ । ਪਿਛੈ ਪਤਲਿ ਸਦਿਹੁ ਨਾਵ ।
(ਬੰਦਾ ਆਇਆ, ਤੁਰਿਆ, ਮਰ ਗਿਆ)

• • • •

ਨਾਨਕ ਮਨਮੁਖ ਅੰਧ ਪਿਆਰ । ਬਾਝ ਗੁਰੂ ਡੁਬਾ ਸੰਸਾਰ । (ਗੁਰਬਾਣੀ)

ਭਾਈ ਗੁਰਦਾਸ ਵਿਚਾਰਧਾਰਾ (ਬ੍ਰਾਹਮਣਵਾਦ ਕੀ ਹੈ)

ਭਈ ਗਿਲਾਨਿ ਜਗਤ ਵਿਚ (ਨਫਰਤ) । ਚਾਰ ਵਰਨ ਆਸ਼ਰਮ ਉਪਾਏ ।
ਬ੍ਰਾਹਮਣ ਬਹੁ ਪਰਕਾਰ ਕਰ । ਸ਼ਾਸਤਰ ਵੇਦ ਪੁਰਾਨ ਲੜਾਏ ।
ਖਟ ਦਰਸ਼ਨ ਬਹੁ ਵੈਰ ਕਰ । ਨਾਲ ਛਤੀਸ ਪਾਖੰਡ ਰਲਾਏ ।
ਤੰਤ ਮੰਤ ਰਾਸਾਇਣਾ । ਕਰਾਸਾਂਡ ਕਾਲ ਲਪਟਾਏ ।
ਏਕਸ ਤੇ ਬਹੁ ਰੂਪ ਕਰ । ਰੂਪ ਕੁਰੂਪੀ ਘਣੇ ਦਿਖਾਏ
ਕਲਿਯੁਗ ਅੰਦਰ ਭਰਮ ਭੁਲਾਏ । (19)

ਗੁਰੂ ਨੇ ਕੀ ਕੀਤਾ

ਚਾਰ ਵਰਨ ਇਕ ਵਰਨ ਕਰਾਯਾ । ਰਾਣਾ ਰੰਕ ਬਰਾਬਰੀ ।
ਪੈਰੀ ਪਾਵਣਾ ਜਗ ਵਰਤਾਯਾ । (23)

ਗੁਰੂ ਨੇ ਸਭ ਕੁਝ ਪੜ੍ਹਿਆ, ਸਮਝਿਆ, ਵਿਚਾਰਿਆ ਤੇ ਫਿਰ ਉਪਕਾਰ ਸ਼ੁਰੂ ਕੀਤਾ

ਬਾਬਾ ਆਯਾ ਤੀਰਥੀਂ । ਤੀਰਥ ਪੁਰਬ ਸਭੇ ਫਿਰ ਦੇਖੇ ।
ਪੁਰਬ ਧਰਮ ਬਹੁ ਕਰਮ ਕਰ । ਭਾਉ ਭਗਤਿ ਬਿਨ ਕਿਤੇ ਨ ਲੇਖੇ ।
ਭਾਉ ਨ ਬ੍ਰਹਮੇ ਲਿਖਿਆ । ਚਾਰ ਭੇਦ, ਸਿਮਰਤਿ ਪੜ੍ਹ ਦੇਖੇ ।
ਢੂੰਢੀ ਸਗਲੀ ਪਿਰਥਮੀ । ਸਤ ਜਗ ਆਦਿ ਦੁਆਰਪੁਰ ਤ੍ਰੇਤੇ ।
ਕਲਿਜੁਗ ਧੁੰਧੂਕਾਰ ਹੈ । ਭਰਮ ਭੁਲਾਈ ਬਹੁ ਬਿਧਿ ਭੇਖੇ ।
ਗੁਰਮੁਖ ਵਰਨ ਅਵਰਨ ਹੋਇ । ਨਿਵ ਚੱਲੈ ਗੁਰ ਸਿੱਖ ਵਿਸੇਖੇ ।
ਤਾਂ ਕਛੂ ਘਾਲ ਪਵੈ ਦਰ ਲੇਖੇ । (25)

ਸਭ ਡੁੱਬ ਗਏ

ਜਤੀ ਸਤੀ ਚਿਰ ਜੀਵਣੇ ।ਸਾਧਿਕ ਸਿੱਧ ਨਾਥ ਗੁਰੂ ਚੇਲੇ ।
ਦੇਵੀ ਦੇਵ ਰਖੀ ਸੁਰਾ ।ਭੈਰੋ ਖੇਤ੍ਰਪਾਲ ਬਹੁ ਮੇਲੇ ।
ਗਣ ਗੰਧਰਬ ਅਪੱਛਰਾ ।ਕਿੰਨਰ ਜੱਛ ਚਲਿਤ ਬਹੁ ਖੇਲੇ ।
ਰਾਕਸ ਦਾਨੋ ਦੈਤ ਲਖ ।ਅੰਦਰ ਦੂਜਾਭਾਉ ਦੁਹੇਲੇ ।
ਹਉਮੈ ਅੰਦਰ ਸੱਭ ਕੋ ।ਡੁੱਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖ ਕੋਇ ਨ ਦਿੱਸਈ ।ਢੂੰਢੇ ਤੀਰਥ ਜਾਤ੍ਰੀ ਮੇਲੇ ।
ਡਿੱਠੇ ਹਿੰਦੂ ਤੁਰਕ ਸਭ ।ਪੀਰ ਪੈਗੰਬਰ ਕਉਮ ਕਤੇਲੇ ।
ਅੰਧੀ ਅੰਧੇ ਖੂਹੇ ਠੇਲੇ । (26)

ਕਰਮ ਕਾਂਡ

ਜਤ ਸਤ ਸੰਜਮ ਹੋਮ ਜੱਗ ।ਜਪ ਤਪ ਦਾਨ ਪੁੰਨ ਬਹੁਤੇਰੇ ।
ਰਿੱਧ ਸਿੱਧ ਪਾਖੰਡ ਬਹੁ ।ਤੰਤ੍ਰ ਮੰਤ੍ਰ ਨਾਟਕ ਅਗਲੇਰੇ ।
ਵੀਰਾਰਾਧਨ ਜੋਗਨੀ ।ਮੜ੍ਹੀ ਮਸਾਣਿ ਵਿਡਾਣ ਘਨੇਰੇ ।
ਪੂਰਕ ਕੁੰਭਕ ਰੇਚਕਾ ।ਨਿਵਲੀ ਕਰਮ ਭੁਇਅੰਗਮ ਘੇਰੇ ।
ਸਿੱਧਾਸਣ ਪਰਚੇ ਘਣੇ ।ਹਠ ਨਿਗ੍ਰਹਿ ਕਉਤਕ ਲਖ ਹੇਰੇ ।
ਪਾਰਸ ਮਣੀ ਰਸਾਇਣਾ ।ਕਰਾਮਾਤ ਕਾਲਖ ਆਨ੍ਹੇਰੇ ।
ਪੂਜਾ ਵਰਤ ਉਪਾਰਣੇ ।ਵਰ ਸਰਾਪ ਸ਼ਿਵ ਸ਼ਕਤਿ ਲਵੇਰੇ ।
ਸਾਧੂ ਸੰਗਤ ਗੁਰਸ਼ਬਦ ਵਿਣ ।ਥਾਉਂ ਨ ਪਾਇਨ ਭਲੇ ਭਲੇਰੇ ।
ਕੂੜ ਇਕ ਗੰਢੀ ਸਉ ਫੇਰੇ । (7)

ਗੁਰਮੁਖ ਕੌਣ ਹੈ

ਗੁਰਮੁਖ ਪੰਡਿਤ ਹੋਇ ਜਗ ਪਰਬੋਧੀਐ ।ਗੁਰਮੁਖ ਆਪ ਗਵਾਹਿ ਅੰਦਰ ਸੋਧੀਐ ।
ਗੁਰਮੁਖ ਸਤ ਸੰਤੋਖ, ਨ ਕਾਮ ਕਰੋਧੀਐ ।ਗੁਰਮੁਖ ਹੈ ਨਿਰਵੈਰ, ਨ ਵੈਰ ਵਿਰੋਧੀਐ ।
ਚਹੁੰ ਬਰਨਾਂ ਉਪਦੇਸ਼ ਸਹਿਜ ਸਮੋਧੀਐ ।ਧੰਨ ਜਣੇਂਦੀ ਮਾਇ ਜੋਧਾ ਜੋਧੀਐ ।
ਚਹੁੰ ਬਰਨਾ ਉਪਦੇਸ਼ ਸਹਿਜ ਸਮੋਧੀਐ ।ਧੰਨ ਜਣੇਂਦੀ ਮਾਇ ਜੋਧਾ ਜੋਧੀਐ ।(18)

ਸਤਿਗੁਰੂ ਕੌਣ ਹੈ

ਸਤਗੁਰੂ ਗੁਣੀ ਨਿਧਾਨ ਹੈ ।ਗੁਣ ਕਰ ਬਖਸੇ ਅਵਗੁਣਿਆਰੇ ।
ਸਤਗੁਰੂ ਪੂਰਾ ਵੈਦ ਹੈ ।ਪੰਜੇ ਰੋਗ ਅਸਾਧ ਨਿਵਾਰੇ ।
ਸੁਖ ਸਾਗਰ ਗੁਰਦੇਉ ਹੈ ।ਸੁਖ ਦੇ ਮੇਲ ਲਦੇ ਦੁਖਿਆਰੇ
ਗੁਰੁਪੂਰਾ ਨਿਰਵੈਰ ਹੈ ।ਨਿੰਦਕ ਦੋਖੀ ਬੇਮੁਖ ਤਾਰੇ ।
ਗੁਰੁਪੂਰਾ ਨਿਰਭਉ ਸਦਾ ।ਜਨਮ ਮਰਣ ਜਮਡਰੇ ਉਤਾਰੇ ।
ਸਤਗੁਰੂ ਪੁਰਖ ਸੁਜਾਣ ਹੈ ।ਵਡੇ ਅਜਾਣ ਮੁਗਧ ਨਿਸਤਾਰੇ ।
ਸਤਗੁਰੂ ਆਗੂ ਜਾਈਐ ।ਬਾਂਹ ਪਕੜ ਅੰਧਲੇ ਉਧਾਰੇ ।
ਮਾਣ ਨਿਮਾਣੇ ਸਦ-ਬਲਿਹਾਰੇ । (19)

ਮੁਕਤੀ ਦਾਤਾ ਕੌਣ ਹੈ

ਗੁਰੂ ਤੀਰਥ ਦਰੀਆਉ ਹੈ ।ਪਸੂ ਪਰੇਤ ਕਰੇ ਪਰਬੀਣਾਂ ।
ਸਤਗੁਰ ਬੰਦੀ ਛੋੜ ਹੈ ।ਜੀਵਣ ਮੁਕਤਿ ਕਰੇ ਓਡੀਣਾਂ । (10)

ਮੰਤਰ ਤੰਤਰ ਪਾਖੰਡ ਹੈ

ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁਵਾਦ ਵਧਾਵੈ ।ਫੋਕਟ ਧਰਮੀ ਭਰਮਿ ਭੁਲਾਵੈ ।
ਤੰਤ ਮੰਤ ਰਸਾਇਣਾ, ਕਰਾਮਾਤਿ ਕਾਲਖਿ ਲਪਟਾਏ ।ਕਲਿਜੁਗ ਅੰਦਰ ਭਰਮਿ ਭੁਲਾਏ ।(ਵ

ਧ੍ਰਿਗ ਜਿਹਬਾ ਗੁਰਸਬਦ ਵਿਣੁ ਹੋਰ ਮੰਤ੍ਰ ਸਿਮਰਣੀ । (ਵਾਰ 27)

ਭੰਬਲ ਭੂਸੇ ਤੇ ਵਹਿਮ ਦੀ ਬੀਮਾਰੀ ਦਾ ਇਲਾਜ

ਸੱਜਾ ਖੱਬਾ ਸਉਣ, ਨ ਮੰਨਿ ਵਸਾਇਆ । ਨਾਰਿ ਪੁਰਖ ਨ ਵੇਖਿ, ਨ ਪੈਰੁ ਹਟਾਇਆ ।
ਭਾਖ ਸੁਭਾਖ ਵੀਚਾਰਿ, ਨ ਛਿੱਕ ਮਨਾਇਆ । ਦੇਵੀ ਦੇਵ ਨ ਸੇਵੇ, ਨ ਪੂਜ ਕਰਾਇਆ ।
ਭੰਬਲ ਭੂਸੇ ਖਾਇ, ਨ ਮਨ ਭਰਮਾਇਆ ।
ਗੁਰਸਿਖ ਸਚਾ ਖੇਤ, ਬੀਜ ਫੈਹਾਇਆ । (ਭਾਈ ਗੁਰਦਾਸ ਵਾਰ 20)

ਬ੍ਰਾਹਮਣ ਕਰਮ ਕਾਂਡ

ਤੀਰਥ ਪੁਰਬ ਸੰਜੋਗ ਲੋਗ । ਚਹੁ ਖੰਡਾਂ ਦੇ ਆਇ ਜੁੜੰਦੇ ।
ਚਾਰ ਵਰਨ ਛਿਅ ਦਰਸ਼ਨਾ । ਨਾਮ ਦਾਨ ਇਸਨਾਨ ਕਰੰਦੇ ।
ਜਪ ਤਪ ਸੰਜੋਗ ਹੋਮ ਜੱਗ । ਵਰਤ ਨੇਮ ਕਰ ਵੇਦ ਸੁਣੰਦੇ ।
ਗਿਆਨ ਧਿਆਨ ਸਿਮਰਣ ਜੁਗਤਿ । ਦੇਵੀ ਦੇਵਸਥਾਨ ਪੂਜੰਦੇ ।
ਬੱਗਾ ਬੱਗੇ ਕਪੜੇ । ਕਰਸਮਾਧਿ ਅਪਰਾਧ ਨਿਵੰਦੇ
ਸਾਧੁਸੰਗਤ ਗੁਰੁ ਸ਼ਬਦ ਸੁਣ । ਗੁਰਮੁਖ ਪੰਥ ਨ ਚਾਲ ਚਲੰਦੇ ॥

• • • •

ਜਪ ਤਪ ਸੰਜਮ ਲੱਖ ਲੱਖ । ਹੋਮ ਜੱਗ ਕਈ ਵੇਦ ਕਰੋੜੀ ।
ਵਰਤ ਨੇਮ ਸੰਜਮ ਘਣੇ । ਕਰਮ ਧਰਮ ਲੱਖ ਤੰਦ ਮਰੋੜੀ ।
ਤੀਰਥ ਪੁਰਬ ਸੰਜੋਗ ਲੱਖ । ਪੁੰਨ ਦਾਨ ਉਪਕਾਰ ਨ ਓੜੀ ।
ਦੇਵੀ ਦੇਵ ਸਰੇਵਣੇ । ਵਰ ਸਰਾਪ ਲਖ ਜੋੜ ਵਿਛੋੜੀ ।
ਦਰਸ਼ਨ ਵਰਨ ਅਵਰਨ ਲੱਖ । ਪੂਜਾ ਅਰਚਾ ਬੰਧਨ ਤੋੜੀ ।
ਲੋਕ ਵੇਦ ਗੁਣ ਗਿਆਨ ਲੱਖ । ਜੋਗ ਭੋਗ ਲੱਖ ਝਾੜ ਪਛੋੜੀ ।
ਸਚਹੁੰ ਓਰੈ ਸਭ ਕਿਛੁ । ਲੱਖ ਸਿਆਣਪ ਸੱਭਾ ਥੋੜੀ ।
ਉੱਪਰ ਸਚ ਆਚਾਰ ਚਮੋੜੀ । (19)

ਪਹਿਲਾਂ ਨੀਚ ਸਦਾਏ ਫਿਰ ਗੱਲ ਬਣੂ

ਉੱਤਮ ਮੱਧਮਨੀਚ ਲਖ । ਗੁਰਮੁਖ ਨੀਚਹੁੰ ਨੀਚ ਸਦਾਏ ।
ਪੈਰੀਂ ਪੈ ਪਾਖਾਕ ਹੋਇ । ਗੁਰੁਮੁਖ ਗੁਰੁਸਿਖ ਆਪ ਗਵਾਏ ।
ਸੇਵਕ ਸੇਵਾ ਕਾਰ ਕਮਾਏ । ਮਿੱਠਾ ਬੋਲਣ ਨਿਵ ਚਲਣ ।
ਹੱਥਹੁੰ ਦੇ ਕੈ ਭਲਾ ਮਨਾਏ । (14)

ਬ੍ਰਹਮਾ ਨੇ ਧੀਅ ਨਾਲ ਹਵਸ ਪੂਰੀ ਕੀਤੀ

ਬ੍ਰਹਮਾਂ ਵਡਾ ਅਖਾਂਇਦਾ । ਨਾਭਿਕਵਲ ਦੀ ਨਾਲਿ ਸਮਾਣਾ ।
ਚਾਰੇ ਵੇਦ ਵਖਾਂਣਦਾ । ਚਤੁਰ ਮੁਖੀ ਹੋਇ ਖਰਾਂ ਸਿਆਣਾ ।
ਲੋਕਾਂ ਨੋਂ ਸਮਝਾਇੰਦਾ । ਵੇਖ ਸੁਰਸੁਤੀ ਰੂਪ ਲੁਭਾਣਾ । (7)

ਦਸ ਅਵਤਾਰ ਹਉਮੈ ਮੋਹ ਤੇ ਵਾਸ਼ਨਾਂ ਵਿਚ ਰੁਝੇ ਰਹੇ

ਵਿਸ਼ਨੁ ਲਏ ਅਵਤਾਰ ਦਸ । ਵੈਰ ਵਿਰੋਧ ਜੋਧ ਸੰਘਾਰੇ ।
ਮੱਛ ਕੱਛ ਵੈਰਾਹ ਰੂਪ । ਨਰ ਸਿੰਘ ਹੋਇ ਬਾਤਨ ਬੋਧਾਰੇ ।
ਪਰਸੁਰਾਮ ਰਾਮ ਕਿਸ਼ਨ ਹੋ । ਕਿਲਕਿ ਕਲੰਕੀ ਅਤਿ ਅਹੰਕਾਰੇ ।
ਖਤ੍ਰੀ ਮਾਰ ਇਕੀਹ ਵਾਰੇ । ਰਾਮਾਇਣ ਕਰ ਭਾਰਤ ਭਾਰੇ ।
ਕਾਮ ਕਰੋਧ ਨ ਸਾਧਿਓ । ਲੋਭ ਮੋਹ ਅਹੰਕਾਰ ਨ ਮਾਰੇ ।
ਸਤਗੁਰੁ ਪੁਰਖ ਨ ਭੇਟਿਆ । ਸਾਧੂ ਸੰਗਤ ਸਹਲੰਗ ਨ ਸਾਰੇ ।
ਹਉਮੈਂ ਅੰਦਰ ਕਾਰ ਵਿਕਾਰੇ । (9)

ਸੰਤ-ਗੁਰੂ ਬਾਣੀ ਵਿੱਚ ਬ੍ਰਾਹਮਣ ਦਾ ਚਰਿੱਤਰ

(ਅੱਗੇ ਦਿੱਤੇ ਜਾ ਰਹੇ ਸ਼ਬਦਾਂ ਦੇ ਅੰਸ਼ਕ ਅਰਥ)

–ਪੰਡਤ ਧਾਰਮਿਕ ਪੋਥੀਆਂ ਪੜ੍ਹਦਾ ਸੁਣਾਉਂਦਾ ਹੈ, ਪਰੰਤੂ ਅਸਲੀ ਵਿਚਾਰ ਨਹੀਂ ਜਾਣਦਾ, ਦੂਜਿਆਂ ਨੂੰ ਮੱਤਾਂ ਦਿੰਦਾ ਹੈ। ਸਾਰਾ ਮਾਇਆ ਦਾ ਧੰਦਾ ਹੈ।

–ਦੂਜਿਆਂ ਦੀ ਨਿੰਦਿਆਂ ਕਰਕੇ, ਮੈਲ ਵਧਾਉਂਦਾ ਹੈ। ਮਨ ਦੀ ਜੂਠ ਜਾਂਦੀ ਨਹੀਂ, ਸੰਤਾਂ ਨਾਲ ਬਹਿਸ ਮੁਬਾਸੇ ਕਰਦਾ ਹੈ।

–ਬ੍ਰਹਮ ਦੇ ਤੱਤਾਂ ਦੀ ਵਿਗਿਆਨਕ ਪਛਾਣ ਕਰਨ ਵਾਲਾ ਹੀ ਬ੍ਰਾਹਮਣ ਹੋ ਸਕਦਾ ਹੈ, ਜੋ ਆਪਣਾ ਵੀ ਭਲਾ ਕਰੇ ਅਤੇ ਦੂਜਿਆਂ ਦਾ ਵੀ।

–ਵੇਦ ਸ਼ਾਸਤਰ ਪੜ੍ਹਕੇ ਬ੍ਰਾਹਮਣ ਬਹਿਸਾਂ ਛੇੜਦਾ ਹੈ, ਪਰੰਤੂ ਅੰਦਰ ਦੀ ਹਕੀਕਤ ਤੋਂ ਕੋਰਾ ਹੈ।

–ਧੋਤੀ ਖੋਲ੍ਹਕੇ ਹੇਠਾਂ ਵਿਛਾ ਲੈਂਦਾ ਹੈ ਅਤੇ ਗਧੇ ਵਾਂਗ ਪੇਟ ਧਰਕੇ ਬਹਿ ਜਾਂਦਾ ਹੈ। ਚੰਗੇ ਕੰਮਾਂ ਬਿਨਾਂ ਮੁਕਤੀ ਨਹੀਂ ਮਿਲਦੀ। ਨਹਾ ਧੋ ਕੇ, ਤਿਲਕ ਲਾ ਕੇ ਛੁਰੀ ਦਿਖਾ ਕੇ ਦਾਨ ਲੈਂਦਾ ਹੈ। ਵੇਦਾਂ ਦੀ ਮਿੱਠੀ ਬਾਣੀ ਪੜ੍ਹਦਾ ਹੈ, ਪਰ ਜੀਵ-ਜੰਤ ਨੂੰ ਕੁੱਟਣ ਤੇ ਜ਼ਰਾ ਸ਼ਰਮ ਨਹੀਂ ਕਰਦਾ।

–ਕਦੇ ਪੰਡਤ ਬਣਕੇ ਵਖਿਆਨ ਕਰਦਾ ਹੈ, ਕਦੇ ਮੁਨੀ ਬਣ ਜਾਂਦਾ ਹੈ। ਕਦੇ ਤੀਰਥਾਂ 'ਤੇ ਇਸ਼ਨਾਨ ਕਰਦਾ ਹੈ। ਕਦੀ ਸਿੱਧ ਬਣੇ ਗਿਆਨ ਦਿੰਦਾ ਹੈ। ਕੀੜੇ ਹਾਥੀ ਤੇ ਪੱਤਗਿਆਂ ਵਾਂਗ ਹੀ, ਜੂਨੀਆਂ ਵਿਚ ਭਟਕਦਾ ਫਿਰਦਾ ਹੈ।

–ਗਧਾ ਹੈ, ਹਰੀਆਂ ਅੰਗੂਰੀਆਂ ਚਰਦਾ ਹੈ। ਸਵੇਰੇ ਉੱਠਦਾ ਹੈ, ਹੱਸਦਾ ਹੈ ਤੇ ਫਿਰ ਹੀਂਗਦਾ ਹੈ। ਮਸਤਿਆ ਸਾਨ੍ਹ ਹੈ। ਜਿਸਨੂੰ ਰੋਕਣਾ ਔਖਾ ਹੈ। ਮਰਜੀ ਨਾਲ ਚਰਦਾ ਹੈ ਤੇ ਨਰਕ ਪੈਂਦਾ ਹੈ। ਅਜੀਬ ਖੇਡ ਹੈ, ਏਥੇ ਤਾਂ ਭੇਡ ਹੀ ਲੇਲੇ ਚੁੰਘਦੀ ਹੈ, ਭਾਵ ਮਾਂ ਬਣਕੇ ਬੱਚੇ ਚੂੰਡੇ ਜਾਂਦੇ ਹਨ।

–ਆਪ ਤਾਂ ਚੂਲੀ ਪਾਣੀ ਨਹੀਂ ਦਿੰਦਾ, ਉਨ੍ਹਾਂ ਨੂੰ ਨਿੰਦਦਾ ਹੈ, ਜਿਨ੍ਹਾਂ ਗੰਗਾ ਵਗਾ ਦਿੱਤੀ ਹੈ।

–ਮਿੱਟੀ ਦੇ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਜਿਉਂਦੇ ਬੰਦਿਆਂ, ਪਸ਼ੂਆਂ ਅਤੇ ਪੰਛੀਆਂ ਦੀਆਂ ਬਲੀਆਂ ਦਿੰਦਾ ਹੈ।

–ਬ੍ਰਾਹਮਣ, ਤੂੰ ਜਿਸ ਦੁਆਰੇ ਜਾਣ ਦੀ ਤਿਆਰੀ ਕਰਦਾ ਹੈ, ਉਥੇ ਤੂੰ ਹੀ ਪਛਤਾਉਣਾ ਹੈ। ਤੇਰੇ ਵਰਗੇ ਬ੍ਰਾਹਮਣ ਡੁੱਬਦੇ ਹਨ, ਕਿਉਂਕਿ ਅਪਰਾਧ ਕਰਦੇ ਹਨ ਅਤੇ ਬੁਰਾਈਆਂ ਦਿਤਵਦੇ ਹਨ।

–ਤੀਰਥ ਤੇ ਜਾਓ ਤਾਂ ਵੱਢ ਖਾਣ ਨੂੰ ਪੈਂਦੇ ਹਨ। ਪੁੱਛ ਦੇਖੋ ਤਾਂ ਮਾਇਆ ਦੇ ਲੋਭ ਵਿਚ ਫਸੇ ਪਏ ਹਨ।

–ਭੂਪਤੀ ਬਣਕੇ ਰਾਜ ਕਰਦੇ ਹਨ ਅਤੇ ਅਨਰਥ ਕਰਕੇ ਮਾਇਆ ਹੂੰਝਦੇ ਹਨ।

–ਇਨ੍ਹਾਂ ਦਾ ਜੰਮਣਾ ਮਰਨਾ ਤੇ ਕਰਮ ਕਾਂਡ ਕਰਨਾ ਜਿਉਣਾ ਸਭ ਹਉ ਭਾਵ ਹੰਕਾਰ ਵਿਚ ਹੀ ਚੱਲਦਾ ਹੈ।

–ਪੰਡਤ ਮੂਰਖ ਹੈ, ਹੱਜਤਾਂ ਦੀ ਵੈਦਗੀ ਕਰਦਾ ਹੈ। ਧਨ ਨਾਲ ਪਿਆਰ ਹੈ।

–ਧਾਗਾ ਵੱਟਕੇ ਜਨੇਊ ਬਣਾ ਕੇ ਦੂਜਿਆਂ ਦੇ ਗਲ ਪਾਉਂਦਾ ਹੈ। ਭਾੜਾ ਲੈ ਕੇ ਵਿਆਹ ਕਰਦਾ ਹੈ। ਜੰਤਰੀ ਖੋਲ੍ਹ ਕੇ ਜਿਉਣ ਦਾ ਰਾਹ ਸਿਖਾਉਂਦਾ ਹੈ। ਲੋਕੋ ਹੈਰਾਨੀ ਦੀ ਗੱਲ ਦੇਖੋ, ਮਨ ਦਾ ਅੰਨ੍ਹਾ ਵੀ ਸਿਆਣਾ ਅਖਵਾਉਂਦਾ ਹੈ।

–ਜਿਨ੍ਹਾਂ ਗਲ ਜਨੇਊ ਹਨ, ਛੁਰੀ ਚਲਾਉਂਦੇ ਹਨ। ਜਿਨ੍ਹਾਂ ਦੇ ਘਰ ਜਾ ਕੇ ਸੰਖ ਵਜਾਉਂਦੇ ਹਨ, ਉਨ੍ਹਾਂ ਨੂੰ ਵੀ ਉਹੀ ਸੁਆਦ ਆਉਂਦਾ ਹੈ। ਇਹ ਸਾਰੀ ਕੂੜ ਦੀ ਰਾਸ ਲੀਲ੍ਹਾ ਹੈ। ਝੂਠ ਬੋਲ ਕੇ ਢਿੱਡ ਭਰਨ ਦਾ ਮਸਲਾ ਹੈ।

–ਸ਼ਰਮ ਹਯਾ ਤੇ ਧਰਮ ਦਾ ਢੋਗ ਹੀ ਦੂਰ ਹੋ ਗਿਆ ਹੈ। ਸਾਰੇ ਪਾਸੇ ਕੂੜ ਵਰਤਿਆ ਹੋਇਆ ਹੈ। ਮੱਥੇ ਤੇ ਟਿੱਕਾ ਲੱਗਾ ਹੈ। ਤੇੜ ਧੋਤੀ ਬੰਨ੍ਹੀ ਹੈ। ਹੱਥ ਛੁਰੀ ਫੜੀ ਹੈ ਤੇ ਪੂਰੀ ਲੋਕਾਈ ਨੂੰ ਕਸਾਈਆਂ ਵਾਂਗ ਕੱਟਿਆ ਜਾ ਰਿਹਾ ਹੈ।

–ਸਾਢੇ ਤਿਨ ਗਜ ਧੋਤੀਆਂ ਹਨ। ਤੀਹਰੇ ਜਨੇਊ ਹਨ, ਗਲ ਮਲ ਹੈ। ਹੱਥ ਚਿੱਟੇ ਮਾਂਜੇ ਲੋਟੇ ਹਨ। ਇਹ ਹਰੀ ਦੇ ਸੰਤ ਨਹੀਂ ਲੋਕੋ, ਬਨਾਰਸ ਦੇ ਠੱਗ ਹਨ।

–ਪੰਡਤ ਮੁੜ-ਮੁੜ ਮਾਇਆ ਵੱਲ ਵੇਖਦਾ ਹੈ ਕਿ ਕਿਸਨੇ ਚੜ੍ਹਾਈ ਹੈ।

–ਅਕਲ ਦੇ ਅੰਨ੍ਹੇ ਹਨ੍ਹੇਰਾ ਢੋਣ ਵਾਲੇ, ਪੱਥਰ ਦੀ ਪੂਜਾ ਕਰਦੇ ਹਨ, ਮੂਰਖ। ਭਲੇ ਮਾਣਸੋ ਜੋ ਪੱਥਰ ਆਪ ਡੁੱਬ ਜਾਂਦਾ ਹੈ, ਉਹ ਤੁਹਾਨੂੰ ਪਾਰ ਕਿਵੇਂ ਲਾਵੇਗਾ।

–ਉਹ ਲੋਕ ਜਿਨ੍ਹਾਂ ਪਾਸ ਨਾਮ ਭਾਵ ਸੱਚੀ ਵਿਚਾਰਧਾਰਾ ਨਹੀਂ, ਕਾਲੇ ਮੂੰਹ ਲੈ ਕੇ ਮਰ ਜਾਂਦੇ ਹਨ। ਪੰਡਤ ਜੀ, ਮੰਨੋ ਕਿ ਜੇ ਚਾਰੇ ਯੁੱਗ ਹੀ ਵੇਦ ਪੜ੍ਹਦੇ ਰਹੀਏ ਤਾਂ ਮਨ ਦੀ ਮੈਲ ਨਹੀਂ ਲਹਿ ਸਕਦੀ।

–ਭੁਲਿਆ ਪੰਡਤ ਉਲਟੇ ਪਾਸੇ ਲੱਗਾ ਮਾਇਆ ਦਾ ਵਪਾਰ ਕਰ ਰਿਹੈ।

–ਬ੍ਰਾਹਮਣ ਤਾਂ ਕੇਵਲ ਉਹੀ ਹੈ, ਜਿਸ ਨੂੰ ਬ੍ਰਹਮ ਦੀ ਪਛਾਣ ਹੈ। ਉਸ ਦੇ ਵਿਗਿਆਨਕ ਵਰਤਾਰੇ ਦੀ ਪਛਾਣ ਹੈ।

–ਪੰਡਤ ਲੋਕ ਵੇਦ ਪੜ੍ਹਦੇ-ਪੜ੍ਹਦੇ ਤੇ ਨਾਰੀਆਂ ਦੀ ਸੁੰਦਰਤਾ ਵੇਖਦੇ-ਵੇਖਦੇ ਮਰ ਜਾਂਦੇ ਹਨ।

–ਵੇਦ ਪਾਠ ਅਸਲ ਵਿਚ ਸੰਸਾਰ ਦਾ ਮਾਇਆ ਧੰਦਾ ਹੈ। ਜਿਸਨੂੰ ਪੰਡਤ ਪੜ੍ਹਦੇ ਰਹਿੰਦੇ ਹਨ ਅਤੇ ਵਿਚਾਰ ਕਰਦੇ ਰਹਿੰਦੇ ਹਨ, ਪਰ ਅਸਲੀਅਤ ਜਾਣੇ ਬਿਨਾਂ ਖੁਆਰ ਹੁੰਦੇ ਹਨ ਤੇ ਦੂਜਿਆਂ ਨੂੰ ਖੱਜਲ ਕਰਦੇ ਹਨ।

–ਚਿੱਟੀ ਧੋਤੀ ਹੈ, ਤਿਲਕ ਹੈ, ਗਲ ਮਾਲਾ ਹੈ। ਅੰਦਰ ਜਾਤੀ ਹੰਕਾਰ ਤੇ ਕ੍ਰੋਧ ਨਾਲ ਭਰਿਆ ਪਿਆ ਹੈ।

–ਪੰਡਤ ਦੀ ਗਾਇਤ੍ਰੀ ਵੇਖੀ ਲੋਧੇ ਦਾ ਖੇਤ ਖਾਂਦੀ। ਉਸਨੇ ਡਾਂਗ ਮਾਰ ਕ੍ਰੇ ਉਸ ਦੀ ਲੱਤ ਤੋੜ ਦਿੱਤੀ।

–ਪੰਡਤ ਦਾ ਮਹਾਂਦੇਵ ਸ਼ਿਵਜੀ ਧੌਲੇ ਬਲਦ ਤੇ ਚੜ੍ਹਿਆ ਆਉਂਦਾ ਵੇਖਿਆ। ਇੱਕ ਗਰੀਬ ਮੋਚੀ ਦੇ ਘਰ ਰੋਟੀ ਪੱਕ ਗਈ, ਉਸਦਾ ਮੁੰਡਾ ਹੀ ਮਾਰ ਸੁੱਟਿਆ।

–ਪੰਡਤ ਦਾ ਰਾਮ ਚੰਦਰ ਵੀ ਆਉਂਦਾ ਵੇਖਿਆ। ਰਾਵਣ ਨਾਲ ਯੁੱਧ ਹੋਇਆ, ਘਰ ਦੀ ਔਰਤ ਹੀ ਗੁਆ ਲਈ।

–ਪੰਡਤ ਜੀ ਝੂਠ ਨ ਬੋਲਿਆ ਕਰ। ਸੱਚ ਵਿਚਾਰ ਕੇ ਵੇਖ ਨਹਾਉਂਦਾ ਹੈ, ਧੋਂਦਾ ਹੈ, ਪੱਥਰਾਂ ਦੀ ਪੂਜਾ ਕਰਦਾ ਹੈ, ਸੱਚ ਤੋਂ ਬਿਨਾਂ ਸਭ ਮੈਲਾ ਹੀ ਮੈਲਾ ਹੈ। ਆਪ ਤਾਂ ਡੁੱਬਦਾ ਹੈ, ਪਿੱਤਰਾਂ ਨੂੰ ਵੀ ਤਾਰ ਦਿੰਦਾ ਹੈ। ਅਜੀਬ ।

–ਅੰਦਰੋਂ ਤੇ ਬਾਹਰੋਂ ਅਕਲ ਦਾ ਅੰਨ੍ਹਾ ਹੈ। ਨਿਰਾ ਕੂੜ ਗਾਉਂਦਾ ਹੈ। ਦੇਹ ਧੋਅ ਕੇ ਚੱਕਰ ਬਣਾਉਂਦਾ ਹੈ। ਮਾਇਆ ਵੱਲ ਝੁਕਿਆ ਹੈ।

–ਹਰ ਰਾਹ ਬਾਰੇ ਪੰਡਤ ਅਖਵਾਉਂਦਾ ਹੈ, ਪਰ ਮੋਠਾਂ ਦੀ ਦਾਲ 'ਚ ਕੋਕੜੂ ਵਾਂਗ ਹੈ।

–ਛੱਡ ਪਖੰਡੀ, ਕਪਟ ਨਾ ਕਰ। ਗੰਗਾ ਗੁੱਦਾਵਰੀ, ਕੁੰਭ, ਕੇਦਾਰ ਨਹਾਉਂਦਿਆਂ ਤੋਂ ਗੋਮਤੀ 'ਤੇ ਹਜ਼ਾਰਾਂ ਗਊਆਂ ਦਾ ਦਾਨ ਕਰਦਾ ਕਰਾਉਂਦਾ ਹੈ। ਸੈਂਕੜੇ ਵਾਰ ਤੀਰਥ ਇਸ਼ਨਾਨ ਹੁੰਦੇ ਹਨ। ਘੋੜੇ ਦਾਨ ਹੁੰਦੇ ਹਨ। ਹਾਥੀ ਦਾਨ ਹੁੰਦੇ ਹਨ, ਭੂਮੀ ਦਾਨ ਹੁੰਦੀ ਹੈ ਤੇ ਇਥੋਂ ਤੱਕ ਕਿ ਵਿਆਹੀ ਔਰਤ ਦੀ ਸੇਜ ਵੀ ਦਾਨ ਕਰਨੀ ਪੈਂਦੀ ਹੈ। ਇਹ ਦਾਨ ਪੁੰਨ ਨਿੱਤ ਚੱਲਦੇ ਹਨ। ਪੰਡਤ ਇਹ ਪਖੰਡ ਛੱਡ ਕਪਟ ਨਾ ਕਰ।

–ਅਸੀਂ ਪਵਿੱਤਰ ਹਾਂ, ਅਸੀਂ ਪੰਡਤ ਹਾਂ, ਅਸੀਂ ਜੋਗੀ ਸੰਨਿਆਸੀ ਹਾਂ। ਗਿਆਨੀ ਗੁਣੀ ਤੇ ਸੂਰਮੇ ਹਾਂ, ਦਾਤੇ ਹਾਂ, ਇਹ ਹੰਕਾਰ ਕਦੀ ਨਹੀਂ ਜਾਂਦਾ।

–ਅੰਦਰ ਬਾਹਰ ਇਕੋ ਪਾਰਬ੍ਰਹਮ ਹੈ। ਸੱਚ ਬੋਲੀਏ ਤਾਂ ਮਾਰਨ ਪੈਂਦਾ ਹੈ। ਪਾਠ ਪੜ੍ਹਦਾ ਹੈ। ਝੂਠ ਬੋਲਦਾ ਹੈ। ਨਿਗੁਰੇ ਦੀ ਮੱਤ ਨਹੀਂ ਬਦਲਦੀ। ਮੁੰਡਨ ਕਰਵਾ ਕੇ ਜਾਂ ਜੱਟਾਂ ਰੱਖਕੇ ਮੁਨੀ ਬਣਦਾ ਹੈ, ਪਰੰਤੂ ਹੰਕਾਰ ਨਹੀਂ ਜਾਂਦਾ।

–ਪੰਡਤ ਜੀ ਕਿਹੜੀ ਪੁੱਠੀ ਮੱਤ ਲੱਗਾ ਹੈ, ਆਪ ਤਾਂ ਡੁੱਬੇਗਾ ਦੂਜਿਆਂ ਨੂੰ ਵੀ ਡੋਬੇਗਾ। ਰਾਮ ਦੀ ਅਸਲੀਅਤ ਨਹੀਂ ਜਪਦਾ (ਕਿ ਉਸ ਨੇ ਸਭ ਨੂੰ ਬਰਾਬਰ ਪੈਦਾ ਕੀਤਾ ਹੈ ਤੇ ਉਹ ਊਚ-ਨੀਚ ਜਾਤ-ਪਾਤ ਕਿਵੇਂ ਹੋ ਗਈ?) ਵੇਦ ਪੁਰਾਣ ਪੜ੍ਹਨ ਦਾ ਕੀ ਲਾਭ, ਇਹ ਇਉਂ ਹੈ ਜਿਵੇਂ ਖੋਤੇ ਤੇ ਭਾਰ ਚੰਦਨ ਲੱਦਿਆ ਹੋਵੇ।

ਜੀਵਾਂ ਨੂੰ ਮਾਰਦਾ ਹੈ, ਤੇ ਇਸ ਨੂੰ ਧਰਮ ਕਹਿੰਦਾ ਹੈ, ਤਾਂ ਫਿਰ ਅਧਰਮ ਕੀ ਹੈ ? ਤੂੰ ਮੁਨੀ ਬਣਦਾ ਹੈ,

ਦੂਜਿਆਂ ਨੂੰ ਕਸਾਈ ਦੱਸਦਾ ਹੈ, ਬੁੱਚੜ ਦੱਸਦਾ ਹੈ। ਮਨ ਦੇ ਅੰਨ੍ਹੇ ਆਦਮੀ ਤੂੰ ਦੂਜਿਆਂ ਨੂੰ ਕੀ ਸਮਝਾ ਸਕਦਾ ਹੈ।

-ਮੱਥ ਤੇ ਤਿਲਕ ਹੈ ਹੱਥ ਵਿਚ ਮਾਲਾ ਹੈ। ਇਨ੍ਹਾਂ ਲੋਕਾਂ ਨੇ ਭਗਵਾਨ ਨੂੰ ਖਡੌਣਾ ਬਣਾਇਆ ਹੋਇਆ ਹੈ।

-ਪੰਡਤ ਜੀ ਐ ਦੱਸ ਕਿ ਸੁੱਚੀ ਥਾਂ ਕਿਹੜੀ ਹੈ, ਜਿੱਥੇ ਬੈਠ ਕੇ ਅਸੀਂ ਭੋਜਨ ਕਰੀਏ ?

ਮਾਂ-ਬਾਪ, ਬੱਚੇ, ਜੀਭ, ਕੰਨ, ਅੱਖਾਂ, ਇੰਦਰੀ, ਅੱਗ, ਪਾਣੀ, ਭੋਜਨ, ਕੜਛੀ, ਗੋਹਾ, ਚਉਂਕਾ, ਆਟੇ ਦੀ ਲਕੀਰ, ਸਭ ਜੂਠੇ ਹਨ। ਅਪਵਿੱਤਰ ਹਨ, ਕਿਵੇਂ ਨਾ ਕਿਵੇਂ ਇਕ ਦੂਜੇ ਨਾਲ ਛੂਹੇ ਹੋਏ ਹਨ। ਤੂੰ ਦੱਸ ਕਿ ਕਿਹੜੀ ਥਾਂ ਸੁੱਚੀ ਹੈ, ਜਿੱਥੇ ਬੈਠ ਕੇ ਸੁੱਚੇ ਹੋਣ ਦਾ ਪਾਖੰਡ ਕੀਤਾ ਜਾ ਸਕਦਾ ਹੈ ?

-ਸ਼ਾਸਤਰ ਬੇਦ ਤੇ ਪੁਰਾਣ ਪੜ੍ਹਦਾ ਹੈ, ਪੁਕਾਰਦਾ ਹੈ, ਨਰਾ ਅਗਿਆਨੀ ਹੈ।

-ਪੰਡਤ ਜੀ, ਆਪਣੇ ਮਨ ਨੂੰ ਸਮਝ, ਹੋਰ ਭਾਰ ਲੱਦਣ ਦੀ ਲੋੜ ਨਹੀਂ ਹੈ।

-ਮੂਰਖ ਪੰਡਤ ਫਕੀਰ ਤੇ ਪਾਤਸ਼ਾਹ ਬਣ-ਬਣ ਬੈਠਦਾ ਹੈ। ਅੰਨ੍ਹੇ ਦਾ ਨਾਂ ਪਾਰਖੂ ਪਿਆ ਹੋਇਐ। ਇਲੱਤਾਂ ਕਰਨ ਵਾਲਾ ਚੌਧਰੀ ਹੈ। ਸਭ ਕੂੜ ਹੀ ਕੂੜ ਹੈ।

-ਜੋ ਦਾਨ ਦਿੰਦੇ ਹਨ, ਉਹ ਤਾਂ ਨਰਕ ਨੂੰ ਜਾਂਦੇ ਹਨ। ਜੋ ਰੱਜ-ਰੱਜ ਦਾਨ ਖਾਂਦੇ ਹਨ, ਉਹ ਸੁਰਗ ਦੇ ਮਾਲਕ, ਹੈ ਨਾ ਅਜੀਬ ਗੱਲ। ਆਪ ਨੂੰ ਕੁਝ ਆਉਂਦਾ ਨਹੀਂ, ਦੂਜਿਆਂ ਨੂੰ ਅਕਲਾਂ ਦਿੰਦੇ ਹਨ। ਖਰੇ ਸਿਆਣੇਂ ਬਣਦੇ ਹਨ। ਪੰਡਤ ਜੀ ਤੈਨੂੰ ਤਾਂ ਇਹ ਵੀ ਨਹੀਂ ਪਤਾ ਕਿ ਮਾਸ ਹੈ ਕੀ ਤੇ ਇਹ ਉਪਜਦਾ ਕਿਵੇਂ ਹੈ।

-ਬ੍ਰਾਹਮਣਾਂ ਨੇ ਗਊਆਂ ਦੇ ਵੰਸ ਖਤਮ ਕਰ ਦਿੱਤੇ। ਇਹ ਪੱਕੇ ਅਪਰਾਧੀ ਹਨ। ਸ਼ਰਾਬਾਂ ਪੀਂਦੇ ਤੇ ਜੂਏ ਖੇਡਦੇ ਹਨ। ਦੂਜੀਆਂ ਔਰਤਾਂ੍ ਜੋਂਹਦੇ ਹਨ। ਬਿਗਾਨੀ ਦੌਲਤ ਖੋਹਦੇ ਹਨ, ਠੱਗ ਹਨ, ਚੋਰ ਹਨ, ਚਗਾਰੇ ਹਨ। ਵਿਸ਼ਵਾਸ ਧ੍ਰੋਹੀ ਹਨ, ਅਕ੍ਰਿਤ ਘਣ ਹਨ, ਪਾਪੀ ਹਨ, ਹਤਿਆਰੇ ਹਨ, ਲੱਖਾਂ-ਕਰੋੜਾਂ ਜੋੜ ਕੇ ਵੀ ਸਬਰ ਨਹੀਂ ਕਰਦੇ। (ਭਾਈ ਗੁਰਦਾਸ)

ਬਾਣੀ ਵਿਚ ਬ੍ਰਾਹਮਣ ਦੀ ਰੂਪ-ਰੇਖਾ

ਬ੍ਰਾਹਮਣ, ਪੰਡਤ, ਪਾਂਡੇ, ਪੰਡੀਅਨ, ਮਿਸ਼ਰ, ਸਾਕਤ, ਬ੍ਰਹਮਾਂ, ਵਿਸ਼ਨੂੰ, ਸ਼ਿਵ, ਇੰਦਰ, ਰਿਸ਼ੀ-ਮੁਨੀ, ਦੇਵੀਆਂ, ਦੇਵਤੇ, ਜੋਗੀ, ਜੰਗਮ, ਤਪੀ ਤਪੀਸਰ ਆਦਿ ਬਾਰੇ ਵਿਸ਼ੇਸ਼ ਦ੍ਰਿਸ਼ਟੀਕੋਣ :-

ਪੰਡਿਤ ਬੂਝਹਿ ਪੋਥੀਆ । ਨਾ ਬੂਝਹਿ ਵੀਚਾਰੁ ।
ਅਨ ਕਉ ਮਤੀ ਦੇ ਚਲਹਿ । ਮਾਇਆ ਕਾ ਵਾਪਾਰੁ ।
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ।
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ । (ਗੁਰੂ ਨਾਨਕ 56)

• • • •

ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ।
ਸੁਰ ਸਿਧ ਗਣ ਗੰਧਰਬ ਮੁਨਿਜਨ ਸੇਖਪੀਰ ਸਲਾਰ ।
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ । (64)

• • • •

ਪੰਡਿਤ ਪੜਿ ਪੜਿ ਉਚਾ ਕੂਕਦਾ । ਮਾਇਆ ਮੋਹਿ ਪਿਆਰ ।
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਵਾਰੁ ।
ਦੂਜੈ ਭਾਇ ਜਗਤ ਪਰਬੋਧਦਾ ਨਾ ਬੂਝੈ ਬੀਚਾਰੁ ।
ਬਿਰਥਾ ਜਨਮ ਗਵਾਇਆ ਮਰਿ ਜੰਮੈ ਵਾਰੋ ਵਾਰ । (ਗੁਰੂ ਅਮਰਦਾਸ 86)
ਅੰਤਰਿ ਕਪਟੁ ਭਗਉਤੀ ਕਹਾਏ । ਪਾਖੰਡਿ ਪਾਰ ਬ੍ਰਹਮੁ ਕਦੇ ਨ ਪਾਏ ।
ਪਰ ਨਿੰਦਾ ਕਰੇ ਮਲੁ ਲਾਏ । ਬਾਹਰਿ ਮਲੁ ਧੋਵੈ ॥
ਮਨ ਦੀ ਜੂਠ ਨ ਜਾਏ । ਸੰਤ ਸੰਗਤਿ ਸਿਉ ਬਾਦ ਰਚਾਏ । (ਗੁਰੂ ਅਮਰਦਾਸ 88)

• • • •

ਅਚਰਜ ਏਕ ਸੁਨਹੁ ਰੇ ਪੰਡੀਆ । ਅਬ ਕਿਛੁ ਕਹਨੁ ਨ ਜਾਈ ।
ਸੁਰਿ ਨਰ ਗਣ ਗੰਧਰਬ ਜਿਨਿ ਮੋਹੇ । ਤ੍ਰਿਭਵਣ ਮੇਖਲੀ ਲਾਈ । (ਸੰਤ ਗੁਰੂ ਕਬੀਰ 92)

• • • •

ਪੰਡਿਤ ਪੜਹਿ ਸਾਦੁ ਨ ਪਾਵਹਿ । ਦੂਜੇ ਭਾਇ ਮਾਇਆ ਮਨੁ ਭਰਮਾਵਹਿ ।
ਮਾਇਆ ਮੋਹਿ ਸਭ ਸੁਧਿ ਗਵਾਈ । ਕਰ ਅਵਗੁਣ ਪਛੋਤਾਵਣਿਆ ।(ਗੁਰੂ ਅਮਰਦਾਸ 116)

• • • •

ਮਨਮੁਖ ਪੜਹਿ ਪੰਡਿਤ ਕਹਾਵਹਿ । ਦੂਜੇ ਭਾਇ ਮਹਾ ਦੁਖੁ ਪਾਵਹਿ ।
ਬਿਖਿਆ ਅਤੇ ਕਿਛੁ ਸੂਝੈ ਨਾਹੀ । ਫਿਰਿ ਫਿਰਿ ਜੂਨੀ ਆਵਣਿਆ ।
ਵੇਦ ਪੜਹਿ ਹਰਿ ਰਸੁ ਨਹੀ ਆਇਆ । ਵਾਦੁ ਵਖਾਣਹਿ ਮੋਹੇ ਮਾਇਆ ।
ਅਗਿਆਨ ਮਤੀ ਸਦਾ ਅੰਧਿਆਰਾ । ਗੁਰਮਖਿ ਬੂਝ ਹਰਿ ਗਾਵਣਿਆ ।
ਤਤੁ ਪਛਾਣੈ ਸੋ ਪੰਡਿਤ ਹੋਈ । ਆਪਿ ਤਰੈ ਸਗਲੇ ਕੁਲ ਤਾਰੈ ।
ਹਰਿ ਨਾਮੁ ਮੰਨਿ ਵਸਾਵਣਿਆ ।(ਗੁਰੂ ਅਰਮਦਾਸ 127-28)

• • • •

ਨਉ ਦਰਵਾਜੇ ਦਸਵਾ ਦੁਆਰੁ । ਬੁਝੁ ਰੇ ਗਿਆਨੀ ਏਹੁ ਬੀਚਾਰੁ ।
ਆਪੁ ਬੀਚਾਰੇ ਸੁ ਗਿਆਨੀ ਹੋਈ ॥ ਪੜਿ ਪੜਿ ਪੰਡਿਤ ਬਾਦੁ ਵਖਾਣੈ ।
ਭੀਤਰਿ ਹੋਦੀ ਵਸਤੁ ਨ ਜਾਣੈ ।(ਗੁਰੂ ਨਾਨਕ 152)

• • • •

ਚਾਰਿ ਪਦਾਰਥ ਕਹੈ ਸਭੁ ਕੋਈ । ਸਿੰਮ੍ਰਿਤ ਸਾਸਤ ਪੰਡਿਤ ਮੁਖ ਸੋਈ ।
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ।(ਗੁਰੂ ਨਾਨਕ 154)

• • • •

ਧੋਤੀ ਖੋਲਿ ਵਿਛਾਏ ਹੇਠਿ । ਗਰਧਪ ਵਾਂਗੂ ਲਾਹੇ ਪੇਟਿ (ਗਧੇ ਵਾਂਗ) ।
ਬਿਨੁ ਕਰਤੂਤੀ ਮੁਕਤਿ ਨ ਪਾਈਐ ॥ ਪੂਜਾ ਤਿਲਕ ਕਰਤ ਇਸਨਾਨਾਂ ।
ਛੁਰੀ ਕਾਢਿ ਲੇਵੈ ਹਥਿ ਦਾਨਾ । ਬੇਦ ਪੜੈ ਮੁਖਿ ਮੀਠੀ ਬਾਨੀ ।
ਜੀਆਂ ਕੁਹਤ ਨ ਸੰਗੈ ਪਰਾਣੀ ॥(201)

• • • •

ਹਰਿ ਬਿਨੁ ਅਵਰ ਕ੍ਰਿਆ ਬਿਰਥੇ । ਜਪ ਤਪ ਸੰਜਮ ਕਰਮ ਕਮਾਣੇ ।
ਇਹਿ ਓਰੈ ਮੂਸੇ । ਬਰਤ ਨੇਮ ਸੰਜਮ ਮਹਿ ਰਹਿਤਾ ।
ਤਿਨ ਕਾ ਆਢੁ ਨ ਪਾਇਆ । ਆਗੈ ਚਲਣ ਅਉਰ ਹੈ ਭਾਈ ।
ਊਹਾਂ ਕਾਮਿ ਨ ਆਇਆ । ਤੀਰਥਿ ਨਾਇ ਅਰ ਧਰਨੀ ਭ੍ਰਮਤਾ ।
ਆਗੈ ਠਉਰ ਨ ਪਾਵੈ । ਊਹਾਂ ਕਾਮਿ ਨ ਆਵੈ ਇਹ ਬਿਧਿ ।
ਓਹੁ ਲੋਗਨ ਹੀ ਪਤੀਆਵੈ । ਚਤੁਰ ਬੇਦ ਮੁਖ ਬਚਨੀ ਉਚਰੈ ।
ਆਗੈ ਮਹਿ ਨ ਪਾਈਐ ।(216)
ਪੋਥੀ ਪੰਡਿਤ ਬੇਦ ਖੋਜੰਤਾ ਜੀਉ । ਹੋਇ ਬੈਰਾਗੀ ਤੀਰਥ ਨਵੰਤਾ ਜੀਉ ।
ਗੀਤ ਨਾਦ ਕੀਰਤਨੁ ਗਾਵੰਤਾ ਜੀਉ ।(ਗੁਰੂ ਅਰਜਨ 216)

• • • •

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ।
ਬੇਦ ਕੀ ਬਿਪਤਿ ਪੜੀ ਪਛੁਤਾਨਿਆ ।(ਗੁਰੂ ਨਾਨਕ 224)

• • • •

ਬਿਨਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ।
ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ।
'ਅੰਧੇ' ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ

ਬਿਨ ਗੁਰ ਪੰਥੁ ਨਾ ਸੁਝਈ ਕਿਤੁ ਬਿਧਿ ਨਿਰਬਹੀਐ
ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ।
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ।
ਸੂਤੇ ਕਉ ਜਾਗਤੁ ਕਹੈ, ਜਾਗਤ ਕਉ ਸੂਤਾ
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ।
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ
ਪਰ ਕੀ ਕਉ ਅਪਨੀ ਕਹੈ ਅਪੁਨੋ ਨਹੀ ਭਾਇਆ ।
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ।
ਰਾਤੇ ਕੀ ਨਿੰਦਾ ਕਰੈ ਐਸਾ ਕਲਿ ਮਹਿ ਡੀਠਾ ।
ਚੇਰੀ ਕੀ ਸੇਵਾ ਕਰਹਿ ਠਾਕੁਰ ਨਹੀ ਦੀਸੈ ।
ਪੋਖਰੁ ਨੀਰੁ ਵਰੋਲੀਐ ਮਾਖਨੁ ਨਹੀ ਰੀਸੈ ।(ਗੁਰੂ ਨਾਨਕ 229)
(ਇਸ ਸ਼ਬਦ ਵਿਚ ਬ੍ਰਾਹਮਣ ਦੇ ਵਰਤਾਰੇ ਦਾ ਮੁਕੰਮਲ ਉਲੇਖ ਹੈ) ਅੱਗੇ ਦੱਸਿਆ ਹੈ ਕਿ ਪੰਡਤ (ਬ੍ਰਾਹਮਣ) ਕੈਹੋ ਜੇਹਾ ਹੋਣਾ ਚਾਹੀਦਾ ਹੈ ।
ਸੋ ਪੰਡਿਤੁ ਜੋ ਮਨੁ ਪਰਬੋਧੈ ।ਰਾਮ ਨਾਮੁ ਆਤਮ ਮਹਿ ਸੋਧੈ ।
ਰਾਮ ਨਾਮ ਸਾਰੁ ਰਸੁ ਪੀਵੈ ।ਉਸੁ ਪੰਡਿਤ ਕੈ ਉਪਦੇਸਿ ਜੁਗ ਜੀਵੈ ।
ਬੇਦ ਪੁਰਾਨ ਸਿਮ੍ਰਿਤ ਬੂਝੈ ਮੂਲ ।ਸੂਖਮ ਮਹਿ ਜਾਨੈ ਅਸਥੂਲੁ ।
ਚਹੁ ਵਰਨਾ ਕਉ ਦੇ ਉਪਦੇਸੁ ।ਨਾਨਕ ਉਸ ਪੰਡਿਤ ਕੋ ਸਦਾ ਅਦੇਸੁ ।(274)
ਪਰੰਤੂ
ਕਬਹੂ ਹੋਇ ਪੰਡਿਤੁ ਕਰੇ ਬਖਾਨੁ ।ਕਬਹੂ ਮੋਨਿ ਧਾਰੀ ਲਾਵੈ ਧਿਆਨੁ ।
ਕਬਹੂ ਤਟ ਤੀਰਥ ਇਸਨਾਨ ।ਕਬਹੂ ਸਿਧ ਸਾਧਿਕ ਮੁਖਿ ਗਿਆਨ ।
ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ਅਨਿਕ ਜੋਨਿ ਭਰਮੈ ਭਰਮੀਆ ।(277-78)

• • • • •

ਆਪਸ ਕਉ ਕਰਮਵੰਤ ਕਹਾਵੈ ।ਜਨਮਿ ਮਰੈ ਬਹੁ ਜੋਨਿ ਭਰਮਾਵੈ ।
ਧਨ ਭੂਮਿ ਕਾ ਜੋ ਕਰੈ ਗੁਮਾਨੁ ।ਸੋ ਮੂਰਖੁ ਅੰਧਾ ਅਗਿਆਨੁ ॥(278)

• • • • •

ਕੋਟਿ ਕਰਮ ਕਰੈ ਹਉ ਧਾਰੇ ।ਸ੍ਰਮੁ ਪਾਵੈ ਸਗਲੇ ਬਿਰਥਾਰੇ ।
ਅਨਿਕ ਤਪਸਿਆ ਕਰੇ ਅਹੰਕਾਰ ।ਨਰਕ ਸੁਰਗ ਫਿਰਿ ਫਿਰਿ ਅਵਤਾਰ ।(ਗੁਰੂ ਅਰਜਨ 278)

• • • • •

ਗਰਭ ਵਾਸ ਮਹਿ ਕੁਲੁ ਨਹੀ ਜਾਤੀ ।ਬ੍ਰਹਮ ਬਿੰਦੁ ਤੇ ਸਭ ਉਤਪਾਤੀ ।
ਕਹੁ ਰੇ ਪੰਡਿਤ ਬਾਮਨ ਕਬਕੇ ਹੋਏ ।ਬਾਮਨ ਕਹਿ ਕਹਿ ਜਨਮੁ ਮਤ ਖੋਏ ।
ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ ।ਤਉ ਆਨ ਬਾਟ ਕਾਹੇ ਨਹੀ ਆਇਆ ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ ।ਹਮ ਕਤ ਲੋਹੂ ਤੁਮ ਕਤ ਦੂਧ ।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ।ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥(ਸੰਤ ਗੁਰੂ ਕਬੀਰ 324)

• • • • •

ਹਰੀ ਅੰਗੂਰੀ ਗਦਹਾ ਚਰੈ ।ਨਿਤ ਉਠਿ ਹਾਸੈ ਹੀਗੈ ਮਰੈ ।
ਮਾਤਾ ਭੈਸਾ ਅੰਮੁਹਾ ਜਾਇ ।ਕੁਦਿ ਕੁਦਿ ਚਰੈ ।
ਰਸਤਾਲਿ ਪਾਇ ।ਕਹੁ ਕਬੀਰ ਪਰਗਟੁ ਭਈ ਖੇਡ ।
ਲੇਲੇ ਕਉ ਚੂਘੈ ਨਿਤ ਭੇਡ ।(ਸੰਤ ਗੁਰੂ ਕਬੀਰ 326)

• • • • •

ਬਿਨੁ ਸਤ ਸਤੀ ਹੋਇ ਕੈਸੇ ਨਾਰਿ । ਪੰਡਿਤ ਦੇਖੋ ਰਿਦੈ ਬੀਚਾਰਿ ॥

• • • •

ਓਇ ਜੁ ਦੀਸਹਿ ਅੰਬਰਿ ਤਾਰੇ । ਕਿਨਿ ਓਇ ਚੀਤੇ ਚੀਤਨਹਾਰੇ ।
ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ । ਬੂਝੈ ਬੂਝਨਹਾਰ ਸਭਾਗਾ ॥(ਸੰਤ ਗੁਰੂ ਕਬੀਰ 328-29)

• • • •

ਹਰਿ ਜਸੁ ਸੁਨੇ ਨ ਹਰਿ ਗੁਨ ਗਾਵਹਿ । ਬਾਤਨ ਹੀ ਅਸਮਾਨੁ ਗਿਰਾਵਹਿ ।
ਐਸੇ ਲੋਗਨ ਸਿਉ ਕਿਆ ਕਹੀਐ । ਜੋ ਪ੍ਰਭ ਕੀਏ ਭਗਤਿ ਤੇ ਬਾਹਜ ।
ਤਿਨ ਤੇ ਸਦਾ ਡਰਾਨੇ ਰਹੀਐ । ਆਪਿ ਨ ਦੇਹਿ ਚੁਰੂ ਭਰਿ ਪਾਨੀ ।
ਤਿਹ ਨਿੰਦਹਿ ਜਿਹ ਗੰਗਾ ਆਨੀ । ਬੈਠਤ ਉਠਤ ਕੁਟਿਲਤਾ ਚਾਲਹਿ ।
ਆਪੁ ਗਏ, ਅਉਰਨ ਹੂ ਘਾਲਹਿ । ਆਗਿ ਲਗਾਇ ਮੰਦਰ ਮੈ ਸੋਵਹਿ ।
ਅਵਰਨ ਹਸਤ ਆਪ ਹਹਿ ਕਾਂਨੇ । ਤਿਨ ਕਉ ਦੇਖ ਕਬੀਰ ਲਜਾਨੇ ।(332)

• • • •

ਮਾਟੀ ਕੇ ਕਰ ਦੇਵੀ ਦੇਵਾ । ਤਿਸੁ ਆਗੈ ਜੀਉ ਦੇਹੀ ।
ਐਸੇ ਪਿਤਰ ਤੁਮਾਰੇ ਕਹੀਅਹਿ । ਆਪਨ ਕਹਿਆ ਨ ਲੇਹੀ ।
ਸਰਜੀਉ ਕਾਟਹਿ ਨਿਰਜੀਉ ਪੂਜਹਿ । ਅੰਤ ਕਾਲ ਕਉ ਭਾਰੀ ।
ਰਾਮ ਨਾਮ ਕੀ ਗਤਿ ਨਹੀ ਜਾਨੀ । ਲੈ ਡੂਬੇ ਸੰਸਾਰੀ ।
ਦੇਵੀ ਦੇਵਾ ਪੂਜਹਿ ਡੋਲਹਿ । ਪਾਰਬ੍ਰਹਮ ਨਹੀ ਜਾਨਾ ।
ਕਹਤ ਕਬੀਰ ਅਕਲ ਨਹੀ ਚੇਤਿਆ । ਬਿਖਿਆ ਸਿਉ ਲਪਟਾਨਾ ॥(332)

• • • •

ਪੰਡਿਤ ਲੋਗਹ ਕਉ ਬਿਉਹਾਰ । ਗਿਆਨਵੰਤ ਕਉ ਤਤੁ ਬੀਚਾਰ ।
ਜਾਕੈ ਜੀਅ ਜੈਸੀ ਬੁਧਿ ਹੋਈ । ਕਹਿ ਕਬੀਰ ਜਾਨੈਗਾ ਸੋਈ ।(343)

• • • •

ਪਾਂਡੇ ਐਸਾ ਬ੍ਰਹਮ ਬੀਚਾਰੁ । ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਅਚਾਰੁ ।
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ । ਧੋਤੀ ਟਿਕਾ ਨਾਮੁ ਸਮਾਲਿ ।
ਐਥੈ ਓਥੈ ਨਿਬਹੀ ਨਾਲਿ । ਵਿਣੁ ਨਾਵੈ ਹੋਰਿ ਕਰਮ ਨ ਭਾਲਿ ।
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ । ਬੂਝੈ ਬ੍ਰਹਮੁ ਅੰਤਰਿ ਬਿਬੇਕੁ ।
ਆਚਾਰੀ ਨਹੀ ਜੀਤਿਆ ਜਾਇ । ਪਾਠ ਪੜੈ ਨਹੀ ਕੀਮਤਿ ਪਾਇ ।
'ਅਸਟ' 'ਦਸੀ' 'ਚਹੁ' ਭੇਦ ਨ ਪਾਇਆ (ਚਾਰ ਵੇਦ, 18 ਪੁਰਾਣ)
ਨਾਨਕ ਸਤਿਗੁਰ ਬ੍ਰਹਮ ਦਿਖਾਇਆ । ਕਾਇਆ ਬ੍ਰਹਮਾ ਮਨ ਹੈ ਧੋਤੀ ।
ਗਿਆਨ ਜਨੇਊ ਧਿਆਨੁ ਕੁਸਪਾਤੀ ॥(ਗੁਰੂ ਨਾਨਕ 355)

• • • •

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ।
ਜਾਂ ਪਤਿ ਲੇਖੈ ਨ ਪਵੈ ਤਾਂ ਸਭੇ ਕੁਪਰਵਾਣ ।
ਇਕ ਲੋਕੀ ਹੋਰ ਛਮਿਛਰੀ । ਬ੍ਰਾਹਮਣੁ ਵਟਿ ਪਿੰਡੁ ਖਾਇ ।
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ ।(ਗੁਰੂ ਨਾਨਕ 358)

• • • •

ਇਕਿ ਵਿਰਹਿ ਉਦਾਸੀ ਤਿਨ ਕਾਮਿ ਵਿਆਪੈ । ਇਕਿ ਸੰਚਹਿ ਗਿਰਹੀ ਤਿਨ ਹੋਇ ਨ ਆਪੈ ।
ਇਕਿ ਸਤੀ ਕਹਾਵਹਿ ਤਿਨ ਬਹੁਤੁ ਕਲਪਾਵੈ । ਤਪੁ ਕਰਤੇ ਤਪਸੀ ਭੂਲਾਏ ।
ਪੰਡਿਤ ਮੋਹੇ ਲੋਭਿ ਸਬਾਏ ॥(ਗੁਰੂ ਅਰਜਨ 370)

• • • •

ਜਾਣੁ ਜੋਰਿ ਕਰ ਪੂਜਾ ਕਰਨਾ । ਲੈਤ ਦੇਤਿ ਉਨ ਮੂਕਰਿ ਪਰਨਾ ।
ਜਿਤ ਕਾਰਿ ਤੁਮ ਹੈ ਬ੍ਰਾਹਮਣ ਜਾਨਾ । ਤਿਤ ਦਰਿ ਤੂੰ ਹੀ ਹੈ ਪਛੁਤਾਨਾ ।
ਐਸੇ ਬ੍ਰਾਹਮਣ ਡੂਬੇ ਭਾਈ । ਨਿਰਾਪਰਾਧ ਚਿਤਵਹਿ ਬੁਰਿਆਈ ।
ਅੰਤਰਿ ਲੋਭੁ ਫਿਰਹਿ ਹਲਕਾਏ । ਨਿੰਦਾ ਕਰਹਿ ਸਿਰਿ ਭਾਰੁ ਉਠਾਏ ।
ਮਾਇਆ ਮੂਠਾ ਚੇਤੈ ਨਾਹੀ । ਭਰਮੇ ਭੂਲਾ ਬਹੁਤੀ ਰਾਹੀ ।
ਬਾਹਰਿ ਭੇਖ ਕਰਹਿ ਘਨੇਰੇ । ਅੰਤਰਿ ਬਿਖਿਆ ਉਤਰੀ ਘੇਰੇ ।
ਅਵਰ ਉਪਦੇਸੈ ਆਪਿ ਨ ਬੂਝੈ । ਐਸਾ ਬ੍ਰਾਹਮਣ ਕਹੀ ਨ ਸੀਝੈ ।
ਮੂਰਖ ਬ੍ਰਾਹਮਣ ਪ੍ਰਭੂ ਸਮਾਲਿ । ਦੇਖਤ ਸੁਨਤ ਤੇਰੈ ਹੈ ਨਾਲਿ । (ਗੁਰੂ ਅਰਜਨ 372)

• • • •

ਤੀਰਥ ਜਾਉ ਤ ਹਉ ਹਉ ਕਰਤੇ । ਪੰਡਿਤ ਪੂਛਉ ਤ ਮਾਇਆ ਰਾਤੇ ।
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ । ਨਰਕਿ ਸੁਰਗਿ ਫਿਰਿ ਫਿਰਿ ਅਉਤਾਰ । (ਗੁਰੂ ਅਰਜਨ 385)

• • • •

ਭੂਪਤਿ ਹੋਇ ਕੈ ਰਾਜੁ ਕਮਾਇਆ । ਕਰਿ ਕਰਿ ਅਨਰਥ ਵਿਹਾਝੀ ਮਾਇਆ ।
ਸੰਚਤ ਸੰਚਤ ਥੈਲੀ ਕੀਨੀ । ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨੀ ॥
(ਜਿਵੇਂ ਸੋਮਨਾਥ ਦੇ ਮੰਦਰਾਂ ਵਿੱਚ ਇਕੱਠੀ ਕੀਤੀ ਦਾਨ ਦੌਲਤ, ਗਜਨਵੀ ਲੁੱਟ ਕੇ ਲੈ ਗਿਆ)
(ਗੁਰੂ ਅਰਜਨ 392)

• • • •

ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ । ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ ।
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ।
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ।
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ।
ਬਿਨੁ ਗੁਰ ਸ਼ਬਦ ਨ ਛੂਟਹੀ । ਭ੍ਰਮਿ ਆਵਹਿ ਜਾਵਹਿ । (419)

• • • •

ਚਾਰੇ ਵੇਦ ਬ੍ਰਹਮੇ ਕਉ ਦੀਏ । ਪੜਿ ਪੜਿ ਕਰੇ ਵੀਚਾਰੀ ।
ਤਾ ਕਾ ਹੁਕਮ ਨ ਬੂਝੈ ਬਪੁੜਾ । ਨਰਕਿ ਸੁਰਗਿ ਅਵਤਾਰੀ ।
ਜੁਗਹ ਜੁਗਹ ਕੇ ਰਾਜੇ ਕੀਏ । ਗਾਵਹਿ ਕਰ ਅਵਤਾਰੀ ।
ਤਿਨ ਭੀ ਅੰਤੁ ਨ ਪਾਇਆ ਤਾ ਕਾ । ਕਿਆ ਕਰਿ ਆਖਿ ਵੀਚਾਰੀ । (ਗੁਰੂ ਨਾਨਕ 423)

• • • •

ਹਉ ਵਿਚ (ਹੰਕਾਰ ਵਿਚ) ਆਇਆ ਹਉ ਵਿਚਿ ਗਇਆ । ਹਉ ਵਿਚਿ ਜੰਮਿਆ ਹਉ ਵਿਚਿ ਮੁਆ ।
ਹਉ ਵਿਚਿ ਦਿਤਾ ਹਉ ਵਿਚਿ ਲਇਆ । ਹਉ ਵਿਚਿ ਖਟਿਆ ਹਉ ਵਿਚਿ ਗਇਆ ।
ਹਉ ਵਿਚਿ ਸਚਿਆਰੁ ਕੂੜਿਆਰੁ । ਹਉ ਵਿਚਿ ਪਾਪ ਪੁੰਨ ਵੀਚਾਰੁ ।
ਹਉ ਵਿਚਿ ਨਰਕਿ ਸੁਰਗਿ ਅਵਤਾਰੁ । ਹਉ ਵਿਚਿ ਹਸੈ ਹਉ ਵਿਚਿ ਰੋਵੈ ।
ਹਉ ਵਿਚਿ ਭਰੀਐ ਹਉ ਵਿਚਿ ਧੋਵੈ । ਹਉ ਵਿਚਿ ਜਾਤੀ ਜਿਣਸੀ ਖੋਵੈ ।
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ । ਮੋਖ ਮੁਕਤਿ ਕੀ ਸਾਰ ਨ ਜਾਣਾ ।
ਹਉ ਵਿਚਿ ਮਾਇਆ ਹਉ ਵਿਚਿ ਛਾਇਆ । ਹਉਮੈ ਕਰਿ ਕਰਿ ਜੰਤ ਉਪਾਇਆ ।
ਹਉਮੈ ਬੂਝੈ ਤਾ ਦਰੁ ਸੂਝੈ । ਗਿਆਨ ਵਿਹੂਣਾ ਕਥਿ ਕਥਿ ਲੂਝੈ । (ਗੁਰੂ ਨਾਨਕ 466)

• • • •

ਹਉਮੈ ਏਹਾ ਜਾਤਿ ਹੈ । ਹਉਮੈ ਕਰਮ ਕਮਾਹਿ ।

ਹਉਮੈ ਏਹੀ ਬੰਧਨਾ ।ਫਿਰਿ ਫਿਰ ਜੋਨੀ ਪਾਇ ।(466)

• • • •

ਲਬੁ ਪਾਪੁ ਦੁਇ ਰਾਜਾ ਮਹਤਾ ।ਕੂੜੁ ਹੋਆ ਸਿਕਦਾਰੁ ।
ਕਾਮੁ ਨੇਬੁ ਸਦਿ ਪੁਛੀਐ ।ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ ।ਭਾਹਿ ਭਰੇ ਮੁਰਦਾਰ।
ਗਿਆਨੀ ਨਚਹਿ ਵਾਜੇ ਵਾਵਹਿ ।ਰੂਪ ਕਰੇ ਸੀਗਾਰੁ ।
ਊਚੇ ਕੂਕਹਿ ਵਾਦਾ ਗਾਵਹਿ ।ਜੋਧਾ ਕਾ ਵੀਚਾਰੁ ।
ਮੂਰਖ ਪੰਡਿਤ ਹਿਕਮਤ ਹੁਜਤਿ ।ਸੰਜੈ ਕਰਹਿ ਪਿਆਰੁ ।
ਧਰਮੀ ਧਰਮ ਕਰਹਿ ਗਾਵਾਵਹਿ ।ਮੰਗਹਿ ਮੋਖ ਦੁਆਰੁ ।(ਗੁਰੂ ਨਾਨਕ 469)

• • • •

ਪੜਿ ਪੁਸਤਕ ਸੰਧਿਆ ਬਾਦੰ ।ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ ।ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕੁ ਲਿਲਾਟੰ ।ਦੁਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ ।ਸਭਿ ਫੋਕਟ ਨਿਸਚਉ ਕਰਮੰ ।(ਗੁਰੂ ਨਾਨਕ 470)

• • • •

ਚਉ ਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ।
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
(ਜਨੇਊ) ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ।
ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ ॥
ਤਗੁ ਨ ਇੰਦ੍ਰੀ ਤਗੁ ਨ ਨਾਰੀ ਭਲਕੇ ਥੁਕ ਪਵੈ ਨਿਤ ਦਾੜੀ ।
ਤਗੁ ਨ ਪੈਰੀ ਤਗੁ ਨ ਹਥੀ ਤਗੁ ਨ ਜਿਹਵਾ ਤਗੁ ਨ ਅਖੀ ।
ਵੇਤਗਾ ਆਪੇ ਵਤੈ ।ਵਟਿ ਧਾਗੇ ਅਵਰਾ ਘਤੈ ।
ਲੈ ਭਾੜਿ ਕਰੇ ਵੀਆਹੁ ।ਕਢਿ ਕਾਗਲੁ ਦਸੇ ਰਾਹੁ ।
ਸੁਣਿ ਲੋਕਾ ਇਹੁ ਵਿਡਾਣੁ ।ਮਨਿ ਅੰਧਾ ਨਾਉ ਸੁਜਾਣੁ ।471)

• • • •

ਗਊ ਬਰਾਹਮਣ ਕਉ ਕਰੁ ਲਾਵਹੁ ।ਗੋਬਰਿ ਤਰਣੁ ਨ ਜਾਈ ।
ਧੋਤੀ ਟਿਕਾ ਤੈ ਜਪਮਾਲੀ ।ਧਾਨੁ ਮਲੇਛਾਂ ਖਾਈ ।
ਮਾਣਸ ਖਾਣੇ ਕਰਹਿ ਨਿਵਾਜ ।ਛੁਰੀ ਵਗਾਇਨਿ ਤਿਨ ਗਲਿ ਤਾਗ ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ ।ਉਨਾ ਭੀ ਆਵਹਿ ਓਈ ਸਾਦ ।
ਕੂੜੀ ਰਾਸਿ ਕੂੜਾ ਵਾਪਾਰੁ ।ਕੂੜੁ ਬੋਲਿ ਕਰਹਿ ਆਹਾਰੁ ।(471)

• • • •

ਸਰਮ ਧਰਮ ਕਾ ਡੇਰਾ ਦੂਰਿ ।ਨਾਨਕ ਕੂੜੁ ਰਹਿਆ ਭਰਪੂਰਿ ।
ਮਥੈ ਟਿਕਾ ਤੇੜਿ ਧੋਤੀ ਕਖਾਈ ।ਹਥਿ ਛੁਰੀ ਜਗਤ ਕਾਸਾਈ ।
ਅਭਾਖਿਆ ਕਾ ਕੁਠਾ ਬਕਰਾ ਖਾਣਾ ।ਚਉਕੇ ਉਪਰਿ ਕਿਸੈ ਨ ਜਾਣਾ ।
ਦੇ ਕੈ ਚਉਕਾ ਕਢੀ ਕਾਰ ।ਉਪਰਿ ਆਇ ਬੈਠੇ 'ਕੂੜਿਆਰ' ।
ਮਤੁ ਭਿਟੈ ਵੇ ਮਤੁ ਭਿਟੈ ।ਇਹੁ ਅੰਨੁ ਅਸਾਡਾ ਫਿਟੈ ।
ਤਨਿ ਫਿਟੈ ਫੇੜ ਕਰੇਨਿ ।ਮਨਿ ਜੂਠੈ ਚੁਲੀ ਭਰੇਨਿ ।(ਗੁਰੂ ਨਾਨਕ 472)

• • • •

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ।

ਮੁਚੇ ਅਗੋ ਰਖੀਓਨੁ ਕੋਇ ਨ ਭਿਟਿਓ ਜਾਇ ।
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ।
ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥(ਗੁਰੂ ਨਾਨਕ 473)

• • • •

ਗਜ ਸਾਢੇ ਤੈ ਤੈ ਧੋਤੀਆ । ਤਿਹਰੇ ਪਾਇਨਿ ਤਗ (ਜਨੇਊ) ।
ਗਲੀ ਜਿਨਾ ਜਪਮਾਲੀਆ । ਲੋਟੇ ਹਥਿ ਨਿਬਗ ।
ਓਇ ਹਰਿ ਕੇ ਸੰਤ ਨ ਆਖੀਅਹਿ । ਬਾਨਾਰਸਿ ਕੇ ਠਗ । (ਸੰਤ ਗੁਰੂ ਕਬੀਰ 476)

• • • •

ਹਮ ਘਰਿ ਸੂਤੁ ਤਨਹਿ ਨਿਤ ਤਾਨਾ । ਕੰਠ ਜਨੇਊ ਤੁਮਾਰੇ ।
ਤੁਮ ਤਉ ਬੇਦ ਪੜਹੁ ਗਾਇਤ੍ਰੀ । ਗੋਬਿੰਦ ਰਿਦੈ ਹਮਾਰੇ ।
ਤੂੰ ਬਾਮਨੁ ਮੈ ਕਾਸੀ ਕ ਜਲਾਹਾ । ਬੂਝਹੁ ਮੋਰ ਗਿਆਨਾ ।
ਤੁਮ ਤਉ ਜਾਚੇ ਭੂਪਤਿ ਰਾਜੇ । ਹਰਿ ਸਿਉ ਮੋਰ ਧਿਆਨਾ । (ਸੰਤ ਗੁਰੂ ਕਬੀਰ 482)

• • • •

ਨਾਭਿ ਕਮਲ ਤੇ ਬ੍ਰਹਮਾ ਉਪਜੇ । ਬੇਦ ਪੜਹਿ ਮੁਖਿ ਕੰਠਿ ਸਵਾਰਿ ।
ਤਾ ਕੋ ਅੰਤੁ ਨ ਜਾਈ ਲਖਣਾ । ਆਵਤ ਜਾਤ ਰਹੈ ਗੁਬਾਰਿ ॥(ਗੁਰੂ ਨਾਨਕ 489)

• • • •

ਵਿਣੁ ਪਾਰਸੈ ਪੂਜ ਨ ਹੋਵਈ । ਵਿਣੁ ਮਨ ਪਰਚੇ ਅਵਰਾ ਸਮਝਾਏ ।
ਗੁਰੂ ਸਦਾਏ ਅਗਿਆਨੀ ਅੰਧਾ । ਕਿਸੁ ਓਹੁ ਮਾਰਗਿ ਪਾਏ । (ਗੁਰੂ ਅਮਰਦਾਸ 491)

• • • •

ਏਕੋ ਨਾਮੁ ਨਿਧਾਨੁ ਪੰਡਿਤ । ਸੁਣ ਸਿਖੁ ਸਚੁ ਸੋਈ ।
ਦੂਜੈ ਭਾਇ ਜੇਤਾ ਪੜਹਿ । ਪੜਤ ਗੁਣਤ ਸਦਾ ਦੁਖੁ ਹੋਈ ॥
ਸੁਣਿ ਸਾਸਤ੍ਰ ਤੂੰ ਨ ਬੁਝਹੀ । ਤਾ ਫਿਰਹਿ ਬਾਰੋ ਬਾਰ ।
ਸੋ ਮੂਰਖ ਜੋ ਆਪੁ ਨ ਪਛਾਣਈ । ਸਚਿ ਨ ਧਰੇ ਪਿਆਰੁ । (ਗੁਰੂ ਅਰਮਦਾਸ 492)

• • • •

ਕਿਰਿਆ ਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ।
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ।
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ।
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ।
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ।
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ । (ਗੁਰੂ ਅਰਜਨ 495)

• • • •

ਬ੍ਰਹਮੁ ਬਿੰਦੇ ਸੁ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ।
ਸਤਿਗੁਰ ਪੂਛੈ ਸਚੁ ਸੰਜਮੁ ਕਮਾਵੈ (ਜਾਤ ਦਾ) ਹਉਮੈ ਰੋਗੁ ਤਿਸੁ ਜਾਏ । (ਗੁਰੂ ਅਮਰਦਾਸ 51

• • • •

ਪੰਡਿਤ ਭੂਲਿ ਭੂਲਿ ਮਾਇਆ ਵੇਖਹਿ । ਦਿਖਾ ਕਿਨੈ ਕਿਹੁ ਆਣਿ ਚੜਾਇਆ
(ਕਿ ਕਿਸੇ ਨੇ ਕਿੰਨਾ ਚੜ੍ਹਾਵਾ ਚੜ੍ਹਾਇਆ ਹੈ) ।
ਦੂਜੈ ਭਾਇ ਪੜਹਿ ਨਿਤ ਬਿਖਿਆ । ਨਾਵਹੁ ਦਯਿ ਖੁਆਇਆ ।
ਜੋਗੀ ਜੰਗਮ ਸੰਨਿਆਸੀ ਭੂਲੇ । ਓਨ ਅਹੰਕਾਰੁ ਬਹੁ ਗਰਬੁ ਵਧਾਇਆ ।
(ਇਹ ਵੀ ਬ੍ਰਾਹਮਣ ਹੀ ਹੋ ਸਕਦੇ ਸਨ)

ਛਾਦਨ ਭੋਜਨੁ ਨ ਲੇਹੀ ਸਤ ਭਿਖਿਆ ।ਮਨ ਹਠਿ ਜਨਮ ਗਵਾਇਆ ॥
ਬਜਰ ਕਪਾਟ ਕਾਇਆ ਗੜ ਭੀਤਰਿ ।ਕੂੜੁ ਕੁਸਤੁ ਅਭਿਮਾਨੀ ।
ਭਰਮਿ ਭੂਲੇ ਨਦਰਿ ਨ ਆਵਨੀ ।ਮਨਮੁਖ ਅੰਧ ਅਗਿਆਨੀ ।(ਗੁਰੂ ਅਮਰ ਦਾਸ 514)

• • • •

ਹਿੰਦੂ ਮੂਲੇ ਭੂਲੇ ਅਖੁਟੀ ਜਾਹੀ ।ਨਾਰਦਿ ਕਹਿਆ ਸਿ ਪੂਜ ਕਰਾਹੀ ।
ਅੰਧੇ ਗੁੰਗੇ ਅੰਧ ਅੰਧਾਰੁ ।ਪਾਥਰ ਲੇ ਪੂਜਹਿ ਮੁਗਧ ਗਵਾਰ ।
ਓਹਿ ਜਾ ਆਪਿ ਡੁਬੇ ।ਤੁਮ ਕਹਾ ਤਾਰਣ ਹਾਰ ।(ਗੁਰੂ ਨਾਨਕ 556)

• • • •

ਬ੍ਰਹਮੈ ਬੇਦ ਬਾਣੀ ਪ੍ਰਗਾਸੀ ।ਮਾਇਆ ਮੋਹ ਪਸਾਰਾ ।
ਮਹਾ ਦੇਉ ਅਗਿਆਨੀ ਵਰਤੈ ।ਘਰਿ ਆਪਣੈ ਤਾਮਸੁ ਬਹੁਤ ਅਹੰਕਾਰਾ ।
ਕਿਸਨੁ ਸਦਾ ਅਵਤਾਰੀ ਰੂਧਾ । ਕਿਤੁ ਲਗਿ ਤਰੈ ਸੰਸਾਰਾ ॥ ? (ਗੁਰੂ ਅਮਰਦਾਸ 559)

• • • •

ਕੂ ੜ ਬੋਲਿ ਬਿਖੁ ਖਾਵਣੀ ।ਬਹੁ ਵਧਹਿ ਵਿਕਾਰਾ ਰਾਮ ।
ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ।ਬਿਨੁ ਨਾਵੈ ਪਤਿ ਖੋਈ ।
ਪੜਿ ਪੜਿ ਪੰਡਿਤ ਵਾਦੁ ਵਖਾਣਹਿ ।ਬਿਨੁ ਬੂਝਹਿ ਸੁਖੁ ਨ ਹੋਈ ।
ਆਵਣ ਜਾਣਾ ਕਦੇ ਨਾ ਚੂਕੈ ।ਮਾਇਆ ਮੋਹ ਪਿਆਰਾ ।
ਮਾਇਆ ਮੋਹ ਸਭੁ ਦੁਖ ਹੈ ।ਖੋਟਾ ਇਹੁ ਵਾਪਾਰਾ ॥(ਗੁਰੂ ਅਮਰਦਾਸ 570)

• • • •

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ।
ਸੁਣਿ ਪੰਡਿਤ ਕਰਮਾ-ਕਾਰੀ।
ਜਿਤੁ ਕਰਮਿ ਸੁਖੁ ਉਪਜੈ ਭਾਈ ਸੁ ਆਤਮ ਤਤੁ ਬੀਚਾਰੀ ।
ਸਾਸਤੁ ਬੇਦੁ ਬਕੈ ਖੜ ਭਾਈ ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਨਾ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ।
ਇਕ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ।
ਗੁਰ ਸੇਵੇ ਸੋ ਬੁਝੈ ਭਾਈ ਗੁਰ ਬਿਨੁ ਮਗੁ ਨ ਪਾਈ ।
ਜਿਸ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ।
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ।
ਜਲ ਮਥੀਐ ਜਲੁ ਦੇਖੀਐ ਇਹੁ ਜਗੁ ਏਹਾ ਵਥੁ ॥(ਗੁਰੂ ਨਾਨਕ 635)

• • • •

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ।
(ਮੂਰਤੀ) ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ।(637)

• • • •

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ।
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ।
ਭੇਖਧਾਰੀ ਭੇਖ ਕਰਿ ਥਕੇ ਅਠਸਠਿ ਤੀਰਥ ਨਾਇ।
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥(ਗੁਰੂ ਅਮਰਦਾਸ 644-45)

• • • •

ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ।

ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ।
ਕੂਕ ਪੂਕਾਰ ਨ ਚੁਕਈ ਨ ਸੰਸਾ ਵਿਚਹੁ ਜਾਇ ।
ਨਾਨਕ ਨਾਮ ਵਿਹੂਣਿਆ 'ਮੁਹ ਕਾਲੈ' ਉਠਿ ਜਾਇ ।
ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ।
ਤ੍ਰੈ ਗੁਣ ਮਾਇਆ ਮੂਲ ਹੈ ਵਿਚਿ ਹਉਮੈ ਨਾਮੁਵਿਸਾਰਿ ।
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ।
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥(ਗੁਰੂ ਅਮਰਦਾਸ 647)

• • • •

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ।(649)

• • • •

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ।
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ।
ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ।
ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ।
ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨਿ ਭਾਰੀ।
ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥ (ਸੰਤ ਗੁਰੂ ਕਬੀਰ 654)

• • • •

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ।
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ।
ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ।
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ।(655)

• • • •

ਕਾਦੀ ਕੂੜੁ ਬੋਲਿ ਮਲੁ ਖਾਇ ਬ੍ਰਾਹਮਣੁ ਨਾਵੈ ਜੀਆ ਘਾਇ ।
ਜੋਗੀ ਜੁਗਤਿ ਨ ਜਾਣੈ ਅੰਧੁ ਤੀਨੇ ਓਜਾੜੇ ਕਾ ਬੰਧੁ ।
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ਆਪਿ ਤਰੈ ਸਗਲੇ ਕੁਲ ਤਾਰੈ ।(ਗੁਰੂ ਨਾਨਕ 663)

• • • •

ਨਾਥ (ਬ੍ਰਾਹਮਣ) ਕਛੂਅ ਨ ਜਾਨਉ।ਮਨੁ ਮਾਇਆ ਕੈ ਹਾਥਿ ਬਿਕਾਨਉ ।
ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।ਹਮ ਕਹੀਅਤ ਕਲਿਜੁਗ ਕੇ ਕਾਮੀ ॥(ਸੰਤਗੁਰੂ ਰਵੀਦਾਸ 710)

• • • •

ਘਰ ਮਹਿ ਠਾਕੁਰ ਨਦਰਿ ਨ ਆਵੈ।ਗਲ ਮਹਿ ਪਾਹਣੁ ਲੈ ਲਟਕਾਵੈ ।
ਭਰਮੇ ਭੂਲਾ ਸਾਕਤੁ (ਬ੍ਰਾਹਮਣ ਸਾਧ) ਫਿਰਤਾ।ਨੀਰੁ ਬਿਰੋਲੈ ਖਪਿ ਖਪਿ ਮਰਤਾ ।
ਜਿਸ ਪਾਹਣ (ਪੱਥਰ) ਕਉ ਠਾਕੁਰ ਕਹਤਾ।ਓਹੁ ਪਾਹਣੁ ਲੈ ਉਸ ਕਉ ਡੁਬਤਾ ।
ਗੁਨਹਗਾਰ ਲੂਣ ਹਰਾਮੀ।ਪਾਹਣ ਨਾਵ ਨ ਪਾਰਗਰਾਮੀ ।(ਗੁਰੂ ਅਰਜਨ 739)

• • • •

ਦੀਵ ਬਲੈ ਅੰਧੇਰਾ ਜਾਇ।ਬੇਦ ਪਾਠ ਮਤਿ ਪਾਪਾ ਖਾਇ ।
ਉਗਵੈ ਸੂਰੁ ਨ ਜਾਪੈ ਚੰਦੁ।ਜ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ।
ਬੇਦ ਪਾਠ ਸੰਸਾਰ ਕੀ ਕਾਰ।ਪੜਿ ਪੜਿ ਪੰਡਤ ਕਰਹਿ ਬੀਚਾਰ ।
ਬਿਨ ਬੂਝਹਿ ਸਭ ਹੋਇ ਖੁਆਰੁ ॥(ਗੁਰੂ ਨਾਨਕ 791)

• • • •

ਧੋਤੀ ਊਜਲ ਤਿਲਕੁ ਗਲ ਮਾਲਾ। ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ।
ਨਾਮੁ ਵਿਸਾਰਿ ਮਾਇਆ ਮਦੁ ਪੀਆ। ਬਿਨੁ ਗੁਰ ਭਗਤਿ ਨਾਹੀ ਸੁਖ ਥੀਆ ।(ਗੁਰੂ ਨਾਨਕ 832)

• • • •

ਸਾਸਤ ਬੇਦ ਪੁਰਾਣ ਪੁਕਾਰਹਿ। ਧਰਮ ਖਟੁ ਕਰਮ ਦ੍ਰਿੜਈਆ
ਮਨਮੁਖ ਪਾਖੰਡਿ ਭਰਮਿ ਵਿਗੁਤੇ। ਲੋਭ ਲਹਰਿ ਨਾਵ ਭਾਰਿ ਡੁਬਈਆ ।(ਗੁਰੂ ਰਾਮ ਦਾਸ 834)

• • • •

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ।
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ।
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ।
(ਇਹ ਸਾਰੇ) ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨੀ ਬਿਰਥਾ ਜਨਮ ਗਵਾਇਆ ।(ਗੁਰੂ ਅਮਰਦਾਸ 852)

• • • •

ਭੈਰੋ ਭੂਤ ਸੀਤਲਾ ਧਾਵੈ ਖਰ ਬਾਹਨੁ ਉਹੁ ਛਾਰੁ ਉਡਾਵੈ ।
ਸਿਵ ਸਿਵ ਕਰਤੇ ਜੋ ਨਰੁ ਧਿਆਵੈ ਬਰਦ ਚਢੇ ਡਉਰੂ ਢਮਕਾਵੈ
ਮਹਾਮਾਈ ਕੀ ਪੂਜਾ ਕਰੈ ਨਰ ਸੈ ਨਾਰਿ ਹੋਇ ਅਉਤਰੈ ।
ਤੂੰ ਕਹੀਅਤ ਹੀ ਆਦਿ ਭਵਾਨੀ ਮੁਕਤਿ ਕੀ ਬਰੀਆ ਕਹਾ ਛਪਾਨੀ ।(ਸੰਤ ਗੁਰੂ ਨਾਮਦੇਵ 874)

• • • •

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ।
ਲੈ ਕਰਿ ਠੇਗਾ ਟਗਰੀ ਤੋਰੀ। ਲਾਂਗਤ ਲਾਂਗਤ ਜਾਤੀ ਥੀ।
ਪਾਂਡੇ ਤੁਮਰਾ ਮਹਾਦੇਉ। ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ।
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ।
ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ (ਸੀਤਾ) ਗਵਾਈ ਥੀ ।(ਸੰਤ ਗੁਰੂ ਨਾਮਦੇਵ 875)

• • • •

ਮੁਖਤੇ ਪੜਤਾ ਟੀਕਾ ਸਹਿਤ। ਹਿਰਦੈ ਰਾਮੁ ਨਹੀ ਪੂਰਨ ਰਹਤ ।
ਉਪਦੇਸੁ ਕਰਿ ਕਰਿ ਲੋਕ ਦ੍ਰਿੜਾਵੈ। ਅਪਨਾ ਕਹਿਆ ਆਪਿ ਨ ਕਮਾਵੈ।
ਪੰਡਿਤ ਬੇਦੁ ਬੀਚਾਰਿ ਪੰਡਿਤ। ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ।
ਤਿਲਕ ਚਰਾਵੈ ਪਾਈ ਪਾਇ (ਪੈਰੀਂ ਪੈਣਾ)। ਲੋਕੁ ਪਚਾਰਾ ਅੰਧੁ ਕਮਾਇ ।
ਖਟੁ ਕਰਮਾ ਅਰੁ ਆਸਣੁ ਧੋਤੀ। ਭਾਗਠਿ ਗ੍ਰਿਹਿ ਪੜੈ ਨਿਤ ਪੋਥੀ।
ਮਾਲਾ ਫੇਰੈ ਮੰਗੈ ਬਿਭੂਤ। ਇਹ ਬਿਧਿ ਕੋਇ ਨ ਤਰਿਓ ਮੀਤ।
ਸੋ ਪੰਡਿਤ ਗੁਰ ਸਬਦਿ ਕਮਾਏ। ਤ੍ਰੈਗੁਣ ਕੀ ਉਸ ਉਤਰੀ ਮਾਇ ।।(ਗੁਰੂ ਅਰਜਨ 888)

• • • •

ਰਾਮ ਨਾਮ ਗੁਣ ਗਾਇ ਪੰਡਿਤ। ਕਰਮ ਕਾਂਡ ਅਹੰਕਾਰੁ ਨ ਕਾਜੈ।
ਕੁਸਲ ਸੇਤੀ ਘਰਿ ਜਾਹਿ ਪੰਡਿਤ ।(ਗੁਰੂ ਅਰਜਨ 891)

• • • •

ਬਾਣੀ ਬ੍ਰਹਮਾ ਬੇਦੁ ਅਥਰ ਬਣੁ ਕਰਣੀ ਕੀਰਤਿ ਲਹਿਆ ।
ਪਤਿ ਵਿਣੁ ਪੂਜਾ ਸਤੁ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ।
ਨਾਵਹੁ ਧੋਵਹੁ ਤਿਲਕ ਚੜਾਵਹੁ ਸੁਚ ਵਿਣੁ ਸੋਚ ਨ ਹੋਈ ।
ਕਲਿ ਪਰਵਾਣੁ ਕਤੇਬ ਕੁਰਾਣੁ ਪੋਥੀ ਪੰਡਿਤ ਰਹੇ ਪੁਰਾਣ ।।(ਗੁਰੂ ਨਾਨਕ 903)

• • • •

ਨੋਟ :-ਇਕ ਗੱਲ ਧਿਆਨ ਵਿਚ ਜ਼ਰੂਰ ਰੱਖੀ ਜਾਵੇ ਕਿ ਬ੍ਰਾਹਮਣੀ ਧਰਮ ਅੰਦਰ ਪੁਜਾਰੀ ਤੋਂ ਇਲਾਵਾ ਜੋਗੀ ਜੰਗਮ, ਤਪੀ ਤਪੀਸਰ, ਸਾਕਤ, ਜਤੀ ਨਾਗੇ, ਰਿਸ਼ੀ-ਮੁਨੀ ਆਦਿ ਲੋਕ ਕੇਵਲ ਬ੍ਰਾਹਮਣ ਹੀ ਹੋ ਸਕਦੇ ਸਨ । ਜੇ ਕਦੀ ਕੋਈ ਕਸ਼ੱਤਰੀ ਅਜਿਹਾ ਰੁਤਬਾ ਲੈ ਲੈਂਦਾ ਸੀ ਤਾਂ ਉਨ੍ਹਾਂ ਦੀ ਆਪਸ ਵਿਚ ਲੜਾਈ ਹੁੰਦੀ ਰਹਿੰਦੀ ਸੀ ।ਜਿਵੇਂ ਰਾਜਾ ਦਸਰਥ ਦੇ ਗੁਰੂ ਵਿਸ਼ਵਾਮਿੱਤਰ ਅਤੇ......ਦੇ ਵਿਚਕਾਰ ਕਿਉਂਕਿ ਇਕ ਬ੍ਰਾਹਮਣ ਸੀ ਤੇ ਦੂਜਾ ਕਸ਼ੱਤਰੀ, ਅਜਿਹਾ ਘੱਟ ਹੀ ਹੁੰਦਾ ਸੀ ਕਿਉਂਕਿ ਇਹ ਧਾਰਮਿਕ ਅਹੁੱਦੇ ਕੇਵਲ ਬ੍ਰਾਹਮਣਾਂ ਲਈ ਜੱਦੀ-ਪੁਸ਼ਤੀ ਰਾਖਵੇਂ ਸਨ ਤੇ ਅੱਜ ਵੀ ਹਨ ।

ਝੂਠ ਨ ਬੋਲਿ ਪਾਡੇ ਸਚੁ ਕਹੀਐ। ਹਉਮੈ ਜਾਇ ਸਬਦਿ ਘਰੁ ਲਹੀਐ ।
ਗਣਿ ਗਣਿ ਜੋਤਕੁ (ਜੋਤਸ਼) ਕਾਂਡੀ ਕੀਨੀ। ਪੜੈ ਸੁਣਾਵੈ ਤਤੁ ਨ ਚੀਨੀ ।
ਨਾਵਹਿ ਧੋਵਹਿ ਪੂਜਹਿ ਸੈਲਾ (ਪੱਥਰ)। ਬਿਨ ਹਰਿ ਰਾਤੇ ਮੈਲੋ ਮੈਲਾ ।
ਵਾਦੇ ਵਾਦੁ ਨ ਬੇਦੁ ਬੀਚਾਰੈ। ਆਪਿ ਡੁਬੈ ਕਿਉ ਪਿਤਰਾ ਤਾਰੈ ।
ਇਕਿ ਪਾਧੇ ਪੰਡਿਤ ਮਿਸਰ ਕਹਾਵੈ। ਦੁਬਧਾ ਰਾਤੇ ਮਹਲੁ ਨ ਪਾਵੈ ।
ਅੰਤਰਿ ਮੈਲੁ ਤੀਰਥ ਭਰਮੀਜੈ। ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ।(ਗੁਰੂ ਨਾਨਕ 904-906)

• • • •

ਕਿਨਹੂ ਵਰਤ ਨੇਮ ਮਾਲਾ ਪਾਈ।
ਕਿਨਹੀ ਤਿਲਕੁ ਗੋਪੀ ਚੰਦਨ ਲਾਇਆ। ਮੋਹਿ ਦੀਨ ਹਰਿ ਹਰਿ ਹਰਿ ਧਿਆਇਆ।
ਕਿਨਹੀ ਸਿਧ ਬਹੁ ਚੇਟਕ ਲਾਏ। ਕਿਨਹੀ ਭੇਖ ਬਹੁ ਥਾਟ ਬਨਾਏ।
ਕਿਨਹੀ ਤੰਤ ਮੰਤ ਬਹੁ ਖੇਵਾ। ਮੋਹਿ ਦੀਨ ਹਰਿ ਹਰਿ ਹਰਿ ਕੀ ਸੇਵਾ।
ਕੋਈ ਚਤੁਰੁ ਕਹਾਵੈ ਪੰਡਿਤ। ਕੋ ਕਰਮ ਸਹਿਤ ਸਿਉ ਮੰਡਤ ।(ਗੁਰੂ ਅਰਜਨ 913)

• • • •

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ।
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ।
ਏਕੰਕਾਰੁ ਅਵਰ ਨਹੀ ਦੂਜਾ ਏਕੁ ਨਾਮ ਸਮਾਈ।(ਗੁਰੂ ਨਾਨਕ 930)

• • • •

ਹਿੰਦੂ ਕੈ ਘਰਿ ਹਿੰਦੂ ਆਵੈ। ਸੂਤੁ ਜਨੇਊ ਪੜਿ ਗਲਿ ਪਾਵੈ ।
ਸੂਤੁ ਪਾਇ ਕਰੇ ਬੁਰਿਆਈ। ਨਾਤਾ ਧੋਤਾ ਥਾਇ ਨ ਪਾਈ ।(ਗੁਰੂ ਨਾਨਕ 951)

• • • •

ਅੰਧੇ ਕੈ ਰਾਹਿ ਦਸੀਐ ਅੰਧਾ ਹੋਇ ਸੁ ਜਾਇ।
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ ।
ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ।
ਅੰਧੇ ਸੋਈ ਨਾਨਕਾ ਖਸਮਹੁ ਘੁਥੇ ਜਾਹਿ ।(ਗੁਰੂ ਅੰਗਦ 954)

• • • •

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ ।
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ।
ਅੰਦਰ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ ।
ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ।
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ।
ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ ।(ਗੁਰੂ ਅਰਜਨ 960)

• • • •

ਪੰਡਿਤ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ।

ਅੰਦਰਿ ਮੋਹੁ ਨਿਤ ਭਰਮ ਵਿਆਪਿਆ ਤਿਸ ਟਸਿ ਨਾਹੀ ਦੇਹਾ।
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ।
ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ।
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸ ਮੋਹਾ।
ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ। (ਗੁਰੂ ਅਰਜਨ 960)

• • • •

ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰ ਕਰੈ ।
ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤ ਹਰਿ ਨ ਕਹੈ ।
ਕਾਹੇ ਮੇਰੇ ਬਾਮਨ ਹਰਿ ਨ ਕਹਹਿ ਰਾਮੁ ਨ ਬੋਲਹਿ ਪਾਂਡੇ ਦੋਜਕੁ ਭਰਹਿ ।
ਆਪਨ ਊਚ ਨੀਚ ਘਰ ਭੋਜਨ ਹਠੇ ਕਰਮ ਕਰਿ ਉਦਰੁ ਭਰਹਿ ।
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕ ਲੈ ਕੂਪਿ (ਖੂਹ 'ਚ) ਪਰਹਿ ।
ਤੂੰ ਬ੍ਰਹਮਨੁ ਮੈ ਕਾਸੀਕ ਜੁਲਾਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ।
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮੂਏ । (ਸੰਤ ਗੁਰੂ ਕਬੀਰ 970)

• • • •

ਬਨਾਰਸੀ ਤਪੁ ਕਰੈ।ਉਲਟਿ ਤੀਰਥ ਮਰੈ।
ਅਗਨਿ ਦਹੈ ਕਾਇਆ ਕਲਪ ਕੀਜੈ।ਅਸਮੇਧ ਜਗੁ ਕੀਜੈ।
ਸੋਨਾ ਗਰਭ ਦਾਨੁ ਦੀਜੈ। ਰਾਮ ਨਾਮ ਸਰਿ ਤਊ ਨ ਪੂਜੈ ।
ਛੋਡਿ ਛੋਡਿ ਰੇ ਪਖੰਡੀ ਮਨ ਕਪਟ ਨ ਕੀਜੈ ।
ਗੰਗਾ ਜਉ ਗੋਦਾਵਰਿ ਜਾਈਐ।ਕੁੰਭ ਜਉ ਕੇਦਾਰ ਨਾਈਐ।
ਗੋਮਤੀ ਸਹਸ ਗਊ ਦਾਨੁ ਕੀਜੈ ਕੋਟਿ ਜਉ ਤੀਰਥ ਕਰੈ।
ਤਨ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ।
ਅਸੁ ਦਾਨ ਗਜ ਦਾਨ। ਸਿਹਜਾ ਨਾਰੀ ਭੂਮਿ ਦਾਨ।
ਐਸੋ ਦਾਨੁ ਨਿਤ ਨਿਤਹਿ ਕੀਜੈ ।। (ਸੰਤ ਗੁਰੂ ਨਾਮਦੇਵ 973)

• • • •

ਹਮ ਬਡ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ।। (ਸੰਤ ਗੁਰੂ ਰਵੀਦਾਸ 974)

• • • •

ਪੰਡਿਤ ਪੜਿ ਨ ਪਹੁਚਈ ਬਹੁ ਆਲ ਜੰਜਾਲਾ।
ਪਾਪ ਪੁੰਨ ਦੁਇ ਸੰਗਮੇ ,ਖੁਧਿਆ ਜਮਕਾਲਾ ।
ਭੇਖੀ ਹਾਥ ਨ ਲਭਈ ਤੀਰਥ ਨਹੀ ਦਾਨੇ ।
ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ।
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ।
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ ।
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿਹਾਰੀ।
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ।
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ।
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ।
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ।

ਪਾਨੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੇ।
ਮੂੰਡੁ ਮੁਡਾਇ ਜਟਾ ਸਿਖਬਾਧੀ ਮੋਨਿ ਰਹੈ ਅਭਿਮਾਨਾ।
ਮਨੂਆ ਡੋਲੈ ਦਹਿ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ।
ਅੰਮ੍ਰਿਤ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ।
ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤ ਲਾਇਆ ਪਰ ਨਾਰੀ।
ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ।
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ।(ਗੁਰੂ ਨਾਨਕ 1012)

• • • •

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ।
ਬੇਦ ਪੜਹਿ ਹਰਿ ਨਾਮੁ ਨ ਬੂਝਹਿ ਮਾਇਆ ਕਾਰਣਿ ਪੜਿ ਪੜਿ ਲੂਝੈ ।
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ।
ਬੇਦ ਬਾਦ ਸਭਿ ਆਖਿ ਵਖਾਣਹਿ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ।
ਪੁੰਨ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖ ਅੰਮ੍ਰਿਤ ਪੀਜੈ ਹੇ ।(ਗੁਰੂ ਅਮਰਦਾਸ 1050)

• • • •

ਹੋਵਾ ਪੰਡਿਤੁ ਜੋਤਕੀ (ਜੋਤਸ਼ੀ) ਵੇਦ ਪੜਾ ਮੁਖਿ ਚਾਰਿ ।
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ।
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ।(ਗੁਰੂ ਅਮਰਦਾਸ 1090)

• • • •

(ਪੰਡਤ) ਮਨਮੁਖ ਵਾਪਾਰੈ ਸਾਰ ਨ ਜਾਣਨੀ।
ਬਿਖੁ ਵਿਹਾਝਹਿ ਬਿਖੁ ਸੰਗ੍ਰਹਿਰਿ ਬਿਖ ਸਿਉ ਧਰਹਿ ਪਿਆਰੁ।
ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਵਾਰੁ ।
ਹਰਿ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ ।।(ਗੁਰੂ ਅਮਰਦਾਸ 1091)

• • • •

ਸੋ ਬ੍ਰਾਹਮਣ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ।
ਹਰਿ ਸਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰ ।
ਆਇਆ ਓਹ ਪਰਵਾਣ ਹੈ ਜਿ ਕੁਲ ਕਾ ਕਰੇ ਉਧਾਰੁ ।
ਅਗੈ ਜਾਤਿ ਨ ਪੁਛੀਐ ਕਰਣੀ ਸਬਦਿ ਹੈ ਸਾਰੁ ।।(ਗੁਰੂ ਅਮਰਦਾਸ 1093-94)

• • • •

ਤਟ ਤੀਰਥ ਦੇਵ ਦੇਵਾਲਿਆ ਕੇਦਾਰ ਮਥੁਰਾ ਕਾਸੀ ।
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ (ਖਤਮ ਹੋਣਾ)
ਸਿਮ੍ਰਿਤ ਸਾਸਤ੍ਰ ਬੇਦ ਚਾਰਿ ਖਟ ਦਰਸ ਸਮਾਸੀ।
ਪੋਥੀ ਪੰਡਿਤ ਗੀਤ ਕਵਿਤ ਕਵਤੇ (ਕਵੀ) ਭੀ ਜਾਸੀ।
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ।
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ।
ਜੋ ਦੀਸੈ ਸੋ ਵਿਣਸਣਾ ਸਭ ਬਿਨਸ ਬਿਨਾਸੀ।
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ।।(ਗੁਰੂ ਅਰਜਨ 1100)

• • • •

ਪੰਡੀਆ ਕਵਨ ਕੁਮਤਿ ਤੁਮ ਲਾਗੇ
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ।
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ।
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ।
ਜੀਅ ਬਧਹੁ (ਮਾਰੋਂ) ਸੁਧਰਮ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।
ਮਨ ਕੇ ਅੰਧੇ ਆਪਿ ਨ ਬੂਝਹਿ ਕਾਹਿ ਬੁਝਾਵਹੁ ਭਾਈ ।
ਮਾਇਆ ਕਾਰਣ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ।
ਨਾਰਦ ਬਚਨ ਬਿਆਸ ਕਹਤ ਹੈ ਸੁਕ ਕਉ ਪੂਛਹੁ ਜਾਈ ।(ਸੰਤ ਗੁਰੂ ਕਬੀਰ 1103)

• • • •

ਰਾਜਾ ਰਾਮ (ਰਾਮ ਚੰਦਰ) ਜਪਤ ਕੋ ਕੋ ਨ ਤਰਿਓ ।
ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ।।(ਸੰਤ ਗੁਰੂ ਨਾਮਦੇਵ 1105)

• • • •

ਜਾਤਿ ਕਾ ਗਰਬੁ ਨ ਕਰੀਅਹੁ ਕੋਈ। ਬ੍ਰਹਮੁ ਬਿੰਦੇ ਸੋ ਬ੍ਰਾਹਮਣ ਹੋਈ ।
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ।ਇਸ ਤੇ ਚਲਹਿ ਬਹੁਤ ਵਿਕਾਰਾ ।
ਚਾਰੇ ਵਰਨ ਆਖੈ ਸਭੁ ਕੋਈ। ਬ੍ਰਹਮੁ ਬਿੰਦੇ (ਤੱਤ) ਤੇ ਸਭ ਓਪਤੀ ਹੋਈ ।
ਮਾਟੀ ਏਕ ਸਗਲ ਸੰਸਾਰਾ। ਬਹੁ ਬਿਧਿ ਭਾਂਡੇ ਘੜੈ ਕੁਮਾਰਾ ।
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ। ਘਟਿ ਵਧਿ ਕੋ ਕਰੈ ਬੀਚਾਰਾ ।(ਗੁਰੂ ਅਮਰਦਾਸ 1128)

• • • •

ਮਾਥੇ ਤਿਲਕੁ ਹਥਿ ਮਾਲਾ ਬਾਨਾ। ਲੋਗਨ ਰਾਮੁ ਖਿਲਉਨਾ ਜਾਨਾ।
ਹਮਰਾ ਝਗਰਾ ਰਹਾ ਨ ਕੋਊ। ਪੰਡਿਤ ਮੁਲਾ ਛਾਡੇ ਦੋਊ ।
ਪੰਡਿਤ ਮੁਲਾਂ ਜੋ ਲਿਖਿ ਦੀਆ। ਛਾਡਿ ਚਲੇ ਹਮ ਕਛੂ ਨ ਲੀਆ ।(ਸੰਤ ਗੁਰੂ ਕਬੀਰ 1158)

• • • •

ਹਸਤ ਖੇਲਤ ਤੇਰੇ (ਬ੍ਰਾਹਮਣ ਦੇ ਮੰਦਰ) ਦੇਹੁਰੇ ਆਇਆ।
ਭਗਤਿ ਕਰਤ ਨਾਮਾ ਪਕਰਿ ਉਠਾਇਆ ।
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ।
ਛੀਪੇ ਕੇ ਜਨਮਿ ਕਾਹੇ ਕਉ ਆਇਆ।(ਸੰਤ ਗੁਰੂ ਨਾਮਦੇਵ 1164)

• • • •

ਸਿਮ੍ਰਿਤ ਸਾਸਤ੍ਰ ਕਰਹਿ ਵਖਿਆਣ। ਨਾਦੀ ਬੇਦੀ ਪੜਹਿ ਪੁਰਾਣ ।
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ। ਤਿਨ ਕੈ ਰਮਈਆ ਨੇੜਿ ਨਾਹਿ ।।(ਗੁਰੂ ਨਾਨਕ 1169)

• • • •

ਕਬੀਰ ਕੋ ਸੁਆਮੀ ਸਭ ਸਮਾਨ। ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ।ਜੋਗੀ ਮਾਤੇ ਜੋਗ ਧਿਆਨ।
ਸੰਨਿਆਸੀ ਮਾਤੇ ਅਹੰਮੇਵ। ਤਪਸੀ ਮਾਤੇ ਤਪ ਕੈ ਭੇਵ।
ਸਭ ਮਦ ਮਾਤੇ ਕੋਊ ਨ ਜਾਗ। ਸੰਗ ਹੀ ਚੋਰ (ਬੁਰੀਆਂ ਇਛਾਵਾਂ) ਘਰੁ ਮੁਸਨ ਲਾਗ ।(1193)

• • • •

ਕਹੁ ਪੰਡਿਤ ਸੂਚਾ ਕਵਨ ਠਾਉ।
ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ।
ਆਵਹਿ ਜੂਠੇ ਜਾਹਿ ਭਿ ਜੂਠੇ ਜੂਠੇ ਮਰਹਿ ਅਭਾਗੇ।
ਕਹੁ ਪੰਡਿਤ ਸੂਚਾ ਕਵਨ ਠਾਉ ਜਹਾਂ ਬੈਸਿ ਹਉ ਭੋਜਨ ਖਾਉ।

ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ।
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ।
ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ।
ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ।
ਗੋਬਰ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ।
ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ।
ਕਹੁ ਪੰਡਿਤ ਸੂਚਾ ਕਵਨ ਠਾਉ ਜਹਾਂ ਬੈਸਿ ਹਉ ਭੋਜਨ ਖਾਉ । (ਸੰਤ ਗੁਰੂ ਕਬੀਰ 1195)

• • • •

ਘਰਿ ਨਾਰਾਇਣੁ ਸਭਾ ਨਾਲਿ ।(ਘਰੇ ਪੱਥਰ ਦਾ ਨਰਾਇਣ ਰੱਖਿਆ ਹੈ) ਪੂਜ ਕਰੇ ਰਖੈ ਨਾਵਾਲਿ ।।
ਕੁੰਗੂ ਚੰਨਣੁ ਫੁਲ ਚੜ੍ਹਾਏ। ਪੈਰੀ ਪੈ ਪੈ ਬਹੁਤ ਮਨਾਏ ।
ਮਾਣੂਆ ਮੰਗਿ ਮੰਗਿ ਪੈਨੈ ਖਾਇ। ਅੰਧੀ ਕੰਮੀ ਅੰਧ ਸਜਾਇ ।
ਭੁਖਿਆ ਦੇ ਨ ਮੁਰਦਿਆ ਰਖੈ। ਅੰਧਾ ਝਗੜਾ ਅੰਧੀ ਸਥੈ ।(ਗੁਰੂ ਨਾਨਕ 1241)

• • • •

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ। ਪੂਕਾ ਰੰਤਾ ਅਜਾਣੰਤਾ।
ਜਾ ਬੂਝੈ ਤਾ ਸੂਝੈ ਸੋਈ। ਨਾਨਕ ਆਖੈ ਕੂਕ ਨ ਹੋਈ ।।(ਗੁਰੂ ਨਾਨਕ 1242)

• • • •

ਪੜਿ ਪੜਿ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ।
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ।
ਮੂਰਖ ਅੰਧੇ ਤ੍ਰੈਗੁਣ ਸੇਵਹਿ ਮਾਇਆ ਕੈ ਬਿਉਹਾਰੀ ।
ਅੰਦਰਿ ਕਪਟੁ ਉਦਰ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ।(ਗੁਰੂ ਅਮਰਦਾਸ 1246)

• • • •

(ਬ੍ਰਾਹਮਣ ਨੂੰ) ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ।
ਅਨ ਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ।
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ।
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ।
ਬਾਟ ਪਾਰਿ ਘਰਿ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ।
ਜਿਹਿ ਪ੍ਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।
ਹਿਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ।
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।(ਸੰਤ ਗੁਰੂ ਨਾਮਦੇਵ 1253)

• • • •

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ। ਅਵਰੁ ਕਿ ਬਹੁਤ ਪੜਹਿ ਉਠਾਵਹਿ ਭਾਰੁ ।
ਸੋ ਪੰਡਿਤ ਜੋ ਤਿਹਾਂ ਗੁਣਾਂ ਕੀ ਪੰਡ ਉਤਾਰੈ । ਅਨਦਿਨੁ ਏਕੋ ਨਾਮੁ ਵਖਾਣੈ ।(ਗੁਰੂ ਅਮਰਦਾਸ 1261)

• • • •

ਤ੍ਰੈਗੁਣ ਬਾਣੀ ਬੇਦੁ ਬੀਚਾਰੁ। ਬਿਖਿਆ ਮੈਲੁ ਬਿਖਿਆ ਵਾਪਾਰੁ
ਮਰਿ ਜਨਮਹਿ ਫਿਰਿ ਹੋਹਿ ਖੁਆਰ ।(1262)

• • • •

ਨੋਟ :-(ਬਾਣੀ ਵਿਚ ਸੈਂਕੜੇ ਵਾਰ ਤ੍ਰੈਗੁਣ ਰੋਗੀ ਸ਼ਬਦ ਆਇਆ ਹੈ, ਜਿਸ ਦਾ ਅਰਥ ਹੈ ਕਿ ਬ੍ਰਹਮਾਂ ਨੇ ਬ੍ਰਾਹਮਣ ਕਸ਼ੱਤਰੀ ਅਤੇ ਵੈਸ਼ ਅਨੁਸਾਰ ਸ੍ਰਿਸ਼ਟੀ ਦੀ ਰਚਨਾ ਕੀਤੀ । ਭਾਵ ਬ੍ਰਹਮਾਂ ਸ੍ਰਿਸ਼ਟੀ ਸਿਰਜਦਾ ਹੈ । ਵਿਸ਼ਨੂੰ ਉਸ ਨੂੰ ਪਾਲਦਾ ਹੈ ਅਤੇ ਸ਼ਿਵ ਜੀ ਮਹੇਸ ਉਸ ਦਾ ਕਾਲ ਹੈ । ਬ੍ਰਾਹਮਣੀ ਧਰਮ ਅਨੁਸਾਰ ਇਹ ਤਿੰਨ ਗੁਣ

ਹਨ ।ਬਾਣੀ ਅਨੁਸਾਰ ਇਹ ਪਾਰਬ੍ਰਹਮ ਦੀ ਰਚਨਾ ਦੇ ਵਿਰੋਧੀ ਧਾਰਨਾ ਹੈ ਜੋ ਸੱਚ ਨਹੀਂ ਹੈ ।)

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ। ਬ੍ਰਹਮੇ ਦਿਤੇ ਬੇਦ ਪੂਜਾ ਲਾਇਆ।
ਦਸ ਅਵਤਾਰੀ ਰਾਮੁ ਰਾਜਾ ਆਇਆ। ਦੈਤਾਂ ਮਾਰੇ ਧਾਇ ਹੁਕਮਿ ਸਬਾਇਆ।
ਈਸ ਮਹੇਸਰੁ ਸੇਵ ਤਿਨੀ ਅੰਤੁ ਨ ਪਾਇਆ ।(ਗੁਰੂ ਅੰਗਦ 1279)

• • • •

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ।
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ।
ਇਲਤ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ।(ਗੁਰੂ ਅੰਗਦ 1288)

• • • •

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ।
ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ।
ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾ।
ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ਹ ਕਾ ਦਾਨੁ ਨ ਲੈਣਾ।
ਦੇਂਦਾ ਨਰਕਿ ਸੁਰਗਿ ਲੈਂਦੇ ਦੇਖਹੁ ਇਹੁ ਧਿਙਾਣਾ।
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ।
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ।(ਗੁਰੂ ਨਾਨਕ 1290)

• • • •

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ।
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ।
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ।
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤ ਹੈਂ ਅਤਿਭੁਜ ਭਇਓ ਅਪਾਰਲਾ ।
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।(ਸੰਤ ਗੁਰੂ ਨਾਮਦੇਵ 1292)

• • • •

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ।
ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ।(1373)

• • • •

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।(1377)

• • • •

1. ਸੋ ਬ੍ਰਹਮਣੁ ਜੋ ਬਿੰਦੇ ਬ੍ਰਹਮੁ। ਜਪੁ ਤਪੁ ਸੰਜਮੁ ਕਮਾਵੈ ਕਰਮੁ ।
ਸੀਲ ਸੰਤੋਖ ਕਾ ਰਖੈ ਧਰਮੁ ।ਬੰਧਨ ਤੋੜੈ ਹੋਵੈ ਮੁਕਤੁ
ਸੋਈ ਬ੍ਰਾਹਮਣੁ ਪੂਜਣ ਜੁਗਤੁ ।
2. ਖਤ੍ਰੀ ਸੋ ਜੁ ਕਰਮਾ ਕਾ ਸੂਰੁ। ਪੁੰਨ ਦਾਨ ਕਾ ਕਰੈ ਸਰੀਰੁ ।
ਖੇਤੁ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਹ ਪਰਵਾਣੁ ।
ਲਬੁ ਲੋਭੁ ਜੇ ਕੂੜੁ ਕਮਾਵੈ। ਅਪਣਾ ਕੀਤਾ ਆਪੇ ਪਾਵੈ ।(ਗੁਰੂ ਨਾਨਕ 1411)

• • • •

ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।

ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ ।
ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ।
ਮਨ ਮਹਿ ਝੂਰੈ ਰਾਮ ਚੰਦੁ ਸੀਤਾ ਲਛਮਣ ਜੋਗੁ।
ਹਣਵੰਤਰੁ ਅਰਾਧਿਆ ਆਇਆ ਕਰਿ ਸੰਜੋਗੁ ॥(ਗੁਰੂ ਨਾਨਕ 1412)

ਵਾਰ ਭਾਈ ਗੁਰਦਾਸ

ਬ੍ਰਾਹਮਣ ਗਾਈ ਬੰਸ ਘਾਤ ਅਪਰਾਧ ਕਰਾਰੇ ।
ਮਦੁ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ ।
ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ ।
ਵਿਸਵਾਸ ਧ੍ਰੋਹੀ ਅਕ੍ਰਿਤ ਘਣ ਪਾਪੀ ਹਤਿਆਰੇ ।
ਲੱਖ ਕਰੋੜੀ ਜੋੜੀਅਨ ਅਣਗਿਣਤ ਅਪਾਰੇ ।

• • • •

ਦਾਦਾ ਸਾਹਿਬ ਮਹਾਤਮਾ ਜੋਤੀਬਾ ਫੂਲੇ

ਦਾਦਾ ਸਾਹਿਬ ਮਹਾਤਮਾ ਜੋਤੀਬਾ ਫੂਲੇ ਦਾ ਪੜਦਾਦਾ "ਕਟਗੁਨ" ਪਿੰਡ ਦਾ ਚੌਂਕੀਦਾਰ ਸੀ। ਪਿੰਡ ਦੇ ਬ੍ਰਾਹਮਣ ਕੁਲਕਰਨੀ ਨੇ, ਗੋਰੇ ਪਰਿਵਾਰ ਨੂੰ ਏਨੀ ਬੁਰੀ ਤਰ੍ਹਾਂ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਸਨੂੰ ਆਪਣਾ ਪਿੰਡ ਛੱਡ ਕੇ ਪੂਨਾ ਜਿਲ੍ਹੇ ਦੇ ਖਾਨਵਾਦੀ ਵਿਚ ਆ ਕੇ ਵਸਣਾ ਪਿਆ। ਇਥੇ ਉਸਦੇ ਘਰ ਸੇਤੀਬਾ ਨਾਂ ਦਾ ਲੜਕਾ ਪੈਦਾ ਹੋਇਆ। ਅਚਾਨਕ ਗਰੀਬੀ ਦੇ ਪਹਾੜ ਟੁਟ ਪੈਣ 'ਤੇ ਗੋਰੇ ਪ੍ਰਵਾਰ ਨੂੰ ਫਿਰ ਪੂਨਾ ਸ਼ਹਿਰ ਵਿਚ ਰੋਜ਼ੀ ਰੋਟੀ ਲਈ ਜਾਣਾ ਪਿਆ।

ਸੇਤੀਬਾ ਦੇ ਤਿੰਨ ਲੜਕੇ ਪੈਦਾ ਹੋਏ। ਗਨੋਜੀ, ਕਰਿਸ਼ਨਾ ਅਤੇ ਗੋਬਿੰਦ। ਅੰਤ ਦੇ ਮੰਦੇ ਹਾਲਾਤ ਵਿਚ ਇਨ੍ਹਾਂ ਨੂੰ ਰੁਲਕੇ ਰੋਟੀ ਕਮਾਉਣੀ ਪਈ। ਉਨ੍ਹਾਂ ਨੇ ਰੋਟੀ-ਰੋਜ਼ੀ ਲਈ ਬੱਕਰੀਆਂ ਵੀ ਚਰਾਈਆਂ। ਜ਼ਿੰਦਗੀ ਵਿਚ ਕੁਝ ਤਬਦੀਲੀ ਆਈ। ਉਨ੍ਹਾਂ ਨੇ ਪੇਸ਼ਵਾ ਲਈ ਫੁੱਲਾਂ ਵਾਲੇ ਗੱਦੇ, ਸਰ੍ਹਾਣੇ ਅਤੇ ਹਾਰ ਬਨਾਉਣੇ ਸ਼ੁਰੂ ਕਰ ਦਿੱਤੇ, ਜਿਸ ਤੋਂ ਖੁਸ਼ ਹੋ ਕੇ ਉਸ ਨੇ ਉਨ੍ਹਾਂ ਨੂੰ 35 ਏਕੜ ਜ਼ਮੀਨ ਦੇ ਦਿੱਤੀ। ਫੁੱਲਾਂ ਵਾਲਾ ਕੰਮ ਕਰਦੇ-ਕਰਦੇ ਗੋਰੇ ਪਰਵਾਰ ਦਾ ਨਾਂ ਫੂਲੇ ਪਰਵਾਰ ਪੈ ਗਿਆ। ਹੁਣ ਉਹ ਫੁੱਲ, ਫਲ, ਦਰਖਤ, ਸਬਜ਼ੀਆਂ ਉਗਾਉਂਦੇ ਅਤੇ ਫੁੱਲਾਂ ਦਾ ਕੰਮ ਕਰਦੇ। ਕੁਝ ਸਮੇਂ ਬਾਅਦ ਸੇਤੀਬਾ ਦੀ ਮੌਤ ਹੋ ਗਈ। ਗਨੋਜੀ, ਜੋ ਸਭ ਤੋਂ ਵੱਡਾ ਤੇ ਚਲਾਕ ਕਿਸਮ ਦਾ ਬੰਦਾ ਸੀ, ਨੇ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲਈ। ਇਸ ਸਮੇਂ ਤਿੰਨੇ ਭਰਾ ਆਪਣੇ ਦਾਦੇ ਰਿਸ਼ਤੇ 'ਚੋਂ ਜਗਾੜੇ ਕੋਲ ਰਹਿਣ ਲੱਗ ਪਏ ਸਨ। ਗਨੋਜੀ ਦੀ ਅੱਖ ਜਗਾੜੇ ਦੀ ਜ਼ਮੀਨ 'ਤੇ ਵੀ ਟਿਕ ਗਈ ਤੇ ਉਸ ਨੇ ਅਜਿਹਾ ਜਾਲ ਤਾਣਿਆ ਕਿ ਕ੍ਰਿਸ਼ਨਾ ਅਤੇ ਗੋਬਿੰਦ ਨੂੰ ਅੰਤ ਘਰੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਆਪਣੀ ਰੋਜ਼ੀ ਕਮਾਉਣੀ ਪਈ।

ਇਸ ਸਮੇਂ ਪੇਸ਼ਵਾ ਬਾਜੀ ਰਾਓ ਦੂਸਰਾ ਗੱਦੀ ਤੋਂ ਲਹਿ ਗਿਆ ਤੇ ਉਸ ਦੇ ਆਸਰੇ ਕੰਮ ਕਰ ਰਹੇ ਅਨੇਕ ਪਰਵਾਰ ਵੀ ਉਜੜ ਗਏ, ਜਿਨ੍ਹਾਂ ਵਿਚੋਂ ਫੂਲੇ ਪਰਵਾਰ ਵੀ ਇਕ ਸੀ। ਗੋਬਿੰਦ ਨੇ ਬਹੁਤ ਮਿਹਨਤ ਕੀਤੀ ਅਤੇ ਉਹ ਆਪਣੀਆਂ ਉਗਾਈਆਂ ਹੋਈਆਂ ਵਸਤੂਆਂ ਪੂਨੇ ਵਿਚ ਵੇਚਣ ਲੱਗ ਪਿਆ ਤੇ ਉਸ ਦੀ ਹਾਲਤ ਕੁਝ ਸੁਧਰ ਗਈ। ਫਿਰ ਉਸ ਦੀ ਸ਼ਾਦੀ ਇਕ ਮਾਲੀ ਕੁੜੀ ਚਿਮਨਾ ਬਾਈ ਨਾਲ ਹੋ ਗਈ, ਜੋ ਪੂਨਾ ਦੇ ਨੇੜੇ ਦੇ ਪਿੰਡ ਕਵਾੜੀ ਵਿਚ ਰਹਿਣ ਵਾਲੇ ਜਗਾੜੇ ਦੀ ਪੁੱਤਰੀ ਸੀ। ਚਿਮਨਾ ਬਾਈ ਨੇ ਦੋ ਬੇਟਿਆਂ ਨੂੰ ਜਨਮ ਦਿੱਤਾ। ਵੱਡੇ ਦਾ ਨਾਂ ਰਾਜਾ ਰਾਮ ਸੀ ਤੇ ਛੋਟੇ ਦਾ ਨਾਂ ਜੋਤੀ ਸੀ। ਜੋਤੀ ਦਾ ਜਨਮ 1827 ਈ. ਵਿਚ ਹੋਇਆ।

ਜੋਤੀ ਦੇ ਪਿਤਾ ਗੋਬਿੰਦ ਰਾਓ ਨੇ ਮਰਾਠਾ ਰਾਜ ਦੀਆਂ ਢਹਿੰਦੀਆਂ ਕਲਾਂ ਵੇਖੀਆਂ। ਬ੍ਰਾਹਮਣ ਰਾਜ ਦਾ ਪੇਸ਼ਵਾ ਬਾਜੀ ਰਾਓ ਇੰਨਾ ਜ਼ਿਆਦਾ ਘਟੀਆ ਤੇ ਗਿਰਿਆ ਹੋਇਆ ਸੀ ਕਿ ਉਸ ਨੇ ਰਾਜ ਦੇ ਹਾਲ ਅਸਲੋਂ ਮੰਦੇ ਕਰ ਦਿੱਤੇ। ਅੰਤ ਉਨ੍ਹਾਂ, ਭਾਵ ਬਾਜੀ ਰਾਓ ਦੂਜਾ (ਬ੍ਰਾਹਮਣ) ਅਤੇ ਦੌਲਤ ਰਾਓ ਸ਼ਿੰਦੇ ਨੇ ਆਪਣਾ ਰਾਜ, ਕੌਮ ਧਰੋਹੀ ਬਣਕੇ, ਮਰਾਠਾ ਰਾਜ ਦੀ ਅਜ਼ਾਦੀ ਵੇਚ ਦਿੱਤੀ। ਪੁੰਡ ਬ੍ਰਾਹਮਣਾਂ ਨੇ ਬਾਜੀ ਰਾਓ ਦੂਜੇ ਨੂੰ ਕ੍ਰਿਸ਼ਨ ਦੇ ਅਵਤਾਰ ਦੀ ਉਪਾਧੀ ਦਿੱਤੀ ਕਿਉਂਕਿ ਪੇਸ਼ਵਾ ਰਾਜ ਵਿਚ ਬ੍ਰਾਹਮਣਾਂ ਨੂੰ ਹਰ ਅਧਿਕਾਰ ਪ੍ਰਾਪਤ ਸੀ ਤੇ ਉਨ੍ਹਾਂ ਨੂੰ ਹਰ ਸਜ਼ਾ ਤੋਂ ਮੁਕਤ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਅਸੀਂ ਵੇਖਦੇ ਹਾਂ ਕਿ ਜੇ ਪੇਸ਼ਵਾ ਨੂੰ ਕਿਸਾਨ (ਜੋ ਛੋਟੀ ਜਾਤ ਦੇ ਹੀ ਸਨ) ਕਦੀ ਮਾਮਲਾ ਸੋਕੇ ਜਾਂ ਕਾਲ ਕਾਰਨ ਅਦਾ ਨਾ ਕਰ ਸਕਦੇ ਤਾਂ ਉਨ੍ਹਾਂ ਦੇ ਬੱਚਿਆਂ ਉਪਰ ਉਬਲਦਾ ਹੋਇਆ ਤੇਲ ਪਾ ਦਿੱਤਾ ਜਾਂਦਾ, ਉਨ੍ਹਾਂ ਨੂੰ ਭੁੰਨ ਦਿੱਤਾ ਜਾਂਦਾ। ਉਨ੍ਹਾਂ ਦੀਆਂ ਪਿੱਠਾਂ 'ਤੇ ਭਾਰੇ ਪੱਥਰ ਟਿਕਾ ਦਿੱਤੇ ਜਾਂਦੇ। ਉਨ੍ਹਾਂ ਦੇ ਕੰਨਾਂ ਅਤੇ ਨੱਕਾਂ ਵਿਚ ਬਰੂਦ ਭਰ ਕੇ ਜਲਾ ਦਿੱਤਾ ਜਾਂਦਾ। ਸ਼ਾਹੂਕਾਰ ਕਿਸਾਨਾਂ ਦੀਆਂ ਲੜਕੀਆਂ ਤੇ ਪੁੱਤਰਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਰਖਦੇ। ਕਿਸੇ ਰਕਮ ਦੇ ਵਿਆਜ ਵਜੋਂ ਉਹ ਉਨ੍ਹਾਂ ਗਰੀਬਾਂ ਦਾ ਸਮਾਨ ਖੋਹ ਲੈਂਦੇ। ਉਨ੍ਹਾਂ ਦੇ ਪਸ਼ੂ ਖੋਹਲ ਲੈਂਦੇ। ਉਨ੍ਹਾਂ ਦੀਆਂ ਬੱਚੀਆਂ ਅਤੇ ਔਰਤਾਂ ਨੂੰ ਤੰਗ ਕੀਤਾ

ਜਾਂਦਾ ਅਤੇ ਅਖੀਰ ਉਨ੍ਹਾਂ ਦੇ ਖੇਤ ਵੀ ਖੋਹ ਲਏ ਜਾਂਦੇ ਤੇ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ। ਉਨ੍ਹਾਂ ਨੂੰ ਬੇਆਸਰੇ ਕਰਕੇ ਜੂਨ ਕੱਟਣ ਲਈ ਰਹਿਣ ਦਿੱਤਾ ਜਾਂਦਾ। ਬਾਜੀ ਰਾਓ ਦੇ ਦੌਰੇ ਸਮੇਂ ਬਹੁਤ ਸਾਰੀਆਂ ਔਰਤਾਂ ਆਤਮ ਹੱਤਿਆ ਕਰ ਲੈਂਦੀਆਂ। ਇਹੀ ਕਾਰਨ ਹੈ ਕਿ ਜਦੋਂ ਪੇਸ਼ਵਾ ਰਾਜ 1818 ਵਿਚ ਖਤਮ ਹੋਇਆ ਤਾਂ ਕਿਸੇ ਨੇ ਵੀ ਅੱਖ ਵਿਚੋਂ ਹੰਝੂ ਨਹੀਂ ਕੇਰਿਆ। ਸਗੋਂ ਬਾਜੀ ਰਾਓ ਦੂਜੇ ਦੇ ਇਸ ਖਾਤਮੇ 'ਤੇ ਉਹ ਦੁਖੀ ਲੋਕ ਖੁਸ਼ ਸਨ।

ਆਧੁਨਿਕ ਯੁੱਗ ਦੀ ਧਾਰਨਾ ਅਨੁਸਾਰ ਭਾਰਤ ਵਿਚ ਵਿਦਿਆ ਜੋਤੀ ਰਾਓ ਫੂਲੇ ਦੇ ਜਨਮ ਤੋਂ ਪਹਿਲਾਂ ਹੋਂਦ ਵਿਚ ਨਹੀਂ ਸੀ। ਸਾਡਾ ਭਾਵ ਹੈ ਕਿ 1827 ਈ. ਵਿਚ ਜਦੋਂ ਜੋਤੀ ਰਾਓ ਫੂਲੇ ਨੇ ਜਨਮ ਲਿਆ ਤੇ 1848 ਤੱਕ, ਜਦੋਂ ਉਨ੍ਹਾਂ ਨੇ ਆਪਣੀ ਵਿਦਿਆ ਪੂਰੀ ਕਰਕੇ, ਦਲਿਤ ਉਧਾਰ ਲਈ ਸੰਘਰਸ਼ ਆਰੰਭਿਆ ਤਾਂ ਉਸ ਸਮੇਂ ਤੱਕ ਭਾਰਤ ਅੰਦਰ ਦਲਿਤਾਂ ਲਈ ਵਿੱਦਿਆ, ਪਹਿਲੀਆਂ ਪਾਬੰਦੀਆਂ ਵਰਗੀ ਨਹੀਂ ਸੀ। ਭਾਵ ਕਿਧਰੇ-ਕਿਧਰੇ ਇਹ ਕੜੀਆਂ ਟੁੱਟਣ ਲੱਗੀਆਂ ਸਨ। ਅਛੂਤ ਵਿੱਦਿਆ ਪੜ੍ਹਨ ਲਈ ਅਦਾਲਤਾਂ ਦੇ ਦਰਵਾਜ਼ੇ ਖੜਕਾਉਣ ਲੱਗ ਪਏ ਸਨ। ਇਸ ਤੋਂ ਪਹਿਲਾਂ 1813 ਦੇ ਚਾਰਟਰ ਐਕਟ ਅਧੀਨ ਭਾਰਤ ਅੰਦਰ ਸਿੱਖਿਆ ਨੂੰ ਆਮ ਬਣਾਉਣ ਦਾ ਨਿਯਮ ਬਣਾਇਆ ਗਿਆ।

ਇਸ ਤਰ੍ਹਾਂ ਬ੍ਰਾਹਮਣਵਾਦ ਦੀ ਜਕੜ ਢਿੱਲੀ ਪੈਣ ਕਾਰਨ ਦਲਿਤਾਂ ਦਾ ਹੌਸਲਾ ਵੱਧ ਗਿਆ। ਇਹ ਉਹ ਸਮਾਂ ਸੀ ਜਦੋਂ ਗੋਬਿੰਦ ਰਾਓ ਨੇ 'ਜੋਤੀ' ਨੂੰ ਸਕੂਲ ਭੇਜਣ ਦਾ ਹੀਆ ਕੀਤਾ ਤੇ 7 ਸਾਲ ਦੀ ਉਮਰ ਸਮੇਂ ਜੋਤੀ ਨੇ ਇਕ ਮਰਾਠੀ ਸਕੂਲ ਵਿਚ ਵਿੱਦਿਆ ਲੈਣੀ ਸ਼ੁਰੂ ਕੀਤੀ। ਜਦੋਂ 'ਜੋਤੀ' ਪੂਰੀ ਸਿਆਣਪ ਤੇ ਹੁਸ਼ਿਆਰੀ ਨਾਲ ਵਿੱਦਿਆ ਗ੍ਰਹਿਣ ਕਰ ਰਿਹਾ ਸੀ ਤਾਂ ਕਿਸੇ ਨੇ, ਉਸ ਦੇ ਪਿਤਾ ਦੇ ਕੰਨਾਂ 'ਚ ਵਿੱਦਿਆ ਪ੍ਰਾਪਤੀ ਦੇ ਖਿਲਾਫ ਕੋਈ ਉਲਟ ਵਿਚਾਰ ਭਰ ਦਿੱਤਾ। ਉਹ ਇਕ ਬ੍ਰਾਹਮਣ ਕਲਰਕ ਸੀ ਜਿਸ ਨੇ ਗੋਬਿੰਦ ਰਾਓ ਨੂੰ ਜੋਤੀ ਨੂੰ ਸਕੂਲੋਂ ਹਟਾਉਣ ਲਈ ਫੁਸਲਾਇਆ ਤੇ ਕਿਹਾ ਕਿ ਜੋਤੀ ਨੂੰ ਪੜ੍ਹਾ ਕੇ ਉਸ ਨੂੰ ਕੀ ਮਿਲੇਗਾ? ਉਹ ਖੇਤਾਂ ਦਾ ਕੰਮ ਵੀ ਨਹੀਂ ਕਰ ਸਕੇਗਾ। ਇਹ ਵਿੱਦਿਆ ਬੰਦੇ ਨੂੰ ਅਧਰਮੀ ਬਣਾ ਦਿੰਦੀ ਹੈ ਤੇ ਧਰਮ ਦੇ ਵਿਰੁੱਧ ਕਰ ਦਿੰਦੀ ਹੈ।

ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ ਅਤੇ ਲਗਨ ਵਾਲੇ ਵਿਦਿਆਰਥੀ ਜੋਤੀ ਨੂੰ ਗੋਬਿੰਦ ਰਾਓ ਨੇ ਸਕੂਲੋਂ ਹਟਾ ਲਿਆ। ਇਹ ਗੋਬਿੰਦ ਰਾਓ ਦੀ ਮਾਨਸਿਕ ਗੁਲਾਮੀ ਸੀ, ਜੋ ਬ੍ਰਾਹਮਣਾਂ ਨੇ ਉਸ ਵਰਗੇ ਕਰੋੜਾਂ ਦਲਿਤਾਂ ਦੇ ਦਿਮਾਗਾਂ ਵਿਚ ਕੁੱਟ-ਕੁੱਟ ਕੇ ਭਰੀ ਹੋਈ ਸੀ ਤੇ ਉਹ ਸਮਝਣ ਲੱਗ ਪਏ ਸਨ ਕਿ ਬ੍ਰਾਹਮਣ ਦਾ ਕਹਿਣਾ ਰੱਬੀ ਫੁਰਮਾਨ ਵਰਗੀ ਗੱਲ ਹੈ। ਬ੍ਰਾਹਮਣ ਦੀ ਹਰ ਕਹੀ ਗੱਲ ਦਲਿਤਾਂ ਲਈ ਧਰਮ ਬਣ ਚੁੱਕਾ ਸੀ। ਗੋਬਿੰਦ ਰਾਓ ਨੇ ਇਹ ਧਰਮ ਪਾਲਿਆ ਤੇ ਜੋਤੀ ਦਾ ਪੜ੍ਹਨਾ ਬੰਦ ਕਰ ਦਿੱਤਾ। ਦੋ ਬੇਕਸੂਰ ਵਿਅਕਤੀ ਬ੍ਰਾਹਮਣ ਦੀ ਕੁਟਲ ਨੀਤੀ ਦੇ ਕਾਬੂ ਆ ਗਏ। ਉਧਰ 13 ਸਾਲ ਦੀ ਉਮਰ ਵਿਚ, ਗੋਬਿੰਦ ਰਾਓ ਨੇ ਜੋਤੀ ਦੀ ਸ਼ਾਦੀ ਦਾ ਪ੍ਰਬੰਧ ਕਰ ਦਿੱਤਾ। ਪੂਨਾ ਦੇ ਨੇੜੇ ਕਾਵਾਡੀ ਪਿੰਡ ਦੇ ਰਹਿਣ ਵਾਲੇ ਜਗਾੜੇ ਪਾਟਿਲ ਦੀ ਅੱਠ ਸਾਲ ਦੀ ਲੜਕੀ ਸਵਿਤਰੀ ਬਾਈ ਨਾਲ ਉਸ ਦਾ ਵਿਆਹ ਹੋ ਗਿਆ। ਭਾਵੇਂ ਜੋਤੀ ਸਕੂਲੋਂ ਹਟ ਗਿਆ ਸੀ, ਪ੍ਰੰਤੂ ਉਸ ਨੂੰ ਕਿਤਾਬਾਂ ਨਾਲ ਪਿਆਰ ਹੋ ਗਿਆ ਸੀ। ਉਹ ਅਬਰਾਹਮ ਲਿੰਕਨ ਵਾਂਗ, ਖੇਤਾਂ ਵਿਚ ਕੰਮ ਕਰਨ ਤੋਂ ਬਾਅਦ ਰਾਤ ਬਰਾਤੇ ਇਕ ਦੀਵੇ ਦੀ ਰੋਸ਼ਨੀ ਵਿਚ ਪੜ੍ਹਦਾ ਰਹਿੰਦਾ। ਉਸ ਨੇ ਲਗਨ ਨਾਲ ਪੜ੍ਹਨਾ ਜਾਰੀ ਰੱਖਿਆ। ਉਨ੍ਹਾਂ ਦੇ ਗੁਆਂਢ ਵਿਚ ਅਧਿਆਪਕ ਰਹਿੰਦੇ ਸਨ। ਇਕ ਗੱਫਾਰ ਬੇਗ ਮੁਣਸ਼ੀ ਤੇ ਦੂਜਾ ਲੈਗਟ। ਦੋਹਾਂ ਨੇ ਇਨਸਾਨੀਅਤ ਦੇ ਨਾਤੇ, ਬ੍ਰਾਹਮਣ ਕਲਰਕ ਦੇ ਐਨ ਉਲਟ, ਗੋਬਿੰਦ ਰਾਓ ਨੂੰ ਮਸ਼ਵਰਾ ਦਿੱਤਾ ਕਿ ਉਹ ਜੋਤੀ ਨੂੰ ਪੜ੍ਹਨ ਭੇਜੇ ਅਤੇ ਉਸ ਦਾ ਭਵਿੱਖ ਉਜਲਾ ਬਣਾਵੇ। ਉਨ੍ਹਾਂ ਦੋ ਵਡਿਆਈਯੋਗ ਪੁਰਸ਼ਾਂ ਨੇ ਗੋਬਿੰਦ ਰਾਓ ਨੂੰ ਪ੍ਰਭਾਵਤ ਕੀਤਾ ਤੇ 1841 ਵਿਚ ਉਸ ਨੇ ਜੋਤੀ ਨੂੰ ਮੁੜ ਸਕੂਲ ਭੇਜ ਦਿੱਤਾ।

ਸਕਾਟਿਸ਼ ਮਿਸ਼ਨ ਸਕੂਲ ਵਿਚ ਜੋਤੀ ਨੇ ਜੋ ਗਿਆਨ ਪ੍ਰਾਪਤ ਕੀਤਾ, ਉਸ ਨਾਲ ਉਸ ਨੂੰ ਮਨੁੱਖ ਦੇ ਫਰਜ਼ਾਂ ਅਤੇ ਅਧਿਕਾਰਾਂ ਬਾਰੇ ਚਾਨਣ ਹੋਇਆ ਅਤੇ ਇਹ ਚਾਨਣ ਹੀ ਜੋਤੀ ਦਾ ਅਮਰ ਦਰਸ਼ਨ ਬਣ ਗਿਆ। ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਗਿਆਨ, ਇਸ ਰੌਸ਼ਨੀ, ਇਸ ਅਮਰ ਦਰਸ਼ਨ ਨੂੰ ਰੋਕਣ ਅਤੇ ਦਲਿਤਾਂ ਨੂੰ ਸਦੀਵੀ ਗੁਲਾਮ ਬਣਾਈ ਰੱਖਣ ਲਈ ਹੀ ਬ੍ਰਾਹਮਣਵਾਦੀ ਲੋਕਾਂ ਨੇ ਸਮਾਜ ਅੰਦਰ ਵਿੱਦਿਅਕ ਪਾਬੰਦੀਆਂ ਠੋਸੀਆਂ ਤੇ ਉਹ ਵੀ ਧਰਮ ਅਤੇ ਰੱਬ ਦੇ ਨਾਂ 'ਤੇ। ਦਲਿਤ ਜੋਤੀ ਅਤੇ ਬ੍ਰਾਹਮਣ ਗਵਾਡੇ ਨੇ ਸ਼ਿਵਾਜੀ ਅਤੇ ਜਾਰਜ ਵਾਸ਼ਿੰਗਟਨ ਦੀਆਂ ਜੀਵਨੀਆਂ ਪੜ੍ਹੀਆਂ। ਥਾਮਸਪੇਨ ਦੀ 'ਆਦਮੀ ਦੇ ਅਧਿਕਾਰ' ਪੁਸਤਕ ਪੜ੍ਹੀ। ਲਾਹੂ ਜੀ ਬੁਵਮਾਂਗ ਕੋਲੋਂ ਜਿਮਨਾਸਟਕੀ ਖੇਡਾਂ ਸਿੱਖਿਆ ਤੇ ਮੁਹਾਰਤ ਹਾਸਲ ਕੀਤੀ।

1847 ਈ. ਵਿਚ ਜੋਤੀ ਨੇ ਅੰਗਰੇਜ਼ੀ ਸਕੂਲ ਦੀ ਵਿੱਦਿਆ ਪੂਰੀ ਕਰ ਲਈ। ਇਸ ਸਮੇਂ ਦੌਰਾਨ ਉਸ ਦਾ ਮਨੁੱਖੀ ਬਰਾਬਰੀ ਅਤੇ ਅਮਰੀਕਨ ਆਜ਼ਾਦੀ ਦੇ ਸੰਘਰਸ਼ ਨੇ ਧਿਆਨ ਕੇਂਦਰਤ ਕਰ ਦਿੱਤਾ। ਉਹ ਮਨੁੱਖੀ ਅਧਿਕਾਰਾਂ ਬਾਰੇ ਸੋਚਣ ਲੱਗ ਪਿਆ ਸੀ। ਏਧਰ ਜਦੋਂ ਜੋਤੀ ਦੇ ਦਿਮਾਗ ਵਿਚ ਮਨੁੱਖੀ ਬਰਾਬਰੀ ਦੀ ਉਥਲ-ਪੁਥਲ ਮੱਚੀ ਹੋਈ ਸੀ, ਉਸ ਸਮੇਂ ਜੋਤੀ ਨੂੰ ਇਕ ਬ੍ਰਾਹਮਣ ਦੋਸਤ ਦੀ ਸ਼ਾਦੀ 'ਤੇ ਜਾਣਾ ਪਿਆ ਤੇ ਸਾਥ ਤੁਰਦਿਆਂ ਇਕ ਕੱਟੜ ਬ੍ਰਾਹਮਣ ਨੇ ਉਸ ਨੂੰ ਪਛਾਣ ਲਿਆ। ਫਿਰ ਜੋਤੀ ਨੂੰ ਜੀਅ ਭਰ ਕੇ ਅਪਮਾਨਤ ਕੀਤਾ ਗਿਆ। ਉਸ ਨੇ ਗਹਿਰਾਈ ਤੀਕ ਆਪਣੇ ਅਪਮਾਨ ਨੂੰ ਮਹਿਸੂਸ ਕੀਤਾ। ਉਸ ਦੇ ਅੰਦਰ ਇਕ ਭੂਚਾਲ ਜਿਹਾ ਆ ਗਿਆ। ਮਹਾਰਾਸ਼ਟਰ ਵਿਚ ਬ੍ਰਾਹਮਣ ਰਾਜ ਦੌਰਾਨ ਅਛੂਤਾਂ ਨੂੰ ਆਪਣੇ ਲੱਕ ਦੁਆਲੇ ਮੋੜ੍ਹੀ ਬੰਨ੍ਹ ਕੇ ਤੁਰਨਾ ਪੈਂਦਾ ਸੀ। ਮੂੰਹ ਕੋਲ ਕੁੱਜਾ ਬੰਨ੍ਹਣਾ ਪੈਂਦਾ ਸੀ। ਸ਼ਾਮ ਅਤੇ ਸਵੇਰ ਨੂੰ ਉਹ ਗਲੀਆਂ 'ਚ ਨਿਕਲ ਨਹੀਂ ਸਕਦੇ ਸਨ ਤਾਂ ਜੋ ਉਨ੍ਹਾਂ ਦਾ ਪਰਛਾਵਾਂ ਨਾ ਬਣੇ। ਅਜਿਹੇ ਸਮੇਂ ਜੋਤੀ ਦਾ ਪਿਤਾ ਜੋਤੀ ਨੂੰ ਬ੍ਰਾਹਮਣੀ ਰਸਮਾਂ ਕਰਨ ਨੂੰ ਕਹਿੰਦਾ ਪਰ ਜੋਤੀ ਨੇ ਸ਼ਿਵਾਜੀ, ਵਾਸ਼ਿੰਗਟਨ ਪੜ੍ਹ ਰੱਖੇ ਸਨ।

ਅਪਮਾਨਤ ਜੋਤੀ ਸੌਂ ਨਾ ਸਕਿਆ। ਉਸ ਦੇ ਅੰਦਰ ਨਾ ਬਰਾਬਰੀ ਤੇ ਬਰਾਬਰੀ ਦਾ ਤੂਫਾਨ ਮੌਲਿਆ ਰਿਹਾ। ਅੰਤ ਜੋਤੀ ਨੇ ਮਨ ਬਣਾ ਲਿਆ ਕਿ ਉਹ ਧਰਮ ਦੇ ਨਾਂ 'ਤੇ ਚਲਾਈਆਂ ਗਈਆਂ, ਸ਼ੂਦਰਾਂ ਨੂੰ ਅਪਮਾਨਤ ਕਰਨ ਵਾਲੀਆਂ ਤੇ ਉਨ੍ਹਾਂ ਨੂੰ ਗੁਲਾਮ ਰੱਖਣ ਵਾਲੀਆਂ ਸਾਰੀਆਂ ਰਵਾਇਤਾਂ ਦੇ ਖਿਲਾਫ ਲੜੇਗਾ। ਉਸ ਨੇ ਸੋਚਿਆ ਕਿ ਉਹ ਇਸ ਗੁਲਾਮੀ 'ਚੋਂ ਸ਼ੂਦਰਾਂ ਨੂੰ ਕੱਢਣ ਲਈ ਸੰਘਰਸ਼ ਕਰੇਗਾ। ਉਹ ਇਸ ਨਾਬਰਾਬਰੀ ਅਤੇ ਬੇਇਨਸਾਫੀ ਨੂੰ ਖਤਮ ਕਰਨ ਲਈ ਲੜੇਗਾ। ਉਹ ਮਨੁੱਖ ਨੂੰ ਅਪਮਾਨਤ ਕਰਨ ਵਾਲੀਆਂ ਸਾਰੀਆਂ ਰਸਮਾਂ ਤੇ ਵਿਸ਼ਵਾਸਾਂ ਨੂੰ ਚਕਨਾਚੂਰ ਕਰ ਦੇਵੇਗਾ। ਇਹ ਉਹ ਸਮਾਂ ਸੀ ਜਦੋਂ ਜੋਤੀ ਨੇ ਸੋਚਿਆ, Social slavery is worse than political slavery' ਭਾਵ ਸਮਾਜਿਕ ਗੁਲਾਮੀ ਰਾਜਨੀਤਿਕ ਗੁਲਾਮੀ ਨਾਲੋਂ ਕਿਤੇ ਵਧ ਬਦਤਰ ਹੈ।

ਜੋਤੀਬਾ ਨੇ ਸੋਚਿਆ ਕਿ ਵਿਦਿਆਹੀਣ ਹੋਣ ਕਰਕੇ ਹੀ ਸ਼ੂਦਰ ਮਾਨਸਿਕ ਗੁਲਾਮੀ ਝਲਦੇ ਹਨ ਅਤੇ ਮੰਨ ਰਹੇ ਹਨ, ਬਿਨਾਂ ਕਿਸੇ ਵਿਰੋਧ ਦੇ। ਜੋਤੀ ਨੇ ਇਸ ਮਾਨਸਿਕ ਗੁਲਾਮੀ ਵਿਰੁੱਧ ਬਗਾਵਤ ਦਾ ਬਿਗਲ ਵਜਾ ਦਿੱਤਾ ਤੇ ਸੋਚ ਲਿਆ ਕਿ ਉਹ ਨੀਵੀਆਂ ਜਾਤੀਆਂ ਲਈ ਇਸ ਵਿਦਿਅਕ ਗਿਆਨ ਦੇ ਦਰਵਾਜ਼ੇ ਖੋਲ੍ਹ ਦੇਵੇਗਾ ਤਾਂ ਜੋ ਉਹ ਵੀ ਉਸ ਵਾਂਗ ਬੇਇਨਸਾਫੀ, ਨਾਬਰਾਬਰੀ ਤੇ ਅਪਮਾਨ ਵਿਰੁੱਧ ਲੜ ਸਕਣ ਤੇ ਬ੍ਰਾਹਮਣਵਾਦ ਤੋਂ ਛੁਟਕਾਰਾ ਪਾ ਸਕਣ।

1848 ਈ. ਵਿਚ ਜੋਤੀਬਾ ਨੇ ਮਹਾਂਰਾਸ਼ਟਰ ਵਿਚ ਸਮਾਜਿਕ ਸੁਧਾਰ ਦੀ ਲਹਿਰ ਦੀ ਨੀਂਹ ਰੱਖ ਦਿੱਤੀ। ਉਸ ਨੇ ਸਭ ਤੋਂ ਪਹਿਲਾਂ ਭਾਰਤੀ ਔਰਤ ਅਤੇ ਸ਼ੂਦਰ ਨੂੰ ਜਾਤੀਵਾਦੀ ਪ੍ਰਬੰਧ ਵਿਚੋਂ ਕੱਢਣ ਦੀ ਸੋਚੀ। ਉਸ ਨੇ ਲੜਕੀਆਂ ਦਾ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ। ਸਕੂਲ ਖੋਲ੍ਹਣ ਸਮੇਂ ਜੋਤੀਬਾ ਨੇ ਲਿਖਿਆ—"ਨੀਚ ਜਾਤੀਆਂ, ਮਹਾਰ, ਮਾਂਗ ਚੰਭਾਰ ਆਦਿ ਜੋ ਮੇਰੇ ਦੇਸ਼ ਦਾ ਵਿਸ਼ਾਲ ਭਾਗ ਹਨ, ਜੋ ਕਿ ਦੁੱਖਾਂ ਅਤੇ ਅਗਿਆਨਤਾ ਦੀਆਂ ਗਹਿਰੀਆਂ ਖੱਡਾਂ ਵਿਚ ਡਿੱਗੇ ਹੋਏ ਹਨ, ਵਿੱਦਿਆ ਦੇ ਰਾਹੀਂ, ਮੇਰੇ ਅੰਦਰ, ਉਨ੍ਹਾਂ ਦੀ ਹਾਲਤ ਬੇਹਤਰ ਬਣਾਉਣ ਦੀ ਇੱਛਾ ਭਰ ਕੇ ਰੱਬ ਖੁਸ਼ ਸੀ।" ਇਸ ਤਰ੍ਹਾਂ ਜੋਤੀਬਾ ਨੇ ਨੀਚ ਜਾਤੀ ਲੜਕੀਆਂ ਦਾ ਸਕੂਲ ਖੋਲ੍ਹ ਦਿੱਤਾ।

ਔਰਤਾਂ ਨੂੰ ਸਿੱਖਿਆ ਦੇਣਾ ਤਾਂ 'ਰੱਬ ਦੀ ਇੱਛਾ' ਦੇ ਵਿਰੁੱਧ ਸੀ। ਭਾਵ ਰੱਬ ਦੇ ਕਾਨੂੰਨ ਦੇ ਵਿਰੁੱਧ ਸੀ। ਸਪੱਸ਼ਟ ਹੈ ਕਿ ਹਿੰਦੂਆਂ ਦਾ ਰੱਬ ਵੀ ਔਰਤ ਨੂੰ ਪੜ੍ਹਣ ਦੀ ਆਗਿਆ ਨਹੀਂ ਸੀ ਦਿੰਦਾ, ਇਸ ਲਈ ਐਲਾਨ ਕਰ ਦਿੱਤਾ ਗਿਆ ਕਿ ਸਾਡਾ ਧਰਮ ਖਤਰੇ ਵਿਚ ਹੈ, ਜੋਤੀਬਾ ਸਮਾਜ ਦਾ ਦੁਸ਼ਮਣ ਹੈ, ਉਸ ਦੀ ਕੋਈ ਔਕਾਤ ਨਹੀਂ। ਬ੍ਰਾਹਮਣਾਂ ਨੇ ਜੋਤੀਬਾ ਦੀ ਜਾਤ ਦੇ ਬੰਦਿਆਂ ਰਾਹੀਂ ਡਰਾਵੇ ਤੇ ਧਮਕੀਆਂ ਦਿੱਤੀਆਂ ਕਿ ਉਹ ਇਸ ਦੇ ਭਿਆਨਕ ਨਤੀਜਿਆਂ ਲਈ ਤਿਆਰ ਰਹੇ, ਪ੍ਰੰਤੂ ਨਿਰਭੈ ਜੋਤੀਬਾ ਨੇ ਆਪਣੀ ਪਤਨੀ ਦੀ ਮਦਦ ਨਾਲ, ਜਿਸ ਨੂੰ ਉਸ ਨੇ ਆਪ ਪੜ੍ਹਾਇਆ ਸੀ, ਆਪਣਾ ਮਿਸ਼ਨ ਜਾਰੀ ਰੱਖਿਆ। ਸਾਰੇ ਪੂਨੇ ਵਿਚ ਗੁੱਸੇ ਦੀ ਲਹਿਰ ਦੌੜ ਗਈ ਕਿ ਇਕ ਔਰਤ ਨੇ ਸਮਾਜ ਛੇਕ ਦਿੱਤਾ ਹੈ ਤੇ ਉਹ ਪੜ੍ਹਾਉਣ ਦਾ ਕੰਮ ਕਰ ਰਹੀ ਹੈ। ਇਕ ਪਾਪ ਭਰੀ ਅਤੇ ਕਦੇ ਨਾ ਸੁਣੀ ਗੱਲ ਸੀ ਇਹ। ਸਵਿਤਰੀ ਨੂੰ ਨਫਰਤ ਨਾਲ ਵੇਖਿਆ ਜਾਣ ਲੱਗਾ। ਜਦੋਂ ਉਹ ਸਕੂਲ ਜਾਂਦੀ ਤਾਂ ਉਸ 'ਤੇ ਚਿੱਕੜ, ਰੋੜੇ ਮਿੱਟੀ ਆਦਿ ਸੁੱਟੇ ਜਾਂਦੇ। ਪਰ ਉਹ ਮਹਾਨ ਔਰਤ, ਜੋ ਭਾਰਤ ਵਿਚ ਪਹਿਲੀ ਅਧਿਆਪਕਾ ਸੀ, ਆਖਦੀ, 'ਰੱਬ ਤੁਹਾਨੂੰ ਮੁਆਫ ਕਰੇ। ਮੈਂ ਆਪਣੇ ਕੰਮ 'ਤੇ ਜਾ ਰਹੀ ਹਾਂ। ਉਹ ਤੁਹਾਡੇ 'ਤੇ ਮਿਹਰ ਕਰੇ।"

ਇਹ ਉਹ ਪਹਿਲੀ ਔਰਤ ਸੀ, ਜਿਸ ਨੇ ਭਾਰਤ ਅੰਦਰ ਪਹਿਲੀ ਵਾਰ ਸਰਵਜਨਕ ਕੰਮਾਂ ਵਿਚ ਭਾਗ ਲੈਣ ਲਈ ਬ੍ਰਾਹਮਣਵਾਦੀ ਰਵਾਇਤਾਂ ਨੂੰ ਤੋੜਿਆ ਤੇ ਦੁੱਖ ਝੱਲੇ। ਉਸ ਤਰ੍ਹਾਂ ਜੋਤੀਬਾ ਨੇ ਉਸ ਦੀ ਪਤਨੀ ਸਵਿਤਰੀ ਬਾਈ ਨੇ ਪੂਨੇ ਵਰਗੇ ਸ਼ਹਿਰ ਅੰਦਰ ਬ੍ਰਾਹਮਣਾਂ ਦੁਆਰਾ ਬਣਾਈਆਂ ਜੰਗਲੀ ਰਸਮਾਂ ਨੂੰ ਦੁਰਕਾਰ ਦਿੱਤਾ। ਉਧਰ ਬ੍ਰਾਹਮਣਾਂ ਨੇ ਜੋਤੀਬਾ ਦੇ ਪਿਤਾ 'ਤੇ ਦਬਾਅ ਜਾਰੀ ਰੱਖਿਆ ਤੇ ਕਿਹਾ ਕਿ ਉਸ ਦਾ ਲੜਕਾ ਸਮਾਜ ਅਤੇ ਧਰਮ ਲਈ ਕਲੰਕ ਹੈ। ਧਰਮ ਅਤੇ ਰੱਬ ਦੇ ਨਾਂ 'ਤੇ ਬ੍ਰਾਹਮਣਾਂ ਨੇ ਉਸ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਉਹ ਜਾਂ ਤਾਂ ਜੋਤੀਬਾ ਨੂੰ ਰੋਕੇ ਤੇ ਜਾਂ ਫਿਰ ਉਸ ਨੂੰ ਘਰੋਂ ਕੱਢ ਦੇਵੇ। ਬ੍ਰਾਹਮਣੀ ਰਸਮਾਂ 'ਚ ਬੱਝੇ ਹੋਏ ਤੇ ਰੱਬ ਦੇ ਕਾਨੂੰਨਾਂ ਤੋਂ ਡਰਨ ਵਾਲੇ ਮਾਲੀ ਗੋਬਿੰਦਾ ਨੇ, ਮਾਨਸਿਕ ਕਸ਼ਟ ਝਲਦਿਆਂ ਆਪਣੇ ਪਿਆਰੇ ਬੇਟੇ ਜੋਤੀਬਾ ਨੂੰ ਕਹਿ ਦਿੱਤਾ ਕਿ ਉਹ ਜਾਂ ਸਕੂਲ ਬੰਦ ਕਰ ਦੇਵੇ ਜਾਂ ਘਰ ਛੱਡ ਜਾਵੇ। ਜਿਨਾ ਡਰ ਗੋਬਿੰਦਾ ਨੂੰ ਰੱਬ ਤੋਂ ਤੇ ਧਾਰਮਿਕ ਰਸਮਾਂ ਰਿਵਾਜਾਂ ਤੋਂ ਲੱਗ ਰਿਹਾ ਸੀ, ਉਸ ਤੋਂ ਕਿਤੇ ਵਧ ਬ੍ਰਾਹਮਣ, ਜੋਤੀਬਾ ਦੁਆਰਾ ਜਗਾਈ ਜਾ ਰਹੀ ਵਿਦਿਆ ਦੀ ਲਾਟ ਤੋਂ ਡਰ ਰਹੇ ਸਨ। ਪਿਤਾ ਦੇ ਮੂੰਹੋਂ ਹੁਕਮ ਸੁਣ ਕੇ ਜੋਤੀਬਾ ਨੇ ਠੰਢਾ ਸਾਹ ਭਰਿਆ। ਪਿਤਾ ਨੂੰ ਸਮਝਾਉਣ ਦਾ ਉਪਰਾਲਾ ਕੀਤਾ, ਪਰ ਉਸ ਦੇ ਨਾ ਮੰਨਣ 'ਤੇ ਅੰਤ ਭਰੇ ਹੋਏ ਮਨ ਨਾਲ ਕਿਹਾ, "ਆਪਣੀ ਜ਼ਿੰਦਗੀ ਦਾ ਮਹਿੰਗਾ ਮੁੱਲ ਲੈ ਕੇ ਵੀ ਮੈਂ ਆਪਣਾ ਮਿਸ਼ਨ ਨਹੀਂ ਛੱਡਾਂਗਾ।"

ਉਧਰ ਪਿਤਾ ਦੇ ਮੂੰਹੋਂ ਦੁੱਖਾਂ ਨਾਲ ਭਰੇ ਹੋਏ ਗਲੇ 'ਚੋਂ ਇਹ ਅਵਾਜ਼ ਨਿਕਲੀ, "ਅੱਛਾ ਫਿਰ, ਜਾਓ ਜਿਧਰ ਤੇਰਾ ਜੀਅ ਕਰੇ...ਪਰ ਮੇਰਾ ਘਰ ਛੱਡ ਜਾ, ਆਪਣੀ ਪਤਨੀ ਸਮੇਤ, ਜਿਸ ਨਾਲ ਮੇਰਾ ਇਸ ਛੱਤ ਹੇਠ ਰਹਿਣਾ ਹੁਣ ਬਹੁਤ ਔਖਾ ਹੈ।" ਤੇ ਉਸ ਮਹਾਨ ਭਾਰਤੀ ਸ਼ੂਦਰ ਔਰਤ ਨੇ ਆਪਣੇ ਚੌਤਰਫਿਉਂ ਘਿਰੇ ਪਤੀ ਨਾਲ ਜਿਉਣਾ, ਮਰਨਾ ਤੇ ਕੁਝ ਕਰਨਾ ਪਸੰਦ ਕੀਤਾ। ਮਿਸ਼ਨਰੀ ਆਦਮੀ ਉਹ ਹੁੰਦਾ ਹੈ ਜੋ ਆਪਣੇ ਪਵਿੱਤਰ ਸੁਫਨਿਆਂ ਨੂੰ, ਜੋ ਉਸ ਨੇ ਮਨੁੱਖਤਾ ਦੀ ਆਜ਼ਾਦੀ ਅਤੇ ਬਰਾਬਰੀ ਲਈ ਲਏ ਹੁੰਦੇ ਹਨ, ਭਿਆਨਕ ਦੁੱਖਾਂ ਵਿਚ ਵੀ ਨਹੀਂ ਛੱਡਦਾ। ਉਹ ਮਿਸ਼ਨ ਲਈ ਜੀਵਨ ਦਾਨ ਕਰਨ ਦਾ ਪ੍ਰਣ ਕਰਕੇ, ਆਪਣੇ ਰਾਹ 'ਤੇ ਪੈਰ ਧਰਦਾ ਹੈ। ਉਸ ਨੂੰ ਕਿਸੇ ਨੇ ਮਜ਼ਬੂਰ ਨਹੀਂ ਕੀਤਾ ਹੁੰਦਾ। ਉਹ ਆਪਣੇ ਆਪ ਵਿਚ ਮਿਸ਼ਨ ਪੂਰਾ ਕਰਨ ਲਈ ਤਿਆਰ ਹੋਇਆ ਅਨੋਖਾ ਆਦਮੀ ਬਣਕੇ ਸਾਹਮਣੇ ਆਉਂਦਾ ਹੈ। ਅਜਿਹੇ ਹੀ ਸਨ ਜੋਤੀਬਾ ਤੇ ਸਵਿਤਰੀ ਬਾਈ।

ਡਾ. ਕੀਰ ਲਿਖਦੇ ਹਨ ਕਿ ਜੋਤੀਬਾ ਪਹਿਲਾ ਭਾਰਤੀ ਸੀ, ਜਿਸ ਨੇ ਲੜਕੀਆਂ ਲਈ ਪਹਿਲਾ ਸਕੂਲ ਖੋਲ੍ਹਿਆ। ਫਿਰ ਇਕ ਦਿਨ ਬ੍ਰਾਹਮਣ ਪੁੱਤਰ ਸਦਾਸ਼ਿਵ ਗੋਵਾਂਡੇ ਨੇ ਪਥ ਜੂਨਾਗੰਜ ਵਿਖੇ ਸਕੂਲ ਖੋਲ੍ਹਣ ਲਈ ਜੋਤੀਬਾ ਨੂੰ ਥਾਂ ਦੇ ਦਿੱਤੀ। ਤਿੰਨ ਹਜ਼ਾਰ ਸਾਲਾਂ ਦੇ ਲੰਬੇ ਇਤਿਹਾਸ ਵਿਚ ਪਹਿਲੀ ਵਾਰ ਨੀਚਾਂ ਤੋਂ ਨੀਚ ਮੁੰਡੇ-ਕੁੜੀਆਂ ਲਈ ਗਿਆਨ ਦੇ ਬੂਹੇ ਖੋਲ੍ਹੇ ਗਏ। ਜੋਤੀਬਾ ਨੇ 3 ਜੁਲਾਈ 1851 ਈ. ਨੂੰ ਬੁੱਧਵਾੜ ਪੱਥ 'ਤੇ ਚਿਪਲੂੰਕਾਰ ਦੇ ਘਰ 'ਚ ਲੜਕੀਆਂ ਲਈ ਇਕ ਹੋਰ ਸਕੂਲ ਖੋਲ੍ਹ ਦਿੱਤਾ।

"ਇਕ ਦੀਨ ਬੰਧੂ ਦਿਆਲੂ ਮਨੁੱਖ ਜਿਸ ਨੇ ਆਪਣਾ ਜੀਵਨ ਵਿਦਿਆ ਦੀ ਖਾਤਰ ਅਰਪਣ ਕਰ ਦਿੱਤਾ।" ਦੂਜੇ ਪਾਸੇ ਸਵਿਤਰੀ ਬਾਈ ਨੇ ਬਿਨਾਂ ਕਿਸੇ ਮੁਆਵਜ਼ੇ ਤੋਂ ਲੜਕੀਆਂ ਦੀ ਵਿਦਿਆ ਜਾਰੀ ਰੱਖਣ ਲਈ ਆਪਣੇ ਆਪ ਨੂੰ ਅਰਪਣ ਕੀਤਾ। ਸਵਿਰਤੀ ਬਾਈ ਸਕੂਲ ਦੀ ਮੁਖੀ ਬਣ ਗਈ। ਦੋਵੇਂ ਜੀਅ ਬਿਨਾਂ ਸਮੇਂ ਸਿਰ ਕੁਝ ਖਾਧਿਆਂ ਪੀਤਿਆਂ, ਅਣਥੱਕ ਮਿਹਨਤ ਕਰਦੇ, ਬਿਨਾਂ ਆਪਣੀਆਂ ਤਕਲੀਫਾਂ ਦੱਸੇ, ਆਪਣੇ ਮਿਸ਼ਨ ਵਿਚ ਜੁਟੇ ਰਹੇ।

17 ਸਤੰਬਰ 1851 ਈ. ਨੂੰ ਜੋਤੀਬਾ ਨੇ ਤੀਜਾ ਸਕੂਲ ਸ਼ੁਰੂ ਕਰ ਦਿੱਤਾ ਅਤੇ 15 ਮਾਰਚ 1852 ਈ. ਨੂੰ ਵੀਟਲ ਪੱਥ 'ਤੇ ਇਕ ਹੋਰ ਸਕੂਲ ਸ਼ੁਰੂ ਕਰ ਦਿੱਤਾ। ਸਕੂਲ ਸਿੱਖਿਆ ਬੋਰਡ ਦੇ ਮੁਖੀ ਨੇ ਸਕੂਲਾਂ ਦੇ ਕਾਰਜ ਨੂੰ ਵੇਖ ਕੇ ਸਲਾਹਿਆ। ਹਰ ਪਾਸੇ ਚਰਚਾ ਹੋਣ ਲੱਗੀ। ਜੋਤੀਬਾ ਇਕ ਅਜਿਹੀ ਸ਼ਖਸੀਅਤ ਬਣ ਚੁੱਕੀ ਸੀ ਜੋ ਇਹ ਕਿ "ਮੈਂ ਤੁਹਾਡੀਆਂ ਧਾਰਮਿਕ ਪੁਸਤਕਾਂ ਦੇ ਹੁਕਮਨਾਮਿਆਂ ਨੂੰ ਰੱਦ ਕਰਦਾ ਹਾਂ।" ਕਹਿਣ ਦੀ ਹਿੰਮਤ ਰੱਖਦਾ ਸੀ। ਜੋਤੀਬਾ ਇੰਨਾ ਗੁਰਦੇ ਵਾਲਾ ਮਨੁੱਖ ਸੀ ਕਿ ਉਹ ਆਹਮਣੇ-ਸਾਹਮਣੇ ਟੱਕਰ ਲੈਣ ਦੀ ਤਾਕਤ ਰੱਖਦਾ ਸੀ ਤੇ ਕੱਟੜਵਾਦੀਆਂ ਨਾਲ ਕਰਾਰੇ ਹੱਥ ਕਰਨ ਤੋਂ ਹਿਚਕਾਉਂਦਾ ਨਹੀਂ ਸੀ। ਪ੍ਰੰਤੂ ਚੰਗੇ ਦਿਲ ਵਾਲੇ ਬ੍ਰਾਹਮਣ ਉਸ ਦੀ ਸਹਾਇਤਾ ਕਰਦੇ ਅਤੇ ਉਸ ਨੂੰ ਸਹਿਯੋਗ ਦਿੰਦੇ। ਜੋਤੀਬਾ ਆਪਣੀ ਨਿੱਜੀ ਕਮਾਈ ਵਿਚੋਂ ਵੀ ਵੱਡਾ ਹਿੱਸਾ ਸਕੂਲਾਂ 'ਤੇ ਖਰਚ ਕਰਦੇ। ਮਈ 1852 ਈ. ਵਿਚ ਉਨ੍ਹਾਂ ਨੇ ਮਹਾਰਾਂ ਤੇ ਮਾਂਗਾਂ ਭਾਵ ਦੱਬੇ-ਕੁਚਲੇ ਲੋਕਾਂ ਵਿਚ ਵਿਦਿਆ ਦੇ ਪਸਾਰ ਲਈ ਇਕ ਕਮੇਟੀ ਸਥਾਪਤ ਕਰ ਦਿੱਤੀ, ਜਿਸ ਦਾ ਮੁਖੀ ਗੋਵਾਂਡੇ ਨੂੰ ਬਣਾਇਆ

ਗਿਆ। ਇਸ ਜੋਤੀ ਗੋਬਿੰਦ ਫੂਲੇ ਨੇ ਵਿਨਲ ਪੀਠ ਵਿਚ ਲੜਕੀਆਂ ਲਈ ਜੋ ਮਹਾਰਾਂ, ਢੇਡ, ਮਾਂਗ, ਚਮਾਰਾਂ ਵਿਚੋਂ ਸਨ, ਸਕੂਲ ਖੋਲ੍ਹਿਆ ਤੇ ਦੂਜਾ ਲੜਕਿਆਂ ਲਈ ਅਗਸਤ 1852 ਈ. ਵਿਚ। ਫਿਰ ਇਕ ਲਾਇਬ੍ਰੇਰੀ ਖੋਲ੍ਹੀ। ਇਹ ਨੀਚ ਜਾਤੀਆਂ ਲਈ ਖੁਲ੍ਹਣ ਵਾਲੀ ਪਹਿਲੀ ਲਾਇਬ੍ਰੇਰੀ ਸੀ।

ਲੜਕੀ ਦੀ ਸਵੈ-ਜੀਵਨੀ

ਜੋਤੀਬਾ ਆਪਣੇ ਸਮਾਜ ਦਾ ਇਕ ਮਹਾ ਅਧਿਆਪਕ ਸੀ। ਉਸ ਦੇ ਸਕੂਲ ਵਿਚ ਪੜ੍ਹੀ ਇਕ 14 ਸਾਲ ਦੀ ਲੜਕੀ ਲਿਖਦੀ ਹੈ, " ਸਾਨੂੰ ਇਮਾਰਤਾਂ ਦੀਆਂ ਨੀਹਾਂ ਵਿਚ ਜ਼ਿੰਦਾ ਦਬਾ ਦਿੱਤਾ ਜਾਂਦਾ ਸੀ। ਸਾਨੂੰ ਤਾਲੀਮ ਖਾਨਿਆਂ ਕੋਲ ਦੀ ਲੰਘਣ ਨਹੀਂ ਸੀ ਦਿੱਤਾ ਜਾਂਦਾ। ਜੇ ਕੋਈ ਆਦਮੀ ਬਿਪਰੀਤ ਫੜਿਆ ਜਾਂਦਾ, ਉਸ ਦਾ ਸਿਰ ਇਕ ਭੇਡ ਵਾਂਗ ਕੱਟ ਦਿੱਤਾ ਜਾਂਦਾ। ਸਾਨੂੰ ਲਿਖਣ ਤੇ ਪੜ੍ਹਨ ਦੀ ਆਗਿਆ ਨਹੀਂ ਸੀ।...ਰੱਬ ਨੇ ਸਾਨੂੰ ਅੰਗਰੇਜ਼ੀ ਰਾਜ ਦਿੱਤਾ ਹੈ। ਸਾਡੇ ਦੁੱਖ ਦੂਰ ਹੋਏ ਹਨ। ਹੁਣ ਸਾਨੂੰ ਕੋਈ ਤੰਗ ਨਹੀਂ ਕਰਦਾ। ਸਾਨੂੰ ਟੰਗਿਆ ਨਹੀਂ ਜਾਂਦਾ। ਸਾਨੂੰ ਕੋਈ ਜ਼ਿੰਦਾ ਨਹੀਂ ਦਬਾਉਂਦਾ ਤੇ ਸਾਡੀ ਸੰਤਾਨ ਹੁਣ ਜਿਉਂ ਸਕਦੀ ਹੈ। ਹੁਣ ਅਸੀਂ ਕੱਪੜੇ ਪਾ ਸਕਦੇ ਹਾਂ। ਅਸੀਂ ਆਪਣੇ ਸਰੀਰ ਦੁਆਲੇ ਕੱਪੜੇ ਲਪੇਟ ਸਕਦੇ ਹਾਂ। ਹਰ ਆਦਮੀ ਨੂੰ ਆਪਣੇ ਸਾਧਨਾਂ ਤਹਿਤ ਜਿਉਣ ਦਾ ਅਧਿਕਾਰ ਹੈ। ਕੋਈ ਬੰਦਸ਼ ਨਹੀਂ, ਕੋਈ ਮਨਾਹੀ ਨਹੀਂ ਤੇ ਕੋਈ ਰੋਕ ਰੁਕਾਵਟ ਨਹੀਂ। ਇਥੋਂ ਤੀਕ ਕਿ ਗੁਲਤੇਕਾਦੀ ਬਜ਼ਾਰ ਵੀ ਸਾਡੇ ਲਈ ਖੁਲ੍ਹਾ ਹੈ।"

ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਲੜਕੀ, ਜਿਸ ਨੇ ਜੋਤੀਬਾ ਦੇ ਸਕੂਲ ਵਿਚ ਪੜ੍ਹਕੇ ਸਮਾਜ ਦਾ ਇਨਾ ਘਿਨਾਉਣਾ ਨਕਸ਼ਾ ਪੇਸ਼ ਕੀਤਾ ਹੈ, ਉਸ ਨੂੰ ਪੜ੍ਹਾਉਣ ਵਾਲਾ ਜੋਤੀਬਾ ਤੇ ਸਵਿਤਰੀ ਬਾਈ ਕਿੰਨੇ ਮਹਾਨ ਵਿਅਕਤੀ ਹੋਣਗੇ। 25 ਸਾਲ ਦੀ ਉਮਰ 16 ਨਵੰਬਰ 1852 ਈ. ਨੂੰ ਅੰਗਰੇਜ਼ ਸਰਕਾਰ ਦੀ ਤਰਫੋਂ ਔਰਤਾਂ ਦੀ ਵਿਦਿਆ ਦੇ ਲਈ ਜੋਤੀਬਾ ਨੂੰ 193 ਰੁਪਏ ਦੇ ਦੋ ਸ਼ਾਲ ਸਨਮਾਨ ਵਜੋਂ ਭੇਂਟ ਕੀਤੇ ਗਏ।

ਪ੍ਰੰਤੂ ਕੱਟੜਪੰਥੀ ਬ੍ਰਾਹਮਣਾਂ ਨੇ ਇਸ ਸ਼ੂਦਰ ਨੂੰ ਦੋ ਸ਼ਾਲ ਭੇਟ ਕਰਨ 'ਤੇ ਬਹੁਤ ਬੁਰਾ ਮਨਾਇਆ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅੰਗਰੇਜ਼ ਸਰਕਾਰ ਨੇ ਇਕ ਨੀਚ ਜਾਤੀ ਸ਼ੂਦਰ ਦਾ ਸਨਮਾਨ ਕਰਕੇ, ਉਚੀਆਂ ਜਾਤਾਂ, ਖਾਸ ਕਰਕੇ ਬ੍ਰਾਹਮਣ ਜਾਤੀ ਦਾ ਅਪਮਾਨ ਕੀਤਾ ਹੈ। ਰਾਜਾ ਰਾਮ ਮੋਹਨ ਰਾਏ ਵਰਗਿਆਂ ਨੇ ਵਿਦਿਆ ਨੂੰ ਉੱਚ ਜਾਤੀਆਂ ਤਕ ਸੀਮਤ ਕਰਨਾ ਚਾਹਿਆ। ਪ੍ਰੰਤੂ ਜੋਤੀਬਾ ਨੇ ਇਸ ਵਿਦਿਆ ਨੂੰ ਆਮ ਜਨਤਾ ਭਾਵ ਸ਼ੂਦਰ ਜਾਤੀਆਂ ਲਈ ਖੁੱਲ੍ਹਾ ਰੱਖਣਾ ਚਾਹਿਆ। ਇਥੋਂ ਤੱਕ ਕਿ ਜੋਤੀਬਾ ਫੂਲ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਉਸ ਦੀ ਪਤਨੀ ਸਵਿਤਰੀ ਬਾਈ ਪੜ੍ਹੀ ਹੈ, ਸਕੂਲ ਦੀ ਮੁਖੀ ਬਣੀ ਹੈ ਤੇ ਕੁੜੀਆਂ ਨੂੰ ਵੀ ਪੜ੍ਹਾ ਰਹੀ ਹੈ ਪ੍ਰੰਤੂ ਉਸ ਦਾ ਪਤੀ ਜੋਤੀਬਾ ਜਿਉਂਦਾ ਹੈ। ਬ੍ਰਾਹਮਣਾਂ ਦੇ ਕਹੇ ਅਨੁਸਾਰ ਮਰਿਆ ਨਹੀਂ। ਤੇ ਨਾ ਹੀ ਇਉਂ ਕਿਸੇ ਨੇ ਮਰਨਾ ਹੈ।

ਨਿਰਦੇਸ਼ਕਾਂ ਦੀ ਕਚਹਿਰੀ 1854 ਈ. ਦੇ ਡਿਸਪੈਚ ਰਾਹੀਂ ਇਕ ਐਲਾਨ ਕਰ ਦਿੱਤਾ ਗਿਆ ਕਿ 'ਸਰਕਾਰੀ ਸਕੂਲ ਅਤੇ ਕਾਲਜ ਵਿਚ ਦਾਖਲਾ ਲੈਣ ਤੋਂ ਕਿਸੇ ਨੂੰ ਵੀ ਜਾਤ ਦੇ ਆਧਾਰ 'ਤੇ ਰੋਕਿਆ ਨਹੀਂ ਜਾ ਸਕੇਗਾ। ਇਸ ਐਲਾਨ ਤੋਂ ਬਾਅਦ 1855 ਈ. ਵਿਚ ਅੰਗਰੇਜ਼ੀ ਸਰਕਾਰ ਨੇ ਛੋਟੀਆਂ ਜਾਤੀਆਂ ਲਈ ਸਕੂਲ ਖੋਲ੍ਹ ਦਿੱਤਾ। 1856 ਈ. ਵਿਚ ਧਾੜਵਾਰ ਦੇ ਸਕੂਲ ਵਿਚ ਇਕ ਮਹਾਰ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ ਮਨਾਹੀ ਕਰ ਦਿੱਤੀ ਗਈ ਤਾਂ ਨਿਰਦੇਸ਼ਕਾਂ ਦੀ ਕਚਹਿਰੀ ਨੇ ਇਕ ਹੁਕਮ ਜਾਰੀ ਕੀਤਾ ਕਿ ਜਿਹੜੇ ਸਕੂਲ ਸਰਕਾਰ ਦੁਆਰਾ ਚਲਾਏ ਜਾਣਗੇ, ਉਹ ਬਿਨਾਂ ਵਿਤਕਰੇ ਸਭ ਲਈ ਖੁੱਲ੍ਹੇ ਰਹਿਣਗੇ। ਜੋਤੀਬਾ ਫੂਲੇ ਦਾ ਨਿਸ਼ਾਨਾ ਸੀ "ਨੀਚ ਲੋਕਾਂ ਨੂੰ ਅਜਿਹੇ ਢੰਗ ਨਾਲ ਵਿਦਿਆ ਦਿੱਤੀ ਜਾਵੇ ਕਿ ਇਹ ਲੋਕ ਆਪਣੀ ਸਮਾਜਿਕ ਬਰਾਬਰੀ ਬਾਰੇ ਸੋਚ ਕੇ ਜਾਤੀਵਾਦ ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਤਿਆਰ ਹੋ ਜਾਣ।" ਜੋਤੀਬਾ ਤੇ ਉਸ ਦੀ ਪਤਨੀ ਕਿਸਾਨਾਂ ਤੇ ਉਨ੍ਹਾਂ ਦੀਆਂ ਪਤਨੀਆਂ ਨੂੰ ਘਰ ਜਾ ਕੇ ਘੰਟਿਆਂ ਬੱਧੀ ਪੜ੍ਹਾਉਂਦੇ। ਬ੍ਰਾਹਮਣਵਾਦੀ ਲੋਕਾਂ ਲਈ ਤਾਂ ਜੋਤੀਬਾ ਨੇ ਅੱਤ ਚੁੱਕ ਲਈ ਸੀ। ਉਨ੍ਹਾਂ ਦੇ ਸਾਰੇ ਹਥਿਆਰ ਉਸ ਦੇ ਸਾਹਮਣੇ ਖੁੰਢੇ ਹੋਈ ਜਾ ਰਹੇ ਸਨ। ਉਸ ਦਾ ਮਿਸ਼ਨ, ਖੜ੍ਹੀ ਕੀਤੀ ਹਰ ਰੁਕਾਵਟ ਦੇ ਬਾਵਜੂਦ ਜਾਰੀ ਸੀ ਤੇ ਤੇਜ਼ੀ ਨਾਲ ਫੈਲ ਰਹੀ ਸੀ।

ਮਨੁੱਖ ਦੋਖੀ ਕਟੜਪੰਥੀਆਂ ਨੇ ਇਕ ਸਾਜ਼ਸ਼ ਘੜੀ। ਦੋ ਬੰਦੇ ਰਾਮੋਸੀ ਰੋਡੇ ਅਤੇ ਢੋਂਡੀ ਨਾਮਦੇਓ ਕੁੰਭਾਰ, ਜੋ ਛੋਟੀਆਂ ਜਾਤੀਆਂ ਦੇ ਹੀ ਸਨ, ਖਰੀਦ ਲਏ। (ਕੀਰ ਸਫਾ-75) ਇਨ੍ਹਾਂ ਦਾ ਕੰਮ ਸੀ ਜੋਤੀਬਾ ਦਾ ਜੀਵਨ ਖਤਮ ਕਰਨਾ। ਜਦੋਂ ਉਹ ਨੰਗੀਆਂ ਤਲਵਾਰਾਂ ਲੈ ਕੇ ਜੋਤੀਬਾ ਦੇ ਘਰ ਪਹੁੰਚੇ, ਖੜਕਾ ਸੁਣਕੇ ਜੋਤੀਬਾ ਖੜ੍ਹੇ ਹੋ

ਗਏ। ਉਨ੍ਹਾਂ ਪੁੱਛਿਆ ਕਿ ਕੌਣ ਹੋ ? ਉਨ੍ਹਾਂ ਕਿਹਾ ਕਿ ਸਾਨੂੰ ਇਕ-ਇਕ ਹਜ਼ਾਰ ਰੁਪਏ ਦੇ ਕੇ ਤੈਨੂੰ ਮਾਰਨ ਲਈ ਭੇਜਿਆ ਗਿਆ ਹੈ, ਤਾਂ ਮਹਾਨ ਜੋਤੀਬਾ ਨੇ ਕਿਹਾ, "ਇਹ ਮੇਰੀ ਸ਼ਾਨਦਾਰ ਖੁਸ਼ਕਿਸਮਤੀ ਹੋਵੇਗੀ ਕਿ ਉਹ ਗਰੀਬ ਲੋਕ, ਜਿਨ੍ਹਾਂ ਦੀ ਮੈਂ ਸੇਵਾ ਕੀਤੀ ਹੈ ਅਤੇ ਅਤੇ ਜਿਨ੍ਹਾਂ ਨੂੰ ਮੈਂ ਪਿਆਰ ਕੀਤਾ, ਮੇਰਾ ਗਲ ਕੱਟ ਦੇਣ। ਹੋ ਸਕਦੀ ਹੈ, ਮੇਰਾ ਜੀਵਨ ਗਰੀਬਾਂ ਲਈ ਹੈ। ਅਖੀਰ ਮੇਰੀ ਮੌਤ ਨਾਲ ਵੀ ਉਨ੍ਹਾਂ ਗਰੀਬਾਂ ਨੂੰ ਕੋਈ ਲਾਭ ਹੋ ਜਾਵੇ।"

ਉਹ ਦੋਵੇਂ ਜੋਤੀਬਾ ਦੇ ਪੈਰਾਂ 'ਤੇ ਡਿਗ ਪਏ ਤੇ ਕਹਿਣ ਲੱਗੇ ਕਿ ਉਹ ਸਾਨੂੰ ਆਗਿਆ ਦੇਵੇ ਕਿ ਅਸੀਂ ਉਸ ਦੇ ਵਿਰੋਧੀਆਂ ਨੂੰ ਮਾਰ ਸਕੀਏ। ਉਹ ਨਹੀਂ ਜਾਣਦੇ ਸਨ ਕਿ ਉਹ ਕੀ ਕਰ ਰਹੇ ਸਨ। ਜੋਤੀਬਾ ਨੇ ਉਨ੍ਹਾਂ ਨੂੰ ਮੁਆਫ ਕਰ ਦਿੱਤਾ। ਉਹ ਉਸ ਦੇ ਪੈਰੋਕਾਰ ਬਣ ਗਏ। ਰਾਮੋਸੀ ਜੋਤੀਬਾ ਦਾ ਅੰਗ-ਰਖਿਅਕ ਬਣਿਆ ਅਤੇ ਦੂਸਰਾ ਪੰਡਤ ਇਕ ਵਿਦਵਾਨ। ਇਹੀ ਢੋਡੀ ਰਾਮ ਜੋਤੀਬਾ ਦੇ ਸਤਿਆ ਸ਼ੋਧਕ ਸਮਾਜ ਦਾ ਇਕ ਥੰਮ ਬਣਿਆ।

ਡੀ.ਪੀ.ਆਈ. ਭਾਵ ਸਕੂਲ ਡਾਇਰੈਕਟਰ ਨੇ 1855-56 ਈ. ਦੀ ਆਪਣੀ ਰਿਪੋਰਟ ਵਿਚ ਜੋਤੀਬਾ ਨੂੰ ਵਿਦਿਆ ਦਾ ਜਨਮ ਦਾਤਾ ਕਹਿ ਕੇ ਵਰਨਣ ਕੀਤਾ।

ਜੋਤੀਬਾ ਫੂਲੇ ਕਿਹਾ ਕਰਦੇ ਸਨ ਕਿ, "ਅੱਜ ਅੰਗਰੇਜ਼ੀ ਰਾਜ ਹੈ। ਕੱਲ ਇਹ ਰਹੇ ਨਾ ਰਹੇ ਕੋਈ ਨਹੀਂ ਕਹਿ ਸਕਦਾ। ਪ੍ਰੰਤੂ ਜਦੋਂ ਵੀ ਇਹ ਹੈ, ਛੋਟੀਆਂ ਜਾਤਾਂ ਨੂੰ ਪੜ੍ਹ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਬ੍ਰਾਹਮਣ ਦੇ ਪਾਏ ਹੋਏ ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਨਿੱਜੀ ਅਤੇ ਸਮਾਜਿਕ ਅਧਿਕਾਰਾਂ ਲਈ ਤਿਆਰ ਹੋਣਾ ਚਾਹੀਦਾ ਹੈ। ਜੇਕਰ ਇਹ ਰਾਜ ਮੁੜ ਬ੍ਰਾਹਮਣ ਲੋਕਾਂ ਦੇ ਹੱਥ ਆ ਗਿਆ ਤਾਂ ਸਾਡੇ ਲੋਕਾਂ ਨੂੰ ਮੁੜ ਪੇਸ਼ਵਾਰਾਜ ਵਾਲੀ ਹਾਲਤ ਵਿਚ ਜਿਊਣਾ ਪਵੇਗਾ। ਜਿਸ ਵਿਚ ਸਾਡੇ ਲੋਕਾਂ 'ਤੇ ਪਹਿਲਾਂ ਵਾਲੀਆਂ ਸਾਰੀਆਂ ਪਾਬੰਦੀਆਂ ਲਗਾ ਦਿੱਤੀਆਂ ਜਾਣਗੀਆਂ।"

ਲਗਪਗ ਨੌਂ ਸਾਲ ਜੋਤੀਬਾ ਅਤੇ ਉਸ ਦੀ ਪਤਨੀ ਨੇ ਆਪਣੇ ਸਕੂਲਾਂ ਵਿਚ ਅਣਥੱਕ ਮਿਹਨਤ ਕਰਕੇ ਰੋਸ਼ਨੀ ਵੰਡੀ। ਜਦੋਂ ਕਮੇਟੀਆਂ ਉਨ੍ਹਾਂ ਸਕੂਲਾਂ ਨੂੰ ਚਲਾਉਣ ਯੋਗ ਹੋ ਗਈਆਂ ਤਾਂ ਜੋਤੀਬਾ ਫੂਲੇ ਨੇ 1856 ਈ. ਦੇ ਕਰੀਬ ਆਪਣੇ ਆਪ ਨੂੰ ਸਕੂਲਾਂ ਨਾਲੋਂ ਵੱਖਰਾ ਕਰ ਲਿਆ। ਉਨ੍ਹਾਂ ਨੇ ਸਮਾਜ ਸੁਧਾਰਕ ਲਹਿਰ ਸ਼ੁਰੂ ਕਰ ਦਿੱਤੀ। 1852 ਈ. ਵਿਚ ਇਕ ਔਰਤ ਨੂੰ ਉਸ ਦੀ ਮਰਜ਼ੀ ਦੇ ਉਲਟ ਜ਼ਿੰਦਾ ਜਲਾ ਕੇ ਸਤੀ ਕਰ ਦਿੱਤਾ ਗਿਆ। ਉਸ ਸਮੇਂ ਵਿਧਵਾ ਔਰਤਾਂ, ਜੋ ਜੁਆਨ ਹੁੰਦੀਆਂ ਸਨ, ਦਾ ਸਿਰ ਮੁੰਨਿਆਂ ਜਾਣਾ ਵੀ ਜਾਰੀ ਸੀ ਤੇ ਉਨ੍ਹਾਂ ਲੜਕੀਆਂ ਨੂੰ ਬ੍ਰਾਹਮਣੀ ਕਰਮਕਾਂਡਾਂ ਅਨੁਸਾਰ ਇਕੱਲਿਆਂ ਰੰਡੇਪਾ ਕੱਟਣਾ ਪੈਂਦਾ ਸੀ। ਸਵੇਰੇ ਵੇਲੇ ਉਸ ਦਾ ਦੇਖਿਆ ਜਾਣਾ ਪਾਪ ਸਮਝਿਆ ਜਾਂਦਾ ਸੀ। ਉਸ ਨੂੰ ਘਰ ਦੇ ਇਕ ਖੂੰਜੇ ਵਿਚ ਇਕੱਲਿਆਂ ਰਹਿਣ ਲਈ ਮਜਬੂਰ ਕਰ ਦਿੱਤਾ ਜਾਂਦਾ ਸੀ। ਉਹ ਨਵੇਂ ਕੱਪੜੇ ਨਹੀਂ ਸੀ ਪਾ ਸਕਦੀ। ਉਹ ਆਪਣੇ ਹੀ ਬੱਚਿਆਂ ਦਾ ਵਿਆਹ ਤੱਕ ਨਹੀਂ ਸੀ ਵੇਖ ਸਕਦੀ। ਉਸ ਦੇ ਗਲੋਂ ਮੰਗਲ ਸੂਤਰ ਲਾਹ ਲਿਆ ਜਾਂਦਾ ਸੀ। ਜੋ ਮੁੜ ਕਦੇ ਵੀ ਉਸ ਦੇ ਗਲ ਵਿਚ ਨਹੀਂ ਸੀ ਪੈਂਦਾ। ਇਸ ਤਰ੍ਹਾਂ ਹਿੰਦੂ ਔਰਤ ਨੂੰ ਜੋ ਸਤੀ ਨਹੀਂ ਹੁੰਦੀ ਸੀ, ਜੀਵਨ ਭਰ ਨਰਕ ਭੋਗਣ ਲਈ ਇਕ ਹਨ੍ਹੇਰੇ ਖੂੰਜੇ ਵਿਚ ਆਪਣਿਆਂ ਤੋਂ ਦੂਰ ਸੁੱਟ ਦਿੱਤਾ ਜਾਂਦਾ ਸੀ।

15 ਜੁਲਾਈ 1856 ਨੂੰ ਅੰਗਰੇਜ਼ ਸਰਕਾਰ ਨੇ ਵਿਧਵਾ ਦਾ ਮੁੜ ਵਿਆਹ ਕਾਨੂੰਨ ਪਾਸ ਕਰ ਦਿੱਤਾ। 1854 ਈ. ਵਿਚ ਸ਼ੰਕਰਾਚਾਰੀਆ ਨੇ (ਕੀਰ-85) ਇਕ ਵਿਧਵਾ ਔਰਤ, ਜਿਸ ਦੇ ਪੇਟ ਵਿਚ ਬੱਚਾ ਸੀ, ਨੂੰ ਦਰਖਤ ਦੇ ਖੋਲ ਵਿਚ ਬੰਦ ਕਰਕੇ ਸਾੜਨ ਦਾ ਹੁਕਮ ਦਿੱਤਾ। ਅਜਿਹੀਆਂ ਘਟੀਆਂ ਰਸਮਾਂ ਵਿਚ ਬ੍ਰਾਹਮਣ ਆਪਣੀ ਦਾਨ ਦੱਛਣਾ ਅਤੇ ਹੋਰ ਧਨ ਆਦਿ ਲੈਂਦੇ ਸਨ।

ਉਨ੍ਹਾਂ ਨੇ ਵਿਧਵਾ ਔਰਤਾਂ ਨੇ ਪੁਨਰ ਵਿਆਹ ਦੀ ਰਸਮ ਨੂੰ ਹੱਥ ਪਾ ਲਿਆ ਕਿਉਂਕਿ ਉਸ ਦਾ ਅਕੀਦਾ ਸੀ ਕਿ ਉਹ ਔਰਤ ਨੂੰ ਇਸ ਬੰਧਨ ਤੋਂ ਵੀ ਮੁਕਤ ਕਰਾਕੇ ਰਹੇਗਾ। 1864 ਈ. ਵਿਚ ਜੋਤੀਬਾ ਨੇ ਸ਼ੇਨਾਵੀ ਔਰਤ ਦਾ ਪੁਨਰ ਵਿਆਹ ਰਚਾਉਣ ਵਿੱਚ ਮਦਦ ਕੀਤੀ। ਤੇ ਫਿਰ ਜੋਤੀਬਾ ਨੇ ਇਕ ਯਤੀਮਖਾਨਾ ਖੋਲ੍ਹ ਦਿੱਤਾ, ਜਿਥੇ ਵਿਧਵਾਵਾਂ, ਬੱਚਿਆਂ ਨੂੰ ਜਨਮ ਦੇਣ ਲਈ ਆ ਸਕਦੀਆਂ ਸਨ ਤੇ ਬੱਚਿਆਂ ਨੂੰ ਪਾਲ ਵੀ ਸਕਦੀਆਂ ਸਨ।

ਜੋਤੀਬਾ ਨੇ ਬੱਚਿਆਂ ਨੂੰ ਪਾਲਣ ਪੋਸਣ ਦੀ ਜ਼ਿੰਮੇਵਾਰੀ ਲੈ ਲਈ। ਇਹ ਸੁਣ ਕੇ ਬ੍ਰਾਹਮਣ ਵਾਦੀਆਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਇਸ ਕਿਸਮ ਦੀ ਇਹ ਸੰਸਥਾ, ਸਾਰੇ ਭਾਰਤ ਵਿਚ ਪਹਿਲੀ ਸੀ, ਜੋ ਇਕ ਗੈਰ-ਬ੍ਰਾਹਮਣ ਵਲੋਂ ਖੋਲ੍ਹੀ ਗਈ ਸੀ। ਬ੍ਰਾਹਮਣਵਾਦ ਦੀਆਂ ਸ਼ਿਕਾਰ ਵਿਧਵਾ ਔਰਤਾਂ ਵਾਸਤੇ ਤਾਂ ਕਿ ਉਨ੍ਹਾਂ ਨੂੰ ਅਤੇ

ਉਨ੍ਹਾਂ ਦੇ ਬੱਚਿਆਂ ਨੂੰ ਜ਼ਾਲਮਾਂ ਤੋਂ ਬਚਾਇਆ ਜਾ ਸਕੇ। ਅਨੇਕ ਵਿਧਵਾਵਾਂ ਨੇ ਇਸ ਆਸ਼ਰਮ ਦਾ ਆਸਰਾ ਲਿਆ ਤੇ ਜੋਤੀਬਾ ਇਸ ਤਰ੍ਹਾਂ ਬੇਸਹਾਰਾ ਔਰਤਾਂ ਦਾ ਮੁਕਤੀਦਾਤਾ ਬਣਿਆ।

ਜੋਤੀਬਾ ਜੋ ਕਹਿੰਦੇ ਸਨ ਉਹ ਕਰਦੇ ਵੀ ਸਨ। ਜੋਤੀਬਾ ਦੇ ਪਿਤਾ ਦੀ ਮੌਤ ਹੋ ਗਈ, ਤਾਂ ਜੋਤੀਬਾ ਨੇ ਬ੍ਰਾਹਮਣੀ ਕਰਮ ਕਾਂਡ ਅਨੁਸਾਰ ਕੁਝ ਨਾ ਕੀਤਾ, ਸਗੋਂ ਪਿਤਾ ਦੀ ਯਾਦ ਵਿਚ ਦਿਨ ਮਨਾਉਣ ਸਮੇਂ ਬ੍ਰਾਹਮਣਾਂ ਨੂੰ ਸਰਾਧ ਖੁਆਉਣ ਅਤੇ ਦਾਨ ਦਖਸ਼ਣਾ ਦੇਣ ਦੀ ਥਾਂ ਗਰੀਬ ਲੋਕਾਂ ਨੂੰ ਰੋਟੀ ਖੁਆਈ ਅਤੇ ਗਰੀਬ ਬੱਚਿਆਂ ਨੂੰ ਪੜ੍ਹਣ ਲਈ ਕਿਤਾਬਾਂ ਵੰਡੀਆਂ। ਯਤੀਮਾਂ ਲਈ ਖੋਲ੍ਹੀ ਸੰਸਥਾ ਵਿਚ ਸਵਿਤਰੀ ਬਾਈ ਨਵਜੰਮੇ ਬੱਚਿਆਂ ਨੂੰ ਇਸ ਤਰ੍ਹਾਂ ਸੰਭਾਲਦੀ ਤੇ ਪਿਆਰ ਕਰਦੀ ਜਿਵੇਂ ਉਹ ਉਨ੍ਹਾਂ ਦੀ ਮਾਂ ਹੋਵੇ।

ਜੋਤੀਬਾ ਨੇ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕੀਤੀ। ਉਨ੍ਹਾਂ ਨੂੰ ਉਨ੍ਹਾਂ ਦੇ ਫਰਜ਼ਾਂ ਅਤੇ ਅਧਿਕਾਰਾਂ ਤੋਂ ਜਾਣੂ ਕਰਵਾਇਆ ਤੇ ਦੱਸਿਆ ਕਿ ਸਿੱਖਿਆ ਦੇ ਕੀ ਲਾਭ ਹੁੰਦੇ ਹਨ ਅਤੇ ਇਹ ਵੀ ਦੱਸਿਆ ਕਿ ਹਿੰਦੂ ਸਮਾਜ ਨੇ ਉਨ੍ਹਾਂ 'ਤੇ ਕਿਸ ਕਿਸਮ ਦੀ ਗੁਲਾਮੀ ਠੋਸੀ ਹੋਈ ਹੈ। ਜਦੋਂ ਵੀ ਵਿਹਲਾ ਸਮਾਂ ਮਿਲਦਾ ਤਾਂ ਜੋਤੀਬਾ ਉਨ੍ਹਾਂ ਨੂੰ ਸਮਝਾਉਣ ਲੱਗੇ ਰਹਿੰਦੇ ਸਨ। ਭਾਸ਼ਣ ਦਿੰਦੇ ਤੇ ਅਧਿਕਾਰਾਂ ਪ੍ਰਤੀ ਚੇਤੰਨ ਕਰਦੇ। ਇਕ ਨਿੱਡਰ ਤੇ ਬੇਦਾਗ ਬੰਦੇ ਨੇ ਮਜ਼ਦੂਰਾਂ ਦੇ ਸ਼ੋਸ਼ਣ ਵਿਰੁੱਧ ਵਾਵੇਲਾ ਖੜ੍ਹਾ ਕਰ ਦਿੱਤਾ। ਜੋਤੀਬਾ ਨੇ ਯੂਰਪੀਨ ਭ੍ਰਿਸ਼ਟ ਅਫਸਰਾਂ ਤੇ ਕਲਰਕਾਂ (ਜੋ ਜ਼ਿਆਦਾ ਕਰਕੇ ਬ੍ਰਾਹਮਣਵਾਦੀ ਸਨ) ਵਿਰੁੱਧ ਅਵਾਜ਼ ਬੁਲੰਦ ਕੀਤੀ।

ਇਕ ਬ੍ਰਾਹਮਣ ਵਿਧਵਾ ਕਾਸ਼ੀ ਬਾਈ ਨੇ 1873 ਵਿਚ ਇਕ ਲੜਕੇ ਨੂੰ ਜਨਮ ਦਿੱਤਾ ਜਿਸ ਦਾ ਨਾਂ ਜਸਵੰਤ ਰੱਖਿਆ ਗਿਆ। ਜੋਤੀਬਾ ਤੇ ਉਸ ਦੀ ਪਤਨੀ ਸਵਿਤਰੀ ਬਾਈ ਨੇ ਉਸ ਬੱਚੇ ਨੂੰ ਆਪਣਾ ਪੁੱਤਰ ਕਬੂਲ ਕਰਕੇ ਰੱਖ ਲਿਆ, ਕਿਉਂਕਿ ਉਨ੍ਹਾਂ ਦੇ ਘਰ ਆਪਣਾ ਕੋਈ ਬੱਚਾ ਨਹੀਂ ਸੀ। 1868 ਈ. ਵਿਚ ਜੋਤੀਬਾ ਨੇ ਆਪਣਾ ਘਰ ਵੀ ਨੀਵੀਆਂ ਜਾਤੀਆਂ ਵਾਸਤੇ ਖੁੱਲ੍ਹਾ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਉਸ ਦੀ ਆਪਣੀ ਜਾਤੀ ਦੇ ਲੋਕਾਂ ਨੇ ਜੋਤੀਬਾ ਦਾ ਹੁੱਕਾ ਪਾਣੀ ਤਿਆਗ ਦੇਣ ਦੀ ਧਮਕੀ ਦਿੱਤੀ। ਕੱਟੜਪੰਥੀ ਉਸ ਨੂੰ ਇਸਾਈ ਕਹਿਣ ਲੱਗ ਪਏ।

ਜੋਤੀਬਾ ਨੇ ਇਕ ਕਵਿਤਾ ਵਿਚ ਮਹਾਰਾਣੀ ਵਿਕਟੋਰੀਆ ਨੂੰ ਸੰਬੋਧਿਤ ਕਰ ਕੇ ਲਿਖਿਆ, "ਜੇ ਮਹਾਰਾਣੀ ਵਿਕਟੋਰੀਆ ਕਿਸਾਨਾਂ ਦੇ ਬੱਚਿਆਂ ਦੀ ਵਿਦਿਆ ਦਾ ਪ੍ਰਬੰਧ ਕਰ ਦੇਵੇ ਤੇ ਉਨ੍ਹਾਂ ਨੂੰ ਪ੍ਰਬੰਧਕੀ ਨੌਕਰੀਆਂ ਵਿਚ ਲਗਾ ਲਵੇ, ਇਨਸਾਫ ਦੀਆਂ ਕਚਹਿਰੀਆਂ ਵਿਚ ਬਿਠਾ ਦੇਵੇ ਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰੇ ਤਾਂ ਨੀਵੀਆਂ ਜਾਤੀਆਂ ਦੇ ਲੋਕ ਉਸ ਦੇ ਗੁਣ ਗਾਇਣ ਕਰਨਗੇ।" ਇਸ ਕਰਕੇ ਜੋਤੀਬਾ ਫੂਲੇ ਮਹਾਰਾਸ਼ਟਰ ਦਾ ਪਹਿਲਾ ਨੇਤਾ ਅਤੇ ਕਵੀ ਸੀ ਜਿਸ ਨੇ ਸ਼ਿਵਾਜੀ ਦੇ ਸ਼ਾਨਦਾਰ ਜੀਵਨ ਬਾਰੇ ਲਿਖਿਆ ਤੇ ਦੱਸਿਆ ਕਿ ਕਿਸ ਤਰ੍ਹਾਂ ਇਕ ਮਰਾਠਾ ਸ਼ੂਦਰ ਛਤਰਪਤੀ ਬਣਿਆ। ਕਿਵੇਂ ਉਹ ਦਲੇਰੀ, ਸਵੈਮਾਣ, ਦੇਸ਼ ਭਗਤੀ ਅਤੇ ਸਰਦਾਰੀਆਂ ਦਾ ਪ੍ਰਤੀਕ ਬਣਿਆ। ਮੁਗਲ ਸਮਰਾਟ ਉਸ ਦੀ ਹੋਂਦ ਤੋਂ ਕਿੰਨਾ ਘਬਰਾ ਚੁੱਕਾ ਸੀ। ਇਸ ਤੋਂ ਬਾਅਦ ਜੋਤੀਬਾ ਨੇ 'Priest craft exposed' ਕਵਿਤਾਵਾਂ ਦੀ ਕਿਤਾਬ ਲਿਖੀ, ਜੋ 1869 ਈ. ਵਿਚ ਛਪੀ।

ਰਾਨਾਡੇ ਸਮਾਜ ਵਿਚ ਫੈਲੀਆਂ ਬੁਰਾਈਆਂ ਨੂੰ ਖਤਮ ਕਰਨਾ ਚਾਹੁੰਦਾ ਸੀ, ਜਦੋਂ ਕਿ ਜੋਤੀਬਾ ਫੂਲੇ ਇਸ ਸਮਾਜ ਨੂੰ ਢਾਅ ਕੇ ਇਕ ਨਵੀਂ ਵਿਉਂਤ ਅਨੁਸਾਰ ਉਸਾਰਨਾ ਚਾਹੁੰਦਾ ਸੀ, ਜਿਥੇ ਮਨੁੱਖੀ ਬਰਾਬਰੀ, ਰਾਜਨੀਤਿਕ, ਧਾਰਮਿਕ ਤੇ ਵਿਦਿਅਕ ਸਮਾਨਤਾ ਦੇ ਨਾਲ-ਨਾਲ ਵੱਡਾ ਭਾਈਚਾਰਾ ਦੇਖਿਆ ਜਾ ਸਕੇ।

ਇਸੇ ਲਈ ਜੋਤੀਬਾ ਨੇ ਐਲਾਨ ਕੀਤਾ ਕਿ ਉਸ ਨੇ ਬ੍ਰਾਹਮਣੀ ਕਰਮ ਕਾਂਡ ਅਤੇ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਦੇ ਹੁਕਮਨਾਮਿਆਂ ਨੂੰ ਤੋੜਿਆ ਹੈ। ਇਸੇ ਲਈ ਉਹ ਗੁਲਾਮੀ ਤੋਂ ਛੁਟਕਾਰਾ ਪਾ ਸਕਿਆ ਹੈ। ਉਸ ਨੇ ਉਨ੍ਹਾਂ ਸਾਰੇ ਹੁਕਮਨਾਮਿਆਂ ਵਿਰੁੱਧ ਅਵਾਜ਼ ਬੁਲੰਦ ਕੀਤੀ, ਜਿਨ੍ਹਾਂ ਕਾਰਨ ਸ਼ੂਦਰ ਗੁਲਾਮ ਬਣੇ ਸਨ। ਉਸ ਨੇ ਉਨ੍ਹਾਂ ਲੋਕਾਂ ਭਾਵੇਂ ਉਹ ਭਾਰਤੀ ਸਨ ਜਾਂ ਬਦੇਸ਼ੀ, ਜਿਨ੍ਹਾਂ ਨੇ ਉਸ ਨੂੰ ਬਰਾਬਰ ਸਮਝਿਆ ਤੇ ਬਰਾਬਰ ਸਤਿਕਾਰ ਦਿੱਤਾ, ਨੂੰ 'ਭਰਾ' ਕਿਹਾ। ਉਸ ਦੀ ਮਹਾਨਤਾ ਹੇਠ ਲਿਖੀ ਟਿੱਪਣੀ ਵਿਚੋਂ ਮਿਲਦੀ ਹੈ, ਜੋ ਪੂਨਾ ਦੇ ਇਕ ਬ੍ਰਾਹਮਣ ਪੱਖੀ ਅਖਬਾਰ 'ਲੋਕ ਕਲਿਆਣ' ਵਿਚ ਛਪੀ, ਇਸ ਤਰ੍ਹਾਂ ਹੈ –

"ਸਾਡਾ ਬਹੁਤ ਅੱਛੀ ਤਰ੍ਹਾਂ ਜਾਣਿਆ ਪਛਾਣਿਆ ਜੋਤੀ ਰਾਓ ਜੋ ਕਿ ਮਹਾਨ ਵਿਦਵਤਾ ਦਾ ਮਾਲਕ ਹੈ, ਜਿਸ ਦੇ ਵਿਚਾਰ ਮਹਾਨ ਹਨ, ਜੋ ਮਹਾਨ ਖੋਜਕਾਰ ਹੈ, ਬੁੱਧੀਜੀਵੀ ਵੀ ਹੈ ਅਤੇ ਇਕ ਮਹਾਨ ਦਾਰਸ਼ਨਿਕ (ਫਿਲਾਸਫਰ) ਹੈ, ਨੇ ਇਕ ਚਿੱਠੀ ਛਾਪਣ ਲਈ ਭੇਜੀ ਹੈ। ਪੱਤਰ ਸਵੈ ਵਡਿਆਈ ਅਤੇ ਬ੍ਰਾਹਮਣਾਂ ਵਿਰੁੱਧ

ਮਿਲਤਾ ਨਾਲ ਭਰਿਆ ਹੋਇਆ ਹੈ । ਇਸ ਪੱਤਰ ਲਈ ਸਾਡੇ ਕੋਲ ਕੋਈ ਥਾਂ ਨਹੀਂ ਹੈ । ਉਮੀਦ ਹੈ ਇਸ ਜਾਮਲਜੂਰੀ ਲਈ ਫੂਲੇ ਸਾਨੂੰ ਮੁਆਫ਼ ਕਰਨਗੇ ।"

ਜੂਨ 1873 ਈ. ਵਿਚ ਜੋਤੀਬਾ ਦੀ ਪੁਸਤਕ "Slavery within the Indian Empire, under the cloak of brahaminism" ਛਪੀ । ਜੋਤੀਬਾ ਨੇ ਲਿਖਿਆ ਕਿ ਬ੍ਰਾਹਮਣ ਆਰੀਅਨ ਹਮਲਾਵਰ ਸਨ । ਉਸ ਨੇ ਕਿਹਾ ਕਿ 'ਬਾਲੀ' ਸ਼ੂਦਰਾਂ ਦਾ ਇਕ ਸ਼ਕਤੀਸ਼ਾਲੀ ਬਾਦਸ਼ਾਹ ਸੀ । ਉਸ ਅਨੁਸਾਰ ਅਤਿ ਸ਼ੂਦਰ ਅਤੇ ਸ਼ੂਦਰ ਇਕੋ ਹੀ ਕੌਮ ਦੇ ਹਨ, ਜਿਨ੍ਹਾਂ ਨੂੰ ਮੁੱਢਲੇ ਰੂਪ ਵਿਚ ਦਸਿਊ, ਅਸੁਰ, ਰਾਖਸ਼ ਅਤੇ ਮਹਾਰ ਆਦਿ ਕਿਹਾ ਗਿਆ ਹੈ ।

ਜੋਤੀਬਾ ਨੇ ਮਨੂੰ ਸਿਮਰਤੀ ਨੂੰ ਇਕ ਪਵਿੱਤਰ ਕਿਤਾਬ ਵਜੋਂ ਨਕਾਰਿਆ । ਜੋਤੀਬਾ ਨੇ ਕਿਹਾ ਕਿ ਇਸ ਰਾਹੀਂ ਬ੍ਰਾਹਮਣਾਂ ਨੇ ਆਪਣੀ ਉੱਚਤਾ ਕਾਇਮ ਕਰ ਲਈ ਤੇ ਬਾਕੀ ਸਭ ਦੇ ਸ਼ੂਦਰ ਦੇ ਨਾਂ ਹੇਠ ਸਾਰੇ ਅਧਿਕਾਰ ਖੋਹ ਲਏ । ਆਪਣੇ ਆਪ ਨੂੰ ਧਰਤੀ ਦੇ ਦੇਵਤੇ ਕਹਿ ਕੇ ਸ਼ੂਦਰ ਅਤੇ ਅਤਿ ਸ਼ੂਦਰ ਦੀ ਕਮਾਈ ਹੜੱਪ ਕਰਕੇ ਸਾਰੇ ਸੁੱਖ ਮਾਨਣ ਦਾ ਪ੍ਰਬੰਧ ਕਰ ਲਿਆ । ਇਹ ਪ੍ਰਬੰਧ ਕੁਝ ਗ੍ਰੰਥਾਂ ਰਾਹੀਂ ਉਨ੍ਹਾਂ ਨੂੰ ਰੱਬੀ ਪ੍ਰਚਾਰ ਕੇ ਕੀਤਾ ਤੇ ਇਨ੍ਹਾਂ ਨੂੰ ਧਾਰਮਿਕ ਗ੍ਰੰਥਾਂ ਦਾ ਦਰਜਾ ਦਿੱਤਾ । ਇਸ ਤਰੀਕੇ ਨਾਲ ਸ਼ੂਦਰ ਸਦੀਆਂ ਤੋਂ ਗੁਲਾਮ ਬਣੇ ਤੁਰੇ ਆ ਰਹੇ ਹਨ । ਜੋਤੀਬਾ ਗ੍ਰੰਥਾਂ ਦੇ ਹੁਕਮਨਾਮਿਆਂ ਨੂੰ ਪੜ੍ਹ-ਪੜ੍ਹ ਲੋਕਾਂ ਨੂੰ ਸਮਝਾਉਂਦੇ ਕਿ ਕਿਵੇਂ ਉਨ੍ਹਾਂ ਨੂੰ ਨੀਚ ਬਣਾਇਆ ਗਿਆ । ਇਹ ਵੀ ਦਸਦੇ ਹਨ ਕਿ ਕਿਹੜਿਆਂ ਫਤਵਿਆਂ ਨੇ ਉਨ੍ਹਾਂ ਨੂੰ ਗੁਲਾਮ ਬਣਾਇਆ ਅਤੇ ਕਿਹੜੇ ਹੁਕਮਨਾਮਿਆਂ ਨੇ ਉਨ੍ਹਾਂ ਦੀ ਜਾਇਦਾਦ ਨੂੰ ਲੁੱਟ ਕੇ ਬ੍ਰਾਹਮਣਾਂ ਦੀ ਅਜਾਰਾਦਾਰੀ ਬਣਾ ਧਰਿਆ ।

ਉਸ ਨੇ ਦੱਸਿਆ ਕਿ ਅੰਗਰੇਜ਼ੀ ਰਾਜ ਸਮੇਂ ਬ੍ਰਾਹਮਣ ਹਰ ਰੁਤਬੇ ਦਾ ਮਾਲਕ ਬਣਿਆ ਹੋਇਆ ਸੀ । ਉਸ ਨੇ ਕਿਹਾ ਕਿ ਸੰਘਰਸ਼ ਕੀਤੇ ਬਗੈਰ ਉੱਚੇ ਲੋਕ, ਜਨਤਾ ਦੇ ਅਧਿਕਾਰ ਵਾਪਸ ਨਹੀਂ ਕਰਨਗੇ ਤੇ ਨਾ ਹੀ ਉਹ ਆਪਣੀ (ਘੁਮੰਡੀ) ਉੱਚਤਾ ਦਾ ਤਿਆਗ ਕਰਨਗੇ । ਜੇ ਸ਼ੂਦਰ ਨੇ ਸੰਘਰਸ਼ ਨਾ ਕੀਤਾ ਤਾਂ ਉਹ ਗਲਤ ਤੇ ਮਾਨਵ ਵਿਰੋਧੀ ਰਵਾਇਤਾਂ ਦੇ ਗੁਲਾਮ ਰਹਿਣਗੇ ਅਤੇ ਭਾਰਤ ਕਦੇ ਵੀ ਨਾ ਤਰੱਕੀ ਕਰੇਗਾ ਅਤੇ ਨਾ ਖੁਸ਼ਹਾਲ ਬਣ ਸਕੇਗਾ । ਇਸ ਤਰ੍ਹਾਂ ਦੀ ਸੰਘਰਸ਼ਮਈ ਵਿਚਾਰਧਾਰਾ ਲੈ ਕੇ ਜੋਤੀਬਾ ਅੱਗੇ ਵੱਧੇ ਤੇ ਉਨ੍ਹਾਂ ਨੇ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਸਹੀ ਮਾਰਗ ਦਰਸ਼ਨ ਕੀਤਾ ।

ਉਨ੍ਹਾਂ ਕਿਹਾ ਕਿ ਬ੍ਰਾਹਮਣ ਤਾਂ ਸ਼ੂਦਰਾਂ ਅਤੇ ਅਤਿ ਸ਼ੂਦਰਾਂ ਨੂੰ ਜਾਨਵਰਾਂ ਦੇ ਪਿਸ਼ਾਬ ਤੋਂ ਵੀ ਘਟੀਆ ਮੰਨਦੇ ਹਨ । ਉਨ੍ਹਾਂ ਇਹ ਵੀ ਕਿਹਾ ਕਿ 'ਵੇਦ ਰੱਬੀ ਕਿਰਤ ਨਹੀਂ ਹਨ, ਸਗੋਂ ਆਦਮੀ ਦੇ ਲਿਖੇ ਹਨ, ਸਮਾਜ ਨੂੰ ਉੱਚੇ-ਨੀਵੇਂ ਦਰਜਿਆਂ ਵਿਚ ਵੰਡਣ ਲਈ । ਮਨੂੰ ਸਿਮਰਤੀ ਸ਼ੂਦਰਾਂ ਨੂੰ ਗੁਲਾਮ ਬਣਾਉਣ ਲਈ ਲਿਖੀ ਗਈ ।

ਉਨ੍ਹਾਂ ਕਿਹਾ ਕਿ ਸ਼ੂਦਰਾਂ ਅਤੇ ਅਤਿ ਸ਼ੂਦਰਾਂ ਨੂੰ ਅੰਗਰੇਜ਼ੀ ਰਾਜ ਸਮੇਂ ਪੜ੍ਹਨ ਵੱਲ ਰੁਚੀ ਲੈਣੀ ਚਾਹੀਦੀ ਹੈ । ਉਹ ਰਾਜ ਪਤਾ ਨਹੀਂ ਕਦੋਂ ਤੱਕ ਰਹੇ ਨਾ ਰਹੇ । ਪਰ ਇਸ ਸਮੇਂ ਦੌਰਾਨ ਮੌਕਾ ਹੈ ਕਿ ਸ਼ੂਦਰ ਪੜ੍ਹਨ, ਆਪਣੇ ਆਪ ਨੂੰ ਗੁਲਾਮੀ ਤੋਂ (ਛੁਟਕਾਰਾ) ਮੁਕਤ ਕਰਨ ਲਈ ਤਿਆਰ ਹੋਣ । ਅਗਿਆਨਤਾ, ਨਫਰਤ, ਨਾਬਰਾਬਰੀ, ਈਰਖਾ ਆਦਿ ਵਿਰੁੱਧ ਸੰਘਰਸ਼ ਲਈ ਲਾਮਬੰਦ ਹੋਣ । ਜੋਤੀਬਾ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ ਬ੍ਰਾਹਮਣਵਾਦ ਵਿਰੁੱਧ ਹੀ ਨਹੀਂ ਸਗੋਂ ਅੰਗਰੇਜ਼ੀ ਸਰਕਾਰ ਵਿਰੁੱਧ ਲੜਨਾ ਚਾਹੀਦਾ ਹੈ ਤੇ ਆਪਣੇ ਅਧਿਕਾਰਾਂ ਦੀ ਅਵਾਜ਼ ਉਸ ਦੇ ਕੰਨਾਂ ਤੱਕ ਪਹੁੰਚਾਉਣੀ ਚਾਹੀਦੀ ਹੈ ।

ਜੋਤੀਬਾ ਦਾ ਸਪੱਸ਼ਟ ਵਿਚਾਰ ਸੀ ਕਿ ਭਾਰਤੀ ਪੁਰਾਤਨ ਇਤਿਹਾਸ ਬ੍ਰਾਹਮਣਾਂ ਅਤੇ ਗੈਰ ਬ੍ਰਾਹਮਣਾਂ ਵਿਚਕਾਰ ਹੋਏ ਸੰਘਰਸ਼ ਤੋਂ ਬਿਨਾ ਹੋਰ ਕੁਝ ਨਹੀਂ । ਜੋਤੀਬਾ ਨੇ ਪੂਰੇ ਬ੍ਰਾਹਮਣਵਾਦ ਵਿਰੁੱਧ ਸੰਘਰਸ਼ ਜਾਰੀ ਰੱਖਿਆ, ਕਿਉਂਕਿ ਉਨ੍ਹਾਂ ਦਾ ਇਹ ਵਿਸ਼ਵਾਸ ਪੱਕ ਚੁੱਕਾ ਸੀ ਕਿ ਬ੍ਰਾਹਮਣਵਾਦ ਹੀ ਸ਼ੂਦਰਾਂ ਅਤੇ ਅਤੀਸ਼ੂਦਰਾਂ (ਜੋ ਕਦੀ ਇਸ ਧਰਤੀ, ਧਾਮ ਅਤੇ ਧਨ ਦੇ ਅਸਲੀ ਮਾਲਕ ਸਨ, ਆਪਣੀ ਹੋਣੀ ਦੇ ਆਪ ਮਾਲਕ ਸਨ) ਨੂੰ ਗੁਲਾਮ ਬਣਾਉਣ ਵਾਲਾ ਫਲਸਫਾ ਹੈ । ਉਨ੍ਹਾਂ ਕਿਹਾ ਕਿ ਬ੍ਰਤਾਨਵੀ ਰਾਜ ਕਾਨੂੰਨ, ਇਨਸਾਫ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਰਾਜ ਹੈ, ਜਿਸ ਨੇ ਪੇਸ਼ਵਾ ਰਾਜ ਵਰਗੇ ਮਹਾਂ ਘਟੀਆ ਰਾਜ ਤੋਂ ਗਰੀਬਾਂ ਨੂੰ ਮੁਕਤੀ ਦਿਵਾਈ ।

ਜੋਤੀਬਾ ਚੰਗੀ ਤਰ੍ਹਾਂ ਸਮਝਦੇ ਸਨ ਕਿ ਬ੍ਰਾਹਮਣਵਾਦੀ ਲੋਕ ਆਪਣੀਆਂ ਸਹੂਲਤਾਂ, ਆਪਣੇ ਰੁਤਬੇ ਅਤੇ ਉਹ ਸ਼ਕਤੀ, ਜੋ ਉਨ੍ਹਾਂ ਨੂੰ ਆਪਣੇ ਗ੍ਰੰਥਾਂ ਦੇ ਹੁਕਮਨਾਮਿਆਂ ਰਾਹੀ ਮਿਲੀ ਸੀ, ਉਸ ਨੂੰ ਕਦੀ ਛੱਡਣ ਲਈ

ਤਿਆਰ ਨਹੀਂ ਹੋਣਗੇ, ਸਗੋਂ ਉਹ ਅਜਿਹੀ ਕਿਸੇ ਵੀ ਲਹਿਰ ਨੂੰ ਬਰਦਾਸ਼ਤ ਨਹੀਂ ਕਰਨਗੇ, ਜਿਹੜੀ ਉਨ੍ਹਾਂ ਦੁਆਰਾ ਬਣਾਏ ਗੁਲਾਮਾਂ ਭਾਵ ਸ਼ੂਦਰਾਂ ਅਤੇ ਅਤਿਕ ਸ਼ੂਦਰਾਂ ਨੂੰ ਬਰਾਬਰੀ ਅਤੇ ਇੱਜ਼ਤ ਮਾਣ ਦਾ ਦਰਜਾ ਦੇਣ ਲਈ ਚਲਾਈ ਗਈ ਹੋਵੇ। ਉਹ ਇਹ ਵੀ ਸਮਝਦੇ ਸਨ ਕਿ ਬਿਨਾਂ ਕਿਸੇ ਸੰਗਠਨ ਦੇ ਉਨ੍ਹਾਂ ਨੂੰ ਸੰਘਰਸ਼ ਚਲਾਉਣ ਦਾ ਹੌਸਲਾ ਜਾਂ ਬਲ ਨਹੀਂ ਮਿਲੇਗਾ। ਇਸ ਲਈ ਜੋਤੀਬਾ ਫੂਲੇ ਨੇ ਇਕ ਅਜਿਹਾ ਸੰਗਠਨ ਬਣਾਉਣ ਦੀ ਧਾ[illegible] ਲਈ ਜੋ ਉਸ ਦੀ ਵਿਚਾਰਧਾਰਾ ਨੂੰ ਲੋਕਾਂ ਤੀਕ ਪਹੁੰਚਾਉਣ ਦਾ ਕੰਮ ਕਰ ਸਕੇ।

ਇਸ ਸੰਗਠਨ ਦਾ ਮੰਤਵ ਸ਼ੂਦਰਾਂ ਨੂੰ ਬ੍ਰਾਹਮਣੀ ਕਲਚਰ ਦੇ ਪ੍ਰਭਾਵ ਹੇਠੋਂ ਕੱਢਣਾ ਸੀ। ਉਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਪ੍ਰਤੀ ਚੇਤੰਨ ਕਰਨਾ, ਮਾਨਸਿਕ ਅਤੇ ਧਾਰਮਿਕ ਗੁਲਾਮੀ ਤੋਂ ਮੁਕਤ ਕਰਵਾਉਣਾ ਸੀ। ਕੱਟੜਪੰਥੀ ਬ੍ਰਾਹਮਣਾਂ ਨੇ ਪਿੰਡਾਂ ਦੇ ਲੋਕਾਂ ਨੂੰ ਇਸ ਸੰਗਠਨ ਦੇ ਮੈਂਬਰ ਬਣਨ ਤੋਂ ਰੋਕਣ ਲਈ ਹਰ ਯਤਨ ਕੀਤਾ ਤੇ ਆਪਣੀ ਸਰਕਾਰੀ ਕੁਰਸੀ ਦਾ ਖੁਲ੍ਹਕੇ ਇਸਤੇਮਾਲ ਕੀਤਾ। ਇਥੋਂ ਤੀਕ ਕਿਹਾ ਗਿਆ ਕਿ ਜੇ ਉਹ ਅਜਿਹੇ ਸੰਗਠਨ ਵਿਚ ਸ਼ਾਮਲ ਹੋਏ ਤਾਂ ਉਨ੍ਹਾਂ ਨੂੰ ਬ੍ਰਾਹਮਣ ਸਰਾਪ ਦੇ ਦੇਣਗੇ ਅਤੇ ਦੇਵਤੇ ਉਨ੍ਹਾਂ ਉਪਰ ਕਰੋਪ ਹੋ ਜਾਣਗੇ।

ਫਿਰ ਵੀ ਸੱਤਿਆ ਸ਼ੋਧਕ ਦੇ ਮੈਂਬਰ ਆਪਣੇ ਲੋਕਾਂ ਵਿਚ ਜਾ ਕੇ ਆਪਣਾ ਪ੍ਰਚਾਰ ਕਰਦੇ। ਉਨ੍ਹਾਂ ਦੇ ਗਰੀਬ ਫਿਲਾਸਫਰ ਨੇ ਜੋ ਉਨ੍ਹਾਂ ਨੂੰ ਸਮਝਾਇਆ ਸੀ, ਉਹ ਜਨਤਾ ਨੂੰ ਦਸਦੇ। ਜੋਤੀਬਾ ਦਾ ਇਕ ਸੰਬੰਧੀ ਸੀ ਜਿਸ ਦੀ ਲੜਕੀ ਵਿਧਵਾ ਸੀ। ਜੋਤੀਬਾ ਨੇ ਉਸ ਦੀ ਪੁਨਰਸ਼ਾਦੀ ਸੱਤਿਆ ਸ਼ੋਧਕ ਸਮਾਜ ਦੇ ਨਿਯਮਾਂ ਅਨੁਸਾਰ ਤੈਅ ਕਰ ਦਿੱਤੀ। 25 ਸਤੰਬਰ 1873 ਈ. ਨੂੰ ਸਾਦਗੀ ਨਾਲ ਸ਼ਾਦੀ ਦਾ ਕਾਰਜ ਕੀਤਾ ਗਿਆ। ਮਹਿਮਾਨਾਂ ਨੇ ਜੋੜੀ ਨੂੰ ਅਸ਼ੀਰਵਾਦ ਦਿੱਤਾ। ਕਿਸੇ ਬ੍ਰਾਹਮਣ ਤੋਂ ਬਿਨਾ 'ਹਿੰਦੂ ਸ਼ਾਦੀ' ਇਹ ਪਹਿਲਾ ਕਾਂਡ ਸੀ। ਇਸ ਤਰ੍ਹਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਜੋਤੀ ਰਾਓ ਪਹਿਲਾ ਮਹਾਨ ਨੇ ਨਿਡਰ ਮਨੁੱਖ ਸੀ, ਜਿਸ ਨੇ 'ਹਿੰਦੂ ਸ਼ਾਦੀ' ਦਾ ਧਾਰਮਿਕ ਕਾਨੂੰਨ ਤੋੜਿਆ। ਇਸ ਤਰ੍ਹਾਂ ਬ੍ਰਾਹਮਣਾਂ ਅਤੇ ਉਨ੍ਹਾਂ ਦੇ ਖਰੀਦੇ ਹੋਏ ਚਮਚਿਆਂ ਨੇ ਇਹ ਗੱਲ ਫੈਲਾਉਣੀ ਸ਼ੁਰੂ ਕਰ ਦਿੱਤੀ ਕਿ ਜੋਤੀਬਾ ਸਭ ਨੂੰ ਇਕ ਦਿਨ ਇਸਾਈ ਬਣਾ ਦੇਣਗੇ।

7 ਮਈ 1874 ਈ. ਨੂੰ ਜੋਤੀਬਾ ਦੇ ਘਰ ਸ਼ਾਦੀ ਦਾ ਕਾਰਜ ਆਰੰਭ ਹੋਇਆ। ਲਾੜੀ ਦੇ ਅਗਵਾ ਕਰਨ ਦੇ ਡਰੋਂ ਲੜਕੀ ਨੂੰ ਪਹਿਲਾਂ ਜੋਤੀਬਾ ਪਾਸ ਭੇਜ ਦਿੱਤਾ ਗਿਆ ਸੀ। ਬ੍ਰਾਹਮਣਾਂ ਤੇ ਗੈਰ ਬ੍ਰਾਹਮਣਾਂ ਦਾ ਵੱਡਾ ਇਕੱਠ ਸ਼ਾਦੀ ਵੇਖ ਰਿਹਾ ਸੀ। ਹਰ ਕੋਈ ਧੜਕਦੇ ਦਿਲ ਨਾਲ ਕਿਸੇ ਬ੍ਰਾਹਮਣ ਤੋਂ ਬਿਨਾਂ ਹੁੰਦੀ ਸ਼ਾਦੀ ਨੂੰ ਵੇਖ ਰਿਹਾ ਸੀ। ਤੇ ਉਧਰ ਜੋਤੀਬਾ ਦੇ ਮਹਾਰ ਤੇ ਮਾਂਗ ਪੈਰੋਕਾਰ ਆਪਣੇ ਨੇਤਾ ਅਤੇ ਮੁਕਤੀਦਾਤਾ ਨੂੰ ਬਾਹਰੀ ਹਮਲੇ ਤੋਂ ਬਚਾਉਣ ਲਈ ਚਾਰੇ ਪਾਸੀਂ ਤਾਇਨਾਤ ਖੜ੍ਹੇ ਸਨ। ਸਫਲਤਾ ਦਾ ਇਹ ਅਜਬ ਨਜ਼ਾਰਾ ਸੀ। ਲੋਕ ਬ੍ਰਾਹਮਣਾਂ ਨੂੰ ਫੀਸਟਾਂ ਖੁਆਉਣ ਦੀ ਥਾਂ, ਉਹ ਪੈਸੇ ਉਸ ਸੰਸਥਾ ਨੂੰ ਚਲਾਉਣ ਲਈ ਦੇਣ ਲੱਗੇ। ਨਾਗ ਸਿਨਹਾ ਸੇਠੂ ਨੇ ਜੋਤੀਬਾ ਨੂੰ ਮਾਣ ਵਜੋਂ ਇਕ ਸੂਟ ਭੇਟ ਕੀਤਾ ਜੋ ਉਸ ਨੇ ਗਰੀਬਾਂ ਨੂੰ ਦੇ ਦਿੱਤਾ। ਇਕ ਵਾਰ 1871 ਈ. ਵਿਚ ਰਾਨਾਡੇ ਨੇ ਜੋਤੀਬਾ ਨੂੰ ਦੱਸਿਆ ਕਿ ਉਸ ਦੀ ਭੈਣ ਵਿਧਵਾ ਹੈ, ਤਾਂ ਜੋਤੀਬਾ ਨੇ ਉਸ ਨੂੰ ਪੁਨਰ ਵਿਆਹ ਲਈ ਪ੍ਰੇਰਿਆ। ਪ੍ਰੰਤੂ ਰਾਨਾਡੇ ਨੇ ਆਪਣੇ ਬਾਪ ਦੇ ਡਰੋਂ ਅਤੇ ਸਮਾਜ ਵਿਚੋਂ ਛੇਕੇ ਜਾਣ ਦੇ ਡਰੋਂ ਇਸ ਪ੍ਰਕਾਰ ਪੁਨਰ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਇਸ 'ਤੇ ਜੋਤੀਬਾ ਨੇ ਗੁੱਸੇ ਵਿਚ ਕਿਹਾ, "ਰਾਓ ਸਾਹਿਬ ਫਿਰ ਆਪਣੇ ਆਪ ਨੂੰ ਸਮਾਜ ਸੁਧਾਰਕ ਅਖਵਾਉਣ ਦਾ ਪਖੰਡ ਨਾ ਕਰੇ।" ਇਕ ਵਾਰ ਫੇਰ ਜਦੋਂ ਰਾਨਾਡੇ ਦੀ ਪਤਨੀ 32 ਸਾਲ ਦੀ ਉਮਰ ਵਿਚ ਮਰ ਗਈ ਤੇ ਰਾਨਾਡੇ ਨੇ ਗਿਆਰਾਂ ਸਾਲਾਂ ਦੀ ਲੜਕੀ ਨਾਲ ਸ਼ਾਦੀ ਕਰ ਲਈ ਤਾਂ ਜੋਤੀਬਾ ਨੇ ਉਸ ਦੇ ਸਮਾਜ ਸੁਧਾਰਕ ਹੋਣ 'ਤੇ ਲਾਹਨਤ ਪਾਈ।

ਇਕ ਗੱਲ ਜੋ ਇਥੇ ਕਹਿਣੀ ਜ਼ਰੂਰੀ ਹੈ, ਉਹ ਇਹ ਕਿ ਜੋਤੀ ਰਾਓ ਦੀ ਵਿਚਾਰਧਾਰਾ ਅਤੇ ਸੰਗਠਨ ਦੀਆਂ ਗਤੀਵਿਧੀਆਂ 'ਚ ਨੀਵੀਆਂ ਜਾਤੀਆਂ ਨੇ ਬਹੁਤ ਘੱਟ ਦਿਲਚਸਪੀ ਦਿਖਾਈ। ਫਿਰ ਵੀ ਜੋਤੀ ਰਾਓ ਨੇ ਆਪਣਾ ਮਿਸ਼ਨ ਜਾਰੀ ਰੱਖਿਆ। ਜੋਤੀਬਾ ਨੇ 1876 ਈ. ਤੋਂ 1882 ਈ. ਤੱਕ ਸਥਾਨਕ ਸਵੈ-ਸਰਕਾਰ ਦੇ ਕਾਨੂੰਨ ਅਧੀਨ ਪੂਨਾ ਮਿਉਨਿਸਿਪਲ ਕਮੇਟੀ ਦੇ ਕਮਿਸ਼ਨਰ ਦੇ ਤੌਰ 'ਤੇ ਕੰਮ ਕੀਤਾ। ਇਸੇ ਸਮੇਂ ਕ੍ਰਿਸ਼ਨ ਰਾਓ ਭਾਰਨੇਕਰ ਨੇ ਸੱਤਿਆ ਸ਼ੋਧਕ ਦਾ ਮਿਸ਼ਨ ਪ੍ਰਚਾਰਨ ਲਈ ਜਨਵਰੀ 1887 ਈ. ਵਿਚ ਦੀਨ ਬੰਧੂ ਨਾਂ ਦਾ ਪੇਪਰ ਚਾਲੂ ਕਰ ਦਿੱਤਾ, ਜਿਸ ਵਿਚ ਦੀਨ ਦੁਖੀਆਂ ਤੇ ਨੀਵੀਆਂ ਜਾਤਾਂ, ਮਜਦੂਰਾਂ, ਕਿਸਾਨਾਂ ਦੀ ਦੁੱਖ ਕਹਾਣੀ ਹੁੰਦੀ ਸੀ। ਜੋਤੀਬਾ ਲੋਕਾਂ ਦੀ ਜਬਾਨ ਵਿਚ ਭਾਸ਼ਣ ਕਰਦੇ, ਬਹਿਸਾਂ ਕਰਵਾਉਂਦੇ। ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਲੈਂਦੇ। ਆਪਣੇ ਪੈਰੋਕਾਰਾਂ ਨੂੰ ਮਿਸ਼ਨ ਸਮਝਾਉਣ ਲਈ ਉਹ ਸਕੂਲ ਲਾਉਂਦੇ।

ਜੋਤੀਬਾ ਨੇ ਧਾਨਕਾਵੜੀ ਕੈਂਪ ਵਿਚ ਇਕ ਯਤੀਮਖਾਨਾ ਖੋਲ੍ਹਿਆ ਜਿਸ ਦਾ ਨਾਂ ਵਿਕਟੋਰੀਆ ਬਾਲ ਆਸ਼ਰਮ ਰੱਖਿਆ, ਜਿੱਥੇ ਹਰ ਰੋਜ 2 ਤੋਂ 12 ਸਾਲ ਦੇ ਬੱਚਿਆਂ ਨੂੰ ਸਵੇਰ ਸ਼ਾਮ ਲੋੜ ਜੋਗਾ ਖਾਣਾ ਦਿੱਤਾ ਜਾਂਦਾ ਸੀ। 1880 ਈ. ਦੇ ਕਰੀਬ ਜੋਤੀਬਾ ਨੇ ਮਿੱਲ ਮਜਦੂਰਾਂ ਦੀ ਸਮੱਸਿਆਵਾਂ ਨੂੰ ਨੇੜਿਉਂ ਹੋ ਕੇ ਵੇਖਿਆ ਤੇ ਫਿਰ ਉਹਨਾਂ ਦੀ ਹਾਲਤ ਬੇਹਤਰ ਬਨਾਉਣ ਲਈ ਸੰਘਰਸ਼ ਦਾ ਪੱਕਾ ਮਨ ਬਣਾ ਲਿਆ। ਲਖਾਂਡੇ ਦੀਨ ਬੰਧੂ ਦਾ ਸੰਪਾਦਕ ਬਣ ਗਿਆ ਸੀ ਜਿਤੀ ਰਾਓ ਦਾ ਸਾਥੀ ਲਖਾਂਡੇ ਮਿੱਲ ਮਜਦੂਰਾਂ ਦੇ ਖੇਤਰ ਵਿਚ ਕੰਮ ਕਰਨ ਲੱਗਾ ਤੇ ਕ੍ਰਿਸ਼ਨ ਰਾਓ ਖੇਤ ਮਜਦੂਰਾਂ ਦੇ ਖੇਤਰ ਵਿਚ। ਲਖਾਂਡੇ ਤੇ ਜੋਤੀਬਾ ਮਜਦੂਰਾਂ ਨੂੰ ਭਾਸ਼ਣ ਦਿੰਦੇ। ਲਖਾਂਡੇ ਨੇ ਕਾਰਕਰਾਂ ਨੂੰ ਸੰਗਠਤ ਕੀਤਾ ਤੇ ਮਿੱਲ ਹੈਂਡ ਸੰਗਠਨ ਬਣਾਇਆ। 1880 ਈ. ਵਿਚ ਜੋਤੀਬਾ ਫੂਲੇ, ਇਕ ਮਿਉਂਸਪਲ ਕਮਿਸ਼ਨਰ ਦੇ ਤੌਰ 'ਤੇ ਸਰਕਾਰੀ ਕੰਮ ਕਰਦੇ ਰਹੇ। ਉੱਥੇ ਉਹ ਸਰਕਾਰ ਦੇ ਖਿਲਾਫ ਗਰੀਬ ਲੋਕਾਂ ਅਤੇ ਮਿਉਂਸਪਲ ਮੈਂਬਰਾ ਦੇ ਅਧਿਕਾਰਾਂ ਦੀ ਖਾਤਰ ਲੜਦੇ ਰਹੇ। ਕਿਉਂਕਿ ਜੋਤੀਬਾ ਦਾ ਬੁਨਿਆਦੀ ਸਿਧਾਂਤ ਸੀ ਗਰੀਬ ਲੋਕਾਂ ਦੀ ਭਲਾਈ ਕਰਨਾ। ਜਦੋਂ ਸਰਕਾਰ ਨੇ ਸ਼ਹਿਰਾਂ ਅੰਦਰ ਸ਼ਰਾਬ ਦੀਆਂ ਦੁਕਾਨਾ ਖੋਲਣ ਦਾ ਫੈਸਲਾ ਕੀਤਾ ਤਾਂ ਜੋਤੀਬਾ ਨੇ ਇਸ ਦਾ ਵਿਰੋਧ ਵਿਚ ਲਿਖਿਆ ਕਿ ਸ਼ਰਾਬ ਮਨੁੱਖਤਾ ਦੀ ਨੈਤਿਕਤਾ ਨੂੰ ਹੀ ਨਹੀਂ ਸਗੋਂ ਸਿਹਤ ਵੀ ਬਰਬਾਦ ਕਰੇਗੀ। ਸ਼ਰਾਬ ਨੇ ਕਈ ਘਰ ਬਰਬਾਦ ਕੀਤੇ ਹਨ।

ਅਨੇਕ ਪੀੜ੍ਹੀਆਂ ਵਿਚ ਕਿਸੇ ਨੇ ਵੀ ਸਮਾਜਕ ਨਾਬਰਾਬਰੀ ਅਤੇ ਅਨਿਆਂ ਵਿਰੁੱਧ ਇਨੀ ਜਬਰਦਸਤ ਅਵਾਜ ਨਹੀਂ ਉਠਾਈ ਅਤੇ ਨਾ ਹੀ ਕੋਈ ਵਿਤਕਰਿਆਂ ਅਤੇ ਸਹੂਲਤਾਂ ਸਬੰਧੀ ਬੋਲਿਆ ਸੀ। ਜੋਤੀਬਾ ਸਦੀਆਂ ਤੋਂ ਲਿਤਾੜੇ ਲੋਕਾਂ ਨੂੰ ਜੀਵਨ ਦੀ ਨਵੀਂ ਝਲਕ ਦੇਣਾ ਚਾਹੁੰਦਾ ਸੀ। ਉਹ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਇੱਛਾਵਾਨ ਸੀ। ਉਸ ਦੀ ਤਮੰਨਾ ਸੀ ਕਿ ਹਰ ਪਿੰਡ ਗੰਦੀ ਆਦਤਾਂ ਤੋਂ, ਕਰਜੇ ਤੋਂ, ਸ਼ਰਾਬ ਤੋਂ ਰਹਿਤ ਹੋਵੇ। ਇਹ ਸਨ ਉਹ ਗੱਲਾਂ ਜੋ ਆਮ ਲੋਕਾਂ ਦੇ ਦਿਲਾਂ ਵਿਚ ਆਸ ਬੰਨ੍ਹਦੀਆਂ ਸਨ।

1882 ਈ. ਵਿਚ ਅੰਗਰੇਜੀ ਸਰਕਾਰ ਨੇ ਭਾਰਤ ਅੰਦਰਲੀਆਂ ਵਿਦਿਅਕ ਹਾਲਤਾਂ ਦਾ ਪਤਾ ਲਗਾਉਣ ਲਈ ਹੰਟਰ ਕਮਿਸ਼ਨ ਭੇਜਿਆ। ਜੋਤੀਬਾ ਨੇ ਮੰਗ ਕੀਤੀ ਕਿ 12 ਸਾਲ ਦੀ ਉਮਰ ਤੱਕ ਪ੍ਰਾਇਮਰੀ ਸਿਖਿਆ ਲਾਜਮੀ ਕੀਤੀ ਜਾਵੇ ਕਿਉਂਕਿ ਮਹਾਰਾਂ ਅਤੇ ਮਾਂਗਾ ਨੂੰ ਜਾਤੀ ਨਫਰਤ ਕਾਰਨ ਸਕੂਲਾਂ ਵਿਚੋਂ ਕੱਢ ਦਿੱਤਾ ਜਾਂਦਾ ਹੈ। ਉਹਨਾਂ ਨੂੰ ਉੱਚੀਆਂ ਜਾਤਾਂ ਦੇ ਬਰਾਬਰ ਬੈਠਣ ਨਹੀਂ ਦਿੱਤਾ ਜਾਂਦਾ। ਇਸ ਲਈ ਗਰੀਬਾਂ ਦੇ ਬੱਚਿਆਂ ਲਈ ਵੱਖਰੇ ਸਕੂਲ ਖੋਲ੍ਹੇ ਜਾਣ। ਉਹਨਾਂ ਕਿਹਾ ਕਿ ਅਧਿਆਪਕਾਂ ਦੀਆਂ ਲੋੜਾਂ ਨੂੰ ਸਮਝਦਿਆਂ, ਉਹਨਾਂ ਦੇ ਹਾਲਾਤ ਵੀ ਬੇਹਤਰ ਬਣਾਏ ਜਾਣੇ। ਜਿਵੇਂ, ਉਹਨਾਂ ਦਾ ਤਰਬਾ ਵਧਾਉਣਾ ਤਨਖਾਹਾਂ ਵਿਚ ਵਾਧਾ ਕਰਨਾ। ਅਧਿਆਪਕ ਸਿਖਲਾਈ ਪ੍ਰਾਪਤ ਹੋਣੇ ਚਾਹੀਦੇ ਹਨ। ਅਤੇ ਵਿਸ਼ੇਸ਼ ਕਰਕੇ ਕਿਸਾਨੀ ਜਾਂ ਮਜਦੂਰ ਜਮਾਤ 'ਚੋਂ ਹੋਣ ਜੋ ਵਿਦਿਆਰਥੀਆਂ ਨਾਲ ਘੁਲ-ਮਿਲ ਸਕਣ। ਜਦੋਂ ਕਿ ਉਸ ਸਮੇਂ ਜਿਆਦਾ ਗਿਣਤੀ ਵਿਚ ਬ੍ਰਾਹਮਣ ਹੀ ਅਧਿਆਪਕ ਲਗਾਏ ਗਏ ਸਨ ਜੋ ਕਿ ਆਪਣੇ ਧਰਮ ਕਾਰਨ ਛੋਟੀਆਂ ਜਾਤੀਆਂ ਦੇ ਗਰੀਬ ਲੋਕਾਂ ਨਾਲ ਨਫਰਤ ਕਰਦੇ ਸਨ। ਈਰਖਾ ਕਰਦੇ ਸਨ। ਮਿਉਂਨਿਸਪਲ ਕਮੇਟੀਆਂ ਨੂੰ ਸਕੂਲਾਂ ਨੂੰ ਗਰਾਂਟ ਦੇਣੀ ਚਾਹੀਦੀ ਹੈ। ਪ੍ਰਾਇਮਰੀ ਸਕੂਲਾਂ ਦੇ ਫੰਡਾ ਦਾ ਪ੍ਰਬੰਧ ਡੀ. ਪੀ. ਆਈ. (D.P.I.) ਕੋਲ ਹੋਣਾ ਚਾਹੀਦਾ ਹੈ। ਉੱਚੀ ਵਿਦਿਆ ਦਾ ਪ੍ਰਬੰਧ ਸਾਰਿਆਂ ਦੀ ਪਹੁੰਚ ਵਾਲਾ ਹੋਣਾ ਚਾਹੀਦਾ ਹੈ। ਦਸਵੀਂ ਤੱਕ ਦੀਆਂ ਕਿਤਾਬਾਂ ਸਰਕਾਰੀ ਨਿਗਰਾਨੀ ਹੇਠ ਛਪਣੀਆਂ ਚਾਹੀਦੀਆਂ ਹਨ।

ਅੰਤ ਵਿਚ ਜੋਤੀਬਾ ਨੇ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਸਰਕਾਰ ਨੂੰ ਇਸਤਰੀ ਵਿਦਿਆ (ਪ੍ਰਾਇਮਰੀ) ਦਾ ਪ੍ਰਬੰਧ ਵੱਡੇ 'ਤੇ ਸੁਹਿਰਦਤਾ ਨਾਲ ਕਰਨਾ ਚਾਹੀਦਾ ਹੈ। ਜੁਲਾਈ 1883 ਈ. ਵਿਚ ਜੋਤੀਬਾ ਨੇ ਆਪਣੀ ਪੁਸਤਕ ਪੂਰੀ ਕਰਕੇ ਇਕ ਮਹਾਰਾਜਾ ਬੜੋਦਾ ਅਤੇ ਦੂਜੀ ਗਵਰਨਰ ਜਨਰਲ ਆਫ ਇੰਡੀਆ ਨੂੰ ਭੇਜੀ। ਇਸ ਪੁਸਤਕ ਵਿਚ ਜੋਤੀਬਾ ਨੇ ਲਿਖਿਆ।

'ਵਿਦਿਆ ਬਿਨਾਂ ਬੁੱਧੀ ਗਈ।
ਬੁੱਧੀ ਬਿਨਾਂ ਸਦਾਚਾਰ ਗਿਆ।
ਸਦਾਚਾਰ ਬਿਨਾਂ ਤਰੱਕੀ ਰੁੱਕ ਗਈ।
ਤਰੱਕੀ ਬਿਨਾਂ ਦੌਲਤ ਮਿਟ ਗਈ।
ਦੌਲਤ ਬਿਨਾਂ ਸ਼ੂਦਰ ਤਬਾਹ ਹੋ ਗਏ।

ਇਹ ਸਾਰੇ ਦੁੱਖ ਅਨਪੜ੍ਹਤਾ ਕਾਰਨ ਵਾਪਰੇ।"

ਜੋਤੀਬਾ ਨੇ ਸਰਕਾਰ ਨੂੰ ਲਿਖਿਆ ਕਿ ਉਹ ਉਹਨਾਂ ਗਰੀਬਾਂ ਦੀ ਹਾਲਤ ਬਦਲਣ ਲਈ ਯਤਨ ਕਰੇ। ਜਿਵੇਂ ਭਾਰਤੀ ਕਿਸਾਨਾਂ ਦੇ ਕਰਜੇ ਮੁਆਫ ਕੀਤੇ ਜਾਣ। ਉਹਨਾਂ ਤੋਂ ਟੈਕਸ ਨਾ ਲਏ ਜਾਣ ਤਾਂ ਕਿ ਉਹ ਚੰਗਾ ਖਾ ਸਕਣ ਅਤੇ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਜੋਗੇ ਹੋ ਸਕਣ। ਕਿਸਾਨਾਂ ਅਤੇ ਨੀਵੀਆਂ ਜਾਤਾਂ ਦੀ ਨਿਘਰਦੀ ਹੋਈ ਹਾਲਤ ਤੋਂ ਸਦਾ ਚਿੰਤਾਤੁਰ ਰਹਿੰਦੇ ਸਨ ਤੇ ਉਹ ਕਦੀ ਵੀ ਇਹਨਾਂ ਦੀ ਅਸਲੋਂ ਵਿਗੜ ਚੁੱਕੀ, ਮੰਦੀ ਹਾਲਤ ਦਾ ਜਿਕਰ ਕਰਨੋਂ ਚੁੱਕਦੇ ਨਹੀਂ ਸਨ। ਉਹ ਬਹੁਤ ਦੁੱਖੀ ਹੁੰਦੇ ਜਦੋਂ ਉਹ ਸੋਚਦੇ ਕਿ ਅਗਿਆਨਤਾ ਕਾਰਨ ਇਹ ਲੋਕ ਬ੍ਰਾਹਮਣੀ ਰੀਤਾਂ ਰਿਵਾਜਾਂ ਵਿਚ ਏਨੀ ਬੁਰੀ ਤਰ੍ਹਾਂ ਫਸ ਚੁੱਕੇ ਸਨ ਕਿ ਇਹਨਾਂ ਦੀ ਜਿੰਦਗੀ ਨੂੰ ਕਦੀ ਵੀ ਸੁੱਖ ਦਾ ਸਾਹ ਨਹੀਂ ਮਿਲਦਾ। ਉਹ ਬੇਅਰਥ ਪੂਜਾ ਅਤੇ ਦਾਨ ਕਰਨ ਦੇ ਚੱਕਰਾਂ ਵਿਚ ਫਸਕੇ ਸਿਰਫ ਆਪਣਾ ਜੀਵਨ ਹੀ ਤਬਾਹ ਨਹੀਂ ਕਰ ਰਹੇ ਸਨ ਸਗੋਂ ਆਪਣੀ ਗੁਲਾਮੀ ਦੀ ਉਮਰ ਵਧਾ ਰਹੇ ਸਨ. ਇਸੇ ਕਰਕੇ ਜੋਤੀਬਾ ਲੋਕ ਬੋਲੀ ਵਾਲੇ ਸਕੂਲ ਵੱਡੀ ਪੱਧਰ ਤੇ ਖੋਲਣ ਦੇ ਇੱਛਾਵਾਨ ਸਨ। ਉਹਨਾਂ ਨੇ ਆਦਰਸ਼ ਸਕੂਲ ਖੋਲ ਕੇ ਲੋਕਾਂ ਨੂੰ ਨਵੀਂ ਜਿੰਦਗੀ ਬਾਰੇ ਦੱਸਣਾ ਚਾਹਿਆ। ਉਹ ਚਾਹੁੰਦੇ ਸਨ ਕਿ ਇਹਨਾਂ ਸਕੂਲਾਂ ਦੇ ਅਧਿਆਪਕ ਸ਼ੂਦਰ ਹੋਣੇ ਚਾਹੀਦੇ ਹਨ। ਸਿਖਿਆ ਲਾਜਮੀ ਹੋਵੇ ਤੇ ਸਖਤੀ ਨਾਲ ਲਾਗੂ ਕੀਤੀ ਜਾਵੇ।

ਜੋਤੀ ਰਾਓ ਫੂਲੇ ਦਾ ਸਾਥੀ ਨਰਾਇਣ ਮੇਘ ਜੀ ਲਖਾਂਡੇ ਮਿਲ-ਮਜਦੂਰਾਂ ਲਈ ਸੰਘਰਸ਼ ਕਰ ਰਿਹਾ ਸੀ ਭਾਰਤੀ ਮਜਦੂਰ ਲਹਿਰ, ਜੋ ਕਿ ਸਤਿਆ ਸ਼ੋਧਕ ਸਮਾਜ ਹੀ ਸੀ, ਨੂੰ ਲਖਾਂਜੇ ਚਲਾ ਰਿਹਾ ਸੀ। 1881 ਈ. ਦੇ ਐਕਟ ਅਧੀਨ ਮਜਦੂਰਾਂ,ਔਰਤ ਮਜਦੂਰਾਂ ਅਤੇ ਛੋਟੇ ਬੱਚਿਆ ਬਾਰੇ ਕਾਫੀ ਕੁਝ ਪਾਸ ਕੀਤਾ ਗਿਆ ਸੀ। ਪਰੰਤੂ ਲਾਗੂ ਨਹੀਂ ਸੀ ਕੀਤਾ ਜਾ ਰਿਹਾ। ਲਖਾਂਡੇ ਨੇ ਇਸ ਮੁੱਦੇ ਨੂੰ ਲੈ ਕੇ ਸੰਘਰਸ਼ ਸ਼ੁਰੂ ਕਰ ਦਿੱਤਾ। ਮਈ 1884 ਈ. ਵਿਚ ਬੰਬੇ ਦੇ ਕੁਲੈਕਟਰ ਦੀ ਅਗਵਾਈ ਵਿਚ ਕਮੇਟੀ ਬਿਠਾਈ ਗਈ। ਲਖਾਂਡੇ ਅਤੇ ਹੋਰ 35 ਲੋਕਾਂ ਨੇ ਗਵਾਹੀਆਂ ਦਿੱਤੀਆਂ ਤਾਂ ਬੱਚਿਆ ਦੇ ਰੋਜਗਾਰ ਅਤੇ ਔਰਤਾਂ ਦੇ ਕੰਮ ਦੇ ਸਮੇਂ ਨੂੰ ਕੁੱਝ ਹਾਲਤਾਂ ਤਕ ਠੀਕ ਕਰਿਆ ਗਿਆ। ਜੋਤੀਬਾ ਨੇ ਪੂਰੀ ਦਿਲਚਸਪੀ ਨਾਲ ਇਸ ਸੰਘਰਸ਼ ਵਿਚ ਹਿੱਸਾ ਲਿਆ। ਸਤਿਆ ਸ਼ੋਧਕ ਸਮਜ ਬਣਾਇਆ ਹੀ ਕਿਸਾਨਾਂ ਅਤੇ ਮਿੱਲ ਮਜਦੂਰਾਂ ਦੀਆਂ ਤਕਲੀਫਾਂ ਦੂਰ ਕਰਵਾਉਣ ਵਾਸਤੇ ਸੀ। ਇਸ ਸੰਘਰਸ਼ ਨੇ ਮਜਦੂਰਾਂ ਦੇ ਆਰਥਕ ਹਾਲਤ ਅਤੇ ਸਮਾਜਕ ਇਨਸਾਫ ਨੂੰ ਬੇਹਤਰ ਬਣਾਇਆ।

ਇਸੇ ਕਰਕੇ ਜੋਤੀਬਾ ਨੇ ਆਪਣੇ ਧਾਰਮਕ ਸਮਾਗਮਾਂ ਵਿਚੋਂ ਬ੍ਰਾਹਮਣਾਂ ਨੂੰ ਤਿਆਗ ਦਿੱਤਾ ਸੀ ਅਤੇ ਇਹ ਸਮਾਗਮ ਜਾਂ ਕਾਰਜ ਹੁਣ ਸ਼ੂਦਰ ਆਪ ਹੀ ਨਿਭਾਇਆ ਕਰਦੇ ਸਨ। ਬ੍ਰਾਹਮਣ ਪੁਜਾਰੀਆਂ ਦਾ ਬਾਈਕਾਟ ਕਰ ਦਿੱਤਾ ਗਿਆ ਸੀ। ਏਸੇ ਸਮੇਂ ਵਿਚ ਜੁਨਾਰ ਵਿਚ ਕਿਸਾਨਾਂ ਨੇ ਸਰਕਾਰ ਨੂੰ ਲਿਖਕੇ ਭੇਜਿਆ ਕਿ ਉਨ੍ਹਾਂ ਨੂੰ ਸ਼ਾਹੂਕਾਰਾਂ ਅਤੇ ਜਾਗੀਰਦਾਰਾਂ, ਜੋ ਜਿਆਦਾ ਕਰਕੇ ਬ੍ਰਾਹਮਣ ਹੀ ਸਨ, ਤੋਂ ਬਚਾਇਆ ਜਾਵੇ । ਆਪਣੀਆਂ ਮੰਗਾਂ ਮੰਨਵਾਉਣ ਲਈ ਕਿਸਾਨਾਂ ਨੇ ਇਸ ਸਾਲ ਲਈ ਹਲ ਚਲਾਉਣਾ ਬੰਦ ਕਰ ਦਿੱਤਾ ਅਤੇ ਸਰਕਾਰ 'ਤੇ ਦਬਾਅ ਪਾਇਆ ਕਿ ਉਹ, ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰੇ । ਜੋਤੀਬਾ ਨੇ ਸੰਘਰਸ਼ ਦੀ ਅਗਵਾਈ ਕੀਤੀ । ਸਰਕਾਰੀ ਅਫਸਰ, ਜਗੀਰਦਾਰਾਂ ਅਤੇ ਸ਼ਾਹੂਕਾਰਾਂ ਨੇ ਜੋਤੀਬਾ ਨਾਲ, ਜੋ ਕਿਸਾਨਾਂ ਦਾ ਨੇਤਾ ਸੀ, ਸਨਮਾਨ ਵਾਲਾ ਸਮਝੌਤਾ ਕੀਤਾ । ਮਈ 24, 1885 ਈ. ਨੂੰ ਸਰਵਜਨਕ ਹਾਲ ਵਿਚ ਮਰਾਠੀ ਲੇਖਕਾਂ ਦਾ ਇਕ ਸਮਾਗਮ ਕੀਤਾ ਗਿਆ । ਰਾਨਾਡੇ ਨੇ ਜੋਤੀਬਾ ਨੂੰ ਸੱਦਾ ਪੱਤਰ ਭੇਜਿਆ, ਜਿਸ ਦੇ ਉਤਰ ਵਿਚ ਜੋਤੀਬਾ ਨੇ ਲਿਖਿਆ, "ਮੈਂ ਬਹੁਤ ਖੁਸ਼ ਹੋਇਆ ਤੁਹਾਡਾ ਸੱਦਾ ਪੱਤਰ ਪ੍ਰਾਪਤ ਕਰਕੇ, ਪ੍ਰੰਤੂ ਓ ਪਿਆਰੇ ਭਾਈ, ਸਾਡੀਆਂ ਸੰਸਥਾਵਾਂ ਅਤੇ ਕਿਤਾਬਾਂ ਦਾ ਉਨ੍ਹਾਂ ਲੇਖਕਾਂ ਨਾਲ ਕੋਈ ਸੰਬੰਧ ਨਹੀਂ, ਵਾਸਤਾ ਨਹੀਂ ਹੁੰਦਾ, ਜਿਹੜੇ ਹੌਸਲੇ ਨਾਲ ਮਨੁੱਖੀ ਅਧਿਕਾਰਾਂ ਬਾਰੇ ਖੁੱਲੇ ਰੂਪ ਵਿਚ ਅਤੇ ਖਾਹਸ਼ ਨਾਲ ਕੁਝ ਨਾ ਕਹਿ ਸਕਣ ਅਤੇ ਜਿਸ ਤਰ੍ਹਾਂ ਦੇ ਹਾਲਾਤ ਚਲਦੇ ਆ ਰਹੇ ਹਨ, ਉਨ੍ਹਾਂ ਤੋਂ ਕਿਆਫਾ (ਅੰਦਾਜ਼ਾ) ਲਾਇਆ ਜਾ ਸਕਦਾ ਹੈ ਕਿ ਉਹ ਲੇਖਕ ਆਪਣੇ ਆਪ ਨੂੰ ਕਦੀ ਵੀ ਉਨ੍ਹਾਂ ਲੋਕਾਂ ਦੇ ਅਧਿਕਾਰ ਦੇਣ ਲਈ, ਜਿਨ੍ਹਾਂ ਤੋਂ ਇਹ ਖੋਹੇ ਗਏ ਹਨ, ਤਿਆਰ ਨਹੀਂ ਕਰ ਸਕਣਗੇ । ਉਨ੍ਹਾਂ ਦੀਆਂ ਕਿਤਾਬਾਂ ਦਾ ਸੰਦੇਸ਼ ਅਤੇ ਸਿਖਿਆਵਾਂ ਇਕ ਲਿਫਾਫੇਬਾਜ਼ੀ ਹੈ, ਜੋ ਸਾਡੀਆਂ ਕਿਤਾਬਾਂ ਦੇ ਸੰਦੇਸ਼ ਤੋਂ ਵੱਖ ਹੈ । ਉਨ੍ਹਾਂ ਦੇ ਦਾਦਿਆਂ ਪੜਦਾਦਿਆਂ ਨੇ ਸ਼ੂਦਰਾਂ ਅਤੇ ਅਤੀ ਸ਼ੂਦਰਾਂ ਉੱਤੇ ਗੁੱਸਾ ਖਾ ਕੇ ਅਤੇ ਆਪਣੀਆਂ ਫਜ਼ੂਲ ਲਿਖਤਾਂ ਵਿਚ, ਉਨ੍ਹਾਂ ਨੂੰ ਆਪਣੇ ਗੁਲਾਮ ਸਮਝਕੇ ਨਕਾਰਿਆ ਹੈ । ਉਨ੍ਹਾਂ ਦੇ ਪੁਰਾਣੇ ਗ੍ਰੰਥ ਇਸ ਗੱਲ ਦੀ ਗਵਾਹੀ ਭਰਦੇ ਹਨ । ਦੁੱਖ ਅਤੇ ਤਕਲੀਫਾਂ, ਜੋ ਸ਼ੂਦਰਾਂ ਅਤੇ ਅਤੀ ਸ਼ੂਦਰਾਂ ਨੇ

ਝੱਲੀਆਂ ਹਨ ਅਤੇ ਜਿਹੜੀਆਂ ਅਜੇ ਜ਼ਿੰਦਗੀ ਵਿਚ ਝੱਲਣੀਆਂ ਹਨ, ਇਨ੍ਹਾਂ ਨੂੰ ਉਹ ਸਿਆਣੇ ਲੋਕ ਨਹੀਂ ਸਮਝਦੇ ਤੇ ਜਿਹੜੇ ਅਜਿਹੀਆਂ ਮੀਟਿੰਗਾਂ ਵਿਚ ਵਿਅਰਥ ਤੇ ਅਚਨਚੇਤ ਭਾਸ਼ਨ ਕਰਦੇ ਹਨ।"

"ਅਸੀਂ ਸ਼ੂਦਰ, ਹੁਣ ਹੋਰ ਜ਼ਿਆਦਾ, ਸ਼ੋਸ਼ਕਾਂ ਦੀ ਜ਼ਬਾਨੀ ਕਲਾਮੀ ਤਸੱਲੀਆਂ 'ਤੇ ਵਿਸ਼ਵਾਸ ਨਹੀਂ ਕਰਾਂਗੇ।ਮੁਕਦੀ ਗੱਲ ਕਿ ਅਸੀਂ ਉਨ੍ਹਾਂ ਨਾਲ ਰਲ ਮਿਲਕੇ ਕੋਈ ਚੀਜ਼ ਪ੍ਰਾਪਤ ਨਹੀਂ ਕਰ ਸਕਾਂਗੇ।ਸਾਨੂੰ ਸਿਰਫ ਆਪਣੇ ਬਾਰੇ ਸੋਚਣਾ ਚਾਹੀਦਾ ਹੈ ਅਤੇ ਆਪਣੇ ਆਪ 'ਤੇ ਹੀ ਭਰੋਸਾ ਕਰਨਾ ਚਾਹੀਦਾ ਹੈ।"

ਇਨਾ ਵੱਡਾ ਦਿਲ ਸੀ ਅਤੇ ਦਲੇਰੀ ਸੀ ਉਸ ਮਹਾਨ ਜੋਤੀਬਾ ਦੀ, ਜਿਸਨੇ ਮੰਨੇ-ਪ੍ਰਮੰਨੇ ਰਾਨਾਡੇ ਵਰਗੇ ਸਮਾਜ-ਸੁਧਾਰਕ ਨੂੰ ਖਰੀਆਂ-ਖਰੀਆਂ ਸੁਣਾ ਕੇ ਸੱਚ ਦਾ ਮਾਰਗ ਦਿਖਾਇਆ ਤੇ ਦੱਸਿਆ ਕਿ ਉੱਚੀਆਂ ਜਾਤੀਆਂ ਦੇ ਵੱਲੋਂ ਚਲਾਈਆਂ ਜਾਂਦੀਆਂ ਸਮਾਜ ਸੁਧਾਰ ਲਹਿਰਾਂ ਇਕ 'ਪਾਖੰਡਬਾਜ਼ੀ' ਹੈ, ਸਟੰਟ ਹੈ, ਨਿਰੀ ਲਿਫਾਫੇਬਾਜ਼ੀ ਹੈ, ਜਿਸ ਨਾਲ ਉਹ ਨੀਵੇਂ ਲੋਕਾਂ ਨੂੰ ਆਪਣੇ ਹਮਦਰਦ ਬਣਾ ਲੈਂਦੇ ਹਨ।ਜੋਤੀਬਾ ਨੂੰ ਅਜਿਹੇ ਪਾਖੰਡੀ ਸਮਾਜ ਸੁਧਾਰਕਾਂ, ਪ੍ਰਚਾਰਕਾਂ, ਲੇਖਕਾਂ ਜਾਂ ਆਗੂਆਂ ਵਿਚ ਉੱਕਾ ਵਿਸ਼ਵਾਸ ਨਹੀਂ ਸੀ।

ਪ੍ਰਾਥਨਾ ਸਮਾਜ ਅਤੇ ਬ੍ਰਹਮੋ ਸਮਾਜ ਬਾਰੇ ਲਿਖਦਿਆਂ ਜੋਤੀਬਾ ਨੇ ਕਿਹਾ ਕਿ ਜਦੋਂ ਤੱਕ ਉਹ (ਉੱਚੀਆਂ ਜਾਤਾਂ ਵਾਲੇ) ਸ਼ੂਦਰਾਂ ਅਤੇ ਅਤੀ ਸ਼ੂਦਰ ਨਾਲ ਘੁਲਮਿਲ ਨਹੀਂ ਜਾਂਦੇ ਅਤੇ ਉਨ੍ਹਾਂ ਨੂੰ ਆਪਣੇ ਵਰਗੇ ਨਹੀਂ ਸਮਝ ਲੈਂਦੇ, ਉਨ੍ਹਾਂ (ਉੱਚੀ ਜਾਤੀ ਦੇ ਲੋਕਾਂ) ਲਈ ਬੇਹਤਰ ਇਹੀ ਹੈ ਕਿ ਉਹ ਸ਼ੂਦਰਾਂ ਨੂੰ ਆਪਣੀਆਂ ਸੰਸਥਾਵਾਂ ਵਿਚ ਸ਼ਾਮਲ ਕਰਨ ਵਾਲਿਆਂ ਗੱਲਾਂ ਛੱਡ ਦੇਣ।ਹਿੰਦੂਆਂ ਬਾਰੇ ਜੋਤੀਬਾ ਨੇ ਕਿਹਾ ਕਿ ਆਖਰਕਾਰ ਸ਼ੂਦਰਾਂ ਵਾਸਤੇ ਇਸ ਧਰਮ ਦਾ ਅਰਥ ਹੈ 'ਬ੍ਰਾਹਮਣਾਂ ਦੀ ਗੁਲਾਮੀ'।ਜੋਤੀਬਾ ਨੇ ਇਸ ਤੋਂ ਅੱਗੇ ਦੋ ਕਦਮ ਜਾਂਦਿਆਂ ਕਿਹਾ "ਬ੍ਰਾਹਮਣੀ ਧਰਮ ਨੇ ਰੱਬ ਨਾਲ ਵੀ ਧੋਖਾ ਕੀਤਾ ਅਤੇ ਸ਼ੂਦਰਾਂ ਉੱਪਰ ਗੁਲਾਮੀ ਠੋਸ ਦਿੱਤੀ।ਇਹ ਧਰਮ ਕੋਈ ਧਰਮ ਨਹੀਂ।ਇਸ ਲਈ ਬ੍ਰਾਹਮਣਾਂ ਨੂੰ ਸ਼ੂਦਰਾਂ ਦੀ ਭਲਾਈ ਲਈ ਮਗਰਮੱਛੀ ਹੰਝੂ ਨਹੀਂ ਵਹਾਉਣੇ ਚਾਹੀਦੇ।"

ਜੋਤੀਬਾ ਨੂੰ ਕਾਂਗਰਸੀ ਲੀਡਰਾਂ ਵਿਚ ਵਿਸ਼ਵਾਸ ਨਹੀਂ ਸੀ।ਉਸ ਨੇ ਕਿਹਾ ਕਿ, ਉਦੋਂ ਤੀਕ ਕੋਈ ਆਪਣੇ ਆਪ ਨੂੰ ਕੌਮੀ ਬੰਦਾ ਨਹੀਂ ਅਖਵਾ ਸਕਦਾ, ਜਦੋਂ ਤੀਕ ਉਹ ਮਹਾਰਾਂ, ਮਾਂਗਾਂ ਅਤੇ ਕਿਸਾਨਾਂ ਦੀ ਭਲਾਈ ਵਿਚ ਖਾਸ ਦਿਲਚਸਪੀ ਨਹੀਂ ਲੈਂਦਾ।ਮੁੱਢਲੇ ਰੂਪ ਵਿਚ ਕਾਂਗਰਸੀ ਬਰਤਾਨਵੀ ਕੌਮੀ ਗੀਤ ਗਾਉਂਦੇ ਸਨ ਅਤੇ ਸਾਲਾਨਾ ਸਮਾਗਮਾਂ 'ਤੇ ਯੂਨੀਅਨ ਜੈਕ ਦਾ ਝੰਡਾ ਲਹਿਰਾਉਂਦੇ ਸਨ।ਜੋਤੀਬਾ ਫੂਲੇ, ਅੰਗਰੇਜ਼ੀ ਰਾਜ ਅਤੇ ਬ੍ਰਾਹਮਣੀ ਰਾਜ ਦੇ ਜ਼ਮੀਨ ਅਸਮਾਨ ਦੇ ਫਰਕ ਨੂੰ ਸਮਝ ਕੇ ਇਹ ਤਾਂ ਕਹਿੰਦੇ ਸਨ ਕਿ ਉਹ ਰਾਜ ਪੇਸ਼ਵਾਵਾਂ ਦੇ ਰਾਜ ਨਾਲੋਂ ਲੱਖਾਂ ਦਰਜੇ ਚੰਗਾ ਹੈ, ਜਦੋਂ ਸ਼ੂਦਰਾਂ ਨੂੰ ਜੀਵਨ ਜਿਉਣ ਲਈ ਕੁਝ ਰਾਹਤ ਮਿਲੀ ਹੈ, ਪ੍ਰੰਤੂ ਉਹ ਕਦੀ ਵੀ ਇਹ ਨਹੀਂ ਸਨ ਚਾਹੁੰਦੇ ਕਿ ਇਹ ਰਾਜ ਸਦਾ ਰਹੇ।ਭਾਵ ਜੋਤੀਬਾ ਦਾ ਸਵੈਰਾਜ ਵਿਚ ਵਿਸ਼ਵਾਸ ਸੀ, ਕਿਸੇ ਦੀ ਗੁਲਾਮੀ ਵਿਚ ਨਹੀਂ।ਫੇਰ ਵੀ ਗੁਲਾਮੀ ਵਾਲੇ ਰਾਜਾਂ ਵਿਚੋਂ ਅੰਗਰੇਜ਼ੀ ਰਾਜ ਨੂੰ ਤਰਜੀਹ ਦਿੰਦੇ ਸਨ, ਜਿਸ ਵਿਚ ਉਸ ਦੇ ਲੋਕਾਂ ਨੂੰ ਖੁੱਲ੍ਹ ਕੇ ਸਾਹ ਲੈ ਸਕਣ ਦਾ ਮੌਕਾ ਮਿਲਿਆ, ਜਿਸ ਰਾਜ ਵਿਚ ਬ੍ਰਾਹਮਣ ਤੇ ਹੋਰ ਉੱਚੀਆਂ ਜਾਤੀਆਂ ਨੂੰ ਵੀ ਕਾਨੂੰਨ ਦੇ ਸਾਹਮਣੇ ਬਰਾਬਰ ਖਲੋਣਾ ਪਿਆ।ਜਦੋਂ ਉਚ ਜਾਤੀਏ ਲੋਕ ਸ਼ੂਦਰਾਂ 'ਤੇ ਮਨਮਰਜ਼ੀ ਨਾਲ ਜ਼ੁਲਮ ਕਰਨ ਤੋਂ ਕੁਝ ਝਿਜਕਣ ਲੱਗੇ।ਮਨੂੰ ਸਿਮਰਤੀ ਦਾ ਕਾਨੂੰਨ ਘਟਿਆ।ਦੂਜੇ ਪਾਸੇ ਬਾਲਗੰਗਾਧਰ ਤਿਲਕ (ਬ੍ਰਾਹਮਣ ਨੇਤਾ) ਨੇ ਇੰਗਲੈਂਡ ਦੀ ਬਰਤਾਨਵੀ ਕੋਰਟ ਵਿਚ ਬਿਆਨ ਵਿਚ ਕਿਹਾ, "ਜੇ ਮੁਕਤੀ ਦਾ ਅਰਥ ਹੈ ਵਧੇਰੇ ਅਧਿਕਾਰ ਲੈਣੇ ਤਾਂ ਮੈਂ ਇਸ ਨਾਲ ਸਹਿਮਤ ਹਾਂ।ਪ੍ਰੰਤੂ ਜੇ ਮੁਕਤੀ ਦਾ ਅਰਥ ਹੈ 'ਅੰਗਰੇਜ਼ ਰਾਜ ਤੋਂ ਮੁਕੰਮਲ ਅਜ਼ਾਦੀ' ਤਾਂ ਮੈਂ ਇਸ ਨਾਲ ਸਹਿਮਤ ਨਹੀਂ।"

ਇਹੀ ਕਾਰਨ ਸੀ ਕਿ ਜੋਤੀਬਾ ਨੇ ਸ਼ੂਦਰਾਂ ਨੂੰ ਚੇਤਾਵਨੀ ਦਿੱਤੀ ਕਿ ਜੇ ਉਨ੍ਹਾਂ ਨੇ ਕਾਂਗਰਸ ਦਾ ਸਾਥ ਦਿੱਤਾ ਤਾਂ ਕਾਂਗਰਸ ਵਿਚ ਸ਼ਾਮਲ ਹੋਏ ਤਾਂ ਉਹ ਜੀਵਨ ਦੇ ਹਰ ਖੇਤਰ ਵਿਚ ਆਪਣਾ ਸਭ ਕੁਝ ਗੁਆ ਬੈਠਣਗੇ, ਕਿਉਂਕਿ ਕਾਂਗਰਸ ਬ੍ਰਾਹਮਣਾ ਦੇ ਹੱਥਾਂ ਵਿਚ ਪਲ ਰਹੀ ਇਕ ਸੰਸਥਾ ਹੈ।ਮਹਾਨ ਜੋਤੀਬਾ ਨੇ ਇਸ ਕਰਕੇ ਸਪੱਸ਼ਟ ਕਹਿ ਦਿੱਤਾ ਸੀ ਕਿ ਬ੍ਰਾਹਮਣ ਕਦੀ ਵੀ ਸ਼ੂਦਰਾਂ ਨੂੰ ਸਮਾਜਿਕ ਅਤੇ ਆਰਥਿਕ ਬਰਾਬਰੀ ਨਹੀਂ ਦੇਣਗੇ।ਜੋਤੀਬਾ ਚਾਹੁੰਦੇ ਸਨ ਕਿ ਭਾਰਤੀ ਸਮਾਜ ਅੰਦਰ ਰੋਟੀ ਬੇਟੀ ਦੀ ਸਾਂਝ ਬਹਾਲ ਹੋਵੇ।ਉਨ੍ਹਾਂ ਨੇ ਕਿਹਾ ਕਿ ਜੋ ਲੋਕ, ਛੋਟੀਆਂ ਜਾਤਾਂ ਦੇ ਲੋਕਾਂ ਨੂੰ ਨਫਰਤ ਕਰਦੇ ਹਨ, ਉਨ੍ਹਾਂ ਦਾ ਬਾਈਕਾਟ ਕੀਤਾ ਜਾਵੇ।ਜੋਤੀਬਾ ਅਨੁਸਾਰ ਜਾਤੀਵਾਦ, ਬ੍ਰਾਹਮਣਾਂ ਲਈ ਉੱਤਮ ਪ੍ਰਬੰਧ ਹੈ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਸਾਰੇ ਫਾਇਦੇ ਮਿਲਦੇ ਹਨ, ਪ੍ਰੰਤੂ ਸ਼ੂਦਰਾਂ ਨੂੰ ਇਸ ਦਾ ਹਰ ਖੇਤਰ ਵਿਚ ਨੁਕਸਾਨ ਹੋਇਆ ਹੈ।ਜਾਤੀਵਾਦ ਉਨ੍ਹਾਂ ਨੇ (ਬ੍ਰਾਹਮਣਾਂ ਨੇ) ਸ਼ੂਦਰਾਂ ਨੂੰ

ਲੁੱਟਣ, ਦਬਾਈ ਰੱਖਣ ਤੇ ਗੁਲਾਮ ਬਣਾਈ ਰੱਖਣ ਲਈ ਹੀ ਬਣਾਇਆ ਸੀ ।

ਜੋਤੀਬਾ ਨੇ ਬ੍ਰਾਹਮਣਾਂ ਦੁਆਰਾ ਲਿਖੇ ਇਤਿਹਾਸ 'ਤੇ ਕਦੀ ਵਿਸ਼ਵਾਸ ਨਹੀਂ ਕੀਤਾ, ਕਿਉਂਕਿ ਇਹ ਇਤਿਹਾਸ ਉਨ੍ਹਾਂ ਦੁਆਰਾ, ਉਨ੍ਹਾਂ ਦੇ ਆਪਣੇ ਹਿੱਤਾਂ ਨੂੰ ਪੂਰਨ ਵਾਲਾ, ਲਿਖਿਆ ਜਾਂਦਾ ਰਿਹਾ ਹੈ । ਹਿੰਦੂ ਗ੍ਰੰਥ ਇਸ ਗੱਲ ਦਾ ਸਬੂਤ ਹਨ । ਜੋਤੀਬਾ ਨੂੰ ਤਾਤਿਆਂ ਸਾਹਿਬ ਵੀ ਕਿਹਾ ਜਾਂਦਾ ਸੀ । ਉਹ ਮੰਦੇ ਗੈਰ-ਇਨਸਾਨੀ ਕੰਮ ਕਰਨ ਵਾਲਿਆਂ ਦੇ ਸਨਮੁੱਖ ਇਕ ਸ਼ਕਤੀਸ਼ਾਲੀ ਵਿਅਕਤੀਤਵ ਦੇ ਮਾਲਕ ਸਨ । ਦੁਸ਼ਮਣ ਹਮੇਸ਼ਾ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਲਈ, ਕੁਝ ਭੈੜੇ ਲੋਕਾਂ ਨੂੰ ਖਰੀਦ ਕੇ ਛੱਡਦਾ ਰਿਹਾ, ਪ੍ਰੰਤੂ ਜੋਤੀਬਾ ਤਾਂ ਬ੍ਰਾਹਮਣਾਂ ਨਾਲੋਂ ਕਿਤੇ ਵੱਧ ਪ੍ਰਭਾਵਸ਼ਾਲੀ ਅਤੇ ਪ੍ਰਤਿਭਾਸ਼ਾਲੀ ਸਨ । ਫਿਰ ਵੀ ਮੰਦ ਬੁੱਧੀ ਵਾਲੇ ਗਲਤ ਹੱਥੀਂ ਚੜ੍ਹੇ, ਕੁਝ ਭੈੜੇ ਲੋਕ ਉਨ੍ਹਾਂ (ਜੋਤੀਬਾ) ਪ੍ਰਤੀ ਮੰਦੀ ਭਾਵਨਾ ਅਤੇ ਪ੍ਰੇਸ਼ਾਨ ਕਰਨ ਵਾਲੀ ਸਥਿਤੀ ਪੈਦਾ ਕਰਨ ਵਿਚ ਲੱਗੇ ਜਾਂ ਲਗਾਏ ਜਾਂਦੇ ਰਹੇ ਅਤੇ ਪੁਰਜ਼ੋਰ ਕੋਸ਼ਿਸ਼ ਕੀਤੀ ਜਾਂਦੀ ਰਹੀ ਕਿ ਉਨ੍ਹਾਂ ਨੂੰ ਹਿੰਸਕ ਤੌਰ ਤਰੀਕੇ ਅਪਨਾਉਣ ਲਈ ਮਜਬੂਰ ਕੀਤਾ ਜਾਵੇ । ਮੰਦੀਆਂ ਤੇ ਉਲਟ ਗਲਾਂ ਫੈਲਾਉਣਾ ਉਹ ਲੋਕ, ਜੋਤੀਬਾ ਦੀ ਵਧ ਰਹੀ ਲੋਕਪ੍ਰੀਅਤਾ ਨੂੰ ਘਟਾਉਣ ਲਈ ਜ਼ਰੂਰੀ ਸਮਝਦੇ ਸਨ । ਪੁੱਠੇ ਸਿੱਧੇ ਪ੍ਰਸ਼ਨ ਕਰਨ ਨਾਲ ਉਨ੍ਹਾਂ ਦੀ ਸ਼ਾਂਤੀ ਭੰਗ ਕਰਕੇ, ਕਿਸੇ ਆਮ ਬੰਦੇ ਨਾਲ ਲੜਾ ਕੇ, ਉਨ੍ਹਾਂ ਨੂੰ ਹਿੰਸਕ ਭਾਵਨਾਵਾਂ ਦੇ ਵੱਸ ਕਰਕੇ, ਉਨਾਂ ਦੀ ਅਸਲੀ ਸ਼ਕਤੀ ਨੂੰ ਨਸ਼ਟ ਕਰਨ ਦਾ ਮਨੋਰਥ ਪੂਰਾ ਹੁੰਦਾ ਸੀ । ਉਨ੍ਹਾਂ ਨੂੰ (ਜੋਤੀਬਾ ਨੂੰ) ਦਿਮਾਗੀ ਅਤੇ ਜਾਨੀ ਤੌਰ 'ਤੇ ਖਤਮ ਕਰਨ ਕਰਵਾਉਣ ਦੀ ਚਾਲ ਵਿਰੋਧੀਆਂ ਵਲੋਂ ਚਲਾਈ ਜਾਂਦੀ ਰਹੀ । ਅਜਿਹਾ ਸੰਸਾਰ ਦੇ ਸਾਰੇ ਮਹਾਨ ਮਨੁੱਖਾਂ ਨਾਲ ਵਾਪਰਿਆ ਹੈ ।

ਜੋਤੀਬਾ ਨੇ 'ਰਾਇਲ ਹਿਜ਼ ਹਾਈਨੈੱਸ' ਭਾਵ ਮਾਨਯੋਗ 'ਉੱਚੇ ਲੋਕ' ਵੱਲ ਸੰਬੋਧਨ ਕਰਕੇ ਕਿਹਾ ਕਿ, "ਉਹ ਇਥੇ ਬੈਠੇ ਲੋਕਾਂ ਦੇ ਸੁੰਦਰ ਕੱਪੜਿਆਂ ਅਤੇ ਚਮਕਦੇ ਹੀਰਿਆਂ ਨੂੰ ਵੇਖਕੇ ਭੁਲੇਖੇ ਖਾ ਗਏ ਹੋਣਗੇ ਕਿ ਭਾਰਤ ਅਮੀਰ ਤੇ ਖੁਸ਼ਹਾਲ ਮੁਲਕ ਹੈ । ਜਿਥੇ ਰਾਣੀ ਵਿਕਟੋਰੀਆ ਦਾ ਰਾਜ ਹੈ, ਉਥੇ ਉਹ ਅਮੀਰ ਤੇ ਸਜੇ ਹੋਏ ਮਹਿਮਾਨ, ਜਿਨ੍ਹਾਂ ਤੋਂ ਖੁਸ਼ਬੂਆਂ ਉੱਡ ਰਹੀਆਂ ਹਨ । ਪਰ ਇਹ ਅਸਲੀ ਭਾਰਤ ਨਹੀਂ । ਇਹ ਕਿਸਾਨਾਂ ਅਤੇ ਪੈਂਡੂਆਂ ਦੀ ਨੁਮਾਇੰਦਗੀ ਨਹੀਂ । ਅਸਲੀ ਭਾਰਤ ਤਾਂ ਪਿੰਡਾਂ ਵਿਚ ਵਸਦਾ ਹੈ । ਜਿੱਥੇ ਲੋਕ ਨਿਰਧਨ ਹਨ, ਭੁੱਖੇ ਹਨ, ਬੇ-ਆਸਰੇ ਹਨ ਅਤੇ ਜਿਨ੍ਹਾਂ ਦੇ ਪੈਰਾਂ ਵਿਚ ਜੁੱਤੀ ਤੱਕ ਨਹੀਂ । ਵੱਡੀ ਗਿਣਤੀ ਨੂੰ ਤਾਂ ਆਪਣਾ ਨੰਗ ਢੱਕਣ ਲਈ ਕੱਪੜੇ ਨਹੀਂ ਮਿਲਦੇ ।......ਆਮ ਆਦਮੀ ਤਾਂ ਬੁਲਾਰੇ ਵਰਗੇ ਕੱਪੜੇ ਪਾ ਕੇ ਹੀ ਗੁਜ਼ਾਰਾ ਕਰਦੇ ਹਨ । ਪ੍ਰੰਤੂ ਇਹ ਵੀ ਜੋ ਫਟ ਚੁੱਕੇ ਹੁੰਦੇ ਹਨ । ਇਸ ਲਈ ਜੇ ਉਹ (ਰਾਇਲ ਡਿਊਕ) ਸੱਚ-ਸੱਚ ਵੇਖਣਾ ਚਾਹੁੰਦਾ ਹੈ, ਜੇ ਉਹ ਵਿਕਟੋਰੀਆ ਦਾ ਨੁਮਾਇੰਦਾ ਹੈ ਤਾਂ ਉਸ ਨੂੰ ਨੇੜੇ ਦੇ ਕੁਝ ਪਿੰਡਾਂ ਵਿਚ ਜਾਣਾ ਚਾਹੀਦਾ ਹੈ ਤੇ ਭੋਲੇ ਅਨਜਾਣ ਲੋਕਾਂ ਦੀ ਭਿਆਨਕ ਗਰੀਬੀ ਦੇਖਣੀ ਚਾਹੀਦੀ ਹੈ । ਉਸ ਨੂੰ ਕੁਝ ਮਹਾਰ ਅਤੇ ਮਾਂਗ ਬਸਤੀਆਂ, ਮੁਹੱਲਿਆਂ ਵਿਚ ਜਾਣਾ ਚਾਹੀਦਾ ਹੈ । ਉਸ ਨੂੰ ਆਪਣੀ ਅੱਖੀਂ ਵੇਖਣਾ ਚਾਹੀਦਾ ਹੈ ਕਿ ਕੀ ਉਹ ਮੁਹੱਲੇ ਇਨਸਾਨਾਂ ਦੇ ਨਾ-ਰਹਿਣ ਯੋਗ ਕੂੜੇ-ਕਰਕਟ ਵਾਲੇ, ਕੁੱਤਿਆਂ ਬਿੱਲਿਆਂ ਨਾਲੋਂ ਵੀ ਭੈੜਾ ਨਹੀਂ ? ਉਹ ਹੈ ਅਸਲੀ ਭਾਰਤ । ਸਿੱਟੇ 'ਤੇ ਪਹੁੰਚਦਿਆਂ ਜੋਤੀਬਾ ਨੇ ਕੌਨਾਟ ਦੇ ਡਿਊਕ ਹਿਜ ਹਾਈਨੈੱਸ ਨੂੰ ਕਿਹਾ ਕਿ ਉਹ ਆਪਣੀ ਮਾਂ, ਰਾਣੀ ਵਿਕਟੋਰੀਆ ਨੂੰ ਦੱਸੇ ਕਿ ਲੋਕ ਭਿਆਨਕ ਗਰੀਬੀ ਵਿਚ ਰਹਿੰਦੇ ਹਨ ਤੇ ਉਨ੍ਹਾਂ ਨੂੰ ਵਿਦਿਆ ਦੀ ਅਤਿ ਲੋੜ ਹੈ ।"

11 ਮਈ 1888 ਈ. ਨੂੰ ਆਪਣੇ ਮਹਾਨ ਹੀਰੋ ਨੂੰ ਸਨਮਾਨਤ ਕਰਨ ਲਈ ਫੈਸਲਾ ਕੀਤਾ ਗਿਆ । ਬਹੁਤ ਸਾਰੇ ਸਮਾਜਵਾਦੀ ਵੀ ਬੁਲਾਏ ਗਏ । ਮਹਾਰਾਜਾ ਬੜੌਦਾ, ਸਈਆ ਜੀ ਮਹਾਰਾਜਾ ਨੂੰ ਸੰਦੇਸ਼ ਭੇਜਿਆ ਗਿਆ ਕਿ ਜੋਤੀਬਾ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇ । ਪਾਟੀਆਂ ਪੱਗਾਂ, ਪਾਟੇ ਕੁੜਤਿਆਂ, ਮੈਲੀਆਂ ਟੋਪੀਆਂ ਵਾਲੇ ਲੋਕ ਚਾਰੋਂ ਤਰਫ ਦਿੱਸ ਰਹੇ ਸਨ । ਭਾਰਤ ਦੇ ਆਧੁਨਿਕ ਨੇਤਾ ਦੀ ਜ਼ਿੰਦਗੀ ਵਿਚ ਉਹ ਪਹਿਲਾ ਅਜੀਬ ਮੌਕਾ ਸੀ, ਜਿਸ ਨੇ ਜ਼ਿੰਦਗੀ ਦੇ 40 ਸਾਲ ਆਪਣੇ ਅਤਿ ਗਰੀਬ, ਭੁੱਖੇ ਨੰਗੇ ਤੇ ਲਾਚਾਰ, ਮਜ਼ਲੂਮ, ਨਿਹੱਥੇ, ਬੇਆਸਰੇ, ਬੇਘਰੇ, ਬਰਬਾਦ ਅਤੇ ਬ੍ਰਾਹਮਣੀ ਵਿਚਾਰਧਾਰਾ ਦੇ ਸ਼ਿਕਾਰ ਲੋਕਾਂ ਦੀ ਇਕ ਸ਼ਾਨਦਾਰ ਸੇਵਾ ਕੀਤੀ ਸੀ ਤੇ ਆਪਣਾ ਸੰਘਰਸ਼ ਹਰ ਪਲ ਬਿਨਾਂ ਰੋਕ ਜਾਰੀ ਰੱਖਿਆ ਸੀ ।

ਬੇਸ਼ੁਮਾਰ ਵਜਦੀਆਂ ਤਾੜੀਆਂ ਦੀ ਗੂੰਜ ਵਿਚ ਜੋਤੀਬਾ ਨੂੰ ਉਸ ਦੇ ਆਪਣੇ ਗਰੀਬ ਲੋਕਾਂ ਨੇ 'ਮਹਾਤਮਾ' ਦੇ ਨਾਂ ਨਾਲ ਸਨਮਾਨਿਆ । ਜੋਤੀਬਾ ਸੱਚ-ਮੁੱਚ ਇਕ ਮਾਹਨ ਮਹਾਤਮਾ ਸੀ । ਜੋਤੀਬਾ ਪਹਿਲਾ ਆਧੁਨਿਕ

ਭਾਰਤੀ ਨੇਤਾ ਸੀ, ਜਿਸ ਨੂੰ ਮਹਾਤਮਾ ਦੀ ਉਪਾਧੀ ਨਾਲ ਗਰੀਬ ਜਨਤਾ ਵੱਲੋਂ ਸਨਮਾਨਿਆ ਗਿਆ। ਉਹ ਮਹਾਤਮਾ ਜੋ ਮਨੁੱਖਤਾ ਦਾ ਪੁਜਾਰੀ ਸੀ। ਉਸ ਨੇ ਆਪਣੇ ਦੋ ਸ਼ਬਦਾਂ ਰਾਹੀਂ ਕਿਹਾ ਕਿ ਉਸ ਨੇ ਆਪਣਾ ਕਰੱਤਵ ਪੂਰਾ ਕਰ ਦਿੱਤਾ ਹੈ। ਹੁਣ ਤੁਸੀਂ ਸੱਤਿਆ ਸ਼ੋਧਕ ਸਮਾਜ ਦਾ ਕੰਮ ਆਪਣੇ ਅਣਥੱਕ ਯਤਨਾਂ ਨਾਲ ਜਾਰੀ ਰੱਖੋ। ਜੋਤੀਬਾ ਦਾ ਇਹ ਵਿਸ਼ਵਾਸ ਸੀ ਕਿ 'ਜੋ ਵਿਅਕਤੀ ਆਪਣਾ ਹੁਕਮ ਮਨਾਉਣਾ ਚਾਹੁੰਦੇ ਹਨ, ਉਹ ਪਹਿਲਾ ਹੁਕਮ ਮੰਨਣਾ ਸਿਖਣ।' ਇਹ ਧਾਰਨਾ ਮਿਸ਼ਨ ਅੰਦਰ ਲੋਕਾਂ ਨੂੰ ਪੱਕਿਆਂ ਕਰਨ ਲਈ ਜ਼ਰੂਰੀ ਸੀ, ਕਿਉਂਕਿ ਜਦੋਂ ਲੋਕ ਕਿਸੇ ਮਹਾਨ ਆਦਮੀ ਦੀ ਆਗਿਆ ਨੂੰ ਮੰਨ ਕੇ ਉਸ 'ਤੇ ਅਮਲ ਕਰਦੇ ਚਲੇ ਜਾਂਦੇ ਹਨ ਤਾਂ ਇਕ ਦਿਨ ਅਜਿਹਾ ਆ ਜਾਂਦਾ ਹੈ ਜਦੋਂ ਉਹ ਹੁਕਮ ਦੇਣ ਦੇ ਕਾਬਲ ਹੋ ਜਾਂਦੇ ਹਨ। ਇਹ ਗੁਲਾਮੀ ਨਹੀਂ। ਮਿਸ਼ਨ ਨੂੰ ਪੂਰਾ ਕਰਨ ਲਈ ਇਕ ਮਾਨਸਿਕ ਪੱਧਰ ਦੀ ਮੰਨਤਾ ਹੈ।

ਮਹਾਤਮਾ ਜੋਤੀਬਾ ਦਾ ਵਿਚਾਰ ਸੀ ਕਿ ਉਹ ਆਦਮੀ ਜਿਸ ਨੂੰ ਭੂਚਾਲ, ਵਰਤਮਾਨ ਅਤੇ ਭਵਿੱਖ ਦਾ ਡਰ ਨਾ ਹੋਵੇ, ਆਪਣੇ ਦਿਲ ਵਿਚ ਸੱਚ ਰੱਖਦਾ ਹੋਵੇ, ਸਚਾਈ ਭਰੀ ਜ਼ਿੰਦਗੀ ਜਿਉਂਦਾ ਹੋਵੇ, ਦੂਜਿਆਂ ਨੂੰ ਪਿਆਰ ਕਰਦਾ ਹੋਵੇ, ਉਸ ਨੂੰ ਸ਼ੁੱਧਾ ਕਿਹਾ ਜਾਣਾ ਚਾਹੀਦਾ ਹੈ। ਵਿਅਕਤੀ ਨੂੰ ਮਨੁੱਖਤਾ ਦੀ ਸੇਵਾ ਵਾਸਤੇ ਆਪਣਾ ਜੀਵਨ ਅਰਪਨ ਕਰਨਾ ਚਾਹੀਦਾ ਹੈ।.....ਇਕ ਆਦਮੀ ਜਿਸ ਦਾ ਹੌਸਲਾ ਸੱਚ ਦੀ ਪੈਦਾਵਾਰ ਹੈ, ਜੋ ਨਰਮ ਦਿਲ ਹੈ, ਹਮਦਰਦ ਹੈ, ਬਹਾਦਰ ਹੈ ਅਤੇ ਸੱਚ 'ਤੇ ਚਲਣ ਵਾਲਾ ਹੈ ਤੇ ਜਿਸ ਨੇ ਆਪਣੀਆਂ ਇਛਾਵਾਂ (ਤ੍ਰਿਸ਼ਨਾਵਾਂ) ਵੱਸ ਕਰ ਲਈਆਂ ਹਨ, ਉਸ ਨੂੰ ਨੇਕ ਇਨਸਾਨ ਕਿਹਾ ਜਾਂਦਾ ਹੈ। ਇਹੋ ਜਿਹਾ ਮਨੁੱਖ ਮਨੁੱਖਤਾ ਦਾ ਰੂਪ ਹੁੰਦਾ ਹੈ। ਉਹ ਮਨੁੱਖਤਾ ਦਾ ਪ੍ਰਤੀਕ ਦੂਜਿਆਂ ਦੇ ਦੁੱਖਾਂ-ਸੁੱਖਾਂ ਵਲ ਪੂਰਾ ਧਿਆਨ ਦਿੰਦਾ ਹੈ। ਸਾਰਿਆਂ ਨਾਲ ਇਕੋ ਜਿਹਾ ਵਿਹਾਰ ਕਰਦਾ ਹੈ। ਅਜਿਹਾ ਆਦਮੀ ਭਲਾ ਪੁਰਸ਼ ਤੇ ਮਹਾਨ ਹੁੰਦਾ ਹੈ। ਰੱਬ ਇਕ ਹੈ, ਇਸ ਲਈ ਔਰਤਾਂ ਤੇ ਆਦਮੀਆਂ ਦੇ ਅਧਿਕਾਰ ਸਭ ਨੂੰ ਬਰਾਬਰ ਦੱਸੋ ਤਾਂ ਕਿ ਸਾਰੇ ਭਰਾਵਾਂ ਵਾਂਗ ਰਹਿ ਸਕਣ। ਉਨ੍ਹਾਂ (ਜੋਤੀਬਾ ਨੇ) ਕਿਹਾ, "ਮੰਤਰ ਤੇ ਜਾਪ ਮੀਂਹ ਪਵਾ ਸਕਦੇ ਹਨ, ਇਹ ਬਕਵਾਸ ਹੈ। ਨਾ ਹੀ ਉਹ ਬੱਚੇ ਦੇ ਸਕਦੇ ਹਨ। ਜੇ ਮੰਤਰ ਬੱਚੇ ਦੇ ਸਕਦੇ ਹੁੰਦੇ ਤਾਂ ਕੋਈ ਵੀ ਬ੍ਰਾਹਮਣ, ਬੇ ਔਲਾਦ ਨਾ ਮਰਦਾ। ਬਿਨਾਂ ਮੰਤਰਾਂ ਤੋਂ ਤਾਂ ਵਿਧਵਾ ਔਰਤਾਂ ਵੀ ਬੱਚਿਆਂ ਨੂੰ ਜਨਮ ਦੇ ਦਿੰਦੀਆਂ ਹਨ।"

ਉਨ੍ਹਾਂ ਕਿਹਾ, "ਸੰਸਾਰ ਵਿਚ ਸਿਰਫ ਸੱਚ ਹੀ ਧਰਮ ਹੈ। ਸੱਚ ਇਕ ਕਰਮ ਹੈ।...ਨੇਕ ਬੰਦੇ ਬਣੋ ਤੇ ਸਾਰੇ ਸੰਸਾਰ ਨੂੰ ਖੁਸ਼ੀ ਭਰਿਆ ਬਣਾਉ।....ਆਦਮੀ ਦਾ ਧਰਮ ਸੱਚ ਹੈ ਤੇ ਸੱਚ ਸਦਾਚਾਰ ਦਾ ਦੂਜਾ ਨਾਂ ਹੈ।....ਇਕ ਆਦਮੀ ਜਿਸ ਨੇ ਆਪਣਾ ਮਨ ਸੱਚ ਨਾਲ ਪਵਿੱਤਰ ਕਰ ਲਿਆ ਹੈ...ਇਕ ਬਹਾਦਰ ਆਦਮੀ ਆਪਣਾ ਹੌਸਲਾ ਕਦੀ ਨਹੀਂ ਛੱਡਦਾ...ਉਹ ਆਪਣਾ ਫਰਜ਼ ਇਮਾਨ ਨਾਲ ਨਿਭਾਉਂਦਾ ਹੈ...ਹੌਸਲਾ, ਸਚਾਈ ਨਾਲ ਪਿਆਰ ਵਿਚੋਂ ਉਪਜਦਾ ਹੈ। ਉਹ ਸਾਫ ਮਨ ਅਤੇ ਸ਼ਾਂਤ ਦਿਲ ਦੀ ਪੈਦਾਵਾਰ ਹੁੰਦਾ ਹੈ। ਇਕ ਜ਼ੋਰੇ ਵਾਲਾ ਆਦਮੀ ਦੁੱਖਾਂ ਵਿਚੋਂ ਹੀ ਗੁਜ਼ਰਦਾ ਹੈ। ਖਤਰਿਆਂ ਵਿਚੋਂ ਹੀ ਲੰਘਦਾ ਹੈ, ਤੇ ਉਨ੍ਹਾਂ ਨੂੰ ਬਚਾਅ ਲੈਂਦਾ ਹੈ, ਜਿਨ੍ਹਾਂ ਨੂੰ ਤੰਗ ਕੀਤਾ ਹੁੰਦਾ ਹੈ।....ਦੂਜਿਆਂ ਨੂੰ ਮੁਸੀਬਤ ਵਿਚ ਨਾ ਪਉ, ਇਹ ਪਾਪ ਹੈ। ਮਧੁਰ ਬਣੋ। ਸ਼ੁਕਰਗੁਜ਼ਾਰ ਬਣੋ। ਸੰਤੁਸ਼ਟ ਰਹੋ। ਬੁਰਾ ਸਦਾਚਾਰ ਬੰਦੇ ਨੂੰ ਬੀਮਾਰੀ ਲਾਉਂਦਾ ਹੈ ਅਤੇ ਨਾਖੁਸ਼ੀਆਂ ਦਿੰਦਾ ਹੈ।...ਉਹ ਲੋਕ, ਜੋ ਤਰਕ ਅਤੇ ਸਚਾਈ ਨਾਲ ਸੰਸਾਰ ਦੀ ਭਲਾਈ ਲਈ ਜਿਉਂਦੇ ਹਨ, ਭਾਈਚਾਰਾ ਬਣਾ ਕੇ ਆਪਣੇ ਆਪ ਨੂੰ ਖੁਸ਼ਗਵਾਰ ਬਣਾਉਂਦੇ ਹਨ।.....ਇਕ ਤਰਕਸ਼ੀਲ, ਧਾਰਮਿਕ ਰਹੁਰੀਤਾਂ ਨਹੀਂ ਕਰਦਾ। ਨਾ ਹੀ ਉਹ ਮੰਤਰ ਪੜ੍ਹਦਾ ਹੈ। ਉਹ ਤਰਕਸ਼ੀਲ ਵਿਚਾਰੀਆਂ ਵਿਧਵਾਵਾਂ ਦੇ ਮੁੰਡਨ ਨਹੀਂ ਕਰੇਗਾ। ਪੱਥਰਾਂ, ਧਾਤਾਂ ਤੇ ਦਰਖੱਤਾਂ ਦੀ ਪੂਜਾ ਨਹੀਂ ਕਰੇਗਾ।"

ਜੋਤੀਬਾ ਨੇ ਕਿਹਾ, "ਜਾਤਪਾਤ, ਨਫਰਤ, ਲੜਾਈਆਂ-ਝਗੜੇ, ਗੁਲਾਮੀ ਦਾ ਇਕ ਵੱਡਾ ਕਾਰਨ ਹੈ।" ਜੋਤੀਬਾ ਦੀ ਵਿਚਾਰਧਾਰਾ ਸੀ ਕਿ ਸੁਰਗ ਨਾਂ ਦੀ ਕੋਈ ਚੀਜ਼ ਨਹੀਂ ਹੈ। ਉਹ ਬ੍ਰਹਿਮੰਡ ਦਾ ਕੋਈ ਭਾਗ ਨਹੀਂ ਹੈ। ਔਰਤਾਂ ਤਾਂ ਆਦਮੀ ਤੋਂ ਵੀ ਉੱਤਮ ਹਨ। ਆਦਮੀ ਸਾਰਿਆਂ ਦੀਆਂ ਦੇਣਾ ਦੇ ਸਕਦਾ ਹੈ, ਪੰਤੂ ਮਾਂ ਦੀ ਦੇਣ ਕਦੀ ਨਹੀਂ ਦੇ ਸਕਦਾ। ਔਰਤ ਘਰ ਦੀ ਸੁੰਦਰਤਾ ਹੈ। ਉਹ ਇਕ ਅਜਿਹੀ ਦਿਆਲੂ ਹੈ ਜੋ ਸਭ ਦੀ ਰੱਖਿਆ ਕਰਦੀ ਹੈ। ਆਦਮੀ ਐਨਾ ਖੁਦਗਰਜ਼ ਹੈ ਕਿ ਉਸ ਨੇ ਔਰਤ ਨੂੰ ਸੰਸਾਰ ਦੇ ਗਿਆਨ ਤੋਂ ਵੀ ਰੋਕ ਛੱਡਿਆ। ਬਹੁਤੀਆਂ ਔਰਤਾਂ ਰੱਖਣਾ ਜ਼ੁਲਮ ਹੈ। ਆਦਮੀ ਲਾਲਚ, ਨਫਰਤ ਅਤੇ ਪਾਪ ਦਾ ਸਰੋਤ ਹੈ। ਔਰਤਾਂ ਅਤੇ ਆਦਮੀਆਂ ਲਈ ਕਾਨੂੰਨਾਂ ਵਿਚਕਾਰ ਅੰਤਰ ਨਹੀਂ ਚਾਹੀਦਾ। ਇਕੋ ਕਾਨੂੰਨ ਦੋਹਾਂ 'ਤੇ ਲਾਗੂ ਹੋਣਾ ਚਾਹੀਦਾ

ਹੈ । ਲਾਲਚੀ ਬੰਦਿਆਂ ਨੇ ਆਪਣੀਆਂ ਇਛਾਵਾਂ ਅਨੁਸਾਰ ਕਾਨੂੰਨ ਬਣਾ ਲਏ ਹਨ ।...ਕੋਈ ਵੀ ਕਾਨੂੰਨ ਬ੍ਰਾਹਮਣਾ ਵਾਸਤੇ (ਵੱਖਰਾ) ਅਤੇ ਦੂਜਾ ਸ਼ੂਦਰਾਂ ਵਾਸਤੇ (ਵੱਖਰਾ) ਨਹੀਂ ਹੋਣਾ ਚਾਹੀਦਾ । ਅੰਗਰੇਜ਼ੀ ਰਾਜ ਨੇ ਕਾਨੂੰਨ ਲਾਗੂ ਕੀਤੇ ਹਨ, ਜਿਨ੍ਹਾਂ ਦੇ ਸਾਹਮਣੇ ਬ੍ਰਾਹਮਣ ਜਾਂ ਗੈਰ ਬ੍ਰਾਹਮਣ ਇਕ ਹਨ ।

ਜਾਤਪਾਤ ਕੋਈ ਧਰਮ ਨਹੀਂ ਹੈ । ਜਾਤੀ ਪਾਤੀ-ਪ੍ਰਬੰਧ ਇਕ ਸਾਜਿਸ਼ ਹੈ । ਇਸ ਖਿਆਲ ਦਾ ਕਿ ਬ੍ਰਾਹਮਣ ਹਰ ਸਮੇਂ ਤੇ ਹਰ ਥਾਂ 'ਤੇ ਪਵਿੱਤਰ ਹੈ, ਬੀਜਨਾਸ਼ ਕਰ ਦਿਉ ।.... ਸ਼ੁਰੂ ਵਿਚ ਕੋਈ ਜਾਤ-ਪਾਤ ਨਹੀਂ ਸੀ । ਆਰੀਆਂ ਭਾਵ ਬ੍ਰਾਹਮਣਾਂ ਨੇ ਇਹ ਆਪਣੇ ਨਿੱਜੀ ਹਿੱਤਾਂ ਲਈ ਲਾਗੂ ਕੀਤੀ ।

ਆਦਮੀ ਤੇ ਜਾਨਵਰ ਵਿਚ ਅੰਤਰ ਇਹੀ ਹੈ ਕਿ ਆਦਮੀ ਸੋਚ ਸਕਦਾ ਹੈ, ਪ੍ਰੰਤੂ ਕਈ ਜੀਵ ਅਤੇ ਜਾਨਵਰ ਲਾਲਚੀ ਆਦਮੀਆਂ ਨਾਲੋਂ ਚੰਗੇ ਹਨ । ਕਿੱਤਾ ਕੋਈ ਧਰਮ ਨਹੀਂ । ਜੋ ਉਸਤਰਾ ਵਰਤਦਾ ਹੈ, ਉਸ ਨੂੰ ਨਾਈ ਕਿਹਾ ਜਾ ਸਕਦਾ ਹੈ । ਪਰ ਇਹ ਧਰਮ ਨਹੀਂ । ਦੂਜਿਆਂ ਦਾ ਸ਼ੋਸ਼ਨ ਕਰਕੇ ਜਿਉਣਾ, ਉਹ ਵੀ ਧਰਮ ਦੇ ਨਾਂ 'ਤੇ, ਇਹ ਕੋਈ ਧਰਮ ਨਹੀਂ । ਉਹ ਖੁਦਗਰਜ਼ੀ ਹੈ । ਛਲਕਪਟ ਹੈ । ਇਕ ਦੇਵਦਾਸੀ (ਵੇਸਵਾ) ਨਾਲ ਭੋਗ ਕਰਨਾ ਤੇ ਦੂਜੇ ਦਿਨ ਪਵਿੱਤਰਤਾ ਧਾਰਨ ਕਰ ਲੈਣਾ, ਇਹ ਕੋਈ ਧਰਮ ਨਹੀਂ । ਇਹ ਤਾਂ ਗਿਰਾਵਟ ਹੈ । ਇਕ ਬਣੇ ਬਣਾਏ ਢਾਂਚੇ ਵਿਚ ਜਿਉਂਈ ਜਾਣਾ, ਮਹਾਰਾਂ ਅਤੇ ਮਾਂਗਾ ਦਾ ਕੋਈ ਧਰਮ ਨਹੀਂ । ਉਹ ਤਾਂ ਲਾਲਚੀ ਹੈ ।

ਜੋਤੀਬਾ ਨੇ ਕਿਹਾ ਕਿ 'ਕਿਸਮਤ' ਨਾਂ ਦੀ ਕੋਈ ਸ਼ੈਅ ਨਹੀਂ ।.....ਕੁਝ ਵੀ ਕਿਸਮਤ ਰਾਹੀਂ ਨਹੀਂ ਚਲਦਾ । ਹਰ ਚੀਜ਼ ਦਾ ਕੋਈ ਕਾਰਨ ਹੈ । ਬਾਈਬਲ ਹਰ ਕੋਈ ਪੜ੍ਹ ਸਕਦਾ ਹੈ । ਕੁਰਾਨ ਹਰ ਕੋਈ ਪੜ੍ਹ ਸਕਦਾ ਹੈ, ਪ੍ਰੰਤੂ ਵੇਦ ਪੜ੍ਹਨ ਦੀ ਕੋਈ ਖੁੱਲ੍ਹ ਨਹੀਂ । ਬਾਈਬਲ ਅਤੇ ਕੁਰਾਨ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਕੋਈ ਡਰ ਨਹੀਂ । ਵੇਦ ਇਸ ਲਈ ਨਹੀਂ ਖੁੱਲੇ ਕਿਉਂਕਿ ਜਿਨ੍ਹਾਂ ਨੂੰ ਇਨ੍ਹਾਂ ਵੇਦਾਂ 'ਤੇ ਭਰੋਸਾ ਹੈ ਉਹ ਡਰਦੇ ਹਨ ਕਿ ਉਹ ਕਮਜ਼ੋਰੀ, ਜੋ ਇਨ੍ਹਾਂ ਗ੍ਰੰਥਾਂ (ਵੇਦਾਂ) ਵਿਚ ਭਰੀ ਪਈ ਹੈ, ਉਹ ਕਿਤੇ ਨਸ਼ਰ ਨਾ ਹੋ ਜਾਵੇ ।

ਉਹ ਬੰਦੇ, ਜੋ ਵਿਸ਼ਵਾਸ ਕਰਦੇ ਹਨ ਕਿ ਮਰਦ ਅਤੇ ਔਰਤ ਅਜ਼ਾਦ ਜੰਮੇ ਹਨ ਤੇ ਉਨ੍ਹਾਂ ਨੂੰ ਖੁਸ਼ੀਆਂ ਮਾਨਣ ਦੇ ਸਾਰੇ ਅਧਿਕਾਰ ਹਨ, ਉਹ ਸੱਚ ਦੇ ਪਾਂਧੀ ਹਨ । ਉਹ ਜੋ ਤਾਰਿਆਂ ਦੀ ਪੂਜਾ ਨਹੀਂ ਕਰਦੇ, ਪੱਥਰਾਂ ਦੀ ਪੂਜਾ ਨਹੀਂ ਕਰਦੇ ਪ੍ਰੰਤੂ ਬ੍ਰਹਿਮੰਡ ਦੀ ਰੱਬਤਾ ਨੂੰ ਮੰਨਦੇ ਹਨ, ਸੱਚ ਦੇ ਪੁਜਾਰੀ ਹਨ...ਉਹ, ਜੋ ਨਿੱਜੀ ਤੌਰ 'ਤੇ ਜਾਂ ਵਿਚੋਲੇ ਹੋ ਕੇ ਦੂਜਿਆਂ 'ਤੇ ਧਾਵਾ ਨਹੀਂ ਬੋਲਦੇ, ਸੱਚ ਦੇ ਪਾਂਧੀ ਹਨ । ਉਹ ਜੋ ਦੂਜਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਨਹੀਂ ਕਰਦੇ ਜਾਂ ਦੂਜਿਆਂ ਦਾ ਨੁਕਸਾਨ ਨਹੀਂ ਕਰਦੇ, ਸੱਚ ਦੇ ਪਾਂਧੀ ਹਨ । ਉਹ ਜੋ ਆਪਣੀਆਂ ਪਤਨੀਆਂ ਤੋਂ ਬਿਨਾਂ, ਬਾਕੀ ਸਭ ਔਰਤਾਂ ਤੇ ਆਦਮੀਆਂ ਨੂੰ ਆਪਣੇ ਭੈਣ ਭਰਾਵਾਂ ਵਾਂਗ ਸਮਝਦੇ ਹਨ, ਉਹ ਸੱਚ ਦੇ ਪਾਂਧੀ ਹਨ ।

ਹਰ ਔਰਤ ਅਤੇ ਆਦਮੀ ਨੂੰ ਇਹ ਰੱਬੀ ਅਧਿਕਾਰ ਹੈ, ਅਜ਼ਾਦੀ ਹੈ ਕਿ ਉਹ ਲਿਖਕੇ ਖਿਆਲ ਪ੍ਰਗਟ ਕਰ ਸਕੇ । ਬੋਲ ਕੇ ਜਾਂ ਛਪਵਾ ਕੇ ਪ੍ਰਗਟ ਕਰੇ । ਪਰ ਇਹ ਮਰਦ ਜਾਂ ਔਰਤ ਨੂੰ ਇਸ ਢੰਗ ਨਾਲ ਨਹੀਂ ਕਰਨਾ ਚਾਹੀਦਾ ਕਿ ਉਹ ਦੂਜਿਆਂ ਦੇ ਅਧਿਕਾਰ ਖੋਹ ਲਵੇ ।.....ਉਹ, ਜੋ ਸਭ ਔਰਤਾਂ ਤੇ ਮਰਦਾਂ ਦੇ ਅਧਿਕਾਰਾਂ ਦੀ, ਜਾਇਦਾਦਾਂ ਦੀ, ਅਜ਼ਾਦੀ ਦੀ ਰਾਖੀ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੱਲੋਂ ਤੰਗ ਹੋਣ ਤੋਂ ਬਚਾਉਂਦੇ ਹਨ, ਸੱਚ ਦੇ ਪਾਂਧੀ ਹਨ ।.....ਉਹ ਜੋ ਆਪਣੀ ਖੁਦਗਰਜ਼ੀ ਲਈ, ਦੂਜਿਆਂ ਨੂੰ ਬਰਬਾਦ ਕਰਨ ਲਈ, ਝੂਠ ਨਹੀਂ ਬੋਲਦੇ ਅਤੇ ਨਾ ਹੀ ਝੂਠਿਆਂ ਦੀ ਮਦਦ ਕਰਦੇ ਹਨ, ਸੱਚ ਦੇ ਪਾਂਧੀ ਹਨ । ਉਹ ਦੂਜਿਆਂ ਦੇ ਘਰ ਅਤੇ ਸਮਾਨ ਨਹੀਂ ਸਾੜਦੇ ਅਤੇ ਮਿੱਤਰਤਾ ਬਣਾਉਂਦੇ ਹਨ, ਅਜਿਹੇ ਆਦਮੀ ਸੱਚ ਦੇ ਪਾਂਧੀ ਹਨ । ਉਹ ਆਦਮੀ ਜੋ ਖੁਦਗਰਜ਼ੀ ਨਾਲ, ਇਕ ਇਨਸਾਫ਼ ਪਸੰਦ ਰਾਜ ਕੁਮਾਰ ਜਾਂ ਰਾਜੇ ਵਿਰੁੱਧ, ਜਾਂ ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਵਿਰੁੱਧ ਬਗਾਵਤ ਕਰਦੇ ਹਨ, ਸੱਚ ਦੇ ਪਾਂਧੀ ਨਹੀਂ ਹਨ । ਤੇ ਜੋ ਲੱਖਾਂ ਘਰ ਬਰਬਾਦ ਕਰ ਦਿੰਦੇ ਹਨ ਤੇ ਜੋ ਅਜਿਹੇ ਵਿਰੋਧੀ ਤੱਤਾਂ ਦੀ ਮਦਦ ਕਰਦੇ ਹਨ, ਸੱਚ ਦੇ ਪਾਂਧੀ ਨਹੀਂ ਹਨ ।

ਉਹ ਜੋ ਚੰਡਾਲ ਅਤੇ ਘੁੰਮਡੀ ਬੰਦੇ, ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਧਾਰਮਿਕ ਕਿਤਾਬਾਂ ਲਿਖੀਆਂ ਹਨ, ਸੰਸਾਰ ਭਲਾਈ ਲਈ ਤੇ ਉਨ੍ਹਾਂ ਦੂਜਿਆਂ ਤੱਕ ਨੂੰ ਵਿਖਾਉਂਦੇ ਵੀ ਨਹੀਂ (ਜੋ ਇਨ੍ਹਾਂ ਕਿਤਾਬਾਂ) ਵਿਚ ਵਿਸ਼ਵਾਸ ਨਹੀਂ ਕਰਦੇ, ਉਹ ਸੱਚ ਦੇ ਪਾਂਧੀ ਨਹੀਂ ਹਨ । ਉਹ ਅਧਿਆਪਕ ਜੋ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ ਸਮੇਂ ਜਾਤੀ ਈਰਖਾ ਦੇ ਅਧਾਰ 'ਤੇ ਵਿਤਕਰਾ ਨਹੀਂ ਕਰਦੇ ਤੇ ਉਨ੍ਹਾਂ ਬੱਚਿਆਂ ਨੂੰ ਧਿਰਕਾਰਦੇ ਹਨ ਜੋ ਅਜਿਹਾ ਕਰਦੇ ਹਨ ਸੱਚ ਦੇ ਪਾਂਧੀ ਹਨ ।

ਹੈ । ਲਾਲਚੀ ਬੰਦਿਆਂ ਨੇ ਆਪਣੀਆਂ ਇਛਾਵਾਂ ਅਨੁਸਾਰ ਕਾਨੂੰਨ ਬਣਾ ਲਏ ਹਨ ।...ਕੋਈ ਵੀ ਕਾਨੂੰਨ ਬ੍ਰਾਹਮਣਾ ਵਾਸਤੇ (ਵੱਖਰਾ) ਅਤੇ ਦੂਜਾ ਸ਼ੂਦਰਾਂ ਵਾਸਤੇ (ਵੱਖਰਾ) ਨਹੀਂ ਹੋਣਾ ਚਾਹੀਦਾ । ਅੰਗਰੇਜ਼ੀ ਰਾਜ ਨੇ ਕਾਨੂੰਨ ਲਾਗੂ ਕੀਤੇ ਹਨ, ਜਿਨ੍ਹਾਂ ਦੇ ਸਾਹਮਣੇ ਬ੍ਰਾਹਮਣ ਜਾਂ ਗੈਰ ਬ੍ਰਾਹਮਣ ਇਕ ਹਨ ।

ਜਾਤਪਾਤ ਕੋਈ ਧਰਮ ਨਹੀਂ ਹੈ । ਜਾਤੀ ਪਾਤੀ-ਪ੍ਰਬੰਧ ਇਕ ਸਾਜਿਸ਼ ਹੈ । ਇਸ ਖਿਆਲ ਦਾ ਕਿ ਬ੍ਰਾਹਮਣ ਹਰ ਸਮੇਂ ਤੇ ਹਰ ਥਾਂ 'ਤੇ ਪਵਿੱਤਰ ਹੈ, ਬੀਜਨਾਸ਼ ਕਰ ਦਿਓ ।.... ਸ਼ੁਰੂ ਵਿਚ ਕੋਈ ਜਾਤ-ਪਾਤ ਨਹੀਂ ਸੀ । ਆਰੀਆਂ ਭਾਵ ਬ੍ਰਾਹਮਣਾਂ ਨੇ ਇਹ ਆਪਣੇ ਨਿੱਜੀ ਹਿੱਤਾਂ ਲਈ ਲਾਗੂ ਕੀਤੀ ।

ਆਦਮੀ ਤੇ ਜਾਨਵਰ ਵਿਚ ਅੰਤਰ ਇਹੀ ਹੈ ਕਿ ਆਦਮੀ ਸੋਚ ਸਕਦਾ ਹੈ, ਪ੍ਰੰਤੂ ਕਈ ਜੀਵ ਅਤੇ ਜਾਨਵਰ ਲਾਲਚੀ ਆਦਮੀਆਂ ਨਾਲੋਂ ਚੰਗੇ ਹਨ । ਕਿੱਤਾ ਕੋਈ ਧਰਮ ਨਹੀਂ । ਜੋ ਉਸਤਰਾ ਵਰਤਦਾ ਹੈ, ਉਸ ਨੂੰ ਨਾਈ ਕਿਹਾ ਜਾ ਸਕਦਾ ਹੈ । ਪਰ ਇਹ ਧਰਮ ਨਹੀਂ । ਦੂਜਿਆਂ ਦਾ ਸ਼ੋਸ਼ਣ ਕਰਕੇ ਜਿਉਣਾ, ਉਹ ਵੀ ਧਰਮ ਦੇ ਨਾਂ 'ਤੇ, ਇਹ ਕੋਈ ਧਰਮ ਨਹੀਂ । ਉਹ ਖ਼ੁਦਗਰਜ਼ੀ ਹੈ । ਛਲਕਪਟ ਹੈ । ਇਕ ਦੇਵਦਾਸੀ (ਵੇਸਵਾ) ਨਾਲ ਭੋਗ ਕਰਨਾ ਤੇ ਦੂਜੇ ਦਿਨ ਪਵਿੱਤਰਤਾ ਧਾਰਨ ਕਰ ਲੈਣਾ, ਇਹ ਕੋਈ ਧਰਮ ਨਹੀਂ । ਇਹ ਤਾਂ ਗਿਰਾਵਟ ਹੈ । ਇਕ ਬਣੇ ਬਣਾਏ ਢਾਂਚੇ ਵਿਚ ਜਿਉਂਈ ਜਾਣਾ, ਮਹਾਰਾਂ ਅਤੇ ਮਾਂਗਾ ਦਾ ਕੋਈ ਧਰਮ ਨਹੀਂ । ਉਹ ਤਾਂ ਲਾਲਚੀ ਹੈ ।

ਜੋਤੀਬਾ ਨੇ ਕਿਹਾ ਕਿ 'ਕਿਸਮਤ' ਨਾਂ ਦੀ ਕੋਈ ਸ਼ੈਅ ਨਹੀਂ ।....ਕੁਝ ਵੀ ਕਿਸਮਤ ਰਾਹੀ ਨਹੀਂ ਚਲਦਾ । ਹਰ ਚੀਜ਼ ਦਾ ਕੋਈ ਕਾਰਨ ਹੈ । ਬਾਈਬਲ ਹਰ ਕੋਈ ਪੜ੍ਹ ਸਕਦਾ ਹੈ । ਕੁਰਾਨ ਹਰ ਕੋਈ ਪੜ੍ਹ ਸਕਦਾ ਹੈ, ਪ੍ਰੰਤੂ ਵੇਦ ਪੜ੍ਹਨ ਦੀ ਕੋਈ ਖੁੱਲ੍ਹ ਨਹੀਂ । ਬਾਈਬਲ ਅਤੇ ਕੁਰਾਨ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਕੋਈ ਡਰ ਨਹੀਂ । ਵੇਦ ਇਸ ਲਈ ਨਹੀ ਖੁੱਲੇ ਕਿਉਂਕਿ ਜਿਨ੍ਹਾਂ ਨੂੰ ਇਨ੍ਹਾਂ ਵੇਦਾਂ 'ਤੇ ਭਰੋਸਾ ਹੈ ਉਹ ਡਰਦੇ ਹਨ ਕਿ ਉਹ ਕਮਜ਼ੋਰੀ, ਜੋ ਇਨ੍ਹਾਂ ਗ੍ਰੰਥਾਂ (ਵੇਦਾਂ) ਵਿਚ ਭਰੀ ਪਈ ਹੈ, ਉਹ ਕਿਤੇ ਨਸ਼ਰ ਨਾ ਹੋ ਜਾਵੇ ।

ਉਹ ਬੰਦੇ, ਜੋ ਵਿਸ਼ਵਾਸ ਕਰਦੇ ਹਨ ਕਿ ਮਰਦ ਅਤੇ ਔਰਤ ਅਜ਼ਾਦ ਜੰਮੇ ਹਨ ਤੇ ਉਨ੍ਹਾਂ ਨੂੰ ਖੁਸ਼ੀਆਂ ਮਾਨਣ ਦੇ ਸਾਰੇ ਅਧਿਕਾਰ ਹਨ, ਉਹ ਸੱਚ ਦੇ ਪਾਂਧੀ ਹਨ । ਉਹ ਜੋ ਤਾਰਿਆਂ ਦੀ ਪੂਜਾ ਨਹੀਂ ਕਰਦੇ, ਪੱਥਰਾਂ ਦੀ ਪੂਜਾ ਨਹੀਂ ਕਰਦੇ ਪ੍ਰੰਤੂ ਬ੍ਰਹਿਮੰਡ ਦੀ ਰੱਬਤਾ ਨੂੰ ਮੰਨਦੇ ਹਨ, ਸੱਚ ਦੇ ਪੁਜਾਰੀ ਹਨ....ਉਹ, ਜੋ ਨਿੱਜੀ ਤੌਰ 'ਤੇ ਜਾਂ ਵਿਚੋਲੇ ਹੋ ਕੇ ਦੂਜਿਆਂ 'ਤੇ ਧਾਵਾ ਨਹੀਂ ਬੋਲਦੇ, ਸੱਚ ਦੇ ਪਾਂਧੀ ਹਨ । ਉਹ ਜੋ ਦੂਜਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਨਹੀਂ ਕਰਦੇ ਜਾਂ ਦੂਜਿਆਂ ਦਾ ਨੁਕਸਾਨ ਨਹੀਂ ਕਰਦੇ, ਸੱਚ ਦੇ ਪਾਂਧੀ ਹਨ । ਉਹ ਜੋ ਆਪਣੀਆਂ ਪਤਨੀਆਂ ਤੋਂ ਬਿਨਾਂ, ਬਾਕੀ ਸਭ ਔਰਤਾਂ ਤੇ ਆਦਮੀਆਂ ਨੂੰ ਆਪਣੇ ਭੈਣ ਭਰਾਵਾਂ ਵਾਂਗ ਸਮਝਦੇ ਹਨ, ਉਹ ਸੱਚ ਦੇ ਪਾਂਧੀ ਹਨ ।

ਹਰ ਔਰਤ ਅਤੇ ਆਦਮੀ ਨੂੰ ਇਹ ਰੱਬੀ ਅਧਿਕਾਰ ਹੈ, ਅਜ਼ਾਦੀ ਹੈ ਕਿ ਉਹ ਲਿਖਕੇ ਖਿਆਲ ਪ੍ਰਗਟ ਕਰ ਸਕੇ । ਬੋਲ ਕੇ ਜਾਂ ਛਪਵਾ ਕੇ ਪ੍ਰਗਟ ਕਰੇ । ਪਰ ਇਹ ਮਰਦ ਜਾਂ ਔਰਤ ਨੂੰ ਇਸ ਢੰਗ ਨਾਲ ਨਹੀਂ ਕਰਨਾ ਚਾਹੀਦਾ ਕਿ ਉਹ ਦੂਜਿਆਂ ਦੇ ਅਧਿਕਾਰ ਖੋਹ ਲਵੇ ।.....ਉਹ, ਜੋ ਸਭ ਔਰਤਾਂ ਤੇ ਮਰਦਾਂ ਦੇ ਅਧਿਕਾਰਾਂ ਦੀ, ਜਾਇਦਾਦਾਂ ਦੀ, ਅਜ਼ਾਦੀ ਦੀ ਰਾਖੀ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵੱਲੋਂ ਤੰਗ ਹੋਣ ਤੋਂ ਬਚਾਉਂਦੇ ਹਨ, ਸੱਚ ਦੇ ਪਾਂਧੀ ਹਨ ।.....ਉਹ ਜੋ ਆਪਣੀ ਖ਼ੁਦਗਰਜ਼ੀ ਲਈ, ਦੂਜਿਆਂ ਨੂੰ ਬਰਬਾਦ ਕਰਨ ਲਈ, ਝੂਠ ਨਹੀਂ ਬੋਲਦੇ ਅਤੇ ਨਾ ਹੀ ਝੂਠਿਆਂ ਦੀ ਮਦਦ ਕਰਦੇ ਹਨ, ਸੱਚ ਦੇ ਪਾਂਧੀ ਹਨ । ਉਹ ਦੂਜਿਆਂ ਦੇ ਘਰ ਅਤੇ ਸਮਾਨ ਨਹੀਂ ਸਾੜਦੇ ਅਤੇ ਮਿੱਤਰਤਾ ਬਣਾਉਂਦੇ ਹਨ, ਅਜਿਹੇ ਆਦਮੀ ਸੱਚ ਦੇ ਪਾਂਧੀ ਹਨ । ਉਹ ਆਦਮੀ ਜੋ ਖ਼ੁਦਗਰਜ਼ੀ ਨਾਲ, ਇਕ ਇਨਸਾਫ਼ ਪਸੰਦ ਰਾਜ ਕੁਮਾਰ ਜਾਂ ਰਾਜੇ ਵਿਰੁੱਧ, ਜਾਂ ਲੋਕਾਂ ਦੁਆਰਾ ਚੁਣੇ ਗਏ ਨੁਮਾਇੰਦਿਆਂ ਵਿਰੁੱਧ ਬਗਾਵਤ ਕਰਦੇ ਹਨ, ਸੱਚ ਦੇ ਪਾਂਧੀ ਨਹੀਂ ਹਨ । ਤੇ ਜੋ ਲੋਕਾਂ ਘਰ ਬਰਬਾਦ ਕਰ ਦਿੰਦੇ ਹਨ ਤੇ ਜੋ ਅਜਿਹੇ ਵਿਰੋਧੀ ਤੱਤਾਂ ਦੀ ਮਦਦ ਕਰਦੇ ਹਨ, ਸੱਚ ਦੇ ਪਾਂਧੀ ਨਹੀਂ ਹਨ ।

ਉਹ ਜੋ ਚੰਡਾਲ ਅਤੇ ਘੁਮੰਡੀ ਬੰਦੇ, ਇਹ ਕਹਿੰਦੇ ਹਨ ਕਿ ਉਨ੍ਹਾਂ ਨੇ ਧਾਰਮਿਕ ਕਿਤਾਬਾਂ ਲਿਖੀਆਂ ਹਨ, ਸੰਸਾਰ ਭਲਾਈ ਲਈ ਤੇ ਉਨ੍ਹਾਂ ਦੂਜਿਆਂ ਤੱਕ ਨੂੰ ਵਿਖਾਉਂਦੇ ਵੀ ਨਹੀਂ (ਜੋ ਇਨ੍ਹਾਂ ਕਿਤਾਬਾਂ) ਵਿਚ ਵਿਸ਼ਵਾਸ ਨਹੀਂ ਕਰਦੇ, ਉਹ ਸੱਚ ਦੇ ਪਾਂਧੀ ਨਹੀਂ ਹਨ । ਉਹ ਅਧਿਆਪਕ ਜੋ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣ ਸਮੇਂ ਜਾਤੀ ਈਰਖਾ ਦੇ ਅਧਾਰ 'ਤੇ ਵਿਤਕਰਾ ਨਹੀਂ ਕਰਦੇ ਤੇ ਉਨ੍ਹਾਂ ਬੱਚਿਆਂ ਨੂੰ ਧਿਰਕਾਰਦੇ ਹਨ ਜੋ ਅਜਿਹਾ ਕਰਦੇ ਹਨ ਸੱਚ ਦੇ ਪਾਂਧੀ ਹਨ ।

ਉਹ ਜੋ ਇਨਸਾਫ ਕਰਨ ਵੇਲੇ ਕੋਈ ਪੱਖ ਨਹੀਂ ਪੂਰਦੇ, ਸੱਚ ਦੇ ਪਾਂਧੀ ਹਨ । ਉਹ ਜੋ ਉਨ੍ਹਾਂ ਦੀ ਧਰਤੀ ਬੀਜਦੇ ਹਨ, ਦਸਤਕਾਰੀ ਕਰਦੇ ਹਨ ਅਤੇ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਦਾ ਸਤਿਕਾਰ ਕਰਦੇ ਹਨ, ਉਨ੍ਹਾਂ ਨੂੰ ਸਹੀ ਸਦਾਚਾਰ ਵਾਲੇ ਬੰਦੇ ਕਿਹਾ ਜਾ ਸਕਦਾ ਹੈ । ਉਹ ਜੋ ਗਰੀਬਾਂ ਦਾ ਨਾਂ ਤਾਂ ਧਰਮ ਦੇ ਨਾਂ 'ਤੇ ਨਾ ਜੋਤਸ਼ ਭਵਿੱਖ ਬਾਣੀਆਂ ਦੇ ਅਧਾਰ 'ਤੇ ਸ਼ੋਸ਼ਨ ਕਰਦੇ ਹਨ, ਨੂੰ ਸਹੀ ਸਦਾਚਾਰ ਵਾਲੇ ਆਦਮੀ ਕਿਹਾ ਜਾ ਸਕਦਾ ਹੈ । ਉਹ ਜੋ ਗਰੀਬਾਂ ਦਾ ਉਨ੍ਹਾਂ ਨੂੰ Ownlets ਵੇਚ ਕੇ ਸ਼ੋਸ਼ਨ ਨਹੀਂ ਕਰਦੇ, ਸਹੀ ਸਦਾਚਾਰੀ ਹਨ ।

ਉਹ ਜੋ ਲੋਕਾਂ ਦੇ ਕੰਨਾਂ ਵਿਚ ਸਿੱਕੇ ਢਾਲਕੇ ਪਾਉਣ ਵਾਲੇ ਲੋਕਾਂ ਦਾ ਸਤਿਕਾਰ ਨਹੀਂ ਕਰਦੇ, ਸਹੀ ਸਦਾਚਾਰ ਦੇ ਆਦਮੀ ਹਨ । ਉਹ ਜੋ ਵੱਖਰੀਆਂ ਆਦਤਾਂ, ਵੱਖਰੇ ਪਹਿਰਾਵਿਆਂ ਅਤੇ ਵੱਖਰੀ ਖ਼ੁਰਾਕ ਵਾਲੇ ਲੋਕਾਂ ਨਾਲ ਭਾਈ-ਬੰਦੀ ਵਾਲਾ ਵਰਤਾਅ ਕਰਦੇ ਹਨ, ਸਦਾਚਾਰੀ ਆਦਮੀ ਹਨ । ਜੋਤੀਬਾ ਦਾ ਵਿਚਾਰ ਸੀ ਕਿ ਵੱਖਰੇ-ਵੱਖਰੇ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਜੇਕਰ ਸਤਿਆ ਸ਼ੋਧਕ ਸਮਾਜ ਦੇ ਮੈਂਬਰ ਹਨ, ਤਾਂ ਉਨ੍ਹਾਂ ਨੂੰ ਇਕ ਦੂਜੇ ਨਾਲ ਨਫਰਤ ਨਹੀ ਕਰਨੀ ਚਾਹੀਦੀ । ਉਨ੍ਹਾਂ ਕਿਹਾ, ਜੋਤਿਸ਼ ਮਨੁੱਖ ਦਾ ਭਵਿੱਖ ਢਾਉਣ ਮਨਾਉਣ ਵਰਗੀ ਕੋਈ ਸ਼ੈਅ ਨਹੀਂ ।....ਲੜਕੀ ਦਾ ਜਨਮ ਮਰਦ ਤੇ ਔਰਤ ਨੂੰ ਉੱਨਾ ਹੀ ਖ਼ੁਸ਼ੀ ਭਰਿਆ ਹੋਣਾ ਚਾਹੀਦਾ ਹੈ, ਜਿੰਨਾ ਪੁੱਤਰ ਦੇ ਪੈਦਾ ਹੋਣ 'ਤੇ ।

ਅਜਿਹੇ ਮਹਾਨ ਵਿਚਾਰ ਸਨ ਮਹਾਤਮਾ ਜੋਤੀਬਾ ਫੂਲੇ ਦੇ । ਉਨ੍ਹਾਂ ਵਿਚਾਰਾਂ ਨੂੰ ਬ੍ਰਾਹਮਣਵਾਦ ਅਤੇ ਜਾਤੀਵਾਦ ਦੇ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਇਹ ਕ੍ਰਾਂਤੀਕਾਰੀ ਵਿਚਾਰਧਾਰਾ ਸਮਾਜ ਦੀ ਬ੍ਰਾਹਮਣਵਾਦੀ ਤੌਰ ਨੂੰ ਬਦਲਣ ਦੇ ਸਮਰੱਥ ਹੈ । ਇਹੀ ਕਾਰਨ ਹੈ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਮਹਾਤਮਾ ਜੋਤੀਬਾ ਫੂਲੇ ਨੂੰ ਆਪਣਾ ਗੁਰੂ ਸਵੀਕਾਰ ਕੀਤਾ ਹੈ । ਉਧਰ 8 ਜਨਵਰੀ 1890 ਈ. ਨੂੰ ਚੀਫ ਜੱਜ ਸਰ ਚਾਰਲਸ ਸਾਰਜੰਟ ਅਤੇ ਮਿਸਟਰ ਜਸਟਿਸ ਕੇ.ਟੀ. ਤੇਲੰਗ ਨੇ ਫੈਸਲਾ ਦੇ ਦਿੱਤਾ ਕਿ ਉਹ ਸ਼ਾਦੀਆਂ, ਜੋ ਸਾਦੇ ਢੰਗ ਨਾਲ ਸਤਿਆ ਸ਼ੋਧਕ ਸਮਾਜ ਵੱਲੋਂ ਕੀਤੀਆਂ ਜਾਂਦੀਆਂ ਹਨ, ਜਾਇਜ਼ ਹਨ ।

ਫਿਰ ਉਸ ਨੇ ਆਪਣੇ ਸਤਿਆ ਸ਼ੋਧਕ ਸਮਾਜ ਦੇ ਵਰਕਰਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਨਸੀਹਤ ਕੀਤੀ ਕਿ ਉਹ ਨੀਵੇਂ ਗਿਰਾਏ ਲੋਕਾਂ ਲਈ ਮੁਕਤੀ ਪ੍ਰਾਪਤ ਕਰਨ ਦਾ ਕੰਮ ਜਾਰੀ ਰੱਖਣ ।.....ਉਸ ਨੇ ਕਿਹਾ ਕਿ ਉਸ ਨੂੰ ਇਹ ਵਿਸ਼ਵਾਸ ਹੈ ਕਿ ਉਸ ਦੀ ਪਤਨੀ ਸਾਵਿੱਤਰੀ ਬਾਈ, ਜਿਸ ਨੇ 40 ਸਾਲ ਦੇ ਲੰਬੇ ਅਰਸੇ ਤੱਕ ਉਸ ਦੇ ਮਿਸ਼ਨ ਵਿਚ ਬਰਾਬਰ ਹਿੱਸਾ ਪਾਇਆ ਹੈ, ਮੇਰੇ ਕੌੜੇ ਤਜਰਬਿਆਂ ਵਿਚੋਂ ਲੰਘਦਿਆਂ ਇਕ ਸ਼ਾਂਤ ਫਲਸਫੇ ਦਾ ਵਿਕਾਸ ਕੀਤਾ ਹੈ, ਆਪਣਾ ਕੰਮ ਜਾਰੀ, ਰੱਖੇਗੀ ਅਤੇ ਉਸ ਦਾ ਪੁੱਤਰ ਵੀ ਆਪਣੇ ਆਪ ਨੂੰ, ਲਤਾੜੇ ਲੋਕਾਂ ਲਈ ਅਰਪਨ ਕਰੇਗਾ ।

27 ਨਵੰਬਰ 1890, ਮਹਾਤਮਾ ਜੋਤੀ ਰਾਓ ਫੂਲੇ ਦੀ ਸਿਹਤ ਜਵਾਬ ਦੇਣ ਲੱਗ ਪਈ । ਸ਼ਾਮ ਨੂੰ ਉਸ ਨੇ ਆਪਣੇ ਪਰਵਾਰ ਦੇ ਮੈਂਬਰਾਂ ਨੂੰ ਕੋਲ ਬੁਲਾਇਆ । ਉਸ ਨੇ ਸਭ ਨੂੰ ਕਿਹਾ ਕਿ ਉਹ ਆਪਣਾ ਫਰਜ਼ ਬਿਨਾਂ ਕਿਸੇ ਖ਼ੁਦਗਰਜ਼ੀ ਦੇ ਠੀਕ-ਠੀਕ ਨਿਭਾਉਂਦੇ ਰਹਿਣ । ਫੇਰ ਉਸ ਨੇ ਆਪਣੀ ਪਤਨੀ ਨੂੰ ਬੁਲਾਇਆ ਅਤੇ ਉਸ ਨੂੰ ਅਲਵਿਦਾ ਕਹੀ । ਉਸ ਸਮੇਂ ਤੱਕ ਉਹ ਪੂਰੀ ਹੋਸ਼ ਵਿਚ ਸੀ । ਉਸ ਦੇ ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ । ਉਸ ਦਾ ਮਨ ਸ਼ਾਂਤ ਸੀ । ਰਾਤ ਸਮੇਂ ਉਸ ਮਹਾਨ ਕ੍ਰਾਂਤੀਕਾਰੀ ਮਹਾਤਮਾ ਨੇ ਹੌਲੀ-ਹੌਲੀ ਬੜੇ ਆਰਾਮ ਤੇ ਸ਼ਾਂਤੀ ਨਾਲ ਆਪਣੀਆਂ ਅੱਖਾਂ ਬੰਦ ਕਰ ਲਈਆਂ ।

ਕ੍ਰਾਂਤੀਕਾਰੀ ਸ਼ਾਹੂ ਛਤਰਪਤੀ ਮਹਾਰਾਜਾ ਕੋਹਲਾਪੁਰ

19 ਮਾਰਚ 1884 ਈ. ਨੂੰ ਅੱਪਾ ਸਾਹਿਬ ਗਟਜੇ ਨੇ ਆਪਣੇ ਲੜਕੇ ਜਸਵੰਤ ਰਾਓ ਨੂੰ ਕੋਹਲਾਪੁਰ ਦੀ ਗੱਦੀ 'ਤੇ ਬਿਠਾਇਆ। ਜਸਵੰਤ ਰਾਓ ਦਾ ਜਨਮ ਕੋਹਲਾਪੁਰ ਮਹਿਲ, ਜਿਸ ਦਾ ਨਾਂ ਸਰਕਟ ਹਾਊਸ ਸੀ, ਵਿਖੇ 26 ਜੁਲਾਈ ਨੂੰ ਹੋਇਆ। ਉਨ੍ਹਾਂ ਦੀ ਮਾਂ ਦਾ ਨਾਂ ਰਾਧਾ ਸੀ, ਜੋ ਕਿ ਮੁਧੋਲ ਦੇ ਰਾਜਾ ਸਾਹਿਬ ਦੀ ਧੀ ਸੀ। 17 ਮਾਰਚ 1884 ਨੂੰ ਅੱਪਾ ਸਾਹਿਬ ਗਟਜੇ ਨੇ ਆਪਣਾ ਲੜਕਾ ਜਸਵੰਤ ਰਾਓ, ਧਾਰਮਿਕ ਰਸਮਾਂ ਅਧੀਨ, ਰਾਣੀ ਬਾਈ ਦੀ ਝੋਲੀ ਪਾ ਦਿੱਤਾ। ਇਸ ਰਸਮ ਤੋਂ ਬਾਅਦ ਜਸਵੰਤ ਰਾਓ ਦਾ ਨਾਂ 'ਸ਼ਾਹੂ ਮਹਾਰਾਜ' ਰੱਖਿਆ ਗਿਆ। ਸ਼ਾਹੂ ਜੀ ਜਦੋਂ ਤਿੰਨ ਸਾਲ ਦੇ ਸੀ, ਉਸ ਦੀ ਮਾਤਾ ਦੀ ਮੌਤ ਹੋ ਗਈ ਤੇ ਜਦੋਂ ਉਹ 12 ਸਾਲ ਦਾ ਹੋਇਆ, ਉਸ ਦਾ ਪਿਤਾ ਵੀ ਵਿਛੋੜਾ ਦੇ ਗਿਆ। ਪਿਤਾ ਦੀ ਮੌਤ ਤੋਂ ਬਾਅਦ ਉਸ ਦੇ ਅਗਵਾਨੂੰ ਕੇ.ਬੀ. ਗੋਖਲੇ ਨੇ ਸਲਾਹ ਦਿੱਤੀ ਕਿ ਸ਼ਾਹੂ ਨੂੰ ਆਪਣੇ ਪਿਤਾ ਤੇ ਮਾਨਯੋਗ ਦੋਸਤਾਂ ਦੀ ਸੰਗਤ 'ਚ ਰਹਿਣਾ ਚਾਹੀਦਾ ਹੈ ਨਾ ਕਿ ਛੋਟੀਆਂ ਜਾਤੀਆਂ ਦੇ ਆਦਮੀਆਂ ਨਾਲ।

ਇਸ ਸਲਾਹ 'ਤੇ ਨੌਜਵਾਨ ਰਾਜਾ ਨੇ ਉੱਤਰ ਦਿੱਤਾ, "ਹਾਂ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਅਜਿਹੇ ਆਦਮੀਆਂ ਦੇ ਸਾਥ ਨੇ ਪਿਤਾ ਜੀ ਨੂੰ ਬੁਰਾਈ ਦਿੱਤੀ, ਜਿਸਨੇ ਉਸ ਦੀ ਸ਼ਾਨਦਾਰ ਸਿਹਤ ਬਰਬਾਦ ਕਰ ਦਿੱਤੀ ਤੇ ਮੈਂ ਅਜਿਹਾ ਕਰਨ ਤੋਂ ਗੁਰੇਜ ਕਰਨ ਦਾ ਮਨ ਬਣਾਇਆ ਹੈ। ਨਹੀਂ, ਨਾ ਮੈਂ ਇਸ ਕਿਸਮ ਦੀ ਸੰਗਤ ਚਾਹੁੰਦਾ ਹਾਂ ਨਾ ਇਸ ਕਿਸਮ ਦੀ ਬੁਰਾਈ।" ਸ਼ਾਹੂ ਨੇ 8 ਮਈ 1888 ਈ. ਨੂੰ ਕੋਹਲਾਪੁਰ ਵਿਚ ਪਹਿਲੀ ਰੇਲਵੇ ਲਾਈਨ ਦਾ ਉਦਘਾਟਨ ਕੀਤਾ ਤੇ ਕਿਹਾ ਕਿ ਰੇਲਵੇ ਉਸ ਦੇ ਲੋਕਾਂ ਲਈ ਕਾਫੀ ਸਹੂਲਤਾਂ ਪ੍ਰਦਾਨ ਕਰੇਗੀ।

ਸ਼ਾਹੂ ਭਾਵੇਂ ਕਈ ਵਿਸ਼ਿਆਂ ਵਿਚ ਕਮਜ਼ੋਰ ਤੇ ਲਾਪ੍ਰਵਾਹ ਸੀ, ਫਿਰ ਵੀ ਉਹ ਰਿਸ਼ਟਪੁਸ਼ਟ ਦਿਮਾਗ ਵਾਲਾ, ਦਿਆਲੂ, ਖੁੱਲ੍ਹ ਦਿਲਾ ਅਤੇ ਸਚਾਈ ਦਾ ਪ੍ਰੇਮੀ ਸੀ। ਉਹ ਖੁਦਗਰਜ਼ ਨਹੀਂ ਸੀ, ਸਗੋਂ ਚੰਗੇ ਸੁਭਾਅ ਵਾਲਾ ਸੀ। ਸ਼ਾਹੂ ਦਿਮਾਗ ਅਤੇ ਸਰੀਰਕ ਪੱਖੋਂ ਇਕ ਦਿਉ ਕੱਦ ਸੀ।

ਸ਼ਾਹੂ ਮੁੱਢ ਤੋਂ ਹੀ ਗਰੀਬਾਂ ਅਤੇ ਨਿਆਸਰਿਆਂ ਦਾ ਸਾਥੀ ਸੀ। ਉਹ ਨਿੱਘੇ ਦਿਲ ਵਾਲਾ ਸਾਦਾ, ਬੇਗਰਜ਼ ਅਤੇ ਗਰੀਬਾਂ ਨਾਲ ਘੁਲਣ ਮਿਲਣ ਵਾਲਾ ਵਿਅਕਤੀ ਸੀ। ਉਹ ਪਹਿਲਾ ਮਹਾਰਾਜਾ ਸੀ ਜੋ ਕਿਸਾਨਾਂ ਅਤੇ ਨੀਵੇਂ ਤੋਂ ਨੀਵੇਂ ਲੋਕਾਂ ਨਾਲ ਘੁਲ ਮਿਲ ਜਾਂਦਾ ਸੀ ਅਤੇ ਉਨ੍ਹਾਂ ਦੇ ਜੀਵਨ ਨਿਰਬਾਹ ਦੇ ਹਾਲਤਾਂ ਬਾਰੇ ਪੁੱਛ ਹੜਤਾਲ ਕਰਦਾ ਸੀ। ਆਪਣੇ ਰਾਜਾ ਨੂੰ ਆਪਣੇ ਵਿਚਕਾਰ ਵੇਖ ਕੇ ਉਸ ਦੇ ਲੋਕ ਖੁਸ਼ੀ ਅਤੇ ਜੋਸ਼ ਨਾਲ ਭਰ ਜਾਂਦੇ ਸਨ। 2 ਅਪ੍ਰੈਲ 1894 ਈ. ਨੂੰ ਉਸ ਨੂੰ ਕੋਹਲਾਪੁਰ ਰਿਆਸਤ ਦੇ ਸਿੰਘਾਸਣ 'ਤੇ ਬਿਠਾਇਆ ਗਿਆ। ਉਸ ਸਮੇਂ ਸ਼ਾਹੂ ਨੂੰ ਛਤਰਪਤੀ ਕੋਹਲਾਪੁਰ ਐਲਾਨਿਆ ਗਿਆ। ਉਸ ਸਮੇਂ ਮਹਾਰਾਸ਼ਟਰ ਵਿਚ ਬ੍ਰਾਹਮਣਾਂ ਦੀ ਗਿਣਤੀ ਕੇਵਲ 5% ਸੀ, ਪ੍ਰੰਤੂ ਬਰਤਾਨਵੀ ਕਰਮਚਾਰੀਆਂ ਤੋਂ ਬਾਅਦ ਪ੍ਰਬੰਧ ਵਿਚ ਉਹ ਦੂਜੇ ਨੰਬਰ 'ਤੇ ਬੈਠੇ ਸਨ। ਕੀ ਸ਼ਾਸਨ, ਕੀ ਵਿਦਿਆ, ਕੀ ਮਾਲ ਪ੍ਰਬੰਧ ਤੇ ਹੋਰ ਅਦਾਰੇ, ਸਭਨਾਂ ਵਿਚ ਉਨ੍ਹਾਂ ਦੀ ਚੌਧਰ ਸੀ ਤੇ ਗੈਰ-ਬ੍ਰਾਹਮਣਾਂ ਦੀ ਹੋਂਦ ਨਾ ਦੇ ਬਰਾਬਰ ਸੀ। ਜਦੋਂ ਕਦੀ ਗਰੀਬਾਂ ਜਾਂ ਕਿਸਾਨਾਂ ਦਾ ਕੋਈ ਮਾਮਲਾ ਉਠਦਾ ਤਾਂ ਬ੍ਰਾਹਮਣ ਹਮੇਸ਼ਾ ਆਪਣਾ ਫੈਸਲਾ ਜਾਂ ਜ਼ਿਮੀਂਦਾਰਾਂ ਦੇ ਹੱਕ ਵਿਚ ਦਿੰਦੇ ਜਾਂ ਸ਼ਾਹੂਕਾਰਾਂ ਦੇ ਹੱਕ ਵਿਚ, ਕਿਉਂਕਿ ਉਹ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਸਨ।

ਇਸ ਨਾਲ ਬ੍ਰਾਹਮਣਾਂ ਨੇ ਸਾਰੇ ਭਾਰਤ ਵਿੱਚ ਗੈਰ ਬ੍ਰਾਹਮਣਾਂ ਦੇ ਖਿਲਾਫ ਇਕ ਮੁਹਿਮ ਚਲਾ ਰੱਖੀ ਸੀ। ਉਹ ਸੋਚਦੇ ਸਨ ਕਿ ਜੇ ਇਹ ਨੀਵੇਂ ਲੋਕ ਪੜ੍ਹ ਗਏ ਤਾਂ ਉਨ੍ਹਾਂ ਨੂੰ ਵਿਦਿਆ ਦਾ ਜੋ ਲਾਭ ਪ੍ਰਾਪਤ ਹੋਵੇਗਾ, ਉਹ ਬ੍ਰਾਹਮਣਾਂ ਲਈ ਨੁਕਸਾਨਦੇਹ ਹੋਵੇਗਾ। ਸਿੱਟੇ ਵਜੋਂ ਬ੍ਰਾਹਮਣਾਂ ਦੀ ਬਣੀ ਉੱਚੀ ਦਸ਼ਾ ਨੂੰ ਖਤਰਾ ਹੋ ਜਾਵੇਗਾ। ਇਸ ਲਈ ਗੈਰ ਬ੍ਰਾਹਮਣਾਂ ਨੂੰ ਧਰਮ ਦੇ ਆਧਾਰ 'ਤੇ ਹੋਰ ਤਰੀਕਿਆਂ ਨਾਲ, ਵਿਦਿਆ ਦਾ ਗਿਆਨ ਪ੍ਰਾਪਤ ਕਰ

ਉਹ ਸੋਚਦੇ ਸਨ ਕਿ ਇਕ ਸ਼ੂਦਰ ਕਲਰਕ ਵੀ ਬਣ ਗਿਆ ਤਾਂ ਉਨ੍ਹਾਂ
[illegible] ਯਤਨ ਜਾਰੀ ਸਨ । ਇਸ ਲਈ ਸ਼ੂਦਰ ਬੱਚਿਆਂ ਨੂੰ ਸਕੂਲ ਜਾਣ ਤੋਂ ਰੋਕਿਆ ਜਾਂਦਾ ਸੀ ਜਾਂ ਉਨ੍ਹਾਂ
ਬੁਰੀ ਨਜ਼ਰ ਨਾਲ ਵੇਖੇਗਾ । ਇਸ ਲਈ ਸ਼ੂਦਰ ਬੱਚਿਆਂ ਨੂੰ ਸਕੂਲ ਸਮੇਂ ਅਪਮਾਨ ਕੀਤਾ ਜਾਂਦਾ ਸੀ । ਅਛੂਤਾਂ ਦੇ
[illegible] ਵਿਚ ਸਜ਼ਾ ਦਿੱਤਾ ਜਾਂਦਾ ਸੀ ਜਾਂ ਉਨ੍ਹਾਂ ਦਾ ਸਕੂਲ ਸਮੇਂ ਅਪਮਾਨ ਕੀਤਾ ਜਾਂਦਾ ਸੀ । ਅਛੂਤਾਂ ਦੇ
[illegible] ਦੀ ਹਾਲਤ ਕਿਤੇ ਭਿਆਨਕ ਸੀ । ਉਨ੍ਹਾਂ ਦੇ ਦਾਖਲ ਹੋ ਜਾਣ 'ਤੇ ਸਕੂਲਾਂ ਦਾ ਬਾਈਕਾਟ ਕਰ ਦਿੱਤਾ
ਜਾਂਦਾ ਸੀ । ਇਹ 19ਵੀਂ ਸਦੀ ਤੱਕ ਹਾਲਤ ਸੀ ।

1891 ਈ. ਵਿਚ, ਜਦੋਂ ਤਕ ਕਿ ਮਹਾਤਮਾ ਜੋਤੀਬਾ ਫੂਲੇ 1848 ਈ. ਤੋਂ ਲੈ ਕੇ ਆਪਣੇ ਅੰਤਮ ਸਮੇਂ
1890 ਈ. ਤੱਕ ਅਟੁੱਟ ਸੰਘਰਸ਼ ਲੜੇ ਸਨ ਤਾਂ ਵੀ ਕੋਲਹਾਪੁਰ ਵਿਚ, ਜਿਸ ਦਾ ਰਾਜਭਾਗ ਸ਼ਾਹੂ ਜੀ ਪਾਸ ਸੀ,
ਸਰਕਾਰੀ ਤੌਰ 'ਤੇ 60 ਬ੍ਰਾਹਮਣ ਸਨ ਅਤੇ 11 ਗੈਰ ਬ੍ਰਾਹਮਣ ਕਰਮਚਾਰੀ ਸਨ । ਗੈਰ ਸਰਕਾਰੀ ਤੌਰ 'ਤੇ 46
ਬ੍ਰਾਹਮਣ ਅਤੇ 7 ਗੈਰ ਬ੍ਰਾਹਮਣ ਸਨ, ਜਦੋਂ ਕਿ ਕੋਹਲਾਪੁਰ ਦੀ ਕੁੱਲ 9 ਲੱਖ ਆਬਾਦੀ ਵਿਚੋਂ ਬ੍ਰਾਹਮਣ ਕੇਵਲ
[illegible] ਹਜ਼ਾਰ ਸਨ । ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਪੜ੍ਹੇ ਲਿਖੇ ਸਨ । ਸਾਰੇ ਰਾਜ ਨੂੰ ਚਿਤਪਾਵਨ ਬ੍ਰਾਹਮਣ ਹੀ
ਚਲਾਉਂਦੇ ਸਨ । 2 ਅਪ੍ਰੈਲ 1894 ਈ. ਨੂੰ ਗੱਦੀ ਸੰਭਾਲਣ ਵੇਲੇ ਸ਼ਾਹੂ ਛਤਰਪਤੀ ਨੇ ਇਹ ਐਲਾਨ ਕੀਤਾ,
"ਇਹ ਸਾਡੀ ਦਿਲੀ ਖਾਹਿਸ਼ ਹੈ ਕਿ ਸਾਡੇ ਲੋਕ ਹਮੇਸ਼ਾਂ ਖੁਸ਼ ਅਤੇ ਸੰਤੁਸ਼ਟ ਰਹਿਣ ਤੇ ਉਨ੍ਹਾਂ ਦੀ ਭਲਾਈ ਦਿਨ-
ਬ-ਦਿਨ ਵਧਦੀ ਜਾਵੇ ਤੇ ਸਾਡਾ ਰਾਜ ਜ਼ਿੰਦਗੀ ਦੇ ਹਰ ਖੇਤਰ ਵਿਚੋਂ ਖੁਸ਼ਹਾਲ ਹੋ ਜਾਵੇ । ਆਪਣੇ ਲੋਕਾਂ ਦੀ
ਭਲਾਈ ਨੂੰ ਬੇਹਤਰ ਬਣਾਉਂਦਿਆਂ ਸਾਰੇ ਜਾਗੀਰਦਾਰਾਂ, ਰਿਸ਼ਤੇਦਾਰਾਂ, ਸਰਦਾਰਾਂ ਸਰਕਾਰੀਆਂ, ਇਨਾਮਦਾਰਾਂ,
ਜ਼ਮੀਦਾਰਾਂ, ਰੁਤਬੇ ਵਾਲੀਆਂ ਸਾਰੀਆਂ ਜਮਾਤਾਂ ਅਤੇ ਹੋਰ ਸਭ ਲੋਕਾਂ ਕੋਲੋਂ ਵਫ਼ਾਦਾਰੀ ਅਤੇ ਦਿਲੀ ਸਹਿਯੋਗ
ਦੀ ਉਮੀਦ ਰੱਖਣੀ ਹੋਵੇਗੀ । ਸਭ ਤੋਂ ਪਹਿਲਾਂ ਉਸ ਨੇ ਪੁਰਾਣੀ ਚਲ ਰਹੀ ਕਾਰਜਕਾਰੀ ਪ੍ਰਬੰਧਕੀ ਕੌਂਸਲ ਨੂੰ ਤੋੜ
ਦਿੱਤਾ ਤੇ ਇਸ ਨੂੰ ਇਕ ਸਲਾਹਕਾਰ ਕਮੇਟੀ ਵਿਚ ਬਦਲ ਦਿੱਤਾ । ਇਕ ਸੱਕਤਰੇਤ ਸ਼ੁਰੂ ਕੀਤਾ, ਜਿਸ ਦਾ ਨਾਂ
ਹਜ਼ੂਰ ਦਰਬਾਰ ਰੱਖਿਆ ਗਿਆ ।

ਸਭ ਤੋਂ ਪਹਿਲਾਂ ਸ਼ਾਹੂ ਜੀ ਨੇ ਹੁਕਮ ਦਿੱਤਾ ਕਿ ਜੋ ਕਰਮਚਾਰੀ ਕਿਸੇ ਵੀ ਕੰਮ ਪਿੰਡਾਂ ਵਿਚ ਜਾਂਦੇ ਹਨ ਅਤੇ
ਆਪਣੇ ਲਈ ਉਥੋਂ ਵਸਤੂਆਂ ਲੈਂਦੇ ਹਨ, ਉਹ ਅੱਗੇ ਤੋਂ ਨਕਦ ਪੈਸੇ ਦੇ ਕੇ ਲੈਣਗੇ ਅਤੇ ਰਸੀਦ ਪੇਸ਼ ਕਰਨਗੇ ।
ਉਨ੍ਹਾਂ ਦਾ ਇਹ ਕਰਨਾ ਇਸ ਕਾਰਨ ਸੀ ਕਿ ਸ਼ਾਇਦ ਕਰਮਚਾਰੀ ਪਿੰਡ ਵਾਲਿਆਂ ਤੋਂ ਵਸਤੂਆਂ ਦਬਾਓ ਨਾਲ
ਮੁਫ਼ਤ ਲੈਂਦੇ ਹਨ, ਪੈਸੇ ਨਹੀਂ ਦਿੰਦੇ । ਇਸ ਹੁਕਮ ਤੋਂ ਬਾਅਦ ਹਰ ਕਿਸੇ ਨੂੰ ਨਕਦੀ ਅਦਾ ਕਰਕੇ ਚੀਜ਼ ਲੈਣੀ ਪੈਂਦੀ
ਸੀ । ਦੂਜਾ ਸ਼ਾਹੂ ਜੀ ਨੇ ਇਹ ਹੁਕਮ ਜਾਰੀ ਕੀਤਾ ਕਿ ਕਚਹਿਰੀ ਕਿਸਾਨਾਂ ਦੇ ਖੇਤੀ ਵਾਲੇ ਪਸ਼ੂਆਂ ਦੀ ਨਿਲਾਮੀ
ਨਹੀਂ ਕਰਵਾ ਸਕੇਗੀ । ਇਸ ਤਰ੍ਹਾਂ ਸ਼ਾਹੂ ਜੀ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਸ਼ਿਕੰਜੇ ਵਿਚੋਂ ਕੱਢ ਲਿਆ, ਜੋ ਜਦੋਂ
ਠੀਕ ਲੱਗੇ ਆਪਣੀ ਰਕਮ ਵਸੂਲਣ ਲਈ ਕਚਹਿਰੀਆਂ ਤੋਂ ਕਿਸਾਨਾਂ ਦੇ ਪਸ਼ੂਆਂ ਦੀ ਨਿਲਾਮੀ ਦੇ ਹੁਕਮ ਕਰਵਾ
ਲੈਂਦੇ ਸਨ, ਕਿਉਂਕਿ ਕਚਹਿਰੀਆਂ ਦਾ ਕੰਟਰੋਲ ਮੁੱਖ ਰੂਪ ਵਿਚ ਬ੍ਰਾਹਮਣਾਂ ਪਾਸ ਹੀ ਸੀ । ਮੁਨਸ਼ੀ, ਵਕੀਲ,
ਕਲਰਕ, ਜੱਜ ਆਦਿ ਸਭ ਉਹ ਹੀ ਸਨ ।

ਸ਼ਾਹੂ ਆਮ ਤੌਰ 'ਤੇ ਗਰੀਬਾਂ ਕੋਲ ਜਾਂਦੇ । ਉਨ੍ਹਾਂ ਨੂੰ ਬੁਲਾਉਂਦੇ ਤੇ ਉਨ੍ਹਾਂ ਨਾਲ ਖੁਲ੍ਹੀਆਂ ਗੱਲਾਂ ਕਰਦੇ ।
ਪੇਂਡੂਆਂ ਅਤੇ ਕਿਸਾਨਾਂ ਨੂੰ ਉਨ੍ਹਾਂ ਨੂੰ ਮਿਲਣ ਦੀ ਪੂਰੀ ਖੁੱਲ੍ਹ ਸੀ । ਜਦੋਂ ਉਹ ਸਵੇਰ ਸਮੇਂ ਘੋੜੇ 'ਤੇ ਸਵਾਰ ਹੋ ਕੇ
ਬਾਹਰ ਨਿਕਲਦੇ, ਲੋਕਾਂ ਨੂੰ ਉਨ੍ਹਾਂ ਨਾਲ ਮਿਲਣ ਦਾ ਪੂਰਾ ਮੌਕਾ ਮਿਲਦਾ ਉਹ ਉਨ੍ਹਾਂ ਦੀਆਂ ਲੋੜਾਂ ਅਤੇ
ਸਮੱਸਿਆਵਾਂ ਨੂੰ ਜਾਨਣ ਦੀ ਕੋਸ਼ਿਸ਼ ਕਰਦੇ । ਜਦੋਂ ਕਦੀ ਉਹ ਸ਼ਿਕਾਰ ਕਰਨ ਨਿਕਲਦੇ, ਅਜਿਹੀਆਂ ਸੈਰ ਰਾਹੀਂ
ਦੌਰਾਨ ਉਹ ਆਮ ਤੌਰ 'ਤੇ ਉਸ ਭੋਜਨ ਨੂੰ ਦੇਖਦੇ ਜੋ ਉਹ ਖਾਂਦੇ ਸਨ ਤੇ ਉਹ ਫਟੇ ਪੁਰਾਣੇ ਕੱਪੜੇ ਜੋ ਉਹ ਪਹਿਨਦੇ
ਸਨ, ਉਹ ਮੁਸ਼ਕਿਲਾਂ ਜਿਨ੍ਹਾਂ ਦਾ ਅਕਸਰ ਉਨ੍ਹਾਂ ਨੂੰ ਸਮਾਹਣਾ ਕਰਨਾ ਪੈਂਦਾ ਸੀ । ਉਹ ਆਪਣਾ ਉੱਤਮ ਖਾਣਾ
ਉਨ੍ਹਾਂ ਨਾਲ ਸਾਂਝਾ ਕਰਦੇ, ਆਪਣੇ ਡਾਕਟਰਾਂ ਅਤੇ ਦੋਸਤਾਂ ਦੇ ਰੋਕਣ ਦੇ ਬਾਵਜੂਦ ਵੀ ਉਹ ਉਨ੍ਹਾਂ ਦਾ ਘਟੀਆ,
ਸਾਦਾ ਤੇ ਪਾਣੀ ਘਰਾਣੀ ਜਿਹਾ ਖਾਣਾ ਖਾਂਦੇ । ਉਹ ਬੜੇ ਸਬਰ ਨਾਲ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣਦੇ ਅਤੇ
ਆਪਣਾ ਪੂਰਾ ਯਤਨ ਕਰਦੇ, ਉਨ੍ਹਾਂ ਨੂੰ ਹੱਲ ਕਰਨ ਲਈ । ਉਨ੍ਹਾਂ ਨੇ ਆਪਣੇ ਲੋਕਾਂ ਵਿਚ ਆਪਣੇ-ਆਪ ਲਈ
ਇਕ ਮੁਕਤੀ ਦੁਆਉਣ ਵਾਲੇ ਰਾਜਾ ਦੇ ਤੌਰ 'ਤੇ ਗਹਿਰਾ ਭਰੋਸਾ ਪੈਦਾ ਕਰ ਲਿਆ । ਇਸ ਤਰ੍ਹਾਂ ਛੱਤਰਪਤੀ
ਵਾਸਤੇ ਉਨ੍ਹਾਂ ਅੰਦਰ ਇਸ ਗਹਿਰੀ ਵਫ਼ਾਦਾਰੀ ਦੀ ਭਾਵਨਾ ਭਰ ਗਈ । ਮਾਰਚ ਵਿਚ ਉਨ੍ਹਾਂ ਨੇ ਸਹਾਦਾਰੀ ਦੇ
ਜੰਗਲਾਂ ਵਿਚ ਰਹਿ ਰਹੇ ਕਬੀਲਿਆਂ ਦੀ ਹਾਲਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੰਚਾਲਾ ਪਧ ਸਥਾਨ ਦੀ

ਯਾਤਰਾ ਕੀਤੀ । ਉਹ ਇਸ ਲਈ ਖੁਸ਼ ਸਨ ਕਿ ਉਨ੍ਹਾਂ ਦਾ ਪਿਆਰਾ ਬਾਦਸ਼ਾਹ ਉਨ੍ਹਾਂ ਦੀਆਂ ਤਕਲੀਫਾਂ ਸੁਣਨ ਅਤੇ ਦੂਰ ਕਰਨ ਲਈ ਖੁਦ ਚੱਲ ਕੇ ਆਇਆ ਹੈ ।

ਕੋਹਲਾਪੁਰ ਸ਼ਹਿਰ ਵੱਲ ਧਿਆਨ ਦਿੰਦਿਆਂ ਛਤਰਪਤੀ ਨੇ ਸ਼ਹਿਰ ਵਿਚ ਸੰਘਣੀ ਆਬਾਦੀ ਘਟਾਉਣ ਅਤੇ ਵਪਾਰ ਨੂੰ ਵਧਾਉਣ ਲਈ 1895 ਈ. ਵਿਚ ਸ਼ਾਹੂਪੁਰੀ ਐਕਸਟੈਂਸ਼ਨ ਪਰੋਜੈਕਟ ਸ਼ੁਰੂ ਕੀਤਾ, ਜਿਥੇ ਗੁੜ, ਸ਼ੱਕਰ ਅਤੇ ਖੰਡ ਦਾ ਧੰਦਾ ਚਲਾਇਆ ਗਿਆ । ਫਿਰ ਛਤਰਪਤੀ ਦੱਖਣ ਵਿਦਿਅਕ ਸੁਸਾਇਟੀ ਦੇ ਪ੍ਰਧਾਨ ਬਣੇ । ਪੂਨੇ ਵਿਚ ਫਰਗੂਸਨ ਕਾਲਜ ਦੀ ਨੀਂਹ ਰੱਖੀ । ਉਨ੍ਹਾਂ ਦੀ ਇਸ ਸੰਸਥਾ ਦਾ ਇਕੋ ਇਕ ਮੰਤਵ ਗਿਆਨ ਫੈਲਾਉਣਾ ਸੀ । ਛਤਰਪਤੀ ਚਾਹੁੰਦੇ ਸਨ ਕਿ ਉੱਚੀਆਂ ਪਦਵੀਆਂ 'ਤੇ ਗੈਰ ਬ੍ਰਾਹਮਣ, ਸਿਆਣੇ, ਸੂਝਵਾਨ ਲੋਕਾਂ ਨੂੰ ਵੀ ਲਿਆਂਦਾ ਜਾਵੇ ।

ਉਨ੍ਹਾਂ ਨੇ ਕਿਹਾ ਕਿ ਚੰਗੀਆਂ ਚੀਜ਼ਾਂ ਉਸ ਨੇ ਚੰਗੇ ਆਦਮੀਆਂ ਤੋਂ ਸਿੱਖੀਆਂ ਹਨ ਅਤੇ ਜ਼ਿੰਦਗੀ ਦੀ ਹਨੇਰੀ ਤਸਵੀਰ ਉਨ੍ਹਾਂ ਆਦਮੀਆਂ ਵਿਚੋਂ ਲੱਭੀ ਹੈ, ਜੋ ਦੁਸ਼ਵਾਰੀਆਂ ਵਿਚ ਰਹਿੰਦੇ ਹਨ । ਫਿਰ ਉਨ੍ਹਾਂ ਯੋਗ ਅਤੇ ਵਫਾਦਾਰ ਕਾਰਜਕਾਰੀ ਕਰਮਚਾਰੀਆਂ ਦੀ ਇਕ ਟੀਮ ਬਣਾਉਣ ਦਾ ਨਿਸ਼ਚਾ ਕੀਤਾ ਤੇ ਇਸ ਤਰ੍ਹਾਂ ਉਨ੍ਹਾਂ ਹੌਲੀ-ਹੌਲੀ ਅਫਸਰਸ਼ਾਹੀ ਵਾਲਾ ਪ੍ਰਸ਼ਾਸਨ ਬਦਲਣਾ ਸ਼ੁਰੂ ਕਰਕੇ ਆਪਣੀ ਇੱਛਾ ਦੇ ਆਦਮੀ ਭਰਨੇ ਸ਼ੁਰੂ ਕੀਤੇ । ਜਦੋਂ ਸ਼ਾਹੂ ਜੀ ਨੇ ਡੀ.ਏ. ਵਿਚਾਰੇ ਨੂੰ ਪਬਲਕ ਵਰਕਸ ਮਹਿਕਮੇ ਵਿਚ ਐੱਲ.ਸੀ.ਐੱਫ. ਦੀ ਪਦਵੀ 'ਤੇ ਲਗਾਇਆ ਤਾਂ ਉਸ ਦਾ ਭਰਕੇ ਵਿਰੋਧ ਹੋਇਆ । ਬਾਅਦ ਵਿਚ ਵਿਚਾਰੇ ਨੂੰ ਹਜ਼ੂਰ ਦਰਬਾਰ ਨਾਲ ਜੋੜ ਲਿਆ ਗਿਆ । ਇਹ ਕਿਹਾ ਜਾਣ ਲੱਗਾ ਕਿ ਸ਼ਾਹੂ ਅਣਜਾਣ ਤੇ ਘੱਟ ਪੜ੍ਹਿਆਂ ਨੂੰ ਅਹੁਦਿਆਂ 'ਤੇ ਲਗਾ ਰਿਹਾ ਹੈ । ਪ੍ਰੰਤੂ ਛਤਰਪਤੀ ਨੇ ਆਪਣੀ ਯੋਜਨਾ ਅਨੁਸਾਰ ਆਪਣਾ ਕੰਮ ਜਾਰੀ ਰੱਖਿਆ ਉਸ ਨੇ ਕਿਹਾ ਕਿ, "ਮੈਨੂੰ ਕੁਝ ਲੋਕਾਂ ਦੀਆਂ ਇਛਾਵਾਂ ਵਿਰੁੱਧ ਅਜਿਹਾ ਕਰਕੇ ਦੋਸ਼ਾਂ ਦਾ ਆਪਣਾ ਹਿੱਸਾ ਲੈਣ ਲਈ ਤਿਆਰ ਰਹਿਣਾ ਚਾਹੀਦਾ ਹੈ ।" ਇਸ ਤਰ੍ਹਾਂ ਉਨ੍ਹਾਂ ਨੇ ਨਿਡਰ ਹੋ ਕੇ ਜੂਨ 1986 ਈ. 'ਚ ਵੈਦਿਆਂ ਦੀ ਥਾਂ ਆਰ.ਵੀ. ਸਾਬਨਸ ਨੂੰ ਮੁੱਖ ਮਾਲ ਅਫਸਰ ਨਿਯੁਕਤ ਕਰ ਦਿੱਤਾ ਅਤੇ ਰਾਧਾ ਬਾਈ ਕ੍ਰਿਸ਼ਨ ਰਾਓ ਕੇਲਕਰ ਨੂੰ ਇਸਤਰੀ ਵਿਦਿਆ ਦੀ ਸੁਪਰਡੈਂਟ ਨਿਯੁਕਤ ਕੀਤਾ, ਜਿਸ ਦਾ ਚਰਿੱਤਰ ਵਰਣਨਯੋਗ ਅਤੇ ਗਿਆਨ ਬਹੁਤ ਉੱਚਾ ਸੀ ।

1896 ਈ. 'ਚ ਸ਼ਾਹੂ ਛਤਰਪਤੀ ਨੇ ਕਈ ਪ੍ਰਾਇਮਰੀ ਸਕੂਲ ਖੋਲ੍ਹੇ । ਉਨ੍ਹਾਂ ਨੇ ਨੀਵੀਆਂ ਜਾਤਾਂ ਵਿਚ ਵਿਦਿਆ ਫੈਲਾਉਣ ਦੀ ਇੱਛਾ ਬਣਾਈ ਤਾਂ ਕਿ ਉਹ ਆਪਣੇ ਅਧਿਕਾਰਾਂ ਤੋਂ ਜਾਣੂ ਹੋ ਸਕਣ । ਕੰਨੜ ਅਤੇ ਮਰਾਠੀ ਭਾਸ਼ਾ ਦੇ ਝਗੜੇ ਸੰਬੰਧੀ ਸ਼ਾਹੂ ਨੇ ਫੈਸਲਾ ਦਿੱਤਾ ਕਿ ਮਰਾਠੀ ਰਾਜਭਾਸ਼ਾ ਹੋਣ ਕਰਕੇ ਆਦੇਸ਼ਾਂ ਦਾ ਮਾਧਿਅਮ ਰਹੇਗੀ ਕੰਨੜ ਆਮ ਕੰਮਾਂ ਲਈ ਵਰਤੀ ਜਾਣ ਕਾਰਨ ਪੜ੍ਹਾਈ ਜਾਵੇਗੀ । ਕਾਲ ਅਤੇ ਪਲੇਗ ਨੂੰ ਰੋਕਣ ਲਈ ਬਹੁਤ ਸਾਰੇ ਪ੍ਰਬੰਧ ਕੀਤੇ ਗਏ । ਸਸਤੇ ਭਾਅ 'ਤੇ ਘਾਹ ਵੇਚਣ ਦਾ ਪ੍ਰਬੰਧ ਤੇ ਉਨ੍ਹਾਂ ਪਸ਼ੂਆਂ ਲਈ ਬਹੁਤ ਸਾਰਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਲਕ ਸੰਭਾਲ ਨਹੀਂ ਸਕਦੇ ਸਨ । ਜ਼ਮੀਨ ਦਾ ਮਾਲੀਆ ਵੀ ਮੁਆਫ ਕੀਤਾ ਗਿਆ । ਇਨ੍ਹਾਂ ਦਿਨਾਂ ਵਿਚ ਸ਼ਾਹੂ ਆਪਣੇ ਸਥਾਨ 'ਤੇ ਸਵੇਰ ਤੋਂ ਸ਼ਾਮ ਤੀਕ ਲਗਾਤਾਰ ਬੇਅਰਾਮ ਕੰਮ ਕਰਦੇ ਰਹੇ । ਪਲੇਗ ਸੰਬੰਧੀ ਕਾਰਜਾਂ 'ਤੇ ਨਿਗਰਾਨੀ ਕਰਦੇ ਰਹੇ । ਉਹ ਥੱਕੇ ਹਾਰੇ ਵੀ ਆਸ-ਪਾਸ ਆਪ ਜਾ ਕੇ ਉਸ ਦਾ ਨਿਰੀਖਣ ਕਰਦੇ । ਉਨ੍ਹਾਂ ਇਥੋਂ ਤੀਕ ਆਦੇਸ਼ ਜਾਰੀ ਕਰ ਦਿੱਤੇ ਕਿ ਜੋ ਲੋਕ ਆਪਣੇ ਪਸ਼ੂਆਂ ਲਈ ਖਾਣੇ ਦਾਣੇ ਦਾ ਪ੍ਰਬੰਧ ਨਹੀਂ ਕਰ ਸਕਦੇ ਹਨ, ਉਨ੍ਹਾਂ ਦੀ ਦੇਖ ਭਾਲ ਰਾਜ ਕਰੇਗਾ ।

ਸ਼ਾਹੂ ਛਤਰਪਤੀ ਨੇ ਸਸਤੀਆਂ ਅਨਾਜ ਦੀਆਂ ਦੁਕਾਨਾਂ ਅਤੇ ਗਰੀਬ ਖਾਨੇ ਖੋਲ੍ਹ ਦਿੱਤੇ ਸਨ । ਰੁਜ਼ਗਾਰ ਲਈ ਉਨ੍ਹਾਂ ਲਈ ਕੰਮ ਸ਼ੁਰੂ ਕਰ ਦਿੱਤੇ ਸਨ ਤੇ ਪਾਣੀ ਦਾ ਚੰਗਾ ਪ੍ਰਬੰਧ ਕਰ ਦਿੱਤਾ ਸੀ । ਪਿੰਡਾਂ ਨੂੰ ਸਾਫ ਰੱਖਿਆ ਜਾ ਰਿਹਾ ਸੀ । ਅਤੇ ਕਿਸਾਨਾਂ ਨੂੰ ਤਮਾਈ ਵਰਗੀਆਂ ਗਰਾਂਟਾਂ ਮਨਜ਼ੂਰ ਕਰ ਦਿੱਤੀਆਂ ਸਨ । ਪੀਣ ਵਾਲਾ ਪਾਣੀ ਸਾਫ ਰੱਖਿਆ ਜਾ ਰਿਹਾ ਸੀ ਅਤੇ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਸਨ । ਬਾਹਰੋਂ ਆਉਣ ਵਾਲਿਆਂ 'ਤੇ ਪਾਬੰਦੀ ਲਗਾ ਦਿੱਤੀ ਸੀ । ਨਿਗਰਾਨੀ ਕੈਂਪ ਖੋਲ੍ਹੇ ਗਏ ਸਨ । ਕਮਜ਼ੋਰਾਂ ਅਤੇ ਗਰੀਬਾਂ ਲਈ ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ । ਉਨ੍ਹਾਂ ਦੇ ਨੌਕਰ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਤੇ ਉਨ੍ਹਾਂ ਨਾਲ ਨਿੱਘਾ ਸਨੇਹ ਰੱਖਦੇ ਸਨ । ਉਹ ਆਪਣੇ ਲੋਕਾਂ ਦੇ ਅਸਲੀ ਸ਼ੁੱਭ ਇੱਛਕ ਅਤੇ ਮੁਕਤੀ ਦਾਤਾ ਸਨ । ਬਿਨਾਂ ਕਿਸੇ ਜਾਤ-ਪਾਤ ਦਾ ਖਿਆਲ ਰੱਖਦਿਆਂ ਉਹ ਹਰ ਇਕ ਦੇ ਸਾਥੀ ਸਨ ।

ਦੂਜੇ ਪਾਸੇ ਗੈਰ ਬ੍ਰਾਹਮਣਾਂ ਦੀ ਪ੍ਰਸ਼ਾਸਨ ਵਿਚ ਭਰਤੀ ਨੇ ਬ੍ਰਾਹਮਣ ਲੋਕਾਂ ਅੰਦਰ ਗੁੱਸਾ ਅਤੇ ਈਰਖਾ ਪੈਦਾ

ਕਰ ਦਿੱਤੀ ਸੀ ।ਉਹ ਸੋਚਣ ਲੱਗੇ ਕਿ ਬ੍ਰਾਹਮਣਾਂ ਦੇ ਬਰਾਬਰ ਪਛੜੀਆਂ ਸ਼੍ਰੇਣੀਆਂ ਨੂੰ ਅਧਿਕਾਰ ਦੇ ਕੇ ਉਨ੍ਹਾਂ ਨੂੰ ਨੌਕਰੀਆਂ ਵਿਚੋਂ ਬਾਹਰ ਧੱਕਿਆ ਜਾ ਰਿਹਾ ਸੀ ।ਉਨ੍ਹਾਂ ਨੇ ਤਿਲਕ ਦੀ ਅਗਵਾਈ ਵਿਚ ਸ਼ਾਹੂ ਮਹਾਰਾਜਾ ਨੂੰ ਸਾਬਨਸ ਦੇ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਖੁਦਗਰਜ਼ ਅਤੇ ਵਿਸ਼ਵਾਸਘਾਤੀ ਹੈ । ਸਖ਼ਤ ਵਿਰੋਧ ਅਤੇ ਦੋਸ਼ਾਂ ਦੀਆਂ ਝੜੀਆਂ ਦੇ ਬਾਵਜੂਦ ਰਾਜਾ ਨੇ ਸਾਬਨਸ ਨੂੰ ਕੋਹਲਾਪੁਰ ਦਾ ਦੀਵਾਨ ਨਿਯੁਕਤ ਕਰ ਦਿੱਤਾ ।

ਜਲਦੀ ਹੀ ਬ੍ਰਾਹਮਣਾਂ ਨੇ ਛਤਰਪਤੀ 'ਤੇ ਹਮਲਾਵਰੀ ਸ਼ੁਰੂ ਕਰ ਦਿੱਤੀ ।ਅਕਤੂਬਰ 1899 ਈ. ਵਿਚ ਜਦੋਂ ਜਵਾਨ ਮਹਾਰਾਜਾ ਦਰਿਆ 'ਤੇ ਇਸ਼ਨਾਨ ਕਰਨ ਗਏ ਤਾਂ ਇਕ ਬ੍ਰਾਹਮਣ ਪੁਜਾਰੀ ਨੇ ਇਸ ਸਾਰੀ ਪਾਰਟੀ 'ਚ ਸ਼ਾਮਲ ਹੋ ਕੇ ਬਿਨਾਂ ਇਸ਼ਨਾਨ ਕੀਤਿਆਂ ਹੀ ਧਾਰਮਿਕ ਰਸਮ ਕਰ ਦਿੱਤੀ, ਜਦ ਕਿ ਹਿੰਦੂ ਰਸਮ ਅਨੁਸਾਰ ਇਹ ਗਲਤ ਸੀ ।ਜਦੋਂ ਮਹਾਰਾਜਾ ਨੇ ਉਸ ਨੂੰ ਕਾਰਨ ਪੁੱਛਿਆ ਤਾਂ ਪੁਜਾਰੀ ਨੇ ਕਿਹਾ, "ਕਿਉਂਕਿ ਉਹ ਲੋਕ, ਜਿਨ੍ਹਾਂ ਲਈ ਅਸ਼ੀਰਵਾਦ ਦੀ ਧਾਰਮਿਕ ਰਸਮ ਅਦਾ ਕੀਤੀ ਜਾਣੀ ਹੈ, ਸ਼ੂਦਰ ਹਨ, ਇਸ ਲਈ ਨਹਾਉਣਾ ਕੋਈ ਜ਼ਰੂਰੀ ਨਹੀਂ ਹੈ ।ਪੁਜਾਰੀ ਨੇ ਛਤਰਪਤੀ ਮਹਾਰਾਜਾ ਨੂੰ ਸ਼ੂਦਰ ਕਿਹਾ, ਉਸ ਦਾ ਆਮ ਸ਼ਬਦਾਂ ਨਾਲ ਅਪਮਾਨ ਕੀਤਾ ਅਤੇ ਉਨ੍ਹਾਂ ਦੇ ਬਜ਼ੁਰਗਾਂ ਨੂੰ ਨੀਵੀਂ ਜਾਤ ਦੇ ਕਿਹਾ ।ਦਲੀਲਬਾਜ਼ੀ ਕਰਨ 'ਤੇ ਪੁਜਾਰੀ ਨੇ ਕਿਹਾ, ਬ੍ਰਾਹਮਣ ਜਾਤੀ ਉਨ੍ਹਾਂ ਨੂੰ ਸ਼ੂਦਰ ਤੋਂ ਵੱਡਾ ਨਹੀਂ ਮੰਨਦੀ ।

ਇਸੇ ਤਰ੍ਹਾਂ ਛਤਰਪਤੀ ਬਣਨ ਤੋਂ ਪਹਿਲਾਂ ਸ਼ਿਵਾਜੀ ਨੂੰ ਸ਼ੂਦਰ ਕਿਹਾ ਗਿਆ ਸੀ ਤੇ ਤਿਲਕ ਲਾਉਣ ਤੋਂ ਬ੍ਰਾਹਮਣ ਨੇ ਨਾਂਹ ਕਰ ਦਿੱਤੀ ਸੀ ।ਪ੍ਰੰਤੂ ਕਾਸ਼ੀ ਦੇ ਗੰਗ ਭੱਟ ਦੇ ਜਾਣੇ-ਪਛਾਣੇ ਬ੍ਰਾਹਮਣ ਨੂੰ ਵੱਡੀ ਰਕਮ ਦੇ ਕੇ ਇਹ ਰਸਮ ਅਦਾ ਕਰਵਾਈ ਗਈ ਸੀ ।ਉਸ ਨੇ ਸ਼ਿਵਾਜੀ ਨੂੰ ਕਸ਼ੱਤਰੀ ਐਲਾਨ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਨੇ ਕਦੀ ਵੀ ਸ਼ਿਵਾਜੀ ਨੂੰ ਕਸ਼ੱਤਰੀ ਸਮਝਕੇ ਉਨ੍ਹਾਂ ਦਾ ਕਸ਼ੱਤਰੀਆਂ ਵਾਲਾ ਸਤਿਕਾਰ ਨਹੀਂ ਸੀ ਕੀਤਾ ।

ਸ਼ਾਹੂ ਮਹਾਰਾਜਾ ਨੇ ਰਾਜਾ ਰਾਮ ਸ਼ਾਸਤਰੀ, ਜੋ ਕਿ ਉਨ੍ਹਾਂ ਦਾ ਸ਼ਾਹੀ ਪੁਜਾਰੀ ਸੀ, ਨੂੰ ਹੁਕਮ ਦਿੱਤਾ ਕਿ ਉਹ 15 ਅਕਤੂਬਰ 1896 ਈ. ਨੂੰ ਉਨ੍ਹਾਂ ਦੇ ਮਹਿਲ ਵਿਚ ਸਾਰੀਆਂ ਵੈਦਿਕ ਰਸਮਾਂ ਕਰਨਗੇ, ਪਰ ਪੁਜਾਰੀ ਨੇ ਸਪੱਸ਼ਟ ਹੀ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ! ਸੋ ਸ਼ਾਹੂ ਨੂੰ ਇਹ ਰਸਮਾਂ ਗੁਜਰਾਤੀ ਪੰਡਤਾਂ ਤੋਂ ਕਰਾਉਣੀਆਂ ਪਈਆਂ ।ਇਹੋ ਹਾਲ ਸਈਆ ਜੀ ਰਾਓ ਗਾਇਕਵਾੜ ਮਹਾਰਾਜ ਬੜੌਦਾ ਨਾਲ ਵਾਪਰਿਆ ਸੀ ।ਗੱਲ ਇਥੋਂ ਤੀਕ ਪਹੁੰਚ ਗਈ ਕਿ ਵੀਜਾਪੁਰਕਾਰ ਵਰਗਿਆਂ ਨੇ ਪੁਜਾਰੀਆਂ ਨੂੰ ਰੀਤਾਂ ਅਤੇ ਰਸਮਾਂ ਛੱਡਣ ਦੀ ਥਾਂ, ਰਾਜ ਦੁਆਰਾ ਦਿੱਤੇ ਗਏ ਦਫਤਰ ਅਤੇ ਜਾਇਦਾਦ ਛੱਡ ਕੇ, ਹੋਰ ਸਾਧਨਾਂ ਰਾਹੀਂ, ਜੀਵਨ ਚਲਾਉਣ ਲਈ ਕਿਹਾ ।

ਦੂਜੇ ਪਾਸੇ ਗੈਰ ਬ੍ਰਾਹਮਣਾਂ, ਜੋ ਕਿ ਬਰਾਬਰੀ ਲਈ ਜੂਝ ਰਹੇ ਸਨ, ਨੇ ਬ੍ਰਾਹਮਣਾਂ ਦਾ ਅਪਮਾਨ ਕਰਨਾ ਸ਼ੁਰੂ ਕਰ ਦਿੱਤਾ ।ਉਧਰ ਜੂਨ 1901 ਈ. ਵਿਚ ਮਹਾਰਾਜਾ ਨੇ ਉਹ ਸ਼ਕਤੀ, ਜਿਹੜੀ ਉਨ੍ਹਾਂ ਨੂੰ ਸਰਕਾਰੀ ਤੌਰ 'ਤੇ ਦਿੱਤੀ ਸੀ, ਵਾਪਸ ਲੈ ਲਈ, ਜਿਸ 'ਤੇ ਬ੍ਰਾਹਮਣਾਂ ਨੇ ਮਹਾਰਾਜਾ ਦੇ ਖਿਲਾਫ ਗਲਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ।29 ਅਗਸਤ 1901 ਈ. ਨੂੰ ਨਰਾਇਣ ਸ਼ਾਸਤਰੀ ਭੱਟ ਨਾਂ ਦੇ ਬ੍ਰਾਹਮਣ ਨੇ ਜਨੇਊ ਨੂੰ ਨਵਿਆਉਣ ਦੀ ਸਾਲਾਨਾ ਰਸਮ ਇਕ ਮਰਾਠੇ ਦੇ ਘਰ ਵੈਦਿਕ ਸ਼ਬਦ ਪੜ੍ਹ ਕੇ ਪੂਰੀ ਕੀਤੀ ।ਬ੍ਰਾਹਮਣਾਂ ਨੇ ਉਸ ਦਾ ਹੁੱਕਾ ਪਾਣੀ ਤਿਆਗ ਦਿੱਤਾ ।ਇਨ੍ਹਾਂ ਟੁੱਟ ਰਹੀਆਂ ਰਸਮਾਂ ਕਾਰਨ ਜਿਨ੍ਹਾਂ ਨਾਲ ਬ੍ਰਾਹਮਣਾਂ ਦਾ ਹਰ ਪਾਸਿਓਂ ਗਲਬਾ ਟੁੱਟ ਰਿਹਾ ਸੀ, ਤਿਲਕ, ਮਹਾਰਾਜਾ ਦਾ ਕੱਟੜ ਵਿਰੋਧੀ ਬਣ ਗਿਆ ਤੇ ਸਿੱਧੇ ਤੌਰ 'ਤੇ ਕੋਹਲਾਪੁਰ ਦੇ ਬ੍ਰਾਹਮਣਾਂ ਦੇ ਹੱਕ ਵਿਚ ਖੜ੍ਹਾ ਹੋ ਗਿਆ ।ਉਸ ਨੇ ਕਿਹਾ ਕਿ ਮਰਾਠਾ ਪਰਵਾਰ ਜਾਤੀ ਪ੍ਰਬੰਧ ਦੇ ਆਧਾਰ 'ਤੇ ਨੀਵੇਂ ਲੋਕ ਹਨ । ਤਿਲਕ ਜਾਤੀ ਅਧਾਰ 'ਤੇ ਰੂੜੀਵਾਦੀ, ਕੱਟੜ ਅਤੇ ਸਨਾਤਨੀ ਹਿੰਦੂ ਸੀ ।ਇਸ ਲਈ ਉਸ ਨੇ ਕਿਹਾ ਕਿ ਆਰੀਆ ਨਸਲ ਦੇ ਮੈਂਬਰਾਂ ਲਈ ਜੱਦੀ ਕਿੱਤੇ ਬਣਾਈ ਰੱਖਣ ਵਿਚ ਜਾਤ ਨੂੰ ਇਕ ਨਿਰਪੱਖ ਅਤੇ ਸਮਾਜਿਕ ਸੰਗਠਨ ਦੇ ਤੌਰ 'ਤੇ ਪ੍ਰਵਾਨ ਕਰਨਾ ਚਾਹੀਦਾ ਹੈ ।

ਦੂਜੇ ਪਾਸੇ ਤਿਲਕ ਜਿਸ ਦੀ ਇੱਛਾ ਸੀ ਕਿ ਹਰ ਹਿੰਦੂ ਵੇਦਾਂ ਵਿਚ ਵਿਸ਼ਵਾਸ ਰੱਖੇ, ਉਹ 70 ਪ੍ਰਤੀਸ਼ਤ ਹਿੰਦੂਆਂ ਨੂੰ ਵੇਦਾਂ ਨੂੰ ਪੜ੍ਹਨ ਅਤੇ ਜਾਨਣ ਦੇ ਅਧਿਕਾਰ ਨਹੀਂ ਸੀ ਦਿੰਦਾ ।ਕਿੱਡੀ ਅਜੀਬ ਦਲੀਲ ਹੈ ਕਿ ਕੋਈ ਵੇਦਾਂ ਵਿਚ ਵਿਸ਼ਵਾਸ ਤਾਂ ਰੱਖੇ ਪਰ ਉਨ੍ਹਾਂ ਨੂੰ ਨਾ ਜਾਣ ਸਕੇ ਨਾ ਪੜ੍ਹ ਸਕੇ ।ਬ੍ਰਾਹਮਣਾਂ ਨੇ ਸ਼ਾਹੂ ਮਹਾਰਾਜਾ ਨੂੰ ਭਿਆਨਕ ਸਿੱਟੇ ਭੁਗਤਣ ਲਈ ਧਮਕੀ ਦੇ ਦਿੱਤੀ ।ਉਨ੍ਹਾਂ ਮਹਾਰਾਜਾ ਨੂੰ ਆਪਣੀ ਗੱਲ ਸੁਣਨ ਲਈ ਮਜਬੂਰ

ਕਰ ਦਿੱਤੀ ਸੀ । ਉਹ ਸੋਚਣ ਲੱਗੇ ਕਿ ਬ੍ਰਾਹਮਣਾਂ ਦੇ ਬਰਾਬਰ ਪਛੜੀਆਂ ਸ਼੍ਰੇਣੀਆਂ ਨੂੰ ਅਧਿਕਾਰ ਦੇ ਕੇ ਉਨ੍ਹਾਂ ਨੂੰ ਨੌਕਰੀਆਂ ਵਿਚੋਂ ਬਾਹਰ ਧੱਕਿਆ ਜਾ ਰਿਹਾ ਸੀ । ਉਨ੍ਹਾਂ ਨੇ ਤਿਲਕ ਦੀ ਅਗਵਾਈ ਵਿਚ ਸ਼ਾਹੂ ਮਹਾਰਾਜਾ ਨੂੰ ਸਾਬਨਸ ਦੇ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਖੁਦਗਰਜ਼ ਅਤੇ ਵਿਸ਼ਵਾਸਘਾਤੀ ਹੈ । ਸਖਤ ਵਿਰੋਧ ਅਤੇ ਦੋਸ਼ਾਂ ਦੀਆਂ ਝੜੀਆਂ ਦੇ ਬਾਵਜੂਦ ਰਾਜਾ ਨੇ ਸਾਬਨਸ ਨੂੰ ਕੋਹਲਾਪੁਰ ਦਾ ਦੀਵਾਨ ਨਿਯੁਕਤ ਕਰ ਦਿੱਤਾ ।

ਜਲਦੀ ਹੀ ਬ੍ਰਾਹਮਣਾਂ ਨੇ ਛਤਰਪਤੀ 'ਤੇ ਹਮਲਾਵਰੀ ਸ਼ੁਰੂ ਕਰ ਦਿੱਤੀ । ਅਕਤੂਬਰ 1899 ਈ. ਵਿਚ ਜਦੋਂ ਜਵਾਨ ਮਹਾਰਾਜਾ ਦਰਿਆ 'ਤੇ ਇਸ਼ਨਾਨ ਕਰਨ ਗਏ ਤਾਂ ਇਕ ਬ੍ਰਾਹਮਣ ਪੁਜਾਰੀ ਨੇ ਇਸ ਸਾਰੀ ਪਾਰਟੀ 'ਚ ਸ਼ਾਮਲ ਹੋ ਕੇ ਬਿਨਾਂ ਇਸ਼ਨਾਨ ਕੀਤਿਆਂ ਹੀ ਧਾਰਮਿਕ ਰਸਮ ਕਰ ਦਿੱਤੀ, ਜਦ ਕਿ ਹਿੰਦੂ ਰਸਮ ਅਨੁਸਾਰ ਇਹ ਗਲਤ ਸੀ । ਜਦੋਂ ਮਹਾਰਾਜਾ ਨੇ ਉਸ ਨੂੰ ਕਾਰਨ ਪੁੱਛਿਆ ਤਾਂ ਪੁਜਾਰੀ ਨੇ ਕਿਹਾ, "ਕਿਉਂਕਿ ਉਹ ਲੋਕ, ਜਿਨ੍ਹਾਂ ਲਈ ਅਸ਼ੀਰਵਾਦ ਦੀ ਧਾਰਮਿਕ ਰਸਮ ਅਦਾ ਕੀਤੀ ਜਾਣੀ ਹੈ, ਸ਼ੂਦਰ ਹਨ, ਇਸ ਲਈ ਨਹਾਉਣਾ ਕੋਈ ਜ਼ਰੂਰੀ ਨਹੀਂ ਹੈ । ਪੁਜਾਰੀ ਨੇ ਛਤਰਪਤੀ ਮਹਾਰਾਜਾ ਨੂੰ ਸ਼ੂਦਰ ਕਿਹਾ, ਉਸ ਦਾ ਆਮ ਸ਼ਬਦਾਂ ਨਾਲ ਅਪਮਾਨ ਕੀਤਾ ਅਤੇ ਉਨ੍ਹਾਂ ਦੇ ਬਜ਼ੁਰਗਾਂ ਨੂੰ ਨੀਵੀਂ ਜਾਤ ਦੇ ਕਿਹਾ । ਦਲੀਲਬਾਜ਼ੀ ਕਰਨ 'ਤੇ ਪੁਜਾਰੀ ਨੇ ਕਿਹਾ, ਬ੍ਰਾਹਮਣ ਜਾਤੀ ਉਨ੍ਹਾਂ ਨੂੰ ਸ਼ੂਦਰ ਤੋਂ ਵੱਡਾ ਨਹੀਂ ਮੰਨਦੀ ।

ਇਸੇ ਤਰ੍ਹਾਂ ਛਤਰਪਤੀ ਬਣਨ ਤੋਂ ਪਹਿਲਾਂ ਸ਼ਿਵਾਜੀ ਨੂੰ ਸ਼ੂਦਰ ਕਿਹਾ ਗਿਆ ਸੀ ਤੇ ਤਿਲਕ ਲਾਉਣ ਤੋਂ ਬ੍ਰਾਹਮਣ ਨੇ ਨਾਂਹ ਕਰ ਦਿੱਤੀ ਸੀ । ਪ੍ਰੰਤੂ ਕਾਸ਼ੀ ਦੇ ਗੰਗ ਭੱਟ ਦੇ ਜਾਣੇ-ਪਛਾਣੇ ਬ੍ਰਾਹਮਣ ਨੂੰ ਵੱਡੀ ਰਕਮ ਦੇ ਕੇ ਇਹ ਰਸਮ ਅਦਾ ਕਰਵਾਈ ਗਈ ਸੀ । ਉਸ ਨੇ ਸ਼ਿਵਾਜੀ ਨੂੰ ਕਸ਼ੱਤਰੀ ਐਲਾਨ ਕਰ ਦਿੱਤਾ ਸੀ, ਪ੍ਰੰਤੂ ਉਨ੍ਹਾਂ ਨੇ ਕਦੀ ਵੀ ਸ਼ਿਵਾਜੀ ਨੂੰ ਕਸ਼ੱਤਰੀ ਸਮਝਕੇ ਉਨ੍ਹਾਂ ਦਾ ਕਸ਼ੱਤਰੀਆਂ ਵਾਲਾ ਸਤਿਕਾਰ ਨਹੀਂ ਸੀ ਕੀਤਾ ।

ਸ਼ਾਹੂ ਮਹਾਰਾਜਾ ਨੇ ਰਾਜਾ ਰਾਮ ਸ਼ਾਸਤਰੀ, ਜੋ ਕਿ ਉਨ੍ਹਾਂ ਦਾ ਸ਼ਾਹੀ ਪੁਜਾਰੀ ਸੀ, ਨੂੰ ਹੁਕਮ ਦਿੱਤਾ ਕਿ ਉਹ 15 ਅਕਤੂਬਰ 1896 ਈ. ਨੂੰ ਉਨ੍ਹਾਂ ਦੇ ਮਹਿਲ ਵਿਚ ਸਾਰੀਆਂ ਵੈਦਿਕ ਰਸਮਾਂ ਕਰਨਗੇ, ਪਰ ਪੁਜਾਰੀ ਨੇ ਸਪੱਸ਼ਟ ਹੀ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ । ਸੋ ਸ਼ਾਹੂ ਨੂੰ ਇਹ ਰਸਮਾਂ ਗੁਜਰਾਤੀ ਪੰਡਤਾਂ ਤੋਂ ਕਰਾਉਣੀਆਂ ਪਈਆਂ । ਇਹੋ ਹਾਲ ਸਈਆ ਜੀ ਰਾਓ ਗਾਇਕਵਾੜ ਮਹਾਰਾਜ ਬੜੋਦਾ ਨਾਲ ਵਾਪਰਿਆ ਸੀ । ਗੱਲ ਇਥੋਂ ਤੀਕ ਪਹੁੰਚ ਗਈ ਕਿ ਵੀਜਾਪੁਰਕਾਰ ਵਰਗਿਆਂ ਨੇ ਪੁਜਾਰੀਆਂ ਨੂੰ ਰੀਤਾਂ ਅਤੇ ਰਸਮਾਂ ਛੱਡਣ ਦੀ ਥਾਂ, ਰਾਜ ਦੁਆਰਾ ਦਿੱਤੇ ਗਏ ਦਫਤਰ ਅਤੇ ਜਾਇਦਾਦ ਛੱਡ ਕੇ, ਹੋਰ ਸਾਧਨਾਂ ਰਾਹੀਂ, ਜੀਵਨ ਚਲਾਉਣ ਲਈ ਕਿਹਾ ।

ਦੂਜੇ ਪਾਸੇ ਗੈਰ ਬ੍ਰਾਹਮਣਾਂ, ਜੋ ਕਿ ਬਰਾਬਰੀ ਲਈ ਜੂਝ ਰਹੇ ਸਨ, ਨੇ ਬ੍ਰਾਹਮਣਾਂ ਦਾ ਅਪਮਾਨ ਕਰਨਾ ਸ਼ੁਰੂ ਕਰ ਦਿੱਤਾ । ਉਧਰ ਜੂਨ 1901 ਈ. ਵਿਚ ਮਹਾਰਾਜਾ ਨੇ ਉਹ ਸ਼ਕਤੀ, ਜਿਹੜੀ ਉਨ੍ਹਾਂ ਨੂੰ ਸਰਕਾਰੀ ਤੌਰ 'ਤੇ ਦਿੱਤੀ ਸੀ, ਵਾਪਸ ਲੈ ਲਈ, ਜਿਸ 'ਤੇ ਬ੍ਰਾਹਮਣਾਂ ਨੇ ਮਹਾਰਾਜਾ ਦੇ ਖਿਲਾਫ ਗਲਤ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । 29 ਅਗਸਤ 1901 ਈ. ਨੂੰ ਨਰਾਇਣ ਸ਼ਾਸਤਰੀ ਭੱਟ ਨਾਂ ਦੇ ਬ੍ਰਾਹਮਣ ਨੇ ਜਨੇਊ ਨੂੰ ਨਵਿਆਉਣ ਦੀ ਸਾਲਾਨਾ ਰਸਮ ਇਕ ਮਰਾਠੇ ਦੇ ਘਰ ਵੈਦਿਕ ਸ਼ਬਦ ਪੜ੍ਹ ਕੇ ਪੂਰੀ ਕੀਤੀ । ਬ੍ਰਾਹਮਣਾਂ ਨੇ ਉਸ ਦਾ ਹੁੱਕਾ ਪਾਣੀ ਤਿਆਗ ਦਿੱਤਾ । ਇਨ੍ਹਾਂ ਟੁੱਟ ਰਹੀਆਂ ਰਸਮਾਂ ਕਾਰਨ ਜਿਨ੍ਹਾਂ ਨਾਲ ਬ੍ਰਾਹਮਣਾਂ ਦਾ ਹਰ ਪਾਸਿਓਂ ਗਲਬਾ ਟੁੱਟ ਰਿਹਾ ਸੀ, ਤਿਲਕ, ਮਹਾਰਾਜਾ ਦਾ ਕੱਟੜ ਵਿਰੋਧੀ ਬਣ ਗਿਆ ਤੇ ਸਿੱਧੇ ਤੌਰ 'ਤੇ ਕੋਹਲਾਪੁਰ ਦੇ ਬ੍ਰਾਹਮਣਾਂ ਦੇ ਹੱਕ ਵਿਚ ਖੜ੍ਹਾ ਹੋ ਗਿਆ । ਉਸ ਨੇ ਕਿਹਾ ਕਿ ਮਰਾਠਾ ਪਰਵਾਰ ਜਾਤੀ ਪ੍ਰਬੰਧ ਦੇ ਆਧਾਰ 'ਤੇ ਨੀਵੇਂ ਲੋਕ ਹਨ । ਤਿਲਕ ਜਾਤੀ ਅਧਾਰ 'ਤੇ ਰੂੜੀਵਾਦੀ, ਕੱਟੜ ਅਤੇ ਸਨਾਤਨੀ ਹਿੰਦੂ ਸੀ । ਇਸ ਲਈ ਉਸ ਨੇ ਕਿਹਾ ਕਿ ਆਰੀਆ ਨਸਲ ਦੇ ਮੈਂਬਰਾਂ ਲਈ ਜੱਦੀ ਕਿੱਤੇ ਬਣਾਈ ਰੱਖਣ ਵਿਚ ਜਾਤ ਨੂੰ ਇਕ ਨਿਰਪੱਖ ਅਤੇ ਸਮਾਜਿਕ ਸੰਗਠਨ ਦੇ ਤੌਰ 'ਤੇ ਪ੍ਰਵਾਨ ਕਰਨਾ ਚਾਹੀਦਾ ਹੈ ।

ਦੂਜੇ ਪਾਸੇ ਤਿਲਕ ਜਿਸ ਦੀ ਇੱਛਾ ਸੀ ਕਿ ਹਰ ਹਿੰਦੂ ਵੇਦਾਂ ਵਿਚ ਵਿਸ਼ਵਾਸ ਰੱਖੇ, ਉਹ 70 ਪ੍ਰਤੀਸ਼ਤ ਹਿੰਦੂਆਂ ਨੂੰ ਵੇਦਾਂ ਨੂੰ ਪੜ੍ਹਨ ਅਤੇ ਜਾਨਣ ਦੇ ਅਧਿਕਾਰ ਨਹੀਂ ਸੀ ਦਿੰਦਾ । ਕਿੱਡੀ ਅਜੀਬ ਦਲੀਲ ਹੈ ਕਿ ਕੋਈ ਵੇਦਾਂ ਵਿਚ ਵਿਸ਼ਵਾਸ ਤਾਂ ਰੱਖੇ ਪਰ ਉਨ੍ਹਾਂ ਨੂੰ ਨਾ ਜਾਣ ਸਕੇ ਨਾ ਪੜ੍ਹ ਸਕੇ । ਬ੍ਰਾਹਮਣਾਂ ਨੇ ਸ਼ਾਹੂ ਮਹਾਰਾਜਾ ਨੂੰ ਭਿਆਨਕ ਸਿੱਟੇ ਭੁਗਤਣ ਲਈ ਧਮਕੀ ਦੇ ਦਿੱਤੀ । ਉਨ੍ਹਾਂ ਮਹਾਰਾਜਾ ਨੂੰ ਆਪਣੀ ਗੱਲ ਸੁਣਨ ਲਈ ਮਜਬੂਰ

ਸਨ, ਉੱਥੇ ਉਹ ਜਾਰੀ ਈਰਖਾ ਨੂੰ ਵੀ ਖਤਮ ਕਰ ਰਹੇ ਸਨ ਤੇ ਕੌਮੀ ਭਾਵਨਾ ਪੈਦਾ ਕਰਕੇ ਭਾਰਤ ਅੰਦਰ ਪਰਜਾਤੰਤਰ ਦੀ ਨੀਂਹ ਬਣਾ ਰਹੇ ਸਨ।

ਛਤਰਪਤੀ ਦਾ ਨਿਸ਼ਾਨਾ ਸੀ ਕਿ ਭਾਰਤੀ ਸਮਾਜ ਵਿਚੋਂ ਜਾਤਪਾਤੀ ਬੰਧਨ ਖਤਮ ਹੋ ਜਾਣ, ਮਨੁੱਖੀ ਵੰਡ ਬਰਾਬਰ ਹੋ ਜਾਵੇ ਅਤੇ ਸਮਾਜ ਅੰਦਰ ਹਰ ਮਨੁੱਖ ਦਾ ਰੁਤਬਾ ਬਰਾਬਰੀ ਦੇ ਅਧਾਰ 'ਤੇ ਬਣ ਜਾਵੇ ਤਾਂ ਕਿ ਇਕ ਵੱਡਾ ਭਾਈਚਾਰਾ ਪੈਦਾ ਹੋ ਸਕੇ। ਟੁੱਟੇ ਹੋਏ ਭਾਰਤੀ ਸਮਾਜ ਨੂੰ ਇਕ ਕੌਮ ਵਿਚ ਪਰੋਇਆ ਜਾ ਸਕੇ ਤੇ ਲੋਕਤੰਤਰ ਵਿਚ ਰਹਿ ਕੇ ਦਲਿਤ ਬਰਾਬਰੀ ਦੇ ਹੱਕ ਮਾਣ ਸਕਣ। ਸਵੈਮਾਨ ਨਾਲ ਜਿਉਂ ਸਕਣ ਤੇ ਜੀਵਨ ਅਪਮਾਨਤ ਨਾ ਹੋ ਕੇ ਸਨਮਾਨਿਤ ਢੰਗ ਨਾਲ ਜੀਵਿਆ ਜਾ ਸਕੇ।

1906 ਈ. ਵਿਚ ਉਨ੍ਹਾਂ ਜ਼ਿਲ੍ਹਾ ਮੈਜਿਸਟਰੇਟ ਘੋਲਕਰ ਨੂੰ ਨੌਕਰੀ ਤੋਂ ਕੱਢ ਕੇ ਉਸ ਦੀ ਸਾਰੀ ਜਾਇਦਾਦ ਖੋਹ ਲਈ ਕਿਉਂਕਿ ਉਹ ਇਕ ਭ੍ਰਿਸ਼ਟਾਚਾਰੀ ਤੇ ਬੇਈਮਾਨ ਅਫਸਰ ਸਾਬਤ ਹੋਇਆ ਸੀ। ਜਦੋਂ ਵੀ ਉਨ੍ਹਾਂ ਨੂੰ ਪਤਾ ਲਗਦਾ ਕਿ ਕੋਈ ਅਫਸਰ ਬੇਈਮਾਨ ਜਾਂ ਭ੍ਰਿਸ਼ਟ ਹੈ ਤਾਂ ਉਹ ਗੁਪਤ ਪੜਤਾਲ ਕਰਕੇ, ਸਿੱਟਿਆਂ ਅਨੁਸਾਰ ਤੁਰੰਤ ਸਜ਼ਾਵਾਂ ਲਾਗੂ ਕਰਦੇ ਸਨ। ਉਹ ਇਸ ਗੱਲ ਦਾ ਧਿਆਨ ਨਹੀਂ ਰੱਖਦੇ ਸੀ ਕਿ ਕੋਈ ਬ੍ਰਾਹਮਣ ਹੈ ਜਾਂ ਮਰਾਠਾ ਜਾਂ ਕੋਈ-ਕੋਈ ਗੈਰ ਬ੍ਰਾਹਮਣ। ਸ਼ਾਹੂ ਛਤਰਪਤੀ ਦੇ ਧਿਆਨ ਵਿਚ ਇਹ ਗੱਲ ਘਰ ਕਰ ਚੁੱਕੀ ਸੀ ਕਿ ਦੂਜਿਆਂ ਦੇ ਅਧਿਕਾਰਾਂ ਨੂੰ ਜਾਇਜ਼ ਨਜਾਇਜ਼ ਸਾਧਨਾਂ ਨਾਲ ਨਾ ਰੋਕਿਆ ਜਾ ਸਕਦਾ ਹੈ ਨਾ ਅਣਗੌਲਿਆਂ ਕੀਤਾ ਜਾ ਸਕਦਾ ਹੈ।

ਸ਼ਾਹੂ ਮਹਾਰਾਜਾ 'ਤੇ ਇਕ ਨਵਾਂ ਵਾਰ ਕੀਤਾ ਗਿਆ ਕਿ ਉਨ੍ਹਾਂ ਨੂੰ ਇਸ ਸਾਫ-ਸੁਥਰੇ ਤੇ ਉਪਕਾਰੀ ਕੰਮ ਤੋਂ ਰੋਕਿਆ ਜਾ ਸਕੇ ਅਤੇ ਪਛੜੇ ਲੋਕਾਂ ਦੀ ਤਰੱਕੀ ਦੇ ਰਸਤੇ ਬੰਦ ਕੀਤੇ ਜਾ ਸਕਣ। ਅਜਿਹਾ ਸੋਚ ਕੇ ਸ਼ਾਹੂ ਮਹਾਰਾਜਾ ਸੰਬੰਧੀ ਬੰਬੇ ਸਰਕਾਰ ਨੂੰ ਵੀ ਲਿਖਿਆ ਗਿਆ ਕਿ ਸ਼ਾਹੂ ਮਹਾਰਾਜ ਨੇ ਤਿੰਨ ਔਰਤਾਂ ਨੂੰ ਆਪਣੇ ਚੁੰਗਲ ਵਿਚ ਫਸਾ ਕੇ ਉਨ੍ਹਾਂ ਨਾਲ ਵਿਭਚਾਰ ਕੀਤਾ ਹੈ। ਪ੍ਰੰਤੂ ਸ਼ਾਹੂ ਮਹਾਰਾਜ ਨੇ ਸਰਕਾਰੀ ਜਾਂ ਗੈਰ ਸਰਕਾਰੀ ਪੜਤਾਲ ਕਰਾਉਣ ਦਾ ਐਲਾਨ ਕਰ ਦਿੱਤਾ ਤੇ ਇਹ ਵੀ ਕਹਿ ਦਿੱਤਾ ਕਿ ਜੇ ਬਾਲ ਗੰਗਾਧਰ ਤਿਲਕ, ਪ੍ਰੋ. ਬੀਜਾ ਪੁਰਕਾਰ ਜਾਂ ਰਾਜ ਸ਼ਿੰਗਕਾਰ ਵਰਗੇ ਉਸ ਦੇ ਵਿਰੋਧੀ ਵੀ ਪੜਤਾਲ ਵਿਚ ਸ਼ਾਮਲ ਹੋ ਜਾਣ ਤਾਂ ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਵੇਗੀ। ਇਹ ਕੇਸ ਵੀ ਸਰਕਾਰ ਸਾਹਮਣੇ ਇਕ ਬ੍ਰਾਹਮਣ ਔਰਤ ਵੱਲੋਂ ਪੇਸ਼ ਕੀਤਾ ਗਿਆ। ਦੂਜੇ ਪਾਸੇ ਸ਼ਾਹੂ ਮਹਾਰਾਜ ਦੀ ਇਕ ਪਤਨੀ ਸੀ ਮਹਾਰਾਣੀ ਲਕਸ਼ਮੀ ਬਾਈ। ਜਦੋਂ ਇਕ ਸਮੇਂ ਡਾਕਟਰ ਨੇ ਉਨ੍ਹਾਂ ਨੂੰ ਦੂਜੇ ਵਿਆਹ ਦੀ ਸਲਾਹ ਵੀ ਦੇ ਦਿੱਤੀ ਸੀ ਤੇ ਮਹਾਰਾਜ ਨੂੰ ਦੂਜੀਆਂ ਔਰਤਾਂ ਰੱਖਣ ਦਾ ਰਵਾਇਤੀ ਅਧਿਕਾਰ ਵੀ ਸੀ ਤਾਂ ਵੀ ਉਨ੍ਹਾਂ ਅਜਿਹਾ ਨਾ ਕੀਤਾ, ਸਗੋਂ ਇਕ ਸੁੰਦਰ ਲੜਕੀ, ਜੋ ਕਿ ਡਾਕਟਰ ਨੇ ਉਨ੍ਹਾਂ ਲਈ ਤਲਾਸ਼ ਕੀਤੀ ਸੀ, ਨੂੰ ਵੇਖਕੇ ਸ਼ਾਹੂ ਨੇ ਕਿਹਾ ਕਿ ਏਨੀ ਸੁੰਦਰ ਲੜਕੀ ਦੀ ਜ਼ਿੰਦਗੀ ਬਰਬਾਦ ਕਰਨਾ ਪਾਪ ਹੈ। ਉਸ ਨੇ ਡਾਕਟਰ ਨੂੰ ਉਸ ਲੜਕੀ ਦੀ ਸ਼ਾਦੀ ਦਾ ਪ੍ਰਬੰਧ ਕਰਨ ਲਈ ਕਿਹਾ ਤੇ ਆਪਣੇ ਕੋਲੋਂ ਪੈਸਾ ਲਗਾ ਕੇ ਸ਼ਾਦੀ ਕੀਤੀ।

ਨਾਲ ਹੀ ਸ਼ਾਹੂ ਜੀ ਨੇ ਕਿਹਾ ਕਿ, "ਜੇ ਕੋਈ ਇਹ ਸਾਬਤ ਕਰ ਦੇਵੇ ਕਿ ਉਸ ਨੇ ਕਿਸੇ ਔਰਤ ਨਾਲ ਅਜਿਹਾ ਬੁਰਾ ਸਲੂਕ ਕੀਤਾ ਹੈ ਤਾਂ ਉਹ ਲੋਕਾਂ ਦੀ ਹਾਜ਼ਰੀ ਵਿਚ ਸਜ਼ਾ ਭੁਗਤਣ ਨੂੰ ਤਿਆਰ ਹਨ।" 1906 ਈ. ਵਿਚ ਸ਼ਾਹੂ ਛਤਰਪਤੀ ਨੇ ਸ਼ਾਹੂ ਛਤਰਪਤੀ ਸਪਿੰਨਿੰਗ ਐਂਡ ਵੀਵਿੰਗ ਮਿੱਲ ਸ਼ੁਰੂ ਕੀਤੀ ਤੇ ਕਿਹਾ ਕਿ ਉਦਯੋਗ ਦਾ ਇਹ ਕੰਮ ਵੱਡੇ ਮਿੱਲ ਮਾਲਕਾਂ ਦੇ ਹੱਥਾਂ ਵਿਚ ਨਹੀਂ ਜਾਣਾ ਚਾਹੀਦਾ, ਸਗੋਂ ਆਮ ਜਨਤਾ ਇਸ ਵਿਚ ਹਿੱਸੇਦਾਰ ਹੋਣੀ ਚਾਹੀਦੀ ਹੈ। ਮੁਸਲਮਾਨ ਵਿਦਿਆਰਥੀਆਂ ਨੂੰ ਮਰਾਠਾ ਸਕੂਲਾਂ ਅਤੇ ਹੋਸਟਲਾਂ ਵਿਚ ਖੁੱਲ੍ਹ ਦਿੱਤੀ ਗਈ ਸੀ। ਮੁਸਲਮਾਨਾਂ ਦੀ ਬਰਾਬਰ ਤਰੱਕੀ ਲਈ ਸ਼ਾਹੂ ਜੀ ਨੇ 15 ਨਵੰਬਰ 1906 ਈ. ਨੂੰ ਮੁਹੰਮਡਨ ਸਿੱਖਿਆ ਸੁਸਾਇਟੀ ਬੰਬਈ ਅਤੇ ਉਨ੍ਹਾਂ ਦੇ ਮਾਣ ਲਈ ਸ਼ਾਹੂ ਪੁਰੀ ਵਿਚ ਇਕ ਮਸੀਤ ਲਈ ਕਾਫੀ ਧਨ ਦਿੱਤਾ। ਕੋਹਲਾਪੁਰੀ ਬ੍ਰਾਹਮਣ ਦੇਵਤਾਵਾਂ ਬਾਰੇ ਸ਼ਾਹੂ ਜੀ ਨੇ ਅਕਤੂਬਰ 1906 ਈ. ਵਿਚ ਕਿਹਾ ਕਿ, "ਦਰਅਸਲ ਉਹ ਸਾਡੇ ਇਨ੍ਹਾਂ ਯਤਨਾਂ ਨੂੰ ਕਿ ਅਸੀਂ ਪੱਛੜੀਆਂ ਸ਼੍ਰੇਣੀਆਂ ਦੀ ਉੱਨਤੀ ਲਈ ਕੁਝ ਕਰੀਏ, ਪਸੰਦ ਨਹੀਂ ਕਰਦੇ......ਉਹ ਸਾਨੂੰ ਘਿਰਨਾ ਕਰਦੇ ਹਨ।"

1902 ਈ. ਵਿਚ ਸ਼ਾਹੂ ਮਹਾਰਾਜਾ ਨੇ ਖੇਤੀਬਾੜੀ ਦੀ ਸਿੰਜਾਈ ਲਈ ਇਕ ਵਿਸ਼ਾਲ ਪਾਣੀ ਟੈਂਕ ਬਣਾਉਣ ਦੀ ਸੋਚ ਬਣਾਈ। ਇਸ ਟੈਂਕ ਬਾਰੇ ਉਨ੍ਹਾਂ ਲਿਖਿਆ, "ਇਹ ਪ੍ਰਾਜੈਕਟ ਬਹੁਤ ਵੱਡਾ ਹੈ ਤੇ ਮੇਰੀ ਪਹੁੰਚ ਤੋਂ ਬਾਹਰ

ਹੈ।ਪ੍ਰੰਤੂ ਮੈਂ ਇਸ ਨੂੰ ਪੂਰਾ ਕਰਨ ਦਾ ਫੈਸਲਾ ਕੀਤਾ ਹੈ, ਕਿਉਂਕਿ ਇਹ ਮੇਰੇ ਰਾਜ ਵਿਚ ਕਾਲ ਪੈਣ ਦੇ ਸਾਰੇ ਡਰ ਨੂੰ ਦੂਰ ਕਰ ਦੇਵੇਗਾ।ਇਸ 'ਤੇ ਉਸ ਨੇ ਕਿਹਾ ਜਦੋਂ ਮੈਂ ਇਹ ਪ੍ਰਾਜੈਕਟ ਪੂਰਾ ਕਰ ਦਿਆਂਗਾ, ਮੇਰੇ ਜੀਵਨ ਦਾ ਮੰਤਵ ਪੂਰਾ ਹੋ ਜਾਵੇਗਾ।" ਇਸ ਦੇ ਨਾਲ-ਨਾਲ ਬ੍ਰਾਹਮਣਾਂ ਨੇ ਰਾਜ ਅੰਦਰ ਅੱਤਵਾਦੀ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ।ਪ੍ਰੰਤੂ ਸ਼ਾਹੂ ਮਹਾਰਾਜਾ ਇਕ ਨਿਡਰ ਤੇ ਦਲੇਰ ਇਨਸਾਨ ਸਨ, ਉਨ੍ਹਾਂ ਦੇ ਸ਼ੇਰ ਤੇ ਚੀਤੇ ਆਮ ਕਰਕੇ ਉਨ੍ਹਾਂ ਦੇ ਇਰਦ-ਗਿਰਦ ਤੁਰਦੇ-ਫਿਰਦੇ ਰਹਿੰਦੇ ਸਨ ਜਾਂ ਕੁਰਸੀ ਕੋਲ ਬੈਠੇ ਰਹਿੰਦੇ ਸਨ।ਕਈ ਵਾਰ ਉਨ੍ਹਾਂ ਦੇ ਆਪਣੇ ਬਿਸਤਰ 'ਤੇ ਬੈਠੇ ਦਿਸਦੇ।ਇਹ ਸ਼ਾਹੂ ਹੀ ਸਨ ਜਿਨ੍ਹਾਂ ਨੇ ਸਭ ਤੋਂ ਵਧੇਰੇ ਖਤਰਨਾਕ ਅਤੇ ਤਾਕਤਵਰ ਜਾਨਵਰਾਂ ਨੂੰ ਇਨਸਾਨੀਅਤ ਦਾ ਪਾਠ ਪੜ੍ਹਾ ਦਿੱਤਾ ਸੀ ਤੇ ਉਹ ਦੋਸਤਾਂ ਵਾਂਗ ਰਹਿਣਾ ਸਿੱਖ ਗਏ ਸਨ।ਉਹ ਆਪਣੇ ਮਾਲਕ ਦੇ ਹੱਥੋਂ ਸਿੱਧਾ ਖਾਣ ਲਈ ਤਤਪਰ ਰਹਿੰਦੇ ਸਨ।

ਇਕ ਬ੍ਰਾਹਮਣ ਨਛੂੰਮ ਜੋਸ਼ੀ ਨੇ ਕੋਰਟ ਵਿਚ ਇਹ ਬਿਆਨ ਦਿੱਤਾ :

"ਮੈਂ ਕਿਹਾ, ਮੈਂ ਉਸ ਦੀ ਜਾਨ ਲੈ ਲਵਾਂਗਾ।ਮਧੋਕ ਨੇ ਮੈਨੂੰ ਖਰਚੇ ਲਈ 30 ਰੁਪਏ ਦਿੱਤੇ।ਉਨ੍ਹਾਂ ਵਿਚਕਾਰ ਇਹ ਫੈਸਲਾ ਹੋਇਆ ਕਿ ਫਾਰਸ ਨੂੰ ਰਿਵਾਲਵਰ ਨਾਲ ਮਾਰ ਦਿੱਤਾ ਜਾਵੇ ਤੇ ਮਧੋਕ ਨੇ ਸਹਾਲ ਦਿੱਤੀ ਕਿ ਬੰਬ ਮਹਾਰਾਜ ਦੀ ਲੜਕੀ ਦੀ ਸ਼ਾਦੀ ਦੇ ਐਨ ਮੌਕੇ ਸੁੱਟਿਆ ਜਾਵੇ।" ਪਰ ਉਹ ਹੋ ਨਾ ਸਕਿਆ ਕਿਉਂਕਿ ਉਹ 23 ਤਾਰੀਖ ਤੱਕ ਕੋਹਲਾਪੁਰ ਵਿਚ ਪਹੁੰਚ ਨਾ ਸਕਿਆ।ਇਸ ਤੋਂ ਬਾਅਦ 25 ਜੁਲਾਈ 1908 ਈ. ਨੂੰ ਕੋਹਲਾਪੁਰ ਦੀਆਂ ਕੁਝ ਥਾਵਾਂ 'ਤੇ ਬੰਬ ਧਮਾਕੇ ਹੋਏ ਜਿਸ ਸੰਬੰਧ ਵਿਚ ਨਛੂੰਮ ਜੋਸ਼ੀ ਤੇ ਹੋਰ ਕਈ ਫੜ ਲਏ ਗਏ।ਪੜਤਾਲ ਤੋਂ ਪਤਾ ਲੱਗਾ ਕਿ ਆਕਾ ਸਾਹਿਬ ਦੀ ਸ਼ਾਦੀ ਸਮੇਂ ਬੰਬ ਸੁੱਟਣ ਦਾ ਵੀ ਪ੍ਰੋਗਰਾਮ ਬਣਿਆ ਹੋਇਆ ਸੀ।ਇਸ ਦੇ ਨਾਲ ਸ਼ਾਹੂ ਛਤਰਪਤੀ ਨੂੰ ਵੀ ਮਾਰ ਦੇਣ ਸੰਬੰਧੀ ਪੱਤਰ ਮਿਲੇ।ਜੁਲਾਈ 1908 ਈ. ਵਿਚ ਜਿਸ ਰਸਤੇ ਬੰਬ ਰੱਖਿਆ ਗਿਆ ਸੀ, ਉਸ ਸਮੇਂ ਸ਼ਾਹੂ ਜੀ ਨਾ ਪਹੁੰਚੇ।ਲੇਟ ਹੋ ਗਏ ਤੇ ਬੰਬ ਹੋਰ ਟਾਂਗਾ ਘੋੜੀ ਦੇ ਪੈਰ ਹੇਠ ਚੱਲ ਗਿਆ।ਉਹ ਖੁੱਲ੍ਹੇ ਤੌਰ 'ਤੇ ਗਰੀਬ ਲੋਕਾਂ ਨਾਲ ਗੱਲਾਂ ਕਰਦੇ।ਮਾਂਗ ਅਤੇ ਮਹਾਰ ਵਰਗੀਆਂ ਜਾਤੀਆਂ ਦੇ ਆਦਮੀ, ਸ਼ਾਹੂ ਮਹਾਰਾਜਾ ਦੇ ਨਾਲ ਬੈਠ ਕੇ ਭੋਜਨ ਖਾਂਦੇ।ਉਹ ਆਪਣੇ ਅਫਸਰਾਂ, ਦਫਤਰੀ ਅਮਲੇ, ਜਾਨਵਰਾਂ ਅਤੇ ਗਰੀਬ ਤੋਂ ਗਰੀਬ ਲੋਕਾਂ ਲਈ ਹੱਦ ਦਰਜੇ ਦੇ ਦਿਆਲੂ ਵਿਅਕਤੀ ਸਨ।

1910 ਈ. ਤੱਕ ਸ਼ਾਹੂ ਛਤਰਪਤੀ ਨੇ ਜਗੀਰਦਾਰਾਂ ਤੋਂ ਪ੍ਰਬੰਧਕੀ ਸ਼ਕਤੀਆਂ ਖੋਹ ਲਈਆਂ ਸਨ।1911 ਈ. ਵਿਚ ਛਤਰਪਤੀ ਦੀ ਸੇਧ 'ਤੇ ਸੱਤਿਆ ਸੋਧਕ ਸ਼ੁਰੂ ਕੀਤਾ ਗਿਆ।ਸ਼ਾਹੂ ਨੇ ਇਸ ਸੰਸਥਾ ਨੂੰ, ਜੋ ਕਿ ਮਹਾਤਮਾ ਜੋਤੀਬਾ ਫੂਲੇ ਦੁਆਰਾ ਚਲਾਈ ਗਈ ਸੀ, ਜ਼ਮੀਨ ਦਿੱਤੀ।ਉਸ ਦੇ ਰਾਜ ਦੇ ਵੱਡੇ ਅਧਿਕਾਰੀ ਇਸ ਦੇ ਮੈਂਬਰ ਬਣੇ।ਇਹ ਸੰਸਥਾ ਮੂਲ ਰੂਪ ਵਿਚ ਬ੍ਰਾਹਮਣਵਾਦੀ ਗੈਰ ਮਨੁੱਖੀ ਰਸਮਾਂ ਨੂੰ ਜੜ੍ਹੋਂ ਉਖਾੜਨ ਵਿਚ ਵਿਸ਼ਵਾਸ ਰੱਖਦੀ ਸੀ।ਸ਼ਾਹੂ ਜੀ ਨੇ ਇਸ ਸਮਾਜ ਦੀ ਆਮਦਨ ਬਣਾਈ ਰੱਖਣ ਵਿਚ ਯੋਗਦਾਨ ਪਾਇਆ। ਛਿੰਪੀ (ਛੀਂਬੇ) ਸਮਾਜ ਵੱਲੋਂ ਅਪ੍ਰੈਲ 1911 ਈ. ਵਿਚ ਕੋਹਲਾਪੁਰ ਵਿਖੇ ਸ੍ਰੀ ਨਾਮਦੇਵ ਬੋਰਡਿੰਗ ਸ਼ੁਰੂ ਕੀਤਾ ਗਿਆ, ਜਿਸ ਦੀ ਸ਼ਾਹੂ ਮਹਾਰਾਜਾ ਨੇ ਪੂਰੀ ਹੌਸਲਾ ਅਫਜ਼ਾਈ ਕੀਤੀ।ਇਸ ਤੋਂ ਬਾਅਦ ਸ਼ਾਹੂ ਮਹਾਰਾਜਾ ਨੇ 2000 ਰੁਪਏ ਬੋਰਡਿੰਗ ਦੀ ਇਮਾਰਤ ਖਰੀਦਣ ਲਈ ਦਿੱਤੇ ਅਤੇ 50 ਰੁਪਏ ਸਾਲਾਨਾ ਸਹਾਇਤਾ ਵਿਦਿਆਰਥੀਆਂ ਵਾਸਤੇ ਮਨਜ਼ੂਰ ਕੀਤੀ।

ਉੱਧਰ ਸੱਤਿਆ ਸੋਧਕ ਸਮਾਜ ਵਲੋਂ ਧਾਰਮਿਕ ਰਸਮਾਂ ਖੁਦ ਕਰਨ ਦਾ ਕੰਮ ਸ਼ੁਰੂ ਹੋ ਗਿਆ ਤੇ ਸਾਲ ਬਾਅਦ ਜਨੇਊ ਬਦਲਣ ਦਾ ਕੰਮ ਵੀ ਮਰਾਠੇ ਆਪ ਕਰਨ ਲੱਗ ਪਏ।ਸਤੰਬਰ 1911 ਈ. ਵਿਚ ਸ਼ਾਹੂ ਮਹਾਰਾਜ ਨੇ ਮਹਾਰਾਂ ਦੀ ਜ਼ਮੀਨ ਪੱਕਿਆਂ ਕਰਨ ਸੰਬੰਧੀ ਇਕ ਕਾਨੂੰਨ ਬਣਾਇਆ ਕਿ ਉਹ ਜ਼ਮੀਨ, ਜਿਹੜੀ ਮਹਾਰਾਂ ਦੇ ਨਾਂ 'ਤੇ ਜਾਰੀ ਕੀਤੀ ਗਈ ਹੈ, ਉਸ 'ਤੇ ਮਾਲੀਆ ਕਰ ਲਗਾਇਆ ਜਾਵੇਗਾ।ਭਾਵ ਮਹਾਰਾਂ ਦੇ ਨਾਂ ਚੜ੍ਹਾਈ ਜ਼ਮੀਨ ਅੱਗੇ ਲਈ ਉਨ੍ਹਾਂ ਦੇ ਨਾਂ ਰਹੇ।ਫਰਵਰੀ 1912 ਈ. ਵਿਚ ਸ਼ਾਹੂ ਮਹਾਰਾਜ ਨੇ ਪਾਟਿਲ ਵਿਦਿਆਰਥੀਆਂ, ਪੇਂਡੂ ਅਫਸਰਾਂ ਦੀਆਂ ਜ਼ਿੰਮੇਵਾਰੀਆਂ ਵਿਚ ਸਿਖਲਾਈ ਦੇਣਾ ਦਿੱਲੀ ਦਰਬਾਰ, ਮੈਮੋਰੀਅਲ ਪਾਟਿਲ ਸਕੂਲ ਖੋਲ੍ਹਿਆ, ਜਿਸ ਨਾਲ ਉਨ੍ਹਾਂ ਦੇ ਕੰਮ ਵਿਚ ਗੁਣਾਤਮਕ ਵਾਧਾ ਹੋ ਸਕੇ।

ਇਸ ਦੇ ਨਾਲ ਸ਼ਾਹੂ ਮਹਾਰਾਜੇ ਨੇ 1904 ਈ. ਦਾ ਐਕਟ ਪਾਸ ਕੀਤਾ, ਜਿਸ ਅਧੀਨ ਕੋਆਪਰੇਟਿਵ ਕਰੈਡਟ ਸੁਸਾਇਟੀਆਂ ਖੋਲ੍ਹਣ ਨੂੰ ਮਾਨਤਾ ਮਿਲੀ।ਜੁਲਾਈ 1912 ਈ. ਵਿਚ ਭਾਸਕਰ ਰਾਓ ਜਾਧਵ ਦੀ ਅਗਵਾਈ ਵਿਚ ਪਹਿਲੀ ਸੁਸਾਇਟੀ ਖੋਲ੍ਹੀ ਗਈ।1913 ਈ. ਵਿਚ ਕੋਹਲਾਪੁਰ ਕੋਆਪਰੇਟਿਵ ਸੁਸਾਇਟੀ ਦੀ

ਇਮਾਰਤ ਸ਼ੁਰੂ ਕੀਤੀ ਗਈ, ਜਿਸ ਵਿਚ ਗਰੀਬ ਕਿਸਾਨਾਂ ਅਤੇ ਗ੍ਰਾਮ ਪਾਲਕਾਂ ਦੇ ਮੁਲਾਜ਼ਮਾਂ (ਜਮਾਂਦਰਾਂ ਆਦਿ) ਨੂੰ ਵੱਡੀ ਰਾਹਤ ਦਿੱਤੀ ।

1913 ਈ. ਵਿਚ ਕਾਇਸਥ ਪ੍ਰਭੂਆਂ ਲਈ ਹੋਸਟਲ ਖੋਲ੍ਹਿਆ ਗਿਆ, ਜਿਸ ਲਈ ਸ਼ਾਹੂ ਮਹਾਰਾਜ ਨੇ 2000 ਰੁਪਏ ਦੀ ਗ੍ਰਾਂਟ ਮੰਜ਼ੂਰ ਕੀਤੀ । 1911 ਈ. ਵਿਚ ਜੋ ਰਾਜਾ ਰਾਮ ਲਈ ਹਾਈ ਸਕੂਲ ਖੋਲ੍ਹਿਆ ਗਿਆ ਸੀ, ਉਸ ਵਿਚ 507 ਲੜਕੇ ਸਨ, ਜਿਨ੍ਹਾਂ ਵਿਚੋਂ 156 ਮਰਾਠਾ, 35 ਜੈਨ, 14 ਲਿੰਗਾਇਤ, 26 ਮਹਾਰ, 10 ਮੁਸਲਮਾਨ ਅਤੇ ਤਿੰਨ ਇਸਾਈ ਸਨ ।

ਮਈ 1913 ਈ. ਨੂੰ ਸ਼ਾਹੂ ਮਹਾਰਾਜ ਨੇ ਇਕ ਅਜਿਹਾ ਹੁਕਮ ਜਾਰੀ ਕੀਤਾ ਜੋ ਜੂਨ 1913 ਈ. ਵਿਚ ਸਟੇਟ ਗਜ਼ਟ ਵਿਚ ਛਾਪਿਆ ਗਿਆ ਜੋ ਇਸ ਪ੍ਰਕਾਰ ਸੀ :-"ਪੱਛੜੀਆਂ ਸ਼੍ਰੇਣੀਆਂ ਵਿਚ, ਪ੍ਰਾਇਮਰੀ ਸਿੱਖਿਆ ਫੈਲਾਉਣ ਵਾਸਤੇ ਜੋ ਯਤਨ ਕੀਤੇ ਗਏ ਸਨ । ਉਨ੍ਹਾਂ ਦੇ ਹੁੰਦਿਆਂ ਜੋ ਤਰੱਕੀ ਹੋਈ, ਉਹ ਤਸੱਲੀ ਬਖਸ਼ ਨਹੀਂ ਹੈ । ਇਹ ਗੱਲ ਧਿਆਨ ਵਿਚ ਰੱਖਦਿਆਂ, ਇਸ ਲਈ ਤਰੱਕੀ ਦੀ ਰਫਤਾਰ ਨੂੰ ਤੇਜ਼ ਕਰਨ ਲਈ ਹਿਜ਼ ਹਾਈਨੈੱਸ ਛਤਰਪਤੀ ਸ਼ਾਹੂ ਮਹਾਰਾਜ ਖੁਸ਼ੀ ਨਾਲ ਇਹ ਹੁਕਮ ਜਾਰੀ ਕਰਦੇ ਹਨ ਕਿ ਰਾਜ ਵਿਚ ਹਰ ਪਿੰਡ ਵਿਚ ਇਕ ਸਕੂਲ ਹੋਣਾ ਚਾਹੀਦਾ ਹੈ, ਜੋ ਉਸ ਜਾਤ ਦੇ ਦੁਆਰਾ ਚਲਾਇਆ ਜਾਵੇਗਾ, ਜਿਸ ਨਾਲ ਪਿੰਡ ਦੀ ਬਹੁ ਗਿਣਤੀ ਜੁੜੀ ਹੋਵੇਗੀ ।" ਜੁਲਾਈ 1913 ਈ. ਸ਼ਾਹੂ ਛਤਰਪਤੀ ਨੇ ਕੋਹਲਾਪੁਰ ਵਿਖੇ ਸਤਿਆ ਸੋਧਕ ਸਕੂਲ ਸਥਾਪਿਤ ਕਰ ਦਿੱਤੇ ।

1915 ਈ. ਵਿਚ ਸਰਸਵਤੀ ਭਾਈ ਸਰਸਵਤ ਹੋਸਟਲ ਖੋਲ੍ਹਿਆ ਗਿਆ, ਜਿਸ ਲਈ ਸ਼ਾਹੂ ਜੀ ਨੇ ਜ਼ਮੀਨ ਦਾ ਟੁਕੜਾ ਅਤੇ 5000 ਰੁਪਏ ਮਨਜ਼ੂਰ ਕੀਤੇ ਅਤੇ ਫਿਰ ਇਮਾਰਤ ਲਈ ਧਨ ਦਿੱਤਾ ।

ਮਾਰਚ 1917 ਈ. ਵਿਚ ਸ਼ਾਹੂ ਮਹਾਰਾਜ ਨੇ ਸਮਝ ਤੋਂ ਬਾਹਰੀ ਗੋਦੀ ਲਿੱਪੀ ਤੋਂ, (ਜਿਵੇਂ ਪੰਜਾਬ ਵਿਚ ਲੰਡੇ) ਜੋ ਉਸ ਪਾਸੇ ਵੱਲ ਪ੍ਰਚਲਤ ਸੀ, ਆਮ ਜਨਤਾ ਦਾ ਖਹਿੜਾ ਛੁਡਾਇਆ ਅਤੇ ਸਾਰੇ ਰਾਜਸੀ ਪੱਤਰ ਵਿਵਹਾਰ ਲਈ ਦੇਵਨਾਗਰੀ ਲਿੱਪੀ ਪ੍ਰਵਾਨ ਕੀਤੀ । ਇਸ ਤਰੀਕੇ ਨਾਲ ਆਮ ਜਨਤਾ ਬ੍ਰਾਹਮਣ ਕਲਰਕਾਂ ਅਤੇ ਕੁਲਕਰਨੀਆਂ ਦੇ ਜਾਲ ਵਿਚੋਂ ਨਿਕਲ ਗਈ । ਸ਼ਾਹੂ ਜੀ ਨੇ ਮੁੱਢਲੇ ਪੱਧਰ 'ਤੇ 1912 ਵਿਚ ਮੁਫਤ ਪ੍ਰਾਇਮਰੀ ਸਿੱਖਿਆ ਲਾਗੂ ਕੀਤੀ ਅਤੇ ਅਧਿਆਪਕ ਨਿਯੁਕਤ ਕੀਤੇ ਤੇ ਫਿਰ ਦਰਬਾਰ ਵੱਲੋਂ ਮੁਫਤ ਤੇ ਲਾਜ਼ਮੀ ਵਿਦਿਆ ਦਾ ਐਲਾਨ ਕੀਤਾ ਗਿਆ । ਸਤੰਬਰ 1917 ਈ. ਨੂੰ ਐਲਾਨੀ ਗਈ ਇਹ ਸਕੀਮ 30 ਸਤੰਬਰ 1917 ਈ. ਤੋਂ ਸ਼ੁਰੂ ਕੀਤੀ ਗਈ, ਸ਼ਾਹੂ ਜੀ ਨੇ ਇਸ ਸਕੀਮ ਲਈ ਇਕ ਲੱਖ ਰੁਪਏ ਮਨਜ਼ੂਰ ਕੀਤੇ । ਜਿਸ ਪਿੰਡ ਦੀ 500 ਤੋਂ 1000 ਦੀ ਆਬਾਦੀ ਹੋਵੇ, ਉੱਥੇ ਸਕੀਮ ਚਾਲੂ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ । ਅਧਿਆਪਕਾਂ ਦੀ ਤਨਖਾਹ ਵਧਾਈ ਗਈ ਅਤੇ ਇਕ ਟਰੇਨਿੰਗ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਗਿਆ । ਸ਼ਾਹੂ ਜੀ ਦੇ ਛੋਟੇ ਭਾਈ ਬਾਪੂ ਸਾਹਿਬ ਗਟਜੇ ਨੇ ਆਪਣੀ ਜਾਗੀਰ ਵਿਚ ਮੁਫਤ ਤੇ ਜ਼ਰੂਰੀ ਵਿਦਿਆ ਸਕੀਮ ਹਰ ਪਿੰਡ ਵਿਚ ਲਾਗੂ ਕਰ ਦਿੱਤੀ ।

ਸ਼ਾਹੂ ਜਨਸਾਧਾਰਨ ਵਰਗਾ ਰਾਜਾ ਸੀ, ਜੋ ਇਕ ਲੁੰਗੀ ਪਜਾਮਾ ਪਹਿਨਦਾ, ਆਮ ਤੌਰ 'ਤੇ ਇਕ ਦਰੱਖਤ ਹੇਠ ਸੌਂਦਾ ਜਾਂ ਕਿਸੇ ਉੱਚੇ ਥੜ੍ਹੇ 'ਤੇ, ਜਾਂ ਇਕ ਸਾਧਾਰਨ ਬਿਸਤਰੇ 'ਤੇ । ਆਪਣੇ ਨੌਕਰ ਅਤੇ ਗਰੀਬ ਲੋਕਾਂ ਨਾਲ ਗੱਲਾਂ-ਬਾਤਾਂ ਤੇ ਉਨ੍ਹਾਂ ਨਾਲ ਮਖੌਲ ਸਾਂਝੇ ਕਰਕੇ ਖੁਸ਼ੀਆਂ ਮਾਣਦਾ । ਜੁਲਾਈ 1917 ਈ. 'ਚ ਸ਼ਾਹੂ ਮਹਾਰਾਜ ਨੇ 'ਮੁੜ ਵਿਵਾਹ ਰਜਿਸਟਰੇਸ਼ਨ' ਕਾਨੂੰਨ ਪਾਸ ਕਰ ਦਿੱਤਾ । ਇਸ ਕਾਨੂੰਨ ਅਨੁਸਾਰ ਹਿੰਦੂਆਂ ਦੀਆਂ ਵਿਧਵਾਵਾਂ ਸੰਬੰਧੀ ਰਵਾਇਤਾਂ ਦਾ ਜਾਲ ਤੋੜ ਸੁੱਟਿਆ । ਦੂਜੇ ਪਾਸੇ ਬਾਲ ਗੰਗਾਧਰ ਤਿਲਕ ਅਤੇ ਉਸ ਦੇ ਸਾਥੀ ਮੁੜ ਵਿਆਹ ਜਾਂ ਵਿਧਵਾ ਵਿਆਹ ਦਾ ਵਿਰੋਧ ਕਰ ਰਹੇ ਸਨ ।

ਇਸ ਸਮੇਂ ਵਿਚ ਸਵਰਾਜ ਦੀ ਪ੍ਰਾਪਤੀ ਦੀ ਲਹਿਰ ਜ਼ੋਰ ਫੜ ਰਹੀ ਸੀ । ਇਸ ਲਹਿਰ ਦੀ ਵਾਗਡੋਰ ਖਾਸ ਤੌਰ 'ਤੇ ਬ੍ਰਾਹਮਣਾਂ ਅਤੇ ਹੋਰ ਉੱਚੀਆਂ ਜਾਤੀਆਂ ਦੇ ਹੱਥ ਵਿਚ ਸੀ ਤੇ ਉਹੀ ਲੋਕ ਸਵਰਾਜ ਦੀ ਮੰਗ ਕਰਨ ਲੱਗੇ ਸਨ, ਪ੍ਰੰਤੂ ਸ਼ਾਹੂ ਮਹਾਰਾਜ ਅਤੇ ਗੈਰ ਬ੍ਰਾਹਮਣ ਜੱਥੇਬੰਦੀਆਂ ਨੇ ਇਸ ਕਿਸਮ 'ਤੇ ਸਵਰਾਜ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ । ਅਜਿਹੀ ਹਾਲਤ ਵਿਚ ਸਵਰਾਜ, ਜਿਸ ਦੀ ਮੰਗ ਬ੍ਰਾਹਮਣਾਂ ਵੱਲੋਂ ਤੇ ਕੁਝ ਹੋਰ ਉੱਚੀਆਂ ਜਾਤੀਆਂ ਵੱਲੋਂ ਉਠਾਈ ਜਾ ਰਹੀ ਸੀ, ਦਾ ਵਿਰੋਧ ਪੱਛੜੀਆਂ ਸ਼੍ਰੇਣੀਆਂ ਦੇ ਸੂਝਵਾਨ ਲੋਕਾਂ ਵੱਲੋਂ ਹੋਣਾ ਕੁਦਰਤੀ ਸੀ । ਉਹ ਨਹੀਂ ਸਨ ਚਾਹੁੰਦੇ ਕਿ ਇਕ ਅਜਿਹਾ ਰਾਜ ਏਡੀ ਜਲਦੀ ਖਤਮ ਹੋਵੇ, ਜਿਸ ਨੇ ਉਨ੍ਹਾਂ ਨੂੰ

ਗਲੀਆਂ 'ਚ ਤੁਰਨ ਦਾ, ਤੇ ਨੌਕਰੀ ਲੱਗ ਸਕਣ ਦਾ ਮੌਕਾ ਦਿੱਤਾ ਸੀ ਤੇ ਉੱਚੀਆਂ ਜਾਤੀਆਂ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਸਜ਼ਾ ਦੇ ਹੱਕਦਾਰ ਬਣਾ ਦਿੱਤਾ ਸੀ। ਜਦੋਂ ਕਿ ਹਜ਼ਾਰਾਂ ਸਾਲਾਂ ਤੋਂ ਉਹ ਨਿਤਾਣੇ ਪਛਾੜੇ ਤੇ ਕੁਚਲੇ ਗਏ ਸਨ ਤੇ ਸਾਰੇ ਅਧਿਕਾਰ ਅਤੇ ਕਾਨੂੰਨ ਇਕ ਵਿਸ਼ੇਸ਼ ਵਰਗ ਦੀ ਮਰਜ਼ੀ ਦੇ ਬਣੇ ਰਹੇ ਸਨ। ਇਸ ਤਰ੍ਹਾਂ ਸ਼ਾਹੂ ਮਹਾਰਾਜ ਅਤੇ ਹੋਰ ਗੈਰ ਬ੍ਰਾਹਮਣ ਜਥੇਬੰਦੀਆਂ ਵੱਲੋਂ ਸਵਰਾਜ ਦਾ ਵਿਰੋਧ ਹੋ ਰਿਹਾ ਸੀ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਸਵਰਾਜ ਮਿਲ ਗਿਆ ਤਾਂ ਪਿਛਲੇ ਸਮੇਂ ਵਾਂਗ ਹੀ ਬ੍ਰਾਹਮਣ ਤੇ ਹੋਰ ਉੱਚੀਆਂ ਜਾਤੀਆਂ ਇਸ 'ਤੇ ਕਾਠੀ ਪਾ ਲੈਣਗੀਆਂ ਅਤੇ ਦੇਸ਼ ਦੇ ਅੰਦਰ ਕਾਨੂੰਨ ਦੇ ਰਾਜ ਦੀ ਥਾਂ ਮਨੂੰ ਸਿਮਰਤੀ ਮੁੜ ਲਾਗੂ ਕਰ ਦਿੱਤੀ ਜਾਵੇਗੀ। ਖਾਸ ਤੌਰ 'ਤੇ ਸ਼ੂਦਰਾਂ ਤੇ ਔਰਤਾਂ ਨੂੰ ਜ਼ੁਲਮ ਦਾ ਸ਼ਿਕਾਰ ਹੋਣਾ ਪਵੇਗਾ। ਸ਼ਾਹੂ ਜੀ ਨੇ ਕਿਹਾ ਕਿ ਉਹ ਸਵਰਾਜ ਦਾ ਵਿਰੋਧੀ ਨਹੀਂ, ਪ੍ਰੰਤੂ ਇਸ ਸਵਰਾਜ ਵਿਚ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਅਨੁਪਾਤਕ ਹਿੱਸਾ ਹੋਵੇ। ਉਨ੍ਹਾਂ ਦੀ ਬਕਾਇਦਾ ਨੁਮਾਇੰਦਗੀ ਹੋਵੇ। ਜਿਹੜੇ ਲੋਕ ਅੱਜ ਤੀਕ ਦੇਸ਼ ਅੰਦਰ ਪੜ੍ਹ ਨਹੀਂ ਸਕੇ, ਜੁੜ ਨਹੀਂ ਸਕੇ, ਜੋ ਅਜੇ ਤੱਕ ਸੰਘਰਸ਼ ਕਰਨ ਦੇ ਕਾਬਲ ਨਹੀਂ ਬਣ ਸਕੇ, ਅਜਿਹੇ ਲੋਕਾਂ ਨੂੰ ਸਵਰਾਜ ਵਿਚੋਂ ਕੀ ਮਿਲੇਗਾ ? ਉਹ ਕਾਨੂੰਨ ਦੇ ਰਾਜ ਵਾਲੀ ਗੁਲਾਮੀ ਨਾਲੋਂ ਉੱਚੀਆਂ ਸ਼੍ਰੇਣੀਆਂ ਦੀ ਗੁਲਾਮੀ ਬੇਹੱਦ ਖਤਰਨਾਕ ਸਮਝ ਕੇ, ਇਸ ਸਵਰਾਜ ਦਾ ਵਿਰੋਧ ਕਰ ਰਹੇ ਸਨ।

ਇਸ ਤਰ੍ਹਾਂ ਜਦੋਂ ਕਾਫੀ ਦਿਸ਼ਾਵਾਂ ਤੋਂ ਪੱਛੜੀਆਂ ਸ਼੍ਰੇਣੀਆਂ ਅਤੇ ਗੈਰ ਬ੍ਰਾਹਮਣ ਲੋਕਾਂ ਵੱਲੋਂ ਆਪਣੇ ਬੁਨਿਆਦੀ ਹੱਕਾਂ ਲਈ ਅਵਾਜ਼ ਉੱਚੀ ਉੱਠਣ ਲੱਗੀ ਸੀ ਤਾਂ ਉਹ ਕਾਂਗਰਸੀ ਲੀਡਰ, ਜਿਨ੍ਹਾਂ ਨੇ ਇਨ੍ਹਾਂ ਦੀਆਂ ਘੋਰ ਦੁੱਖ ਤਕਲੀਫਾਂ ਵੱਲ ਨਜ਼ਰ ਚੁੱਕ ਕੇ ਨਹੀਂ ਸੀ ਵੇਖਿਆ ਤੇ ਜਿਨ੍ਹਾਂ ਨੇ ਇਨ੍ਹਾਂ ਦੀ ਪਸ਼ੂਆਂ ਵਰਗੀ ਜ਼ਿੰਦਗੀ 'ਤੇ ਕਦੀ ਤਰਸ ਨਹੀਂ ਸੀ ਖਾਧਾ ਤੇ ਕਦੀ ਨਹੀਂ ਸੀ ਵੇਖਿਆ ਜਾਂ ਸੋਚਿਆ, ਇਨ੍ਹਾਂ ਨੂੰ ਖਾਣ-ਪੀਣ, ਪਹਿਨਣ ਜਾਂ ਰਹਿਣ ਨੂੰ ਕੁਝ ਮਿਲਦਾ ਹੈ ਕਿ ਨਹੀਂ, ਅਚਾਨਕ ਉਨ੍ਹਾਂ ਨੇ ਪੱਛੜੀਆਂ ਸ਼੍ਰੇਣੀਆਂ ਲਈ ਪਿਆਰ ਵਿਖਾਉਣਾ ਸ਼ੁਰੂ ਕਰ ਦਿੱਤਾ। ਹੋਮ ਰੂਲ ਭਾਵ ਸਵਰਾਜ ਲਈ ਮੁੱਖ ਰੂਪ ਵਿਚ ਬ੍ਰਾਹਮਣ ਲੀਡਰ ਲੜ ਰਹੇ ਸਨ। ਉਨ੍ਹਾਂ ਨੇ ਆਪਣਾ ਮੂੰਹ ਪੱਛੜੀਆਂ ਸ਼੍ਰੇਣੀਆਂ ਵੱਲ ਮੋੜ ਲਿਆ ਤੇ ਉਨ੍ਹਾਂ ਨੇ ਦਿਸ਼ਾਵਾਂ ਵਿਚ ਇਨ੍ਹਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਉੱਚੀਆਂ ਜਾਤੀਆਂ ਦੇ ਪਿਆਰ ਮੁਹੱਬਤ ਦੀ ਇਹ ਸਥਿਤੀ ਹਮੇਸ਼ਾ ਹੀ ਪੱਛੜੀਆਂ ਸ਼੍ਰੇਣੀਆਂ ਲਈ ਘਾਤਕ ਸਾਬਤ ਹੋਈ ਹੈ। ਇਸ ਲਈ ਸ਼ਾਹੂ ਅਤੇ ਕੁਠਾਰੀ ਵਰਗੇ ਨੇਤਾਵਾਂ ਨੇ ਪੱਛੜੀਆਂ ਸ਼੍ਰੇਣੀਆਂ ਲਈ ਵਿਸ਼ੇਸ਼ ਨੁਮਾਇੰਦਗੀ ਦੀ ਗੱਲ ਜਾਰੀ ਰੱਖੀ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਕਾਂਗਰਸ ਤੋਂ ਦੂਰ ਰਹਿਣ ਲਈ ਚਿਤਾਵਨੀ ਦਿੱਤੀ। ਉਨ੍ਹਾਂ ਲੋਕਾਂ 'ਤੇ ਸਖਤ ਨਜ਼ਰ ਰੱਖਣੀ ਸ਼ੁਰੂ ਕੀਤੀ ਜੋ ਪੱਛੜੀਆਂ ਸ਼੍ਰੇਣੀਆਂ ਨੂੰ ਕਾਂਗਰਸ ਵਰਗੀ ਜਥੇਬੰਦੀਆਂ ਵੱਲ ਧੱਕ ਸਕਦੇ ਸਨ। ਸ਼ਾਹੂ ਮਹਾਰਾਜ ਨੇ ਕਿਹਾ, "ਕਿਉਂਕਿ ਸਿੱਖਿਆ ਲੋਕਾਂ ਦੀਆਂ ਬੀਮਾਰੀਆਂ ਦੂਰ ਕਰਨ ਦਾ ਅਸਲੀ ਹੱਲ ਹੈ ਅਤੇ ਕਿਸੇ ਵੀ ਦੇਸ਼ ਨੇ ਸਿੱਖਿਆ ਤੋਂ ਬਿਨਾਂ ਤਰੱਕੀ ਨਹੀਂ ਕੀਤੀ।" ਇਸੇ ਲਈ ਉਸਨੇ ਮੁਫਤ ਤੇ ਲਾਜ਼ਮੀ ਵਿੱਦਿਆ 'ਤੇ ਜ਼ੋਰ ਦਿੱਤਾ।

ਸਵਰਾਜ ਵਾਸਤੇ ਉਨ੍ਹਾਂ ਕਿਹਾ, "ਅਸੀਂ ਸੱਚਮੁੱਚ ਚਾਹੁੰਦੇ ਹਾਂ। ਮੇਰੀ ਤਰਕਸ਼ੀਲ ਰਾਇ ਹੈ ਕਿ ਸਮਾਂ ਆਵੇਗਾ ਜਦੋਂ ਅਸਾਂ ਨੂੰ ਵਰਤਮਾਨ ਜਾਤਪਾਤ ਦੇ ਬੰਧਨਾਂ ਨੂੰ ਤੋੜ ਦੇਣਾ ਹੋਵੇਗਾ।.....ਜਦੋਂ ਤੀਕ ਸਾਡੇ ਵਿਚਕਾਰ ਜਾਤੀ ਵੰਡੀਆਂ ਹਨ ਅਤੇ ਇਕ ਦੂਜੇ ਨਾਲ ਈਰਖਾਵਾਂ ਕਰਦੇ ਹਾਂ, ਅਸੀਂ ਆਪਸ ਵਿਚ ਲੜਦੇ ਰਹਾਂਗੇ ਅਤੇ ਆਪਣੇ ਹਿੱਤਾਂ ਦਾ ਘਾਣ ਕਰਕੇ ਰਹਾਂਗੇ। ਜੇ ਸਾਨੂੰ ਸਵਰਾਜ ਦਾ ਵਫਾਦਾਰ ਬਣਾਉਣਾ ਹੈ ਤਾਂ ਇਹ ਅਤੀ ਜ਼ਰੂਰੀ ਹੈ ਕਿ ਜਾਤੀ ਪ੍ਰਬੰਧ ਦਾ ਜੁੱਗ ਹੀ ਖਤਮ ਕਰ ਦਿੱਤਾ ਜਾਵੇ, ਜਿਹੜੀ ਕਿ ਨਾ ਬਰਾਬਰੀ ਦਾ ਕਾਰਨ ਹੈ।....ਜੇਕਰ ਜਾਤਾਂ ਜਿਵੇਂ ਹਨ, ਤਿਵੇਂ ਰਹਿੰਦੀਆਂ ਹਨ ਤਾਂ ਸਵਰਾਜ, ਸਹੀ ਮਾਹਨਿਆਂ ਵਿਚ ਜੋ ਇਸ ਦਾ ਅਰਥ ਹੈ, ਦਾ ਨਤੀਜਾ ਕੁਝ ਨਹੀਂ ਨਿਕਲੇਗਾ, ਸਿਵਾਏ ਕਿ ਇਹ ਸਿਰਫ ਥੋੜ੍ਹੇ ਲੋਕਾਂ ਦੀ ਜਾਇਦਾਦ ਬਣ ਕੇ ਰਹਿ ਜਾਵੇਗਾ। ਇਸ ਦਾ ਭਾਵ ਇਹ ਕਦੀ ਵੀ ਨਹੀਂ ਹੈ, ਮੈਂ ਇਕ ਵਾਰ ਫਿਰ ਇਹ ਦੁਹਰਾ ਦਿੰਦਾ ਹਾਂ ਕਿ ਮੈਂ ਸਵਰਾਜ ਦੇ ਵਿਰੁੱਧ ਹਾਂ। ਸੱਚਮੁੱਚ ਸਾਨੂੰ ਸਵਰਾਜ ਚਾਹੀਦਾ ਹੈ। ਪਰ ਵਰਤਮਾਨ ਹਾਲਤਾਂ ਵਿਚ ਸਾਨੂੰ ਬਰਤਾਨਵੀ ਸਰਕਾਰ ਦੀ ਸੁਰੱਖਿਆ ਤੇ ਅਗਵਾਈ ਚਾਹੀਦੀ ਹੈ। ਉਦੋਂ ਤੱਕ ਜਦੋਂ ਤੱਕ ਜਾਤ ਦੀ ਬੁਰਾਈ ਬੇਅਸਰ ਨਹੀਂ ਹੋ ਜਾਂਦੀ। ਸਵਰਾਜ ਨੂੰ ਕੁਝ ਹੱਥਾਂ ਵਿਚ ਚਲੇ ਜਾਣ ਤੋਂ ਰੋਕਣ ਲਈ, ਸਾਨੂੰ ਘੱਟ-ਘੱਟ 10 ਸਾਲਾਂ ਵਾਸਤੇ ਫਿਰਕੂ ਨੁਮਾਇੰਦਗੀ ਚਾਹੀਦੀ ਹੈ। ਇਹ ਸਾਨੂੰ ਦੱਸ ਦੇਵੇਗੀ ਕਿ ਸਾਡੇ ਅਧਿਕਾਰ ਕੀ ਹਨ। ਇਕ ਵਾਰ ਅਸੀਂ ਇਹ

ਜਾਣ ਜਾਈਏ ਫਿਰ ਭਾਵੇਂ ਫਿਰਕੂ ਨੁਮਾਇੰਦਗੀ ਖਤਮ ਕਰ ਦਿੱਤੀ ਜਾਵੇ ।.....ਜਾਤੀ ਈਰਖਾਵਾਂ ਇਕੋ ਵਾਰ ਸਾਰੀਆਂ ਖਤਮ ਕਰ ਦੇਣੀਆਂ ਹਨ ।ਉੱਚਾ ਜਨਮ ਜਾਂ ਜਾਤਾਂ ਨੇ ਸਮਾਜ ਅੰਦਰ ਹਉਮੈ ਪੈਦਾ ਕੀਤੀ ਹੈ ।ਭਾਵੇਂ ਅਜਿਹੀ ਗੱਲ ਸਾਰੇ ਦੇਸ਼ ਵਿਚ ਹੋਵੇ, ਪ੍ਰੰਤੂ ਜਾਤੀਆਂ ਨੂੰ ਜਪਾਨ ਦੀਆਂ ਸਗੁਰਾਏ ਜਾਤੀਆਂ ਵਾਂਗ, ਜਾਤੀ ਪ੍ਰਬੰਧ ਖਤਮ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ । ਇਹ ਅੱਛਾ ਹੋਵੇਗਾ, ਜੇਕਰ ਨੇਤਾ ਲੋਕ ਅੱਜ ਦੇ ਆਦਰਸ਼ਾਂ ਵੱਲ ਧਿਆਨ ਦੇਣ ।ਏਕਤਾ ਦਾ ਇਹ ਆਦਰਸ਼, ਜਿਸ ਨੂੰ ਸ਼ਿਵਾ ਜੀ ਅਤੇ ਅਕਬਰ ਨੇ ਅਮਲ ਵਿਚ ਲਿਆਂਦਾ, ਇਕ ਉਦਾਹਰਣ ਹੈ ।ਇਹੀ ਕਾਰਨ ਹੈ ਕਿ ਮੈਂ ਚਤੁਰਵਰਣ ਸਿਸਟਮ ਦੇ ਵਿਰੁੱਧ ਹਾਂ, ਤਾਂ ਇਕ ਸਮਾਜ ਅੰਦਰ ਪਾਈਆਂ ਗਈਆਂ ਖਾਈਆਂ ਵੰਡੀਆਂ, ਦੂਰੀਆਂ, ਵਿਤਕਰਿਆਂ ਨੂੰ ਦੂਰ ਕੀਤਾ ਜਾ ਸਕੇ, ਪ੍ਰੰਤੂ ਸਾਰੇ ਖੇਤਰਾਂ ਵਿਚ ਬੁਨਿਆਦੀ ਮੁੱਢਲੀ ਚੀਜ਼ ਹਰ ਹਾਲ ਸਿੱਖਿਆ ਹੋਣੀ ਚਾਹੀਦੀ ਹੈ ਤਾਂ ਕਿ ਕਿਸਾਨ ਖੇਤੀਬਾੜੀ ਸੰਬੰਧੀ ਕਿਤਾਬਾਂ ਪੜ੍ਹਨ ਦੇ ਯੋਗ ਹੋਣ ।"

ਸ਼ਾਹੂ ਮਹਾਰਾਜ ਨੇ ਲਾਰਡ ਵਲਿੰਗਟਨ ਨੂੰ ਲਿਖਿਆ, "ਮੇਰੀ ਮੁਲਾਕਾਤ ਵਿਚ, ਮੈਂ ਇਕ ਅਜਿਹੇ ਸਵਾਲ ਨੂੰ ਛੋਹਣਾ ਚਾਹਿਆ, ਜਿਸ ਵਿਚ ਮੈਂ ਸਦਾ ਹੀ ਵਧੇਰੇ ਦਿਲਚਸਪੀ ਲੈਂਦਾ ਰਿਹਾ ਹਾਂ, ਉਹ ਹੈ ਪੱਛੜੀਆਂ ਸ਼੍ਰੇਣੀਆਂ ਦੀ ਉੱਨਤੀ ਖਾਸ ਤੌਰ 'ਤੇ ਅਛੂਤਾਂ ਦੀ...ਮੇਰੀ ਇਹ ਮਜ਼ਬੂਤ ਰਾਇ ਹੈ ਕਿ ਇਨ੍ਹਾਂ ਜਮਾਤਾਂ ਨੂੰ ਭਾਰਤ ਸਰਕਾਰ ਦੇ ਬਣ ਰਹੇ ਸੰਵਿਧਾਨ ਅੰਦਰ ਪੂਰੀ ਪ੍ਰਤੀਨਿਧਤਾ ਮਿਲਣੀ ਜ਼ਰੂਰੀ ਹੈ ।ਸੰਵਿਧਾਨ, ਜੋ ਵਿਚਾਰ ਅਧੀਨ ਹੈ ।ਦੂਜੇ ਸ਼ਬਦਾਂ ਵਿਚ ਮੈਂ ਫਿਰਕਾਦਾਰਾਨਾ ਨੁਮਾਇੰਦਗੀ ਦੀ ਹਮਾਇਤ ਕੀਤੀ, ਇਸ ਦਾ ਸੰਬੰਧ ਅਛੂਤਾਂ ਨਾਲ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਅਛੂਤਾਂ ਲਈ...।" ਉਨ੍ਹਾਂ ਕਿਹਾ, "ਬ੍ਰਾਹਮਣਾਂ ਨੇ ਮੇਰੇ ਨਾਲ ਬਹੁਤ ਬੁਰਾ ਵਰਤਾਵ ਕੀਤਾ ਖਾਸ ਤੌਰ 'ਤੇ ਇਹ ਵਰਤਾਵ ਮੇਰੇ ਨਾਲ ਉਦੋਂ ਹੋਇਆ ਜਦੋਂ ਮੈਂ ਖਾਮ ਖਾਉਂ ਵਿਖੇ ਮਰਾਠਾ ਐਜੂਕੇਸ਼ਨ ਕਾਨਫਰੰਸ ਵਿਚ ਭਾਸ਼ਨ ਦਿੱਤਾ ।'

1884 ਈ. ਵਿਚ ਰਾਜ ਦੀ ਸਰਕਾਰੀ ਮਸ਼ੀਨਰੀ ਵਿਚ 71 ਅਫਸਰ ਸਨ, ਜਿਨ੍ਹਾਂ ਵਿਚੋਂ 60 ਬ੍ਰਾਹਮਣ ਸਨ ।1892 ਈ. ਵਿਚ 95 ਅਫਸਰ ਸਨ, ਜਿਨ੍ਹਾਂ ਵਿਚੋਂ 36 ਬ੍ਰਾਹਮਣ ਸਨ ਅਤੇ 59 ਗੈਰ ਬ੍ਰਾਹਮਣਾਂ ਨੂੰ ਅਫਸਰੀ ਤੱਕ ਲੈ ਆਂਦਾ ਗਿਆ ਸੀ ।1894 ਈ. ਵਿਚ ਪ੍ਰਾਈਵੇਟ ਮਹਿਕਮੇ ਵਿਚ 53 ਨੌਕਰੀਆਂ ਵਿਚੋਂ 46 ਬ੍ਰਾਹਮਣਾਂ ਪਾਸ ਸਨ ਤੇ 7 ਗੈਰ ਬ੍ਰਾਹਮਣਾਂ ਪਾਸ ।1922 ਈ. ਵਿਚ ਬ੍ਰਾਹਮਣਾਂ ਦੀ ਗਿਣਤੀ 43 ਸੀ ਅਤੇ ਗੈਰ ਬ੍ਰਾਹਮਣਾਂ ਦੀ ਗਿਣਤੀ ਵਧਕੇ 109 ਹੋ ਗਈ ਸੀ, ਜੋ ਪੱਛੜੀਆਂ ਸ਼੍ਰੇਣੀਆਂ ਵਿਚੋਂ ਸਨ ।

ਫਰਵਰੀ 1918 ਈ. 'ਚ ਸ਼ਾਹੂ ਨੇ ਕਿਹਾ, "ਤੁਸੀਂ ਉਨ੍ਹਾਂ ਨੂੰ (ਬ੍ਰਾਹਮਣਾਂ ਨੂੰ) ਕਿੰਨਾ ਵੀ ਚੰਗਾ ਵਿਹਾਰ ਦਿਓ ਪ੍ਰੰਤੂ ਇਕ ਗੱਲ ਹੀ ਜੋ ਉਨ੍ਹਾਂ ਦੇ ਖਿਲਾਫ ਜਾਂਦੀ ਹੋਵੇ, ਹਰ ਚੀਜ਼ ਨੂੰ ਉਦੇੜ ਦਿੰਦੀ ਹੈ ।ਇਹ ਇਕ ਬੇਹੱਦ ਸਮਝੌਤਾਹੀਣ ਅਤੇ ਅਹਿਸਾਨ ਰਹਿਤ ਜਾਤੀ ਹੈ ।

23 ਫਰਵਰੀ 1918 ਈ. ਦਾ ਫੈਸਲਾ ਜੋ ਮਾਰਚ 1918 ਈ. ਦੀ ਗਜ਼ਟ ਵਿਚ ਛਪਿਆ, ਉਹ ਇਸ ਪ੍ਰਕਾਰ ਸੀ :-"ਕੁਲਕਰਨੀ ਪ੍ਰਬੰਧ ਖਤਮ ਕੀਤਾ ਜਾ ਰਿਹਾ ਹੈ ਅਤੇ ਤਾਲਦੀ ਪ੍ਰਬੰਧ ਲਾਗੂ ਕੀਤਾ ਜਾ ਰਿਹਾ ਹੈ ।ਜੋ 'ਤਾਤੀ' ਦੇ ਤੌਰ 'ਤੇ ਸੇਵਾ ਕਰਨਾ ਚਾਹੁੰਦੇ ਹਨ, ਉਹ ਅਪ੍ਰੈਲ ਤੱਕ ਅਰਜ਼ੀਆਂ ਦੇ ਦੇਣ ।"

ਕੁਲਕਰਨੀ ਪ੍ਰਬੰਧ ਬਾਰੇ ਸ਼ਾਹੂ ਜੀ ਨੇ ਬਿਆਨ ਕੀਤਾ, "ਤੁਸੀਂ ਜਾਣਦੇ ਹੋ ਕਿ ਪਿੰਡ ਵਿਚ ਕੁਲਕਰਨੀ ਦਾ ਕਿਹੋ ਜਿਹਾ ਪ੍ਰਭਾਵ ਸੀ ।ਉਹ ਆਪਣੇ ਕੰਮ ਬਦਲੇ ਲਈ ਹੱਕਦਾਰੀ ਦੀ ਰਕਮ ਨਾਲ ਕਿਉਂ ਸੰਤੁਸ਼ਟ ਸੀ ।ਉਹ ਛਲ ਕਪਟ ਨਾਲ ਇਕ ਵੱਡੀ ਰਕਮ ਹਾਸਲ ਕਰ ਲੈਂਦੀ ਸੀ ।ਇਸ ਤਰ੍ਹਾਂ ਉਹ ਹੋਰ ਕਈ ਨਜਾਇਜ਼ ਤਰੀਕਿਆਂ ਨਾਲ ਧਨ ਬਣਾਉਂਦਾ ਸੀ ।ਉਹ ਜਾਣਦਾ ਹੈ ਕਿ ਪੇਂਡੂ ਲੋਕ, ਜੋ ਅਣਜਾਨ ਸਨ, ਸਿਰਫ ਉਸ ਦੀ ਦਇਆ 'ਤੇ ਜਿਉਂਦੇ ਹਨ ।ਪਰ ਜੇ ਉਨ੍ਹਾਂ ਨੂੰ ਪੜ੍ਹਨਾ ਤੇ ਲਿਖਣਾ ਸਿਖਾ ਦਿੱਤਾ ਜਾਵੇ, ਉਸ ਦਾ ਸਾਰਾ ਦਬਦਬਾ ਜਾਂਦਾ ਰਹੇਗਾ ।ਸੋ ਮੇਰੇ ਸਿੱਖਿਆ ਤੇ ਪਸਾਰ ਲਈ ਚੁੱਕਿਆ ਕਦਮ ਜੋ ਕਿ ਲੋਕਾਂ ਨਾਲ ਸੰਬੰਧਤ ਹੈ, ਕੁਦਰਤੀ ਤੌਰ 'ਤੇ ਉਸ ਵੱਲੋਂ ਬੇਹਿਮਾਇਤੀ ਨਾਲ ਦੇਖਿਆ ਗਿਆ ਹੈ ।ਉਹ ਇਹ ਵੀ ਜਾਣਦਾ ਹੈ ਕਿ ਮੈਂ ਕਿਵੇਂ ਸਰਕਾਰ ਦੀ ਨਿੱਡਰਤਾ ਨਾਲ ਬ੍ਰਾਹਮਣਵਾਦੀ ਛਲ ਕਪਟ ਨੂੰ ਖਤਮ ਕਰਨ ਲਈ ਮਦਦ ਕਰ ਰਿਹਾ ਹਾਂ ।" ਸ਼ਾਹੂ ਨੇ ਸੋਚਿਆ ਕਿ ਜੇ ਇਹ ਕੁਲਕਰਨੀ ਪ੍ਰਬੰਧ ਖਤਮਕਰ ਦਿੱਤਾ ਤਾਂ ਉਨ੍ਹਾਂ ਦਾ ਪਿੰਡਾਂ ਵਿਚੋਂ ਪ੍ਰਭਾਵ ਲਹਿ ਜਾਵੇਗਾ, ਘੱਟ ਜਾਵੇਗਾ, ਜਿਸ ਪ੍ਰਭਾਵ ਕਾਰਨ ਪਿੰਡ ਦੇ ਲੋਕਾਂ ਨੂੰ ਆਪਣੀ ਮਰਜ਼ੀ ਨਾਲ ਬੰਨ੍ਹਿਆ ਹੋਇਆ ਹੈ ।

29 ਮਾਰਚ 1918 ਨੂੰ ਸ਼ਾਹੂ ਦਰਬਾਰ ਵੱਲੋਂ ਨਵਾਂ ਕਾਨੂੰਨ ਜਾਰੀ ਹੋਇਆ, ਜਿਸ ਵਿਚ ਮਾਲੀਏ ਦਾ 6

ਪ੍ਰਤੀਸ਼ਤ ਹਿੱਸਾ ਸਿੱਖਿਆ 'ਤੇ ਖਰਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਸ਼ਾਹੂ ਮਹਾਰਾਜ ਨੇ ਭਾਰਤ ਅੰਦਰ ਪਹਿਲੀ ਵਾਰ ਪੇਂਡੂ ਜਨਤਾ ਨੂੰ ਕੁਲਕਰਨੀਆਂ ਤੋਂ ਬਚਾ ਕੇ ਉਨ੍ਹਾਂ ਦੀ ਮੁਕਤੀ ਦਾ ਰਾਹ ਖੋਲ੍ਹਿਆ। ਜਿਸ ਨਾਲ ਸਮਾਜ ਅੰਦਰ ਇਕ ਦਮ ਤਸੱਲੀਬਖਸ਼ ਤਬਦੀਲੀ ਹੋਣੀ ਸ਼ੁਰੂ ਹੋਈ ਅਤੇ ਪੰਚਾਇਤੀ ਰਾਜ ਲਈ ਰਾਹ ਖੁਲ੍ਹ ਗਿਆ। ਸ਼ਾਹੂ ਮਹਾਰਾਜ ਦੇ ਇਸ ਕਦਮ ਨਾਲ ਰਾਜ ਦੇ ਗਰੀਬ ਲੋਕਾਂ ਦਾ ਦਬਾ ਘੱਟ ਗਿਆ ਤੇ ਉਹ ਕੁਝ ਅਜ਼ਾਦ ਹੋ ਕੇ ਕਦਮ ਪੁੱਟਣ ਲੱਗੇ।

ਸ਼ਾਹੂ ਮਹਾਰਾਜ ਨੇ ਲਗਭਗ 1918 ਦੇ ਅੱਧ ਵਿਚ ਆਪਣੇ ਦੋਸਤ ਲਾਰਡ ਸਿਡਨਹਾਮ ਨੂੰ ਲਿਖਿਆ, "ਗੈਰ ਬ੍ਰਾਹਮਣ ਹੁਣ ਆਪਣੀ ਗਿਰਾਈ ਹੋਈ ਹਾਲਤ ਅਤੇ ਬ੍ਰਾਹਮਣਾਂ ਦੁਆਰਾ ਬਣਾਏ ਸਮਾਜਿਕ ਧਰਮ ਤੇ ਕਾਨੂੰਨਾਂ ਦੀ ਇਤਿਹਾਸ, ਜਿਨ੍ਹਾਂ ਨੇ ਉਨ੍ਹਾਂ ਨੂੰ ਥੱਲੇ ਡੇਗਿਆ ਬਾਰੇ ਜਾਗਰੂਕ ਹੋ ਰਹੇ ਹਨ। ਕੁਦਰਤੀ ਹੀ ਉਹ ਇਨ੍ਹਾਂ ਅਖੌਤੀ ਬ੍ਰਾਹਮਣ ਲੀਡਰਾਂ ਤੋਂ ਸ਼ੱਕੀ ਹਨ ਅਤੇ ਉਨ੍ਹਾਂ ਦੇ ਮਨ 'ਚ ਡਰ ਹੈ ਕਿ ਜੇ ਤਾਕਤ ਫੇਰ ਉਨ੍ਹਾਂ ਦੇ ਹੱਥ ਆ ਗਈ ਤਾਂ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ ਕਿ ਜ਼ਿੰਦਗੀ ਨੂੰ ਪੁਰਾਣੇ ਬ੍ਰਾਹਮਣਵਾਦੀ ਢਾਂਚੇ ਵੱਲ ਨੂੰ ਮੋੜਿਆ ਜਾਵੇ।" ਉਨ੍ਹਾਂ ਅੱਗੇ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਭੋਲੇ-ਭਾਲੇ ਲੱਖਾਂ ਲੋਕਾਂ ਦੇ ਹੱਕ ਵਿਚ ਕੰਮ ਕਰਨਾ ਬੇਸ਼ੁਕਰਾ ਕੰਮ ਹੈ, ਪ੍ਰੰਤੂ ਇਹ ਕਰੱਤਵ ਤਾਂ ਸੋਚੀ ਸਮਝੀ ਆਮ ਕੁਰਬਾਨੀ ਰਾਹੀਂ ਨਿਭਾਉਣਾ ਹੋਵੇਗਾ। ਇਕ ਸੂਰਬੀਰ ਦੀ ਤਰ੍ਹਾਂ ਨਿਸ਼ਾਨਾ ਰੱਖ ਕੇ ਕਿ ਨਿਆਸਰਿਆਂ, ਕਮਜ਼ੋਰ ਬਣ ਗਿਆਂ ਤੇ ਲਤਾੜਿਆਂ, ਪਛਾੜਿਆਂ, ਬੇਸ਼ੁਮਾਰ ਲੋਕਾਂ ਦੀ ਮਦਦ ਕਰਨੀ ਹੈ।"

1918 ਈ. ਦੇ ਅਖੀਰਲੇ ਮਹੀਨਿਆਂ ਵਿਚ ਉਨ੍ਹਾਂ ਨੇ ਆਪਣੇ ਭਾਈ ਬਾਪੂ ਸਾਹਿਬ ਗਟਜੇ ਦੀ ਅਗਵਾਈ ਹੇਠ ਕੋਹਲਾਪੁਰ ਫੂਡ ਸਪਲਾਈ ਐਸੋਸੀਏਸ਼ਨ ਸਥਾਪਤ ਕਰ ਦਿੱਤੀ। ਖਾਸ ਥਾਵਾਂ 'ਤੇ ਉਨ੍ਹਾਂ ਨੇ ਸਸਤੀਆਂ ਦੁਕਾਨਾਂ ਖੋਲ੍ਹ ਦਿੱਤੀਆਂ ਤਾਂ ਜੋ ਗਰੀਬਾਂ ਨੂੰ ਅਨਾਜ ਅਸਾਨੀ ਨਾਲ ਮਿਲ ਸਕੇ। ਸ਼ਾਹੂ ਮਹਾਰਾਜ ਨੇ ਪੂਰਾ ਖਿਆਲ ਰੱਖਿਆ ਕਿ ਵਪਾਰੀ ਭਾਅ ਨਾ ਵਧਾਉਣ ਤੇ ਉਹ ਆਪ ਜਾ ਕੇ ਬੈਂਚਾਂ 'ਤੇ ਬੈਠ ਕੇ ਵਪਾਰੀਆਂ ਦਾ ਕਾਰੋਬਾਰ ਵੇਖਦੇ ਰਹੇ।

26 ਜੂਨ 1918 ਈ. ਨੂੰ ਉਨ੍ਹਾਂ ਇਕ ਹੁਕਮ ਦਿੱਤਾ ਕਿ ਜਾਗੀਰਦਾਰਾਂ ਨੂੰ ਹੁਣ ਕੋਈ ਅਧਿਕਾਰ ਨਹੀਂ ਹੋਵੇਗਾ ਕਿ ਉਹ ਪੇਂਡੂ ਕਰਮਚਾਰੀਆਂ ਉੱਤੇ ਆਪਣੀਆਂ ਸਜ਼ਾਵਾਂ ਠੋਸ ਸਕਣ ਅਤੇ ਉਨ੍ਹਾਂ ਦੀਆਂ ਜ਼ਮੀਨਾਂ, ਸੰਪਤੀ ਟੈਕਸ ਅਧੀਨ ਗਿਣੀਆਂ ਜਾਣਗੀਆਂ। 27 ਜੁਲਾਈ 1918 ਈ. ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸ਼ਾਹੂ ਮਹਾਰਾਜ ਨੇ ਇਕ ਹੋਰ ਹੁਕਮ ਜਾਰੀ ਕੀਤਾ, ਉਹ ਇਹ ਸੀ ਕਿ ਸਦੀਆਂ ਤੋਂ ਕੁਝ ਜਾਤੀਆਂ ਨੂੰ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ ਸੀ। ਹਰ ਰੋਜ਼ ਉਨ੍ਹਾਂ ਨੂੰ ਪੁਲਸ ਅਫਸਰਾਂ ਪਾਸ ਹਾਜ਼ਰੀ ਦੇਣੀ ਪੈਂਦੀ ਸੀ। ਜਿਵੇਂ ਪੰਜਾਬ ਵਿਚ ਬੌਰੀਆ ਜਾਤੀ ਲੰਬੇ ਅਰਸੇ ਤੱਕ ਜਰਾਇਮ ਪੇਸ਼ਾ ਰਹੀ। ਸ਼ਾਹੂ ਜੀ ਨੇ ਮਹਾਰਾਂ, ਮਾਂਗ, ਰਾਮੋਸੀਆਂ ਅਤੇ ਬੇਰਡਾਂ ਤੋਂ ਪੱਕੇ ਤੌਰ 'ਤੇ ਸਾਰੀਆਂ ਪਾਬੰਦੀਆਂ ਤੋਂ ਉਨ੍ਹਾਂ ਨੂੰ ਆਜ਼ਾਦ ਕਰ ਦਿੱਤਾ।

8 ਅਗਸਤ 1918 ਈ. ਨੂੰ ਸ਼ਾਹੂ ਮਹਾਰਾਜ ਨੇ ਹੁਕਮ ਦੇ ਦਿੱਤਾ ਕਿ ਤਾਲਤੀਆਂ ਦੀ ਨਿਯੁਕਤੀ ਕਰਨ ਸਮੇਂ ਅਛੂਤ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇ। ਰਾਜ ਦੇ ਸਾਰੇ ਵਿਭਾਗ ਜਿਵੇਂ ਮਾਲ, ਜੁਡੀਸ਼ਰੀ, ਪੁਲਸ ਅਤੇ ਹੋਰ ਇਨ੍ਹਾਂ ਸ਼੍ਰੇਣੀਆਂ ਲਈ ਖੋਲ੍ਹ ਦਿੱਤੇ ਗਏ ਤੇ ਕਿਹਾ ਗਿਆ ਜੇਕਰ ਇਨ੍ਹਾਂ ਜਾਤੀਆਂ ਵਿਚੋਂ ਉਮੀਦਵਾਰ ਲੋੜੀਂਦੀ ਯੋਗਤਾ ਪ੍ਰਾਪਤ ਤੇ ਕਾਬਲ ਹੋਣ ਤਾਂ ਉਨ੍ਹਾਂ ਨੂੰ ਮਹਿਕਮੇ ਦੇ ਮੁੱਖੀ ਬਣਾ ਦਿੱਤਾ ਜਾਵੇ। ਰਾਜਸੀ ਸੇਵਾਵਾਂ ਵਿਚ ਅਛੂਤਪਣ ਦੇ ਅਧਾਰ 'ਤੇ ਉਨ੍ਹਾਂ ਦੀਆਂ ਤਰੱਕੀਆਂ ਵੱਲ ਇਤਰਾਜ਼ ਉਠਾਉਣ ਦਾ ਕਿਸੇ ਨੂੰ ਕੋਈ ਹੱਕ ਨਹੀਂ ਹੋਵੇਗਾ। ਇਸੇ ਹੁਕਮ ਵਿਚ ਸ਼ਾਹੂ ਮਹਾਰਾਜ ਨੇ ਐਲਾਨ ਕੀਤਾ ਕਿ ਉਹ ਤਾਲਤੀ ਜੋ ਕਿ ਅਛੂਤਾਂ ਵਿਚੋਂ ਭਰਤੀ ਕੀਤੇ ਗਏ ਹੋਣ, ਉਨ੍ਹਾਂ ਨੂੰ ਕਲਰਕਾਂ ਵਜੋਂ ਤਰੱਕੀ ਦਿੱਤੀ ਜਾਵੇਗੀ, ਜੇਕਰ ਉਨ੍ਹਾਂ ਨੂੰ ਦਿਮਾਗੀ ਤੌਰ 'ਤੇ ਕਾਬਲ ਪਾਇਆ ਗਿਆ।

18 ਸਤੰਬਰ 1918 ਈ. ਨੂੰ ਦਿੱਤੇ ਨਵੇਂ ਹੁਕਮ ਅਨੁਸਾਰ ਸ਼ਾਹੂ ਮਹਾਰਾਜ ਨੇ ਮਹਾਰ ਵਤਨ ਦਾਰੀਆਂ ਦੀਆਂ ਜ਼ਮੀਨਾਂ, ਉਨ੍ਹਾਂ ਦੇ ਨਾਂ ਕੀਮਤ ਪਈਆਂ ਜ਼ਮੀਨਾਂ ਦੇ ਤੌਰ 'ਤੇ ਤਬਦੀਲ ਕਰ ਦਿੱਤੀਆਂ ਅਤੇ ਉਨ੍ਹਾਂ ਦੀਆਂ ਗੁਲਾਮੀ ਕੱਟ ਦਿੱਤੀ। ਇਕ ਨਵੇਂ ਹੁਕਮ ਅਨੁਸਾਰ ਸ਼ਾਹੂ ਮਹਾਰਾਜ ਨੇ ਹਦਾਇਤ ਕੀਤੀ ਕਿ ਕਿਸਾਨਾਂ ਦੀਆਂ ਫਸਲਾਂ ਬਚਾਉਣ ਲਈ ਸੂਰਾਂ ਨੂੰ ਮਾਰਨਾ ਪਿੰਡ ਅਫਸਰਾਂ ਦੀ ਜ਼ਿੰਮੇਵਾਰੀ ਹੋਵੇਗੀ ਤੇ ਉਹ ਇਸ ਕੰਮ ਵਿਚ ਪੇਂਡੂਆਂ ਦਾ ਸਹਿਯੋਗ ਲੈਣਗੇ। ਫਿਰਕੂ ਨੁਮਾਇੰਦਗੀ ਦੇ ਸੰਬੰਧ ਵਿਚ ਸ਼ਾਹੂ ਮਹਾਰਾਜ ਨੇ ਕਿਹਾ, "ਤੁਸੀਂ ਜਾਣਦੇ

ਹੋ ਕਿ ਮੈਂ ਇਕ ਮਰਾਠਾ ਹਾਂ ਅਤੇ ਕੁਦਰਤੀ ਹੀ ਉਨ੍ਹਾਂ ਕੌਮਾਂ ਦੀ ਅਤੇ ਹੋਰਾਂ ਦੀ ਭਲਾਈ ਦੇ ਹਿੱਤ ਵਿਚ ਹਾਂ ਜਿਹੜੀਆਂ ਕਿ ਸਦੀਆਂ ਤੋਂ ਦੁੱਖ ਉਠਾਉਂਦੀਆਂ ਆ ਰਹੀਆਂ ਹਨ। ਅਨਪੜ੍ਹਤਾ ਦੀ ਵੱਡੀ ਕਮਜ਼ੋਰੀ ਦਾ ਕਾਰਨ, ਜਦੋਂ ਤੱਕ ਉਨ੍ਹਾਂ ਨੂੰ ਤਰੱਕੀ ਯਾਫਤਾ ਜਮਾਤਾਂ ਦੇ ਬਿਲਕੁੱਲ ਨੇੜੇ ਦੀ ਪੱਧਰ 'ਤੇ ਨਹੀਂ ਲਿਆਂਦਾ ਜਾਂਦਾ, ਮੈਂ ਡੂੰਘਾਈ ਨਾਲ ਸੋਚਦਾ ਹਾਂ, ਸਭ ਨਾਲ ਇਕੋ ਜਿਹਾ ਵਰਤਾਵ ਕਰਨਾ ਅਸੰਭਵ ਹੋਵੇਗਾ।"

ਉਨ੍ਹਾਂ ਦਾ ਕਹਿਣ ਦਾ ਭਾਵ ਸੀ ਕਿ ਜੋ ਜਮਾਤਾਂ ਸਦੀਆਂ ਤੋਂ ਦਬਾਈਆਂ ਗਈਆਂ ਹਨ ਤੇ ਜਿਨ੍ਹਾਂ ਨੂੰ ਹਜ਼ਾਰਾਂ ਮੀਲ ਪਿੱਛੇ ਧੱਕ ਦਿੱਤਾ ਗਿਆ ਤੇ ਇੰਨਾ ਪਛਾੜ ਦਿੱਤਾ ਗਿਆ ਹੈ ਕਿ ਉਨ੍ਹਾਂ ਨੂੰ ਆਪਣੇ ਬੁਨਿਆਦੀ ਹੱਕਾਂ ਦੀ ਪਛਾਣ ਵੀ ਨਹੀਂ ਰਹੀ, ਜੇਕਰ ਉਨ੍ਹਾਂ ਬਾਰੇ ਵੀ ਉਸੇ ਪੱਧਰ 'ਤੇ ਸੋਚਿਆ ਜਾਂਦਾ ਹੈ ਜੋ ਦੂਜੀਆਂ ਉੱਚੀਆਂ ਤੇ ਤਰੱਕੀ ਯਾਫਤਾ ਜਮਾਤਾਂ ਵਾਸਤੇ ਤਾਂ ਇਹ ਇਕ ਹੋਰ ਅਨਿਆਂ ਹੋਵੇਗਾ, ਕਿਉਂਕਿ ਇਸ ਦੌੜ 'ਚ ਪਿਛੜੇ ਕਦੀ ਵੀ ਅਗਲਿਆਂ ਦੇ ਨਾਲ ਨਹੀਂ ਰਲ ਸਕਣਗੇ। ਜਾਤੀ ਪ੍ਰਬੰਧ ਨੂੰ ਤੋੜਨ ਲਈ ਸ਼ਾਹੂ ਮਹਾਰਾਜ ਨੇ ਹਿੰਦੂ ਪਰਵਾਰਾਂ ਵਿਚਕਾਰ (ਭਾਵ ਸਾਰੀਆਂ ਹਿੰਦੂ ਜਾਤੀਆਂ ਵਿਚਕਾਰ) ਅੰਤਰਜਾਤੀ ਵਿਆਹ ਕਰਨ ਦਾ ਕਾਨੂੰਨ ਪਾਸ ਕਰਿਆ।

10 ਨਵੰਬਰ 1918 ਈ. ਨੂੰ ਬੰਬੇ ਪਾਰਲ ਵਿਖੇ ਮਜ਼ਦੂਰਾਂ ਦੀ ਇਕ ਮੀਟਿੰਗ ਦਾ ਬੋਲੇ ਦੁਆਰਾ ਆਯੋਜਨ ਕੀਤਾ ਗਿਆ, ਜਿਸ ਵਿਚ 1000 ਮਿੱਲ ਕਾਮਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੇ ਭਾਗ ਲਿਆ। ਉਨ੍ਹਾਂ ਸ਼ਿਵਾਜੀ ਦੇ ਉਤਰਾ ਅਧਿਕਾਰੀ ਸ਼ਾਹੂ ਜੀ ਨੂੰ ਆਪਣੇ ਵਿਚਕਾਰ ਵੇਖਿਆ। ਉਨ੍ਹਾਂ ਖੁਸ਼ੀ ਨਾਲ ਭਰਿਆਂ ਨੇ ਸ਼ਾਹੂ ਜੀ ਦਾ ਸਵਾਗਤ ਕੀਤਾ। ਉਨ੍ਹਾਂ ਨੂੰ ਸੰਬੋਧਨ ਕਰਦਿਆਂ ਸ਼ਾਹੂ ਜੀ ਨੇ ਕਿਹਾ ਕਿ ਉਹ ਵੀ ਉਨ੍ਹਾਂ ਵਿਚੋਂ ਇਕ ਹੈ। ਉਨ੍ਹਾਂ ਦਾ ਸਮਾਜਿਕ ਦਰਜਾ ਉੱਚਾ ਕਰਨ ਲਈ ਸੰਘਰਸ਼ ਕਰਦਾ ਹੈ। ਉਨ੍ਹਾਂ ਦੱਸਿਆ ਕਿ ਬਰਤਾਨੀਆਂ ਵਿਚ ਮਜ਼ਦੂਰ ਯੂਨੀਅਨਾਂ ਆਪਣੇ ਹੱਕਾਂ ਦੀ ਰਾਖੀ ਲਈ ਬਣੀਆਂ ਹਨ ਤੇ ਉਹ ਆਪਣੇ ਨੁਮਾਇੰਦੇ ਸੰਸਦ ਵਿਚ ਭੇਜਦੀਆਂ ਹਨ ਤਾਂ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਹੋ ਸਕੇ।

ਪ੍ਰੰਤੂ ਭਾਰਤ ਅੰਦਰ ਉੱਚੀਆਂ ਸ਼੍ਰੇਣੀਆਂ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੀਆਂ। ਇਸ ਲਈ ਭਾਰਤ ਵਿਚ ਮਜ਼ਦੂਰਾਂ ਨੂੰ ਹਰ ਹਾਲ ਸੰਗਠਤ ਹੋਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਹੱਕਾਂ ਦੀ ਰਾਖੀ ਕਰ ਸਕਣ, ਤੇ ਜਦੋਂ ਅਜਿਹਾ ਕਰਨਾ ਹੋਵੇ ਤਾਂ ਇਹ ਸਿਰਫ ਆਪਣੀ ਸਹਾਇਤਾ ਆਪ 'ਤੇ ਨਿਰਭਰ ਕਰਨਾ ਜ਼ਰੂਰੀ ਹੈ ਅਤੇ ਵਿਸ਼ੇਸ਼ ਪ੍ਰਤੀਨਿਧਤਾ ਅਤੇ ਫਿਰਕੂ ਨੁਮਾਇੰਦਗੀ ਦੀ ਮੰਗ ਕਰਨੀ ਚਾਹੀਦੀ ਹੈ।

ਪੀਪਲਜ਼ ਯੂਨੀਅਨ ਭਾਵ ਲੋਕ ਸੰਘ ਦਾ ਨਿਰਮਾਣ ਕਰਨ ਤੋਂ ਬਾਅਦ ਸ਼ਾਹੂ ਜੀ ਨੇ 24 ਨਵੰਬਰ 1918 ਈ. ਨੂੰ ਮਜ਼ਦੂਰਾਂ ਅਤੇ ਪੱਛੜੀਆਂ ਜਾਤੀਆਂ ਦੀ ਮੀਟਿੰਗ ਨੂੰ ਸੰਬੋਧਨ ਕੀਤਾ ਤੇ ਕਿਹਾ, "ਇੰਗਲੈਂਡ ਵਿਚ ਦੋ ਜਮਾਤਾਂ ਹਨ, ਜਿਨ੍ਹਾਂ ਦੇ ਹਿੱਤ ਆਪਸ ਵਿਚ ਟਕਰਾਉਂਦੇ ਹਨ। ਉਹ ਦਿਨ ਸੁਨਹਿਰੀ ਦਿਨ ਹੋਵੇਗਾ, ਜਦੋਂ ਭਾਰਤੀ ਇਤਿਹਾਸ ਵਿਚ ਦਬਾਈਆਂ ਤੇ ਕੁਚਲੀਆਂ ਸ਼੍ਰੇਣੀਆਂ ਆਪਣੇ ਸਿਰ ਉਠਾਉਣ ਦਾ ਮੌਕਾ ਲੈਣਗੀਆਂ.....ਆਪਣੀ ਤਕਦੀਰ ਬਣਾਉਣ ਲਈ ਮਜ਼ਦੂਰਾਂ ਨੂੰ ਖੁਦ ਸੰਗਠਤ ਹੋਣਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਭਰਪੂਰ ਯਤਨ ਅਤੇ ਕੁਰਬਾਨੀਆਂ ਕਰਨੀਆਂ ਚਾਹੀਦੀਆਂ ਹਨ।"

ਉਨ੍ਹਾਂ ਅੱਗੇ ਕਿਹਾ, "ਇਹ ਪੜ੍ਹੀ-ਲਿਖੀ ਜ਼ਿੰਮੇਦਾਰ ਜਮਾਤ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਰਿਆਂ ਨਾਲ ਘੁਲ-ਮਿਲ ਕੇ ਅਤੇ ਪਿਆਰ ਦੀ ਉਦਾਹਰਣ ਕਾਇਮ ਕਰਨ ਜੋ ਕਿ ਅੱਜ ਉਹ ਨਹੀਂ ਕਰਦੇ।" ਏਕਤਾ, ਆਪਸੀ ਪਿਆਰ (ਭਾਈਚਾਰਾ) ਵਿਸ਼ਵਾਸ ਅਤੇ ਸੁਰੱਖਿਆ, ਸਾਡੇ ਹਥਿਆਰ ਹੋਣੇ ਚਾਹੀਦੇ ਹਨ। ਭਾਰਤੀ ਮਜ਼ਦੂਰਾਂ ਨੂੰ ਹੱਕ ਲੈਣੇ ਚਾਹੀਦੇ ਹਨ ਤੇ ਇਨ੍ਹਾਂ ਹੱਕਾਂ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਲਗਾਤਾਰ ਹੌਸਲੇ ਭਰਿਆ ਸੰਘਰਸ਼ ਜਾਰੀ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਤੁਸੀਂ ਵਿਦਿਆ ਰਹਿਤ ਅਤੇ ਅਨਪੜ੍ਹ ਹੋ। ਤੁਹਾਨੂੰ ਇਕ ਵਧੀਆ ਢੰਗ ਨਾਲ ਕੰਮ ਕਰਨ ਦੀ ਆਦਤ ਸਿੱਖਣੀ ਚਾਹੀਦੀ ਹੈ। ਇਸੇ ਕੰਮ ਲਈ ਤੁਹਾਨੂੰ ਮੁਹੱਲਿਆਂ ਅਤੇ ਕਾਰਖਾਨਿਆਂ ਵਿਚ ਕੋਆਪਰੇਟਿਵ ਸੁਸਾਇਟੀਆਂ ਖੋਲ੍ਹਣੀਆਂ ਚਾਹੀਦੀਆਂ ਹਨ, ਜੋ ਤੁਹਾਡੀਆਂ ਆਪਣੀਆਂ ਸੇਵਾਦਾਰ ਹੋਣਗੀਆਂ।" ਉਨ੍ਹਾਂ ਅੱਗੇ ਕਿਹਾ, "ਬਰਤਾਨੀਆਂ ਵਾਂਗ, ਏਥੇ ਵੀ ਟਰੇਡ ਯੂਨੀਅਨਾਂ ਸਥਾਪਤ ਹੋਣੀਆਂ ਚਾਹੀਦੀਆਂ ਹਨ ਅਤੇ ਸਭ ਨੂੰ ਆਪਣੇ ਹੱਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਪੂੰਜੀਵਾਦ ਜਮਾਤ ਮੁੱਖ ਤੌਰ 'ਤੇ ਬ੍ਰਾਹਮਣਾਂ ਅਤੇ ਬਾਣੀਆਂ ਦੀ ਹੈ। ਜਦੋਂ ਤੱਕ ਇਨ੍ਹਾਂ 'ਤੇ ਕਾਬੂ ਨਹੀਂ ਪਾਇਆ ਜਾਂਦਾ ਮਜ਼ਦੂਰਾਂ ਦੇ ਹਾਲਾਤ ਮੁਸ਼ਕਲ ਨਾਲ ਸੁਧਰਨਗੇ। ਮਜ਼ਦੂਰੀ ਸ਼ਬਦ ਅਪਮਾਨਜਨਕ ਨਹੀਂ ਹੈ। ਭਾਵੇਂ ਮੈਂ ਕੋਹਲਾਪੁਰ ਗੱਦੀ 'ਤੇ ਬਿਰਾਜਮਾਨ

ਹਾਂ, ਪਰ ਮੈਂ ਆਪਣੇ ਆਪ ਨੂੰ ਇਕ ਸਿਪਾਹੀ, ਇਕ ਕਿਸਾਨ ਤੇ ਇਕ ਮਜ਼ਦੂਰ ਕਹਿਣ ਵਿਚ ਮਾਣ ਮਹਿਸੂਸ ਕਰਦਾ ਹਾਂ ।" ਬ੍ਰਾਹਮਣਵਾਦੀ ਪ੍ਰਬੰਧਾਂ 'ਤੇ ਵਿਚਾਰ ਦਿੰਦਿਆਂ ਉਨ੍ਹਾਂ ਕਿਹਾ, "ਮੂਰਤੀਆਂ ਦੇ ਪੁਜਾਰੀਆਂ ਨੇ ਆਪਣੇ-ਆਪ ਨੂੰ ਪਵਿੱਤਰ ਸਥਾਪਿਤ ਕਰ ਲਿਆ ਹੈ । ਬ੍ਰਾਹਮਣਵਾਦ, ਜੋ ਕਿ ਕੰਮਾਂ ਅਤੇ ਯੋਗਤਾ 'ਤੇ ਅਧਾਰਤ ਹੋਣਾ ਚਾਹੀਦਾ ਸੀ, ਉਹ ਜਨਮ 'ਤੇ ਅਧਾਰਤ ਹੋ ਗਿਆ । ਪਵਿੱਤਰ ਸਥਾਨਾਂ ਨੂੰ ਬੇਲੋੜੀਦੀ ਮਹੱਤਤਾ ਦਿੱਤੀ ਗਈ । ਸਥਾਨਕ ਅਤੇ ਆਮ ਬ੍ਰਾਹਮਣਾਂ ਨੇ ਬੇਤਹਾਸ਼ਾ ਅਮੀਰ ਖਾਣਾ ਅਤੇ ਧਨ ਇਕੱਠਾ ਕਰ ਲਿਆ । ਨਤੀਜੇ ਵਜੋਂ ਉਹ ਵਿਹਲੜ ਹੋ ਗਏ । ਅਧਰਮੀ ਤੇ ਨੀਚ ਬਣ ਗਏ ਅਤੇ ਉਨ੍ਹਾਂ ਵਿਦਿਆ ਵਿਸਾਰ ਦਿੱਤੀ ।.....ਉਨ੍ਹਾਂ ਨੇ ਝੂਠੀਆਂ ਕਿਤਾਬਾਂ ਤਿਆਰ ਕੀਤੀਆਂ, ਜਿਵੇਂ ਕਿ ਗਰੁੜ ਪੁਰਾਣ, ਜਿਨ੍ਹਾਂ ਵਿਚ ਰਸਮਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਵੇਂ ਕਿ ਸਰਾਧ, ਮਹਾਲਾਇਆ ਅਤੇ ਦਾਨ ਆਦਿ । ਇਥੋਂ ਤੱਕ ਕਿ ਮੌਤ ਪਿੱਛੋਂ ਵੀ, ਅਨਪੜ੍ਹ ਲੋਕਾਂ ਦੀ ਮਜ਼ਦੂਰੀ 'ਚੋਂ ਧਨ ਇਕੱਠਾ ਕਰਨ ਲਈ, ਅਖੌਤੀ ਬ੍ਰਾਹਮਣਾਂ ਦੇ ਗੈਰ ਇਨਸਾਫੀ ਅਤੇ ਐਸ਼ ਇਸ਼ਰਤ ਨੂੰ ਕਾਇਮ ਰੱਖਣ ਵਾਸਤੇ ।" ਉਨ੍ਹਾਂ ਅੱਗੇ ਕਿਹਾ, "ਜੋਤਸ਼ ਵਿਗਿਆਨ ਵਿਚ ਵਾਧਾ ਕਰਕੇ ਤੇ ਸਿਤਾਰਿਆਂ ਦਾ ਡਰ ਪੈਦਾ ਕਰਕੇ, ਧਨ ਇਕੱਠਾ ਕਰਨ ਦੇ ਨਵੇਂ ਸਾਧਨ ਈਜਾਦ ਕੀਤੇ ਗਏ । ਬਹੁਤ ਸਾਰੇ ਅੰਧਵਿਸ਼ਵਾਸੀ ਖਿਆਲ, ਮਾੜੇ ਦਿਨਾਂ ਦੀ ਗਿਣਤੀ ਦੇ ਆਧਾਰਾਂ 'ਤੇ ਸਮਾਜ ਅੰਦਰ ਠੋਸ ਦਿੱਤੇ ਗਏ ਅਤੇ ਯਾਤਰਾਵਾਂ, ਸ਼ਾਦੀਆਂ ਜਨੇਊ ਅਤੇ ਹੋਰ ਸਮਿਆਂ 'ਤੇ ਮਹੂਰਤ ਕੱਢਣ ਦੇ ਆਧਰ 'ਤੇ ਇਹ ਕੁਝ ਕੀਤਾ । ਪੁਜਾਰੀ ਦੇ ਸ਼ਬਦ ਕਾਨੂੰਨ ਬਣ ਗਏ । ਸਿਟੇ ਵਜੋਂ ਉਹ ਗੈਰ ਬ੍ਰਾਹਮਣਾਂ ਜਿਨ੍ਹਾਂ ਨੂੰ ਧਰਮ ਵਿਚ ਵਿਸ਼ਵਾਸ ਕਰਨਾ ਸਿਖਾਇਆ ਗਿਆ ਤੇ ਰਸਤਾ ਦੱਸਿਆ ਗਿਆ ਕਿ ਕਿਵੇਂ ਰੱਬ ਨੂੰ ਪ੍ਰਾਪਤ ਕਰਨਾ ਹੈ ਅਤੇ ਹਰ ਭਲਾਈ ਪੁਜਾਰੀ ਦੀ ਆਗਿਆ ਮੰਨਣ ਵਿਚ ਹੈ । ਉਹ (ਭਾਵ ਗੈਰ ਬ੍ਰਾਹਮਣ-ਭਾਵ ਅਛੂਤ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ) ਇਥੋਂ ਤੱਕ ਸੀਮਤ ਹੋ ਗਏ ਕਿ ਉਹ ਉਸ ਮਾਲਕ (ਭਾਵ ਪੁਜਾਰੀ ਬ੍ਰਾਹਮਣ) ਦੇ ਕੋਹਲੂ ਦੇ ਬੈਲ ਬਣ ਰਹਿ ਗਏ ।"

ਇਸ ਦੇ ਉਲਟ ਬਰਤਾਨਵੀ ਰਾਜ ਬਾਰੇ ਸ਼ਾਹੂ ਜੀ ਦੇ ਵਿਚਾਰ ਇਸ ਪ੍ਰਕਾਰ ਸਨ, "ਸ਼ਾਹੂ ਮਹਾਰਾਜ ਨੇ ਬਰਤਾਨਵੀ ਰਾਜ ਦੇ ਆਗਮਨ ਨੂੰ ਇਕ ਮੇਹਰਬਾਨੀ ਕਿਹਾ । ਉਸ ਰਾਜ ਵਿਚ ਕਾਨੂੰਨ ਦੇ ਸਾਹਮਣੇ ਸਭ ਬਰਾਬਰ ਹਨ । ਕਹਿਣ ਦਾ ਭਾਵ ਹੈ, ਇਸ ਰਾਜ ਤੋਂ ਪਹਿਲਾਂ ਬ੍ਰਾਹਮਣ ਹਮੇਸ਼ਾ ਹੀ ਕਾਨੂੰਨ ਉੱਪਰ ਰਹਿ ਰਹੇ ਹਨ । ਇਸ ਰਾਜ ਵਿਚ ਜਨਤਾ ਨੂੰ ਸਿੱਖਿਆ ਦੇਣੀ ਰਾਜ ਦੀ ਜ਼ਿੰਮੇਵਾਰੀ ਸਮਝੀ ਗਈ, ਜਦੋਂ ਕਿ ਪਹਿਲਾਂ ਬ੍ਰਾਹਮਣਾਂ ਤੋਂ ਬਿਨਾਂ ਕਿਸੇ ਨੂੰ ਵਿਦਿਆ ਪ੍ਰਾਪਤ ਕਰਨਾ ਵਰਜਤ ਸੀ ।

ਫਿਰ ਸ਼ਾਹੂ ਨੇ ਮਹਾਤਮਾ ਜੋਤੀਬਾ ਫੂਲੇ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਬ੍ਰਾਹਮਣਾਂ ਦੀ ਧਾਰਮਿਕ ਉੱਚਤਾ ਨੂੰ ਪੁਜਾਰੀਆਂ ਦੀ ਅਜਾਰੇਦਾਰੀ ਤੋਂ ਮੁਨਕਰ ਹੋ ਕੇ ਅਤੇ ਰੱਬ ਅਤੇ ਬੰਦੇ ਵਿਚਕਾਰ ਉਨ੍ਹਾਂ ਦੀ ਵਿਚੋਲਗਿਰੀ ਤੋਂ ਮੁਨਕਰ ਹੋ ਕੇ ਉਸ ਨੇ ਇਕ ਵਦਾਣੀ ਸੱਟ ਮਾਰੀ । 1 ਜਨਵਰੀ 1919 ਈ. ਨੂੰ ਸ਼ਾਹੂ ਮਹਾਰਾਜ ਨੇ ਇਕ ਹੋਰ ਹੁਕਮ ਜਾਰੀ ਕੀਤਾ ਕਿ ਉਹ ਅਛੂਤਾਂ ਨਾਲ ਸਮਾਜਿਕ ਬਰਾਬਰੀ ਦੇ ਅਧਾਰ 'ਤੇ ਵਰਤਾਓ ਕਰਨ । ਰਾਜ ਦੀ ਧਨ ਰਾਸ਼ੀ ਨਾਲ ਚਲਾਏ ਮੈਡੀਕਲ ਵਿਭਾਗ ਜਾਂ ਸੰਸਥਾਵਾਂ ਗਰੀਬਾਂ ਵਾਸਤੇ ਹਨ ਅਤੇ ਅਛੂਤਾਂ ਵਾਸਤੇ ਜੋ ਕਿ ਗਰੀਬਾਂ ਦੇ ਗਰੀਬ ਹਨ । ਉਨ੍ਹਾਂ ਦਾ ਬਰਾਬਰੀ ਦੇ ਸਿਧਾਂਤ 'ਤੇ ਇਲਾਜ ਕੀਤਾ ਜਾਵੇ । ਇਸ ਹੁਕਮ ਤੋਂ ਪਹਿਲਾਂ ਕਿਸੇ ਅਛੂਤ ਨੂੰ ਸਰਕਾਰੀ ਡਿਸਪੈਂਸਰੀ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਸੀ ।

ਇਸ ਨਵੇਂ ਹੁਕਮ ਅਨੁਸਾਰ ਇਕ ਅਛੂਤ ਮਰੀਜ਼ ਨਾਲ ਇਕ ਭਲੇ ਪੁਰਸ਼ ਵਾਲਾ ਵਿਹਾਰ ਕੀਤਾ ਜਾਵੇ, ਉਸ ਨੂੰ ਮੈਡੀਕਲ ਹਾਲ ਵਿਚ ਲਿਜਾ ਕੇ ਡਾਕਟਰੀ ਮੁਆਇਨਾ ਕੀਤਾ ਜਾਵੇ । ਤੇ ਇਹ ਵੀ ਆਦੇਸ਼ ਦਿੱਤਾ ਗਿਆ ਕਿ ਜੇ ਕਿਸੇ ਮੈਡੀਕਲ ਵਿਭਾਗ ਦੇ ਕਿਸੇ ਕਰਮਚਾਰੀ ਨੂੰ ਕੋਈ ਇਤਰਾਜ਼ ਹੈ, ਉਹ ਹੁਕਮ ਤੋਂ ਛੇ ਹਫਤਿਆਂ ਦੇ ਅੰਦਰ ਅਸਤੀਫਾ ਦੇ ਦੇਵੇ । ਅਜਿਹੇ ਕਰਮਚਾਰੀ ਨੂੰ ਕੋਈ ਪੈਨਸ਼ਨ ਨਹੀਂ ਦਿੱਤੀ ਜਾਵੇਗੀ । ਇਹ ਹੁਕਮ ਉੱਚੇ ਮੈਡੀਕਲ ਅਧਿਕਾਰੀਆਂ, ਪੱਟੀ ਕਰਨ ਵਾਲਿਆਂ ਅਤੇ ਸਭ ਨਰਸਾਂ 'ਤੇ ਲਾਗੂ ਹੁੰਦਾ ਹੈ ।

15 ਜਨਵਰੀ ਨੂੰ ਇਕ ਹੋਰ ਮਹੱਤਵਪੂਰਨ ਹੁਕਮ ਜਾਰੀ ਕੀਤਾ ਗਿਆ, ਜਿਸ ਵਿਚ ਆਦੇਸ਼ ਦਿੱਤੇ ਗਏ ਕਿ ਅਛੂਤ ਵਿਦਿਆਰਥੀਆਂ ਨਾਲ ਕਾਲਜਾਂ ਅਤੇ ਪ੍ਰਾਇਮਰੀ ਸਕੂਲਾਂ ਵਿਚ ਦੂਜੇ ਵਿਦਿਆਰਥੀਆਂ ਤੋਂ ਅਲੱਗ ਵਿਹਾਰ ਨਹੀਂ ਕੀਤਾ ਜਾਵੇਗਾ । ਉਹ ਸਿੱਖਿਆ ਸੰਸਥਾਵਾਂ ਸਰਕਾਰੀ ਜਾਂ ਗੈਰ ਸਰਕਾਰੀ, ਜਿਨ੍ਹਾਂ ਨੇ ਇਮਾਰਤਾਂ, ਖੇਡ ਮੈਦਾਨਾਂ ਦੇ ਰੂਪ ਵਿਚ ਗ੍ਰਾਂਟਾਂ ਪ੍ਰਾਪਤ ਕੀਤੀਆਂ ਹਨ, ਅਛੂਤ ਵਿਦਿਆਰਥੀਆਂ ਨਾਲ ਦੂਜਿਆਂ ਨਾਲੋਂ ਵਧੇਰੇ ਸਤਿਕਾਰ ਨਾਲ ਅਤੇ ਦਿਆਲਤਾ ਨਾਲ ਵਿਹਾਰ ਕਰਨਗੀਆਂ । ਜੋ ਲੋਕ ਇਸ ਹੁਕਮ ਦੀ ਪਾਲਣਾ ਨਹੀਂ

ਕਰਨਾ ਚਾਹੁੰਦੇ ਉਨ੍ਹਾਂ ਨੂੰ ਹੁਕਮ ਤੋਂ 6 ਮਹੀਨੇ ਅੰਦਰ ਅਸਤੀਫਾ ਦੇਣਾ ਹੋਵੇਗਾ।

ਤੀਜਾ ਇਤਿਹਾਸਿਕ ਹੁਕਮ ਜੋ ਸ਼ਾਹੂ ਮਹਾਰਾਜ ਨੇ ਜਾਰੀ ਕੀਤਾ ਉਹ ਇਸ ਪ੍ਰਕਾਰ ਸੀ ਤੇ ਉਸ ਰਾਹੀ ਮਾਲ, ਜੁਡੀਸ਼ਰੀ, ਸਿੱਖਿਆ, ਸਿਹਤ ਅਤੇ ਨਗਰ ਪਾਲਿਕਾ ਦੇ ਵਿਭਾਗਾਂ ਦੇ ਅਫਸਰਾਂ ਨੂੰ ਪੱਛੜੀਆਂ ਸ਼੍ਰੇਣੀਆਂ ਤੇ ਕਰਮਚਾਰੀਆਂ ਨਾਲ ਚੰਗਾ ਵਿਹਾਰ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਤੇ ਕਿਹਾ ਕਿ ਇਸ ਹੁਕਮ ਅਨੁਸਾਰ, ਸਾਰੇ ਵਿਭਾਗਾਂ ਤੇ ਮੁੱਖੀ ਅਛੂਤਾਂ ਨਾਲ, ਜੋ ਕਿ ਵੱਖਰੀਆਂ-ਵੱਖਰੀਆਂ ਸੇਵਾਵਾਂ ਵਿਚ ਭਰਤੀ ਹੋਏ ਹਨ, ਬਰਾਬਰੀ ਵਾਲਾ ਅਤੇ ਦਿਆਲਤਾ ਵਾਲਾ ਵਿਹਾਰ ਕਰਨਾ ਹੋਵੇਗਾ, ਜਿਹੜੇ ਅਫਸਰ ਇਸ ਹੁਕਮ ਦੀ ਪਾਲਣਾ ਨਹੀਂ ਕਰਨਗੇ, ਉਨ੍ਹਾਂ ਨੂੰ ਹੁਕਮ ਤੋਂ 6 ਮਹੀਨੇ ਦੇ ਅੰਦਰ ਅਸਤੀਫਾ ਦੇਣਾ ਹੋਵੇਗਾ ਅਤੇ ਉਨ੍ਹਾਂ ਨੂੰ ਪੈਨਸ਼ਨਾਂ ਵੀ ਨਹੀਂ ਮਿਲਣਗੀਆਂ।

ਜਦੋਂ ਛਤਰਪਤੀ ਦੌਰੇ 'ਤੇ ਜਾਂਦੇ, ਤਾਂ ਕਈ ਪਿੰਡਾਂ ਵਾਲੇ ਇਹ ਸ਼ਿਕਾਇਤਾਂ ਕਰਦੇ ਕਿ ਅਛੂਤਾਂ ਨੇ ਉਨ੍ਹਾਂ ਦੇ ਖੂਹਾਂ ਨੂੰ ਭਿੱਟ ਦਿੱਤਾ ਹੈ। ਉਹ ਖੁਦ ਖੂਹ 'ਤੇ ਜਾਂਦੇ, ਉਸ ਖੂਹ ਦਾ ਪਾਣੀ ਪੀਂਦੇ ਤੇ ਉਹ ਪੇਂਡੂ ਜੋ ਭਿੱਟ ਤੇ ਸਿਧਾਂਤ 'ਚ ਵਿਸ਼ਵਾਸ ਕਰਦੇ ਸਨ, ਸ਼ਰਮਸਾਰ ਹੁੰਦੇ ਤੇ ਆਪਣੇ ਰਾਜਾ 'ਤੇ ਮਾਣ ਮਹਿਸੂਸ ਕਰਦੇ। ਉਨ੍ਹਾਂ ਕਿਹਾ, "ਤੁਸੀਂ ਜਾਣਦੇ ਹੋ, ਮੇਰੇ ਬਚਪਨ ਤੋਂ ਹੀ, ਮੇਰਾ ਮਨ ਰਹਿਆ ਹੈ ਅਤੇ ਦਿਮਾਗ 'ਚ ਧਾਰਿਆ ਹੋਇਆ ਨਿਸ਼ਾਨਾ ਰਹਿਆ ਹੈ। ਬ੍ਰਾਹਮਣਵਾਦੀ ਪੁਜਾਰੀ ਸ਼ਕਤੀ (ਬੁਰਜੁਆਜੀ) ਨੂੰ ਉਲਦਿਆਂ ਅਤੇ ਤੋੜਿਆ ਜਾਵੇ।"

ਸ਼ਾਹੂ ਮਹਾਰਾਜ ਨੇ ਜੋ ਮਨੁੱਖੀ ਅਧਿਕਾਰ ਅਛੂਤਾਂ ਲਈ ਬਹਾਲ ਕੀਤੇ, ਉਨ੍ਹਾਂ ਨੂੰ ਪੱਕਿਆਂ ਕਰਨ ਲਈ ਇਕ ਨਵਾਂ ਹੁਕਮ ਜਾਰੀ ਕੀਤਾ ਤੇ ਕਿਹਾ ਕਿ ਜਿਹੜਾ ਵਿਅਕਤੀ ਉਨ੍ਹਾਂ ਦੇ ਅਧਿਕਾਰਾਂ ਦਾ ਅੰਦਰੂਨੀ ਜਾਂ ਬਾਹਰੀ ਤੌਰ 'ਤੇ ਵਿਰੋਧ ਕਰੇਗਾ, ਉਸ ਨੂੰ 100 ਰੁਪਏ ਜੁਰਮਾਨਾ ਕੀਤਾ ਜਾਵੇਗਾ। ਸਰਕਾਰੀ ਮਹਿਕਮਿਆਂ ਵਿਚ, ਮਹੱਲ ਵਿਚ, ਮੋਟਰ ਡਰਾਈਵਰ, ਹਾਥੀ ਮਹਾਵਤ, ਡਾਕੀਏ, ਕੋਟਾਂ ਵਿਚ ਪੁਜਾਰੀ ਸਭ ਅਛੂਤ ਕਹੇ ਜਾਣ ਵਾਲੇ ਆਦਮੀ ਕੰਮ ਕਰਦੇ ਸਨ। ਇਥੋਂ ਤਕ ਕਿ ਸ਼ਾਹੂ ਮਹਾਰਾਜ ਦੇ ਅੰਗ ਰੱਖਿਅਕ ਅਛੂਤ ਸਨ।

ਉਨ੍ਹਾਂ ਨੇ ਅੱਗੇ ਕਿਹਾ, "ਹੇ ਰੱਬ! ਸਾਡੇ ਦੇਸ਼ ਵਾਸੀਆਂ ਨੂੰ ਚੰਗੇ ਵਿਚਾਰਾਂ ਅਤੇ ਉਨ੍ਹਾਂ ਦੇ ਦਿਲਾਂ ਵਿਚ ਦਇਆ ਭਰੀ ਰੋਸ਼ਨੀ ਨਾਲ ਭਰਦੇ। ਅਸੀਂ, ਇਸ ਦੇਸ਼ ਦੇ ਬੱਚੇ ਨੇਕ ਹੋਣੇ ਚਾਹੀਦੇ ਹਾਂ ਅਤੇ ਸਾਨੂੰ ਭਾਈਚਾਰੇ ਨਾਲ ਰਹਿਣ ਵਿਚ ਪਿਆਰ ਹੋਣਾ ਚਾਹੀਦਾ ਹੈ। ਇਹ ਸਾਡਾ ਯਤਨ ਹੋਣਾ ਚਾਹੀਦਾ ਹੈ ਕਿ ਅਸੀਂ ਆਪਣੇ ਵਾਂਗ ਹੀ ਦੂਜਿਆਂ ਦੇ ਦੁੱਖਾਂ ਨੂੰ ਸਮਝੀਏ ਅਤੇ ਦੂਜਿਆਂ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਮਹਿਸੂਸ ਕਰੀਏ। ਸਾਨੂੰ ਆਪਣੀ ਸਰੀਰਕ, ਸਮਾਜਿਕ ਅਤੇ ਰੂਹਾਨੀ ਤਰੱਕੀ ਲਈ ਯਤਨ ਕਰਨੇ ਚਾਹੀਦੇ ਹਨ ਅਤੇ ਇਸ ਸੰਸਾਰ ਨੂੰ ਸਵਰਗ ਵਿਚ ਬਦਲ ਦੇਣਾ ਚਾਹੀਦਾ ਹੈ।"

23 ਜੂਨ 1919 ਨੂੰ ਸ਼ਾਹੂ ਨੇ ਗਵਰਨਰ ਨੂੰ ਲਿਖਿਆ:

"ਖਾਸ ਕਰਕੇ ਮੇਰੇ ਪੁੱਤਰ ਦੀ ਮੌਤ ਤੋਂ ਬਾਅਦ, ਮੇਰੀ ਇਕ ਬੇਰੋਕ ਭਾਵਨਾ ਬਣ ਗਈ ਹੈ ਕਿ ਮੈਨੂੰ ਗਰੀਬ ਜਮਾਤਾਂ ਦੀ ਸੇਵਾ ਕਰਨ ਦਾ ਕੋਈ ਮੌਕਾ ਗੁਆਉਣਾ ਨਹੀਂ ਚਾਹੀਦਾ ਅਤੇ ਇਹੋ ਕੁਝ ਕਰਨ ਦਾ ਮੈਂ ਯਤਨ ਕਰ ਰਿਹਾ ਹਾਂ। ਮੈਂ ਆਪਣੀ ਛੋਟੀ ਜਿਹੀ ਸਟੇਟ ਵਿਚ ਇਹ ਕੁਝ ਕਰਨ ਦਾ ਹਰ ਸੰਭਵ ਯਤਨ ਕਰ ਰਿਹਾ ਹਾਂ। ਮੈਂ ਸੋਚਦਾ ਹਾਂ ਇਹ ਇਕ ਕਿਸਮ ਦਾ ਰੂਹਾਨੀ ਜਜ਼ਬਾ ਹੈ ਜੋ ਮੇਰੀ ਅਗਵਾਈ ਕਰਦਾ ਹੈ ਤੇ ਮੈਂ ਕਾਮਯਾਬ ਹੋ ਗਿਆ, ਭਾਵੇਂ ਕੁਝ ਹਿੱਸਾ ਹੀ, ਮੈਂ ਸਮਝਾਂਗਾ ਕਿ ਮੈਂ ਆਪਣੀ ਜ਼ਿੰਦਗੀ ਦਾ ਮਿਸ਼ਨ ਪੂਰਾ ਕਰ ਲਿਆ ਹੈ। ਇਹ ਕਹਿੰਦਿਆਂ ਕੇ ਬ੍ਰਾਹਮਣਾਂ ਦੀਆਂ ਸਿੱਖਿਆਵਾਂ ਨੇ ਜਨਤਾ ਨੂੰ ਦੁੱਖਦਾਇਕ ਹਾਲਤਾਂ ਵਿਚ ਪਹੁੰਚਾ ਦਿੱਤਾ ਹੈ। ਉਨ੍ਹਾਂ ਦੀ ਅਗਿਆਨਤਾ ਅਤੇ ਅੰਧਵਿਸ਼ਵਾਸ ਵਿਚ ਵਾਧਾ ਕਰਦਾ ਹੈ, ਮੈਂ ਸੱਚਮੁੱਚ ਨਾ ਕਿ ਪੂਰੀ ਮਨੁੱਖਤਾ ਨੂੰ ਸਗੋਂ ਪੱਛੜੀਆਂ ਸ਼੍ਰੇਣੀਆਂ ਨੂੰ ਇਸ ਜੰਗਲ ਵਿਚੋਂ ਬਾਹਰ ਕੱਢਣ ਨੂੰ ਇਕ ਪਵਿੱਤਰ ਅਤੇ ਪਾਕ ਫਰਜ਼ ਸਮਝਦਾ ਹਾਂ। ਇਹ ਵੀ ਇਕ ਕਾਰਨ ਹੈ ਕਿ ਮੈਂ ਇੰਨੀ ਬਹਾਦਰੀ, ਮਜ਼ਬੂਤੀ ਅਤੇ ਪੱਕੇ ਇਰਾਦੇ ਨਾਲ ਫਿਰਕੂ ਨੁਮਾਇੰਦਗੀ ਲਈ ਡਟਿਆ ਹੋਇਆ ਹਾਂ। ਜੇਕਰ ਇਸ ਤੋਂ ਇਨਕਾਰ ਕੀਤਾ ਗਿਆ, ਇਹ ਨਵਾਂ ਸੁਧਾਰ, ਫੇਰ ਕੇਵਲ ਬ੍ਰਾਹਮਣਾਂ ਦੇ ਹੱਥਾਂ ਵਿਚ ਇਹ ਤਾਕਤ ਦੇ ਦੇਵੇਗਾ। ਫਿਰ ਪੱਛੜੀਆਂ ਜਾਤੀਆਂ! ਸ਼ੋਕ! ਕਿ ਰੱਬ ਹੀ ਉਨ੍ਹਾਂ ਦੀ ਮਦਦ ਕਰ ਸਕੇਗਾ।"

ਆਪਣੇ ਗਜ਼ਟ ਵਿਚ ਸ਼ਾਹੂ ਮਹਾਰਾਜ ਨੇ 12 ਜੁਲਾਈ 1919 ਈ. ਨੂੰ ਦੂਜਾ ਕਾਨੂੰਨ ਪਾਸ ਕੀਤਾ, ਜਿਸ ਦਾ ਨਾਂ ਸੀ, 'ਤਲਾਕ'। ਅਜਿਹਾ ਕਰਨ 'ਤੇ ਦੋਸ਼ੀ ਨੂੰ 6 ਮਹੀਨੇ ਦੀ ਸਜ਼ਾ ਤੇ 200 ਰੁਪਏ ਜੁਰਮਾਨੇ ਦੀ

ਵਿਵਸਥਾ ਕੀਤੀ ਗਈ ।17 ਜਨਵਰੀ 1920 ਈ. ਦਾ ਨਵਾਂ ਕਾਨੂੰਨ, ਜਿਸ ਨੂੰ 'ਵਿਰਾਸਤੀ ਸੋਧਾਂ ਦਾ ਹਿੰਦੂ ਕਾਨੂੰਨ' ਕਿਹਾ ਗਿਆ, ਪਾਸ ਕੀਤਾ, ਜਿਸ ਅਨੁਸਾਰ ਸ਼ੂਦਰਾਂ ਦੇ ਨਜਾਇਜ਼ (ਗੈਰ ਕਾਨੂੰਨੀ) ਬੱਚਿਆਂ ਅਤੇ ਜਾਇਜ਼ ਬੱਚੇ ਪੈਦਾ ਕਰਨ ਵਾਲਿਆਂ ਜਮਾਤਾਂ ਦੇ ਬੱਚਿਆਂ ਵਿਚਕਾਰ, ਵਿਰਾਸਤੀ ਹੱਕਾਂ ਦਾ ਫ਼ਰਕ ਕਾਨੂੰਨੀ ਤੌਰ 'ਤੇ ਖਤਮ ਕਰ ਦਿੱਤਾ ਗਿਆ ।

ਫ਼ਰਵਰੀ 1920 ਈ. 'ਚ ਸ਼ਾਹੂ ਜੀ ਨੇ ਗਵਈ ਨੂੰ ਲਿਖਿਆ ਕਿ ਦੱਬੀਆਂ ਕੁਚਲੀਆਂ ਜਮਾਤਾਂ ਨੂੰ ਹਿੰਦੂ ਉੱਚੀਆਂ ਜਾਤੀਆਂ ਦੇ ਲੀਡਰਾਂ, 'ਤੇ ਨਿਰਭਰ ਨਹੀਂ ਕਰਨਾ ਚਾਹੀਦਾ ਅਤੇ ਕਦੇ ਵੀ ਅਜਿਹੇ ਆਦਮੀ ਨੂੰ ਨਹੀਂ ਚੁਣਨਾ ਚਾਹੀਦਾ, ਜਿਸ ਦੇ ਨਿਸ਼ਾਨੇ ਪ੍ਰਜਾਤੰਤਰਕ ਨਾ ਹੋਣ ।ਉਨ੍ਹਾਂ ਨੂੰ ਆਪਣੇ ਲੀਡਰ ਆਪਣੀਆਂ ਜਾਤਾਂ ਵਿਚੋਂ ਚੁਣਨੇ ਚਾਹੀਦੇ ਹਨ ।22 ਮਾਰਚ 1920 ਈ. ਨੂੰ ਡਾ. ਅੰਬੇਡਕਰ ਦੀ ਪ੍ਰਧਾਨਗੀ ਹੇਠ ਮਾਨਗਾਉਂ ਦੇ ਸਥਾਨ 'ਤੇ ਦੱਬੀਆਂ, ਕੁਚਲੀਆਂ ਜਮਾਤਾਂ ਦੀ ਕਾਗਲ ਜਗੀਰ ਦੇ ਇਕ ਪਿੰਡ ਵਿਚ ਕਾਨਫਰੰਸ ਕੀਤੀ ਗਈ । ਇਸ ਕਾਨਫਰੰਸ ਵਿਚ ਬੋਲਦਿਆਂ ਸ਼ਾਹੂ ਮਹਾਰਾਜ ਨੇ ਡਾ. ਅੰਬੇਡਕਰ ਦੀ, ਮੂਕ ਨਾਇਕ ਦੀ ਸ਼ਲਾਘਾ ਕੀਤੀ ਤੇ ਫਿਰ ਜਿਹੜੇ ਛੂਤ-ਛਾਤ ਕਰਦੇ ਸਨ, ਉਨ੍ਹਾਂ ਲੀਡਰਾਂ 'ਤੇ ਵਾਰ ਕਰਦਿਆਂ ਕਿਹਾ, "ਇਕ ਅਜਿਹਾ ਆਦਮੀ, ਜੋ ਲੀਡਰ ਅਖਵਾਉਂਦਾ ਹੈ, ਜੇ ਉਹ ਆਪਣੇ ਦੇਸ਼ ਵਾਸੀਆਂ ਨੂੰ ਅਤੇ ਭਰਾਵਾਂ ਨੂੰ 'ਗਾਂ ਦੇ ਗੋਹੇ' ਅਤੇ ਪਸ਼ੂਆਂ ਤੋਂ ਭੈੜਾ ਸਮਝੇ, ਇਹ ਉਸ ਦੇ ਲਈ ਸ਼ਰਮਨਾਕ ਗੱਲ ਹੈ ।ਮੈਂ ਪੁੱਛਦਾ ਹਾਂ ਕਿ ਰਾਜਨੀਤੀ ਕਿਵੇਂ ਸਾਫ ਸੁਥਰੀ ਰਹਿ ਸਕਦੀ ਹੈ, ਜਦੋਂ ਤੱਕ ਅਛੂਤਾਂ ਨਾਲ ਮਨੁੱਖਾਂ ਵਾਲਾ ਵਿਹਾਰ ਨਹੀਂ ਕੀਤਾ ਜਾਂਦਾ ।ਜੋ ਲੋਕ ਰਾਜਨੀਤੀ ਵਿਚ ਭਾਗ ਲੈਂਦੇ ਹਨ, ਉਨ੍ਹਾਂ ਨੂੰ ਆਦਮੀਆਂ ਨਾਲ ਆਦਮੀਆਂ ਵਰਗਾ ਵਰਤਾਓ ਕਰਨਾ ਜ਼ਰੂਰੀ ਹੈ, ਉਸੇ ਤਰ੍ਹਾਂ ਜਿਵੇਂ ਉਨ੍ਹਾਂ ਨਾਲ ਦੂਜੇ ਦੇਸ਼ਾਂ ਵਿਚ ਕੀਤਾ ਜਾਂਦਾ ਹੈ, ਨਹੀਂ ਤਾਂ ਦੇਸ਼ ਦੀ ਸੇਵਾ ਕਿਸੇ ਦੂਜੇ ਤਰੀਕੇ ਨਾਲ ਨਹੀਂ ਕੀਤੀ ਜਾ ਸਕਦੀ ।ਕੇਵਲ ਉਸੇ ਆਦਮੀ ਬਾਰੇ ਕਿਹਾ ਜਾਵੇਗਾ ਕਿ ਉਸ ਨੇ ਦੇਸ਼ ਦੀ ਸੇਵਾ ਕੀਤੀ ਹੈ, ਜਿਸ ਨੇ ਆਦਮੀਆਂ ਨਾਲ ਇਸ ਤਰੀਕੇ ਵਿਹਾਰ ਕੀਤਾ ਨਾ ਕੋਈ ਹੋਰ ।"

ਫਿਰ ਉਨ੍ਹਾਂ ਆਪਣੇ ਭਾਸ਼ਣ ਦਾ ਨਿਚੋੜ ਕੱਢਦਿਆਂ ਕਿਹਾ, "ਤੁਸੀਂ ਅੰਬੇਡਕਰ ਨੂੰ ਆਪਣੇ ਮੁਕਤੀਦਾਤਾ ਵਜੋਂ ਪਾ ਲਿਆ ਹੈ ।ਮੇਰਾ ਯਕੀਨ ਹੈ ਕਿ ਉਹ ਤੁਹਾਡੇ ਬੰਧਨ ਤੋੜ ਦੇਵੇਗਾ ।ਮੇਰੀ ਆਤਮਾ ਕਹਿੰਦੀ ਹੈ ਕਿ ਸਿਰਫ ਏਨਾ ਨਹੀਂ, ਉਹ ਸਮਾਂ ਜ਼ਰੂਰ ਆਵੇਗਾ ਜਦੋਂ ਅੰਬੇਡਕਰ ਸਾਰੇ ਭਾਰਤ ਅੰਦਰ ਕਿ ਮੋਹਰੀ ਕਤਾਰ ਦੇ ਲੀਡਰ ਵਜੋਂ ਚਮਕੇਗਾ ।" ਲੀਡਰਾਂ ਦੇ ਸੰਬੰਧ ਵਿਚ ਸ਼ਾਹੂ ਨੇ ਕਿਹਾ, "ਵੱਖ-ਵੱਖ ਕੌਮੀਅਤਾਂ ਦੇ ਲੀਡਰਾਂ ਨੂੰ ਮੈਂ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਤੰਗ ਦ੍ਰਿਸ਼ਟੀ ਨਾ ਰੱਖੋ, ਭਵਿੱਖ ਦੀ ਪਛਾਣ ਵੀ ਰੱਖੋ ।ਜਾਤਾਂ ਨੂੰ ਖਤਮ ਕਰਨਾ ਇਕ ਜ਼ਰੂਰਤ ਹੈ ਤੇ ਉਨ੍ਹਾਂ ਨੂੰ ਜਾਰੀ ਰੱਖਣਾ ਪਾਪ ਹੈ ।ਸਾਡੇ ਸਭ ਦੇ ਸਾਂਝੇ ਮੁਫਾਦ ਦੇ ਰਸਤੇ ਵਿਚ ਜਾਤਾਂ ਇਕ ਅੜਿੱਕਾ ਹਨ ।ਇਸ ਲਈ ਸਾਡੀ ਇਹ ਡਿਊਟੀ ਹੈ ਕਿ ਅਸੀਂ ਆਪਣੇ ਪੂਰੇ ਹੌਸਲੇ ਨਾਲ ਜਿੰਨਾ ਅਸੀਂ ਕਰ ਸਕਦੇ ਹਾਂ, ਇਸ ਨੂੰ ਖਤਮ ਕਰ ਦਈਏ ।"

ਜਾਤੀ ਦੁਸ਼ਮਣੀ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਜਾਤੀ ਪ੍ਰਬੰਧ ਖਤਮ ਕਰਨਾ ਜ਼ਰੂਰੀ ਹੈ ।ਆਓ ਆਪਾਂ ਇਸ ਨੂੰ ਖਤਮ ਕਰੀਏ ਤੇ ਇਕ ਹੋ ਜਾਈਏ ।ਮੇਰੇ 'ਤੇ ਅਕਸਰ ਦੋਸ਼ ਲਗਾਇਆ ਜਾਂਦਾ ਹੈ ਕਿ ਮੈਂ ਜਾਤੀ ਤੋੜਨ ਦੇ ਪ੍ਰਸੰਗ ਵਿਚ ਜਾਤੀ ਨਫਰਤ ਪੈਦਾ ਕਰ ਰਹਿਆ ਹਾਂ, ਇਹ ਬੇਬੁਨਿਆਦ ਹੈ ।

"ਜੇਕਰ ਪਛੜੀਆਂ ਜਾਤੀਆਂ ਨੂੰ ਉਪਰ ਚੁੱਕਣ ਦੇ ਯਤਨ ਨਾ ਕੀਤੇ ਗਏ ਤਾਂ ਜਾਤੀ ਸਿਸਟਮ ਦੇ ਚਾਹੁਣ ਵਾਲੇ ਉਨ੍ਹਾਂ (ਪਛੜੀਆਂ ਜਾਤਾਂ) ਨੂੰ ਕੁਚਲ ਦੇਣਗੇ ।ਇਸ ਲਈ ਪਛੜੀਆਂ ਜਾਤੀਆਂ ਦੇ ਹਿੱਤਾਂ ਦੀ ਰਾਖੀ ਕਰਨਾ, ਉਨ੍ਹਾਂ ਨੂੰ ਉੱਚਾ ਚੁੱਕਣਾ, ਜਾਤੀ ਨਫਰਤ ਨੂੰ ਵਧਾਉਣਾ ਨਹੀਂ ਹੈ ।ਮੇਰੀ ਜ਼ਿੰਦਗੀ ਦਾ ਇਹ ਸਭ ਤੋਂ ਵੱਧ ਖੁਸ਼ੀ ਭਰਿਆ ਦਿਨ ਹੋਵੇਗਾ, ਜਦੋਂ ਅਸੀਂ ਉਨ੍ਹਾਂ ਦੇ ਜਨਮ ਦੇ ਅਧਾਰ 'ਤੇ ਬੰਦਿਆਂ ਨੂੰ ਨੀਚ ਮੰਨਣਾ ਬੰਦ ਕਰ ਦਿਆਂਗੇ ।...ਮੈਂ ਜਾਤੀ ਪ੍ਰਬੰਧ ਨੂੰ ਪੁਰਾਤਨ ਬੰਧਨਾਂ ਤੋਂ ਪਾਸੇ ਧੱਕਣ ਵਿਚ ਸਫਲ ਨਹੀਂ ਹੋਇਆ ।ਕਿਉਂਕਿ ਜਾਤੀ ਪ੍ਰਬੰਧ ਦਾ ਸਿੱਟਾ ਤਾਂ ਜਾਤੀ ਨਫਰਤ ਹੈ ਤੇ ਇਸ ਸਿੱਟੇ ਤੋਂ ਛੁਟਕਾਰਾ ਪਾਉਣ ਲਈ ਕਾਰਨਾਂ (ਭਾਵ ਜਾਤੀ ਪ੍ਰਬੰਧ) ਨੂੰ ਦੂਰ ਕਰ ਦੇਣਾ ਚਾਹੀਦਾ ਹੈ ।ਉਹ ਲੋਕ ਜੋ ਆਪਣੇ ਦੇਸ਼ ਵਾਸੀਆਂ ਨਾਲ, ਗਾਂ ਦੇ ਗੋਹੇ ਅਤੇ ਪਸ਼ੂਆਂ ਤੋਂ ਵੀ ਭੈੜਾ ਵਿਹਾਰ ਕਰਦੇ ਹਨ ਅਤੇ ਇਹ ਦਾਅਵਾ ਕਰਦੇ ਹਨ ਕਿ ਉਹ ਸਾਰੇ ਲੋਕਾਂ ਦੇ ਨੇਤਾ ਹਨ (ਜਿਵੇਂ ਗਾਂਧੀ ਕਹਿੰਦਾ ਸੀ) ਤੇ ਫਿਰ ਕਹਿੰਦੇ ਹਨ ਕਿ ਉਹ ਉਨ੍ਹਾਂ ਲਈ ਚੰਗਾ ਕੰਮ ਕਰਨਗੇ, ਉਨ੍ਹਾਂ ਨੂੰ ਆਪਣੇ ਆਪ ਉਨ੍ਹਾਂ ਦੇ ਲੀਡਰਾਂ ਅਤੇ ਸ਼ੁਭਚਿੰਤਕ ਕਹਾਉਣ 'ਤੇ ਸ਼ਰਮ ਆਉਣੀ ਚਾਹੀਦੀ ਹੈ ।"

...ਮੈਨੂੰ ਸਾਫ-ਸਾਫ ਸ਼ਬਦਾਂ ਵਿਚ ਕਹਿਣ ਲਈ ਮੁਆਫ ਕਰਨਾ ਕਿ ਸਾਨੂੰ ਕਦੀ ਵੀ ਉਹ ਯਤਨ ਨਹੀਂ ਛੱਡਣੇ ਚਾਹੀਦੇ, ਜਿਸ ਨਾਲ ਬ੍ਰਾਹਮਣਵਾਦ ਨੂੰ ਲਾਹ ਕੇ, "ਭਾਰਤੀ ਕੌਮ" ਨੂੰ ਰਾਜ ਗੱਦੀ 'ਤੇ ਬਿਠਾਇਆ ਜਾ ਸਕੇ । ...ਭਾਰਤ ਅੰਦਰ 90 ਪ੍ਰਤੀਸ਼ਤ ਲੋਕ ਭੁੱਖੇ ਮਰ ਰਹੇ ਹਨ ਅਤੇ 10 ਪ੍ਰਤੀਸ਼ਤ ਲੋਕ ਪਕਵਾਨ ਖਾ ਰਹੇ ਹਨ । ਉਹ ਜੋ ਬੇਨਤੀਆਂ ਕਰਦੇ ਹਨ ਕਿ ਘਿਉ ਉਨ੍ਹਾਂ ਨੂੰ ਦਿੱਤਾ ਜਾਵੇ, ਜੋ ਪਕਵਾਨ ਖਾਂਦੇ ਹਨ, ਇਸ ਤੋਂ ਪਹਿਲਾਂ ਜੋ ਭੁੱਖੇ ਮਰ ਰਹੇ ਹਨ, ਉਨ੍ਹਾਂ ਨੂੰ ਅਚਾਰ ਦਿੱਤਾ ਜਾਵੇ । ਉਨ੍ਹਾਂ ਅਜਨਬੀ ਤਰੀਕੇ ਨਾਲ ਲੋਕਾਂ ਪ੍ਰਤੀ ਆਪਣੀ ਖਾਹਿਸ਼ ਨਾਲ ਧੋਖਾ ਕੀਤਾ ਹੈ ।

ਨੇਤਾਵਾਂ ਬਾਰੇ ਵਿਚਾਰ ਪੇਸ਼ ਕਰਦਿਆਂ ਸ਼ਾਹੂ ਜੀ ਨੇ ਕਿਹਾ, "ਨੇਤਾ ਚੁਣਨ ਤੋਂ ਪਹਿਲਾਂ ਉਸ ਦਾ ਵਿਹਾਰ, ਸਦਾਚਾਰ ਅਤੇ ਨੈਤਿਕ ਹੌਸਲਾ ਵੇਖਣਾ ਚਾਹੀਦਾ ਹੈ । ਉਹ ਨੇਤਾ ਜੋ ਪੜ੍ਹੀਆਂ-ਲਿਖੀਆਂ ਜਮਾਤਾਂ ਵਿਚੋਂ ਆਏ ਅਤੇ ਉਨ੍ਹਾਂ ਜਨਤਾ ਨਾਲ ਹਮਦਰਦੀ ਦਾ ਵਚਨ ਕੀਤਾ, ਪ੍ਰੰਤੂ ਜਦੋਂ ਉਨ੍ਹਾਂ ਦੇ ਆਪਣੀਆਂ ਕਹੀਆਂ ਗੱਲਾਂ ਅਮਲ ਵਿਚ ਲਿਆਉਣ ਦਾ ਵੇਲਾ ਆਇਆ ਤਾਂ ਉਨ੍ਹਾਂ ਉਸ ਮਾਮਲੇ ਨੂੰ ਕਮਜ਼ੋਰ ਮੁਆਫੀ ਨਾਮਿਆਂ ਹੇਠ ਦਬਾ ਦਿੱਤਾ ।......ਕਿਉਂਕਿ ਮੈਂ ਪਛੜੀਆਂ ਜਾਤੀਆਂ ਦਾ ਭਲਾਈ ਮਸਲਾ ਲੈ ਕੇ ਚਲਦਾ ਹਾਂ ਅਤੇ ਕਿਉਂਕਿ ਪਛੜੀਆਂ ਸ਼੍ਰੇਣੀਆਂ ਦੇ ਦਿਲਾਂ ਵਿਚ ਮੇਰੇ ਲਈ ਇਕ ਸ਼ਰਧਾ ਵਾਲੀ ਥਾਂ ਹੈ । ਇਸ ਲਈ ਤਿਲਕ ਅਤੇ ਪਾਰਟੀ ਮੇਰੇ ਨਾਲ ਦੁਸ਼ਮਣੀ ਰੱਖਦੇ ਹਨ । ਉਹ ਮੈਨੂੰ ਧਮਕਾਉਣਾ ਚਾਹੁੰਦੇ ਹਨ । ਮੈਂ ਕਿਸੇ ਤਰ੍ਹਾਂ ਵੀ ਡਰਨ ਵਾਲਾ ਨਹੀਂ ਕਿਉਂਕਿ ਸਰਕਾਰ ਮੇਰੇ ਬਾਰੇ ਸਭ ਕੁਝ ਜਾਣਦੀ ਹੈ । ਮੈਂ ਇਸ ਦਾ (ਡਰਾਵਿਆਂ ਦੇ ਵਿਰੋਧੀ ਪ੍ਰਚਾਰ ਦਾ) ਮੁਕਾਬਲਾ ਕਰਨ ਲਈ ਤਿਆਰ ਹਾਂ ਮੈਂ ਹਰ ਮੁਸ਼ਕਲ ਵਿਚ ਪੈਣ ਲਈ ਤਿਆਰ ਹਾਂ । ਮੈਂ ਮਰ ਜਾਵਾਂਗਾ ਪ੍ਰੰਤੂ ਝੁਕਾਂਗਾ ਨਹੀਂ । ਦਬਾਅ ਥੱਲੇ ਨਹੀਂ ਆਵਾਂਗਾ (ਭਾਵ ਪੱਛੜੀਆਂ ਸ਼੍ਰੇਣੀਆਂ ਦੀ ਬੇਹਤਰੀ ਲਈ ਯਤਨ ਨਹੀਂ ਛੱਡਣੇ) ਕ੍ਰਿਪਾ ਕਰਕੇ ਇਨ੍ਹਾਂ ਲੋਕਾਂ ਦੀਆਂ ਲਿਖਤਾਂ ਦੇ ਝਾਂਸੇ ਵਿਚ ਨਾ ਆਓ ।

13 ਮਈ 1920 ਈ. ਨੂੰ ਸ਼ਾਹੂ ਜੀ ਦੇ ਦਰਬਾਰ ਵੱਲੋਂ ਜਬਰੀ ਮਜ਼ਦੂਰੀ ਦੇ ਵਿਰੁੱਧ ਇਕ ਹੁਕਮ ਜਾਰੀ ਕੀਤਾ ਕਿ ਕੋਈ ਵਿਅਕਤੀ ਪੱਛੜੀਆਂ ਸ਼੍ਰੇਣੀਆਂ ਤੋਂ ਜਬਰੀ ਮਜ਼ਦੂਰੀ ਨਹੀਂ ਕਰਵਾ ਸਕਦਾ । ਕਿਸੇ ਤੋਂ ਜਬਰੀ ਕੰਮ ਨਹੀਂ ਕਰਵਾਇਆ ਜਾ ਸਕਦਾ, ਨਾ ਹੀ ਮਾਂਗ ਨੂੰ ਰੱਸੇ ਦੇਣ ਲਈ ਮਜਬੂਰ ਕੀਤਾ ਜਾ ਸਕਦਾ ਹੈ । ਅੱਗੇ ਲਿਖਿਆ ਕਿ ਜੋ ਵੀ ਇਸ ਹੁਕਮ ਦੀ ਅਦੂਲੀ ਕਰੇਗਾ, ਉਸ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ । ਇਸ ਕਰਕੇ ਵਿਰੋਧੀ ਘਿਰਨਾਂ ਨਾਲ ਸ਼ਾਹੂ ਜੀ ਨੂੰ 'ਮਹਾਰਾਂ ਦਾ ਮਹਾਰਾਜਾ' ਕਹਿੰਦੇ ਸਨ ।

ਉਸ ਨੇ ਕਿਹਾ, "ਅਸੀਂ ਸਾਰੇ ਭਾਰਤੀ ਹਾਂ, ਦੇਸ਼ ਵਾਸੀ ਅਤੇ ਭਰਾ, ਸਾਰੇ ਭਾਰਤੀ ਬਸ਼ਿੰਦੇ ਆਪਣੇ ਵਤਨ ਅਤੇ ਧਰਮ ਨੂੰ ਪਾਸੇ ਰੱਖ ਕੇ । ਧਰਮ ਨਿੱਜੀ ਮਾਮਲਾ ਹੋ ਸਕਦਾ ਹੈ, ਪ੍ਰੰਤੂ ਇਹ ਕੌਮੀ ਸੁਆਲਾਂ ਦੇ ਸੰਬੰਧ ਵਿਚ ਕੋਈ ਮੁਸ਼ਕਲ ਨਹੀਂ ਬਣ ਸਕਦਾ । ਸਿਰਫ ਏਸੇ ਸੰਬੰਧ 'ਚ ਮੈਂ ਇਹ ਸਮਝਦਾ ਹਾਂ ਕਿ ਧਰਮ, ਕੌਮੀ ਕਾਜ ਤੋਂ ਘੱਟ ਮਹੱਤਵਪੂਰਨ ਚੀਜ਼ ਹੈ ।" ਸ਼ਾਹੂ ਜੀ ਨੇ ਅੱਗੇ ਕਿਹਾ, "ਉਨ੍ਹਾਂ ਨੂੰ (ਅਛੂਤਾਂ ਨੂੰ) ਸੰਨਦਾਂ ਦੇਣ ਸਮੇਂ ਮੇਰੇ ਮਨ 'ਚ ਇਹ ਹੁੰਦਾ ਹੈ ਕਿ ਉਹ 'ਕਿੱਤੇ' ਜਿਹੜੇ ਕਿ ਅਛੂਤਾਂ ਲਈ ਕਾਨੂੰਨਾਂ ਅਤੇ ਰਸਮਾਂ (ਹਿੰਦੂ ਗ੍ਰੰਥਾਂ ਦੇ ਹੁਕਮਨਾਮਿਆਂ) ਅਨੁਸਾਰ ਬੰਦ ਕੀਤੇ ਗਏ ਸਨ, ਉਨ੍ਹਾਂ ਨੂੰ ਹੁਣ ਖੋਲ੍ਹ ਦਿੱਤਾ ਜਾਵੇ ਤੇ ਇਸ ਤਰ੍ਹਾਂ ਆਪਣੇ ਹਾਲਾਤ ਸੁਧਾਰ ਕੇ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਉਤਨੇ ਹੀ ਅੱਛੇ ਹਨ ਜਿੰਨੇ ਦੂਜੇ ਆਦਮੀ ।"

ਮੈਂ ਗਰੀਬ ਲੋਕਾਂ ਦੀ ਤਕਦੀਰ ਬਣਾਉਣ ਦੀ ਕੋਸ਼ਿਸ਼ ਕਰਦਾ ਹਾਂ ਅਤੇ ਉਨ੍ਹਾਂ ਦੀ ਭਲਾਈ ਲਈ ਸੰਘਰਸ਼ ਕਰਦਾ ਹਾਂ । ਮੈਨੂੰ ਬ੍ਰਾਹਮਣਾਂ ਨੂੰ ਘਿਰਨਾ ਵਾਲਾ ਮੰਨ ਕੇ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ । ਤੁਸੀਂ ਫੈਸਲਾ ਕਰੋ ਕਿ ਇਹ ਦੋਸ਼ ਸਹੀ ਹੈ ਜਾਂ ਗਲਤ । ਕਿਉਂਕਿ ਮੈਂ ਤੁਹਾਡੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਹੈ ਅਤੇ ਤੁਹਾਡਾ ਪੱਖ ਲੈ ਰਿਹਾ ਹਾਂ । ਇਕ ਖਾਸ ਜਮਾਤ ਮੇਰੇ ਯਤਨਾਂ ਨੂੰ ਤੋੜਦੀ ਰਹਿੰਦੀ ਹੈ ਅਤੇ ਮੈਨੂੰ ਭੰਡਦੀ ਹੈ ਅਤੇ ਮੇਰੇ ਖਿਲਾਫ ਲੋਕ ਰਾਇ ਖੜ੍ਹੀ ਕਰਨ ਦੀ ਕੋਸ਼ਿਸ਼ ਕਰਦੀ ਹੈ । ਪ੍ਰੰਤੂ ਇਸ ਤੋਂ ਮੈਨੂੰ ਤਾਕਤ ਅਤੇ ਹੌਸਲਾ ਮਿਲਦਾ ਹੈ । ਮੈਂ ਉਨ੍ਹਾਂ ਅਖਬਾਰਾਂ ਦਾ ਧੰਨਵਾਦ ਕਰਦਾ ਹਾਂ ਜੋ ਮੈਨੂੰ ਬਦਨਾਮ ਕਰਦੇ ਹਨ ।

"ਮੈਂ ਚੁੱਪਚਾਪ ਇਨ੍ਹਾਂ ਮੁਸ਼ਕਲਾਂ ਨਾਲ ਸਿੱਝ ਰਿਹਾ ਹਾਂ, ਪ੍ਰੰਤੂ ਮੈਂ ਹਰ ਵਕਤ, ਤੁਹਾਡੇ ਸੱਦੇ ਨੂੰ ਪ੍ਰਵਾਨ ਕਰਨ ਲਈ ਤਿਆਰ ਹਾਂ ਤੁਹਾਨੂੰ ਮੇਰੀਆਂ ਸੇਵਾਵਾਂ ਲੈਣ ਲਈ ਕਦੀ ਝਿਜਕਣਾ ਨਹੀਂ ਚਾਹੀਦਾ ।" ਸ਼ਾਹੂ ਜੀ ਨੇ ਕਿਹਾ, "ਸਵੈਮਾਨ ਅਤੇ ਆਜ਼ਾਦੀ ਦੀ ਲੜਾਈ ਲੜੋ ਤਾਂ ਕਿ ਦਿਮਾਗੀ ਗੁਲਾਮੀ ਦੇ ਬੰਧਨ ਤੋੜੇ ਜਾ ਸਕਣ । ਆਪਣੀ ਸਹਾਇਤਾ ਆਪ ਅਤੇ ਆਪਣੀ ਤਰੱਕੀ ਆਪ, ਉਨ੍ਹਾਂ (ਪੱਛੜੀਆਂ ਸ਼੍ਰੇਣੀਆਂ) ਦੇ ਸਿਧਾਂਤ ਹੋਣੇ

ਚਾਹੀਦੇ ਹਨ ।" ਮਹਾਤਮਾ ਗਾਂਧੀ ਦੇ ਪ੍ਰਸੰਗ ਵਿਚ ਸ਼ਾਹੂ ਜੀ ਨੇ ਕਿਹਾ, "ਪੁਰਾਣੇ ਪ੍ਰਬੰਧ ਨੂੰ ਮੁੜ ਉਜਾਗਰ ਕਰਨ ਦਾ ਸਹੀ ਅਰਥ ਹੈ, ਸਮਾਜਿਕ ਗੁਲਾਮੀ ਨੂੰ ਮੁੜ ਚਲਾਉਣਾ, ਜਿਸ ਤੋਂ ਪੱਛੜੀਆਂ ਸ਼੍ਰੇਣੀਆਂ ਮੁਕਤੀ ਪ੍ਰਾਪਤ ਕਰ ਰਹੀਆਂ ਹਨ ।"

ਅਕਤੂਬਰ 1920 ਈ. ਵਿਚ ਸ਼ਾਹੂ ਜੀ ਨੇ ਹਿੰਦੂ ਕੋਡ ਪਾਸ ਕੀਤਾ । ਜੋ ਨਵੰਬਰ 1920 ਈ. ਤੋਂ ਲਾਗੂ ਹੋਇਆ । ਇਸ ਹਿੰਦੂ ਕੋਡ ਦੀ ਵਿਸ਼ੇਸ਼ ਮਹਤੱਤਾ ਇਹ ਸੀ ਕਿ ਇਸ ਵਿਚ ਮਹਾਰਾਸ਼ਟਰ ਵਿਚ ਆਉਣ ਵਾਲੇ ਪੰਦਰਾਂ ਸਾਲਾਂ ਵਿਚ ਵਾਪਰਨ ਵਾਲੀਆਂ, ਸਮਾਜਿਕ ਤਬਦੀਲੀਆਂ ਦਾ ਜ਼ਿਕਰ ਕੀਤਾ ਗਿਆ । ਸੰਖੇਪ ਵਿਚ ਜਾਤੀ ਅਧਾਰ ਅਤੇ ਵਰਨ ਧਰਮ ਦੇ ਅਧਾਰ 'ਤੇ ਨੀਵੀਆਂ ਅਤੇ ਉੱਚੀਆਂ ਜਾਤੀਆਂ ਵਿਚ ਜੋ ਵਿਤਕਰੇ ਸਦੀਆਂ ਤੋਂ ਹਨ, ਇਸ ਹਿੰਦੂ ਕੋਡ ਰਾਹੀਂ ਦੂਰ ਕਰ ਦਿੱਤੇ ਗਏ ।......ਮਿਟਾ ਕਿਸ਼ਾਰ ਪ੍ਰਬੰਧ, ਜਿਸ ਦੇ ਅਮਲ ਨਾ ਬਰਾਬਰੀ ਅਤੇ ਬੇਇਨਸਾਫੀ ਵਾਲੇ ਸਨ ਅਤੇ ਜਿਸ ਦਾ ਸੰਬੰਧ ਜਾਇਜ਼ ਬੱਚਿਆਂ ਅਤੇ ਵਿਰਾਸਤੀ ਅਧਿਕਾਰ ਨਾਲ ਸੀ, ਨੂੰ ਤਿਆਗ ਦਿੱਤਾ ਗਿਆ ਅਤੇ ਤਲਾਕ ਕਾਨੂੰਨ ਹੋਰ ਸਾਦੇ ਕਰ ਦਿੱਤੇ ਗਏ । ਸਾਰੀਆਂ ਹਿੰਦੂ ਜਮਾਤਾਂ ਵਿਚ ਭੈਣ ਦੇ ਬੱਚੇ ਨੂੰ ਗੋਦ ਲੈਣ ਦੀ ਆਗਿਆ ਦਿੱਤੀ ਗਈ । ਅਦਾਲਤਾਂ ਨੂੰ ਮਰਜ਼ੀ ਵਾਲਾ ਤਲਾਕ ਪ੍ਰਦਾਨ ਕਰਨ ਦੀਆਂ ਸ਼ਕਤੀਆਂ ਦੇ ਦਿੱਤੀਆਂ ਗਈਆਂ । ਹਰ ਹਿੰਦੂ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਕਰਾਰ ਦਿੱਤਾ ਗਿਆ । ਭਾਵ ਉੱਚੀਆਂ ਜਾਤਾਂ ਵੀ ਕਾਨੂੰਨ ਦੇ ਅਧੀਨ ਆ ਗਈਆਂ ।

9 ਜਨਵਰੀ 1921 ਈ. ਦੇ ਪੱਤਰ ਵਿਚ ਸ਼ਾਹੂ ਜੀ ਨੇ ਲਿਖਿਆ, "ਮੈਂ ਇਥੇ ਇਕ ਹਾਕਮ ਵਜੋਂ ਨਹੀਂ ਹਾਂ, ਪ੍ਰੰਤੂ ਲੱਖਾਂ ਲੋਕਾਂ ਦੇ ਦੋਸਤ ਅਤੇ ਸੇਵਾਦਾਰ ਵਜੋਂ ਹਾਂ, ਜਿਨ੍ਹਾਂ ਦੀ ਹਾਲਤ ਇਕ ਆਦਮੀ ਦੇ ਤਰਸ ਨੂੰ ਉਭਾਰੇਗੀ, ਜੋ ਆਪਣੇ ਸਰੀਰ ਅੰਦਰ ਮਨੁੱਖੀ ਦਿਲ ਰੱਖਦਾ ਹੋਵੇ । 16 ਫਰਵਰੀ 1922 ਈ. ਨੂੰ ਦਿੱਲੀ ਵਿਚ ਹੋਈ ਕਾਨਫਰੰਸ ਦੇ ਪ੍ਰਧਾਨਗੀ ਭਾਸ਼ਣ ਵਿਚ ਉਨ੍ਹਾਂ ਕਿਹਾ, "ਕੁਰਸੀ 'ਤੇ ਬੈਠਣ ਦਾ ਸਨਮਾਨ ਅਤੇ ਅੱਜ ਮੈਨੂੰ ਤੁਹਾਡੇ ਸਾਹਮਣੇ ਪੇਸ਼ ਕਰਨਾ, ਅਸਲ ਵਿਚ ਅੰਬੇਡਕਰ ਦੇ ਕੰਮ ਹਨ, ਜਿਸ ਨੂੰ ਤੁਹਾਡੇ ਵਿਚੋਂ ਪੈਦਾ ਹੋਣ ਦਾ ਮਾਣ ਹੈ ।

"ਅਛੂਤਪਨ ਦੇ ਬੰਧਨ ਜੋ ਸਦੀਆਂ ਤੋਂ ਤੁਹਾਡੇ 'ਤੇ ਠੋਸੇ ਗਏ ਹਨ, ਹੁਣ ਟੁੱਟ ਰਹੇ ਹਨ, ਤੇ ਮੇਰਾ ਭਰੋਸਾ ਹੈ ਕਿ ਉਹ ਦਿਨ ਜਲਦੀ ਚੜ੍ਹੇਗਾ ਜਦੋਂ ਇਹ ਬੰਧਨ, ਗਿਆ ਗੁਜ਼ਰਿਆ ਸ਼ਬਦ ਬਣ ਕੇ ਰਹਿ ਜਾਵੇਗਾ । ਤੁਸੀਂ ਆਪਣੇ ਅਧਿਕਾਰਾਂ ਦੀ ਰਾਖੀ ਕਰਨਾ ਜ਼ਰੂਰ ਸਿੱਖੋ ।...ਤੁਸੀਂ ਸਾਰੇ ਆਪਣੇ ਸਾਹਮਣੇ ਇਕ ਆਦਰਸ਼ ਵਾਂਗ ਭੀਮ ਰਾਓ ਅੰਬੇਡਕਰ ਨੂੰ ਰੱਖੋ, ਜੋ ਤੁਹਾਡਾ ਮਹਾਨ ਨੇਤਾ ਹੈ, ਤੇ ਉਸ ਦੇ ਕਹੇ ਦੀ ਪਾਲਣਾ ਕਰੋ । ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਮੇਰੀਆਂ ਨਿਮਰ ਸੇਵਾਵਾਂ ਤੁਹਾਡੀ ਮਰਜ਼ੀ 'ਤੇ ਹਨ । ਮੇਰੀ ਤੁਹਾਡੇ ਅੱਗੇ ਇਹੀ ਪ੍ਰਾਰਥਨਾ ਹੈ ਕਿ ਮੈਨੂੰ ਆਪਣੀ ਸੇਵਾ ਕਰਨ ਦਾ ਮੌਕਾ ਦਿਉ ।"

ਮੁਕਤੀਦਾਤਾ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਉਨ੍ਹਾਂ ਦਾ ਸੰਘਰਸ਼

ਮੇਰੇ ਤਿੰਨ ਗੁਰੂ ਹਨ : ਮਹਾਤਮਾ ਬੁੱਧ, ਕਬੀਰ ਸਾਹਿਬ ਤੇ ਮਹਾਤਮਾ ਜੋਤੀਬਾ ਫੂਲੇ।
ਮੇਰੇ ਤਿੰਨ ਦੇਵਤੇ ਹਨ : ਵਿਦਿਆ, ਸੰਜਮ (ਤਿਆਗ, ਸਬਰ, ਸੰਤੋਖ) ਅਤੇ ਮਿਹਨਤ।
ਮੇਰੇ ਤਿੰਨ ਸਿਧਾਂਤ ਹਨ : ਸਿਖਿਅਤ ਬਣੋ ! ਸੰਗਠਤ ਹੋਵੋ ! ਤੇ ਸੰਘਰਸ਼ ਕਰੋ।

ਡਾ. ਅੰਬੇਡਕਰ ਦਾ ਸੰਘਰਸ਼ਮਈ ਫਲਸਫਾ ਅਤੇ ਜੀਵਨ ਕਾਂਡ

ਅਛੂਤਾਂ ਦੇ ਅਧਿਕਾਰਾਂ ਬਾਰੇ

ਅਛੂਤਾਂ ਨੂੰ ਇਹ ਰਿਆਇਤਾਂ ਸਦਾ ਅਛੂਤ ਹਿੰਦੂ ਬਣੇ ਰਹਿਣ ਵਾਸਤੇ ਨਹੀਂ ਮਿਲੀਆਂ ਬਲਕਿ ਸਦੀਆਂ ਤੋਂ ਅਛੂਤ ਬਣਾ ਕੇ ਸਵਰਨ ਹਿੰਦੂਆਂ ਦੁਆਰਾ ਉਨ੍ਹਾਂ ਨੂੰ ਜੋ ਆਰਥਿਕ ਤੇ ਸਮਾਜਿਕ ਹਾਨੀ ਜਾਂ ਨੁਕਸਾਨ ਪਹੁੰਚਾਇਆ ਗਿਆ ਹੈ ਤੇ ਅੱਜ ਵੀ ਉਨ੍ਹਾਂ ਅੰਦਰ ਅਤਿਅੰਤ ਪਛੜਿਆਪਣ ਦਿਸ ਰਿਹਾ ਹੈ, ਉਸ ਦੇ ਬਦਲੇ ਵਿਚ ਭਾਵ ਇਹ ਸਦੀਆਂ ਦੇ ਨੁਕਸਾਨ ਦਾ ਮੁਆਵਜ਼ਾ ਹੈ । ਕਿਉਂਕਿ ਪਛੜੇਪਣ ਦੀ ਬਦਨਸੀਬੀ ਜਾਂ ਦੁਰਭਾਗ ਅਛੂਤਾਂ ਦੀ ਆਪਣੀ ਗਲਤੀ ਦਾ ਨਤੀਜਾ ਨਹੀਂ ਹੈ ਬਲਕਿ ਸਵਰਨ ਹਿੰਦੂਆਂ ਦੇ ਅਤੇ ਅਨਿਆਂ ਭਰੇ ਵਰਤਾਰੇ ਕਰਕੇ ਹੈ । ਸਦੀਆਂ ਤੋਂ ਸਵਰਨ ਹਿੰਦੂ ਹੀ ਹਿੰਦੁਸਤਾਨ ਦੇ ਮਾਲਕ ਬਣੇ ਆ ਰਹੇ ਹਨ । ਅੱਜ ਵੀ ਭਾਰਤ ਭਰ ਦੇ ਪਿੰਡਾਂ ਵਿਚ ਸਵਰਨ ਜ਼ਿਮੀਦਾਰ ਜਾਂ ਭੂਮੀਦਾਰ ਸਵਾਮੀ ਹੈ ਅਤੇ ਸ਼ਹਿਰਾਂ ਵਿਚ ਦੌਲਤਮੰਦ ਬਾਣੀਏ ਅਤੇ ਹਕੂਮਤ ਵਿਚ ਬ੍ਰਾਹਮਣ ਆਦਿ ਉੱਚ ਜਾਤੀਏ ਹਿੰਦੂ ਹੀ ਸਰਬੋ ਸਰਬਾ (ਸਭ ਕੁਝ) ਹਨ । (ਪੁਸਤਕ 'ਬਾਬਾ ਸਾਹਿਬ ਨਾਲ 25 ਵਰ੍ਹੇ' ਸੋਹਣ ਲਾਲ ਸ਼ਾਸਤਰੀ-181)

ਮਹਾਤਮਾ ਗਾਂਧੀ ਨੇ ਬਾਬਾ ਸਾਹਿਬ ਬਾਰੇ ਕਿਹਾ, "ਡਾ. ਅੰਬੇਡਕਰ ਦੀ ਜਮਾਤ ਅਤੇ ਉਨ੍ਹਾਂ ਦੇ ਪੁਰਖਿਆਂ ਨਾਲ ਅਸੀਂ ਅਤੇ ਸਾਡੇ ਪੁਰਖਿਆਂ ਨੇ (ਭਾਵ ਸਵਰਨ ਆਰੀਆਂ ਨੇ) ਬਹੁਤ ਜ਼ੁਲਮ ਅਤੇ ਅੱਤਿਆਚਾਰ ਕੀਤੇ ਹਨ । ਜੇ ਡਾ. ਅੰਬੇਡਕਰ ਸਾਹਿਬ ਗਾਲ੍ਹਾਂ ਤਾਂ ਕੀ ਡਾਂਗ ਮਾਰ ਕੇ ਸਾਡਾ ਸਿਰ ਵੀ ਤੋੜ ਦੇਣ ਤਾਂ ਵੀ ਸਾਡੇ ਸਦੀਆਂ ਦੇ ਪਾਪਾਂ ਦਾ ਪਛਤਾਵਾ ਪੂਰਾ ਨਹੀਂ ਹੋ ਸਕਦਾ ।"

"ਲੇਕਿਨ ਮੈਂ ਹਰੀਜਨ ਸੇਵਕ ਸੰਘ ਦੀ ਧਨ ਰਾਸ਼ੀ ਦਾ ਕੰਟਰੋਲਰ ਡਾ. ਅੰਬੇਡਕਰ ਨੂੰ ਨਹੀਂ ਬਣਾ ਸਕਦਾ (ਸੋਚੋ ਭਲਾ ਕਿਉਂ ?)" ਸ਼ਾਸਤਰੀ ਸਫਾ-21) ਬਾਬਾ ਸਾਹਿਬ ਨੇ ਜ਼ੋਰ ਨਾਲ ਕਿਹਾ-'ਅਛੂਤ ਵੀ ਇਨਸਾਨ ਹਨ । ਉਨ੍ਹਾਂ ਦੇ ਵੀ ਰਹਿਣ ਲਈ ਸਵੈਮਾਨ ਤੇ ਇੱਜ਼ਤ ਨਾਲ ਮਰਨ ਲਈ ਮਨੁੱਖੀ ਅਧਿਕਾਰ ਹਨ । ਇਹ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੈ ।' ਸੁਧਾਰਵਾਦੀਆਂ ਦਾ ਕੰਮ ਹੈ ਦੂਜਿਆਂ ਨਾਲ ਧੋਖਾ ਕਰਨਾ । ਉਸ ਨੇ ਸੁਧਾਰਕਾਂ ਬਾਰੇ ਕਿਹਾ ਕਿ ਉਹ ਅਛੂਤਾਂ ਦੀ ਤਰੱਕੀ ਲਈ ਬੇਹੱਦ ਖਤਰਨਾਕ ਹਨ । (ਕਿਉਂਕਿ ਸੁਧਾਰ ਨਾਲ ਬਿਮਾਰੀ ਨਹੀਂ ਜਾਂਦੀ) "ਉਸ ਨੇ ਐਲਾਨ ਕੀਤਾ ਕਿ ਜੇ ਅਛੂਤ ਹਿੰਦੂ ਹਨ ਤਾਂ ਉਨ੍ਹਾਂ ਨੂੰ ਹਿੰਦੂ ਮੰਦਰਾਂ ਦੇ ਪੁਜਾਰੀ ਬਣਨ ਦੀ ਆਗਿਆ ਹੋਣੀ ਚਾਹੀਦੀ ਹੈ ।"

ਨੋਟ :-ਇਸ ਦੂਜੇ ਭਾਗ ਵਿਚ ਅਸੀਂ ਕੁਝ ਅਜਿਹੇ ਵਿਚਾਰ ਪੇਸ਼ ਕਰਾਂਗੇ, ਜਿਨ੍ਹਾਂ ਦਾ ਕਮਿਊਨਲ ਅਵਾਰਡ ਨਾਲ ਸਿੱਧਾ ਸੰਬੰਧ ਹੈ ਅਤੇ ਜਿਸ ਅਧੀਨ ਭਾਰਤ ਦੇ ਅਛੂਤਾਂ ਨੂੰ ਹਜ਼ਾਰਾਂ ਸਾਲ ਬਾਅਦ ਕਾਨੂੰਨੀ ਅਧਿਕਾਰ ਦਿੱਤੇ ਗਏ । ਅਗਲੇ ਪੈਰ੍ਹਿਆਂ ਨੂੰ ਅਸੀਂ ਡਾ. ਅੰਬੇਡਕਰ ਬਨਾਮ ਮਹਾਤਮਾ ਗਾਂਧੀ ਦਾ ਸਿਰਲੇਖ ਦੇ ਸਕਦੇ ਹਾਂ।

ਵੱਖਰੇ ਚੋਣ ਖੇਤਰ (ਜੋ ਧਾਰਮਿਕ ਘੱਟ ਗਿਣਤੀਆਂ ਅਤੇ ਅਛੂਤਾਂ ਨੂੰ 17 ਅਗਸਤ 1932 ਨੂੰ ਮਿਲੇ) ਦੱਬੇ-

ਦਲਿਤ ਲੋਕਾਂ ਲਈ, ਆਪਣੇ ਫੈਸਲੇ ਆਪ ਕਰ ਸਕਣ ਦਾ ਅਧਿਕਾਰ ਸੀ, ਜਿਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਦੀ ਅਜਾਰੇਦਾਰੀ ਟੁੱਟ ਗਈ । ਪ੍ਰੰਤੂ ਗਾਂਧੀ ਫਿਰਕੂ ਇਨਾਮ ਦੇ ਪੂਰਾ ਵਿਰੁੱਧ ਸੀ । ਉਸ ਨੇ ਕਿਹਾ ਕਿ ਅਛੂਤਾਂ ਦੇ ਹਿੱਤਾਂ ਨੂੰ ਹਿੰਦੂ ਹਿੱਤਾਂ ਨਾਲੋਂ ਵੱਖਰਾ ਨਹੀਂ ਕੀਤਾ ਜਾਣਾ ਚਾਹੀਦਾ, ਤੇ ਉਨ੍ਹਾਂ ਦੇ ਅਧਿਕਾਰ ਹਿੰਦੂਆਂ ਦੇ ਅਧਿਕਾਰਾਂ ਤੋਂ ਵੱਖ ਨਹੀਂ ਮਿਥੇ ਜਾਣੇ ਚਾਹੀਦੇ । (ਕਿਉਂਕਿ ਉਹ ਦਲਿਤਾਂ ਨੂੰ ਪਹਿਲਾਂ ਵਾਂਗ ਹੀ ਸਵਰਨ ਹਿੰਦੂਆਂ ਅਤੇ ਗੁਲਾਮ ਬਣਾ ਕੇ ਰੱਖਣ ਲਈ ਬਜ਼ਿਦ ਸੀ) ਪੁਸਤਕ 'ਬਾਬਾ ਸਾਹਿਬ ਡਾ. ਅੰਬੇਡਕਰ ਨਾਲ ਯਾਦਾਂ ਅਤੇ ਤਜਰਬੇ' ਸਫਾ 25, ਸ਼ੰਕਰਾ ਨੰਦ ਸ਼ਾਸਤਰੀ)

ਸਫਾ 27 : ਕਮਿਊਨਲ ਅਵਾਰਡ ਨੂੰ ਰੋਕਣ ਲਈ ਗਾਂਧੀ ਨੇ 20 ਸਤੰਬਰ 1932 ਨੂੰ ਬੰਬੇ ਵਿਚ 'ਹਰੀਜਨ ਸੇਵਕ ਸੰਘ' ਦੀ ਸਥਾਪਨਾ ਕੀਤੀ । ਬ੍ਰਾਹਮਣ ਮਦਨ ਮੋਹਨ ਮਾਲਵੀਆ ਨੇ ਇਸ ਦੀ ਪ੍ਰਧਾਨਗੀ ਕੀਤੀ ਤੇ ਜੀ.ਡੀ. ਬਿਰਲਾ ਪੂੰਜੀਪਤੀ ਇਸ ਸੰਸਥਾ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ । (ਇਸੇ ਕਰਕੇ ਬਾਬਾ ਸਾਹਿਬ ਨੇ ਕਿਹਾ ਸੀ ਕਿ ਭਾਰਤੀ ਦਬੇ-ਕੁਚਲੇ ਸਮਾਜ ਦੇ ਦੋ ਦੁਸ਼ਮਣ ਹਨ ਇਕ ਬ੍ਰਾਹਮਣਵਾਦ ਤੇ ਦੂਜਾ ਪੂੰਜੀਵਾਦ) ਇਸ ਸੰਸਥਾ ਅਧੀਨ ਗਾਂਧੀ ਨੇ 1933-34 ਵਿਚ 125000 ਮੀਲ ਦਾ ਭਾਰਤੀ ਦੌਰਾ ਕੀਤਾ ਅਤੇ 9 ਲੱਖ ਰੁਪਇਆ ਅਛੂਤਪਣ ਖਤਮ ਕਰਨ ਵਾਸਤੇ ਇਕੱਠਾ ਕੀਤਾ । (ਹਰੀਜਨ ਸੇਵਕ ਸੰਘ ਦੀ ਤਰ੍ਹਾਂ ਅਛੂਤਾਂ ਨੂੰ ਮੂਰਖ ਬਣਾਉਣ ਲਈ ਇਕ ਬ੍ਰਾਹਮਣ ਵਿਨੋਬਾ ਭਾਵੇ ਨੇ ਵੀ ਭੂਦਾਨ ਅੰਦੋਲਨ ਚਲਾਇਆ ਜੋ ਜ਼ਮੀਨਾਂ ਖੋਹਣ ਅਤੇ ਹੜੱਪ ਕਰਨ ਵਾਲਿਆਂ ਤੋਂ ਦਾਨ ਲੈ ਕੇ, ਅਛੂਤਾਂ ਨੂੰ ਵੰਡ ਰਿਹਾ ਸੀ ।)

ਸਫਾ 27-ਹਰੀਜਨ ਸੇਵਕ ਸੰਘ ਕੁਝ ਵੀ ਨਹੀਂ ਸੀ ਬਸ ਇਕ ਬ੍ਰਾਹਮਣੀ ਢੰਗ ਸੀ ਅਛੂਤਾਂ ਨੂੰ ਸੁੱਕੀ ਹਮਦਰਦੀ ਨਾਲ ਖਤਮ ਕਰਨ ਦਾ ਤੇ ਉਨ੍ਹਾਂ ਨੂੰ ਵਧੀਆ ਹਿੰਦੂ (ਭਾਵ ਸਵਰਨਾਂ ਦੇ ਵਧੀਆ ਗੁਲਾਮ) ਬਣਾਉਣ ਦਾ ਇਕ ਚਮਕੀਲਾ ਸਾਧਨ ਸੀ । ਉਸ ਵਾਹਨ ਵਿਚ ਭੀੜ ਕਰੀ ਜਦੋਂ ਉਹ ਨਵੀਂ ਦਿੱਲੀ ਦੀ ਭੰਗੀ ਕਾਲੋਨੀ ਵਿੱਚ ਗਿਆ, ਸਰੋਜਨੀ ਨੇ ਦੱਸਿਆ, ਸੈਂਕੜੇ ਕਾਂਗਰਸੀ ਵਰਕਰ, ਹਰੀਜਨਾਂ ਵਾਲੇ ਕੱਪੜੇ ਪਾਈ ਉਸ ਦੇ ਇਰਦ-ਗਿਰਦ ਦੀਆਂ ਝੁੱਗੀਆਂ ਵਿਚ ਰਹਿਣ ਲਈ ਭੇਜੇ ਗਏ ਸਨ । ਉਸ ਨੇ ਨਿਚੋੜ ਕੱਢਿਆ ਕਿ ਤੁਸੀਂ ਇਹ ਨਹੀਂ ਜਾਣ ਸਕੋਗੇ ਕਿ ਕਾਂਗਰਸ ਪਾਰਟੀ ਨੂੰ ਉਸ ਬੁੱਢੇ ਆਦਮੀ ਨੂੰ ਗਰੀਬ ਰੱਖਣ ਲਈ ਕਿੰਨੀ ਕੀਮਤ ਚੁਕਾਉਣੀ ਪੈਂਦੀ ਸੀ । (ਫਰੀਡਮ ਐਟ ਮਿਡਨਾਈਟ-98) । ਬਾਬਾ ਸਾਹਿਬ ਨੇ ਭਵਿੱਖ ਬਾਰੇ ਸੋਚਿਆ ਕਿ ਉਹ ਅਛੂਤਾਂ ਦਾ ਪੱਧਰ ਇਸ ਹੱਦ ਤੀਕ ਚੁੱਕ ਦੇਵੇਗਾ ਕਿ ਉਹ ਦੇਸ਼ ਦੇ ਹਾਕਮ ਬਣ ਜਾਣਗੇ, ਤੇ ਜੇ ਉਹ ਉਸ ਮੰਤਵ ਨੂੰ ਪ੍ਰਾਪਤ ਕਰਨ ਵਿਚ ਫੇਲ੍ਹ ਹੋ ਗਿਆ ਤਾਂ ਲੋੜ ਜੋਗੇ ਧਨ ਨਾਲ ਇਕ ਪਿਸਤੌਲ ਖਰੀਦ ਕੇ ਆਪਣੇ-ਆਪ ਨੂੰ ਖਤਮ ਕਰ ਲਵੇਗਾ । (ਸੋਹਨ ਲਾਲ ਸ਼ਾਸਤਰੀ-22.)

1942 'ਚ ਗਾਂਧੀ ਨੇ ਭਾਰਤ ਛੱਡੋ ਅੰਦੋਲਨ ਦਾ ਐਲਾਨ ਕਰ ਦਿੱਤਾ ਤਾਂ ਵਾਇਸਰਾਇ ਨੇ ਸਾਰੇ ਕੌਮੀ ਨੇਤਾਵਾਂ ਨੂੰ ਗ੍ਰਿਫਤਾਰ ਕਰਕੇ ਅੰਡੇਮਾਨ ਜੇਲ੍ਹਾਂ ਵਿਚ ਭੇਜਣ ਦਾ ਫੈਸਲਾ ਕਰ ਲਿਆ । ਸਾਰੇ ਉੱਚ ਜਾਤੀ ਦੇ ਕੌਂਸਲ ਮੈਂਬਰਾਂ ਨੇ ਮਤਾ ਪਾਸ ਕਰ ਦਿੱਤਾ, ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ, ਪਾਰਸੀ ਤੇ ਇਸਾਈ ਵੀ ਸ਼ਾਮਲ ਸਨ । ਪ੍ਰੰਤੂ ਬਾਬਾ ਸਾਹਿਬ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਵਾਇਸਰਾਇ ਨੂੰ ਕਿਹਾ ਕਿ ਗਾਂਧੀ, ਨਹਿਰੂ, ਪਟੇਲ ਅਤੇ ਰਾਜਿੰਦਰ ਪ੍ਰਸਾਦ ਆਦਿ ਕੌਮੀ ਨੇਤਾ ਹਨ, ਜਿਨ੍ਹਾਂ ਦੀ ਲੜਾਈ ਆਪਣੇ ਦੇਸ਼ ਦੀ ਆਜ਼ਾਦੀ ਪ੍ਰਾਪਤ ਕਰਨਾ ਹੈ । ਨਾ ਉਹ ਜੁਰਮੀ ਹਨ ਤੇ ਨਾ ਕਾਤਲ । ਉਹ ਭਾਰਤੀ ਲੋਕਾਂ ਦੇ ਨੇਤਾ ਹਨ । ਉਨ੍ਹਾਂ ਨੂੰ ਭਾਰਤੀ ਜੇਲ੍ਹਾਂ ਵਿਚ ਹੀ ਰੱਖਿਆ ਜਾਣਾ ਚਾਹੀਦਾ ਹੈ । ਨਤੀਜੇ ਵਜੋਂ ਉਹੀ ਕੁਝ ਹੋਇਆ ਜੋ ਬਾਬਾ ਸਾਹਿਬ ਨੇ ਕਿਹਾ (ਸੋਚਣਾ ਇਹ ਹੈ ਕਿ ਅਸਲ ਗੱਦਾਰ ਕੌਣ ਹਨ ?) ਤੇ ਨੇਤਾਵਾਂ ਨੂੰ ਭਾਰਤੀ ਜੇਲ੍ਹਾਂ ਅੰਦਰ ਰਾਜਸੀ ਕੈਦੀਆਂ ਵਾਲੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਗਈਆਂ । (ਪ੍ਰੰਤੂ ਜਦੋਂ ਅਸੀਂ ਇਤਿਹਾਸ ਫਰੋਲਦੇ ਹਾਂ ਤਾਂ ਪਤਾ ਲਗਦਾ ਹੈ ਕਿ ਬਾਬਾ ਸਾਹਿਬ ਦੇ ਤਿੰਨ ਮੁੱਖ ਦੁਸ਼ਮਣ ਸਨ ਪਟੇਲ, ਗਾਂਧੀ ਅਤੇ ਲੁਕਵੇਂ ਰੂਪ ਵਿਚ ਨਹਿਰੂ) ।

ਰੱਬ ਬਾਰੇ ਬਾਬਾ ਸਾਹਿਬ ਨੇ ਦਲਿਤਾਂ ਨੂੰ ਦੱਸਣ ਦਾ ਯਤਨ ਕੀਤਾ ਕਿ ਹੇਠਾਂ ਉੱਪਰ ਕੋਈ ਰੱਬ ਨਹੀਂ ਹੈ । ਇਹ ਤਾਂ ਬ੍ਰਾਹਮਣ ਪੁਜਾਰੀਆਂ ਦੇ ਦਿਮਾਗ ਦੀ ਘਾੜਤ ਹੈ । ਕਰਮਾਂ ਦਾ ਸਿਧਾਂਤ ਬ੍ਰਾਹਮਣਵਾਦੀ ਉੱਚ-ਨੀਚ ਦੀ ਮਨੋਘੜਤ ਕਹਾਣੀ ਹੈ । ਦਲਿਤ ਜਮਾਤਾਂ ਦੇ ਲੋਕ ਵੀ ਚੰਗੇ ਤੇ ਪਵਿੱਤਰ ਪਾਣੀ ਵਾਂਗ ਪਵਿੱਤਰ ਹੀ ਜਨਮੇ ਹਨ । ਅਛੂਤਪਣ ਦਾ ਸਿਧਾਂਤ ਬ੍ਰਾਹਮਣਵਾਦ ਅਤੇ ਇਸ ਦੇ ਗ੍ਰੰਥਾਂ ਦੁਆਰਾ ਥੋਪਿਆ ਗਿਆ ਹੈ । ਡਾਕਟਰ ਅੰਬੇਡਕਰ ਨੇ ਅਛੂਤਾਂ ਅਤੇ ਅਛੂਤ ਕਬੀਲਿਆਂ ਵਿਚੋਂ ਆਈ.ਏ.ਐੱਸ.ਆਈ.ਸੀ.ਐਸ ਅਤੇ ਮੰਤਰੀ ਪੈਦਾ

ਕੀਤੇ ਹਨ, ਪ੍ਰੰਤੂ ਮਹਾਤਮਾ ਗਾਂਧੀ ਨੇ ਅਛੂਤਾਂ ਦੀਆਂ ਗਲੀਆਂ ਕੱਢੀਆਂ ਹਨ ਅਤੇ ਮੋਚੀਆਂ ਦੀ ਇਕ ਫੌਜ ਤਿਆਰ ਕੀਤੀ ਹੈ । ਉਸ ਨੇ ਆਦਰਸ਼ ਸਫਾਈ ਸੇਵਕ ਅਤੇ ਗੁਲਾਮ ਪੈਦਾ ਕੀਤੇ ਹਨ ।.....ਗਾਂਧੀ ਨੇ ਗੁਲਾਮਾਂ ਨੂੰ ਵਧੀਆ ਗੁਲਾਮ ਬਣਾਉਣਾ ਚਾਹਿਆ ।.....ਉਸ ਨੇ ਉਨ੍ਹਾਂ ਨੂੰ (ਅਛੂਤਾਂ) ਭਾਵ ਆਪਣੀ ਮੁਕਤੀ ਅਤੇ ਤਰੱਕੀ ਦੇ ਰਸਤੇ ਤੋਂ ਦੂਰ ਕਰਨ ਲਈ ਪੂਰੀ ਵਾਹ ਲਗਾਈ ।

1937 ਵਿਚ ਕੇਂਦਰੀ ਸੂਬੇ ਮੱਧ ਪ੍ਰਦੇਸ਼ ਵਿਚ ਕਾਂਗਰਸੀ ਵਜ਼ਾਰਤ ਬਣੀ । ਡਾਕਟਰ ਖਾਰੇ ਇਸ ਦਾ ਮੁਖੀ ਸੀ । ਉਸ ਨੇ ਇਕ ਅਛੂਤ ਅਗਨੀ ਬੋਸ ਨੂੰ (ਜੋ ਕਾਂਗਰਸ ਦਾ ਚਮਚਾ ਸੀ) ਰਾਜ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ । ਪ੍ਰੰਤੂ ਮਹਾਤਮਾ ਗਾਂਧੀ ਨੇ ਇਸ ਦੀ ਸਖਤ ਅਲੋਚਨਾ ਕੀਤੀ ਤੇ ਖਾਰੇ ਨੂੰ ਸਲਾਹ ਦਿੱਤੀ ਕਿ ਅਛੂਤਾਂ ਦੇ ਦਿਮਾਗਾਂ ਵਿਚ ਇਨੀਆਂ ਉੱਚੀਆਂ ਇੱਛਾਵਾਂ, ਭਾਵਨਾਵਾਂ ਨਾ ਪੈਦਾ ਕੀਤੀਆਂ ਜਾਣ । ਤੇ ਅਖੀਰ ਡਾ. ਖਾਰੇ ਨੂੰ ਇਹ ਸਜ਼ਾ ਮਿਲੀ ਕਿ ਉਸ ਨੂੰ ਮੁੱਖ ਮੰਤਰੀ ਦੇ ਪਦ ਤੋਂ ਹੱਥ ਧੋਣੇ ਪਏ ।-19.

ਭਾਰਤੀ ਨੈਸ਼ਨਲ ਕਾਂਗਰਸ ਦੀ ਪ੍ਰਧਾਨ ਸ੍ਰੀਮਤੀ ਸਰੋਜਨੀ ਨਾਈਡੋ ਨੇ ਲਾਰਡ ਮਾਊਂਟ ਬੈਟਨ ਨੂੰ ਦੱਸਿਆ– "ਜਦੋਂ ਉਹ ਕਲਕੱਤਾ ਸਟੇਸ਼ਨ ਦੇ ਪਲੇਟ ਫਾਰਮ 'ਤੇ ਉਤਰਦਾ, ਇਕ ਲੋੜੀਂਦੀ ਤੀਜੇ ਦਰਜੇ ਦੇ ਵਾਹਨ ਵਿਚੋਂ ਭੀੜ ਨੂੰ ਵੇਖ ਰਿਹਾ ਹੁੰਦਾ ਕਿ ਉਹ ਇਕੱਲਾ ਹੈ, ਉਸ ਦੀ ਕੋਈ ਹਿਫਾਜ਼ਤ ਨਹੀਂ ਪ੍ਰੰਤੂ ਉਹ ਇਹ ਨਹੀਂ ਜਾਣਦਾ ਹੁੰਦਾ ਸੀ ਕਿ ਉਥੇ ਸਾਡੇ ਦਰਜਨਾਂ ਹੀ ਲੋਕ (ਉੱਚੀ ਜਾਤ ਦੇ) ਜਿਨ੍ਹਾਂ ਨੇ 'ਅਛੂਤਾਂ ਵਾਲੇ ਕੱਪੜੇ' ਪਾਏ ਹੁੰਦੇ ਸਨ, ਉਸ ਦੇ ਮਗਰ-ਮਗਰ ਤੁਰ ਰਹੇ ਹੁੰਦੇ ਸਨ ।" ਕਮਿਊਨਲ ਅਵਾਰਡ ਰਾਹੀਂ ਅਛੂਤਾਂ ਤੇ ਧਾਰਮਿਕ ਘੱਟ ਗਿਣਤੀਆਂ ਨੂੰ ਰਾਖਵੇਂ ਤੇ ਵੱਖਰੇ ਅਧਿਕਾਰ 1932 ਵਿਚ ਮਿਲੇ । ਸਰਕਾਰ ਨੇ 1934 ਵਿਚ ਰਾਖਵੀਆਂ ਸੀਟਾਂ ਪ੍ਰਤੀ ਹਦਾਇਤਾਂ ਜਾਰੀ ਕੀਤੀਆਂ ਪ੍ਰੰਤੂ ਇਸ ਬਾਰੇ 1942 ਤੱਕ ਕੋਈ ਪ੍ਰਵਾਹ ਨਾ ਕੀਤੀ ਗਈ । ਜੁਲਾਈ 1942 'ਚ ਬਾਬਾ ਸਾਹਿਬ ਵਾਇਸਰਾਏ ਕੌਂਸਲ ਵਿਚ ਮੈਂਬਰ ਨਿਯੁਕਤ ਹੋਏ ਤਾਂ ਉਨ੍ਹਾਂ ਅਕਤੂਬਰ 1943 ਵਿਚ ਪਹਿਲਾਂ 8 1/2 ਪ੍ਰਤੀਸ਼ਤ ਤੇ ਫੇਰ 12 1/2 ਪ੍ਰਤੀਸ਼ਤ ਰਾਖਵਾਂਕਰਨ ਦੀਆਂ ਹਦਾਇਤਾਂ ਜਾਰੀ ਕਰਵਾ ਕੇ ਰਾਖਵਾਂਕਰਨ ਲਾਗੂ ਕੀਤਾ ।

ਘੱਟ ਗਿਣਤੀਆਂ ਦਾ ਰਾਖਵਾਂਕਰਨ

1947 ਦੀ ਆਜ਼ਾਦੀ ਤੋਂ ਬਾਅਦ ਮੁਸਲਮਾਨਾਂ, ਇਸਾਈਆਂ, ਪਾਰਸੀਆਂ, ਸਿੱਖਾਂ ਅਤੇ ਐਂਗਲੋ ਇੰਡੀਅਨ ਦਾ ਰਾਖਵਾਂਕਰਨ ਖਤਮ ਕਰ ਦਿੱਤਾ ਗਿਆ, ਕਿਉਂਕਿ ਧਾਰਮਿਕ ਘੱਟ ਗਿਣਤੀਆਂ ਦੇ ਸਾਰੇ ਲੀਡਰਾਂ ਨੇ ਆਪਣਾ ਰਾਖਵਾਂਕਰਨ ਖਤਮ ਕਰਨ ਦਾ ਮਤਾ ਪਾਸ ਕਰ ਦਿੱਤਾ । ਬ੍ਰਾਹਮਣ ਬਾਣੀਆਂ ਜਮਾਤ ਨੇ ਉਨ੍ਹਾਂ ਸਭ ਨੂੰ ਖਰੀਦ ਲਿਆ । ਜਿਵੇਂ ਇਸਾਈ ਨੇਤਾ ਮਹਾਰਾਜਾ ਸਿੰਘ ਨੂੰ ਅਤੇ ਪਾਰਸੀ ਲੀਡਰ ਮੋਦੀ ਨੂੰ ਬੰਬੇ, ਯੂ.ਪੀ. ਦੇ ਗਵਰਨਰ ਬਣਾ ਦਿੱਤਾ । ਮੌਲਾਨਾ ਅਬੁੱਲ ਕਲਾਮ ਅਜ਼ਾਦ ਨੇ ਮੀਟਿੰਗਾਂ 'ਚ ਆਉਣਾ ਬੰਦ ਕਰ ਦਿੱਤਾ । ਅਜਿਹਾ ਉਸ ਨੇ ਆਪਣੇ ਕਾਂਗਰਸੀ ਮਾਲਕਾਂ ਦੀ ਖੁਸ਼ੀ ਲਈ ਕੀਤਾ । ਸਰਦਾਰ ਭਾਈ ਪਟੇਲ ਬਾਬਾ ਸਾਹਿਬ ਦਾ ਵਿਰੋਧੀ ਸੀ ਤੇ ਗਾਂਧੀ ਭਗਤ ਸੀ ।

ਫਿਰ ਵੀ ਬਾਬਾ ਸਾਹਿਬ ਨੇ 1947-48 ਦੀਆਂ ਘੱਟ ਗਿਣਤੀ ਮੀਟਿੰਗ ਵਿਚ ਇਨ੍ਹਾਂ ਸਭ ਦੇ ਰਾਖਵਾਂਕਰਨ ਨੂੰ ਖਤਮ ਕਰਨ ਦਾ ਡਰਵਾਂ ਵਿਰੋਧ ਕੀਤਾ, ਜੋ ਕਿ ਅਸੰਬਲੀਆਂ ਅਤੇ ਨੌਕਰੀਆਂ ਵਿੱਚ ਮਿਲਣਾ ਸੀ । ਪ੍ਰੰਤੂ ਧਾਰਮਿਕ ਘੱਟ ਗਿਣਤੀ ਨੇਤਾਵਾਂ ਨੇ ਆਪਣੇ ਨਿੱਜੀ ਹਿੱਤਾਂ ਲਈ ਕੌਮੀ ਹਿੱਤ ਤਿਆਗ ਕੇ, ਬਾਬਾ ਸਾਹਿਬ ਦਾ ਡੱਟਵਾਂ ਵਿਰੋਧ ਕੀਤਾ । ਸਿੱਟੇ ਵਜੋਂ ਧਾਰਮਿਕ ਘੱਟ ਗਿਣਤੀਆਂ ਦਾ ਰਾਖਵਾਂਕਰਨ ਖਤਮ ਹੋ ਗਿਆ, ਪ੍ਰੰਤੂ ਅਛੂਤਾਂ ਦਾ ਰਾਖਵਾਂਕਰਨ ਜੋ ਅਧਿਕਾਰ ਹੈ ਭੀਖ ਨਹੀਂ, 1950 ਦੇ ਸੰਵਿਧਾਨ ਵਿੱਚ ਦਰਜ ਹੋ ਗਿਆ ।

ਬਾਬਾ ਸਾਹਿਬ ਨੇ ਸੰਸਦ ਵਿਚ ਕਿਹਾ ਸੀ ਕਿ ਅਛੂਤਾਂ ਲਈ ਰਾਜਨੀਤਿਕ ਰਾਖਵਾਂਕਰਨ ਉਨ੍ਹਾਂ ਦੀ ਮੌਤ ਤੋਂ ਪਹਿਲਾਂ ਖਤਮ ਹੋ ਜਾਣਾ ਚਾਹੀਦਾ ਹੈ, ਪ੍ਰੰਤੂ ਕਾਂਗਰਸ ਨੇ ਅਜਿਹਾ ਨਾ ਕੀਤਾ, ਕਿਉਂਕਿ ਉਨ੍ਹਾਂ ਨੂੰ 85 ਪ੍ਰਤੀਸ਼ਤ ਮੂਲ ਨਿਵਾਸੀਆਂ ਉਪਰ ਰਾਜ ਕਰਨ ਲਈ, ਅਨੁਸੂਚਿਤ ਜਾਤੀਆਂ, ਤੇ ਕਬੀਲਿਆਂ ਆਦਿ ਵਿਚੋਂ ਚਮਚਿਆਂ ਦੀ ਵੱਡੀ ਲੋੜ ਸੀ । ਇਹ ਰਾਖਵਾਂਕਰਨ ਅੱਜ ਵੀ ਜਾਰੀ ਹੈ ਤੇ ਕੋਈ ਹਿੰਦੂ ਇਸ ਰਾਖਵਾਂਕਰਨ ਵਿਰੁੱਧ ਪੂਰੇ ਭਾਰਤ ਅੰਦਰ ਕਿਧਰੇ ਵੀ ਅਵਾਜ਼ ਨਹੀਂ ਕੱਢਦਾ । ਉਨ੍ਹਾਂ ਨੂੰ ਇਸ ਬਲ ਨਾਲ ਰਾਜ ਮਿਲਦਾ ਚਲਾ ਜਾ ਰਿਹਾ ਹੈ । ਬਾਬਾ ਸਾਹਿਬ ਨੇ 1944 ਵਿਚ ਸਿੱਖਿਆ ਮੰਤਰਾਲੇ ਅੰਦਰ ਅਨੁਸੂਚਿਤ ਜਾਤੀ ਵਜ਼ੀਫਾ ਬੋਰਡ ਸਥਾਪਤ ਕੀਤਾ ਤਾਂ ਕਿ ਅਛੂਤ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਅਜ਼ਾਦ ਦੇਸ਼ਾਂ ਦੇ ਮਾਹੌਲ ਵਿਚ ਉੱਚੀ ਸਿੱਖਿਆ

ਲਈ ਭੇਜਿਆ ਜਾ ਸਕੇ । ਇਹ ਸਕੀਮ 1946 ਤੱਕ ਚਲੀ । ਪ੍ਰੰਤੂ ਜਦੋਂ ਸੀ ਰਾਜਗੁਪਾਲਾਚਾਰੀਆ ਸਿੱਖਿਆ ਮੰਤਰੀ ਬਣਿਆ ਤਾਂ ਇਹ ਸਕੀਮ ਬੰਦ ਕਰ ਦਿੱਤੀ ਗਈ । ਉਹ ਅਛੂਤਾਂ ਦੀ ਉੱਚੀ ਸਿੱਖਿਆ ਦੇ ਵਿਰੁੱਧ ਸੀ । ਉਸ ਨੇ ਜੱਦੀ ਕਿੱਤੇ ਦੀ ਵਕਾਲਤ ਕੀਤੀ ਤਾਂ ਕਿ ਜਾਤੀ ਕਿੱਤੇ ਅਤੇ ਜਾਤਾਂ ਚਲਦੀਆਂ ਰਹਿਣ । ਬਾਬਾ ਸਾਹਿਬ 1942 ਤੋਂ 1946 ਤੱਕ ਵਾਇਸਰਾਏ ਦੇ ਲੇਬਰ ਮੈਂਬਰ ਰਹੇ । ਉਨ੍ਹਾਂ ਨੇ ਲਗਭਗ 40 ਲੇਬਰ ਕਾਨੂੰਨ ਪਾਸ ਕੀਤੇ ਤਾਂ ਕਿ ਭਾਰਤੀ ਮਜ਼ਦੂਰਾਂ ਦੀਆਂ ਤਰਸਯੋਗ ਹਾਲਤਾਂ ਨੂੰ ਬਦਲਿਆ ਜਾ ਸਕੇ ।

ਉਸ ਨੇ ਕੰਮ ਦੇ ਘੰਟੇ ਨੀਯਤ ਕੀਤੇ । ਮੁਆਵਜ਼ੇ ਦਾ ਕਾਨੂੰਨ ਪਾਸ ਕੀਤਾ ਤਾਂ ਕਿ ਜੇ ਕਿਸੇ ਦੇ ਸਰੀਰ ਦਾ ਅੰਗ ਕੱਟਿਆ ਜਾਵੇ ਜਾਂ ਮੌਤ ਹੋ ਜਾਵੇ ਤਾਂ ਉਸ ਨੂੰ ਮੁਆਵਜ਼ਾ ਮਿਲੇ । ਉਨ੍ਹਾਂ ਦੇ ਕੰਮ ਦੀ ਪੂਰੀ ਰਕਮ ਦੇਣ ਲਈ ਕਾਨੂੰਨ ਪਾਸ ਕੀਤਾ । ਕੋਲਾ, ਸੋਨਾ ਅਤੇ ਤਾਂਬਾ ਖਾਨਾਂ ਵਿਚ ਕੰਮ ਕਰਦੇ ਵਰਕਰਾਂ ਦੇ ਬਚਾਅ ਲਈ ਕਾਨੂੰਨ ਬਣਾਏ ਤੇ ਇਨ੍ਹਾਂ ਨੂੰ ਲਾਗੂ ਕਰਵਾਇਆ । ਉਸ ਨੇ ਮਜ਼ਦੂਰਾਂ ਅਤੇ ਉਦਯੋਗ ਮਾਲਕਾਂ ਦੇ ਝਗੜੇ ਨਿਪਟਾਉਣ ਲਈ ਵਿਸ਼ੇਸ਼ ਚੀਫ਼ ਲੇਬਰ ਕਮਿਸ਼ਨਰ ਨਿਯੁਕਤ ਕੀਤਾ । ਸਾਰੇ ਭਾਰਤ ਵਿਚ ਅਨੇਕ ਲੇਬਰ ਅਫ਼ਸਰਾਂ ਦੀ ਨਿਯੁਕਤੀ ਕੀਤੀ । ਉਸ ਨੇ ਬੰਬੇ ਵਿਧਾਨ ਅਸੰਬਲੀ ਵਿਚ ਖੇਤੀ ਕਰਦੇ ਮਜ਼ਦੂਰਾਂ ਦੀ ਜ਼ਮੀਨ ਦੇ ਨਾਲ ਮਜ਼ਦੂਰ ਵੇਚਣ ਵਾਲੀ ਪ੍ਰਥਾ ਨੂੰ ਖਤਮ ਕਰਨ ਦਾ ਬਿੱਲ ਪੇਸ਼ ਕੀਤਾ । 19 ਮਾਰਚ 1928 ਨੂੰ ਬਾਬਾ ਸਾਹਿਬ ਨੇ ਜਬਰੀ ਵਗਾਰ ਵਿਰੁੱਧ ਘੋਲ ਲੜਿਆ । ਉਨ੍ਹਾਂ ਨੇ ਬੰਬਈ ਵਿਧਾਨ ਪ੍ਰੀਸ਼ਦ ਵਿਚ ਇਕ ਬਿੱਲ ਪੇਸ਼ ਕੀਤਾ, ਜੋ ਸਰਕਾਰੀ ਵਗਾਰ ਵਿਰੁੱਧ ਸੀ । ਜੇ ਕੋਈ ਅਛੂਤ ਹਾਜ਼ਰ ਨਾ ਹੋਵੇ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਵਗਾਰ 'ਤੇ ਲਿਜਾਇਆ ਜਾਂਦਾ ਸੀ ।

ਉਨ੍ਹਾਂ ਕਿਹਾ :-ਮੇਰੇ ਵਿਚਾਰ ਵਿਚ ਅੱਜ ਦੀ ਸਭ ਤੋਂ ਵੱਡੀ ਲੋੜ ਹੈ ਕਿ ਲੋਕਾਂ ਵਿਚ ਸਾਂਝੀ ਕੌਮੀਅਤ ਦਾ ਅਹਿਸਾਸ ਪੈਦਾ ਕੀਤਾ ਜਾਵੇ । ਉਨ੍ਹਾਂ ਅੰਦਰ ਇਹ ਜਜ਼ਬਾ ਨਹੀਂ ਕਿ ਉਹ ਸਭ ਤੋਂ ਪਹਿਲਾਂ ਭਾਰਤੀ ਅਤੇ ਪਿੱਛੋਂ ਹਿੰਦੂ-ਮੁਸਲਮਾਨ ਜਾਂ ਸਿੰਧੀ ਅਤੇ ਕਰਨਾਟਕੀ ਹਨ । ਇਹ ਜਜ਼ਬਾ ਕਿ ਪਹਿਲਾਂ ਤੇ ਆਖ਼ਰ ਉਹ ਭਾਰਤੀ ਹਨ, ਪੈਦਾ ਕੀਤਾ ਜਾਵੇ । ਜੇਕਰ ਇਹ ਆਦਰਸ਼ ਹੋਵੇ ਤਾਂ ਫਿਰ ਅਜਿਹੀ ਕੋਈ ਗਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਇਲਾਕਾਪ੍ਰਸਤੀ ਅਤੇ ਜਮਾਤੀ ਚੇਤਨਾ ਉਪਜਦੀ ਹੋਵੇ ।

ਜੂਨ 1928 ਵਿਚ ਬਾਬਾ ਸਾਹਿਬ ਨੇ ਅਛੂਤ ਵਿਦਿਆਰਥੀਆਂ ਵਾਸਤੇ ਹੋਸਟਲ ਖੋਲ੍ਹੇ । ਇਕ ਮਹੀਨਾ ਬਾਅਦ ਉਨ੍ਹਾਂ ਡੀਪਰੈਸਡ ਕਲਾਸਜ਼ ਵਿਦਿਆ ਸੁਸਾਇਟੀ ਕਾਇਮ ਕੀਤੀ ਤਾਂ ਕਿ ਪੱਛੜੇ ਵਰਗਾਂ ਦੇ ਲੋਕ ਵਿੱਦਿਆ ਪ੍ਰਾਪਤ ਕਰ ਸਕਣ । ਉਨ੍ਹਾਂ ਸਰਕਾਰ ਨੂੰ ਡੀਪਰੈਸਡ ਕਲਾਸਜ਼ ਦੇ ਵਿਦਿਆਰਥੀਆਂ ਲਈ ਹੋਸਟਲ ਖੋਲ੍ਹਣ ਦੀ ਅਪੀਲ ਕੀਤੀ । ਬੰਬਈ ਦੇ ਗਵਰਨਰ ਨੇ 8 ਅਕਤੂਬਰ 1928 ਨੂੰ ਪੰਜ ਹੋਸਟਲ ਖੋਲ੍ਹਣ ਦਾ ਐਲਾਨ ਕੀਤਾ । ਸਾਈਮਨ ਕਮਿਸ਼ਨ 85 ਪ੍ਰਤੀਸ਼ਤ ਲੋਕਾਂ ਦੇ ਹਿੱਤ ਵਿੱਚ ਭੁਗਤਿਆ । ਸਾਈਮਨ ਕਮਿਸ਼ਨ ਦੀ ਰਿਪੋਰਟ ਮਈ 1930 ਵਿੱਚ ਛਪੀ । ਕਮਿਸ਼ਨ ਨੇ ਸਿਫਾਰਸ਼ ਕੀਤੀ ਕਿ ਭਾਰਤ ਦੀਆਂ ਰਾਜਨੀਤਿਕ ਪਾਰਟੀਆਂ ਕਿਸੇ ਇਕ ਗੱਲ 'ਤੇ ਸਹਿਮਤ ਨਹੀਂ, ਇਸ ਲਈ ਵੱਖਰੇ ਚੋਣ ਖੇਤਰਾਂ ਦਾ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ ।

ਇਸੇ ਲਈ ਬਾਬਾ ਸਾਹਿਬ ਨੇ ਕਿਹਾ ਸੀ 'ਅਜ਼ਾਦ ਭਾਰਤ ਦਾ ਵਿਧਾਨ ਬਣਾਉਣ ਸਮੇਂ ਅਲੱਗ-ਅਲੱਗ ਹਿੰਦੁਸਤਾਨੀਆਂ ਦੀ ਹਾਲਤ ਦਾ ਧਿਆਨ ਜ਼ਰੂਰ ਰੱਖਣਾ ਪਵੇਗਾ । (ਭਾਵ ਅਧਿਕਾਰਾਂ ਦੀ ਵੰਡ ਇਸ ਹਿਸਾਬ ਨਾਲ ਕਰਨੀ ਹੋਵੇਗੀ ਕਿ ਭਾਰਤੀ ਕੌਮ ਵਿਚ ਬਰਾਬਰੀ ਆ ਸਕੇ ਤੇ ਸਾਰੇ ਇਕ ਸਮਾਨ ਜੀਵਨ ਬਤੀਤ ਕਰ ਸਕਣ ।) ਤੇ ਜਿਹੜੀ ਸਕੀਮ ਉਨ੍ਹਾਂ ਦਲਿਤ ਵਰਗਾਂ ਦੀ ਸੁਰੱਖਿਆ ਬਾਰੇ ਬਣਾਈ ਉਹ ਇਸ ਪ੍ਰਕਾਰ ਹੈ :

"ਬੁਨਿਆਦੀ ਅਧਿਕਾਰਾਂ ਸੰਬੰਧੀ ਐਲਾਨ ਵਿਚ ਕਿਹਾ ਗਿਆ ਸੀ ਕਿ ਦਲਿਤ ਵਰਗਾਂ ਨੂੰ ਦੂਜੇ ਸ਼ਹਿਰੀਆਂ ਦੇ ਬਰਾਬਰ ਨਾਗਰਿਕ ਅਧਿਕਾਰ ਦਿੱਤੇ ਜਾਣ । ਛੂਤ-ਛਾਤ ਦਾ ਖਾਤਮਾ ਕੀਤਾ ਜਾਵੇ । ਕਾਨੂੰਨ ਅੰਦਰ ਹਰ ਪ੍ਰਕਾਰ ਦੇ ਵਿਤਕਰੇ, ਭਿੰਨ ਭੇਦ, ਦੰਡ, ਘਾਟਾ ਅਤੇ ਅਲਾਭ ਸਮਾਪਤ ਕੀਤੇ ਜਾਣ । ਦਲਿਤ ਵਰਗਾਂ ਨੂੰ ਵਿਧਾਨ ਸਭਾਵਾਂ ਵਿਚ ਆਪਣੇ ਨੁਮਾਇੰਦੇ ਵੱਖਰੇ ਚੋਣਕਾਰਾਂ ਰਾਹੀਂ ਆਪ ਚੁਣਨ ਦੀ ਖੁਲ੍ਹ ਹੋਵੇ । ਦਲਿਤ ਵਰਗਾਂ (ਐਸ ਸੀ., ਐਸ.ਟੀ., ਬੀ ਸੀ.) ਨੂੰ ਸਰਕਾਰੀ ਨੌਕਰੀਆਂ ਵਿਚ ਪੂਰੀ ਨੁਮਾਇੰਦਗੀ ਦਿੱਤੀ ਜਾਵੇ ਅਤੇ ਕਰਮਚਾਰੀਆਂ ਦੀ ਭਰਤੀ ਅਤੇ ਕੰਟਰੋਲ ਲਈ ਸਰਵਿਸ ਕਮਿਸ਼ਨ ਸਥਾਪਤ ਕੀਤੇ ਜਾਣ ।"

ਬਾਬਾ ਸਾਹਿਬ ਨੇ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ—

"ਜੇਕਰ ਤੁਸੀਂ ਆਪਣੀ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਦ੍ਰਿੜ ਹੋ ਅਤੇ ਇਸ ਲਈ ਹਰ ਪ੍ਰਕਾਰ ਦੇ

ਤਸੀਹੇ ਝੱਲਣ ਲਈ ਤਿਆਰ ਹੋ ਤਾਂ ਤੁਹਾਡੇ ਲਈ ਅਧਿਕਾਰ ਪ੍ਰਾਪਤ ਕਰਨ ਖਾਤਰ ਜੋ ਘੋਲ ਮੈਂ ਲੜਾਂਗਾ, ਉਸ ਦੀ ਜਿੱਤ ਦਾ ਸੇਹਰਾ ਤੁਹਾਡੇ ਹੀ ਸਿਰ ਬੱਝੇਗਾ ।"

ਜੋ ਯਾਦ ਪਾਤਰ ਪੇਸ਼ ਕੀਤਾ ਗਿਆ

1. ਦਲਿਤ ਵਰਗਾਂ ਨੂੰ ਸਰਕਾਰੀ ਨੌਕਰੀਆਂ, ਫੌਜ ਅਤੇ ਪੁਲਸ ਵਿਚ ਭਰਤੀ ਕੀਤਾ ਜਾਵੇ । ਪੰਜਾਬ ਵਿਚ ਲੈਂਡ 'ਐਲੀਨੇਸ਼ਨ ਐਕਟ' ਰਾਹੀਂ ਅਛੂਤਾਂ ਉੱਪਰ ਜ਼ਮੀਨ ਦੇ ਮਾਲਕ ਨਾ ਬਣ ਸਕਣ ਦੀ ਪਾਬੰਦੀ ਦੂਰ ਕੀਤੀ ਜਾਵੇ । (ਸਪੱਸ਼ਟ ਹੈ ਕਿ ਇਸ ਸਦੀ ਤੱਕ ਵੀ ਅਛੂਤ ਕਿਸੇ ਜ਼ਮੀਨ ਜਾਇਦਾਦ ਦੇ ਮਾਲਕ ਨਹੀਂ ਬਣ ਸਕਦੇ ਸਨ) ਅਛੂਤਾਂ ਨੂੰ ਰਾਜਪਾਲ ਜਾਂ ਗਵਰਨਰ ਜਨਰਲ ਪਾਸ ਰਾਜ ਪ੍ਰਬੰਧ ਵਿਰੁੱਧ ਸ਼ਿਕਾਇਤ ਕਰਨ ਦੀ ਖੁੱਲ੍ਹ ਦਿੱਤੀ ਜਾਵੇ । (ਭਾਵ ਅਛੂਤਾਂ ਨੂੰ ਕੁੱਟ ਖਾ ਕੇ ਰੋਣ ਦਾ ਤੇ ਦੁੱਖ ਦੱਸਣ ਦਾ ਵੀ ਅਧਿਕਾਰ ਨਹੀਂ ਸੀ ।)

ਕਿੰਨਾ ਦ੍ਰਿੜ ਵਿਸ਼ਵਾਸੀ ਸੀ ਉਹ ਮਹਾਨ ਪੁਰਸ਼ : ਜੋ ਆਖਦਾ ਸੀ :- "ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਦਲਿਤ ਵਰਗਾਂ ਦੇ ਲੋਕ ਮੇਰੇ ਕੰਮ ਤੋਂ ਸੰਤੁਸ਼ਟ ਹਨ । ਉਨ੍ਹਾਂ ਨੂੰ ਮੇਰੇ 'ਤੇ ਪੂਰਨ ਵਿਸ਼ਵਾਸ ਹੈ ਅਤੇ ਜਿਸ ਉਦੇਸ਼ ਲਈ ਮੈਂ ਸੰਘਰਸ਼ ਕਰ ਰਿਹਾ ਹਾਂ, ਉਸ ਪਿੱਛੇ ਉਹ (ਭਾਵ ਦੁਖੀ ਲੋਕ) ਤਕੜੇ ਹੋ ਕੇ ਖਲੋਤੇ ਹਨ, ਮੈਂ ਇਹ ਪਰਣ ਕੀਤਾ ਹੋਇਆ ਹੈ ਕਿ ਮੈਂ ਉਨ੍ਹਾਂ ਦੱਬੇ-ਕੁਚਲੇ ਲੋਕਾਂ, ਜਿਨ੍ਹਾਂ ਵਿਚ ਮੈਂ ਪੈਦਾ ਹੋਇਆ ਹਾਂ, ਪਲਿਆ ਅਤੇ ਰਹਿਆ ਹਾਂ, ਦੀ ਸੇਵਾ ਕਰਦਾ ਹੀ ਮਰਾਂਗਾ । ਮੈਂ ਸਹੀ ਰਸਤੇ ਤੋਂ ਇਕ ਇੰਚ ਵੀ ਪਿੱਛੇ ਨਹੀਂ ਹਟਾਂਗਾ ਚਾਹੇ ਮੇਰੀ ਕਿੰਨੀ ਵੀ ਵਿਰੋਧਤਾ ਜਾਂ ਆਲੋਚਨਾ ਕਿਉਂ ਨਾ ਹੋਵੇ ।" ਬਾਬਾ ਸਾਹਿਬ ਨੇ ਗਾਂਧੀ ਨੂੰ ਕਿਹਾ, "ਤੁਸੀਂ ਸਾਡੇ ਨਾਲ ਵਧੀਕੀ ਕਰ ਰਹੇ ਹੋ ।"

ਗਾਂਧੀ : "ਵਧੀਕੀ ਕਰਨਾ ਹੀ ਮੇਰੇ ਭਾਗਾਂ ਵਿਚ ਰਿਹਾ ਹੈ । ਇਹ ਮੇਰੇ ਵੱਸ ਵਿਚ ਨਹੀਂ ਹੈ । ਤੁਸੀਂ ਕਹਿੰਦੇ ਹੋ ਕਿ ਤੁਸੀਂ ਮੇਰੀ ਜਾਨ ਬਚਾਉਣਾ ਚਾਹੁੰਦੇ ਹੋ । ਤੁਸੀਂ ਜਾਣਦੇ ਹੋ ਕਿ ਮੇਰਾ ਜੀਵਨ ਕਿਸ ਤਰ੍ਹਾਂ ਬਚ ਸਕਦਾ ਹੈ । ਮੇਰੀ ਜਾਨ ਬਚਾ ਦਿਉ ..... ਮੇਰਾ ਜੀਵਨ ਤੁਹਾਡੀ ਜੇਬ ਵਿਚ ਹੈ ।" 12 ਫਰਵਰੀ 1933 ਨੂੰ ਮੰਦਰ ਬਾਰੇ ਬਿੱਲ 'ਤੇ ਬੋਲਦਿਆਂ ਬਾਬਾ ਸਾਹਿਬ ਨੇ ਕਿਹਾ— "ਗੁਨਾਹ ਅਤੇ ਦੁਰਾਚਾਰ ਇਸ ਲਈ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ ਕਿ ਬਹੁ-ਗਿਣਤੀ ਉਨ੍ਹਾਂ ਨੂੰ ਖਤਮ ਨਹੀਂ ਕਰਨਾ ਚਾਹੁੰਦੀ । ਅਛੂਤਾਂ ਦੇ ਖਿਆਲ ਵਿਚ ਛੂਤ-ਛਾਤ ਇਕ ਪਾਪਮਈ ਅਤੇ ਦੁਰਾਚਾਰੀ ਰਿਵਾਜ ਹੈ ।.....ਇਸ ਨੂੰ ਬਿਨਾਂ ਝਿਜਕ ਨਸ਼ਟ ਕਰ ਦੇਣਾ ਚਾਹੀਦਾ ਹੈ ।" ਅਛੂਤਾਂ ਦੀ ਮੁਕਤੀ, ਉੱਚੀ ਵਿਦਿਆ, ਨੌਕਰੀਆਂ ਅਤੇ ਚੰਗੇਰੇ ਉਪਜੀਵਕਾਂ ਦੇ ਸਾਧਨਾਂ ਨਾਲ ਹੀ ਹੋ ਸਕਦੀ ਹੈ । ਇਕ ਵਾਰ ਜਦੋਂ ਉਹ ਸਮਾਜਿਕ ਜੀਵਨ ਵਿਚ ਠੀਕ ਸਥਾਨ 'ਤੇ ਪਹੁੰਚ ਜਾਣਗੇ ਤਾਂ ਉਨ੍ਹਾਂ ਦੀ ਇੱਜ਼ਤ ਹੋਣ ਲੱਗੇਗੀ ।......ਅਸੀਂ ਹਿੰਦੂ ਧਰਮ ਵਿਚ ਬਰਾਬਰਤਾ ਚਾਹੁੰਦੇ ਹਾਂ । ਉੱਚੇ ਵਰਗਾਂ ਲਈ ਵਿਸ਼ੇਸ਼ ਅਧਿਕਾਰ ਅਤੇ ਸਹੂਲਤਾਂ ਪਰ ਨਿਚਲੇ ਵਰਗਾਂ ਲਈ ਗਰੀਬੀ, ਇਹ ਹੁਣ ਬਰਦਾਸ਼ਤ ਨਹੀਂ ਹੋਵੇਗਾ ਇਸ ਪਾੜੇ ਨੂੰ ਖਤਮ ਕਰਨਾ ਹੀ ਹੋਵੇਗਾ ।

ਬਾਬਾ ਸਾਹਿਬ ਦੀ ਲਹਿਰ ਦਾ ਨਿਸ਼ਾਨਾ

ਸਾਡੀ ਲਹਿਰ ਦਾ ਲਕਸ਼ ਹੈ ਅੱਤਿਆਚਾਰ, ਅਨਿਆਂ, ਝੂਠੀਆਂ ਰਿਵਾਇਤਾਂ ਵਿਰੁੱਧ ਘੋਲ ਕਰਨਾ ਅਤੇ ਉੱਚੇ ਵਰਗਾਂ ਦੇ ਹਰ ਪ੍ਰਕਾਰ ਦੇ ਵਿਸ਼ੇਸ਼ ਅਧਿਕਾਰ ਖਤਮ ਕਰਕੇ ਗਰੀਬ ਜਨਤਾ ਦੀਆਂ ਗੁਲਾਮੀ ਦੀਆਂ ਬੇੜੀਆਂ ਤੋੜਨਾ ।

ਦਲਿਤ ਆਗੂ ਕਿਹੋ ਜਿਹੇ ਹੋਣ ?

"ਕਾਨੂੰਨ ਸਭਨਾਂ ਸੰਸਾਰਕ ਖੁਸ਼ੀਆਂ ਦਾ ਘਰ ਹੈ—ਤੁਸੀਂ ਕਾਨੂੰਨ ਘੜਨ ਦੀ ਤਾਕਤ ਕਾਬੂ ਕਰੋ । ਪੂਜਾ-ਪਾਠ, ਤਪ-ਤਪੱਸਿਆ ਜਾਂ ਵਰਤਾਂ 'ਤੇ ਸਮਾਂ ਨਸ਼ਟ ਕਰਨ ਦੀ ਥਾਂ ਕਾਨੂੰਨ ਘੜਨ ਦੀ ਤਾਕਤ ਪ੍ਰਾਪਤ ਕਰਨ ਲਈ ਉੱਦਮ ਕਰੋ । ਇਸੇ ਵਿਚ ਤੁਹਾਡੀ ਸ਼ਕਤੀ ਹੈ ।.....ਚੇਤੇ ਰੱਖੋ ਕਿ ਕਿਸੇ ਫਿਰਕੇ ਦਾ ਗਿਣਤੀ ਵਿਚ ਬਹੁਤੇ ਹੋਣਾ ਹੀ ਕਾਫੀ ਨਹੀਂ । (ਜਿਵੇਂ ਮੂਲ ਨਿਵਾਸੀ 85 ਪ੍ਰਤੀਸ਼ਤ ਹਨ, ਪੰਡੂ ਆਰੀਅਨ 15 ਪ੍ਰਤੀਸ਼ਤ) ਉਸ ਦੇ ਲੋਕੀ ਸਦਾ ਸੰਗਠਤ, ਚਿੰਤਕ, ਤਕੜੇ, ਪੜ੍ਹੇ-ਲਿਖੇ, ਅਣਖੀ ਅਤੇ ਸਫਲਤਾ ਨੂੰ ਕਾਇਮ ਰੱਖਣ ਦੇ ਯੋਗ ਵੀ ਹੋਣੇ ਚਾਹੀਦੇ ਹਨ ।" ਬਾਬਾ ਸਾਹਿਬ ਦਾ ਪ੍ਰਤੀਕਰਮ ਇਸ ਪ੍ਰਕਾਰ ਸੀ :

ਹੜਤਾਲ ਬਾਰੇ

ਇਹ ਸੁਤੰਤਰਤਾ ਦਾ ਹੱਕ ਹੈ ।.....ਜੇਕਰ ਆਜ਼ਾਦੀ ਦਾ ਹੱਕ ਇਕ ਰੱਬੀ ਅਧਿਕਾਰ ਹੈ ਤਾਂ ਹੜਤਾਲ ਕਰਨ

ਦਾ ਹੱਕ ਇਕ ਪਵਿੱਤਰ ਅਧਿਕਾਰ ਹੈ।...ਹੜਤਾਲ ਕਰਨ 'ਤੇ ਮਜ਼ਦੂਰਾਂ ਨੂੰ ਸਜ਼ਾ ਦੇਣਾ ਮਜ਼ਦੂਰਾਂ ਨੂੰ ਗੁਲਾਮੀ ਦੀ ਅਵਸਥਾ ਵਲ ਧੱਕਣਾ ਹੈ।ਸਮਝੌਤੇ ਦੀ ਗੱਲਬਾਤ ਹੜਤਾਲ ਰੋਕਣ ਦਾ ਬਹਾਨਾ ਨਹੀਂ ਹੋਣਾ ਚਾਹੀਦਾ।

ਲੋਕਤੰਤਰ ਬਾਰੇ

ਇਹ ਕਿਹੋ ਜਿਹੀ ਸਰਕਾਰ ਹੈ ਜੋ ਖੁਦ ਨੂੰ (ਪਾਪੂਲਰ) ਹਰਮਨ ਪਿਆਰੀ ਕਹਿੰਦੀ ਹੈ ਅਤੇ ਮਜ਼ਦੂਰਾਂ ਦੀਆਂ ਵੋਟਾਂ ਨਾਲ ਚੋਣਾਂ ਜਿੱਤਣ ਦਾ ਦਾਅਵਾ ਕਰਦੀ ਹੈ, ਪ੍ਰੰਤੂ ਜਿਸ ਨੂੰ ਮਜ਼ਦੂਰਾਂ ਦੀ ਭਲਾਈ ਵਿਚ ਕੋਈ ਦਿਲਚਸਪੀ ਨਹੀਂ।ਹਾਕਮਾਂ ਦੇ ਵਿਚਾਰ ਵਿਚ ਇਹ ਲੋਕਤੰਤਰ ਹੋ ਸਕਦਾ ਹੈ, ਪ੍ਰੰਤੂ ਮੈਂ ਇਸ ਨੂੰ ਲੋਕਤੰਤਰ ਨਹੀਂ ਕਹਿ ਸਕਦਾ।ਇਹ ਤਾਂ ਮਜ਼ਦੂਰ ਵਰਗ ਨੂੰ, ਜੋ ਵਿੱਦਿਆ, ਰੋਜ਼ੀ ਕਮਾਣ ਦੇ ਸਾਧਨਾਂ, ਬੁੱਧੀ ਅਤੇ ਸੰਗਠਨ ਹੋਣ ਦੀ ਸ਼ਕਤੀ ਤੋਂ ਵਾਂਝੇ ਹਨ, ਗੁਲਾਮ ਬਣਾਉਣ ਵਾਲਾ ਲੋਕਤੰਤਰ ਹੈ।ਇਹ ਲੋਕਤੰਤਰ ਨਹੀਂ-ਲੋਕਤੰਤਰ ਦਾ ਮਖੌਲ ਹੈ-ਠੱਠਾ ਹੈ।ਉਦਯੋਗ ਵਿਚ ਸ਼ਾਂਤੀ ਕਾਇਮ ਰੱਖਣ ਲਈ ਮਜ਼ਦੂਰ ਨੂੰ ਮਾਲਕ ਦੀ ਜੰਜ਼ੀਰ ਨਾਲ ਨਹੀਂ ਬੰਨ੍ਹਿਆ ਜਾ ਸਕਦਾ।...ਇਹ ਤਾਂ ਉਨ੍ਹਾਂ ਲੋਕਾਂ ਦੀ ਸ਼ਾਂਤੀ ਹੈ ਜਿਨ੍ਹਾਂ ਦੇ ਪੇਟ ਭਰੇ ਹੋਏ ਹਨ, ਜਿਨ੍ਹਾਂ ਦੇ ਬਟਣ ਉਨ੍ਹਾਂ ਦੀਆਂ ਤੋਂਦਾਂ ਨਾਲ ਛੋਹਦੇ ਹਨ।ਸਾਨੂੰ ਅਜਿਹੀ ਸ਼ਾਂਤੀ ਨਹੀਂ ਚਾਹੀਦੀ।.....ਇਸ ਬਿੱਲ ਦਾ ਸਹੀ ਨਾਂ ਮਜ਼ਦੂਰਾਂ ਦੇ ਸ਼ਹਿਰੀ ਹੱਕਾਂ ਨੂੰ ਖਤਮ ਕਰਨ ਦਾ ਬਿੱਲ ਹੋਣਾ ਚਾਹੀਦਾ ਹੈ।

ਕਾਂਗਰਸ ਬਾਰੇ

ਕਾਂਗਰਸ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਪੂੰਜੀਪਤੀਆਂ ਅਤੇ ਦੂਜੇ ਦੇ ਹਿੱਤਾਂ ਲਈ ਵਿਧਾਨਕ ਮਸ਼ੀਨਰੀ ਵਰਤ ਰਹੀ ਹੈ।

ਕਾਂਗਰਸ ਦਾ ਅਸਲੀ ਚੇਹਰਾ ਮੋਹਰਾ

1936 ਵਿਚ ਬਾਬਾ ਸਾਹਿਬ ਨੇ ਕਿਹਾ, "ਕਾਂਗਰਸ ਲੋਟੂਆਂ ਅਤੇ ਲੁੱਟੇ ਜਾਣ ਵਾਲਿਆਂ ਦਾ ਸਮੂਹ ਹੈ।ਹੋ ਸਕਦਾ ਹੈ ਕਿ ਰਾਜਨੀਤਕ ਆਜ਼ਾਦੀ ਲਈ ਇਸ ਦੀ ਲੋੜ ਹੋਵੇ, ਪ੍ਰੰਤੂ ਜਿੱਥੋਂ ਤੱਕ ਸਮਾਜਿਕ ਨਵ-ਨਿਰਵਾਣ ਦਾ ਸੰਬੰਧ ਹੈ, ਇਹ (ਕਾਂਗਰਸ) ਸਭ ਤੋਂ ਭੈੜੀ ਹੈ।

1937 ਦੀ ਹਾਲਤ ਬਾਰੇ ਵਖਿਆਨ

ਬਾਬਾ ਸਾਹਿਬ ਨੇ ਵਿਜੇ ਨੰਦ ਥੀਏਟਰ ਵਿਚ ਕਿਹਾ, "ਇਹ ਗੱਲ ਚੇਤੇ ਰੱਖੀ ਜਾਣੀ ਚਾਹੀਦੀ ਹੈ ਕਿ ਅੰਗਰੇਜ਼ ਅਛੂਤਾਂ ਪ੍ਰਤੀ ਬੇਮੁੱਖ ਹਨ, ਪ੍ਰੰਤੂ ਜਿਨ੍ਹਾਂ ਹਾਕਮਾਂ (ਜੋ ਕਾਂਗਰਸੀ ਚੁਣ ਕੇ ਅੱਗੇ ਆਏ) ਨਾਲ ਸਾਡਾ ਵਾਹ ਪੈ ਗਿਆ ਹੈ ਉਹ ਅੱਤਿਆਚਾਰੀਆਂ ਦੇ ਸੰਗਠਨ ਵਿਚੋਂ ਹਨ.....(ਆਪਣੇ ਲੋਕਾਂ ਨੂੰ ਕਿਹਾ) ਹੁਣ ਦਾ ਸਮਾਂ ਏਕਤਾ-ਸੰਗਠਨ ਅਤੇ ਸੁਚੇਤ ਰਹਿਣ ਦਾ ਸਮਾਂ ਹੈ।ਉਨ੍ਹਾਂ ਕਿਹਾ ਕਿ ਕਿਸ ਤਰ੍ਹਾਂ ਵਜ਼ੀਰੀਆਂ ਰਾਹੀਂ ਕਾਂਗਰਸ ਬ੍ਰਾਹਮਣਵਾਦ ਨੂੰ ਠੋਸ ਰਹੀ ਹੈ।ਸਭੇ ਕਾਂਗਰਸੀ ਮੰਤਰੀ ਮੰਡਲ ਬ੍ਰਾਹਮਣਾਂ ਦੀ ਅਗਵਾਈ ਵਿਚ ਚੱਲ ਰਹੇ ਹਨ, ਜਦੋਂ ਕਿ ਦੱਬੇ-ਕੁਚਲੇ ਵਰਗਾਂ ਦਾ ਕੋਈ ਵਜ਼ੀਰ ਨਹੀਂ।(ਇਹ ਤੱਥ ਤਾਂ ਅੱਜ ਦਾ ਸੱਚ ਵੀ ਹੈ ਪ੍ਰੰਤੂ ਦੱਬੇ-ਕੁਚਲੇ ਨੁਮਾਇੰਦੇ ਜਾਂ ਵਜ਼ੀਰ ਸਵਰਨਾਂ ਦੇ ਚਮਚੇ ਹਨ।ਆਪਣੀ ਦਲਿਤ ਕੌਮ ਦੇ ਵਫਾਦਾਰ ਨਹੀਂ।)

ਮੁੱਖ ਦੁਸ਼ਮਣ

ਬਾਬਾ ਸਾਹਿਬ ਅਨੁਸਾਰ ਇਸ ਦੇਸ਼ ਵਿਚ ਮਜ਼ਦੂਰ ਵਰਗ ਦੇ ਦੋ ਸ਼ੱਤਰੂ ਹਨ ਅਤੇ ਉਹ ਹਨ ਬ੍ਰਾਹਮਣਵਾਦ ਤੇ ਪੂੰਜੀਵਾਦ।ਉਨ੍ਹਾਂ ਵਰਕਰਾਂ ਨੂੰ ਕਿਹਾ ਕਿ ਜੇਕਰ ਉਹ ਮਜ਼ਦੂਰ ਏਕਤਾ ਲਿਆਉਣੀ ਚਾਹੁੰਦੇ ਹਨ ਤਾਂ ਬ੍ਰਾਹਮਣਵਾਦ ਦਾ ਖੁਰਾ ਖੋਜ ਮਿਟਾਉਣ ਕਿਉਂਕਿ ਇਹੀ ਨਾਬਰਾਬਰੀ ਦੀ ਭਾਵਨਾ ਦੀ ਜੜ੍ਹ ਹੈ।

ਵਿਦਿਆ ਬਾਰੇ

ਵਿਦਿਆ ਇਕ ਤਲਵਾਰ ਹੈ, ਸਗੋਂ ਦੋ ਧਾਰੀ ਤਲਵਾਰ।ਇਕ ਸਿੱਖਿਅਤ ਪੁਰਸ਼ ਜੇਕਰ ਉਸ ਵਿਚ ਨਿਮਰਤਾ ਅਤੇ ਸਦਾਚਾਰ ਨਹੀਂ, ਇਕ ਦਰਿੰਦੇ ਤੋਂ ਵੀ ਜੰਗਲੀ ਅਤੇ ਭਿਆਨਕ ਹੈ।(ਇਹ ਜੰਗਲੀ ਪੁਣਾ ਅੱਜ ਆਮ ਪੜ੍ਹੇ-ਲਿਖੇ ਤੇ ਅਹੁਦੇ ਉਪਰ ਬੈਠੇ ਲੋਕਾਂ ਵਿਚ ਦੇਖਿਆ ਜਾ ਸਕਦਾ ਹੈ) ਉਨ੍ਹਾਂ ਦੱਸਿਆ ਕਿ ਸਦਾਚਾਰ ਵਿਦਿਆ ਤੋਂ ਵੀ ਵਧੇਰੇ ਜ਼ਰੂਰੀ ਹੈ।

1934 ਵਿਚ ਬੰਬਈ ਦੀ ਹਾਕਮ ਕਾਂਗਰਸ ਨੇ ਉਦਯੋਗਿਕ ਝਗੜਿਆ ਬਾਰੇ ਬਿੱਲ ਪੇਸ਼ ਕੀਤਾ, ਜਿਸ ਦੀਆਂ ਮੱਦਾਂ ਇਸ ਪ੍ਰਕਾਰ ਸਨ :-

1. ਸਾਰੇ ਉਦਯੋਗਿਕ ਝਗੜਿਆਂ ਵਿਚ ਸਮਝੌਤੇ ਨੂੰ ਲਾਜ਼ਮੀ ਕਰਾਰ ਦੇਣਾ।2. ਸਾਰੇ ਉਦਯੋਗਾਂ ਵਿਚ ਇਕ

ਵਰ੍ਹੇ ਦੇ ਸਮੇਂ ਵਿਚ ਹੜਤਾਲ ਕਰਨ 'ਤੇ ਪਾਬੰਦੀ ਲਾਉਣਾ । 3. ਹੜਤਾਲ ਕਰਨ 'ਤੇ ਮਜ਼ਦੂਰਾਂ ਨੂੰ ਸਜ਼ਾਵਾਂ ਦੇਣੀਆਂ ।

ਇਤਿਹਾਸ ਬਾਰੇ

"ਜੋ ਲੋਕ ਇਤਿਹਾਸ ਨੂੰ ਮਨੋ ਵਿਸਾਰਨਾ ਚਾਹੁੰਦੇ ਹਨ, ਉਹ ਕਦੇ ਵੀ ਇਤਿਹਾਸ ਨਹੀਂ ਬਣਾ ਸਕਦੇ ।"

ਜੀਵਨ ਬਲੀਦਾਨੀ ਬਾਬਾ ਸਾਹਿਬ

"ਕੁਝ ਗੱਲਾਂ ਤੋਂ ਮੇਰੇ ਹਿੰਦੂਆਂ ਨਾਲ ਝਗੜੇ ਹਨ, ਪਰ ਮੈਂ ਤੁਹਾਡੇ ਸਾਹਮਣੇ ਪਰਣ ਕਰਦਾ ਹਾਂ ਕਿ ਮੈਂ ਆਪਣੀ ਮਾਤਰ ਭੂਮੀ ਦੀ ਰੱਖਿਆ ਲਈ ਆਪਣਾ ਜੀਵਨ ਵੀ ਬਲੀਦਾਨ ਕਰ ਦਿਆਂਗਾ ।"

ਦਿਲ ਗੁਰਦੇ ਦਾ ਧਨੀ ਗਰੀਬ ਬਾਬਾ ਸਾਹਿਬ

ਬਾਬਾ ਸਾਹਿਬ ਜੂਨ 1942 ਵਿਚ ਆਪਣੀ ਮਹਾਨ ਪ੍ਰਤਿਭਾ ਕਾਰਨ ਵਾਇਸਰਾਏ ਦੀ ਕਾਰਜ ਸਾਧਕ ਕੌਂਸਲ ਵਿਚੋਂ ਲੇਬਰ ਮੈਂਬਰ ਬਣੇ । ਕਿਸੇ ਅਛੂਤ ਲਈ ਅਜਿਹੇ ਉੱਚੇ ਅਹੁਦੇ 'ਤੇ ਪਹੁੰਚਣਾ ਭਾਰਤ ਅੰਦਰ ਪਹਿਲਾ ਮੌਕਾ ਸੀ । ਬਾਬਾ ਸਾਹਿਬ ਨੇ ਆਪਣੇ ਇਕ ਸਵਾਗਤੀ ਭਾਸ਼ਨ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ :-

"ਉਹ ਇਕ ਗਰੀਬ ਪਰਵਾਰ ਵਿਚ ਪੈਦਾ ਹੋਏ ਸਨ । ਉਨ੍ਹਾਂ ਗਰੀਬਾਂ ਦੀ ਤਰ੍ਹਾਂ ਉਹ ਨੰਗੇ ਫਰਸ਼ ਉੱਤੇ ਸੁੱਤੇ ਹਨ ਤੇ ਉਨ੍ਹਾਂ ਕਈ ਵਾਰ ਪਾਟੇ ਹੋਏ ਕੱਪੜੇ ਪਹਿਨੇ ਹਨ । ਉਨ੍ਹਾਂ ਨੇ ਗਰੀਬੀ ਦੇ ਦਿਨਾਂ ਨੂੰ ਚੰਗੀ ਤਰ੍ਹਾਂ ਆਪਣੇ ਸਰੀਰ 'ਤੇ ਝੱਲਿਆ ਹੈ । ਇਸ ਲਈ ਉਹ ਗਰੀਬਾਂ ਦੇ ਜੀਵਨ ਨੂੰ ਬਹੁਤ ਜਾਣਦੇ ਹਨ । ਉਨ੍ਹਾਂ ਕਿਹਾ ਕਿ ਦੱਬੇ-ਕੁਚਲੇ ਲੋਕਾਂ ਅਤੇ ਉਨ੍ਹਾਂ ਦੇ ਮਿੱਤਰਾਂ ਵਾਸਤੇ ਉਨ੍ਹਾਂ ਦੇ ਦਿੱਲੀ ਦੇ ਨਿਵਾਸ ਸਥਾਨ ਦੇ ਦਰਵਾਜ਼ੇ ਸਦਾ ਖੁੱਲ੍ਹੇ ਰਹਿਣਗੇ ।" ਇਕ ਹੋਰ ਸਭਾ ਵਿਚ ਉਨ੍ਹਾਂ ਕਿਹਾ, "ਉਹ ਭਾਰਤ ਦੇ ਮਜ਼ਦੂਰ ਵਰਗ ਦੇ ਹਿੱਤਾਂ ਦੀ ਉੱਨਤੀ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਦੇ ਕੰਮ ਨੂੰ ਕਦੀ ਵੀ ਪਿੱਛੇ ਨਹੀਂ ਪੈਣ ਦੇਣਗੇ ।"

ਸੰਵਿਧਾਨ ਬਾਰੇ

"ਸਾਡੇ ਉੱਤੇ ਮੁੱਠੀ ਭਰ ਅਤੇ ਹਾਕਮ ਵਰਗ ਦਾ ਰਾਜ ਠੋਸਣ ਦੇ ਉਦੇਸ਼ ਨਾਲ ਰਾਜਨੀਤੀ ਨੂੰ ਗੰਦਾ ਕਰਨ ਦੀ ਚਾਲ ਦਾ ਅਸੀਂ ਮੂੰਹ ਤੋੜ ਮੁਕਾਬਲਾ ਕਰਾਂਗੇ ।" "ਅਸੀਂ ਅਜਿਹੇ ਸੰਵਿਧਾਨ ਦੀ ਆਗਿਆ ਨਹੀਂ ਦੇ ਸਕਦੇ ਜੋ ਹਿੰਦੂਆਂ (ਸਵਰਨਾਂ) ਵਾਸਤੇ ਤਾਂ ਆਜ਼ਾਦੀ ਦਿੰਦਾ ਹੋਵੇ ਪ੍ਰੰਤੂ ਸਾਡੇ ਭਾਵ (ਐਸ ਸੀ ਐੱਸ.ਟੀ. ਬੀ ਸੀ. ਅਤੇ ਐਮ ਸੀ.) ਉੱਤੇ ਸਾਮਰਾਜ ਕਾਇਮ ਕਰਦਾ ਹੋਵੇ । ਅਸੀਂ ਉਸ ਸੰਵਿਧਾਨ ਦੀ ਆਗਿਆ ਨਹੀਂ ਦੇਵਾਂਗੇ ਜਿਸ ਵਿਚ ਅਸੀਂ (ਐੱਸ ਸੀ ਐੱਸ.ਟੀ. ਬੀ ਸੀ.) ਅਜ਼ਾਦ ਨਾ ਹੋਈਏ ਅਤੇ ਸਾਨੂੰ ਬਰਾਬਰੀ ਪ੍ਰਾਪਤ ਨਾ ਹੋਵੇ । ਮੈਂ ਇਹ ਕਦੀ ਨਹੀਂ ਹੋਣ ਦਿਆਂਗਾ ।" "ਤੁਸੀਂ ਆਪਣਾ ਲੋਕਤੰਤਰ ਰੱਖੋ-ਪਰ ਸਾਡੇ ਅਧਿਕਾਰ ਸਾਨੂੰ ਦਿਉ ।" "ਜਦੋਂ ਮੇਰੇ ਤੇ ਦੇਸ਼ ਵਿਚਕਾਰ ਸਵਾਲ ਹੋਵੇਗਾ ਤਾਂ ਮੈਂ ਦੇਸ਼ ਨੂੰ ਪਹਿਲ ਦਿਆਂਗਾ, ਪ੍ਰੰਤੂ ਜਦੋਂ ਦੇਸ਼ ਅਤੇ ਦਲਿਤ ਵਰਗਾਂ ਵਿਚਕਾਰ ਸੰਘਰਸ਼ ਹੋਵੇਗਾ, ਤਦ ਮੈਂ ਦਲਿਤ ਵਰਗਾਂ ਨੂੰ ਪਹਿਲ ਦਿਆਂਗਾ ।"

ਗਾਂਧੀ ਅਤੇ ਕਾਂਗਰਸ ਬਾਰੇ

"ਗਾਂਧੀ ਯੁੱਗ ਭਾਰਤ ਦਾ ਕਾਲਾ ਯੁੱਗ ਹੈ ।" ਦੇਸ਼ ਭਗਤੀ ਕਾਂਗਰਸੀਆਂ ਦੀ ਅਜਾਰੇਦਾਰੀ ਨਹੀਂ ਹੈ । ਜੋ ਲੋਕ ਕਾਂਗਰਸ ਤੋਂ ਵਿਰੁੱਧ ਵਿਚਾਰ ਰੱਖਦੇ ਹਨ, ਉਨ੍ਹਾਂ ਨੂੰ ਵੀ ਜਿਉਣ ਅਤੇ ਸਤਿਕਾਰੇ ਜਾਣ ਦਾ ਪੂਰਾ ਹੱਕ ਹੈ । ਇਹ ਗੱਲ ਕਿ ਕਾਂਗਰਸ ਦੇਸ਼ ਵਾਸਤੇ ਲੜ ਰਹੀ ਹੈ, ਇਕ ਧੋਖਾ ਹੈ ਕਾਂਗਰਸ ਤਾਂ ਆਪਣੇ ਹੱਥਾਂ ਵਿਚ 'ਹਕੂਮਤੀ ਕੁੰਜੀਆਂ' ਪ੍ਰਾਪਤ ਕਰਨ ਲਈ ਘੋਲ ਕਰ ਰਹੀ ਹੈ ।" ਸਭਨਾਂ ਜੀਵਾਂ ਪ੍ਰਤੀ ਪਿਆਰ ਅਤੇ ਸਨੇਹ ਅਹਿੰਸਾ ਦੇ ਉੱਘੇ ਸਿਧਾਂਤ ਹਨ । ਨਾਲ ਹੀ ਸਭ ਪ੍ਰਕਾਰ ਦੇ ਬੁਰੇ ਲੋਕਾਂ ਦਾ ਖਾਤਮਾ ਕਰਨਾ ਵੀ ਅਹਿੰਸਾ ਦੇ ਸਿਧਾਂਤ ਦਾ ਇਕ ਭਾਗ ਹੈ । (ਵੇਖੋ ਮਹਾਤਮਾ ਬੁੱਧ ਅਹਿੰਸਾ ਤੇ ਹਿੰਸਾ ਬਾਰੇ) ਇਸ ਤੋਂ ਬਗੈਰ ਅਹਿੰਸਾ ਇਕ ਫੋਕੀ ਜਿਹੀ ਚੀਜ਼ ਰਹਿ ਜਾਂਦੀ ਹੈ । ਕੇਵਲ ਇਕ ਮਨ ਲੁਭਾਣੀ......ਸ਼ਕਤੀ ਅਤੇ ਸ਼ੀਲ ਉਨ੍ਹਾਂ ਦਾ ਆਦਰਸ਼ ਹੋਣਾ ਚਾਹੀਦਾ ਹੈ ।"

ਜੰਗ ਬਾਰੇ

"ਜੰਗ ਨੂੰ ਉਸ ਸਮੇਂ, ਜਦੋਂ ਕਿ ਧਾਵਾ ਬੋਲਿਆ ਗਿਆ ਹੋਵੇ, ਲੜਨੋਂ ਇਨਕਾਰ ਕਰਕੇ ਖਤਮ ਨਹੀਂ ਕੀਤਾ ਜਾ ਸਕਦਾ । ਜੰਗ ਨੂੰ ਖਤਮ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਜੰਗ ਜਿੱਤਣੀ ਪਵੇਗੀ । ਤਾਂ ਹੀ ਸ਼ਾਂਤੀ ਕਾਇਮ ਹੋ ਸਕੇਗੀ !" ਅਛੂਤਾਂ ਦੀ ਸਮੱਸਿਆ 'ਤੇ ਬੋਲਦਿਆਂ ਬਾਬਾ ਸਾਹਿਬ ਨੇ ਕਿਹਾ :- ਭਾਰਤ ਦਾ ਜੋ ਵੀ ਸੰਵਿਧਾਨ ਬਣੇ, ਉਹ ਅਨੁਸੂਚਿਤ ਜਾਤਾਂ ਵੱਲੋਂ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ । ਹਰੇਕ ਬਜਟ ਵਿਚ

ਅਛੂਤਾਂ ਨੂੰ ਵਿਦਿਅਕ ਸਹੂਲਤਾਂ (ਵਜ਼ੀਫੇ ਆਦਿ) ਦੇਣ ਦੀ ਰਕਮ ਨਿਯਤ ਕੀਤੀ ਜਾਣੀ ਚਾਹੀਦੀ ਹੈ । ਅਛੂਤਾਂ ਦੀ ਅਬਾਦੀ, ਉਨ੍ਹਾਂ ਦੀ ਲੋੜ ਅਤੇ ਮਹਤੱਤਾ ਅਨੁਸਾਰ ਉਨ੍ਹਾਂ ਨੂੰ ਸਾਰੇ ਰਾਜ ਪ੍ਰਬੰਧ, ਭਾਵੇਂ ਉਹ ਕੇਂਦਰੀ ਹੋ ਜਾਂ ਪ੍ਰਦੇਸ਼ਕ, ਪਬਲਿਕ ਸਰਵਿਸ ਕਮਿਸ਼ਨ, ਜੁਡੀਸ਼ਰੀ, ਪੁਲਸ ਅਤੇ ਮਹਿਕਮਾਂ ਮਾਲ ਵਿਚ ਨੁਮਾਇੰਦਗੀ ਦਿੱਤੀ ਜਾਵੇ ।

ਬਾਬਾ ਸਾਹਿਬ ਦੀ ਰਾਜਨੀਤੀ

ਸਾਡੀ ਰਾਜਨੀਤੀ ਦੀ ਬੁਨਿਆਦ ਇਹ ਹੈ ਕਿ ਅਛੂਤ ਹਿੰਦੂਆਂ ਦਾ ਅੰਗ ਨਹੀਂ ਸਗੋਂ ਉਹ ਭਾਰਤ ਦੇ ਕੌਮੀ ਜੀਵਨ ਵਿੱਚ ਇਕ ਅਲੱਗ ਹਿੱਸਾ ਹਨ ।

ਮੇਰਾ ਆਦੇਸ਼ ਤੁਹਾਨੂੰ ਇਹ ਹੈ ਕਿ ਤੁਸੀਂ :- ਪੜ੍ਹੋ-ਲਿਖੋ ।ਸੰਘਰਸ਼ ਕਰੋ ।ਅਤੇ ਸੰਗਠਨ ਪੈਦਾ ਕਰੋ ।ਆਪਣੇ ਵਿਚ ਵਿਸ਼ਵਾਸ ਰੱਖੋ ।ਜਦੋਂ ਇਨਸਾਫ ਸਾਡੇ ਵੱਲ ਹੈ ਤਾਂ ਅਸੀਂ ਆਪਣਾ ਸੰਘਰਸ਼ ਜ਼ਰੂਰ ਜਿਤਾਂਗੇ ।ਮੇਰੇ ਲਈ ਸੰਘਰਸ਼ ਇਕ ਆਨੰਦਪੂਰਨ ਗੱਲ ਹੈ ।ਜੱਦੋ-ਜਹਿਦ ਨਾਲ ਮੇਰਾ ਚਿੱਤ ਖਿੜ ਜਾਂਦਾ ਹੈ ।ਸਾਡੀ ਲੜਾਈ ਨਾ ਧਨ ਦੌਲਤ ਵਾਸਤੇ ਹੈ ਅਤੇ ਨਾ ਤਾਕਤ ਪ੍ਰਾਪਤ ਕਰਨ ਲਈ ਸਗੋਂ ਸਾਡੀ ਲੜਾਈ 'ਆਜ਼ਾਦੀ' ਵਾਸਤੇ ਹੈ ।"ਇਹ ਲੜਾਈ ਖੁਸਿ ਹੋਏ ਵਿਅਕਤੀਤਵ (ਬੰਦੇ ਹੋਣ ਦੀ ਤਾਕਤ) ਨੂੰ ਮੁੜ ਪ੍ਰਾਪਤ ਕਰਨ ਦੀ ਲੜਾਈ ਹੈ ।"

"-ਜਿਹੋ ਜਿਹੀ ਹਾਲਤ ਵਿਚ ਇਸ ਸਮੇਂ ਮੈਂ ਹਾਂ, ਮੇਰੇ ਲਈ ਇਹ ਅਤੀ ਜ਼ਰੂਰੀ ਹੋ ਗਿਆਹੈ ਕਿ ਮੈਂ ਬ੍ਰਾਹਮਣਾਂ ਦੇ ਉਨ੍ਹਾਂ ਸਮਾਜ ਵਿਰੋਧੀ ਕਾਰਜਾਂ ਵਿਰੁੱਧ ਲੜਾਈ ਲੜਾਂ ਜਿਨ੍ਹਾਂ ਕਰਕੇ ਮੇਰੀ ਜਨਤਾ ਨੂੰ ਕੁੱਤਿਆਂ ਅਤੇ ਬਿੱਲਿਆਂ ਤੋਂ ਵੀ ਭੈੜਾ ਸਮਝਿਆ ਜਾਂਦਾ ਹੈ ਤੇ ਉਨ੍ਹਾਂ ਦੀ ਤਰੱਕੀ ਦੇ ਸਾਰੇ ਰਸਤੇ ਰੋਕ ਦਿੱਤੇ ਜਾਂਦੇ ਹਨ ।"

ਅਹਿੰਸਾ ਅਤੇ ਹਿੰਸਾ ਬਾਰੇ

ਸਮਤਾ ਸੈਨਿਕ ਦਲ ਸਾਹਮਣੇ ਬੋਲਦਿਆਂ ਬਾਬਾ ਸਾਹਿਬ ਨੇ ਕਿਹਾ-

'ਉਹ ਅਹਿੰਸਾ ਦੇ ਸਿਧਾਂਤ ਨੂੰ ਪਿਆਰਦੇ ਹਨ ......' ਇਹ ਬੰਦੇ ਦੀ ਸ਼ਾਨ ਦੇ ਖਿਲਾਫ ਹੈ ਕਿ ਉਹ ਬੇਵਸੀ, ਗੁਲਾਮੀ ਅਤੇ ਹੀਣਤਾ ਦਾ ਜੀਵਨ ਬਤੀਤ ਕਰੇ ।" 'ਮੱਕਾਰ ਪੁਰਸ਼' ਦਾ ਖਾਤਮਾ ਵੀ ਅਹਿੰਸਾ ਹੀ ਹੈ । ਅਨੁ. ਜਾਤੀਆਂ ਨੂੰ ਸਬਨਾਂ ਵਿਧਾਨ ਸਭਾਵਾਂ ਵਿਚ ਲੋਕਲ ਬਾਡੀਜ਼ ਵਿਚ ਨੁਮਾਇੰਦਗੀ ਦਿੱਤੀ ਜਾਵੇ ।ਸਾਰੇ ਭਾਰਤ ਵਿਚ ਅਛੂਤਾਂ ਨੂੰ ਨਵੀਆਂ ਬਸਤੀਆਂ ਵਿਚ ਵਸਾਉਣ ਲਈ ਇਕ ਵਸਾਊ ਕਮਿਸ਼ਨ ਨਿਯੁਕਤ ਕੀਤਾ ਜਾਵੇ ।ਸਾਰੀ ਵਾਹੀਯੋਗ ਸਰਕਾਰੀ ਜ਼ਮੀਨ ਇਸ ਕਮਿਸ਼ਨ ਦੇ ਅਧਿਕਾਰ ਵਿਚ ਹੋਵੇ, ਆਦਿ ।

ਗੈਰ ਬ੍ਰਾਹਮਣ ਪਾਰਟੀਆਂ ਬਾਰੇ

ਬੰਬਈ ਅਤੇ ਮਦਰਾਸ ਪ੍ਰਾਂਤ ਵਿੱਚ ਪੂਰੇ 20 ਵਰ੍ਹੇ ਹਕੂਮਤ ਕਰਨ ਵਾਲੀਆਂ ਗੈਰ ਬ੍ਰਾਹਮਣ ਪਾਰਟੀਆਂ ਦਾ ਪਤਨ ਇਸ ਕਰਕੇ ਹੋਇਆ ਕਿ ਗੈਰ ਬ੍ਰਾਹਮਣ ਪਾਰਟੀਆਂ ਨੇ ਸਰਕਾਰ ਸੰਭਾਲਣ ਤੋਂ ਬਾਅਦ ਆਪਣੇ ਆਦਮੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਤੋਂ ਛੁੱਟ ਹੋਰ ਕੁਝ ਵੀ ਨਹੀਂ ਕੀਤਾ ।ਇਸ ਦੇ ਨਾਲ ਹੀ ਹੋਰ ਵੀ ਦੁਖਦਾਈ ਗੱਲ ਇਹ ਸੀ ਕਿ ਜਿੰਨ੍ਹਾਂ ਲੋਕਾਂ ਨੂੰ ਗੈਰ ਬ੍ਰਾਹਮਣ ਪਾਰਟੀਆਂ ਨੇ ਸਰਕਾਰੀ ਨੌਕਰੀਆਂ ਦਿੱਤੀਆਂ ਵੀ, ਉਹ ਗੱਦੀ 'ਤੇ ਬੈਠਦਿਆਂ ਹੀ ਆਪਣੇ ਵਰਗ ਨੂੰ ਭੁੱਲ ਗਏ ਅਤੇ ਦੂਜਿਆਂ ਵਾਂਗੂ ਅੱਖੜ ਬਣ ਗਏ ।ਉਨ੍ਹਾਂ ਵਿਚ ਵੀ ਰੰਘੜਊ ਪੁਣਾ ਅਤੇ ਸੁਸਤੀ ਆ ਗਈ ।

ਪਾਰਟੀ ਲੀਡਰ ਤੇ ਸੰਗਠਨ ਬਾਰੇ

ਪਾਰਟੀ ਦਾ ਲੀਡਰ ਦੂਜੀਆਂ ਪਾਰਟੀਆਂ ਦੇ ਲੀਡਰਾਂ ਦੇ ਬਰਾਬਰ ਦੀ ਚੋਟ ਦਾ ਹੋਣਾ ਚਾਹੀਦਾ ਹੈ ।ਦੂਜੀ ਗੱਲ ਲਾਜ਼ਮੀ ਇਹ ਹੈ ਕਿ ਉਹ ਪੂਰੇ ਅਨੁਸ਼ਾਸਨ ਵਾਲਾ ਸੰਗਠਨ ਹੋਵੇ ਅਤੇ ਤੀਜੀ ਗੱਲ ਇਹ ਹੈ ਕਿ ਉਸ ਪਾਸ ਇਕ ਸਪੱਸ਼ਟ ਪ੍ਰੋਗਰਾਮ ਵੀ ਹੋਵੇ ।

ਸੰਘਰਸ਼ਸ਼ੀਲ ਆਦਮੀ ਦੇ ਸੁਭਾਅ ਬਾਰੇ

ਜੋ ਆਦਮੀ ਆਪਣੇ ਪ੍ਰੇਮ ਅਤੇ ਨਫਰਤ ਵਿਚ ਤਿੱਖਾਪਣ ਨਹੀਂ ਲਿਆ ਸਕਦਾ, ਉਹ ਆਪਣੇ ਸਮੇਂ 'ਤੇ ਅਸਰਦਾਰ ਚਿੰਨ੍ਹ ਛੱਡਣ ਦੀ ਉਮੀਦ ਨਹੀਂ ਕਰ ਸਕਦਾ ।ਨਾ ਹੀ ਉਹ ਆਦਮੀ ਅਜਿਹੀ ਸਹਾਇਤਾ, ਜੋ ਵੱਡੇ ਅਸੂਲਾਂ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਜਾਂ ਉਨ੍ਹਾਂ ਮੰਤਵਾਂ ਦੀ ਪ੍ਰਾਪਤੀ ਲਈ ਜਿਨ੍ਹਾਂ ਵਾਸਤੇ ਬੇਹੱਦ ਜੱਦੋ-ਜਹਿਦ ਦੀ ਲੋੜ ਹੁੰਦੀ ਹੈ, ਹੀ ਹਾਸਲ ਕਰ ਸਕਦਾ ਹੈ ।

ਗਾਂਧੀ ਤੇ ਜਿਨਾਹ ਨੂੰ ਨਫਰਤ

ਮੈਂ ਇਹ ਗੱਲ ਦੁਹਰਾਉਣਾ ਚਾਹੁੰਦਾ ਹਾਂ ਕਿ ਜੇਕਰ ਮੈਂ ਸ੍ਰੀ ਗਾਂਧੀ ਅਤੇ ਸ੍ਰੀ ਜਿਨਾਹ ਨੂੰ ਨਫਰਤ ਕਰਦਾ ਹਾਂ, ਹਾਲਾਂ ਕਿ ਇਹ ਗਲਤ ਹੈ ਕਿ ਮੈਂ ਉਨ੍ਹਾਂ ਨੂੰ ਨਫਰਤ ਕਰਦਾ ਹਾਂ ਮੈਂ ਉਨ੍ਹਾਂ ਨੂੰ ਨਫਰਤ ਨਹੀਂ ਕਰਦਾ, ਕੇਵਲ ਉਨ੍ਹਾਂ ਨੂੰ ਨਾਪਸੰਦ ਕਰਦਾ ਹਾਂ ।ਮੇਰੀ ਨਾਪਸੰਦਗੀ ਦਾ ਕਾਰਨ ਇਹ ਹੈ ਕਿ ਮੈਂ ਆਪਣੇ ਮਾਤਰ ਭੂਮੀ ਭਾਰਤ ਨੂੰ ਉਨ੍ਹਾਂ ਨਾਲੋਂ ਜਿਆਦਾ ਪਿਆਰ ਕਰਦਾ ਹਾਂ ।ਇਕ ਸੱਚੇ ਦੇਸ਼ ਭਗਤ ਦਾ ਇਹੋ ਵਿਸ਼ਵਾਸ ਹੈ ।ਮੈਨੂੰ ਆਸ ਹੈ ਕਿ ਇਕ ਨਾ ਇਕ ਦਿਨ ਮੇਰੇ ਦੇਸ਼ ਵਾਸੀ ਇਸ ਹਕੀਕਤ ਨੂੰ ਜਾਣ ਲੈਣਗੇ ਕਿ ਵਤਨ ਕਿਸੇ ਵੀ ਇਕ ਆਦਮੀ ਤੋਂ ਵੱਡਾ ਹੁੰਦਾ ਹੈ ।ਮੈਂ ਬੇਇਨਸਾਫੀ, ਜ਼ੁਲਮ ਜਬਰ, ਝੂਠੀ ਸ਼ਾਨੋ-ਸ਼ੌਕਤ ਅਤੇ ਛਲ-ਕਪਟ ਨੂੰ ਨਫਰਤ ਕਰਦਾ ਹਾਂ ਅਤੇ ਮੇਰੀ ਨਫਰਤ ਦੀ ਲਪੇਟ ਵਿਚ ਉਹ ਸਾਰੇ ਲੋਕ ਆ ਜਾਂਦੇ ਹਨ ਜੋ ਇਨ੍ਹਾਂ ਭੇੜਾਂ ਵਿਚ ਰੁੱਝੇ ਹੋਏ ਹਨ ।

ਸਵਰਾਜ ਬਾਰੇ (10 ਮਈ 43)

ਮਜ਼ਦੂਰਾਂ ਨੂੰ ਭਾਰਤ ਵਿਚ ਮਜ਼ਦੂਰ ਸਰਕਾਰ ਕਾਇਮ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ ।ਸੁਤੰਤਰਤਾ ਪ੍ਰਾਪਤ ਕਰਨਾ ਹੀ ਕਾਫੀ ਨਹੀਂ, ਜਿਆਦਾ ਜ਼ਰੂਰੀ ਗੱਲ ਤਾਂ ਇਹ ਹੈ ਕਿ ਸਵਰਾਜ ਕਿੰਨ੍ਹਾਂ ਦੇ ਹੱਥਾਂ ਵਿਚ ਹੋਵੇਗਾ ।

ਮਜ਼ਦੂਰਾਂ ਅਤੇ ਟਰੇਡ ਯੂਨੀਅਨਾਂ ਬਾਰੇ (17-9-43)

ਸਭ ਤੋਂ ਪਹਿਲਾਂ ਮਜ਼ਦੂਰਾਂ ਨੂੰ ਇਹ ਗੱਲ ਛੱਡਣੀ ਚਾਹੀਦੀ ਹੈ ਕਿ ਭਾਰਤ ਅੰਦਰ ਉਨ੍ਹਾਂ ਦਾ ਆਖਰੀ ਮਕਸਦ ਟਰੇਡ ਯੂਨੀਅਨ ਕਾਇਮ ਕਰਨਾ ਹੀ ਹੈ ।(ਜਿਵੇਂ ਕਿ ਕਮਿਊਨਿਸਟ ਪਾਰਟੀਆਂ ਨੇ ਭਾਰਤੀ ਮਜ਼ਦੂਰਾਂ ਨੂੰ ਅੱਜ ਤੱਕ ਦਿਖਾਇਆ ਹੈ) ਇਸ ਤੋਂ ਵਧੇਰੇ ਨਹੀਂ ।ਮਜ਼ੂਦਰਾਂ ਨੂੰ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦਾ ਨਿਸ਼ਾਨਾ ਸਰਕਾਰ ਸੰਭਾਲਣਾ ਹੈ ।ਇਸ ਲਈ ਉਨ੍ਹਾਂ ਨੂੰ ਰਾਜਨੀਤਕ ਦਲ ਵਜੋਂ ਲੇਬਰ ਪਾਰਟੀ ਸੰਗਠਤ ਕਰਨੀ ਚਾਹੀਦੀ ਹੈ ।ਇਹ ਦਲ ਟਰੇਡ ਯੂਨੀਅਨ ਦੀਆਂ ਸਰਗਰਮੀਆਂ ਵੀ ਕਰੇਗਾ, ਪਰ ਇਸ ਨੂੰ ਟਰੇਡ ਯੂਨੀਅਨਵਾਦ ਦੀ ਸੌੜੀ ਅਤੇ ਸੀਮਤ ਦ੍ਰਿਸ਼ਟੀ-ਤੋਂ ਮੁਕਤ ਹੋਣਾ ਚਾਹੀਦਾ ਹੈ । ਨਾਲ ਹੀ ਇਸ ਨੂੰ ਫਿਰਕੂ ਅਤੇ ਪੂੰਜੀਵਾਦੀ ਰਾਜਨੀਤਕ ਦਲਾਂ ਜਿਵੇਂ ਕਿ ਹਿੰਦੂ ਮਹਾਂ ਸਭਾ ਅਤੇ ਕਾਂਗਰਸ ਤੋਂ ਦੂਰ ਰਹਿਣਾ ਚਾਹੀਦਾ ਹੈ ।ਮਜ਼ਦੂਰਾਂ ਨੂੰ ਯੋਗ ਬਣ ਕੇ ਇਹ ਸਿੱਧ ਕਰਨਾ ਚਾਹੀਦਾ ਹੈ ਕਿ ਇਹ ਦੂਜਿਆਂ ਤੋਂ ਬੇਹਤਰ ਸਰਕਾਰ ਚਲਾ ਸਕਦੇ ਹਨ ।

ਜਦੋਂ ਤੱਕ ਟਰੇਡ ਯੂਨੀਅਨਵਾਦ ਸਰਕਾਰ ਸਾਂਭਣ ਦਾ ਨਿਸ਼ਾਨਾ ਨਹੀਂ ਬਣਾਉਂਦਾ, ਉਸ ਦੇ ਆਗੂ ਇਸ ਤਰ੍ਹਾਂ ਲੜਦੇ-ਝਗੜਦੇ ਰਹਿਣਗੇ ਅਤੇ ਮਜ਼ਦੂਰਾਂ ਦੀ ਕੋਈ ਭਲਾਈ ਨਹੀਂ ਕਰ ਸਕਣਗੇ ।ਟਰੇਡ ਯੂਨੀਅਨ ਤੇ ਮਜ਼ਦੂਰਾਂ ਸੰਬੰਧੀ ਬਾਬਾ ਸਾਹਿਬ ਦੀ ਇਹ ਸੋਚ ਦਰੁਸਤ ਦ੍ਰਿਸ਼ਟੀਕੋਣ ਹੈ ਪ੍ਰੰਤੂ ਭਾਰਤੀ ਕਮਿਊਨਿਸਟ ਪਾਰਟੀਆਂ ਨੇ ਹਜ਼ਾਰਾਂ ਟਰੇਡ ਯੂਨੀਅਨਾਂ ਬਣਾ ਕੇ ਉਨ੍ਹਾਂ ਨੂੰ ਆਪਸ ਵਿਚ ਏਨਾ ਲੜਾ ਦਿੱਤਾ ਹੈ ਕਿ ਹੁਣ ਉਹ ਜਮਾਤਾਂ ਨਹੀਂ ਜਾਤਾਂ ਬਣ ਗਈਆਂ ਹਨ ।ਜਿਨ੍ਹਾਂ ਦਾ ਕੰਮ ਇਕ ਬਹੁਤ ਵੱਡੀ ਸਾਜਿਸ਼ ਹੈ । ਜੋ ਭਾਰਤੀ ਮਜ਼ਦੂਰਾਂ ਨੂੰ ਆਪਣਾ ਰਾਜ ਸਥਾਪਤ ਕਰਨ ਤੋਂ ਰੋਕਣ ਲਈ ਖਾਸ ਤੌਰ 'ਤੇ 1947 ਤੋਂ ਬਾਅਦ ਘੜੀ ਗਈ ਤੇ ਉਨ੍ਹਾਂ ਨੂੰ ਨਿੱਕੀਆਂ ਮੋਟੀਆਂ ਮੰਗਾਂ ਤੱਕ ਸੀਮਤ ਰੱਖ ਕੇ ਏਨਾ ਘਰਕਾਇਆ ਕਿ ਉਹ ਕਿਸੇ 'ਤਬਦੀਲੀ' ਦਾ ਸੁਫਨਾ ਵੀ ਲੈਣ ਤੋਂ ਅਸਮਰੱਥ ਹਨ ।ਭਾਰਤੀ ਕਿਸਮ ਦੇ ਟਰੇਡ ਯੂਨੀਅਇਜ਼ਮ ਨੇ ਭਾਰਤੀ ਮਜ਼ਦੂਰਾਂ ਨੂੰ ਜਾਂ ਖੇਰੂੰ-ਖੇਰੂੰ ਕੀਤਾ ਜਾਂ ਨਿਪੁੰਸਕ ਤੇ ਜਾਂ ਦਿਸ਼ਾਹੀਣ ।ਸਾਨੂੰ ਬਾਬਾ ਸਾਹਿਬ ਦੇ ਇਸ ਸਿਧਾਂਤ ਵੱਲ ਜੋ ਮਜ਼ਦੂਰ ਟਰੇਡ ਯੂਨੀਅਨਾਂ ਲਈ ਹੈ, ਧਿਆਨ ਹੀ ਨਹੀਂ ਦੇਣਾ ਚਾਹੀਦਾ ਸਗੋਂ ਅਮਲ ਕਰਕੇ ਮਜ਼ਦੂਰਾਂ ਨੂੰ ਹਕੂਮਤ ਬਣਾਉਣ ਵੱਲ ਮੋੜ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਲਈ ਇਕ ਉੱਤਮ ਸਰਕਾਰ ਆਪ ਬਣਾ ਸਕਣ ਤੇ ਮੰਗਤਿਆਂ ਦੀ ਕਤਾਰ ਵਿਚੋਂ ਨਿਕਲ ਕੇ ਬੇਹਤਰ ਹਾਕਮਾਂ ਦੀ ਕਤਾਰ ਬਣਾ ਸਕਣ ।

ਲੋਕਤੰਤਰ ਜਾਂ ਕੌਮੀ ਸਰਕਾਰ ਬਾਰੇ : (22-9-44)

ਉਹ ਕੌਮੀ ਸਰਕਾਰ ਦੀ ਸਥਾਪਨਾ ਜਾਂ ਸਵੈਰਾਜ ਜਾਂ ਆਜ਼ਾਦੀ ਦੇ ਵਿਰੋਧੀ ਨਹੀਂ ਹਨ.....ਉਨ੍ਹਾਂ ਕਿਹਾ ਕਿ ਜਦ ਇਕ ਵਾਰ ਲੋਕਤੰਤਰ ਸਰਕਾਰ ਵੋਟਾਂ ਰਾਹੀ ਕਾਇਮ ਹੋ ਜਾਂਦੀ ਹੈ ਤਾਂ ਉਸ ਨਾਲ ਸਾਰੀਆਂ ਮਨੁੱਖੀ ਭੀੜਾਂ (ਭਾਵ ਸਮੱਸਿਆਵਾਂ) ਦੂਰ ਹੋ ਜਾਂਦੀਆਂ ਹਨ । ਜੇਕਰ ਕੌਮੀ ਸਰਕਾਰ ਅਜਿਹੇ ਸ਼ਾਸਕ ਵਰਗਾਂ (ਇਸ਼ਾਰਾ ਬ੍ਰਾਹਮਣਵਾਦੀ ਜਾਤੀਵਾਦੀ, ਮਨੂੰਵਾਦੀ ਫਿਰਕਾਪ੍ਰਸਤੀ ਲੋਕਾਂ ਵੱਲ ਹੈ) ਦੇ ਹੱਥਾਂ ਵਿਚ ਚਲੀ ਗਈ ਜੋ ਇਕ ਫਿਰਕੇ ਤੇ ਇਕ ਵਰਗ ਦੀ ਉੱਨਤੀ ਅਤੇ ਸਿੱਖਿਆ ਦੇ ਚਾਹਵਾਨ ਹਨ ਤੇ ਜੋ ਲੋਕਾਂ ਨੂੰ ਸਿਰਫ ਇਹੋ ਸਮਝਦੇ ਹਨ ਕਿ ਉਹ ਖਾਲੀ ਸੇਵਾ ਕਰਨ ਲਈ ਜੰਮੇ ਹਨ ।(ਜਿਵੇਂ ਸ਼ੂਦਰ ਭਾਵ ਐਸ.ਸੀ., ਐਸ.ਟੀ., ਓ.ਬੀ.ਸੀ. ਅਤੇ

ਸੀਮ ਸੀ.) ਤਾਂ ਅਜਿਹੇ ਹੱਥਾਂ ਵਿਚ ਕੌਮੀ ਸਰਕਾਰ ਵਰਤਮਾਨ ਸਰਕਾਰ ਨਾਲੋਂ ਕਦੀ ਵੀ ਚੰਗੀ ਨਹੀਂ ਹੋ ਸਕਦੀ।

ਗਾਂਧੀਵਾਦ ਬਾਰੇ

ਜੇ ਕੋਈ ਅਜਿਹਾ ਵਾਦ ਹੈ ਜਿਸ ਨੇ ਧਰਮ ਨੂੰ ਅਫੀਮ ਵਜੋਂ ਵਰਤਕੇ ਲੋਕਾਂ ਵਿਚ ਝੂਠੇ ਵਿਸ਼ਵਾਸ ਅਤੇ ਗਲਤ ਧਾਰਨਾਵਾਂ ਪੈਦਾ ਕਰਕੇ ਉਨ੍ਹਾਂ ਨੂੰ ਉਲਝਾਉਣ ਦਾ ਕੰਮ ਕੀਤਾ ਹੈ ਤਾਂ ਉਹ ਗਾਂਧੀਵਾਦ ਹੈ।

ਇਸ ਦੇ ਉਲਟ 'ਸੈਕਟਰੀ ਆਫ ਸਟੇਟ' ਨੂੰ ਗਾਂਧੀ ਨੇ ਇਕ ਖਤ ਲਿਖਿਆ ਜਿਸ ਵਿਚ ਤਿੰਨ ਮੰਗਾਂ ਸਨ : 1. ਸਾਰੇ ਕੈਦੀਆਂ ਨੂੰ ਰਿਹਾ ਕੀਤਾ ਜਾਵੇ। 2. ਲੂਣ ਟੈਕਸ ਖਤਮ ਕੀਤਾ ਜਾਵੇ। 3. ਅੰਬੇਡਕਰ ਨੂੰ (ਕਾਰਜ ਸਾਧਕ ਕੌਂਸਲ ਵਿਚੋਂ) ਹਟਾਇਆ ਜਾਵੇ। ਇਹ ਲਾਰਡ ਵੇਵਲ ਦੀ ਡਾਇਰੀ ਮਿਤੀ 1 ਅਪ੍ਰੈਲ 1946 ਈ. ਵਿਚ ਦਰਜ ਹੈ।

ਮਜ਼ਦੂਰਾਂ ਦੀ ਸੁਰੱਖਿਆ ਪ੍ਰਤੀ ਬਾਬਾ ਸਾਹਿਬ ਨੇ ਕੀ ਕੀਤਾ

ਬਾਬਾ ਸਾਹਿਬ ਨੇ 1946 ਵਿਚ ਸੈਂਟਰਲ ਅਸੈਂਬਲੀ ਵਿਚ ਇਕ ਬਿੱਲ ਪੇਸ਼ ਕੀਤਾ ਜੋ 1948 ਵਿਚ (ਘੱਟੋ-ਘੱਟ ਉਜਰਤ ਕਾਨੂੰਨ) ਵਜੋਂ ਪਾਸ ਹੋ ਗਿਆ। ਇਸ ਵਿਚ ਮਜ਼ਦੂਰਾਂ ਦੀ ਉਜਰਤ ਅਤੇ ਸੇਵਾ ਦੀਆਂ ਪੱਕੀਆਂ ਸ਼ਰਤਾਂ ਮਿੱਥੀਆਂ ਗਈਆਂ। ਉਨ੍ਹਾਂ ਨੇ ਟਰੇਡ ਯੂਨੀਅਨ ਕਾਨੂੰਨ ਵਿਚ ਸੋਧ ਕਰਕੇ ਯੂਨੀਅਨਾਂ ਨੂੰ ਮਾਨਤਾ ਦੇਣ ਤੇ ਰਜਿਸਟਰਡ ਕਰਨ ਦਾ ਰਾਹ ਖੋਲ੍ਹਿਆ। 1946 ਵਿਚ ਲੇਬਰ ਦਫਤਰ ਕਾਇਮ ਕੀਤਾ।

ਮਾਰਚ 1943 ਵਿਚ ਉਦਯੋਗਿਕ ਮਜ਼ਦੂਰਾਂ ਲਈ 'ਬੀਮਾਰੀ ਬੀਮਾ ਯੋਜਨਾ' ਤਿਆਰ ਕਰਨ ਦੇ ਮਨੋਰਥ ਨਾਲ ਤਿੰਨ ਮੈਂਬਰੀ ਕਮੇਟੀ ਮੁਕਰਰ ਕੀਤੀ। ਫਿਰ ਉਨ੍ਹਾਂ ਮਜ਼ਦੂਰਾਂ ਦੀ ਸਮਾਜੀ ਸੁਰੱਖਿਆ ਅਤੇ ਉਨ੍ਹਾਂ ਵਾਸਤੇ ਬੀਮਾ ਯੋਜਨਾ ਵਾਇਸਰਾਏ ਦੀ ਕਾਰਜ ਸਾਧਨ ਕੌਂਸਲ ਵਿਚ ਪੇਸ਼ ਕੀਤੀ। ਅੰਬੇਡਕਰ ਕੌਂਸਲ ਵਿਚ ਇਸ ਗੱਲ 'ਤੇ ਲਗਾਤਾਰ ਜ਼ੋਰ ਦਿੰਦੇ ਰਹੇ ਕਿ ਖਾਨਾਂ ਅੰਦਰ ਔਰਤ ਮਜ਼ਦੂਰਾਂ ਦੇ ਜ਼ਮੀਨਦੋਜ਼ ਕੰਮ ਕਰਨ ਦੀ ਪਾਬੰਦੀ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਅੰਤ ਕੌਂਸਲ ਨੇ ਫਰਵਰੀ 1946 ਈ. ਵਿਚ ਇਸ ਪ੍ਰਤੀਬੰਧ ਨੂੰ ਲਾਗੂ ਕਰਨ ਦਾ ਫੈਸਲਾ ਕਰਿਆ।

ਬਾਬਾ ਸਾਹਿਬ ਨੇ ਮਜ਼ਦੂਰਾਂ ਦੀ ਬੇਹਤਰੀ ਲਈ ਜੋ ਉਪਰਾਲੇ ਕੀਤੇ ਅਤੇ ਨਿਯਮ ਬਣਾਏ ਜਾਂ ਬਣਵਾਏ, ਉਨ੍ਹਾਂ ਦਾ ਜ਼ਿਕਰ ਲਾਰਡ ਵੇਵਲ ਵੱਲੋਂ 5 ਦਸੰਬਰ 1945 ਨੂੰ ਹੇਠ ਲਿਖੇ ਖਤ ਵਿਚੋਂ ਸਪੱਸ਼ਟ ਹੈ। ਅੰਬੇਡਕਰ ਨੇ ਕੌਂਸਲ ਨੂੰ 1946 ਦੇ ਬੱਜਟ ਇਜਲਾਸ ਵਿਚ ਪੇਸ਼ ਕਰਨ ਲਈ 'ਮਜ਼ਦੂਰ ਵਿਧਾਨ' ਸੰਬੰਧੀ ਮਤੇ ਪੇਸ਼ ਕੀਤੇ। ਇਕ ਬਿੱਲ ਵਿਚ ਫੈਕਟਰੀ ਐਕਟ ਦੀ ਸੋਧ ਕਰਕੇ ਮਜ਼ਦੂਰਾਂ ਦੇ ਇਕ ਹਫਤੇ ਵਿਚ ਕੰਮ ਕਰਨ ਦਾ ਸਮਾਂ 56 ਘੰਟਿਆਂ ਤੋਂ ਘਟਾਕੇ 50 ਘੰਟੇ ਕਰਨਦਾ ਪ੍ਰਬੰਧ ਹੈ। ਦੂਜਾ ਬਿੱਲ ਘੱਟੋ-ਘੱਟ ਉਜਰਤ ਨਿਸ਼ਚਿਤ ਕਰਨ ਬਾਰੇ ਹੈ। ਯੋਜਨਾ ਵਿਚ ਖੇਤ ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ ਨਿਸ਼ਚਤ ਕਰਨ ਦਾ ਵੀ ਪ੍ਰਸਤਾਵ ਹੈ। ਕੌਂਸਲ ਨੇ ਮਜ਼ਦੂਰਾਂ ਨੂੰ ਸਰੀਰਕ ਨੁਕਸਾਨ ਪੁੱਜਣ ਦਾ ਮੁਆਵਜ਼ਾ ਅਦਾ ਕਰਨ ਬਾਰੇ ਕਾਨੂੰਨ ਪ੍ਰਵਾਨ ਕਰ ਲਿਆ ਹੈ ਕੌਂਸਲ ਨੇ ਇਕ ਹੋਰ ਬਿੱਲ ਮਨਜ਼ੂਰ ਕੀਤਾ ਹੈ 'ਰੋਜ਼ਗਾਰ ਬਿੱਲ'। ਇਸ ਬਿੱਲ ਦੇ ਪਾਸ ਹੋਣ 'ਤੇ ਵੱਡੀਆਂ-ਵੱਡੀਆਂ ਉਦਯੋਗਿਕ ਸੰਸਥਾਵਾਂ 'ਚ ਮਜ਼ਦੂਰਾਂ ਨੂੰ ਆਪਣੀ ਸੇਵਾ ਸ਼ਰਤਾਂ ਮਨਜ਼ੂਰ ਹੋ ਸਕਣਗੀਆਂ। ਕੌਂਸਲ ਨੇ ਟਰੇਡ ਯੂਨੀਅਨ ਐਕਟ ਵਿਚ ਸੰਸ਼ੋਧਨ ਸੰਬੰਧੀ ਬਿੱਲ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਇਹ ਬਿੱਲ ਮਾਲਕਾਂ ਟਰੇਡ ਯੂਨੀਅਨ ਨੂੰ ਲਾਜ਼ਮੀ ਤੌਰ 'ਤੇ ਮਾਨਤਾ ਦੇਣਾ ਯਕੀਨੀ ਬਣਾਉਂਦਾ ਹੈ।

ਇਨ੍ਹਾਂ ਕਾਰਨਾਮਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤੀ ਮਜ਼ਦੂਰਾਂ ਦਾ ਅਸਲੀ ਨੇਤਾ ਤੇ ਮੁਕਤੀਦਾਤਾ ਬਾਬਾ ਸਾਹਿਬ ਅੰਬੇਡਕਰ ਤੋਂ ਬਿਨਾਂ ਨਾ ਕੋਈ ਸੀ ਤੇ ਨਾ ਉਸ ਤੋਂ ਬਾਅਦ ਪੈਦਾ ਹੋਇਆ। 'ਮਜ਼ਦੂਰਾਂ ਦੇ ਨੇਤਾ' ਅਖਵਾਉਣ ਵਾਲਿਆਂ ਨੇ ਭਾਰਤੀ ਲੋਕਾਂ ਨਾਲ ਦੋ ਤਰ੍ਹਾਂ ਦੀ ਧੋਖੇਬਾਜ਼ੀ ਕੀਤੀ ਹੈ। ਇਕ ਤਾਂ ਬਾਬਾ ਸਾਹਿਬ ਦਾ ਜੀਵਨ ਉਨ੍ਹਾਂ ਤੋਂ ਲੁਕਾ ਕੇ ਉਨ੍ਹਾਂ ਨੂੰ ਅੰਬੇਡਕਰ ਤੋਂ ਦੂਰ ਰੱਖਿਆ। ਦੂਜਾ ਟਰੇਡ ਯੂਨੀਅਨਾਂ ਨੂੰ ਅੰਬੇਡਕਰ ਦੁਆਰਾ ਦੱਸਿਆ ਰਾਹ ਕਿ ਉਨ੍ਹਾਂ ਦਾ ਮੰਤਵ ਰਾਜਸੀ ਤਾਕਤ ਪ੍ਰਾਪਤ ਕਰਨਾ ਹੈ, ਨਾ ਦੱਸ ਕੇ, ਇਕ ਵਿਸ਼ਾਲ ਉਲਝਣ ਪੈਦਾ ਕਰ ਦਿੱਤੀ ਹੈ। ਸਿੱਟੇ ਵਜੋਂ ਮਜ਼ਦੂਰਾਂ ਦੀ ਤਾਕਤ ਨਾਲ ਰਾਜ ਭਾਗ ਮਜ਼ਦੂਰਾਂ ਦੇ ਨੇਤਾ ਅਖਵਾਉਣ ਵਾਲੇ ਉੱਚ ਜਾਤੀ ਦੇ ਮਨੂਵਾਦੀ ਲੈ ਗਏ ਹਨ ਤੇ ਕਰੋੜਾ ਕਾਰਖਾਨਿਆਂ ਦੇ ਕਰੋੜਾਂ ਤੇ ਲੱਗਭੱਗ 40 ਕਰੋੜ ਖੇਤ ਮਜ਼ਦੂਰ 'ਟੁਕੜਿਆਂ' ਦੀਆਂ ਆਮ ਮੰਗਾਂ ਵਿਚ ਉਲਝਾ ਕੇ ਰੱਖ ਦਿੱਤੇ ਹਨ। ਇਕ ਲੰਬੇ ਅਰਸੇ

ਤੋਂ ਭਾਰਤ ਦਾ ਮਜ਼ਦੂਰ ਵਰਗ, ਜੋ ਲਗਪਗ 60 ਕਰੋੜ ਦੇ ਕਰੀਬ ਹੈ ਜ਼ਿੰਦਗੀ ਦੀ ਉਲਝੀ ਤਾਣੀ ਵਿਚ ਏਨਾ ਫਸ ਚੁੱਕਾ ਹੈ ਕਿ ਉਸ ਅੰਦਰ ਇਸ ਜੰਜਾਲ ਵਿਚੋਂ ਨਿਕਲ ਜਾਣ ਦਾ ਸਾਹਸ ਵੀ ਮੁੱਕ ਚੁੱਕਾ ਹੈ ਤਮੰਨਾਂ ਵੀ ਮੁੱਕ ਚੁੱਕੀ ਹੈ । ਜੋ ਅਨਜਾਣ, ਅਨਪੜ੍ਹ ਤੇ ਚਿਥੜਿਆ ਹੋਇਆ ਵਰਗ ਹੈ, ਉਸ ਨੂੰ ਗਾਂਧੀ ਦੇ ਚਰਖੇ ਨੇ ਭਰਮਾ ਲਿਆ ਹੈ । ਜੋ ਮਾੜੀ-ਮੋਟੀ ਸਮਝਦਾਰੀ ਰੱਖਦਾ ਹੈ, ਜਾਂ ਪੜ੍ਹ-ਲਿਖ ਕੇ 'ਟਰੇਡ ਯੂਨੀਅਨ' ਦਾ ਨਾਂ ਲੈਣ ਜੋਗਾ ਹੋ ਗਿਆ ਹੈ, ਉਸ ਨੂੰ 'ਲਾਲ ਫਰੇਰੇ' ਨੇ ਭਰਮਾ ਲਿਆ ਹੈ । ਇਸ ਤਰ੍ਹਾਂ 60 ਕਰੋੜ ਦੇ ਕਰੀਬ ਨਿਮਨ ਵਰਗ ਦਾ ਭਾਰਤੀ ਮਜ਼ਦੂਰ, ਜੋ ਵਿਸ਼ਾਲ ਸ਼ਕਤੀ ਦਾ ਮਾਲਕ ਹੈ, ਬੇਸਿਰ ਬੇਪੈਰ ਤੇ ਬੇਅਰਥ ਨਾਅਰਿਆਂ ਤੇ ਲਾਰਿਆਂ ਵਿਚ ਏਨਾ ਫਸ ਗਿਆ ਹੈ ਕਿ ਉਸ ਨੇ ਲੰਬੇ ਅਰਸੇ ਤੋਂ ਵੱਖ-ਵੱਖ ਰੰਗਾਂ ਦੇ ਫਰੇਰੇ ਲੈ ਕੇ ਖੜੋਤੇ ਮਨੂਵਾਦੀ ਜਾਤੀਵਾਦੀ, ਲੋਕਾਂ ਹੱਥ ਖੁਸ਼ੀ ਨਾਲ ਵਾਗਡੋਰ ਥਮਾ ਰੱਖੀ ਹੈ, ਜਦੋਂ ਕਿ ਉਨ੍ਹਾਂ ਦੀ ਮੁਕਤੀ, ਉਨ੍ਹਾਂ ਦੇ ਆਪਣੀ ਰਾਜਸੀ ਤਾਕਤ ਵਿਚ ਹੈ । ਚਾਹੇ ਉਹ ਖੇਤ ਮਜ਼ਦੂਰ ਹੈ, ਚਾਹੇ ਕਾਰਖਾਨਾ ਜਾਂ ਖਾਣ ਮਜ਼ਦੂਰ, ਉਨ੍ਹਾਂ ਦਾ ਮਨੋਰਥ ਭਾਰਤ ਦੀ ਰਾਜਸੀ ਤਾਕਤ ਆਪਣੇ ਹੱਥਾਂ ਵਿਚ ਲੈਣਾ ਹੋਣਾ ਚਾਹੀਦਾ ਸੀ-ਚਾਹੀਦਾ ਹੈ । ਤਾਂ ਹੀ ਉਹ ਰਾਜਨੀਤਕ, ਧਾਰਮਿਕ, ਆਰਥਿਕ ਵਿੱਦਿਅਕ ਅਤੇ ਸਮਾਜਿਕ ਮੁਕਤੀ ਪ੍ਰਾਪਤ ਕਰ ਸਕਦੇ ਹਨ । ਅਜਿਹੀ ਸੋਚ ਲੈ ਕੇ ਬਾਬਾ ਸਾਹਿਬ ਡਾ. ਅੰਬੇਡਕਰ ਉਨ੍ਹਾਂ ਦੀ ਖਾਤਰ ਜੀਵਨ ਭਰ ਲੜੇ ਤੇ ਸਦੀਆਂ ਤੋਂ ਬੰਦ ਪਏ ਰਸਤੇ ਉਨ੍ਹਾਂ ਸਾਹਮਣੇ ਖੋਲ੍ਹ ਦਿੱਤੇ । ਪ੍ਰੰਤੂ ਇਸ ਦਾ ਫਾਇਦਾ ਉਹੀ ਲੋਕ ਲੈ ਗਏ ਜਿੰਨ੍ਹਾਂ ਨੇ ਇਹ ਰਸਤੇ ਸਦੀਆਂ ਤੋਂ ਬੰਦ ਰੱਖੇ ਸਨ ।

ਬਾਬਾ ਸਾਹਿਬ ਵਿਧਾਨ ਸਭਾ ਵਿਚ ਗਏ

ਬਾਬਾ ਸਾਹਿਬ ਬੰਗਾਲ ਵਿਧਾਨ ਮੰਡਲ ਤੋਂ ਜਿੱਤੇ । ਉਨ੍ਹਾਂ ਦੀ ਜਿੱਤ ਦੀ ਅਗਵਾਈ ਜੋਗਿੰਦਰ ਨਾਥ ਮੰਡਲ ਨੇ ਕੀਤੀ । ਬਾਬਾ ਸਾਹਿਬ ਦੀ ਜਿੱਤ ਵਿਚ ਪੰਜਾਬੀ ਅਤੇ ਬੰਗਾਲੀ ਅਛੂਤਾਂ ਤੋਂ ਇਲਾਵਾ 6 ਕਾਂਗਰਸੀ ਵਿਧਾਇਕਾਂ ਨੇ ਜ਼ੋਰਦਾਰ ਹਿੱਸਾ ਲਿਆ । 20 ਜੁਲਾਈ 1946 ਦੇ ਦਿਨ ਭਾਰਤ ਅੰਦਰ ਇਕ ਤੇਜ਼ ਪ੍ਰਤਾਪੀ ਸੂਰਜ ਉਦੇ ਹੋ ਗਿਆ, ਜਿਸ ਨੇ ਭਾਰਤੀ ਜਨਤਾ ਅਤੇ ਵਿਸ਼ੇਸ਼ ਕਰਕੇ ਭਾਰਤੀ ਔਰਤਾਂ ਦੀ ਮੁਕਤੀ ਲਈ ਕ੍ਰਿਸ਼ਮਾ ਕਰਨਾ ਸੀ ।

ਪੂਨਾ ਪੈਕਟ ਬਾਰੇ ਵਿਚਾਰ

ਇਹ (ਪੂਨਾ ਪੈਕਟ) ਖਤਮ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਸ ਰਾਹੀਂ ਵਿਧਾਨ-ਮੰਡਲਾਂ ਵਿਚ ਅਛੂਤਾਂ ਦੇ ਸਹੀ ਅਤੇ ਸੱਚੇ ਨੁਮਾਇੰਦੇ ਚੁਣ ਕੇ ਨਹੀਂ ਜਾਂਦੇ । ਇਸ ਨੇ ਤਾਂ ਅਸਲੀ ਵੋਟ ਦਾ ਹੱਕ ਵੀ ਖੋਹ ਲਿਆ ਹੈ ।

24 ਅਗਸਤ 1946 ਦੀ ਆਰਜ਼ੀ ਸਰਕਾਰ ਬਾਰੇ

ਸਮਰਾਟ ਨੇ ਜੋ ਨਵਾਂ ਮੰਤਰੀ ਮੰਡਲ ਬਣਾਇਆ ਉਸ ਨੇ 2 ਸਤੰਬਰ 1946 ਨੂੰ ਕਾਰਜ ਸੰਭਾਲਿਆ । ਜਗਜੀਵਨ ਰਾਮ ਨੂੰ ਮੰਤਰੀ ਬਣਾਇਆ ਗਿਆ ਤਾਂ ਬਾਬਾ ਸਾਹਿਬ ਨੇ ਲੰਡਨ ਜਾ ਕੇ ਕਿਹਾ :- "ਲੇਬਰ ਸਰਕਾਰ ਨੇ ਅਨੁਸੂਚਿਤ ਜਾਤਾਂ ਦਾ ਅਪਮਾਨ ਕੀਤਾ ਹੈ ਅਤੇ ਉਨ੍ਹਾਂ ਦੇ ਹਿੱਤਾਂ ਨਾਲ ਧੋਖਾ ਕੀਤਾ ਹੈ ।"

ਭਾਰਤ ਦੀ ਵੰਡ ਬਾਰੇ

ਮੈਨੂੰ ਇਹ ਕਹਿਣ ਵਿਚ ਵੀ ਕੋਈ ਸੰਕੋਚ ਨਹੀਂ ਕਿ ਮੁਸਲਮ ਲੀਗ ਦੀ ਵੰਡ ਦੀ ਮੰਗ ਦੇ ਬਾਵਜੂਦ ਇਕ ਸਮਾਂ ਅਜਿਹਾ ਜ਼ਰੂਰ ਆਵੇਗਾ, ਜਦ ਉਹ ਵੀ ਇਹ ਸੋਚਣ 'ਤੇ ਮਜਬੂਰ ਹੋ ਜਾਣਗੇ ਕਿ ਅਖੰਡ ਭਾਰਤ ਹਰ ਕਿਸੇ ਵਾਸਤੇ ਚੰਗਾ ਹੈ ।

ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿਚ ਕਿਹਾ :-ਕੌਮਾਂ ਦੇ ਭਵਿੱਖ ਦਾ ਫੈਸਲਾ ਕਰਨ ਲੱਗਿਆਂ, ਪੁਰਸ਼ਾਂ, ਆਗੂਆਂ ਅਤੇ ਦਲਾਂ ਦੀ ਸ਼ਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਣੀ ਚਾਹੀਦੀ । (ਭਾਵ ਕੌਮ ਤੇ ਸੰਗਠਤ ਕੌਮ ਸਭ ਤੋਂ ਉੱਤਮ ਤੇ ਬੇਹਤਰ ਹੈ ।)

ਰਾਜਸੀ ਲੋਕਤੰਤਰ ਕੀ ਹੈ

ਬਾਬਾ ਸਾਹਿਬ ਨੇ ਦੱਸਿਆ ਕਿ ਰਾਜਸੀ ਲੋਕਤੰਤਰ ਹੇਠ ਲਿਖੀਆਂ ਚਾਰ ਸ਼ਰਤਾਂ 'ਤੇ ਨਿਰਭਰ ਹੈ :-

1. ਵਿਅਕਤੀ ਆਪਣੇ ਆਪ ਵਿਚ ਇਕ ਅੰਤ ਹੈ । 2. ਵਿਅਕਤੀ ਦੇ ਕੁਝ ਅਧਿਕਾਰ ਅਜਿਹੇ ਹਨ ਜੋ ਉਸ ਤੋਂ ਅੱਡਰੇ ਨਾ ਕੀਤੇ ਜਾ ਸਕਣ ਵਾਲੇ ਹਨ । ਇਨ੍ਹਾਂ (ਅਧਿਕਾਰਾਂ) ਨੂੰ ਵਿਧਾਨ ਦੁਆਰਾ ਲਾਜ਼ਮੀ ਤੌਰ 'ਤੇ ਗਾਰੰਟੀ ਕਰਨਾ ਚਾਹੀਦਾ ਹੈ । 3. ਵਿਅਕਤੀ ਨੂੰ ਕਿਸੇ ਸਹੂਲਤ ਦੀ ਪ੍ਰਾਪਤੀ ਕਰਕੇ ਆਪਣੇ ਕਿਸੇ ਬੁਨਿਆਦੀ

ਅਧਿਕਾਰ ਨੂੰ ਛੱਡਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ। 4. ਰਾਜ ਵਿਅਕਤੀਵਾਦੀ ਪੁਰਸ਼ਾਂ ਨੂੰ ਅਜਿਹੀ ਸ਼ਕਤੀ ਪ੍ਰਦਾਨ ਨਹੀਂ ਕਰੇਗਾ, ਜਿਸ ਨਾਲ ਉਹ ਦੂਜਿਆਂ 'ਤੇ ਹਕੂਮਤ ਕਰੇ।

ਆਰਥਿਕ ਨਿਰਭਰਤਾ ਬਾਰੇ

ਆਰਥਿਕ ਨਿਰਭਰਤਾ, ਉਸ ਤੋਂ ਪੈਦਾ ਹੋਣ ਵਾਲੀ ਗਰੀਬੀ ਅਤੇ ਅਪਮਾਨ ਤੋਂ ਇਲਾਵਾ ਕਈਆਂ ਹੋਰਨਾਂ ਬੀਮਾਰੀਆਂ ਨੂੰ ਵੀ ਜਨਮ ਦਿੰਦੀ ਹੈ। ਹਿੰਦੂਆਂ ਦਾ ਇਕ ਜੀਵਨ ਜ਼ਾਬਤਾ ਹੈ। ਇਹ ਜ਼ਾਬਤਾ ਅਛੂਤਾਂ 'ਤੇ ਮਨੁੱਖੀ ਜੀਵਨ ਦੀ ਸ਼ਾਨ ਅਤੇ ਪਵਿੱਤਰਤਾ ਤੋਂ ਉਲਟ ਕਈ ਤਰ੍ਹਾਂ ਦੇ 'ਅਪਮਾਨ' ਛੱਡਦਾ ਹੈ।, ਪ੍ਰੰਤੂ ਹਿੰਦੂਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਅਤੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਹੈ। ਅਛੂਤ ਉਨ੍ਹਾਂ ਅਪਮਾਨ ਅਤੇ ਜ਼ੁਲਮ ਵਿਰੁੱਧ ਲੜ ਰਹੇ ਜੋ ਹਿੰਦੂਆਂ ਨੇ ਆਪਣੇ ਧਰਮ ਦੇ ਨਾਂ 'ਤੇ ਉਨ੍ਹਾਂ ਉੱਤੇ ਲੱਦ ਦਿੱਤੇ ਹਨ। ਹਿੰਦੂਆਂ ਅਤੇ ਅਛੂਤਾਂ ਵਿਚਕਾਰ ਪ੍ਰਤੀ ਦਿਨ, ਹਰ ਪਿੰਡ ਅੰਦਰ, ਇਕ ਸਦੀਵੀ ਲੜਾਈ ਛਿੜੀ ਹੋਈ ਹੈ। ਹਿੰਦੂਆਂ ਅਤੇ ਅਛੂਤਾਂ ਵਿਚਕਾਰ ਹੋ ਰਿਹਾ ਸਖਤ ਘੋਲ ਇਕ ਹਕੀਕਤ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਮੁਕਾਬਲਾ ਹੈ ਆਰਥਿਕ ਅਤੇ ਸਮਾਜਿਕ ਤੌਰ 'ਤੇ ਤਕੜੇ ਹਿੰਦੂਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਘੱਟ ਗਿਣਤੀ ਅਛੂਤਾਂ ਵਿਚਕਾਰ। ਹਿੰਦੂ ਅਛੂਤਾਂ ਨੂੰ ਦਬਾਉਣ ਵਿਚ ਸਫਲ ਹੋ ਜਾਂਦੇ ਹਨ। ਪੁਲਸ ਅਤੇ ਜੱਜ ਉਨ੍ਹਾਂ ਨਾਲ ਹੈ। ਹਿੰਦੂਆਂ ਦੇ ਸ਼ਸਤਰਘਰ ਵਿਚ ਸਭ ਤੋਂ ਵੱਡਾ ਹਥਿਆਰ ਹੈ 'ਆਰਥਿਕ ਸ਼ਕਤੀ' ਦਾ, ਜੋ ਉਹ ਪਿੰਡਾਂ ਵਿਚ ਅਛੂਤਾਂ ਉੱਤੇ ਵਰਤਦੇ ਹਨ।

ਲੋਕਤੰਤਰ ਕੀ ਹੈ ?

ਲੋਕਤੰਤਰ ਦਾ ਤੱਤ ਇਹ ਸਿਧਾਂਤ ਹੈ, ਕਿ ਇਕ ਪੁਰਸ਼ ਤੇ ਇਕ ਕਦਰ ਕੀਮਤ।
(ਭਾਵ ਲੋਕਤੰਤਰ ਵਿਚ ਵੱਸਣ ਵਾਲੇ ਵਿਅਕਤੀਆਂ ਅਤੇ ਔਰਤਾਂ ਦੀ ਬਰਾਬਰ ਕੀਮਤ-ਕਦਰ।)

ਸੰਵਿਧਾਨ ਬਾਰੇ

ਭਾਰਤ ਦੇ ਨਵੇਂ ਮੰਤਰੀ ਮੰਡਲ ਨੇ 15 ਅਗਸਤ 1947 ਈ. ਨੂੰ ਹਲਫ ਲਿਆ। ਇਸ ਮੰਤਰੀ ਮੰਡਲ ਵਿਚ ਬਾਬਾ ਸਾਹਿਬ ਨੂੰ ਲਿਆ ਗਿਆ ਸੀ। 30 ਅਗਸਤ 1947 ਈ. ਨੂੰ ਬਾਬਾ ਸਾਹਿਬ ਸੰਵਿਧਾਨ ਦੀ ਖਰੜਾ ਕਮੇਟੀ ਦੇ ਪ੍ਰਧਾਨ ਚੁਣੇ ਗਏ।

4 ਨਵੰਬਰ 1948 ਈ. ਨੂੰ ਬਾਬਾ ਸਾਹਿਬ ਨੇ ਕਿਹਾ—'ਜੇਕਰ ਨਵੇਂ ਸੰਵਿਧਾਨ ਵਿਚ, ਹਾਲਾਤ ਵਿਗੜੇ ਤਾਂ (ਇਸ ਦਾ) ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਬੁਰਾ ਹੈ, ਸਗੋਂ ਸਾਨੂੰ ਇਹ ਕਹਿਣਾ ਹੋਵੇਗਾ ਕਿ ਆਦਮੀ ਹੀ ਦੁਸ਼ਟ ਸੀ।' ਕਾਂਗਰਸ ਸਰਕਾਰ ਵਿਚ ਸ਼ਾਮਲ ਹੋਣ ਦਾ ਭਾਵ ਇਹ ਨਹੀਂ ਕਿ ਮੈਂ ਕਾਂਗਰਸ ਵਿਚ ਸ਼ਾਮਲ ਹੋ ਗਿਆ ਹਾਂ।

ਗਾਂਧੀ ਦੀ ਮੌਤ ਬਾਰੇ

ਗਾਂਧੀ ਜੀ ਇਸ ਦੇਸ਼ ਵਾਸਤੇ ਇਕ ਨਿਸਚਤ ਅਤੇ ਪ੍ਰਤੱਖ ਖਤਰਾ ਬਣ ਗਏ ਸਨ। ਉਨ੍ਹਾਂ ਨੇ ਸੁਤੰਤਰ ਚਿੰਤਨ ਦਾ ਗਲਾ ਘੁੱਟ ਦਿੱਤਾ ਸੀ। ਉਨ੍ਹਾਂ ਨੇ ਕਾਂਗਰਸ ਨੂੰ ਇਕਮੁੱਠ ਕਰੀ ਰੱਖਿਆ, ਜਿਸ ਵਿਚ ਸਭ ਪ੍ਰਕਾਰ ਦੇ ਅੜੀ ਭੈੜੇ ਅਤੇ ਸਵਾਰਥੀ ਲੋਕ ਜਮ੍ਹਾਂ ਹਨ ਅਤੇ ਜੋ ਜੀਵਨ ਦੇ ਕਿਸੇ ਵੀ ਸਮਾਜਿਕ ਅਤੇ ਸਦਾਚਾਰਕ ਅਸੂਲ ਤੇ ਸਹਿਮਤ ਨਾ ਹੋਣ ਕਰਕੇ ਕੇਵਲ ਗਾਂਧੀ ਜੀ ਦੀ ਪ੍ਰਸ਼ੰਸਾ ਅਤੇ ਖੁਸ਼ਾਮਦ ਹੀ ਕਰਦੇ ਹਨ। ਅਜਿਹੀ ਸੰਸਥਾ (ਕਾਂਗਰਸ) ਦੇਸ਼ 'ਤੇ ਰਾਜ ਕਰਨ ਦੇ ਅਯੋਗ ਹੈ। ਬਾਈਬਲ ਦਾ ਕਥਨ ਹੈ ਕਿ ਕਈ ਵਾਰ ਕਿਸੇ ਬੁਰਿਆਈ ਵਿਚੋਂ ਵੀ ਚੰਗਿਆਈ ਨਿਕਲ ਆਉਂਦੀ ਹੈ, ਤਿਵੇਂ ਗਾਂਧੀ ਜੀ ਦੀ ਮੌਤ ਨਾਲ ਮੇਰੇ ਵਿਚਾਰ ਵਿਚ, ਕੋਈ ਭਲਾ ਹੀ ਹੋਵੇਗਾ। ਇਸ ਨਾਲ ਲੋਕ ਇਕ ਮਹਾਤਮਾ ਦੀ ਗੁਲਾਮੀ ਤੋਂ ਮੁਕਤ ਹੋ ਜਾਣਗੇ। ਉਹ ਆਪਣੇ-ਆਪ ਸੋਚਣਗੇ। ਆਪਣੇ ਪੈਰਾਂ 'ਤੇ ਆਪ ਖੜੇ ਹੋ ਸਕਣਗੇ।

ਸਦਾਚਾਰ ਦੀ ਕੀਮਤ

ਮੇਰਾ ਸਾਰਾ ਸਰਬਜਨਕ ਜੀਵਨ ਇਸ ਸ਼ੋਹਰਤ 'ਤੇ ਉਸਰਿਆ ਹੋਇਆ ਹੈ ਕਿ ਮੈਂ ਇਕ ਸਦਾਚਾਰੀ ਤੇ ਉੱਚੇ ਇਖਲਾਕ ਵਾਲਾ ਪੁਰਸ਼ ਹਾਂ। ਜੇਕਰ ਮੇਰੇ ਵੈਰੀ ਮੇਰੇ ਤੋਂ ਡਰਦੇ ਹਨ ਤਾਂ ਇਸ ਉੱਚੇ ਚਾਲ ਚਲਣ ਕਰਕੇ ਹੀ ਉਹ ਡਰ ਖਾਂਦੇ ਹਨ। ਮੈਂ ਇਸ ਸ਼ੋਹਰਤ ਨੂੰ ਦਾਗਦਾਰ ਕਰਨ ਵਿਚ ਸ਼ਾਮਲ ਨਹੀਂ ਹੋ ਸਕਦਾ। ਜੇਕਰ ਇਹ ਨਸ਼ਟ ਹੋ ਗਈ ਤਾਂ ਨਾ ਕੇਵਲ ਮੇਰਾ ਸਾਰਾ ਜੀਵਨ ਆਸ਼ਾ ਖਤਮ ਹੋ ਜਾਵੇਗਾ, ਸਗੋਂ ਮੇਰੇ ਲੋਕ, ਜਿਨ੍ਹਾਂ ਵਾਸਤੇ ਮੈਂ ਜੀਵਤ ਹਾਂ

ਅਤੇ ਜਿਨ੍ਹਾਂ ਲਈ ਮੈਂ ਅਥਾਹ ਕੁਰਬਾਨੀਆਂ ਕੀਤੀਆਂ ਹਨ ਤੇ ਜੋ ਗਲਤ ਜਾਂ ਸਹੀ ਮੈਨੂੰ ਆਪਣਾ ਰੱਬ ਸਮਝਦੇ ਹਨ, ਉਨ੍ਹਾਂ ਦਾ ਭਰੋਸਾ ਉਠ ਜਾਵੇਗਾ ।..ਮੈਂ ਇਕ ਦ੍ਰਿੜ ਪੁਰਸ਼ ਹਾਂ ।ਆਮ ਤੌਰ 'ਤੇ ਪਾਣੀ ਦੀ ਤਰ੍ਹਾਂ ਸ਼ਾਂਤ ਅਤੇ ਘਾਹ ਦੀ ਤਰ੍ਹਾਂ ਨਰਮ ਹਾਂ ।.....ਪੁਸਤਕਾਂ ਮੇਰੀਆਂ ਸਾਥੀ ਹਨ ।....ਮੈਂ ਇਸਤਰੀਆਂ ਦੀ ਉੱਨਤੀ ਅਤੇ ਮੁਕਤੀ ਵਾਸਤੇ ਲੜਨ ਵਾਲਾ ਮਹਾਨ ਯੋਧਾ ਰਿਹਾ ਹਾਂ । ਮੈਂ ਔਰਤ ਦੇ ਰੁਤਬੇ ਨੂੰ ਵਧਾਉਣ ਲਈ ਸੰਘਰਸ਼ ਕੀਤਾ ਹੈ, ਜਿਸ ਦਾ ਮੈਨੂੰ ਮਾਣ ਹੈ । .....ਮੈਂ ਚਟਾਨ ਦੀ ਤਰ੍ਹਾਂ ਹਾਂ ਅਤੇ ਪਾਣੀ ਵਿਚ ਘੁਲਾਂਗਾ ਨਹੀਂ । ....ਕਾਂਗਰਸ ਇਕ ਜਲਦਾ ਹੋਇਆ ਘਰ ਹੈ ।ਤੁਸੀਂ ਕਾਂਗਰਸ ਵਿਚ ਸ਼ਾਮਲ ਹੋ ਕੇ ਰੇਤ ਦੀ ਤਰ੍ਹਾਂ ਖੁਰ ਜਾਵੋਗੇ ।ਇਸ ਲਈ ਕਾਂਗਰਸ ਤੋਂ ਪਰ੍ਹੇ ਰਵ੍ਹੋ ।ਆਪਣੀ ਸੰਸਥਾ ਨੂੰ ਮਜ਼ਬੂਤ ਬਣਾਓ ।

ਸੰਸਦ ਵਿਚ 25 ਨਵੰਬਰ 1949 ਨੂੰ ਦਿੱਤੀ ਚਿਤਾਵਨੀ

ਮੈਂ ਇਸ ਹਕੀਕਤ ਤੋਂ ਚਿੰਤਤ ਹਾਂ ਕਿ ਹਿੰਦੁਸਤਾਨ ਨੇ ਇਕ ਵਾਰ ਨਹੀਂ ਸਗੋਂ ਕਈ ਵਾਰ ਆਪਣੇ ਹੀ ਲੋਕਾਂ ਦੀ ਗੱਦਾਰੀ ਅਤੇ ਦੇਸ਼ ਅਭਗਤੀ ਕਰਕੇ ਅਜ਼ਾਦੀ ਗਵਾਈ ਹੈ ।ਜਿਸ ਸਮੇਂ ਸਿੰਧ ਉੱਤੇ ਮੁਹੰਮਦ ਬਿਨ ਕਾਸਮ ਨੇ ਧਾਵਾ ਬੋਲਿਆ, ਉਸ ਵੇਲੇ ਰਾਜਾ ਦਾਹਰ ਦੇ ਸੈਨਿਕਾਂ ਨੇ ਮੁਹੰਮਦ ਬਿਨ ਕਾਸਮ ਤੋਂ ਰਿਸ਼ਵਤਾਂ ਲਈਆਂ ਤੇ ਉਨ੍ਹਾਂ ਦਾਹਰ ਵੱਲੋਂ ਲੜਨ ਤੋਂ ਇਨਕਾਰ ਕਰ ਦਿੱਤਾ ।ਜੇ ਚੰਦ ਨੇ ਮੁਹੰਮਦ ਗੌਰੀ ਨੂੰ ਦਾਅਵਤ ਭੇਜੀ ਅਤੇ ਪ੍ਰਿਥਵੀ ਰਾਜ ਵਿਰੁੱਧ ਆਪਣੇ ਵੱਲੋਂ ਅਤੇ ਸੋਲੰਕੀ ਰਾਜਿਆਂ ਦੀ ਸਹਾਇਤਾ ਕਰਨ ਦਾ ਬਚਨ ਦਿੱਤਾ ।ਜਦੋਂ ਸ਼ਿਵਾਜੀ ਹਿੰਦੂਆਂ ਦੀ ਅਜ਼ਾਦੀ ਵਾਸਤੇ ਲੜ ਰਹਿਆ ਸੀ ਤਦ ਰਾਜਪੂਤ ਅਤੇ ਦੂਜੇ ਮਰਾਠੇ ਰਾਣੇ ਮੁਗਲ ਸਮਰਾਟਾਂ ਦੀ ਹਮਾਇਤ ਵਿਚ ਲੜ ਰਹੇ ਸਨ ।ਜਦ ਬਰਤਾਨੀਆਂ ਸਿੱਖਾਂ ਵਿਰੁੱਧ ਲੜ ਰਹਿਆ ਸੀ ਤਾਂ ਸਿੱਖ ਰਾਜੇ ਤੇ ਖਾਸ ਕਰਕੇ ਉਨ੍ਹਾਂ ਦਾ ਕਮਾਂਡਰ ਚੁੱਪ ਸਾਧੀ ਬੈਠੇ ਰਹੇ ।ਉਸ ਨੇ ਸਿੱਖ ਰਾਜ ਨੂੰ ਬਚਾਉਣ ਲਈ ਕੁਝ ਨਾ ਕੀਤਾ ।1857 ਵਿਚ ਜਦੋਂ ਭਾਰਤ ਦੇ ਬਹੁਤ ਸਾਰੇ ਭਾਗਾਂ ਵਿਚ ਅਜ਼ਾਦੀ ਸੰਗਰਾਮ ਸ਼ੁਰੂ ਹੋਇਆ ਤਦ ਸਿੱਖ ਤਮਾਸ਼ਾਈ ਬਣ ਕੇ ਖੜੇ ਰਹੇ ਅਤੇ ਚੁੱਪ-ਚੁਪੀਤੇ ਸਭ ਕੁਝ ਦੇਖਦੇ ਰਹੇ ।

ਕੀ ਇਤਿਹਾਸ ਆਪਣੇ ਆਪ ਨੂੰ ਫੇਰ ਦੁਹਰਾਏਗਾ ?

ਸਾਨੂੰ ਆਪਣੇ ਖੂਨ ਦੀ ਅੰਤਲੀ ਬੂੰਦ ਤੱਕ ਆਪਣੀ ਅਜ਼ਾਦੀ ਦੀ ਹਿਫਾਜ਼ਤ ਕਰਨੀ ਚਾਹੀਦੀ ਹੈ । ਰਾਜਨੀਤਕ ਲੋਕਤੰਤਰ ਉਦੋਂ ਤੱਕ ਕਾਇਮ ਨਹੀਂ ਰਹਿ ਸਕਦਾ, ਜਦੋਂ ਤੱਕ ਉਸ ਦੀ ਬੁਨਿਆਦ ਵਿਚ ਸਮਾਜਿਕ ਲੋਕਤੰਤਰ ਅਰਥਾਤ ਜੀਵਨ ਦੇ ਅਸੂਲਾਂ ਵਜੋਂ ਅਜ਼ਾਦੀ, ਬਰਾਬਰੀ ਅਤੇ ਭਾਈਚਾਰਾ ਨਾ ਹੋਵੇ ।ਬਰਾਬਰੀ ਤੋਂ ਬਗੈਰ ਅਜ਼ਾਦੀ ਬਹੁਤਿਆਂ ਉੱਤੇ, ਮੁੱਠੀ ਕੁ ਭਰ ਲੋਕਾਂ ਦੀ ਚੌਧਰ ਕਾਇਮ ਕਰ ਦੇਵੇਗੀ ।ਅਜ਼ਾਦੀ ਤੋਂ ਬਗੈਰ ਬਰਾਬਰੀ ਵਿਅਕਤੀਗਤ ਉਤਸ਼ਾਹ ਨੂੰ ਖਤਮ ਕਰ ਦੇਵੇਗੀ । ਭਾਈਚਾਰੇ ਤੋਂ ਬਗੈਰ ਅਜ਼ਾਦੀ ਅਤੇ ਬਰਾਬਰੀ ਕੁਦਰਤੀ ਜਿਹੀਆਂ ਗੱਲਾਂ ਨਹੀਂ ਜਾਪਣਗੀਆਂ ।ਸਦਨ ਨੂੰ ਸਵੀਕਾਰ ਕਰਨਾ ਪਵੇਗਾ ਕਿ ਭਾਰਤੀ ਸਮਾਜ ਵਿਚ ਸਮਾਜਿਕ ਅਤੇ ਆਰਥਿਕ ਨਾ ਬਰਾਬਰੀ ਮੌਜੂਦ ਹੈ ।26 ਜਨਵਰੀ 1950 ਨੂੰ ਅਸੀਂ ਰਾਜਸੀ ਤੌਰ 'ਤੇ ਬਰਾਬਰ (ਭਾਵ ਇਕ ਆਦਮੀ ਇਕ ਵੋਟ ਤੇ ਇਕ ਵੋਟ ਤੇ ਇਕ ਕੀਮਤ) ਅਤੇ ਆਰਥਿਕ ਤੌਰ 'ਤੇ ਨਾ ਬਰਾਬਰ ਹੋਵਾਂਗੇ ।ਜਿੰਨੀ ਛੇਤੀ ਹੋ ਸਕੇ ਸਾਨੂੰ ਇਹ ਭਿੰਨ ਭੇਦ ਅਤੇ ਵਿਤਕਰਾ ਦੂਰ ਕਰਨਾ ਹੋਵੇਗਾ ।ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਲੋਕ, ਜੋ ਇਸ ਵਿਤਕਰੇ ਦਾ ਸ਼ਿਕਾਰ ਹਨ, ਰਾਜਸੀ ਲੋਕਤੰਤਰ ਦੇ ਢਾਂਚੇ ਨੂੰ ਖੇਰੂ-ਖੇਰੂ ਕਰਕੇ ਰੱਖ ਦੇਣਗੇ ਜੋ ਇਸ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ ।

ਉਹ ਜਾਤ-ਪਾਤ ਜੋ ਸਮਾਜਿਕ ਜੀਵਨ ਵਿਚ ਵੱਖਰੇਵਾਂ ਪੈਦਾ ਕਰਦੀ ਹੈ ਅਤੇ ਜਨਤਾ ਵਿਚਕਾਰ ਈਰਖਾ ਅਤੇ ਵੈਰ ਵਿਰੋਧ ਪੈਦਾ ਕਰਦੀ ਹੈ, ਨੂੰ ਤਿਆਗ ਕੇ ਸਮਾਜ ਅਤੇ ਮਾਨਸਿਕ ਅਰਥਾਂ ਵਿਚ ਇਕ ਕੌਮ ਬਣਨ ਦਾ ਯਤਨ ਕਰੋ ।ਉਨ੍ਹਾਂ ਅੱਗੇ ਕਿਹਾ, "ਮੇਰੇ ਇਹ ਉਪਰੋਕਤ ਵਿਚਾਰ ਸ਼ਾਇਦ ਕੁਝ ਲੋਕਾਂ ਨੂੰ ਚੰਗੇ ਨਹੀਂ ਲੱਗੇ ਹੋਣਗੇ । ਇਹ ਦੱਸਣ ਦੀ ਲੋੜ ਨਹੀਂ ਕਿ ਇਸ ਦੇਸ਼ ਵਿਚ ਬਹੁਤ ਹੀ ਪੁਰਾਣੇ ਸਮੇਂ ਤੋਂ ਮੁੱਠੀ ਭਰ ਲੋਕਾਂ ਦੀ ਅਜਾਰੇਦਾਰੀ ਰਹੀ ਹੈ ਅਤੇ ਬਹੁਤ ਸਾਰੇ ਲੋਕ ਤਾਂ ਕੇਵਲ ਭਾਰ ਢੋਣ ਵਾਲੇ ਪਸ਼ੂ ਸਗੋਂ ਸ਼ਿਕਾਰ ਕੀਤੇ ਜਾਣ ਵਾਲੇ ਜਾਨਵਰ ਹਨ । ਇਸ ਅਜਾਰੇਦਾਰੀ ਨੇ (ਜੋ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਪਾਸ ਸੀ) ਨਾ ਕੇਵਲ ਉਨ੍ਹਾਂ (ਭਾਵ ਸ਼ੂਦਰਾਂ ਨੂੰ) ਚੰਗੇਰੇ ਜੀਵਨ ਤੋਂ ਹੀ ਸੱਖਣੇ ਰੱਖਿਆ, ਸਗੋਂ ਇਸ ਨੇ ਉਨ੍ਹਾਂ ਦਾ ਜੀਵਨ ਰਸ ਹੀ ਚੂਸ ਲਿਆ ਹੈ ।

ਇਨ੍ਹਾਂ ਦੱਬੇ-ਕੁਚਲੇ ਲੋਕਾਂ ਦਾ ਮਨ ਉਨ੍ਹਾਂ ਉੱਤੇ ਦੂਜਿਆਂ (ਉੱਚ ਜਾਤੀਆਂ) ਦੁਆਰਾ ਰਾਜ ਕੀਤੇ ਜਾਣ ਤੋਂ ਭਰ ਚੁੱਕਾ ਹੈ ।ਉਹ ਹੁਣ ਖੁਦ ਆਪਣੇ ਉੱਤੇ ਆਪ ਹਕੂਮਤ ਕਰਨ ਲਈ ਬੇਚੈਨ ਹਨ । ਇਸ ਲਈ ਜਿੰਨੀ ਜਲਦੀ

ਉਨ੍ਹਾਂ ਦੀਆਂ ਇੱਛਾਵਾਂ। (ਲੋੜਾਂ) ਦੀ ਪੂਰਤੀ ਕੀਤੀ ਜਾਵੇਗੀ, ਉੱਤਨਾ ਹੀ ਇਸ ਦੇਸ਼, ਇਸ ਦੇਸ਼ ਦੀ ਅਜ਼ਾਦੀ ਅਤੇ ਇਸ ਦੇ ਲੋਕਤੰਤਰੀ ਢਾਂਚੇ ਵਾਸਤੇ ਬੇਹਤਰ ਹੈ। ਇਹ ਜੀਵਨ ਦੇ ਸਾਰੇ ਪੱਖਾਂ ਵਿਚੋਂ ਬਰਾਬਰੀ ਅਤੇ ਭਾਈਚਾਰਾ ਪੈਦਾ ਕਰਕੇ ਹੀ ਹੋ ਸਕਦਾ ਹੈ। ਇਸੇ ਕਰਕੇ ਮੈਂ ਇਸ 'ਤੇ ਏਨਾ ਜ਼ਿਆਦਾ ਜ਼ੋਰ ਦਿੱਤਾ ਹੈ।

ਕਾਨੂੰਨ ਧਰਮ ਅਤੇ ਸਦਾਚਾਰ ਬਾਰੇ

ਮੇਰੀ ਇਹ ਧਾਰਨਾ ਹੈ ਕਿ :

1. ਸਮਾਜ ਨੂੰ ਇਕ ਮੁੱਠ ਰੱਖਣ ਲਈ ਕਾਨੂੰਨ ਜਾਂ ਸਦਾਚਾਰ ਦੀ ਲੋੜ ਹੈ। ਇਸ ਤੋਂ ਬਗੈਰ ਸਮਾਜ ਖੇਰੂ-ਖੇਰੂ ਹੋ ਜਾਵੇਗਾ। 2. ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸ ਨੂੰ ਤਰਕ ਸੰਗਤ ਹੋਣਾ ਚਾਹੀਦਾ ਹੈ, ਜੋ ਵਿਗਿਆਨ ਦਾ ਦੂਜਾ ਨਾਮ ਹੈ। 3. ਧਰਮ ਲਈ ਇਹੋ ਕਾਫੀ ਨਹੀਂ ਕਿ ਉਸ ਦਾ ਕੋਈ ਨੈਤਿਕ ਜ਼ਾਬਤਾ ਹੋਵੇ, ਸਗੋਂ ਉਸ ਦਾ ਨੈਤਿਕ ਜ਼ਾਬਤਾ ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਣਤਾ ਦੇਵੇ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਤੇ ਨਾ ਉਸ ਨੂੰ ਠੀਕ ਦਰਸਾਵੇ।

ਹਿੰਦੂ ਧਰਮ ਬਾਰੇ

ਬਾਬਾ ਸਾਹਿਬ ਨੇ ਦਿੱਲੀ ਵਿਖੇ ਬੁੱਧ ਜੈਅੰਤੀ ਸਮਾਰੋਹ ਵਿਚ ਕਿਹਾ, "ਸਾਰੀਆਂ ਬੁਰਾਈਆਂ ਜਿਵੇਂ ਹਿੰਸਾ, ਦੁਰਾਚਾਰ ਅਤੇ ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ, ਹਿੰਦੂ ਧਰਮ ਦੇ ਕਾਰਨ ਹੈ।" (ਡਾ. ਅੰਬੇਡਕਰ ਜੀਵਨ ਮਿਸ਼ਨ, ਸਫਾ 277)

ਸੰਸਦੀ ਸਰਕਾਰ ਕੀ ਹੈ

ਸੰਸਦੀ ਸਰਕਾਰ ਦਾ ਭਾਵ ਹੈ ਵਿਅਕਤੀ ਸ਼ਾਹੀ ਦਾ ਅੰਤ--ਕੋਈ ਵੀ ਪੁਰਸ਼ ਰਾਜਾ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਜੋ ਕੋਈ ਵੀ ਸ਼ਾਸਨ ਕਰਨਾ ਚਾਹੁੰਦਾ ਹੈ, ਉਹ ਲੋਕਾਂ ਰਾਹੀਂ ਚੁਣਿਆ ਜਾਣਾ ਚਾਹੀਦਾ ਹੈ। ਦੂਜਾ, ਕੋਈ ਵੀ ਕਾਨੂੰਨ ਜੋ ਜਨਤਾ 'ਤੇ ਲਾਗੂ ਹੁੰਦਾ ਹੈ ਉਸ ਨੂੰ ਉਨ੍ਹਾਂ ਦੀ ਰਜ਼ਾਮੰਦੀ ਨਾਲ ਬਣਾਇਆ ਜਾਵੇ।

ਸੰਸਦੀ ਪ੍ਰਣਾਲੀ ਦੋ ਥੰਮ੍ਹਾਂ 'ਤੇ ਖਲੋਤੀ ਹੈ

1. ਵਿਰੋਧੀ ਪਾਰਟੀ 2. ਸੁਤੰਤਰ ਅਤੇ ਬੇਲਾਗ (ਬੇਦਾਗ) ਚੋਣਾਂ। ਧਨਾਢ ਵਿਉਪਾਰੀਆਂ ਵੱਲੋਂ ਕਾਂਗਰਸ ਦੇ ਚੋਣ ਫੰਡ ਵਿਚ ਜੋ ਧਨ ਦਿੱਤਾ ਜਾ ਰਿਹਾ ਹੈ, ਉਹ ਬਹੁਤ ਖਤਰਨਾਕ ਗੱਲ ਹੈ। ਅਜਿਹੇ ਹਾਲਾਤ ਵਿਚ ਸੰਸਦੀ ਸਰਕਾਰ ਤੋਂ ਦੇਸ਼ ਭਲਾਈ ਦੀ ਕੀ ਆਸ ਰੱਖੀ ਜਾ ਸਕਦੀ ਹੈ। ਅੱਜ ਇਹੋ ਕੁਝ ਹੋ ਰਿਹਾ ਹੈ। ਕਾਂਗਰਸ ਬਾਣੀਆਂ ਮਾਰਵਾੜੀਆਂ ਅਤੇ ਹੋਰਨਾਂ ਕਰੋੜਪਤੀਆਂ ਤੋਂ ਮਾਇਕ ਸਹਾਇਤਾ ਪ੍ਰਾਪਤ ਕਰ ਰਹੀ ਹੈ। ਕਾਂਗਰਸ ਉਨ੍ਹਾਂ ਦਾ ਭੋਜਨ ਖਾ ਰਹੀ ਹੈ। ਇਸ ਲਈ ਹਰੇਕ ਨਿਰਨੇਜਨਕ ਸਮੇਂ ਉਹ ਵੱਡੇ ਵਿਉਪਾਰੀਆਂ ਦਾ ਹੀ ਪੱਖ ਪੂਰੇਗੀ। ਜੇਕਰ ਸੰਸਦੀ ਲੋਕਤੰਤਰ ਇਸ ਦੇਸ਼ ਵਿਚ ਅਸਫਲ ਰਿਹਾ ਤਾਂ ਉਪਰੋਕਤ ਕਾਰਨਾਂ ਕਰਕੇ ਹੀ ਰਹੇਗਾ।

ਭਗਤੀ ਕੀ ਹੈ ?

ਗੁਲਾਮਾਂ ਦੀਆਂ ਬੇੜੀਆਂ ਕੱਟਣੀਆਂ ਹੀ ਵੱਡੀ ਭਗਤੀ ਹੈ। ਹੋਰਨਾਂ ਕੰਮਾਂ ਦੀ ਬਜਾਏ ਇਸ ਕੰਮ ਵਿਚ ਜੁਟੋ।

ਸਵਰਾਜ ਬਾਰੇ

ਅੱਜ ਦਾ ਸਵਰਾਜ ਉਨ੍ਹਾਂ ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼, ਠਾਕਰ, ਰਾਜਪੂਤ, ਬਾਣੀਏ ਆਦਿ ਦਾ ਸਵਰਾਜ ਹੈ। ਅਸੀਂ ਭਾਵ (ਐਸ.ਸੀ.ਐਸ.ਟੀ., ਬੀ.ਸੀ. ਅਤੇ ਐਮ.ਸੀ.) ਤਾਂ ਅਜੇ ਗੁਲਾਮ ਹਾਂ। ਇਹ ਉਨ੍ਹਾਂ ਕਰਕੇ ਹੈ, ਸਾਡਾ ਇਸ ਵਿਚ ਕੋਈ ਦੋਸ਼ ਨਹੀਂ। ਜੇਕਰ ਅਸੀਂ ਮਨੁੱਖੀ ਜੀਵਨ ਜਿਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਪੈਰਾਂ 'ਤੇ ਖਲੋਣਾ ਹੋਵੇਗਾ।

ਕੋਲੰਬੀਆ ਯੂਨੀਵਰਸਿਟੀ ਨੇ ਬਾਬਾ ਸਾਹਿਬ ਬਾਰੇ ਕਿਹਾ

"ਡਾ. ਅੰਬੇਡਕਰ ਭਾਰਤੀ ਸੰਵਿਧਾਨ ਦੇ ਉਸਰਈਏ ਹਨ। ਉਹ ਰਾਜ ਸਭਾ ਦੇ ਮੈਂਬਰ ਹਨ। ਉਹ ਭਾਰਤ ਦੇ ਉੱਘੇ ਨਾਗਰਿਕ, ਮਹਾਨ ਸਮਾਜ ਸੁਧਾਰਕ ਅਤੇ ਮਨੁੱਖੀ ਅਧਿਕਾਰਾਂ ਲਈ ਲੜਨ ਵਾਲੇ ਯੋਧੇ ਹਨ।"

ਲੋਕਤੰਤਰ ਦੀ ਸਫਲਤਾ 'ਤੇ ਵਿਚਾਰ

22 ਦਸੰਬਰ 1952 ਨੂੰ ਪੂਨਾ ਵਿਖੇ ਬਾਬਾ ਸਾਹਿਬ ਨੇ ਕਿਹਾ :

ਲੋਕਤੰਤਰ ਦੀ ਸਫਲਤਾ ਵਾਸਤੇ ਪਹਿਲੀ ਲੋੜ ਇਹ ਹੈ ਕਿ ਨਾਬਰਾਬਰੀ ਦਾ ਪਾੜਾ ਬਹੁਤ ਡੂੰਘਾ ਨਹੀਂ

ਹੋਣਾ ਚਾਹੀਦਾ। ਨਾ ਕੋਈ ਜ਼ਾਲਮ ਵਰਗ ਹੋਵੇ ਅਤੇ ਨਾ ਕੋਈ ਮਜ਼ਲੂਮ ਵਰਗ। ਦੂਜੀ ਲੋੜ ਹੈ ਸ਼ਕਤੀਸ਼ਾਲੀ ਵਿਰੋਧੀ ਪਾਰਟੀ ਦੀ ਹੋਂਦ। ਤੀਜਾ ਰਾਜ ਪ੍ਰਬੰਧ ਅਤੇ ਕਾਨੂੰਨ ਸਾਹਮਣੇ ਸਭ ਨਾਲ ਇਕੋ ਜਿਹਾ ਸਮਾਨ ਵਿਹਾਰ ਹੋਵੇ। ਵਿਧਾਨਕ ਸਦਾਚਾਰ ਦਾ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਸਮਾਜ ਅੰਦਰ ਸਦਾਚਾਰ ਨਿਯਮ ਪ੍ਰਚੱਲਤ ਹੋਣੇ ਚਾਹੀਦੇ ਹਨ। ਲੋਕਤੰਤਰ ਦੀ ਸਫਲਤਾ ਲਈ ਅੰਤਲੀ ਲੋੜ ਹੈ, ਜਨਤਾ ਦਾ ਹਰ ਸਮੇਂ ਸੁਚੇਤ ਹੋਣਾ।

ਬੁੱਧ ਜਾਂ ਕਾਰਲ ਮਾਰਕਸ ?

(1953) ਮੈਂ ਆਪਣੀ ਜਨਤਾ ਦੀ ਭਲਾਈ ਲਈ ਕੁਝ ਸਾਲ ਹੋਰ ਵੱਧ ਤੋਂ ਵੱਧ ਅਗਲੀਆਂ ਚੋਣਾਂ ਤੱਕ ਇੰਤਜ਼ਾਰ ਕਰੂੰਗਾ ਅਤੇ ਜੇਕਰ ਗੱਲਬਾਤ ਰਾਹੀਂ ਕੋਈ ਸੁਧਾਰ ਨਾ ਹੋਇਆ ਤਾਂ ਮੈਂ ਸਖਤ ਕਦਮ ਚੁਕਾਂਗਾ।..........ਇਕ ਹੋਰ ਸਭਾ ਵਿਚ ਬਾਬਾ ਸਾਹਿਬ ਨੇ ਕਿਹਾ ਕਿ ਉਹ ਇਸ ਨਤੀਜੇ 'ਤੇ ਪੁੱਜੇ ਹਨ ਕਿ ਆਉਣ ਵਾਲੀ ਪੀੜ੍ਹੀ ਨੂੰ ਬੁੱਧ ਜਾਂ ਕਾਰਲ ਮਾਰਕਸ ਦੋਹਾਂ ਦੇ ਸਿਧਾਂਤਾਂ ਵਿਚੋਂ ਕਿਸੇ ਇਕ ਦੇ ਸਿਧਾਂਤ ਨੂੰ ਚੁਣਨਾ ਹੋਵੇਗਾ।

ਸੰਵਿਧਾਨ ਬਣਾਉਣ ਬਾਰੇ

ਬਾਬਾ ਸਾਹਿਬ ਨੇ ਸਪੱਸ਼ਟ ਕੀਤਾ :-

ਅਸੀਂ ਇਕ ਪਰੰਪਰਾ ਹੀ ਅਪਨਾ ਲਈ ਹੈ। ਲੋਕ ਮੈਨੂੰ ਸਦਾ ਇਹੋ ਕਹਿੰਦੇ ਹਨ, "ਤੁਸੀਂ ਸੰਵਿਧਾਨ ਦੇ ਉਸਰਈਏ ਹੋ।" ਮੇਰਾ ਜਵਾਬ ਇਹ ਹੈ ਕਿ 'ਮੈਂ ਤਾਂ ਕੇਵਲ ਕਰਿੰਦਾ ਸਾਂ ਜੋ ਕੁਝ ਮੈਨੂੰ ਕਰਨ ਲਈ ਕਿਹਾ ਗਿਆ, ਮੈਂ ਉਹ ਆਪਣੀ ਮਰਜ਼ੀ ਦੇ ਖਿਲਾਫ ਵੀ ਕੀਤਾ।' ਇਹ ਕਹਿਣ 'ਤੇ ਜਦੋਂ ਸੰਸਦ ਵਿਚ ਜ਼ਬਰਦਸਤ ਹੰਗਾਮਾ ਹੋ ਗਿਆ ਤਾਂ ਉਨ੍ਹਾਂ ਗਰਜਕੇ ਕਿਹਾ, "ਤੁਸੀਂ ਆਪਣੀਆਂ ਕਾਲੀਆਂ ਕਰਤੂਤਾਂ ਮੇਰੇ ਸਿਰ ਮੜ੍ਹ ਦੇਣਾ ਚਾਹੁੰਦੇ ਹੋ ?"

"ਸ੍ਰੀ ਮਾਨ ਜੀ, ਮੇਰੇ ਮਿੱਤਰ ਕਹਿੰਦੇ ਹਨ ਕਿ ਭਾਰਤ ਦਾ ਸੰਵਿਧਾਨ ਮੈਂ ਬਣਾਇਆ ਹੈ। ਪਰ ਮੈਂ ਇਹ ਗੱਲ ਕਹਿਣ ਲਈ ਤਿਆਰ ਹਾਂ ਕਿ ਮੈਂ ਹੀ ਇਸ ਨੂੰ ਸਾੜਨ ਵਾਲਾ ਪਹਿਲਾ ਪੁਰਖ ਹੋਵਾਂਗਾ। ਮੈਂ ਇਸ ਨੂੰ ਨਹੀਂ ਚਾਹੁੰਦਾ। ਇਹ ਕਿਸੇ ਵਾਸਤੇ ਵੀ ਨਹੀਂ।"

ਬਦੇਸ਼ੀ ਨੀਤੀ ਬਾਰੇ

ਸੰਸਦ 'ਚ ਅਗਸਤ 1954 'ਚ ਬਾਬ ਸਾਹਿਬ ਨੇ ਕਿਹਾ :-"ਸਾਡੀ ਬਦੇਸ਼ੀ ਨੀਤੀ ਦਾ ਸਾਰ ਹੈ ਦੂਜਿਆਂ ਦੇਸ਼ਾਂ ਦੇ ਮਸਲੇ ਹੱਲ ਕਰਨਾ ਪ੍ਰੰਤੂ ਆਪਣੇ ਦੇਸ਼ਾਂ ਦੀ ਸਮੱਸਿਆ ਨੂੰ ਹੱਲ ਨਹੀਂ ਕਰਨਾ।"

ਬਾਬਾ ਸਾਹਿਬ ਦਾ ਸਮਾਜ ਦਰਸ਼ਨ (ਜੀਵਨ ਵਿਚਾਰਧਾਰਾ)

ਅਕਤੂਬਰ 1954 ਅਕਾਸ਼ ਬਾਣੀ ਦਿੱਲੀ : ਹਰੇਕ ਪੁਰਸ਼ ਦਾ ਆਪਣਾ ਇਕ ਦਰਸ਼ਨ ਹੋਣਾ ਚਾਹੀਦਾ ਹੈ। ਹਰੇਕ ਪੁਰਸ਼ ਦਾ ਆਪਣਾ ਇਕ ਮਾਪ ਹੋਣਾ ਚਾਹੀਦਾ ਹੈ, ਜਿਸ ਨਾਲ ਉਹ ਆਪਣਾ ਆਚਰਣ ਪਰਖ ਸਕੇ ਅਤੇ ਦਰਸ਼ਨ ਹੀ ਤਾਂ ਉਹ ਮਾਪਤੋਲ ਹੈ, ਜਿਸ ਨਾਲ ਕੋਈ ਪੁਰਸ਼ ਆਪਣੇ ਆਪ ਨੂੰ ਤੋਲ ਸਕਦਾ ਹੈ। ਮੈਂ ਹਿੰਦੂ ਸਮਾਜ ਦਰਸ਼ਨ, ਜੋ ਗੀਤਾ ਵਿਚ ਦਰਸਾਇਆ ਗਿਆ ਹੈ, ਨੂੰ ਰੱਦ ਕਰਦਾ ਹਾਂ। ਗੀਤਾ ਨੇ ਜਾਤ-ਪਾਤ ਪ੍ਰਣਾਲੀ ਅਤੇ ਦਰਜੇਵਾਰ ਨਾਬਰਾਬਰੀ ਨੂੰ ਹਿੰਦੂ ਸਮਾਜ ਦਰਸ਼ਨ ਦਾ ਕਾਨੂੰਨ ਬਣਾ ਦਿੱਤਾ ਹੈ। ਨਿਸ਼ਚਤ ਤੌਰ 'ਤੇ ਮੇਰਾ ਸਮਾਜ ਦਰਸ਼ਨ ਤਿੰਨ ਸ਼ਬਦਾਂ ਅਜ਼ਾਦੀ-ਬਰਾਬਰੀ ਅਤੇ ਭਾਈਚਾਰੇ 'ਤੇ ਅਧਾਰਤ ਹੈ। ਮੈਂ ਇਹ ਦਰਸ਼ਨ ਆਪਣੇ ਪ੍ਰਭੂ ਬੁੱਧ ਦੀਆਂ ਸਿੱਖਿਆਵਾਂ ਵਿਚੋਂ ਕੱਢਿਆ ਹੈ।

ਬੁੱਧ ਦੇ ਦਰਸ਼ਨ ਵਿਚ ਅਜ਼ਾਦੀ ਅਤੇ ਬਰਾਬਰੀ ਲਈ ਥਾਂ ਹੈ। ਪ੍ਰੰਤੂ ਉਨ੍ਹਾਂ ਇਹ ਵੀ ਕਿਹਾ ਕਿ ਅਸੀਮ ਅਜ਼ਾਦੀ ਬਰਾਬਰੀ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਨਿਰੀ ਬਰਾਬਰੀ ਅਜ਼ਾਦੀ ਲਈ ਗੁੰਜਾਇਸ਼ ਨਹੀਂ ਛੱਡਦੀ। ਉਨ੍ਹਾਂ ਨੇ (ਭਾਵ ਬੁੱਧ ਨੇ) ਭਰੱਪਣ ਨੂੰ ਸਭ ਤੋਂ ਉੱਚਾ ਸਥਾਨ ਦਿੱਤਾ ਹੈ। ਇਹੋ ਬਰਾਬਰੀ ਦਾ ਦੂਜਾ ਨਾਂ ਹੈ, ਇਹੋ ਧਰਮ ਹੈ।

ਸੂਬਿਆਂ ਦੀ ਵੰਡ ਬਾਰੇ

ਦੇਸ਼ ਭਰ ਵਿਚ ਘੱਟ ਗਿਣਤੀਆਂ, ਅਛੂਤਾਂ ਅਤੇ ਆਦਿਵਾਸੀਆਂ ਦੀ ਸਮਾਜਿਕ ਅਤੇ ਆਰਥਿਕ ਗੁਲਾਮੀ ਅਤੇ ਉਨ੍ਹਾਂ ਦੀ ਬਰਬਾਦੀ ਅਤੇ ਕਤਲੇਆਮ, ਗਲਤ ਢੰਗ ਨਾਲ ਬਣੇ ਭਾਸ਼ਾਈ ਸੂਬਿਆਂ ਦੀ ਮੂੰਹ ਬੋਲਦੀ ਤਸਵੀਰ ਹੀ ਤਾਂ ਹੈ।

ਹਿੰਦੂ ਧਰਮ ਗ੍ਰੰਥਾਂ ਬਾਰੇ

ਵੇਦ, ਸ਼ਾਸਤਰ, ਰਮਾਇਣ, ਮਹਾਂਭਾਰਤ ਅਤੇ ਹਿੰਦੂਆਂ ਅਤੇ ਦੂਜੀਆਂ ਧਾਰਮਿਕ ਪੁਸਤਕਾਂ (ਭਾਵ ਗੀਤਾ, ਮਨੂੰ ਸਿਮਰਤੀ ਅਤੇ ਪੁਰਾਣ ਆਦਿ) ਵਰਗੀਆਂ ਭੈੜੀਆਂ ਪੁਸਤਕਾਂ ਸੰਸਾਰ ਵਿਚ ਕਦੀ ਨਹੀਂ ਉਪਜੀਆਂ, ਪਰ ਮੈਂ ਸੰਸਾਰ ਸਾਹਮਣੇ ਉਨ੍ਹਾਂ ਦਾ ਪਾਜ ਜ਼ਰੂਰ ਖੋਲ੍ਹਾਂਗਾ। (ਡਾ. ਅੰਬੇਡਕਰ ਜੀਵਨ ਤੇ ਮਿਸ਼ਨ ਸਫਾ 300)

ਨਾ ਰੱਬ ਨਾ ਆਤਮਾ

ਬਾਬਾ ਸਾਹਿਬ ਨੇ ਮਈ 1956 'ਚ ਕਿਹਾ, "ਨਾ ਰੱਬ ਨਾ ਆਤਮਾ ਸਮਾਜ ਨੂੰ ਬਚਾ ਸਕਦੇ ਹਨ।" ਉਨ੍ਹਾਂ ਉਦਾਹਰਣ ਦਿੰਦਿਆ ਕਿਹਾ, "ਮਾਰਕਸਵਾਦ (ਜਿਸ ਦਾ ਰੱਬ ਜਾਂ ਆਤਮਾ 'ਚ ਵਿਸ਼ਵਾਸ ਨਹੀਂ) ਅਤੇ ਕਮਿਊਨਿਜ਼ਮ ਨੇ ਸਾਰੀ ਦੁਨੀਆ ਦੀਆਂ ਧਾਰਮਿਕ ਪ੍ਰਣਾਲੀਆਂ ਨੂੰ ਹਲੂਣ ਦਿੱਤਾ ਹੈ।"

ਬਾਬਾ ਸਾਹਿਬ ਦਾ ਮਹਾਨ ਸੰਦੇਸ਼

"ਇਹੋ ਜਿਹੇ ਦੇਸ਼ ਵਿਚ ਜਿਸ ਦੇ ਲੋਕ ਏਨੇ ਪੱਖਪਾਤੀ ਹਨ, ਜਨਮ ਧਾਰਨਾਂ ਇਕ ਤਰ੍ਹਾਂ ਦਾ ਪਾਪ ਹੈ।" (ਜਿਵੇਂ ਸਤਗੁਰੂ ਨਾਮਦੇਵ ਨੇ ਕਿਹਾ ਸੀ, "ਹੀਨੜੀ ਜਾਤ ਮੇਰੀ ਯਾਦਮ ਰਾਇਆ, ਛੀਪੇ ਕੇ ਜਨਮ ਕਾਹੇ ਕੋ ਆਇਆ।") "ਤਾਂ ਵੀ ਹਰ ਪਾਸਿਓਂ ਗਾਲ੍ਹਾਂ ਦੀ ਬੁਛਾੜ ਹੋਣ ਦੇ ਬਾਵਜੂਦ ਮੈਂ ਕਾਫੀ ਕੁਝ ਕਰ ਦਿੱਤਾ ਹੈ ਅਤੇ ਆਪਣੇ ਅੰਤਲੇ ਸਵਾਸ ਤੱਕ ਮੈਂ ਲੋਕ ਸੇਵਾ ਦਾ ਕੰਮ ਕਰਦਾ ਹੀ ਰਹਾਂਗਾ।" "ਮੇਰੀ ਜਨਤਾ (85 ਫੀਸਦੀ ਦੁਖੀ ਲੋਕ) ਨੂੰ ਇਹ ਦੱਸਣਾ ਕਿ ਜੋ ਕੁਝ ਮੈਂ ਉਨ੍ਹਾਂ ਲਈ ਕੀਤਾ ਹੈ, ਉਹ ਮੈਂ ਆਪਣੇ ਜੀਵਨ ਵਿਚ ਤਰ੍ਹਾਂ-ਤਰ੍ਹਾਂ ਦੀਆਂ ਔਕੜਾਂ, ਆਫਤਾਂ ਅਤੇ ਮੁਸੀਬਤਾਂ ਨੂੰ ਝੱਲ ਕੇ ਕੀਤਾ ਹੈ ਅਤੇ ਮੈਨੂੰ ਵਿਰੋਧੀਆਂ ਨਾਲ ਲੜਾਈਆਂ ਲੜਨੀਆਂ ਪਈਆਂ ਹਨ। ਬੜੀ ਕਠਨਾਈ ਨਾਲ ਮੈਂ ਇਹ ਕਾਫਲਾ, ਜਿਥੇ ਅੱਜ ਇਹ ਹੈ, ਲਿਆ ਸਕਿਆ ਹਾਂ ਚਾਹੇ ਕੁਝ ਵੀ ਹੋਵੇ, ਔਕੜਾਂ ਦੇ ਬਾਵਜੂਦ ਇਹ ਕਾਫਲਾ ਅੱਗੇ ਤੋਂ ਅੱਗੇ ਵਧਦਾ ਰਹਿਣਾ ਚਾਹੀਦਾ ਹੈ। ਜੇਕਰ ਮੇਰੇ ਪੈਰੋਕਾਰ ਇਸ ਕਾਫਲੇ ਨੂੰ ਅੱਗੇ ਨਾ ਲਿਜਾ ਸਕਣ ਤਾਂ ਉਨ੍ਹਾਂ ਨੂੰ ਇਸ ਕਾਫਲੇ ਨੂੰ ਕਿਸੇ ਹਾਲ ਵਿਚ ਵੀ ਪਿਛੇ ਨਹੀਂ ਜਾਣ ਦੇਣਾ ਚਾਹੀਦਾ। ਮੇਰਾ ਆਪਣੇ ਲੋਕਾਂ ਨੂੰ ਇਹੋ ਸੁਨੇਹਾ ਹੈ।"

ਹਿੰਦੂ ਧਰਮ ਛੱਡਣ ਸਮੇਂ

ਬਹੁਤ ਚਿਰ ਪਹਿਲਾਂ ਬਾਬਾ ਸਾਹਿਬ ਨੇ ਕਹਿ ਦਿੱਤਾ ਸੀ ਕਿ ਮੈਂ ਹਿੰਦੂ ਜੰਮਿਆਂ ਜ਼ਰੂਰ ਹਾਂ, ਪਰ ਹਿੰਦੂ ਮਰੂੰਗਾ ਨਹੀਂ। ਇਸ ਵਾਕ ਨੂੰ ਪੂਰਾ ਕਰਦਿਆਂ ਜਦੋਂ ਉਹ ਬੁੱਧ ਧਰਮ ਵਿਚ ਜਾਣ ਲੱਗੇ ਤਾਂ ਇਕ ਪੱਤਰ ਪ੍ਰੇਰਕ ਦੇ ਪੁੱਛਣ 'ਤੇ ਕਿ ਉਹ ਬੁੱਧ ਧਰਮ ਕਿਉਂ ਅਪਨਾ ਰਹੇ ਹਨ ਤਾਂ ਬਾਬਾ ਸਾਹਿਬ ਨੇ ਕਿਹਾ, "ਤੁਸੀਂ ਇਹ ਸਵਾਲ ਆਪਣੇ ਆਪ ਤੋਂ ਅਤੇ ਆਪਣੇ ਪੁਰਵਜਾਂ ਤੋਂ ਕਿਉਂ ਨਹੀਂ ਪੁੱਛਦੇ ਕਿ ਮੈਂ ਹਿੰਦੂ ਧਰਮ ਨੂੰ ਕਿਉਂ ਤਿਆਗ ਰਿਹਾ ਹਾਂ ਅਤੇ ਬੋਧੀ ਧਰਮ ਨੂੰ ਕਿਉਂ ਕਬੂਲ ਕਰ ਰਿਹਾ ਹਾਂ?"

ਜਦੋਂ ਬਾਬਾ ਸਾਹਿਬ ਨੇ ਬੁੱਧ ਧਰਮ ਕਬੂਲਿਆਂ ਤਾਂ ਕਿਹਾ:

1. ਮੈਂ ਬੁੱਧ ਦੀ ਸ਼ਰਨ ਜਾਂਦਾ ਹਾਂ। (ਬੁੱਧਮ ਸ਼ਰਣਮ ਗੱਛਾਮੀ)
2. ਮੈਂ ਧੰਮ ਦੀ ਸ਼ਰਨ ਜਾਂਦਾ ਹਾਂ। (ਧੰਮ ਸ਼ਰਣਮ ਗੱਛਾਮੀ)
3. ਮੈਂ ਸੰਘ ਦੀ ਸ਼ਰਨ ਜਾਂਦਾ ਹਾਂ। (ਸੰਘ ਸ਼ਰਣਮ ਗੱਛਾਮੀ)

ਭਾਵ ਅਰਥ :-1. ਬੁੱਧ ਦਾ ਅਰਥ ਹੈ ਉਹ ਮਹਾਂ ਪੁਰਸ਼ ਜੋ ਗਿਆਨ ਪ੍ਰਾਪਤੀ ਨਾਲ ਗੌਤਮ ਤੋਂ ਬੁੱਧ ਭਾਵ ਬੁੱਧੀਵਾਨ, ਗਿਆਨਵਾਨ, ਸੂਝਵਾਨ ਬਣਿਆ। ਜਿਸ ਦੀ ਸੁਰਤ ਮੱਤ, ਮਨ ਤੇ ਬੁੱਧ ਸੋਝੀ ਨਾਲ ਭਰੀ ਹੋਈ ਹੈ। ਜਿਸ ਦੇ ਗਿਆਨ ਦੀ ਰੌਸ਼ਨੀ ਹਜ਼ਾਰਾਂ ਸੂਰਜਾਂ ਤੇ ਚੰਦਾਂ ਨਾਲੋਂ ਜ਼ਿਆਦਾ ਹੈ। 2. ਧੰਮ : ਭਾਵ ਮੈਂ ਕਲਿਆਣ ਦਾ ਰਾਹ ਅਪਨਾ ਲਿਆ ਹੈ। ਧਰਤੀ 'ਤੇ ਰਹਿ ਕੇ ਮਨੁੱਖ ਮਾਤਰ ਦੀ ਭਲ੍ਹਾਈ ਮੇਰਾ ਮਨੋਰਥ ਹੈ। ਮਨੁੱਖੀ ਭਲਾਈ, ਮਨੁੱਖੀ ਕਲਿਆਣ, ਮਨੁੱਖੀ ਸੇਵਾ ਤੋਂ ਇਲਾਵਾ ਮੇਰਾ ਕੋਈ ਦੂਸਰਾ ਰਸਤਾ ਨਹੀਂ, ਮੇਰਾ ਦੂਸਰਾ ਧਰਮ ਨਹੀਂ। 3. ਮੈਂ ਇਕ ਅਜਿਹੇ ਸੰਘ (ਸੰਗਠਨ, ਸੰਸਥਾ) ਵਿੱਚ ਸ਼ਾਮਲ ਹੁੰਦਾ ਹਾਂ, ਜਿਸ ਵਿੱਚ ਸਮਤਾ-ਸਮਾਨਤਾ-ਭਾਈਚਾਰਾ ਅਤੇ ਆਜ਼ਾਦੀ ਦਾ ਸੰਕਲਪ ਹੈ। ਜਿਸ ਦਾ ਮਨੋਰਥ ਹੈ ਮਨੁੱਖਾਂ ਅੰਦਰ ਭਰੱਪਣ ਅਤੇ ਸਦਾਚਾਰ ਪੈਦਾ ਕਰਨਾ ਤਾਂ ਕਿ ਸਾਰੇ ਮਨੁੱਖ ਇਕ ਸ਼ਾਨਦਾਰ ਸਮਾਜ ਬਣ ਕੇ ਸੁਖ ਸ਼ਾਂਤੀ ਨਾਲ ਜਿਉ ਸਕਣ।

ਇਸ ਦੇ ਨਾਲ ਹੀ ਜੋ ਬੁੱਧ ਧਰਮੀਆਂ ਦੇ ਪ੍ਰਣ ਹਨ, ਉਨ੍ਹਾਂ ਵਿਚੋਂ ਕੁਝ ਮੂਲ ਇਹ ਹਨ :-

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਈਸ਼ਵਰ ਨਹੀਂ ਮੰਨਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।

2. ਮੈਂ ਰਾਮ ਤੇ ਕ੍ਰਿਸ਼ਨ ਨੂੰ ਨਹੀਂ ਮੰਨਾਂਗਾ ਅਤੇ ਉਨ੍ਹਾਂ ਦੀ ਕਦੇ ਪੂਜਾ ਨਹੀਂ ਕਰਾਂਗਾ ।

3. ਮੈਂ ਗੌਰੀ ਗਣਪਤ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ ਦੇਵਤੇ ਨੂੰ ਨਹੀਂ ਮੰਨਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ ।

4. ਈਸ਼ਵਰ ਨੇ ਅਵਤਾਰ ਲਿਆ ਹੈ , ਇਹ ਮੇਰਾ ਵਿਸ਼ਵਾਸ ਨਹੀਂ ।

5. ਮੈਂ ਅਜਿਹਾ ਕਦੀ ਨਹੀਂ ਮੰਨਾਂਗਾ ਕਿ ਭਗਵਾਨ ਬੁੱਧ ਵਿਸ਼ਨੂੰ ਦਾ ਅਵਤਾਰ ਹਨ ।

6. ਮੈਂ ਸਰਾਧ ਕਦੀ ਨਹੀਂ ਕਰਾਵਾਂਗਾ ਅਤੇ ਨਾ ਹੀ ਕਦੇ ਪਿੰਡਦਾਨ ਕਰਾਂਗਾ ।

7. ਮੈਂ ਕੋਈ ਵੀ ਕਿਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਂਵਾਗਾ ।

8. ਮੈਂ ਇਸ ਸਿਧਾਂਤ ਨੂੰ ਮੰਨਾਂਗਾ ਕਿ ਸਾਰੇ ਮਨੁੱਖ ਇਕ ਸਮਾਨ ਹਨ ।

9. ਮੈਂ ਮਨੁੱਖ ਮਾਤਰ ਦੀ ਤਰੱਕੀ ਲਈ ਹਾਨੀਕਾਰਕ ਤੇ ਮਨੁੱਖ ਮਾਤਰ ਨੂੰ ਊਚ-ਨੀਚ ਮੰਨਣ ਵਾਲੇ ਆਪਣੇ ਪੁਰਾਣੇ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਤਿਆਗਦਾ ਹਾਂ ਅਤੇ ਬੁੱਧ ਧਰਮ ਨੂੰ ਸਵੀਕਾਰ ਕਰਦਾ ਹਾਂ ।

ਇਹ ਉਪਰੋਕਤ ਕੁਝ ਇਕ ਪਰਣ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਵਿਚੋਂ ਆਸਾਨੀ ਨਾਲ ਲੱਭੇ ਜਾ ਸਕਦੇ ਹਨ ।ਉਨ੍ਹਾਂ ਦਾ ਸਮਾਜ ਦਰਸ਼ਨ ਇਸ ਧਾਰਨਾ ਨੂੰ ਸਪੱਸ਼ਟ ਕਰਦਾ ਹੈ ।

ਗਊ ਮਾਤਾ ਬਾਰੇ

ਬਾਬਾ ਸਾਹਿਬ ਨੇ ਹਿੰਦੂਆਂ ਤੋਂ ਪੁੱਛਿਆ :- ਤੁਸੀਂ ਗਾਵਾਂ-ਮੱਝਾਂ ਦਾ ਦੁੱਧ ਪੀਂਦੇ ਹੋ ।ਜਦ ਉਹ ਮਰ ਜਾਂਦੀਆਂ ਹਨ ਤਦੋਂ ਤੁਸੀਂ ਸਾਥੋਂ ਮੁਰਦਾਰ ਢੋਣ ਦੀ ਆਸ ਰੱਖਦੇ ਹੋ, ਪ੍ਰੰਤੂ ਅਜਿਹਾ ਕਿਉਂ ? ਜੇਕਰ ਤੁਸੀਂ ਆਪਣੀਆਂ ਮਾਵਾਂ ਨੂੰ ਅੰਤਮ ਸੰਸਕਾਰ ਲਈ ਸਿਵਿਆਂ ਵਿਚ ਲੈ ਜਾਂਦੇ ਹੋ ਤਾਂ ਫਿਰ ਤੁਸੀਂ ਆਪਣੀਆਂ ਗਊ ਮਾਤਾਵਾਂ ਦੇ ਮੁਰਦੇ ਸਰੀਰ ਕਿਉਂ ਨਹੀਂ ਢੋਂਦੇ ?

ਸਵੈਮਾਣ

ਸੰਸਾਰਕ ਲਾਭਾਂ ਦੀ ਨਿਸਬਤ ਸਵੈਮਾਣ ਵਧੇਰੇ ਮਹੱਤਵਪੂਰਨ ਹੈ ।ਹਿੰਦੂ ਧਰਮ ਵਿਚ ਰਹਿਣ ਜਾਂ ਤਿਆਗਣ ਬਾਰੇ ਬਾਬਾ ਸਾਹਿਬ ਨੇ ਕਿਹਾ :-"ਜਦੋਂ ਇਕ ਬ੍ਰਾਹਮਣੀ ਗਰਭਵਤੀ ਹੁੰਦੀ ਹੈ ਤਾਂ ਉਹ ਦੇਸ਼ ਦੀਆਂ ਹਾਈਕੋਰਟਾਂ ਵਲ ਨਜ਼ਰ ਦੁੜਾਉਂਦੀ ਹੈ ਕਿ ਕਿਧਰੇ ਜੱਜ ਦੀ ਨੌਕਰੀ ਖਾਲੀ ਹੈ ਜਾਂ ਨਹੀਂ ? ਪਰ ਜਦੋਂ ਅਛੂਤ ਔਰਤ ਗਰਭਵਤੀ ਹੁੰਦੀ ਹੈ ਤਾਂ ਉਹ ਇਸ ਤੋਂ ਵੱਧ ਕੁਝ ਹੋਰ ਨਹੀਂ ਸੋਚ ਸਕਦੀ ਕਿ ਉਸ ਦੇ ਬੱਚੇ ਲਈ ਕਿਧਰੇ ਭੰਗੀ ਦੀ ਨੌਕਰੀ ਖਾਲੀ ਹੈ ਕਿ ਨਹੀਂ ? ਇਕ ਅਛੂਤ ਔਰਤ ਵਿਚ ਅਜਿਹੇ ਨੀਵੇਂ ਵਿਚਾਰ ਅਤੇ ਭਾਵਨਾਵਾਂ ਪੈਦਾ ਕਰਨ ਦੀ ਜ਼ਿੰਮੇਵਾਰੀ ਹਿੰਦੂ ਧਰਮ 'ਤੇ ਹੈ ।ਜਦੋਂ ਤੱਕ ਅਸੀਂ ਹਿੰਦੂ ਧਰਮ ਦੀ ਗੁਲਾਮੀ ਤੋਂ ਮੁਕਤ ਨਹੀਂ ਹੁੰਦੇ, ਸਾਡੀ ਅਜਿਹੀ ਤਰਸਯੋਗ ਤੇ ਹਾਸੋਹੀਣੀ ਹਾਲਤ ਕਾਇਮ ਰਹੇਗੀ ।

ਜੇ ਬ੍ਰਹਮ ਇਕ ਹੈ

ਜੇਕਰ ਬ੍ਰਹਮ ਹਰ ਥਾਂ ਬਿਰਾਜਮਾਨ ਹੈ ਤਾਂ ਫਿਰ ਇਕ ਬ੍ਰਾਹਮਣ ਅਤੇ ਅਛੂਤ ਦੋਵੇਂ ਸਮਾਨ ਹੋਣੇ ਚਾਹੀਦੇ ਹਨ ।

ਧਰਮ ਬਦਲੀ ਦੀ ਸੋਚ ਸਮੇਂ ਮਿਲੇ ਲਾਲਚ

ਨਿਜ਼ਾਮ ਹੈਦਰਾਬਾਦ ਨੇ ਬਾਬਾ ਸਾਹਿਬ ਨੂੰ ਕਰੋੜਾਂ ਰੁਪਏ ਦੀ ਰਾਸ਼ੀ ਦੇ ਕੇ, ਮੁਸਲਮਾਨ ਧਰਮ ਵਿਚ ਆ ਜਾਣ ਲਈ ਕਿਹਾ, ਪ੍ਰੰਤੂ ਬਾਬਾ ਸਾਹਿਬ ਨੇ ਇਹ ਕਹਿ ਕੇ ਠੁਕਰਾ ਦਿੱਤਾ ਕਿ ਉਹ ਆਪਣੇ ਲੋਕਾਂ ਦੇ ਕਲਿਆਣ ਲਈ ਧਰਮ ਬਦਲ ਰਹੇ ਹਨ ਨਾ ਕਿ ਧਰਮ ਬਦਲਣ ਲਈ ।ਮਹਾਰਾਜਾ ਪਟਿਆਲਾ ਨੇ ਬਾਬਾ ਸਾਹਿਬ ਨੂੰ ਪਟਿਆਲੇ ਬੁਲਾ ਕੇ ਕਿਹਾ, "ਜੇ ਤੁਸੀਂ ਸਿੱਖ ਧਰਮ ਗ੍ਰਹਿਣ ਕਰ ਲਵੋ ਤਾਂ ਮੈਂ ਤੁਹਾਨੂੰ ਰਿਆਸਤ ਦਾ ਪ੍ਰਧਾਨ ਮੰਤਰੀ ਬਣਾਉਣ ਲਈ ਤਿਆਰ ਹਾਂ ।"

ਬਾਬਾ ਸਾਹਿਬ ਨੇ ਉੱਤਰ ਦਿੱਤਾ :-"ਇਸ ਦਾ ਅਰਥ ਇਹ ਹੋਇਆ ਕਿ ਤੁਹਾਡੇ ਧਰਮ ਵਿਚ ਤਾਂ ਮੈਨੂੰ ਅਤੇ ਮੇਰੇ ਲੋਕਾਂ ਨੂੰ ਆਪਣੇ ਅੰਦਰ ਲਿਆਉਣ ਵਾਲੀ ਕੋਈ ਚੀਜ਼ ਨਹੀਂ ।ਹਾਂ, ਤੁਹਾਡਾ ਪ੍ਰਧਾਨ ਮੰਤਰੀ ਬਣਨ ਦਾ ਲਾਲਚ ਮੈਨੂੰ ਸਿੱਖ ਧਰਮ ਵਲ ਖਿੱਚੇਗਾ ? ਮਹਾਰਾਜ ਸਾਹਿਬ, ਮੈਂ ਲਾਲਚ ਜਾਂ ਲੋਭ ਵਿਚ ਫਸਣ ਵਾਲੀ ਮੱਛੀ ਨਹੀਂ ਹਾਂ ।"

ਪਾਕਿਸਤਾਨ ਬਣਨ 'ਤੇ ਵਿਚਾਰ

ਭਾਰਤੀ ਲੋਕ ਨੀਚ ਕਿਵੇਂ ਬਣੇ

ਮੇਰੇ ਖਿਆਲ ਅਨੁਸਾਰ ਸੰਪਰਦਾਇਕ ਅੱਗ ਬਹੁਤ ਬੁਰੀ ਤਰ੍ਹਾਂ ਭੜਕੇਗੀ । ਭਾਰਤ ਅਤੇ ਪਾਕਿਸਤਾਨ ਦੇ ਦੋਹਾਂ ਤਰਫਾਂ ਦੇ ਨਿਰਦੋਸ਼ ਲੋਕਾਂ ਦੀ ਬਹੁਤ ਹੱਤਿਆ ਹੋਵੇਗੀ । ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਪਾਕਿਸਤਾਨ ਤੋਂ ਹਿਦੂ ਅਤੇ ਸਿੱਖਾਂ ਨੂੰ ਬਹੁਤ ਜਲਦੀ ਕੱਢ ਲਿਆਵੇ ਅਤੇ ਜੋ ਮੁਸਲਮਾਨ ਭਾਰਤ ਤੋਂ ਪਾਕਿਸਤਾਨ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉੱਥੇ ਪਹੁੰਚਾਉਣ ਲਈ ਭਾਰਤ ਸਰਕਾਰ ਪੂਰੀ ਸਹੂਲਤ ਦੇਵੇ । ਨਹੀਂ ਤਾਂ ਦੋਹਾਂ ਤਰਫਾਂ ਦੇ ਨਾਗਰਿਕਾਂ ਦਾ ਸਰਬਨਾਸ਼ ਹੋ ਜਾਵੇਗਾ । ਮੈਂ ਆਪਣੀ ਪੁਸਤਕ Thoughts on Pakistan ਵਿਚ ਦੋਹਾਂ ਤਰਫਾਂ ਦੀ ਅਬਾਦੀ ਦੀ ਅਦਲਾ-ਬਦਲੀ ਦਾ ਸੁਝਾਅ ਦਿੱਤਾ ਹੈ, ਪ੍ਰੰਤੂ ਲਾਲ ਅਤੇ ਗਾਂਧੀ ਦੀਆਂ ਅੱਖਾਂ ਸਵਰਾਜ ਪ੍ਰਾਪਤੀ ਦੇ ਨਸ਼ੇ ਵਿਚ ਏਨੀਆਂ ਧੁੰਦਲੀਆਂ ਹੋ ਗਈਆਂ ਹਨ ਕਿ ਉਨ੍ਹਾਂ ਨੂੰ ਮੇਰਾ ਅਬਾਦੀ ਦੀ ਅਦਲਾ-ਬਦਲੀ ਦਾ ਸੁਝਾਅ ਪ੍ਰਵਾਨ ਨਹੀਂ ਹੈ । ਉਹ ਦੇਸ਼ ਦੇ 'ਸਵਾਮੀ' ਬਣ ਗਏ ਹਨ । ਸ਼ਕਤੀ ਅਤੇ ਅਧਿਕਾਰ ਦੇ ਨਸ਼ੇ ਵਿਚ ਮਸਤ ਹਨ । ਉਨ੍ਹਾਂ ਨੂੰ ਮੇਰੇ ਵਿਚਾਰ ਪਾਗਲਪਣ ਦਿਖਾਈ ਦੇ ਰਹੇ ਹਨ । ਉਹ ਅੱਜ ਦੇਸ਼ ਦੇ ਸਰਬੇਸਰਬਾ ਹਨ, ਜੋ ਮਰਜ਼ੀ ਕਰਨ, ਪ੍ਰੰਤੂ ਉਨ੍ਹਾਂ ਨੂੰ ਪਛਤਾਉਣਾ ਪਵੇਗਾ ਕਿ ਲੱਖਾਂ ਲੋਕਾਂ ਦਾ ਕਤਲ, ਧਨ-ਦੌਲਤ ਦੀ ਲੁੱਟ, ਮਾਂ-ਬੇਟੀਆਂ ਦੀ ਬੇਇੱਜਤੀ ਅਤੇ ਅਪਮਾਨ ਇਨ੍ਹਾਂ ਕਾਂਗਰਸੀ ਨੇਤਾਵਾਂ ਦੀ ਬੱਜਰ ਮੂਰਖਤਾ ਦਾ ਹੀ ਤਾਂ ਸਿੱਟਾ ਨਿਕਲੇਗਾ-ਕਿਉਂਕਿ ਪਾਕਿਸਤਾਨ ਬਣਿਆ ਹੀ ਨਫਰਤ ਅਤੇ ਘਿਰਣਾ ਦੇ ਅਧਾਰ 'ਤੇ ਹੈ ।

ਬਾਬਾ ਸਾਹਿਬ ਕਾਂਗਰਸ 'ਚ ਮੰਤਰੀ ਬਣੇ

ਸਰਦਾਰ ਪਟੇਲ ਨੇ ਬਾਬਾ ਸਾਹਿਬ ਨੂੰ ਸੰਵਿਧਾਨ ਅਸੰਬਲੀ ਵਿਚ ਆਉਣ ਤੋਂ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ, ਪ੍ਰੰਤੂ ਫੇਰ ਵੀ ਉਹ ਆਪਣੀ ਬੁੱਧੀ ਅਤੇ ਪ੍ਰਭਾਵ ਸਦਕਾ ਉੱਥੇ ਪਹੁੰਚ ਗਏ । ਸਰਦਾਰ ਪਟੇਲ ਨੇ ਕਿਹਾ, "ਹੁਣ ਸਾਨੂੰ ਚੁਕੰਨੇ ਰਹਿਣਾ ਚਾਹੀਦਾ ਹੈ ਕਿਉਂਕਿ ਅੰਬੇਡਕਰ ਸਾਡਾ ਰਾਜਨੀਤਿਕ ਵੈਰੀ ਹੈ ।" ਗਾਂਧੀ ਦਾ ਮਤ ਸੀ ਕਿ ਜੇਕਰ ਡਾ. ਅੰਬੇਡਕਰ ਨੂੰ ਇਸ ਸਮੇਂ ਮੰਤਰੀ ਮੰਡਲ ਵਿਚ ਲੈ ਲਿਆ ਜਾਵੇ ਤਾਂ ਇਕ ਤੀਰ ਨਾਲ ਦੋ ਨਿਸ਼ਾਨੇ ਲੱਗ ਸਕਦੇ ਹਨ । ਪਹਿਲਾ ਇਹ ਕਿ ਭਾਰਤ ਦੇ ਸੰਵਿਧਾਨ ਦੇ ਨਿਰਮਾਣ ਲਈ ਉਸ ਤੋਂ ਵਧੀਆ ਦੂਜਾ ਵਿਅਕਤੀ ਮੌਜੂਦ ਨਹੀਂ । ਦੂਜਾ ਸੰਭਵ ਹੈ ਕਿ ਡਾ. ਅੰਬੇਡਕਰ ਅਛੂਤਾਂ ਨੂੰ ਹਿੰਦੂਆਂ ਨਾਲੋਂ ਤੋੜਨ ਦੀ ਨੀਤੀ ਨਾਲ ਦੂਜਾ ਜਿਨਾਹ ਸਾਬਤ ਹੋ ਜਾਵੇਗਾ । ਜਵਾਹਰ ਲਾਲ ਨੇ ਕਿਹਾ :-ਭਾਰਤ ਦਾ ਸੰਵਿਧਾਨ ਬਣਾਉਣਾ ਅਤਿਅੰਤ ਔਖਾ ਅਤੇ ਸਾਧਨਾ ਵਾਲਾ ਕੰਮ ਹੈ । ਕਾਂਗਰਸ ਕੋਲ ਕੋਈ ਵੀ ਅਜਿਹਾ ਵਿਅਕਤੀ ਨਹੀਂ ਜੋ ਸੰਵਿਧਾਨ ਬਣਾਉਣ ਯੋਗ ਹੋਵੇ ਤੇ ਜੋ ਇਸ ਕੰਮ ਨੂੰ ਸਿਰੇ ਚੜ੍ਹਾ ਸਕੇ । ਕਾਂਗਰਸ ਦਾ ਮੰਤਰੀ ਬਣਨ ਦੇ ਬਾਵਜੂਦ ਬਾਬਾ ਸਾਹਿਬ ਆਖਦੇ, "ਤੁਹਾਡੀ ਕਾਂਗਸ ਹੈ ਕੀ ? ਇਸ ਨੂੰ ਜਵਾਹਰ ਲਾਲ ਅਤੇ ਪਟੇਲ ਫਰਮ ਦਾ ਨਾਮ ਕਿਉਂ ਨਾ ਦਿੱਤਾ ਜਾਵੇ । ਇਹ ਖੱਦਰ ਦੀ ਟੋਪੀ ਤੇ ਧੋਤੀ ਵੀ ਕੋਈ ਲਿਬਾਸ ਹੈ ?"

ਉਹ ਕਈ ਵਾਰ ਆਖਦੇ :-ਤੁਹਾਡਾ ਸਰਦਾਰ ਪਟੇਲ ਤਾਂ ਕਿਹਾ ਕਰਦਾ ਸੀ ਕਿ ਉਸ ਨੇ ਸੰਵਿਧਾਨ ਅਸੰਬਲੀ ਦੇ ਦਰਵਾਜ਼ਿਆਂ 'ਤੇ ਇਕ-ਇਕ ਮਣ ਦੇ ਜੰਦਰੇ ਲਗਾ ਦਿੱਤੇ ਹਨ ਤੇ ਅੰਬੇਡਕਰ ਹੁਣ ਇਸ ਦੇ ਅੰਦਰ ਘੁਸ ਨਹੀਂ ਸਕਦਾ । ਪ੍ਰੰਤੂ ਮੈਂ ਉਨ੍ਹਾਂ ਜਿੰਦਿਆਂ ਨੂੰ ਤੋੜ ਕੇ ਸੰਵਿਧਾਨ ਵਿਚ ਘੁਸ ਹੀ ਨਹੀਂ ਆਇਆ ਸਗੋਂ ਭਾਰਤ ਦੇ ਸੰਵਿਧਾਨ ਦਾ ਨਿਰਮਾਤਾ ਵੀ ਮੈਨੂੰ ਬਣਨਾ ਪਿਆ ਹੈ ।

ਰਾਖਵਾਂਕਰਨ ਬਾਰੇ

ਹਿੰਦੂਆਂ ਨੇ ਇਨ੍ਹਾਂ ਨੂੰ (ਭਾਵ ਐਸ.ਸੀ., ਬੀ.ਸੀ.) ਅੱਜ ਤੱਕ ਸਾਰੇ ਅਧਿਕਾਰਾਂ ਤੋਂ ਵੰਚਿਤ ਰੱਖਿਆ ਹੈ । ਇਨ੍ਹਾਂ ਦੇ ਸਾਰੇ ਅਧਿਕਾਰ ਸਵਰਨ ਹਿੰਦੂ ਅੱਜ ਤੱਕ ਖੋਹਦੇ ਆਏ ਹਨ । ਇਹ ਦੋਵੇਂ ਅਨੁਸੂਚਿਤ ਜਾਤੀਆਂ ਅਤੇ ਪਛੜੇ ਵਰਗਾ, ਅਜ਼ਾਦ ਭਾਰਤ ਵਿਚ ਆਪਣਾ ਖੋਹਿਆ ਅਧਿਕਾਰ ਪ੍ਰਾਪਤ ਕਰਨ ਦੇ ਪਾਤਰ ਹਨ । ਜੇਕਰ ਮੇਰੀ ਇਹ ਇੱਛਾ (ਐਸ.ਸੀ., ਐੱਸ.ਟੀ. ਅਤੇ ਬੀ.ਸੀ. ਨੂੰ ਵਿਸ਼ੇਸ਼ ਅਧਿਕਾਰ) ਪੂਰੀ ਨਾ ਹੋਣ ਦਿੱਤੀ ਗਈ ਤਾਂ ਮੈਂ ਸੰਵਿਧਾਨ ਮਸੌਦਾ ਕਮੇਟੀ ਦੀ ਚੇਅਰਮੈਨੀ ਅਤੇ ਕਾਨੂੰਨ ਮੰਤਰਾਲੇ ਦੇ ਮੰਤਰੀਪਦ ਨੂੰ ਤਿਆਗ ਦਿਆਂਗਾ । ਪਟੇਲ ਨੂੰ ਕਹੋ ਕਿ ਉਹ ਖੁਦ ਮਸੌਦੇ ਦਾ ਕੰਮ ਸੰਭਾਲ ਲਵੇ । ਮੈਂ ਛੁੱਟੀ ਕਰਦਾ ਹਾਂ । ਕਿਉਂਕਿ ਸਰਦਾਰ ਪਟੇਲ ਨੇ ਕੇ.ਐਮ. ਮੁਨਸ਼ੀ ਨੂੰ ਕਿਹਾ ਸੀ ਕਿ ਸੰਵਿਧਾਨ ਵਿਚ ਰਾਖਵਾਂਕਰਨ ਨਾਲ ਕੀ ਹੋਵੇਗਾ, ਜਦੋਂ ਕਿ ਗ੍ਰਹਿ ਮੰਤਰਾਲਾ ਇਨ੍ਹਾਂ ਅਨੁ: ਜਾਤੀਆਂ ਨੂੰ ਆਈ.ਏ.ਐੱਸ., ਆਈ.ਪੀ.ਐਸ ਅਤੇ ਆਈ.ਐਫ.ਐਸ. ਆਦਿ ਪ੍ਰਸ਼ਾਸਕੀ ਨੌਕਰੀਆਂ ਵਿਚ ਰਾਖਵਾਂਕਰਨ ਨਹੀਂ ਦੇਵੇਗਾ ।

ਪੱਛੜੀਆਂ ਜਾਤੀਆਂ

ਬਾਬਾ ਸਾਹਿਬ ਨੂੰ ਇਕ ਗੱਲ ਦਾ ਬਹੁਤ ਹੀ ਅਫਸੋਸ ਅਤੇ ਦਿਲੀ ਦੁੱਖ ਰਹਿਆ ਕਿ ਦਲਿਤਾਂ ਨੇ ਬਾਬਾ ਸਾਹਿਬ ਦੀ ਨੀਤੀ 'ਤੇ ਚੱਲਣਾ ਸਵੀਕਾਰ ਨਹੀਂ ਕੀਤਾ । ਜੇਕਰ ਇਹ ਅਛੂਤ ਸ਼ੂਦਰ ਜਾਤੀਆਂ ਵੀ ਉਨ੍ਹਾਂ ਦਾ ਸਾਥ ਦਿੰਦੀਆਂ ਤਾਂ ਭਾਰਤ ਦੇ ਪ੍ਰਸ਼ਾਸਨ ਦੀਆਂ ਸਵਾਮੀ, ਬ੍ਰਾਹਮਣ ਆਦਿ ਸਵਰਨ ਜਾਤੀਆਂ ਨਾ ਹੋ ਕੇ, ਇਹੀ ਅਛੂਤ ਅਤੇ ਸਛੂਤ ਭਾਵ (ਐਸ.ਸੀ., ਐਸ.ਟੀ. ਅਤੇ ਬੀ.ਸੀ.) ਸ਼ੂਦਰ ਜਿਨ੍ਹਾਂ ਨੂੰ ਪੱਛੜਾ ਵਰਗ ਕਿਹਾ ਜਾਂਦਾ ਹੈ, ਸਾਰੇ ਭਾਰਤ ਦੇ ਪ੍ਰਸ਼ਾਸਨ ਨੂੰ ਸੰਭਾਲਦੇ । ਲੇਕਿਨ ਇਹ ਅਛੂਤ ਸ਼ੂਦਰ ਜਾਤੀਆਂ ਤਾਂ ਆਪਣੇ ਆਪ ਨੂੰ ਸਵਰਨ ਕਹਾਉਣ ਵਿਚ ਹੀ ਆਪਣਾ ਕਲਿਆਣ ਸਮਝਦੀਆਂ ਰਹੀਆਂ ਅਤੇ ਸਮਝ ਰਹੀਆਂ ਹਨ ।

ਗੁਰੂ ਗੋਲਵਾਲਕਰ ਨਾਲ ਬਾਤਚੀਤ

ਇਕ ਦਿਨ ਗੁਰੂ ਗੋਲਵਾਲਕਰ, ਜੋ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਿਧਾਂਤਕ ਸਨ, ਬਾਬਾ ਸਾਹਿਬ ਕੋਲ ਗਏ ਤਾਂ ਉਸ ਨੇ ਦਸਾਂ ਉਂਗਲੀਆਂ ਵਿਚ ਹੀਰੇ ਜੜੀਆਂ ਸੁਨਹਿਰੀ ਅੰਗੂਠੀਆਂ ਪਾਈਆਂ ਹੋਈਆਂ ਸਨ । ਬਾਬਾ ਸਾਹਿਬ ਨੇ ਕਿਹਾ :-ਦੇਖੋ ਇਸ ਦੇਸ਼ ਦੇ ਪੋਪਾਂ ਨੇ, ਇਕ ਨਹੀਂ ਦੋ ਨਹੀਂ, ਦਸਾ ਉਂਗਲੀਆਂ ਵਿਚ ਦਸ ਪ੍ਰਕਾਰ ਦੀਆਂ ਅੰਗੂਠੀਆਂ ਪਾਈਆਂ ਹੋਈਆਂ ਹਨ । 'ਅਜਿਹੇ ਗੁਰੂ ਜਿਸ ਦੇਸ਼ ਦੇ ਹੋਣਗੇ, ਉਸ ਦੇਸ਼ ਦਾ ਕਦੇ ਕਲਿਆਣ ਨਹੀਂ ਹੋ ਸਕਦਾ ।' ਬਾਬਾ ਸਾਹਿਬ ਨੇ ਆਰ.ਐਸ.ਐਸ. ਦੇ ਉਸ ਨੇਤਾ ਨੂੰ ਕਿਹਾ, "ਤੁਸੀਂ ਚਿਤਪਾਵਨ ਬ੍ਰਾਹਮਣ ਹੋ । ਤੁਹਾਡੇ ਪੁਰਖੇ ਪੇਸ਼ਵਾ, ਜਿਨ੍ਹਾਂ ਦੇ ਹੱਥ ਵਿਚ ਦੇਸ਼ ਦੇ ਪ੍ਰਸ਼ਾਸਨ ਦੀ ਵਾਗਡੋਰ ਰਹੀ, ਉਨ੍ਹਾਂ ਦਾ ਸਲੂਕ ਸਾਡੇ ਅਛੂਤਾਂ ਨਾਲ ਕਿਹੋ ਜਿਹਾ ਸੀ ? ਤੁਹਾਡੇ ਪੇਸ਼ਵਾ ਮਹਾਰਾਜਿਆਂ ਨੇ ਵੀ ਤਾਂ ਪੂਨਾ ਵਿਚ ਅਛੂਤਾਂ ਦੇ ਗੱਲ ਵਿਚ ਕੁੱਜੇ ਬੰਨਕੇ ਤੇ ਕਮਰ ਨਾਲ ਝਾੜੂ ਬੰਨ ਕੇ ਸੜਕਾਂ 'ਤੇ ਚੱਲਣ ਦਾ ਆਦੇਸ਼ ਜਾਰੀ ਕੀਤਾ ਹੋਇਆ ਸੀ । ਅਛੂਤ ਥੁੱਕਣ ਤਾਂ ਆਪਣੇ ਕੁੱਜੇ ਵਿਚ ਤਾਂ ਕਿ ਉਨ੍ਹਾਂ ਦੇ ਥੁੱਕ ਨਾਲ ਰਸਤਾ ਭ੍ਰਿਸ਼ਟ ਨਾ ਹੋ ਜਾਵੇ । ਕਮਰ ਨਾਲ ਝਾੜੂ ਇਸ ਕਾਰਨ ਬੰਨ੍ਹਾਇਆ ਤਾਂ ਕਿ ਅਛੂਤਾਂ ਦੇ ਪੈਰਾਂ ਦੇ ਨਿਸ਼ਾਨ ਮਿਟਦੇ ਰਹਿਣ ਤੇ ਉਨ੍ਹਾਂ ਦੇ ਕਦਮਾਂ 'ਤੇ ਲੱਗ ਕੇ ਕੋਈ ਸਵਰਨ ਹਿੰਦੂ, ਖਾਸ ਕਰਕੇ ਬ੍ਰਾਹਮਣ ਭ੍ਰਿਸ਼ਟ ਨਾ ਹੋ ਜਾਵੇ । "ਤੁਸੀਂ ਸੰਘ ਬਣਾਉਂਦੇ ਹੋ ਤਾਂ ਬਣਾਓ ਪ੍ਰੰਤੂ ਜਾਤਪਾਤ ਮਿਟਾਉਣ, ਵਰਣ ਵਿਵਸਥਾ ਦਾ ਨਾਸ਼ ਕਰਨ ਲਈ ਸੰਗਠਨ ਬਣਾਉਣ ਦਿਓ ।"

ਹਿੰਦੂ ਕਿਰਦਾਰ ਬਾਰੇ

ਬਾਬਾ ਸਾਹਿਬ ਨੇ ਕਿਹਾ, "ਹਿੰਦੂ ਬਹੁਤ ਪਾਖੰਡੀ ਅਤੇ ਛਲਕਪਟੀ ਹੈ । ਜਿਸ ਗੱਲ ਦੇ ਕਹਿਣ ਨਾਲ ਉਸ ਨੂੰ ਲਾਭ ਜਾਂ ਜਸ ਮਿਲਦਾ ਹੋਵੇ, ਉਸ ਦਾ ਸੰਬੰਧ ਆਪਣੇ ਦੇਸ਼ ਜਾਂ ਸੰਸਕ੍ਰਿਤੀ ਨਾਲ ਜੋੜ ਲੈਂਦਾ ਹੈ । ਦੂਸਰਿਆਂ ਦੀ ਹਰ ਚੰਗੀ ਗੱਲ ਨੂੰ ਆਪਣੇ ਧਰਮ ਅਤੇ ਸੰਸਕ੍ਰਿਤੀ ਨਾਲ ਜੋੜਨਾ ਆਪਣੇ ਧਰਮ ਦੀ ਸਚਾਈ ਦੀ ਜੜ ਦੱਸਣ ਅਤੇ ਸਿੱਧ ਕਰਨਾ ਇਨ੍ਹਾਂ ਦਾ ਸਦਾ ਕੰਮ ਰਿਹਾ ਹੈ ।

ਪਾਕਿਸਤਾਨੀ ਸ਼ਰਨਾਰਥੀ ਅਛੂਤਾਂ ਲਈ ਜ਼ਮੀਨ

ਬਾਬਾ ਸਾਹਿਬ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ, 4 ਲੱਖ ਏਕੜ ਭੂਮੀ ਏਧਰ (ਪੰਜਾਬ ਵਿਚ) ਅਛੂਤਾਂ ਲਈ ਅਲਾਟ ਕਰਨ ਨੂੰ ਕਹਿਆ । ਜਵਾਹਰ ਲਾਲ ਨੇ ਇਸ ਮੰਗ ਨੂੰ ਉਚਿਤ ਤੇ ਨਿਆਂ ਭਰਪੂਰ ਸਮਝ ਕੇ ਮੰਨ ਲਿਆ । ਸਰਦਾਰ ਪ੍ਰਤਾਪ ਸਿੰਘ ਕੈਰੋਂ, ਜੋ ਪੰਜਾਬ ਸਰਕਾਰ ਦੇ ਮੰਤਰੀ ਸਨ ਦਿੱਲੀ ਆਏ ਤੇ ਉਸ ਨੇ ਬਾਬਾ ਸਾਹਿਬ ਦੀ ਇਸ ਮੰਗ ਦਾ ਤਕੜਾ ਵਿਰੋਧ ਕੀਤਾ । ਬਾਬਾ ਸਾਹਿਬ ਦਾ ਵਿਚਾਰ ਸੀ ਕਿ 40 ਲੱਖ ਏਕੜ ਭੂਮੀ ਵਿਚ ਜਦੋਂ ਇਨ੍ਹਾਂ ਅਛੂਤਾਂ ਨੂੰ 4 ਲੱਖ ਏਕੜ ਭੂਮੀ ਮਿਲ ਜਾਵੇਗੀ ਤਾਂ ਇਨ੍ਹਾਂ ਦਾ ਜੀਵਨ ਸੱਤਰ ਵੀ ਅੱਛਾ ਹੋ ਜਾਵੇਗਾ ਅਤੇ ਇਹ ਲੋਕ ਭੂਮੀ ਮਾਲਕਾਂ ਦੀ ਪੱਕੀ ਗੁਲਾਮੀ ਤੋਂ ਛੁਟਕਾਰਾ ਵੀ ਪਾ ਸਕਣਗੇ । ਸੁਤੰਤਰ ਭਾਰਤ ਵਿਚ ਇਨ੍ਹਾਂ ਅਛੂਤ ਸ਼ਰਨਾਰਥੀਆਂ ਨਾਲ ਨਿਆਂ ਕਰਨਾ ਭਾਰਤ ਸਰਕਾਰ ਦਾ ਫਰਜ਼ ਹੈ । ਆਖਰਕਾਰ ਕੈਰੋਂ ਨੇ ਜਵਾਹਰ ਲਾਲ ਨੂੰ ਧਮਕੀ ਦੇ ਰੂਪ ਵਿਚ ਕਿਹਾ ਕਿ "ਜੇ ਤੁਸੀਂ ਚੂੜ੍ਹੇ-ਚੁਮਾਰਾਂ ਨੂੰ ਮੁਸਲਮਾਨਾਂ ਦੀ ਛੱਡੀ ਸੰਪਤੀ ਅਤੇ ਜ਼ਮੀਨ ਦਾ ਹਿੱਸੇਦਾਰ ਬਣਾ ਦਿੱਤਾ ਤਾਂ ਜੱਟ ਜ਼ਿਮੀਂਦਾਰ ਆਪਣਾ ਗੁਜ਼ਾਰਾ ਚੋਰੀ ਅਤੇ ਡਾਕੇ ਮਾਰ ਕੇ ਹੀ ਕਰਨਗੇ ।" ਅੰਤ ਇਹ ਜ਼ਮੀਨ ਅਛੂਤਾਂ ਲਈ ਇਕ ਲੱਖ ਏਕੜ ਰਹਿ ਗਈ ਅਤੇ ਮੰਤਰੀ ਜਗਜੀਵਨ ਰਾਮ ਮੂੰਹ ਬੰਦ ਕਰਕੇ ਇਸ ਤਮਾਸ਼ੇ ਨੂੰ ਵੇਖਦਾ ਰਹਿਆ ।

ਪਛੜੇ ਵਰਗ ਬਾਰੇ

ਬਾਬਾ ਸਾਹਿਬ ਨੇ ਕਿਹਾ : ਪੱਛੜਾ ਵਰਗ (ਓ.ਬੀ.ਸੀ.) ਅਤੇ ਅਛੂਤ ਵਰਗ (ਐਸ.ਸੀ., ਐਸ.ਟੀ.) ਜੇਕਰ ਸੰਗਠਤ ਹੋ ਜਾਵੇ (ਭਾਵ 52 ਪ੍ਰਤੀਸ਼ਤ +23 ਪ੍ਰਤੀਸ਼ਤ-75 ਪ੍ਰਤੀਸ਼ਤ) ਤਾਂ ਸਵਰਨ ਹਿੰਦੂਆਂ ਤੋਂ ਆਪਣੇ

ਅਧਿਕਾਰ ਖੋਹ ਸਕਦਾ ਹੈ । ਪ੍ਰੰਤੂ ਪਛੜਿਆਂ ਵਰਗ ਤਾਂ ਕਿਤੇ ਆਪਣੇ ਆਪ ਨਾਲ ਸ਼ਰਮਾਂ, ਕਿਤੇ ਵਰਮਾਂ ਅਤੇ ਕਿਤੇ ਤੁਹਾਡੀ ਤਰ੍ਹਾਂ (ਗੋਪਾਲ ਸਿੰਘ ਨੂੰ) ਠਾਕਰ ਦਾ ਝੂਠਾ ਲੇਬਲ ਲਗਾਈ ਬੈਠਾ ਹੈ । ਉਹ (ਪੱਛੜੇ ਵਰਗ) ਅਛੂਤਾਂ ਨਾਲ ਉੱਨੀ ਘਿਰਣਾ ਕਰਦੇ ਹਨ, ਜਿੰਨੀ ਸਵਰਨ ਹਿੰਦੂ । ਹਾਲਾਂ ਕਿ ਸਵਰਨਾਂ ਦੀ ਦ੍ਰਿਸ਼ਟੀ ਵਿਚ ਪਛੜਿਆ ਵਰਗ ਵੀ ਸ਼ੂਦਰ ਹੀ ਹੈ । ਜੇਕਰ ਮੇਰੀ ਇੱਛਾ ਅਤੇ ਨੀਤੀ ਅਨੁਸਾਰ ਭਾਰਤ ਦੇ ਸ਼ੂਦਰ, ਪੱਛੜੇ ਵਰਗ, ਅਛੂਤ ਅਤੇ ਜਨ ਜਾਤੀਆਂ ਆਪਸ ਵਿਚ ਸੰਗਠਤ ਹੋ ਜਾਣ 'ਤੇ ਸੰਘਰਸ਼ ਕਰਨ ਤਾਂ ਪ੍ਰਸ਼ਾਸਨ ਅਤੇ ਸੱਤਾ ਇਨ੍ਹਾਂ ਦੇ ਹੱਥ ਆ ਸਕਦੀ ਹੈ । ਪ੍ਰੰਤੂ ਅਫਸੋਸ ਦੀ ਗੱਲ ਹੈ ਕਿ ਪੱਛੜਿਆ ਵਰਗ ਤਾਂ ਦਵਿਜ ਵਰਣਾਂ ਦਾ ਲੇਬਲ ਲਗਾ ਰਹਿਆ ਹੈ ਅਤੇ ਸਾਡੇ ਨਾਲ ਅੰਦੋਲਨ ਵਿਚੋਂ ਸ਼ਾਮਲ ਨਹੀਂ ਹੋਣਾ ਚਾਹੁੰਦਾ ।

ਪੰਜਾਬੀਆਂ ਦੇ ਖਾਣੇ ਬਾਰੇ

ਬਾਬਾ ਸਾਹਿਬ ਨੂੰ ਪੰਜਾਬੀ ਤਰੀਕੇ ਨਾਲ ਪਕਾਇਆ ਸਾਗ ਬਹੁਤ ਪਸੰਦ ਸੀ, ਪ੍ਰੰਤੂ ਉਹ ਕਿਹਾ ਕਰਦੇ ਸਨ ਕਿ ਪੰਜਾਬੀ ਲੋਕ ਏਨਾ ਘਿਓ ਖਾਂਦੇ ਹਨ ਕਿ ਇਨ੍ਹਾਂ ਦੀ ਪਕਾਈ ਦਾਲ, ਸਾਗ, ਸਬਜ਼ੀ ਵਿਚ ਪਹਿਲਾਂ ਘਿਓ ਵਿਚ ਡੁੱਬਕੀ ਲਗਾ ਕੇ ਥੱਲੇ ਦਾਲ-ਸਬਜ਼ੀ ਤੱਕ ਹੱਥ ਪਹੁੰਚਦਾ ਹੈ । ਇਸ ਲਈ ਪੰਜਾਬੀ ਬੜੇ ਤਕੜੇ ਤੇ ਮੋਟੇ-ਤਾਜ਼ੇ ਹੁੰਦੇ ਹਨ । ਪ੍ਰੰਤੂ ਇਨ੍ਹਾਂ ਵਿਚ ਅਕਲ ਦੀ ਕੁਝ ਕਮੀ ਹੁੰਦੀ ਹੈ । ਚਰਬੀ ਦਾ ਇਸਤੇਮਾਲ ਕਰਕੇ ਆਦਮੀ ਸ਼ਕਤੀਸ਼ਾਲੀ ਤੇ ਮੋਟਾ ਤਾਜ਼ਾ ਭਾਵੇਂ ਹੋ ਜਾਵੇ ਪ੍ਰੰਤੂ ਉਸ ਵਿਚ ਬੁੱਧੀ ਬਲ ਦੀ ਕਮੀ ਹੁੰਦੀ ਹੈ । ਸਰਦਾਰ ਬਲਦੇਵ ਸਿੰਘ ਨੇ ਬਾਬਾ ਸਾਹਿਬ ਨਾਲ ਗੱਲਬਾਤ ਸਮੇਂ ਦੱਸਿਆ ਕਿ, "ਮੈਂ ਜੱਟ ਹਾਂ । ਸਾਡੇ ਘਰਾਂ ਵਿਚ ਮੱਝਾਂ-ਗਾਈਆਂ ਆਮ ਹੁੰਦੀਆਂ ਹਨ । ਮੇਰੀ ਤਾਂ ਮਾਂ ਕਹਿਆ ਕਰਦੀ ਸੀ ਕਿ ਮੇਰੇ ਜਨਮ ਵੇਲੇ ਉਸ ਨੇ ਦੋ ਤੌੜੇ ਘਿਉ ਖਾਧਾ ਸੀ ।" ਬਾਬਾ ਸਾਹਿਬ ਨੇ ਇਸ 'ਤੇ ਕਿਹਾ, "ਇਸੇ ਲਈ ਪੰਜਾਬੀ ਕਮ ਬੁੱਧੀ ਵਾਲੇ ਹੁੰਦੇ ਹਨ । ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਬਹਾਦਰ ਹੁੰਦੇ ਹਨ, ਪ੍ਰੰਤੂ ਮਹਾਰਾਸ਼ਟਰੀ ਲੋਕ ਬਹਾਦਰ ਹੋਣ ਦੇ ਨਾਲ-ਨਾਲ ਬੁੱਧੀਵਾਨ ਵੀ ਹੁੰਦੇ ਹਨ ।

ਪਛੜੇ ਵਰਗ ਤੇ ਅਛੂਤ ਵਰਗ

ਅੱਜ ਤੁਹਾਡਾ ਸਾਰੇ ਪਛੜੇ ਵਰਗਾਂ ਦਾ ਕੋਈ ਸਾਂਝਾ ਸੰਗਠਨ ਨਹੀਂ ਹੈ । ਜੇਕਰ ਸਾਰੇ ਪਛੜੇ ਵਰਗ ਅਤੇ ਅਨੁ : ਜਾਤੀਆਂ ਦੇ ਲੋਕ ਆਪਸ ਵਿਚ ਮਿਲਕੇ ਅਤੇ ਸੰਗਠਤ ਹੋ ਕੇ ਸੰਘਰਸ਼ ਕਰੋ ਤਾਂ ਗੋਬਿੰਦ ਬੱਲਭਪੰਤ (ਜਿਸ ਨੇ ਕਾਕਾ ਕਲੇਲਕਰ ਕਮਿਸ਼ਨ, ਜੋ ਪਛੜੇ ਵਰਗ ਲਈ 1952 ਤੋਂ ਬਾਅਦ ਬੈਠਿਆ ਸੀ ਤੇ ਜਿਸ ਨੇ ਪਛੜੀਆਂ ਜਾਤੀਆਂ ਨੂੰ ਪਹਿਲੇ ਦਰਜੇ ਵਿਚ 30%, 33% ਅਤੇ 40% ਰਾਖਵਾਂਕਰਨ ਘੋਸ਼ਿਤ ਕੀਤਾ ਸੀ, ਨੂੰ ਰੱਦ ਕੀਤਾ ਸੀ।) ਵਰਗਾ ਬ੍ਰਾਹਮਣ, ਤੁਹਾਡੇ ਬੂਟਾਂ ਦੇ ਤਸਮੇਂ ਖੋਲ੍ਹਣ ਵਿਚ ਵੀ ਆਪਣੀ ਇੱਜ਼ਤ ਸਮਝੇਗਾ । ਪ੍ਰੰਤੂ ਤੁਹਾਡੀ ਆਪਸ ਟੁੱਟ-ਭੱਜ ਤੇ ਅਨੁਸ਼ਾਸਨ ਹੀਣਤਾ ਨੇ ਇਨ੍ਹਾਂ ਬ੍ਰਾਹਮਣਾਂ ਨੂੰ ਤੁਹਾਡੇ ਸਿਰ 'ਤੇ ਬੈਠਣ ਦਾ ਮੌਕਾ ਦਿੱਤਾ ਹੈ । ਕੇਵਲ ਤੁਹਾਡੀ ਅਗਿਆਨਤਾ ਅਤੇ ਪਛੜੇ ਵਰਗ ਜਾਂ ਅਨੁ : ਜਾਤੀਆਂ ਅਤੇ ਜਨ ਜਾਤੀਆਂ ਦੀ ਆਪਸੀ ਏਕਤਾ ਨਾ ਹੋਣ ਦਾ ਬੁਰਾ ਨਤੀਜਾ ਹੀ ਤੁਹਾਨੂੰ ਅੱਜ ਅਜ਼ਾਦ ਭਾਰਤ ਵਿਚ ਵੀ ਮੁੱਠੀ ਸਵਰਨਾਂ ਦੇ ਗੁਲਾਮ ਬਣਾਈ ਬੈਠਾ ਹੈ ।

ਸਵੈਮਾਨੀ ਬਾਬਾ ਸਾਹਿਬ

ਆਪਣੇ ਲੋਕਾਂ ਦੀ ਸ਼ਕਤੀ ਬਣਾਉਣ ਅਤੇ ਬ੍ਰਾਹਮਣਵਾਦੀ ਪ੍ਰਬੰਧ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਦਾ ਉੱਤਮ ਕੰਮ ਜਦੋਂ ਬਾਬਾ ਸਾਹਿਬ ਨੇ ਕਾਂਗਰਸੀ ਮੰਤਰੀ ਮੰਡਲ ਵਿਚ ਜਾਣ 'ਤੇ ਵੀ ਜਾਰੀ ਰੱਖਿਆ ਤਾਂ ਸਰਦਾਰ ਪਟੇਲ ਨੇ ਗਾਂਧੀ ਤੇ ਜਵਾਹਰ ਲਾਲ ਪਾਸ ਸ਼ਿਕਾਇਤ ਕੀਤੀ । ਜਵਾਹਰ ਲਾਲ ਦੇ ਪੁੱਛਣ 'ਤੇ ਬਾਬਾ ਸਾਹਿਬ ਨੇ ਉੱਤਰ ਦਿੱਤਾ :-

"ਮੈਂ ਆਪਣੇ ਲੋਕਾਂ ਨੂੰ ਸੰਬੋਧਨ ਕਰਕੇ ਜੋ ਕੁਝ ਕਿਹਾ ਹੈ, ਉਹ ਠੀਕ ਕਿਹਾ ਹੈ । ਮੈਂ ਤੁਹਾਡੇ ਮੰਤਰੀ ਮੰਡਲ ਦਾ ਮੈਂਬਰ ਬਣ ਕੇ ਆਪਣੇ ਲੋਕਾਂ ਨੂੰ ਗਲਤ ਮਾਰਗ 'ਤੇ ਨਹੀਂ ਲਿਜਾ ਸਕਦਾ । ਜੇ ਤੁਸੀਂ ਲੋਕਾਂ ਨੇ ਇਹ ਸਮਝਿਆ ਕਿ ਅੰਬੇਡਕਰ ਕਾਨੂੰਨ ਮੰਤਰੀ ਬਣ ਜਾਣ 'ਤੇ ਤੁਹਾਡੇ ਹੱਥਾਂ ਵਿਚ ਵਿਕ ਚੁੱਕਾ ਹੈ ਤੇ ਉਹ ਹੁਣ ਆਪਣੀ ਸਦੀਆਂ ਦੀ ਦਬੀ-ਪਿਸੀ ਪੀੜਤ ਜਨਤਾ ਨੂੰ ਤੁਹਾਡੇ ਕਾਂਗਰਸੀ ਰਾਜ ਦੀ ਪ੍ਰਸ਼ੰਸਾ ਸੁਣਾਏਗਾ ਤਾਂ ਅਜਿਹਾ ਕਦੇ ਨਹੀਂ ਹੋ ਸਕਦਾ । ਮੈਂ ਆਪਣੀ ਉਸ ਆਤਮਾ ਤੇ ਜ਼ਮੀਰ ਵਿਰੁੱਧ ਕਦੀ ਨਹੀਂ ਬੋਲਾਂਗਾ ਜੋ ਮੈਨੂੰ ਇਨ੍ਹਾਂ ਕਰੋੜਾਂ ਪਛੜੇ ਅਤੇ ਅਛੂਤ ਲੋਕਾਂ ਦੇ ਹਿੱਤ ਲਈ ਅੱਜ ਤੱਕ ਪ੍ਰੇਰਣਾ ਦਿੰਦੀ ਆ ਰਹੀ ਹੈ । ਜੇਕਰ ਤੁਸੀਂ ਇਸ ਪ੍ਰਕਾਰ ਮੇਰੀ ਜ਼ਮੀਰ

ਕੁਚਲਣਾ ਚਾਹੁੰਦੇ ਹੋ ਤਾਂ ਮੇਰਾ ਅਸਤੀਫਾ ਆਹ ਪਿਆ ਹੈ ।"

(ਲੋਹ ਪੁਰਸ਼ ਸਰਦਾਰ ਪਟੇਲ ਤਿਲਮਲਾਇਆ ਪ੍ਰੰਤੂ ਹਿਮਾਲੀਆ ਪਰਬਤ ਦੀ ਤਰ੍ਹਾਂ ਅੱਟਲ ਵਿਅਕਤੀ ਮੂਹਰੇ ਉਸ ਦੀ ਦਾਲ ਨਾ ਗਲੀ ।)

ਕਾਂਗਰਸੀ ਮੰਤਰੀ ਮੰਡਲ ਵਿਚ ਕਿਉਂ ਗਏ

ਬਾਬਾ ਸਾਹਿਬ ਨੇ ਦੱਸਿਆ : ਮੈਂ ਤਾਂ ਉਸ ਰੇਲ ਯਾਤਰੀ ਦੀ ਤਰ੍ਹਾਂ ਹਾਂ ਜੋ ਫਰੰਟੀਅਰ ਮੇਲ, (ਬੰਬਈ ਤੋਂ ਚੱਲ ਕੇ ਅੰਮ੍ਰਿਤਸਰ ਪਹੁੰਚਦੀ ਹੈ) ਦੇ ਡੱਬੇ ਵਿਚ ਸਵਾਰ ਹੈ ।

ਜਿੱਥੇ ਮੇਰੀ ਮੰਜ਼ਿਲ ਆ ਜਾਵੇਗੀ ਮੈਂ ਵੀ ਇਸ ਡੱਬੇ 'ਚੋਂ ਉੱਤਰ ਜਾਵਾਂਗਾ । ਭਾਵੇਂ ਅਸੀਂ ਸਭ ਯਾਤਰੀ ਇਕ ਡੱਬੇ ਵਿਚ ਸਵਾਰ ਹਾਂ, ਲੇਕਿਨ ਸਾਡੀ ਮੰਜ਼ਿਲ ਜੁਦਾ ਹੈ । ਮੈਂ ਕਾਂਗਰਸ ਮੰਤਰੀ ਮੰਡਲ ਵਿਚ ਕੇਵਲ ਇਸ ਲਈ ਸ਼ਾਮਲ ਹੋਇਆ ਹਾਂ, ਕਿਉਂਕਿ ਅਜ਼ਾਦ ਭਾਰਤ ਦੇ ਸੰਵਿਧਾਨ ਵਿਚ ਆਪਣੇ ਲੋਕਾਂ ਦੀ ਬੇਹਤਰੀ ਅਤੇ ਕਲਿਆਣ ਲਈ ਕੁਝ ਜ਼ਾਬਤੇ ਜਾਂ ਕਾਨੂੰਨ ਬਣਾਉਣੇ ਹਨ । ਭਾਰਤ ਦਾ ਸੰਵਿਧਾਨ ਇਕ ਬੁਨਿਆਦੀ ਜਾਂ ਅਧਾਰਭੂਤ ਕਾਨੂੰਨੀ ਸ਼ਿਲਾਲੇਖ ਹੈ । ਮੈਂ ਇਸ ਵਿਚ ਹਜ਼ਾਰਾਂ ਵਰ੍ਹਿਆਂ ਤੋਂ ਅਧਿਕਾਰ ਵੰਚਿਤ ਕਰੋੜਾਂ ਅਨੁਜਾਤੀਆਂ ਜਨਜਾਤੀਆਂ ਅਤੇ ਦੂਜੇ ਪਛੜੇ ਵਰਗਾਂ ਦੀ ਭਲਾਈ ਲਈ ਨਿਰਦੇਸ਼ਾਂ ਅਤੇ ਅਦੇਸ਼ਾਂ ਦਾ ਪ੍ਰਬੰਧ ਕਰਨਾ ਹੈ ਤਾਂ ਜੋ ਭਵਿੱਖ ਵਿਚ ਇਨ੍ਹਾਂ ਅਧਿਕਾਰ ਵੰਚਤ ਲੋਕਾਂ ਦੇ ਕਲਿਆਣ ਲਈ ਕਾਨੂੰਨ ਜਾਂ ਨਿਯਮ ਵਿਨਿਯਮ ਬਣਾਉਣ ਵਿਚ ਸਹਾਇਕ ਹੋਣ ਅਤੇ ਅਜਿਹਾ ਵਿਧਾਨ ਬਣਾਉਣ ਜਿਸ ਨਾਲ ਸਾਡੇ ਲੋਕਾਂ ਨੂੰ ਪ੍ਰਸ਼ਾਸਨ ਅਤੇ ਉੱਚ ਸ਼ਿਖਸ਼ਾ ਦੀਆਂ ਸਹੂਲਤਾਂ ਅਤੇ ਸਰਕਾਰੀ ਨੌਕਰੀਆਂ ਵਿਚ ਇਨ੍ਹਾਂ ਦੀ ਸੰਖਿਆ ਦੇ ਅਨੁਪਾਤ ਅਨੁਸਾਰ ਇਨ੍ਹਾਂ ਨੂੰ ਰਾਖਵਾਂਕਰਨ ਅਤੇ ਸੁਰੱਖਿਆ ਦਿਵਾਉਣ ਲਈ ਕਾਨੂੰਨੀ ਅਧਾਰ ਬਣ ਸਕੇ ।

ਸਰਦਾਰ ਪਟੇਲ ਦੀ ਦੁਸ਼ਮਣੀ

ਸੰਵਿਧਾਨ ਤਿਆਰ ਹੋ ਜਾਣ 'ਤੇ ਜਵਾਹਰ ਲਾਲ ਅਤੇ ਉਨ੍ਹਾਂ ਵਰਗੇ ਕੁਝ ਹੋਰ ਨੇਤਾਵਾਂ ਦਾ ਵਿਚਾਰ ਸੀ ਕਿ ਸੁਤੰਤਰ ਭਾਰਤ ਦੀ ਸੁਪਰੀਮ ਕੋਰਟ ਦਾ ਪਹਿਲਾ ਮੁੱਖ ਨਿਆਂਮੂਰਤੀ ਬਾਬਾ ਸਾਹਿਬ ਨੂੰ ਬਣਾਇਆ ਜਾਵੇ ਤਾਂ ਕਿ ਉਹ ਸੰਵਿਧਾਨ ਦੇ ਆਸ਼ੇ ਅਤੇ ਉਦੇਸ਼ ਦੀ ਸਹੀ ਵਿਆਖਿਆ ਕਰ ਸਕੇ ਅਤੇ ਦੇਸ਼ ਨੂੰ ਯਥਾਰਥ ਸੰਵਿਧਾਨਕ ਨਿਆਂ ਪ੍ਰਦਾਨ ਕਰ ਸਕੇ ਪ੍ਰੰਤੂ ਜਦੋਂ ਇਹ ਗੱਲ ਸਰਦਾਰ ਪਟੇਲ ਦੇ ਕੰਨਾਂ 'ਚ ਪਈ ਤਾਂ ਉਸ ਨੇ ਫੌਰਨ ਇਕ ਗੁਜਰਾਤੀ ਸ੍ਰੀ ਕਾਨੀਆਂ ਨੂੰ ਸੁਪਰੀਮ ਕੋਰਟ ਚੀਫ ਨਿਆਂ ਮੂਰਤੀ ਨਿਯੁਕਤ ਕਰ ਦਿੱਤਾ ।

(ਕਿਉਂਕਿ ਉੱਚੀਆਂ ਜਾਤੀਆਂ ਦੇ ਵਕੀਲ ਇੱਕ ਅਛੂਤ ਨੂੰ ਮਾਈ ਲਾਰਡ ਕਹਿ ਕੇ ਬੁਲਾਉਣ ਤਾਂ ਧਰਤੀ ਦਾ ਸੀਨਾਂ ਪਾਟ ਜਾਣ ਵਰਗੀ ਗੱਲ ਸੀ ।)

ਕਮਿਊਨਿਸਟਾਂ ਬਾਰੇ ਵਿਚਾਰ

ਭਾਰਤੀ ਕਮਿਊਨਿਸਟਾਂ ਕੋਲੋਂ ਸਾਡੀ ਭਲਾਈ ਨਹੀਂ ਹੋ ਸਕਦੀ । ਸਭ ਤੋਂ ਪਹਿਲਾਂ ਗੱਲ ਤਾਂ ਇਹ ਹੈ ਕਿ ਇਸ ਪਾਰਟੀ ਦੇ ਨੇਤਾ ਬ੍ਰਾਹਮਣ ਅਤੇ ਸਵਰਨ ਹਿੰਦੂ ਹਨ । ਉਹ ਵਰਣ ਵਿਵਸਥਾ ਦੀ ਆਲੋਚਨਾ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੇਤਾਵਾਂ ਨੇ ਕੇਵਲ ਆਰਥਿਕ ਕ੍ਰਾਂਤੀ ਹੀ ਕਰਨੀ ਹੈ । ਮੈਂ ਕਮਿਊਨਿਜ਼ਮ ਦੇ ਏਨੇ ਗ੍ਰੰਥ ਪੜ੍ਹੇ ਹਨ ਅਤੇ ਉਨ੍ਹਾਂ ਦਾ ਏਨਾ ਗਹਿਰਾਈ ਨਾਲ ਅਧਿਅਨ ਕੀਤਾ ਹੈ ਕਿ ਕਿਸੇ ਵੀ ਕਮਿਊਨਿਸਟ ਨੇਤਾ ਨੇ ਨਾ ਤੇ ਏਨਾ ਪੜ੍ਹਿਆ ਅਤੇ ਨਾ ਸੋਚਿਆ ਹੋਵੇਗਾ । ਮੇਰੇ ਵਿਚਾਰ ਵਿਚ ਜੇ ਕਾਰਲ ਮਾਰਕਸ ਭਾਰਤ ਵਿਚ ਪੈਦਾ ਹੁੰਦਾ ਤੇ ਉਸ ਨੂੰ ਆਪਣਾ ਪ੍ਰਸਿੱਧ ਗ੍ਰੰਥ ਕੇਪੀਟਲ ਭਾਰਤ ਵਿਚ ਬੈਠ ਕੇ ਲਿਖਣਾ ਪੈਂਦਾ ਤਾਂ ਉਹ ਇਸ ਨੂੰ ਦੂਸਰੇ ਢੰਗ ਨਾਲ ਲਿਖਦਾ ।.....ਇਸ ਦੇਸ਼ ਵਿਚ ਸਮਾਜਿਕ ਅਨੇਕਤਾ ਹੈ । ਇਹ ਦੇਸ਼ ਚਾਰ ਵਰਣਾਂ ਅਤੇ ਉਨ੍ਹਾਂ ਦੀ ਸੰਤਾਨ ਹਜ਼ਾਰਾਂ ਜਾਤੀਆਂ ਵਿਚ ਵੰਡਿਆ ਹੋਇਆ ਹੈ ।....ਇਕ ਜਾਤੀ ਨੂੰ ਦੂਸਰੀ ਜਾਤ ਨਾਲ ਨਫਰਤ ਹੈ । ਇਹ ਦੇਸ਼ ਜਾਤ-ਪਾਤ, ਊਚ-ਨੀਚ ਦਾ ਸ਼ਿਕਾਰ ਹੈ । ....ਬਿਮਾਰੀ ਦੀ ਅਸਲੀ ਜੜ੍ਹ ਭਾਰਤੀ ਲੋਕਾਂ ਦੀ ਸਮਾਜਿਕ ਨਾਬਰਬਾਰੀ ਹੈ ।

ਜੇਕਰ ਕਿਸੇ ਦਿਨ ਕਮਿਊਨਿਸਟ ਆਪਣੀ ਭਾਰਤ ਅੰਦਰ ਰਾਜ ਸੱਤਾ ਸਥਾਪਤ ਕਰ ਲੈਂਦੇ ਹਨ ਤਾਂ ਉਨ੍ਹਾਂ ਨੂੰ ਵੀ ਆਪਣਾ ਸ਼ਾਸਨ ਚਲਾਉਣ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਪਵੇਗੀ ।

1. ਪ੍ਰਸ਼ਾਸਨ ਅਧਿਕਾਰੀ (ਜੋ ਕਾਂਗਰਸ ਰਾਜ ਵਿਚ ਮੌਜੂਦ ਹਨ ।)
2. ਸੈਨਿਕ ਸੇਵਾਵਾਂ (ਜੋ ਮੌਜੂਦ ਹਨ ।)

3. ਮਜ਼ਦੂਰ ਵਰਗ (ਜੋ ਮੌਜੂਦ ਹੈ ।)

ਇਸ ਵੇਲੇ ਸਰਕਾਰੀ ਪ੍ਰਸ਼ਾਸਨਿਕ, ਅਫਸਰਸ਼ਾਹੀ ਅਤੇ ਸੈਨਾ ਅਧਿਕਾਰੀਆਂ ਅਤੇ ਸੈਨਾ ਦਾ ਸਾਰਾ ਸੰਗਠਨ ਹਿੰਦੂਆਂ ਦਾ ਹੀ ਹੈ ।ਇਹੀ ਸਵਰਨ ਹਿੰਦੂ ਅੰਗਰੇਜ਼ੀ ਰਾਜ ਵਿਚ ਬਣੇ ਰਹੇ ।ਇਸ ਤੋਂ ਬਾਅਦ ਕਾਂਗਰਸ ਵਿਚ ਰਾਜ ਵਿਚ ਜਮੇ ਰਹੇ ।ਉਸੇ ਤਰ੍ਹਾਂ ਹੀ ਇਹ ਅਧਿਕਾਰੀ ਕਮਿਊਨਿਸਟ ਰਾਜ ਵਿਚ ਸ਼ਕਤੀਸ਼ਾਲੀ ਤੇ ਕਾਬਜ਼ ਰਹਿਣਗੇ ।ਹਿੰਦੁਸਤਾਨ ਦੀਆਂ ਅਛੂਤ ਜਾਤੀਆਂ, ਜਨ-ਜਾਤੀਆਂ ਅਤੇ ਪਛੜਿਆਂ ਵਰਗ ਜਿਵੇਂ ਸ਼ੂਦਰ ਨਾ ਅਜੇ ਪ੍ਰਸ਼ਾਸਨ ਅਧਿਕਾਰੀ ਹੈ ਤੇ ਨਾ ਹੀ ਸੈਨਾ ਅਧਿਕਾਰੀ ਤੇ ਕੱਲ੍ਹ ਕਮਿਊਨਿਸਟ ਰਾਜ ਵਿਚ ਵੀ ਉਨ੍ਹਾਂ ਦਾ ਦਖਲ ਨਹੀਂ ਹੋਵੇਗਾ ।(ਜਿਵੇਂ ਪੱਛਮੀ ਬੰਗਾਲ ਦੀ ਸਰਕਾਰ ਵਿਚ ਇਹ ਪਛੜੇ ਲੋਕ ਮੰਤਰੀ ਮੰਡਲ ਵਿਚ ਅਤੇ ਪ੍ਰਸ਼ਾਸਨ ਵਿਚ ਬੁਰੀ ਤਰ੍ਹਾਂ ਪਛੜੇ ਹੋਏ ਹਨ ਭਾਵ ਸ਼ਾਸਨ ਪ੍ਰਸ਼ਾਸਨ ਵਿਚ ਇਨ੍ਹਾਂ ਨੂੰ ਬਰਾਬਰ ਲਿਆ ਹੀ ਨਹੀਂ ਗਿਆ ।) ਤੀਜੀ ਸ਼੍ਰੇਣੀ ਹੈ ਖੇਤ ਮਜ਼ਦੂਰਾਂ ਅਤੇ ਦੂਜੀ ਕਿਸਮ ਦੇ ਮਿਹਨਤੀ ਮਜ਼ਦੂਰ ।(ਜਿਵੇਂ ਕਾਰਖਾਨਾ ਮਜ਼ਦੂਰ, ਖਾਣ ਮਜ਼ਦੂਰ ਜਾਂ ਦਸਤਕਾਰ ਆਦਿ) (ਕਮਿਊਨਿਸਟ ਰਾਜ ਵਿਚ) ਇਨ੍ਹਾਂ ਲੋਕਾਂ ਨੂੰ ਮਜ਼ਦੂਰੀ ਚੰਗੀ ਮਿਲੇਗੀ, ਰਹਿਣ ਲਈ ਘਰ ਵੀ ਮਿਲ ਜਾਵੇਗਾ, ਪ੍ਰੰਤੂ ਉਨ੍ਹਾਂ ਨੂੰ ਨਾ ਤਾਂ ਪ੍ਰਸ਼ਾਸਨ ਵਿਚ ਅਤੇ ਨਾ ਹੀ ਸੈਨਿਕ ਪ੍ਰਸ਼ਾਸਨ ਵਿਚ ਦਖਲ ਪ੍ਰਾਪਤ ਹੋਵੇਗਾ ।ਇਹ ਲੋਕ ਜਿੱਥੇ ਅੱਜ ਹਨ ਭਾਵ ਜੋ ਧੰਦੇ ਅੱਜ ਕਰਦੇ ਹਨ ਉਹੀ ਕਰਦੇ ਰਹਿਣਗੇ ।...ਪ੍ਰੰਤੂ ਉਨ੍ਹਾਂ ਨੂੰ ਸਨਮਾਨ ਅਤੇ ਸ਼ਾਸਨ ਵਿਚ ਬਰਾਬਰ ਦਾ ਅਧਿਕਾਰ ਨਹੀਂ ਮਿਲੇਗਾ ।

ਕਮਿਊਨਿਸਟ ਸਰਕਾਰ ਦਾ ਉੱਤਰ ਹੋਵੇਗਾ ਕਿ ਸਾਡੀ ਦ੍ਰਿਸ਼ਟੀ ਵਿਚ ਪ੍ਰਸ਼ਾਸਨ ਅਧਿਕਾਰੀ ਅਤੇ ਸੜਕਾਂ ਸਾਫ ਕਰਨ ਵਾਲੇ ਮਜ਼ਦੂਰ ਇਕ ਸਮਾਨ ਹਨ ।(ਜਿਵੇਂ ਭਾਰਤੀ ਕਮਿਊਨਿਸਟ ਅਕਸਰ ਆਖਦੇ ਹਨ) ਤੁਹਾਨੂੰ ਸੜਕਾਂ ਸਾਫ ਕਰਨ ਦਾ ਪੂਰਾ ਅਨੁਭਵ ਹੈ, (ਕਿੱਤਾ ਮਾਹਰ) ਇਸ ਲਈ ਤੁਸੀਂ ਉਹੀ ਕੰਮ ਕਰੋ ਅਤੇ ਸ਼ਾਸਨ ਵਿਚ ਜਿਨ੍ਹਾਂ ਲੋਕਾਂ ਦਾ ਅਨੁਭਵ ਹੈ ਉਹ ਉਹੀ ਕੰਮ ਕਰਨ (ਜਿਵੇਂ ਬੰਗਾਲ ਸਰਕਾਰ ਵਿੱਚ ਹੈ ।) ਇਸ ਦਾ ਸਿੱਟਾ ਇਹ ਨਿਕਲੇਗਾ ਕਿ ਅੱਜ ਦਾ ਅਛੂਤ ਅਤੇ ਪਛੜਿਆ ਵਰਗ ਸਮਾਜ ਦੇ ਤੀਜੇ ਦਰਜੇ 'ਚ ਹੀ ਰਹੇਗਾ ਅਤੇ ਵਰਣ ਵਿਵਸਥਾ ਦੇ ਅਨੁਆਈ ਸਵਰਨ ਲੋਕਾਂ ਦੇ ਹੱਥਾਂ ਵਿੱਚ ਹੀ ਸ਼ਾਸਨ ਅਧਿਕਾਰ ਜਾਂ ਸੱਤਾ ਬਣੀ ਰਹੇਗੀ ।

ਤਿਲੰਗਾਨਾ ਦੇ ਉਦਾਹਰਣ ਅਨੁਸਾਰ, ਅਛੂਤ ਖੇਤ ਮਜ਼ਦੂਰਾਂ ਨੇ ਤਿਲੰਗਾਨਾ ਵਿਚ ਵੱਡੇ-ਵੱਡੇ ਜ਼ਿਮੀਂਦਾਰਾਂ ਦੀ ਭੂਮੀ ਖੋਹਣ ਵਿਚ ਸਮਾਜਵਾਦੀਆ ਨਾਲ ਮਿਲ ਕੇ ਸੰਘਰਸ਼ ਕੀਤਾ ।ਇਸ ਵਿਚ ਸੈਂਕੜੇ ਵਿਅਕਤੀ ਮਾਰੇ ਵੀ ਗਏ ।ਜਦੋਂ ਜ਼ਮੀਨ ਵੰਡਣ ਦਾ ਸਮਾਂ ਆਇਆ ਤਾਂ ਉੱਚੀ ਜਾਤੀ ਦੇ ਕਮਿਊਨਿਸਟਾਂ ਨੇ ਅਛੂਤਾਂ ਨੂੰ ਕਹਿਆ 'ਤੁਸੀਂ ਤਾਂ ਖੇਤ ਮਜ਼ਦੂਰ ਹੋ, ਤੁਸੀਂ ਜ਼ਮੀਨ ਲੈ ਕੇ ਕੀ ਕਰੋਗੇ ।ਜ਼ਮੀਨ ਉਨ੍ਹਾਂ ਲੋਕਾਂ ਨੂੰ ਮਿਲੇਗੀ ਜੋ ਜ਼ਿਮੀਂਦਾਰਾਂ ਦਾ ਕੰਮ ਕਰਦੇ ਹਨ ।'...ਤੁਹਾਨੂੰ ਖੇਤ ਮਜ਼ਦੂਰੀ ਵਿਚ ਕਾਫ਼ੀ ਮਿਹਨਤਾਨਾ ਮਿਲ ਜਾਵੇਗਾ । ਤੁਹਾਡੀ ਮਜ਼ਦੂਰੀ ਦੀ ਦਰ ਅਸੀਂ ਦੁਗੁਣੀ ਕਰ ਦਿਆਂਗੇ, ਪ੍ਰੰਤੂ ਭੂਮੀ ਮਾਲਕ ਨਹੀਂ ਬਣਾਇਆ ਜਾ ਸਕਦਾ ।ਕੀ ਇਹੀ ਉਦਾਹਰਣ ਸਾਰੇ ਭਾਰਤ ਵਿਚ ਕਮਿਊਨਿਸਟ ਰਾਜ ਸਥਾਪਤ ਹੋਣ 'ਤੇ ਲਾਗੂ ਨਹੀਂ ਹੋਵੇਗੀ ? ਜ਼ਰੂਰ ਹੋਵੇਗੀ ।ਮੈਂ ਇਹੀ ਚਾਹੁੰਦਾ ਹਾਂ ਕਿ ਸਾਡੇ ਲੋਕ ਸਮਾਜ ਵਿਚ ਇੱਜ਼ਤ ਵਾਲਾ ਸਥਾਨ ਪਾ ਸਕਣ ।

ਰੂਸੀ ਚੀਨੀ ਇਨਕਲਾਬ ਬਾਰੇ

ਰੂਸ ਅਤੇ ਚੀਨ ਵਿਚ ਸਮਾਜਵਾਦੀ ਸਫਲਤਾ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਦੇਸ਼ਾਂ ਵਿਚ ਸਮਾਜਿਕ ਅਤੇ ਧਾਰਮਿਕ ਨਫਰਤ ਦਾ ਨਾ ਹੋਣਾ ਹੈ ।...ਪ੍ਰੰਤੂ ਇਸ ਦੇਸ਼ ਵਿਚ ਇਕ ਬ੍ਰਾਹਮਣ ਭੁੱਖ ਤਾਂ ਸਹਿਨ ਕਰ ਸਕਦਾ ਹੈ, ਪ੍ਰੰਤੂ ਬ੍ਰਾਹਮਣਪਣ ਦੇ ਜਨਮ ਜਾਤ ਅਭਿਮਾਨ ਨੂੰ ਕਦੀ ਤਿਆਗਣਾ ਪਸੰਦ ਨਹੀਂ ਕਰੇਗਾ ।ਜਦੋਂ ਉਹ ਇਕ ਦਰਿਦਰ ਭੰਗੀ ਚੁਮਾਰ ਦੇ ਨਾਲ ਮਿਲ ਕੇ ਭੁੱਖ ਮਿਟਾਉਣ ਲਈ (ਆਰਥਿਕ ਇਨਕਲਾਬ ਜਿਵੇਂ ਭਾਰਤੀ ਕਮਿਊਨਿਸਟਾਂ ਨੇ ਸ਼ੁਰੂ ਕੀਤਾ ਤੇ ਕਰ ਰਹੇ ਹਨ) ਸੰਘਰਸ਼ ਕਰੇਗਾ ਤਾਂ ਵੀ ਪ੍ਰਾਪਤੀ ਤੋਂ ਬਾਅਦ, ਹੱਥ ਲੱਗੇ ਧਨ ਦੀ ਵੰਡ ਤੋਂ ਬਾਅਦ ਆਪਣੇ ਆਪ ਨੂੰ ਭੰਗੀ ਚੁਮਾਰ ਤੋਂ ਉੱਤਮ (ਉੱਚ) ਹੀ ਮੰਨੇਗਾ ਤੇ ਇਸ ਦੇ ਨਾਲ ਰੋਟੀ-ਬੇਟੀ ਦੀ ਸਾਂਝ ਕਾਇਮ ਕਰਨ ਲਈ ਤਿਆਰ ਨਹੀਂ ਹੋਵੇਗਾ ।ਉਦਾਹਰਣ— (ਉਸੇ ਤਰ੍ਹਾਂ ਜਿਵੇਂ ਇਕ ਚੁਮਾਰ ਮੋਹਣਾ ਡਾਕੂ ਨੇ ਠਾਕਰ ਮਾਨ ਸਿੰਘ ਨਾਲ ਰਹਿ ਕੇ ਜਦੋਂ ਡਾਕਾ ਮਾਰ ਕੇ ਮਾਲ ਲਿਆਂਦਾ ਤਾਂ ਵੰਡਾਈ ਵੇਲੇ ਮੋਹਣ ਨੇ ਬਰਾਬਰ ਹਿੱਸਾ ਮੰਗਿਆ ।ਪ੍ਰੰਤੂ ਠਾਕਰ ਡਾਕੂ ਨੇ ਕਿਹਾ ਤੂੰ ਚਮਾਰ ਜਾਤੀ 'ਚੋਂ ਹੈ ।ਇਸ ਲਈ ਤੈਨੂੰ ਡਾਕੂਆਂ ਦੇ ਬਰਾਬਰ ਹਿੱਸਾ ਨਹੀਂ ਦਿੱਤਾ ਜਾ ਸਕਦਾ ।ਠਾਕਰ ਅਤੇ ਚੁਮਾਰ ਵਿਚਾਲੇ ਕੁਝ ਅੰਤਰ ਤਾਂ ਰੱਖਣਾ ਹੀ ਪਵੇਗਾ, ਤਿਲੰਗਾਨਾ ਦੇ ਕਮਿਊਨਿਸਟ ਘੋਲਾਂ ਵਿਚ ਇਹੋ ਕੁਝ ਵਾਪਰਿਆ, ਜ਼ਮੀਨਾਂ ਮਜ਼ਦੂਰਾਂ ਨੂੰ ਇਸ ਕਰਕੇ ਨਹੀਂ ਦਿੱਤੀਆਂ ਕਿ

ਉਹ ਤਾਂ ਮਜ਼ਦੂਰ ਹਨ ।

ਕਮਿਊਨਿਸਟ ਕੀ ਕਰਨ

ਕਮਿਊਨਿਸਟਾਂ ਨੂੰ ਕ੍ਰਾਂਤੀ ਲਈ ਸਭ ਤੋਂ ਪਹਿਲਾ ਹਮਲਾ ਵਰਣ ਵਿਵਸਥਾ ਅਤੇ ਜਾਤ-ਪਾਤ ਦੇ ਪਾਲਣਹਾਰ ਧਰਮ ਗ੍ਰੰਥਾਂ 'ਤੇ ਕਰਨਾ ਚਾਹੀਦਾ ਹੈ ਤਾਂ ਕਿ ਸਾਰੇ ਭਾਰਤ ਅੰਦਰੋਂ ਉਚ-ਨੀਚ ਦਾ ਪ੍ਰਤੀਕ ਜਾਤੀ ਭੇਦ ਖਤਮ ਹੋ ਜਾਵੇ । ਤਾਂ ਹੀ ਇਕ ਸਮਾਨ ਅਧਿਕਾਰ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਕਮਿਊਨਿਸਟ ਨੇਤਾ ਆਰਥਿਕ, ਰਾਜਨੀਤਿਕ ਸੱਤਾ ਹਥਿਆਉਣ ਵਿਚ ਸ਼ਾਮਲ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਸਫਲਤਾ ਮਿਲ ਸਕਦੀ ਹੈ ।ਅੱਜ ਹਿੰਦੁਸਤਾਨੀ ਕਮਿਊਨਿਸਟ ਨੇਤਾ ਆਰਥਿਕ ਕ੍ਰਾਂਤੀ ਨੂੰ ਜਨਮ ਸਿੱਧ ਅਧਿਕਾਰ ਮੰਨਦਾ ਹੈ, ਪ੍ਰੰਤੂ ਵਰਣ ਵਿਵਸਥਾ, ਜਾਤਪਾਤ, ਊਚ-ਨੀਚ ਇਸ ਦੇਸ਼ ਦੇ ਹਰ ਬੰਦੇ ਅੰਦਰ ਭਰੀ ਪਈ ਹੈ ।ਜਦੋਂ ਕਮਿਊਨਿਸਟਾਂ ਨੂੰ ਕਿਹਾ ਜਾਂਦਾ ਹੈ ਤਾਂ ਉਹ ਤਿਲਕ ਦੀ ਭਾਸ਼ਾ ਬੋਲਦੇ ਹਨ ਕਿ ਇਹ ਤਾਂ ਸਾਡਾ ਘਰੇਲੂ ਮਾਮਲਾ ਹੈ ਅਤੇ ਆਰਥਿਕ ਕ੍ਰਾਂਤੀ ਦੇ ਪਿੱਛੋਂ ਹੀ ਇਹ ਭੇਦ ਮਿਟ ਜਾਵੇਗਾ ।

ਗਾਂਧੀ ਟੋਪੀ ਬਾਰੇ

1942 ਵਿਚ ਇਕ ਕਾਂਗਰਸੀ ਜਦੋਂ ਬਾਬਾ ਸਾਹਿਬ ਪਾਸ ਇਕ ਨੌਕਰੀ ਲਈ ਪ੍ਰਾਥਨਾ ਪੱਤਰ ਲੈ ਕੇ ਗਿਆ ਤਾਂ ਉਨ੍ਹਾਂ ਕਿਹਾ, "ਇਹ ਗਾਂਧੀ ਟੋਪੀ ਉਤਾਰ ਕੇ ਮੇਰੇ ਕੋਲ ਆਉਣਾ ਤਾਂ ਨੌਕਰੀ ਮਿਲੇਗੀ ।"

ਦ੍ਰਿੜ ਕਲਿਆਣਕਾਰੀ ਬਾਬਾ ਸਾਹਿਬ

ਮੈਂ ਕਿਸੇ ਵੀ ਕੀਮਤ 'ਤੇ ਆਪਣੇ ਜੀਵਨ ਉਦੇਸ਼ ਅਰਥਾਤ ਆਪਣੀ ਜਨਤਾ ਦੀ ਸੇਵਾ ਨੂੰ ਕਦੇ ਨਹੀਂ ਛੱਡ ਸਕਦਾ ।...ਉਨ੍ਹਾਂ ਕਿਹਾ, ਇਕ ਸੱਚੇ ਸੇਵਕ ਨੂੰ ਅਪਮਾਨ ਅਤੇ ਗਾਲੀ-ਗਲੋਚ ਸੁਣਨ ਲਈ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ ।

ਦੂਜੇ ਧਰਮਾਂ ਬਾਰੇ

'ਧਰਮ ਦੇ ਨਾਂ 'ਤੇ ਜਿੰਨਾਂ ਅਨਰਥ ਹਿੰਦੂ ਧਰਮ ਨੇ ਸਹੀ ਧਰਮੀ ਹਿੰਦੂਆਂ (ਭਾਵ ਐਸ.ਸੀ., ਐਸ.ਟੀ., ਬੀ.ਸੀ.) ਨਾਲ ਕੀਤਾ ਹੈ, ਉਸ ਦੀ ਮਿਸਾਲ ਸੰਸਾਰ ਵਿਚ ਨਹੀਂ ਮਿਲਦੀ ।' ਇਸਾਈ ਅਤੇ ਮੁਸਲਮ ਧਰਮ ਨੇ ਆਪਣੇ ਸਹਿ ਧਰਮੀਆਂ ਦੇ ਨਾਲ ਅਜਿਹਾ ਘੋਰ ਅੱਤਿਆਚਾਰ ਦੇ ਦੁਰ-ਵਿਹਾਰ ਕਦੇ ਨਹੀਂ ਕੀਤਾ ।ਬੋਧੀਆਂ ਨੇ ਆਪਣੇ ਸਹਿ ਧਰਮੀਆਂ ਨਾਲ ਤਾਂ ਸਮਾਨਤਾ ਭਾਈਚਾਰਾ ਅਤੇ ਸਨੇਹ ਪਿਆਰ ਦਾ ਵਰਤਾਓ ਕੀਤਾ ਹੀ ਹੈ ਪ੍ਰੰਤੂ ਗੈਰ ਬੋਧੀਆਂ ਦੇ ਨਾਲ ਵੀ ਕਦੇ ਗੈਰ-ਮਾਨਵੀ ਵਿਵਹਾਰ ਨਹੀਂ ਕੀਤਾ ।

ਰਾਜਨੀਤਿਕ ਰਾਖਵਾਂਕਰਨ ਬਾਰੇ

ਬਾਬਾ ਸਾਹਿਬ ਰਾਜਨੀਤਿਕ ਰਾਖਵਾਂਕਰਨ ਨੂੰ ਹਟਾਉਣ ਦੇ ਪੱਖ ਵਿਚ ਸਨ ।ਉਨ੍ਹਾਂ ਦੀ ਧਾਰਣਾ ਸੀ ਕਿ ਸਾਡੇ ਆਦਮੀ ਜਨਰਲ ਸੀਟਾਂ 'ਤੇ ਚੋਣ ਲੜਨ ।ਪ੍ਰੰਤੂ ਉਹ ਅਛੂਤਾਂ ਨੌਕਰੀਆਂ ਅਤੇ ਉੱਚੀ ਸਿੱਖਿਆ ਪ੍ਰਾਪਤ ਕਰਨ ਲਈ ਰਾਖਵਾਂਕਰਨ ਦੇ ਪੱਖ ਵਿਚ ਸਨ, ਕਿਉਂਕਿ ਰਾਜਨੀਤਿਕ ਰਾਖਵਾਂਕਰਨ ਨੇ ਸਾਨੂੰ ਗੁਲਾਮ ਬਣਾਈ ਰੱਖਿਆ ਹੈ ।ਪ੍ਰੰਤੂ ਸਿੱਖਿਅਤ ਤੇ ਨੌਕਰੀ ਨੇ ਸਾਨੂੰ ਅਕਲ ਦਿੱਤੀ ਹੈ ਤੇ ਆਰਥਿਕ ਗੁਲਾਮੀ 'ਚੋਂ ਬਾਹਰ ਕੱਢਿਆ ਹੈ, ਸਨਮਾਨ ਦਿੱਤਾ ਹੈ, ਬਰਾਬਰੀ ਦਿੱਤੀ ਹੈ ।ਸਿੱਖਿਆ ਅਤੇ ਨੌਕਰੀ ਦੇ ਰਾਖਵੇਂਕਰਨ ਬਾਰੇ ਬਾਬਾ ਸਾਹਿਬ ਨੇ ਕਿਹਾ, "ਅਛੂਤਾਂ ਨੂੰ ਇਹ ਸਹੂਲਤਾਂ ਜਾਂ ਰਿਆਇਤਾਂ ਹਮੇਸ਼ਾਂ ਅਛੂਤ ਹਿੰਦੂ ਬਣੇ ਰਹਿਣ ਵਾਸਤੇ ਨਹੀਂ ਮਿਲੀਆ । ਬਲਕਿ ਸਦੀਆਂ ਤੋਂ ਅਛੂਤ ਬਣਕੇ, ਸਵਰਨ ਹਿੰਦੂਆਂ ਦੁਆਰਾ ਉਨ੍ਹਾਂ ਨੂੰ ਜੋ ਆਰਥਿਕ ਅਤੇ ਸਮਾਜਿਕ ਹਾਨੀ (ਨੁਕਸਾਨ) ਪਹੁੰਚਾਈਆ ਗਈ ਹੈ ।(ਭਾਵ ਧਨ-ਦੌਲਤ, ਜ਼ਮੀਨ, ਇੱਜ਼ਤ ਰੁਤਬਾ ਸਭ ਧਰਮ ਦੇ ਨਾਂ ਤੇ ਖੋਹ ਲਿਆ ਗਿਆ) ਅਤੇ ਅੱਜ ਵੀ ਉਨ੍ਹਾਂ ਅੰਦਰ ਜੋ ਇਹ ਅਤਿਅੰਤ ਪਛੜਿਆ-ਪਣ ਦਿਖਾਈ ਦੇ ਰਿਹਾ ਹੈ, ਉਸ ਦੇ ਬਦਲੇ ਵਿਚ ਅਰਥਾਤ ਸਦੀਆਂ ਦੇ ਨੁਕਸਾਨ ਦਾ ਮੁਆਵਜ਼ਾ ਜਾਂ ਸਹਾਇਤਾ ਹੈ । ਕਿਉਂਕਿ ਪਛੜੇ-ਪਣ ਦੀ ਬਦਨਸੀਬੀ ਜਾਂ ਦੁਰਭਾਗ ਅਛੂਤਾਂ ਦੀ ਆਪਣੀ ਗਲਤੀ ਦਾ ਸਿੱਟਾ ਨਹੀਂ ਸਗੋਂ ਸਵਰਨ ਹਿੰਦੂਆਂ ਦੇ ਬੁਰੇ ਅਤੇ ਅਨਿਆਂ ਭਰੇ ਵਤੀਰੇ ਦੇ ਕਾਰਨ ਹੈ ।ਸਦੀਆਂ ਤੋਂ ਸਵਰਨ ਹੀ ਹਿੰਦੁਸਤਾਨ ਦੇ ਮਾਲਕ ਬਣੇ ਆ ਰਹੇ ਹਨ ।ਅੱਜ ਵੀ ਭਾਰਤ ਭਰ ਦੇ ਪਿੰਡਾਂ ਵਿਚ (ਜੋ 5,76000) ਸਵਰਨ ਜ਼ਿਮੀਦਾਰ ਜਾਂ ਭੂਮੀਦਾਰ ਸਵਾਮੀ ਹੈ ਅਤੇ ਸ਼ਹਿਰਾਂ ਵਿਚ ਦੌਲਤ-ਮੰਦ ਬਾਣੀਏ ਤੇ ਹਕੂਮਤ ਵਿਚ ਬ੍ਰਾਹਮਣ ਆਦਿ ਉੱਚ ਜਾਤੀ ਸਵਰਨ ਹਿੰਦੂ ਹੀ ਸਰਵੇ ਸਰਵਾ ਹਨ ।

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ

ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਸੰਪੂਰਨ ਪ੍ਰਭੂਤਵ ਸੰਪੰਨ ਲੋਕਤੰਤਰਾਤਮਕ ਗਣਰਾਜ ਬਣਾਉਣ ਲਈ ਅਤੇ ਉਸ ਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਵਿਚਾਰ ਅਭਿਵਿਅਕਤੀ ਵਿਸ਼ਵਾਸ, ਧਰਮ ਅਤੇ ਉਪਾਸਨਾਂ ਦੀ ਸਵਤੰਤਰਤਾ, ਮਾਨ ਸਨਮਾਨ ਪ੍ਰਤਿਸ਼ਠਾ ਅਤੇ ਅਵਸਰ ਦੀ ਸਮਤਾ ਪ੍ਰਾਪਤ ਕਰਨ ਲਈ, ਤਥਾ ਉਨ੍ਹਾਂ ਸਭਨਾਂ ਵਿਚ ਵਿਅਕਤੀ ਦੀ (ਗਰਿਮਾ) ਸ਼ੋਭਾ ਅਤੇ ਰਾਸ਼ਟਰ ਦੀ ਏਕਤਾ ਪੱਕੀ ਕਰਨ ਵਾਲਾ ਭਾਈਚਾਰਾ ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿਚ, ਸੰਵਿਧਾਨ ਨੂੰ ਪ੍ਰਵਾਨ (ਪਾਰਿਤ) ਕਰਦੇ ਹਾਂ। ਇਸ ਸੰਵਿਧਾਨ ਦਾ ਅਸਲ ਮਹੱਤਵ ਕੀ ਹੈ ਤੇ ਕਿਨ੍ਹਾਂ ਲਈ ਹੈ ਇਹ ਸਮਝਣਾ ਜ਼ਰੂਰੀ ਹੈ।

ਲਗਭਗ ਬੁੱਧ ਲਹਿਰ ਅਤੇ ਸਿੱਖ ਲਹਿਰ ਤੋਂ ਬਿਨਾਂ ਬਾਕੀ ਸਾਰੇ ਸਮੇਂ ਦੌਰਾਨ ਆਰੀਆਂ ਪੁਤਰਾਂ, ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਨੂੰ, ਵਿਦਿਆ, ਧਰਮ, ਹੁਕਮ, ਰਾਜ, ਹਥਿਆਰ, ਵਪਾਰ, ਧਨ-ਦੌਲਤ ਅਤੇ ਜ਼ਮੀਨ ਦੇ ਅਧਿਕਾਰ, ਸਮਾਜਿਕ ਉੱਚਤਾ ਦੇ ਅਧਿਕਾਰੀ। ਦੂਜੇ ਪਾਸੇ ਭਾਰਤੀ ਮੂਲ ਨਿਵਾਸੀ ਅਨਾਰੀਆਂ ਪੁੱਤਰਾਂ ਨੂੰ ਅਧਿਕਾਰਹੀਣ ਬਣਾਈ ਰੱਖਣ ਦਾ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤੇ ਵਿਦਿਅਕ ਪ੍ਰਬੰਧ ਤੇ ਉਸ ਤੋਂ ਬਾਅਦ ਸਿਮਰਤੀ ਤੇ ਗੀਤਾ ਆਦਿ ਦੇ ਜਾਤਪਾਤੀ, ਛੂਆ-ਛਾਤੀ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਪ੍ਰਪੱਕ ਕੀਤਾ ਗਿਆ। ਇਕ ਅਜਿਹੇ ਰੱਬ ਨੂੰ ਲੋਕਾਂ ਦੇ ਅੰਦਰ ਪਰਚਾਰਿਆ ਗਿਆ ਜੋ ਉੱਚੇ ਲੋਕਾਂ ਦਾ ਸਾਥੀ ਅਤੇ ਸ਼ੂਦਰ ਲੋਕਾਂ ਦਾ ਵਿਰੋਧੀ ਹੋ ਨਿਬੜਿਆ।

ਕਿਉਂਕਿ ਇਹ ਰੱਬ ਆਰੀਆਂ ਪੁੱਤਰਾਂ ਨੇ ਸਿਰਜਿਆ ਸੀ, ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਜਿਹੜੀ ਜਮਾਤ ਆਪਣੀ ਲੋੜ ਅਨੁਸਾਰ ਕਿਸੇ ਰੱਬ ਦੀ ਸਿਰਜਣਾ ਕਰਦੀ ਹੈ, ਉਸ ਰੱਬ ਦਾ ਚਰਿੱਤਰ ਇਸ ਕਿਸਮ ਦਾ ਹੁੰਦਾ ਹੈ ਕਿ ਉਹ ਉਸੇ ਜਮਾਤ ਦੇ ਹੱਕ ਵਿਚ ਖਲੋਂਦਾ ਹੈ ਅਤੇ ਉਸੇ ਦੇ ਹੱਕ ਵਿਚ ਭੁਗਤਦਾ ਹੈ ਤੇ ਦੂਜੀ ਜਨਤਾ ਜੋ ਸਿਰਜਣ ਵਾਲਿਆਂ ਦੇ ਘੇਰੇ ਤੋਂ ਬਾਹਰ ਹੁੰਦੀ ਹੈ, ਉਸ ਜਨਤਾ ਨੂੰ ਉਨ੍ਹਾਂ ਦਾ ਰੱਬ, ਉਨ੍ਹਾਂ ਲੋਕਾਂ ਦੀ ਮਰਜ਼ੀ ਦੇ ਖ਼ਿਲਾਫ਼ ਕੁਝ ਵੀ ਕਰਨ ਵੇਲੇ ਸਜ਼ਾ ਦਿੰਦਾ ਹੈ। ਭਾਵ ਆਰੀਆ ਪੁੱਤਰਾਂ ਦਾ ਰੱਬ ਅਤੇ ਧਰਮ ਆਰੀਆ ਲੋਕਾਂ ਦੇ ਹੱਕ ਵਿਚ ਅੱਜ ਵੀ ਖਲੋਤਾ ਹੈ। ਏਸ ਰੱਬ ਦੀ ਹੋਂਦ ਨੂੰ ਮਹਾਤਮਾ ਬੁੱਧ ਨੇ ਪੂਰੀ ਤਰ੍ਹਾਂ ਨਕਾਰ ਦਿੱਤਾ ਤੇ ਕਿਹਾ ਕਿ ਕੋਈ ਆਤਮਾ ਪ੍ਰਮਾਤਮਾ ਨਰਕ-ਸੁਰਗ ਨਹੀਂ। ਕਿਉਂਕਿ ਆਤਮਾ-ਪ੍ਰਮਾਤਮਾ ਅਤੇ ਨਰਕ-ਸੁਰਗ ਦੇ ਸਹਾਰੇ ਤੇ ਹੀ ਸ਼ੂਦਰ ਜਾਤੀਆਂ ਨੂੰ ਲਾਚਾਰ ਮਜਬੂਰ, ਗਰੀਬ ਤੇ ਗੁਲਾਮ ਬਣਾਇਆ ਗਿਆ ਸੀ।

ਕਿਉਂਕਿ ਬੁੱਧ ਅਨਾਰੀਆਂ ਤੋਂ ਆਰੀਆਂ ਦੇ ਖਿਲਾਫ ਬਗਾਵਤ ਚਾਹੁੰਦਾ ਸੀ ਇਸ ਲਈ ਉਸ ਨੇ ਉਨ੍ਹਾਂ ਦੇ ਰੱਬ ਤੇ ਧਰਮ ਨੂੰ ਪਹਿਲੋਂ ਨਕਾਰ ਕੇ, ਨਵਾਂ ਸਿਧਾਂਤ ਪੇਸ਼ ਕੀਤਾ, ਜੋ ਮਨੁੱਖੀ ਭਾਈਚਾਰੇ ਅਤੇ ਬਰਾਬਰੀ ਦਾ ਸਿਧਾਂਤ ਹੈ। ਜੋ ਆਰੀਆਂ ਦੀ ਵਰਣ ਵਿਵਸਥਾ ਨੂੰ ਕੱਟ ਕੇ ਬਰਾਬਰ ਦੇ ਬੰਦੇ ਅਤੇ ਬਰਾਬਰ ਦੀਆਂ ਸਹੂਲਤਾਂ ਪੈਦਾ ਕਰਦਾ ਹੈ ਤੇ ਹਰ ਬੰਦੇ ਦਾ ਕਲਿਆਣ ਕਰਨ ਵਿਚ ਭਰੋਸਾ ਜਤਾਉਂਦਾ ਹੈ। ਇਸੇ ਤਰ੍ਹਾਂ ਸਿੱਖ ਲਹਿਰ ਸਮੇਂ ਜਿਹੜਾ ਰੱਬ ਸਿਰਜਿਆ ਗਿਆ ਉਹ ਆਰੀਅਨ ਧਰਮ ਤੇ ਆਰੀਅਨ ਰੱਬ ਦੇ ਖਿਲਾਫ, ਸਭ ਨੂੰ ਭਾਵ ਸ਼ੂਦਰਾਂ ਨੂੰ ਵੀ ਬਰਾਬਰ ਬਿਠਾਉਂਦਾ ਤੇ ਪਾਲਦਾ ਹੈ। ਉਨ੍ਹਾਂ ਨੂੰ ਪਾਤਸ਼ਾਹ ਬਣਨ ਵਿਚ ਸਹਾਇਤਾ ਦਿੰਦਾ ਹੈ। ਨੀਚੋਂ ਊਚ ਬਣਨ ਲਈ ਆਪ ਸਹਿਯੋਗ ਦਿੰਦਾ ਹੈ। ਉਹ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ ਪੈਦਾ ਨਹੀਂ ਕਰਦਾ ਸਗੋਂ ਸਭ ਦਾ ਪਿਤਾ ਬਣ ਕੇ ਬਰਾਬਰ ਦੀ ਸੰਤਾਨ ਪੈਦਾ ਕਰਦਾ ਹੈ ਤੇ ਬਰਾਬਰੀ ਦੇ ਸਾਰੇ ਅਧਿਕਾਰ ਦਿੰਦਾ ਹੈ। ਉਸ ਪਾਸ ਕੋਈ ਦਵੈਤ ਨਹੀਂ ਵੈਰ ਨਹੀਂ ਬੇਗਾਨਗੀ ਨਹੀਂ। ਜਾਤ-ਪਾਤ ਤੇ ਛੂਆ ਛਾਤ ਨਹੀਂ। ਉਹ ਸ਼ੂਦਰਾਂ ਨੂੰ ਤੇ ਨੀਚਾਂ ਨੂੰ ਮੁਕਤੀ ਪ੍ਰਾਪਤੀ ਦਾ ਹੱਕ ਦਿੰਦਾ ਹੈ ਤੇ ਉਸ ਦਾ ਦਰ ਹਰ ਇਕ ਲਈ ਸਦਾ ਖੁੱਲਾ ਹੈ। ਉਤੇ ਜਾਤ ਦੇ ਤੇ ਵਰਣ ਦੇ ਅਧਾਰ 'ਤੇ ਕੋਈ ਬੇਇਨਸਾਫੀ ਨਹੀਂ ਹੁੰਦੀ। ਉਸ ਦਾ ਨਿਆਂ ਵਿਚ ਭਰੋਸਾ ਹੈ। ਉਹ ਮਨੁੱਖੀ ਬਰਾਬਰੀ ਅਤੇ ਭਾਈਚਾਰਾ ਚਾਹੁੰਦਾ ਹੈ। ਉਹ ਵੇਦਾਂ-ਸ਼ਾਸਤਰਾਂ ਦਾ ਵਿਰੋਧੀ ਹੈ।

ਕਹਿਣ ਦਾ ਭਾਵ ਇਕ ਲਹਿਰ ਨੇ ਆਰੀਆਂ ਦੇ ਸਿਰਜੇ ਰੱਬ ਦੀ ਹੋਂਦ ਨੂੰ ਨਕਾਰਕੇ ਸਮਾਜ ਅੰਦਰ ਬਰਾਬਰੀ ਲਿਆਉਣ ਦਾ ਯਤਨ ਕੀਤਾ ਤੇ ਦੂਜੀ ਲਹਿਰ ਨੇ ਆਰੀਆਂ ਦੇ ਬਰਾਬਰ ਰੱਬ ਸਿਰਜ ਕੇ, ਸਮਾਜ ਅੰਦਰ ਸਮਾਨਤਾ ਲਿਆਉਣ ਦਾ ਯਤਨ ਕੀਤਾ। ਮੂਲ ਰੂਪ ਵਿਚ ਇਹ ਦੋਵੇਂ ਲਹਿਰਾਂ ਆਰੀਅਨ ਲੋਕਾਂ ਦੀ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਵਿਦਿਅਕ ਵਿਵਸਥਾ ਦੇ ਵਿਰੁੱਧ ਨਵਾਂ ਕੁਝ ਲੈ ਕੇ ਉਸਰੀਆਂ ਤੇ

ਸਮਾਜ ਦੀ ਤੋਰ, ਬੰਦੇ ਦੀ ਤੋਰ ਬਦਲੀ। ਰੱਬ ਦਾ ਰੱਬ ਨਾਲ, ਗ੍ਰੰਥਾਂ ਦਾ ਗ੍ਰੰਥਾਂ ਨਾਲ, ਪ੍ਰਬੰਧ ਦਾ ਪ੍ਰਬੰਧ ਨਾਲ, ਰਾਜ ਦਾ ਰਾਜ ਨਾਲ, ਵਿੱਦਿਆ ਦਾ ਵਿੱਦਿਆ ਨਾਲ, ਛੂਆ ਛਾਤ ਦਾ ਪਿਆਰ ਤੇ ਭਾਈਚਾਰੇ ਨਾਲ, ਇਕ ਮੁਕੰਮਲ ਟਾਕਰਾ ਹੈ। ਜੰਗ ਹੈ, ਇਕ ਸਮਾਨ ਸਮਾਜ ਦੀ ਬਣਤਰ ਵਾਸਤੇ। ਸਮਾਜ ਦੇ ਬੰਦੇ ਦੀ ਤੋਰ ਤੇ ਸੋਚ ਬਦਲਣ ਵਾਸਤੇ। ਨਰਕ ਤੇ ਸੁਰਗ ਦਾ ਵੀ ਟਾਕਰਾ ਹੈ। ਇਕ ਨਰਕ ਸ਼ੂਦਰ ਲਈ ਰਾਖਵਾਂ ਹੈ। ਦੂਜੇ ਪਾਸੇ ਸਾਰੇ ਸ਼ੂਦਰ ਸੁਰਗ ਦੇ ਮਾਲਕ ਬਣ ਸਕਦੇ ਹਨ। ਇਕ ਪਾਸੇ ਇਕ ਵਿਅਕਤੀ ਜਾਂ ਇਕ ਜਾਤ ਰੱਬ ਅਤੇ ਧਰਮ ਦੀ ਵਾਲੀਵਾਰਸ ਹੈ ਦੂਜੇ ਪਾਸੇ ਸਾਰੇ ਮਨੁੱਖ ਹੀ ਆਪਣੀ ਕਰਨੀ ਅਨੁਸਾਰ ਰੱਬ ਤੇ ਧਰਮ ਦੇ ਵਾਰਸ ਹਨ। ਤੇ ਮਾੜੇ ਕੰਮ ਕਰਨ ਵਾਲੀ ਉੱਚ ਜਾਤ ਵੀ ਨਰਕਾਂ ਦੀ ਭਾਗੀ ਹੈ। ਭਾਰਤ ਦੀ ਧਰਤੀ 'ਤੇ ਆਰੀਅਨ ਵਿਵਸਥਾ ਵਿਰੁੱਧ ਇਹ ਦੋ ਪੂਰਨ ਇਨਕਲਾਬ ਸਨ ਜੋ ਸਿਰੇ ਨਹੀਂ ਲੱਗ ਸਕੇ। ਇਹ ਕ੍ਰਾਂਤੀਆਂ ਰਾਜਾ ਸ਼ਾਹੀ ਸਮੇਂ ਦੀਆਂ ਹਨ। ਰਜਵਾੜਾ ਸ਼ਾਹੀ ਸਮੇਂ ਦੀਆਂ ਹਨ। ਤੀਜੀ ਕ੍ਰਾਂਤੀ ਲੋਕਤੰਤਰ ਸਮੇਂ ਦੀ ਹੈ ਜਦੋਂ ਭਾਰਤੀ ਸਮਾਜ ਬੇਗਾਨੀ ਗੁਲਾਮੀ ਤੋਂ ਮੁਕਤ ਹੋਇਆ ਤੇ ਰਾਜਾ ਸ਼ਾਹੀ ਦੀ ਥਾਂ ਲੋਕ ਸ਼ਾਹੀ ਸਥਾਪਤ ਹੋਈ। ਲੋਕ ਸ਼ਾਹੀ ਵਿਚ ਰੱਬ ਇਕ ਪਾਸੇ ਰਹਿ ਗਿਆ, ਭਾਰਤ ਦੀ ਜਨਤਾ ਪ੍ਰਭੂ ਸੰਪੰਨ ਹੋਈ।

ਭਾਵ ਆਰੀਆਂ ਪੁੱਤਰਾਂ ਤੋਂ ਇਲਾਵਾ ਬਾਕੀ ਦੇ ਬਹੁ-ਗਿਣਤੀ ਸ਼ੂਦਰ ਲੋਕ ਵੀ ਪ੍ਰਭੂ ਸੰਪਨ ਦੀ ਸ਼ਕਤੀ ਦੇ ਮਾਲਕ ਬਣੇ ਤੇ ਵਰਣ ਵਿਵਸਥਾ ਦੇ ਸਿਧਾਂਤ ਨਕਾਰ ਦਿੱਤੇ ਗਏ। 'ਸਰਬ ਸ਼ਕਤੀਮਾਨ' ਰੱਬ ਦੀ ਥਾਂ ਇਹ ਅਧਿਕਾਰ ਭਾਰਤ ਦੀ ਜਨਤਾ ਨੂੰ ਮਿਲ ਗਿਆ ਅਤੇ ਹਜ਼ਾਰਾਂ ਸਾਲਾਂ ਤੋਂ ਨੀਚ, ਗਿਰਾਏ ਗਏ ਸ਼ੂਦਰ ਵੀ ਸਿਰਜਣਹਾਰ ਬਣੇ। ਵੋਟ ਦੇ ਅਧਿਕਾਰ ਨੇ ਉਨ੍ਹਾਂ ਨੂੰ ਸਮਾਜ ਦੀ ਹਰ ਤੋਰ ਬਦਲਣ ਲਈ ਸ਼ਕਤੀਵਾਨ ਬਣਾ ਦਿੱਤਾ। ਸਰਬ ਸਾਂਝੇ ਵਿਦਿਆ ਦੇ ਅਧਿਕਾਰ ਨੇ ਆਰੀਅਨ ਧਾਰਮਿਕ ਗ੍ਰੰਥਾਂ ਦੀਆਂ ਪਾਬੰਦੀਆਂ ਦਾ ਬੀਜ ਨਾਸ਼ ਕਰ ਦਿੱਤਾ। ਹੁਣ ਹੁਕਮਰਾਨ ਕੋਈ ਉੱਚੀ ਜਾਤ ਦਾ ਪੁਜਾਰੀ ਨਹੀਂ, ਕੋਈ ਨੀਚ ਤੋਂ ਨੀਚ ਸ਼ੂਦਰ ਵੀ ਬਣ ਸਕਦਾ ਹੈ। ਨੀਵੀਆਂ ਜਾਤਾਂ ਨਾਲ ਹੋਣ ਵਾਲੇ ਵਿਤਕਰੇ ਬੰਦ ਕਰਕੇ, ਕਾਨੂੰਨ ਦੇ ਸਾਹਮਣੇ ਆਰੀਆਂ ਪੁੱਤਰਾਂ ਨੂੰ ਵੀ ਲਿਆ ਖੜ੍ਹਾ ਕੀਤਾ ਜੋ ਹਜ਼ਾਰਾਂ ਸਾਲਾਂ ਤੋਂ ਦੋਸ਼ ਕਰਕੇ ਵੀ ਦੋਸ਼ ਮੁਕਤ ਰਹੇ ਸਨ। ਭਾਰਤ ਦੀ ਧਰਤੀ ਦੀ ਮਾਲਕੀ ਕਿਸੇ ਇਕ ਵਰਗ ਦੀ ਨਹੀਂ। ਹਰ ਮਨੁੱਖ ਨੂੰ ਆਪਣਾ ਘਰ-ਘਾਟ, ਜਾਇਦਾਦ ਬਣਾਉਣ ਦਾ ਬਰਾਬਰ ਅਧਿਕਾਰ ਦਿੱਤਾ ਗਿਆ, ਜਦੋਂ ਕਿ ਇਸ ਜਾਇਦਾਦ ਦਾ ਮਾਲਕ ਆਰੀਅਨ ਗ੍ਰੰਥਾਂ ਦਾ ਮਾਲਕ ਅਸਲ ਵਿਚ ਬ੍ਰਾਹਮਣ ਹੀ ਸੀ। ਸ਼ੂਦਰ ਜਿਸ ਦਾ ਅਰਥ ਹੈ ਦਾਸ, ਗੁਲਾਮ, ਸੇਵਾਦਾਰ, ਉਹ ਇਸ ਨਵੇਂ ਵਿਧਾਨ ਅਨੁਸਾਰ ਅਜ਼ਾਦ ਨਾਗਰਿਕ ਬਣ ਗਿਆ।

ਇਹ ਹੈ ਉਹ ਵਿਧਾਨ ਜਿਸ ਨੇ ਹਜ਼ਾਰਾਂ ਸਾਲਾਂ ਦੀਆਂ ਉੱਚੇ ਵਰਗ ਵਲੋਂ ਪਾਈਆਂ ਗੁਲਾਮੀ ਦੀਆਂ ਜ਼ੰਜੀਰਾਂ ਕੱਟ ਕੇ 85% ਬਹੁਜਨ ਸਮਾਜ ਨੂੰ ਗੁਲਾਮੀ ਮੁਕਤ ਕਰ ਦਿੱਤਾ ਤੇ ਬਰਾਬਰ ਦਾ ਅਧਿਕਾਰੀ ਬਣਾ ਦਿੱਤਾ। ਸੰਵਿਧਾਨ ਲਿਖਣ ਵਾਲੇ ਨੇ ਲੋਕਾਂ ਨੂੰ ਸਦੀਆਂ ਦੇ ਬੰਧਨਾਂ ਤੋਂ ਮੁਕਤ ਕਰਾਉਣ ਲਈ ਆਪਣੀ ਜਾਨ ਲਗਾ ਦਿੱਤੀ। ਭਾਵੇਂ ਉਹ ਆਪਣੀ ਮਰਜ਼ੀ ਦਾ ਸੰਵਿਧਾਨ ਨਹੀਂ ਲਿਖ ਸਕਿਆ ਉਹ ਕਮਜ਼ੋਰੀਆਂ ਜੋ ਸੰਵਿਧਾਨ ਵਿਚ ਰਹਿ ਗਈਆਂ ਤੇ ਜਿੱਥੋਂ ਦੀ ਲੰਘ ਫੇਰ ਆਰੀਆ ਪੁੱਤਰ, ਰਾਜਭਾਗ, ਧਨ ਦੌਲਤ ਜ਼ਮੀਨ ਤੇ ਇੱਜ਼ਤ ਸਨਮਾਨ ਦੇ ਮਾਲਕ ਬਣ ਗਏ ਹਨ। ਜਾਤ-ਪਾਤ, ਊਚ-ਨੀਚ ਤੇ ਛੂਆ-ਛਾਤ ਪਹਿਲਾਂ ਨੂੰ ਰੰਗ-ਰੂਪ ਵਟਾ ਕੇ ਹੋਰ ਪੱਕੀ ਹੋ ਗਈ ਹੈ। ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ, ਵਿਦਿਅਕ ਗਲਬਾ ਹੋਰ ਪੱਕਾ ਹੋ ਗਿਆ ਹੈ।

ਇਸ ਦਾ ਕਾਰਨ ਇਹ ਨਹੀਂ ਕਿ ਸੰਵਿਧਾਨ ਮਾੜਾ ਹੈ। ਸ਼ੈਤਾਨਾਂ ਦੇ ਹੱਥ ਚੜ੍ਹਕੇ ਕੋਈ ਚੰਗੀ ਤੋਂ ਚੰਗੀ ਚੀਜ਼ ਵੀ ਚੰਗੀ ਨਹੀਂ ਰਹਿ ਸਕਦੀ। ਅਨਪੜ੍ਹ ਤੇ ਅਣਜਾਣ ਸ਼ੂਦਰ ਸਮਾਜ ਆਪਣੇ ਬਾਬੇ ਦੇ ਦਿੱਤੇ ਅਧਿਕਾਰਾਂ ਨੂੰ ਸਮਝ ਨਾ ਸਕਿਆ। ਆਰੀਆ ਪੁੱਤਰਾਂ ਨੇ ਅਜਿਹਾ ਚੌਰਾਸੀ ਦਾ ਚੱਕਰ ਚਲਾਇਆ ਕਿ ਸੰਵਿਧਾਨ ਦੀ ਥਾਂ ਅੰਦਰੂਨੀ ਰੂਪ ਵਿਚ ਮੰਨੂ ਸਿਮਰਤੀ ਦਾ ਸੰਵਿਧਾਨ ਲਾਗੂ ਰਿਹਾ ਤੇ ਉਹ ਕ੍ਰਾਂਤੀ, ਜਿਸ ਦੀ ਉਮੀਦ ਲੈ ਕੇ ਬਾਬਾ ਸਾਹਿਬ ਸਿਖਰ ਤੱਕ ਪਹੁੰਚੇ, ਉਹ ਇਕ ਵਾਰ ਫੇਰ ਦਬ ਕੇ ਰਹਿ ਗਈ। ਇਸ ਦੇ ਬਾਵਜੂਦ ਵੀ ਭਾਰਤੀ ਜਨਤਾ ਪਾਸ ਪ੍ਰਭੂ ਸੰਪੰਨ ਅਧਿਕਾਰ ਹੈ। ਹੁਣ ਕੋਈ ਰੱਬ ਪਾਤਸ਼ਾਹੀਆਂ ਨਹੀਂ ਬਖ਼ਸ਼ਦਾ ਇਹ ਭਾਰਤੀ ਜਨਤਾ ਬਖ਼ਸ਼ਦੀ ਹੈ। ਪਰ ਉਹ ਇਹ ਗੱਲ ਨਹੀਂ ਸਮਝ ਸਕੀ ਕਿ ਬੁਰੇ ਲੋਕ ਚੰਗੇ ਸੰਵਿਧਾਨ ਦਾ ਵੀ ਮਲੀਆਮੇਟ ਕਰ ਸਕਦੇ ਹਨ ਤੇ ਚੰਗੇ ਲੋਕ ਮਾੜੇ ਸੰਵਿਧਾਨ ਤੋਂ ਵੀ ਚੰਗਾ ਕੱਢ ਸਕਦੇ ਹਨ। ਭੋਲੀ-ਭਾਲੀ ਤੇ ਅਣਜਾਣ ਜਨਤਾ ਦੇ ਦੁਸ਼ਮਣ

ਤੇ ਮਿੱਤਰ ਦੀ ਪਛਾਣ ਕਰਨ ਤੋਂ ਅਸਮਰਥ ਹੋਣ ਕਰਕੇ ਅਨਰਥ ਹੋ ਗਿਆ । "ਜਾਤ-ਪਾਤ ਤੋੜਨਾ ਉਨ੍ਹਾਂ ਧਾਰਮਿਕ ਵਿਸ਼ਵਾਸਾਂ ਨੂੰ ਜੜ੍ਹੋਂ ਪੁੱਟੇ ਬਿਨਾਂ ਸੰਭਵ ਨਹੀਂ, ਜਿਹੜੇ ਕਿ ਜਾਤ-ਪਾਤ ਦੀ ਬੁਨਿਆਦ ਹਨ ।" ਕੌਮ ਦੇ ਵਿਕਾਸ ਲਈ ਲੋਕਾਂ ਦੇ ਵਿਚਾਰਾਂ ਅਤੇ ਮਨ ਦੀ ਅਜ਼ਾਦੀ ਇਕ ਜ਼ਰੂਰੀ ਪਹਿਲੂ ਹੈ ।

ਆਰਥਿਕ ਅਧਾਰ ਬਾਰੇ

......ਆਰਥਿਕ ਪ੍ਰੇਰਨਾ ਹੀ ਇਕ ਅਜਿਹਾ ਹਰਕਤ ਦਾਤਾ ਨਹੀਂ, ਜਿਸ ਨਾਲ ਇਨਸਾਨ ਨੂੰ ਅਮਲ ਕਰਨ ਲਈ ਸੱਦਾ ਮਿਲਦਾ ਹੈ ।....ਕਿਸੇ ਵਿਅਕਤੀ ਦਾ ਸਮਾਜਿਕ ਦਰਜਾ ਆਪਣੇ ਆਪ ਵਿਚ ਵੀ ਕਈ ਵਾਰ ਤਾਕਤ ਅਤੇ ਹਕੂਮਤ ਦਾ ਸੋਮਾ ਬਣ ਜਾਂਦਾ ਹੈ ।.....ਧਰਮ ਇਨਸਾਨਾਂ ਦੇ ਦਿਮਾਗ ਉੱਤੇ ਅੱਤ ਦਾ ਅਸਰ ਰੱਖਦਾ ਹੈ ।.....ਸਮਾਜੀ ਅਤੇ ਧਾਰਮਿਕ ਸਮਸਿਆਵਾਂ ਦਾ ਰਾਜਸੀ ਵਿਧਾਨ ਦੇ ਨਾਲ ਸੰਬੰਧ ਹੈ ।....ਇਤਿਹਾਸ ਇਸ ਸਚਾਈ ਦੀ ਗਵਾਹੀ ਭਰਦਾ ਹੈ ਕਿ ਰਾਜਸੀ ਕ੍ਰਾਂਤੀਆਂ ਦੀ ਅਗਵਾਈ ਸਦਾ ਸਮਾਜੀ ਅਤੇ ਧਾਰਮਿਕ ਕ੍ਰਾਂਤੀਆਂ ਕਰਦੀਆਂ ਹਨ । ਕਿਸੇ ਵਿਅਕਤੀ ਦਾ ਧਰਮ, ਸਮਾਜਿਕ ਦਰਜਾ ਅਤੇ ਜਾਇਦਾਦ ਸਾਰੇ ਹੀ ਤਾਕਤ ਅਤੇ ਹਕੂਮਤ ਦਾ ਸੋਮਾ ਹਨ । ਕਿਸੇ ਇਕ ਪੜਾਅ 'ਤੇ ਉਨ੍ਹਾਂ ਵਿਚੋਂ ਇਕ ਵਧੇਰੇ ਭਾਰੂ ਹੁੰਦਾ ਹੈ ਅਤੇ ਕਿਸੇ ਦੂਜੇ ਪੜਾਅ 'ਤੇ ਕੋਈ ਦੂਜਾ । ਹਿੰਦੂਵਾਦ, ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਲਈ ਇਕ ਖਤਰਾ ਹੈ । ਇਸੇ ਕਾਰਨ ਇਸ ਦਾ ਲੋਕਤੰਤਰ ਨਾਲ ਕੋਈ ਮੇਲ ਨਹੀਂ । ਇਹ (ਹਿੰਦੂਵਾਦ) ਉਸ (ਲੋਕਤੰਤਰ) ਦਾ ਵਿਰੋਧੀ ਹੈ ।

ਮੁਸਲਮਾਨ ਰਾਜੇ ਤੇ ਹਿੰਦੂ

ਅਕਬਰ ਨੇ ਮਾਨ ਸਿੰਘ ਦੀ ਭੈਣ, ਮਾਨਬਾਈ ਨਾਲ ਵਿਆਹ ਕੀਤਾ । ਜਹਾਂਗੀਰ ਨੇ ਰਾਜਾ ਉਦੈ ਸਿੰਘ ਦੀ ਲੜਕੀ ਜੋਧਾਬਾਈ ਨਾਲ ਵਿਆਹ ਕੀਤਾ । ਜਗਨ ਨਾਥ ਪੁਰੀ ਦੇ ਰਾਜਾ ਪੁਰਸ਼ੋਤਮ ਦਾਸ ਅਤੇ ਜਗਤ ਸਿੰਘ ਨੇ ਆਪਣੀਆਂ ਲੜਕੀਆਂ ਜਹਾਂਗੀਰ ਦੇ ਹਰਮ ਵਿਚ ਦਿੱਤੀਆਂ । ਸ਼ਾਹਜਹਾਂ ਜੋਧਾਬਾਈ ਦਾ ਲੜਕਾ ਸੀ । ਔਰੰਗਜ਼ੇਬ ਦੇ ਵੱਡੇ ਪੁੱਤਰ ਮੁਅੱਜ਼ਮ ਦਾ ਵਿਆਹ ਰਾਜਾ ਰੂਪ ਸਿੰਘ ਦੀ ਧੀ ਨਾਲ ਹੋਇਆ । ਬਹਾਦਰ ਸ਼ਾਹ (ਔਰੰਗਜ਼ੇਬ ਦਾ ਲੜਕਾ) ਲੀਲ੍ਹਾਬਾਈ ਦਾ ਪੁੱਤਰ ਸੀ । ਜਹਾਂਦਾਰ ਸ਼ਾਹ ਦੀ ਪਤਨੀ ਦਾ ਨਾਂ ਲਾਲ ਕੁੰਵਰ ਸੀ ਤੇ ਦਾਰਾ ਜਾਤ ਦੀ ਪਤਨੀ ਅਜੀਤ ਸਿੰਘ ਦੀ ਲੜਕੀ ਸੀ । ਫਿਰੋਜ਼ ਸ਼ਾਹ ਤੁਗਲਕ ਹਿੰਦੂ ਮਾਂ ਦੀ ਕੁੱਖ 'ਚੋਂ ਪੈਦਾ ਹੋਇਆ । ਸਿਕੰਦਰ ਲੋਧੀ ਦਾ ਜਨਮ ਸਰਹੰਦ ਦੇ ਇਕ ਹਿੰਦੂ ਦੀ ਧੀ ਜੀਬਾ ਦੇ ਪੇਟੋਂ ਹੋਇਆ । ਮਹਿਮੂਦ ਗਜ਼ਨੀ ਦਾ ਇਕ ਸੈਨਾਪਤੀ 'ਤਿਲਕ' ਨਾਂ ਦਾ ਹਿੰਦੂ ਸੀ । (ਸ਼ਾਇਦ ਇਸੇ ਕਰਕੇ ਹੀ ਉਸ ਨੇ ਭਾਰਤ 'ਤੇ ਵਾਰ-ਵਾਰ ਹਮਲੇ ਕੀਤੇ ਹੋਣ ।) ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮੁਸਲਮਾਨ ਜਾਂ ਮੁਗਲਰਾਜ ਅੰਦਰ ਹਿੰਦੂਆਂ ਦਾ ਪੂਰਾ ਗਲਬਾ ਸੀ ਅਤੇ ਹਿੰਦੂ ਖਾਸ ਕਰਕੇ ਬ੍ਰਾਹਮਣ ਇਨ੍ਹਾਂ ਰਾਜਾਂ ਵਿਚ ਉੱਚੇ ਅਤੇ ਵਿਸ਼ਵਾਸਯੋਗ ਪਦਾਂ 'ਤੇ ਨਿਯੁਕਤ ਸਨ ।

ਇਹ ਕੁਝ ਅੰਗਰੇਜ਼ੀ ਰਾਜ ਦੌਰਾਨ ਵੀ ਹੋਇਆ । ਲਗਪਗ ਚਪੜਾਸੀ ਤੋਂ ਲੈ ਕੇ ਕੁਲੈਕਟਰ ਜਾਂ ਜੱਜ ਤੱਕ, ਹਿੰਦੂ ਤੇ ਵਿਸ਼ੇਸ਼ ਕਰਕੇ ਬ੍ਰਾਹਮਣ ਨਿਯੁਕਤ ਸਨ । ਮੁਸਲਮਾਨ ਸ਼ਾਸਨ ਕਾਲ ਵਿਚ ਤੁਲਸੀ ਬ੍ਰਾਹਮਣ ਨੇ ਰਮਾਇਣ (ਰਾਮ ਚਰਿਤ ਮਾਨਸ) ਲਿਖੀ । ਸੂਰ ਨੇ ਹਿੰਦੀ ਦੋਹੇ ਲਿਖੇ । ਭੂਸ਼ਣ ਗੰਗ ਬਿਹਾਰੀ ਅਤੇ ਮਤੀ ਦਾਸ ਨੇ ਹੋਰ ਰਚਨਾਵਾਂ ਲਿਖੀਆਂ ਜਿਨ੍ਹਾਂ ਵਿਚ ਸ਼ੂਦਰਾਂ (ਭਾਵ ਐਸ ਸੀ., ਐਸ.ਟੀ., ਬੀ ਸੀ.) ਨੂੰ ਅਤੇ ਔਰਤਾਂ ਨੂੰ ਰੱਜ ਕੇ ਨਿੰਦਿਆ ਗਿਆ ਅਤੇ ਬ੍ਰਾਹਮਣਾਂ ਦੇ ਗੁਣ ਗਾਏ ਗਏ । ਅਕਬਰ ਦੇ ਰਾਜ ਕਾਲ ਵਿਚ ਬ੍ਰਾਹਮਣਾਂ ਨੇ ਅੱਲਾਹ-ਉਪਨਿਸ਼ਦ ਲਿਖਿਆ । ਇਹੀ ਕਾਰਨ ਹੈ ਕਿ ਬਲਬਨ ਰਾਜੇ ਨੇ ਕਿਹਾ ਸੀ—

"ਮੈਂ ਕਿਸੇ ਨੀਚ ਜਾਤੀ ਵਿਚ ਜਨਮੇਂ ਵਿਅਕਤੀ ਨੂੰ ਕੋਈ ਉੱਚਾ ਪਦ ਦੇਣ ਦੀ ਆਗਿਆ ਨਹੀਂ ਦੇ ਸਕਦਾ । ਜਦੋਂ ਕਦੀ ਮੈਂ ਕਿਸੇ ਅਛੂਤ ਨੂੰ ਵੇਖਦਾ ਹਾਂ ਤਾਂ ਮੇਰਾ ਖੂਨ ਉਬਲਣ ਲਗਦਾ ਹੈ ।" ਬ੍ਰਾਹਮਣ ਸਾਰੇ ਪ੍ਰਕਾਰ ਦੇ ਰਾਜ ਕਰਾਂ ਤੋਂ ਮੁਕਤ ਸਨ ।

ਬਾਬਾ ਸਾਹਿਬ ਅਨੁਸਾਰ ਹਿੰਦੂ ਸਿਮਰਤੀਕਾਰਾਂ ਨੇ ਆਪਣੇ ਕਾਨੂੰਨਾਂ ਰਾਹੀਂ :-

1. ਗੁਲਾਮੀ ਪ੍ਰਥਾ ਸਥਾਪਤ ਕੀਤੀ । 2. ਅਛੂਤਾਂ ਦਾ ਵਰਗ ਉਤਪੰਨ ਕੀਤਾ । 3. ਅਜਿਹੇ ਸਮਾਜ ਦਾ ਨਿਰਮਾਣ ਕੀਤਾ ਜਿਸ ਵਿਚ ਕਰੋੜਾਂ ਵਿਅਕਤੀਆਂ ਨੂੰ ਛੂਹਣ, ਦੇਖਣ ਇਥੋਂ ਤੱਕ ਕਿ ਪਰਛਾਵਾਂ ਲੈਣ ਤੱਕ ਵੀ ਅਯੋਗ ਕਰਾਰ ਦਿੱਤਾ ਗਿਆ । 4. ਅਜਿਹਾ ਵਰਗ ਬਣਾਇਆ, ਜਿਸ ਦਾ ਪਾਣੀ ਅਸ਼ੁੱਧ ਸੀ ਤੇ ਉਸ ਨੂੰ ਪੀਣਾ ਅਪਰਾਧ ਸੀ । 5. ਅਜਿਹੇ ਲੋਕਾਂ ਦਾ ਵਰਗ ਪੈਦਾ ਕੀਤਾ ਜੋ ਅਭੋਜਹਿਤ ਸਨ ਭਾਵ ਜਿਨ੍ਹਾਂ ਦਾ ਭੋਜਨ ਖਾਧਾ

ਨਹੀਂ ਜਾ ਸਕਦਾ ਸੀ ।6. ਅਜਿਹੇ ਲੋਕਾਂ ਦਾ ਜਨ ਸਮੂਹ ਪੈਦਾ ਕੀਤਾ ਗਿਆ, ਜਿਨ੍ਹਾਂ ਨੂੰ ਪੱਕੇ ਤੌਰ 'ਤੇ ਵੇਤਨ ਜਾਂ ਬਿਨਾਂ ਕੋਈ ਵੇਤਨ ਦਿੱਤੇ ਵਗਾਰੀ ਬਣਾ ਕੇ ਰੱਖਿਆ ਜਾ ਸਕਦਾ ਸੀ ।7. ਮਲ-ਮੂਤਰ ਅਤੇ ਗੰਦਗੀ ਸਾਫ ਕਰਨ, ਮੁਰਦਾ ਪਸ਼ੂ ਢੋਣ ਅਤੇ ਬਹੁਤ ਜ਼ਿਆਦਾ ਮੇਹਨਤ ਵਾਲੀਆਂ ਪ੍ਰੰਤੂ ਨਾ-ਮਾਤਰ ਭਾਵ ਬਿਨਾਂ ਵੇਤਨ ਦੇ ਕੰਮ ਵਾਲੀਆਂ ਨੀਚ-ਜਾਤੀਆਂ ਦਾ ਜਨਸਮੂਹ ਪੈਦਾ ਕੀਤਾ ਗਿਆ ।8. ਛੂਤ-ਛਾਤ ਨੂੰ ਚਿਰ ਸਥਾਈ ਬਣਾਉਣ ਦੇ ਉਦੇਸ਼ ਨਾਲ ਅਛੂਤਾਂ ਨੂੰ ਪਿੰਡ ਤੋਂ ਬਾਹਰ ਗੈਰ ਮਨੁੱਖੀ ਹਾਲਤਾਂ ਵਿਚ ਵਸਾਇਆ ਗਿਆ ।9. ਅਛੂਤਾਂ ਨੂੰ ਵਿੱਦਿਆ ਤੋਂ ਵੰਚਿਤ ਰੱਖਿਆ ਗਿਆ ।10. ਅਛੂਤਾਂ ਨੂੰ ਸਰਵਜਨਕ ਸਥਾਨਾਂ ਅਤੇ ਸੰਸਥਾਵਾਂ ਵਿਚ ਜਾਣ ਦੀ ਮਨਾਹੀ ਕੀਤੀ ਗਈ ।11. ਨਿੱਜੀ ਜੀਵਨ ਵਿਚ ਅਛੂਤਾਂ ਨੂੰ ਦੂਰ ਭਾਵ ਅੱਲਗ ਰੱਖਿਆ ਗਿਆ ।

ਗਾਂਧੀ, ਜਿਨਾਹ ਅਤੇ ਬਾਬਾ ਸਾਹਿਬ ਅੰਬੇਡਕਰ

1. ਗਾਂਧੀ ਸੰਘਰਸ਼ ਇਕ ਦਿਸ਼ਾ ਵਾਲਾ ਸੀ ਭਾਵ ਅੰਗਰੇਜ਼ਾਂ ਤੋਂ ਮੁਕਤੀ । ਕਿਉਂਕਿ ਬਾਕੀ ਭਾਰਤੀ ਕੌਮਾਂ ਤਾਂ ਲੰਬੇ ਅਰਸੇ ਤੋਂ ਹੀ ਆਰੀਆਂ ਦੀਆਂ ਗੁਲਾਮ ਸਨ-ਅਜ਼ਾਦੀ ਦੀ ਵਾਗਡੋਰ ਹਿੰਦੂਆਂ ਦੇ ਹੱਥ ਚਲੇ ਜਾਣ ਨਾਲ ਉਹ ਲੋਕ ਤਾਂ ਹਿੰਦੂਆਂ ਦੇ ਗੁਲਾਮ ਹੀ ਰਹਿਣੇ ਸਨ । ਹਿੰਦੂਆਂ ਦੇ ਸਵਦੇਸ਼ੀ ਰਾਜ ਦਾ ਅਰਥ ਆਰੀਆਂ ਦਾ ਰਾਜ ਹੀ ਸੀ ਜੋ 1947 ਤੋਂ ਬਾਅਦ ਪੂਰਾ ਹੋ ਗਿਆ ।

2. ਜਿਨਾਹ ਦਾ ਸੰਘਰਸ਼ ਦੋ ਦਿਸ਼ਾਵਾਂ ਵਾਲਾ ਸੀ । ਇਕ ਅੰਗਰੇਜ਼ਾਂ ਤੋਂ ਮੁਕਤੀ ਤੇ ਦੂਜਾ ਹਿੰਦੂਆਂ ਤੋਂ ਮੁਕਤੀ ।1947 ਨੂੰ ਉਸ ਦੇ ਸੁਪਨੇ ਵੀ ਪੂਰੇ ਹੋ ਗਏ ਜਦੋਂ ਅੰਗਰੇਜ਼ ਚਲੇ ਗਏ ਤੇ ਜਿਨਾਹ ਨੂੰ ਹਿੰਦੂਆਂ ਨੇ ਪਾਕਿਸਤਾਨ ਦੇ ਦਿੱਤਾ । ਉਸ ਨੇ ਦੋਹਾਂ ਦਿਸ਼ਾਵਾਂ ਵਿਚ ਅਜ਼ਾਦੀ ਪ੍ਰਾਪਤ ਕਰ ਲਈ ।

3. ਪ੍ਰੰਤੂ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸੰਘਰਸ਼ ਬਹੁ-ਦਿਸ਼ਾਵੀ ਸੀ । ਪਹਿਲਾਂ ਬ੍ਰਾਹਮਣਵਾਦ ਦੀ, ਉਸ ਜਾਤੀ ਵਾਦੀਆਂ ਦੀ ਗੁਲਾਮੀ ਤੋਂ ਮੁਕਤੀ । ਦੂਜਾ ਅੰਗਰੇਜ਼ ਰਾਜ ਤੋਂ ਮੁਕਤੀ । ਤੀਜਾ ਆਪਣੇ ਹੀ ਲੋਕਾਂ ਤੋਂ ਜੋ ਆਪਣੇ ਹੀ ਮਹਾਨ ਪੁਰਸ਼ ਵਿਰੁੱਧ ਡਟ ਕੇ ਲੜ ਰਹੇ ਸਨ ਤੇ ਆਰੀਆਂ ਹਿੰਦੂਆਂ ਦਾ ਸਾਥ ਦੇ ਰਹੇ ਸਨ ਤੋਂ ਛੁਟਕਾਰਾ । ਉਨ੍ਹਾਂ ਨੂੰ ਕਿਸੇ ਵੀ ਦਿਸ਼ਾ ਵਿਚ ਮੁਕਤੀ ਨਾ ਮਿਲੀ । ਅੰਗਰੇਜ਼ ਚਲੇ ਗਏ, ਰਾਜ ਹਿੰਦੂਆਂ ਦੇ ਹੱਥ ਚਲਾ ਗਿਆ । ਮੁਸਲਮਾਨ ਅੱਲਗ ਹੋ ਗਏ । ਦਲਿਤਾਂ ਦਾ ਪੱਖ ਕਮਜ਼ੋਰ ਹੋ ਗਿਆ । ਜੋ ਪਛੜੇ ਦਲਿਤ, ਵਿਧਾਨ ਸਭਾਵਾਂ ਜਾਂ ਸੰਸਦ ਵਿਚ ਪਹੁੰਚੇ, ਉਹ ਲਗਪਗ ਸਾਰੇ ਬਾਬਾ ਸਾਹਿਬ ਦੇ ਹੀ ਨਹੀਂ ਆਪਣੀ ਦਲਿਤ ਕੌਮ ਦੇ ਹੀ ਦੁਸ਼ਮਣ ਬਣੇ ਰਹੇ ਤੇ ਬਹੁਤ ਲੋਕ ਬਾਬਾ ਸਾਹਿਬ ਦੇ ਖਿਲਾਫ ਹੀ ਲੜਦੇ ਰਹੇ ।

ਸਿੱਖਾਂ ਨੇ ਬਾਬਾ ਸਾਹਿਬ ਨਾਲ ਵੱਡਾ ਧੋਖਾ ਕੀਤਾ, ਜਿਨ੍ਹਾਂ ਨੂੰ ਬਾਬਾ ਸਾਹਿਬ ਨੇ ਸਿੱਖ ਮੁਸਲਮਾਨ ਦਲਿਤ ਪਛੜਿਆ ਵਰਗ ਫੈਡਰੇਸ਼ਨ ਬਣਾਉਣ ਲਈ ਸਲਾਹ ਦਿੱਤੀ, ਪ੍ਰੰਤੂ ਮੁਸਲਮਾਨ ਪਾਕਿਸਤਾਨ ਲੈ ਕੇ ਬੈਠ ਗਿਆ । ਬਹੁ-ਗਿਣਤੀ ਪਛੜੀਆਂ ਜਾਤੀਆਂ ਨੂੰ ਬਾਬਾ ਸਾਹਿਬ ਨੇ ਆਪਣੇ ਸੰਘਰਸ਼ ਵਿਚ ਸ਼ਾਮਲ ਕਰਕੇ ਮੁਕਤੀ ਪ੍ਰਾਪਤ ਕਰਨ ਲਈ ਭਰਪੂਰ ਯਤਨ ਕੀਤੇ ਪ੍ਰੰਤੂ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਤੇ ਨੇਤਾਵਾਂ ਨੇ ਗਊ ਮਾਤਾ ਦੀ ਪੂਛ ਨਾ ਛੱਡੀ ਤੇ ਉਹ ਅੱਜ ਵੀ ਦੁੱਖਾਂ ਦੇ ਭਵ-ਸਾਗਰਾਂ ਵਿਚ ਗੋਤੇ ਖਾ ਰਹੇ ਹਨ । ਫਿਰ ਵੀ ਜੀਵਨ ਭਰ ਦਲਿਤਾਂ ਤੇ ਔਰਤਾਂ ਲਈ ਜੂਝਣ ਵਾਲੇ ਬਾਬਾ ਸਾਹਿਬ ਨੇ 85% ਸਮਾਜ ਦੀ ਮੁਕਤੀ ਲਈ ਕਾਨੂੰਨੀ ਦਰਵਾਜ਼ੇ ਖੋਲ੍ਹ ਦਿੱਤੇ, ਪ੍ਰੰਤੂ ਉਹ ਆਪ ਬਿਨਾਂ ਕਿਸੇ ਮੁਕੰਮਲ ਜਿੱਤ ਦੇ ਅਧੂਰੇ ਸੁਫਨੇ ਲੈ ਕੇ ਬ੍ਰਾਹਮਣਵਾਦ ਦਾ ਸ਼ਿਕਾਰ ਹੋ ਗਏ । ਜਿਸ ਮਹਾਨ ਮਨੁੱਖ ਨੇ ਸਮੂਹ ਭਾਰਤੀ ਔਰਤਾਂ ਦੇ ਹੱਕਾਂ ਦੀ ਵਿਸ਼ੇਸ਼ ਜੰਗ ਲੜੀ, ਉਸ ਵਿਅਕਤੀ ਦਾ ਨਾਂ ਔਰਤਾਂ ਨਹੀਂ ਜਾਣਦੀਆਂ । ਬਾਬਾ ਸਾਹਿਬ ਨੇ ਕਿੰਨੀਆਂ ਘੋਰ ਕਠਨਾਈਆਂ ਝੱਲੀਆਂ ਹੋਣਗੀਆਂ ਇਹ ਤਾਂ ਉਹੀ ਦੱਸ ਸਕਦੇ ਹਨ ਜੋ ਭਾਰਤੀ ਮੂਲ ਨਿਵਾਸੀਆਂ ਦਾ ਭਾਰਤ ਦੇ ਹਾਕਮ ਬਣਾਉਣ ਦਾ ਸੁਫਨਾ ਲੈ ਕੇ ਲਗਾਤਾਰ ਕਈ ਜੰਗਾਂ ਲੜ ਰਹੇ ਸਨ ।

ਅੰਬੇਡਕਰਵਾਦ

(ਨੋਟ : ਇਹ ਵਿਚਾਰ ਜੋ ਬਾਬਾ ਸਾਹਿਬ ਡਾ: ਅੰਬੇਡਕਰ ਦੇ ਆਪਣੇ ਹਨ, ਨੂੰ ਮੂਲ ਰੂਪ ਵਿਚ ਹੀ ਪੇਸ਼ ਕੀਤਾ ਜਾ ਰਿਹਾ ਹੈ ।)

ਮੇਰੇ ਚਲੇ ਜਾਣ ਤੋਂ ਬਾਅਦ ਇਨ੍ਹਾਂ ਕਰੋੜਾਂ ਲੋਕਾਂ ਦਾ ਸਹਾਰਾ ਕੌਣ ਬਣੇਗਾ, ਜਿਨ੍ਹਾਂ ਨੂੰ ਮੈਂ ਉਂਗਲੀ ਫੜਕੇ ਤੁਰਨਾ ਸਿਖਾਇਆ ਹੈ । ਜੇਕਰ ਮੈਂ ਅਛੂਤਾਂ ਦਾ ਕਲਿਆਣ ਨਾ ਕਰ ਸਕਿਆ ਸਦੀਆਂ ਦੇ ਭੈੜੇ ਰਿਵਾਜਾਂ ਦੇ

ਨਤੀਜੇ ਵਜੋਂ ਅਛੂਤਾਂ ਨੂੰ ਆਪਣੇ ਆਪ ਨੂੰ ਠੀਕ ਸਮਝਣ ਦੀ ਭਾਵਨਾ ਨੂੰ ਖਤਮ ਕਰਕੇ, ਉਨ੍ਹਾਂ ਨੂੰ ਇਨਸਾਨੀਅਤ ਦਾ ਪਾਠ ਨਾ ਪੜ੍ਹਾ ਸਕਿਆ ਤੇ ਛੂਆ-ਛਾਤ ਖਤਮ ਕਰਕੇ ਹਿੰਦੂ ਸਮਾਜ ਦੀ ਬੇਇਨਸਾਫੀ ਅਤੇ ਅਤਿਆਚਾਰਾਂ ਤੋਂ ਅਛੂਤ ਸਮਾਜ ਨੂੰ ਬਚਾ ਨਾ ਸਕਿਆ ਤਾਂ ਮੈਂ ਆਪਣੀ ਜ਼ਿੰਦਗੀ ਗੋਲੀ ਮਾਰਕੇ ਖਤਮ ਕਰ ਲਵਾਂਗਾ ।

ਜਾਤ-ਪਾਤ ਕੀ ਹੈ

ਜਾਤ-ਪਾਤ ਇਕ ਘਟੀਆ ਸੰਗਠਨ ਹੈ । ਜਾਤ-ਪਾਤ ਦਾ ਮੁੱਢ ਵਿਗਿਆਨਕ ਨਹੀਂ ਹੈ । ਜਾਤ-ਪਾਤ, ਧਰਮ ਵਿਚ ਅੰਨ੍ਹੇ ਜਾਂ ਕੁਦਰਤੀ ਤੌਰ 'ਤੇ ਕੀਤੇ ਵਿਸ਼ਵਾਸ ਦੀ ਉਪਜ ਹੈ । ਧਰਮ ਨੂੰ ਰੱਬੀ, ਰਿਸ਼ੀਆਂ, ਮੁਨੀਆਂ ਦੀ ਅਤੇ ਸ਼ਾਸਤਰਾਂ ਦੀ ਪ੍ਰਵਾਨਗੀ ਪ੍ਰਾਪਤ ਸੀ ਅਤੇ ਉਨ੍ਹਾਂ ਦੀ ਹੁਕਮਾਂ ਦੀ ਉਲੰਘਣਾ ਕਰਨਾ ਪਾਪ ਦੇ ਤੁੱਲ ਸੀ.....ਜਾਤ-ਪਾਤ ਕੇਵਲ ਕੰਮ ਦੀ ਵੰਡ ਹੀ ਨਹੀਂ ਸਗੋਂ ਇਹ ਤਾਂ ਕਾਮਿਆਂ ਦੀ ਵੰਡ ਹੈ । ਕਿਰਤੀਆਂ ਦੀ ਵੰਡ ਹੈ ।.....ਇਹ ਤਾਂ ਸ਼੍ਰੇਣੀਆਂ ਵਿਚ ਵੰਡੀ ਇਕ ਸੰਸਥਾ ਹੈ ਜਿਸ ਵਿਚ ਇਕ ਪੱਧਰ ਦੇ ਕਾਮਿਆਂ ਨੂੰ ਦੂਜੀ ਪੱਧਰ ਦੇ ਕਾਮਿਆਂ ਨਾਲੋਂ ਅਲੱਗ ਕੀਤਾ ਗਿਆ ਹੈ....ਜਾਤ-ਪਾਤ ਪਿਤਾ ਪੁਰਖੀ ਹੈ । ਕੋਈ ਵਿਅਕਤੀ ਭਾਵੇਂ ਸਮਾਜ ਨੂੰ ਜ਼ਰੂਰੀ ਸੇਵਾਵਾਂ ਦੇ ਰਿਹਾ ਹੋਵੇ, ਸਰੀਰਕ ਕੰਮ ਵਿਚ ਲੱਗਾ ਹੋਵੇ ਜਾਂ ਕੋਈ ਸੁੱਚਜਾ ਕੰਮ ਕਰ ਰਿਹਾ ਹੋਵੇ, ਪ੍ਰੰਤੂ ਉਸ ਨਾਲ ਵਿਹਾਰ ਅਛੂਤਾਂ ਵਾਲਾ ਹੀ ਹੋਵੇਗਾ, ਜੇ ਉਹ ਜਨਮ ਤੋਂ ਅਛੂਤ ਹੈ । ਜਾਤੀ ਪ੍ਰਥਾ ਨੂੰ ਧਾਰਮਿਕ ਪ੍ਰਵਾਨਗੀ ਪ੍ਰਾਪਤ ਹੈ । ਜਦੋਂ ਤੱਕ ਲੋਕ ਧਰਮ ਨੂੰ ਇਸ ਤਰ੍ਹਾਂ ਸਮਝਣਗੇ, ਕਿਸੇ ਤਬਦੀਲੀ ਦੀ ਗੁੰਜਾਇਸ਼ ਨਹੀਂ ਹੋਵੇਗੀ, ਕਿਉਂਕਿ ਧਰਮ ਨਾਲ ਆਮ ਤੌਰ 'ਤੇ ਤਬਦੀਲੀਆਂ ਦਾ ਕੋਈ ਸੰਬੰਧ ਨਹੀਂ ।....ਹਿੰਦੂ ਜਿਸ ਚੀਜ਼ ਨੂੰ ਧਰਮ ਕਹਿੰਦੇ ਹਨ ਤੇ ਸਮਝਦੇ ਹਨ, ਉਹ ਤਾਂ ਕੁਝ ਹੁਕਮਾਂ ਦਾ ਸੰਗ੍ਰਹਿ ਹੈ ਕਿ ਕੀ ਕੁਝ ਕਰਨਾ ਹੈ ਤੇ ਕੀ ਕੁਝ ਨਹੀਂ ਕਰਨਾ । ਜਦੋਂ ਤੀਕ ਤੁਸੀਂ ਸਮਾਜਿਕ ਢਾਂਚਾ (ਜਾਤਪਾਤੀ ਢਾਂਚਾ) ਨਹੀਂ ਬਦਲਦੇ, ਤੁਸੀਂ ਉਂਨਤੀ ਵਜੋਂ ਕੋਈ ਪ੍ਰਾਪਤੀ ਨਹੀਂ ਕਰ ਸਕਦੇ । ਤੁਸੀਂ ਜਿਹੜੀ ਵੀ ਕੋਈ ਚੀਜ਼ ਜਾਤੀ ਪ੍ਰਥਾ ਦੀ ਨੀਂਹ ਉੱਤੇ ਬਣਾਉਗੇ, ਉਹ ਢੈ-ਢੇਰੀ ਹੋ ਜਾਵੇਗੀ ਤੇ ਕਦੀ ਵੀ ਪੂਰੀ ਨਹੀਂ ਪਵੇਗੀ । ਇਹ ਜਾਤ-ਪਾਤ ਦੀ ਪ੍ਰਥਾ ਹੀ ਹੈ, ਜਿਸ ਨੇ ਲੋਕਾਂ ਨੂੰ ਲੰਗੜੇ, ਨਿਰਜਿੰਦ ਤੇ ਅਧਮੋਏ ਕਰਕੇ ਰੱਖ ਦਿੱਤਾ ਤੇ ਉਹ ਉਪਯੋਗੀ ਕਰਿਆਵਾਂ ਨਹੀਂ ਕਰਦੇ ।....ਇਸ ਨੂੰ ਤਾਂ ਸ਼ੈਤਾਨੀ ਭਰਿਆ ਉਹ ਯਤਨ ਕਹਿਣਾ ਚਾਹੀਦਾ ਹੈਂ ਜਿਸ ਦੁਆਰਾ ਮਨੁੱਖਤਾ ਨੂੰ ਦਬਾਉਣਾ ਅਤੇ ਗੁਲਾਮ ਕੀਤਾ ਜਾਣਾ ਹੈ । ਇਸ ਦਾ ਠੀਕ ਨਾਂ ਤਾਂ ਭੈੜੀ ਅਤੇ ਖੁਆਰੀ ਹੈ ।

ਹਿੰਦੂ ਸਭ ਕਾਸੇ ਦੇ ਮਾਲਕ ਹਨ । ਉਹ ਰਾਜ ਦੇ ਮਾਲਕ ਹਨ ਤੇ ਉਹ ਵਣਜ-ਵਪਾਰ ਉੱਤੇ ਅਧਿਕਾਰ ਰੱਖਦੇ ਹਨ । ਹਰ ਤਰ੍ਹਾਂ ਦੀ ਆਮਦਨ ਅਤੇ ਲਾਭਦਾਇਕ ਸਾਧਨਾਂ ਉੱਤੇ ਉਨ੍ਹਾਂ ਦਾ ਕੰਟਰੋਲ ਹੈ । ਬਾਕੀ ਦੀਆਂ ਕੌਮਾਂ ਤੇ ਖਾਸ ਕਰਕੇ ਅਛੂਤ ਤਾਂ ਪਾਣੀ ਵਿਚ ਵਗਣ ਵਾਲੇ ਗੰਦ ਹਨ । ਸਮਾਜਿਕ ਸਿਸਟਮ ਅਜਿਹਾ ਹੈ ਜਿਹੜਾ ਹਿੰਦੂਆਂ ਨੂੰ ਹਰ ਵਸਤੂ ਉੱਤੇ ਅਜਾਰਾਦਾਰੀ ਕਾਇਮ ਰੱਖਣ ਵਿਚ ਸਹਾਇਤਾ ਦਿੰਦਾ ਹੈ...ਹਿੰਦੂਆਂ ਦੀ ਬਹੁ ਗਿਣਤੀ ਦੇ ਜ਼ੋਰ ਹੇਠ ਅਛੂਤ ਸਮਾਨਤਾ ਦਾ ਸੁਪਨਾ ਵੀ ਨਹੀਂ ਲੈ ਸਕਦੇ । ਇਸ ਦਾ ਕਾਰਨ ਇਹ ਹੈ ਕਿ ਹਿੰਦੂਆਂ ਦੇ ਪੱਖਪਾਤੀ ਹੋਣ ਕਾਰਨ ਅਛੂਤਾਂ ਲਈ ਉਂਨਤੀ ਦੇ ਸਾਰੇ ਰਾਹ ਹੀ ਬੰਦ ਹਨ ।....ਛੂਤ-ਛਾਤ ਇਕ ਬੇਥਵਾ ਆਰਥਿਕ ਸ਼ੋਸ਼ਣ ਹੈ....ਇਹ ਇਕ ਆਰਥਿਕ ਪੱਧਤੀ ਵੀ ਹੈ, ਜਿਹੜੀ ਗੁਲਾਮੀ ਨਾਲੋਂ ਵੀ ਭੈੜੀ ਹੈ । ਗੁਲਾਮੀ ਦੀ ਹਾਲਤ ਵਿਚ ਮਾਲਕ ਗੁਲਾਮਾਂ ਦਾ ਖਾਣ-ਪੀਣ ਅਤੇ ਉਸ ਦੀ ਰਿਹਾਇਸ਼ ਦੀਆਂ ਲੋੜਾਂ ਪੂਰੀਆਂ ਕਰਨ ਦਾ ਜ਼ਿੰਮੇਵਾਰ ਹੁੰਦਾ ਹੈ ਤਾਂ ਜੋ ਗੁਲਾਮ ਦਾ ਮੰਡੀ ਮੁੱਲ ਨਾ ਘਟ ਜਾਵੇ । ਪ੍ਰੰਤੂ ਛੂਆ-ਛਾਤ ਦੀ ਪੱਧਤੀ ਵਿਚ, ਹਿੰਦੂ ਅਛੂਤਾਂ ਦੇ ਜੀਵਨ ਨਿਰਵਾਹ ਦੀਆਂ ਲੋੜਾਂ ਪੂਰੀਆਂ ਕਰਨ ਦੀਆਂ ਜ਼ਿੰਮੇਵਾਰੀਆਂ ਨਹੀਂ ਲੈਂਦਾ । ਇਕ ਆਰਥਿਕ ਪੱਧਤੀ ਦੇ ਤੌਰ 'ਤੇ ਇਹ ਅਜਿਹਾ ਸ਼ੋਸ਼ਨ ਹੈ, ਜਿਸ ਵਿਚ ਕੋਈ ਜ਼ਿੰਮੇਵਾਰ ਨਹੀਂ । ਛੂਆ-ਛਾਤ ਇਕ ਆਰਥਿਕ ਸ਼ੋਸ਼ਨ ਹੀ ਨਹੀਂ ਇਕ ਬੇਥਵੇ ਸ਼ੋਸ਼ਨ ਦੀ ਪੱਧਤੀ ਹੈ ।

ਹਰ ਰੋਜ਼ ਹਿੰਦੂਆਂ ਅਤੇ ਅਛੂਤਾਂ ਵਿਚਾਲੇ ਪਿੰਡਾਂ ਵਿਚ ਲਗਾਤਾਰ ਇਕ ਲੜਾਈ ਹੁੰਦੀ ਰਹਿੰਦੀ ਹੈ । ਇਹ ਨਿਰੰਤਰ ਚੱਲ ਰਿਹਾ ਸੰਘਰਸ਼ ਹੈ, ਜਿਹੜਾ ਆਰਥਿਕ ਅਤੇ ਸਮਾਜਿਕ ਤੌਰ ਉੱਤੇ ਬਲਵਾਨ ਹਿੰਦੂਆਂ ਅਤੇ ਆਰਥਿਕ ਅਤੇ ਸਮਾਜਿਕ ਤੌਰ 'ਤੇ ਕਮਜ਼ੋਰ ਅਛੂਤਾਂ ਵਿਚਕਾਰ ਚਲ ਰਿਹਾ ਹੈ । ਅਛੂਤ ਇਸ ਸੰਘਰਸ਼ ਵਿਚ ਕਦੀ ਵੀ ਸਫਲ ਇਸ ਕਾਰਨ ਨਹੀਂ ਹੋ ਸਕਦੇ, ਕਿਉਂਕਿ ਉਹ ਆਰਥਿਕ ਤੌਰ 'ਤੇ ਹਿੰਦੂਆਂ ਜਾਂ ਹੋਰਨਾਂ 'ਤੇ ਨਿਰਭਰ ਹਨ ।.....ਅਛੂਤ ਭੂਮੀ ਹੀਣ ਲੋਕਾਂ ਦਾ ਗਰੁੱਪ ਹੈ, ਜਿਹੜਾ ਪੂਰੀ ਤਰ੍ਹਾਂ ਹਿੰਦੂਆਂ ਉੱਤੇ ਨਿਰਭਰ ਕਰਦਾ ਹੈ । ਹਿੰਦੂਆਂ ਦਾ ਇਕ ਜੀਵਨ ਜ਼ਾਬਤਾ ਹੈ ਜੋ ਉਨ੍ਹਾਂ ਦੇ ਧਰਮ ਦਾ ਅੰਗ ਹੈ । ਇਹ ਜੀਵਨ ਜ਼ਾਬਤਾ ਉਨ੍ਹਾਂ ਨੂੰ

ਵਿਸ਼ੇਸ਼ ਅਧਿਕਾਰ ਦਿੰਦਾ ਹੈ ਤੇ ਅਛੂਤਾਂ ਨੂੰ ਨਿਰਾਦਰੀ ਭਰਿਆ ਜੀਵਨ ਜਿਉਣ 'ਤੇ ਮਜ਼ਬੂਰ ਕਰਦਾ ਹੈ, ਜਿਹੜਾ ਅਣਮਨੁੱਖੀ ਹੈ। ਭਾਰਤ ਵਿਚ ਭੂਮੀ ਮਲਕੀਅਤ ਕੇਵਲ ਇਕ ਆਰਥਿਕ ਗੱਲ ਹੀ ਨਹੀਂ ਸਗੋਂ ਇਹ ਸਮਾਜਿਕ ਮਾਣ ਜਾਂ ਹੈਸੀਅਤ ਦੀ ਗੱਲ ਵੀ ਹੈ।

ਅਛੂਤਾਂ ਕੋਲ ਅਜਿਹੀ ਤਾਕਤ ਜਾਂ ਸੱਤਾ ਪੈਦਾ ਨਹੀਂ ਹੋ ਸਕਦੀ। ਉਹ ਗਰੀਬ ਹਨ ਤੇ ਖਿੱਲਰੇ-ਪੁੱਲਰੇ ਹਨ। ਜੇ ਕਦੀ ਉਹ ਸਿਰ ਚੁੱਕਣ ਤਾਂ ਉਨ੍ਹਾਂ ਨੂੰ ਅਸਾਨੀ ਨਾਲ ਦਬਾਇਆ ਜਾ ਸਕਦਾ ਹੈ। ਇਸ ਵਿਸ਼ਲੇਸ਼ਣ ਦੇ ਅਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਸੁਤੰਤਰਤਾ ਹਿੰਦੂ ਨੂੰ ਸ਼ਕਤੀਸ਼ਾਲੀ ਅਤੇ ਅਛੂਤ ਨੂੰ ਹੋਰ ਮਜਬੂਰ ਅਤੇ ਨਿਤਾਣਾ ਬਣਾ ਦੇਵੇਗੀ। ਇਹ ਵੀ ਹੋ ਸਕਦਾ ਹੈ ਕਿ ਅਜ਼ਾਦੀ ਆਉਣ ਨਾਲ ਛੂਤ-ਛਾਤ ਮੁੱਕਣ ਦੀ ਥਾਂ ਹੋਰ ਗੰਭੀਰ ਅਤੇ ਸਥਾਈ ਹੋ ਜਾਵੇ। ਹਿੰਦੂ ਕਾਨੂੰਨ ਹੀ ਅਜਿਹਾ ਸਿਧਾਂਤ ਜਾਂ ਵਾਦ ਹੈ, ਜਿਸ ਅਨੁਸਾਰ ਸਮਾਜ ਦੀ ਸਥਾਪਨਾ ਅਜਿਹੇ ਅਧਾਰ ਉੱਤੇ ਕੀਤੀ ਜਾਂਦੀ ਹੈ, ਜਿਸ ਵਿਚ ਉਤਪਾਦਨ ਵੰਡ ਅਤੇ ਅਦਲਾ-ਬਦਲੀ ਅਤੇ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਸਮਾਜ ਦੇ ਸਾਂਝੇ ਹਿੱਤਾਂ ਲਈ ਵਰਤਿਆ ਜਾਂਦਾ ਹੈ। ਸਮਾਜਵਾਦ ਇਕ ਕ੍ਰਾਂਤੀ ਦੇ ਰੂਪ ਵਿਚ ਫਟਿਆ ਸੀ ਤੇ ਇਹ ਕ੍ਰਾਂਤੀ ਸਮਾਜ ਵਿਚ ਅਸਮਾਨਤਾ ਅਤੇ ਸ਼ੋਸ਼ਣ ਦੇ ਵਿਰੁੱਧ ਸੀ। ਤਾਂ ਤੇ ਸਮਾਜਵਾਦ ਇਕ ਅਜਿਹੇ ਸਮਾਜ ਦੀ ਸਥਾਪਨਾ ਚਾਹੁੰਦਾ ਹੈ, ਜਿਸ ਵਿਚ ਸ਼੍ਰੇਣੀਆਂ ਨਾ ਹੋਣ। ਸਾਰਿਆਂ ਲਈ ਅਜ਼ਾਦੀ ਸਮਾਨਤਾ ਅਤੇ ਨਿਆਂ ਹੋਵੇ। ਹਿੰਦੂ ਮਤ ਹੋਰ ਕੁਝ ਨਹੀਂ ਇਹ ਤਾਂ ਲੋਕਾਂ ਜਾਂ ਜਨਤਾ ਦੇ ਰੀਤੀ ਰਿਵਾਜਾਂ, ਉਨ੍ਹਾਂ ਦੀ ਬਲੀ ਰਸਮ, ਰਾਜਨੀਤਿਕ ਅਤੇ ਭਾਈਚਾਰਕ ਜੀਵਨ ਅਤੇ ਧਾਰਮਿਕ ਰਸਮਾਂ ਦੇ ਮਿਲਗੋਭੇ ਦੇ ਨਾਂ ਹੈ।....ਹਿੰਦੂ ਮਤ ਸਮਾਜਵਾਦ ਦੇ ਰਾਹ 'ਚ ਰੁਕਾਵਟ ਹੈ। ਜਾਤੀ ਪ੍ਰਥਾ ਸਾਂਝੀਆਂ ਕਿਰਤਾਂ ਕਰਨ ਤੋਂ ਰੋਕਦੀ ਹੈ। ਸਾਂਝੀਆਂ ਕਿਰਤਾਂ ਨੂੰ ਰੋਕਕੇ ਇਹ ਹਿੰਦੂਆਂ ਨੂੰ ਅਜਿਹੀ ਸੰਸਥਾ ਬਣਨ ਤੋਂ ਰੋਕਦੀ ਹੈ, ਜਿਸ ਵਿਚ ਜੀਵਨ ਦੀ ਸਾਂਝ ਹੋਵੇ ਅਤੇ ਇਸ ਨੂੰ ਆਪਣੇ ਆਪ ਦਾ ਅਹਿਸਾਸ ਹੋਵੇ।.....ਹਿੰਦੂ ਧਰਮ ਕਦੀ ਵੀ ਸ਼੍ਰੇਣੀ ਰਹਿਤ ਸਮਾਜ ਵਿਚ ਵਿਸ਼ਵਾਸ ਨਹੀਂ ਕਰ ਸਕਦਾ ਤੇ ਸ਼੍ਰੇਣੀ ਰਹਿਤ ਸਮਾਜ ਦੀ ਸਥਾਪਨਾ, ਜਿਹੜਾ ਕਿ ਸਮਾਜਵਾਦ ਦਾ ਉਦੇਸ਼ ਹੈ, ਨਹੀਂ ਕਰ ਸਕਦਾ।....ਜਾਤ ਇਕ ਬੰਦ ਜਾਂ ਕੱਟੜ ਵਰਗ ਹੈ ਤੇ ਹਿੰਦੂ ਧਰਮ ਨੇ ਇਸ ਨੂੰ ਵਿਧਾਨਕ ਮੰਨਿਆ ਹੋਇਆ ਹੈ।

ਹਿੰਦੂਆਂ ਦੇ ਪੱਖ ਕਾਰਨ ਕੇਵਲ ਅਛੂਤਾਂ ਦੀ ਉਨਤੀ ਦੇ ਸਾਰੇ ਰਾਹ ਬੰਦ ਨਹੀਂ ਕੀਤੇ ਗਏ, ਸਗੋਂ ਪਛੜੀਆਂ ਸ਼੍ਰੇਣੀਆਂ ਲਈ ਵੀ ਜ਼ਿੰਦਗੀ ਵਿਚ ਉੱਚਾ ਉੱਠ ਸਕਣ ਲਈ ਕੋਈ ਦਰਵਾਜ਼ਾ ਖੁੱਲ੍ਹਾ ਨਹੀਂ ਛੱਡਿਆ ਗਿਆ। ਛੂਆ-ਛਾਤ ਆਰਥਿਕ ਸ਼ੋਸ਼ਣ ਦੀ ਉਹ ਪੱਧਤੀ ਹੈ, ਜਿਸ ਉੱਤੇ ਕੋਈ ਕੰਟਰੋਲ ਨਹੀਂ, ਹਿੰਦੂ ਸ਼ੋਸ਼ਣ ਕਰਨ ਵਾਲੀ ਸ਼੍ਰੇਣੀਆਂ ਨਾਲ ਸੰਬੰਧਤ ਹਨ, ਇਸ ਲਈ ਉਹ ਸ਼ੋਸ਼ਣ ਦੇ ਹੱਕ ਵਿਚ ਹਨ। ਤਿੰਨ ਵੱਡੇ ਹਥਿਆਰਾਂ, ਸਰੀਰਕ ਹਥਿਆਰ ਦੇ ਤੌਰ 'ਤੇ ਫੌਜੀ, ਰਾਜਨੀਤਿਕ ਅਧਿਕਾਰ ਦੇ ਤੌਰ 'ਤੇ ਮਤਦਾਨ ਅਤੇ ਨੈਤਿਕ ਹਥਿਆਰ ਦੇ ਤੌਰ 'ਤੇ ਸਿੱਖਿਆ ਪ੍ਰਾਪਤੀ ਤੋਂ ਭਾਰਤੀ ਜਨਤਾ ਨੂੰ ਵਾਂਝਿਆ ਰੱਖ ਕੇ ਉਸ ਨੂੰ ਕਿਸੇ ਸਿੱਧੇ ਸੰਘਰਸ਼ ਦੇ ਯੋਗ ਨਹੀਂ ਬਣਨ ਦਿੱਤਾ। ਅਸਲ ਵਿਚ ਹਿੰਦੂ ਧਰਮ ਲੋਕਾਂ ਨੂੰ ਕ੍ਰਾਂਤੀਕਾਰੀ ਕਿਰਿਆਵਾਂ ਦੇ ਵਿਦਰੋਹ ਲਈ ਲੰਗੜਾ ਲੂਲ੍ਹਾ ਤੇ ਮੁਰਦਾ ਬਣਾ ਦਿੰਦਾ ਹੈ....ਹਿੰਦੂ ਸਮਾਜ ਦਾ ਕੋਈ ਵਰਗ ਸ਼ੋਸ਼ਣ ਦੇ ਵਿਰੁੱਧ ਕ੍ਰਾਂਤੀ ਲਈ ਤਿਆਰ ਨਹੀਂ ਕਿਉਂਕਿ ਸ਼ੋਸ਼ਣ ਨੂੰ ਧਾਰਮਿਕ ਪ੍ਰਵਾਨਗੀ ਪ੍ਰਾਪਤ ਹੈ। ਧਾਰਮਿਕ ਹੁਕਮਾਂ ਦੀ ਉਲੰਘਣਾ ਕਰਨੀ ਹਿੰਦੂ ਧਰਮ ਵਿਰੁੱਧ ਹੈ। ਇਹ ਘੋਰ ਪਾਪ ਹੈ। ਹਿੰਦੂ ਧਰਮ ਉਹ ਸਮਾਜ ਹੈ ਜਿਸ ਵਿਚ ਨਿਆਂ, ਭਾਈਚਾਰਾ ਅਤੇ ਆਜ਼ਾਦੀ ਦੀ ਸਥਾਪਤ ਨਹੀਂ ਕੀਤੀ ਜਾਂਦੀ।...ਉਸ ਦੀ ਰੁਚੀ ਅਤੇ ਧਿਆਨ ਲੋਕਰਾਜ ਅਤੇ ਮਨੁੱਖੀ ਏਕਤਾ ਦੇ ਤੁਲ ਹੈ।....ਹਿੰਦੂ ਧਰਮ ਸਮਾਜ ਦੀ ਹਰ ਸ਼੍ਰੇਣੀ ਦੇ ਰਾਹ ਵਿਚ ਸਮਾਜਿਕ, ਆਰਥਿਕ ਅਤੇ ਰਾਜਨੀਤਕ ਰੁਕਾਵਟ ਪਾਉਂਦਾ ਹੈ।

ਛੂਤ-ਛਾਤ ਦੀ ਸਮੱਸਿਆ ਵਰਗ ਸੰਘਰਸ਼ ਦੀ ਸਮੱਸਿਆ ਹੈ, ਕਿਉਂਕਿ ਇਹ ਇਕ ਸ਼੍ਰੇਣੀ ਦੁਆਰਾ ਦੂਜੀ ਸ਼੍ਰੇਣੀ ਉੱਤੇ ਅਨਿਆਂ ਅਤੇ ਜ਼ਿਆਦਤੀ ਹੈ ਅਰਥਾਤ ਅਛੂਤਾਂ ਅਤੇ ਗੈਰ ਅਛੂਤਾਂ ਵਿਚਕਾਰ ਸੰਘਰਸ਼ ਹੈ। ਜਦੋਂ ਤੱਕ ਕੋਈ ਸਮਾਜਵਾਦੀ, ਹਿੰਦੂ ਧਰਮ ਦੁਆਰਾ ਪ੍ਰਸਤੁਤ ਕੀਤੇ ਢਾਂਚੇ ਨੂੰ ਨਹੀਂ ਸਮਝਦਾ, ਉਹ ਕਿਸੇ ਕ੍ਰਾਂਤੀ ਨੂੰ ਸੰਭਵ ਨਹੀਂ ਬਣਾ ਸਕਦਾ। ਜਾਤ-ਪਾਤ ਉਹ ਦੈਂਤ ਹੈ ਜੋ ਤੁਹਾਡਾ ਰਾਹ ਰੋਕੀ ਖੜ੍ਹਾ ਹੈ। .....ਜਦੋਂ ਤੀਕ ਤੁਸੀਂ ਦੈਂਤ ਨੂੰ ਨਹੀਂ ਲੈਂਦੇ ਨਾ ਤਾਂ ਤੁਸੀਂ ਰਾਜਨੀਤਕ ਤੇ ਨਾ ਹੀ ਆਰਥਿਕ ਸੁਧਾਰ ਕਰ ਸਕਦੇ ਹੋ। ਉਤਪਾਦਨ ਦੇ ਸਾਧਨਾਂ ਉੱਤੇ ਰਾਜ (ਸਟੇਟ) ਦੀ ਮਲਕੀਅਤ ਹੋਣੀ ਚਾਹੀਦੀ ਹੈ ਤਾਂ ਜੋ ਸ਼ੋਸ਼ਣ ਨੂੰ ਰੋਕਿਆ ਜਾ ਸਕੇ। ਇਸ ਲਈ ਧਰਤੀ (ਜ਼ਮੀਨ) ਅਤੇ ਉਦਯੋਗ ਦੋਵੇਂ ਹੀ ਰਾਜ ਦੀ ਮਲਕੀਅਤ ਹੋਣੇ ਚਾਹੀਦੇ ਹਨ ਤਾਂ ਜੋ ਕਿਰਤੀਆਂ ਦੀ

ਮੋਹਨਤ ਅਤੇ ਹੱਕ ਦੇ ਲਾਭ ਦੀ ਲੁੱਟਾਣ ਨਾ ਹੋਣ ਦਿੱਤੀ ਜਾਵੇ ।ਸੰਪੱਤੀ ਨਿਜੀ ਮਲਕੀਅਤ ਆਜ਼ਾਦੀ ਨਾਲ ਸੋਚਣ ਅਤੇ ਵਿਚਾਰਾਂ ਨੂੰ ਆਜ਼ਾਦੀ ਨਾਲ ਪੂਰੇ ਕਰਨ ਦੇ ਰਾਹ ਵਿਚ ਵੱਡੀ ਰੁਕਾਵਟ ਹੈ ।

ਸਾਨੂੰ ਕੇਵਲ ਲੋਕਤੰਤਰ ਦੇ ਕੱਟੜ ਵਿਸ਼ਵਾਸੀ ਹੀ ਨਹੀਂ ਹੋਣਾ ਚਾਹੀਦਾ, ਸਗੋਂ ਇਹ ਵੀ ਵੇਖਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਵੀ ਕਰਦੇ ਹਾਂ, ਕਿਤੇ ਉਹ ਲੋਕਤੰਤਰ ਦੇ ਦੁਸ਼ਮਣਾਂ ਦੀ ਇਸ ਗੱਲ ਵਿਚ ਸਹਾਇਤਾ ਤਾਂ ਨਹੀਂ ਕਰਦਾ ਕਿ ਉਹ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੀਆਂ ਜੜ੍ਹਾਂ ਹੀ ਪੁੱਟ ਦੇਣ ।...ਲੋਕਤੰਤਰ ਰਲਕੇ ਰਹਿਣ ਦਾ ਇਕ ਢੰਗ ਹੈ ।ਲੋਕਤੰਤਰ ਦੀਆਂ ਜੜ੍ਹਾਂ ਮਨੁੱਖਾਂ ਦੀਆਂ ਰਲ ਕੇ ਰਹਿਣ ਦੀਆਂ ਇੱਛਾਵਾਂ ਵਿਚ ਵੇਖੀਆ ਜਾ ਸਕਦੀਆਂ ਹਨ ਤੇ ਰਲ ਕੇ ਰਹਿਣ ਵਾਲੇ ਲੋਕ ਹੀ ਸਮਾਜ ਦੀ ਸਥਾਪਨਾ ਕਰਦੇ ਹਨ ।...ਭਾਰਤੀ ਸਮਾਜ ਵਿਚ ਸਮਾਜੀ ਆਰਥਿਕ ਸੰਬੰਧਾਂ ਵਿਚ ਨਿਆਂ ਦਾ ਨਾ ਹੋਣਾ, ਭਾਰਤੀ ਲੋਕਤੰਤਰ ਲਈ ਇਕ ਵੱਡਾ ਅਤੇ ਪੱਕਾ ਖਾਤਮਾ ਹੈ ।....ਜਾਤੀ ਵਿਤਕਰੇ, ਛੂਆ-ਛਾਤ ਤੇ ਭਿੱਟ ਸਮਾਜਿਕ ਰੁਕਾਵਟਾਂ ਅਤੇ ਕ੍ਰਿਤਾਂ ਦੀ ਪੱਕੀ ਪੀਢੀ ਵੰਡ, ਆਰਥਿਕ ਨਿਰਭਰਤਾ, ਸਮਾਜਿਕ ਅਨਿਆਂ ਅਤੇ ਆਰਥਿਕ ਸ਼ੋਸ਼ਨ ਲੋਕਤੰਤਰ ਦੇ ਪੱਕੇ ਵੈਰੀ ਹਨ । ਜਿਥੇ ਸਮਾਜਿਕ ਅਤੇ ਆਰਥਿਕ ਲੋਕਤੰਤਰ ਨਹੀਂ ਉਥੇ ਰਾਜਨੀਤਕ ਲੋਕਤੰਤਰ ਸਫਲ ਨਹੀਂ ਹੋ ਸਕਦਾ ।

ਸੰਸਦੀ ਲੋਕਤੰਤਰੀ ਪ੍ਰਣਾਲੀ ਨੇ ਆਰਥਿਕ ਅਸਮਾਨਤਾਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਤੇ ਨਾ ਹੀ ਸੌਦੇ ਨਾਲ ਦੋਹਾਂ ਸ਼੍ਰੇਣੀਆਂ ਦੀ ਸੌਦਾ ਸ਼ਕਤੀ ਦੀ ਪ੍ਰਵਾਹ ਕੀਤੀ ਹੈ, ਜਦੋਂ ਕਿ ਸੌਦੇ ਨਾਲ ਸੰਬੰਧਤ ਸ਼੍ਰੇਣੀਆਂ 'ਚ ਇਕ ਸ਼ਕਤੀਸ਼ਾਲੀ ਅਤੇ ਦੂਜੀ ਸ਼ਕਤੀ ਹੀਣ ਹੈ ।...ਸ਼ਕਤੀਸ਼ਾਲੀ ਸ਼ਕਤੀਹੀਣ ਸ਼੍ਰੇਣੀ ਨਾਲ ਧ੍ਰੋਹ ਕਰਦੀ ਹੈ । ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਲੋਕਤੰਤਰ ਦਾ ਆਜ਼ਾਦੀ ਸਿਧਾਂਤ ਖੋਖਲਾ ਹੋ ਕੇ ਰਹਿ ਗਿਆ ਹੈ ਤੇ ਇਸ ਲੋਕਤੰਤਰ ਨੇ ਪਛੜੇ ਹੋਏ ਅਨੁਸੂਚਿਤ ਅਤੇ ਲਿਤਾੜੇ ਹੋਏ ਲੋਕਾਂ ਦੀ ਗਰੀਬੀ ਵਿਚ ਲਗਾਤਾਰ ਵਾਧਾ ਕੀਤਾ ਹੈ ।...ਸੰਸਦੀ ਲੋਕਤੰਤਰ ਨੇ ਆਜ਼ਾਦੀ ਲਈ ਪਾਗਲਪਣ ਵਰਗਾ ਸ਼ੌਕ ਆਪਣੇ ਅੰਦਰ ਵਿਕਸਤ ਕਰ ਲਿਆ ਹੈ ।ਪ੍ਰੰਤੂ ਇਸ ਨੇ ਜ਼ਰਾ ਜਿੰਨੀ ਵੀ ਥਾਂ ਆਪਣੇ ਵਿਚ 'ਸਮਾਨਤਾ' ਨੂੰ ਨਹੀਂ ਦਿੱਤੀ ।ਇਸ ਨੇ ਸਮਾਨਤਾ ਦੀ ਮਹੱਤਤਾ ਨੂੰ ਸਵੀਕਾਰ ਹੀ ਨਹੀਂ ਕੀਤਾ ਤੇ ਨਾ ਹੀ ਇਸ ਨੇ ਸਮਾਨਤਾ ਅਤੇ ਅਜ਼ਾਦੀ ਵਿਚ ਕੋਈ ਸੰਤੁਲਨ ਰੱਖਿਆ ਹੈ । ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਇਹ (ਅਜ਼ਾਦੀ) ਸਮਾਨਤਾ ਨੂੰ ਨਿਗਲ ਗਈ ਹੈ ਤੇ ਲੋਕਤੰਤਰ ਇਕ ਸ਼ਕਤੀ ਜਾਂ ਧੌਂਸ ਦਾ ਨਾਂ ਬਣਕੇ ਰਹਿ ਗਿਆ ਹੈ ।

ਲੋਕਤੰਤਰ ਸਮਾਨਤਾ ਦਾ ਦੂਜਾ ਨਾਂ ਹੈ ।ਜੇ ਕਿਸੇ ਸਮਾਜ ਨੇ ਲੋਕਤੰਤਰ ਦੀ ਪ੍ਰਾਪਤੀ ਕਰਨੀ ਹੈ ਤਾਂ ਇਸ ਨੂੰ ਸਾਮਰਾਜ, ਅਮੀਰਸ਼ਾਹੀ, ਸਮਾਜਿਕ ਜ਼ੁਲਮ, ਵਗਾਰ, ਜਾਤੀ ਪ੍ਰਥਾ, ਧਾਰਮਿਕ, ਕੱਟੜਪੁਣਾ, ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ.ਅਤੇ ਦੁਰਵਿਹਾਰ ਵਰਗੇ ਭੈੜਾਂ ਨੂੰ ਮੁਕਾ ਕੇ ਸਰਬ ਸਾਂਝੇ ਆਰਥਿਕ ਭਾਈਚਾਰੇ ਦੀ ਸਥਾਪਨਾ ਕਰਨੀ ਪਵੇਗੀ ।ਮੇਰੀ ਨਿੰਦਿਆ ਕਰਨ ਵਾਲੇ ਕਾਂਗਰਸੀ ਸਮਾਚਾਰ ਪੱਤਰ ਹਨ । ਕਾਂਗਰਸੀ ਪ੍ਰੈਸ ਨੇ ਕਦੇ ਮੇਰੇ ਤਰਕਾਂ ਦਾ ਉੱਤਰ ਨਹੀਂ ਦਿੱਤਾ ।ਇਹ ਕੇਵਲ ਨਿੰਦਿਆ ਕਰਨਾ ਜਾਣਦੀ ਹੈ ।ਗਾਲ੍ਹ ਕੱਢਣਾ ਹੀ ਇਸ ਦਾ ਕੰਮ ਹੈ ।ਉਸ ਹਰ ਕੰਮ ਲਈ, ਜੋ ਮੈਂ ਕਰਦਾ ਹਾਂ, ਮੈਨੂੰ ਬਦਨਾਮ ਕੀਤਾ ਜਾਂਦਾ ਹੈ ।ਜੋ ਕੁਝ ਵੀ ਮੈਂ ਕਹਿੰਦਾ ਹਾਂ, ਇਹ ਉਸ ਨੂੰ ਤੋੜ-ਮਰੋੜ ਕੇ ਗਲਤ ਰੂਪ ਅਤੇ ਗਲਤ ਸ਼ਬਦਾਂ ਵਿਚ ਪੇਸ਼ ਕਰਦੇ ਹਨ । ਚਾਹੇ ਮੈਂ ਕੁਝ ਵੀ ਕਹਾਂ ਕਾਂਗਰਸੀ ਪੱਤਰਾਂ ਦਾ ਇਹ ਵੈਰ ਨਿੱਜੀ ਰੂਪ ਧਾਰਨ ਕਰ ਚੁੱਕਾ ਹੈ ।...ਕਾਂਗਰਸੀ ਸਮਾਚਾਰ ਪੱਤਰ ਜਿੰਨੀਆਂ ਬੁਰੀਆਂ ਅਤੇ ਗੰਦੀਆਂ ਗਾਲ੍ਹਾਂ ਮੈਨੂੰ ਦੇਣਾ ਚਾਹੁੰਣ, ਦਿਆ ਕਰਨ, ਪਰ ਮੈਂ ਆਪਣੇ ਕਰੱਤਵ ਦਾ ਪਾਲਣ ਕਰਨਾ ਹੈ ।

ਇਹ ਵਿਚਾਰ ਉਸ ਵਿਅਕਤੀ ਦੇ ਵਿਚਾਰ ਹਨ ਜੋ ਕਦੇ ਕਿਸੇ ਸੱਤਾ-ਸ਼ਕਤੀ ਦਾ ਸੰਦ ਜਾਂ ਕਠਪੁਤਲੀ ਨਹੀਂ ਬਣਿਆ ਅਤੇ ਜੋ ਕਿਸੇ ਮਹਾਨਤਾ ਜਾਂ ਵੱਡਪਣ ਦਾ ਚਾਪਲੂਸ ਨਹੀਂ ਰਿਹਾ ।ਇਹ ਵਿਚਾਰ ਇਕ ਅਜਿਹੇ ਪੁਰਸ਼ ਦੇ ਹਨ, ਜਿਸ ਦੇ ਲਗਪਗ ਸਾਰੇ ਸਰਵਜਨਕ ਯਤਨ ਗਰੀਬਾਂ ਅਤੇ ਦਲਿਤਾਂ ਦੀ ਅਜ਼ਾਦੀ ਵਾਸਤੇ ਇਕ ਨਿਰੰਤਰ ਸੰਘਰਸ਼ ਕਰ ਰਹੇ ਹਨ ਅਤੇ ਰਾਸ਼ਟਰ ਦੇ ਸਮਾਚਾਰ ਪੱਤਰਾਂ ਅਤੇ ਰਾਸ਼ਟਰੀ ਨੇਤਾਵਾਂ ਦੇ ਵੱਲੋਂ ਕੇਵਲ ਮੰਦਭਾਵਨਾ ਦੇ ਗਾਲ੍ਹਾਂ ਦੀ ਲਗਾਤਾਰ ਬੁਛਾੜ ਜਿਸ ਦਾ ਇਨਾਮ ਰਿਹਾ ਹੈ ।ਜਾਤ-ਪਾਤ ਤੋੜਨ ਦਾ ਅਸਲੀ ਤਰੀਕਾ ਭਿੰਨ-ਭਿੰਨ ਜਾਤਾਂ ਦਾ ਸਹਿਭੋਜ ਕਰਨ ਜਾਂ ਭਿੰਨ-ਭਿੰਨ ਜਾਤੀਆਂ ਦਾ ਆਪਸੀ ਸ਼ਾਦੀਆਂ ਕਰਨਾ ਨਹੀਂ ਸਗੋਂ ਉਨ੍ਹਾਂ ਧਾਰਮਿਕ ਵਿਸ਼ਵਾਸਾਂ ਦਾ ਖਾਤਮਾ ਕਰਨਾ ਹੈ, ਜਿਨ੍ਹਾਂ ਉੱਤੇ ਜਾਤਪਾਤ ਦੀ ਨੀਂਹ ਟਿਕੀ ਹੈ ।

ਸਮਾਜੀ ਅਤੇ ਧਾਰਮਿਕ ਸਮੱਸਿਆਵਾਂ ਦਾ ਰਾਜਸੀ ਵਿਧਾਨ ਦੇ ਨਾਲ ਸੰਬੰਧ ਹੈ ।...ਰਾਜਸੀ ਕ੍ਰਾਂਤੀਆਂ ਦੀ ਅਗਵਾਈ ਸਦਾ ਸਮਾਜੀ ਅਤੇ ਧਾਰਮਿਕ ਕ੍ਰਾਂਤੀਆਂ ਕਰਦੀਆਂ ਹਨ ।...ਬਾਬਾ ਸਾਹਿਬ ਦੀ ਹਰ ਇਕ ਗੱਲ ਇਸ ਤਰ੍ਹਾਂ ਸੱਚ ਹੈ ਜਿਵੇਂ ਸਚਾਈ ਆਪਣੇ ਆਪ ਵਿਚ ਇਕ ਸੱਤ ਹੈ । ਕਿਸੇ ਕੌਮ ਦੇ ਰਾਜਸੀ ਵਿਕਾਸ ਦੇ ਲਈ ਲੋਕਾਂ ਦੇ ਵਿਚਾਰਾਂ ਅਤੇ ਮਨ ਦੀ ਅਜ਼ਾਦੀ ਇਕ ਜ਼ਰੂਰੀ ਪਹਿਲੂ ਹੈ । ਕਿਸੇ ਵਿਅਕਤੀ ਦਾ ਸਮਾਜੀ ਦਰਜਾ ਆਪਣੇ ਆਪ ਵਿਚ ਵੀ ਕਈ ਵਾਰ ਤਾਕਤ ਅਤੇ ਹਕੂਮਤ ਦਾ ਸੋਮਾ ਬਣ ਜਾਂਦਾ ਹੈ ।...ਕਿਸੇ ਵਿਅਕਤੀ ਦਾ ਧਰਮ, ਸਮਾਜਿਕ ਦਰਜਾ ਅਤੇ ਜਾਇਦਾਦ ਸਾਰੇ ਹੀ ਤਾਕਤ ਅਤੇ ਹਕੂਮਤ ਦਾ ਸੋਮਾ ਹਨ । ਕਿਸੇ ਇਕ ਪੜਾਅ 'ਤੇ ਉਨ੍ਹਾਂ ਵਿਚੋਂ ਇਕ ਭਾਰੂ ਹੁੰਦਾ ਹੈ ਅਤੇ ਕਿਸੇ ਦੂਜੇ ਪੜਾਅ 'ਤੇ ਕੋਈ ਦੂਜਾ ।

ਸਮਾਜਵਾਦੀ ਆਦਰਸ਼ ਵਿਚ ਵਿਸ਼ਵਾਸ ਹੈ ਕਿ ਭਿੰਨ-ਭਿੰਨ ਵਰਗਾਂ ਅਤੇ ਟੋਲਿਆਂ ਵਿਚਕਾਰ ਆਪਸੀ ਵਰਤਾਓ ਵਿਚ ਬਰਾਬਰੀ ਹੋਣੀ ਚਾਹੀਦੀ ਹੈ । ਮੇਰਾ ਵਿਚਾਰ ਹੈ ਕਿ ਇਸ ਸਮੱਸਿਆ ਅਤੇ ਦੂਜੀਆਂ ਸਮੱਸਿਆਵਾਂ ਦਾ ਕੇਵਲ ਸਮਾਜਵਾਦ ਹੀ ਸੱਚਾ ਇਲਾਜ ਹੈ । ਕੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਗਰੀਬ ਲੋਕ ਜਾਤ, ਵਿਸ਼ਵਾਸ ਜਾਂ ਊਚ-ਨੀਚ ਦੇ ਵਿਤਕਰੇ ਨੂੰ ਨਹੀਂ ਮੰਨਦੇ ? ਜੇ ਇਹ ਸੱਚ ਹੈ ਕਿ ਉਹ ਅਜਿਹੇ ਵਿਤਕਰੇ ਮੰਨਦੇ ਹਨ ਤਾਂ ਅਜਿਹੇ ਪ੍ਰੋਲੇਤਾਰੀ ਲੋਕਾਂ ਤੋਂ ਅਮੀਰ ਲੋਕਾਂ ਦੇ ਵਿਰੁੱਧ ਮੁਹਿੰਮ ਵਿਚ ਮੋਰਚੇ ਦੀ ਏਕਤਾ ਦੀ ਕੀ ਆਸ ਰੱਖੀ ਜਾ ਸਕਦੀ ਹੈ ? ਹਿੰਦੂ ਸਮਾਜ ਦੀ ਇਸ ਸਮਾਜ ਦੇ ਤੌਰ 'ਤੇ ਕੋਈ ਹੋਂਦ ਨਹੀਂ । ਇਹ ਕੇਵਲ ਜਾਤਾਂ ਦਾ ਇਕੱਠ ਹੈ । ਹਰ ਇਕ ਜਾਤ ਆਪਣੀ ਹੋਂਦ ਤੋਂ ਜਾਣੂ ਹੈ । ਆਪਣੀ ਇਸ ਹੋਂਦ ਨੂੰ ਜਿਊਂਦਾ ਰੱਖਣਾ ਹੀ ਉਸ ਦੇ ਲਈ ਸਭ ਕੁਝ ਹੈ । ਭਾਰਤੀ ਇਕ ਕੌਮ ਨਹੀਂ ਹਨ, ਸਗੋਂ ਇਹ ਕੇਵਲ ਲੋਕਾਂ ਦੀ ਇਕ ਬੇਸ਼ਕਲ ਭੀੜ ਹੈ ।

...ਸਾਂਝੀ ਸਰਗਰਮੀ ਵਿਚ ਇਕ ਵਿਅਕਤੀ ਦਾ ਇਉਂ ਹਿੱਸੇਦਾਰ ਅਤੇ ਸਾਥੀ ਬਣਾਇਆ ਜਾਣਾ ਕਿ ਉਹ ਇਸ ਸਰਗਰਮੀ ਦੀ ਸਫਲਤਾ ਵਿਚ ਆਪਣੀ ਸਫਲਤਾ ਅਨੁਭਵ ਕਰੇ, ਇਸ ਦੀ ਅਸਫਲਤਾ ਵਿਚ ਆਪਣੀ ਅਸਫਲਤਾ । ਇਹ ਅਸਲੀ ਚੀਜ਼ ਹੈ ਜੋ ਇਨਸਾਨਾਂ ਨੂੰ ਆਪਸ ਵਿਚ ਗੰਢਦੀ ਹੈ ਅਤੇ ਉਨ੍ਹਾਂ ਨੂੰ ਇਕ ਸਮਾਜ ਬਣਾ ਦਿੰਦੀ ਹੈ । ਜਾਤ-ਪਾਤ ਸਿਸਟਮ ਸਾਂਝੀ ਸਰਗਰਮੀ ਨੂੰ ਰੋਕਦਾ ਹੈ ਅਤੇ ਸਾਂਝੀ ਸਰਗਰਮੀ ਨੂੰ ਰੋਕ ਕੇ ਇਸਨੇ ਹਿੰਦੂਆਂ ਨੂੰ ਇਕ ਅਜਿਹਾ ਸਮਾਜ ਬਣਨ ਤੋਂ ਰੋਕ ਦਿੱਤਾ ਹੈ, ਜਿਸ ਦਾ ਏਕਤਾ ਭਰਿਆ ਜੀਵਨ ਹੋਵੇ ਅਤੇ ਜਿਸ ਨੂੰ ਆਪਣੀ ਹਸਤੀ ਦਾ ਅਨੁਭਵ ਹੋਵੇ । ਇਕ ਹਿੰਦੂ ਦੀ ਜਨਤਾ ਤਾਂ ਕੇਵਲ ਉਸ ਦੀ ਜਾਤ ਦੇ ਲੋਕ ਹਨ । ਉਸ ਦੀ ਜ਼ਿੰਮੇਵਾਰੀ ਕੇਵਲ ਆਪਣੀ ਜਾਤ ਦੇ ਲੋਕਾਂ ਲਈ ਹੈ । ਉਸ ਦੀ ਵਫ਼ਾਦਾਰੀ ਕੇਵਲ ਆਪਣੀ ਜਾਤ ਤੱਕ ਹੀ ਸੀਮਤ ਹੈ । ਨੇਕੀ ਜਾਤ ਹੇਠ ਦਬ ਕੇ ਰਹਿ ਗਈ ਹੈ । ਮੇਰਾ ਆਦਰਸ਼ ਹੋਵੇਗਾ ਅਜਿਹਾ ਸਮਾਜ ਜਿਸ ਦੀ ਨੀਂਹ ਆਜ਼ਾਦੀ ਬਰਾਬਰੀ ਅਤੇ ਭਾਈਚਾਰਾ ਹੋਵੇ।

ਬ੍ਰਾਹਮਣ ਨੇ ਕਸ਼ੱਤਰੀ ਅਤੇ ਵੈਸ਼ ਦੀ ਚਾਪਲੂਸੀ ਕੀਤੀ ਅਤੇ ਦੋਹਾਂ ਨੂੰ ਇਸ ਲਈ ਜੀਣ ਦਿੱਤਾ ਤਾਂ ਜੋ ਉਸ ਦੀ ਮਿਹਨਤ ਉੱਤੇ ਆਪ ਅਰਾਮ ਨਾਲ ਜੀਅ ਸਕਣ, ਪਰ ਇਹ ਤਿੰਨੇ ਸ਼ੂਦਰ ਨੂੰ ਜ਼ਬਰਦਸਤੀ ਥੱਲੇ ਰੱਖਣ 'ਤੇ ਸਹਿਮਤ ਹਨ । ਉਸ ਨੂੰ ਧਨ ਇਕੱਠਾ ਕਰਨ ਦੀ ਆਗਿਆ ਨਹੀਂ ਸੀ ਤਾਂ ਜੋ ਉਹ ਕਿਤੇ ਤਿੰਨਾਂ ਵਰਣਾਂ ਤੋਂ ਅਜ਼ਾਦ ਨਾ ਹੋ ਜਾਵੇ । ਉਸਨੂੰ ਵਿਦਿਆ ਗ੍ਰਹਿਣ ਕਰਨਾ ਵਰਜਤ ਸੀ ਤਾਂ ਜੋ ਕਿਤੇ ਉਹ ਆਪਣੇ ਹਿੱਤਾਂ ਉੱਤੇ ਲਗਾਤਾਰ ਨਜ਼ਰ ਨਾ ਰੱਖੇ । ਉਸ ਨੂੰ ਹਥਿਆਰ ਰੱਖਣਾ ਵਰਜਤ ਸੀ ਤਾਂ ਜੋ ਉਸ ਦੇ ਕੋਲ ਇਨ੍ਹਾਂ ਤਿੰਨਾਂ ਵਰਣਾਂ ਦੇ ਵਿਰੁੱਧ ਬਗਾਵਤ ਕਰ ਦੇਣ ਦੇ ਸਾਧਨ ਨਾ ਹੋ ਜਾਣ । ਇਸ ਪ੍ਰਸ਼ਨ ਨੇ ਮੈਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਹੈ ਕਿ ਭਾਰਤ ਵਿਚ ਸਮਾਜੀ ਇਨਕਲਾਬ ਕਿਉਂ ਨਹੀਂ ਆਇਆ । ਉੱਤਰ ਹੈ...ਕਿ ਚਤੁਰਵਰਣ ਦੇ ਇਸ ਮਨਹੂਸ ਸਿਸਟਮ ਦੇ ਕਾਰਨ ਹਿੰਦੂਆਂ ਦੀਆਂ ਹੇਠਲੀਆਂ ਸ਼੍ਰੇਣੀਆਂ ਹਿੰਸਕ ਕਾਰਵਾਈ ਦੇ ਮੁਕੰਮਲ ਅਯੋਗ ਬਣਾ ਦਿੱਤੀਆਂ ਗਈਆਂ । ਉਹ ਹਥਿਆਰ ਨਹੀਂ ਰੱਖ ਸਕਦੇ ਸਨ ਅਤੇ ਬਿਨਾਂ ਹਥਿਆਰਾਂ ਦੇ ਬਗਾਵਤ ਨਹੀਂ ਕਰ ਸਕਦੇ ਸਨ । ਉਹ ਸਾਰੇ ਹੀ ਹਲ ਚਲਾਉਣ ਵਾਲੇ ਜਾਂ ਇਜ ਕਹੋ ਕਿ ਹਲ ਚਲਾਣ ਵਾਲੇ ਬਣਨ ਲਈ ਬੇਵਸ ਲੋਕ ਸਨ । ਉਨ੍ਹਾਂ ਨੂੰ ਆਪਣੇ ਹਲਾਂ ਦੇ ਫਾਲਿਆਂ ਨੂੰ ਤਲਵਾਰਾਂ ਵਿਚ ਬਦਲਣ ਦਾ ਸਮਾਂ ਨਹੀਂ ਦਿੱਤਾ ਗਿਆ । ਉਨ੍ਹਾਂ ਦੇ ਕੋਲ ਸੰਗੀਨਾਂ ਨਹੀਂ ਸਨ । ਇਸ ਲਈ ਹੋਰ ਕੋਈ ਜੋ ਚਾਹੁੰਦਾ ਸੀ, ਉਨ੍ਹਾਂ ਉੱਤੇ ਬੈਠ ਸਕਦਾ ਸੀ ਅਤੇ ਬੈਠਿਆ । ਚਤੁਰਵਰਣ ਦੇ ਕਾਰਨ ਉਹ ਕੋਈ ਵਿੱਦਿਆ ਹਾਸਲ ਨਹੀਂ ਕਰ ਸਕਦੇ ਸਨ । ਉਹ ਆਪਣੇ ਛੁਟਕਾਰੇ ਦਾ ਰਾਹ ਸੋਚ ਅਤੇ ਲੱਭ ਨਹੀਂ ਸਕਦੇ ਸਨ । ਉਹ ਨੀਚ ਬਣੇ ਰਹਿਣ ਲਈ ਬੇਵਸ ਸਨ । ਇਸ ਵਿਚੋਂ ਨਿਕਲਣ ਦਾ ਰਾਹ ਨਾ ਮਿਲਣ ਕਰਕੇ ਅਤੇ ਬਚ ਨਿਕਲਣ ਦੇ ਸਾਧਨ ਨਾ ਹੋਣ ਕਾਰਨ ਉਨ੍ਹਾਂ ਨੇ ਸਦੀਵੀ ਗੁਲਾਮੀ ਨਾਲ ਸਮਝੌਤਾ

ਕਰ ਲਿਆ । ਇਸ ਸਦੀਵੀ ਗੁਲਾਮੀ ਨੂੰ ਉਨ੍ਹਾਂ ਨੇ ਆਪਣੀ ਅਜਿਹੀ ਕਿਸਮਤ ਮੰਨ ਲਿਆ, ਜਿਸ ਤੋਂ ਕੋਈ ਛੁਟਕਾਰਾ ਨਾ ਹੋਵੇ ।

ਸਮਾਜੀ ਸ਼ਾਸਨ ਦਾ ਕੋਈ ਹੋਰ ਸਿਸਟਮ ਚਤੁਰ ਵਰਣ ਤੋਂ ਵਧ ਕੇ ਜ਼ਲੀਲ ਕਰਨ ਵਾਲਾ ਨਹੀਂ ਹੋ ਸਕਦਾ । ਇਹ ਉਹ ਸਿਸਟਮ ਹੈ ਜੋ ਲੋਕਾਂ ਨੂੰ ਮੁਰਦਾ ਬਣਾ ਕੇ ਕਿਸੇ ਲਾਭਵੰਦ ਅੰਦੋਲਨ ਦੇ ਅਯੋਗ ਬਣਾ ਦਿੰਦਾ ਹੈ ।

ਹਿੰਦੂ ਦਾ ਜੀਵਨ ਇਕ ਲਗਾਤਾਰ ਹਾਰ ਦਾ ਜੀਵਨ ਹੈ । ਜਾਤ ਤਾਂ ਇਕ ਵਿਸ਼ਵਾਸ ਹੈ ਅਤੇ ਇਹ ਮਨ ਦੀ ਇਕ ਹਾਲਤ ਹੈ । ਇਸ ਲਈ ਜਾਤ ਦਾ ਮਲੀਆਮੇਟ ਕਰ ਦੇਣ ਦਾ ਅਰਥ ਇਕ ਦੇਹਧਾਰੀ ਰੁਕਾਵਟ ਦਾ ਖੁਰਾ ਕੋਜ ਮਿਟਾਣਾ ਨਹੀਂ । ਇਸ ਦਾ ਭਾਵ ਹੈ ਰਾਏ ਦੀ ਤਬਦੀਲੀ । ਦੁਸ਼ਮਣ ਉਹ ਲੋਕ ਨਹੀਂ ਜੋ ਜਾਤਪਾਤ ਨੂੰ ਮੰਨਦੇ ਹਨ । ਦੁਸ਼ਮਣ ਉਹ ਸ਼ਾਸਤਰ ਹਨ ਜੋ ਉਨ੍ਹਾਂ ਨੂੰ ਜਾਤਪਾਤ ਦਾ ਇਹ ਧਰਮ ਸਿਖਾਉਂਦੇ ਹਨ ।...ਅਸਲੀ ਇਲਾਜ ਹੈ ਸ਼ਾਸਤਰਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ ਨੂੰ ਖਤਮ ਕਰਨਾ ।....ਲੋਕ ਆਪਣਾ ਵਤੀਰਾ ਉਸ ਵੇਲੇ ਤੱਕ ਨਹੀਂ ਬਦਲਣਗੇ ਜਦੋਂ ਤੱਕ ਉਹ ਸ਼ਾਸਤਰਾਂ ਦੀ ਪਵਿੱਤਰਤਾ ਵਿਚ ਵਿਸ਼ਵਾਸ, ਜਿਨ੍ਹਾਂ ਉੱਤੇ ਕਿ ਉਨ੍ਹਾਂ ਦਾ ਵਤੀਰਾ ਅਧਾਰਿਤ ਹੈ, ਨੂੰ ਨਹੀਂ ਤਿਆਗਦੇ ।

ਤੁਹਾਨੂੰ ਇਸ ਅਸੂਲ 'ਤੇ ਡਟ ਕੇ ਖੜ੍ਹਾ ਹੋਣਾ ਪਵੇਗਾ, ਜਿਸ 'ਤੇ ਭਗਵਾਨ ਬੁੱਧ ਡਟ ਕੇ ਖਲੋਤੇ ਸਨ । ਤੁਹਾਨੂੰ ਉਸ ਅਸੂਲ 'ਤੇ ਡੱਟ ਕੇ ਖੜ੍ਹੇ ਹੋਣਾ ਪਵੇਗਾ, ਜਿਸ 'ਤੇ ਗੁਰੂ ਨਾਨਕ ਡਟਕੇ ਖੜੋਤੇ ਸਨ । ਤੁਹਾਨੂੰ ਕੇਵਲ ਇਹੀ ਨਹੀਂ ਕਰਨਾ ਚਾਹੀਦਾ ਕਿ ਸ਼ਾਸਤਰਾਂ ਨੂੰ ਛੱਡ ਦਿੱਤਾ ਜਾਵੇ ਸਗੋਂ ਤੁਹਾਨੂੰ ਬੁੱਧ ਅਤੇ ਨਾਨਕ ਦੀ ਤਰ੍ਹਾਂ ਉਨ੍ਹਾਂ ਦੇ ਹੁਕਮਾਂ ਨੂੰ ਗਲਤ ਕਹਿਣਾ ਚਾਹੀਦਾ ਹੈ । ਹਿੰਦੂਆਂ ਨੂੰ ਇਹ ਦੱਸਣ ਦਾ ਤੁਹਾਡੇ ਵਿਚ ਹੌਸਲਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਵਿਚ ਖਰਾਬੀ ਉਨ੍ਹਾਂ ਦਾ ਉਹ ਧਰਮ ਹੈ, ਜਿਸ ਨੇ ਉਨ੍ਹਾਂ ਵਿਚ ਇਨ੍ਹਾਂ ਜਾਤਾਂ ਦੇ ਪਵਿੱਤਰ ਹੋਣ ਦਾ ਖਿਆਲ ਪੈਦਾ ਕਰ ਦਿੱਤਾ ਹੈ ।

ਜਾਤ ਕੁਝ ਧਾਰਮਿਕ ਵਿਸ਼ਵਾਸਾਂ ਦੀ ਕੁਦਰਤੀ ਉਪਜ ਹੈ । ਇਨ੍ਹਾਂ ਵਿਸ਼ਵਾਸਾਂ ਨੂੰ ਅਜਿਹੇ ਸ਼ਾਸਤਰਾਂ ਦੀ ਹਮਾਇਤ ਪ੍ਰਾਪਤ ਹੈ, ਜਿਨ੍ਹਾਂ ਸੰਬੰਧੀ ਇਹ ਯਕੀਨ ਕੀਤਾ ਜਾਂਦਾ ਹੈ ਕਿ ਉਨ੍ਹਾਂ ਵਿਚ ਪਰਮਾਤਮਾ ਦੀ ਬਖਸ਼ੀ ਹੋਈ ਵਿਸ਼ੇਸ਼ ਰੌਸ਼ਨੀ ਵਾਲੇ ਰਿਸ਼ੀਆਂ ਨੇ ਹੁਕਮ ਲਿਖੇ ਹਨ ਅਤੇ ਇਹ ਰਿਸ਼ੀ ਜੋ ਕਿ ਚਮਤਕਾਰੀ ਬੁੱਧੀ ਦੇ ਮਾਲਕ ਸਨ, ਇਸ ਲਈ ਉਨ੍ਹਾਂ ਦੇ ਹੁਕਮਾਂ ਦੀ ਉਲੰਘਣਾ ਪਾਪ ਕੀਤੇ ਬਿਨਾਂ ਨਹੀਂ ਕੀਤੀ ਜਾ ਸਕਦੀ । ਜਾਤ ਦੀ ਨੀਂਹ ਰੱਬੀ ਮੰਨੀ ਜਾਂਦੀ ਹੈ, ਇਸ ਲਈ ਤੁਹਾਨੂੰ ਉਸ ਪਵਿੱਤਰਤਾ ਅਤੇ ਰੱਬੀਪਣ, ਜਿਸ ਦੇ ਵਿਚ ਜਾਤ ਲਪੇਟੀ ਹੋਈ ਹੈ, ਨੂੰ ਮਲੀਆਮੇਟ ਕਰ ਦੇਣਾ ਚਾਹੀਦਾ ਹੈ । ਆਖਰੀ ਨਿਚੋੜ ਵਿਚ ਇਸ ਦਾ ਅਰਥ ਹੈ ਕਿ ਤੁਹਾਨੂੰ ਸ਼ਾਸਤਰਾਂ ਅਤੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਮਲੀਆਮੇਟ ਕਰ ਦੇਣਾ ਚਾਹੀਦਾ ਹੈ । ਬੁੱਧੀਮਾਨ ਉਹ ਸ਼੍ਰੇਣੀ ਹੁੰਦੀ ਹੈ ਜੋ ਭਵਿੱਖ ਨੂੰ ਵੇਖ ਸਕਦੀ ਹੈ । ਇਹ ਟੋਲੀ ਹੈ ਜੋ ਨਸੀਹਤ ਦੇ ਸਕਦੀ ਹੈ ।....ਜੇ ਬੁੱਧੀਵਾਨ ਸ਼੍ਰੇਣੀ ਇਮਾਨਦਾਰ, ਸੁਤੰਤਰ ਅਤੇ ਬੇਗਰਜ ਹੋਵੇ ਤਾਂ ਉਸ ਦੀ ਆਰੰਭ ਕਰਨ ਦੀ ਸ਼ਕਤੀ ਉੱਤੇ ਅਤੇ ਨਾਜ਼ੁਕ ਸਮੇਂ ਉੱਤੇ ਠੀਕ ਅਗਵਾਈ ਕਰਨ 'ਤੇ ਭਰੋਸਾ ਕੀਤਾ ਜਾਂਦਾ ਹੈ । ਬੁੱਧੀਵਾਨੀ ਇਕ ਵਸੀਲਾ ਹੈ ਅਤੇ ਵਸੀਲੇ ਦੀ ਵਰਤੋਂ ਉਸ ਉਪਦੇਸ਼ ਉੱਤੇ ਨਿਰਭਰ ਹੈ, ਜੋ ਇਕ ਬੁੱਧੀਵਾਨ ਆਦਮੀ ਪ੍ਰਾਪਤ ਕਰਨਾ ਚਾਹੁੰਦਾ ਹੈ । ਭਾਰਤ ਦੀ ਬੁੱਧੀਵਾਨ ਸ਼੍ਰੇਣੀ ਬ੍ਰਾਹਮਣ ਜਾਤ ਦਾ ਦੂਜਾ ਨਾਂ ਹੈ ।...ਬ੍ਰਾਹਮਣ ਹਿੰਦੂਆਂ ਦੀ ਬੁੱਧੀਵਾਨ ਸ਼੍ਰੇਣੀ ਹੈ ।....ਜਦੋਂ ਅਜਿਹੀ ਬੁੱਧੀਵਾਨ ਸ਼੍ਰੇਣੀ, ਜਿਸਦਾ ਹੱਥ ਵਿਚ ਬਾਕੀ ਮਨੁੱਖਤਾ ਹੋਵੇ, ਜਾਤਪਾਤ ਦੇ ਸੁਧਾਰ ਦੀ ਵਿਰੋਧੀ ਹੋਵੇ ਤਾਂ ਜਾਤਪਾਤ ਸਿਸਟਮ ਨੂੰ ਤੋੜਨ ਦੇ ਅੰਦੋਲਨ ਦੀ ਸਫਲਤਾ ਦੇ ਮੌਕੇ ਮੈਨੂੰ ਦੂਰ, ਬਹੁਤ ਦੂਰ, ਨਜ਼ਰ ਆਉਂਦੇ ਹਨ ।

-ਹਰ ਇਕ ਜਾਤ ਆਪਣਾ ਫਖਰ ਅਤੇ ਆਪਣੀ ਤਸੱਲੀ ਇਸ ਗੱਲ ਵਿਚ ਲੱਭਦੀ ਹੈ ਕਿ ਜਾਤਾਂ ਦੇ ਦਰਜੇ ਵਿਚ ਇਹ ਹਰ ਕਿਸੇ ਹੋਰ ਜਾਤ ਤੋਂ ਉੱਪਰ ਹੈ । ਜਿੰਨਾ ਉੱਚਾ ਕਿਸੇ ਜਾਤ ਦਾ ਰੁਤਬਾ, ਓਨੀ ਹੀ ਇਸ ਦੇ ਅਧਿਕਾਰਾਂ ਦੀ ਵਧੇਰੇ ਸੰਖਿਆ । ਜਿੰਨਾਂ ਨੀਵਾਂ ਕਿਸੇ ਜਾਤ ਦਾ ਰੁਤਬਾ ਉਨਾ ਹੀ ਇਨ੍ਹਾਂ ਅਧਿਕਾਰਾਂ ਦੀ ਘੱਟ ਸੰਖਿਆ ਜਾਤਾਂ ਸਰਦਾਰੀ ਦੀ ਦਰਜਾਵਰ ਵਿਵਸਥਾ ਬਣਾਉਂਦੀਆਂ ਹਨ । ਉਨ੍ਹਾਂ ਵਿਚ ਕੋਈ ਉੱਚੀ ਹੈ ਅਤੇ ਕੋਈ ਨੀਵੀਂ । ਜੋ ਆਪਣੇ ਰੁਤਬੇ ਦੀ ਸਥਿਰਤਾ ਲਈ ਫਿਕਰਮੰਦ ਹਨ, ਉਹ ਜਾਣਦੀਆਂ ਹਨ ਕਿ ਜਾਤਾਂ ਦਾ ਆਮ ਖਾਤਮਾ ਕਰ ਦਿੱਤਾ ਗਿਆ ਤਾਂ ਉਨ੍ਹਾਂ ਵਿਚੋਂ ਕੁਝ ਦੇ ਵਕਾਰ ਅਤੇ ਸ਼ਕਤੀ ਨੂੰ ਦੂਜਿਆਂ ਨਾਲੋਂ ਵਧੇਰੇ ਹਾਨੀ ਪੁੱਜੇਗੀ । ਜਿਸ ਲਈ, ਫੌਜੀ ਢੰਗ ਵਰਤਦਿਆਂ, ਜਾਤਪਾਤ ਸਿਸਟਮ ਉੱਤੇ ਹਮਲਾ ਕਰਨ ਲਈ ਤੁਸੀਂ ਹਿੰਦੂਆਂ ਦੀ ਆਮ ਲਾਮਬੰਦੀ ਨਹੀਂ ਕਰ ਸਕਦੇ । ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ, ਉਹ ਹੁਕਮ ਨਾਮਿਆਂ ਅਤੇ

ਪਾਬੰਦੀਆਂ ਦੀ ਵੱਡੀ ਗਿਣਤੀ ਤੋਂ ਛੁੱਟ ਹੋਰ ਕੁਝ ਨਹੀਂ ।...ਕਿਸੇ ਹਿੰਦੂ ਲਈ ਧਰਮ ਦੇ ਅਰਥ ਹੁਕਮਨਾਮੇ ਅਤੇ ਪਾਬੰਦੀਆਂ ਹਨ ।....ਹਿੰਦੂ ਜਿਸ ਵਸਤੂ ਨੂੰ ਧਰਮ ਕਹਿੰਦੇ ਹਨ ਅਤੇ ਮੈਂ ਕਹਿੰਦਾ ਹਾਂ ਕਿ ਇਸ ਪ੍ਰਕਾਰ ਦੇ ਧਰਮ ਦੀ ਤਬਾਹੀ ਲਈ ਕੰਮ ਕਰਨਾ ਕੋਈ ਅਪਵਿੱਤਰ ਗੱਲ ਨਹੀਂ ਹੈ ।...ਜਿਸ ਕਾਨੂੰਨ ਨੂੰ ਧਰਮ ਦਾ ਗਲਤ ਨਾਂ ਦੇ ਕੇ ਗਲਤ ਬਿਆਨੀ ਕੀਤੀ ਗਈ ਹੈ, ਉਸ ਨੂੰ ਦੂਰ ਕਰਨ ਲਈ ਪੜਦੇ ਪਾੜ ਕੇ ਰੱਖ ਦੇਣਾ ਤੁਹਾਡਾ ਜ਼ਰੂਰੀ ਫਰਜ਼ ਹੈ ।...ਇਕ ਵਾਰ ਤੁਸੀਂ ਲੋਕਾਂ ਦੇ ਦਿਮਾਗ ਇਸ ਗਲਤ-ਫਹਿਮੀ ਤੋਂ ਸਾਫ ਕਰ ਦਿਉ ਅਤੇ ਉਨ੍ਹਾਂ ਨੂੰ ਇਹ ਸਮਝ ਸਕਣ ਦੇ ਯੋਗ ਬਣਾ ਦਿਓ ਕਿ ਜਿਹੜੀ ਚੀਜ਼ ਉਨ੍ਹਾਂ ਨੂੰ ਧਰਮ ਵਜੋਂ ਦੱਸੀ ਜਾਂਦੀ ਹੈ ਉਹ ਅਸਲ ਵਿਚ ਕਾਨੂੰਨ ਹੈ ਤਾਂ ਤੁਸੀਂ ਇਸ ਕਾਨੂੰਨ ਦੀ ਸੋਧ ਜਾਂ ਇਸ ਨੂੰ ਖਤਮ ਕਰਨ 'ਤੇ ਜ਼ੋਰ ਦੇਣ ਦੀ ਸਥਿਤੀ ਵਿਚ ਹੋਵੋਗੇ ।

ਜੀਵਨ ਦੀਆਂ ਕਦਰਾਂ-ਕੀਮਤਾਂ ਵਿਚ ਪੂਰਨ ਤਬਦੀਲੀ ਦੇ ਅਰਥ ਹਨ, ਜੀਵਨ ਦੇ ਬੁਨਿਆਦੀ ਵਿਚਾਰਾਂ ਵਿਚ ਪੂਰਨ ਤਬਦੀਲੀ ।ਇਸ ਦੇ ਅਰਥ ਹਨ ਇਨਸਾਨਾਂ ਅਤੇ ਵਸਤਾਂ ਵੱਲ ਵਤੀਰੇ ਅਤੇ ਦ੍ਰਿਸ਼ਟੀਕੋਣ ਵਿਚ ਪੂਰਨ ਤਬਦੀਲੀ । ਇਸ ਦੇ ਅਰਥ ਹਨ ਧਰਮ ਪਰਿਵਤਰਨ, ਭਾਵ ਨਵਾਂ ਜੀਵਨ ।ਪ੍ਰੰਤੂ ਕੀ ਨਵਾਂ ਜੀਵਨ ਅਜਿਹੇ ਸਰੀਰ ਵਿਚ ਦਾਖਲ ਹੋ ਸਕਦਾ ਹੈ ?....ਇਸ ਤੋਂ ਪਹਿਲਾਂ ਕਿ ਕੋਈ ਨਵਾਂ ਸਰੀਰ ਹੋਂਦ ਵਿਚ ਆ ਸਕੇ ਅਤੇ ਇਸ ਵਿਚ ਨਵੀਂ ਜ਼ਿੰਦਗੀ ਦਾਖਲ ਹੋ ਸਕੇ, ਪੁਰਾਣੇ ਸਰੀਰ ਨੂੰ ਜ਼ਰੂਰ ਮਰਨਾ ਹੋਏਗਾ । ਇਸ ਤੋਂ ਪਹਿਲਾਂ ਕਿ ਨਵਾਂ ਆਪਣੀ ਜ਼ਿੰਦਗੀ ਪ੍ਰਦਾਨ ਕਰ ਸਕੇ ਅਤੇ ਨਵੀਂ ਧੜਕਨ ਪੈਦਾ ਕਰ ਸਕੇ, ਪੁਰਾਣੇ ਦਾ ਅਸਰਦਾਰ ਹੋਣਾ ਜ਼ਰੂਰ ਖਤਮ ਕਰਨਾ ਹੋਵੇਗਾ ।ਇਹੋ ਸੀ ਮੇਰਾ ਮਤਲਬ ਜਦੋਂ ਮੈਂ ਕਿਹਾ ਸੀ ਕਿ ਤੁਹਾਨੂੰ ਸ਼ਾਸਤਰਾਂ ਦਾ ਅਧਿਕਾਰ ਰੱਦ ਕਰਨਾ ਪਵੇਗਾ ਅਤੇ ਸ਼ਾਸਤਰਾਂ ਦਾ ਧਰਮ ਤਬਾਹ ਕਰਨਾ ਹੋਵੇਗਾ ।

ਵਰਣ ਜਾਂ ਜਾਤ ਉੱਤੇ ਅਧਾਰਤ ਸਮਾਜ ਇਕ ਅਜਿਹਾ ਸਮਾਜ ਹੈ ਜੋ ਗਲਤ ਸੰਬੰਧਾਂ ਉੱਤੇ ਟਿਕਿਆ ਹੈ । ਉਹ (ਹਿੰਦੂ) ਮਹਿਸੂਸ ਕਰਦੇ ਹਨ ਕਿ ਜੇ ਜਨਸਧਾਰਨ ਨੂੰ ਜਾਤਪਾਤ ਦੀ ਪ੍ਰਣਾਲੀ ਤੋਂ ਛੁਟਕਾਰਾ ਮਿਲ ਗਿਆ ਤਾਂ ਉਹ ਬ੍ਰਾਹਮਣ ਦੀ ਸ਼ਕਤੀ ਅਤੇ ਅਸਰ ਰਸੂਖ ਲਈ ਖਤਰਾ ਬਣ ਜਾਣਗੇ ।ਇਸ ਬੁੱਧੀਮਾਨ ਸ਼੍ਰੇਣੀ, ਜੋ ਆਪਣੇ ਸੋਚ ਵਿਚਾਰ ਦੇ ਫਲ ਜਨਸਧਾਰਨ ਨੂੰ ਦੇਣ ਤੋਂ ਇਨਕਾਰੀ ਹੈ, ਦੀ ਬੇਇਮਾਨੀ ਇਕ ਸਭ ਤੋਂ ਸ਼ਰਮਨਾਕ ਘਟਨਾ ਹੈ ।ਅਸੀਂ ਇਕ ਸ਼ਕਤੀ ਪ੍ਰਾਪਤ ਕਰ ਸਕਦੇ ਹਾਂ ਅਤੇ ਉਹ ਹੈ ਰਾਜਨੀਤਕ ਸ਼ਕਤੀ । ਇਹ ਸ਼ਕਤੀ ਸਾਨੂੰ ਜ਼ਰੂਰ ਪ੍ਰਾਪਤ ਕਰਨੀ ਚਾਹੀਦੀ ਹੈ । *ਇਸ ਸ਼ਕਤੀ ਨਾਲ ਅਸੀਂ ਆਪਣੇ ਲੋਕਾਂ ਦੀ ਰੱਖਿਆ ਕਰ ਸਕਦੇ ਹਾਂ ।*

ਗੋਲਮੇਜ਼ ਕਾਨਫਰੰਸ ਵਿਚ ਮੈਂ ਪਹਿਲੀ ਵਾਰ ਇਹ ਸਵਾਲ ਪੁੱਛਿਆ, "ਅਜ਼ਾਦ ਭਾਰਤ ਵਿਚ ਸਾਡਾ ਕੀ ਬਣੇਗਾ ? ਸਵੈਰਾਜ ਵਿਚ ਸਾਡੀ ਸਥਿਤੀ ਕੀ ਹੋਵੇਗੀ ? ਕੀ ਸਾਡੀਆਂ ਸਜ਼ਾਵਾਂ ਖਤਮ ਹੋ ਜਾਣਗੀਆਂ ? ਕੀ ਸਾਡੇ ਬੱਚਿਆਂ ਨੂੰ ਸਿੱਖਿਆ ਦੀਆਂ ਸਹੂਲਤਾਂ ਮਿਲਣੀਆਂ ? ਕੀ ਸਾਡੇ ਲੋਕ ਆਜ਼ਾਦ ਭਾਰਤ ਵਿਚ ਅਜ਼ਾਦ ਸ਼ਹਿਰੀਆਂ ਵਾਂਗ ਰਹਿ ਸਕਣਗੇ ? ਕੀ ਸ਼ੋਸ਼ਣ ਅਤੇ ਦਬਾਉ ਖਤਮ ਹੋਣਗੇ ? ਕੀ ਸਾਡੀਆਂ ਔਰਤਾਂ ਦੀਆਂ ਇੱਜ਼ਤਾਂ ਸੁਰੱਖਿਅਤ ਹੋਣਗੀਆਂ ?.....*ਉਸ ਕਾਨਫਰੰਸ ਵਿਚ ਭਾਰਤ ਦੇ ਦੱਬੇ-ਕੁਚਲੇ ਲੋਕਾਂ ਦੀ ਹੱਕੀ ਮੰਗ ਦਾ ਮੇਰੇ ਦੇਸ਼ ਵਾਸੀਆਂ ਨੇ ਪੱਖ ਨਹੀਂ ਪੂਰਿਆ ।ਫਿਰ ਵੀ ਮੈਂ ਆਪਣੇ ਲੋਕਾਂ ਲਈ ਸਿਆਸੀ ਹੱਕ ਪ੍ਰਾਪਤ ਕਰਨ ਵਿਚ ਸਫਲ ਹੋ ਗਿਆ ।"* .....ਏਨਾ ਕਹਿਣਾ ਹੀ ਕਾਫੀ ਹੈ ਕਿ ਗਾਂਧੀ ਜੀ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਤਾਂ ਕਿ ਸਾਥੋਂ ਉਹ ਸਿਆਸੀ ਹੱਕ ਖੋਹ ਲਿਆ ਜਾਵੇ, ਜੋ ਸਾਨੂੰ ਅੱਜ ਦੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਮਿਲਿਆ ਸੀ ।.....ਉਹ ਚਾਹੁੰਦੇ ਸਨ ਕਿ ਅਛੂਤ ਆਪਣੇ ਦਿਆਲੂ ਭਾਵ ਸਵਰਨ ਹਿੰਦੂਆਂ ਦੇ ਰਹਿਮ 'ਤੇ ਰਹਿਣ ।ਕਾਂਗਰਸੀ ਅਤੇ ਭਲਾਮਾਣਸ ਇਹ ਦੋ ਪ੍ਰਸਪਰ ਵਿਰੋਧੀ ਸ਼ਬਦ, ਅੱਡ-ਅੱਡ ਇਕ-ਦੂਜੇ ਤੋਂ ਭਿੰਨ ਹਨ ਅਤੇ ਕਦੇ ਵੀ ਇਕ ਦੂਜੇ ਨਾਲ ਸੰਬੰਧਤ ਨਹੀਂ ਹਨ ।ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕਾਂਗਰਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ ।

ਜੇ ਸਾਡੀ ਮਜ਼ਬੂਤ ਜਥੇਬੰਦੀ ਨਾ ਹੋਵੇਗੀ ਤਾਂ ਭਾਰਤੀ ਰਾਜਨੀਤੀ ਵਿਚ ਸਾਡੀ ਕੋਈ ਪੁੱਛਗਿੱਛ ਨਹੀਂ ਹੋਵੇਗੀ । ਅਛੂਤਾਂ ਦੀ ਜਥੇਬੰਦੀ ਤਾਂ ਹੀ ਮਜ਼ਬੂਤ ਹੋ ਸਕਦੀ ਹੈ ਜੇ ਉਹ ਸਾਰੇ ਇਕੱਠੇ ਹੋਣ । ਉਨ੍ਹਾਂ ਦੀਆਂ ਸਾਰੀਆਂ ਉਪ-ਜਾਤੀਆਂ ਇਕੱਠੀਆਂ ਹੋਣ.....ਇਹ ਜਥੇਬੰਦੀ ਅੱਜ ਹੀ ਬਣਾਉਣੀ ਚਾਹੀਦੀ ਹੈ, ਅੱਜ ਹੀ । ਇਹ ਗੱਲ ਕੱਲ੍ਹ 'ਤੇ ਨਹੀਂ ਪਾਉਣੀ ।ਜੇ ਸਾਡੀ ਜਥੇਬੰਦੀ ਮਜ਼ਬੂਤ ਪ੍ਰਭਾਵਸ਼ਾਲੀ ਅਤੇ ਪੱਕੇ ਪੈਰੀਂ ਨਾ ਹੋਵੇਗੀ ਤਾਂ ਅੱਜ ਤੋਂ ਦਸ ਸਾਲ ਬਾਅਦ ਸਾਨੂੰ ਮਨੂੰ ਸਿਮਰਤੀ ਦਾ ਰਾਜ ਸਹਿਣਾ ਅਤੇ ਸਵੀਕਾਰਨਾ ਪਵੇਗਾ ।...ਜੇ ਅਸੀਂ

ਸੰਤੁਸ਼ਟ ਹੋ ਕੇ ਬੈਠੇ ਰਹੇ ਤਾਂ ਅਜਿਹਾ ਸਮਾਂ ਆ ਸਕਦਾ ਹੈ ਜਦੋਂ ਬੇਘਰੇ ਹੋ ਕੇ ਇਧਰ-ਉਧਰ ਘੁੰਮਣਾ ਪਵੇ ਅਤੇ ਸਾਡੇ ਨਾਲ ਉਸੇ ਤਰ੍ਹਾਂ ਦਾ ਅਪਮਾਨ ਭਰਿਆ ਵਤੀਰਾ ਹੋਵੇ, ਉਸੇ ਤਰ੍ਹਾਂ ਸਜ਼ਾਵਾਂ ਦਿੱਤੀਆਂ ਜਾਣ ਤੇ ਸਾਨੂੰ ਬੇਪਨਾਹੇ ਬਣਾਇਆ ਜਾਵੇ ਜਿਵੇਂ ਕਿ ਵੈਦਿਕ ਕਾਲ ਤੋਂ ਸਾਡੇ ਨਾਲ ਹੁੰਦਾ ਆ ਰਿਹਾ ਹੈ।

ਇਕ ਹਿੰਦੂ ਅਤੇ ਅਛੂਤ ਦਾ ਰਿਸ਼ਤਾ ਪੈਰ ਅਤੇ ਜੁੱਤੀ ਦੇ ਬਰਾਬਰ ਮੰਨਿਆ ਗਿਆ। ਜਿਸ ਤਰ੍ਹਾਂ ਅਸੀਂ ਆਪਣੇ ਘਰ ਅੰਦਰ ਦਾਖਲ ਹੁੰਦੇ ਆਪਣੀਆਂ ਜੁੱਤੀਆਂ ਬਾਹਰ ਹੀ ਉਤਾਰ ਦਿੰਦੇ ਹਾਂ, ਉਸ ਤਰ੍ਹਾਂ ਅਛੂਤਾਂ ਨੂੰ ਸਮਾਜ ਤੋਂ ਬਾਹਰ ਪਰ੍ਹਾਂ ਹੀ ਰੱਖਿਆ ਗਿਆ ਅਤੇ ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਧਿਕਾਰ ਨਹੀਂ ਦਿੱਤੇ ਗਏ। ਵੀਹ ਸਾਲਾਂ ਤੱਕ ਮੈਂ ਮਹਾਤਮਾ ਗਾਂਧੀ ਦੇ ਖਿਲਾਫ ਲੜਿਆ। ਉਹ ਸਾਨੂੰ ਕੋਈ ਵੀ ਅਲੱਗ ਅਧਿਕਾਰ ਦੇਣ ਦੇ ਖਿਲਾਫ ਸੀ। ਬਹੁਤ ਸਾਲ ਸੰਘਰਸ਼ ਕਰਨ ਤੋਂ ਬਾਅਦ ਅਸੀਂ ਕੁਝ ਰਾਜਨੀਤਕ ਅਧਿਕਾਰ ਪ੍ਰਾਪਤ ਕੀਤੇ ਹਨ ਜੋ ਸੰਵਿਧਾਨ ਵਿਚ ਅੰਕਿਤ ਹੋ ਚੁੱਕੇ ਹਨ। ਜੇ ਤੁਸੀਂ ਕਾਂਗਰਸੀ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਤਾਂ ਤੁਹਾਨੂੰ ਸਦਾ ਲਈ ਦੁਖੀ ਰਹਿਣਾ ਪਵੇਗਾ। ਹਰ ਪਾਰਟੀ ਕੋਲ ਸ਼ਕਤੀ ਜਾਂ ਧਨ ਹੋਣਾ ਜ਼ਰੂਰੀ ਹੈ। ਸਾਡੀ ਬਰਾਦਰੀ ਕੋਲ ਨਾ ਧਨ ਹੈ ਨਾ ਸ਼ਕਤੀ। ਅਸੀਂ ਪਿੰਡਾਂ ਵਿਚ ਘੱਟ ਗਿਣਤੀ ਵਿਚ ਹਾਂ ਅਤੇ ਉੱਚੀਆਂ ਜਾਤਾਂ ਦੇ ਰਹਿਮ 'ਤੇ ਜੀ ਰਹੇ ਹਾਂ। ਵਾਇਦੇ ਕਰਨੇ ਅਸਾਨ ਹਨ ਪਰ ਉਨ੍ਹਾਂ ਨੂੰ ਪੂਰੇ ਕਰਨਾ ਬਹੁਤ ਔਖਾ ਹੈ। ਵਾਇਦੇ ਤਾਂ ਤੁਸੀਂ ਸੌ ਕਰ ਸਕਦੇ ਹੋ, ਪਰ ਮੈਨੀਫੈਸਟੋ ਵਾਇਦਿਆਂ ਦੀ ਲਿਸਟ ਹੀ ਨਹੀਂ ਹੋਣਾ ਚਾਹੀਦਾ। ਇਸ ਦੇ ਵਿਚ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਰਚਾ ਅਤੇ ਉਨ੍ਹਾਂ ਨੂੰ ਹੱਲ ਦੇ ਤਰੀਕੇ ਹੋਣੇ ਚਾਹੀਦੇ ਹਨ।

ਇਸ ਦੇਸ਼ ਵਿਚ ਵਜ਼ੀਰਾਂ ਵਰਗੀਆਂ ਉੱਚੀਆਂ ਸ਼ਖਸੀਅਤਾਂ ਦੇ ਖਿਲਾਫ ਦੋਸ਼ਾਂ ਦੀ ਖੁੱਲੀ ਜਾਂਚ ਪੜਤਾਲ ਤੋਂ ਬਿਨਾਂ ਚੰਗੀ ਸਰਕਾਰ ਸਥਾਪਤ ਨਹੀਂ ਹੋ ਸਕਦੀ। ਕਾਂਗਰਸੀ ਆਗੂ ਲੋਕਾਂ ਨੂੰ ਇਹ ਕਹਿੰਦੇ ਹਨ ਕਿ ਤੁਸੀਂ ਆਪਣੀਆਂ ਪਾਰਟੀਆਂ ਛੱਡ ਦਿਉ ਅਤੇ ਕਾਂਗਰਸ ਵਿਚ ਸ਼ਾਮਲ ਹੋ ਜਾਵੋ।..ਮੈਂ ਤੁਹਾਨੂੰ ਪੁਛਦਾ ਹਾਂ ਕਿ ਕੀ ਬਿੱਲੀ ਅਤੇ ਚੂਹਾ ਇਕੱਠੇ ਰਹਿ ਸਕਦੇ ਹਨ? ਕੀ ਸੱਪ ਤੇ ਨਿਉਲਾ ਇਕੱਠੇ ਰਹਿ ਸਕਦੇ ਹਨ?.... ਇਹੀ ਹਾਲ ਇਨਸਾਨ ਦਾ ਹੈ। ਅਜਿਹੇ ਇਨਸਾਨ ਅਤੇ ਸ਼੍ਰੇਣੀਆਂ ਹਨ ਜਿਨ੍ਹਾਂ ਦੇ ਹਿੱਤ ਪ੍ਰਸਪਰ ਵਿਰੋਧੀ ਹਨ। ਕੀ ਇਕ ਬਾਣੀਆਂ ਅਤੇ ਕਿਸਾਨ ਸ਼ਾਂਤਮਈ ਢੰਗ ਨਾਲ ਰਹਿ ਸਕਦੇ ਹਨ? ਬਾਣੀਆ ਕਿਸਾਨ ਦੀ ਜ਼ਮੀਨ ਹੱੜਪਣ ਦੀ ਟਿੱਲ ਤੱਕ ਕੋਸ਼ਿਸ਼ ਕਰਦਾ ਹੈ। ਇਹ ਹਾਲ ਬ੍ਰਾਹਮਣ ਅਤੇ ਅਛੂਤਾਂ ਦਾ ਹੈ ਬ੍ਰਾਹਮਣ ਹਮੇਸ਼ਾਂ ਅਛੂਤ ਨੂੰ ਥੱਲੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਧਿਆਨ ਰੱਖਦਾ ਹੈ ਕਿ ਅਛੂਤ ਨੂੰ ਕਿਤੇ ਇਨਸਾਨੀ ਹੱਕ ਨਾ ਮਿਲ ਜਾਣ।

ਇਸ ਲਈ ਜ਼ਰੂਰੀ ਹੈ ਕਿ ਦਬੇ-ਕੁਚਲੇ ਅਤੇ ਸ਼ੋਸ਼ਤ ਲੋਕਾਂ ਦੀ ਅਲੱਗ ਜਥੇਬੰਦੀ ਹੋਵੇ। ਇਸ ਤੋਂ ਬਿਨਾਂ ਇਹ ਲੋਕ ਬੁਰੀ ਤਰ੍ਹਾਂ ਤਬਾਹ ਹੋ ਜਾਣਗੇ। ਸੰਕਟ ਸਮੇਂ ਅਸੀਂ ਹਮੇਸ਼ਾਂ ਅਗਲੀਆਂ ਸਫਾਂ ਵਿਚ ਹੁੰਦੇ ਹਾਂ। ਅਸਲ ਵਿਚ ਅਸੀਂ ਹੀ ਹਾਂ ਜੋ ਕਿ ਆਪਣੇ ਦੇਸ਼ ਲਈ ਦੁੱਖ ਉਠਾਉਂਦੇ ਹਾਂ ਨਾ ਕਿ ਸਵਰਨ ਹਿੰਦੂ। ਉਹ ਤਾਂ ਦੇਸ਼ ਲਈ ਲੋਕਾਂ ਦੀ ਕੀਮਤ 'ਤੇ ਆਪਣੇ ਆਪ ਨੂੰ ਅਮੀਰ ਬਣਾਉਂਦੇ ਹਨ। ਜਦੋਂ ਵੀ ਫੌਜ ਵਿਚ ਭਰਤੀ ਹੋਣ ਦਾ ਸਵਾਲ ਉੱਠਦਾ ਹੈ, ਉਸ ਸਮੇਂ ਅਛੂਤ ਹੀ (ਦਲਿਤ ਸ਼ੋਸ਼ਤ ਸਮਾਜ) ਸਭ ਤੋਂ ਪਹਿਲਾਂ ਆਪਣੇ ਆਪ ਨੂੰ ਪੇਸ਼ ਕਰਦੇ ਹਨ। ਸਵਰਨ ਹਿੰਦੂ ਸਿਰਫ ਆਪਣੇ ਆਪ ਨੂੰ ਅਮੀਰ ਬਣਾਉਣ ਲਈ ਭਾਰਤੀ ਕੈਂਪਾਂ ਦੇ ਲਾਗੇ ਦੁਕਾਨਾਂ ਖੋਲ੍ਹ ਲੈਂਦੇ ਹਨ। ਉਹ ਠੇਕੇ ਪ੍ਰਾਪਤ ਕਰਕੇ, ਚੋਰ ਬਜ਼ਾਰੀ ਨਾਲ ਗਰੀਬ ਲੋਕਾਂ ਦਾ ਖੂਨ ਚੂਸਦੇ ਹਨ।

ਮੌਜੂਦਾ ਸਵੈਰਾਜ ਉਨ੍ਹਾਂ ਦਾ (ਸਵਰਨਾਂ ਦਾ) ਸਵੈਰਾਜ ਹੈ। ਅਸੀਂ ਤਾਂ ਅਜੇ ਵੀ ਗੁਲਾਮ ਹਾਂ। ....ਅਗਰ ਅਸੀਂ ਇਨਸਾਨੀ ਜੀਵਨ ਜਿਓਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਪੈਰਾਂ 'ਤੇ ਆਪ ਖਲੋਣਾ ਹੋਵੇਗਾ। 1942 ਵਿਚ ਜਦੋਂ ਮੈਂ ਐਗਜ਼ੇਕਟਿਵ ਕੌਂਸਲ ਦਾ ਮੈਂਬਰ ਸਾਂ...ਮੈਂ ਇਹ ਸਵਾਲ ਉਠਾਇਆ ਸੀ ਕਿ ਜੋ ਸਰਕਾਰ ਮੁਸਲਮਾਨਾਂ ਅਤੇ ਹਿੰਦੂਆਂ ਪ੍ਰਤੀ ਆਪਣਾ ਫਰਜ਼ ਸਵੀਕਾਰਦੀ ਹੈ ਕੀ ਉਸ ਦਾ ਅਨੁਸੂਚਿਤ ਜਾਤੀਆਂ ਦੇ ਪ੍ਰਤੀ ਕੋਈ ਫਰਜ਼ ਨਹੀਂ? ਭਾਰਤ ਸਰਕਾਰ ਨੇ ਇਹ ਸਵੀਕਾਰ ਕੀਤਾ।...ਉਨ੍ਹਾਂ ਕੇਂਦਰੀ ਫੰਡ ਵਿਚੋਂ ਅਨੁਜਾਤੀਆਂ ਦੀਆਂ ਸਿੱਖਿਆ ਵਾਸਤੇ ਤਿੰਨ ਲੱਖ ਦੀ ਗ੍ਰਾਂਟ ਦੇ ਦਿੱਤੀ। ਇਹ ਪਹਿਲੀ ਵਾਰ ਹੈ (ਸੀ) ਕਿ ਸਭ ਤੋਂ ਨੀਵੇਂ ਲੋਕਾਂ ਨੂੰ ਉੱਚੀ ਸਿੱਖਿਆ ਲੈਣ ਲਈ ਵਿਦੇਸ਼ ਭੇਜਿਆ ਗਿਆ ਹੈ (ਸੀ).....ਸਿੱਟੇ ਵਜੋਂ ਅਨੁਜਾਤੀਆਂ ਦੇ 30 ਵਿਦਿਆਰਥੀਆਂ ਨੂੰ ਦਾਖਲਾ ਮਿਲ ਗਿਆ।.....1946 ਵਿਚ ਕਾਂਗਰਸੀ ਰਾਜ ਦੇ ਸਿੱਖਿਆ ਮੰਤਰੀ ਬਣੇ (ਇੱਕ ਹਿੰਦੂਵਾਦੀ)....ਨੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿਚ ਜਾਣ ਤੋਂ ਰੋਕ ਦਿੱਤਾ। ਸਭ ਪੱਛੜੀਆਂ ਜਾਤੀਆਂ ਗੁਲਾਮ ਕੌਮਾਂ ਹਨ, ਜਿਨ੍ਹਾਂ 'ਤੇ ਰਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਕਿਸੇ

ਖੇਤਰ ਵਿਚ ਕੋਈ ਅਧਿਕਾਰ ਨਹੀਂ ।...ਉਨ੍ਹਾਂ ਦਾ ਪ੍ਰਸ਼ਾਸਨ ਵਿਚ ਹੱਥ ਨਹੀਂ ।ਉਨ੍ਹਾਂ ਦਾ ਕਾਰਜ ਪਾਲਕਾ ਵਿਚ ਹੱਥ ਨਹੀਂ ।ਸਾਰੇ ਪ੍ਰਸ਼ਾਸਨ ਉੱਤੇ ਉੱਚ ਜਾਤੀਆਂ ਨੇ ਪੂਰੀ ਤਰ੍ਹਾਂ ਕਬਜ਼ਾ ਕੀਤਾ ਹੋਇਆ ਹੈ ।...ਅਸੀਂ ਹਮੇਸ਼ਾ ਲਈ ਗੁਲਾਮ ਨਹੀਂ ਰਹਿਣਾ ।

ਬਾਹਰ ਅੱਗ ਬਲ ਰਹੀ ਹੈ ।ਉਹ ਸਹਿਜੇ ਹੀ ਅੰਦਰ ਆ ਸਕਦੀ ਹੈ ।ਅਨੁਸੂਚਿਤ ਜਾਤੀਆਂ ਝੰਡਾ ਚੁੱਕ ਸਕਦੀਆਂ ਹਨ ।ਤੁਹਾਨੂੰ ਤੇ ਤੁਹਾਡੇ ਸੰਵਿਧਾਨ ਨੂੰ ਰੋੜ੍ਹ ਦਿੱਤਾ ਜਾਵੇਗਾ ਤੇ ਕੁਝ ਵੀ ਨਹੀਂ ਬਚੇਗਾ ।ਕਿਸੇ ਨਿਸ਼ਾਨੇ ਤੱਕ ਪਹੁੰਚਣ ਲਈ ਚੁਣਿਆ ਮਾਰਗ ਸੱਚਾ ਨਹੀਂ, ਜੇ ਉਹ ਨਿਸ਼ਾਨੇ ਵੱਲ ਲੈ ਜਾਣ ਦੀ ਬਜਾਏ ਸਾਨੂੰ ਜੰਗਲ ਵਿਚ ਪਹੁੰਚਾ ਦਿੰਦਾ ਹੈ ਜਾਂ ਉਸ 'ਤੇ ਚੱਲ ਕੇ ਅਸੀਂ ਅਰਾਜਕਤਾ ਵੱਲ ਪਹੁੰਚ ਜਾਂਦੇ ਹਾਂ ਤਾਂ ਉਸ ਮਾਰਗ 'ਤੇ ਚੱਲਣ ਦਾ ਕੀ ਲਾਭ ?.....*ਤੁਸੀਂ ਜਲਦਬਾਜ਼ੀ ਵਾਲੇ ਛੋਟੇ ਮਾਰਗ ਦੀ ਬਜਾਏ ਲੰਬੇ ਅਤੇ ਬਿਖੜੇ ਪੈਂਡੇ 'ਤੇ ਚੱਲਣ ਵਿਚ ਹੀ ਅਕਲਮੰਦੀ ਸਮਝੋਗੇ....ਜੀਵਨ ਵਿਚ ਜਲਦਬਾਜ਼ੀ ਹਮੇਸ਼ਾਂ ਖਤਰਨਾਕ ਹੁੰਦੀ ਹੈ ।*ਸਵੈਮਾਣ ਪੂਰਣ ਜੀਵਨ ਜਿਉਣਾ ਆਦਮੀ ਦਾ ਜਨਮ ਸਿੱਧ ਅਧਿਕਾਰ ਹੈ ।ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਾਨੂੰ ਆਪਣੀ ਸਾਰੀ ਸ਼ਕਤੀ ਲਾਉਣੀ ਚਾਹੀਦੀ ਹੈ ।ਅਸੀਂ ਇਸ ਨੂੰ ਪ੍ਰਾਪਤ ਕਰਨ ਲਈ ਵੱਡੇ ਤੋਂ ਵੱਡਾ ਬਲੀਦਾਨ ਦੇਣ ਲਈ ਤਿਆਰ ਹਾਂ ।ਅਸੀਂ ਮਨੁੱਖੀ ਮਾਣ ਪ੍ਰਾਪਤ ਕਰਨ ਲਈ, ਮਨੁੱਖ ਦੀ ਅਣਖ ਹਾਸਲ ਕਰਨ ਲਈ ਜੂਝ ਰਹੇ ਹਾਂ, ਜੋ ਕਿ ਸਾਨੂੰ ਅੱਜ ਤੱਕ ਹਿੰਦੂਆਂ ਨੇ ਕਦੇ ਨਹੀਂ ਦਿੱਤੀ ।ਅਸੀਂ ਆਪਣਾ ਜੀਵਨ ਪੂਰਾ ਅਤੇ ਸੰਪੂਰਣ ਬਣਾਉਣਾ ਚਾਹੁੰਦੇ ਹਾਂ ।

ਬਹੁਤ ਦੁੱਖ ਦੀ ਗੱਲ ਹੈ ਕਿ ਅਸਮਾਨਤਾ ਅਤੇ ਅਨਿਆਂ ਪੂਰਨ ਵਿਚਾਰਧਾਰਾਵਾਂ 'ਤੇ ਅਧਾਰਤ ਹਿੰਦੂ ਧਰਮ ਉਤਸ਼ਾਹ ਪੈਦਾ ਹੀ ਨਹੀਂ ਹੋਣ ਦਿੰਦਾ ।ਜਦੋਂ ਤੱਕ ਅਛੂਤ ਹਿੰਦੂ ਦੇ ਜੂਲੇ ਹੇਠ ਗੁਲਾਮ ਬਣੇ ਰਹਿਣਗੇ, ਜਦੋਂ ਤੱਕ ਉਹ ਇਸ ਗੈਰ ਇਨਸਾਨੀ ਧਰਮ ਨੂੰ ਮੰਨਦੇ ਰਹਿਣਗੇ ਉਨ੍ਹਾਂ ਅੰਦਰ ਚੰਗੀ ਜ਼ਿੰਦਗੀ ਦੀ ਕੋਈ ਆਸ, ਕੋਈ ਉਮੰਗ ਤੇ ਕੋਈ ਉਤਸ਼ਾਹ ਪੈਦਾ ਨਹੀਂ ਹੋ ਸਕਦਾ ।ਇਸ ਧਰਮ ਤੇ ਇਸ ਸਮਾਜਿਕ ਦਰਜਾਬੰਦੀ ਨੇ ਸਾਨੂੰ ਤਬਾਹ ਕਰ ਦਿੱਤਾ ਹੈ ।ਪਰ ਇਹ ਤਬਾਹੀ ਏਥੇ ਰੁਕਣੀ ਨਹੀਂ ।ਇਹ ਸਾਰੇ ਹਿੰਦੂਆਂ ਨੂੰ ਬਰਬਾਦ ਕਰੇਗੀ ਤੇ ਆਖਰ ਭਾਰਤ ਦੇਸ਼ ਨੂੰ ਤਬਾਹ ਕਰੇਗੀ।

26 ਜਨਵਰੀ 1950 ਨੂੰ ਭਾਰਤ ਇਕ ਲੋਕਰਾਜ ਦੇਸ਼ ਬਣ ਜਾਵੇਗਾ ।ਇਸ ਦੀ ਅਸ਼ਾਂਤੀ ਦਾ ਕੀ ਹੋਵੇਗਾ? ਕੀ ਅਜ਼ਾਦ ਰਹੇਗਾ ਜਾਂ ਦੁਬਾਰਾ ਗੁਲਾਮ ਹੋ ਜਾਵੇਗਾ ? ਮੈਨੂੰ ਇਹ ਗੱਲ ਬਹੁਤ ਦੁਖੀ ਕਰਦੀ ਹੈ ਕਿ ਭਾਰਤ ਦੀ ਆਜ਼ਾਦੀ ਇਕ ਵਾਰੀ ਖੋਹੀ ਜਾ ਚੁੱਕੀ ਹੈ ।ਉਹ ਵੀ ਭਾਰਤੀਆਂ ਦੀ ਗਦਾਰੀ ਕਾਰਨ ।...ਕੀ ਇਤਿਹਾਸ ਆਪਣੇ ਆਪ ਨੂੰ ਦੁਹਰਾਏਗਾ ? ਮੈਂ ਦੇਖਦਾ ਹਾਂ ਕਿ ਜਾਤਪਾਤ ਅਤੇ ਧਰਮ ਦੇ ਰੂਪ ਵਿਚ ਪਹਿਲਾਂ ਤੋਂ ਚਲੇ ਆ ਰਹੇ ਦੁਸ਼ਮਣਾਂ ਦੇ ਇਲਾਵਾ ਸਾਡੇ ਦੇਸ਼ ਵਿਚ ਵੱਖ-ਵੱਖ ਤੇ ਪਰਸਪਰ ਵਿਰੋਧੀ ਬਹੁਤ ਸਾਰੇ ਰਾਜਨੀਤਕ ਦਲ ਪੈਦਾ ਹੋ ਰਹੇ ਹਨ ।ਕੀ ਭਾਰਤਵਾਸੀ ਆਪਣੇ ਧਰਮ ਅਤੇ ਰਾਜਨੀਤਕ ਵਿਚਾਰਾਂ ਨੂੰ ਦੇਸ਼ ਤੋਂ ਉੱਚੇ ਸਮਝਣਗੇ, ਜਾਂ ਦੇਸ਼ ਨੂੰ ਇਨ੍ਹਾਂ ਤੋਂ ਉੱਚਾ ਸਮਝਣਗੇ.....ਪਰ ਏਨਾ ਨਿਸ਼ਚਤ ਹੈ ਕਿ ਜੇ ਵੱਖ-ਵੱਖ ਦਲਾਂ ਨੇ ਆਪਣੇ ਰਾਜਨੀਤਕ ਵਿਚਾਰਾਂ ਨੂੰ ਦੇਸ਼ ਤੋਂ ਉੱਚਾ ਮੰਨਿਆ ਤਾਂ ਦੇਸ਼ ਦੁਬਾਰਾ ਅਤੇ ਸਦਾ ਲਈ ਆਪਣਾ ਅਜ਼ਾਦੀ ਗਵਾ ਬੈਠੇਗਾ ।...ਦੇਸ਼ ਦੀ ਅਜ਼ਾਦੀ ਰੱਖਿਆ ਲਈ ਸਾਨੂੰ ਆਪਣੇ ਖੂਨ ਦਾ ਆਖਰੀ ਕਤਰਾ ਤੱਕ ਡੋਲ੍ਹਣਾ ਹੋਵੇਗਾ।

26 ਜਨਵਰੀ 1950 ਨੂੰ ਭਾਰਤ ਇਕ ਲੋਕਤੰਤਰ ਦੇਸ਼ ਹੋਵੇਗਾ ।ਭਾਵ ਉਸ ਦਿਨ ਤੋਂ ਇਥੋਂ ਦੇ ਲੋਕਾਂ ਦੀ, ਲੋਕਾਂ ਦੇ ਲਈ ਅਤੇ ਲੋਕਾਂ ਰਾਹੀਂ ਬਣੀ ਸਰਕਾਰ ਹੋਵੇਗੀ ।ਇਹੀ ਵਿਚਾਰ ਮੇਰੇ ਮਨ ਵਿਚ ਆਉਂਦਾ ਹੈ ।ਏਥੋਂ ਦੇ ਲੋਕਤੰਤਰੀ ਸੰਵਿਧਾਨ ਦਾ ਕੀ ਬਣੇਗਾ ? ਕੀ ਭਾਰਤ ਉਸ ਨੂੰ ਬਣਾਈ ਰੱਖੇਗਾ ਜਾਂ ਗਵਾ ਦੇਵੇਗਾ ? *ਇਸ ਚੀਜ਼ ਦਾ ਖਤਰਾ ਹੈ ਕਿ ਇਥੋਂ ਦੇ ਲੋਕਤੰਤਰ ਦੀ ਥਾਂ ਤਾਨਾਸ਼ਾਹੀ ਲੈ ਲਵੇਗੀ ।*ਸੰਭਵ ਹੈ ਇਹ ਨਵਾਂ ਜੰਮਿਆ ਲੋਕਤੰਤਰ ਆਪਣੇ ਆਪ ਨੂੰ ਬਣਾਈ ਰੱਖੇ ਜਾਂ ਦਰਅਸਲ ਵਿਚ ਤਾਨਾਸ਼ਾਹੀ ਰੂਪ ਧਾਰਨ ਕਰ ਲਵੇ ।ਜੇ ਕਿਸੇ ਦਲ ਨੂੰ ਬਹੁਤ ਜ਼ਿਆਦਾ ਬਹੁਮਤ ਪ੍ਰਾਪਤ ਹੋ ਗਿਆ ਤਾਂ ਇਸ ਬਾਰੇ ਡਰ ਹੋਰ ਵੀ ਵਧ ਜਾਵੇਗਾ ।ਸਾਨੂੰ ਆਪਣੇ ਰਾਜਨੀਤਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਵੀ ਬਣਾਉਣਾ ਚਾਹੀਦਾ ਹੈ ।ਰਾਜਨੀਤਕ ਲੋਕਤੰਤਰ ਦੀ ਨੀਂਹ ਤਦ ਤੱਕ ਪੱਕੀ ਨਹੀਂ ਹੋ ਸਕਦੀ, ਜਦੋਂ ਤੀਕ ਇਸ ਦੀ ਨੀਂਹ ਵਿਚ ਸਮਾਜਿਕ ਲੋਕਤੰਤਰ ਨਾ ਹੋਵੇ । *ਸਮਾਜਿਕ ਲੋਕਤੰਤਰ ਕੀ ਹੈ ? ਇਹ ਅਜਿਹੀ ਜੀਵਨ ਵਿਵਸਥਾ ਹੈ ਜਿਸ ਵਿਚ ਸੁਤੰਤਰਤਾ, ਸਮਾਨਤਾ,*

ਭਾਈਚਾਰੇ ਨੂੰ ਜੀਵਨ ਦੇ ਸਿਧਾਂਤ ਮੰਨਿਆ ਜਾਂਦਾ ਹੈ।...ਸੁਤੰਤਰਤਾ ਨੂੰ ਸਮਾਨਤਾ ਤੋਂ, ਸਮਾਨਤਾ ਨੂੰ ਭਾਈਚਾਰੇ ਚੋਂ ਵੱਖਰਾ ਨਹੀਂ ਕੀਤਾ ਜਾ ਸਕਦਾ।

ਸਮਾਨਤਾ ਦੀ ਅਣਹੋਂਦ ਵਿਚ ਸੁਤੰਤਰਤਾ, ਬਹੁਮਤ, ਉੱਤੇ ਘੱਟ ਗਿਣਤੀ ਲੋਕਾਂ ਦਾ ਪ੍ਰਭੂਤਵ (ਪੂਰਨ ਅਧਿਕਾਰ) ਕਾਇਮ ਕਰ ਦੇਵੇਗੀ।ਸੁਤੰਤਰਤਾ ਦੀ ਅਣਹੋਂਦ ਵਿਚ ਸਮਾਨਤਾ, ਆਦਮੀ ਦੀ ਕੰਮ ਕਰਨ ਦੀ ਸ਼ਕਤੀ ਨਸ਼ਟ ਕਰ ਦੇਵੇਗੀ।ਭਾਈਚਾਰੇ ਦੀ ਅਣਹੋਂਦ ਵਿਚ ਸੁਤੰਤਰਤਾ ਅਤੇ ਸਮਾਨਤਾ ਸੁਭਾਵਕ ਰੂਪ ਵਿਚ ਚੱਲ ਨਹੀਂ ਸਕਣਗੀਆਂ।

26 ਜਨਵਰੀ 1950 ਨੂੰ ਅਸੀਂ ਆਪਸੀ ਵਿਰੋਧਾਂ ਨਾਲ ਭਰਪੂਰ ਜੀਵਨ ਵਿਚ ਕਦਮ ਰੱਖਾਂਗੇ। ਸਾਡੇ ਰਾਜਨੀਤਕ ਜੀਵਨ ਵਿਚ ਸਮਾਨਤਾ ਹੋਵੇਗੀ, ਪਰ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਅਸਮਾਨਤਾ।ਰਾਜਨੀਤੀ ਵਿਚ ਸਾਡਾ ਸਿਧਾਂਤ ਹੋਵੇਗਾ, ਇਕ ਆਦਮੀ ਦੀ ਇਕ ਵੋਟ, ਇਕ ਮੁੱਲ ਪਰ ਸਾਡੇ ਸਮਾਜ ਅਤੇ ਆਰਥਿਕ ਜੀਵਨ ਵਿਚ ਸਾਡੀ ਸਮਾਜਿਕ ਅਤੇ ਆਰਥਿਕ ਰਚਨਾ ਕਾਰਨ, 'ਇਕ ਆਦਮੀ ਇਕ ਮੁੱਲ' ਦੇ ਸਿਧਾਂਤ ਨੂੰ ਨਕਾਰਿਆ ਜਾਵੇਗਾ।ਭਾਰਤੀ ਸਮਾਜ ਵਿਚ ਦੋ ਚੀਜ਼ਾਂ ਦੀ ਪੂਰੀ ਤਰ੍ਹਾਂ ਕਮੀ ਹੈ।ਇਨ੍ਹਾਂ ਵਿਚੋਂ ਇਕ ਸਮਾਨਤਾ ਹੈ ਦੂਜੀ ਚੀਜ਼ ਜੋ ਭਾਰਤੀ ਸਮਾਜ ਵਿਚ ਨਹੀਂ ਹੈ, ਉਹ ਹੈ ਭਾਈਚਾਰਾ।

ਮੇਰਾ ਖਿਆਲ ਹੈ ਕਿ ਇਹ ਵਿਸ਼ਵਾਸ ਕਰਨਾ ਕਿ ਅਸੀਂ ਇਕ ਰਾਸ਼ਟਰ ਹਾਂ, ਇਕ ਬਹੁਤ ਵੱਡਾ ਵਹਿਮ ਪਾਲਣ ਵਾਂਗ ਹੈ।ਹਜ਼ਾਰਾਂ ਜਾਤਾਂ ਵਿਚ ਵੰਡੇ ਹੋਏ ਲੋਕ ਇਕ ਰਾਸ਼ਟਰ ਕਿਵੇਂ ਹੋ ਸਕਦੇ ਹਨ ?....ਭਾਰਤ ਵਿਚ ਜਾਤਪਾਤ ਹੈ।ਇਹ ਜਾਤੀਆਂ ਰਾਸ਼ਟਰ ਵਿਰੋਧੀ ਚੀਜ਼ ਹਨ।...ਭਾਈਚਾਰਾ ਉਦੋਂ ਹੀ ਹੋ ਸਕਦਾ ਹੈ, ਜਦੋਂ ਇਕ ਰਾਸ਼ਟਰ ਹੋਈਏ।ਭਾਈਚਾਰੇ ਤੋਂ ਬਿਨਾਂ ਸਮਾਨਤਾ ਤੇ ਸੁਤੰਤਰਤਾ ਮਜ਼ਾਕ ਬਣ ਕੇ ਰਹਿ ਜਾਣਗੀਆਂ।ਦੇਸ਼ ਵਿਚ ਕਾਫੀ ਦੇਰ ਤੋਂ ਰਾਜਨੀਤਕ ਸੱਤਾ 'ਤੇ ਥੋੜ੍ਹੇ ਜਿਹੇ ਲੋਕਾਂ ਦਾ ਕਬਜ਼ਾ ਰਿਹਾ ਹੈ ਅਤੇ ਬਾਕੀ ਬਹੁਜਨ (ਬਹੁ ਸੰਖਿਅਕ) ਲੋਕਾਂ ਨੂੰ ਭਾਰ ਢੋਣ ਵਾਲੇ ਜਾਨਵਰ ਅਤੇ ਸ਼ਿਕਾਰ ਪੰਛੀ ਸਮਝਿਆ ਗਿਆ ਹੈ।

ਇਹ ਦਬੇ-ਕੁਚਲੇ ਦੂਜਿਆਂ ਦੇ ਸ਼ਾਸਨ ਤੋਂ ਤੰਗ ਆ ਗਏ ਹਨ ਅਤੇ ਸਵੈ ਸ਼ਾਸਨ ਲਈ ਬੇਚੈਨ ਹਨ।ਜੇ ਤੁਸੀਂ ਮੈਨੂੰ ਕਹਿਣ ਦੀ ਆਗਿਆ ਦਿਓ, ਇਹ ਵਿਚਾਰ ਅਜਿਹਾ ਆਦਮੀ ਦੇ ਹਨ ਜੋ ਨਾ ਤਾਂ ਸਤਾ ਦਾ ਹਥਿਆਰ ਬਣਿਆ ਹੈ ਤੇ ਨਾਂ ਵੱਡੇ ਲੋਕਾਂ ਦਾ ਚਾਪਲੂਸ।ਇਹ ਉਸ ਆਦਮੀ ਦੇ ਸ਼ਬਦ ਹਨ, ਜਿਸ ਦਾ ਸਾਰਾ ਜੀਵਨ ਦੱਬੇ-ਕੁਚਲੇ ਲੋਕਾਂ ਦੀ ਆਜ਼ਾਦੀ ਵਾਸਤੇ ਲਗਾਤਾਰ ਸੰਘਰਸ਼ ਕਰਦਿਆਂ ਬੀਤਿਆ ਹੈ ਅਤੇ ਇਸ ਦੇ ਬਦਲੇ ਵਿਚ ਜਿਸ ਨੂੰ ਦੇਸ਼ ਭਰ ਦੀਆਂ ਅਖ਼ਬਾਰਾਂ ਅਤੇ ਨੇਤਾਵਾਂ ਨੇ ਸਦਾ ਗਾਲ੍ਹਾਂ ਹੀ ਕੱਢੀਆਂ ਹਨ ਅਤੇ ਝੂਠੇ ਦੋਸ਼ ਲਗਾਏ ਹਨ।ਇਸ ਸਭ ਦਾ ਕਾਰਨ ਇਹ ਰਿਹਾ ਹੈ ਕਿ ਮੈਂ ਦਬੇ-ਕੁਚਲੇ ਲੋਕਾਂ ਨੂੰ ਬਚਾਉਣ ਅਤੇ ਕੁਚਲਣ ਵਾਲੇ ਲੋਕਾਂ ਦੇ ਸੋਨੇ ਨਾਲ ਮੁਕਤ ਕਰਨ ਅਤੇ ਗਰੀਬਾਂ ਨੂੰ ਅਮੀਰਾਂ ਦੇ ਪੈਸੇ ਨਾਲ ਉੱਚਾ ਉਠਾਉਣ ਦੇ ਚਮਤਕਾਰ, ਮੈਂ ਇਸ ਨੂੰ ਛਲ-ਕਪਟ ਹੀ ਕਹਾਂਗਾ, ਕਰਨ ਵਿਚ, ਉਨ੍ਹਾਂ (ਵੱਡਿਆਂ) ਦੇ ਸਾਥ ਮਿਲ ਕੇ ਚੱਲਣ ਲਈ ਤਿਆਰ ਨਹੀਂ ਸਾਂ।ਏਕਤਾ ਨਾਲ ਸਾਹਸ ਪੈਦਾ ਹੁੰਦਾ ਹੈ।ਸਾਹਸ ਨਾਲ ਅੰਦੋਲਨ ਛੇੜੇ ਜਾਂਦੇ ਹਨ ਅਤੇ ਉਨ੍ਹਾਂ ਨਾਲ ਕੁਝ ਪ੍ਰਾਪਤ ਹੁੰਦਾ ਹੈ।

ਦੇਸ਼ ਵਿਚ ਸਭ ਤੋਂ ਵੱਡਾ ਅਨਰਥ ਗੀਤਾ ਨੇ ਕੀਤਾ ਹੈ।ਇਸ ਦਾ ਸਿਧਾਂਤ ਬਹੁਜਨ ਦੇ ਹਿੱਤਾਂ ਦੇ ਵਿਰੁੱਧ ਹੈ।ਬਹੁਜਨ ਨੂੰ ਹਨ੍ਹੇਰੇ ਵਿਚ ਰੱਖ ਕੇ ਆਪਣੇ ਸਵਾਰਥ ਨੂੰ ਸਿੱਧ ਕਰਨ ਦਾ ਉਦੇਸ਼ ਇਸ ਗ੍ਰੰਥ ਵਿਚ ਹੈ।ਗੀਤਾ ਨੇ ਵਰਣ ਵਿਵਸਥਾ ਦੇ ਸਿਧਾਂਤ ਨੂੰ ਲੰਬੀ ਉਮਰ ਪ੍ਰਦਾਨ ਕੀਤੀ।*ਬਹੁਤੀ ਗਿਣਤੀ ਵਿਚ ਹਿੰਦੂ ਧਰਮ ਗ੍ਰੰਥ ਜੰਗੀ ਪੁਸਤਕਾਂ ਹਨ।*ਕੇਵਲ ਸਵੈਰਾਜ ਦੇ ਸੰਵਿਧਾਨ ਅਧੀਨ ਹੀ ਅਸਾਨੂੰ ਰਾਜ ਸੱਤਾ ਪ੍ਰਾਪਤ ਕਰਨ ਦਾ ਮੌਕਾ ਮਿਲ ਸਕਦਾ ਹੈ।ਸਵੈਰਾਜ ਤੋਂ ਬਿਨਾਂ ਅਸੀਂ ਆਪਣੇ ਲੋਕਾਂ ਨੂੰ ਮੁਕਤ ਨਹੀਂ ਕਰ ਸਕਦੇ।ਭਾਰਤ ਵਿਚ ਨੌਕਰ ਸ਼ਾਹੀ ਦੀ ਜਗ੍ਹਾ ਜਨਤਾ ਦੁਆਰਾ ਅਤੇ ਜਨਤਾ ਵਾਸਤੇ ਸਰਕਾਰ ਸਥਾਪਤ ਕੀਤੀ ਜਾਵੇ।ਉਦਯੋਗ ਵਿਚ ਸ਼ਾਂਤੀ ਵਾਸਤੇ ਮਜ਼ਦੂਰ ਨੂੰ ਮਾਲਕ ਦੀਆਂ ਜ਼ੰਜੀਰਾਂ ਨਾਲ ਨਹੀਂ ਬੰਨ੍ਹਿਆ ਜਾ ਸਕਦਾ।...ਮੈਂ ਕੇਵਲ ਸ਼ਾਂਤੀ ਚਾਹੁੰਦਾ ਹਾਂ, ਪਰ ਜਿਸ ਤਰ੍ਹਾਂ ਦੀ ਸ਼ਾਂਤੀ ਬਣਾਈ ਰੱਖਣ ਲਈ ਸਾਨੂੰ ਕਿਹਾ ਜਾਂਦਾ ਹੈ, ਅਸੀਂ ਕਦੇ ਵੀ ਨਹੀਂ ਚਾਹੁੰਦੇ।*ਇਹ ਤਾਂ ਉਨ੍ਹਾਂ ਲੋਕਾਂ ਦੀ ਸ਼ਾਂਤੀ ਹੈ, ਜਿਨ੍ਹਾਂ ਦੇ ਪੇਟ ਭਰੇ ਹੋਏ ਹਨ, ਜਿਨ੍ਹਾਂ ਦੇ ਬਟਨ ਉਨ੍ਹਾਂ ਦੇ ਤੌਂਦਾਂ ਨੂੰ ਛੋਹਦੇ ਹਨ। ਸਾਨੂੰ ਅਜਿਹੀ ਸ਼ਾਂਤੀ ਨਹੀਂ ਚਾਹੀਦੀ।*

ਮੇਰਾ ਸੰਦੇਸ਼ ਹੈ ਸੰਘਰਸ਼ ਕਰੋ, ਹੋਰ ਜ਼ਿਆਦਾ ਸੰਘਰਸ਼ ਕਰੋ।ਬਲੀਦਾਨ ਦਿਉ, ਹੋਰ ਜ਼ਿਆਦਾ ਬਲੀਦਾਨ

ਦਿਓ, ਸੰਘਰਸ਼ ਹੋਰ ਜ਼ਿਆਦਾ ਸੰਘਰਸ਼ । ਬਲੀਦਾਨ ਅਤੇ ਦੁੱਖਾਂ ਦੀ ਗਿਣਤੀ ਵੱਲ ਧਿਆਨ ਕੀਤੇ ਬਿਨਾਂ ਹੋਇਆ ਸੰਘਰਸ਼ ਮੁਕਤੀ ਮਾਰਗ ਹੈ, ਹੋਰ ਕੋਈ ਚਾਰਾ ਨਹੀਂ । ਅਛੂਤਾਂ ਨੂੰ ਸਮੂਹਿਕ ਤੌਰ 'ਤੇ ਆਪਣੀ ਉੱਨਤੀ ਵਾਸਤੇ ਅਤੇ ਅਤਿਆਚਾਰਾਂ ਦਾ ਮੁਕਾਬਲਾ ਕਰਨ ਵਾਸਤੇ ਸਮੂਹਿਕ ਤੌਰ 'ਤੇ ਤਮੰਨਾ (ਚਾਹਤ) ਵਿਕਸਤ ਕਰਨੀ ਚਾਹੀਦੀ ਹੈ । ਉਨ੍ਹਾਂ ਨੂੰ ਇਸ ਕੰਮ ਦੀ ਮਹਾਨਤਾ ਵਿਚ ਵਿਸ਼ਵਾਸ ਰੱਖਣਾ ਚਾਹੀਦਾ ਹੈ ਅਤੇ ਇਸ ਨੂੰ ਪੂਰਾ ਕਰਨ ਲਈ ਸਾਂਝਾ ਇਰਾਦਾ ਵਿਕਸਤ ਕਰਨਾ ਚਾਹੀਦਾ ਹੈ ।

ਉਹ ਲੋਕ ਬਹੁਤ ਅੱਛੇ ਹਨ ਜੋ ਆਪਣੇ ਸਾਥੀਆਂ ਨੂੰ ਉੱਚਾ ਉਠਾਉਣ ਦਾ ਕਰਤੱਵ ਨਿਭਾਉਣ ਲਈ ਜ਼ਿੰਦਾ ਹਨ । ਉਹ ਲੋਕ ਬਹੁਤ ਅੱਛੇ ਹਨ ਜੋ ਗੁਲਾਮੀ ਨੂੰ ਖਤਮ ਕਰਨ ਵਾਲੇ ਸੰਘਰਸ਼ ਵਿਚ ਆਪਣਾ ਸਮਾਂ ਦਿੰਦੇ ਹਨ । ਆਪਣੀ ਸਾਰੀ ਸ਼ਕਤੀ ਲਗਾਉਂਦੇ ਹਨ । ਉਹ ਲੋਕ ਬਹੁਤ ਅੱਛੇ ਹਨ ਜੋ ਇਹ ਪਰਣ ਕਰਕੇ ਚਲਦੇ ਹਨ ਕਿ ਚਾਹੇ ਸੁਖ ਆਏ ਚਾਹੇ ਦੁਖ, ਚਾਹੇ ਭੁੱਖ ਹੋਵੇ ਚਾਹੇ ਤੂਫਾਨ, ਚਾਹੇ ਮਾਨ ਹੋਵੇ ਚਾਹੇ ਅਪਮਾਨ, ਅਸੀਂ ਤਦ ਤੱਕ ਨਹੀਂ ਰੁਕਾਂਗੇ ਜਦੋਂ ਤੱਕ ਅਛੂਤ ਪੂਰੀ ਤਰ੍ਹਾਂ ਇਨਸਾਨ ਦੇ ਦਰਜੇ ਨੂੰ ਪ੍ਰਾਪਤ ਨਹੀਂ ਕਰ ਲੈਂਦਾ । ਸੁਤੰਤਰਤਾ ਹੋਣੀ ਚਾਹੀਦੀ ਹੈ ਤਾਂ ਕਿ ਮਾਨਵੀ ਸ਼ਕਤੀਆਂ ਦਾ ਪ੍ਰਭਾਵਕਾਰੀ ਅਤੇ ਉਚਿਤ ਪ੍ਰਯੋਗ ਹੋ ਸਕੇ ।

ਭਾਈਚਾਰੇ ਦਾ ਅਰਥ ਹੈ ਸਾਰੇ ਲੋਕਾਂ ਦੇ ਆਪਸੀ ਸੰਬੰਧ ਅਜਿਹੇ ਹੋਣ ਜਿਵੇਂ ਕਿ ਇਕ ਪਰਵਾਰ ਦੇ ਮੈਂਬਰਾਂ ਦੇ ਹੁੰਦੇ ਹਨ । ਸਮਾਜ ਵਿਅਕਤੀਆਂ ਦਾ ਆਪਸ ਵਿਚ ਮੇਲ ਮਿਲਾਪ ਹੋਵੇ । ਇਹ ਭਾਈਚਾਰਾ ਹੀ ਲੋਕਤੰਤਰ ਹੈ, ਲੋਕਤੰਤਰ ਦਾ ਅਰਥ ਹੈ, ਆਪਣੇ ਸਾਥੀਆਂ ਪ੍ਰਤੀ ਆਦਰ ਅਤੇ ਸਨਮਾਨ ਭਰਿਆ ਵਤੀਰਾ । ਸੰਕਟ ਦਾ ਸਾਹਮਣਾ ਨਵੇਂ ਰਸਤੇ ਦੀ ਖੋਜ ਨਾਲ ਹੀ ਹੋ ਸਕਦਾ ਹੈ । ਜਿਥੇ ਨਵਾਂ ਰਸਤਾ ਨਹੀਂ ਖੋਜਿਆ ਜਾਂਦਾ, ਉਥੇ ਸਮਾਜ ਦਾ ਪਤਨ ਹੋ ਜਾਂਦਾ ਹੈ ।.... ਸਮਾਂ ਸੰਭਵ ਨਵੇਂ ਰਸਤੇ ਸੁਝਾਅ ਦਿੰਦਾ ਹੈ । ਪ੍ਰੰਤੂ ਉਸ ਨਵੇਂ ਅਤੇ ਸਹੀ ਰਸਤੇ 'ਤੇ ਚਲਣਾ ਸਮੇਂ ਨਾਲ ਮਾਨਵ ਦੀ ਵੀ ਭੂਮਿਕਾ ਹੈ ।

ਮੰਨਿਆ, ਮੈਂ ਅਤਿਆਚਾਰ, ਆਡੰਬਰ ਅਤੇ ਪਾਖੰਡ ਨੂੰ ਘਿਰਣਾ ਕਰਦਾ ਹਾਂ । ਜਿਹੜਾ ਜੋ ਵੀ ਇਨ੍ਹਾਂ ਵਿਚੋਂ ਕਿਸੇ ਇਕ ਦ੍ਰਿਸ਼ਟੀਕੋਣ ਤੋਂ ਵੀ ਅਪਰਾਧੀ ਹੈ ਮੈਂ ਉਸ ਨੂੰ ਘਿਰਣਾ ਕਰਦਾ ਹਾਂ ਘਿਰਨਾ ਹੀ ਮੇਰੀ ਅਸਲੀ ਸ਼ਕਤੀ ਹੈ । ਇਸ ਨਾਲ ਮੇਰਾ ਉਨ੍ਹਾਂ ਚੀਜ਼ਾਂ ਨਾਲ ਪਿਆਰ ਬਣਦਾ ਹੈ ਜਿਨ੍ਹਾਂ ਨੂੰ ਮਾਨਵਤਾ ਲਈ ਹਿਤਕਾਰੀ ਸਮਝਦਾ ਹਾਂ ਅਤੇ ਮੈਨੂੰ ਇਸ ਘਿਰਨਾ 'ਤੇ ਕਿਸੀ ਤਰ੍ਹਾਂ ਦੀ ਵੀ ਸ਼ਰਮ ਮਹਿਸੂਸ ਨਹੀਂ ਹੁੰਦੀ ।

ਏਥੇ ਕੇਵਲ ਇਕ ਵਰਗ ਨੂੰ ਵਿਦਿਆ ਹਾਸਲ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ । ਕੇਵਲ ਇਕ ਵਰਗ ਨੂੰ ਸ਼ਾਸਤਰ ਧਾਰਨ ਕਰਨ ਦਾ ਅਧਿਕਾਰ ਦਿੱਤਾ ਗਿਆ । ਕੇਵਲ ਇਕ ਵਰਗ ਨੂੰ ਵਪਾਰ ਕਰਨ ਦਾ ਅਧਿਕਾਰ ਦਿੱਤਾ ਗਿਆ । ਕੇਵਲ ਇਕ ਵਰਗ ਨੂੰ ਸੇਵਾ ਕਰਨ ਦਾ ਅਧਿਕਾਰ ਦਿੱਤਾ ਗਿਆ । ਭਾਰਤ ਦੇ ਪ੍ਰਗਤੀਸ਼ੀਲ (ਸਮਾਜਵਾਦੀ) ਲੋਕਾਂ ਵਿਚੋਂ ਬਹੁਤੇ ਲੋਕ ਕ੍ਰਾਂਤੀ ਲਿਆਉਣ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰਦੇ ਰਹਿੰਦੇ ਹਨ, ਪ੍ਰੰਤੂ ਉਹ ਖੁਦ ਨਾ ਕੇਵਲ ਆਪਣੇ-ਆਪਣੇ ਧਰਮਾਂ ਨੂੰ ਚੰਬੜੇ ਹੋਏ ਹਨ, ਸਭ ਤਰ੍ਹਾਂ ਦੇ ਪਾਗਲਪਨ ਵਾਲੇ ਰਸਮ ਰਿਵਾਜ, ਸੰਸਕਾਰ ਅਤੇ ਪੂਜਾ-ਪਾਠ ਕਰਦੇ ਹਨ ਅਤੇ ਸਾਰੇ ਅੰਧ ਵਿਸ਼ਵਾਸਾਂ ਨੂੰ ਮੰਨਦੇ ਹਨ, ਬਲਕਿ ਇਸ ਸਭ ਨੂੰ ਬਹੁਤ ਢੀਠਤਾਈ ਨਾਲ ਸਹੀ ਕਹਿੰਦੇ ਹਨ । ਧਰਮ ਸ਼ਕਤੀ ਦਾ ਸਰੋਤ ਹੈ । ਇਹ ਗੱਲ ਭਾਰਤ ਦੇ ਇਤਿਹਾਸ ਨੇ ਬਹੁਤ ਪਹਿਲਾ ਸਪੱਸ਼ਟ ਕਰ ਦਿੱਤੀ ਹੈ ।....ਦੂਜਿਆਂ ਦੀ ਸੁਤੰਤਰਤਾ ਖੋਹਣ ਲਈ ਜਿਸ ਸ਼ਕਤੀ ਅਤੇ ਅਧਿਕਾਰ ਦੀ ਜ਼ਰੂਰਤ ਹੈ, ਉਸ ਦਾ ਸੰਕੇਤ ਹੈ :ਧਰਮ, ਸਮਾਜਿਕ ਰੁਤਬਾ ਅਤੇ ਸੰਪਤੀ । ਕਿਸੇ ਹਾਲਤ ਵਿੱਚ ਇਨ੍ਹਾਂ ਵਿਚੋਂ ਕੋਈ ਪ੍ਰਮੁੱਖ ਹੁੰਦਾ ਹੈ ਅਤੇ ਕਿਸੇ ਵਿਚ ਕੋਈ ।.....ਤਾਂ ਕੇਵਲ ਆਰਥਿਕ ਸੁਧਾਰ ਵਾਸਤੇ ਹਠ ਕਰਨਾ ਗਲਤ ਹੈ ।

ਬਾਣੀਆਂ ਸੰਸਾਰ ਵਿਚ ਖੂਨ ਚੂਸਣ ਵਾਲਾ ਬਦਤਰ ਵਰਗ ਹੈ । ਉਸ ਵਿਚ ਪੈਸਾ ਬਣਾਉਣ ਦੀ ਅਜਿਹੀ ਬੁਰੀ ਆਦਤ ਹੈ ਜਿਸ ਨੂੰ ਸਭਿਅਤਾ ਜਾਂ ਅੰਤਰਆਤਮਾ ਦੀ ਅਵਾਜ਼ ਨਾਲ ਨਹੀਂ ਬਦਲਿਆ ਜਾ ਸਕਦਾ । ਉਹ *ਇਕ ਅਜਿਹਾ ਜੀਵ ਹੈ, ਜੋ ਮਹਾਮਾਰੀ ਸਮੇਂ ਖੁਸ਼ਹਾਲ ਬਣਦਾ ਹੈ ।* ਇਕ ਰੋਗ ਮਹਾਮਾਰੀ ਪੈਦਾ ਨਹੀਂ ਕਰਦਾ ਜਦੋਂ ਕਿ ਇਕ ਬਾਣੀਆ ਵਿਆਪਕ ਰੋਗ ਪੈਦਾ ਕਰਦਾ ਹੈ । ਉਹ ਆਪਣਾ ਧਨ ਉਪਜਾਊ ਕੰਮਾਂ ਵਿਚ ਨਹੀਂ ਲਗਾਉਂਦਾ । ਉਹ ਵਿਆਜ 'ਤੇ ਆਪਣਾ ਜੀਵਨ ਨਿਰਭਰ ਕਰਦਾ ਹੈ ਕਿਉਂਕਿ ਉਸ ਦੇ ਧਰਮ ਨੇ ਉਸ ਨੂੰ ਬਤਾਇਆ ਹੋਇਆ ਹੈ ਕਿ ਮਨੂੰ ਨੇ ਧਨ ਉਧਾਰ ਦੇਣ ਦਾ ਹੀ ਕੰਮ ਉਸ ਲਈ ਨਿਯੁਕਤ ਕੀਤਾ ਸੀ । ਬਾਣੀਆ ਸੂਦਖੋਰੀ ਨੂੰ ਦਰੁਸਤ ਸਮਝਦਾ ਹੈ ਅਤੇ ਧਰਮ ਕਰਮ ਵੀ । ਬ੍ਰਾਹਮਣ ਜੱਜ ਦੀ ਸਹਾਇਤਾ ਨਾਲ ਜੋ ਵਸੂਲੀ ਦੀ

ਡਿਗਰੀ ਦੇਣ ਲਈ ਤਤਪਰ ਰਹਿੰਦਾ ਹੈ, ਬਾਣੀਆ ਆਪਣਾ ਧੰਦਾ ਬੜੀ ਸੁਵਿਧਾ ਅਤੇ ਸਰਲਤਾ ਨਾਲ ਚਲਾ ਰਿਹਾ ਹੈ। ਸੂਦ, ਸੂਦ ਪਰ ਸੂਦ ਉਹ ਜਮ੍ਹਾਂ ਕਰਦਾ ਰਹਿੰਦਾ ਹੈ ਅਤੇ ਇਸ ਪ੍ਰਕਾਰ ਉਹ ਲੱਖਾਂ ਪਰਵਾਰਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦਾ ਹੈ। ਬਾਣੀਏ ਦਾ ਕਰਜ਼ਾ ਜਿੰਨਾ ਚਾਹੇ ਉਤਾਰਦੇ ਰਹੋ ਪ੍ਰੰਤੂ ਕਰਜ਼ਦਾਰ ਹਮੇਸ਼ਾਂ ਕਰਜ਼ ਵਿਚ ਹੀ ਡੁਬਿਆ ਰਹਿੰਦਾ ਹੈ। ਉਸ ਦੀ ਕੋਈ ਅੰਤਰ-ਆਤਮਾ ਦੀ ਆਵਾਜ਼ ਹੈ ਹੀ ਨਹੀਂ, ਜੋ ਉਸ ਨੂੰ ਰੋਕ ਸਕੇ। ਇਸ ਲਈ ਅਜਿਹਾ ਕੋਈ ਝੂਠ ਨਹੀਂ ਜੋ ਉਹ ਪ੍ਰਯੋਗ ਵਿਚ ਨਹੀਂ ਲਿਆਉਂਦਾ। ਰਾਸ਼ਟਰ 'ਤੇ ਉਸ ਦੀ ਪੂਰਨ ਜਕੜ ਹੈ। *ਸਾਰੇ ਗਰੀਬ, ਅਣ-ਸਿੱਖਿਅਤ ਅਤੇ ਭੁੱਖਾ ਨੰਗਾ ਭਾਰਤ ਬਾਣੀਏ ਕੋਲ ਪੱਕੇ ਤੌਰ 'ਤੇ ਗਿਰਵੀ ਹੈ।* ਵੇਦਾਂ ਵਿਚ ਸਿਵਾਏ ਮੂਰਖਤਾ ਦੇ ਕੁਝ ਨਹੀਂ। ਗਿਆਨ ਦੇ ਕਿਸੇ ਪਿਆਸੇ ਦੀ ਪਿਆਸ ਵੇਦਾਂ ਨਾਲ ਨਹੀਂ ਬੁਝ ਸਕਦੀ ਇਹ ਤਾਂ ਰੇਗਿਸਤਾਨ ਦੀ ਤਰ੍ਹਾਂ ਹੈ।

ਮੁੱਢਲੇ ਰੂਪ ਵਿਚ ਬਾਬਾ ਸਾਹਿਬ ਦਾ ਧਿਆਨ ਸਿੱਖ ਧਰਮ ਵੱਲ ਸੀ, ਉਨ੍ਹਾਂ ਸਿੱਖ ਧਰਮ ਦਾ ਅਧਿਐਨ ਵੀ ਕੀਤਾ। ਬੰਬੇ ਵਿਚ ਸਿੱਖ ਮਿਸ਼ਨਰੀ ਕਾਲਜ ਦੀ ਨੀਂਹ ਵੀ ਰੱਖੀ। 12-13 ਅਪ੍ਰੈਲ 1936 ਈ. ਨੂੰ ਉਹ ਅੰਮ੍ਰਿਤਸਰ ਵਿਖੇ ਸਿੱਖ ਮਿਸ਼ਨਰੀ ਕਾਨਫਰੰਸ ਵਿਚ ਸ਼ਾਮਲ ਵੀ ਹੋਏ। ਇਕ ਵੱਡੇ ਭੋਜ ਵਿਚ ਸਿਰਕਰਦਾ ਸਿੱਖਾਂ ਨਾਲ ਬੈਠੇ। ਪ੍ਰੰਤੂ ਜਦੋਂ ਉਨ੍ਹਾਂ ਨੇੜੇ ਹੋ ਕੇ ਦੇਖਿਆ ਕਿ ਉਹ ਬ੍ਰਾਹਮਣ, ਖੱਤਰੀ, ਜੱਟ ਸਿੱਖ ਸਭ ਜਾਤਪਾਤੀ ਸਿੱਖ ਹਨ ਅਤੇ ਛੂਆ-ਛਾਤ 'ਚ ਵਿਸ਼ਵਾਸ ਰੱਖਦੇ ਹਨ ਤਾਂ ਉਨ੍ਹਾਂ ਇਸ ਧਰਮ ਨੂੰ ਨਾ ਅਪਨਾਉਣ ਦਾ ਮਨ ਬਣਾ ਲਿਆ। ਗੱਲ ਏਥੇ ਹੀ ਨਹੀਂ ਖੜ੍ਹੀ, 1937 ਈ. ਵਿਚ ਅਛੂਤ ਸਿੱਖ ਵੀ ਗਾਂਧੀ ਨਾਲ ਜਾ ਖੜ੍ਹੇ ਸਨ। ਅਸੀਂ ਇਹ ਸੱਚ ਕਹਿਣ ਤੋਂ ਗੁਰੇਜ਼ ਨਹੀਂ ਕਰਾਂਗੇ ਕਿ ਬਾਬਾ ਸਾਹਿਬ ਨੇ ਇਹ ਅਨੁਭਵ ਕਰ ਲਿਆ ਸੀ ਕਿ ਸਿੱਖ ਕੌਮ ਵੀ ਬ੍ਰਾਹਮਣਵਾਦੀ ਲੋਕਾਂ ਵਾਂਗ ਜਾਤਪਾਤੀ ਹੋ ਚੁੱਕੀ ਹੈ। ਇਹ ਅਛੂਤਾਂ ਨੂੰ ਸਮਾਨਤਾ ਵਾਲਾ ਵਿਹਾਰ ਦੇਣਗੇ, ਇਸ ਗੱਲ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਚੁੱਕਾ ਸੀ। ਇਹੀ ਕਾਰਨ ਹੈ ਕਿ ਸਿੱਖ ਫਿਲਾਸਫੀ ਵਿਚ ਮਨੁੱਖੀ ਸਮਾਨਤਾ ਹੋਣ ਦੇ ਬਾਵਜੂਦ ਵੀ ਸਿੱਖ ਫਲਸਫੇ ਦਾ ਬ੍ਰਾਹਮਣਵਾਦ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ, ਬਾਬਾ ਸਾਹਿਬ ਨੇ ਸਿੱਖ ਸਮਾਜ ਵਿਚ ਪ੍ਰਵੇਸ਼ ਕਰਨਾ ਪਸੰਦ ਨਹੀਂ ਕੀਤਾ, ਕਿਉਂਕਿ ਸਿੱਖ ਜਾਤਪਾਤੀ ਹੋ ਚੁੱਕੇ ਸਨ। ਬ੍ਰਾਹਮਣਵਾਦੀ ਚਤੁਰਵਰਣ ਅਤੇ ਛੂਆ-ਛੂਤ ਦੀ ਅਸਮਾਨਤਾ ਸਿੱਖ ਸਮਾਜ ਵਿਚ ਭਰੀ ਦਿਖਾਈ ਦੇ ਰਹੀ ਸੀ।

ਇਹ ਅਤਿ ਕਥਨੀ ਨਹੀਂ ਕਿ ਡਾ. ਅੰਬੇਡਕਰ ਦਾ ਸਿੱਖ ਧਰਮ ਵਿਚ ਪ੍ਰਵੇਸ਼ ਨਾ ਕਰਨਾ ਸਿੱਖਾਂ ਦੀ ਸਿੱਖ ਸਮਾਜ ਦੀ ਇਕ ਇਤਿਹਾਸਕ ਬਦਨਾਮੀ ਸੀ। ਸਿੱਖ ਕਦੇ ਵੀ ਦੂਰ ਅਦੇਸ਼, ਬੁੱਧੀਵਾਨ ਅਤੇ ਚੇਤੰਨ ਨੇਤਾ ਆਪਣੇ ਅੰਦਰੋਂ ਪੈਦਾ ਨਹੀਂ ਕਰ ਸਕੇ। ਸ਼ਾਇਦ ਇਸੇ ਕਰਕੇ ਅੰਬੇਡਕਰ ਵਰਗਾ ਮਹਾਨ ਪੁਰਸ਼ ਉਨ੍ਹਾਂ ਨੂੰ ਨਹੀਂ ਭਾਇਆ। (ਲੇਖਕ) ਧਰਮ ਉਹੀ ਹੋ ਸਕਦਾ ਹੈ ਜੋ ਮਨੁੱਖ ਮਾਤਰ ਲਈ ਕਲਿਆਣਕਾਰੀ ਹੈ। ਜਿਸ ਵਿਚ ਮਨੁੱਖ ਮਾਤਰ ਲਈ ਉੱਨਤੀ ਅਤੇ ਵਿਕਾਸ ਦਾ ਰਾਹ ਖੁੱਲ੍ਹਾ ਹੋਵੇ ਅਤੇ ਵਿਤਕਰਾ ਨਾ ਹੋ ਕੇ ਮਨੁੱਖੀ ਬਰਾਬਰੀ ਹੋਵੇ। ਜੋ ਧਰਮ ਦਾ ਮੂਲ ਸਿਧਾਂਤ ਮਨੁੱਖੀ ਸਮਾਜ ਵਿਚ ਫਰਕ ਪੈਦਾ ਕਰਦਾ ਹੈ, ਉਸ ਨੂੰ ਧਰਮ ਨਹੀਂ ਕਿਹਾ ਜਾ ਸਕਦਾ। ਬ੍ਰਾਹਮਣੀ ਧਰਮ ਨੇ ਮਨੁੱਖ ਸਮਾਜ ਵਿਚ ਫਰਕ ਪੈਦਾ ਕੀਤਾ। ਉਸ ਨੇ ਇਸਤਰੀਆਂ ਅਤੇ ਸ਼ੂਦਰਾਂ ਨਾਲ ਬਹੁਤ ਘਟੀਆ ਵਰਤਾਅ ਕਰਨਾ ਸਿਖਾਇਆ। ਹਿੰਦੂ ਧਰਮ ਵਿਚ ਨੈਤਿਕਤਾ ਨਹੀਂ ਹੈ। ਜਦੋਂ ਤੱਕ ਹਿੰਦੂ ਧਰਮ ਹੈ, ਛੂਆ-ਛਾਤ ਰਹੇਗੀ, ਕਿਉਂਕਿ ਛੂਆ-ਛਾਤ ਹਿੰਦੂ ਧਰਮ ਦਾ ਵਿਧਾਨ ਹੈ।

ਤੁਸੀਂ ਆਪਣੀ ਗੁਲਾਮੀ ਆਪ ਦੂਰ ਕਰੋ। ਤੁਸੀਂ ਆਪਣੀ ਗੁਲਾਮੀ ਦੇ ਖਾਤਮੇ ਲਈ ਪ੍ਰਮਾਤਮਾ ਜਾਂ ਕਿਸੇ ਹੋਰ ਸ਼ਕਤੀ ਵਿਚ ਭਰੋਸਾ ਨਾ ਕਰੋ। ਧਾਰਮਿਕ ਪੁਸਤਕਾਂ ਦੇ ਪਾਠ ਤੁਹਾਨੂੰ ਗੁਲਾਮੀ ਤੋਂ ਮੁਕਤ ਨਹੀਂ ਕਰਵਾ ਸਕਦੇ। ਤੁਹਾਡੀ ਨਿਰਾਦਰੀ, ਤੁਹਾਡੀਆਂ ਥੁੜ੍ਹਾਂ ਤੰਗੀਆਂ ਅਤੇ ਕੰਗਾਲੀਆਂ ਅਤੇ ਬੇਇੱਜ਼ਤੀਆਂ ਪਿਛਲੇ ਜਨਮ ਵਿਚ ਕੀਤੇ ਪਾਪਾਂ ਕਰਕੇ ਨਹੀਂ। ਇਹ ਸਭ ਤੁਹਾਡੇ ਉੱਤੇ ਕਾਬਜ਼ ਲੋਕਾਂ ਦੇ ਅਤਿਆਚਾਰਾਂ ਅਤੇ ਛਲ-ਕਪਟ ਕਰਕੇ ਹੈ। ਅੰਬੇਡਕਰ ਨੇ ਕਿਹਾ ਸੀ: ਹਿੰਦੂ ਸਮਾਜ ਇਕ ਅਜਿਹਾ ਗੁਬੰਦ ਹੈ, ਜੋ ਹੈ ਤਾਂ ਕਈ ਮੰਜ਼ਿਲਾਂ ਪਰ ਨਾ ਤਾਂ ਕੋਈ ਪੌੜੀ ਹੈ ਅਤੇ ਨਾ ਹੀ ਕੋਈ ਦਰਵਾਜ਼ਾ। ਜਿਸ ਮੰਜ਼ਿਲ 'ਤੇ ਕੋਈ ਪੈਦਾ ਹੋਇਆ ਹੈ ਉਸ ਵਿਚ ਹੀ ਉਹ ਮਰ ਜਾਵੇਗਾ। ਕੇਵਲ ਭਾਰਤ ਨੂੰ ਅਜ਼ਾਦ ਕਰਵਾਉਣਾ ਹੀ ਕਾਫੀ ਨਹੀਂ ਹੈ ਸਗੋਂ ਉਹ ਇਕ ਅਜਿਹੀ ਸੁਚੱਜੀ ਰਿਆਸਤ ਬਣੇ ਜਿਸ ਵਿਚ ਹਰ ਕਿਸੇ ਨੂੰ ਆਪਣਾ ਭਵਿੱਖ ਉੱਜਲਾ ਬਣਾਉਣ ਤੇ ਉੱਨਤ ਕਰਨ ਦਾ ਅਵਸਰ ਦਿੱਤਾ ਜਾਵੇ। ਹਰ ਕਿਸੇ ਨੂੰ ਵਧਣ ਫੁੱਲਣ ਦੀ ਖੁੱਲ ਹੋਵੇ ਅਤੇ ਉੱਨਤੀ ਕਰਨ ਦੀ ਪੂਰੀ ਅਜ਼ਾਦੀ

ਹੋਵੇ ।

ਜੇ ਅਛੂਤਾਂ ਨੂੰ ਬੁਨਿਆਦੀ ਹੱਕ ਨਾ ਦਿੱਤੇ ਗਏ ਤਾਂ ਇਹ ਉਨ੍ਹਾਂ ਵਾਸਤੇ ਸਵੈਰਾਜ ਨਹੀਂ ਸਗੋਂ ਇਕ ਤਰ੍ਹਾਂ ਦੀ ਨਵੀਂ ਗੁਲਾਮੀ ਹੋਵੇਗੀ । *ਕਰੱਤਵ ਦੀ ਪਾਲਣਾ ਕਰਦੇ ਜਾਓ, ਸਫਲਤਾ ਹੋਵੇ ਜਾਂ ਨਾ । ਅਣਜਾਣ ਲੋਕ ਸਾਡੇ ਕੰਮ ਦੀ ਕਦਰ ਕਰਨ ਜਾਂ ਨਾ, ਪਰ ਕੰਮ ਵਿਚ ਜੁਟੇ ਹੀ ਰਹੋ । ਜਦੋਂ ਇਹ ਸਾਬਤ ਹੋ ਜਾਵੇਗਾ ਕਿ ਸਾਡੇ ਉਦੇਸ਼ ਚੰਗੇ ਹਨ, ਅਸੀਂ ਸਚਾਈ ਨਾਲ ਲੋਕ ਭਲਾਈ ਦਾ ਕੰਮ ਕਰ ਰਹੇ ਹਾਂ ਤਦ ਸਾਡੇ ਵਿਰੋਧੀ ਵੀ ਸਮਰਥਕ ਬਣ ਜਾਣਗੇ, ਸਾਡੀ ਪ੍ਰਸੰਸਾ ਸਤਿਕਾਰ ਕਰਨਗੇ ।*

ਤੁਹਾਡੇ ਚੇਹਰਿਆਂ ਦੀ ਤਰਸਯੋਗ ਹਾਲਤ ਵੇਖਕੇ ਅਤੇ ਤੁਹਾਡੀਆਂ ਉਦਾਸੀਆਂ ਅਵਾਜ਼ਾਂ ਸੁਣ ਕੇ ਮੇਰਾ ਸੀਨਾ ਫਟ ਜਾਂਦਾ ਹੈ । ਕਿੰਨੇ ਚਿਰ ਤੋਂ ਤੁਸੀਂ ਜ਼ੁਲਮਾਂ ਦੀ ਚੱਕੀ ਵਿਚ ਪੀਸੇ ਜਾਂਦੇ ਰਹੇ ਹੋ । ਫੇਰ ਵੀ ਤੁਹਾਨੂੰ ਬੇ-ਹਿਮਤੀ ਤੇ ਬੇ-ਭਰੋਸਗੀ ਛੱਡਣ ਦਾ ਖਿਆਲ ਨਹੀਂ ਆਉਂਦਾ । ਤੁਸੀਂ ਜੰਮਦੇ ਹੀ ਕਿਉਂ ਨਹੀਂ ਖਤਮ ਹੋ ਜਾਂਦੇ । ਤੁਸੀਂ ਦੁੱਖ, ਗਰੀਬੀ ਅਤੇ ਗੁਲਾਮੀ ਦਾ ਚਿਤਰ ਕਿਉਂ ਭਰਦੇ ਹੋ । ਤੁਸੀਂ ਆਪਣੇ ਤਰਸਯੋਗ ਘਿਰਣਤ ਅਤੇ ਨਫਰਤ ਭਰੇ ਜੀਵਨ ਨਾਲ ਸੰਸਾਰ ਦਾ ਭਾਰ ਕਿਉਂ ਵਧਾਉਂਦੇ ਹੋ । ਜੇਕਰ ਤੁਸੀਂ ਨਵਾਂ ਜੀਵਨ ਨਹੀਂ ਢਾਲ ਸਕਦੇ ਆਪਣੀ ਹਾਲਤ ਨਹੀਂ ਬਦਲ ਸਕਦੇ ਤਾਂ ਇਸ ਨਾਲੋਂ ਮਰਨਾ ਕਿਧਰੇ ਚੰਗਾ ਹੈ । ਅਸਲ ਵਿਚ ਗੁੱਲੀ, ਜੁੱਲੀ ਅਤੇ ਕੁੱਲੀ ਜਮਾਂਦਰੂ ਅਧਿਕਾਰ ਹੈ । ਜੇਕਰ ਤੁਸੀਂ ਇੱਜ਼ਤ ਨਾਲ ਜਿਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੀ ਸਹਾਇਤਾ ਜੋ ਸਭ ਤੋਂ ਚੰਗੀ ਸਹਾਇਤਾ ਹੈ ਤੇ ਭਰੋਸਾ ਕਰਨਾ ਹੋਵੇਗਾ । ਇਕ ਸਮਾਂ ਸੀ ਜਦੋਂ ਕਿ ਅਸੀਂ ਜਿਨ੍ਹਾਂ ਨੂੰ ਅਛੂਤ ਕਹਿ ਕੇ ਭੰਡਿਆ ਜਾਂਦਾ ਹੈ, ਬਹੁਤ ਅੱਗੇ ਵਧੂ ਦੂਜੀਆਂ ਜਾਤੀਆਂ ਨਾਲੋਂ ਵੀ ਕਿਤੇ ਅੱਗੇ ਸੀ । ਦੇਸ਼ ਦੇ ਇਸ ਭਾਗ ਵਿਚ ਸਾਡੇ ਹੀ ਲੋਕਾਂ ਦਾ ਦਬਦਬਾ ਅਤੇ ਹਕੂਮਤ ਸੀ ।

ਸਾਨੂੰ ਆਪਣੇ ਵਿਚਾਰਾਂ ਨੂੰ ਸੁਧਾਰਨਾ ਚਾਹੀਦਾ ਹੈ । ਸਾਡੀ ਅਵਾਜ਼ ਵਿਚ ਸ਼ਕਤੀ ਹੋਵੇ । ਸਾਡੀ ਗੱਲ ਵਿਚ ਵਜ਼ਨ ਹੋਣਾ ਚਾਹੀਦਾ ਹੈ । ਸਾਨੂੰ ਆਪਣੇ ਵਿਚ ਉੱਚੇ ਅਤੇ ਨੀਵੇਂ, ਛੋਟੇ ਅਤੇ ਵੱਡੇ ਦਾ ਭੇਦ ਭਾਵ ਛੇਤੀ ਤੋਂ ਛੇਤੀ ਖਤਮ ਕਰਨਾ ਚਾਹੀਦਾ ਹੈ । ਸਾਡੀ ਉੱਨਤੀ ਤਾਂ ਹੀ ਹੋ ਸਕਦੀ ਹੈ ਜੇਕਰ ਅਸੀਂ ਆਪਣੇ ਆਪ ਵਿਚ ਸਵੈਮਾਨ ਦਾ ਜਜ਼ਬਾ ਪੈਦਾ ਕਰੀਏ ਅਤੇ ਆਪਾ ਪਹਿਚਾਣੀਏ....ਵਗਾਰ ਛੱਡ ਦਿਉ । ਕੁਝ ਟੁਕੜਿਆਂ ਲਈ ਆਪਣੇ ਆਪ ਨੂੰ ਗੁਲਾਮ ਨਾ ਬਣਾਵੋ । ਹਿੰਦੂ ਛੂਆ-ਛਾਤ ਕਰਨਾ ਉਦੋਂ ਤੀਕ ਨਹੀਂ ਛੱਡਣਗੇ ਜਦੋਂ ਤੀਕ ਉਨ੍ਹਾਂ ਨੂੰ ਇਹ ਨਾ ਭਾਸਣ ਲੱਗ ਜਾਵੇ ਕਿ ਛੂਆ-ਛਾਤ ਨੂੰ ਕਾਇਮ ਰੱਖਣਾ ਉਵੇਂ ਹੀ ਹੈ ਜਿਵੇਂ ਕਿ ਭਖਦੇ ਕੋਲੇ ਨੂੰ ਆਪਣੀ ਜੀਭ 'ਤੇ ਰੱਖਣਾ ।

ਬਲੂਤ ਰੁੱਖ ਦੀ ਤਰ੍ਹਾਂ ਬੇਅਰਥ ਜੀਣ ਜਾਣ ਨਾਲੋਂ ਕਿਸੇ ਵੱਡੇ ਮੰਤਵ ਅਤੇ ਉਦੇਸ਼ ਖਾਤਰ ਆਪਣੀ ਭਰ ਜਵਾਨੀ ਵਿਚ ਹੀ ਮਰ ਜਾਣਾ ਕਿਧਰੇ ਚੰਗਾ ਹੈ । ਜਿਵੇਂ ਤੁਸੀਂ (ਭਾਵ ਹਿੰਦੂ) ਕਹਿੰਦੇ ਹੋ ਕਿ ਤੁਹਾਡਾ ਧਰਮ ਸਾਡਾ ਧਰਮ ਹੈ ਤਾਂ ਫਿਰ ਤੁਹਾਡੇ ਅਤੇ ਸਾਡੇ ਅਧਿਕਾਰ ਵੀ ਬਰਾਬਰ ਹੋਣੇ ਚਾਹੀਦੇ ਹਨ । ਪਰ ਕੀ ਹਾਲਤ ਅਜਿਹੀ ਹੈ ? ਨਹੀਂ । ਹਾਲਤ ਇਸ ਤੋਂ ਉਲਟ ਹੈ । ਫਿਰ ਕਿਸ ਮੂੰਹ ਨਾਲ ਕਹਿੰਦੇ ਹੋ ਕਿ ਠੁੱਡੇ ਖਾ ਕੇ ਵੀ ਅਸੀਂ ਹਿੰਦੂ ਧਰਮ ਦੇ ਚਿੱਕੜ ਵਿਚ ਹੀ ਫਸੇ ਰਹੀਏ । ਜੋ ਧਰਮ ਆਪਣੇ ਕਰੋੜਾਂ ਪੈਰੋਕਾਰਾਂ ਨੂੰ ਕੁੱਤਿਆਂ ਅਤੇ ਬਿੱਲਿਆਂ ਤੋਂ ਵੀ ਭੈੜਾ ਸਮਝਦਾ ਹੈ ਅਤੇ ਉਨ੍ਹਾਂ 'ਤੇ ਅਣਗਿਣਤ ਅਤਿਆਚਾਰ ਢਾਹੁੰਦਾ ਹੈ ਅਤੇ ਉਨ੍ਹਾਂ ਨਾਲ ਛੂਆ-ਛਾਤ ਕਰਦਾ ਹੈ, ਉਹ ਧਰਮ ਬਿਲਕੁਲ ਨਹੀਂ । ਅਜਿਹੇ ਸ਼ੈਤਾਨੀ ਢਾਂਚੇ ਨੂੰ ਧਰਮ ਕਦਾਚਿਤ ਵੀ ਨਹੀਂ ਕਿਹਾ ਜਾ ਸਕਦਾ । ਧਰਮ ਅਤੇ ਗੁਲਾਮੀ ਇਕੱਠੀ ਨਹੀਂ ਰਹਿ ਸਕਦੇ ।

ਛੂਆ-ਛਾਤ ਅਛੂਤਾਂ ਲਈ ਉੱਨਤੀ ਦੇ ਸਾਰੇ ਰਸਤੇ ਬੰਦ ਕਰ ਦਿੰਦੀ ਹੈ....ਉਹ ਸਮਾਜ ਵਿਚ ਸੀਨਾ ਤਾਣ ਕੇ ਨਹੀਂ ਰਲ ਸਕਦੇ । ਇਹ ਅਛੂਤਾਂ ਨੂੰ ਸੌੜੇ ਘੁਰਨਿਆਂ ਵਿਚ ਅਲੱਗ-ਥਲੱਗ ਰਹਿਣ ਲਈ ਮਜਬੂਰ ਕਰਦੀ ਹੈ ।..ਹਿੰਦੂ ਸ਼ਾਸਤਰਾਂ ਦਾ ਇਹ ਪ੍ਰਚਾਰ ਕਿ ਤਿੰਨ ਵਰਨ ਦੀ ਸੇਵਾ ਕਰਨ ਨਾਲ ਸ਼ੂਦਰਾਂ ਨੂੰ ਸਵਰਗ ਮਿਲੇਗਾ, ਬਿਲਕੁਲ ਸ਼ਰਾਰਤ ਪੂਰਨ ਅਤੇ ਛਲ ਕਪਟ ਹੈ । ਛੂਆ-ਛਾਤ ਗੁਲਾਮੀ ਦਾ ਦੂਜਾ ਨਾਂ ਹੈ । ਕੋਈ ਕੌਮ ਆਪਣਾ ਸਵੈਮਾਨ ਗੁਆ ਕੇ ਉੱਨਤੀ ਨਹੀਂ ਕਰ ਸਕਦੀ । ਦੱਬੇ-ਕੁਚਲੇ ਲੋਕਾਂ ਨੂੰ ਸਵੈਮਾਨ ਅਤੇ ਅਜ਼ਾਦੀ ਪ੍ਰਾਪਤ ਹੋ ਗਈ ਤਾਂ ਉਹ ਆਪਣੀ ਮਿਹਨਤ, ਬੁੱਧੀ ਅਤੇ ਬੀਰਤਾ ਨਾਲ ਕੇਵਲ ਆਪਣੀ ਹੀ ਉੱਨਤੀ ਨਹੀਂ ਕਰਨਗੇ, ਉਹ ਕੌਮ ਦੀ ਉੱਨਤੀ ਲਈ ਵੀ ਸਹਾਈ ਹੋ ਸਕਣਗੇ । ਵਿਦਿਆ ਜਿੰਨੀ ਪੁਰਸ਼ਾਂ ਲਈ ਜ਼ਰੂਰੀ ਹੈ ਉਨੀ ਇਸਤਰੀਆਂ ਲਈ ਵੀ ਲੋੜੀਂਦੀ ਹੈ । ਜਿਵੇਂ ਤੁਸੀਂ ਹੋਵੋਗੇ ਤਿਵੇਂ ਤੁਹਾਡੇ ਬੱਚੇ ਹੋਣਗੇ । ਉਨ੍ਹਾਂ ਦੇ ਜੀਵਨ

ਨੂੰ ਨੇਕ ਬਣਾਓ ਕਿਉਂ ਕਿ ਸਪੁੱਤਰ ਅਜਿਹੇ ਹੋਣੇ ਚਾਹੀਦੇ ਹਨ ਜੋ ਸੰਸਾਰ 'ਤੇ ਚਿੰਨ੍ਹ ਛੱਡ ਜਾਵਣ ।

24 ਦਸੰਬਰ 1927 ਨੂੰ ਬਾਬਾ ਸਾਹਿਬ ਨੇ ਮੰਨੂ ਸਿਮਰਤੀ ਸਾੜੀ ਜੋ ਇਸ ਧਰਤੀ 'ਤੇ ਪਹਿਲੀ ਇਤਿਹਾਸਕ ਘਟਨਾ ਸੀ । ਜੋ ਲੋਕ ਆਪਣੇ ਅਧਿਕਾਰਾਂ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਹਨ, ਉਹੀ ਉੱਨਤੀ ਕਰਦੇ ਹਨ..ਸਾਵਧਾਨ ! ਅੱਗ ਵਿਚ ਇਸ ਲਈ ਨਾ ਕੁੱਦ ਪਵੋ ਕਿਉਂਕਿ ਮੈਂ ਤੁਹਾਨੂੰ ਅਜਿਹਾ ਕਰਨ ਲਈ ਆਖਦਾ ਹਾਂ । ਤੁਸੀਂ ਮੋਰਚੇ (ਸੰਘਰਸ਼) ਵਿਚ ਤਾਂ ਹੀ ਸ਼ਾਮਲ ਹੋਵੋ, ਜੇਕਰ ਤੁਸੀਂ ਅਜਿਹਾ ਕਰਨਾ ਠੀਕ ਸਮਝਦੇ ਹੋ ।

ਤੁਸੀਂ ਆਪਣੀਆਂ ਗੁਲਾਮੀ ਦੀਆਂ ਬੇੜੀਆਂ ਆਪ ਤੋੜੋ । ਬੇਇੱਜ਼ਤ ਹੋ ਕੇ ਜੀਵਤ ਰਹਿਣਾ ਧਿਰਕਾਰ ਹੈ । ਸਵੈਮਾਨ ਜੀਵਨ ਵਾਸਤੇ ਅਤੀ ਜ਼ਰੂਰੀ ਹੈ । ਇਸ ਤੋਂ ਬਗੈਰ ਜੀਵਨ ਨਿਕੰਮਾ ਹੈ । ਸਵੈਮਾਨ ਨਾਲ ਜੀਵਤ ਰਹਿਣ ਲਈ ਇਨਸਾਨ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਸਖਤ ਅਤੇ ਅਣਥੱਕ ਘੋਲ ਨਾਲ ਤਾਕਤ, ਵਿਸ਼ਵਾਸ ਅਤੇ ਮਾਣਤਾ ਪ੍ਰਾਪਤ ਹੁੰਦੇ ਹਨ ।

ਗੁਲਾਮ ਨੂੰ ਅਹਿਸਾਸ ਕਰਵਾ ਦਿਉ ਕਿ ਉਹ ਗੁਲਾਮ ਹੈ, ਫੇਰ ਉਹ ਬਗਾਵਤ ਕਰ ਦੇਵੇਗਾ । ਜਦੋਂ ਤੀਕ ਬਰਤਾਨਵੀ ਸਰਕਾਰ ਰਾਜਗੱਦੀ 'ਤੇ ਹੈ, ਤੁਹਾਡੀ ਤਕਦੀਰ ਨਹੀਂ ਬਦਲ ਸਕਦੀ ।.....ਅਜ਼ਾਦ ਭਾਰਤ ਦੇ ਵਿਧਾਨ ਵਿਚ ਹੀ ਤੁਹਾਨੂੰ ਕਿਸੇ ਰਾਜਸੀ ਤਾਕਤ ਪ੍ਰਾਪਤ ਹੋਣ ਦੀ ਆਸ ਹੈ, ਜਿਸ ਤੋਂ ਬਗੈਰ ਤੁਹਾਡੀ ਮੁਕਤੀ ਨਹੀਂ ਹੋ ਸਕਦੀ । ਆਪਣਾ ਫੈਸਲਾ ਕਰਦੇ ਨਾ ਕਿਸੇ ਤੋਂ ਪ੍ਰਭਾਵਿਤ ਹੋਵੋ ਅਤੇ ਨਾ ਹੀ ਭੈਭੀਤ ਹੋਵੋ। ਆਪਣੇ ਸਰਬ ਉੱਤਮ ਹਿੱਤਾਂ ਨੂੰ ਵੇਖੋ । ਮੈਨੂੰ ਉਮੀਦ ਹੈ ਕਿ ਆਜ਼ਾਦੀ ਨੂੰ ਤੁਸੀਂ ਆਪਣਾ ਨਿਸ਼ਾਨਾ ਮਿਥੋਗੇ । ਜੋ ਲਹਿਰ ਅਸੀਂ ਚਲਾਈ ਹੈ (ਅੱਜ ਡੀ ਐਸ., 4 ਦੀ ਲਹਿਰ ਨੂੰ ਇਸੇ ਪ੍ਰਸੰਗ ਵਿਚ ਸੋਚੋ) ਇਸ ਨਾਲ ਨਾ ਸਾਡੇ ਲੋਕਾਂ ਦੀ ਭਲਾਈ ਹੋਵੇਗੀ, ਸਗੋਂ ਇਸ ਨਾਲ ਦੇਸ਼ ਵਿਚ ਅਜਿਹਾ ਸਮਾਜ ਵੀ ਕਾਇਮ ਹੋ ਜਾਵੇਗਾ, ਜਿਸ ਵਿਚ ਹਰ ਵਿਅਕਤੀ ਦੇ ਜੀਵਨ ਦੇ ਹਰ ਇਕ ਪੱਖ ਅੰਦਰ ਕੀ ਰਾਜਸੀ, ਕੀ ਸਮਾਜਿਕ, ਕੀ ਆਰਥਿਕ ਇਕੋ ਜਿਹੀ ਕਦਰ-ਕੀਮਤ ਹੋਵੇਗੀ । ਜਿੱਥੇ ਤੀਕ ਮੇਰਾ ਸੰਬੰਧ ਹੈ (ਬਾਬਾ ਸਾਹਿਬ ਦਾ) ਮੈਂ ਜੋ ਕੁਝ ਮੇਰੇ ਲੋਕਾਂ ਲਈ ਠੀਕ ਹੈ, ਉਸ ਦੀ ਮੰਗ ਪੇਸ਼ ਕਰਾਂਗਾ ਅਤੇ ਨਾਲ ਹੀ ਸਵਰਾਜ ਦੀ ਮੰਗ ਦੀ ਹਮਾਇਤ ਕਰਾਂਗਾ । ਜਦੋਂ ਅਸੀਂ ਆਪਣੀ ਹੁਣ ਦੀ ਹਾਲਤ ਅਤੇ ਬਰਤਾਨਵੀ ਸਾਸ਼ਨ ਤੋਂ ਪਹਿਲਾਂ ਦੀ ਹਾਲਤ ਦਾ ਮੁਕਾਬਲਾ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਅਸੀਂ ਉੱਨਤੀ ਦੀ ਬਜਾਏ ਐਵੇਂ ਸਮਾਂ ਕੱਟ ਰਹੇ ਹਾਂ ।.....ਇਸ ਲਈ ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ, ਜਿਸ ਵਿਚ ਤਾਕਤ ਅਜਿਹੇ ਲੋਕਾਂ ਦੇ ਹੱਥਾਂ ਵਿਚ ਹੋਵੇ ਜੋ ਇਕ ਮਾਤਰ ਦੇਸ਼ ਹਿੱਤ ਨੂੰ ਹੀ ਸਭ ਤੋਂ ਵੱਧ ਪਿਆਰਦੇ ਹੋਣ । ਸਾਨੂੰ ਅਜਿਹੀ ਸਰਕਾਰ ਚਾਹੀਦੀ ਹੈ ਜਿਸ ਵਿਚ ਸ਼ਕਤੀ ਅਜਿਹੇ ਲੋਕਾਂ ਦੇ ਹੱਥ ਵਿਚ ਹੋਵੇ ਜੋ...ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਅਜਿਹੇ ਪਰਵਰਤਨ ਕਰਨ, ਜੋ ਇਨਸਾਫ ਦੇ ਤਕਾਜ਼ੇ ਅਤੇ ਸਮੇਂ ਦੀ ਪੁਕਾਰ ਹੋਣ, ਤੋਂ ਨਹੀਂ ਦਬਣਗੇ । ਅਸੀਂ ਮਹਿਸੂਸ ਕਰਦੇ ਹਾਂ ਕਿ ਕੋਈ ਦੂਜਾ ਸਾਡੇ ਦੁੱਖ ਦੂਰ ਨਹੀਂ ਕਰ ਸਕਦਾ । ਜਦ ਤੱਕ ਸਾਡੇ ਆਪਣੇ ਹੱਥਾਂ ਵਿਚ ਰਾਜਸੀ ਤਾਕਤ ਨਹੀਂ ਆ ਜਾਂਦੀ, ਸਾਡੇ ਦੁੱਖ ਦੂਰ ਨਹੀਂ ਹੋ ਸਕਦੇ । ਦਲਿਤ ਵਰਗ ਨੇ ਬਹੁਤ ਦੇਰ ਇੰਤਜ਼ਾਰ ਕੀਤੀ ਹੈ ਪਰ ਕੋਈ ਜਾਦੂ ਨਹੀਂ ਚਲਿਆ ।

ਮੈਂ ਇਸ ਧਰਮ ਨੂੰ (ਹਿੰਦੂ ਧਰਮ) ਆਪਣਾ ਕਿਵੇਂ ਆਖ ਸਕਦਾ ਹਾਂ ਜਿਸ ਵਿਚ ਸਾਡੇ ਨਾਲ ਕੁੱਤਿਆਂ ਅਤੇ ਬਿੱਲਿਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਹੈ । ਕੋਈ ਵੀ ਸਵੈਅਭਿਮਾਨੀ ਅਛੂਤ ਇਸ ਮਾਤਰ ਭੂਮੀ 'ਤੇ ਮਾਣ ਨਹੀਂ ਕਰ ਸਕਦਾ । ਜਿੰਨੀ ਬੇਈਮਾਨੀ ਸਾਡੇ ਨਾਲ ਕੀਤੀ ਗਈ ਹੈ, ਜਿੰਨੀਆਂ ਮੁਸੀਬਤਾਂ ਸਾਡੇ 'ਤੇ ਨਾਜ਼ਲ ਕੀਤੀਆਂ ਗਈਆਂ ਹਨ, ਉਹ ਏਨੀਆਂ ਜ਼ਿਆਦਾ ਹਨ ਕਿ ਜੇਕਰ ਅਸੀਂ ਜਾਣੇ-ਅਣਜਾਣੇ ਇਸ ਦੇਸ਼ ਵਿਰੁੱਧ ਭੰਨ-ਤੋੜ ਦੀ ਕਾਰਵਾਈ ਦੇ ਸ਼ਿਕਾਰ ਵੀ ਹੋ ਜਾਈਏ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਇਸ 'ਤੇ (ਭਾਵ ਹਿੰਦੂ ਧਰਮ 'ਤੇ) ਹੋਵੇਗੀ ।

ਜੇਕਰ ਮੈਂ ਆਪਣੇ ਲੋਕਾਂ ਵਾਸਤੇ, ਜੋ ਕਈਆਂ ਸਦੀਆਂ ਤੋਂ ਗੁਲਾਮੀ ਦੀ ਚੱਕੀ ਵਿਚ ਪੀਸੇ ਜਾ ਰਹੇ ਹਨ, ਮਨੁੱਖੀ ਅਧਿਕਾਰ ਪ੍ਰਾਪਤ ਕਰਨ ਲਈ ਦੇਸ਼ ਦਾ ਕੁਝ ਬੁਰਾ ਵੀ ਕਰ ਦਿਆਂ ਤਾਂ ਇਹ ਕੋਈ ਪਾਪ ਨਹੀਂ ।...ਆਪਣੀ ਅਤੇ ਨਿਰਮਲ ਜ਼ਮੀਰ ਕਰਕੇ ਮੈਂ ਇਸ ਦੇਸ਼ ਨੂੰ ਕੋਈ ਨੁਕਸਾਨ ਪਹੁੰਚਾਏ ਬਗੈਰ ਆਪਣੇ ਲੋਕਾਂ ਲਈ ਮਨੁੱਖੀ ਅਧਿਕਾਰ ਪ੍ਰਾਪਤ ਕਰਨ ਲਈ ਉਪਰਾਲਾ ਕਰ ਰਿਹਾ ਹਾਂ ।

(ਇਸਤਰੀਆਂ ਨੂੰ) ਜੇਕਰ ਤੁਸੀਂ ਆਪਣੀਆਂ ਗੁਲਾਮੀ ਦੀਆਂ ਬੇੜੀਆਂ ਕੱਟਣ ਲਈ ਹਰ ਪ੍ਰਕਾਰ ਦੇ ਤਸੀਹੇ

ਝੱਲਣ ਲਈ ਤਿਆਰ ਹੋ ਤਾਂ ਤੁਹਾਡੇ ਲਈ ਅਧਿਕਾਰ ਪ੍ਰਾਪਤ ਕਰਨ ਦੀ ਖਾਤਰ ਜੋ ਘੋਲ ਮੈਂ ਲੜਾਂਗਾ, ਉਸ ਦੀ ਜਿੱਤ ਦਾ ਸਿਹਰਾ, ਤੁਹਾਡੇ ਸਿਰ ਬਝੇਗਾ ।.....ਪਰ ਇਸ ਗੱਲ ਦਾ ਵਿਸ਼ਵਾਸ ਰੱਖੋ ਕਿ ਅਸੀਂ ਤੁਹਾਡੀ ਭਲਾਈ ਲਈ ਧਰਤੀ ਅਸਮਾਨ ਤੇ ਪਤਾਲ ਇਕ ਕਰ ਦਿਆਂਗੇ । ਸਾਨੂੰ ਆਪਣੇ ਪੈਰਾਂ 'ਤੇ ਆਪ ਖਲੋਣਾ ਚਾਹੀਦਾ ਹੈ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪੂਰਾ ਤਾਣ ਲਾਉਣਾ ਚਾਹੀਦਾ ਹੈ । ਜਿਸ ਲਈ ਆਪਣਾ ਸੰਘਰਸ਼ ਜਾਰੀ ਰੱਖੋ ਅਤੇ ਆਪਣੀਆਂ ਸ਼ਕਤੀਆਂ ਨੂੰ ਸੰਗਠਤ ਕਰੋ । ਜੱਦੋ-ਜਹਿਦ ਨਾਲ ਵੀ ਤੁਹਾਨੂੰ ਤਾਕਤ ਅਤੇ ਇੱਜ਼ਤ ਪ੍ਰਾਪਤ ਹੋਵੇਗੀ ।

-ਸਾਨੂੰ ਆਪਣੇ ਪੈਰਾਂ 'ਤੇ ਖਲੋਣਾ ਚਾਹੀਦਾ ਹੈ ਤੇ ਉਦਮ ਕਰਨਾ ਚਾਹੀਦਾ ਹੈ । ਸਾਨੂੰ ਹਰ ਕੀਮਤ 'ਤੇ ਇਸ ਛੂਆ-ਛਾਤ ਦੀ ਲਾਹਨਤ ਤੋਂ ਮੁਕਤ ਹੋਣਾ ਚਾਹੀਦਾ ਹੈ ।

-ਮੰਦੇ ਭਾਗੀ ਕਾਂਗਰਸ ਨੇ ਗਾਂਧੀ ਨੂੰ ਆਪਣਾ ਪ੍ਰਤੀਨਿਧ ਚੁਣ ਲਿਆ । ਭਾਰਤ ਦੇ ਭਵਿੱਖ ਦੀ ਅਗਵਾਈ ਕਰਨ ਵਾਲਾ ਇਸ ਤੋਂ ਭੈੜਾ ਪੁਰਸ਼ ਕੋਈ ਨਹੀਂ ਚੁਣਿਆ ਜਾ ਸਕਦਾ ਸੀ ।

-ਮੈਂ ਇਹ ਪਰਣ ਕੀਤਾ ਹੋਇਆ ਹੈ ਕਿ ਮੈਂ ਉਨ੍ਹਾਂ ਦੱਬੇ-ਕੁਚਲੇ ਲੋਕਾਂ ਜਿਨ੍ਹਾਂ ਵਿਚ ਮੈਂ ਪੈਦਾ ਹੋਇਆ, ਪਲਿਆ ਅਤੇ ਰਹਿ ਰਿਹਾ ਹਾਂ, ਦੀ ਸੇਵਾ ਕਰਦਿਆਂ ਹੀ ਮਰਾਂਗਾ । ਮੈਂ ਸਹੀ ਰਸਤੇ ਤੋਂ ਇਕ ਇੰਚ ਪਿੱਛੇ ਨਹੀਂ ਹਟਾਂਗਾ, ਚਾਹੇ ਕਿਤਨੀ ਵੀ ਵਿਰੋਧਤਾ ਜਾਂ ਅਲੋਚਨਾ ਕਿਉਂ ਨਾ ਹੋਵੇ ।

-ਜੇਕਰ ਗਾਂਧੀ ਜੀ ਭਾਰਤ ਦੀ ਅਜ਼ਾਦੀ ਵਾਸਤੇ ਮਰਨ ਵਰਤ ਰੱਖਦੇ ਤਾਂ ਉਹ ਹੱਕੀ ਸੀ । ਪਰ ਇਹ ਇਕ ਦੁਖਦਾਈ ਹੈਰਾਨੀ ਹੈ ਕਿ ਗਾਂਧੀ ਜੀ ਨੇ ਇੱਕਲੇ ਅਛੂਤਾਂ ਨੂੰ ਹੀ ਆਪਣੇ ਵਿਰੋਧ ਲਈ ਚੁਣਿਆ । ਫਿਰਕੂ ਫੈਸਲੇ ਰਾਹੀਂ ਭਾਰਤੀ ਇਸਾਈਆਂ, ਮੁਸਲਮਾਨਾਂ ਸਿੱਖਾਂ ਅਤੇ ਯਰੂਪੀ ਐਂਗਲੋ ਇੰਡੀਅਨ ਲੋਕਾਂ ਨੂੰ ਵੀ ਵੱਖਰੇ ਚੋਣ ਖੇਤਰਾਂ ਦੇ ਅਧਿਕਾਰ ਦਿੱਤੇ ਗਏ ਪਰ ਗਾਂਧੀ ਜੀ ਨੇ ਉਨ੍ਹਾਂ ਬਾਰੇ ਕੋਈ ਇਤਰਾਜ਼ ਨਹੀਂ ਕੀਤਾ ।

(ਮਹਾਤਮਾ ਗਾਂਧੀ ਨੇ 19 ਸਤੰਬਰ 1932 ਨੂੰ ਪੂਨੇ ਦੀ ਯਰਵਦਾ ਜੇਲ੍ਹ ਵਿਚ ਅਛੂਤਾਂ ਦੇ ਅਧਿਕਾਰਾਂ ਵਿਰੁੱਧ ਮਰਨ ਵਰਤ ਰੱਖਿਆ ਸੀ । ਲੇਖਕ)

-ਅਨੇਕਾਂ ਮਹਾਤਮਾ ਆਏ ਅਨੇਕਾਂ ਚਲੇ ਗਏ ਪਰ ਅਛੂਤ ਅਛੂਤ ਹੀ ਰਹੇ ।

-(ਅਛੂਤਾਂ ਨੂੰ) ਤੁਹਾਡੇ ਗਲ ਵਿਚ ਪਾਈਆਂ ਤੁਲਸੀ ਦੀਆਂ ਮਾਲਾਵਾਂ ਤੁਹਾਨੂੰ ਸਾਹੂਕਾਰਾਂ ਦੇ ਸੂਦ ਤੋਂ ਨਹੀਂ ਬਚਾ ਸਕਦੀਆਂ । ਕਿਉਂਕਿ ਤੁਸੀਂ ਰਾਮ ਦੇ ਗੀਤ ਗਾਉਂਦੇ ਹੋ ਇਸ ਲਈ ਤੁਹਾਨੂੰ ਮਾਲਕ ਕਿਰਾਏ ਵਿਚ ਛੋਟ ਨਹੀਂ ਦੇਵੇਗਾ ।....ਕਿਉਂਕਿ ਤੁਸੀਂ ਅਜਿਹੀਆਂ ਬੇਅਰਥ ਗੱਲਾਂ ਜਾਦੂ ਟੂਣਿਆਂ ਵਿਚ ਫਸੇ ਹੋਏ ਹੋ ਇਸ ਲਈ ਸਿਆਣੇ ਸੁਘੜ ਲੋਕਾਂ ਨੂੰ ਤੁਹਾਡੇ 'ਤੇ ਜ਼ੁਲਮ ਕਰਨ ਦਾ ਚੰਗਾ ਅਵਸਰ ਮਿਲ ਜਾਂਦਾ ਹੈ ।....ਜਿੰਨੀ ਜਲਦੀ ਤੁਸੀਂ ਇਸ ਵਿਸ਼ਵਾਸ ਨੂੰ ਤਿਆਗੋਗੇ ਕਿ ਤੁਹਾਡੀ ਮੌਜੂਦਾ ਦੁਰਦਸ਼ਾ ਪਿਛਲੇ ਕਰਮਾਂ ਦਾ ਫਲ ਹੈ.....ਚੰਗਾ ਹੈ । ਇਹ ਵਿਚਾਰ ਬਿਲਕੁਲ ਗਲਤ ਹੈ ਕਿ ਤੁਹਾਡੀ ਗਰੀਬੀ ਧੁਰੋਂ ਲਿਖੀ ਹੈ ।....ਆਪਣੇ ਆਪ ਨੂੰ ਗੁਲਾਮ ਸਮਝਣ ਦੀ ਭਾਵਨਾ ਤਿਆਗ ਦਿਓ ।

-ਅਛੂਤਾਂ ਦੀ ਮੁਕਤੀ ਉੱਚੀ ਵਿਦਿਆ, ਉੱਚੀਆਂ ਨੌਕਰੀਆਂ ਅਤੇ ਚੰਗੀ ਉਪਜੀਵਕਾਂ ਨਾਲ ਹੀ ਹੋ ਸਕਦੀ ਹੈ ।

-ਜੇ ਤੁਸੀ ਭੱਦਰ ਪੁਰਸ਼ ਦੀ ਬਜਾਏ ਇਕ ਹਿੰਦੂ ਹੀ ਬਣੇ ਰਹਿਣਾ ਚਾਹੁੰਦੇ ਹੋ, ਤਾਂ ਤੁਹਾਡੇ ਮੰਦਰਾਂ 'ਤੇ ਲਾਹਨਤ, ਤੁਹਾਡੇ ਦੇਵਤਿਆਂ 'ਤੇ ਲਾਹਨਤ ਸਾਨੂੰ ਆਉਣ ਦੀ ਲੋੜ ਨਹੀਂ ।

-ਤੁਸੀਂ (ਦਲਿਤੋ) ਜੋ ਕੁਝ ਗਵਾਇਆ ਏ, ਦੂਜਿਆਂ ਨੇ ਪਾਇਆ ਏ । ਤੁਹਾਡੀ ਨਿਰਾਦਰੀ ਦੂਜਿਆਂ ਲਈ ਮਾਣ ਦਾ ਕਾਰਨ ਹੈ । ਤੁਹਾਡੀ ਨਿਰਾਦਰੀ ਤੁਹਾਡੀਆਂ ਥੁੜ੍ਹਾਂ, ਤੰਗੀਆਂ ਅਤੇ ਬੇਇੱਜ਼ਤੀਆਂ ਪਿਛਲੇ ਜਨਮ ਵਿਚ ਕੀਤੇ ਪਾਪਾਂ ਕਰਕੇ ਨਹੀਂ ਹਨ । ਇਹ ਸਭ ਤੁਹਾਡੇ 'ਤੇ ਢਾਏ ਹੋਏ ਅਤਿਆਚਾਰ ਅਤੇ ਛਲ-ਕਪਟ ਕਰਕੇ ਹੈ । ਤੁਹਾਡੇ ਪਾਸ ਜ਼ਮੀਨਾਂ ਨਹੀਂ ਕਿਉਂਕਿ ਇਹ ਦੂਜਿਆਂ ਨੇ ਹਥਿਆ ਲਈਆਂ ਹਨ। ਤੁਹਾਨੂੰ ਸਰਕਾਰੀ ਨੌਕਰੀਆਂ ਨਹੀਂ ਮਿਲਦੀਆਂ ਕਿਉਂਕਿ ਇਨ੍ਹਾਂ 'ਤੇ ਦੂਜਿਆਂ ਦੀ ਅਜਾਰੇਦਾਰੀ ਹੈ । ਕਿਸਮਤ ਉੱਤੇ ਭਰੋਸਾ ਮੱਤ ਰੱਖੋ । ਆਪਣੀ ਤਾਕਤ 'ਤੇ ਵਿਸ਼ਵਾਸ ਕਰੋ ।

-ਸਾਡੀ ਲਹਿਰ ਦਾ ਮੰਤਵ ਹੈ ਅਤਿਆਚਾਰ, ਅਨਿਆਂ ਝੂਠੀਆਂ ਰਵਾਇਤਾਂ ਵਿਰੁੱਧ ਘੋਲ ਕਰਨਾ ਅਤੇ ਉੱਚੇ ਵਰਗਾਂ ਦੇ ਵਿਸ਼ੇਸ਼ ਪ੍ਰਕਾਰ ਦੇ ਅਧਿਕਾਰ ਖਤਮ ਕਰਕੇ ਗਰੀਬ ਜਨਤਾ ਦੀ ਗੁਲਾਮੀ ਦੀਆਂ ਬੇੜੀਆਂ

ਤੋੜਨਾ ।

-ਤੁਸੀਂ ਆਪਣੀ ਗੁਲਾਮੀ ਆਪ ਦੂਰ ਕਰੋ । ਤੁਸੀਂ ਆਪਣੀ ਗੁਲਾਮੀ ਦੇ ਖਾਤਮੇ ਲਈ ਪ੍ਰਮਾਤਮਾ ਜਾਂ ਹੋਰ ਕਿਸੇ ਅਦਿੱਖ ਸ਼ਕਤੀ 'ਤੇ ਭਰੋਸਾ ਨਾ ਕਰੋ । ਤੁਹਾਡੀ ਮੁਕਤੀ ਰਾਜਸੀ ਤਾਕਤ ਵਿਚ ਹੈ, ਵਰਤ ਰੱਖਣਾ ਜਾਂ ਤੀਰਥਾਂ ਦੀ ਯਾਤਰਾ ਵਿਚ ਨਹੀਂ । ਧਾਰਮਿਕ ਪੁਸਤਕਾਂ ਦਾ ਪਾਠ ਤੁਹਾਨੂੰ ਗੁਲਾਮੀ ਤੋਂ ਮੁਕਤ ਨਹੀਂ ਕਰ ਸਕਦਾ ।.....ਆਪਣੇ ਬਜ਼ੁਰਗਾਂ ਦੀ ਤਰ੍ਹਾਂ ਤੁਹਾਡੇ ਤਨ 'ਤੇ ਵੀ ਲੀਰਾਂ ਹਨ । ਉਨ੍ਹਾਂ ਵਾਂਗ ਹੀ ਤੁਸੀਂ ਹਨੇਰੀਆਂ ਕੋਠੜੀਆਂ ਵਿਚ ਸੜ ਰਹੇ ਹੋ......ਤੁਹਾਡੀ ਧਾਰਮਿਕ ਤਪ ਤੱਪਸਿਆ ਤੁਹਾਨੂੰ ਭੁੱਖ ਮਰੀ ਤੋਂ ਨਹੀਂ ਬਚਾ ਸਕਦੀ ।

ਕਿਸੇ ਫਿਰਕੇ ਦੀ ਗਿਣਤੀ ਵਿਚ ਬਹੁਤੇ ਹੋਣਾ ਕਾਫੀ ਨਹੀਂ । ਉਸ ਦੇ ਲੋਕੀ ਸਦਾ ਸੰਗਠਤ, ਚਿੰਤਕ, ਤਕੜੇ, ਪੜ੍ਹੇ-ਲਿਖੇ, ਅਣਖੀ ਅਤੇ ਸਫਲਤਾ ਨੂੰ ਕਾਇਮ ਰੱਖਣ ਦੇ ਯੋਗ ਵੀ ਹੋਣੇ ਚਾਹੀਦੇ ਹਨ ।ਮੈਂ ਹਿੰਦੂ ਪੈਦਾ ਜ਼ਰੂਰ ਹੋਇਆ ਹਾਂ ਪਰ ਬਤੌਰ ਹਿੰਦੂ ਮਰਾਂਗਾ ਨਹੀਂ.....ਹਿੰਦੂ ਧਰਮ ਸਾਡੇ ਵੱਡੇ-ਵਡੇਰਿਆਂ ਦਾ ਕਰਮ-ਧਰਮ ਨਹੀਂ ।ਇਹ ਤਾਂ ਸਗੋਂ ਗੁਲਾਮੀ ਵਜੋਂ (ਸਾਡੇ 'ਤੇ) ਲਦਿਆ ਅਤੇ ਠੋਸਿਆ ਗਿਆ ਹੈ ।.... ਸਾਡੇ ਬਜ਼ੁਰਗਾਂ ਪਾਸ ਇਸ ਗੁਲਾਮੀ ਵਿਰੁੱਧ ਲੜਨ ਲਈ ਸਾਧਨ ਨਹੀਂ ਸਨ...ਹਿੰਦੂ ਧਰਮ ਨਾ ਬਰਾਬਰੀ ਦਾ ਧਰਮ ਹੈ ।.....ਛੂਆ ਛੂਤ ਹਿੰਦੂ ਧਰਮ ਦੀ ਇਕ ਅਨੋਖੀ ਅਤੇ ਵਿਸ਼ੇਸ਼ ਉਪਜ ਹੈ । ਛੂਆ ਛਾਤ ਦੀ ਸਮੱਸਿਆ ਇਕ ਤਰ੍ਹਾਂ ਦਾ ਵਰਗ ਸੰਘਰਸ਼ ਹੈ ।ਇਹ ਸਵਰਨ ਹਿੰਦੂਆਂ ਅਤੇ ਅਛੂਤਾਂ ਵਿਚਕਾਰ ਸ਼੍ਰੇਣੀ ਯੁੱਧ ਹੈ ।ਇਹ ਕੋਈ ਕਿਸੇ ਇਕ ਵਿਅਕਤੀ ਵਿਰੁੱਧ ਜ਼ੁਲਮ ਜਾਂ ਬੇਇਨਸਾਫੀ ਨਹੀਂ ਸਗੋਂ ਇਹ ਤਾਂ ਇਕ ਵਰਗ ਦਾ ਦੂਜੇ ਵਰਗ ਵਿਰੁੱਧ ਘੋਲ ਹੈ ।ਅਜਿਹੇ ਲੋਕਾਂ ਦੀ ਸੰਗਤ ਮੱਤ ਕਰੋ । ਇਹ ਤਾਂ ਰੌਲਾ ਪਾਉਂਦੇ ਹਨ ਕਿ ਪ੍ਰਮਾਤਮਾ ਸਰਬ ਵਿਆਪੀ ਹੈ, ਪਰ ਆਪਣੇ ਹੀ ਸਹਿਧਰਮੀ ਪੁਰਖ ਨੂੰ ਪਸ਼ੂਆਂ ਤੋਂ ਵੀ ਭੈੜੇ ਸਮਝਦੇ ਹਨ ।ਅਜਿਹੇ ਲੋਕ ਪਾਖੰਡੀ ਹਨ ।ਅਜਿਹੇ ਲੋਕਾਂ ਨਾਲ ਮੇਲ ਜੋਲ ਮੱਤ ਰੱਖੋ ਜੋ ਕਾਢਿਆਂ ਅਤੇ ਕੀੜਿਆਂ ਦੇ ਭੌਣਾ 'ਤੇ ਤਾਂ ਮਿੱਠਾ ਖਿਲਾਰਦੇ ਹਨ, ਪ੍ਰੰਤੂ ਉਹ ਆਦਮੀ ਨੂੰ ਪਾਣੀ ਪੀਣ ਤੋਂ ਮਨ੍ਹਾਂ ਕਰਕੇ ਭੁੱਖਾ ਪਿਆਸਾ ਮਾਰ ਦਿੰਦੇ ਹਨ ।

ਛੂਆ ਛਾਤ ਕਰਕੇ ਤੁਹਾਡੀਆਂ ਯੋਗਤਾਵਾਂ ਵਿਅਰਥ ਜਾਂਦੀਆਂ ਹਨ । ਤੁਹਾਡੇ ਸਰੀਰਕ ਅਤੇ ਮਾਨਸਿਕ ਗੁਣਾਂ ਦੀ ਕੋਈ ਕਦਰ ਨਹੀਂ ਹੁੰਦੀ ।..ਛੂਆ ਛਾਤ ਇਕ ਅਜਿਹੀ ਲਾਹਨਤ ਹੈ ਜਿਸ ਨੇ ਤੁਹਾਡੇ ਸੰਸਕਾਰ, ਹੱਦ ਨਾਂ ਅਤੇ ਇੱਜ਼ਤ ਤਬਾਹ ਕਰ ਦਿੱਤੇ ਹਨ ।....ਤੁਸੀਂ (ਅਛੂਤ) ਅਜਿਹੇ ਧਰਮ ਵਿਚ ਕਿਉਂ ਰਹਿੰਦੇ ਹੋ ਜੋ ਤੁਹਾਨੂੰ ਇੱਜ਼ਤ, ਰੋਜ਼ੀ, ਰੋਟੀ, ਮਕਾਨ ਅਤੇ ਧਨ ਤੋਂ ਸੱਖਣਾ ਰੱਖਦਾ ਹੈ...ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪੁਰਖ ਧਰਮ ਵਾਸਤੇ ਨਹੀਂ ।ਜੋ ਧਰਮ ਆਪਣੇ ਪੈਰੋਕਾਰਾਂ ਨੂੰ ਪਸ਼ੂਆਂ ਨਾਲ ਛੋਹਣ ਦੀ ਤਾਂ ਆਗਿਆ ਦਿੰਦਾ ਹੈ ਪਰ ਪੁਰਖਾਂ ਨੂੰ ਛੋਹਣ ਨੂੰ ਪਾਪ ਕਹਿੰਦਾ ਹੈ, ਉਹ ਧਰਮ ਨਹੀਂ ਸਗੋਂ ਇਕ ਮਜ਼ਾਕ ਹੈ । ਜੋ ਧਰਮ ਅਗਿਆਨੀ ਅਤੇ ਨਿਰਧਨ ਰਹਿਣ 'ਤੇ ਮਜ਼ਬੂਰ ਕਰਦਾ ਹੈ ਉਹ ਧਰਮ ਨਹੀਂ ਸਗੋਂ ਇਕ ਸਟੰਟ ਹੈ ।

ਕਾਂਗਰਸ ਲੋਟੂਆਂ ਅਤੇ ਲੁੱਟੇ ਜਾਣ ਵਾਲਿਆਂ ਦਾ ਸਮੂਹ ਹੈ ।ਰਵਾਇਤੀ ਤੌਰ 'ਤੇ ਭਾਰਤੀ ਲੋਕ ਵਿਸ਼ਵਾਸ ਜ਼ਿਆਦਾ ਕਰਦੇ ਹਨ ।ਉਹ ਸੂਝ ਅਤੇ ਸਮਝ ਤੋਂ ਘੱਟ ਕੰਮ ਲੈਂਦੇ ਹਨ । ਜਿਹੋ ਜਿਹੀਆਂ ਵਚਿੱਤਰ ਗੱਲਾਂ ਸਾਡੇ ਦੇਸ਼ ਵਿਚ ਕੁਝ ਆਗੂ ਕਰਦੇ ਹਨ, ਅਜਿਹੀਆਂ ਗੱਲਾਂ ਉਹ ਬਦੇਸ਼ ਵਿਚ ਕਰਦੇ ਤਾਂ ਉਨ੍ਹਾਂ ਨੂੰ ਪਾਗਲ ਕਿਹਾ ਜਾਂਦਾ । ਪਰ ਸਾਡੇ ਦੇਸ਼ ਵਿਚ ਅਜਿਹੇ ਪੁਰਸ਼ਾਂ ਨੂੰ ਮਹਾਤਮਾ ਜਾਂ ਜੋਗੀ ਦੀ ਪਦਵੀ ਦਿੱਤੀ ਜਾਂਦੀ ਹੈ ਅਤੇ ਲੋਕ ਉਸ ਪਿੱਛੇ ਇਉਂ ਭੱਜਣ ਲੱਗ ਪੈਂਦੇ ਹਨ ਜਿਵੇਂ ਭੇਡਾਂ ਬਕਰੀਆਂ ਆਜੜੀ ਪਿੱਛੇ ਭੱਜਦੀਆਂ ਹਨ । ਇਸ ਦੇਸ਼ ਵਿਚ ਮਜ਼ਦੂਰ ਵਰਗ ਦੇ ਦੋ ਸ਼ਤਰੂ ਹਨ । ਇਹ ਹਨ ਬ੍ਰਾਹਮਣਵਾਦ ਅਤੇ ਪੂੰਜੀਵਾਦ ਬ੍ਰਾਹਮਣਵਾਦ ਏਨਾ ਸਰਬ ਵਿਆਪੀ ਹੈ ਕਿ ਇਹ ਆਰਥਕ ਖੇਤਰਾਂ ਵੱਲ ਵੀ ਮਾਰ ਕਰਦਾ ਹੈ ।.....ਜੇਕਰ ਮਜ਼ਦੂਰ ਏਕਤਾ ਲਿਆਉਣੀ ਚਾਹੁੰਦੇ ਹਨ ਤਾਂ ਬ੍ਰਾਹਮਣਵਾਦ ਦਾ ਪੂਰਾ ਖੋਜ ਮਿਟਾਉਣ, ਕਿਉਂਕਿ ਇਹੀ ਨਾ ਬਰਾਬਰੀ ਦੀ ਭਾਵਨਾ ਦੀ ਜੜ੍ਹ ਹੈ ।

ਸਦਾਚਾਰ ਵਿਦਿਆ ਤੋਂ ਵੀ ਵਧੇਰੇ ਜ਼ਰੂਰੀ ਹੈ ।ਗਾਂਧੀ ਤਾਂ ਕਪਟੀ ਹੈ । ਗੋਲ ਮੇਜ਼ ਕਾਨਫਰੰਸ ਵਿਚ ਉਸ ਦਾ ਕਿਰਦਾਰ ਦੇਸ਼ ਧਰੋਹੀ ਦਾ ਕਿਰਦਾਰ ਸੀ ।ਜੇਕਰ ਅਜਿਹੇ ਆਦਮੀ ਨੇ ਜਿਸ ਦੀ ਬਗਲ ਵਿਚ ਛੁਰੀ ਹੋਵੇ ਪਰ ਮੂੰਹ 'ਚ ਰਾਮ ਰਾਮ ਹੋਵੇ, ਮਹਾਤਮਾ ਕਿਹਾ ਜਾ ਸਕਦਾ ਹੈ ਤਾਂ ਮੋਹਨ ਦਾਸ ਕਰਮ ਚੰਦ ਗਾਂਧੀ ਸੱਚ ਮੁੱਚ ਇਕ ਮਹਾਤਮਾ ਹੈ ।ਕਾਂਗਰਸ ਤਾਂ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਿੱਤਾਂ ਦੀ ਕੁਰਬਾਨੀ ਦੇ ਕੇ ਪੂੰਜੀਪਤੀਆਂ ਅਤੇ ਲੋਟੂਆਂ ਦੇ ਹਿੱਤਾਂ

ਲਈ ਵਿਧਾਨਕ ਮਸ਼ੀਨਰੀ ਨੂੰ ਵਰਤ ਰਹੀ ਹੈ । ਅਸੀਂ ਅਜਿਹੇ ਸੰਵਿਧਾਨ ਦੀ ਆਗਿਆ ਨਹੀਂ ਦੇ ਸਕਦੇ ਜੋ ਹਿੰਦੂਆਂ ਵਾਸਤੇ ਤਾਂ ਅਜ਼ਾਦੀ ਦਿੰਦਾ ਹੋਵੇ ਪ੍ਰੰਤੂ ਸਾਡੇ ਉੱਤੇ ਸਾਮਰਾਜ ਕਾਇਮ ਕਰਦਾ ਹੋਵੇ । ਅਸੀਂ ਉਸ ਸੰਵਿਧਾਨ ਦੀ ਆਗਿਆ ਨਹੀਂ ਦੇਵਾਂਗੇ, ਜਿਸ ਵਿਚ ਅਸੀਂ ਅਜ਼ਾਦ ਨਾ ਹੋਈਏ ਅਤੇ ਸਾਨੂੰ ਬਰਾਬਰੀ ਪ੍ਰਾਪਤ ਨਾ ਹੋਵੇ । ਮੈਂ ਇਹ ਕਦੀ ਨਹੀਂ ਹੋਣ ਦਿਆਂਗਾ ।

ਮੇਰੀ ਇਕ ਹੋਰ ਵਫ਼ਾਦਾਰੀ ਵੀ ਹੈ, ਜਿਸ ਨਾਲ ਮੈਂ ਸਦਾ ਬੱਝਾ ਹੋਇਆ ਹਾਂ ਅਤੇ ਜਿਸ ਨੂੰ ਮੈਂ ਕਦੀ ਵੀ ਧੋਖਾ ਨਹੀਂ ਦਿਆਂਗਾ । ਇਹ ਵਫ਼ਾਦਾਰੀ ਅਛੂਤਾਂ ਦੇ ਪ੍ਰਤੀ ਹੈ । ਜਿਨ੍ਹਾਂ ਵਿਚ ਮੇਰਾ ਜਨਮ ਹੋਇਆ ਹੈ ਅਤੇ ਜਿਨ੍ਹਾਂ ਨਾਲ ਮੇਰਾ ਖ਼ੂਨ ਦਾ ਰਿਸ਼ਤਾ ਹੈ । ਜਦ ਕਦੀ ਅਛੂਤਾਂ ਅਤੇ ਦੇਸ਼ ਦੇ ਹਿੱਤਾਂ ਦਾ ਟਾਕਰਾ ਹੋਵੇਗਾ, ਅਛੂਤਾਂ ਦਾ ਹਿੱਤ, ਜਿਥੋਂ ਤੀਕ ਮੇਰਾ ਸੰਬੰਧ ਹੈ, ਪਹਿਲ ਪ੍ਰਾਪਤ ਕਰੇਗਾ । ਜਦ ਮੇਰੇ ਅਤੇ ਦੇਸ਼ ਦੇ ਵਿਚਕਾਰ ਸਵਾਲ ਹੋਵੇਗਾ ਤਾਂ ਮੈਂ ਦੇਸ਼ ਨੂੰ ਪਹਿਲ ਦਿਆਂਗਾ, ਪਰ ਜਦੋਂ ਦੇਸ ਅਤੇ ਦਲਿਤ ਵਰਗਾਂ ਦਾ ਸੰਘਰਸ਼ ਹੋਵੇਗਾ ਤਾਂ ਮੈਂ ਦਲਿਤ ਵਰਗਾਂ ਨੂੰ ਪਹਿਲ ਦਿਆਂਗਾ ।

ਗਾਂਧੀ ਯੁੱਗ ਭਾਰਤ ਦਾ ਸਭ ਤੋਂ ਕਾਲਾ ਯੁੱਗ ਹੈ । ਇਹ ਗੱਲ ਕਿ ਕਾਂਗਰਸ ਦੇਸ਼ ਦੇ ਹਿੱਤਾਂ ਵਾਸਤੇ ਲੜ ਰਹੀ ਹੈ, ਧੋਖਾ ਹੈ । ਕਾਂਗਰਸ ਤਾਂ ਆਪਣੇ ਹੱਥਾਂ ਵਿਚ ਹਕੂਮਤੀ ਕੁੰਜੀਆਂ ਪ੍ਰਾਪਤ ਕਰਨ ਲਈ ਘੋਲ ਕਰਦੀ ਹੈ । ਮੁਸਲਮਾਨ ਇਕ ਕੌਮ ਹਨ । ਜੋ ਲੋਕ ਇਤਿਹਾਸ ਨੂੰ ਮਨੋ ਵਿਸਾਰਨਾ ਚਾਹੁੰਦੇ ਹਨ, ਉਹ ਕਦੀ ਵੀ ਇਤਿਹਾਸ ਨਹੀਂ ਬਣਾ ਸਕਦੇ । ਗਾਂਧੀ ਜੀ ਅਛੂਤਾਂ ਦੇ ਸਭ ਤੋਂ ਵੱਡੇ ਅਤੇ ਭੈੜੇ ਦੁਸ਼ਮਣ ਹਨ ।

ਮੇਰਾ ਅਦੇਸ਼ ਤੁਹਾਨੂੰ ਇਹ ਹੈ ਕਿ ਤੁਸੀਂ ਪੜ੍ਹੋ, ਲਿਖੋ, ਸੰਗਠਨ ਪੈਦਾ ਕਰੋ ਅਤੇ ਸੰਘਰਸ਼ ਕਰੋ । ਆਪਣੇ ਵਿਚ ਵਿਸ਼ਵਾਸ ਰੱਖੋ । ਜਦੋਂ ਇਨਸਾਫ ਸਾਡੇ ਵੱਲ ਹੈ ਤਾਂ ਅਸੀਂ ਆਪਣਾ ਸੰਘਰਸ਼ ਜ਼ਰੂਰ ਜਿੱਤਾਂਗੇ । ਮੇਰੇ ਲਈ ਸੰਘਰਸ਼ ਇਕ ਅਨੰਦ ਪੂਰਨ ਗੱਲ ਹੈ । ਸਾਡੀ ਲੜਾਈ ਆਜ਼ਾਦੀ ਵਾਸਤੇ ਹੈ ਇਹ ਲੜਾਈ ਖੁੱਸੇ ਹੋਏ ਵਿਅਕਤੀਤਵ ਨੂੰ ਮੁੜ ਪ੍ਰਾਪਤ ਕਰਨ ਦੀ ਲੜਾਈ ਹੈ ।

ਮੇਰੇ ਲਈ ਇਹ ਅਤਿ ਜ਼ਰੂਰੀ ਹੋ ਗਿਆ ਹੈ ਕਿ ਮੈਂ ਬ੍ਰਾਹਮਣਾਂ ਦੇ ਉਨ੍ਹਾਂ ਸਮਾਜ ਵਿਰੋਧੀ ਕਾਰਜਾਂ ਵਿਰੁੱਧ ਲੜਾਈ ਲੜਾਂ, ਜਿਨ੍ਹਾਂ ਕਰਕੇ ਮੇਰੀ ਜਨਤਾ ਨੂੰ ਕੁੱਤਿਆਂ ਅਤੇ ਬਿਲਿਆਂ ਤੋਂ ਭੈੜਾ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਤਰੱਕੀ ਦੇ ਸਾਰੇ ਰਸਤੇ ਰੋਕ ਦਿੱਤੇ ਜਾਂਦੇ ਹਨ । ਮੱਕਾਰ ਪੁਰਸ਼ ਦਾ ਖ਼ਾਤਮਾ ਵੀ ਇਕ ਅਹਿੰਸਾ ਹੈ । ਸਭਨਾਂ ਜੀਵਾਂ ਪ੍ਰਤੀ ਪਿਆਰ ਅਤੇ ਸਨੇਹ ਅਹਿੰਸਾ ਦੇ ਉੱਘੇ ਸਿਧਾਂਤ ਦਾ ਹੀ ਇਕ ਭਾਗ ਹੈ । ਇਸ ਤੋਂ ਬਗੈਰ ਅਹਿੰਸਾ ਇਕ ਫੋਕੀ ਜਿਹੀ ਚੀਜ਼ ਰਹਿ ਜਾਂਦਾ ਹੈ । ਜੋ ਅਮਨ ਹਿੰਸਾ ਦੀਆਂ ਤਾਕਤਾਂ ਦੇ ਸਾਹਮਣੇ ਝੁਕਣ ਤੋਂ ਬਾਅਦ ਪ੍ਰਾਪਤ ਕੀਤਾ ਜਾਂਦਾ ਹੈ, ਉਹ ਕੋਈ ਅਮਨ ਨਹੀਂ ਹੁੰਦਾ । ਇਹ ਤਾਂ ਇਕ ਤਰ੍ਹਾਂ ਦੀ ਆਤਮ ਹਤਿਆ ਹੈ । ਸ਼ੈਤਾਨੀ ਤਾਕਤਾਂ ਸਾਹਮਣੇ ਬਹੁਮੁੱਲੇ ਮਨੁੱਖੀ ਜੀਵਨ ਨੂੰ ਕੁਰਬਾਨ ਕਰਨ ਵਾਲੀ ਗੱਲ ।....ਜੰਗ ਨੂੰ ਖ਼ਤਮ ਕਰਨ ਲਈ ਲਾਜ਼ਮੀ ਤੌਰ 'ਤੇ ਜੰਗ ਜਿੱਤਣੀ ਪਵੇਗੀ ਤਾਹੀਓਂ ਸ਼ਾਂਤੀ ਕਾਇਮ ਹੋ ਸਕੇਗੀ । ਪਾਰਟੀ ਦਾ ਲੀਡਰ ਦੂਜੀਆਂ ਪਾਰਟੀਆਂ ਦੇ ਲੀਡਰਾਂ ਦੀ ਬਰਾਬਰ ਦੀ ਚੋਟ ਦਾ ਹੋਣਾ ਚਾਹੀਦਾ ਹੈ । ਦੂਜੀ ਲਾਜ਼ਮੀ ਗੱਲ ਹੈ ਕਿ ਉਹ ਪੂਰੇ ਅਨੁਸ਼ਾਸਨ ਵਾਲਾ ਸੰਗਠਨ ਹੋਵੇ ਅਤੇ ਤੀਜੀ ਗੱਲ ਇਹ ਹੈ ਕਿ ਉਸ ਪਾਸ ਇਕ ਸਪੱਸ਼ਟ ਪ੍ਰੋਗਰਾਮ ਵੀ ਹੋਵੇ । ਮੈਂ ਬੇਇਨਸਾਫੀ, ਜ਼ੁਲਮ, ਜਬਰ, ਝੂਠੀ ਸ਼ਾਨ ਸ਼ੌਕਤ ਅਤੇ ਛਲ ਕਪਟ ਨੂੰ ਨਫਰਤ ਕਰਦਾ ਹਾਂ ਅਤੇ ਮੇਰੀ ਨਫਰਤ ਦੀ ਲਪੇਟ ਵਿਚ ਉਹ ਸਾਰੇ ਲੋਕ ਆ ਸਕਦੇ ਹਨ ਜੋ ਇਨ੍ਹਾਂ ਭੈੜਾ ਵਿਚ ਰੁੱਝੇ ਹੋਏ ਹਨ । ਮੈਂ ਆਪਣੀ ਨਫਰਤ ਨੂੰ ਹਕੀਕੀ ਤਾਕਤ ਸਮਝਦਾ ਹਾਂ ਅਤੇ ਫਿਰ ਨਫਰਤ ਉਸ ਅਥਾਹ ਪ੍ਰੇਮ ਦਾ ਸਬੂਤ ਹੈ ਜੋ ਮੈਂ ਆਪਣੇ ਉਨ੍ਹਾਂ ਉਦੇਸ਼ਾਂ ਵਾਸਤੇ ਆਪਣੇ ਮਨ ਵਿਚ ਰੱਖਦਾ ਹਾਂ ਜਿਨ੍ਹਾਂ 'ਤੇ ਮੈਂ ਵਿਸ਼ਵਾਸ ਕਰਦਾ ਹਾਂ ।

ਵਤਨ ਕਿਸੇ ਵੀ ਇਕ ਆਦਮੀ ਤੋਂ ਵੱਡਾ ਹੁੰਦਾ ਹੈ । ਭਾਰਤ ਦੇ ਮਜ਼ਦੂਰ ਵਰਗ ਵਿਚ ਏਕਤਾ ਨਹੀਂ । ਉਹ 'ਚ ਫੁੱਟ ਹੈ । ਮਜ਼ਦੂਰਾਂ ਨੂੰ ਭਾਰਤ ਵਿਚ ਮਜ਼ਦੂਰ ਸਰਕਾਰ ਕਾਇਮ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ । ਸਵਤੰਤਰਤਾ ਪ੍ਰਾਪਤ ਕਰਨਾ ਹੀ ਕਾਫੀ ਨਹੀਂ । ਜ਼ਿਆਦਾ ਜ਼ਰੂਰੀ ਗੱਲ ਤਾਂ ਇਹ ਹੈ ਕਿ ਸਵੈਰਾਜ ਕਿਨ੍ਹਾਂ ਦੇ ਹੱਥ ਵਿਚ ਹੈ । ਹਿੰਦੂ ਅਤੇ ਮੁਸਲਮਾਨ ਆਪਸ ਵਿਚ ਨਿਉਲੇ ਵਾਂਗ ਲੜਦੇ ਹਨ, ਪ੍ਰੰਤੂ ਜਦੋਂ ਲੰਗਰ ਵੰਡਣ ਦਾ ਵੇਲਾ ਆਉਂਦਾ ਹੈ ਤਾਂ ਉਹ ਦੋਵੇਂ ਇਕੱਠੇ ਹੋ ਜਾਂਦੇ ਹਨ ਅਤੇ ਆਪ ਹੀ ਸਭ ਕੁਝ ਛਕ-ਛਕਾ ਜਾਂਦੇ ਹਨ । ਅਛੂਤ ਆਪਣੇ ਹਿੱਸੇ ਤੋਂ ਸੱਖਣੇ ਰਹਿ ਜਾਂਦੇ ਹਨ ।

ਮਜ਼ਦੂਰਾਂ ਨੂੰ ਐਲਾਨ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਰਕਾਰ ਸੰਭਾਲਣੀ ਹੈ । ਇਸ ਲਈ ਉਨ੍ਹਾਂ ਨੂੰ

ਰਾਜਨੀਤਕ ਦਲ ਵਜੋਂ ਲੇਬਰ ਪਾਰਟੀ ਸੰਗਠਤ ਕਰਨੀ ਚਾਹੀਦੀ ਹੈ ।.....ਨਾਲ ਹੀ ਇਸ ਨੂੰ ਫਿਰਕੂ ਅਤੇ ਪੂੰਜੀਵਾਦੀ ਰਾਜਨੀਤਕ ਦਲਾਂ ਤੋਂ ਜਿਵੇਂ ਹਿੰਦੂ ਮਹਾਂ ਸਭਾ ਅਤੇ ਕਾਂਗਰਸ ਤੋਂ ਦੂਰ ਰਹਿਣਾ ਚਾਹੀਦਾ ਹੈ ।ਉਹ ਕੌਮੀ ਸਰਕਾਰ ਦੀ ਸਥਾਪਨਾ ਜਾਂ ਆਜ਼ਾਦੀ ਦੇ ਹੱਕ ਵਿਚ ਹਨ...ਜੇਕਰ ਕੌਮੀ ਸਰਕਾਰ ਅਜਿਹੇ ਸ਼ਾਸਕ ਵਰਗਾਂ ਦੇ ਹੱਥ ਵਿਚ ਚਲੀ ਗਈ ਜੋ ਇਕ ਫਿਰਕੇ ਅਤੇ ਇਕ ਵਰਗ ਦੀ ਉੱਨਤੀ ਅਤੇ ਸਿੱਖਿਆ ਦੇ ਚਾਹਵਾਨ ਹਨ, ਜੋ ਲੋਕਾਂ ਨੂੰ ਇਹ ਸਮਝਦੇ ਹਨ ਕਿ ਉਹ ਖਾਲੀ ਸੇਵਾ ਕਰਨ ਲਈ ਹੀ ਜੰਮੇ ਹਨ ਤਾਂ ਅਜਿਹੇ ਵਰਗਾਂ ਦੇ ਹੱਥਾਂ ਵਿਚ ਕੌਮੀ ਸਰਕਾਰ, ਵਰਤਮਾਨ (ਅੰਗਰੇਜ਼ੀ) ਸਰਕਾਰ ਨਾਲੋਂ ਕਦੇ ਵੀ ਚੰਗੀ ਨਹੀਂ ਹੋ ਸਕਦੀ ।

ਸਚਾਈ ਕੀ ਹੈ ? ਬੁੱਧ ਨੇ ਕਿਹਾ ਉਹ ਸੱਚ ਹੈ, ਜਿਸ ਨੂੰ ਦਸੇ ਗਿਆਨ ਇੰਦਰੀਆਂ ਵੇਖ ਸਕਣ ।ਬ੍ਰਾਹਮਣ ਕਹਿੰਦੇ ਹਨ ਸੱਚ ਉਹ ਹੈ ਜੋ ਵੇਦ ਦਸਦੇ ਹਨ.....ਪਰ ਵੇਦਾਂ ਵਿਚ ਸਿਵਾਏ ਯੱਕੜਾਂ ਦੇ ਹੋਰ ਕੁਝ ਵੀ ਨਹੀਂ ਅਤੇ ਗੀਤਾ ਵੀ ਇਕ ਨਖਿੱਧ ਲਿਖਤ ਹੈ ।.....ਗੀਤਾ ਨੂੰ ਵੀ ਇਕ ਅਜਿਹੀ ਰਾਜਸੀ ਪੁਸਤਕ ਮੰਨਿਆ ਜਾਣਾ ਚਾਹੀਦਾ ਹੈ ਜੋ ਵੇਦਾਂ ਦੇ ਦਰਸ਼ਨ ਅਤੇ ਬ੍ਰਾਹਮਣਵਾਦ ਦੇ ਦਰਸ਼ਨ ਨੂੰ ਉਜਾਗਰ ਕਰਨ ਲਈ ਲਿਖੀ ਗਈ ਹੈ ।ਜੇ ਕੋਈ ਅਜਿਹਾ ਵਾਦ ਹੈ ਜਿਸ ਨੇ ਧਰਮ ਨੂੰ ਅਫੀਮ ਵਜੋਂ ਵਰਤ ਕੇ ਲੋਕਾਂ ਵਿਚ ਝੂਠੇ ਵਿਸ਼ਵਾਸ ਅਤੇ ਗਲਤ ਧਾਰਨਾਵਾਂ ਪੈਦਾ ਕਰਕੇ ਉਨ੍ਹਾਂ ਨੂੰ ਉਲਝਾਉਣ ਦਾ ਕੰਮ ਕੀਤਾ ਹੈ ਤਾਂ ਉਹ ਗਾਂਧੀ ਵਾਦ ਹੈ ।ਉਹ (ਗਾਂਧੀ) ਜਾਂ ਤਾਂ ਗੁਫਾ ਵਾਸੀ ਕਦੀਮ ਆਦਮੀ ਹੈ ਜਾਂ ਫਿਰ ਪਾਗਲ ।ਅਛੂਤ ਕਾਂਗਰਸ ਦੀ ਅਗਵਾਈ ਨੂੰ ਸਵੀਕਾਰ ਨਾ ਕਰਨ ਕਿਉਂਕਿ ਕਾਂਗਰਸ ਪੂੰਜੀਪਤੀਆਂ ਦਾ ਹੱਥ ਠੋਕਾ ਹੈ ।

ਇਤਿਹਾਸ, ਸਦਾ ਇਕ ਉਦਾਹਰਣ ਜਾਂ ਮਿਸਾਲ ਨਹੀਂ ਹੋਇਆ ਕਰਦਾ, ਅਕਸਰ ਇਹ ਇਕ ਚਿਤਾਵਨੀ ਹੁੰਦੀ ਹੈ ।ਇਕੋ ਮਹਾਂ ਪੁਰਸ਼ ਹਨ ਜਿਨ੍ਹਾਂ ਦਾ ਮੈਂ ਰਿਣੀ ਹਾਂ ।ਉਹ ਹਨ ਗੌਤਮ ਬੁੱਧ ।ਗਾਂਧੀ ਇਸ ਦੇਸ਼ ਵਾਸਤੇ ਇਕ ਨਿਸ਼ਚਤ ਅਤੇ ਪ੍ਰਤੱਖ ਖਤਰਾ ਬਣ ਗਏ ਹਨ ।ਉਨ੍ਹਾਂ ਨੇ ਸੁਤੰਤਰਤਾ ਦਾ ਗੱਲ ਘੁੱਟ ਦਿੱਤਾ ਸੀ ।ਉਨ੍ਹਾਂ ਨੇ ਉਸ ਕਾਂਗਰਸ ਨੂੰ ਇਕ ਮੁੱਠ ਰੱਖਿਆ ਜਿਸ ਵਿਚ ਸਭ ਪ੍ਰਕਾਰ ਦੇ ਭੇੜੇ ਅਤੇ ਸਵਾਰਥੀ ਲੋਕ ਜਮ੍ਹਾਂ ਹਨ ਜੋ ਜੀਵਨ ਦੀ ਕਿਸੇ ਵੀ ਸਮਾਜਿਕ ਅਤੇ ਸਦਾ ਚਾਰਕ ਅਸੂਲ 'ਤੇ ਸਹਿਮਤ ਨਾ ਹੋਣ ਕਰਕੇ ਕੇਵਲ ਗਾਂਧੀ ਜੀ ਦੀ ਪ੍ਰਸ਼ੰਸਾ ਅਤੇ ਖੁਸ਼ਾਮਦ ਕਰਦੇ ਹਨ ।ਅਜਿਹੀ ਸੰਸਥਾ ਦੇਸ਼ 'ਤੇ ਰਾਜ ਕਰਨ ਦੇ ਅਯੋਗ ਹੈ ।ਮੇਰਾ ਸਾਰਾ ਸਰਵਜਨਕ ਜੀਵਨ ਇਸ ਸ਼ੋਹਰਤ 'ਤੇ ਉਸਰਿਆ ਹੈ ਕਿ ਮੈਂ ਸਦਾਚਾਰੀ ਅਤੇ ਉੱਚੇ ਇਖਲਾਕ ਵਾਲਾ ਪੁਰਸ਼ ਹਾਂ ਜੇਕਰ ਮੇਰੇ ਵੈਰੀ ਮੇਰੇ ਤੋਂ ਡਰਦੇ ਹਨ ਤਾਂ ਉੱਚੇ ਚਾਲ ਚਲਣ ਕਰਕੇ ਹੀ ਉਹ ਭੈ ਖਾਂਦੇ ਹਨ ।

ਮੈਂ ਇਕ ਕਰੜਾ ਪੁਰਸ਼ ਹਾਂ ਆਮ ਤੌਰ 'ਤੇ ਪਾਣੀ ਦੀ ਤਰ੍ਹਾਂ ਸ਼ਾਂਤ ਅਤੇ ਘਾਹ ਦੀ ਤਰ੍ਹਾਂ ਨਰਮ ਹਾਂ ।ਮੈਂ ਇਸਤਰੀਆਂ ਦੀ ਉੱਨਤੀ ਲਈ ਅਤੇ ਸ਼ਕਤੀ ਲਈ ਲੜਨ ਵਾਲਾ ਯੋਧਾ ਰਿਹਾ ਹਾਂ ਅਤੇ ਮੈਂ ਔਰਤ ਦੇ ਰੁਤਬੇ ਨੂੰ ਵਧਾਉਣ ਲਈ ਕਾਫੀ ਸੰਘਰਸ਼ ਕੀਤਾ ਹੈ ।ਜਿਸ ਦਾ ਮੈਨੂੰ ਮਾਣ ਹੈ ।

ਕਾਂਗਰਸ ਇਕ ਜਲਦਾ ਹੋਇਆ ਘਰ ਹੈ ।ਮੈਂ ਚਟਾਨ ਦੀ ਤਰ੍ਹਾਂ ਹਾਂ ਅਤੇ ਪਾਣੀ ਵਿਚ ਘੁਲਾਂਗਾ ਨਹੀਂ ।ਪਰ ਤੁਸੀਂ ਕਾਂਗਰਸ ਵਿਚ ਸ਼ਾਮਲ ਹੋ ਕੇ ਰੇਤ ਦੀ ਤਰ੍ਹਾਂ ਖੁਰ ਜਾਵੋਗੇ ।ਇਸ ਲਈ ਕਾਂਗਰਸ ਤੋਂ ਪਰ੍ਹੇ ਰਵੋ ਅਤੇ ਆਪਣੀ ਸੰਸਥਾ ਨੂੰ ਮਜ਼ਬੂਤ ਬਣਾਓ ।ਰਾਜਨੀਤਕ ਲੋਕਤੰਤਰ ਉਦੋਂ ਤੱਕ ਕਾਇਮ ਨਹੀਂ ਰਹਿ ਸਕਦਾ, ਜਦੋਂ ਤੀਕ ਉਸ ਦੀ ਬੁਨਿਆਦ ਵਿਚ ਸਮਾਜਿਕ ਲੋਕਤੰਤਰ ਅਰਥਾਤ ਜੀਵਨ ਦੇ ਅਸੂਲਾਂ ਵਜੋਂ ਬਰਾਬਰੀ ਅਤੇ ਭਾਈਚਾਰਾ ਨਾ ਹੋਣ ।ਬਰਾਬਰੀ ਤੋਂ ਬਗੈਰ ਅਜ਼ਾਦੀ ਬਹੁਜਨ ਉੱਤੇ ਮੁੱਠੀ ਭਰ ਲੋਕਾਂ ਦੀ ਚੌਧਰ ਪੈਦਾ ਕਰ ਦੇਵੇਗੀ ।

ਬ੍ਰਾਹਮਣਵਾਦ ਦੇ ਸਮੇਂ ਬੁੱਧ ਧਰਮ (ਮਤ) ਪੈਦਾ ਹੋਇਆ ।ਬ੍ਰਾਹਮਣਵਾਦ ਨੇ ਨਾਬਰਾਬਰੀ ਦਾ ਪ੍ਰਚਾਰ ਕੀਤਾ ।ਬੁੱਧ ਧਰਮ ਨੇ ਬਰਾਬਰੀ ਦਾ ਪ੍ਰਚਾਰ ਕੀਤਾ ।ਹਿੰਦੂ ਮੰਦਰਾਂ ਨੂੰ ਵੇਖੋ ਕਿ ਕਿਵੇਂ ਧਨ ਅਤੇ ਵਸਤਾਂ ਨਸ਼ਟ ਕੀਤੇ ਗਏ ਹਨ ।ਸਾਰੀਆਂ ਬੁਰਾਈਆਂ ਜਿਵੇਂ ਕਿ ਹਿੰਸਾ ਦੁਰਾਚਾਰ ਅਤੇ ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਸਭ ਹਿੰਦੂ ਧਰਮ ਦੇ ਕਾਰਨ ਹੈ ।(ਕਾਂਗਰਸ ਅਤੇ ਉਸ ਦੇ ਅੰਦਰਲੇ ਕੋਹੜ ਤੋਂ ਤੰਗ ਆ ਕੇ ਬਾਬਾ ਸਾਹਿਬ ਨੇ 28 ਸਤੰਬਰ 1951 ਈ. ਨੂੰ ਤਿਆਗ ਪੱਤਰ ਦੇ ਦਿੱਤਾ ।)

ਗੁਲਾਮੀ ਦੀਆਂ ਬੇੜੀਆਂ ਕੱਟਣਾ ਸਭ ਤੋਂ ਵੱਡੀ ਭਗਤੀ ਹੈ ।ਗਿਆਨ ਹਰੇਕ ਜੀਵਨ ਦੀ ਬੁਨਿਆਦ ਹੈ ।ਉਹ ਇਸ ਨਤੀਜੇ 'ਤੇ ਪੁੱਜੇ ਹਨ ਕਿ ਆਉਣ ਵਾਲੀ ਪੀੜੀ ਨੂੰ ਬੁੱਧ ਜਾਂ ਕਾਰਲ ਮਾਰਕਸ ਦੋਹਾਂ ਦੇ ਸਿਧਾਂਤਾਂ ਵਿਚੋਂ ਇਕ ਸਿਧਾਂਤ ਨੂੰ ਚੁਣਨਾ ਪਵੇਗਾ ।ਤੁਹਾਡੇ ਪਾਸ ਬੰਦੂਕਾਂ ਹੋਣੀਆਂ ਚਾਹੀਦੀਆਂ ਹਨ ।ਕੇਵਲ ਗਰਮ-ਗਰਮ ਗਾਲ੍ਹਾਂ ਹੀ ਨਹੀਂ ।ਵੇਦ ਸ਼ਾਸਤਰ, ਰਮਾਇਣ, ਮਹਾਂਭਾਰਤ ਅਤੇ ਹਿੰਦੂਆਂ ਦੀਆਂ ਦੂਜੀਆਂ ਧਾਰਮਿਕ

ਪੁਸਤਕਾਂ ਵਰਗੀਆਂ ਭੈੜੀਆਂ ਪੁਸਤਕਾਂ ਸੰਸਾਰ ਵਿਚ ਕਦੇ ਨਹੀਂ ਉਪਜੀਆਂ। ਨਾ ਕੋਈ ਪ੍ਰਮਾਤਮਾ ਹੈ, ਨਾ ਕੋਈ ਆਤਮਾ.....ਨਾ ਰੱਬ ਨਾ ਆਤਮਾ ਸਮਾਜ ਨੂੰ ਬਚਾ ਸਕਦੇ ਹਨ। ਜਾਤ ਅਤੇ ਸਮਾਜ ਵਿਚ ਕੇਵਲ ਏਨਾ ਹੀ ਅੰਦਰ ਹੈ ਕਿ ਵਰਗ ਪ੍ਰਣਾਲੀ ਅੰਦਰ ਜਾਤ-ਪਾਤ ਵਾਂਗ ਮੁਕੰਮਲ ਵਖਰੇਵਾਂ ਨਹੀਂ ਹੈ।

ਮੇਰੀ ਜਨਤਾ ਨੂੰ ਇਹ ਦੱਸਣਾ ਕਿ ਜੋ ਕੁਝ ਮੈਂ ਉਨ੍ਹਾਂ ਲਈ ਕੀਤਾ ਹੈ, ਮੈਨੂੰ ਆਪਣੀ ਵਿਰੋਧੀਆਂ ਨਾਲ ਲੜਾਈਆਂ ਲੜਨੀਆਂ ਪਈਆਂ ਹਨ। ਇਹ ਮੈਂ ਆਪਣੇ ਜੀਵਨ ਵਿਚ ਤਰ੍ਹਾਂ-ਤਰ੍ਹਾਂ ਦੀਆਂ ਔਕੜਾਂ, ਆਫਤਾਂ, ਮੁਸੀਬਤਾਂ ਝੱਲ ਕੇ ਕੀਤਾ ਹੈ। ਬੜੀ ਕਠਿਨਾਈ ਨਾਲ ਇਹ ਕਾਫਲਾ ਅੱਜ ਜਿਥੇ ਇਹ ਹੈ, ਲਿਆ ਸਕਿਆ ਹਾਂ। ਚਾਹੇ ਕੁਝ ਵੀ ਹੋਵੇ ਔਕੜਾਂ ਦੇ ਬਾਵਜੂਦ ਇਹ ਕਾਫਲਾ ਅੱਗੇ ਵਧਦਾ ਹੀ ਰਹਿਣਾ ਚਾਹੀਦਾ ਹੈ।

ਤੁਸੀਂ ਗਾਵਾਂ ਅਤੇ ਮੱਝਾਂ ਦਾ ਦੁੱਧ ਪੀਂਦੇ ਹੋ। ਜਦ ਉਹ ਮਰ ਜਾਂਦੀਆਂ ਹਨ ਤਦ ਤੁਸੀਂ ਸਾਥੋਂ ਮੁਰਦਾ ਢੋਣ ਦੀ ਆਸ ਰੱਖਦੇ ਹੋ। ਪਰ ਅਜਿਹਾ ਕਿਉਂ ? ਜੇਕਰ ਤੁਸੀਂ ਆਪਣੀਆਂ ਮਾਵਾਂ ਨੂੰ ਅੰਤਮ ਸੰਸਕਾਰ ਲਈ ਸਿਵਿਆਂ ਵਿਚ ਲੈ ਜਾਂਦੇ ਹੋ ਤਾਂ ਫਿਰ ਤੁਸੀਂ ਆਪਣੀਆਂ 'ਗਊ ਮਾਤਾਵਾਂ' ਦੇ ਮੁਰਦੇ ਸਰੀਰ ਕਿਉਂ ਨਹੀਂ ਢੋਂਦੇ ? ਜਦੋਂ ਇਕ ਬ੍ਰਾਹਮਣੀ ਗਰਭਵਤੀ ਹੁੰਦੀ ਹੈ ਤਾਂ ਉਹ ਕੇਵਲ ਦੇਸ਼ ਦੀਆਂ ਹਾਈ ਕੋਰਟਾਂ ਵੱਲ ਨਜ਼ਰ ਦੁੜਾਉਂਦੀ ਹੈ ਕਿ ਕਿਧਰੇ ਜੱਜ ਦੀ ਨੌਕਰੀ ਖਾਲੀ ਹੈ ਕਿ ਨਹੀਂ। ਪਰ ਜਦੋਂ ਅਛੂਤ ਗਰਭਵਤੀ ਹੁੰਦੀ ਹੈ ਤਾਂ ਇਸ ਤੋਂ ਵੱਧ ਹੋਰ ਕੁਝ ਨਹੀਂ ਸੋਚ ਸਕਦੀ ਕਿ ਉਸ ਦੇ ਬੱਚੇ ਲਈ ਕਿਧਰੇ ਭੰਗੀ ਦੀ ਨੌਕਰੀ ਖਾਲੀ ਹੈ ਕਿ ਨਹੀਂ।

ਜੇਕਰ ਬ੍ਰਹਮ (ਪ੍ਰਮਾਤਮਾ) ਹਰ ਥਾਂ ਬਿਰਾਜਮਾਨ ਹੈ ਤਾਂ ਫਿਰ ਇਕ ਬ੍ਰਾਹਮਣ ਅਤੇ ਇਕ ਅਛੂਤ ਦੋਵੇਂ ਸਮਾਨ ਹੋਣੇ ਚਾਹੀਦੇ ਹਨ। ਜਦੋਂ ਤੀਕ ਤੁਸੀਂ ਸਮਾਜਿਕ ਢਾਂਚਾ ਨਹੀਂ ਬਦਲਦੇ, ਤੁਸੀਂ ਉੱਨਤੀ ਵਜੋਂ ਕੋਈ ਪ੍ਰਾਪਤੀ ਨਹੀਂ ਕਰ ਸਕਦੇ। ਜਾਤੀ ਪ੍ਰਥਾ ਇਕ ਰੁਕਾਵਟ ਹੈ। ਆਰਥਿਕ ਉੱਨਤੀ ਨੂੰ ਇਸ ਦੁਆਰਾ ਨੁਕਸਾਨ ਉਠਾਣਾ ਹੀ ਪਵੇਗਾ। ਸਾਡਾ ਧਰਮ ਕਸਾਈ ਧਰਮ ਹੈ। ਇਹ ਹੈ, ਕੀ ਛੂਹਣਾ ਹੈ ਤੇ ਕੀ ਨਹੀਂ ਛੂਹਣਾ। ਇਹ ਤਾਂ ਨਹਾਉਣ ਦਾ ਤੇ ਬੋਦੀਆਂ ਦਾ ਅਤੇ ਅਜਿਹੇ ਕੰਮ ਕਾਜ ਤਰੀਕਿਆਂ ਦਾ, ਵਰਤਾਂ ਅਤੇ ਸੰਸਕਾਰ ਦਾ ਧਰਮ ਹੈ ਜੋ ਆਪਣਾ ਅਰਥ ਗਵਾ ਚੁੱਕੇ ਹਨ ਜੋ ਅੱਜ ਬਿਲਕੁਲ ਫਜ਼ੂਲ ਹਨ।

ਭਾਰਤੀ ਚਰਿਤਰ ਦੀ ਸਾਰੀ ਕਮਜ਼ੋਰੀ, ਆਮ ਪਛੜਿਆਪਣ, ਗਰੀਬੀ ਅਗਿਆਨਤਾ, ਅਨੁਸ਼ਾਸਨਹੀਣਤਾ, ਫੁੱਟ ਅਤੇ ਸਦੀਆਂ ਤੀਕ ਰਹਿਣ ਵਾਲੀ ਗੁਲਾਮੀ ਦਾ ਕਾਰਨ ਹਿੰਦੂ ਧਰਮ ਦੀਆਂ ਸਿੱਖਿਆਵਾਂ ਅਤੇ ਹਿੰਦੂ ਫਲਸਫਾ ਹੈ।

ਮੈਂ ਮਿੱਟੀ ਦਾ ਢੇਲਾ ਨਹੀਂ ਜੋ ਪਾਣੀ ਨਾਲ ਖੁਰ ਅਤੇ ਰੁੜ੍ਹ ਜਾਂਦਾ। ਮੈਂ ਇਕ ਚੱਟਾਨ ਵਾਂਗ ਹਾਂ ਜੋ ਪਿਘਲ ਨਹੀਂ ਸਕਦਾ, ਪਰ ਜੋ ਦਰਿਆਵਾਂ ਦੇ ਰਾਹ ਬਦਲ ਦਿੰਦੀ ਹੈ। ਜੇ ਕਾਂਗਰਸ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਸੱਚੀ ਹਿਤੂ ਹੈ, ਉਨ੍ਹਾਂ ਦੀ ਵਫਾਦਾਰ ਹੈ ਤਾਂ ਉਹ ਅਨੁਸੂਚਿਤ ਲੋਕਾਂ ਨੂੰ ਜਨਰਲ ਸੀਟਾਂ 'ਤੇ ਖੜ੍ਹੇ ਕਰਕੇ ਆਪਣੀ ਵਫਾਦਾਰੀ ਦਾ ਸਬੂਤ ਕਿਉਂ ਨਹੀਂ ਦਿੰਦੀ ? ਕਾਂਗਰਸੀ ਅਤੇ ਭਲੇਮਾਣਸ ਇਹ ਦੋ ਵਿਰੋਧੀ ਸ਼ਬਦ ਹਨ। ਅੱਡ-ਅੱਡ ਇਕ ਦੂਜੇ ਨੂੰ ਭਿੰਨ ਅਤੇ ਇਹ ਕਦੇ ਵੀ ਇਕ ਦੂਜੇ ਨਾਲ ਸੰਬੰਧਤ ਨਹੀਂ ਹਨ। ਮੈਂ ਤੁਹਾਨੂੰ ਰੀਜ਼ਰਵ ਸੀਟਾਂ ਤੋਂ ਕਾਂਗਰਸੀ ਟਿਕਟ 'ਤੇ ਪਾਰਲੀਮੈਂਟ ਲਈ ਚੁਣੇ ਗਏ ਲੋਕਾਂ ਬਾਰੇ ਦੱਸਣਾ ਚਾਹੁੰਦਾ ਹਾਂ। ਲਗਪਗ 30 ਸਨ ਅਤੇ ਪਾਰਲੀਮੈਂਟ 'ਚ 4 ਸਾਲ ਰਹੇ। ਉਨ੍ਹਾਂ ਵਿਚੋਂ ਕਿਸੇ ਇਕ ਨੇ ਵੀ ਕਦੇ ਭੁੱਲ ਕੇ ਵੀ ਅਨੁਸੂਚਿਤ ਜਾਤੀਆਂ ਦੇ ਦੁੱਖਾਂ-ਤਕਲੀਫਾਂ ਬਾਬਤ ਪਾਰਲੀਮੈਂਟ ਵਿਚ ਸੁਆਲ ਨਹੀਂ ਉਠਾਇਆ। ਬਾਣੀਆਂ ਕਿਸਾਨ ਦੀ ਜ਼ਮੀਨ ਹੜੱਪਣ ਦੀ ਟਿੱਲ ਤਕ ਕੋਸ਼ਿਸ਼ ਕਰਦਾ ਹੈ। ਇਹੀ ਹਾਲ ਬ੍ਰਾਹਮਣਾਂ ਅਤੇ ਅਛੂਤਾਂ ਦਾ ਹੈ। ਬ੍ਰਾਹਮਣ ਹਮੇਸ਼ਾਂ ਅਛੂਤ ਨੂੰ ਥੱਲੇ ਦੇ ਦਰਜੇ 'ਤੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਉਹ ਧਿਆਨ ਰੱਖਦਾ ਹੈ ਕਿ ਕਿਤੇ ਅਛੂਤ ਨੂੰ ਇਨਸਾਨੀ ਹੱਕ ਨਾ ਮਿਲ ਜਾਣ।

ਇਹ ਜ਼ਰੂਰੀ ਹੈ ਕਿ ਦੱਬੇ-ਕੁਚਲੇ ਅਤੇ ਸ਼ੋਸ਼ਤ ਲੋਕਾਂ ਦੀ ਇਕ ਅਲੱਗ ਜਥੇਬੰਦੀ ਹੋਵੇ।...ਜੇ ਅਸੀਂ ਸ਼ੋਸ਼ਕਾਂ ਅਤੇ ਅਤਿਆਚਾਰੀਆਂ ਦੀ ਜਥੇਬੰਦੀ ਵਿਚ ਮਿਲ ਜਾਈਏ ਤਾਂ ਸਾਡਾ ਹਸ਼ਰ ਪੁਰਾਣੇ ਸਮੇਂ ਵਾਂਗ ਬਹੁਤ ਬੁਰਾ ਹੋਵੇਗਾ। ਇਸ ਦੇਸ਼ ਨੇ ਜੋ ਅਜ਼ਾਦੀ ਪ੍ਰਾਪਤ ਕੀਤੀ ਹੈ, ਉਸ ਦਾ ਲਾਭ ਆਪਣੇ ਉੱਲੂ ਸਿੱਧਾ ਕਰਨ ਲਈ ਸਵਰਨ ਹਿੰਦੂ ਹੀ ਉਠਾਉਣਗੇ।

(ਹਰੀਜਨ ਵਜ਼ੀਰਾਂ ਨੂੰ) ਇਨ੍ਹਾਂ ਨੂੰ ਵਜ਼ੀਰ ਕਿਸ ਨੇ ਬਣਾਇਆ ? ਇਨ੍ਹਾਂ ਨੂੰ ਵਜ਼ੀਰ ਮੈਂ ਬਣਾਇਆ ਹੈ, ਫੈਡਰੇਸ਼ਨ ਨੇ ਬਣਾਇਆ ਹੈ। ਫੈਡਰੇਸ਼ਨ ਤੋਂ ਬਗੈਰ ਇਹ ਵਜ਼ੀਰ ਕੁੱਤਿਆਂ ਵਾਂਗ ਜੀਵਨ ਜੀ ਰਹੇ ਹੋਣੇ ਸੀ।

ਅਸੀਂ ਆਪਣੇ ਅਜਿਹੇ ਲੋਕ ਚਾਹੁੰਦੇ ਹਾਂ ਜੋ ਕਿ ਸਾਡੇ ਹਿੱਤਾਂ ਲਈ ਜਾਨ ਤੋੜ ਕੇ ਲੜਨ, ਜੋ ਦਬੇ-ਕੁਚਲੇ ਲੋਕਾਂ ਲਈ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਨ, ਜੋ ਸਾਡੇ ਲੋਕਾਂ ਨਾਲ ਕੀਤੀਆਂ ਵਧੀਕੀਆਂ ਮਿਟਾਉਣ, ਜੋ ਸਾਡੀਆਂ ਦੁੱਖਾਂ-ਤਕਲੀਫਾਂ ਨੂੰ ਨਿਧੜਕ ਹੋ ਕੇ ਸਾਹਮਣੇ ਲਿਆਉਣ, ਜੋ ਸੋਚ ਸਕਦੇ ਹੋਣ, ਜੋ ਅਗਵਾਈ ਕਰ ਸਕਣ, ਜੋ ਕਿਰਦਾਰ ਦੇ ਪੂਰੇ ਹੋਣ, ਤੇ ਜੋ ਅਸੂਲਾਂ ਅਤੇ ਇਖਲਾਕ ਦੇ ਪੁਤਲੇ ਹੋਣ ।

ਸਾਨੂੰ ਵਿਧਾਨ ਸਭਾਵਾਂ ਵਿਚ ਅਜਿਹੇ ਪ੍ਰਤੀਨਿਧ ਭੇਜਣੇ ਚਾਹੀਦੇ ਹਨ ਜੋ ਕਿਸੇ ਦੇ ਗੁਲਾਮ ਨਾ ਹੋਣ, ਸਗੋਂ ਆਪਣੀ ਅਜ਼ਾਦ ਜ਼ਮੀਰ ਰੱਖਣ ਅਤੇ ਸਾਡੀਆਂ ਤਕਲੀਫਾਂ ਦੂਰ ਕਰਵਾ ਸਕਣ । ਅੱਜ ਵੱਖ-ਵੱਖ ਪਾਰਟੀਆਂ ਦੇ ਹਿੰਦੂ ਤੁਹਾਨੂੰ ਟਿਕਟਾਂ ਦੇਣ ਅਤੇ ਆਪਣੀਆਂ ਪਾਰਟੀਆਂ ਮਜ਼ਬੂਤ ਬਣਾਉਣ ਵਾਲੇ ਉਤਾਵਲੇ ਹਨ ਕਿਉਂ ਜੋ ਸਾਡੀਆਂ ਸੀਟਾਂ ਰਾਖਵੀਆਂ ਹਨ । ਜੇ ਅਸੀਂ ਗੰਦੇ ਕੰਮ ਕਰਦੇ ਹਾਂ ਤਾਂ (ਸਵਰਨਾਂ ਵਲੋਂ) ਉਨ੍ਹਾਂ ਨੂੰ ਲਾਹੇਵੰਦ ਕੰਮ ਦੱਸਿਆ ਜਾਂਦਾ ਹੈ । ਪਰ ਜੇ ਤੁਸੀਂ (ਸਵਰਨ) ਇਨ੍ਹਾਂ ਨੂੰ ਕਰੋਗੇ ਤਾਂ ਇਹ ਲਾਹੇਵੰਦ ਨਹੀਂ ਰਹਿਣਗੇ ? ਬੜੀ ਅਜੀਬ ਦਲੀਲ ਹੈ । ਇਹ ਧਰਮ ਅਤੇ ਇਸ ਸਮਾਜਿਕ ਪੱਧਤੀ ਨੇ ਸਾਨੂੰ ਤਬਾਹ ਕਰ ਦਿੱਤਾ ਹੈ ਪਰ ਇਹ ਤਬਾਹੀ ਰੁਕਣੀ ਨਹੀਂ । ਮੈਂ ਹਿੰਦੂ ਧਰਮ ਨੂੰ ਵਿਅਰਥ ਹੀ ਦੋਸ਼ ਨਹੀਂ ਦਿੰਦਾ । ਇਹ ਸਰੇ ਕਿਸੇ ਦੀ ਰੱਖਿਆ ਨਹੀਂ ਕਰ ਸਕਦਾ । ਇਹ ਮਰ ਚੁਕਿਆ ਹੈ ।

ਇਕ ਪਹਾੜ ਹੈ ਬਹੁਤ ਵੱਡਾ ਪਹਾੜ । ਇਹ ਹੈ ਜਾਤਾਂ ਦੀ ਵੰਡ । ਵੈਸ਼, ਖੱਤਰੀ, ਬ੍ਰਾਹਮਣ ਤਾਂ ਸਾਡੇ ਸਿਰਾਂ 'ਤੇ ਬੈਠੇ ਹਨ । ਸਾਡੇ ਅੱਗੇ ਪ੍ਰਸ਼ਨ ਇਸ ਪਹਾੜ ਨੂੰ ਡੇਗਣ ਅਤੇ ਬਰੂਦ ਨਾਲ ਉਡਾਉਣ ਦਾ ਹੈ । ਇਸ ਮਹਾਨ ਧਰਮ ਦੇ ਪ੍ਰਚਾਰ ਲਈ ਸਾਨੂੰ ਧਨ ਦੀ ਲੋੜ ਹੈ । ਮੈਂ ਕਿਸੇ ਦੂਸਰੇ ਦੇਸ਼ ਤੋਂ ਆਰਥਿਕ ਮਦਦ ਨਹੀਂ ਲੈਣਾ ਚਾਹੁੰਦਾ । ਬੁੱਧ ਨੇ ਕਿਹਾ ਸੀ ਮੇਰਾ ਧਰਮ (ਮਤ) ਬਹੁਤੇ ਲੋਕਾਂ ਦੇ ਭਲੇ ਲਈ ਹੈ ਕਿਉਂਕਿ ਬਹੁਤਿਆਂ (ਬਹੁਜਨ) ਦੇ ਭਲੇ 'ਚ ਬਹੁਤਿਆਂ ਦੀ ਖੁਸ਼ੀ ਹੈ ।

ਸੰਵਿਧਾਨ ਚਾਹੇ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ ਜੇ ਉਸ ਨੂੰ ਲਾਗੂ ਕਰਨ ਵਾਲੇ ਭੈੜੇ ਹੋਣਗੇ ਤਾਂ ਉਹ ਜ਼ਰੂਰ ਭੈੜਾ ਬਣ ਜਾਵੇਗਾ । ਕੀ ਭਾਰਤਵਾਸੀ ਆਪਣੇ ਧਰਮ ਅਤੇ ਰਾਜਨੀਤਕ ਵਿਚਾਰਾਂ ਨੂੰ ਦੇਸ਼ ਤੋਂ ਉੱਚਾ ਸਮਝਣਗੇ ਜਾਂ ਦੇਸ਼ ਨੂੰ ਇਨ੍ਹਾਂ ਤੋਂ ਉੱਚਾ ਸਮਝਣਗੇ । ਕਿਸੇ 'ਮਹਾਂਪੁਰਖ' ਦੇ ਹੱਥੋਂ ਆਪਣੀ ਅਜ਼ਾਦੀ ਨਾ ਖੁਹਾਓ । ਉਸ ਨੂੰ ਏਨੀ ਸ਼ਕਤੀ ਨਾ ਦਿਓ ਕਿ ਤੁਹਾਡੀਆਂ ਸੰਸਥਾਵਾਂ ਨੂੰ ਉਲਟ-ਪੁਲਟ ਕਰ ਦੇਵੇ, ਉਨ੍ਹਾਂ ਨੂੰ ਤਬਾਹ ਕਰ ਦੇਵੇ ।

ਇਹ ਵਿਸ਼ਵਾਸ ਪਾਲਣਾ ਕਿ ਅਸੀਂ ਇਕ ਰਾਸ਼ਟਰ ਹਾਂ, ਇਕ ਬਹੁਤ ਵੱਡਾ ਵਹਿਮ ਪਾਲਣਾ ਹੈ । ਹਜ਼ਾਰਾਂ ਜਾਤਾਂ ਦੇ ਹੁੰਦਿਆਂ ਅਸੀਂ ਇਕ ਰਾਸ਼ਟਰ ਕਿਵੇਂ ਕਹਾ ਸਕਦੇ ਹਾਂ । ਭਾਈਚਾਰਾ ਉਦੋਂ ਹੀ ਪੈਦਾ ਹੋ ਸਕਦਾ ਹੈ ਜਦੋਂ ਅਸੀਂ ਇਕ ਰਾਸ਼ਟਰ ਹੋਈਏ । ਭਾਈਚਾਰੇ ਤੋਂ ਬਿਨਾਂ ਸਮਾਨਤਾ ਤੇ ਸੁਤੰਤਰਤਾ ਮਜ਼ਾਕ ਬਣਕੇ ਰਹਿ ਜਾਣਗੀਆਂ । ਹਿੰਦੂ ਸੱਭਿਅਤਾ ਨੂੰ ਸੱਭਿਅਤਾ ਨਹੀਂ ਕਿਹਾ ਜਾ ਸਕਦਾ । ਇਹ ਤਾਂ ਮਨੁੱਖਤਾ ਨੂੰ ਦਬਾਉਣ ਅਤੇ ਗੁਲਾਮ ਬਣਾਉਣ ਲਈ ਇਕ ਵਿਉਂਤ ਹੈ। ਇਸ ਦਾ ਸਹੀ ਨਾਂ ਸੱਭਿਅਤਾ ਨਹੀਂ ਕਲੰਕ ਹੋਣਾ ਚਾਹੀਦਾ ਹੈ ।

ਬ੍ਰਾਹਮਣਾਂ ਨੂੰ ਅੱਜ ਹਿੰਦੂ ਸਮਾਜ ਵਿਚ ਜੋ ਸ਼ਕਤੀ ਅਤੇ ਅਧਿਕਾਰ ਹਾਸਲ ਹਨ, ਉਹ ਸਭੇ ਇਸ ਸੱਭਿਅਤਾ ਦੇ ਕਾਰਨ ਹੀ ਹਨ ਜੋ ਬ੍ਰਾਹਮਣਾਂ ਨੂੰ ਮਹਾਂਮਾਨਵ ਦਸਦੀ ਹੈ ਅਤੇ ਨੀਵੇਂ ਵਰਗਾਂ 'ਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਲਗਾਉਂਦੀ ਹੈ, ਤਾਂ ਜੋ ਉਹ (ਨੀਵੇਂ ਲੋਕ) ਬ੍ਰਾਹਮਣਾਂ ਦੀ ਉੱਚਤਾ ਨੂੰ ਕਦੇ ਵੀ ਵੰਗਾਰ ਨਾ ਸਕਣ, ਘੂਰ ਨਾ ਸਕਣ । ਹਿੰਦੂ ਸਮਾਜ ਦੀ ਜ਼ਿਦ ਹੈ ਕਿ ਸਭ ਅਛੂਤ ਵੱਖਰੇ ਵਸਣ । ਹਿੰਦੂ ਅਛੂਤਾਂ ਦੀਆਂ ਬਸਤੀਆਂ ਵਿਚ ਨਹੀਂ ਰਹਿਣਗੇ । ਅਛੂਤਾਂ ਨੂੰ ਆਪਣੇ ਮੁਹੱਲਿਆਂ ਵਿਚ ਨਹੀਂ ਰਹਿਣ ਦੇਣਗੇ । ਇਹ ਸਿਰਫ ਸਮਾਜਿਕ ਵੱਖਰਾਪਣ ਨਹੀਂ ਹੈ । ਇਹ ਥੋੜੇ ਸਮੇਂ ਲਈ ਸਮਾਜਿਕ ਬਾਈਕਾਟ ਨਹੀਂ ਹੈ, ਸਗੋਂ ਇਹ ਤਾਂ ਇਲਾਕਾ ਵੱਖਰਾ ਕਰਨ ਵਾਲੀ ਗੱਲ ਹੈ । ਅਛੂਤਾਂ ਨੂੰ ਕੰਡੇਦਾਰ ਤਾਰ ਦੇ ਘੇਰੇ ਵਿਚ ਇਕ ਪਿੰਜਰੇ ਵਿਚ ਬੰਦ ਕਰ ਦੇਣਾ ਹੈ ।

ਏਕਤਾ ਤੋਂ ਸਾਹਸ (ਹੌਂਸਲਾ) ਪੈਦਾ ਹੁੰਦਾ ਹੈ । ਸਾਹਸ ਨਾਲ ਅੰਦੋਲਨ ਛੇੜੇ ਜਾਂਦੇ ਹਨ । ਉਨ੍ਹਾਂ ਤੋਂ ਕੁਝ ਪ੍ਰਾਪਤ ਹੁੰਦਾ ਹੈ......ਆਦਰਸ਼ ਜਾਂ ਉਦੇਸ਼ ਦੀ ਪ੍ਰਾਪਤੀ ਲਈ ਸਾਨੂੰ ਸ਼ਕਤੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ । ਧਰਮ ਉਹੀ ਹੋ ਸਕਦਾ ਹੈ ਜੋ ਮਨੁੱਖ ਮਾਤਰ ਲਈ ਕਲਿਆਣਕਾਰੀ ਹੈ । ਜਿਸ 'ਚ ਮਨੁੱਖ ਮਾਤਰ ਲਈ ਉੱਨਤੀ ਅਤੇ ਵਿਕਾਸ ਦਾ ਰਾਹ ਖੁੱਲ੍ਹਾ ਹੋਵੇ ਅਤੇ ਮਨੁੱਖੀ ਬਰਾਬਰੀ ਹੋਵੇ । ਜਿਸ ਧਰਮ ਦਾ ਮੂਲ ਸਿਧਾਂਤ ਮਨੁੱਖੀ ਸਮਾਜ ਵਿਚ ਫਰਕ ਪੈਦਾ ਕਰਨਾ ਹੈ, ਉਸ ਨੂੰ ਚੰਗਾ ਧਰਮ ਨਹੀਂ ਕਿਹਾ ਜਾ ਸਕਦਾ । (ਬੁੱਧ ਧਰਮ ਦੀ ਸਥਾਪਨਾ ਮਗਰੋਂ ਸ਼ੂਦਰਾਂ ਨੂੰ ਵੀ ਰਾਜ ਗੱਦੀ 'ਤੇ ਬੈਠਣ ਦਾ ਮੌਕਾ ਮਿਲਿਆ । ਇਸੇ ਕਾਲ ਨੂੰ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ ।)

ਹਿੰਦੂਆਂ ਦੇ ਸ਼ਾਸਤਰ ਵਿਧਾਨ ਜੋ ਤੁਹਾਡੀ ਪ੍ਰਗਤੀ ਦੇ ਰਾਹ ਵਿਚ ਰੋੜਾ ਹਨ ਅਤੇ ਤੁਹਾਨੂੰ ਉਪਰ ਉੱਠਣ ਨਹੀਂ ਦਿੰਦੇ, ਉਨ੍ਹਾਂ ਦੇ ਲਾਗੂ ਨਾ ਰਹਿਣ ਨਾਲ ਤੁਸੀਂ ਆਪਣੀ ਮਨਚਾਹੀ ਉੱਨਤੀ ਕਰ ਸਕਦੇ ਹੋ। ਹਿੰਦੂ ਧਰਮ ਨੇ (ਤੁਹਾਨੂੰ) ਨੀਚ ਅਤੇ ਸ਼ੂਦਰ ਬਣਾ ਕੇ ਹਰ ਤਰ੍ਹਾਂ ਨਾਲ ਕਮਜ਼ੋਰ ਕਰ ਦਿੱਤਾ ਹੈ। ਆਪਣੇ ਆਪ ਨੂੰ ਉਚਾ ਦਸਕੇ ਸ਼ਾਸਨ, ਸਮਾਜ, ਵਪਾਰ ਅਤੇ ਧਰਮ ਉੱਤੇ ਆਪਣਾ ਅਧਿਕਾਰ ਜਮਾ ਲਿਆ ਹੈ।

ਹਿੰਦੂ ਧਰਮ ਵਿਚ ਵਿਅਕਤੀ ਦੀ ਉੱਨਤੀ ਨਹੀਂ ਵਰਨ ਜਾਂ ਵਰਗ ਦੀ ਉੱਨਤੀ ਹੈ। ਉੱਚੇ ਵਰਨ ਵਾਲਾ ਨੀਵੇਂ ਵਰਣ ਵਾਲੇ ਨੂੰ ਘਟੀਆ ਨਜ਼ਰ ਨਾਲ ਵੇਖਦਾ ਹੈ ਅਤੇ ਨੀਵੇਂ ਵਰਣ ਵਾਲੇ ਨੂੰ ਦਬਾਕੇ ਖੁਦ ਉੱਚਾ ਬਣਿਆ ਰਹਿਣਾ ਚਾਹੁੰਦਾ ਹੈ। ਵਰਣ ਦਾ ਇਹ ਵਿਚਾਰ ਗੁਣਾਂ ਜਾਂ ਯੋਜਨਾ ਦੇ ਅਧਾਰ 'ਤੇ ਨਾ ਹੋ ਜਨਮ 'ਤੇ ਅਧਾਰਤ ਹੈ। ਹਿੰਦੂ ਧਰਮ ਜਿਸ ਸਮੂਹ ਨੂੰ ਸ਼ੂਦਰ ਜਾਂ ਅਛੂਤ ਕਹਿੰਦਾ ਹੈ ਉਸ ਨੂੰ ਆਪਣੀ ਅਧਿਆਤਮਿਕ ਉੱਨਤੀ ਕਰਨ ਵਿਚ ਵੀ ਰੁਕਾਵਟ ਹੈ। ਜਿਸ ਧਰਮ ਵਿਚ ਧਾਰਮਿਕ ਬਰਾਬਰੀ ਨਾ ਹੋਵੇ, ਉਸ ਧਰਮ ਨੂੰ ਸਿਰ 'ਤੇ ਚੁੱਕੀ ਰੱਖਣ ਦਾ ਕੀ ਲਾਭ। ਹਿੰਦੂ ਧਰਮ ਵਿਚ ਮੰਨੁੱਖਤਾ ਨਹੀਂ ਹੈ। ਜਿਸ ਹਿੰਦੂ ਧਰਮ ਨੂੰ ਅਸੀਂ ਚੁੱਕੀ ਫਿਰਦੇ ਹਾਂ ਉਸ ਦਾ ਅਧਾਰ ਵਰਨ ਭੇਦ ਜਾਤੀ ਭੇਦ ਅਤੇ ਅਧਿਕਾਰ ਭੇਦ ਹੈ। ਉਸ ਦਾ ਮੂਲ ਅਧਾਰ ਵੇਦ ਹਨ। ਵੇਦਾਂ ਨੂੰ ਈਸ਼ਵਰ ਬਾਣੀ ਤੇ ਅਲਹਾਮੀ ਕਿਹਾ ਜਾਂਦਾ ਹੈ, ਪਰ ਇਹ ਗੱਲ ਵਿਗਿਆਨ ਦੇ ਵਿਰੁੱਧ ਹੈ। ਜਿਸ ਪੁਸਤਕ ਵਿਚ ਇਸ ਤਰ੍ਹਾਂ ਦੀ ਅਨਿਆ ਪੂਰਨ ਵਿਵਸਥਾ ਹੋਵੇ ਉਸ ਨੂੰ ਈਸ਼ਵਰ ਜਾਂ ਅਲਹਾਮੀ ਨਹੀਂ ਮੰਨਿਆ ਜਾ ਸਕਦਾ।....ਜਨਮ ਤੋਂ ਨਾ ਕੋਈ ਬ੍ਰਾਹਮਣ ਹੁੰਦਾ ਹੈ ਅਤੇ ਨਾ ਕੋਈ ਸ਼ੂਦਰ, ਕਰਮ ਤੋਂ ਹੀ ਬ੍ਰਾਹਮਣ ਹੁੰਦਾ ਹੈ ਅਤੇ ਕਰਮ ਤੋਂ ਹੀ ਸ਼ੂਦਰ।

ਰਿਗ ਵੇਦ ਵਿਚ ਇੰਦਰ (ਰਾਜਾ) ਵਿਸ਼ਨੂੰ, ਵਾਯੂ, ਅਗਨੀ, ਸੂਰਜ ਆਦਿ ਦੇਵਤਿਆਂ ਦੀ ਉਸਤਤ ਹੈ। ਉਸਤਤੀਆਂ ਵਿਚ (ਆਰੀਅਨਾਂ ਵੱਲੋਂ) ਉਨ੍ਹਾਂ ਲੋਕਾਂ (ਭਾਰਤੀ ਆਦਿਵਾਸੀ) ਉੱਤੇ ਜਿੱਤਾਂ ਪ੍ਰਾਪਤ ਕਰਨ ਦੀਆਂ ਪ੍ਰਾਥਨਾਵਾਂ ਕੀਤੀਆਂ ਹਨ। ਜਿਨ੍ਹਾਂ ਤੋਂ ਆਰੀਅਨ ਕੌਮ ਭੈਭੀਤ ਤੇ ਤੰਗ ਸੀ, ਕਿਉਂਕਿ ਉਹ ਆਰੀਅਨਾਂ ਨੂੰ ਅੱਗੇ ਵੱਧਣ ਤੋਂ ਰੋਕ ਰਹੇ ਸਨ। ਅਥਰਵ ਵੇਦ 'ਚ ਜਾਦੂ-ਟੂਣਿਆਂ ਦਾ ਵਰਨਣ ਹੈ ਜਿਨ੍ਹਾਂ ਰਾਹੀਂ ਜਨਤਾ ਨੂੰ ਗੁੰਮਰਾਹ ਕੀਤਾ ਗਿਆ ਹੈ। ਯਜੁਰਵੇਦ ਵਿਚ ਯੱਗ ਦੇ ਮੌਕੇ ਦਿੱਤੀਆਂ ਜਾਣ ਵਾਲੀਆਂ ਪ੍ਰਾਰਥਨਾਵਾਂ ਹਨ। ਸਾਮ ਵੇਦ 'ਚ ਗਾਇਨ ਹੈ। ਉਹ ਮੰਤਰ ਜੋ ਲੈਅ ਸੁਰ ਨਾਲ ਗਾਏ ਜਾ ਸਕਦੇ ਹਨ। ਮੈਂ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਇਨ੍ਹਾਂ ਵਿਚ ਮੂਰਖਤਾ ਤੋਂ ਸਿਵਾ ਕੁਝ ਵੀ ਨਹੀਂ ਹੈ। ਮੈਂ ਸਾਰੇ ਅਛੂਤ ਭਰਾਵਾਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਅਜਿਹੇ ਧਰਮ ਨੂੰ ਅਪਨਾਉਣ ਜਿਸ ਵਿਚ ਬੰਦੇ ਤੇ ਬੰਦੇ 'ਚ ਫਰਕ ਨਾ ਹੋਵੇ ਅਤੇ ਸਭ ਨੂੰ ਸਮਾਨਤਾ ਅਤੇ ਭਾਈਚਾਰੇ ਦੇ ਅਧਿਕਾਰ ਪ੍ਰਾਪਤ ਹੋਣ। ਤੁਸੀਂ ਇਕ ਚੰਗਾ ਸਮਾਜਿਕ ਢਾਂਚਾ ਕਾਇਮ ਨਹੀਂ ਕਰ ਸਕਦੇ, ਜਦੋਂ ਕਿ ਸਿਆਸੀ ਅਧਿਕਾਰਾਂ ਵਿਚ ਤੁਹਾਡਾ ਦਰਜਾ ਬਹੁਤ ਨੀਵਾਂ ਹੋਵੇ। ਨਾ ਹੀ ਤੁਸੀਂ ਆਪਣੇ ਸਿਆਸੀ ਅਧਿਕਾਰਾਂ ਦਾ ਪੂਰਾ-ਪੂਰਾ ਲਾਭ ਉਠਾ ਸਕਦੇ ਹੋ, ਜਦੋਂ ਤੀਕ ਤੁਹਾਡਾ ਸਮਾਜਿਕ ਢਾਂਚਾ ਨਿਆਂ ਪੂਰਨ ਨਾ ਹੋਵੇ।

ਬੁੱਧੀ ਅਤੇ ਇਮਾਨਦਾਰੀ ਤੋਂ ਬਿਨਾਂ ਕੋਈ ਵਿਅਕਤੀ ਮਹਾਨ ਹੀ ਬਣ ਸਕਦਾ। ਇਕ ਮਹਾਂ ਪੁਰਖ ਨੂੰ ਲਾਜ਼ਮੀ ਤੌਰ 'ਤੇ ਸਮਾਜਿਕ ਉਦੇਸ਼ਾਂ ਦੀ ਪ੍ਰਵਾਨਤਾ ਨਾਲ ਪ੍ਰੇਰਤ ਹੋਣਾ ਚਾਹੀਦਾ ਹੈ ਅਤੇ ਉਹ ਸਮਾਜ ਦੀਆਂ ਬੁਰਾਈਆਂ ਨੂੰ ਸਾਫ ਕਰਨ ਲਈ ਇਕ ਭੰਗੀ ਦੀ ਤਰ੍ਹਾਂ ਸਫਾਈ ਦਾ ਕੰਮ ਕਰੇ। ਹੁਕਮਰਾਨੀ ਦੀ ਆਪਣੀ ਇਸ ਇੱਛਾ ਪੂਰਤੀ ਦੀ ਖਾਤਰ ਇਨ੍ਹਾਂ ਨੇ (ਹਿੰਦੂਆਂ ਨੇ) ਪੈਰੋਕਾਰਾਂ ਵਿਚੋਂ ਅੱਧਿਆਂ ਨੂੰ ਮੂਰਖ ਅਤੇ ਅੱਧਿਆਂ ਨੂੰ ਢੌਂਗੀ ਅਤੇ ਧੋਖੇਬਾਜ਼ ਬਣਾ ਦਿੱਤਾ ਹੈ। ਆਪਣੀ ਪ੍ਰਮੁੱਖਤਾ ਕਾਇਮ ਰੱਖਣ ਲਈ ਇਨ੍ਹਾਂ (ਕਾਬਜ਼ ਹਾਕਮਾਂ ਨੇ) ਵੱਡੇ-ਵੱਡੇ ਵਿਉਪਾਰੀਆਂ ਅਤੇ ਪੂੰਜੀਪਤੀਆਂ ਦੀ ਸਹਾਇਤਾ ਹਾਸਲ ਕੀਤੀ ਹੋਈ ਹੈ। ਜਾਤਪਾਤ ਨੂੰ ਤੋੜਨਾ ਮਜ਼੍ਹਬੀ ਵਿਸ਼ਵਾਸਾਂ (ਧਾਰਮਿਕ ਅੰਧ ਵਿਸ਼ਵਾਸਾਂ) ਨੂੰ ਜੜੋਂ ਪੁੱਟੇ ਬਿਨਾਂ ਸੰਭਵ ਨਹੀਂ ਜਿਹੜੇ ਕਿ ਜਾਤਪਾਤ ਦੀ ਬੁਨਿਆਦ ਹਨ। ਕਿਸੇ ਕੌਮ ਦੇ ਰਾਜਸੀ ਵਿਕਾਸ ਦੇ ਲਈ ਲੋਕਾਂ ਦੇ ਵਿਚਾਰਾਂ ਅਤੇ ਮਨ ਦੀ ਅਜ਼ਾਦੀ ਇਕ ਜ਼ਰੂਰੀ ਪਹਿਲੂ ਹੈ।

ਜਾਇਦਾਦ ਨੂੰ ਬਰਾਬਰ ਕਰਨ ਦੀ ਕ੍ਰਾਂਤੀ ਵਿਚ ਲੋਕ ਉਸ ਵੇਲੇ ਤੱਕ ਸ਼ਾਮਲ ਨਹੀਂ ਹੋਣਗੇ ਜਦੋਂ ਤੀਕ ਉਨ੍ਹਾਂ ਨੂੰ ਇਹ ਪਤਾ ਨਾ ਹੋਵੇ ਕਿ ਸਫਲ ਹੋ ਚੁੱਕਣ ਤੋਂ ਪਿਛੋਂ ਉਨ੍ਹਾਂ ਨਾਲ ਬਰਾਬਰੀ ਦਾ ਵਰਤਾਵ ਹੋਵੇਗਾ ਅਤੇ ਜਾਤ ਜਾਂ ਵਿਸ਼ਵਾਸ ਦੇ ਅਧਾਰ ਉੱਤੇ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਜੇ ਪ੍ਰੋਲਤਾਰੀ (ਗਰੀਬ) ਵਰਗ ਸਾਂਝਾ ਮੋਰਚਾ ਨਹੀਂ ਬਣਾ ਸਕਦਾ ਤਾਂ ਕ੍ਰਾਂਤੀ ਕਿਵੇਂ ਆ ਸਕਦੀ ਹੈ। ਜਾਤੀਪਾਤੀ ਪ੍ਰਬੰਧ ਕੇਵਲ ਮੇਹਨਤ ਦੀ ਵੰਡ

ਨਹੀਂ ਹੈ। ਇਹ ਮਿਹਨਤਕਸ਼ਾਂ ਦੀ ਵੰਡ ਵੀ ਹੈ। ਆਪ ਕੋਈ ਰਾਜਸੀ ਜਾਂ ਆਰਥਿਕ ਸੁਧਾਰ ਨਹੀਂ ਕਰ ਸਕਦੇ।

ਇਕ ਆਰਥਿਕ ਸ਼ਾਸਨ ਵਜੋਂ ਜਾਤਪਾਤ ਇਕ ਹਾਨੀਕਾਰਕ ਸੰਸਥਾ ਹੈ ਕਿਉਂਕਿ ਇਸ ਦੇ ਅੰਦਰ ਇਨਸਾਨ ਦੀਆਂ ਕੁਦਰਤੀ ਯੋਗਤਾਵਾਂ ਨੂੰ ਅਤੇ ਮਨ ਦੇ ਝੁਕਾਅ ਨੂੰ ਸਮਾਜਿਕ ਨਿਯਮਾਂ ਦੀਆਂ ਲੋੜਾਂ ਦੇ ਅਧੀਨ ਕਰ ਦਿੱਤਾ ਜਾਂਦਾ ਹੈ....ਜ਼ਾਤਪਾਤ ਸਿਸਟਮ ਇਕੋ ਹੀ ਨਸਲ ਦੇ ਲੋਕਾਂ ਦੀ ਸਮਾਜਿਕ ਵੰਡ ਹੈ।

ਹਿੰਦੂ ਸਮਾਜ ਦੀ ਇਕ ਸਮਾਜ ਦੇ ਤੌਰ 'ਤੇ ਕੋਈ ਹੋਂਦ ਨਹੀਂ, ਇਹ ਕੇਵਲ ਜਾਤਾਂ ਦਾ ਇਕੱਠ ਹੈ। ਹਰ ਜਾਤ ਆਪਣੀ ਹੋਂਦ ਤੋਂ ਜਾਣੂ ਹੈ। ਆਪਣੀ ਇਸ ਹੋਂਦ ਨੂੰ ਜਿਉਂਦਾ ਰੱਖਣਾ ਹੀ ਉਸ ਦੇ ਲਈ ਸਭ ਕੁਝ ਹੈ। ਭਾਰਤੀ ਇਕ ਕੌਮ ਨਹੀਂ ਸਗੋਂ ਇਹ ਕੇਵਲ ਲੋਕਾਂ ਦੀ ਇਕ ਬੇਸ਼ਕਲ ਭੀੜ ਹੈ। ਜਾਤਪਾਤੀ ਸਿਸਟਮ ਨੇ ਸਾਂਝੀ ਸਰਗਰਮੀ ਨੂੰ ਰੋਕ ਕੇ ਹਿੰਦੂਆਂ ਨੂੰ ਇਕ ਅਜਿਹਾ ਸਮਾਜ ਬਣਨ ਤੋਂ ਰੋਕ ਦਿੱਤਾ ਹੈ, ਜਿਸ ਦਾ ਏਕਤਾ ਭਰਿਆ ਜੀਵਨ ਹੋਵੇ ਤੇ ਜਿਸ 'ਤੇ ਆਪਣੀ ਹਸਤੀ ਅਨੁਭਵ ਹੁੰਦੀ ਹੋਵੇ। ਬ੍ਰਾਹਮਣ ਦਾ ਸਭ ਤੋਂ ਪਹਿਲਾਂ ਫਿਕਰ ਗੈਰ ਬ੍ਰਾਹਮਣਾਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ।....ਇਸ ਲਈ ਹਿੰਦੂ ਲੋਕ ਕੇਵਲ ਜਾਤਾਂ ਦੀ ਕਿਸਮ ਬੰਦੀ ਨਹੀਂ ਸਗੋਂ ਆਪਣੇ ਲਈ ਅਤੇ ਸੁਆਰਥ ਭਰੇ ਆਦਰਸ਼ ਲਈ ਜਿਉਣ ਵਾਲੇ, ਆਪਸ ਵਿਚ ਲੜਦੇ ਭਿੰਨ-ਭਿੰਨ ਟੋਲੇ ਹਨ ਗੁਰੱਪ ਹਨ।

ਮੈਨੂੰ ਇਹ ਕਹਿਣ ਵਿਚ ਝਿਜਕ ਨਹੀਂ ਕਿ ਮੁਸਲਮਾਨ ਨਿਰਦਈ ਰਿਹਾ ਹੈ ਤੇ ਹਿੰਦੂ ਕਮੀਨਾ। ਕਮੀਨਾਪਣ ਜ਼ੁਲਮ ਨਾਲੋਂ ਵਧੇਰੇ ਭੈੜਾ ਹੈ। ਜਾਤਪਾਤ ਨੇ ਜਨਤਕ ਭਲਾਈ ਦੀ ਭਾਵਨਾ ਮਾਰ ਮੁਕਾਈ ਹੈ। ਜਾਤਪਾਤ ਨੇ ਜਨਤਕ ਦਾਨ ਦੇ ਅਹਿਸਾਸ ਨੂੰ ਤਬਾਹ ਕਰ ਦਿੱਤਾ ਹੈ। ਇਕ ਹਿੰਦੂ ਦੀ ਜਨਤਾ ਤਾਂ ਉਸ ਦੀ ਜਾਤ ਦੇ ਲੋਕ ਹਨ। ਉਸ ਦੀ ਜ਼ਿੰਮੇਵਾਰੀ ਸਿਰਫ ਆਪਣੀ ਜਾਤ ਦੇ ਲੋਕਾਂ ਲਈ ਹੈ। ਉਸ ਦੀ ਵਫਾਦਾਰੀ ਕੇਵਲ ਆਪਣੀ ਜਾਤ ਤਕ ਹੀ ਸੀਮਤ ਹੈ ਨੇਕੀ ਜਾਤ ਹੇਠ ਦਬ ਕੇ ਰਹਿ ਗਈ ਹੈ।....ਨੇਕੀ ਦੀ ਕਦਰ ਪਛਾਣੀ ਜਾਂਦੀ ਹੈ ਪ੍ਰੰਤੂ ਤਾਂ ਹੀ, ਜੇਕਰ ਉਹ ਆਦਮੀ ਆਪਣਾ ਜਾਤ ਭਾਈ ਹੋਵੇ। ਮੇਰਾ ਆਦਰਸ਼ ਹੈ ਇਕ ਅਜਿਹਾ ਸਮਾਜ ਜਿਸ ਦੀ ਨੀਂਹ ਆਜ਼ਾਦੀ ਬਰਾਬਰੀ ਅਤੇ ਭਰੱਪਣ ਹੋਵੇ, ਭਾਈਚਾਰਾ ਹੋਵੇ।...ਇਸ ਦਾ ਨਿਚੋੜ ਦੂਜੇ ਲੋਕਾਂ ਲਈ ਆਦਰ ਅਤੇ ਇੱਜ਼ਤ ਦਾ ਵਤੀਰਾ ਹੈ। ਰਾਮ ਰਾਜ ਚਤੁਰ ਵਰਣ ਉੱਤੇ ਅਧਾਰਤ ਰਾਜ ਸੀ, ਇਕ ਰਾਜਾ ਦੇ ਤੌਰ 'ਤੇ ਰਾਮ ਚਤੁਰ ਵਰਣ ਨੂੰ ਸਥਿਰ ਰੱਖਣ ਲਈ ਮਜਬੂਰ ਸੀ। ਇਸ ਲਈ ਸ਼ੰਬੂਕ (ਨੀਚ) ਜਿਸਨੇ ਆਪਣੀ ਸ਼੍ਰੇਣੀ ਹੱਦ ਦੀ ਉਲੰਘਣਾ ਕੀਤੀ ਅਤੇ ਬ੍ਰਾਹਮਣ (ਗਿਆਨਵਾਨ) ਬਣਨਾ ਚਹਿਆ ਨੂੰ ਕਤਲ ਕਰਨਾ ਉਸ ਦਾ (ਜਾਤੀ) ਫਰਜ਼ ਸੀ।

ਬ੍ਰਾਹਮਣ ਨੇ ਕਸ਼ੱਤਰੀ ਦੀ ਚਾਪਲੂਸੀ ਕੀਤੀ ਅਤੇ ਦੋਹਾਂ ਨੇ ਵੈਸ਼ ਨੂੰ ਇਸ ਲਈ ਜੀਣ ਦਿੱਤਾ ਤਾਂ ਜੋ ਉਸ ਦੀ ਮੇਹਨਤ 'ਤੇ ਆਪ ਆਰਾਮ ਨਾਲ ਜੀਵਿਆ ਜਾ ਸਕੇ, ਪਰ ਇਹ ਤਿੰਨੇ ਸ਼ੂਦਰ ਨੂੰ ਜ਼ਬਰਦਸਤੀ ਥੱਲੇ ਰੱਖਣ 'ਤੇ ਸਹਿਮਤ ਸਨ।

1. ਉਸ ਨੂੰ (ਸ਼ੂਦਰ ਨੂੰ) ਧਨ ਇਕੱਠਾ ਕਰਨ ਦੀ ਆਗਿਆ ਨਹੀਂ ਸੀ ਤਾਂ ਜੋ ਉਹ ਕਿਤੇ ਤਿੰਨਾਂ ਵਰਨਾਂ ਤੋਂ ਆਜ਼ਾਦ ਨਾ ਹੋ ਜਾਵੇ। 2. ਉਸ ਨੂੰ ਵਿਦਿਆ ਗ੍ਰਹਿਣ ਕਰਨ ਦੀ ਮਨਾਹੀ ਸੀ ਤਾਂ ਜੋ ਕਿਤੇ ਉਹ ਆਪਣੇ ਹਿੱਤਾਂ ਉੱਤੇ ਨਜ਼ਰ ਨਾ ਰੱਖਣ ਲਗ ਪਵੇ। 3. ਉਸ ਨੂੰ ਹਥਿਆਰ ਰੱਖਣਾ ਵਰਜਿਤ ਸੀ ਤਾਂ ਜੋ ਕਿਤੇ ਉਹਦੇ ਕੋਲ ਤਿੰਨਾਂ ਵਰਨਾਂ ਵਿਰੁੱਧ ਬਗਾਵਤ ਕਰ ਦੇਣ ਦੇ ਸਾਧਨ ਨਾ ਹੋ ਜਾਣ।

ਸਮਾਜ ਸ਼ਾਸਨ ਦਾ ਹੋਰ ਕੋਈ ਸਿਸਟਮ ਚਤੁਰਵਰਣ ਤੋਂ ਵਧਕੇ ਜ਼ਲੀਲ ਕਰਨ ਵਾਲਾ ਨਹੀਂ ਹੋ ਸਕਦਾ। ਇਹ ਉਹ ਪ੍ਰਬੰਧ ਹੈ ਜਿਸ ਨੇ ਲੋਕਾਂ ਨੂੰ ਮੁਰਦਾ ਬਣਾਕੇ ਉਨ੍ਹਾਂ ਦੇ ਅੰਗ ਪੈਰ ਮਾਰ ਕੇ ਅਤੇ ਅਪਾਹਜ ਬਣਾ ਕੇ ਲਾਭਵੰਦ ਅੰਦੋਲਨ ਦੇ ਅਯੋਗ ਬਣਾ ਦਿੱਤਾ ਹੈ। ਭਾਰਤੀ ਇਤਿਹਾਸ 'ਚ ਕੇਵਲ ਇਕ ਯੁੱਗ ਹੈ ਮੌਰੀਆ ਯੁੱਗ ਜੋ (ਸ਼ੂਦਰ ਰਾਜ) ਮਹਾਨ ਅਤੇ ਸ਼ਾਨਦਾਰ ਯੁੱਗ ਹੈ। ਮੌਰੀਆ ਯੁੱਗ ਅਜਿਹਾ ਯੁੱਗ ਸੀ ਜਦੋਂ ਚਤੁਰਵਰਣ ਦਾ ਪੂਰੀ ਤਰ੍ਹਾਂ ਖੁਰਾ ਖੋਜ ਮਿਟਾ ਦਿੱਤਾ ਗਿਆ ਸੀ। ਜਦੋਂ ਸ਼ੂਦਰ ਜੋ ਜਨਤਾ ਦਾ ਸਭ ਤੋਂ ਵੱਡਾ ਭਾਗ ਹਨ ਆਪਣੇ ਮਾਲਕ ਆਪ ਬਣੇ ਦੇਸ਼ ਦੇ ਹਾਕਮ ਬਣੇ। ਭਗਵਤ ਪੁਰਾਣ ਸਾਨੂੰ ਬਹੁਤ ਸਾਰੇ ਸ਼ਬਦਾਂ ਵਿਚ ਦੱਸਦਾ ਹੈ ਕਿ ਕ੍ਰਿਸ਼ਨ ਨੇ ਇਥੇ ਪਵਿੱਤਰ ਮਨੋਰਥ ਲਈ ਅਵਤਾਰ ਧਾਰਨ ਕੀਤਾ ਸੀ ਕਿ ਉਹ ਕਸ਼ੱਤਰੀਆਂ ਦਾ ਖੁਰਾ ਖੋਜ ਮਿਟਾ ਦੇਵੇ (ਕਿਉਂਕਿ ਪਿਛਲੇ ਸਮੇਂ ਵਿਚ ਬ੍ਰਾਹਮਣ ਤੋਂ ਕਸ਼ੱਤਰੀਆਂ ਨੇ ਰਾਜ ਖੋਹ ਲਿਆ ਸੀ। ਰਾਮ ਇਕ ਕਸ਼ੱਤਰੀ ਰਾਜਾ ਸੀ।)

ਜਾਤਾਂ ਤਾਂ ਇਕ ਵਿਸ਼ਵਾਸ ਹੈ ਇਹ ਮਨ ਦੀ ਅਵਸਥਾ ਹੈ ....ਮੇਰੀ ਨਜ਼ਰ ਵਿਚ ਗਲਤ ਹੈ, ਉਨ੍ਹਾਂ ਦਾ ਧਰਮ, ਜਿਸ ਨੇ ਜਾਤਪਾਤ ਦਾ ਇਹ ਖਿਆਲ ਦਿਲ ਵਿਚ ਬਿਠਾਇਆ।...ਦੁਸ਼ਮਣ ਉਹ ਲੋਕ ਨਹੀਂ ਜੋ ਜਾਤ

ਪਾਤ ਮੰਨਦੇ ਹਨ, ਸਗੋਂ ਦੁਸ਼ਮਣ ਉਹ ਸ਼ਾਸਤਰ ਹਨ ਜੋ ਉਨ੍ਹਾਂ ਨੂੰ ਜਾਤ ਪਾਤ ਦਾ ਧਰਮ ਸਿਖਾਉਂਦੇ ਹਨ। ਜਾਤ ਦੀ ਨੀਂਹ ਰੱਬੀ ਮੰਨੀ ਜਾਂਦੀ ਹੈ ਇਸ ਲਈ ਤੁਹਾਨੂੰ ਉਸ ਪਵਿੱਤਰਤਾ ਅਤੇ ਰੱਬੀਪਣ, ਜਿਸ ਦੇ ਵਿਚ ਜਾਤ ਲਪੇਟੀ ਹੋਈ ਹੈ, ਨੂੰ ਮਲੀਆਮੇਟ ਕਰ ਦੇਣਾ ਚਾਹੀਦਾ ਹੈ। ਆਖਰ ਨਿਚੋੜ ਵਿਚ ਇਸ ਦਾ ਅਰਥ ਇਹ ਹੈ ਕਿ ਤੁਹਾਨੂੰ ਸ਼ਾਸਤਰਾਂ ਅਤੇ ਵੇਦਾਂ ਨੂੰ ਅਵੱਸ਼ ਮਲੀਆਮੇਟ ਕਰ ਦੇਣਾ ਚਾਹੀਦਾ ਹੈ।

ਹਰ ਇਕ ਜਾਤ ਆਪਣਾ ਫ਼ਖਰ ਅਤੇ ਆਪਣੀ ਤਸੱਲੀ ਇਸ ਗੱਲ ਵਿਚ ਲੱਭਦੀ ਹੈ ਕਿ ਜਾਤਾਂ ਦੇ ਦਰਜੇ ਵਿਚ ਇਹ ਕਿਸੇ ਹੋਰ ਜਾਤ ਤੋਂ ਉਪਰ ਹੈ।.....ਜਿਨ੍ਹਾਂ ਉੱਚਾ ਕਿਸੇ ਜਾਤ ਦਾ ਰੁਤਬਾ ਉਨਾ ਹੀ ਇਸ ਦੇ ਅਧਿਕਾਰਾਂ ਦੀ ਵਧੇਰੇ ਸੰਖਿਆ। ਜਿਨਾ ਨੀਵਾਂ ਕਿਸੇ ਜਾਤ ਦਾ ਰੁਤਬਾ ਉਨਾ ਹੀ ਉਸ ਦੇ ਅਧਿਕਾਰਾਂ ਦੀ ਘੱਟ ਸੰਖਿਆ। ਸਦਾਚਾਰ ਦੇ ਅਰਥ ਹਨ ਨੇਕ ਕੰਮ ਜਾਂ ਜਾਤ ਪਾਤ ਦਾ ਬੀਜ ਨਾਸ਼। ਜੇ ਤੁਸੀਂ ਜਾਤਪਾਤੀ ਸਿਸਟਮ ਵਿਚ ਪਾੜ ਲਗਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਉਨ੍ਹਾਂ ਵੇਦਾਂ ਅਤੇ ਸ਼ਾਸਤਰਾਂ ਨੂੰ ਗੋਲੇ ਨਾਲ ਉਡਾ ਦੇਣਾ ਹੋਵੇਗਾ ਜੋ ਦਲੀਲ ਨੂੰ ਕੋਈ ਹਿੱਸਾ ਦੇਣ ਤੋਂ ਇਨਕਾਰੀ ਹਨ। ਤੁਹਾਨੂੰ ਸਰੁਤੀਆਂ ਅਤੇ ਸਿਮਰਤੀਆਂ ਦਾ ਇਤਿਹਾਸ ਤਬਾਹ ਕਰਨਾ ਹੋਵੇਗਾ। ਸਵਰਾਜ ਪ੍ਰਾਪਤ ਕਰਨ ਦਾ ਕੋਈ ਅਰਥ ਨਹੀਂ ਜੇ ਤੁਸੀਂ ਉਸ ਦੀ ਰੱਖਿਆ ਨਹੀਂ ਕਰ ਸਕਦੇ। ਹਿੰਦੂਆਂ ਨੇ ਹਰ ਥਾਂ ਨੂੰ ਬਦਬੂਦਾਰ ਬਣਾ ਰੱਖਿਆ ਹੈ ਤੇ ਹਰ ਕੋਈ ਭਾਵੇਂ ਉਹ ਸਿੱਖ, ਮੁਸਲਮਾਨ ਜਾਂ ਇਸਾਈ ਹੋਵੇ, ਇਸ ਰੋਗ ਦਾ ਸ਼ਿਕਾਰ ਹੈ। ਛੂਆ ਛਾਤ ਦੂਰ ਕਰਨ ਲਈ ਸ਼ਾਸਤਰਾਂ ਤੋਂ ਸਹਾਇਤਾ ਟੋਲਣਾ ਕੇਵਲ ਚਿੱਕੜ ਨੂੰ ਚਿੱਕੜ ਨਾਲ ਧੋਣਾ ਹੈ।

ਵਰਣ ਵਿਵਸਥਾ ਦਾ ਸਿਧਾਂਤ ਜਨਤਾ ਨੂੰ ਗਿਆਨ ਪ੍ਰਾਪਤ ਕਰਨ ਦੇ ਸੋਮਿਆਂ ਤੋਂ ਵਾਂਝਿਆ ਕਰਕੇ ਉਨ੍ਹਾਂ ਨੂੰ ਹੀਜੜੇ ਬਣਾਉਣਾ ਹੈ। ਜੇ ਜਨ ਸਧਾਰਨ ਨੂੰ ਜਾਤ ਪਾਤ ਦੀ ਪੰਜਾਲੀ ਤੋਂ ਛੁਟਕਾਰਾ ਮਿਲ ਗਿਆ ਤਾਂ ਉਹ ਬ੍ਰਾਹਮਣ ਦੀ ਸ਼ਕਤੀ ਅਤੇ ਅਸਰ ਰਸੂਖ ਲਈ ਖਤਰਾ ਬਣ ਜਾਣਗੇ। ਦੱਬੇ-ਕੁਚਲੇ ਵਰਗਾਂ ਨੂੰ ਜੇ ਸਵੈਮਾਣ ਅਤੇ ਅਜ਼ਾਦੀ ਪ੍ਰਾਪਤ ਹੋ ਗਈ ਤਾਂ ਉਹ ਆਪਣੀ ਬੁੱਧੀ ਅਤੇ ਬੀਰਤਾ ਨਾਲ ਕੇਵਲ ਆਪਣੀ ਹੀ ਉੱਨਤੀ ਨਹੀਂ ਕਰਨਗੇ ਸਗੋਂ ਉਹ ਕੌਮ ਦੀ ਉੱਨਤੀ ਵਿਚ ਵੀ ਸਹਾਈ ਹੋਣਗੇ

ਮਨੁੱਖੀ ਅਧਿਕਾਰਾਂ ਦੀ ਜੰਗ, ਪੂਨਾ ਪੈਕਟ : 1932

(ਹਿੰਦੂਆਂ ਅਤੇ ਦਲਿਤਾਂ ਵਿਚਕਾਰ ਹੋਇਆ ਇਕ ਇਤਿਹਾਸਕ ਸਮਝੌਤਾ)

ਇਹ ਸਾਬਤ ਸੱਚ ਹੈ ਕਿ 4000 ਸਾਲ ਪਹਿਲਾਂ ਆਰੀਆ, ਸਿੰਧੂ ਦੇਸ਼ (ਸਿੰਧੂ ਦਰਾਵੜ ਸੱਭਿਅਤਾ) (ਭਾਰਤ ਦਾ ਪਹਿਲਾ ਨਾਂ) ਵੱਲ ਵਧੇ। ਉਨ੍ਹਾਂ ਦਰਾਵੜਾਂ (ਭਾਰਤ ਦੇ ਅਸਲੀ ਮਾਲਕਾਂ-ਜੋ ਹੁਣ ਅਛੂਤ, ਸਛੂਤ, ਹਰੀਜਨ ਗਿਰੀਜਨ ਪਛੜੀ ਜਾਤੀ, ਕਬੀਲੇ ਜਾਂ ਧਾਰਮਿਕ ਘੱਟ ਗਿਣਤੀਆਂ ਕਹਾਉਂਦੇ ਹਨ) ਉੱਤੇ ਲਗਾਤਾਰ ਹਮਲੇ ਕੀਤੇ। ਇਹ ਇਤਿਹਾਸ ਰਿੱਗ ਵੇਦ ਵਿਚ ਦਰਜ ਹੈ। ਦਰਾਵੜਾਂ ਨੂੰ ਅੰਤ ਜਿੱਤ ਕੇ ਸਿੰਧੂ ਦੇਸ਼ ਦਾ ਨਾਂ 'ਆਰੀਆ ਵਰਤ' ਰੱਖਿਆ। ਫੇਰ ਆਰੀਆ ਨੇ ਰਿੱਗ ਵੇਦ ਲਿਖਿਆ ਤੇ ਤਿੰਨ ਹੋਰ ਵੇਦ ਲਿਖੇ। ਜਿਨ੍ਹਾਂ ਵਿਚ ਦਰਾਵੜਾਂ (ਜਿਨ੍ਹਾਂ ਨੂੰ ਦਾਸ, ਦਸਿਊ, ਗੁਲਾਮ, ਦੈਂਤ, ਰਾਖਸ਼, ਨਾਗ, ਬਾਨਰ, ਆਸੁਰ, ਦਾਨਵ ਆਦਿ ਕਿਹਾ ਗਿਆ ਹੈ) ਤੇ ਆਰੀਆ, (ਜਿਨ੍ਹਾਂ ਨੂੰ ਆਰੀਆ ਪੁੱਤਰ, ਦੇਵਤੇ, ਸੁਰ ਦੇਵ ਆਦਿ ਕਿਹਾ ਗਿਆ) ਵਿਚਕਾਰ ਹੋਈਆਂ ਲੜਾਈਆਂ ਦਾ ਜ਼ਿਕਰ ਹੈ ਅਤੇ ਆਰੀਆ ਵੱਲੋਂ ਚਲਾਏ ਗਏ ਧਾਰਮਿਕ ਅਤੇ ਸਮਾਜਿਕ ਰਸਮਾਂ, ਰਿਵਾਜਾਂ ਦਾ ਵਰਨਣ ਹੈ। ਇਸ ਸਮੇਂ ਨੂੰ 'ਵੈਦਿਕ ਕਾਲ' ਕਿਹਾ ਗਿਆ ਹੈ ਭਾਵ ਵੇਦਾਂ ਦਾ ਸਮਾਂ। ਇਨ੍ਹਾਂ ਚਾਰ ਵੇਦਾਂ ਦੇ ਅਧਾਰ 'ਤੇ ਜਿਸ ਕਿਸਮ ਦੀ ਸੋਚ ਲੋਕਾਂ ਅੰਦਰ ਪਹੁੰਚਾਈ ਗਈ ਉਸ ਨੂੰ ਵੈਦਿਕ ਧਰਮ ਕਿਹਾ ਗਿਆ ਭਾਵ ਵੇਦਾਂ ਦਾ ਧਰਮ। ਵੇਦਾਂ ਦੇ ਇਸ ਧਰਮ ਵਿਚੋਂ ਵਰਣ ਵੰਡ ਪੈਦਾ ਹੋਈ ਜੋ ਸ੍ਰਿਸ਼ਟੀ ਨੂੰ ਸਾਜਣ ਵਾਲੇ ਬ੍ਰਾਹਮਣਾਂ ਦੇ ਨਾਂ 'ਤੇ ਪੈਦਾ ਕੀਤੀ ਗਈ, ਜਿਸ ਅਨੁਸਾਰ, ਆਰੀਆ ਵਿਚੋਂ ਬ੍ਰਾਹਮਣ, ਕਸ਼ੱਤਰੀ, ਵੈਸ਼ ਪੈਦਾ ਕੀਤੇ ਗਏ ਅਤੇ ਦਰਾਵੜਾਂ ਨੂੰ ਸ਼ੂਦਰ ਕਿਹਾ ਗਿਆ। ਬ੍ਰਾਹਮਣ, ਹੁਕਮ, ਵਿੱਦਿਆ ਤੇ ਆਰੀਆ ਧਰਮ ਦਾ ਉੱਚਤਮ ਮਾਲਕ ਬਣਿਆ, ਕਸ਼ੱਤਰੀ ਹਥਿਆਰ ਦਾ ਮਾਲਕ ਅਤੇ ਵੈਸ਼ ਨੂੰ ਸਿੰਧੂ ਦੇਸ਼ ਦੀ ਸਾਰੀ ਜ਼ਮੀਨ ਅਤੇ ਵਪਾਰ ਦਾ ਮਾਲਕ ਕਰਾਰ ਦਿੱਤਾ ਗਿਆ। ਕਿਉਂਕਿ ਦਰਾਵੜ ਆਰੀਆ ਕੋਲੋਂ ਹਾਰ ਗਏ ਸਨ ਤੇ ਗੁਲਾਮ ਬਣਾ ਲਏ ਗਏ ਸਨ। ਇਸ ਲਈ ਆਰੀਆ ਨੇ ਆਪਣੇ ਧਰਮ ਰਾਹੀਂ ਦਰਾਵੜ ਨੂੰ ਸ਼ੂਦਰ ਕਹਿ ਕੇ ਆਪਣੇ ਨਿਸ਼ਕਾਮ ਸੇਵਾਦਾਰ ਸਥਾਪਤ ਕਰ ਲਿਆ ਤੇ ਉਨ੍ਹਾਂ ਪਾਸੋਂ ਖਾਣ, ਪੀਣ, ਪਹਿਨਣ, ਰਹਿਣ, ਬੋਲਣ, ਉੱਚਾ ਹੋਣ, ਘਰ-ਘਾਟ ਬਣਾਉਣ, ਧਨ ਇਕੱਠਾ ਕਰਨ, ਹਥਿਆਰ ਚੁੱਕਣ, ਪੜ੍ਹਨ ਸੁਣਨ, ਹੁਕਮ ਚਲਾਉਣ, ਧੰਦਾ ਕਰਨ, ਜ਼ਮੀਨ ਦਾ

ਹੱਕ ਰੱਖਣ ਆਦਿ ਅਧਿਕਾਰ ਸਭ ਖੋਹ ਲਏ ਤੇ ਧਰਮਾਂ ਰਾਹੀਂ ਪਾਬੰਦੀਆਂ ਲਗਾ ਦਿੱਤੀਆਂ। ਸਥਾਪਤ ਕੀਮਤਾਂ ਦੇ ਨਿਯਮਾਂ ਨੂੰ ਤੋੜਨ ਵਾਲਿਆਂ ਲਈ ਸਖਤ ਸਜ਼ਾਵਾਂ ਰੱਖ ਦਿੱਤੀਆਂ। ਇਕ ਸਮਾਜਿਕ ਗੁਲਾਮੀ ਜੋ ਆਰਥਿਕ ਗੁਲਾਮੀ ਨਾਲੋਂ ਸੈਂਕੜੇ ਗੁਣਾਂ ਮਾਰੂ ਅਤੇ ਭੈੜੀ ਹੈ, ਦਰਾਵੜਾਂ ਉੱਪਰ ਠੋਸ ਦਿੱਤੀ ਗਈ। ਸਮਾਜ ਦੇ ਸਾਰੇ ਅਧਿਕਾਰ ਬ੍ਰਾਹਮਣ, ਕਸ਼ੱਤਰੀ, ਵੈਸ਼ ਲਈ ਨਿਸ਼ਚਤ ਕਰ ਦਿੱਤੇ। ਬ੍ਰਾਹਮਣ ਨੂੰ ਪ੍ਰਬੰਧ ਦਾ ਅਸਲੀ ਮਾਲਕ ਤੇ ਸੰਚਾਲਕ ਥਾਪ ਦਿੱਤਾ ਗਿਆ, ਤੇ ਉਸ ਦੇ ਮੂੰਹ 'ਚੋਂ ਨਿਕਲੇ ਹੁਕਮ ਦੀ ਅਵੱਗਿਆ ਰੱਬ ਵੀ ਨਹੀਂ ਕਰ ਸਕਦਾ ਸੀ। ਜੇ ਕੋਈ ਬੰਦਾ ਕਰਦਾ ਵੀ ਸੀ ਤਾਂ ਉਸ ਨੂੰ ਭੈੜੀਆਂ ਤੋਂ ਭੈੜੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਜਿੱਥੇ ਨਾ ਕੋਈ ਅਪੀਲ ਸੀ ਨਾ ਦਲੀਲ ਸੀ। ਬ੍ਰਾਹਮਣਾਂ ਦੀ ਇਸ ਅਜਾਰਾਦਾਰੀ ਵਿਚ ਬ੍ਰਾਹਮਣੀ ਧਰਮ ਨੇ ਜਨਮ ਲਿਆ, ਤੇ ਜਿਸ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਕਿਹਾ ਜਾਂਦਾ ਹੈ। ਭਾਵ ਰਾਜਨੀਤਕ, ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ ਅਤੇ ਨੈਤਿਕ ਸਾਰੇ ਖੇਤਰਾਂ ਦੇ ਅਸਲੀ ਮਾਲਕ, ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਸਥਾਪਤ ਕੀਤੇ ਗਏ ਤੇ ਬਾਕੀ ਰਹਿਆ ਭਾਵ ਦਰਾਵੜ, ਸ਼ੂਦਰ, ਬਣਕੇ ਹਰ ਤਰ੍ਹਾਂ ਨਾਲ ਸਿਰਫ ਸੇਵਾਦਾਰ ਤੇ ਗੁਲਾਮ ਬਣ ਕੇ ਉੱਪਰਲਿਆਂ ਦੇ ਰਹਿਮ 'ਤੇ ਪਸ਼ੂਆਂ ਵਾਂਗ ਜਿਊਣ ਲੱਗੇ।

ਸੈਂਕੜੇ ਸਾਲਾਂ ਤੱਕ ਚਲਦੇ ਰਹੇ ਇਸ ਬ੍ਰਾਹਮਣੀ ਪ੍ਰਬੰਧ ਨੇ, ਕਰੋੜਾਂ ਲਗਪਗ 85-90 ਫੀਸਦੀ ਮੂਲ ਨਿਵਾਸੀਆਂ ਨੂੰ ਕੁੱਤਿਆਂ, ਬਿੱਲਿਆਂ ਅਤੇ ਹੋਰ ਜਾਨਵਰਾਂ ਤੋਂ ਘਟੀਆ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ ਤੇ ਉਨ੍ਹਾਂ 'ਤੇ ਦੁੱਖਾਂ ਦੇ ਪਹਾੜ ਟੁੱਟ ਪਏ। ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਮੁਲਕ ਦੇ ਲੋਕਾਂ ਨੇ ਏਡੇ ਭਿਆਨਕ ਤਸੀਹੇ ਸਹੇ ਹੋਣ।

ਅਜਿਹੀ ਦੁਖਾਂਤਕ ਸਮਾਜਿਕ ਵਿਵਸਥਾ ਬਾਰੇ, ਲਗਭਗ 2600 ਸਾਲ ਪਹਿਲਾਂ ਗੌਤਮ ਨਾਂ ਦੇ ਕਬੀਲਾਈ ਨਸਲ ਦੇ ਬੰਦੇ ਨੂੰ ਗਿਆਨ ਹੋਇਆ। ਉਹ ਗੌਤਮ ਤੋਂ ਬੁੱਧ ਬਣਿਆ। ਭਾਵ ਗਿਆਨਵਾਨ ਬੁੱਧੀਵਾਨ ਸਮਾਜ ਅੰਦਰ ਫੈਲੇ ਤੇ ਉਸਨੇ ਦੁੱਖਾਂ ਦੇ ਕਾਰਨ ਲੱਭ ਕੇ ਸ਼ੂਦਰਾਂ ਨੂੰ ਆਪਣੇ ਹੱਕਾਂ ਪ੍ਰਤੀ ਪੂਰਾ ਜੀਵਨ ਲਗਾ ਕੇ ਸੁਚੇਤ ਕੀਤਾ ਤੇ ਕਿਹਾ ਕਿ ਆਪਣੇ ਦੀਪ ਆਪ ਬਣੋ। ਸੰਸਾਰ ਵਿਚ ਦੁੱਖ ਹਨ। ਪਰ ਦੁੱਖਾਂ ਦਾ ਕੋਈ ਕਾਰਨ ਹੈ। ਕਾਰਨ ਦੂਰ ਕਰ ਦਿਉ ਤਾਂ ਦੁੱਖ ਦੂਰ ਹੋ ਜਾਣਗੇ। ਸ਼ੂਦਰਾਂ ਨੇ ਬੁੱਧ ਤੋਂ ਵਿੱਦਿਆ ਅਤੇ ਗਿਆਨ ਹਾਸਲ ਕਰਕੇ ਅੰਗੜਾਈ ਲਈ। ਸਿੱਟੇ ਵਜੋਂ ਮੁੜ ਸ਼ੂਦਰ ਰਾਜ ਮੌਰੀਆ ਵੰਸ਼ ਸਥਾਪਤ ਹੋਇਆ। ਬੋਧੀ ਸ਼ੂਦਰ ਰਾਜ ਦੀਆਂ ਦਸ ਬਾਦਸ਼ਾਹੀਆਂ ਚੱਲੀਆਂ ਪ੍ਰੰਤੂ ਉਹ ਭਾਰਤੀ ਸਮਾਜ ਦੀ ਵਰਨ ਵਿਵਸਥਾ ਨੂੰ ਜੜ੍ਹਾਂ ਤੋਂ ਹਿਲਾ ਨਾ ਸਕੇ। ਇਸ ਦੀਆਂ ਜੜ੍ਹਾਂ ਪੁੱਟ ਨਾ ਸਕੇ। ਸਗੋਂ ਬ੍ਰਾਹਮਣ ਵਿਚਾਰ ਵਾਲੇ ਲੋਕਾਂ ਨੂੰ ਵੱਧਣ-ਫੁੱਲਣ ਦੀ ਖੁੱਲ੍ਹ ਮਿਲੀ ਰਹੀ। ਜਿਸ ਦਾ ਸਿੱਟਾ ਬ੍ਰਿਹਦਰਥ ਨੂੰ ਬ੍ਰਾਹਮਣ ਸੈਨਾਪਤੀ ਪੁਸ਼ਪਾਮਿੱਤਰ ਦੁਆਰਾ ਕਤਲ ਕਰਨਾ ਤੇ, ਮੁੜ ਬ੍ਰਾਹਮਣੀ ਰਾਜ ਸਥਾਪਤ ਕਰਨਾ ਨਿਕਲਿਆ। ਸ਼ੂਦਰ ਬੋਧੀ ਰਾਜ ਦੀ ਸਥਾਪਤੀ ਦੇ ਕਾਰਨ ਲੱਭ ਕੇ ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਲਈ ਬ੍ਰਾਹਮਣਾਂ ਰਾਹੀਂ ਮਨੂੰ ਸਿਮਰਤੀ ਦਾ ਸੰਵਿਧਾਨੀ ਤਿਆਰ ਕੀਤਾ ਗਿਆ, ਜਿਸ ਅਨੁਸਾਰ ਸ਼ੂਦਰ ਹੁਣ ਇਕ ਸ਼ੂਦਰ-ਜਮਾਤ ਨਾ ਹੋ ਕੇ, ਕਿੱਤਿਆਂ ਦੇ ਅਧਾਰ 'ਤੇ ਜਾਤਾਂ ਵਿਚ ਵੰਡ ਦਿੱਤੇ ਗਏ। ਇਕ ਕਿੱਤਾ ਜਾਤ ਬਣ ਗਿਆ ਅਤੇ ਜਾਤ ਦਾ ਧਰਮ, ਰੱਬ ਦਾ ਧਰਮ ਬਣਾ ਦਿੱਤਾ ਗਿਆ। ਜਾਤਾਂ ਵਿਚਕਾਰੋਂ ਰੋਟੀ ਦੀ ਸਾਂਝ ਖਤਮ ਕੀਤੀ ਗੀ ਤੇ ਨਾਲ ਹੀ ਇਕ ਦੂਜੀ ਜਾਤ ਵਿਚ ਬੇਟੀ ਦਾ ਰਿਸ਼ਤਾ ਕਰਨਾ ਘੋਰ ਪਾਪ ਕਰਾਰ ਦਿੱਤਾ ਗਿਆ ਕਿ ਜਾਤਾਂ ਰੱਬ ਨੇ ਬਣਾਈਆਂ ਹਨ। ਜਾਤਾਂ ਪਿਛਲੇ ਜਨਮ ਦੇ ਮਾੜੇ ਚੰਗੇ ਕਰਮਾਂ ਦਾ ਸਿੱਟਾ ਹਨ। ਜਾਤਾਂ ਰੱਬ ਦੀ ਮਰਜ਼ੀ ਹੈ। ਜਾਤ ਤੋੜਨ ਵਾਲੇ ਨੂੰ ਨਰਕ ਦਾ ਡਰਾਵਾ ਦਿੱਤਾ ਗਿਆ। ਜੋ ਨਾ ਡਰਿਆ, ਉਸ ਨੂੰ ਜਾਤ ਵਿਚੋਂ ਛੇਕ ਕੇ ਨਵੀਂ ਜਾਤ ਬਣਾਉਣ ਵੱਲ ਧੱਕਿਆ ਗਿਆ। ਜਿਨ੍ਹਾਂ ਨੇਕ ਦਿਲ ਬ੍ਰਾਹਮਣਾਂ, ਕਸ਼ੱਤਰੀ ਤੇ ਵੈਸ਼ਾਂ ਨੇ ਜਾਤ ਦਾ ਧਰਮ ਤੋੜਿਆ, ਉਨ੍ਹਾਂ ਨੂੰ ਵੀ ਜਾਤ ਵਿਚੋਂ ਛੇਕ ਕੇ ਨੀਵੀਆਂ ਜਾਤਾਂ ਵਿਚ ਸੁੱਟਿਆ ਗਿਆ ਤੇ ਫਿਰ ਇਕ ਜਾਤ ਨੂੰ ਸਦਾ-ਸਦਾ ਲਈ ਦੂਜੀ ਜਾਤ ਤੋਂ ਦੂਰ ਕਰਨ ਲਈ ਉੱਚੀ ਜਾਤ ਅਤੇ ਨੀਵੀਂ ਜਾਤ ਦਾ ਸਿਧਾਂਤ ਲਾਗੂ ਕਰ ਦਿੱਤਾ ਗਿਆ। ਕਿੱਤੇ ਤੇ ਜਾਤਾਂ ਹੇਠ ਉੱਤੇ ਕਰਕੇ ਉਚ-ਨੀਚ ਪੈਦਾ ਕੀਤੀ ਗਈ ਅਤੇ ਉੱਚੀ ਜਾਤ ਨੂੰ ਆਪਣੇ ਤੋਂ ਨੀਵੀਂ ਜਾਤ ਨਾਲ ਨਫਰਤ ਕਰਨ ਦਾ ਜਨਮ ਤੋਂ ਹੀ ਅਧਿਕਾਰ ਦੇ ਦਿੱਤਾ ਗਿਆ ਇਸ ਦੇ ਨਾਲ ਹੀ ਛੂਤ-ਛਾਤ ਕਰਨ ਦੀ ਵਿਵਸਥਾ ਲਾਗੂ ਕੀਤੀ ਗਈ। ਜੋ ਭਿੱਟ ਦਾ ਸਿਧਾਂਤ ਕਹਿਲਾਇਆ। ਇਹ ਸਿਧਾਂਤ, ਬ੍ਰਹਮਾਂ, ਕਸ਼ੱਤਰੀਆਂ, ਵੈਸ਼ਾਂ ਵਿਚ ਵੀ ਲਾਗੂ ਕੀਤਾ ਗਿਆ, ਜਿਨ੍ਹਾਂ ਨੂੰ ਵੇਖ ਕੇ ਸ਼ੂਦਰ ਜਾਤੀਆਂ ਵੀ ਆਪਣੇ ਵਰਗਿਆਂ ਨੂੰ ਘੋਰ ਨਫਰਤ ਕਰਨ ਲੱਗ ਪਈਆਂ। ਇਸ ਵੰਡ ਤੇ ਜਾਤਪਾਤੀ ਨਫਰਤ ਨੇ ਪੂਰੇ ਸਮਾਜ

ਨੂੰ ਬੀਮਾਰ ਕਰ ਦਿੱਤਾ ਤੇ ਪਿੰਜਰ ਬਣਾ ਦਿੱਤਾ, ਸਿੱਟੇ ਵਜੋਂ ਬਦੇਸ਼ੀਆਂ ਨੇ ਭਾਰਤ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਮੁਸਲਮਾਨਾਂ, ਮੰਗੋਲਾਂ, ਮੁਗਲਾਂ ਨੇ ਭਾਰਤ ਨੂੰ ਖੂਬ ਲੁੱਟਿਆ, ਮਾਰਿਆ, ਪਰ ਕਮਜ਼ੋਰ ਤੇ ਜਾਤਪਾਤੀ ਭਾਰਤੀ ਸਮਾਜ ਸਿਰ ਨਾ ਚੁੱਕ ਸਕਿਆ। ਚੌਦਵੀਂ ਸਦੀ ਤੱਕ ਇਹ ਕੁਝ ਹੁੰਦਾ ਰਿਹਾ। ਧਾੜਵੀ ਆਉਂਦੇ ਰਹੇ। ਮਾਰਦੇ ਰਹੇ। ਵੱਢਦੇ ਰਹੇ, ਲੁੱਟਦੇ ਰਹੇ। ਬਹੂ-ਬੇਟੀਆਂ ਚੁੱਕ ਕੇ ਲੈ ਜਾਂਦੇ ਰਹੇ, ਪਰ ਕਿਸੇ ਨੇ ਸੀ ਤੱਕ ਨਾ ਕੀਤੀ ਤੇ ਜਿਹੜੇ ਅੜੇ ਉਹ ਅੰਤ ਮਾਰੇ ਗਏ। ਕਿਉਂਕਿ ਬ੍ਰਾਹਮਣ ਦੇ ਹੁਕਮ ਅਨੁਸਾਰ ਸ਼ਾਸਤਰਾਂ ਦੇ ਹੁਕਮ ਅਨੁਸਾਰ ਲੜਨਾ ਸਿਰਫ ਕਸ਼ੱਤਰੀ ਦਾ ਧਰਮ ਸੀ। ਦੂਜੀਆਂ ਜਾਤਾਂ ਆਪਣਾ ਧਰਮ ਤੋੜ ਕੇ ਕਸ਼ੱਤਰੀ ਧਰਮ ਨਹੀਂ ਅਪਨਾਉਂਦੀਆਂ ਸਨ, ਕਿਉਂਕਿ ਅਜਿਹਾ ਕਰਨ ਨਾਲ ਉਨ੍ਹਾਂ ਨੂੰ ਰੱਬ ਤੋਂ ਸਖਤ ਸਜ਼ਾ ਮਿਲ ਸਕਦੀ ਸੀ ਤੇ ਭਾਰਤ ਵਾਰ-ਵਾਰ ਗੁਲਾਮ ਹੁੰਦਾ ਰਿਹਾ।

1320 ਵਿਚ ਕਰੀਬ ਇਕ ਸ਼ੂਦਰ ਅਛੂਤ ਭੰਗੀ ਜਾਤੀ ਦਾ ਬੰਦਾ 'ਖੁਸਰਵ' ਖਿਲਜੀ ਵੰਸ਼ ਨੂੰ ਖਤਮ ਕਰਕੇ ਦੇਸ਼ ਦੀ ਗੱਦੀ 'ਤੇ ਬੈਠਿਆ। ਪ੍ਰੰਤੂ ਉਹ ਸ਼ੂਦਰਾਂ ਦੀ ਹਾਲਤ ਨਾ ਬਦਲ ਸਕਿਆ ਤੇ 6 ਮਹੀਨੇ ਤੋਂ ਜ਼ਿਆਦਾ ਰਾਜ ਨਾ ਚਲਾ ਸਕਿਆ। ਇਸ ਸਮੇਂ ਜਦੋਂ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ਾਂ ਦਾ ਸੂਰਜ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਡੁੱਬ ਚੁੱਕਾ ਸੀ ਤੇ ਬਦੇਸ਼ੀ ਹਾਕਮ ਭਾਰਤ ਨੂੰ ਵਾਰ-ਵਾਰ ਆਪਣੇ ਕਬਜ਼ੇ 'ਚ ਕਰ ਰਹੇ ਸਨ, ਹਿੰਦੂਆਂ ਦੇ ਕੇਂਦਰ ਬਨਾਰਸ ਵਿਚ ਕਬੀਰ ਨਾਂ ਦਾ ਬੰਦਾ ਜੁਲਾਹਾ ਜਾਤੀ ਵਿਚੋਂ ਉੱਭਰ ਕੇ ਸਾਹਮਣੇ ਆਇਆ, ਜਿਸ ਨੇ ਮੌਕਾ ਪਾ ਕੇ ਬ੍ਰਾਹਮਣਵਾਦੀ, ਮਨੂੰਵਾਦੀ, ਜਾਤੀਵਾਦੀ ਧਰਮ ਨੂੰ ਵੰਗਾਰਿਆ। ਉਸ ਦੇ ਨਾਲ ਛੀਂਬਾ ਅਛੂਤ ਜਾਤੀ ਨਾਮਦੇਵ ਰਲਿਆ। ਫਿਰ ਚੁਮਾਰ ਜਾਤੀ ਦਾ ਰਵਿਦਾਸ ਤੇ ਕਸਾਈ ਜਾਤੀ ਦਾ ਸਦਨਾ, ਨਾਈ ਜਾਤੀ ਦਾ ਸੈਣ ਜੀ ਤੇ ਜੱਟ ਜਾਤੀ ਦਾ ਸ਼ੂਦਰ ਧੰਨਾ ਰਲਿਆ। ਇਹ ਮਨੁੱਖ ਬ੍ਰਾਹਮਣੀ ਰਾਜ ਨਾ ਹੋਣ ਕਰਕੇ ਹੀ ਸਮਾਜਿਕ ਢਾਂਚੇ ਵਿਰੁੱਧ ਬਗਾਵਤ ਕਰ ਸਕੇ। ਇਹ ਸਧਾਰਨ ਮਨੁੱਖ ਨਹੀਂ ਸਨ। ਆਪਣੇ ਸਮੇਂ ਦੇ ਸੂਰਮੇ ਤੇ ਗਿਆਨਵਾਨ ਸਨ। ਜੋ ਜਾਤਪਾਤੀ ਸਮਾਜ ਨੂੰ ਤੋੜ ਕੇ ਮਨੁੱਖੀ ਕਦਰਾਂ-ਕੀਮਤਾਂ ਵਾਲਾ ਰਾਜ ਸਥਾਪਤ ਕਰਨ ਦਾ ਸੁਪਨਾ ਲੈ ਕੇ ਅੱਗੇ ਵਧੇ ਤੇ 'ਬੇਗਮਪੁਰੇ' ਦੀ ਇਕ ਅਜਿਹੀ ਤਸਵੀਰ ਪੇਸ਼ ਕੀਤੀ ਜੋ ਅੱਜ ਤੀਕ ਸੰਸਾਰ ਵਿਚ ਕੋਈ ਨਹੀਂ ਕਰ ਸਕਿਆ। ਆਦਰਸ਼ ਰਾਜ ਦੀ ਤਸਵੀਰ ਪੇਸ਼ ਕਰਨ ਵਾਲਾ ਰਵਿਦਾਸ ਦੁਨੀਆ ਦਾ ਪਹਿਲਾ ਸਮਾਜਵਾਦੀ ਰਾਜਨੀਤਕ ਚਿੰਤਕ ਹੈ। ਇਨ੍ਹਾਂ ਸ਼ੂਦਰ, ਅਛੂਤ ਜਾਤੀ ਦੇ ਬੰਦਿਆਂ ਨੇ ਜਿੱਥੇ ਬ੍ਰਾਹਮਣਵਾਦੀ ਸਮਾਜ ਤੇ ਧਰਮ ਨੂੰ ਵੰਗਾਰਿਆ, ਉੱਥੇ ਨੀਚ, ਅਛੂਤ ਜਾਤੀ 'ਚ ਬੱਧੇ ਸਮਾਜ ਨੂੰ ਬਗਾਵਤ ਲਈ ਤਿਆਰ ਕਰਨਾ ਸ਼ੁਰੂ ਕੀਤਾ ਤੇ ਲਗਭਗ ਸਾਰੇ ਭਾਰਤ 'ਚ ਹੀ ਇਹ ਇਕ ਲਹਿਰ ਬਣ ਗਈ। ਪੰਦਰਵੀਂ ਸਦੀ ਵਿਚ ਇਸ ਲਹਿਰ ਦੀ ਵਾਗਡੋਰ ਖੱਤਰੀ ਜਾਤੀ ਦੇ ਨਾਨਕ ਨੇ ਸੰਭਾਲੀ (ਸਮਾਜਿਕ ਹਾਲਤਾਂ ਤੋਂ ਲੱਗਦਾ ਹੈ ਕਿ ਕਸ਼ੱਤਰੀਆਂ ਦੀ ਕਿਸੇ ਨੀਵੀਂ ਜਾਤ ਦਾ ਨਾਂ ਖੱਤਰੀ ਪਿਆ) ਜਿਸ ਨੇ ਬ੍ਰਾਹਮਣੀ ਜਾਤੀ ਧਰਮ ਤੋੜਿਆ। ਬ੍ਰਾਹਮਣੀ ਵਿਵਸਥਾ ਦੇ ਜਾਤ ਪਾਤੀ ਜਾਲ ਨੂੰ ਤੋੜ ਕੇ ਨੀਚਾਂ ਦਾ ਸਾਥੀ ਬਣ ਜਾਣ ਵਾਲਾ, ਖੱਤਰੀ ਉੱਚੀ ਜਾਤੀ ਦਾ ਗੁਰੂ ਨਾਨਕ ਸਮਾਜ ਦਾ ਪਹਿਲਾ ਵਿਅਕਤੀ ਹੈ ਜਿਸ ਨੇ ਬ੍ਰਾਹਮਣੀ ਪ੍ਰਬੰਧ ਦੇ ਖਿਲਾਫ ਡੱਟਵੀਂ ਬਗਾਵਤ ਕੀਤੀ ਤੇ ਇਸ ਨੂੰ 90 ਡਿਗਰੀ 'ਤੇ ਕੱਟ ਕੇ ਨੀਚਾਂ ਨਾਲ-ਨਾਲ ਰਲ ਕੇ ਕ੍ਰਾਂਤੀ ਲਈ ਭੂਮੀ ਤਿਆਰ ਕੀਤੀ। ਭਾਰਤ ਦੀ ਇਸ ਲਹਿਰ ਦਾ, ਜਿਸ ਨੂੰ ਮੁੱਖ ਰੂਪ ਵਿਚ ਜੁਲਾਹਿਆਂ, ਛੀਂਬਿਆਂ, ਚੁਮਾਰਾਂ, ਨਾਈਆਂ, ਕਸਾਈਆਂ, ਜਾਟਾਂ ਤੇ ਹੋਰ ਨੀਚ ਜਾਤੀਆਂ ਦੇ ਰਹਿਬਰਾਂ ਨੇ ਚਲਾਇਆ, ਮੁੱਖ ਨਿਸ਼ਾਨਾ ਬ੍ਰਾਹਮਣਵਾਦ, ਜਾਤਪਾਤ ਅਤੇ ਛੂਆ-ਛਾਤ ਸੀ। ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਸਿਖਰ 'ਤੇ ਪਹੁੰਚਾਇਆ। 1699 ਨੂੰ ਸ਼ੂਦਰਾਂ ਨੂੰ ਪੜ੍ਹਨ, ਬੋਲਣ, ਸੁਣਨ, ਹਥਿਆਰ ਰੱਖਣ, ਬਸਤਰ ਪਹਿਨਣ, ਕਲਗੀ ਲਗਾਉਣ, ਘੋੜੇ 'ਤੇ ਬੈਠਣ, ਸੰਗਤ ਤੇ ਪੰਗਤ 'ਚ ਬਰਾਬਰ ਬੈਠਣ, ਬਾਟੇ ਦੀ ਜੂਠ ਰਾਹੀਂ, ਭਿੱਟ ਖਤਮ ਕਰਨ, ਰੱਜ ਕੇ ਖਾਣ, ਪੀਣ ਤੇ ਪਹਿਨਣ, ਵਾਲ ਰੱਖਣ (ਕਿਉਂਕਿ ਹਿੰਦੂ ਮੁੰਨ ਕੇ ਰੱਖਦੇ ਸਨ) ਹੁਕਮ ਚਲਾਉਣ, ਸਰਦਾਰੀਆਂ ਕਰਨ, ਜਥੇਬੰਦ (ਭਾਵ ਬ੍ਰਾਹਮਣੀ ਰੀਤ) ਹੋਣ ਦੇ ਬੁਨਿਆਦੀ ਅਧਿਕਾਰ ਦਿੱਤੇ ਤੇ 'ਵਿਪਰਨ ਕੀ ਰੀਤ' ਹਮੇਸ਼ਾ-ਹਮੇਸ਼ਾ ਲਈ ਖਤਮ ਕਰ ਦਿੱਤੀ ਤੇ ਜੋ ਵਿਪਰਨ (ਬ੍ਰਾਹਮਣੀ ਰੀਤ) ਕੀ ਰੀਤ ਕਰੇਗਾ, ਉਹ ਖਾਲਸਾ ਨਹੀਂ ਹੋਏਗਾ ਦਾ ਸਪੱਸ਼ਟ ਸਿਧਾਂਤ ਲਾਗੂ ਕੀਤਾ। ਪ੍ਰੰਤੂ ਇਹ ਸਿਧਾਂਤ ਸਾਰੇ ਸ਼ੂਦਰਾਂ ਨੂੰ ਕਲਾਵੇ 'ਚ ਨਾ ਲੈ ਸਕਿਆ ਕਿਉਂਕਿ ਖਾਲਸਾ ਰਾਜ ਸਥਾਪਤ ਨਾ ਹੋ ਸਕਿਆ। ਬਹਾਦਰ ਸ਼ਾਹ ਤੋਂ ਜਲਦੀ ਬਾਅਦ ਅੰਗਰੇਜ਼ ਕਾਬਜ਼ ਹੋ ਗਏ। ਖਾਲਸਾ ਰਾਜ ਦਾ ਸੁਪਨਾ ਬੰਦਾ ਸਿੰਘ ਬਹਾਦਰ ਦੇ ਮਰਨ ਨਾਲ ਹੀ ਕਮਜ਼ੋਰ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਸਾਂਸੀ ਜਾਤੀ ਦਾ ਅਛੂਤ ਰਾਜਾ ਸੀ। ਜਿਸ ਨੂੰ ਖਾਲਸਾ ਰਾਜ ਕਿਹਾ ਜਾਂਦਾ ਹੈ,

ਪਰ ਉਹ ਜਾਤਪਾਤੀ ਪ੍ਰਬੰਧ ਨੂੰ ਕਿਧਰੋਂ ਵੀ ਨਾ ਤੋੜ ਸਕਿਆ । ਕਿਉਂਕਿ ਉਸ ਦੇ ਰਾਜ ਨੂੰ ਚਲਾਉਣ ਵਾਲੇ ਕਸ਼ਮੀਰੀ ਬ੍ਰਾਹਮਣ ਅਤੇ ਡੋਗਰੇ ਸਨ । ਜਿਨ੍ਹਾਂ ਨੇ ਆਪਣੀ ਔਕਾਤ ਅਨੁਸਾਰ ਰਾਜ ਦਾ ਚੀਨਾ-ਚੀਨਾ ਕਰ ਦਿੱਤਾ ਤੇ ਅੰਗਰੇਜ਼ਾਂ ਨੂੰ ਅੱਗੇ ਵਧਕੇ ਇਸ ਰਾਜ ਨੂੰ ਤਹਿਸ-ਨਹਿਸ ਕਰਨ ਵਿਚ ਪੂਰਾ ਆਸਰਾ ਦਿੱਤਾ । ਇੱਥੇ ਤੀਕ ਕਿ ਰਣਜੀਤ ਸਿੰਘ ਦੇ ਰਾਜ ਵਿਚ ਨੀਚ ਜਾਤੀਆਂ ਨੂੰ ਕੋਈ ਵੀ ਵਿਸ਼ੇਸ਼ ਪ੍ਰਤੀਨਿਧਤਾ ਨਹੀਂ ਮਿਲੀ । ਉੱਚੀਆਂ ਜਾਤੀਆਂ ਦਾ ਹੀ ਕਬਜ਼ਾ ਰਿਹਾ ਤੇ ਉਨ੍ਹਾਂ ਨੇ ਰਾਜ ਨੂੰ ਤਬਾਹ ਕਰਨ ਵਿਚ ਜੀਅ ਜਾਨ ਨਾਲ ਹਿੱਸਾ ਪਾਇਆ ਤੇ ਬਦੇਸ਼ੀਆਂ ਦਾ ਸਾਥ ਦਿੱਤਾ ।

ਲਗਪਗ ਏਸੇ ਸਮੇਂ ਦੱਖਣ ਵਿਚ ਮਰਾਠਾ ਸ਼ੂਦਰ ਰਾਜ ਸਥਾਪਤ ਹੋਇਆ, ਜਿਸ ਦਾ ਮੁੱਖੀ ਪਛੜੀ ਜਾਤੀ ਦਾ ਰਾਜਾ ਛੱਤਰਪਤੀ ਸ਼ਿਵਾ ਜੀ ਮਰਾਠਾ ਬਣਿਆ । ਪ੍ਰੰਤੂ ਉਸ ਦੇ ਅੱਠ ਮੰਤਰੀਆਂ ਵਿਚੋਂ ਸੱਤ ਮੰਤਰੀ ਬ੍ਰਾਹਮਣ ਸਨ, ਜਿਸ ਕਾਰਨ ਸ਼ਿਵਾਜੀ ਲੜਾਈਆਂ ਕਰਨ ਅਤੇ ਰਾਜ ਵਧਾਉਣ ਤੋਂ ਵੱਧ ਕੁਝ ਨਾ ਕਰ ਸਕਿਆ ਤੇ ਅੰਤ ਉਸ ਦਾ ਰਾਜ ਪੇਸ਼ਵਾ ਬ੍ਰਾਹਮਣਾਂ ਦੇ ਹੱਥ ਚਲਾ ਗਿਆ । ਪੇਸ਼ਵਾਵਾਂ ਨੇ ਜੋ ਜ਼ੁਲਮ ਜੰਤਾ 'ਤੇ ਕੀਤੇ, ਉਹ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ । ਇਨ੍ਹਾਂ ਪੇਸ਼ਵਾਵਾਂ ਨੇ ਹੀ ਸ਼ਿਵਾਜੀ ਦੇ ਲੜਕੇ ਸ਼ੰਭੂਜੀ ਦੀਆਂ ਅੱਖਾਂ ਕੱਢ ਦਿੱਤੀਆਂ ਸਨ । ਬ੍ਰਾਹਮਣ ਸਰਦਾਰਾਂ ਨੇ ਸ਼ਿਵਾਜੀ ਨੂੰ ਕੈਦ ਕਰਾਇਆ ਸੀ, ਪ੍ਰੰਤੂ ਇਕ ਅਛੂਤ ਮੇਹਤਰ ਮਠਿਆਈ ਦੀ ਟੋਕਰੀ 'ਚ ਬਹਾ ਕੇ ਉਸ ਨੂੰ ਜੇਲ੍ਹ 'ਚੋਂ ਕੱਢ ਲਿਆਇਆ ਸੀ । ਇਸ ਦੇ ਬਾਵਜੂਦ ਵੀ ਸ਼ਿਵਾਜੀ ਅਛੂਤਾਂ ਵਾਸਤੇ ਕੁਝ ਨਾ ਕਰ ਸਕਿਆ । ਪ੍ਰੰਤੂ 19ਵੀਂ ਸਦੀ ਦੇ ਅੰਤ ਵਿਚ, ਦੋ ਹੋਰ ਰਿਆਸਤੀ ਮਰਾਠਾ ਰਾਜ ਸਥਾਪਤ ਹੋਏ, ਇਕ ਸ਼ਾਹੂ ਛਤਰਪਤੀ ਮਹਾਰਾਜ ਕੋਹਲਾਪੁਰ (ਪਛੜੀ ਜਾਤੀ) ਤੇ ਦੂਜਾ ਸਈਆ ਜੀ ਮਹਾਰਾਜ ਬੜੋਦਾ (ਪੱਛੜੀ ਜਾਤੀ) । ਇਹ ਉਹ ਰਾਜ ਸਨ, ਜਿਨ੍ਹਾਂ ਨੇ ਸ਼ੂਦਰ ਅਛੂਤਾਂ ਦੀ ਹਾਲਤ ਬੇਹਤਰ ਬਣਾਉਣ ਲਈ ਯਤਨ ਹੀ ਨਹੀਂ ਕੀਤੇ ਸਗੋਂ ਕਾਨੂੰਨ ਪਾਸ ਕੀਤੇ । ਸ਼ਾਹੂ ਜੀ ਨੇ 1902 'ਚ ਸ਼ੂਦਰ ਅਛੂਤਾਂ ਲਈ 50 ਪ੍ਰਤੀਸ਼ਤ ਨੌਕਰੀਆਂ ਰਾਖਵੀਆਂ ਕਰ ਦਿੱਤੀਆਂ ਸ਼ਨ । ਵਿੱਦਿਆ ਦਾ ਪਸਾਰ ਕੀਤਾ । ਲਾਜ਼ਮੀ ਪ੍ਰਾਇਮਰੀ ਸਿੱਖਿਆ ਲਾਗੂ ਕੀਤੀ । ਵਿਸ਼ੇਸ਼ ਹੋਸਟਲ ਤੇ ਸਕੂਲ ਖੋਲ੍ਹੇ । ਕੁਲਕਰਨੀਆਂ ਤੋਂ ਕਿਸਾਨਾਂ ਨੂੰ ਮੁਕਤ ਕਰਾਇਆ ਤੇ ਸਾਰੀ ਉਮਰ ਬ੍ਰਾਹਮਣ ਸ਼ਾਹੀ ਦੇ ਖਿਲਾਫ ਜੰਗ ਲੜੀ । ਇਨ੍ਹਾਂ ਦੋਹਾਂ ਰਾਜਿਆਂ ਦੀ ਸਹਾਇਤਾ ਨਾਲ ਡਾਕਟਰ ਅੰਬੇਡਕਰ ਉੱਚੀ ਵਿੱਦਿਆ ਹਾਸਲ ਕਰ ਸਕੇ ਅਤੇ ਅਛੂਤਾਂ ਦੇ ਨੇਤਾ ਬਣ ਸਕੇ । ਜਾਤੀਵਾਦੀ ਪ੍ਰਬੰਧ ਦੇ ਖਿਲਾਫ ਅਸ਼ੋਕ ਤੋਂ ਬਾਅਦ ਲੜਨ ਵਾਲਾ ਦੂਜਾ ਮਹਾਰਾਜ, ਸ਼ਾਹੂ ਛਤਰਪਤੀ ਸੀ ਜਿਸ ਨੇ ਆਪਣੇ ਜੀਵਨ ਦਾ ਅਤੇ ਆਪਣੇ ਰਾਜ ਦਾ ਹਰ ਹਿੱਸਾ ਕੁਚਲੀਆਂ ਸ਼੍ਰੇਣੀਆਂ ਲਈ ਅਰਪਣ ਕਰ ਦਿੱਤਾ ਅਤੇ ਅਨੇਕਾਂ ਕਾਨੂੰਨ ਬਣਾ ਕੇ ਮਨੂੰਵਾਦੀ ਚੌਧਰ ਨੂੰ ਤੋੜਿਆ ਹੀ ਨਹੀਂ ਸਗੋਂ ਅਛੂਤਾਂ ਨੂੰ ਬਰਾਬਰ ਲਿਆਣ ਦੇ ਅਨੇਕਾਂ ਯਤਨ ਕੀਤੇ । ਅਛੂਤਾਂ ਦੀ ਅਜ਼ਾਦੀ ਦੀ ਜੰਗ ਲੜਨ ਵਾਲਾ ਇਹ ਇਕ ਮਹਾਨ ਯੋਧਾ ਸੀ । ਪ੍ਰੰਤੂ ਅਜਿਹਾ ਉਹ ਸਾਰੇ ਭਾਰਤ ਵਿਚ ਨਾ ਕਰ ਸਕੇ, ਜਿਸ ਕਾਰਨ ਸ਼ੂਦਰਾਂ, ਅਛੂਤਾਂ, ਪਛੜੀ ਜਾਤੀਆਂ ਦੀ ਹਾਲਤ ਉਸੇ ਤਰ੍ਹਾਂ ਬਦਤਰ ਰਹੀ ਤੇ ਜ਼ਰੂਰੀ ਤਬਦੀਲੀ ਨਾ ਆਈ । ਅਸੀਂ ਦੇਖ ਲਿਆ ਹੈ ਕਿ 4000 ਸਾਲ ਤੋਂ ਬਾਅਦ ਅਨੇਕ ਵਾਰ ਵੱਡੀਆਂ ਤਬਦੀਲੀਆਂ ਹੋਈਆਂ । ਰਾਜਸੀ ਉਥਲ-ਪੁਥਲ ਹੋਈ ਪ੍ਰੰਤੂ ਸਮਾਜਿਕ ਹਾਲਤ ਨਾ ਬਦਲ ਸਕੀ । ਸ਼ੂਦਰ, ਅਛੂਤ ਉਸੇ ਤਰ੍ਹਾਂ ਹੀ ਕੁੱਤਿਆਂ-ਬਿੱਲਿਆਂ ਵਾਲਾ ਜੀਵਨ ਬਿਤਾਉਂਦੇ ਰਹੇ । ਰਾਜਸੀ ਤਬਦੀਲੀਆਂ ਵੀ ਉਨ੍ਹਾਂ ਦਾ ਕੁਝ ਸਵਾਰ ਨਾ ਸਕੀਆਂ । ਫਿਰ ਵੀ ਅਸੀਂ ਆਖ ਸਕਦੇ ਹਾਂ ਕਿ ਅਨੇਕ ਬਜ਼ੁਰਗਾਂ ਨੇ ਜਾਤ-ਪਾਤੀ, ਬ੍ਰਾਹਮਣੀ, ਦਕਿਆਨੂਸੀ ਪ੍ਰਬੰਧ ਦੇ ਖਿਲਾਫ ਜੰਗ ਲੜੀ । ਜੋ ਹੋ ਸਕਿਆ ਕੀਤਾ । ਸਿੱਟੇ ਵਜੋਂ ਅਨੇਕ ਸਜ਼ਾਵਾਂ ਵੀ ਭੁਗਤੀਆਂ, ਪ੍ਰੰਤੂ ਸਮਾਜ ਅੰਦਰ ਫੈਲਿਆ ਜਾਤਪਾਤੀ ਕੋਹੜ ਖਤਮ ਨਾ ਹੋਇਆ ਤੇ ਕਰੋੜਾਂ ਲੋਕ ਅਧਿਕਾਰਾਂ ਤੋਂ ਵਾਂਝੇ ਰਹੇ । ਪਰ ਜੋ ਕੁਝ ਵੀ ਅੱਜ ਬਦਲਿਆ-ਬਦਲਿਆ ਨਜ਼ਰ ਆ ਰਿਹਾ ਹੈ, 'ਪੂਨਾ ਪੈਕਟ' ਦੇ ਕਾਰਨ ਜਿਹੜਾ 1932 ਵਿਚ ਆਰੀਆ ਅਤੇ ਇਕ ਅਛੂਤ ਲੀਡਰ ਵਿਚਕਾਰ ਲਿਖਤੀ ਤੌਰ 'ਤੇ ਹੋਇਆ ਤੇ ਜਿਹੜਾ 1935 ਦੇ ਸੰਵਿਧਾਨ ਵਿਚ ਦਰਜ ਹੋ ਕੇ ਇਕ ਕਾਨੂੰਨ ਬਣਿਆ ਤੇ ਫਿਰ 1950 ਦੇ ਸੰਵਿਧਾਨ ਅੰਦਰ ਇਸ ਨੇ ਇਕ ਵਿਸ਼ੇਸ਼ ਥਾਂ ਮੱਲੀ । ਇਸ ਤਰ੍ਹਾਂ ਪੂਨਾ ਸਮਝੌਤਾ ਇਕ ਇਤਿਹਾਸਕ ਦਸਤਾਵੇਜ਼ ਹੈ, ਜੋ 4000 ਸਾਲਾਂ ਦੇ ਇਤਿਹਾਸ ਵਿਚ ਬਿਲਕੁਲ ਨਵੇਕਲਾ ਹੈ, ਅਹਿਮ ਹੈ ਤੇ ਸਰਵੋਤਮ ਹੈ । ਯੁੱਗ ਬਦਲੀ ਦਾ ਕਾਰਨ ਹੈ । ਇਹ ਸਮਝੌਤਾ ਸੀ ਜਿਸ ਖਾਤਰ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਆਪਣੇ ਜੀਵਨ ਦੀ ਪੂਰੀ ਸ਼ਕਤੀ ਲਗਾ ਦਿੱਤੀ ਤੇ ਅੰਤ ਹਜ਼ਾਰਾਂ ਸਾਲਾਂ ਤੋਂ ਲਤਾੜਿਆਂ ਪਛਾੜਿਆਂ ਨੂੰ ਕਾਨੂੰਨੀ ਤੌਰ 'ਤੇ ਮਨੁੱਖੀ ਹੱਕ ਮੁੜ ਲੈ ਕੇ ਦਿੱਤੇ । ਉਸ ਬਾਰੇ ਜਾਣਦਾ ਹਰ

ਅਛੂਤ, ਸ਼ੂਦਰ ਅਤੇ ਪੱਛੜੀ ਜਾਤੀ ਲਈ ਜ਼ਰੂਰੀ ਹੈ ਕਿਉਂਕਿ ਇਸ ਸਮਝੌਤੇ ਬਾਰੇ ਸ਼ੂਦਰ ਵੀ ਨਹੀਂ ਜਾਣਦੇ। ਇਹ ਉਨ੍ਹਾਂ ਦੀ ਵਰਤਮਾਨ ਗੁਲਾਮੀ ਦਾ ਮੁੱਖ ਕਾਰਨ ਹੈ।ਆਓ ਆਪਾਂ ਇਸ ਪੂਨਾ ਪੈਕਟ ਬਾਰੇ ਅਤੀ ਜ਼ਰੂਰੀ ਜਾਣਕਾਰੀ ਹਾਸਲ ਕਰੀਏ।

'ਪੂਨਾ ਪੈਕਟ' 24 ਸਤੰਬਰ 1932 ਈ. ਨੂੰ ਹਿੰਦੂ ਲੀਡਰਾਂ ਖਾਸ ਕਰਕੇ ਮਹਾਤਮਾ ਗਾਂਧੀ ਅਤੇ ਡਾ. ਅੰਬੇਡਕਰ ਵਿਚਕਾਰ, ਪੂਨੇ ਦੀ ਯਰਵਦਾ ਜੇਲ੍ਹ ਵਿਚ ਲਿਖਤੀ ਤੌਰ 'ਤੇ ਹੋਇਆ, ਜਿਹੜਾ ਕਿ ਬਰਤਾਨਵੀ ਸਰਕਾਰ ਵੱਲੋਂ 17 ਅਗਸਤ 1932 ਈ. ਨੂੰ ਐਲਾਨੇ ਗਏ 'ਫਿਰਕੂ ਇਨਾਮ' ਦੇ ਸਿੱਟੇ ਵਜੋਂ ਹੋਂਦ ਵਿਚ ਆਇਆ।ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਇਨ੍ਹਾਂ ਅਧਿਕਾਰਾਂ ਦਾ ਐਲਾਨ ਜਿਸ ਡਾ. ਰਾਮਸੇ-ਮੈਕਡੋਨਲ ਨਾਂ ਦੇ ਪ੍ਰਧਾਨ ਮੰਤਰੀ ਨੇ ਕੀਤਾ, ਉਹ ਲੇਬਰ ਪਾਰਟੀ ਦਾ ਨੇਤਾ ਸੀ ਤੇ ਇਹ ਲੇਬਰ ਪਾਰਟੀ 1881 ਈ. ਵਿਚ ਬਣੀ ਸੀ, ਜਿਸ ਨੇ 40 ਸਾਲ ਦੀ ਲੰਬੀ ਲੜਾਈ ਲੜਕੇ ਆਖਰ 1930 ਵਿਚ ਬਰਤਾਨਵੀ ਪਾਰਲੀਮੈਂਟ 'ਤੇ ਕਬਜ਼ਾ ਕੀਤਾ।ਲੇਬਰ ਪਾਰਟੀ ਨੇ ਆਪਣੀ ਜਿੱਤ ਲਈ 40 ਸਾਲ ਸੰਘਰਸ਼ ਕੀਤਾ, ਜਿਸ ਦੀ ਬਦੌਲਤ ਪੂਨਾ ਪੈਕਟ ਹੋਂਦ ਵਿਚ ਆਇਆ।ਇਸ ਸਮਝੌਤੇ ਦੇ ਸਾਹਮਣੇ ਦੋ ਮਨੋਰਥ ਸਨ।ਇਕ ਤਾਂ ਸੀ ਮਹਾਤਮਾ ਗਾਂਧੀ ਦੀ ਜਾਨ ਬਚਾਉਣਾ, ਜਿਸ ਨੇ 20 ਸਤੰਬਰ ਤੋਂ, ਅਛੂਤਾਂ ਨੂੰ ਮਿਲੇ ਅਧਿਕਾਰਾਂ ਵਿਰੁੱਧ ਮਰਨ ਵਰਤ ਰੱਖਿਆ ਹੋਇਆ ਸੀ, ਦੂਜਾ ਅਛੂਤਾਂ ਦੇ ਉਨ੍ਹਾਂ ਰਾਜਨੀਤਕ ਅਧਿਕਾਰਾਂ ਨੂੰ ਕਾਇਮ ਰੱਖਣਾ, ਜੋ ਫਿਰਕੂ ਇਨਾਮ ਵਜੋਂ ਦਿੱਤੇ ਗਏ ਸਨ ਤੇ ਜੋ ਇਸ ਪ੍ਰਕਾਰ ਸਨ:

1. ਅਛੂਤਾਂ ਨੂੰ ਅਸੈਂਬਲੀਆਂ ਵਿਚ ਨੁਮਾਇੰਦੇ ਬਣਨ ਦਾ ਰਾਖਵਾਂ ਅਧਿਕਾਰ।
2. ਇਕ ਵੱਖਰੇ ਤੌਰ 'ਤੇ ਅਤੇ ਇਕ ਸਾਂਝੇ ਤੌਰ 'ਤੇ ਅਛੂਤਾਂ ਨੂੰ ਦੋ ਵੋਟਾਂ ਪਾ ਸਕਣ ਦਾ ਅਧਿਕਾਰ।
3. ਅਛੂਤਾਂ ਲਈ ਵਿੱਦਿਅਕ ਸਹੂਲਤਾਂ ਅਤੇ ਧਨ ਪ੍ਰਦਾਨ ਕਰਨ ਦਾ ਅਧਿਕਾਰ।(ਕਲਾਜ 9)
4. ਸਰਕਾਰੀ ਨੌਕਰੀਆਂ ਵਿਚ ਅਛੂਤਾਂ ਨੂੰ ਰੱਖਣ ਦਾ ਅਧਿਕਾਰ।(ਕਲਾਜ 8)

ਤੇ ਨਾਲ ਹੀ ਉਨ੍ਹਾਂ ਨਾਲ ਭਰਤੀ ਸਮੇਂ ਅਛੂਤ ਹੋਣ ਕਾਰਨ ਕੋਈ ਵਿਤਕਰਾ ਨਾ ਕਰਨ ਦਾ ਅਧਿਕਾਰ।

ਇਸ ਨੂੰ ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ :-ਵਿੱਦਿਆ ਦਾ ਅਧਿਕਾਰ, ਨੌਕਰੀ ਦਾ ਅਧਿਕਾਰ, ਵੋਟ ਦਾ ਅਧਿਕਾਰ ਤੇ ਪ੍ਰਤੀਨਿਧ ਬਣ ਸਕਣ ਦਾ ਅਧਿਕਾਰ ਅਤੇ ਜਾਤੀ ਵਿਤਕਰਾ ਬੰਦ ਕਰਨ ਦੇ ਨਿਰਦੇਸ਼ਕ ਸਿਧਾਂਤ ਦਾ ਨਾਂ 'ਪੂਨਾ ਪੈਕਟ' ਹੈ।ਵਿੱਦਿਆ ਮਨੁੱਖ ਦੀ ਸਮਝਣ ਸ਼ਕਤੀ ਦਾ ਪਹਿਲੂ ਹੈ, ਜੋ ਆਰੀਅਨਾਂ ਨੇ 'ਬ੍ਰਾਹਮਣਾਂ' ਪਾਸ ਰਾਖਵਾਂ ਕਰ ਦਿੱਤਾ ਹੋਇਆ ਸੀ ਤੇ ਅਛੂਤਾਂ 'ਤੇ ਪਾਬੰਦੀ ਲਗਾ ਦਿੱਤੀ ਸੀ।ਬ੍ਰਾਹਮਣਾਂ ਦਾ ਇਹ ਸਦੀਵੀ ਰਾਖਵਾਂਕਰਨ 24 ਸਤੰਬਰ 1932 ਨੂੰ ਤੋੜ ਦਿੱਤਾ ਗਿਆ ਤੇ ਹਜ਼ਾਰਾਂ ਸਾਲਾਂ ਤੋਂ ਬਾਅਦ ਇਸ ਮਨੁੱਖੀ ਬੁਨਿਆਦੀ ਅਧਿਕਾਰ ਦਾ ਦਰਵਾਜ਼ਾ ਖੋਲ੍ਹਿਆ ਗਿਆ।ਦੇਖਣ ਵਾਲੀ ਗੱਲ ਇਹ ਹੈ ਕਿ ਸ਼ਕਤੀਸ਼ਾਲੀ ਅੰਬੇਡਕਰ ਨੇ ਹਿੰਦੂਆਂ ਤੋਂ ਹੀ ਦਸਖਤ ਕਰਵਾ ਕੇ ਉਨ੍ਹਾਂ ਦੇ ਕਾਨੂੰਨਾਂ ਨੂੰ ਤੁੜਵਾਇਆ।

ਨੌਕਰੀ ਬੰਦੇ ਦੇ ਜਿਉਣ ਦਾ, ਖਾਣ-ਪੀਣ, ਪਹਿਨਣ ਤੇ ਰਹਿਣ-ਸਹਿਣ ਦਾ ਆਰਥਿਕ ਪਹਿਲੂ ਹੈ, ਜੋ ਤਿੰਨਾਂ ਸਵਰਨ ਜਾਤੀਆਂ ਪਾਸ ਰਾਖਵਾਂ ਸੀ।ਪ੍ਰੰਤੂ 24 ਸਤੰਬਰ 1932 ਨੂੰ ਸਵਰਨਾਂ ਦਾ ਇਹ ਰਾਖਵਾਂਕਰਨ ਲਿਖਤੀ ਤੌਰ 'ਤੇ ਕੁਝ ਹੱਦ ਤੱਕ ਤੋੜ ਦਿੱਤਾ ਗਿਆ, ਜਿਸ ਨਾਲ ਜਿੱਥੇ ਅਛੂਤਾਂ ਦਾ ਆਰਥਿਕ ਹਾਲ ਮਜ਼ਬੂਤ ਹੋਣਾ ਸੀ, ਉੱਥੇ ਸਮਾਜਿਕ ਰੁਤਬਾ ਵੀ ਬਦਲਣਾ ਸੀ, ਉੱਚ ਹੋਣਾ ਸੀ, ਜਿਸ ਤੇ ਸਦੀਆਂ ਤੋਂ ਪਾਬੰਦੀ ਲੱਗੀ ਹੋਈ ਸੀ।ਵੋਟ ਦਾ ਅਧਿਕਾਰ ਮਨੁੱਖ ਦੀ ਸਮਾਜ ਸੰਚਾਲਣ ਵਿਚ ਭਾਈਵਾਲੀ ਦਾ ਮਸਲਾ ਹੈ ਕਿ ਹਰ ਮਨੁੱਖ ਇਹ ਸੋਚ ਸਕੇ, ਕਰ ਸਕੇ ਕਿ ਉਹ ਕਿਸ ਪ੍ਰਕਾਰ ਦੇ ਰਾਜ ਵਿਚ ਰਹਿਣਾ ਚਾਹੇਗਾ।ਉਸ ਦੀ ਕੀ ਮਰਜ਼ੀ ਹੈ।ਉਹ ਖੁਦ ਕੀ ਚਾਹੁੰਦਾ ਹੈ।ਚੰਗੇ ਮਾੜੇ ਦੀ ਪਰਖ ਕਰਕੇ ਅਧਿਕਾਰ ਕਿਵੇਂ ਲੈਣੇ ਹਨ ਆਦਿ।ਹਜ਼ਾਰਾਂ ਸਾਲਾਂ ਤੋਂ ਸ਼ੂਦਰ ਦੀ ਇਸ ਮਰਜ਼ੀ ਦਾ ਕਤਲ ਕਰ ਦਿੱਤਾ ਹੋਇਆ ਸੀ।ਸਿਰਫ ਤਿੰਨ ਮਾਲਕ ਹੀ ਮਰਜ਼ੀ ਕਰਨ ਦੇ ਅਧਿਕਾਰੀ ਹਨ।ਪ੍ਰੰਤੂ 24 ਸਤੰਬਰ ਨੂੰ ਅਛੂਤਾਂ ਨੂੰ ਵੀ 'ਮਰਜ਼ੀ' ਭਾਵ ਸਵੈ ਇੱਛਾ ਦਾ ਅਧਿਕਾਰ ਸੌਂਪਿਆ ਗਿਆ ਤੇ ਇਹ ਰਾਹ ਖੋਲ੍ਹ ਦਿੱਤਾ ਗਿਆ ਕਿ ਅਛੂਤ ਆਪਣੇ ਲਈ ਚੰਗਾ ਮਾੜਾ ਰਾਜ ਖੁਦ ਸਥਾਪਤ ਕਰ ਸਕਣ।ਨੁਮਾਇੰਦੇ ਬਣਨ ਦਾ ਅਧਿਕਾਰ, ਮਨੁੱਖ ਦੀ ਲੋੜੀਂਦੀ ਅਵਾਜ਼ ਬੁਲੰਦ ਕਰਨ ਦਾ ਮਾਮਲਾ ਹੈ।ਭਾਵ ਹਰ ਤਰ੍ਹਾਂ ਦੇ ਲੋਕ ਦੂਜੇ ਲੋਕਾਂ ਵਿਚ ਬੈਠ ਕੇ ਆਪਣੇ ਦੁੱਖਾਂ-ਸੁੱਖਾਂ ਦੀ ਕਹਾਣੀ ਕਹਿ ਸਕਣ।ਉਸ ਦਾ ਵਧੀਆ ਹੱਲ ਲੱਭ ਸਕਣ।ਜ਼ਾਲਮ ਨੂੰ ਜ਼ੁਲਮ ਕਰਨ ਤੋਂ ਰੋਕ ਸਕਣ ਤੇ ਜ਼ਾਲਮ ਨਾ ਰੁਕੇ ਤਾਂ ਆਪਣੇ ਲੋਕਾਂ ਵਿਚ ਉਸ ਵਿਰੁੱਧ ਰਾਇ ਲਾਮਬੰਦ ਕਰ

ਸਕਣ। ਆਪਣੇ ਚੰਗੇ ਹਿੱਤਾਂ ਦੇ ਕਾਨੂੰਨ ਬਣਾ ਸਕਣ। ਵਿਰੋਧੀ ਕਾਨੂੰਨ ਰੋਕ ਸਕਣ ਰਾਜ ਭਾਗ ਦੇ ਬਰਾਬਰ ਦੇ ਜ਼ਿੰਮੇਵਾਰ ਅਤੇ ਹਿੱਸੇਦਾਰ ਬਣ ਕੇ ਜਿਉਂ ਸਕਣ। ਹਜ਼ਾਰਾਂ ਸਾਲਾਂ ਤੋਂ ਜਿਨ੍ਹਾਂ ਨੂੰ ਰਾਜ ਭਾਗ ਦੇ ਨੇੜੇ ਫਟਕਣ ਤੋਂ ਰੋਕਿਆ ਗਿਆ, ਆਵਾਜ਼ ਉਠਾ ਸਕਣ ਤੇ ਬੰਦਸ਼ਾਂ ਲਾਈਆਂ ਗਈਆਂ, ਉਨ੍ਹਾਂ ਨੂੰ 24 ਸਤੰਬਰ 1932 ਈ. ਨੂੰ ਤੋੜ ਦਿੱਤਾ ਗਿਆ ਤੇ ਰਾਜਸੀ ਹਿੱਸੇਦਾਰੀ ਦਾ ਸਮਝੌਤਾ ਕੀਤਾ ਗਿਆ। ਸਵਰਨਾਂ ਦੀ ਰਾਜਸੀ ਅਜਾਰੇਦਾਰੀ ਵਿਚ ਪਾੜ ਲਾਇਆ ਗਿਆ। ਉਨ੍ਹਾਂ ਨੇ 100 ਫੀਸਦੀ ਰਾਖਵੇਂਕਰਨ ਨੂੰ ਸੰਨ੍ਹ ਲਾ ਦਿੱਤਾ ਗਿਆ। ਤੇ ਉਹ ਵਿਤਕਰੇ ਜਿਹੜੇ ਉੱਚੀ ਜਾਤ ਵਾਲੇ ਨੀਵੀਆਂ ਸ਼ੂਦਰ ਜਾਤੀਆਂ ਨਾਲ ਆਪਣਾ ਰੱਬੀ ਅਧਿਕਾਰ ਸਮਝਦੇ ਆਏ ਸਨ, ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ।

ਇਹ ਹਨ 1932 ਦੇ ਉਹ ਵਿੱਦਿਅਕ, ਸਮਾਜਿਕ, ਆਰਥਿਕ ਅਤੇ ਰਾਜਸੀ ਅਧਿਕਾਰ ਜੋ ਹਜ਼ਾਰਾਂ ਸਾਲਾਂ ਬਾਅਦ ਕਾਨੂੰਨ ਦੀ ਤਾਕਤ ਨਾਲ ਲਾਗੂ ਹੋਣੇ ਸ਼ੁਰੂ ਹੋਏ ਤੇ ਵਰਣ ਵੰਡ, ਜਾਤਪਾਤ, ਛੂਆ-ਛਾਤ ਅਤੇ ਧਾਰਮਿਕ ਗ੍ਰੰਥਾਂ ਦੇ ਕਾਨੂੰਨਾਂ ਰਾਹੀਂ, ਜੋ ਸਿਰਫ ਉੱਚ ਜਾਤੀ ਸਵਰਨਾਂ ਦੇ ਹੱਥ ਰਹੇ, ਉਨ੍ਹਾਂ ਨੂੰ ਨੀਚਾਂ ਤੋਂ ਨੀਚਾਂ ਲਈ ਖੋਲ੍ਹ ਦਿੱਤਾ ਗਿਆ। ਜਿਨ੍ਹਾਂ ਪਾਬੰਦੀਆਂ ਅਤੇ ਅਧਿਕਾਰਾਂ ਨੂੰ ਧਾਰਮਿਕ ਅਤੇ ਸਮਾਜਿਕ ਹੁਕਮਨਾਮਿਆਂ ਰਾਹੀਂ ਸਵਰਨਾਂ ਵੱਲੋਂ ਲਾਗੂ ਕੀਤਾ ਗਿਆ, ਉਨ੍ਹਾਂ ਨੂੰ ਰਾਜਸੀ ਕਾਨੂੰਨ ਰਾਹੀਂ ਤੋੜ ਦਿੱਤਾ ਗਿਆ। ਸਵਰਨਾਂ ਦੇ 100 ਫੀਸਦੀ ਰਾਖਵਾਂਕਰਨ ਨੂੰ ਤੋੜ ਕੇ ਅਧਿਕਾਰਾਂ ਦੀ ਆਮ ਦੱਬੀ ਤੇ ਕੁਚਲੀ ਜਨਤਾ ਵਿਚ ਵੰਡ ਕਰਨ ਦਾ ਨਾਂ ਹੀ ਪੂਨਾ ਪੈਕਟ ਹੈ। ਇਹ ਅਧਿਕਾਰਾਂ ਦੀ ਸਾਂਝੀ ਵੰਡ ਦਾ ਇਕ ਯਤਨ ਸੀ, ਜਿਸ ਦੇ ਮਗਰ ਇਕ ਵਿਸ਼ਾਲ ਕੱਦ ਦਿਮਾਗ ਕੰਮ ਕਰ ਰਿਹਾ ਸੀ, ਜੋ ਇਸ ਪ੍ਰਕਾਰ ਹੋਂਦ ਵਿਚ ਆਇਆ। ਇਥੇ ਅਸੀਂ ਉਹੀ ਤੱਥ ਪੇਸ਼ ਕਰਾਂਗੇ ਜੋ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਖੁਦ ਆਪਣੇ ਹੱਥੀਂ ਵਰਨਣ ਕੀਤੇ ਹਨ।

ਭਾਰਤ ਸਰਕਾਰ ਵੱਲੋਂ ਇਕ ਐਕਟ 1919 ਬਣਾਇਆ ਗਿਆ, ਜਿਸ ਵਿਚ ਪਹਿਲੀ ਵਾਰ ਡੀਪਰੈਸਡ ਕਲਾਸਜ਼ (ਭਾਵ ਦਲਿਤ ਜਮਾਤਾਂ) ਦਾ ਨਾਂ ਦਰਜ ਕੀਤਾ ਗਿਆ ਅਤੇ ਇਸ ਵਿਚ ਇਕ ਵਿਵਸਥਾ ਕੀਤੀ ਗਈ ਕਿ ਭਾਰਤੀ ਬਰਤਾਨਵੀ ਸਰਕਾਰ 10 ਸਾਲ ਬਾਅਦ ਇਕ ਕਮਿਸ਼ਨ ਨਿਯੁਕਤ ਕਰੇਗੀ। 1919 ਦੇ ਐਕਟ ਅਧੀਨ, 1928 ਈ. ਨੂੰ ਸਰ ਜੋਹਨ ਸਾਈਮਨ ਦੀ ਅਗਵਾਈ ਵਿਚ ਉਹ ਕਮਿਸ਼ਨ ਨਿਯੁਕਤ ਹੋਇਆ, ਜਿਸ ਨੂੰ ਸਾਈਮਨ ਕਮਿਸ਼ਨ ਕਿਹਾ ਜਾਂਦਾ ਹੈ। ਕਿਉਂਕਿ ਇਹ ਕੇਵਲ ਸੰਸਦੀ ਕਮਿਸ਼ਨ ਸੀ ਤੇ ਕਿਸੇ ਹੋਰ ਨੂੰ ਨਾਲ ਨਹੀਂ ਰਲਾਇਆ ਗਿਆ, ਇਸ ਲਈ ਕਾਂਗਰਸ ਨੇ ਇਸ ਦਾ ਪੂਰੇ ਭਾਰਤ ਵਿਚ ਵਿਰੋਧ ਕੀਤਾ। ਅਸਲ ਵਿਚ ਕਾਂਗਰਸ, ਜਿਸ ਦੀ ਲੀਡਰਸ਼ਿਪ ਸਵਰਨਾਂ ਦੇ ਹੱਥ ਸੀ, ਚਾਹੁੰਦੀ ਸੀ ਕਿ ਉਨ੍ਹਾਂ ਦਾ ਇਸ ਕਮਿਸ਼ਨ ਵਿਚ ਬਰਾਬਰ ਦਾ ਹੱਥ ਹੁੰਦਾ ਤਾਂ ਕਿ ਕਮਿਸ਼ਨ ਦੀਆਂ ਗਤੀਵਿਧੀਆਂ 'ਤੇ ਪੂਰੀ ਨਿਗਾਹ ਰੱਖੀ ਜਾਂਦੀ, ਪ੍ਰੰਤੂ ਇਸ ਦਖਲ-ਅੰਦਾਜ਼ੀ ਦੀ ਛੋਹ ਨਾ ਮਿਲਣ 'ਤੇ ਕਾਂਗਰਸ ਵੱਲੋਂ ਇਸ ਕਮਿਸ਼ਨ ਦਾ ਵਿਰੋਧ ਕੀਤਾ ਗਿਆ ਜਾਪਦਾ ਹੈ, ਕਿਉਂਕਿ ਇਸ ਕਮਿਸ਼ਨ ਨੇ ਆਮ ਜਨਤਾ ਦੀਆਂ ਅਸਲ ਹਾਲਤਾਂ ਦਾ ਜਾਇਜ਼ਾ ਲੈ ਕੇ ਸਰਕਾਰ ਨੂੰ ਰਿਪੋਰਟ ਕਰਨੀ ਸੀ। ਕਮਿਸ਼ਨ ਦੀ ਰਿਪੋਰਟ ਉਪਰੰਤ ਇਹ ਤੈਅ ਕੀਤਾ ਗਿਆ ਕਿ ਭਾਰਤ ਲਈ ਨਵਾਂ ਸੰਵਿਧਾਨ ਬਣਾਉਣ ਤੋਂ ਪਹਿਲਾਂ ਭਾਰਤੀ ਨੁਮਾਇੰਦੇ ਬੁਲਾਏ ਜਾਣਗੇ ਤੇ ਉਨ੍ਹਾਂ ਦੇ ਵਿਚਾਰ ਲਏ ਜਾਣਗੇ। ਇਸ ਮੱਦ ਅਧੀਨ ਬਰਤਾਨਵੀ ਸੰਸਦ ਅਤੇ ਭਾਰਤੀ ਨੁਮਾਇੰਦਿਆਂ ਦੀ ਲੰਡਨ ਵਿਖੇ ਇਕ ਗੋਲਮੇਜ਼ ਕਾਨਫਰੰਸ ਬੁਲਾਈ ਗਈ, ਜਿਸ ਦਾ 12 ਨਵੰਬਰ 1930 ਈ. ਨੂੰ ਜਾਰਜ ਪੰਜਵੇਂ ਨੇ ਉਦਘਾਟਨ ਕੀਤਾ। ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਸੀ ਜਦੋਂ ਅਛੂਤਾਂ ਨੂੰ ਆਪਣੇ ਦੋ ਡੈਲੀਗੇਟਾਂ ਰਾਹੀਂ ਵੱਖਰੇ ਤੌਰ 'ਤੇ ਨੁਮਾਇੰਦਗੀ ਲਈ ਬੁਲਾਇਆ ਗਿਆ। ਇਹ ਦੋ ਵਿਅਕਤੀ ਸਨ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਦੀਵਾਨ ਬਹਾਦਰ ਆਰ. ਸ੍ਰੀ ਨਿਵਾਸਨ। ਇਸ ਤਰ੍ਹਾਂ ਅਛੂਤਾਂ ਨੂੰ ਨਵੇਂ ਸੰਵਿਧਾਨ ਨੂੰ ਬਣਾਉਣ ਵਿਚ ਸ਼ਾਮਲ ਕਰਨ ਦਾ ਅਧਿਕਾਰ ਦਿੱਤਾ ਗਿਆ। ਇਸ ਕਾਨਫਰੰਸ ਦੀਆਂ 9 ਕਮੇਟੀਆਂ ਬਣਾਈ ਗਈਆਂ, ਜਿਨ੍ਹਾਂ ਵਿਚੋਂ ਇਕ ਦਾ ਨਾਂ 'ਘੱਟ ਗਿਣਤੀਆਂ ਦੀ ਕਮੇਟੀ ਸੀ' ਜਿਸ ਦੇ ਚੇਅਰਮੈਨ ਪ੍ਰਧਾਨ ਮੰਤਰੀ ਰਾਮਸੇ ਮੈਕਡੋਨਲ ਬਣੇ।

ਮੋਨਟੇਗਊ ਚੈਮਸਫੋਰਡ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਐਕਟ 1919 ਵਿਚ ਕਿਹਾ ਗਿਆ ਹੈ ਕਿ ਸੰਵਿਧਾਨ ਵਿਚ ਉਨ੍ਹਾਂ (ਦਲਿਤਾਂ) ਦੀ ਹਿਫਾਜ਼ਤ (ਸੁਰੱਖਿਆ) ਵਾਸਤੇ ਵਿਵਸਥਾ ਕੀਤੀ ਜਾਵੇ। ਹਿੰਦੂਆਂ ਦੇ ਜ਼ੁਲਮ ਅਤੇ ਜਬਰ ਦੇ ਖਿਲਾਫ, ਅਛੂਤਾਂ ਦੀ ਹਿਫਾਜ਼ਤ ਲਈ ਜੋ ਬਚਾਅ-ਪ੍ਰਬੰਧ ਜ਼ਰੂਰੀ ਸਨ, ਉਹ ਬਾਬਾ ਸਾਹਿਬ ਨੇ ਗੋਲਮੇਜ਼ ਕਾਨਫਰੰਸ ਸਾਹਮਣੇ ਰੱਖਣ ਲਈ ਇਕ ਮੈਮੋਰੰਡਮ (ਮੰਗ-ਪੱਤਰ ਦੇ ਰੂਪ) ਵਿਚ 'ਰਾਜਸੀ

ਬਚਾਅ-ਪ੍ਰਬੰਧ' ਦੇ ਤੌਰ 'ਤੇ ਲਿਖ ਕੇ ਪੇਸ਼ ਕੀਤੇ ਤੇ ਕਿਹਾ ਕਿ ਇਨ੍ਹਾਂ ਨੂੰ ਭਾਰਤ ਦੀ ਸਵੈ-ਸਰਕਾਰ ਦੇ ਸੰਵਿਧਾਨ ਵਿਚ ਦਰਜ ਕੀਤਾ ਜਾਵੇ । ਉਹ ਇਸ ਪ੍ਰਕਾਰ ਸਨ :-

1. (ਸੰਖੇਪ)-ਦੱਬੀਆ ਕੁਚਲੀਆਂ ਜਮਾਤਾਂ ਨੂੰ ਬਹੁਗਿਣਤੀ ਦੀ ਮਰਜ਼ੀ 'ਤੇ ਬਿਲਕੁਲ ਨਾ ਛੱਡਿਆ ਜਾਵੇ ।

ਦੂਜਿਆਂ ਦੇ ਵਾਂਗ ਹੀ ਇਨ੍ਹਾਂ ਨੂੰ ਨਾਗਰਿਕਤਾ ਦੇ ਸਾਰੇ ਅਧਿਕਾਰ ਦੇ ਕੇ ਰਾਜ ਵਿਚ ਅਜ਼ਾਦ ਅਤੇ ਬਰਾਬਰ ਸ਼ਹਿਰੀ ਬਣਾ ਦਿੱਤਾ ਜਾਵੇ । ਛੂਆ-ਛਾਤ ਖਤਮ ਕਰਨ ਲਈ ਅਤੇ ਬਰਾਬਰ ਦੀ ਨਾਗਰਿਕਤਾ ਪ੍ਰਦਾਨ ਕਰਨ ਲਈ ਅਛੂਤਾਂ ਨੂੰ ਹੇਠ ਲਿਖੇ ਬੁਨਿਆਦੀ ਅਧਿਕਾਰ ਦਿੱਤੇ ਜਾਣ :-

1. ਭਾਰਤ ਵਿਚ ਰਾਜ ਦੇ ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ ਅਤੇ ਉਹ ਨਾਗਰਿਕਤਾ ਦੇ ਬਰਾਬਰ ਮੌਲਿਕ ਅਧਿਕਾਰਾਂ ਦੇ ਮਾਲਕ ਹਨ ।

2. ਕਿਉਂਕਿ ਬਰਾਬਰ ਦੇ ਅਧਿਕਾਰ ਮਾਨਣ ਸਮੇਂ ਕੱਟੜ ਪੰਥੀ ਸਮਾਜ ਦੇ ਜਬਰ ਦਾ ਸ਼ਿਕਾਰ ਹੋਣਗੇ, ਇਸ ਲਈ ਐਲਾਨੇ ਗਏ ਅਧਿਕਾਰਾਂ ਨੂੰ ਮਾਨਣ ਸਮੇਂ ਦੂਜਿਆਂ ਦੇ ਦਖਲ, ਦੁੱਖ-ਤਕਲੀਫਾਂ ਅਤੇ ਸਜ਼ਾਵਾਂ ਤੋਂ ਬਚਾਉਣ ਲਈ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ । ਐਕਟ 1919 ਦੇ ਭਾਗ 11 ਵਿਚ ਇਹ ਧਾਰਾ ਪਾਈ ਜਾਵੇ, ਨਾਗਰਿਕਤਾ ਦੇ ਅਧਿਕਾਰਾਂ ਦਾ ਉਲੰਘਣ ਇਕ ਜੁਰਮ (ਗੁਨਾਹ) ਹੈ

(ਸੰਖੇਪ) ਭਾਵ-ਸਾਰੀਆਂ ਜਮਾਤਾਂ ਦਾ ਕੋਈ ਵੀ ਆਦਮੀ ਅਛੂਤਪਨ ਮੰਨ ਕੇ, ਰਿਹਾਇਸ਼ਾਂ, ਲਾਭ, ਸਹੂਲਤਾਂ, ਸਰਾਵਾਂ, ਧਰਮਸ਼ਾਲਾਵਾਂ, ਹੋਟਲਾਂ, ਹੋਸਟਲਾਂ ਆਦਿ ਸਾਂਝੀਆਂ ਸਹੂਲਤਾਂ, ਵਿਦਿਅਕ ਸੰਸਥਾਵਾਂ, ਸੜਕਾਂ, ਰਾਹਾਂ-ਗਲੀਆਂ, ਤਲਾਬਾਂ, ਖੂਹਾਂ ਅਤੇ ਹੋਰ ਪਾਣੀ ਦੇਣ ਵਾਲੀਆਂ ਥਾਵਾਂ, ਸਵਾਰੀ ਗੱਡੀਆਂ, ਜੋ ਧਰਤੀ, ਪਾਣੀ ਜਾਂ ਹਵਾ 'ਚ ਚੱਲਣ ਵਾਲੀਆ ਹੋਣ, ਸਿਨੇਮਾ ਘਰ ਜਾਂ ਹੋਰ ਮਨੋਰੰਜਨ ਵਾਲੀਆ ਥਾਵਾਂ ਜੋ ਆਮ ਲੋਕਾਂ ਲਈ ਬਣੀਆਂ ਹੋਣ, ਇਨ੍ਹਾਂ ਅਧਿਕਾਰਾਂ ਤੋਂ ਕਿਸੇ ਨੂੰ ਰੋਕੇ ਤਾਂ ਉਸ ਨੂੰ ਜੇਲ੍ਹ ਦੀ ਸਜ਼ਾ ਦਿੱਤੀ ਜਾਵੇ ।

ਇਸ ਤੋਂ ਇਲਾਵਾ ਕੱਟੜ ਪੰਥੀ ਵਿਅਕਤੀਆਂ ਵੱਲੋਂ ਕੀਤੇ ਜਾਂਦੇ, 'ਸਮਾਜਿਕ ਬਾਈਕਾਟ', ਜੋ ਉਨ੍ਹਾਂ ਪਾਸ ਇਕ ਖਤਰਨਾਕ ਹਥਿਆਰ ਵਾਂਗ ਹੈ ਤੇ ਜੋ ਬਹੁਤ ਜ਼ਿਆਦਾ ਅਸਰਦਾਰ ਹੈ ਅਤੇ ਅਛੂਤਾਂ ਨੂੰ ਦਬਾਉਣ ਲਈ ਖੋਜਿਆ ਗਿਆ ਹੈ, ਇਸ ਨਾਲ ਮਜ਼ਬੂਤ ਹੱਥਾਂ ਨਾਲ ਨਿਪਟਿਆ ਜਾਵੇ । ਕਿਉਂਕਿ ਇਸ ਬਾਈਕਾਟ ਵਿਚ ਪਿੰਡ ਦੇ ਅਛੂਤਾਂ ਨੂੰ ਪਿੰਡ ਦੀ ਹਰ ਸਹੂਲਤ ਤੋਂ ਵਰਜ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਵਿਰੁੱਧ ਖੁੱਲ੍ਹੀ ਹਿੰਸਾ ਵਰਤੀ ਜਾਂਦੀ ਹੈ । ਇਸ ਦਾ ਮੁੱਖ ਕਾਰਨ ਅਛੂਤਾਂ ਦਾ ਵੱਡੀਆ ਜਾਤਾਂ ਉੱਪਰ ਆਰਥਿਕ ਤੌਰ 'ਤੇ ਨਿਰਭਰ ਹੋਣਾ ਹੈ । ਦੂਜਾ ਕਾਰਨ ਹਰ ਪਿੰਡ ਵਿਚ ਅਛੂਤਾਂ ਦਾ ਘੱਟ ਗਿਣਤੀ ਵਿਚ ਹੋਣਾ ਵੀ ਹੈ । ਵੱਡੀ ਗਿਣਤੀ ਦਾ ਇਹ ਜ਼ਾਲਮਾਨਾ ਢੰਗ ਵਧੇਰੇ ਅਸਰਦਾਰ ਹੈ । ਇਸ ਲਈ ਸਮਾਜਿਕ ਬਾਈਕਾਟ ਕਰਨ ਵਾਲੇ ਨੂੰ ਮੁਜਰਮ ਕਰਾਰ ਦੇ ਕੇ ਕਾਨੂੰਨੀ ਤੌਰ 'ਤੇ ਸਜ਼ਾ ਦਾ ਹੱਕਦਾਰ ਬਣਾਇਆ ਜਾਵੇ ।

1. ਦੱਬੀਆਂ ਕੁਚਲੀਆਂ ਜਮਾਤਾਂ ਨੂੰ ਬੋਲਣ ਦੀ ਆਜ਼ਾਦੀ ਦਿੱਤੀ ਜਾਵੇ ਅਤੇ ਉਨ੍ਹਾਂ ਦੀ ਤਰੱਕੀ ਲਈ ਜ਼ਰੂਰੀ ਕਦਮ ਚੁੱਕੇ ਜਾਣ । ਬਾਈਕਾਟ ਤੋਂ ਭਾਵ ਹੈ ਕਿ ਦੂਜੇ ਬੰਦਿਆਂ ਨੂੰ ਜੀਵਨ ਦੀਆਂ ਸਹੂਲਤਾਂ ਵਰਤਣ ਤੋਂ ਰੋਕਣਾ, ਕੰਮ ਤੋਂ ਰੋਕਣਾ, ਸੰਬੰਧਾਂ ਤੋਂ ਰੋਕਣਾ, ਘਰੇਲੂ ਜੀਵਨ ਵਿਚ ਸਿੱਧਾ ਦਖਲ ਦੇਣਾ, ਇਸ ਅਧੀਨ ਕੁੱਟ ਮਾਰ ਕਰਨੀ, ਕਾਨੂੰਨੀ ਅਧਿਕਾਰਾਂ ਦੀ ਵਰਤੋਂ ਤੋਂ ਰੋਕਣਾ, ਬੰਦੇ ਨੂੰ ਸਰੀਰਕ, ਮਾਨਸਿਕ, ਸਮਾਜਿਕ, ਜਾਇਦਾਦ ਪੱਖੋਂ ਕੰਮ ਧੰਦੇ ਵੱਲੋਂ ਜਾਂ ਜਿਉਣ ਦੇ ਸਾਧਨਾਂ ਪੱਖੋਂ ਰੋਕਣਾ । ਅਜਿਹਾ ਕੰਮ ਕਰਨ ਵਾਲੇ ਨੂੰ ਸਾਲਾਂ ਤੱਕ ਜੇਲ੍ਹ ਦੀ ਸਜ਼ਾ ਦਾ ਪ੍ਰਬੰਧ ਕਰਨਾ ਤੇ ਜੁਰਮਾਨਾ ਵੀ ਕਰਨਾ । ਉਹ ਆਦਮੀ ਸਜ਼ਾ ਦਾ ਹੱਕਦਾਰ ਹੋਵੇ ਜੋ ਬਾਈਕਾਟ ਲਈ ਐਲਾਨ ਕਰਦਾ ਹੈ, ਕੁਝ ਛਾਪਦਾ ਤੇ ਵੰਡਦਾ ਹੈ ਜਾਂ ਵਿਉਂਤ ਬਣਾਉਂਦਾ ਹੈ । ਕੋਈ ਅਫਵਾਹ ਜਾਂ ਬਿਆਨ ਐਲਾਨ ਕਰਦਾ ਹੈ, ਛਾਪਦਾ ਹੈ, ਵੰਡਦਾ ਹੈ, ਜੋ ਕਿਸੇ ਹੋਰ ਢੰਗ ਨਾਲ ਕਿਸੇ ਬੰਦੇ, ਕਿਸੇ ਜਮਾਤ ਜਾਂ ਕਿਸੇ ਵਿਅਕਤੀ ਸਮੂਹ ਦੇ ਵਿਰੁੱਧ ਉਤਸ਼ਾਹ ਦਿੰਦਾ ਹੈ, ਤੂਲ ਦਿੰਦਾ ਹੈ, ਨੂੰ ਵੀ ਸਜ਼ਾ ਦਾ ਹੱਕਦਾਰ ਬਣਾਇਆ ਜਾਵੇ, ਜੁਰਮਾਨਾ ਕੀਤਾ ਜਾਵੇ ! ਜੋ ਬਾਈਕਾਟ ਦੀ ਧਮਕੀ ਦਿੰਦਾ ਹੈ, ਉਸ ਨੂੰ ਵੀ ਸਜ਼ਾ ਦਾ ਭਾਗੀਦਾਰ ਕਰਾਰ ਦਿੱਤਾ ਜਾਵੇ ।

ਵਿਤਕਰੇ ਵਿਰੁੱਧ ਬਚਾਅ ਪ੍ਰਬੰਧ

ਦੱਬੀਆਂ ਕੁਚਲੀਆਂ ਜਾਤਾਂ, ਬਹੁਗਿਣਤੀ ਰਾਜ ਤੋਂ ਇਸ ਲਈ ਡਰਦੀਆਂ ਹਨ ਕਿ ਕਿਧਰੇ ਉਨ੍ਹਾਂ ਵਿਰੁੱਧ ਕੋਈ ਕਾਨੂੰਨ ਜਾਂ ਕਾਰਜਕਾਰੀ ਹੁਕਮ ਰਾਹੀਂ ਜਾਤੀ ਵਿਤਕਰੇ ਨੂੰ ਭਵਿੱਖ ਵਿਚ ਸਥਾਪਤ ਨਾ ਕਰ ਦਿੱਤਾ

ਜਾਵੇ। ਇਸ ਲਈ ਉਹ ਬਹੁਗਿਣਤੀ ਰਾਜ ਨੂੰ ਉਦੋਂ ਤੀਕ ਪ੍ਰਵਾਨ ਨਹੀਂ ਕਰਨਗੇ ਜਦੋਂ ਤੱਕ ਕਿ ਕਾਨੂੰਨ ਦੁਆਰਾ ਅਸੰਬਲੀ ਜਾਂ ਕਾਰਜਕਾਰਨੀ ਰਾਹੀਂ ਅਜਿਹੇ ਜਾਤੀ ਵਿਤਕਰੇ ਵਾਲੇ ਆਦੇਸ਼ ਬਣਾਉਣ 'ਤੇ ਜਾਂ ਲਾਗੂ ਕਰਨ 'ਤੇ ਪੱਕੀ ਰੋਕ ਨਹੀਂ ਲਗਾ ਦਿੱਤੀ ਜਾਂਦੀ। ਇਸ ਰੋਕ ਲਈ ਨਵੇਂ ਸੰਵਿਧਾਨ ਵਿਚ ਇਹ ਕਾਨੂੰਨੀ ਵਿਵਸਥਾ ਕੀਤੀ ਜਾਵੇ ਕਿ ਕੋਈ ਵਿਧਾਨ ਸਭਾ ਜਾਂ ਕਾਰਜਕਾਰਨੀ (ਮੰਤਰੀ ਮੰਡਲ) ਭਾਰਤ ਅੰਦਰ ਕੋਈ ਹੁਕਮ, ਕੋਈ ਨਿਯਮ, ਕੋਈ ਸਿਧਾਂਤ ਨਹੀਂ ਕਰ ਸਕਦੇ, ਜੋ ਰਾਜ ਦੇ ਨਾਗਰਿਕਾਂ ਦੇ ਅਧਿਕਾਰਾਂ, ਜੋ ਜਾਇਦਾਦ ਸੰਬੰਧੀ ਜਾਂ ਕਿੱਤੇ ਸੰਬੰਧੀ, ਵਿੱਦਿਆ ਸੰਬੰਧੀ ਜਾਂ ਨੌਕਰੀਆਂ ਸੰਬੰਧੀ ਹੋਣ ਜਾਂ ਸਾਂਝੀਆਂ ਜਨਤਕ ਸੰਸਥਾਵਾਂ ਨੂੰ ਵਰਤਣ ਸੰਬੰਧੀ ਹੋਣ। ਉਹ ਅਧਿਕਾਰ ਜੋ ਨਸਲ, ਵੰਸ਼, ਜਾਤ ਜਮਾਤ, ਰੰਗ ਆਦਿ ਤੋਂ ਰਹਿਤ ਹੋ ਕੇ ਨਾਗਰਿਕਾਂ ਨੂੰ ਦਿੱਤੇ ਗਏ ਹੋਣ। ਕਹਿਣ ਦਾ ਭਾਵ ਹੈ ਕਿ ਜੇ ਭਾਰਤ ਅੰਦਰ ਸਵੈ-ਰਾਜ ਸਥਾਪਤ ਹੋ ਜਾਂਦਾ ਹੈ ਤਾਂ ਉਸਦੇ ਸਥਾਪਤ ਹੋਣ ਤੋਂ ਪਹਿਲਾਂ ਕਾਨੂੰਨ ਵਿਚ ਇਹ ਪ੍ਰਬੰਧ ਕੀਤੇ ਜਾਣ ਤਾਂ ਜੋ ਕੋਈ ਵਿਧਾਨ ਸਭਾ ਜਾਂ ਕਾਰਜਕਾਰਨੀ, ਅਛੂਤਾਂ ਵਿਰੁੱਧ ਵਿਤਕਰੇ ਭਰੇ ਕਾਨੂੰਨ ਲਾਗੂ ਕਰਕੇ, ਮਨੁੱਖੀ ਅਧਿਕਾਰਾਂ ਨੂੰ ਪਹਿਲੀਆਂ ਲੀਹਾਂ, 'ਤੇ ਜੋ ਬ੍ਰਾਹਮਣਵਾਦ ਰਾਹੀਂ ਸਥਾਪਤ ਕੀਤੀਆਂ ਗਈਆਂ ਸਨ, ਮੁੜ ਖੋਹ ਨਾ ਲਿਆ ਜਾਵੇ।

ਕਿਉਂਕਿ ਬਾਬਾ ਸਾਹਿਬ ਨੂੰ ਆਉਣ ਵਾਲੇ ਸਮੇਂ ਵਿਚ ਹਿੰਦੂ ਬਹੁਗਿਣਤੀ ਰਾਜ ਸਥਾਪਤ ਹੋ ਜਾਣ ਦੀ ਭਿਣਕ ਪੈ ਚੁੱਕੀ ਸੀ, ਇਸ ਲਈ ਉਹ ਕਿਸੇ ਵੀ ਬਣਨ ਵਾਲੇ ਸੰਵਿਧਾਨ ਵਿਚ ਮਨੂੰ ਸਿਮਰਤੀ ਦੇ ਕਾਲੇ ਕਾਨੂੰਨਾਂ ਨੂੰ ਚਕਨਾਚੂਰ ਕਰਨ ਲਈ ਸੰਘਰਸ਼ ਕਰ ਰਹੇ ਸਨ। ਉਹ ਵੇਦਾਂ ਜਾਂ ਸਿਮਰਤੀਆਂ ਦੇ ਗੈਰ ਮਨੁੱਖੀ ਕਾਨੂੰਨਾਂ ਦੀ ਛਾਇਆ ਵੀ ਸੰਵਿਧਾਨ 'ਤੇ ਨਹੀਂ ਪੈਣ ਦੇਣਾ ਚਾਹੁੰਦੇ ਸਨ, ਸਗੋਂ ਉਸ ਕਿਸਮ ਦੇ ਨਿਯਮ ਲਾਗੂ ਕਰਨ ਵਾਲਿਆਂ ਲਈ ਸਖਤ ਸਜ਼ਾਵਾਂ ਦਾ ਪ੍ਰਬੰਧ ਕਰਨਾ ਚਾਹੁੰਦੇ ਸਨ ਅਤੇ ਹਰ ਉਹ ਰਸਤਾ ਬੰਦ ਕਰਨ ਦਾ ਬੰਦੋਬਸਤ ਕਰ ਰਹੇ ਸਨ, ਜਿਸ ਨਾਲ ਮਨੂੰਵਾਦੀ ਆਪਣੀ ਪੁਰਾਣੀ ਸੰਸਕ੍ਰਿਤੀ ਲਾਗੂ ਨਾ ਕਰ ਸਕਣ ਲਈ ਮਜਬੂਰ ਹੋ ਜਾਣ।

ਅਸੰਬਲੀਆਂ ਵਿਚ ਨੁਮਾਇੰਦਗੀ

ਮੈਮੋਰੰਡਮ ਵਿਚ ਲਿਖਿਆ ਗਿਆ ਕਿ ਦਲਿਤਾਂ ਨੂੰ ਵਿਧਾਨ ਸਭਾਵਾਂ ਵਿਚ ਕਾਫੀ ਨੁਮਾਇੰਦਗੀ ਦਿੱਤੀ ਜਾਵੇ ਤਾਂ ਕਿ ਉਹ ਕਾਨੂੰਨਾਂ ਜਾਂ ਨਿਯਮਾਂ ਨੂੰ ਆਪ ਬਣਾ ਸਕਣ ਜਿਨ੍ਹਾਂ ਨਾਲ ਉਨ੍ਹਾਂ ਦੀ ਭਲਾਈ ਹੋ ਸਕੇ। ਇਸ ਕੰਮ ਲਈ ਇਹ ਮੰਗਾਂ ਰੱਖੀਆਂ ਗਈਆਂ :-

1. ਸੰਵਿਧਾਨ ਸਭਾਵਾਂ ਵਿਚ ਯੋਗ ਨੁਮਾਇੰਦਗੀ ਦਿੱਤੀ ਜਾਵੇ, ਚਾਹੇ ਉਹ ਰਾਜਾਂ ਦੀਆਂ ਹੋਣ ਜਾਂ ਕੇਂਦਰ ਦੀ ਸੰਵਿਧਾਨ ਸਭਾ। 2. ਆਪਣੇ ਹੀ ਨੁਮਾਇੰਦੇ ਆਪ ਚੁਣਨ ਦਾ ਅਧਿਕਾਰ ਦਿੱਤਾ ਜਾਵੇ। 3. ਬਾਲਗ ਵੋਟ ਅਧਿਕਾਰ ਦਿੱਤਾ ਜਾਵੇ। 4. 10 ਸਾਲਾਂ ਲਈ 'ਵੱਖਰੇ' ਚੋਣ ਖੇਤਰ ਦਿੱਤੇ ਜਾਣ। ਫੇਰ ਸਾਂਝੇ ਚੋਣ ਖੇਤਰ ਅਤੇ ਰਾਖਵਾਂਕਰਨ ਦਿੱਤਾ ਜਾਵੇ।

ਨੌਕਰੀ ਵਿਚ ਹਿੱਸੇਦਾਰੀ

ਕਿਉਂਕਿ ਉੱਚ ਜਾਤੀ ਲੋਕਾਂ ਨੇ ਨੌਕਰਸ਼ਾਹੀ ਦੀ ਕਾਰਗੁਜ਼ਾਰੀ 'ਤੇ ਅਜਾਰਾਦਾਰੀ ਬਣਾਈ ਹੋਈ ਹੈ ਤੇ ਅਛੂਤ ਉਨ੍ਹਾਂ ਤੋਂ ਬਹੁਤ ਦੁੱਖੀ ਹਨ, ਉਨ੍ਹਾਂ ਤੋਂ ਉਨ੍ਹਾਂ ਨੂੰ ਕਦੀ ਇਨਸਾਫ, ਇੱਜ਼ਤ ਜਾਂ ਹੱਕ ਨਹੀਂ ਮਿਲਿਆ, ਇਸ ਲਈ ਪਛੜੀਆਂ ਸ਼੍ਰੇਣੀਆਂ ਨੂੰ ਸਰਕਾਰੀ ਨੌਕਰੀਆਂ ਵਿਚ ਹਿੱਸੇਦਾਰੀ ਦਿੱਤੀ ਜਾਵੇ। ਇਸ ਕੰਮ ਲਈ ਲੋਕ ਸੇਵਾ ਆਯੋਗ ਸਥਾਪਤ ਕੀਤੇ ਜਾਣ ਜੋ ਅਛੂਤਾਂ ਦੀ ਹਿੱਸੇਦਾਰੀ ਦਾ ਧਿਆਨ ਰੱਖਣ। ਏਸੇ ਤਰ੍ਹਾਂ ਸਾਰੀਆਂ ਜਮਾਤਾਂ ਨੂੰ ਬਣਦੀ ਨੁਮਾਇੰਦਗੀ ਦਿੱਤੀ ਜਾਵੇ ਤਾਂ ਜੋ ਸਰਕਾਰੀ ਸੰਸਥਾਵਾਂ ਵਿਚੋਂ ਹਿੰਦੂ ਅਜਾਰੇਦਾਰੀ ਤੋੜੀ ਜਾ ਸਕੇ।

ਈਰਖਾਲੂ (ਵੈਰਭਾਵਨਾ ਵਾਲੀ) ਕਾਰਵਾਈ ਜਾਂ ਹਿੱਤਾਂ ਨੂੰ ਟਾਲਣ ਵਿਰੁੱਧ ਹੱਲ

ਬਾਬਾ ਸਾਹਿਬ ਅਤੇ ਅਛੂਤਾਂ ਦੇ ਹੋਰ ਸਿਆਣੇ ਲੋਕਾਂ ਨੇ ਇਹ ਅਨੁਭਵ ਕਰ ਲਿਆ ਸੀ ਕਿ ਭਵਿੱਖ ਵਿਚ ਹੋਂਦ ਵਿਚ ਆਉਣ ਵਾਲਾ ਰਾਜ ਕੱਟੜ ਪੰਥੀਆਂ (ਭਾਵ ਸਵਰਨਾਂ) ਦੇ ਹੱਥ ਹੋਵੇਗਾ, ਇਸ ਲਈ ਅਛੂਤਾਂ ਨੂੰ ਇਸ ਗੱਲ ਦਾ ਭੈਅ ਸੀ ਕਿ ਇਹ ਲੋਕ ਉਨ੍ਹਾਂ ਦੇ ਹਿੱਤਾਂ ਵੱਲ ਧਿਆਨ ਨਹੀਂ ਦੇਣਗੇ, ਸਗੋਂ ਈਰਖਾ ਰੱਖਣਗੇ ਤੇ ਉਨ੍ਹਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਵੀ ਟਾਲਦੇ ਰਹਿਣਗੇ ਤੇ ਕਰੋੜਾਂ ਦਲਿਤਾਂ ਨੂੰ ਪਹਿਲਾਂ ਵਾਂਗ ਗੁਲਾਮ ਰਹਿਣ ਲਈ ਮਜਬੂਰ ਕਰਨਗੇ। ਇਸ ਲਈ ਭਾਰਤੀ ਸੰਵਿਧਾਨ ਵਿਚ ਹੇਠ ਲਿਖਿਆ ਕਾਨੂੰਨੀ ਬੰਦੋਬਸਤ ਕਰਨ ਦੀ ਮੰਗ ਰੱਖੀ ਗਈ :-

ਇਹ ਵਿਵਸਥਾ ਕਾਨੂੰਨੀ ਬਣਾਈ ਜਾਵੇ ਕਿ ਸਾਰੇ ਰਾਜਾਂ ਦੀਆਂ ਵਿਧਾਨ ਸਭਾਵਾਂ, ਕਾਰਜਕਾਰਨੀਆਂ ਜਾਂ

ਹੋਰ ਕੋਈ ਤਾਕਤ ਜੋ ਕਾਨੂੰਨ ਦੇ ਅਧਾਰ 'ਤੇ ਸਥਾਪਤ ਕੀਤੀਆਂ ਹੋਣ, ਜਿਵੇਂ ਸਿੱਖਿਆ ਸਿਹਤ ਯੋਜਨਾਵਾਂ, ਸਰਕਾਰੀ ਨੌਕਰੀਆਂ ਵਿਚ ਭਰਤੀ ਅਤੇ ਦੂਜੇ ਸਮਾਜਿਕ ਅਤੇ ਰਾਜਸੀ ਮਾਮਲੇ, ਜਿਨ੍ਹਾਂ ਨਾਲ ਅਛੂਤਾਂ ਦੀ ਤਰੱਕੀ ਹੋ ਸਕੇ, ਵਾਸਤੇ ਅਤੇ ਅਜਿਹਾ ਨਾ ਕਰ ਸਕਣ ਵਾਸਤੇ ਇਸ ਨਾਲ ਕਿ ਵੈਰ ਭਾਵ ਜਾਂ ਈਰਖਾ ਵਾਲਾ ਅਸਰ ਸਾਹਮਣੇ ਆਵੇ, ਕਾਨੂੰਨੀ ਪ੍ਰਬੰਧ ਕੀਤੇ ਜਾਣ ।

ਵਿਸ਼ੇਸ਼ ਮਹਿਕਮਾਨਾਂ ਸਹਾਇਤਾ ਜਾਂ ਧਿਆਨ

ਇਨ੍ਹਾਂ ਨਿਆਸਰਿਆਂ, ਦੁਖੀਆਂ ਤੇ ਨਿਹੱਥਿਆਂ ਨੂੰ ਯਕੀਨੀ ਤੌਰ 'ਤੇ ਗਿਣਵੇਂ, ਮਿਥਵੇਂ ਵਿਰੋਧ ਦਾ ਮੁਕਾਬਲਾ ਕਰਨਾ ਪਵੇਗਾ । ਇਹ ਵਿਰੋਧ ਕੱਟੜਪੰਥੀ, ਜਾਤੀਵਾਦੀ ਲੋਕਾਂ ਵੱਲੋਂ ਹੋਵੇਗਾ ਜੋ ਨਹੀਂ ਚਾਹੁਣਗੇ ਕਿ ਪਛੜੀਆਂ ਸ਼੍ਰੇਣੀਆਂ ਬਰਾਬਰ ਦਾ ਰੁਤਬਾ ਜਾਂ ਬਰਾਬਰਤਾ ਹਾਸਲ ਕਰਨ । ਅਛੂਤਾਂ ਦਾ ਇਹ ਮੰਦਾ ਹਾਲ, ਇਨ੍ਹਾਂ ਸਮਾਜਿਕ ਈਰਖਾਵਾਂ ਕਾਰਨ ਹੀ ਹੋਇਆ ਹੈ । ਉਹ ਆਪਣੇ ਵਿਰੁੱਧ ਹੁੰਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ । ਅਜਿਹਾ ਵਰਤਾਰਾ ਸਾਰੇ ਭਾਰਤ ਵਿਚ ਇਕੋ ਜਿਹਾ ਹੀ ਹੈ । ਉਨ੍ਹਾਂ ਨੂੰ ਕਿਸੇ ਗੱਲ ਤੋਂ ਮੁਨਕਰ ਹੋਣ 'ਤੇ ਸਜ਼ਾ ਦਿੱਤੀ ਜਾਂਦੀ ਹੈ, ਭਾਵੇਂ ਉਹ ਸਹੀ ਕਿਉਂ ਨਾ ਹੋਣ । ਉਨ੍ਹਾਂ 'ਤੇ ਪਿੰਡ ਕਚਹਿਰੀਆਂ ਜਾਂ ਠਾਣਿਆਂ ਵਿਚ ਝੂਠੇ ਕੇਸ ਪਾ ਕੇ ਤੰਗ ਕੀਤਾ ਜਾਂਦਾ ਹੈ । ਝੁੱਗੀਆਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ । ਫਸਲਾਂ ਨਸ਼ਟ ਕਰ ਦਿੱਤੀਆਂ ਜਾਂਦੀਆਂ ਹਨ । ਵਾਹੀ ਦੇ ਹੱਕ ਖੋਹ ਲਏ ਜਾਂਦੇ ਹਨ । ਅਜਿਹੇ ਕਾਗਜ਼ ਤਿਆਰ ਕਰ ਲਏ ਜਾਂਦੇ ਹਨ ਤੇ ਅੰਗੂਠੇ ਲਵਾ ਲਏ ਜਾਂਦੇ ਹਨ, ਜਿਨ੍ਹਾਂ ਨਾਲ ਅੰਤ ਇਹ ਲੋਕ ਬਰਬਾਦ ਕਰ ਦਿੱਤੇ ਜਾਂਦੇ ਹਨ । ਉਨ੍ਹਾਂ ਦੇ ਖੇਤਾਂ ਦਾ ਪਾਣੀ ਰੋਕ ਲਿਆ ਜਾਂਦਾ ਹੈ । ਧੱਕੇ ਨਾਲ ਲਗਾਨ ਵਸੂਲ ਕੀਤਾ ਜਾਂਦਾ ਹੈ । ਅਜਿਹਾ ਆਮ ਹੁੰਦਾ ਹੈ ਤੇ ਅਛੂਤ ਇਕ ਸਦੀਵੀ ਡਰ ਅੰਦਰ ਜਿਉਣ ਲਈ ਮਜਬੂਰ ਹੁੰਦੇ ਹਨ । ਇਸ ਤਰ੍ਹਾਂ ਦੇ ਹਾਲਾਤ ਅੰਦਰ ਪਛੜੀਆਂ ਜਾਤਾਂ ਨੂੰ ਉੱਚਾ ਚੁੱਕਣ ਦੀ ਇੱਛਾ ਉਦੋਂ ਤੱਕ ਵਿਅਰਥ ਹੈ, ਜਦੋਂ ਤੀਕ ਸਰਕਾਰਾਂ ਇਸ ਨੂੰ ਆਪਣਾ ਬਰਾਬਰੀ ਦੇ ਅਧਾਰ 'ਤੇ ਮੁੱਢਲਾ ਕਾਰਜ ਨਹੀਂ ਮਿਥਦੀਆਂ ਤੇ ਬਰਾਬਰ ਹੋਣ ਦੇ ਮੌਕੇ ਪ੍ਰਦਾਨ ਨਹੀਂ ਕਰਦੀਆਂ । ਇਹ ਕੁਝ ਇਕ ਪੱਕੇ ਇਰਾਦੇ ਨਾਲ ਹੀ ਕੀਤਾ ਜਾ ਸਕਦਾ ਹੈ । ਇਸ ਮੰਤਵ ਨੂੰ ਪੂਰਾ ਕਰਨ ਲਈ ਭਾਰਤੀ ਸਰਕਾਰਾਂ ਉੱਤੇ ਸੰਵਿਧਾਨਕ ਕਾਨੂੰਨ ਥਾਪਿਆ ਜਾਵੇ ਕਿ ਉਹ ਹਮੇਸ਼ਾਂ ਲਈ ਇਕ ਅਜਿਹਾ ਮਹਿਕਮਾ ਚਲਾਵੇ ਜੋ ਉਨ੍ਹਾਂ (ਅਛੂਤਾਂ) ਦੀਆਂ ਸਮੱਸਿਆਵਾਂ ਨਾਲ ਹੀ ਸੰਬੰਧਤ ਹੋਵੇ । ਸੰਵਿਧਾਨਕ ਕਾਨੂੰਨ ਰਾਹੀਂ ਸਰਕਾਰ ਦਾ ਇਕ ਪੂਰਾ ਮੰਤਰੀ ਇਸ ਮੰਤਵ ਲਈ ਅਛੂਤਾਂ ਦੇ ਹਿੱਤਾਂ ਦੀ ਰਾਖੀ ਲਈ ਅਤੇ ਉਨ੍ਹਾਂ ਦੀ ਭਲਾਈ ਲਈ ਬਣਾਉਣ ਦੀ ਵਿਵਸਥਾ ਕੀਤੀ ਜਾਵੇ ।

ਮੰਤਰੀ ਕਾਨੂੰਨ ਰਾਹੀਂ ਮਿਲੀਆਂ ਸ਼ਕਤੀਆਂ ਅਤੇ ਕਰੱਤਵਾਂ ਦੀ ਪਾਲਣਾ ਕਰੇ ਅਤੇ ਅਜਿਹੇ ਸਾਰੇ ਪ੍ਰਬੰਧ ਕਰੇ ਜਿਸ ਨਾਲ ਅਛੂਤਾਂ ਨਾਲ ਹੁੰਦੀ ਸਮਾਜਿਕ ਬੇਇਨਸਾਫੀ ਅਤੇ ਜ਼ੁਲਮ ਜਾਂ ਜਬਰ ਨੂੰ ਰੋਕਿਆ ਜਾ ਸਕੇ ਅਤੇ ਸਾਰੇ ਭਾਰਤ ਅੰਦਰ ਅਛੂਤਾਂ ਦੀ ਭਲਾਈ ਲਈ ਕਾਰਗਰ ਹੋਵੇ । ਗਵਰਨਰ ਜਨਰਲ ਮੰਤਰੀ ਨੂੰ ਸਾਰੀਆਂ ਸ਼ਕਤੀਆਂ ਕਾਨੂੰਨੀ ਤੌਰ 'ਤੇ ਮੁਹਈਆ ਕਰੇ, ਜੋ ਅਛੂਤਾਂ ਦੀ ਭਲਾਈ ਲਈ ਸਿੱਖਿਆ ਜਾਂ ਯੋਜਨਾਵਾਂ ਨਾਲ ਸੰਬੰਧਤ ਹੋਣ । ਅਛੂਤ ਭਲਾਈ ਅਫਸਰ, ਮੰਤਰੀ ਦੇ ਸਹਿਯੋਗ ਲਈ ਨਿਯੁਕਤ ਕੀਤੇ ਜਾਣ । ਭਾਵ ਇਹ ਵਿਵਸਥਾ ਕਾਨੂੰਨੀ ਤੌਰ 'ਤੇ ਭਾਰਤੀ ਸੰਵਿਧਾਨ ਰਾਹੀਂ ਕੀਤੀ ਜਾਵੇ ਤਾਂ ਕਿ ਇਸ ਨੂੰ ਸਵਰਨ ਜਾਤੀਆਂ ਜੋ ਸਦੀਆਂ ਤੋਂ ਸਮਾਜ 'ਤੇ ਕਾਬਜ਼ ਹਨ, ਆਪਣੀ ਮਰਜ਼ੀ ਨਾਲ ਪਹਿਲਾਂ ਵਾਂਗ ਤੋੜ ਜਾਂ ਮਰੋੜ ਜਾਂ ਬੰਦ ਨਾ ਕਰ ਸਕਣ ਤੇ ਮਨੂੰ ਸਿਮਰਤੀ ਦੇ ਵਿਧਾਨ ਨੂੰ ਲਾਗੂ ਨਾ ਰੱਖ ਸਕਣ । ਇਹ ਤਾਂ ਹੀ ਹੋ ਸਕੇਗਾ ਜੇ ਸੰਵਿਧਾਨ ਅੰਦਰ ਹੀ ਇਹ ਪ੍ਰਬੰਧ ਕੀਤਾ ਜਾਵੇ ਤੇ ਸਰਕਾਰ ਨੂੰ ਇਸ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਪਾਬੰਦ ਕੀਤਾ ਜਾਵੇ ।

ਅਛੂਤ ਤੇ ਮੰਤਰੀ ਮੰਡਲ

ਜਿਸ ਤਰ੍ਹਾਂ ਵਿਧਾਨ ਸਭਾਵਾਂ ਵਿਚ ਅਛੂਤਾਂ ਨੂੰ ਸੀਟਾਂ ਦੇ ਕੇ ਸਰਕਾਰ ਦੇ ਕੰਮ ਨੂੰ ਪ੍ਰਭਾਵਤ ਕਰਨ ਦੀ ਵਿਵਸਥਾ ਜ਼ਰੂਰੀ ਹੈ, ਉਸੇ ਤਰ੍ਹਾਂ ਅਛੂਤ ਜਾਤੀਆਂ ਲਈ ਇਹ ਮੌਕਾ ਵੀ ਹੋਣਾ ਜ਼ਰੂਰੀ ਹੈ ਕਿ ਉਹ ਸਰਕਾਰ ਦੀਆਂ ਆਮ ਨੀਤੀਆਂ ਘੜਨ ਵਿਚ ਦਖਲ ਦੇ ਸਕਣ । ਇਹ ਸਿਰਫ ਉਹ ਮੰਤਰੀ ਮੰਡਲ ਦੀ ਸੀਟ ਲੈ ਕੇ ਹੀ ਕਰ ਸਕਦੇ ਹਨ । ਇਸ ਲਈ ਦੂਜੀਆਂ ਘੱਟ ਗਿਣਤੀਆਂ ਵਾਂਗ ਅਛੂਤ ਜਮਾਤਾਂ ਦਾ ਵੀ ਬੁਨਿਆਦੀ ਅਧਿਕਾਰ ਹੋਵੇ ਕਿ ਉਹ ਮੰਤਰੀ ਮੰਡਲ ਇਹ ਨੁਮਾਇੰਦਗੀ ਲੈ ਸਕਣ । ਗਵਰਨਰ ਜਨਰਲ ਇਹ ਵਿਵਸਥਾ ਵੀ ਕਰੇ । ਉਪਰੋਕਤ ਵਰਨਣ ਬਾਬਾ ਸਾਹਿਬ ਦੇ ਮੈਮੋਰੰਡਮ ਦਾ ਸੰਖੇਪ ਸਾਰ ਹੈ ਤੇ ਮੂਲ ਰੂਪ ਵਿਚ ਇਹ ਦੱਸਣ ਦਾ

ਯਤਨ ਕੀਤਾ ਗਿਆ ਹੈ ਕਿ ਬਾਬਾ ਸਾਹਿਬ ਨੇ ਕਿਸ ਗਹਿਰਾਈ ਤੱਕ ਹਰ ਮਸਲੇ ਨੂੰ ਸੋਚ ਸਮਝ ਕੇ, ਅਛੂਤਾਂ ਦੀਆਂ ਤਕਲੀਫਾਂ ਤੇ ਦੁਸ਼ਵਾਰੀਆਂ ਨੂੰ ਹਰ ਦਿਸ਼ਾ ਤੋਂ ਸਮਝ ਕੇ, ਅਜਿਹੇ ਪ੍ਰਬੰਧ ਦੀ ਵਿਵਸਥਾ ਕਰਵਾਉਣ ਲਈ ਸੰਘਰਸ਼ ਕੀਤਾ, ਜਿਸਨੂੰ 'ਕੱਟੜਪੰਥੀ' ਤੋੜ ਨਾ ਸਕਣ, ਸਗੋਂ ਕਾਨੂੰਨ ਸਾਹਮਣੇ ਨਿਹੱਥੇ ਹੋ ਜਾਣ। ਅਛੂਤਾਂ ਨੂੰ ਜੀਵਨ ਜਿਉਣ ਦੇ ਦੂਜਿਆਂ ਦੇ ਬਰਾਬਰ ਹੱਕ ਇਸ ਹਿਸਾਬ ਨਾਲ ਮਿਲਣ ਕਿ ਉੱਚ ਜਾਤੀਏ ਕਾਬਜ਼ ਲੋਕ ਇਸ ਪ੍ਰਬੰਧ ਸਾਹਮਣੇ ਲਾਚਾਰ ਹੋ ਕੇ ਰਹਿ ਜਾਣ 'ਤੇ ਉਨ੍ਹਾਂ ਦੀ ਸਦੀਆਂ ਦੀ ਅਜਾਰੇਦਾਰੀ ਚਕਨਾਚੂਰ ਹੋ ਜਾਵੇ। ਇਕ ਅਜਿਹਾ ਸਮਾਜਿਕ ਪ੍ਰਬੰਧ ਸਥਾਪਤ ਹੋਵੇ ਜਿਸ ਵਿਚ ਹਰ ਖੇਤਰ ਅੰਦਰ ਮਨੁੱਖੀ ਬਰਾਬਰੀ ਲਿਆਂਦੀ ਜਾ ਸਕੇ। ਇਸ ਲਈ ਉਨ੍ਹਾਂ ਨੇ ਹਰ ਵਿਵਸਥਾ ਨੂੰ ਇਕ ਅਜਿਹੇ ਸੰਵਿਧਾਨਕ ਜਾਂ ਕਾਨੂੰਨੀ ਬਣਾਉਣ 'ਤੇ ਜ਼ੋਰ ਲਾਇਆ, ਜੋ ਭਾਰਤੀ ਸੰਸਕ੍ਰਿਤੀ ਦੇ ਕੋਝੇ ਧਾਰਮਿਕ ਅਤੇ ਸਮਾਜਿਕ ਕਾਨੂੰਨਾਂ ਨੂੰ ਜੜੋਂ ਪੁੱਟ ਕੇ ਮਲੀਆਮੇਟ ਕਰ ਸਕੇ।

ਪਹਿਲਾਂ ਵਰਨਣ ਕੀਤੇ ਵਿਚਾਰਾਂ ਤੋਂ ਅਸੀਂ ਇਸ ਤਮੰਨਾ ਦੀ ਝਲਕ ਸਾਫ-ਸਾਫ ਲੱਭ ਸਕਦੇ ਹਾਂ ਕਿ ਹਜ਼ਾਰਾਂ ਸਾਲਾਂ ਤੋਂ ਦਰੜੇ ਕਰੋੜਾਂ ਭਾਰਤੀ ਮੂਲ ਨਿਵਾਸੀਆਂ ਨੂੰ ਮਨੂੰਵਾਦ ਤੋਂ ਮੁਕਤੀ ਦੁਆਉਣ ਲਈ, ਉਹ ਕਿੰਨੇ ਅਸਰਦਾਰ ਢੰਗਨਾਲ ਯਤਨਸ਼ੀਲ ਸਨ। ਇਸ ਮੰਤਵ ਨੂੰ ਪੂਰਾ ਕਰਨ ਲਈ ਉਹ ਕੋਈ ਵੀ ਆਇਆ ਮੌਕਾ ਨਹੀਂ ਗੁਆਉਣਾ ਚਾਹੁੰਦੇ ਸਨ ਅਤੇ ਇਨ੍ਹਾਂ ਕਰੋੜਾਂ ਲੋਕਾਂ ਨੂੰ ਕਿਸੇ ਦੇ ਖਾਸ ਕਰਕੇ ਆਰੀਆ ਹਿੰਦੂਆਂ ਦੇ ਰਹਿਮ 'ਤੇ ਨਹੀਂ ਛੱਡਣਾ ਚਾਹੁੰਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਜੋ ਕੁਝ ਬਣ ਸਕਿਆ, ਇਹ ਸਿਰਫ ਅੰਗਰੇਜ਼ੀ ਹਕੂਮਤ ਸਮੇਂ ਹੀ ਸੰਭਵ ਹੈ, ਜਿਸ ਦੇ ਪਾਸ ਕਾਨੂੰਨ ਦਾ ਰਾਜ ਹੈ। ਭਾਵੇਂ ਉਹ ਕਿਸੇ ਦੀ ਗੁਲਾਮੀ ਕਬੂਲ ਕਰਨ ਤੋਂ ਮੁਨਕਰ ਸਨ, ਪ੍ਰੰਤੂ ਆਰੀਆ ਹਿੰਦੂਆਂ ਦੀ ਗੁਲਾਮੀ ਤੋਂ ਬਦਤਰ ਗੁਲਾਮੀ, ਸ਼ਾਇਦ ਦੁਨੀਆ ਵਿਚ ਕਿਧਰੇ ਵੀ ਨਾ ਹੋਵੇ। ਉਹ ਜਾਣਦੇ ਸਨ ਕਿ ਸਮਾਜਿਕ ਗੁਲਾਮੀ, ਆਰਥਿਕ ਗੁਲਾਮੀ ਨਾਲੋਂ ਸੈਂਕੜੇ ਗੁਣਾਂ ਮਨਹੂਸ ਤੇ ਖਤਰਨਾਕ ਹੈ। ਇਸ ਲਈ ਉਹ ਸਮਾਜਿਕ ਗੁਲਾਮੀ ਦੇ ਖਿਲਾਫ ਲੜ ਰਹੇ ਸਨ ਤੇ ਅਜਿਹੇ ਪ੍ਰਬੰਧ ਦੀ ਤਾਕ ਵਿਚ ਸਨ ਜੋ ਹਿੰਦੂ ਭਾਰਤ ਦੇ ਸਮਾਜਿਕ ਤੇ ਧਾਰਮਿਕ ਕਾਨੂੰਨਾਂ ਤੋਂ ਉਪਰ ਹੋਵੇ, ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਇਕ ਵਿਸ਼ੇਸ਼ ਵਰਗ ਦਾ ਘਾਣ ਕਰ ਛੱਡਿਆ ਸੀ।

ਪਹਿਲੀ ਗੋਲਮੇਜ਼ ਕਾਨਫਰੰਸ 1930 ਦੌਰਾਨ ਜੋ ਸਬ ਕਮੇਟੀ ਘੱਟ ਗਿਣਤੀਆਂ ਦੀ ਬਣਾਈ ਗਈ, ਉਸ ਅੰਦਰ ਸਾਂਝੇ ਅਤੇ ਵੱਖਰੇ ਚੋਣ ਖੇਤਰਾਂ ਵਿਚ ਜੋ ਫੈਸਲਾ ਲਿਆ ਗਿਆ, ਉਹ ਇਸ ਪ੍ਰਕਾਰ ਸੀ :-

ਨੰਬਰ 18 'ਤੇ ਲਿਖਿਆ ਗਿਆ, "ਘੱਟ ਗਿਣਤੀਆਂ ਅਤੇ ਦਲਿਤ ਜਮਾਤਾਂ ਆਪਣੇ ਇਸ ਫੈਸਲੇ 'ਤੇ ਦ੍ਰਿੜ ਹਨ ਕਿ ਭਾਰਤ ਲਈ ਕਿਸੇ ਵੀ ਸਵੈ ਸਰਕਾਰ ਜਾਂ ਸੰਵਿਧਾਨ ਨੂੰ ਪ੍ਰਵਾਨ ਨਹੀਂ ਕਰ ਸਕਦੀਆ, ਜਿਸ ਵਿਚ ਉਨ੍ਹਾਂ ਦੀਆਂ ਮੰਗਾਂ ਇਕ ਦਲੀਲ ਭਰਪੂਰ ਢੰਗ ਨਾਲ ਪ੍ਰਵਾਨ ਨਹੀਂ ਹੁੰਦੀਆਂ।...."

ਸਬ ਕਮੇਟੀ ਦੀ ਇਹ ਇਕ ਸਾਂਝੀ ਰਾਇ ਸੀ ਘੱਟ ਗਿਣਤੀ ਸਬ ਕਮੇਟੀ ਦੀ ਰਿਪੋਰਟ ਨੂੰ ਧਿਆਨ ਵਿਚ ਰੱਖਦਿਆਂ, ਦੋਹਾਂ ਸਦਨਾਂ ਵਿਚ ਤੇ ਖਾਸ ਕਰਕੇ ਹੇਠਲੇ ਸਦਨ ਵਿਚ ਪੱਛੜੀਆਂ ਸ਼੍ਰੇਣੀਆਂ, ਭਾਰਤੀ ਇਸਾਈਆਂ, ਯੂਰਪੀਨਾਂ, ਐਂਗਲੋ ਭਾਰਤੀਆਂ, ਜ਼ਿਮੀਂਦਾਰਾਂ, ਵਪਾਰ ਅਤੇ ਮਜ਼ਦੂਰੀ ਦੇ ਕੁਝ ਵਿਸ਼ੇਸ਼ ਹਿੱਤਾਂ ਲਈ ਉਨ੍ਹਾਂ ਦੀ ਨੁਮਾਇੰਦਗੀ ਦੀ ਵਿਵਸਥਾ ਕੀਤੀ ਜਾਵੇ। ਗੋਲਮੇਜ਼ ਕਾਨਫਰੰਸ ਦੇ ਪਹਿਲੇ ਸ਼ੈਸ਼ਨ ਬੰਦ ਹੋਣ ਤੋਂ ਪਹਿਲਾਂ ਦੋਹਾਂ ਕਮੇਟੀਆਂ ਵੱਲੋਂ ਜਿਹੜੀ ਰਿਪੋਰਟ ਸਭਾ ਦੇ ਸਾਹਮਣੇ ਰੱਖੀ ਗਈ, ਉਹ ਸਭਾ ਨੇ ਪਾਸ ਕਰ ਦਿੱਤੀ। ਇਹ ਸਰਬਸੰਮਤੀ ਨਾਲ ਪਾਸ ਕਰ ਲਿਆ ਕਿ ਅਛੂਤ ਰਾਜਸੀ ਅਤੇ ਸੰਵਿਧਾਨਕ ਮਸਲਿਆਂ ਵਿਚ ਇਕ ਵੱਖਰੀ ਪਛਾਣ ਦੇ ਹੱਕਦਾਰ ਹਨ। ਕਿਉਂਕਿ ਕਾਂਗਰਸ ਨੇ ਇਸ ਪਹਿਲੀ ਗੋਲਮੇਜ਼ ਸਭਾ ਦਾ ਬਾਈਕਾਟ ਕਰ ਦਿੱਤਾ ਸੀ, ਇਸ ਲਈ ਇਸ ਫੈਸਲੇ ਸੰਬੰਧੀ ਵਤੀਰਾ ਨਹੀਂ ਜਾਣਿਆ ਜਾ ਸਕਿਆ, ਪ੍ਰੰਤੂ ਦੂਜੀ ਗੋਲਮੇਜ਼ ਸਭਾ ਵਿਚ ਸ਼ਾਮਲ ਹੋਣ ਲਈ ਕਾਂਗਰਸ ਨੇ ਸਹਿਮਤੀ ਪ੍ਰਗਟ ਕਰ ਦਿੱਤੀ। ਦੂਜੀ ਗੋਲਮੇਜ਼ ਕਾਨਫਰੰਸ ਵਿਚ ਕਾਂਗਰਸ ਦਾ ਸ਼ਾਮਲ ਹੋਣ ਦਾ ਕਾਰਨ ਦਲਿਤਾਂ ਦੀਆਂ ਮੰਗਾਂ ਵੱਲ ਸਰਕਾਰ ਅਤੇ ਦੂਜੀਆਂ ਘੱਟ ਗਿਣਤੀਆਂ ਦਾ ਹਾਂ ਪੱਖੀ ਵਤੀਰਾ ਸੀ, ਜਿਸ ਨੂੰ ਕਾਂਗਰਸੀ ਲੀਡਰਾਂ ਨੇ ਇਕ ਵੱਡਾ ਖਤਰਾ ਮਹਿਸੂਸ ਕੀਤਾ, ਜਿਸ ਦੀ ਝਲਕ ਅੱਗੇ ਦਿਖਾਈ ਜਾਏਗੀ। ਬਾਬਾ ਸਾਹਿਬ ਨੇ ਉਸ ਬਾਰੇ ਕਿਹਾ ਕਿ, "ਬਦਕਿਸਮਤੀ ਨਾਲ ਕਾਂਗਰਸ ਨੇ ਆਪਣਾ ਨੁਮਾਇੰਦਾ ਗਾਂਧੀ ਨੂੰ ਬਣਾ ਕੇ ਭੇਜਿਆ। ਇਕ ਭੈੜਾ ਆਦਮੀ ਭਾਰਤ ਦੀ ਕਿਸਮਤ ਦੀ ਅਗਵਾਈ ਕਰਨ ਲਈ ਨਹੀਂ ਸੀ ਚੁਣਿਆ ਜਾਣਾ ਚਾਹੀਦਾ। (ਪੂਨਾ ਪੈਕਟ ਸਫਾ 30)। ਗਾਂਧੀ ਨੇ ਸਾਰੇ ਗੈਰ ਕਾਂਗਰਸੀ ਡੈਲੀਗੇਟਾਂ ਨਾਲ ਅਪਮਾਨ ਵਾਲਾ ਵਿਚਾਰ-ਵਟਾਂਦਰਾ ਕੀਤਾ। ਉਸ ਨੇ ਉਨ੍ਹਾਂ ਦਾ ਅਪਮਾਨ ਕੀਤਾ ਤੇ ਉਸ ਨੇ ਖੁੱਲ੍ਹੇ ਤੌਰ 'ਤੇ

ਕਿਹਾ ਕਿ ਕਾਂਗਰਸ ਦਾ ਨੁਮਾਇੰਦਾ ਹੋਣ ਕਰਕੇ, ਉਹ ਇਕੱਲਾ ਹੀ ਸਾਰੇ ਭਾਰਤ ਦਾ ਅਸਲੀ ਨੁਮਾਇੰਦਾ ਹੈ ਅਤੇ ਬਾਕੀ ਸਾਰੇ ਕਿਸੇ ਨੁਮਾਇੰਦਗੀ ਦੇ ਹੱਕਦਾਰ ਨਹੀਂ ਹਨ। ਭਾਰਤੀ ਡੈਲੀਗੇਟਾਂ ਨੂੰ ਇਕਸੁਰ ਕਰਨ ਦੀ ਥਾਂ ਗਾਂਧੀ ਨੇ ਉਨ੍ਹਾਂ ਵਿਚਕਾਰ ਪਾੜਾ ਹੋਰ ਵੱਡਾ ਕਰ ਦਿੱਤਾ। ਗਿਆਨ ਪੱਖੋਂ, ਸ੍ਰੀ ਗਾਂਧੀ ਨੇ ਆਪਣੇ ਆਪ ਨੂੰ ਇਕ ਅਣਜਾਣ ਵਿਅਕਤੀ ਸਾਬਤ ਕੀਤਾ।

ਵਿਸ਼ੇਸ਼ ਤੌਰ 'ਤੇ ਉਹ ਅਛੂਤਾਂ ਦੇ ਸਵਾਲ 'ਤੇ ਇਕ ਉਲਟ ਵਰਤਾਅ ਪੇਸ਼ ਕਰਦਾ। ਫੈਡਰਲ ਸਟਰਕਚਰ ਕਮੇਟੀ ਵਿਚ 15 ਸਤੰਬਰ 1931 ਈ. ਨੂੰ ਉਸ ਨੇ ਆਪਣੇ ਪਹਿਲੇ ਭਾਸ਼ਣ ਵਿਚ ਕਿਹਾ ਕਿ ਕਾਂਗਰਸ ਸ਼ੁਰੂ ਤੋਂ ਹੀ ਅਛੂਤਾਂ ਦਾ ਮਾਮਲਾ ਲੈਂਦੀ ਆ ਰਹੀ ਹੈ। ਉਸ ਨੇ ਕਈ ਉਦਾਹਰਣ ਦੇ ਕੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਕਾਂਗਰਸ ਪਹਿਲਾਂ ਹੀ ਅਛੂਤਪਣ ਖਤਮ ਕਰਨ ਲਈ ਯਤਨ ਕਰ ਰਹੀ ਹੈ ਤੇ ਸੰਪੂਰਨ ਅਜ਼ਾਦੀ ਦੀ ਬਹਾਲੀ ਲਈ ਕਾਂਗਰਸ ਅਛੂਤਪਣ ਦੇ ਸਰਾਪ ਨੂੰ ਖਤਮ ਕਰਨਾ ਚਾਹੁੰਦੀ ਹੈ।

(ਕਾਂਗਰਸ ਦਾ ਇਹ ਇਕ ਢਕੌਂਜ ਹੈ, ਧੋਖੇ ਦਾ ਜਾਲ ਹੈ। ਅਛੂਤਪਣ ਤਾਂ ਕਾਂਗਰਸ 42 ਸਾਲਾਂ ਦੇ ਸਵਰਾਜ ਵਿਚ ਵੀ ਖਤਮ ਨਹੀਂ ਕਰ ਸਕੀ। ਇਹ ਕਾਂਗਰਸੀ ਸਵਰਨਾਂ ਦੀ ਜ਼ਰੂਰਤ ਵੀ ਨਹੀਂ। ਇਸ ਨੂੰ ਖਤਮ ਕਰਨਾ ਤਾਂ ਅਛੂਤਾਂ ਦੀ ਜ਼ਰੂਰਤ ਹੈ, ਜੋ ਕਾਂਗਰਸ ਤੋਂ ਅਲੱਗ ਰਹਿ ਕੇ ਹੀ ਹੋ ਸਕਦਾ ਹੈ।)

ਇਸ ਤੋਂ ਸਾਫ ਜ਼ਾਹਰ ਸੀ ਕਿ ਗਾਂਧੀ ਅਛੂਤਾਂ ਦੀ ਆਜ਼ਾਦੀ ਦੇ ਪ੍ਰਸ਼ਨ 'ਤੇ ਇਹ ਪੱਖ ਪੇਸ਼ ਕਰਨਾ ਚਾਹੁੰਦਾ ਸੀ ਕਿ ਇਹ ਕਾਂਗਰਸ ਦਾ ਮਾਮਲਾ ਹੈ। ਉਹ ਇਸ ਨੂੰ ਹੱਲ ਕਰ ਰਹੀ ਹੈ ਤੇ ਏਥੇ ਇਸ ਕਾਨਫਰੰਸ ਵਿਚ ਇਸ ਦੀ ਜ਼ਰੂਰਤ ਨਹੀਂ। ਕਾਂਗਰਸ ਦੇ ਨੁਮਾਇੰਦੇ ਵਜੋਂ ਗਾਂਧੀ ਨੇ ਕਿਹਾ ਕਿ ਕਾਂਗਰਸ, ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚਕਾਰ ਵਿਸ਼ੇਸ਼ ਵਰਤਾਰੇ ਲਈ ਰਾਜ਼ੀ ਹੈ। ਪ੍ਰੰਤੂ ਅਛੂਤਾਂ ਦੀ ਨੁਮਾਇੰਦਗੀ ਕਾਂਗਰਸ ਹੀ ਕਰੇਗੀ ਤੇ ਉਸ ਨੇ ਅਛੂਤਾਂ ਦੀ ਕਿਸੇ ਖਾਸ ਤੇ ਦੂਜੀ ਹੋਰ ਨੁਮਾਇੰਦਗੀ ਦਾ ਵਿਰੋਧ ਕੀਤਾ। ਕਹਿਣ ਤੋਂ ਭਾਵ ਹੈ ਕਿ ਉਸ ਨੇ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਕੀਤੀ ਜਾ ਰਹੀ ਅਗਵਾਈ ਨੂੰ ਅੰਦਰੂਨੀ ਤੌਰ 'ਤੇ ਸਵੀਕਾਰ ਕਰਨ ਤੋਂ ਇਨਕਾਰ ਕੀਤਾ। ਅਸਲ ਵਿਚ ਇਹ ਅਛੂਤਾਂ ਦੇ ਅਧਿਕਾਰ ਵਿਰੁੱਧ ਚੱਲਣ ਵਾਲੀ ਮੁਹਿਮ ਦੀ ਸ਼ੁਰੂਆਤ ਸੀ, ਕਿਉਂਕਿ ਉਹ ਬੰਬੇ ਵਿਚ ਬਾਬਾ ਸਾਹਿਬ ਨੂੰ ਸਪੱਸ਼ਟ ਕਰ ਚੁੱਕਾ ਸੀ ਕਿ ਉਹ ਅਛੂਤਾਂ ਦੇ ਕਿਸੇ ਵਿਸ਼ੇਸ਼ ਵੱਖਰੇ ਅਧਿਕਾਰ ਦੇ ਹੱਕ ਵਿਚ ਨਹੀਂ। ਤੇ ਹੁਣ ਉਹ ਅਛੂਤਾਂ ਨੂੰ ਅੱਖੋਂ-ਪਰੋਖੇ ਕਰਕੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਵਿਚਕਾਰ ਫਿਰਕੂ ਸਮੱਸਿਆ ਲਈ ਕਿਸੇ ਸਮਝੌਤੇ 'ਤੇ ਪਹੁੰਚਣ ਲਈ ਯਤਨਸ਼ੀਲ ਸੀ। ਉਹ ਨਿੱਜੀ ਰੂਪ ਵਿਚ ਮੁਸਲਮਾਨਾਂ ਨਾਲ ਘੱਟ ਗਿਣਤੀ ਕਮੇਟੀ ਦੇ ਬੈਠਣ ਤੋਂ ਪਹਿਲਾਂ ਕਿਸੇ ਸਮਝੌਤੇ 'ਤੇ ਪਹੁੰਚਣ ਦਾ ਉਪਰਾਲਾ ਕਰ ਰਿਹਾ ਸੀ। ਜਦੋਂ ਆਗਾ ਖਾਨ ਨੇ ਮੁਸਲਮਾਨ ਡੈਲੀਗੇਟਾਂ ਨਾਲ ਗਾਂਧੀ ਦੇ ਰਾਤ ਦੇ ਸਮੇਂ ਮਿਲਣ ਦੀ ਗੱਲ ਕਹੀ ਅਤੇ ਪੰਡਤ ਮਦਨ ਮੋਹਨ ਮਾਲਵੀਆ ਨੇ ਕੁਝ ਸਮੇਂ ਲਈ ਸਭਾ ਉਠਾਉਣ ਬਾਰੇ ਕਿਹਾ ਤਾਂ ਬਾਬਾ ਸਾਹਿਬ ਨੇ ਝੱਟ ਉਠ ਕੇ ਆਪਣਾ ਪੱਖ ਦੁਹਰਾ ਦਿੱਤਾ, ਜੋ ਉਹ ਪਹਿਲਾਂ ਪੇਸ਼ ਕਰ ਚੁੱਕੇ ਸਨ। ਉਨ੍ਹਾਂ ਫਿਰ ਕਿਹਾ ਕਿ ਕੋਈ ਫਿਰਕਾ ਅਧਿਕਾਰ ਲਵੇ ਜਾਂ ਦੇਵੇ ਪ੍ਰੰਤੂ ਉਹ ਇਹ ਮੇਰੇ ਹਿੱਸੇ ਵਿਚੋਂ ਨਹੀਂ ਦੇ ਸਕੇਗਾ ਨਾ ਲੈ ਸਕੇਗਾ। ਭਾਵ ਹਿੰਦੂ, ਮੁਸਲਮਾਨ, ਸਿੱਖ, ਇਸਾਈ ਜਾਂ ਹੋਰ ਕੋਈ ਜੋ ਮਰਜ਼ੀ ਲੈਣ ਦੇਣ ਕਰਨ ਪ੍ਰੰਤੂ ਇਹ ਲੈਣ-ਦੇਣ ਅਛੂਤਾਂ ਦੀ ਕੀਮਤ 'ਤੇ ਨਹੀਂ ਹੋ ਸਕੇਗਾ। ਅਛੂਤ ਜਿਨ੍ਹਾਂ ਦੀ ਨੁਮਾਇੰਦਗੀ ਬਾਬਾ ਸਾਹਿਬ ਕਰਦੇ ਸਨ ਕਦੀ ਵੀ ਆਪਣਾ ਹਿੱਸਾ ਕਿਸੇ ਦੂਜੇ ਨੂੰ ਨਹੀਂ ਲੈਣ ਦੇਣਗੇ।

ਇਸ 'ਤੇ ਉਸ ਵੇਲੇ ਸਭਾ ਦੇ ਚੇਅਰਮੈਨ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਕਿਸੇ ਦੋ ਜਾਂ ਤਿੰਨ ਫਿਰਕਿਆਂ ਵਿਚਕਾਰ ਨਹੀਂ ਸਗੋਂ ਸਮੂਹਿਕ ਸਮਝੌਤੇ ਲਈ ਸਹਿਯੋਗ ਕਰ ਰਹੇ ਹਨ। ਭਾਵ ਗੱਲ ਸਭ ਲਈ, ਸਭ ਦੀ ਸਾਂਝੀ ਹੋ ਕੇ ਹੀ ਮੁੱਕੇਗੀ। ਮਹਾਤਮਾ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿਚ ਸਪੱਸ਼ਟ ਕਰ ਦਿੱਤਾ ਸੀ ਕਿ ਇੰਡੀਅਨ ਨੈਸ਼ਨਲ ਕਾਂਗਰਸ ਦੇ ਨੁਮਾਇੰਦੇ ਵਜੋਂ ਉਹ (ਗਾਂਧੀ) ਮੁਸਲਮਾਨਾਂ ਅਤੇ ਸਿੱਖਾਂ ਤੋਂ ਬਿਨਾਂ, ਐਂਗਲੋ ਇੰਡੀਅਨਾਂ, ਭਾਰਤੀ ਇਸਾਈਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਿਸੇ ਨੂੰ ਵੀ ਰਾਜਸੀ ਮਾਣਤਾ ਦੇਣ ਨੂੰ ਤਿਆਰ ਨਹੀਂ ਸੀ। ਜਿਹੜੀ ਕਮੇਟੀ ਗਾਂਧੀ ਨੇ ਬਣਾਉਣ ਦੀ ਤਜਵੀਜ਼ ਕੀਤੀ ਸੀ, ਜਿਸ ਵਿਚ ਉਹ ਸਿੱਧਾ ਦੂਜੇ ਫਿਰਕਿਆਂ ਨਾਲ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੁੰਦਾ ਸੀ, ਉਸ ਬਾਰੇ ਬਾਬਾ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਕਿ ਜਦੋਂ ਤੱਕ ਮੈਨੂੰ ਇਹ ਪਤਾ ਨਹੀਂ ਲੱਗ ਜਾਂਦਾ ਕਿ ਭਵਿੱਖ ਵਿਚ ਬਣਨ ਵਾਲੇ ਭਾਰਤੀ ਸੰਵਿਧਾਨ ਅੰਦਰ ਅਛੂਤਾਂ ਨੂੰ ਇਕ ਫਿਰਕੇ ਵਜੋਂ ਰਾਜਸੀ ਮਾਨਤਾ ਮਿਲੇਗੀ ਉਦੋਂ ਤੱਕ, ਮੈਂ ਨਹੀਂ ਕਹਿ ਸਕਦਾ ਕਿ ਇਹ ਕਮੇਟੀ ਕੋਈ ਮਤਲਬ ਹੱਲ

ਕਰ ਸਕੇਗੀ । ਜੇ ਇਹ ਕਮੇਟੀ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੇ ਸਵਾਲ ਤੋਂ ਇਲਾਵਾ, ਅਛੂਤਾਂ, ਇਸਾਈਆਂ ਤੇ ਐਂਗਲੋ ਭਾਰਤੀਆਂ ਦਾ ਸਵਾਲ ਵੀ ਹੱਲ ਕਰੇਗੀ ਤਾਂ ਬਾਬਾ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੂੰ ਕਮੇਟੀ ਪ੍ਰਤੀ ਕੋਈ ਇਤਰਾਜ਼ ਨਹੀਂ । ਭਾਵੇਂ ਗਾਂਧੀ ਨੇ ਟੇਢੇ ਢੰਗ ਨਾਲ ਬਿਆਨ ਦੇ ਕੇ, ਇਸ ਪ੍ਰਤੀ ਵਿਸ਼ਵਾਸ ਦੁਆਇਆ ਪ੍ਰੰਤੂ ਉਸ ਨੂੰ ਦੂਜਿਆਂ ਫਿਰਕਿਆਂ ਅਤੇ ਅਛੂਤਾਂ ਨਾਲ ਕੋਈ ਦਿਲਚਸਪੀ ਨਹੀਂ ਸੀ । ਉਸਨੇ ਉਨ੍ਹਾਂ ਨੂੰ ਸੁਣਿਆ ਜ਼ਰੂਰ ਪ੍ਰੰਤੂ ਅਣਗੌਲਿਆ ਕਰ ਛੱਡਿਆ ਤੇ ਜਦੋਂ ਸਿੱਖ-ਮੁਸਲਮ ਸਮਝੌਤਾ ਟੁੱਟ ਗਿਆ, ਗਾਂਧੀ ਨੇ ਸਭਾ ਭੰਗ ਕਰ ਦਿੱਤੀ ਤਾਂ ਕਿ ਦਲਿਤਾਂ ਦੀ ਗੱਲ ਨਾ ਤੋਰੀ ਜਾ ਸਕੇ ।

ਫਿਰ ਗਾਂਧੀ ਨੇ ਕਾਂਗਰਸ ਤੋਂ ਬਿਨਾਂ ਸਭ ਨੂੰ ਸਰਕਾਰੀ ਨੁਮਾਇੰਦੇ ਕਿਹਾ ਤੇ ਕਿਹਾ ਕਿ ਉਹ ਲੋਕਾਂ ਦੀ ਸਹੀ ਨੁਮਾਇੰਦਗੀ ਨਹੀਂ ਕਰਦੇ, ਤਾਂ ਬਾਬਾ ਸਾਹਿਬ ਨੇ ਜਵਾਬ ਦਿੱਤਾ ਕਿ ਜੇ ਅਛੂਤਾਂ ਨੂੰ ਨੁਮਾਇੰਦਾ ਚੁਣਨ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਹਰ ਹਾਲਤ ਵਿਚ ਉਸ ਨੂੰ (ਅੰਬੇਡਕਰ ਨੂੰ) ਆਪਣਾ ਨੁਮਾਇੰਦਾ ਚੁਣਨਗੇ । ਇਸ ਲਈ ਉਹ ਆਪਣੇ ਲੋਕਾਂ ਦੀ ਪੂਰੀ ਨੁਮਾਇੰਦਗੀ ਕਰਦੇ ਹਨ । ਕਾਂਗਰਸ ਦਾ ਇਹ ਝੂਠਾ ਮੁਖਤਿਆਰਨਾਮਾ ਹੈ ਕਿ ਉਹ ਅਛੂਤਾਂ ਦੀ ਅਸਲ ਨੁਮਾਇੰਦਾ ਹੈ । ਬਾਬਾ ਸਾਹਿਬ ਨੇ ਇਸ ਤਰ੍ਹਾਂ ਮੂੰਹ ਤੋੜ ਜਵਾਬ ਦਿੱਤਾ ।

ਬਾਬਾ ਸਾਹਿਬ ਨੇ ਬਰਤਾਨਵੀ ਸਰਕਾਰ ਨੂੰ ਕਿਹਾ ਕਿ ਅਛੂਤ ਰਾਜਨੀਤਕ ਤਾਕਤ ਬਦਲਣ ਦੇ ਹੱਕ ਵਿਚ ਅਜੇ ਨਹੀਂ ਹਨ । ਫਿਰ ਵੀ ਜੇ ਬਰਤਾਨਵੀ ਸਰਕਾਰ, ਭਾਰਤ ਅੰਦਰ ਉਠ ਰਹੀਆਂ ਤਾਕਤਾਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ, ਜੋ ਰਾਜਸੀ ਤਾਕਤ ਚਾਹੁੰਦੀਆਂ ਹਨ, ਤੇ ਇਹ ਵੀ ਸੱਚ ਹੈ ਕਿ ਅਛੂਤ ਇਨ੍ਹਾਂ ਤਾਕਤਾਂ ਦਾ ਮੁਕਾਬਲਾ ਕਰਨ ਦੇ ਯੋਗ ਨਹੀਂ ਹੋ ਸਕੇ ਹਨ, ਤਾਂ ਹੀ ਸਾਡੀ ਬੇਨਤੀ ਹੈ ਕਿ ਤਾਕਤ ਬਦਲਣ ਤੋਂ ਪਹਿਲਾਂ ਅਜਿਹੀ ਵਿਵਸਥਾ ਕੀਤੀ ਜਾਵੇ ਕਿ ਤਾਕਤ ਸਾਰਿਆਂ ਫਿਰਕਿਆਂ ਵਿਚ ਅਨੁਪਾਤਕ ਵੰਡੀ ਜਾਵੇ । ਪ੍ਰੰਤੂ ਇਹ ਤਾਕਤ ਕਿਸੇ ਇਕ ਕਿਸਮ ਦੇ ਗੈਂਗ ਦੇ ਹੱਥਾਂ ਵਿਚ ਨਹੀਂ ਜਾਣੀ ਚਾਹੀਦੀ, ਜ਼ਾਲਮਾਂ ਜਾਂ ਇਕ ਕਿਸਮ ਦੇ ਲੋਕਾਂ ਕੋਲ ਨਹੀਂ ਜਾਣੀ ਚਾਹੀਦੀ ਚਾਹੇ ਉਹ ਮੁਸਲਮਾਨ ਹੋਣ ਜਾਂ ਹਿੰਦੂ । ਕਿਉਂਕਿ ਬਾਬਾ ਸਾਹਿਬ ਜਾਣਦੇ ਸਨ ਕਿ ਹਿੰਦੂਆਂ ਨੇ ਗੈਰ-ਮਨੁੱਖੀ ਵਿਹਾਰ ਕਰਕੇ ਆਪਣੇ ਜਾਤਪਾਤੀ ਤੇ ਊਚ-ਨੀਚ ਦੇ ਪ੍ਰਬੰਧ ਰਾਹੀਂ, ਸਿੰਧੂ ਘਾਟੀ ਦੀ ਮਹਾਨ ਸੱਭਿਅਤਾ ਦੇ ਮਾਲਕਾਂ ਨੂੰ ਅਛੂਤ ਦਰਜੇ ਤੱਕ ਗਿਰਾਇਆ ਸੀ, ਤੇ ਉਨ੍ਹਾਂ ਦਾ ਜਿਉਣਾ ਮਰਨਾ ਹਰਾਮ ਕਰ ਰੱਖਿਆ ਸੀ, ਪਰ ਮੁਸਲਮਾਨ, ਜੋ ਜਾਤਪਾਤ ਨਹੀਂ ਸੀ ਮੰਨਦੇ, ਨੇ ਵੀ ਅਛੂਤਾਂ ਨਾਲ ਚੰਗਾ ਵਿਹਾਰ ਨਹੀਂ ਸੀ ਕੀਤਾ । ਇਸ ਲਈ ਬਾਬਾ ਸਾਹਿਬ ਬਰਤਾਨਵੀ ਸਰਕਾਰ ਵੱਲੋਂ ਰਾਜਸੀ ਤਾਕਤ ਦੇ ਬਦਲਣ ਤੋਂ ਪਹਿਲਾਂ ਅਛੂਤਾਂ ਤੇ ਹੋਰ ਪਛੜੀਆਂ ਜਾਤੀਆਂ ਦੀ ਸੁਰੱਖਿਆ ਲਈ ਰਾਜਸੀ ਪਛਾਣ ਤਹਿਤ, ਬਰਾਬਰੀ ਦੀਆਂ ਕਾਨੂੰਨੀ ਵਿਵਸਥਾਵਾਂ ਦਾ ਪ੍ਰਬੰਧ ਕਰਾਉਣ ਲਈ ਜ਼ੋਰ ਲਗਾ ਰਹੇ ਸਨ । ਮਨੁੱਖੀ ਅਧਿਕਾਰਾਂ ਦੀ ਜੰਗ ਲੜ ਰਹੇ ਸਨ ।

ਜਦੋਂ ਮੁੰਹਮਡਨਾਂ, ਦਲਿਤਾਂ, ਐਂਗਲੋ ਭਾਰਤੀਆਂ, ਭਾਰਤੀ ਇਸਾਈਆਂ ਅਤੇ ਯੂਰਪੀਨਾਂ ਦੁਆਰਾ ਇਕ ਘੱਟ ਗਿਣਤੀ ਪੈਕਟ, ਸਰ ਆਗਾ ਖਾਨ ਵੱਲੋਂ ਪ੍ਰਧਨ ਮੰਤਰੀ ਨੂੰ ਦਿੱਤਾ ਗਿਆ ਤਾਂ ਮਹਾਤਮਾ ਗਾਂਧੀ ਨੇ ਹਰ ਕਿਸੇ 'ਤੇ ਹਮਲਾ ਕੀਤਾ, ਜਿਨ੍ਹਾਂ ਨੇ ਇਸ ਪੈਕਟ ਵਿਚ ਭਾਗ ਲਿਆ ਸੀ । ਉਹ ਬਹੁਤ ਦੁਖੀ ਸੀ ਤੇ ਗੁੱਸੇ ਵਿਚ ਸੀ, ਖਾਸ ਕਰਕੇ ਅਛੂਤਾਂ ਨੂੰ ਵੱਖਰੀ ਮਾਨਤਾ ਦਿੱਤੇ ਜਾਣ ਦੇ ਸਵਾਲ ਉੱਤੇ । ਉਸ ਨੇ ਦੁਹਰਾਇਆ ਕਿ ਕਾਂਗਰਸ ਸਿਰਫ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਵਿਚਕਾਰ ਕਿਸੇ ਵੀ ਸਮਝੌਤੇ ਨੂੰ ਪ੍ਰਵਾਨ ਕਰਨ ਲਈ ਤਿਆਰ ਹੈ । ਕਾਂਗਰਸ ਦੂਜੀ ਘੱਟ ਗਿਣਤੀ ਖਾਸ ਕਰਕੇ ਅਛੂਤਾਂ ਲਈ ਵਿਸ਼ੇਸ਼ ਚੋਣ ਪ੍ਰਬੰਧ ਲਈ ਜਾਂ ਰਾਖਵੇਂ ਕਰਨ ਲਈ ਕਦੀ ਵੀ ਤਿਆਰ ਨਹੀਂ ਹੋਵੇਗੀ ।

ਉਸ ਨੇ ਕਿਹਾ, *"ਅਸੀਂ ਨਹੀਂ ਚਾਹੁੰਦੇ ਕਿ ਸਾਡੇ ਰਜਿਸਟਰਾਂ 'ਤੇ ਅਛੂਤ ਇਕ ਵੱਖਰੀ ਜਮਾਤ ਲਿਖੀ ਜਾਵੇ । ਉਸ ਨੇ ਇਹ ਵੀ ਕਿਹਾ ਕਿ ਅਛੂਤ ਮੁਸਲਮਾਨ ਬਣ ਜਾਣ ਜਾਂ ਇਸਾਈ, ਉਸ ਨੂੰ ਕੋਈ ਇਤਰਾਜ਼ ਨਹੀਂ, ਪ੍ਰੰਤੂ ਉਹ ਹਿੰਦੂਆਂ ਨੂੰ ਦੋ ਟੁਕੜੇ ਹੁੰਦੇ ਬਰਦਾਸ਼ਤ ਨਹੀਂ ਕਰ ਸਕਦਾ । ਜਦੋਂ ਕਿ ਇਹ ਨਿਰਵਿਵਾਦ ਸੱਚ ਹੈ ਕਿ ਅਛੂਤ ਹਿੰਦੂ ਨਹੀਂ ।* ਹਿੰਦੂ ਆਰੀਆ ਹਨ ਤੇ ਅਛੂਤ ਭਾਰਤ ਦੇ ਮੂਲ ਨਿਵਾਸੀ । ਆਰੀਆ ਦੇ ਗੁਲਾਮ ਬਣ ਜਾਣ ਤੋਂ ਬਾਅਦ ਵੀਹਵੀਂ ਸਦੀ ਵਿਚ ਸ੍ਰੀ ਗਾਂਧੀ ਇਹ ਕੋਸ਼ਿਸ਼ ਕਰ ਰਿਹਾ ਸੀ ਕਿ ਅਛੂਤਾਂ ਨੂੰ ਆਰੀਆ ਹਿੰਦੂਆਂ ਦਾ ਗੁਲਾਮ ਹੀ ਰਹਿਣਾ ਚਾਹੀਦਾ ਹੈ ਜਾਂ ਰੱਖਿਆ ਜਾਣਾ ਚਾਹੀਦਾ ਹੈ, ਪਰ ਜੇ ਅੰਬੇਡਕਰ ਉਨ੍ਹਾਂ ਲਈ ਅਜ਼ਾਦੀ ਦੀ ਪ੍ਰਾਪਤੀ ਕਰਨ ਵਿਚ ਸਫਲ ਹੋ ਗਿਆ ਤਾਂ ਗਾਂਧੀ ਨੇ ਕਿਹਾ ਕਿ ਉਹ ਆਪਣੀ ਜਾਨ ਲਾ ਕੇ ਵੀ

ਇਸ ਦਾ ਵਿਰੋਧ ਕਰੇਗਾ। ਇਸ ਤਰ੍ਹਾਂ ਨਾਲ ਮਹਾਤਮਾ ਜੀ ਨੇ ਅਧਿਕਾਰਾਂ ਦੁਆਲੇ ਇਕ ਗਹਿਰੀ ਲਛਮਣ ਰੇਖਾ ਖਿੱਚ ਦਿੱਤੀ। ਗਾਂਧੀ ਨੇ ਅਛੂਤਾਂ ਨੂੰ ਮੁਸਲਮਾਨ ਜਾਂ ਇਸਾਈ ਬਣਨ 'ਤੇ ਇਤਰਾਜ਼ ਭਲਾ ਕਿਉਂ ਨਹੀਂ ਕੀਤਾ ਹੋਵੇਗਾ ? ਕਿਉਂਕਿ ਐਡੀ ਜਲਦੀ ਕੋਈ ਧਰਮ ਨਹੀਂ ਬਦਲ ਸਕਦਾ। ਧਰਮ ਬਦਲੇ ਜਾਣਾ ਕੋਈ ਸੌਖੀ ਖੇਡ ਨਹੀਂ। ਧਰਮ ਮਨ ਦੀ ਕਾਇਆ ਪਲਟੀ ਕਰਨਾ ਹੈ। ਧਰਮ ਰਗਾਂ 'ਚ ਵਗਦਾ ਖੂਨ ਹੁੰਦਾ ਹੈ ਜਿਸ ਨੂੰ ਅਸਾਨੀ ਨਾਲ ਨਹੀਂ ਬਦਲਿਆ ਜਾ ਸਕਦਾ। ਧਰਮ ਮਨ ਵਿਚ ਰਚੀ ਹੋਈ ਇਕ ਵਿਵਸਥਾ ਹੈ। ਧਰਮ ਬਦਲਦਿਆਂ ਕਈ ਹਵਾਵਾਂ ਵਗ ਜਾਣਗੀਆਂ, ਪ੍ਰੰਤੂ ਉਸ ਸਮੇਂ ਤਾਂ ਅਛੂਤਾਂ ਨੂੰ ਰਾਜਨੀਤਕ ਪਛਾਣ ਮਿਲ ਰਹੀ ਸੀ। ਰਾਜਸੀ ਅਧਿਕਾਰ ਮਿਲਣ ਵਾਲੇ ਸਨ ਤੇ ਅੰਬੇਡਕਰ ਉਨ੍ਹਾਂ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਸਨ। ਗਾਂਧੀ ਨੂੰ ਇਹ ਪਤਾ ਸੀ ਕਿ ਜੇ ਅਛੂਤਾਂ ਨੂੰ ਵੱਖ ਪਛਾਣ ਤਹਿਤ ਰਾਜਸੀ ਅਧਿਕਾਰ ਮਿਲ ਗਏ ਤਾਂ ਹਿੰਦੂ ਸਵਰਨਾਂ ਪਾਸੋਂ ਕਰੋੜਾਂ ਗੁਲਾਮ ਖੁੱਸ ਜਾਣਗੇ। ਉਹ ਗੁਲਾਮ ਜੋ ਕਦੀ ਨਾ ਹਿੰਦੂ ਸਨ ਤੇ ਨਾ ਹਨ। ਪ੍ਰੰਤੂ ਹਿੰਦੂ ਬਣਨ ਦੀ ਹਾਲਾਤ 'ਤੇ ਜਿਨਾ ਨੂੰ ਮਜਬੂਰ ਕੀਤਾ ਹੋਇਆ ਸੀ। ਦੂਜਾ ਪਾਸੇ ਹਿੰਦੂ ਬਣ ਜਾਣ 'ਤੇ ਵੀ ਉਨ੍ਹਾਂ ਨਾਲ ਗੈਰ ਮਨੁੱਖੀ ਵਿਤਕਰਾ ਜਾਰੀ ਸੀ, ਕਿਉਂਕਿ ਉਹ ਅਜਾਤੀਏ ਸਨ, ਹਿੰਦੂ ਨਹੀਂ, ਜਿਨ੍ਹਾਂ ਦੀ ਪਛਾਣ ਜਾਤ ਹੈ। ਇਸ ਜਾਤੀ-ਪਾਤੀ ਪ੍ਰਬੰਧ 'ਚੋਂ ਨਿਕਲ ਕੇ ਅਛੂਤ ਅਜ਼ਾਦ ਹੋਣਗੇ, ਕਿਸੇ ਦੇ ਗੁਲਾਮ ਨਹੀਂ ਰਹਿਣਗੇ। ਉਨ੍ਹਾਂ ਨੂੰ ਸੋਝੀ ਆਵੇਗੀ। ਉਹ ਸਮਝ ਜਾਣਗੇ ਕਿ ਉਨ੍ਹਾਂ ਦੇ ਅਛੂਤ ਬਣਨ ਲਈ ਹੁਣ ਤੱਕ ਕਿਹੜੀ ਵਿਵਸਥਾ, ਕਿਨ੍ਹਾਂ ਨੇ ਕਿਵੇਂ ਲਾਗੂ ਕੀਤੀ ਤੇ ਉਹ ਸ਼ਾਇਦ ਇਸ ਵਿਵਸਥਾ ਨੂੰ ਮੁੱਢੋਂ-ਸੁੱਢੋਂ ਖਤਮ ਕਰਨ 'ਤੇ ਤੁੱਲ ਜਾਣ, ਜਿਸ ਨਾਲ ਹਿੰਦੂ ਆਰੀਆ ਧਰਮ ਦਾ ਨਾਂ ਨਿਸ਼ਾਨ ਤਕ ਮਿਟ ਜਾਵੇ। ਇਸ ਭੈਅ ਕਾਰਨ ਹੀ ਸ਼ਾਇਦ ਗਾਂਧੀ ਅਛੂਤਾਂ ਦੇ ਵਿਸ਼ੇਸ਼ ਅਧਿਕਾਰਾਂ ਵਿਰੁੱਧ ਲੜਨ ਲਈ ਤਿਆਰ ਖੜੋਤਾ ਸੀ। ਸਵਰਨ ਲੋਕ ਸਦਾ ਤੋਂ ਹੀ ਇਕੋਂ ਸਮੇਂ ਦੋ ਕਿਰਦਾਰ ਨਿਭਾਉਂਦੇ ਆਏ ਹਨ। ਜੋ ਉਹ ਕਹਿੰਦੇ ਹਨ, ਕਰਦੇ ਨਹੀਂ, ਜੋ ਕਰਦੇ ਹਨ ਉਹ ਕਹਿੰਦੇ ਨਹੀਂ। ਉਹ ਆਪਣੇ ਹਿੱਤ ਵੇਖ ਕੇ ਹਰ ਘਟੀਆ ਪੈਂਤਰਾ ਅਖਤਿਆਰ ਕਰਕੇ ਸਦਾ ਉੱਤੇ ਹੀ ਰਹੇ ਹਨ। ਦੁਨੀਆ ਵਿਚ ਸ਼ਾਇਦ ਹੀ ਕੋਈ ਏਨਾ ਮਾਹਰ ਹੋਵੇ, ਜਿਨੇ ਹਜ਼ਾਰਾਂ ਸਾਲਾਂ ਤੋਂ ਕਰੋੜਾਂ ਦਿਮਾਗਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਿਆ ਹੋਵੇ। ਰਾਜ ਆਪਣਾ ਹੋਵੇ ਜਾਂ ਕਿਸੇ ਦਾ, ਉਹ ਸਦਾ ਮੋਹਰੀ ਰਹੇ ਹਨ। ਇਸ ਕੰਮ ਲਈ ਚਾਹੇ ਉਨ੍ਹਾਂ ਨੂੰ ਆਪਣਾ ਇੱਜ਼ਤ ਸਨਮਾਨ ਵੀ ਕਿਉਂ ਨਾ ਵੇਚ ਦੇਣਾ ਪਵੇ। ਮੁਗਲਾਂ ਨੂੰ ਲੜਕੀਆਂ ਦੇਣਾ ਉਨ੍ਹਾਂ ਦੀ ਵਿਸ਼ੇਸ਼ ਉਦਾਹਰਣ ਹੈ।

ਗਾਂਧੀ ਜੀ ਦੀ ਇਸ ਭੂਮਿਕਾ ਨੂੰ ਵੇਖ ਕੇ ਹਰ ਕੋਈ ਕਹਿ ਰਹਿਆ ਸੀ ਕਿ ਗਾਂਧੀ ਅਛੂਤਾਂ ਦਾ ਇਕ ਦ੍ਰਿੜ ਦੁਸ਼ਮਣ ਹੈ, ਜਿਸਨੇ ਆਪਣੀ ਸਾਰੀ ਸੋਚ ਅਤੇ ਤਾਕਤ ਅਛੂਤਾਂ ਦੇ ਸਵਾਲ 'ਤੇ ਕੇਂਦਰ ਕਰ ਰੱਖੀ ਸੀ ਤੇ ਜਿਸ ਨੂੰ ਵੇਖ ਕੇ ਸਪੱਸ਼ਟ ਹੋ ਰਹਿਆ ਸੀ ਕਿ ਉਹ ਮਕਸਦ ਜਿਸ ਲਈ ਗਾਂਧੀ ਦੂਜੀ ਕਾਨਫਰੰਸ ਵਿਚ ਸ਼ਾਮਲ ਹੋਇਆ ਸੀ, ਉਹ ਸੀ ਅਛੂਤਾਂ ਦੀਆਂ ਮੰਗਾਂ ਦਾ ਵਿਰੋਧ ਕਰਨਾ।

ਉਹ ਆਖਦਾ ਸੀ ਕਿ ਹਿੰਦੂਆਂ ਨੇ ਅਛੂਤਾਂ ਦੇ ਉਧਾਰ (ਸੁਧਾਰ) ਲਈ ਗੰਭੀਰਤਾ ਨਾਲ ਕਦਮ ਚੁੱਕੇ ਹਨ। ਇਸ ਸੁਧਾਰ ਦਾ ਅਰਥ ਹੈ ਕਿ ਵਿਵਸਥਾ ਨਹੀਂ ਬਦਲਣੀ। ਸਮਾਜਿਕ ਦਰਜਾ ਬਦਰਜੀ ਨਹੀਂ ਪ੍ਰੰਤੂ ਲੇਬਲ ਬਦਲ ਦੇਣਾ, ਨਾਂ ਬਦਲ ਦੇਣਾ ਜਿਵੇਂ ਅਛੂਤਾਂ ਨੂੰ 'ਹਰੀਜਨ' ਕਹਿ ਦੇਣਾ ਜਾਂ ਹਰੀਜਨ ਕਲਿਆਣ ਸਭਾਵਾਂ ਬਣਾ ਦੇਣੀਆਂ ਜਾਂ ਅਨੁਸੂਚਿਤ ਜਾਤੀ ਕਲਿਆਣ ਸਭਾਵਾਂ ਬਣਾ ਦੇਣੀਆਂ ਪ੍ਰੰਤੂ ਕੰਟਰੋਲ ਉੱਚੀ ਜਾਤੀਆਂ ਦੇ ਹੱਥ ਰੱਖਣਾ। ਉਨ੍ਹਾਂ ਹਿੰਦੂਆਂ ਨੇ ਜਿਨ੍ਹਾਂ ਬੰਦਿਆਂ ਨੂੰ ਅਛੂਤ ਬਣਾਇਆ, ਉਨ੍ਹਾਂ ਵੱਲੋਂ ਅਛੂਤਾਂ ਨੂੰ ਰਾਜਨੀਤਕ ਬਚਾਓ ਪ੍ਰਬੰਧ ਦੇਣ ਦਾ ਕੋਈ ਕਾਰਨ ਹੀ ਨਹੀਂ ਲਭਦਾ। ਇਹ ਉਸ ਦਾ ਤੇ ਉਸ ਦੀ ਹਿੰਦੂ ਕੌਮ ਦਾ ਅਸਲੀ ਖਿਆਲ ਸੀ। ਉਸ ਨੇ ਇਹ ਵੀ ਧਮਕੀ ਦਿੱਤੀ ਕਿ ਅਛੂਤਾਂ ਨੂੰ ਇਹ ਅਧਿਕਾਰ ਦੇ ਕੇ ਸਰਕਾਰ ਕੱਟੜ ਹਿੰਦੂ ਅਤੇ ਅਛੂਤਾਂ ਵਿਚਕਾਰ ਪਾੜਾ ਪਾ ਦੇਵੇਗੀ। ਸੁਆਲ ਹੈ ਕਿ ਕੀ ਪਹਿਲਾਂ ਸਰਵਨ ਹਿੰਦੂ ਅਛੂਤਾਂ ਨੂੰ ਆਪਣਾ ਸਮਝਦੇ ਹਨ ? ਅਪਨਾਉਂਦੇ ਹਨ ਜਾਂ ਬਰਾਬਰ ਬਿਠਾਉਂਦੇ ਹਨ ? ਗਾਂਧੀ ਨੇ ਵਾਰਨਿੰਗ ਦਿੱਤੀ ਕਿ ਇਹ ਕੰਮ ਅਛੂਤਾਂ ਲਈ ਖਤਰਨਾਕ ਸਾਬਤ ਹੋਵੇਗਾ। ਜਦੋਂ ਗਾਂਧੀ ਨੂੰ ਪਤਾ ਲੱਗਾ ਕਿ ਅਛੂਤਾਂ ਦੇ ਸਵਾਲ 'ਤੇ ਦੂਜੀਆਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨ ਉਨ੍ਹਾਂ ਦੀ ਹਮਾਇਤ 'ਤੇ ਹਨ ਤਾਂ ਇਸ ਨਾਲ ਉਹ ਪ੍ਰੇਸ਼ਾਨ ਹੋ ਗਿਆ। ਉਸ ਸਮੇਂ ਗਾਂਧੀ ਮੁਸਲਮਾਨਾਂ ਦੀਆਂ 14 ਮੰਗਾਂ ਮੰਨਣ ਨੂੰ ਤਿਆਰ ਹੋ ਗਿਆ, ਜਿਹੜੀਆਂ ਕਦੀ ਉਸ ਨੇ ਨਕਾਰ ਦਿੱਤੀਆਂ ਸਨ, ਪਰ ਇਸ ਸ਼ਰਤ 'ਤੇ ਕਿ ਉਹ (ਮੁਸਲਮਾਨ) ਅਛੂਤਾਂ ਕੋਲੋਂ ਆਪਣੀ ਹਮਾਇਤ ਵਾਪਸ

ਲੈ ਲੈਣਗੇ । ਪ੍ਰੰਤੂ ਮੁਸਲਮਾਨ-ਹਿੰਦੂ ਪੈਕਟ ਦੇ ਬਾਵਜੂਦ ਵੀ, ਮੁਸਲਮਾਨ ਅਛੂਤਾਂ ਦੀਆਂ ਮੰਗਾਂ ਦੇ ਖਿਲਾਫ ਨਾ ਹੋ ਸਕੇ ।

ਏਥੇ ਗਾਂਧੀ ਦਾ ਅੰਦਰੂਨੀ ਅਸਲੀ ਪੱਖ ਦੇਖੋ

ਉਹ ਕਿਸੇ ਨਾਲ ਗੱਲਬਾਤ ਸਮੇਂ ਕਹਿੰਦਾ ਹੈ, "ਮੈਂ ਮਹਿਸੂਸ ਕੀਤਾ ਕਿ ਅਛੂਤਾਂ ਦੀਆਂ ਮੰਗਾਂ ਏਨੀਆਂ ਜਾਇਜ਼ ਹਨ ਕਿ ਉਨ੍ਹਾਂ ਪ੍ਰਤੀ ਕਿਸੇ ਪੁਸ਼ਟੀ ਦੀ ਜ਼ਰੂਰਤ ਨਹੀਂ ਸੀ ।" (ਪੂਨਾ ਪੈਕਟ ਸਫਾ 48) ਭਾਵ ਇਹ ਹੈ ਕਿ ਵਿਰੋਧੀ ਸੱਚ ਨੂੰ ਜਾਣਦਾ ਹੁੰਦਾ ਹੈ, ਪ੍ਰੰਤੂ ਉਸ ਦੀ ਮਾੜੀ ਨੀਅਤ ਉਸ ਨੂੰ ਮਨੁੱਖਤਾ ਦੇ ਸਾਂਝੇ ਹਿੱਤਾਂ ਤੋਂ ਦੂਰ ਰੱਖਦੀ ਹੈ । ਉਸ ਦੇ ਹਿੱਤ ਇਕ ਫਿਰਕੇ ਨਾਲ ਜੁੜੇ ਹੁੰਦੇ ਹਨ ਜੋ ਉਸ ਨੂੰ ਸਭ ਤੋਂ ਪਿਆਰੇ ਹੁੰਦੇ ਹਨ, ਜਿਸ ਖਾਤਰ ਉਹ ਕੁਰਬਾਨ ਹੋ ਜਾਂਦਾ ਹੈ ।

ਸਪੱਸ਼ਟ ਹੈ ਕਿ ਗਾਂਧੀ ਸਣੇ ਸਾਰੇ ਲੋਕ ਇਹ ਮੰਨਦੇ ਹਨ ਕਿ ਅਛੂਤਾਂ ਦੀਆਂ ਮੰਗਾਂ ਜਾਇਜ ਹਨ, ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰਾਂ ਦੀ ਲੋੜ ਹੈ । ਪ੍ਰੰਤੂ ਗਾਂਧੀ ਕੋਈ ਵਿਅਕਤੀ ਨਹੀਂ, ਇਕ ਕੌਮ ਹੈ, ਪੂਰੀ ਹਿੰਦੂ ਕੌਮ, ਜਿਸ ਦਾ ਧਰਮ ਸਨਾਤਨ ਧਰਮ ਹੈ । ਸਨਾਤਨ ਧਰਮ ਵੇਦਾਂ ਦੇ ਧਰਮ ਨੂੰ ਆਖਦੇ ਹਨ । ਪੁਰਾਣਾ, ਸਿਮਤਰੀਆਂ, ਗੀਤਾ, ਮਹਾਂਭਾਰਤ, ਤੁਲਸੀ ਰਮਾਇਣ ਦੇ ਧਰਮ ਨੂੰ ਆਖਦੇ ਹਨ ਤੇ ਇਹ ਗ੍ਰੰਥ ਬੰਦਿਆਂ ਨੂੰ ਸਵਰਨ ਤੇ ਅਵਰਨ ਕਰਾਰ ਦਿੰਦੇ ਹਨ । ਸਛੂਤ ਤੇ ਅਛੂਤ ਕਰਾਰ ਦਿੰਦੇ ਹਨ । ਅਵਰਨਾਂ ਨੂੰ ਅਛੂਤ ਬਣਨ ਤੱਕ ਮਜਬੂਰ ਕੀਤਾ ਗਿਆ । ਇਸ ਲਈ ਗਾਂਧੀ, ਕਿਉਂਕਿ ਉਹ ਇਕ ਸਨਾਤਨ ਧਰਮੀ ਹੈ, ਉਸ ਦਾ ਵਿਸ਼ਵਾਸ ਵੇਦਾਂ, ਸਿਮਰਤੀਆਂ ਵਿਚ ਹੈ, ਇਸ ਲਈ ਉਹ ਆਪਣੇ ਗ੍ਰੰਥਾਂ ਦੇ ਵਿਰੁੱਧ ਕੁਝ ਵੀ ਕਰਨ ਨੂੰ ਤਿਆਰ ਨਹੀਂ । ਭਾਵੇਂ ਇਨਸਾਨੀਅਤ ਪੱਖੋਂ ਉਹ ਇਹ ਮੰਨਦਾ ਹੈ ਕਿ ਅਛੂਤ ਜੋ ਮੰਗਦੇ ਹਨ ਉਹ ਜਾਇਜ਼ ਹੈ, ਪਰੰਤੂ ਇਹ ਉਸ ਦੇ ਵੇਦਾਂ ਦਾ ਧਰਮ ਨਹੀਂ ਕਹਿੰਦਾ ਇਸ ਲਈ ਗਾਂਧੀ ਉਸ ਨੂੰ ਪ੍ਰਵਾਨ ਨਹੀਂ ਕਰ ਸਕਦਾ । ਇਹੀ ਉਸ ਦਾ ਧਰਮ ਹੈ ਤੇ ਇਹੀ ਉਸ ਦੀ ਹਿੰਦੂ ਕੌਮ ਲਈ ਵਫਾਦਾਰੀ । ਉਹ ਇਸ ਧਰਮ ਦੀ ਰਾਖੀ ਲਈ ਗੋਲਮੇਜ਼ ਕਾਨਫਰੰਸ ਵਿਚ ਆਇਆ ਜਾਪਦਾ ਹੈ, ਕਿਉਂਕਿ ਉਹ ਮੁਸਲਮਾਨਾਂ ਤੇ ਸਿੱਖਾਂ ਦੀਆਂ ਮੰਗਾਂ ਤਾਂ ਸਿੱਧਾ ਮੰਨਣ ਨੂੰ ਤਿਆਰ ਬੈਠਾ ਹੈ । ਮੁਸਲਮਾਨਾਂ ਦੀਆਂ ਤਾਂ 14 ਮੰਗਾਂ ਉਸ ਨੂੰ ਪ੍ਰਵਾਨ ਹਨ, ਜੇ ਉਹ ਅਛੂਤਾਂ ਲਈ ਵਿਸ਼ੇਸ਼ ਅਧਿਕਾਰਾਂ ਦਾ ਵਿਰੋਧ ਕਰਨ । ਕੋਈ ਆਦਮੀ, ਜਿਸ ਧਰਮ ਦੇ ਅਧਾਰ 'ਤੇ ਮਹਾਤਮਾ ਅਖਵਾਇਆ ਹੈ, ਉਹ ਆਪਣੇ ਧਰਮ ਨਾਲ ਬੇਵਫਾਈ ਕਿਵੇਂ ਕਰ ਸਕਦਾ ਹੈ । ਉਹ ਜੋ ਕਰ ਰਿਹਾ ਹੈ, ਇਕ ਹਿੰਦੂ ਹੋਣ ਦੇ ਨਾ ਉਹ ਸੱਚਾ ਹੈ । ਭਾਵੇਂ ਉਹ ਰੱਬ ਦੇ ਜਾਤ ਬਣਾਉਣ ਵਾਂਗ, ਇਹ ਸਭ ਕੁਝ 'ਇੰਡੀਅਨ ਨੇਸ਼ਨ' ਦੇ ਨਾਂ 'ਤੇ ਕਰ ਰਿਹਾ ਹੈ, ਜਦੋਂ ਕਿ ਮੁਸਲਮਾਨ ਤੇ ਸਿੱਖ ਵੀ ਇੰਡੀਅਨ ਨੇਸ਼ਨ ਦਾ ਅਹਿਮ ਭਾਗ ਹਨ, ਜੋ ਇੰਡੀਅਨ ਨੇਸ਼ਨ ਲਈ ਲਾਸਾਨੀ ਕੁਰਬਾਨੀਆਂ ਕਰ ਰਹੇ ਹਨ । ਭਾਰਤੀ ਕੌਮ ਦੀ ਆਜ਼ਾਦੀ ਲਈ ਮਰ ਮਿਟ ਰਹੇ ਹਨ । ਪ੍ਰੰਤੂ ਉਨ੍ਹਾਂ ਲਈ ਵਿਸ਼ੇਸ਼ ਅਧਿਕਾਰ ਦੇਣ ਨੂੰ ਤਿਆਰ ਹੈ । ਕਾਰਨ ਸਪੱਸ਼ਟ ਹੈ ਕਿ ਉਹ ਹਿੰਦੂਆਂ ਦੇ ਗੁਲਾਮ ਨਹੀਂ ਹਨ । ਉਨ੍ਹਾਂ ਦਾ ਧਰਮ ਆਪਣਾ ਧਰਮ ਹੈ । ਉਨ੍ਹਾਂ ਦੇ ਇਸ਼ਟ ਆਪਣੇ ਹਨ । ਉਨ੍ਹਾਂ ਦੀ ਇਕ ਵੱਖਰੀ ਵਿਚਾਰਧਾਰਾ ਹੈ । ਉਨ੍ਹਾਂ ਦਾ ਰੱਬ ਵੱਖਰਾ ਹੈ, ਪਰੰਤੂ ਪੱਛੜੀਆਂ ਸ਼੍ਰੇਣੀਆਂ ਦੇ ਅਛੂਤ ਕਰੋੜਾਂ ਦੀ ਗਿਣਤੀ ਵਿਚ ਸਿੱਖ ਬਣ ਚੁੱਕੇ ਹਨ, ਮੁਸਲਮਾਨ ਬਣ ਚੁੱਕੇ ਹਨ, ਇਸਾਈ ਜਾਂ ਬੋਧੀ ਬਣ ਚੁੱਕੇ ਹਨ, ਪ੍ਰੰਤੂ ਜੋ ਬਾਕੀ ਹਨ ਉਹ ਹਿੰਦੂ ਧਰਮ ਵਿਚ ਹਨ । ਜੇ ਇਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਤੇ ਵਿਸ਼ੇਸ਼ ਪਛਾਣ ਮਿਲ ਗਈ ਤਾਂ ਹਿੰਦੂਆਂ ਵਿਚੋਂ ਇਕ ਵੱਡੀ ਗਿਣਤੀ, ਜੋ ਮੂਲ ਰੂਪ ਵਿਚ ਗੈਰ ਹਿੰਦੂ ਜਾਂ ਅਵਰਨ ਹਨ, ਨਿਕਲ ਜਾਣਗੇ ਤਾਂ ਹਿੰਦੂ ਜੋ ਬਹੁ-ਗਿਣਤੀ ਦਾ ਸ਼ੋਰ ਪਾ ਕੇ ਦੂਜਿਆਂ ਨੂੰ ਦਬਾ ਲੈਂਦੇ ਹਨ, ਉਹ ਘੱਟ ਗਿਣਤੀ ਵਿਚ ਚਲੇ ਜਾਣਗੇ ਤੇ ਹਿੰਦੂ ਧਰਮ ਖਤਰੇ ਵਿਚ ਪੈ ਜਾਵੇਗਾ, ਜੋ ਗਾਂਧੀ ਕਦੀ ਵੀ ਨਹੀਂ ਹੋਣ ਦੇਣਾ ਚਾਹੁੰਦੇ । ਇਸੇ ਲਈ ਉਹ ਅਛੂਤਾਂ ਦੇ ਅਧਿਕਾਰਾਂ ਵਿਰੁੱਧ ਜਾਨ ਦੀ ਬਾਜ਼ੀ ਲਗਾਉਣ ਦੀ ਗੱਲ ਕਹਿਣ ਲੱਗਾ ਤੇ ਹਿੰਦੂ ਤੇ ਅਛੂਤ ਵੱਖ-ਵੱਖ ਲਿਖੇ ਜਾਣ, ਇਹ ਉਹ ਕਦੀ ਸਹਿਨ ਨਹੀਂ ਕਰੇਗਾ । ਮਸਲਾ ਅਵਰਨ ਲੋਕਾਂ ਦਾ ਸਵਰਨ ਹਿੰਦੂਆਂ ਤੋਂ ਆਜ਼ਾਦੀ ਦਾ ਹੈ । ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗਾਂਧੀ ਆਪਣੇ ਧਰਮ ਦੀ ਰਾਖੀ ਲਈ ਮਰਨਾ ਕਬੂਲ ਕਰ ਰਿਹਾ ਹੈ । ਭਾਵੇਂ ਉਹ ਅਸਲੀਅਤ ਵਿਚ ਅਛੂਤਾਂ ਦੀਆਂ ਮੰਗਾਂ ਨੂੰ ਜਾਇਜ਼ ਮੰਨਦਾ ਹੈ ਤੇ ਕਹਿੰਦਾ ਹੈ ਕਿ ਇਸ ਮਸਲੇ ਵਿਚ ਕੋਈ ਦੂਜੀ ਰਾਇ ਨਹੀਂ ਹੋ ਸਕਦੀ ।

ਉਹ ਦੂਜੀ ਗੋਲਮੇਜ਼ ਕਾਨਫਰੰਸ ਵਿਚ ਆਇਆ ਹੀ ਇਸ ਕਰਕੇ ਹੈ ਕਿ ਅਛੂਤਾਂ ਦੀਆਂ ਜੋ ਮੰਗਾਂ ਪਹਿਲੀ ਸਭਾ ਵਿਚ ਸਾਹਮਣੇ ਆਈਆਂ ਹਨ ਤੇ ਬਾਕੀਆਂ ਨੇ ਭਾਵ ਸਿੱਖਾਂ, ਮੁਸਲਮਾਨਾਂ ਤੇ ਇਸਾਈਆਂ ਆਦਿ ਨੇ ਉਸ

ਨੂੰ ਪ੍ਰਵਾਨ ਕਰ ਲਿਆ ਹੈ, ਜੇ ਸਰਕਾਰੀ ਤੌਰ 'ਤੇ ਰਾਜਸੀ ਹੱਲ ਵਜੋਂ ਇਨ੍ਹਾਂ ਨੂੰ ਪ੍ਰਵਾਨ ਕਰ ਲਿਆ ਗਿਆ ਤਾਂ ਹਿੰਦੂ ਧਰਮ ਜਾਂ ਹਿੰਦੂ ਬਹੁਗਿਣਤੀ ਲਈ ਬਹੁਤ ਹੀ ਖਤਰਨਾਕ ਚੀਜ਼ ਹੋਵੇਗੀ। ਇਸ ਲਈ ਉਹ ਅਛੂਤ ਮੰਗਾਂ ਦੇ ਵਿਰੋਧ ਵਿਚ ਡਟ ਗਿਆ।(ਪੂਨਾ ਪੈਕਟ 52)

ਉਹ ਹਿੰਦੂ ਗਿਣਤੀ ਲਈ ਪੈਦਾ ਹੋ ਰਹੇ ਖਤਰੇ ਨੂੰ ਕਹਿੰਦਾ ਹੈ ਕਿ ਇਹ ਅਛੂਤਾਂ ਲਈ ਇਕ ਪੱਕਾ ਖਤਰਾ ਹੋਵੇਗਾ। ਉਹ ਅੱਗੇ ਆਖਦਾ ਹੈ ਕਿ 'ਮੇਰਾ ਯਕੀਨ ਹੈ ਕਿ ਅਛੂਤਾਂ ਨੂੰ ਵੱਖਰੇ ਚੋਣ ਪ੍ਰਬੰਧ ਦਾ ਸਵਾਲ ਸਰਕਾਰ ਦਾ ਰਾਸ਼ਟਰੀਕਰਨ ਕਰਨਾ ਹੈ।" (54)

ਆਧੁਨਿਕੀਕਰਨ ਜਾਂ ਸਰਕਾਰ ਦੀ ਆਧੁਨਿਕ ਬਣਤਰ ਦਾ ਅਰਥ ਹੈ ਕਿ ਸਭ ਨੂੰ ਬਰਾਬਰ ਹਿੱਸੇਦਾਰੀ। ਪਰ ਹਿੰਦੂਆਂ ਨੇ ਇਹ ਕਦੀ ਬਰਦਾਸ਼ਤ ਨਹੀਂ ਕੀਤਾ। ਉਹ ਤਾਂ ਸਰਕਾਰ ਆਪਣੀ ਮਰਜ਼ੀ ਦੇ ਨਾਲ ਚਲਾਉਣ ਦੇ ਹੱਕ ਵਿਚ ਸਨ, ਜਿਸ ਵਿਚ ਮਨੂੰ ਸਿਮਰਤੀ ਦਾ ਸੰਵਿਧਾਨ ਲਾਗੂ ਰਹੇ। ਉਹ ਕਾਨੂੰਨ ਦਾ ਰਾਜ ਪਸੰਦ ਨਹੀਂ ਕਰਦੇ, ਅਜਿਹਾ ਪੱਖ ਉਨ੍ਹਾਂ ਦਾ ਨੁਮਾਇੰਦਾ ਵਾਰ-ਵਾਰ ਪੇਸ਼ ਕਰਦਾ ਹੈ, ਕਿਉਂਕਿ ਕਾਨੂੰਨ ਦਾ ਰਾਜ ਬਰਾਬਰ ਦੀ ਹਿੱਸੇਦਾਰੀ ਹਿੰਦੂ ਰਵਾਇਤਾਂ ਜਾਂ ਨਿਯਮਾਂ ਦੇ 100 ਫੀਸਦੀ ਉਲਟ ਹੈ। ਕਿਉਂਕਿ ਸਮਾਜ ਦੀ ਹਰ ਸ਼ਕਤੀ ਦਾ ਮਾਲਕ ਸਵਰਨ ਹੈ ਤੇ ਇਹ ਅਧਿਕਾਰ ਉਨ੍ਹਾਂ ਨੂੰ ਉਨ੍ਹਾਂ ਦਾ ਰੱਬ, ਉਨ੍ਹਾਂ ਦਾ ਧਰਮ ਦਿੰਦਾ ਹੈ। ਇਸ ਰਾਖਵੇਂਕਰਨ ਨੂੰ ਕਾਇਮ ਰੱਖਣਾ ਉਨ੍ਹਾਂ ਦੀ ਜਿੰਦ ਜਾਨ ਤੋਂ ਉਨ੍ਹਾਂ ਨੂੰ ਪਿਆਰਾ ਹੈ।

ਜਦੋਂ ਲੋਥੀਅਨ ਕਮੇਟੀ ਨੂੰ ਅਛੂਤਾਂ ਦੀਆਂ ਰਾਜਸੀ ਮੰਗਾਂ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਤਾਂ ਪ੍ਰਧਾਨ ਮੰਤਰੀ ਨੇ ਆਪਣੀ ਰਾਇ ਇਸ ਤਰ੍ਹਾਂ ਪੇਸ਼ ਕੀਤੀ :-"ਸਭਾ ਵਿਚ ਹੋਈਆਂ ਬਹਿਸਾਂ, ਇਸ ਗੱਲ ਦਾ ਸਬੂਤ ਹਨ ਕਿ ਇਹ ਬਹਿਸਾਂ ਜੋ ਵੱਖ-ਵੱਖ ਨੁਕਤਾ ਨਿਗਾਹ ਤੋਂ ਹੋਈਆਂ ਕਿ ਨਵੇਂ ਸੰਵਿਧਾਨ ਵਿਚ ਅਛੂਤ ਜਮਾਤਾਂ ਦੀ ਨੁਮਾਇੰਦਗੀ ਲਈ ਕੋਈ ਯੋਗ ਵਿਵਸਥਾ ਕੀਤੀ ਜਾਵੇ।(60) ਇਹ ਅੰਗਰੇਜ਼ਾਂ ਦਾ ਰਵਈਆ ਹੈ, ਕਿਉਂਕਿ ਬਰਤਾਨੀਆ ਦੀ ਸਰਕਾਰ ਲੇਬਰ ਪਾਰਟੀ ਦੇ ਹੱਥ ਸੀ ਜੋ ਪੂਰੇ (40) ਸਾਲ ਦੇ ਲੰਬੇ ਸੰਘਰਸ਼ ਪਿੱਛੋਂ ਗੱਦੀ 'ਤੇ ਬੈਠੀ ਸੀ।" ਅਜਿਹੀ ਸਥਿਤੀ ਵਿਚ, ਜਦੋਂ ਹੁਣ ਅਛੂਤਾਂ ਦੀਆਂ ਜਾਇਜ਼ ਮੰਗਾਂ ਸਿਰ ਚੜ੍ਹ ਕੇ ਬੋਲਣ ਲੱਗੀਆ ਸਨ ਤੇ ਜਾਪਦਾ ਸੀ ਕਿ ਉਨ੍ਹਾਂ ਲਈ ਕੁਝ ਕੀਤਾ ਜਾਣ ਵਾਲਾ ਹੈ ਤਾਂ ਹਿੰਦੂਆਂ ਨੇ ਇਕ ਨਵਾਂ ਰੁੱਖ ਅਖਤਿਆਰ ਕੀਤਾ ਕਿ ਰਾਜਾਂ ਵਿਚ ਉਨ੍ਹਾਂ ਅਛੂਤਾਂ ਦੀ ਗਿਣਤੀ ਜਾਂ ਤਾਂ ਸਿਫਰ ਕਰ ਦਿੱਤੀ ਜਾਵੇ ਜਾਂ ਫਿਰ ਉਸ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ ਜਾਵੇ, ਜਦੋਂ ਕਿ ਗੋਲਮੇਜ਼ ਕਾਨਫਰੰਸ ਤੋਂ ਪਹਿਲਾਂ ਹਿੰਦੂਆਂ ਨੇ ਕਦੀ ਇਸ ਗਿਣਤੀ ਬਾਰੇ ਪ੍ਰਵਾਹ ਨਹੀਂ ਸੀ ਕੀਤੀ।

ਪਰੋਵਿੰਸ਼ੀਅਲ ਫਰੈਂਚਾਈਜ਼ ਕਮੇਟੀ ਨੇ ਇਹ ਗਿਣਤੀ ਸਿਰਫ (07) ਮਿਲੀਅਨ ਕਰ ਦਿੱਤੀ ਜੋ ਕਿ ਅਸਲ ਵਿਚ 70-80 ਮਿਲੀਅਨ ਸੀ, ਭਾਵ 7-8 ਕਰੋੜ। ਸਪੱਸ਼ਟ ਹੈ ਕਿ ਹਿੰਦੂਆਂ ਨੇ ਆਪਣੀ ਬਹੁ-ਗਿਣਤੀ ਬਣਾ ਕੇ ਇਨ੍ਹਾਂ 7-8 ਕਰੋੜ ਤੋਂ ਵੀ ਵੱਧ ਅਛੂਤਾਂ ਦੇ ਸਿਰ 'ਤੇ ਅਧਿਕਾਰ ਮਾਣੇ ਸਨ। ਪ੍ਰੰਤੂ ਹੁਣ ਅਧਿਕਾਰ ਵੰਡੇ ਜਾ ਰਹੇ ਸਨ ਤੇ ਲੋਥੀਅਨ ਕਮੇਟੀ ਗਿਣਤੀ ਵੀ ਦੇਖ ਰਹੀ ਸੀ ਤਾਂ ਫਿਰ ਹਿੰਦੂਆਂ ਨੇ ਅਛੂਤਾਂ ਦੀ ਗਿਣਤੀ ਹਜ਼ਾਰਾਂ ਵਿਚ ਕਰਨ ਦੇ ਯਤਨ ਆਰੰਭ ਦਿੱਤੇ ਤੇ ਇਹ ਸਾਬਤ ਕਰਨਾ ਸ਼ੁਰੂ ਕਰ ਦਿੱਤਾ ਕਿ ਭਾਰਤ ਅੰਦਰ ਤਾਂ ਅਛੂਤ ਹੈ ਹੀ ਨਹੀਂ।(62, ਪੂਨਾ ਪੈਕਟ)

ਇਸ ਸੰਬੰਧ ਵਿਚ ਕੁਝ ਹੋਰ ਉਦਾਹਰਣਾਂ ਦੇਣੀਆਂ ਵੀ ਜ਼ਰੂਰੀ ਹਨ :-

ਗਾਂਧੀ ਹੱਥ ਵਿਚ ਕੁਰਾਨ ਲੈ ਕੇ ਮੁਸਲਮਾਨ ਆਗੂ ਆਗਾ ਖਾਂ ਕੋਲ ਗਏ ਤੇ ਕਾਂਗਰਸ ਵੱਲੋਂ ਇਕ ਕੋਰਾ ਚੈੱਕ ਪੇਸ਼ ਕੀਤਾ। ਇਹ ਆਰੀਆ ਦੀ ਕਿਸੇ ਵਿਰੋਧੀ ਨੂੰ ਖਰੀਦ ਲੈਣ ਦੀ ਨੀਤੀ ਹੈ। ਭਾਵ ਜਿਸ ਦਾ ਆਗੂ ਖਰੀਦਿਆ ਗਿਆ ਉਸ ਦੀ ਕੌਮ ਖਰੀਦੀ ਗਈ। ਮੰਗਾਂ ਮੰਨਣਾਂ ਵੀ ਇਕ ਲਾਲਚ ਦੇਣਾ ਹੈ। ਇਕ ਵਿਰੋਧੀ ਨੂੰ ਦੂਜੇ ਨਾਲੋਂ ਪਾੜ ਲੈਣਾ ਤੇ ਕਮਜ਼ੋਰ ਕਰ ਦੇਣਾ ਹੈ।(ਪੂਨਾ ਪੈਕਟ ਬੀ.ਆਰ. ਸਾਂਪਲਾ, 13)

ਇਥੋਂ ਤੀਕ ਕਿ ਗਾਂਧੀ ਨੇ ਜਿਨਾਹ ਨੂੰ ਆਪਣੇ ਹੱਥੀ ਸ਼ਰਾਬ ਪਿਲਾਈ (ਉਹੀ-13) ਇਹ ਸਭ ਕੁਝ ਗਾਂਧੀ ਨੇ ਇਸ ਸ਼ਰਤ 'ਤੇ ਕੀਤਾ ਕਿ ਉਹ ਮੁਸਲਮਾਨਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਹਨ, ਜੇਕਰ ਉਹ ਅਛੂਤਾਂ ਦੇ ਹੱਕਾਂ ਦਾ ਵਿਰੋਧ ਕਰਨ। ਗਾਂਧੀ ਨੇ ਅਜਿਹਾ ਕਿਉਂ ਕੀਤਾ ? ਉਨ੍ਹਾਂ ਸਿੱਖਾਂ ਵੱਲੋਂ ਬਹੁਤਾ ਧਿਆਨ ਕਿਉਂ ਨਹੀਂ ਦਿੱਤਾ ? ਇਸ ਦੇ ਕੁਝ ਇਕ ਇਹ ਕਾਰਨ ਹੋ ਸਕਦੇ ਹਨ : ਸਿੱਖਾਂ ਦਾ ਪ੍ਰਭਾਵ ਪੰਜਾਬ ਵਿਚ ਹੀ ਹੈ, ਪ੍ਰੰਤੂ ਮੁਸਲਮਾਨ ਭਾਰਤ ਦੀ ਬਹੁਤ ਵੱਡੀ ਗਿਣਤੀ ਹਨ। ਜੇ ਹਿੰਦੂਆਂ ਨਾਲੋਂ ਅਛੂਤਾਂ ਨੂੰ ਅਲਹਿਦਾ ਮੰਨ ਲਿਆ

ਜਾਵੇ ਤਾਂ ਇਹ ਵੀ ਇਕ ਮਾਮੂਲੀ ਗਿਣਤੀ ਵਿਚ ਰਹਿ ਜਾਣਗੇ । ਗਾਂਧੀ ਜਾਂ ਉਸ ਦੇ ਪੈਰੋਕਾਰਾਂ ਦਾ ਵਿਚਾਰ ਹੋਵੇਗਾ ਕਿ ਮੁਸਲਮਾਨ ਬਹੁ ਗਿਣਤੀ ਹੋਣ ਕਰਕੇ, ਭਾਰਤੀ ਕੌਮ 'ਤੇ ਪ੍ਰਭਾਵੀ ਹਨ ਅਤੇ ਸਾਰੇ ਭਾਰਤ ਅੰਦਰ ਫੈਲੇ ਹੋਏ ਹਨ । ਜੇਕਰ ਉਹ ਹਿੰਦੂਆਂ ਦੀਆਂ ਸ਼ਰਤਾਂ ਨਾਲ ਸਹਿਮਤ ਹੋ ਕੇ ਆਪਣੀ ਖੁਦਗਰਜ਼ੀ ਲਈ ਮੰਗਾਂ ਦਾ ਵਿਰੋਧ ਕਰ ਦੇਣ ਤਾਂ ਅਛੂਤਾਂ ਨੂੰ ਬੜੀ ਅਸਾਨੀ ਨਾਲ ਦਬਾਇਆ ਜਾ ਸਕੇਗਾ । ਜੇ ਕੋਈ ਵਿਰੋਧ ਡਾ. ਅੰਬੇਡਕਰ ਵਰਗੇ ਮਹਾਨ ਦੈਂਤ ਕੱਦ ਦਿਮਾਗ ਕਾਰਨ ਉਪਜਾਇਆ ਵੀ ਤਾਂ ਹਿੰਦੂ ਤੇ ਮੁਸਲਮਾਨ ਰਲ ਕੇ, ਇਸ ਦਾ ਸੌਖ ਨਾਲ ਹੀ ਮੁਕਾਬਲਾ ਕਰ ਸਕਣਗੇ । ਦੂਜੇ ਪਾਸੇ ਅੰਗਰੇਜ਼ ਸਰਕਾਰ ਡਰ ਕੇ ਆਪਣਾ ਰੱਵਈਆ ਅਛੂਤਾਂ ਪ੍ਰਤੀ ਬਦਲ ਲਵੇਗੀ, ਜਦੋਂ ਉਸ ਨੂੰ ਇਕ ਵਿਸ਼ਾਲ ਗਿਣਤੀ ਅਛੂਤਾਂ ਦੀਆਂ ਮੰਗਾਂ ਦੇ ਵਿਰੁੱਧ ਖੜੋਤੀ ਨਜ਼ਰ ਆਵੇਗੀ । ਇਸ ਤਰ੍ਹਾਂ ਕੇਵਲ ਮੁਸਲਮਾਨ ਗਿਣਤੀ ਨੂੰ ਹੀ ਨਾਲ ਲੈ ਲੈਣ ਨਾਲ ਅਛੂਤਾਂ ਨੂੰ ਅਧਿਕਾਰਾਂ ਤੋਂ ਵੰਚਿਤ ਕੀਤਾ ਜਾ ਸਕੇਗਾ ਤੇ ਅਛੂਤ ਸਵਰਨ ਹਿੰਦੂਆਂ ਦੇ ਰਹਿਮੋ ਕਰਮ 'ਤੇ ਹੀ ਜਿਉਂ ਸਕਣਗੇ । ਏਸੇ ਕਰਕੇ ਸਨਾਤਨੀ ਹਿੰਦੂ ਸ੍ਰੀ ਗਾਂਧੀ, ਜੋ ਮਹਾਤਮਾ ਵੀ ਹੈ, ਨੇ ਆਪਣੇ ਹੱਥਾਂ ਵਿਚ ਕੁਰਾਨ ਫੜੀ ਹੋਵੇਗੀ । ਇਸੇ ਕਰਕੇ ਉਸ ਨੇ ਕੋਰਾ ਚੈੱਕ ਪੇਸ਼ ਕਰਕੇ ਮੁਸਲਮਾਨ ਨੇਤਾਵਾਂ ਨੂੰ ਖਰੀਦਣ ਦੀ ਕੋਸ਼ਿਸ਼ ਕੀਤੀ ਤੇ ਏਸੇ ਕਰਕੇ ਹਿੰਦੂ ਤੇ ਮੁਸਲਮਾਨ, ਜੋ ਆਪਣੇ ਆਪ ਨੂੰ ਕੱਟੜ ਦੁਸ਼ਮਣ ਮੰਨਦੇ ਰਹੇ, ਗੱਲਵਕੜੀ ਜਾਂ ਸ਼ਰਾਬ ਦੀ ਸਾਂਝ ਤੱਕ ਜਾ ਪਹੁੰਚੇ ।

ਇਸੇ ਨੂੰ ਚਾਣਕੀਯ ਨੀਤੀ ਕਿਹਾ ਜਾਂਦਾ ਹੈ । ਪੈਂਤੜੇ ਬਦਲ-ਬਦਲ ਕੇ ਗੱਲ ਦਾ ਰੁੱਖ ਬਦਲਣ ਦੀ ਕੋਸ਼ਿਸ਼ ਕਰੋ ਤੇ ਮਸਲਾ ਹੋਰ ਪਾਸੇ ਉਲਝਾਉਣ ਲਈ ਲਿੱਪੀਆਂ ਪੋਚੀਆਂ ਕਰੋ । ਦਾਅਪੇਚ ਖੇਡੋ । ਫਿਰ ਡਟਕੇ ਵਿਰੋਧ ਕਰੋ ਫਿਰ ਡਰਾਓ ਧਮਕਾਓ । ਫਿਰ ਵਿਰੋਧੀਆਂ ਵਿਚੋਂ ਕਿਸੇ ਇਕ ਨੂੰ ਨਾਲ ਲੈਣ ਦੀ ਕੋਸ਼ਿਸ਼ ਕਰੋ । ਫਿਰ ਖਰੀਦਣ ਦੀ ਕੋਸ਼ਿਸ਼ ਕਰੋ । ਲਾਲਚ ਦਿਉ । ਜਦੋਂ ਕੁਝ ਨਾ ਚੱਲੇ ਤਾਂ ਵੱਡੀ ਪੱਧਰ 'ਤੇ ਸ਼ੋਰ-ਸ਼ਰਾਬਾ ਪੈਦਾ ਕਰੋ । ਚਾਰਾਂ ਪਾਸਿਆਂ ਤੋਂ ਹਾਹਾਕਾਰ ਵਰਗਾ ਨਜ਼ਾਰਾ ਪੇਸ਼ ਕਰੋ । ਜਦੋਂ ਇਹ ਵੀ ਨਾ ਚੱਲੇ ਤਾਂ ਜਾਨ ਦੀ ਬਾਜ਼ੀ ਦਾ ਢਕੌਂਜ ਕਰੋ ਤੇ ਜੇ ਇਹ ਸਭ ਕੁਝ ਵਿਅਰਥ ਜਾਵੇ ਤਾਂ ਵਿਰੋਧੀ ਨਾਲ ਤੋੜ-ਭੰਨ ਕਰਕੇ ਸਮਝੌਤਾ ਕਰ ਲਵੋ, ਪਰ ਉਸ ਸਮਝੌਤੇ ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਦਾ ਹਰ ਰਾਹ ਖੋਲ ਲਵੋ ਤੇ ਅੰਤ ਉਸ ਇਨਸਾਨ ਨੂੰ ਪਾਰ ਬੁਲਾਓ ਜਿਸ ਨੇ ਸਾਰੀਆਂ ਸਥਿਤੀਆਂ ਦਾ ਮੁਕਾਬਲਾ ਕਰਕੇ ਅਧਿਕਾਰ ਲੈ ਲਏ । ਇਹ ਢੰਗ ਤਰੀਕੇ ਸਦੀਆਂ ਤੋਂ ਤੁਰੇ ਆ ਰਹੇ ਹਨ । ਜੋ ਇਨ੍ਹਾਂ ਨੂੰ ਸਮਝ ਨਹੀਂ ਸਕਦੇ, ਉਹ ਮਾਰ ਖਾ ਜਾਂਦੇ ਹਨ । ਜੋ ਇਹ ਦਾਅ ਚਲਾ ਜਾਂਦੇ ਹਨ, ਕਾਮਯਾਬ ਹੋ ਜਾਂਦੇ ਹਨ ਤੇ ਜੋ ਸਿਆਣੇ ਲੋਕ ਇਨ੍ਹਾਂ ਖੇਡਾਂ ਨੂੰ ਸਮਝ ਕੇ ਤੁਰਦੇ ਹਨ ਤੇ ਆਪਣੇ ਮਨ ਦੇ ਦ੍ਰਿੜ ਰਹਿੰਦੇ ਹਨ, ਉਹ ਇਤਿਹਾਸ ਬਦਲ ਦਿੰਦੇ ਹਨ ਤੇ ਜਿਨ੍ਹਾਂ ਨੇ ਮਹਾਤਮਾ ਬੁੱਧ ਤੋਂ ਬਾਅਦ ਭਾਰਤੀ ਜਾਤ-ਪਾਤੀ ਸਮਾਜ ਦਾ ਮੂੰਹ ਮੁਹਾਂਦਰਾ ਬਦਲਿਆ ਤੇ ਇਨਸਾਨੀ ਕਦਰਾਂ-ਕੀਮਤਾਂ ਪੈਦਾ ਕੀਤੀਆਂ, ਉਹ ਸਨ ਬਾਬਾ ਸਾਹਿਬ ਡਾ. ਅੰਬੇਡਕਰ (The greatest Indian born after Lord Budha) ਗਾਂਧੀ ਜੀ ਨੇ ਕਾਫੀ ਹੱਥ ਪੱਲਾ ਮਾਰਿਆ, ਪ੍ਰੰਤੂ ਮੁਸਲਮਾਨ ਆਗੂਆਂ ਨੇ ਉਸ ਦੀ ਨਾ ਮੰਨੀ । ਸਗੋਂ ਅਛੂਤਾਂ ਦੀਆਂ ਮੰਗਾਂ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ ।

"ਅਸੀਂ ਇਨਸਾਨ ਹਾਂ ਅਤੇ ਇਨਸਾਨ ਹੋਣ ਦੇ ਨਾਤੇ ਸਾਨੂੰ ਹੱਕਾਂ ਵਾਸਤੇ ਲੜਨਾ ਚਾਹੀਦਾ ਹੈ । ਜਦੋਂ ਤੱਕ ਸਾਨੂੰ ਹੱਕ ਨਹੀਂ ਮਿਲ ਜਾਂਦੇ, ਸਾਨੂੰ ਚੈਨ ਨਾਲ ਨਹੀਂ ਬੈਠਣਾ ਚਾਹੀਦਾ ।" ਤੇ ਉਹ ਅੰਤ ਤੱਕ ਚੈਨ ਨਾਲ ਨਹੀਂ ਬੈਠੇ ।

ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ.ਪੀ.ਆਈ) ਨੇ ਗਾਂਧੀ ਦੇ ਇਸ ਰੋਲ ਬਾਰੇ ਇੰਜ ਕਿਹਾ ।

"ਹਿੰਦੁਸਤਾਨੀ ਰਾਜੇ, ਜਿਮੀਂਦਾਰ ਅਤੇ ਪੂੰਜੀਪਤੀ, ਗਾਂਧੀ ਨੂੰ, ਜੋ ਖ਼ੁਦ ਨੂੰ ਇਕ ਸੰਤ ਅਤੇ ਰੂਹਾਨੀ ਪੁਰਖ (ਮਹਾਤਮਾ) ਵਜੋਂ ਪੇਸ਼ ਕਰਦਾ ਹੈ, ਚਲਾਕ ਦਲਾਲ ਦੇ ਤੌਰ 'ਤੇ ਵਰਤ ਰਹੇ ਹਨ । ਉਸ ਦਾ ਸਾਰਾ ਜੀਵਨ ਛਲ-ਕਪਟ ਦਾ ਸਮੂਹ ਰਿਹਾ ਹੈ । ਅਹਿੰਸਾਵਾਦੀ ਹੋਣ ਤਾਂ ਢਕੋਂਜ ਰਚਦਾ ਹੈ, ਜਦਕਿ ਉਸ ਨੇ ਬਰਤਾਨਵੀ ਪੂੰਜੀਵਾਦੀਆਂ ਦੀਆਂ ਸਾਰੀਆਂ ਲੜਾਈਆਂ ਵਿਚ ਹਿੱਸਾ ਲਿਆ । ਇਸ ਤਰ੍ਹਾਂ ਉਹ ਵਰਕਰਾਂ ਦਾ ਮਿੱਤਰ ਹੋਣ ਦਾ ਬਹਾਨਾ ਕਰਦਾ ਹੈ, ਜਦ ਕਿ ਉਹ ਹਿੰਦੁਸਤਾਨ ਅੰਦਰ ਕਿਰਤੀਆਂ ਅਤੇ ਕਿਸਾਨਾਂ ਦਾ ਇਸ ਸਭ ਤੋਂ ਵੱਡਾ ਦੁਸ਼ਮਣ ਹੈ । ਉਸਦਾ ਵਸਤਰਾਂ ਦਾ ਨਾ ਪਹਿਨਣਾ, ਉਸ ਦਾ ਸਬਜ਼ੀਆਂ 'ਤੇ ਹੀ ਰਹਿਣਾ ਅਤੇ ਬੱਕਰੀਆਂ ਦਾ ਦੁੱਧ ਪੀਣਾ, ਇਨ੍ਹਾਂ ਨਾਟਕੀ ਦਾਅ ਪੇਚਾਂ ਨਾਲ ਮਿਹਨਤੀ ਵਰਗ ਨੂੰ ਭਟਕ ਨਹੀਂ ਜਾਣਾ ਚਾਹੀਦਾ ਹੈ ।" (ਪੂਨਾ ਪੈਕਟ

ਸਾਂਪਲਾ-14) ਗਾਂਧੀ ਜੀ ਅਜੇ ਰੁਕੇ ਨਹੀਂ। ਉਨ੍ਹਾਂ ਆਪਣਾ ਸੰਘਰਸ਼ ਬੰਦ ਨਹੀਂ ਕਰਿਆ ਸਗੋਂ ਚੌਹਾਂ ਪਾਸਿਆਂ ਤੋਂ ਹੀ ਰਸਤੇ ਬੰਦ ਕਰਨ ਲਈ ਸਵਰਨ ਹਿੰਦੂ ਲੋਕ ਪੈਂਤੜੇ ਮਾਰਨ ਲਗ ਗਏ। ਆਪਣੇ ਰੱਬੋਂ ਮਿਲੇ ਅਧਿਕਾਰਾਂ ਨੂੰ ਭਲਾ ਕੌਣ ਛੱਡਦਾ ਹੈ ? ਇਹ ਗੱਲ ਸਾਬਤ ਕਰਨਾ ਤੇ ਭਾਰਤ ਅੰਦਰ ਤਾਂ ਕਈ ਖਾਸ ਅਛੂਤ ਹੈ ਹੀ ਨਹੀਂ ਤੇ ਅਛੂਤਾਂ ਅਤੇ ਅਛੂਤ ਗਿਣਤੀ 'ਤੇ ਜੋ 7-8 ਕਰੋੜ ਤੱਕ ਸੀ, 'ਤੇ ਕੁਹਾੜਾ ਫੇਰਨਾ, ਇਕ ਅਜਿਹੀ ਚਾਲ ਸੀ ਕਿ ਜਦੋਂ ਕੋਈ ਗਿਣਤੀ ਹੀ ਨਹੀਂ ਰਹੇਗੀ ਤਾਂ ਰਾਜਸੀ ਮੰਗਾਂ ਕਿਸ ਲਈ ਹੋਣਗੀਆਂ। ਜਦੋਂ ਗਿਣਤੀ ਨਹੀਂ ਰਹੇਗੀ, ਮੰਗਾਂ 'ਤੇ ਬਹਿਸ ਹੋਣ ਦਾ ਮਾਮਲਾ ਖਤਮ ਹੋ ਜਾਵੇਗਾ। ਅੰਬੇਡਕਰ ਅਤੇ ਅਛੂਤ ਸਿਰਫ ਗੋਡਿਆਂ ਵਿਚ ਸਿਰ ਦੇ ਕੇ ਬੈਠੇ ਰਹਿ ਜਾਣਗੇ। ਅਜਿਹਾ ਕਰਕੇ ਹਿੰਦੂ, ਅਛੂਤਾਂ ਦੀਆਂ ਵੱਖਰੀਆਂ ਰਾਜਸੀ ਮੰਗਾਂ ਦਾ ਰਾਹ ਹੀ ਬੰਦ ਕਰਨ ਵੱਲ ਵਧ ਰਹੇ ਸਨ। ਇਹ ਸਭ ਕੁਝ ਉਹ ਅੰਦਰ-ਅੰਦਰੀ ਕਰ ਰਹੇ ਸਨ।

ਗੋਲਮੇਜ਼ ਸਭਾ 'ਤੇ ਉੱਠਣ ਤੋਂ ਬਾਅਦ ਜਦੋਂ ਗਾਂਧੀ ਭਾਰਤ ਵਾਪਸ ਆਇਆ ਤਾਂ ਅੰਗਰੇਜ਼ ਸਰਕਾਰ ਨੇ ਉਸ ਨੂੰ ਗ੍ਰਿਫਤਾਰ ਕਰਕੇ ਪੂਨੇ ਦੀ ਯਰਵਦਾ ਜੇਲ੍ਹ ਵਿਚ ਬੰਦ ਕਰ ਦਿੱਤਾ। ਅਜਿਹਾ ਸਿਵਲ ਨਾ ਫੁਰਮਾਨੀ, ਅੰਦੋਲਨ ਨੂੰ ਦੁਬਾਰਾ ਸ਼ੁਰੂ ਕਰਨ ਵਾਲੇ, ਉਸ ਦੇ ਇਕ ਬਿਆਨ ਪਿਛੋਂ ਕੀਤਾ ਗਿਆ ਸੀ। ਪ੍ਰੰਤੂ ਉਸ ਦੇ ਦਿਮਾਗ ਵਿਚ ਤਾਂ ਅਛੂਤਾਂ ਦੀਆਂ ਮੰਗਾਂ ਦਾ ਭੈਅ ਸਵਾਰ ਸੀ। ਉਸ ਨੂੰ ਡਰ ਸੀ ਕਿ ਉਸ ਦੀ ਧਮਕੀ ਦੇ ਬਾਵਜੂਦ ਵੀ ਪ੍ਰਧਾਨ ਮੰਤਰੀ ਅਛੂਤਾਂ ਦੀਆਂ ਮੰਗਾਂ ਮਨ ਲਵੇਗਾ, ਕਿਉਂਕਿ ਉਹ ਖੁਦ ਇਹ ਮੰਨ ਚੁੱਕਾ ਸੀ ਕਿ ਅਛੂਤਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ। ਇਸ ਬੇਚੈਨੀ ਵਿਚ ਗਾਂਧੀ ਨੇ 11 ਮਾਰਚ ਨੂੰ ਸਟੇਟ ਸੈਕਟਰੀ ਸਰ ਸੈਮੂਅਲ ਨੂੰ ਇਕ ਪੱਤਰ ਲਿਖਿਆ ਤੇ ਕਿਹਾ ਕਿ (ਸੰਖੇਪ) :-

"ਮੈਂ ਕਿਹਾ ਸੀ ਕਿ ਅਛੂਤਾਂ ਨੂੰ ਵੱਖਰੇ ਚੋਣ ਅਧਿਕਾਰਾਂ ਨੂੰ ਰੋਕਣ ਲਈ ਮੈਂ ਜਾਨ ਦੀ ਬਾਜ਼ੀ ਲਗਾ ਦਿਆਂਗਾ। ਨਾ ਇਹ ਮੈਂ ਗਰਮੀ 'ਚ ਜਜ਼ਬਾਤੀ ਜਾਂ ਭਾਵਕ ਹੋ ਕੇ ਕਿਹਾ ਸੀ ਤੇ ਨਾ ਹੀ ਇਹ ਕਹਿਣ ਦੀ ਹੀ ਗੱਲ ਸੀ। ਇਹ ਇਕ ਗੰਭੀਰਤਾ ਨਾਲ ਦਿੱਤਾ ਗਿਆ ਬਿਆਨ ਸੀ। ਮੈਂ ਭਾਰਤ ਪਰਤ ਕੇ ਅਛੂਤਾਂ ਦੇ ਅਧਿਕਾਰਾਂ ਵਿਰੁੱਧ ਇਕ ਲੋਕ ਰਾਇ ਲਾਮਬੰਦ ਕਰਨੀ ਚਾਹੁੰਦਾ ਸੀ ਤੇ ਇਸ ਫੈਸਲੇ ਵਿਰੁੱਧ ਲਏ ਆਪਣੇ ਪ੍ਰਣ ਨੂੰ ਨਿਭਾਉਣ ਲਈ ਕੋਈ ਕਦਮ ਚੁੱਕਣਾ ਚਾਹੁੰਦਾ ਸੀ।...ਮੇਰਾ ਯਕੀਨ ਹੈ ਕਿ ਇਹ ਵੱਖਰੇ ਚੋਣ ਪ੍ਰਬੰਧ ਅਛੂਤਾਂ ਅਤੇ ਹਿੰਦੂ ਧਰਮ ਲਈ ਨੁਕਸਾਦੇਹ ਹਨ। ਮੇਰੇ ਲਈ ਇਨ੍ਹਾਂ ਜਮਾਤਾਂ ਦਾ ਸਵਾਲ ਨੈਤਿਕ ਤੇ ਧਾਰਮਿਕ ਹੈ। ਮੈਂ ਸਰਕਾਰ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ ਇਹ ਫੈਸਲਾ ਲਿਆ ਗਿਆ ਤਾਂ ਮੈਂ ਭੁੱਖਾ ਰਹਿ ਕੇ ਮਰ ਜਾਵਾਂਗਾ।" ਇਸ ਤਰ੍ਹਾਂ ਸਵਰਨ ਅਧਿਕਾਰਾਂ ਦੀ ਕਾਇਮੀ ਦੀ ਲੜਾਈ ਅੰਤਮ ਦੌਰ ਵਿਚ ਦਾਖਲ ਹੋ ਗਈ ਤੇ ਮਹਾਨ ਅੰਬੇਡਕਰ ਮਨੁੱਖੀ ਅਧਿਕਾਰਾਂ ਦਾ ਮੁਜੱਸਮਾਂ ਆਪਣੀ ਵਿਸ਼ਾਲ ਅਕਲ ਨਾਲ 'ਇਕੱਲੀ ਜਾਨ' ਅਧਿਕਾਰਾਂ ਦੀ ਜੰਗ ਦਾ ਕਾਫਲਾ ਇਸ ਮੋੜ ਤੱਕ ਲੈ ਆਇਆ ਸੀ ਜਦੋਂ ਬਾਬੂ ਜਗਜੀਵਨ ਰਾਮ ਅਛੂਤ ਨੂੰ ਵੀ ਹਿੰਦੂਆਂ ਨੇ ਅੰਬੇਡਕਰ ਦੇ ਵਿਰੁੱਧ ਸਿੱਧਾ ਵਰਤਣਾ ਸ਼ੁਰੂ ਕਰ ਦਿੱਤਾ ਸੀ।

ਹੁਣ ਦੇਖਣਾ ਇਹ ਹੈ ਕਿ ਗਾਂਧੀ ਨੇ ਇਹ ਕਿਉਂ ਕਿਹਾ ਕਿ ਰਾਜਨੀਤਕ ਮਾਮਲਾ ਨੈਤਿਕਤਾ ਅਤੇ ਧਰਮ ਤੋਂ ਛੋਟਾ ਹੈ ਜਾਂ ਘੱਟ ਮਹੱਤਵ ਵਾਲਾ ਹੈ। ਕਿਉਂਕਿ ਹਰ ਹਿੰਦੂ ਦਾ ਧਰਮ ਹੈ ਕਿ ਉਹ ਆਪਣੇ ਧਰਮ ਦੀ ਰਾਖੀ ਲਈ ਆਪਣੀ ਜਾਨ ਦੇ ਦੇਵੇ। ਇਹ ਧਰਮ ਕੀ ਹੈ। ਵੇਦਾਂ ਦਾ ਧਰਮ। ਵਰਣ ਵੰਡ ਦੇ ਅਧਾਰ 'ਤੇ ਅਧਿਕਾਰਾਂ ਦੀ ਅਜਾਰੇਦਾਰੀ। ਦੂਜੀ ਕਿਸਮ ਦੇ ਲੋਕਾਂ 'ਤੇ ਫਰਜ਼ਾਂ ਦਾ ਠੋਸਣਾ। ਉੱਚੇ ਨੀਵੇਂ ਰਹਿ ਕੇ ਹੀ ਜਿਊਣਾ। ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰਾਂ ਨੂੰ ਧਾਰਮਿਕ ਹੁਕਮਾਂ ਰਾਹੀਂ ਸੌਂਪੇ ਗਏ ਕੰਮਾਂ ਨੂੰ ਨਿਭਾਉਣਾ, ਭਾਵ ਨੀਚ ਦਾ ਕੰਮ ਹੈ, ਨੀਚ ਰਹਿਣਾ ਤੇ ਜੋ ਵੀ ਕਿੱਤਾ ਮਿਲਿਆ ਹੈ, ਬਿਨਾਂ ਕਿਸੇ ਫਲ ਦੀ ਆਸ ਰੱਖਿਆ ਕਰੀਂ ਜਾਣਾ। ਉਤਲੇ ਤਿੰਨਾਂ ਵਰਨਾਂ ਦੀ ਸੇਵਾ ਕਰਨਾ, ਉਨ੍ਹਾਂ ਦਾ ਦਿੱਤਾ ਪੀਣਾ, ਪਹਿਨਣਾ। ਪਰ ਆਪਣੀ ਕਿਰਤ ਦੀ ਕੀਮਤ ਨਾ ਮੰਗਣਾ। ਸਗੋਂ ਆਪਣੀ ਕਮਾਈ ਨੂੰ ਵੀ ਬ੍ਰਾਹਮਣ ਦੇ ਚਰਨਾਂ ਵਿਚ ਭੇਂਟ ਕਰ ਦੇਣਾ। ਇਹ ਧਰਮ ਹੈ ਤੇ ਇਸ ਧਰਮ ਨੂੰ ਜਿਵੇਂ ਨਿਭਾਉਣਾ ਨੈਤਿਕਤਾ ਹੈ।

ਇਸ ਬਾਰੇ ਗਾਂਧੀ ਦੇ ਆਪਣੇ ਵਿਚਾਰ ਇਸ ਪ੍ਰਕਾਰ ਹਨ, "ਮੈਂ ਵਰਣ ਆਸ਼ਰਮ ਧਰਮ ਵਿਚ ਵਿਸ਼ਵਾਸ ਰੱਖਦਾ ਹਾਂ। ਹਿੰਦੂ ਗ੍ਰੰਥਾਂ ਵਿਚ ਵਿਸ਼ਵਾਸ ਰੱਖਦਾ ਹਾਂ। ਮੈਂ ਗੀਤਾ ਭਗਤ ਹਾਂ। ਮੈਂ ਅਜਿਹੇ ਲੋਕਾਂ ਦਾ ਵਿਰੋਧੀ ਹਾਂ ਜੋ ਜਾਤ-ਪਾਤ ਨਸ਼ਟ ਕਰਨਾ ਚਾਹੁੰਦੇ ਹਨ।....ਸ਼ੂਦਰ ਵਿੱਦਿਆ ਸਿੱਖ ਕੇ ਉਸ ਦੁਆਰਾ ਆਪਣੀ ਰੋਜ਼ੀ-ਰੋਟੀ ਨਹੀਂ ਕਮਾ ਸਕੇਗਾ.....ਜਿਥੋਂ ਤੀਕ ਰੋਟੀ ਦਾ ਸੰਬੰਧ ਹੈ, ਉਹ ਆਪਣੇ ਵਰਣ ਦੇ ਪੇਸ਼ੇ ਕਰਕੇ ਹੀ ਕਮਾਉਣੀ

ਚਾਹੀਦਾਂ ਹੈ ।...ਗਰੀਬੀ ਗਰੀਬ ਦੇ ਦੁੱਖਾਂ...ਦਾ ਕਾਰਨ ਨਹੀਂ.....ਜੋ ਸ਼ੂਦਰ ਉੱਚੀਆਂ ਜਾਤੀਆਂ ਦੀ ਸੇਵਾ ਆਪਣਾ ਧਰਮ ਮੰਨ ਕੇ ਕਰਦਾ ਹੈ, ਉਸ ਨੂੰ ਹਜ਼ਾਰ ਪ੍ਰਣਾਮ....ਜਦੋਂ ਕਦੇ ਵੀ ਮੇਰਾ ਪੁਨਰ ਜਨਮ ਹੋਵੇ, ਮੈਂ ਕਿਸੇ ਅਛੂਤ ਦੇ ਘਰ ਜਨਮ ਲੈਣਾ ਚਾਹੁੰਦਾ ਹਾਂ...ਗੰਦਗੀ ਉਠਾਉਣਾ ਮੈਨੂੰ ਬਹੁਤ ਚੰਗਾ ਲਗਦਾ ਹੈ...ਮੇਰੇ ਲਈ ਵਰਨਹੀਣ ਰਾਜਨੀਤੀ ਕੋਈ ਚੀਜ਼ ਨਹੀਂ...ਜਾਤ ਦਾ ਧਰਮ ਨਾਲ ਕੋਈ ਸੰਬੰਧ ਨਹੀਂ.....ਜਾਤ-ਪਾਤ ਸਮਾਜ ਦੀ ਕੁਦਰਤੀ ਬਣਤਰ ਹੈ .....ਮੈਂ ਚਾਰ ਵਰਣਾਂ ਵਿਚ ਵਿਸ਼ਵਾਸ ਰੱਖਦੇ ਹੋਏ ਛੂਆ-ਛਾਤ ਮਿਟਾਉਣਾ ਚਾਹੁੰਦਾ ਹਾਂ, ਪ੍ਰੰਤੂ ਮੈਂ ਅਛੂਤਾਂ ਦੇ ਰਾਜਨੀਤਕ ਅਧਿਕਾਰਾਂ ਵਿਚ ਵਿਸ਼ਵਾਸ ਨਹੀਂ ਰੱਖਦਾ ।

"ਮੈਂ ਅਜਿਹੇ ਸਾਰੇ ਲੋਕਾਂ ਦਾ ਵਿਰੋਧੀ ਹਾਂ ਜੋ ਜਾਤਪਾਤ ਦਾ ਵਿਨਾਸ਼ ਕਰਨਾ ਚਾਹੁੰਦੇ ਹਨ । ...ਮੈਂ ਸਨਾਤਨੀ ਹਿੰਦੂ ਹਾਂ । ਈਸ਼ਵਰ ਅਤੇ ਉਨ੍ਹਾਂ ਸਾਰੀਆਂ ਗੱਲਾਂ ਵਿਚ ਵਿਸ਼ਵਾਸ ਰੱਖਦਾ ਹਾਂ ਜਿਥੇ ਤਰਕ ਦਲੀਲ ਦੀ ਕੋਈ ਥਾਂ ਨਹੀਂ ।....ਪੱਛਮੀ ਸੱਭਿਅਤਾ ਸ਼ੈਤਾਨ ਦੀ ਦੇਣ ਹੈ (ਜਿਸਨੂੰ ਪ੍ਰਾਪਤ ਕਰਨ ਲਈ ਉਹ ਇੰਗਲੈਂਡ ਗਿਆ ਤੇ ਬੈਰਿਸਟਰ ਬਣ ਕੇ ਪਰਤਿਆ ਤੇ ਉਹ ਸਭ ਕੁਝ ਕੀਤਾ ਜੋ ਹਿੰਦੂ ਲਈ ਵਰਜਤ ਹੈ ।(ਪੜ੍ਹੋ ਉਸ ਦੀ ਆਪਣੀ ਜੀਵਨੀ) ਅਤੇ ਪਿੱਛੋਂ ਉਸ ਨੇ ਕਿਹਾ)....ਸਾਨੂੰ ਸੰਸਾਰ ਲੋਭ ਦਾ ਘੱਟ ਅਤੇ ਪ੍ਰਲੋਕ ਦੇ ਲੋਭ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ ।"

ਉਪਰੋਕਤ ਵਿਚਾਰਧਾਰਾ ਹੈ ਮਹਾਤਮਾ ਗਾਂਧੀ ਦੀ ਤੇ ਉਹੀ ਉਸ ਦਾ ਧਰਮ ਹੈ । ਉਸ ਦਾ ਧਰਮ ਕੀ ਸਿਖਾਉਂਦਾ ਹੈ, ਉਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ, ਜਦੋਂ ਉਹ ਆਪਣੇ ਧਰਮ ਦੀ ਵਿਆਖਿਆ ਖੁਦ ਕਰਦਾ ਹੈ । ਉਹ ਜਾਤਪਾਤ ਤੇ ਛੂਆਛਾਤ ਨੂੰ ਇਸ ਸਮਾਜਿਕ ਤੇ ਜ਼ਰੂਰੀ ਸੰਸਥਾ ਮੰਨਦਾ ਹੈ । ਉਹ ਸਨਾਤਨ ਧਰਮੀ ਹੈ । ਉਹ ਅਜਿਹਾ ਕਿਉਂ ਕਰੇਗਾ ਜਿਸ ਨਾਲ ਉਸ ਦੇ ਸਨਾਤਨ ਧਰਮ ਦੀ ਹਾਨੀ ਹੋਵੇ । ਉਸ ਦਾ ਇਹੋ ਧਰਮ ਹੈ ਇਹੋ ਨੈਤਿਕਤਾ ਹੈ । ਆਪਣਾ ਧਰਮ ਪਾਲਣਾ ਹਰ ਧਰਮੀ ਦਾ ਫਰਜ਼ ਹੈ, ਪ੍ਰੰਤੂ ਦੇਖਣਾ ਉਨ੍ਹਾਂ ਨੇ ਹੈ, ਜਿਨ੍ਹਾਂ ਨੂੰ ਨੁਕਸਾਨ ਹੋਇਆ ਹੈ । ਉਹ ਹਨ ਅਛੂਤ । ਅਛੂਤਾਂ ਵਿਰੁੱਧ ਹਰ ਸਖਤ ਸੰਘਰਸ਼ ਕਰਨਾ ਗਾਂਧੀ ਦਾ ਧਰਮ ਹੈ । ਉਸ ਦਾ ਧਾਰਮਿਕ ਫਰਜ਼ ਹੈ । ਉਸ ਦਾ ਸੱਚਾ ਤੇ ਸੁੱਚਾ ਕਰਤੱਵ ਹੈ । ਉਹ ਆਪਣੇ ਧਰਮ ਨੂੰ ਨੀਵਾਂ ਕਿਉਂ ਹੋਣ ਦੇਵੇ । ਸੋਚਣਾ ਤਾਂ ਉਨ੍ਹਾਂ ਨੇ ਹੈ ਜਿਨ੍ਹਾਂ ਤੋਂ ਸਭ ਕੁਝ ਖੋਹਿਆ ਗਿਆ ਹੈ ।

ਇਸ ਸੋਚ ਤੇ ਵਿਸ਼ਵਾਸ ਅਧੀਨ ਗਾਂਧੀ ਦਾ ਇਹ ਕਹਿਣਾ ਕਿ ਉਹ ਅਛੂਤਾਂ ਦੇ ਵੱਖਰੇ ਅਧਿਕਾਰਾਂ ਵਿਰੁੱਧ ਜਾਨ ਦੀ ਬਾਜ਼ੀ ਲਗਾ ਦੇਵੇਗਾ, ਉਸ ਲਈ ਜ਼ਰੂਰੀ ਕਦਮ ਹੈ । ਉਸ ਲਈ ਰਾਜਨੀਤਕ ਮਸਲੇ ਨਾਲੋਂ ਧਰਮ ਪਾਲਣਾ ਵਧੇਰੇ ਹੈ, ਕਿਉਂਕਿ ਉਸ ਦੇ ਧਰਮ ਦੇ ਨਾਂ 'ਤੇ ਅਛੂਤਾਂ ਨੂੰ ਮਿਲਣ ਵਾਲੇ ਅਧਿਕਾਰਾਂ ਦਾ ਵਿਰੋਧ ਕਰਨਾ ਠੀਕ ਹੈ ਜਿਸ ਨਾਲ ਇਕ ਤਾਂ ਉਸ ਦੀ ਪੂਰੀ ਹਿੰਦੂ ਕੌਮ ਉਸ ਦੇ ਪਿੱਛੇ ਖਲੋ ਜਾਵੇਗੀ ਤੇ ਇਕ ਅਜਿਹੀ ਵੱਡੀ ਗਿਣਤੀ ਜੋ ਹਿੰਦੂ ਨਹੀਂ, ਸ਼ੂਦਰਾਂ ਵਿਚੋਂ ਹੈ, ਉਹ ਵੀ ਹਿੰਦੂ ਧਰਮ ਨੂੰ ਮੰਨਣ ਕਰਕੇ ਗਾਂਧੀ ਮਗਰ ਲੱਗ ਕੇ, ਅਛੂਤਾਂ ਦੇ ਵਿਰੁੱਧ ਲਾਮਬੰਦ ਹੋ ਜਾਵੇਗੀ ਤੇ ਜੇ ਅਜਿਹਾ ਹੋ ਗਿਆ ਤਾਂ ਅਛੂਤ ਦਬ ਜਾਣਗੇ ਤੇ ਆਪਣੇ ਅਧਿਕਾਰ ਮੰਗਣ ਵਾਲੀ ਜ਼ਿੱਦ ਛੱਡ ਦੇਣਗੇ । ਇਸ ਨਾਲ ਉਨ੍ਹਾਂ ਦਾ ਇਕ 'ਰਾਜਨੀਤਕ ਲਾਭ' ਜਿਸ ਨਾਲ ਸਨਾਤਨੀ ਰਸਮਾਂ ਰਿਵਾਜਾਂ ਦੀ ਬਲੀ ਚੜ੍ਹ ਜਾਣ ਵਾਲੀ ਹੈ, ਦਾ ਕਤਲ ਹੋ ਜਾਵੇਗਾ ਤੇ ਉਹ ਗੁਲਾਮ ਦੇ ਗੁਲਾਮ ਅਤੇ ਬੇਵੱਸ ਹੋਏ ਰਹਿ ਜਾਣਗੇ । ਜੇ ਗਾਂਧੀ ਜੀ ਨੂੰ ਕੋਈ ਡਰ ਹੈ ਤਾਂ ਉਹ ਕਾਨੂੰਨੀ ਵਿਵਸਥਾ ਦਾ, ਜਿਸ ਦੇ ਸਾਹਮਣੇ ਧਰਮ ਦਾ ਮਾਮਲਾ ਇਕ ਪਾਸੇ ਰਹਿ ਜਾਂਦਾ ਹੈ । ਸਗੋਂ ਧਰਮ ਬਹੁਤ ਵਾਰ ਕਾਨੂੰਨ ਸਾਮਹਣੇ ਨਿਹੱਥਾ ਹੋ ਕੇ ਰਹਿ ਜਾਂਦਾ ਹੈ । ਜਿਵੇਂ ਹਜ਼ਾਰਾਂ ਸਾਲਾਂ ਤੋਂ ਕਿਸੇ ਬ੍ਰਾਹਮਣ ਨੂੰ ਹਿੰਦੂ ਧਰਮ ਦੇ ਹੁਕਮ ਅਨੁਸਾਰ ਕਿਸੇ ਵੀ ਅਪਰਾਧ ਲਈ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ, ਪ੍ਰੰਤੂ ਕਾਨੂੰਨ ਦਾ ਰਾਜ ਸਥਾਪਤ ਹੋਣ ਦੇ ਬਾਅਦ ਇਕ ਬ੍ਰਾਹਮਣ ਜਾਂ ਇਕ ਭੰਗੀ ਅਪਰਾਧ ਦੀ ਸਜ਼ਾ ਬਰਾਬਰ ਹੋ ਗਈ । ਇਸ ਲਈ ਗਾਂਧੀ ਵੱਲੋਂ ਧਰਮ ਦੇ ਨਾਂ 'ਤੇ ਇਹ ਠੋਸ ਕਾਰਵਾਈ ਕਰਨਾ ਜ਼ਰੂਰੀ ਸੀ ਕਿਉਂਕਿ ਕਾਨੂੰਨ ਅਛੂਤਾਂ ਨੂੰ ਸਨਾਤਨੀ ਰਸਮਾਂ ਦੇ ਸ਼ਿਕੰਜੇ ਵਿਚੋਂ ਮੁਕਤ ਕਰਨ ਲਈ ਤਿਆਰ ਖੜ੍ਹੋਤਾ ਸੀ, ਇਸ ਕ੍ਰਾਂਤੀ ਨੂੰ ਰੋਕਣਾ ਗਾਂਧੀ ਦਾ ਧਰਮ ਸੀ । ਇਸ ਕਾਰਜ ਦੇ ਆਸਰੇ ਹੀ ਤਾਂ ਉਹ ਮਹਾਤਮਾ ਦਾ ਖਿਤਾਬ ਹਾਸਲ ਕਰ ਸਕਿਆ ਸੀ ।

ਬਾਬਾ ਸਾਹਿਬ ਅੰਬੇਡਕਰ ਅਤੇ ਗਾਂਧੀ ਵਿਚਕਾਰ ਲੜਾਈ ਇਕ ਰਾਖਸ਼ ਅਤੇ ਦੇਵਤੇ ਦੀ ਲੜਾਈ ਬਣ ਚੁੱਕੀ ਸੀ । ਜਿਥੇ ਇਕ ਮਹਾਤਮਾ, ਇਕ ਦੇਵਤਾ, ਇਕ ਲੰਗੋਟੀ ਵਾਲਾ ਫਕੀਰ, ਆਪਣੇ ਸਨਾਤਨੀ ਧਰਮ ਦੀ ਰਾਖੀ ਲਈ ਡਟਿਆ ਖਲੋਤਾ ਸੀ, ਉੱਥੇ ਇਕ ਲੰਬਾ ਚੌੜਾ ਰਾਖਸ਼ (ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ)

ਆਪਣੀ ਮਰ ਚੁੱਕੀ ਕੌਮ ਨੂੰ ਸੁਰਜੀਤ ਕਰਨ ਲਈ ਜੰਗ ਦੇ ਮੈਦਾਨ ਵਿਚ ਬਿਜਲੀ ਵਾਂਗ ਗਰਜ ਰਿਹਾ ਸੀ। ਜੋ ਮੈਦਾਨ ਵਿਚੋਂ ਭੱਜਣਾ ਨਹੀਂ ਸੀ ਜਾਣਦਾ। ਵਾਰ-ਵਾਰ ਪੈਂਦੀਆਂ ਚੋਟਾਂ ਖਾ ਕੇ ਵੀ ਜਿਹੜਾ ਪੂਰੀ ਸ਼ਕਤੀ ਨਾਲ ਮੈਦਾਨ ਮੱਲੀ ਖੜੋਤਾ ਸੀ ਤੇ ਜਿਹੜਾ ਦੇਵਤਿਆਂ ਦੀ ਹਰ ਚਾਣਕੀਯ ਨੀਤੀ ਦਾ ਗਿਆਤਾ ਸੀ, ਜਿਸ ਨੇ ਚਾਰ ਵੇਦ, ਗੀਤਾ, ਰਮਾਇਣ, ਮਹਾਂਭਾਰਤ, ਸਿਮਰਤੀਆਂ, ਪੁਰਾਣ ਤੇ ਸ਼ਾਸਤਰ ਸਭ ਜ਼ੁਬਾਨੀ ਯਾਦ ਕਰ ਰੱਖੀਆ ਸਨ। ਉਹ ਜਦੋਂ ਦਹਾੜਦਾ ਸੀ ਤਾਂ ਵੱਡੇ-ਵੱਡੇ ਕਲੇਜੇ ਕੰਬ ਜਾਂਦੇ ਸਨ। ਦੇਵਤਿਆਂ ਤੇ ਰਾਖਸ਼ਾਂ ਵਿਚਕਾਰ ਸੁਰਾਂ ਤੇ ਅਸੁਰਾਂ ਵਿਚਕਾਰ, ਦੇਵਾਂ ਤੇ ਦਾਨੂੰਆਂ ਵਿਚਕਾਰ ਸਦੀਆਂ ਤੋਂ ਚੱਲ ਰਿਹਾ ਯੁੱਧ ਇਕ ਵਾਰ ਫੇਰ ਸਿਖਰ 'ਤੇ ਪਹੁੰਚ ਚੁੱਕਾ ਸੀ। ਜਦੋਂ ਮਹਾਤਮਾ ਗਾਂਧੀ ਨੇ ਅਛੂਤਾਂ ਦੇ ਅਧਿਕਾਰਾਂ ਵਿਰੁੱਧ ਭੁੱਖਾ ਰਹਿ ਕੇ ਮਰ ਜਾਣ ਦਾ ਅਗਨੀ ਬਾਣ ਛੱਡ ਦਿੱਤਾ ਸੀ ਤੇ ਉਸ ਨੂੰ ਇਸ ਬਾਣ 'ਤੇ ਮਾਣ ਸੀ ਕਿ ਹੁਣ ਸਭ ਕੁਝ ਠੀਕ ਹੋ ਜਾਵੇਗਾ, ਸਰਕਾਰ ਝੁਕ ਜਾਵੇਗੀ ਅਤੇ ਅੰਬੇਡਕਰ ਦੇਖਦਾ ਰਹਿ ਜਾਵੇਗਾ, ਪ੍ਰੰਤੂ 17 ਅਗਸਤ 1932 ਈ. ਨੂੰ ਪ੍ਰਧਾਨ ਮੰਤਰੀ ਮੈਕਡੋਨਲਡ ਨੇ ਫਿਰਕੂ ਐਵਾਰਡ ਦਾ ਐਲਾਨ ਕਰ ਦਿੱਤਾ।

ਜਿਸ ਅਨੁਸਾਰ ਅਛੂਤਾਂ ਨੂੰ ਹੇਠ ਲਿਖੇ ਅਧਿਕਾਰ ਮਿਲੇ:

1. ਇਕੋ ਸਮੇਂ ਦੋ ਵੋਟਾਂ ਦਾ ਅਧਿਕਾਰ। ਇਕ ਵੋਟ ਆਪਣੇ ਨੁਮਾਇੰਦੇ ਲਈ ਜੋ ਅਛੂਤ ਹੀ ਹੋਵੇਗਾ ਤੇ ਦੂਜੀ ਵੋਟ ਸਾਂਝੀ ਭਾਵ ਜਿਸ ਨੂੰ ਅਛੂਤ ਠੀਕ ਸਮਝਣਗੇ, ਚਾਹੇ ਉਹ ਕੋਈ ਵੀ ਹੋਵੇ ਉਸ ਨੂੰ ਹੀ ਵੋਟ ਪਾਉਣਗੇ।

2. ਅਛੂਤਾਂ ਲਈ ਰਾਖਵੀਆਂ ਸੀਟਾਂ ਤੇ ਰਾਖਵੇਂ ਹਲਕੇ।

3. ਵਿੱਦਿਅਕ ਸਹੂਲਤਾਂ।

4. ਸਰਕਾਰੀ ਨੌਕਰੀ ਲਈ ਪ੍ਰਬੰਧ।

ਇਹ ਚਾਰੇ ਅਧਿਕਾਰ ਅਛੂਤਾਂ ਦੀਆਂ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਵਿਦਿਅਕ ਹਾਲਤਾਂ ਨਾਲ ਸੰਬੰਧਤ ਸਨ। ਕਿਉਂਕਿ ਅੱਜ ਤੀਕ ਉਨ੍ਹਾਂ ਦਾ ਬੁੱਧੀ ਬਲ (ਵਿਦਿਆ), ਜਨ ਬਲ (ਸੰਗਠਨ), ਧਨ ਬਲ (ਵਿੱਤਾ), ਮਨੋ ਬਲ (ਹੌਸਲਾ ਤਾਕਤ-ਮਾਣ ਇੱਜ਼ਤ), ਤਨ ਬਲ (ਹਥਿਆਰ) ਸਭ ਕੁਝ ਧਰਮ ਦੇ ਨਾਂ 'ਤੇ ਖੋਹਿਆ ਹੋਇਆ ਸੀ।

ਪ੍ਰੰਤੂ ਜਦੋਂ ਦੂਜੀਆਂ ਧਾਰਮਿਕ ਘੱਟ ਗਿਣਤੀਆਂ ਦੇ ਵਿਸ਼ੇਸ਼ ਅਧਿਕਾਰਾਂ ਦੇ ਨਾਲ-ਨਾਲ ਅਛੂਤਾਂ ਦੇ ਅਧਿਕਾਰਾਂ ਦਾ ਐਲਾਨ ਕੀਤਾ ਗਿਆ ਤਾਂ ਗਾਂਧੀ ਨੇ ਇਨ੍ਹਾਂ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ।

ਉਸ ਨੇ ਕੋਸ਼ਿਸ ਕੀਤੀ ਕਿ ਇਨ੍ਹਾਂ ਅਧਿਕਾਰਾਂ ਨੂੰ ਕਿਸੇ ਹੋਰ ਰੂਪ ਵਿਚ ਤਬਦੀਲ ਕੀਤਾ ਜਾਵੇ, ਪ੍ਰੰਤੂ ਅਜਿਹਾ ਨਾ ਹੋਣ 'ਤੇ ਉਸ ਨੇ ਪ੍ਰਧਾਨ ਮੰਤਰੀ ਨੂੰ 18 ਅਗਸਤ 1832 ਈ. ਨੂੰ ਇਹ ਪੱਤਰ ਲਿਖਿਆ: (ਸੰਖੇਪ)

"ਮੈਂ ਆਪਣਾ ਜੀਵਨ ਲਾ ਕੇ ਤੁਹਾਡੇ ਫੈਸਲੇ ਨੂੰ ਰੋਕਣਾ ਹੈ। ਇਹ ਮਰਨ ਵਰਤ ਰੱਖ ਕੇ ਕਰਾਂਗਾ... ਮਰਨ ਵਰਤ ਉਸ ਸਮੇਂ ਹੀ ਛਡਿਆ ਜਾਵੇਗਾ, ਜਦੋਂ ਸਰਕਾਰ ਆਪਣੇ ਫੈਸਲੇ ਨੂੰ ਬਦਲੇਗੀ....ਜਾਂ ਅਛੂਤਾਂ ਲਈ ਜਿਸ ਫਿਰਕੂ ਇਨਾਮ ਵਾਲੀ ਸਕੀਮ ਨੂੰ ਵਾਪਸ ਲਵੇਗੀ ਤੇ ਜਿਨ੍ਹਾਂ ਦੇ ਨੁਮਾਇੰਦੇ ਆਮ ਚੋਣ ਰਾਹੀਂ ਹੀ ਸਾਂਝੀ ਚੋਣ ਪ੍ਰਣਾਲੀ ਰਾਹੀਂ ਚੁਣੇ ਜਾਣੇ ਚਾਹੀਦੇ ਹਨ।....ਇਹ ਮਰਨ ਵਰਤ 20 ਸਤੰਬਰ ਤੋਂ ਸ਼ੁਰੂ ਹੋਵੇਗਾ।....ਮੈਂ ਆਪਣੇ ਇਸ ਫੈਸਲੇ ਲਈ ਮੁਆਫੀ ਚਾਹਾਂਗਾ। ਪ੍ਰੰਤੂ ਇਕ ਧਾਰਮਿਕ ਬੰਦਾ ਹੋਣ ਕਾਰਨ, ਜੋ ਮੈਂ ਆਪਣੇ ਆਪ ਨੂੰ ਮੰਨਦਾ ਹਾਂ, ਮੇਰੇ ਕੋਲ ਇਸ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਰਹਿ ਜਾਂਦਾ। ਮੇਰਾ ਵਰਤ ਜਾਰੀ ਰਹੇਗਾ। ਮੈਂ ਇਸ ਫੈਸਲੇ ਨੂੰ ਰੋਕਣ ਲਈ ਕਿਸੇ ਹੋਰ ਸਾਧਨ ਦੀ ਉਮੀਦ ਨਹੀਂ ਰੱਖਦਾ।" (ਪੂਨਾ ਪੈਕਟ 72)

8 ਸਤੰਬਰ 1932 ਈ. ਨੂੰ ਅੰਗਰੇਜ਼ ਪ੍ਰਧਾਨ ਮੰਤਰੀ ਨੇ ਇਸ ਪ੍ਰਕਾਰ ਇਕ ਸ਼ਾਨਦਾਰ ਉੱਤਰ ਦਿੱਤਾ: (ਸੰਖੇਪ)

ਗਾਂਧੀ ਜੀ, ਅਸੀਂ ਹਮੇਸ਼ਾਂ ਇਹ ਗੱਲ ਸਮਝੀ ਹੈ ਕਿ ਤੁਸੀਂ ਹਿੰਦੂ ਸਮਾਜ ਨਾਲੋਂ ਅਛੂਤਾਂ ਦੇ ਪੱਕੇ ਤੌਰ 'ਤੇ ਅੱਡ ਹੋਣ ਦਾ ਵਿਰੋਧ ਕੀਤਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਤੁਹਾਡਾ ਪੱਖ ਹਿੰਦੂਆਂ ਦੇ ਵੱਖਰੇ ਵਰਗ ਵੱਲੋਂ ਵੀ ਪੂਰਿਆ ਗਿਆ ਸੀ।.....ਅਸੀਂ ਅਛੂਤ ਸੰਗਠਨਾਂ ਵੱਲੋਂ ਅਪੀਲਾਂ ਪ੍ਰਾਪਤ ਕੀਤੀਆਂ ਹਨ ਕਿ ਉਹ ਕਿਨ੍ਹਾਂ ਗੈਰ ਹਾਲਤਾਂ ਵਿਚ ਕੰਮ ਕਰਦੇ ਹਨ, ਜਿਸ ਨੂੰ ਤੁਸੀਂ ਵੀ ਅਕਸਰ ਮੰਨਦੇ ਹੋ, ਜਿਸ ਨੂੰ ਸਮਝ ਕੇ ਅਸੀਂ ਆਪਣਾ ਇਹ ਫਰਜ਼ ਸਮਝਿਆ ਕਿ ਅਛੂਤਾਂ ਨੂੰ ਵਿਧਾਨ ਸਭਾਵਾਂ ਵਿਚ ਜਾਇਜ਼ ਨੁਮਾਇੰਦਗੀ ਦਾ ਅਧਿਕਾਰ ਦਿੱਤਾ ਜਾਵੇ। ਅਸੀਂ ਇਸ ਗੱਲ ਦਾ ਵੀ ਧਿਆਨ ਰੱਖਿਆ ਹੈ ਕਿ ਅਛੂਤ ਹਿੰਦੂ ਸਮਾਜ ਨਾਲੋਂ ਨਾ ਟੁੱਟਣ। 11 ਮਾਰਚ

ਦੇ ਤੁਹਾਡੇ ਪੱਤਰ ਅਨੁਸਾਰ ਤੁਸੀਂ ਵਿਧਾਨ ਸਭਾਵਾਂ ਵਿਚ ਉਨ੍ਹਾਂ ਦੀ ਨੁਮਾਇੰਦਗੀ ਦੇ ਖਿਲਾਫ ਨਹੀਂ ਹੋ.....ਅਛੂਤ ਜਾਤੀਆਂ ਜਿਨ੍ਹਾਂ ਬਾਰੇ ਤੁਸੀਂ ਸਰ ਸੈਮੂਅਲ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਸਵਰਨ ਹਿੰਦੂਆਂ ਨੇ ਸਦੀਆਂ ਤੋਂ ਹੀ ਉਨ੍ਹਾਂ ਨੂੰ ਗਿਣ-ਮਿਥ ਕੇ ਨੀਵਾਂ ਦਿਖਾਇਆ, 7 ਰਾਜਾਂ ਵਿਚੋਂ ਖਾਸ ਗਿਣਤੀ ਦੇ ਮੈਂਬਰ ਚੁਣ ਕੇ ਅਸੈਂਬਲੀਆਂ ਵਿਚ ਭੇਜਣੇ ਚਾਹੀਦੇ ਹਨ ਤਾਂ ਕਿ ਉਹ ਆਪਣੀਆਂ ਤਕਲੀਫਾਂ ਦੀ ਆਵਾਜ਼ ਉਠਾ ਸਕਣ ਅਤੇ ਆਪਣੇ ਇਰਾਦਿਆਂ ਬਾਰੇ ਕਹਿ ਸਕਣ ਅਤੇ ਅਜਿਹੇ ਫੈਸਲਿਆਂ ਨੂੰ ਰੋਕ ਸਕਣ, ਜੋ ਉਨ੍ਹਾਂ ਦੇ ਵਿਰੁੱਧ ਲਏ ਜਾ ਰਹੇ ਹੋਣ। ਇਕ ਵਿਸ਼ੇਸ਼ ਲਾਭ ਜੋ ਸਾਡੀ ਸਕੀਮ ਰਾਹੀਂ ਦੱਬੀਆਂ-ਕੁਚਲੀਆਂ ਸ਼੍ਰੇਣੀਆਂ ਨੂੰ ਮੁੱਢ ਵਿਚ ਦਿੱਤਾ ਗਿਆ ਹੈ ਤੇ ਜੋ ਸੀਮਤ ਗਿਣਤੀ ਵਿਚ ਖਾਸ ਚੋਣ ਹਲਕਿਆਂ ਰਾਹੀਂ ਹੈ ਤੇ ਜੋ ਉਨ੍ਹਾਂ ਦੇ ਆਮ ਹਿੰਦੂ ਚੋਣ ਹਲਕਿਆਂ ਦੇ ਅਧਿਕਾਰ ਤੋਂ ਵਧੇਰੇ ਹੈ, ਇਹ ਇਕ ਘੱਟ ਗਿਣਤੀ ਜਿਵੇਂ ਮੁਸਲਮਾਨਾਂ ਨੂੰ ਵੱਖਰੇ ਫਿਰਕੇਦਾਰਾਨਾ ਚੋਣ ਖੇਤਰ ਰਾਹੀਂ ਦਿੱਤੀ ਗਈ ਨੁਮਾਇੰਦਗੀ ਦੇ ਢੰਗ ਤਰੀਕੇ ਤੋਂ ਬਿਲਕੁਲ ਵੱਖਰੇਵੇਂ ਵਾਲਾ ਹੈ। ਜਿਵੇਂ ਸਵਰਨ ਉਸ ਸੀਟ ਤੋਂ ਨਾ ਖੜ੍ਹ ਸਕਦਾ ਹੈ ਨਾ ਵੋਟ ਪਾ ਸਕਦਾ ਹੈ। ਜਦੋਂ ਕਿ ਚੋਣ ਲਈ ਕੋਈ ਵੀ ਯੋਗ ਅਛੂਤ ਮੈਂਬਰ ਜਨਰਲ ਹਲਕੇ ਤੋਂ ਖੜ੍ਹ ਸਕਦਾ ਹੈ ਅਤੇ ਵੋਟ ਪਾ ਸਕਦਾ ਹੈ। ਉਨ੍ਹਾਂ ਦਾ ਵੱਖਰਾ ਚੋਣ ਖੇਤਰ ਅਤੇ ਵੱਖਰੀ ਵੋਟ ਦਾ ਅਧਿਕਾਰ ਸਿਰਫ 20 ਸਾਲਾਂ ਲਈ ਹੈ।

ਜਿਥੋਂ ਤਕ ਮੈਂ ਸਮਝਦਾ ਹਾਂ, ਤੁਹਾਡਾ ਮਰਨ ਵਰਤ 'ਤੇ ਬੈਠਣਾ......ਕੇਵਲ ਅਛੂਤ ਜਮਾਤਾਂ ਨੂੰ ਰੋਕਣਾ ਹੈ.....ਜੋ ਸੱਚਮੁੱਚ ਅੱਜ ਦੇ ਭਿਆਨਕ ਹਾਲਾਤ ਤੋਂ ਦੁੱਖ ਉਠਾ ਰਹੇ ਹਨ।.....ਉਨ੍ਹਾਂ ਨੂੰ ਇਸ ਗੱਲ ਦੇ ਯੋਗ ਬਣਨ ਤੋਂ ਰੋਕਣ ਲਈ ਹੈ ਕਿ ਉਹ ਨਿਰੋਲ ਆਪਣੇ ਨੁਮਾਇੰਦੇ ਗਿਣਤੀ ਦੀਆਂ ਸੀਮਤ ਸੀਟਾਂ ਤੋਂ ਚੁਣੇ ਅਤੇ ਵਿਧਾਨ ਸਭਾਵਾਂ ਵਿਚ ਆਪਣੇ ਆਪ ਲਈ ਕੁਝ ਬੋਲ ਨਾ ਸਕਣ। ਪ੍ਰਧਾਨ ਮੰਤਰੀ ਮੈਕਡੋਨਲਡ ਵੱਲੋਂ ਲਿਖੇ ਪੱਤਰ ਦਾ ਇਹ ਮੂਲ ਸਾਰ ਹੈ, ਜਿਸ ਦੇ ਜਵਾਬ ਵਿਚ 9 ਸਤੰਬਰ 1932 ਈ. ਨੂੰ ਗਾਂਧੀ ਨੇ ਆਪਣੇ ਪੱਤਰ ਵਿਚ ਲਿਖਿਆ : (ਸੰਖੇਪ ਸਾਰ)

ਮੈਨੂੰ ਉਮੀਦ ਸੀ ਕਿ ਸਖਤ ਕਦਮ (ਮਰਨ ਵਰਤ) ਆਪਣੇ ਆਪ ਇਹੋ ਜਿਹੀ ਖੁਦਗਰਜ਼ ਵਿਆਖਿਆ ਨੂੰ ਰੋਕ ਦੇਵੇਗਾ। ਬਿਨਾਂ ਕਿਸੇ ਦਲੀਲਬਾਜ਼ੀ ਦੇ ਮੈਂ ਸਪੱਸ਼ਟ ਕਰਦਾ ਹਾਂ ਕਿ ਮੇਰੇ ਲਈ ਇਹ ਇਕ ਨਿਰੋਲ ਧਰਮ ਦਾ ਮਾਮਲਾ ਹੈ ?.....ਕੇਵਲ ਅਛੂਤ ਜਾਤੀਆਂ ਲਈ ਵੱਖਰੇ ਚੋਣ ਖੇਤਰਾਂ ਦੀ ਮਾਨਤਾ ਵਿਚੋਂ ਮੈਂ ਹਿੰਦੂ ਧਰਮ ਨੂੰ ਬਰਬਾਦ ਕਰਨ ਵਾਲੇ ਗਿਣੇ-ਮਿਥੇ ਜ਼ਹਿਰ ਦੇ ਟੀਕੇ ਦੀ ਮਹਿਕ ਮਹਿਸੂਸ ਕਰਦਾ ਹਾਂ। ਇਹ ਅਛੂਤ ਜਾਤੀਆਂ ਲਈ ਵੀ ਚੰਗਾ ਨਹੀਂ ਹੋਵੇਗਾ। ਮੈਂ ਉਨ੍ਹਾ ਦੇ ਇਸ ਕਾਨੂੰਨੀ ਵੱਖਰੇਪਨ ਦੇ ਵਿਰੁੱਧ ਹਾਂ ਕਿਉਂਕਿ ਕਾਨੂੰਨ ਇਕ ਸ਼ਕਤੀਸ਼ਾਲੀ ਸਾਧਨ ਹੈ, ਜਿਹੜਾ ਧਰਮਾਂ ਦੇ ਬੰਧਨਾਂ ਨੂੰ ਤੋੜ ਸਕਣ ਦੇ ਸਮਰੱਥ ਹੈ। ਸੁਧਾਰ ਇਕ ਨਿਪੁੰਸਕ ਤੇ ਦਿਲ ਲੁਭਾਊ ਢੰਗ ਹੈ ਜੋ ਵਿਵਸਥਾ ਨੂੰ ਤੋੜਦਾ ਨਹੀਂ, ਲਿੱਪਾ ਪੋਚੀ ਕਰਕੇ ਜਿਉਂ ਦੀ ਤਿਉਂ ਰੱਖਦਾ ਹੈ।

ਭਾਵੇਂ ਹਿੰਦੂ ਸਮਾਜ ਨਾਲੋਂ ਇਕ ਸੀਮਤ ਆਕਾਰ ਵਿਚੋਂ ਹੀ ਸਹੀ। ਕੀ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਜੋ ਤੁਹਾਡਾ ਫੈਸਲਾ ਹੈ ਅਤੇ ਸੰਵਿਧਾਨਕ ਹੋਂਦ ਵਿਚ ਆਜ਼ਾਦ ਹੈ ਤਾਂ ਤੁਸੀਂ ਹਿੰਦੂ ਸੁਧਾਰਕਾਂ ਦੇ ਸ਼ਾਨਦਾਰ ਕੰਮ ਨੂੰ ਰੋਕ ਦੇਉਗੇ। (ਕਹਿਣ ਤੋਂ ਭਾਵ ਹੈ ਕਿ ਹਿੰਦੂ ਤਾਂ ਪਹਿਲਾਂ ਹੀ ਸਮਾਜ ਸੁਧਾਰ ਲਈ ਸੰਘਰਸ਼ ਕਰ ਰਹੇ ਹਨ ਤੇ ਉਹ ਬੜੀ ਦੇਰ ਤੋਂ ਅਛੂਤਪਣ ਖਤਮ ਕਰਨ ਲਈ ਕੰਮ ਕਰ ਰਹੇ ਹਨ ਤੇ ਉਹ ਬੜੀ ਦੇਰ ਤੋਂ ਅਛੂਤਪਣ ਖਤਮ ਕਰਨ ਲਈ ਕੰਮ ਕਰ ਰਹੇ ਹਨ। ਉਹ ਸੁਧਾਰਕ ਜਿਨ੍ਹਾਂ ਆਪਣਾ ਜੀਵਨ ਆਪਣੇ ਇਨ੍ਹਾਂ ਦਬਾਏ-ਕੁਚਲੇ ਭਰਾਵਾਂ ਨੂੰ ਉੱਪਰ ਚੁੱਕਣ ਲਈ ਲਗਾ ਦਿੱਤਾ ਹੈ)। (ਇਹ ਹੈ ਸੁਧਾਰਕਾਂ ਦਾ ਜ਼ੁਬਾਨੀ ਜਮ੍ਹਾਂ ਖਰਚ, ਪ੍ਰੰਤੂ ਅਛੂਤਾਂ ਨੂੰ ਤਾਂ ਸੁਧਾਰ ਨਹੀਂ ਤਬਦੀਲੀ ਚਾਹੀਦੀ ਹੈ, ਕ੍ਰਾਂਤੀ ਚਾਹੀਦੀ ਹੈ ਜੋ ਹਜ਼ਾਰਾਂ ਸਾਲਾਂ ਦਾ ਧਿੰਗੋਜ਼ੋਰੀ ਦਾ ਕਬਜ਼ਾ ਤੋੜ ਸਕੇ।) ਇਸ ਤਰ੍ਹਾਂ ਅੰਤ 20 ਸਤੰਬਰ 1932 ਈ. ਨੂੰ ਅਛੂਤਾਂ ਦੇ ਇਨ੍ਹਾਂ ਵੱਖਰੇ ਚੋਣ ਅਧਿਕਾਰਾਂ ਵਿਰੁੱਧ ਗਾਂਧੀ ਜੀ ਨੇ ਮਰਨ ਵਰਤ ਰੱਖ ਦਿੱਤਾ।

ਪ੍ਰੰਤੂ ਪ੍ਰਧਾਨ ਮੰਤਰੀ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਆਪਣਾ ਫੈਸਲਾ ਨਹੀਂ ਬਦਲਣਗੇ। ਫਿਰ ਵੀ ਉਹ ਕਿਸੇ ਅਜਿਹੇ ਸਮਝੌਤੇ 'ਤੇ ਮੁੜ ਵਿਚਾਰ ਕਰਨ ਲਈ ਤਿਆਰ ਹਨ, ਜੋ ਸਵਰਨ ਹਿੰਦੂਆਂ ਅਤੇ ਅਛੂਤਾਂ ਨੂੰ ਸਾਂਝੇ ਤੌਰ 'ਤੇ ਪ੍ਰਵਾਨ ਹੋਵੇ। ਇਹ ਦੇਵ-ਅਸੁਰ ਸੰਘਰਸ਼ ਦਾ ਇਕ ਅਜਿਹਾ ਸਿਖਰ ਸੀ, ਜਦੋਂ ਸਾਰੇ ਲੋਕਾਂ ਦੀਆਂ ਨਜ਼ਰਾਂ ਸੰਘਰਸ਼ ਦੇ ਕੇਂਦਰ ਬਿੰਦੂ ਬਾਬਾ ਸਾਹਿਬ ਅੰਬੇਡਕਰ 'ਤੇ ਟਿਕ ਗਈਆਂ ਸਨ। ਉਹ ਪਛੜੇ ਸਮਾਜ ਦਾ ਇਕ ਮਹਾਨ ਹੀਰੋ ਬਣ ਕੇ ਸਾਹਮਣੇ ਆ ਚੁੱਕਾ ਸੀ, ਜਿਸ ਨੇ ਸਦੀਆਂ ਦੀ ਗੁਲਾਮੀ ਦਾ ਕਿੱਲਾ ਤੋੜਨ ਲਈ ਇਕ

ਅਨੋਖਾ, ਉਡਨ ਸ਼ਸਤਰ ਤਿਆਰ ਕਰ ਲਿਆ ਸੀ।

ਉਸਦੇ ਆ ਜਾਣ ਨਾਲ ਦੋਣ ਖੇਮਿਆਂ ਵਿਚ ਇਕ ਦਹਿਸ਼ਤ, ਇਕ ਅਸ਼ਾਂਤੀ ਫੈਲੀ ਹੋਈ ਸਾਫ ਦਿਖਾਈ ਦੇ ਰਹੀ ਸੀ। ਫਰਕ ਏਨਾ ਸੀ ਕਿ ਵੀਹਵੀਂ ਸਦੀ ਦਾ ਇਹ ਸ਼ਕਤੀਸ਼ਾਲੀ ਰਾਵਣ ਆਪਣੇ ਸੁਗਰੀਵ ਤੇ ਭਵੀਸ਼ਣ ਵਰਗੇ ਭਰਾਵਾਂ ਦੀਆਂ ਸਾਰੀਆਂ ਸਾਜ਼ਸ਼ਾਂ ਨੂੰ ਸਮਝਦਾ ਸੀ ਤੇ ਉਹ ਉਨ੍ਹਾਂ ਦੇ ਹਰ ਹਮਲੇ ਦਾ ਮੂੰਹ ਮੋੜ ਦਿੰਦਾ ਸੀ। ਫਿਰ ਵੀ ਹਾਲਾਤ ਏਨੇ ਖਤਰਨਾਕ ਬਣ ਗਏ ਸਨ ਕਿ ਉਹ ਮਹਾਨ ਹੀਰੋ 24 ਸਤੰਬਰ ਦੇ ਦਿਨ ਇਕ ਖਤਰਨਾਕ ਦੁਬਿਧਾ ਵਿਚ ਫਸ ਚੁੱਕਾ ਸੀ। ਗਾਂਧੀ ਜੀ ਮਰਨ ਕਿਨਾਰੇ ਪਹੁੰਚ ਚੁੱਕੇ ਸਨ। ਜਿਹੜੇ ਅਛੂਤ ਸਦੀਆਂ ਤੋਂ ਹਿੰਦੂਆਂ 'ਤੇ ਜ਼ੁਲਮ ਜਬਰ ਸਹਿੰਦੇ ਆ ਰਹੇ ਸਨ, ਗਾਂਧੀ ਦੇ ਮਰਨ ਵਰਤ ਨੇ ਉਨ੍ਹਾਂ ਦੇ ਜ਼ੁਲਮ ਨੂੰ ਹਵਾ ਦੇਣ ਲਈ ਮਰਨ ਵਰਤ ਰੱਖ ਲਿਆ ਸੀ। ਦੂਜੇ ਪਾਸੇ ਜਿਹੜੇ ਹਿੰਦੂ ਅਛੂਤਾਂ ਨੂੰ ਮੰਦਰਾਂ ਦੇ ਨੇੜੇ ਨਹੀਂ ਸੀ ਢੁੱਕਣ ਦਿੰਦੇ, ਉਨ੍ਹਾਂ ਨੇ ਮੰਦਰਾਂ ਦੇ ਦਰਵਾਜ਼ੇ ਅਛੂਤਾਂ ਲਈ ਖੋਲ੍ਹਣੇ ਸ਼ੁਰੂ ਕਰ ਦਿੱਤੇ ਸਨ ਤੇ ਨਾਲ ਬੈਠ-ਬੈਠ ਕੇ ਖਾਣਾ ਖਾਣ ਦੀਆਂ ਚਾਲਾਂ ਸ਼ੁਰੂ ਕਰ ਦਿੱਤੀਆ ਸਨ। ਭਾਵੇਂ ਮਗਰੋਂ ਉਹ ਗੰਗਾ ਜਲ ਨਾਲ ਜਾਂ ਪੰਚਗਵੇ ਪੀ ਕੇ ਪਵਿੱਤਰ ਵੀ ਹੋ ਰਹੇ ਸਨ ਤੇ ਸਣੇ 'ਕੱਪੜੀਂ' ਨਹਾ ਕੇ ਵਰਤ ਰਖਕੇ ਮੁੜ ਪਵਿੱਤਰ ਹਿੰਦੂ ਬਣ ਰਹੇ ਸਨ।

ਦੂਜੇ ਨਾਲ ਹੀ ਚਾਰੋਂ ਤਰਫ ਬਾਬਾ ਸਾਹਿਬ ਦੇ ਖਿਲਾਫ ਘਟੀਆ ਤੋਂ ਘਟੀਆ ਪ੍ਰਚਾਰ ਦੇ ਬਾਣ ਛੱਡਣੇ ਸ਼ੁਰੂ ਹੋ ਗਏ ਸਨ। ਹਿੰਦੂ ਧਰਮ ਖਤਰੇ ਵਿਚ ਹੈ। ਗਾਂਧੀ ਦੀ ਜਾਨ ਬਚਾਓ, ਜੇ ਗਾਂਧੀ ਮਰ ਗਿਆ ਤਾਂ ਸਾਰੇ ਹਿੰਦੂ ਮਰਨ ਲਈ, ਫਾਂਸੀਆ ਚੜ੍ਹਨ ਲਈ ਤਿਆਰ ਹੋ ਜਾਣਗੇ। ਬਾਬਾ ਸਾਹਿਬ ਨੂੰ ਮਾਰਨ ਦੀਆਂ ਧਮਕੀਆਂ ਆਉਣ ਲੱਗੀਆਂ ਸਨ। ਬਰਤਾਨੀਆਂ ਸਰਕਾਰ ਨਾਲ ਭਾਰਤੀ ਸੰਬੰਧ ਤੋੜ ਦੇਣ ਦੇ ਐਲਾਨ ਵੀ ਹੋਣ ਲੱਗ ਪਏ ਸਨ। ਵਪਾਰੀ ਮੰਡਲਾਂ ਨੇ ਵੀ ਬਰਤਾਨਵੀ ਸਰਕਾਰ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਸੀ। ਰੋਜ਼ਾਨਾ ਪ੍ਰਤਾਪ ਨੇ 8 ਸਤੰਬਰ 1932 ਈ. ਨੂੰ ਇਂਜ ਲਿਖਿਆ :-"ਅਸੀਂ ਮਹਾਤਮਾ ਗਾਂਧੀ ਨੂੰ ਮਰਨ ਦਈਏ, ਇਹ ਨਹੀਂ ਹੋ ਸਕਦਾ। ਡਾਕਟਰ ਅੰਬੇਡਕਰ ਜਿਹੇ ਲੋਕ ਆਪਣੀ ਗੱਦਾਰੀ ਦਾ ਮੁੱਲ ਕੁਝ ਜ਼ਿਆਦਾ ਹੀ ਮੰਗਣਗੇ, ਜੋ ਸਾਨੂੰ ਦੇਣਾ ਪਵੇਗਾ। *ਪ੍ਰੰਤੂ ਇਕ ਵਾਰ ਤਾਂ ਆਰੀਆ ਜਾਤੀ (ਭਾਵ ਸਵਰਨ ਹਿੰਦੂ) ਆਪਣੀ ਸਾਰੀ ਤਾਕਤ ਲਗਾ ਕੇ ਵੇਖ ਲਵੇ।*"

ਹਿੰਦੂ ਲੀਡਰਾਂ ਨੇ ਸੌਂਹਾਂ ਖਾ-ਖਾ ਕੇ ਵਚਨ ਕੀਤੇ ਕਿ ਉਹ ਛੂਆ-ਛਾਤ ਦਾ ਬੀਜ ਨਾਸ਼ ਕਰ ਦੇਣਗੇ। ਉਨ੍ਹਾਂ ਨੇ ਅਛੂਤਾਂ ਨਾਲ ਬੈਠ ਕੇ ਖਾਣ ਦਾ ਢਕੌਂਜ ਸ਼ੁਰੂ ਕਰ ਦਿੱਤਾ ਤੇ ਹੱਥੀਂ ਝਾੜੂ ਫੜ ਕੇ ਨਾਲੀਆਂ ਸਾਫ ਕਰਨ ਲੱਗ ਪਏ। ਅਛੂਤਾਂ ਨੂੰ ਪਵਿੱਤਰ ਮੂਰਤੀਆਂ ਦੇ ਦਰਸ਼ਨ ਕਰਵਾਏ ਜਾਣ ਲੱਗੇ। ਅਛੂਤਾਂ ਹੱਥੋਂ ਖਾਧਾ ਜਾਣ ਲੱਗਾ। ਅਛੂਤ ਕਲਿਆਣ ਦੇ ਨਾਅਰੇ ਗਲੀਆਂ ਵਿਚ ਗੂੰਜਣ ਲੱਗੇ ਹਿੰਦੂ ਔਰਤਾਂ ਨੇ ਅੰਬੇਡਕਰ ਦੇ ਪੈਰੀਂ ਚੁੰਨੀਆਂ ਰੱਖ ਕੇ ਗਾਂਧੀ ਦੀ ਜਾਨ ਦੀ ਭੀਖ ਮੰਗਣੀ ਸ਼ੁਰੂ ਕਰ ਦਿੱਤੀ। ਉੱਚ ਜਾਤੀ ਬ੍ਰਾਹਮਣ ਪੰਡਤ ਮਦਨ ਮੋਹਨ ਮਾਲਵੀਆ ਨੇ ਗੱਲ ਵਿਚ ਪੱਲੀ ਪਾ ਕੇ ਬਾਬਾ ਸਾਹਿਬ ਤੋਂ ਗਾਂਧੀ ਦੀ ਜਾਨ ਦੀ ਖੈਰ ਮੰਗੀ। ਅਛੂਤਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੇ ਐਲਾਨ ਕੀਤੇ ਜਾਣ ਲੱਗੇ। ਕਸਤੂਰਬਾ ਨੇ ਆਪਣੇ ਸੁਹਾਗ ਲਈ ਬਾਬਾ ਸਾਹਿਬ ਪਾਸ ਵਾਸਤਾ ਪਾਇਆ। (ਪੂਨਾ ਪੈਕਟ, ਸਾਂਪਲਾ, 20.21-22)

ਪ੍ਰੰਤੂ ਬਾਬਾ ਸਾਹਿਬ ਅੱਟਲ ਰਹੇ ਤੇ ਉਨ੍ਹਾਂ ਕਿਹਾ ਮੇਰਾ ਫੈਸਲਾ ਅੰਤਮ ਹੈ ਅਤੇ ਜੇਕਰ ਗਾਂਧੀ ਜੀ ਹਿੰਦੂਆਂ ਦੇ ਹੱਕਾਂ ਵਾਸਤੇ ਜਾਨ 'ਤੇ ਖੇਡਣ ਲਈ ਤਿਆਰ ਹਨ ਤਾਂ ਅਛੂਤ ਵੀ ਮਜਬੂਤ ਹੋ ਜਾਣਗੇ ਕਿ ਆਪਣੇ ਹੱਕਾਂ ਵਾਸਤੇ ਜਾਨਾਂ ਲੜਾ ਦੇਣ। ਉਨ੍ਹਾਂ ਕਿਹਾ, " ਮੈਂ ਇਸ ਤਰ੍ਹਾਂ ਦੀਆਂ ਰਾਜਸੀ ਬੇਹੂਦਗੀਆਂ ਦੀ ਪ੍ਰਵਾਹ ਨਹੀਂ ਕਰਦਾ।" ਜਿਹੜੇ ਹਿੰਦੂ ਲੋਕ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧ ਮੰਨਣ ਨੂੰ ਤਿਆਰ ਨਹੀਂ ਸਨ, ਉਹ ਬਾਬਾ ਸਾਹਿਬ ਦੇ ਪੈਰੀਂ ਪੈ ਕੇ ਗਿੜਗਿੜਾਉਣ ਲੱਗੇ ਤੇ ਅੰਤ ਜਦੋਂ ਗਾਂਧੀ ਜੀ ਨੇ ਹੱਥ ਜੋੜ ਕੇ ਇਹ ਕਿਹਾ :-"ਡਾ. ਅੰਬੇਡਕਰ ਤੁਸੀਂ ਮੇਰੀ ਜ਼ਿੰਦਗੀ ਬਚਾ ਲਵੋ, ਹਿੰਦੂਆਂ ਨੂੰ ਆਪਣੇ ਪਾਪ ਧੋਣ ਦਾ ਆਖਰੀ ਮੌਕਾ ਦਿਉ। ਅਸੀਂ ਛੂਤ-ਛਾਤ ਦਾ ਬੀਜ ਨਾਸ਼ ਕਰ ਦਿਆਂਗੇ।" ਤਾਂ ਬਾਬਾ ਸਾਹਿਬ ਦਾ ਮਨ ਪਿਘਲ ਗਿਆ। ਉਹ ਭਿਆਨਕ ਦੁਵਿਧਾ ਵਿਚ ਫਸੇ ਹੋਏ ਸਨ।

ਇਕ ਪਾਸੇ ਮਾਰਨ ਦੀਆਂ ਧਮਕੀਆਂ ਪਹੁੰਚ ਰਹੀਆਂ ਸਨ, ਦੂਜੇ ਪਾਸੇ ਫਰਿਆਦਾਂ, ਤੀਜੇ ਪਾਸੇ ਅਛੂਤਾਂ ਨਾਲ ਸਹਿ ਭੋਜ, ਮੰਦਰ ਦਾਖਲਾ। ਹਿੰਦੂ ਔਰਤਾਂ ਅਛੂਤਾਂ ਨੂੰ ਤਿਲਕ ਲਗਾ ਰਹੀਆਂ ਸਨ। ਬ੍ਰਾਹਮਣ ਅਛੂਤਾਂ ਨੂੰ ਜੰਞੂ ਪਵਾ ਰਹੇ ਹਨ। ਅਛੂਤਾਂ ਨੂੰ ਹਵਨ ਕੁੰਡਾਂ 'ਤੇ ਬਿਠਾਇਆ ਗਿਆ। (ਇਹ ਸਿਲਸਲਾ ਹਮੇਸ਼ਾ ਜਾਰੀ

ਰਹੇਗਾ ਜਦੋਂ ਤੀਕ ਅਛੂਤ ਗੁਲਾਮ ਰਹਿਣਾ ਪਸੰਦ ਕਰਨਗੇ।) ਪ੍ਰੰਤੂ ਸਭ ਤੋਂ ਵੱਧ ਗਾਂਧੀ ਨੇ ਹਿੰਦੂਇਜ਼ਮ ਦਾ ਆਖਰੀ ਮੌਕਾ ਮੰਗ ਕੇ ਜੀਵਨ ਦਾਨ ਲਈ ਪ੍ਰਾਰਥਨਾ ਕੀਤੀ, ਮਜਬੂਰੀਆਂ ਵਿਚ ਫਸੇ ਅੰਤ ਵਿਚ ਬਾਬ ਸਾਹਿਬ ਹਿੰਦੂਆਂ ਨਾਲ ਇਕ ਖਾਸ ਸ਼ਰਤ 'ਤੇ ਸਮਝੌਤਾ ਕਰਨਾ ਮੰਨ ਗਏ। ਕਿਉਂਕਿ ਬਾਬਾ ਸਾਹਿਬ ਨੂੰ ਅਛੂਤਾਂ ਅਤੇ ਆਪਣਾ ਜੀਵਨ ਖਤਰੇ ਵਿਚ ਪਿਆ ਮਹਿਸੂਸ ਹੋਣ ਲੱਗ ਪਿਆ ਸੀ ਅਤੇ ਉਹ ਅਜੇ ਆਪਣੀ ਹਿੱਕ ਅੰਦਰ ਬਹੁਤ ਸੁਪਨੇ ਭਰੀ ਬੈਠੇ ਸਨ, ਜੋ ਉਹ ਖੁਦ ਪੂਰਾ ਕਰਨ ਲਈ ਜਿਊ ਰਹੇ ਸਨ ਤੇ ਸੰਘਰਸ਼ ਕਰ ਰਹੇ ਸਨ।

ਉਨ੍ਹਾਂ ਵੇਖ ਲਿਆ ਸੀ ਕਿ ਇਹ ਸਥਿਤੀ ਉਸ ਦੇ ਜੀਵਨ ਲਈ ਘਾਤਕ ਸਾਬਤ ਹੋ ਸਕਦੀ ਹੈ। ਉਹ ਉਸ ਮੌਕੇ ਦੀ ਤਲਾਸ਼ ਵਿਚ ਲੱਗੇ ਹੋਏ ਸਨ ਜਦੋਂ ਆਪਣੇ ਹੱਥਾਂ ਦੀ ਸ਼ਕਤੀ ਨਾਲ ਇਸ ਮਨੂੰਵਾਦੀ ਦੀਆਂ ਧੱਜੀਆ ਉੱਡਾ ਸਕਣ। ਉਹ ਮਰ ਜਾਣ ਦੀ ਬਜਾਏ ਜ਼ਿੰਦਾ ਰਹਿ ਕੇ ਸੰਘਰਸ਼ ਅੰਤਮ ਦਿਨ ਤੱਕ ਜਾਰੀ ਰੱਖਣਾ ਚਾਹੁੰਦੇ ਸਨ। ਅੰਤ 24 ਸਤੰਬਰ 1932 ਈ. ਦੀ ਸ਼ਾਮ ਨੂੰ ਪੂਨੇ ਦੀ ਯਰਵਦਾ ਜੇਲ੍ਹ ਵਿਚ ਹਿੰਦੂ ਲੀਡਰ ਗਾਂਧੀ ਅਤੇ ਡਾ. ਅੰਬੇਡਕਰ ਵਿਚਕਾਰ ਲਿਖਤੀ ਤੌਰ 'ਤੇ ਸਮਝੌਤਾ ਹੋਇਆ, ਜਿਸ ਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ। ਭਾਵ ਪੂਨੇ ਦਾ ਸਮਝੌਤਾ। ਬਾਬਾ ਸਾਹਿਬ ਨੇ ਕਿਹਾ ਇਕ ਨੇਕ ਇਨਸਾਨ ਹੋਣ ਕਰਕੇ ਮੈਨੂੰ ਗਾਂਧੀ ਦੀ ਜਾਨ ਬਚਾਉਣ ਲਈ ਇਕ ਅਧੂਰਾ ਸਮਝੌਤਾ ਕਰਨਾ ਪਿਆ। ਇਸ ਸਮਝੌਤੇ ਅਨੁਸਾਰ ਜੋ ਅਧਿਕਾਰ ਸਵਰਨ ਹਿੰਦੂਆਂ ਨੇ (ਜਿਨ੍ਹਾਂ ਦੇ ਬਜ਼ੁਰਗਾਂ ਨੇ ਇਹ ਅਧਿਕਾਰ ਹਮੇਸ਼ਾਂ-ਹਮੇਸ਼ਾਂ ਲਈ ਖੋਹ ਲਏ ਸਨ) ਅਛੂਤਾਂ ਨੂੰ ਲਿਖ ਕੇ ਦਿੱਤੇ।

ਹਜ਼ਾਰਾਂ ਸਾਲ ਬਾਅਦ ਆਰੀਆ ਨੇ ਜਿੰਨ੍ਹਾਂ ਹੱਥਾਂ ਨਾਲ ਲਿਖ ਕੇ ਇਹ ਅਧਿਕਾਰ ਖੋਹੇ ਸਨ, ਉਨ੍ਹਾਂ ਹੀ ਹੱਥਾਂ ਨਾਲ ਲਿਖ ਕੇ, ਭਾਰਤੀ ਮੂਲ ਨਿਵਾਸੀਆਂ ਨੂੰ ਇਹ ਅਧਿਕਾਰ ਵਾਪਸ ਕੀਤੇ। ਦੇਵ-ਅਸੁਰਾਂ ਵਿਚਕਾਰ ਚੱਲ ਰਿਹਾ ਇਹ ਯੁੱਧ ਪੂਨਾ ਪੈਕਟ ਅਧੀਨ ਇਕ ਵਾਰ ਖੜ੍ਹ ਗਿਆ। ਜਿਹੜੇ ਅਧਿਕਾਰਾਂ ਪ੍ਰਤੀ ਸਖਤ ਕੀਤੇ ਗਏ, ਉਹ ਇਸ ਪ੍ਰਕਾਰ ਸਨ :-

1. ਆਮ ਚੋਣ ਹਲਕਿਆਂ ਤੋਂ ਦਲਿਤ ਵਰਗਾਂ ਲਈ ਪ੍ਰਦੇਸ਼ਕ ਵਿਧਾਨ ਸਭਾਵਾਂ ਵਿਚ ਸੀਟਾਂ ਰਾਖਵੀਆਂ ਕਰ ਦਿੱਤੀਆਂ। ਪ੍ਰੰਤੂ ਵੱਖਰੇ ਚੋਣ ਖੇਤਰਾਂ ਰਾਹੀਂ ਦਲਿਤ ਵਰਗਾਂ ਦੇ ਨੁਮਾਇੰਦਿਆਂ ਦੀ ਚੋਣ ਵੱਖਰੇ ਵੋਟ ਅਧਿਕਾਰ ਰਾਹੀਂ, ਖਤਮ ਕਰ ਦਿੱਤੀ ਗਈ। (ਇਹੀ ਉਹ ਅਧਿਕਾਰ ਸੀ ਜਿਸ ਨੇ ਸਦੀਆਂ ਤੋਂ ਲਤਾੜਿਆਂ ਨੂੰ ਮੁੜ ਆਪਣੇ ਦੇਸ਼ ਦੇ ਹਾਕਮ ਬਣਾ ਦੇਣਾ ਸੀ।)

2. ਅਛੂਤਾਂ ਨੂੰ ਵੋਟ ਦਾ ਅਧਿਕਾਰ ਮੰਨ ਲਿਆ ਗਿਆ ਅਤੇ ਲੋਥੀਅਨ ਕਮੇਟੀ ਦੀ ਰਿਪੋਰਟ ਅਨੁਸਾਰ ਕੇਂਦਰੀ ਅਤੇ ਪ੍ਰਦੇਸ਼ਕ ਵਿਧਾਨ ਸਭਾਵਾਂ ਲਈ ਵੋਟ ਅਧਿਕਾਰ ਮੰਨਿਆ ਗਿਆ।

3. ਕੇਂਦਰੀ ਵਿਧਾਨ ਸਭਾ ਵਾਸਤੇ ਵੀ ਦਲਿਤਾਂ ਦੇ ਪ੍ਰਤੀਨਿਧ ਸਾਂਝੇ ਚੋਣ ਖੇਤਰਾਂ ਦੇ ਅਸੂਲ ਅਨੁਸਾਰ ਹੀ ਚੁਣੇ ਜਾਣ ਦਾ ਪ੍ਰਸਤਾਵ। 18 ਪ੍ਰਤੀਸ਼ਤ ਸੀਟਾਂ ਰਾਖਵੀਆਂ ਕੀਤੀਆਂ ਗਈਆਂ।

4. ਅਛੂਤਾਂ ਭਾਵ ਦਲਿਤ ਵਰਗਾਂ ਲਈ ਨੌਕਰੀਆਂ ਦਾ ਰਾਹ ਖੋਲ੍ਹਿਆ ਗਿਆ ਅਤੇ ਲਿਖਿਆ ਗਿਆ ਕਿ ਲੋਕਲ ਬਾਡੀਆਂ ਜਾਂ ਸਰਕਾਰੀ ਨੌਕਰੀਆਂ ਵਿਚ ਅਛੂਤਾਂ ਦੀ ਨੌਕਰੀ ਭਰਤੀ ਸਮੇਂ ਕੋਈ ਜਾਤੀ ਵਿਤਕਰਾ ਨਹੀਂ ਕੀਤਾ ਜਾਵੇਗਾ। ਅਤੇ ਅਛੂਤਾਂ ਨੂੰ ਹਰ ਵਿਭਾਗ ਵਿਚ, ਸੰਬੰਧਤ ਨੌਕਰੀਆਂ ਵਾਸਤੇ ਲੋੜੀਂਦੀ ਯੋਗਤਾ ਦਾ ਖਿਆਲ ਰੱਖਦੇ ਹੋਏ ਭਰਤੀ ਕਰਨ ਦੇ ਪੂਰੇ ਉਪਰਾਲੇ ਅਤੇ ਯਤਨ ਕੀਤੇ ਜਾਣਗੇ।

5. ਦਲਿਤ ਵਰਗ ਦੇ ਵਿਅਕਤੀਆਂ ਵਾਸਤੇ ਹਰੇਕ ਪ੍ਰਾਂਤ ਵਿਚ ਵਿੱਦਿਅਕ ਸਹੂਲਤਾਂ ਅਧੀਨ ਗ੍ਰਾਂਟਾਂ ਵਿਚੋਂ ਵਿਦਿਅਕ ਅਨੁਦਾਨ ਵਜੋਂ ਕਾਫੀ ਰਕਮਾਂ ਨਿਯਤ ਕੀਤੀਆਂ ਜਾਣਗੀਆਂ। ਇਸ ਸਮਝੌਤੇ ਨੂੰ ਸਰਕਾਰ ਰਾਹੀਂ ਭਾਰਤ ਸਰਕਾਰ ਦੇ ਸੰਵਿਧਾਨ ਐਕਟ 1935 ਵਿਚ ਦਰਜ ਕੀਤਾ ਗਿਆ।

ਇਹ ਇਕ ਅਜਿਹਾ ਸਮਝੌਤਾ ਸੀ, ਜਿਸ ਨੂੰ ਹਿੰਦੂ ਇਸ ਲਈ ਨਾਪਸੰਦ ਕਰਦੇ ਸਨ ਕਿਉਂਕਿ ਉਹ ਦਲਿਤਾਂ ਦੇ ਅਧਿਕਾਰਾਂ ਦੇ ਵਿਰੁੱਧ ਸਨ। ਇਹ ਜਿਹੜੇ ਵੀ ਅਧਿਕਾਰ ਦਲਿਤਾਂ ਨੂੰ ਮਿਲੇ ਸਨ, ਉਨ੍ਹਾਂ ਨੇ, ਉਨ੍ਹਾਂ ਦੀ ਬਣਾਈ ਹੋਈ ਉੱਚਤਾ ਨੂੰ ਸੱਟ ਮਾਰੀ ਸੀ, ਜਿਸ ਨੇ ਦਲਿਤਾਂ ਨੂੰ ਮੁਕਤੀ ਲਈ ਸੰਘਰਸ਼ ਕਰਨ ਦੇ ਮਨੁੱਖੀ ਅਧਿਕਾਰਾਂ ਤੋਂ ਜਾਣੂ ਕਰਵਾ ਦੇਣਾ ਸੀ। ਕੱਟੜ ਪੰਥੀਆਂ ਲਈ ਇਕ ਮਾਨਸਿਕ ਚੰਡ ਸੀ। ਉਸ ਵਿਚ ਮਘੋਰੇ ਕਰ ਦਿੱਤੇ ਗਏ ਸਨ।

ਦੂਜੇ ਪਾਸੇ ਅਛੂਤ ਕਾਫੀ ਕੁਝ ਪ੍ਰਾਪਤ ਕਰਕੇ ਵੀ ਨਾਖੁਸ਼ ਸਨ, ਕਿਉਂਕਿ ਜੋ ਦੂਹਰੀ ਵੋਟ ਦਾ ਅਧਿਕਾਰ ਵਿਰਲੂ ਇਨਾਮ ਵਜੋਂ ਉਨ੍ਹਾਂ ਨੂੰ ਮਿਲਿਆ ਸੀ, ਉਹ ਉਨ੍ਹਾਂ ਦੀ ਆਜ਼ਾਦੀ ਲਈ ਇਕ ਬੱਜਰ ਸਾਧਨ ਸੀ। ਹੁਣ

ਉਨ੍ਹਾਂ ਦੇ ਨੁਮਾਇੰਦੇ ਹੋਰ ਲੋਕਾਂ ਦੇ ਰਹਿਮ 'ਤੇ ਹੀ ਚੋਣ ਲੜ ਸਕਣ ਦੇ ਕਾਬਲ ਸਨ ਜਾਂ ਉਨ੍ਹਾਂ ਦੀ ਵੋਟ ਹੀ ਉਨ੍ਹਾਂ ਨੂੰ ਜਿਤਾ ਕੇ ਅੱਗੇ ਭੇਜ ਸਕਦੀ ਸੀ ਜਦੋਂ ਕਿ ਵੱਖਰੇ ਚੋਣ ਖੇਤਰਾਂ ਰਾਹੀਂ ਉਹ ਆਪਣੀ ਵੋਟ ਨਾਲ ਆਪਣੇ ਹੀ ਪ੍ਰਤੀਨਿਧ ਚੁਣ ਕੇ ਭੇਜ ਸਕਣ ਦੇ ਸਮਰੱਥ ਸਨ ਤੇ ਦੂਜੇ ਲੋਕਾਂ ਦੇ ਰਹਿਮ ਜਾਂ ਮਦਦ ਦੀ ਲੋੜ ਨਹੀਂ ਸੀ । ਅਜਿਹੇ ਅਜ਼ਾਦ ਚੋਣ ਹਲਕਿਆਂ ਰਾਹੀਂ, ਅਜ਼ਾਦ ਵੋਟ ਰਾਹੀਂ, ਅਜ਼ਾਦ ਨੁਮਾਇੰਦੇ ਹਿੰਦੂਆਂ ਦੇ ਗੁਲਾਮ ਮਿੱਠੂ ਤੋਤੇ ਬਣ ਕੇ ਨਹੀਂ ਬੈਠਣੇ ਸਨ ਜਿਵੇਂ ਅਜ਼ਾਦੀ ਤੋਂ ਬਾਅਦ ਅੱਜ ਤੀਕ ਹੋ ਰਿਹਾ ਹੈ । ਤੇ ਹਰ ਚੋਣ ਸਮੇਂ ਹਜ਼ਾਰਾਂ ਗੂੰਗੇ ਬੋਲੇ ਤੇ ਵਿਅਰਥ ਨੁਮਾਇੰਦੇ ਉੱਚ ਜਾਤੀ ਹਾਕਮਾਂ ਦੇ ਗੁਲਾਮ ਬਣ ਕੇ ਆਪਣੀ ਕੌਮ 'ਤੇ ਹੁੰਦੇ ਬੇਰੋਕ ਅਤਿਆਚਾਰਾਂ ਨੂੰ ਅਰਾਮ ਨਾਲ ਸਹਿ ਰਹੇ ਹਨ ਸਗੋਂ ਮਾਣ ਰਹੇ ਹਨ ।

ਇਸ ਨਿਯਮ ਅਧੀਨ ਚੁਣੇ ਜਾਂਦੇ ਪ੍ਰਤੀਨਿਧ ਗੁਲਾਮ ਕਿਸਮ ਦੇ ਨਾ ਹੋ ਕੇ ਆਪਣੀ ਕੌਮ ਦੇ ਅਸਲੀ ਪ੍ਰਤੀਨਿਧ ਬਣ ਕੇ ਮਨੁੱਖੀ ਹੱਕਾਂ ਲਈ ਲੜ ਸਕਦੇ । ਸਾਂਝੇ ਚੋਣ ਖੇਤਰਾਂ ਦੇ ਰਾਹੀਂ ਚੁਣੇ ਜਾਣ ਵਾਲੇ ਨੁਮਾਇੰਦੇ ਭਾਵੇਂ ਗਿਣਤੀ ਵਿਚ ਜ਼ਿਆਦਾ ਹੋ ਗਏ ਸਨ, ਪ੍ਰੰਤੂ ਉਹ ਸਵਰਨਾਂ ਦੇ ਗੁਲਾਮ ਬਣ ਕੇ ਹੀ ਜਿੱਤ ਸਕਦੇ ਸਨ ਜਾਂ ਉਨ੍ਹਾਂ ਵੱਲੋਂ ਹੀ ਖੜ੍ਹ ਸਕਦੇ ਸਨ ਤੇ ਇਝ ਜਿਨ੍ਹਾਂ ਨੂੰ ਆਪਣੇ ਮਾਲਕਾਂ ਦੇ ਹੱਕ ਵਿਚ ਹੀ ਭੁਗਤਣਾ ਪੈਣਾ ਸੀ । ਜਿਨ੍ਹਾਂ ਦੀ ਕਰਤੂਤ ਨਾਲ ਉਹ ਅੱਗੇ ਆਏ ਸਨ, ਉਨ੍ਹਾਂ ਦੇ ਜਬਰ ਵਿਰੁੱਧ ਉਹ ਆਵਾਜ਼ ਕੱਢਣ ਦੇ ਯੋਗ ਨਹੀਂ ਹੋ ਸਕਦੇ ਸਨ ।

ਇਸ ਕਰਕੇ ਅੰਬੇਡਕਰ ਦੇ ਦਲਿਤ ਨਿਰਾਸ਼ ਸਨ, ਪ੍ਰੰਤੂ ਉਨ੍ਹਾਂ ਪਾਸ ਇਕ ਚੂਪੇ ਹੋਏ ਅੰਬ ਦੀ ਗਿਟਕ ਲੈਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਨਹੀਂ ਸੀ ਰਿਹਾ । ਉਨ੍ਹਾਂ ਦੀ ਆਪਣੀ ਕੋਈ ਕੌਮ ਨਹੀਂ ਸੀ ਬਣੀ । ਉਹ ਅਨਪੜ੍ਹ ਤੇ ਅਨਜਾਣ ਸਨ । ਉਹ ਛਲਕਪਟ ਦੀਆਂ ਨੀਤੀਆਂ ਨੂੰ ਸਮਝਣ ਤੋਂ ਪੂਰੀ ਤਰ੍ਹਾਂ ਅਸਮਰਥ ਹੋ ਚੁੱਕੇ ਸਨ । ਹਜ਼ਾਰਾਂ ਸਾਲਾਂ ਦੀ ਗੁਲਾਮੀ ਨੇ ਉਨ੍ਹਾਂ ਦੇ ਦਿਮਾਗ ਦੀਆਂ ਝਰੀਆਂ ਮਾਰ ਸੁੱਟੀਆਂ ਸਨ । ਆਰਥਿਕ ਪੱਖੋਂ ਉਹ ਲਾਚਾਰ ਤੇ ਭੁੱਖੇ ਨੰਗੇ ਹੀ ਸਨ । ਸਮਾਜਿਕ ਪੱਖੋਂ ਉਨ੍ਹਾਂ ਨਾਲ ਕੁੱਤਿਆਂ ਬਿੱਲਿਆਂ ਤੋਂ ਵੀ ਭੈੜਾ ਵਰਤਾਓ ਹੁੰਦਾ ਸੀ । ਉਨ੍ਹਾਂ ਦੀ ਕੋਈ ਪਹੁੰਚ ਨਹੀਂ ਸੀ । ਉਨ੍ਹਾਂ ਦਾ ਬੁੱਧੀ ਬਲ, ਧਨ ਬਲ, ਤਨ ਬਲ, ਜਨ ਬਲ ਤੇ ਮਨੋ ਬਲ ਸਦੀਆਂ ਤੋਂ ਖੁੱਸਿਆ ਹੋਇਆ ਸੀ, ਜਿਸ ਕਰਕੇ ਉਨ੍ਹਾਂ ਨੂੰ ਚੂਪੇ ਅੰਬ ਦੀ ਗਿਟਕ ਵਰਗਾ ਸਮਝੌਤਾ ਕਬੂਲ ਕਰਕੇ ਇਕ ਵਾਰ ਸਬਰ ਕਰਨਾ ਪਿਆ । ਸਦੀਆਂ ਦੀ ਭੁੱਖ ਉਨ੍ਹਾਂ ਨੂੰ ਆਪਣਾ ਹੀ ਥੁਕ ਲੰਘਾ ਕੇ ਮਿਟਾਉਣੀ ਪੈ ਰਹੀ ਸੀ ।

ਫਿਰ ਵੀ ਇਹ ਸਮਝੌਤਾ ਹਜ਼ਾਰਾਂ ਸਾਲਾਂ ਵਿਚ ਵਾਪਰਿਆ ਇਕ ਜ਼ਬਰਦਸਤ ਕਾਂਡ ਸੀ, ਜਿਸ ਨੇ ਹਿੰਦੂਆਂ ਦੀ ਹਰ ਖੇਤਰ ਦੀ ਅਜਾਰੇਦਾਰੀ ਨੂੰ ਤੋੜ ਸੁੱਟਿਆ ਸੀ । ਦਲਿਤਾਂ ਵੋਟ ਪ੍ਰਤੀਨਿਧਤਾ, ਵਿਦਿਆ ਤੇ ਨੌਕਰੀ ਦੇ ਰਾਹ ਮੋਕਲੇ ਕਰ ਦਿੱਤੇ ਸਨ । ਫਿਰ ਇਸ ਸਮਝੌਤਾ 1935 ਈ. ਦਾ ਕਾਨੂੰਨ ਬਣ ਗਿਆ ਸੀ । ਭਾਰਤ ਦੇ ਸੰਵਿਧਾਨ ਦੀਆਂ ਧਾਰਾਵਾਂ ਬਣ ਗਿਆ ਸੀ ਜਿਸ ਨੂੰ ਸਵਰਨਾਂ ਦੇ ਧਾਰਮਿਕ ਕਾਨੂੰਨ ਉਲਟਾ ਨਹੀਂ ਸਨ ਸਕਦੇ । ਦਲਿਤਾਂ ਦੀ ਉੱਨਤੀ ਅਤੇ ਸਮਾਜਿਕ ਜਾਂ ਆਰਥਿਕ ਬਰਾਬਰੀ ਦੀ ਇਹ ਇਕ ਨਿਸ਼ਾਨਦੇਹੀ ਸੀ, ਜੋ ਭਾਵੇਂ ਅਜੇ ਇਕ ਵਿੰਗੀ ਟੇਢੀ ਪਗਡੰਡੀ ਵਰਗਾ ਹੀ ਸੀ ਤੇ ਜਿਸ ਨੇ ਅਜੇ ਵਿਸ਼ਾਲ ਮਾਰਗ ਦਾ ਰੂਪ ਧਾਰਨਾ ਸੀ ।

ਹੁਣ ਕਾਂਗਰਸ ਜਿਹੜੀ ਕਿ ਹਿੰਦੂਆਂ ਦੀ ਅਜਾਰੇਦਾਰੀ ਵਾਲੀ ਇਕ ਜਮਾਤ ਸੀ, ਨੇ ਆਪਣੇ ਤਰੀਕੇ ਬਦਲੇ । ਉਨ੍ਹਾਂ ਕਾਨੂੰਨੀ ਤਾਕਤ ਨੂੰ ਆਪਣੇ ਲਈ ਵਰਤਣ ਦੇ ਉਪਰਾਲੇ ਸ਼ੁਰੂ ਕੀਤੇ । ਫਰਵਰੀ 1937 ਈ. ਵਿਚ ਜਦੋਂ ਪਹਿਲੀ ਵਾਰ ਪ੍ਰਾਂਤਕ ਚੋਣਾਂ ਹੋਈਆਂ ਤਾਂ ਕਾਂਗਰਸ ਨੇ ਆਪਣੀ ਟਿਕਟ 'ਤੇ ਅਛੂਤਾਂ ਨੂੰ ਜਿਤਾਉਣ ਦਾ ਫੈਸਲਾ ਕੀਤਾ । ਤੇ ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਧਨ ਨਾਲ, ਆਪਣੀ ਤਾਕਤ ਤੇ ਵੋਟ ਨਾਲ ਦਲਿਤਾਂ ਦੀਆਂ 151 ਸੀਟਾਂ ਵਿਚੋਂ 78 ਸੀਟਾਂ 'ਤੇ ਕਬਜ਼ਾ ਕਰ ਲਿਆ ਅਤੇ ਜਿਹੜੇ 78 ਦਲਿਤ ਉਨ੍ਹਾਂ ਨਾਲ ਚੁਣੇ ਗਏ, ਉਹ ਕਾਂਗਰਸ, ਜੋ ਹਿੰਦੂਆਂ ਕਦੀ ਜਮਾਤ ਸੀ, ਦੇ ਹੀ ਚਮਚੇ ਬਣ ਕੇ ਜਿਉਣ ਲੱਗੇ ।

ਇਸ ਤਰ੍ਹਾਂ ਪੂਨਾ ਪੈਕਟ ਦਾ ਇਕ ਵੱਡਾ ਲਾਭ ਹਿੰਦੂਆਂ ਨੂੰ ਹੋਇਆ । 'ਪੂਨਾ ਪੈਕਟ' ਨੇ ਇਸ ਤਰ੍ਹਾਂ ਚਮਚਾ ਯੁੱਗ ਦੀ ਸਥਾਪਨਾ ਕੀਤੀ । ਬਾਬਾ ਸਾਹਿਬ ਨੇ ਜਿਹੜੀਆਂ ਧਾਰਨਾਵਾਂ ਲੈ ਕੇ ਇਕ ਖਤਰਨਾਕ ਜੰਗ ਲੜੀ ਸੀ, ਉਸ ਜੰਗ ਵਿਚ ਦਲਿਤਾਂ ਦੇ ਨਾਂ 'ਤੇ ਸਵਰਨਾਂ ਦੀ ਜਿੱਤ ਦਿਖਾਈ ਦੇਣ ਲੱਗੀ । ਦਲਿਤਾਂ, ਨੇ ਜਿਨ੍ਹਾਂ ਨੂੰ ਬਾਬਾ ਸਾਹਿਬ ਨੇ ਝੁੱਗੀਆਂ ਵਿਚੋਂ ਉਠਾ ਕੇ ਰਾਜਨੀਤਕ ਨੇਤਾ ਬਣਾਉਣ ਦਾ ਸੰਘਰਸ਼ ਜਿੱਤਿਆ, ਉਹ ਆਪਣੀ ਕੌਮ ਨੂੰ ਅਤੇ ਬਾਬਾ ਸਾਹਿਬ ਦੀ ਦੇਣ ਨੂੰ ਭੁੱਲ ਕੇ ਕਾਂਗਰਸ ਦੀ ਝੋਲੀ ਪੈ ਗਏ । ਉਹ ਬਾਬਾ ਸਾਹਿਬ ਦੇ ਵਿਰੁੱਧ ਅਵਾਜ਼ਾਂ

ਕੱਢਣ ਲੱਗੇ, ਕਿਉਂਕਿ ਜਿਸ ਸੁਨਹਿਰੀ ਪਿੰਜਰੇ ਵਿਚ ਉਹ ਬੰਦ ਸਨ, ਉਥੇ ਇਨ੍ਹਾਂ ਮਿੱਠੂਆਂ ਨੂੰ ਚੂਰੀ ਰੰਗਾ ਰਾਮ ਪਾਉਂਦਾ ਸੀ। ਦੂਜੇ ਪਾਸੇ ਸਿਆਣੇ ਹਿੰਦੂਆਂ ਨੇ ਗਾਂਧੀ ਨੂੰ ਅਨੇਕ ਭੱਦੇ ਔਗੁਣਾਂ ਦੇ ਅਤੇ ਸਧਾਰਨ ਬੁੱਧੀਵਾਨ ਹੋਣ ਦੇ ਬਾਵਜੂਦ ਵੀ ਮਹਾਤਮਾ ਬਣਾ ਦਿੱਤਾ ਸੀ। ਸੰਵਿਧਾਨ ਵਿਚ ਲਿਖਿਆ ਗਿਆ ਸੀ ਕਿ ਕਿਸੇ ਵੀ ਸਰਕਾਰ ਨੂੰ ਦਲਿਤ ਵਰਗ ਨੂੰ ਆਪਣੀ ਕੈਬਨਿਟ ਵਿਚੋਂ ਮੰਤਰੀ ਲੈਣਾ ਹੋਵੇਗਾ। ਹੁਣ ਜਦੋਂ ਕਿ ਕਾਂਗਰਸੀ ਟਿਕਟਾਂ 'ਤੇ 78 ਪ੍ਰਤੀਨਿਧ ਚੁਣ ਕੇ ਆ ਚੁੱਕੇ ਸਨ ਤਾਂ ਕੇਂਦਰੀ ਪ੍ਰਦੇਸ਼ ਵਿਚ ਡਾਕਟਰ ਖਾਰੇ ਦੀ ਪ੍ਰਧਾਨਗੀ ਹੇਠ ਜਦੋਂ ਮੰਤਰੀ ਮੰਡਲ ਸਥਾਪਤ ਹੋਇਆ ਤਾਂ ਉਸ ਚੰਗੇ ਡਾਕਟਰ ਖਾਰੇ ਨੇ ਇਕ ਅਛੂਤ ਅਗਨੀ ਭੋਜ ਨੂੰ ਜੋ ਕਿ ਯੋਗ ਅਤੇ ਵਿਦਵਾਨ ਵਿਅਕਤੀ ਸੀ, ਮੰਤਰੀ ਲੈ ਲਿਆ ਤਾਂ ਗਾਂਧੀ ਦੀ ਅਗਵਾਈ ਵਿਚ ਕਾਂਗਰਸੀ ਚੌਧਰੀਆਂ ਨੇ ਇਕ ਅਛੂਤ ਨੂੰ ਮੰਤਰੀ ਬਣਾਉਣ 'ਤੇ ਡਾਕਟਰ ਖਾਰੇ ਨੂੰ ਹੀ ਕਾਂਗਰਸ ਵਿਚੋਂ ਕੱਢ ਦਿੱਤਾ। ਗਾਂਧੀ ਨੇ ਡਾ. ਖਾਰੇ ਨੂੰ ਕਿਹਾ ਕਿ ਅਛੂਤਾਂ ਅੰਦਰ ਇਹੋ ਜਿਹੀਆਂ ਇਛਾਵਾਂ ਪੈਦਾ ਕਰਨਾ ਉਸ ਲਈ ਗਲਤ ਸੀ। ਭਾਵ ਉਨ੍ਹਾਂ ਨੂੰ ਮੰਤਰੀ ਬਣਾ ਕੇ ਉਸ ਨੇ ਗਲਤ ਕੰਮ ਕੀਤਾ ਸੀ। ਇਸ ਕਰਕੇ ਡਾ. ਖਾਰੇ ਨੂੰ ਪਾਰਟੀ ਵਿਚੋਂ ਕੱਢਣ ਦੀ ਸਜ਼ਾ ਦਿੱਤੀ ਗਈ। (ਪੂਨਾ ਪੈਕਟ-94)

1942 ਈ. ਤੱਕ ਗਾਂਧੀ ਅਛੂਤਾਂ ਨੂੰ ਮੰਤਰੀ ਮੰਡਲ ਵਿਚ ਲੈਣ ਦੇ ਕਾਨੂੰਨੀ ਅਧਿਕਾਰ ਤੋਂ ਵੰਚਿਤ ਕਰਦਾ ਰਿਹਾ ਤੇ ਇਸ ਸਮੇਂ ਤੱਕ ਅਛੂਤ ਕੋਈ ਰਾਖਵਾਂਕਰਨ ਪ੍ਰਾਪਤ ਨਾ ਕਰ ਸਕੇ। ਦੂਜੇ ਪਾਸੇ ਕਾਂਗਰਸ ਦੀ ਟਿਕਟ 'ਤੇ ਚੁਣੇ ਜਾਂਦੇ ਦਲਿਤ, ਪਾਰਟੀ ਅਨੁਸ਼ਾਸਨ ਵਿਚ ਬੰਨ੍ਹੇ ਜਾ ਚੁੱਕੇ ਸਨ। ਉਹ ਕਾਂਗਰਸ ਪਾਰਟੀ ਦੀ ਕਾਰਜਕਾਰਨੀ ਦੇ ਕੰਟਰੋਲ ਵਿਚ ਸਨ, ਜਿਸ ਨੂੰ ਸਵਰਨ ਹਿੰਦੂ ਚਲਾਉਂਦੇ ਸਨ। ਉਹ ਕੋਈ ਮਤਾ ਵੀ ਨਹੀਂ ਸੀ ਪਾ ਸਕਦੇ। ਉਹ ਕਿਸੇ ਇਤਰਾਜ਼ ਯੋਗ ਕੰਮ ਦੇ ਵਿਰੁੱਧ ਵੋਟ ਵੀ ਨਹੀਂ ਪਾ ਸਕਦੇ ਸਨ। ਉਹ ਨਾ ਆਪਣਾ ਮਰਜ਼ੀ ਨਾਲ ਵੋਟ ਪਾ ਸਕਦੇ ਸਨ ਤੇ ਨਾ ਮਰਜ਼ੀ ਨਾਲ ਬੋਲ ਸਕਦੇ ਸਨ। ਉਹ ਕਾਂਗਰਸੀ ਸਵਰਨਾਂ ਦੇ ਗੂੰਗੇ ਤੇ ਬੋਲੇ ਪਸ਼ੂਆਂ ਵਰਗੇ ਬੰਦੇ ਬਣ ਕੇ ਰਹਿ ਗਏ ਸਨ।

ਇਸ ਸਭ ਕੁਝ ਦੇ ਬਾਵਜੂਦ ਵੀ ਪੂਨਾ ਪੈਕਟ ਰਾਹੀਂ ਜੋ ਮਿਲਿਆ, ਉਹ ਇਸ ਪ੍ਰਕਾਰ ਹੈ ਕਿ ਜਦੋਂ ਭਾਰਤ ਅਜ਼ਾਦ ਹੋਇਆ ਤਾਂ ਭਾਰਤੀ ਸੰਵਿਧਾਨ ਦੇ ਬੁਨਿਆਦੀ ਅਧਿਕਾਰਾਂ ਵਿਚ ਸੁਤੰਤਰਤਾ, ਵਿਦਿਆ, ਵੋਟ, ਜਾਇਦਾਦ, ਨਿਆਂ, ਕਾਨੂੰਨ ਸਾਹਮਣੇ ਬਰਾਬਰੀ ਦੇ ਹੱਕ ਦਰਜ ਕੀਤੇ ਗਏ ਜਿਨ੍ਹਾਂ ਦੀ ਭਾਰਤ ਦੇ ਦਲਿਤ, ਪਛੜੇ ਲੋਕਾਂ ਨੂੰ ਪੂਰਨ ਤੌਰ 'ਤੇ ਜ਼ਰੂਰਤ ਸੀ। ਕੁਝ ਧਾਰਾਵਾਂ ਰਾਹੀਂ ਉਨ੍ਹਾਂ ਨੂੰ ਵਿਦਿਅਕ ਖੇਤਰਾਂ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਦਿੱਤਾ ਗਿਆ। ਕੁਝ ਧਾਰਾਵਾਂ ਰਾਹੀਂ ਉਨ੍ਹਾਂ ਨੂੰ ਪ੍ਰਾਂਤਕ ਤੇ ਕੇਂਦਰੀ ਵਿਧਾਨ ਸਭਾਵਾਂ ਵਿਚ ਰਾਖਵੀਆਂ ਸੀਟਾਂ ਦਿੱਤੀਆਂ ਗਈਆਂ। ਕੈਬਨਿਟ ਵਿਚ ਵੀ ਨੁਮਾਇੰਦਗੀ ਦਿੱਤੀ ਗਈ। ਇਹ ਸਭ ਕੁਝ ਪੂਨਾ ਪੈਕਟ ਅਤੇ ਐਕਟ 1935 ਦੇ ਅਧਾਰ 'ਤੇ ਹੀ ਕੀਤਾ ਗਿਆ। ਬਾਬਾ ਸਾਹਿਬ ਨੇ ਸੰਵਿਧਾਨ ਬਣਾਉਣ ਵੇਲੇ ਕੋਈ ਅਜਿਹੀ ਥਾਂ ਨਹੀਂ ਸੀ ਛੱਡੀ, ਜਿੱਥੇ ਸੰਵਿਧਾਨ ਦੀ ਥਾਂ ਮਨੂੰ ਸਿਮਰਤੀ ਦੇ ਕਾਨੂੰਨ ਲਾਗੂ ਕੀਤੇ ਜਾ ਸਕਣ।

26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਇਆ। ਉਸ ਤੋਂ ਬਾਅਦ ਕਰੋੜਾਂ ਦਲਿਤ ਮੁੱਢਲੀ ਵਿਦਿਆ ਹਾਸਲ ਕਰ ਸਕੇ। ਲੱਖਾਂ ਉੱਚੀ ਸ਼ਿਖਸਾ ਪ੍ਰਾਪਤ ਕਰ ਸਕੇ। ਲਗਭਗ 24-25 ਲੱਖ ਦਲਿਤ ਸਰਕਾਰੀ ਨੌਕਰੀਆਂ 'ਤੇ ਲੱਗ ਕੇ ਉੱਚੇ ਅਹੁਦੇ 'ਤੇ ਪਹੁੰਚੇ। ਹਜ਼ਾਰਾਂ ਐਮ.ਐਲ.ਏ., ਐੱਮ.ਪੀ., ਤੇ ਮੰਤਰੀ ਬਣੇ ਕੈਬਨਿਟ ਮੰਤਰੀ, ਉਪ ਪ੍ਰਧਾਨ ਮੰਤਰੀ, ਉਪ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚੇ। ਪ੍ਰੰਤੂ ਦਲਿਤ ਕੌਮ ਦੀ ਇਹ ਬਦਨਸੀਬੀ ਹੈ ਕਿ ਉਨ੍ਹਾਂ ਆਪਣੇ ਮੁਕਤੀਦਾਤਾ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਅਸਲੋਂ ਹੀ ਵਿਸਾਰ ਕੇ ਉਨ੍ਹਾਂ ਲੋਕਾਂ ਨੂੰ ਆਪਣੇ ਦਿਲੋ-ਦਿਮਾਗ ਦੀਆਂ ਕੰਧਾਂ 'ਤੇ ਚਿਪਕਾ ਲਿਆ, ਜਿਹੜੇ ਦਲਿਤਾਂ ਦੀ ਹਰ ਆਜ਼ਾਦੀ ਵਿਰੁੱਧ ਜਾਨਾਂ ਵਾਰਨ ਤੱਕ ਜਾਂਦੇ ਰਹੇ ਤੇ ਅਧਿਕਾਰ ਖੋਂਹਦੇ ਰਹੇ। ਕੀ ਦੁਨੀਆ ਉੱਤੇ ਹੋਰ ਵੀ ਕੋਈ ਕੌਮ ਦਲਿਤਾਂ ਜਿੰਨੀ ਅਕ੍ਰਿਤਘਣ ਹੋਵੇਗੀ? ਅੱਜ ਭਾਰਤ ਦੀ ਧਰਤੀ ਜਿੱਡਾ ਸਵਾਲੀਆ ਚਿੰਨ੍ਹ ਸਾਡੇ ਸਾਹਮਣੇ ਮੂੰਹ ਅੱਡੀ ਖਲੋਤਾ ਹੈ। ਜੋ ਲੱਖਾਂ ਪੜ੍ਹੇ-ਲਿਖੇ ਮੁਲਾਜ਼ਮਾਂ ਅਤੇ ਪ੍ਰਤੀਨਿਧਾਂ ਤੋਂ ਜਵਾਬ ਮੰਗਦਾ ਹੈ। ਜੋ ਦਲਿਤ ਸਮਾਜ ਪ੍ਰਤੀ ਧੋਖੇਬਾਜ਼ ਸਾਬਤ ਹੋਏ ਹਨ।

ਪੂਨਾ ਪੈਕਟ ਪਿੱਛੋਂ ਬ੍ਰਾਹਮਣ ਅਪਵਿੱਤਰ ਹੋਏ

ਸ਼ੰਕਰਾ ਨੰਦ ਸ਼ਾਸਤਰੀ (193): 1932 ਦੇ ਪੂਨਾ ਪੈਕਟ ਤੋਂ ਪਿੱਛੋਂ, ਕੁਝ ਕੱਟੜ ਪੰਥੀ ਦਸਤਖਤ ਕਰਤਾਵਾਂ

ਨੇ ਮਹਿਸੂਸ ਕੀਤਾ ਕਿ ਉਹ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਪਰਕ ਕਾਰਨ ਅਪਵਿੱਤਰ ਹੋ ਗਏ ਹਨ । ਇਸ ਅਪਵਿੱਤਰਤਾ ਤੋਂ ਪਾਕ ਹੋਣ ਲਈ ਉਨ੍ਹਾਂ ਸਾਰਿਆਂ ਨੇ ਗੰਗਾ ਪਾਣੀ ਪੀਤਾ, ਆਪਣੇ ਉੱਪਰ ਛਿੜਕਿਆ ਅਤੇ ਆਪਣੀ ਅਪਵਿੱਤਰਤਾ ਦੂਰ ਕੀਤੀ । ਇਹ ਪਵਿੱਤਰਤਾ ਦਾ ਕਾਰਜ ਮਦਨ ਮੋਹਨ ਮਾਲਵੀਆ, ਸਮੂਰ, ਜੈਕਾਰ ਅਤੇ ਕਈ ਹੋਰਾਂ ਨੇ ਸ਼ੁਰੂ ਕੀਤਾ । ਇਕ ਮਹਾਨ ਫਿਲਾਸਫਰ ਨੂੰ ਜਦ ਇਸ ਹੱਦ ਤੱਕ ਬ੍ਰਾਹਮਣ ਘਟੀਆ ਸਮਝਦੇ ਹਨ ਤਾਂ ਬਾਕੀ ਆਮ ਜਨਤਾ ਬਾਰੇ ਉਨ੍ਹਾਂ ਦੀ ਪਵਿੱਤਰਤਾ ਦਾ ਖਿਆਲ ਕਿਸ ਪੱਧਰ ਦਾ ਹੋਵੇਗਾ ?

ਮੇਰੀ ਕੌਮ ਸੁੱਤੀ ਪਈ ਹੈ ਇਸ ਲਈ ਮੈਂ ਜਾਗ ਰਿਹਾ ਹਾਂ

ਸ਼ੰਕਰਾ ਨੰਦ ਸ਼ਾਸਤਰੀ (194) : ਇਹ ਘਟਨਾ ਫਰਵਰੀ 20,1946 ਨੂੰ ਵਾਪਰੀ ਜਦੋਂ ਬਾਬਾ ਸਾਹਿਬ ਨਵੀਂ ਦਿੱਲੀ ਵਿਖੇ ਪ੍ਰਿਥਵੀ ਰਾਜ ਰੋਡ 'ਤੇ ਸਥਿਤ ਆਪਣੇ ਕਮਰੇ ਵਿਚ ਪੜ੍ਹ ਰਹੇ ਸਨ । ਅਚਾਨਕ ਨਿਊਆਰਕ ਟਾਈਮਜ਼ ਅਤੇ ਮਾਨਚੈਸਟਰ ਗਾਰਡੀਅਨ ਆਫ ਲੰਡਨ ਦੇ ਦੋ ਪੱਤਰਕਾਰਾਂ ਨੇ ਬਾਬਾ ਸਾਹਿਬ ਨੂੰ ਵੱਡੀ ਰਾਤ ਗਏ ਫੋਨ ਕੀਤਾ । ਉਹ ਅਮਰੀਕਾ ਤੇ ਲੰਡਨ ਨੂੰ ਵਾਪਸ ਜਾਣ ਤੋਂ ਪਹਿਲਾਂ ਸਮੇਂ ਦੇ ਤਿੰਨ ਨੇਤਾਵਾਂ ਗਾਂਧੀ, ਜਿਨਾਹ ਅਤੇ ਅੰਬੇਡਕਰ ਨਾਲ ਮੁਲਾਕਾਤ ਕਰਨਾ ਚਾਹੁੰਦੇ ਸਨ । ਜਦੋਂ ਉਹ ਬਾਬਾ ਸਾਹਿਬ ਪਾਸ ਆਏ ਤਾਂ ਉਹ ਆਪਣੀ ਕੁਰਸੀ 'ਤੇ ਬੈਠੇ ਪੜ੍ਹ ਰਹੇ ਹਨ । ਆਪਣੀਆਂ ਕਿਤਾਬਾਂ ਲਿਖ ਰਹੇ ਸਨ । ਪੱਤਰਕਾਰਾਂ ਵਿਚੋਂ ਇਕ ਨੇ ਕਿਹਾ-ਅਸੀਂ ਗਾਂਧੀ ਅਤੇ ਜਿਨਾਹ ਨੂੰ ਵੀ ਮੁਲਾਕਾਤ ਲਈ ਬੇਨਤੀ ਕੀਤੀ । ਸਮਾਂ ਵੀ ਨਿਸ਼ਚਤ ਕਰ ਦਿੱਤਾ ਗਿਆ । ਉਹ, ਉਨ੍ਹਾਂ ਨੇਤਾਵਾਂ ਨੂੰ ਮਿਲਣ ਗਏ ਪਰੰਤੂ ਉਨ੍ਹਾਂ ਦੇ ਸੈਕਟਰੀਆਂ ਨੇ ਉੱਤਰ ਦਿੱਤਾ ਕਿ ਉਹ ਸੌਂ ਰਹੇ ਹਨ । ਪਰ ਇਹ ਹੈਰਾਨੀ ਵਾਲੀ ਗੱਲ ਹੈ ਕਿ ਬਾਬਾ ਸਾਹਿਬ ਜਾਗ ਰਹੇ ਹਨ । ਬਾਬਾ ਸਾਹਿਬ ਨੇ ਉੱਤਰ ਦਿੱਤਾ-ਗਾਂਧੀ ਅਤੇ ਜਿਨਾਹ ਇਸ ਲਈ ਸੌਂ ਰਹੇ ਹਨ, ਕਿਉਂਕਿ ਉਨ੍ਹਾਂ ਦੇ ਪੈਰੋਕਾਰ ਸੁਚੇਤ ਹਨ ਤੇ ਆਪਣੇ ਰਾਜਨੀਤਕ ਅਧਿਕਾਰਾਂ ਦੀ ਕੀਮਤ ਜਾਣਦੇ ਹਨ । ਭਾਵ ਉਨ੍ਹਾਂ ਦੇ ਲੋਕ ਜਾਗ ਰਹੇ ਹਨ ਜਦੋਂ ਕਿ ਉਸ ਦੇ ਆਪਣੇ ਲੋਕ, ਹੱਕਾਂ ਤੋਂ ਨਾਵਾਕਫ ਅਤੇ ਲਾਪ੍ਰਵਾਹ ਹਨ । ਇਸ ਲਈ ਉਹ ਗਰੀਬੀ, ਅਗਿਆਨਤਾ ਅਤੇ ਗੈਰ ਮਨੁੱਖਤਾ ਹੇਠ ਪਿਸ ਰਹੇ ਹਨ । ਇਸ ਲਈ ਉਸ ਨੂੰ ਖੁਦ ਚੁਸਤ ਨਿਗਾਹਵਾਨ ਅਤੇ ਸਾਵਧਾਨ ਰਹਿਣਾ ਹੋਵੇਗਾ ਤਾਂ ਕਿ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ । ਉਸ ਨੂੰ ਇਸ ਕੰਮ ਲਈ ਦਿਨ ਰਾਤ ਸਖਤ ਮਿਹਨਤ ਕਰਨੀ ਹੋਵੇਗੀ । (ਕਹਿਣ ਦਾ ਭਾਵ ਕਿ ਉਸ ਦੀ ਕੌਮ ਸੌਂ ਰਹੀ ਹੈ, ਲੰਮੀਆਂ ਤਾਣ ਕੇ, ਇਸ ਲਈ ਉਨ੍ਹਾਂ ਖਾਤਰ ਉਹ ਜਾਗ ਰਿਹਾ ਹੈ ।)

ਬਾਬਾ ਸਾਹਿਬ 'ਤੇ ਘਾਤਕ ਹਮਲੇ

ਸ਼ੰਕਰਾ ਨੰਦ ਸ਼ਾਸਤਰੀ (179-187) : 1. ਬਾਬਾ ਸਾਹਿਬ ਨੂੰ ਕਤਲ ਕਰਨ ਲਈ ਪਹਿਲਾ ਹਮਲਾ 1927 ਵਿਚ ਸ਼ਹੀਦ ਤਲਾ ਸੱਤਿਆਗ੍ਰਹਿ ਕਰਦੇ ਸਮੇਂ ਬ੍ਰਾਹਮਣ ਪੁਜਾਰੀਆਂ ਦੀ ਸਕੀਮ ਅਧੀਨ ਕੀਤਾ ਗਿਆ, ਪ੍ਰੰਤੂ ਉਸ ਦੇ ਪੈਰੋਕਾਰਾਂ ਦੀ ਸਾਵਧਾਨੀ ਕਾਰਨ ਉਹ ਬਚ ਗਏ ।

2. ਦੂਜਾ ਹਮਲਾ 1928 ਈ. ਵਿਚ ਮੁੰਬਾ ਦੇਵੀ ਮੰਦਰ ਦਾਖਲੇ ਸਮੇਂ ਉੱਚ ਜਾਤੀ ਦੇ ਗੁੰਡਿਆਂ ਨੇ ਕੀਤਾ । ਉਨ੍ਹਾਂ ਨੂੰ ਇਕ ਅੰਗਰੇਜ਼ ਪੁਲਸ ਇੰਸਪੈਕਟਰ ਨੇ ਬਚਾਇਆ ।

3. ਤੀਜਾ ਹਮਲਾ ਜਦੋਂ ਬਾਬਾ ਸਾਹਿਬ ਕਾਲਾ ਰਾਮ ਮੰਦਰ (ਨਾਸਕ) ਦੀ ਅਗਵਾਈ ਕਰ ਰਹੇ ਸਨ ਉਦੋਂ ਕੀਤਾ ਗਿਆ । ਉਸ ਸਮੇਂ ਉਹ ਇਕ ਚੌਕ ਦੇ ਕਿਨਾਰੇ ਖੜ੍ਹੇ ਸਨ । ਉਨ੍ਹਾਂ ਉੱਤੇ ਪੱਥਰਾਂ ਨਾਲ ਹਮਲਾ ਕੀਤਾ ਗਿਆ, ਪਰੰਤੂ ਸੇਵਕਾਂ ਨੇ ਛਤਰੀ ਦੀ ਓਟ ਵਿਚ ਉਨ੍ਹਾਂ ਨੂੰ ਬਚਾ ਲਿਆ ।

4. 1932 ਈ. 'ਚ ਜਦੋਂ ਅਛੂਤਾਂ ਦੇ ਮਾਨਵੀ ਅਧਿਕਾਰਾਂ ਵਿਰੁੱਧ ਮਹਾਤਮਾ ਗਾਂਧੀ ਨੇ ਮਰਨ ਵਰਤ ਰੱਖਿਆ ਹੋਇਆ ਸੀ ਤਾਂ ਬਾਬਾ ਸਾਹਿਬ ਨੂੰ ਖੂਨ ਨਾਲ ਲਿਖੀਆਂ ਚਿੱਠੀਆਂ ਆਈਆ ਕਿ ਉਹ ਉੱਚੀਆਂ ਜਾਤਾਂ ਦੇ ਫੈਸਲੇ ਅੱਗੇ ਨਾ ਝੁਕੇ ਤਾਂ ਉਨ੍ਹਾਂ ਨੂੰ ਮਾਰ ਦਿੱਤਾ ਜਾਵੇਗਾ ।

5. 1937 ਈ. ਵਿਚ ਬੰਬੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਐਸ.ਕੇ. ਪਾਟਿਲ ਦੇ ਗੁੰਡਿਆਂ ਨੇ ਬਾਬਾ ਸਾਹਿਬ ਨੂੰ ਮਾਰਨ ਲਈ ਹਮਲਾ ਕੀਤਾ । ਡਰਾਈਵਰ ਦਾ ਆਪਣਾ ਖੱਬਾ ਹੱਥ ਕੱਟਿਆ, ਗਿਆ ਪ੍ਰੰਤੂ ਉਸ ਨੇ ਬਾਬਾ ਸਾਹਿਬ ਨੂੰ ਬਚਾ ਲਿਆ ।

6. ਵੀ.ਡੀ. ਸਾਵਰਕਰ ਦੇ ਛੋਟੇ ਭਰਾ ਨੇ 500 ਰੁਪਏ ਵਿਚ ਇਕ ਰਸੋਈਆ ਖਰੀਦਿਆ, ਜਿਸ ਨੇ ਬਾਬਾ ਸਾਹਿਬ ਨੂੰ ਖਾਣੇ ਵਿਚ ਜ਼ਹਿਰ ਰਲਾ ਕੇ ਦੇਣੀ ਸੀ । ਕਿਉਂਕਿ ਪੈਸਾ ਨਹੀਂ ਸੀ ਦਿੱਤਾ ਗਿਆ ਇਸ ਲਈ ਇਹ ਯੋਜਨਾ ਕਾਮਯਾਬ ਨਾ ਹੋਈ ।

7. ਜਸਟਿਸ ਪਾਰਟੀ ਦੀ ਕਾਨਫਰੰਸ (ਮਦਰਾਸ) ਨੂੰ ਸੰਬੋਧਨ ਕਰਦਿਆ ਬਾਬਾ ਸਾਹਿਬ ਨੇ ਭਗਵਤ ਗੀਤਾ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਗੀਤਾ ਧਾਰਮਿਕ ਪੁਸਤਕ ਨਹੀਂ, ਇਕ ਰਾਜਨੀਤਕ ਪੁਸਤਕ ਹੈ। ਇਸ ਨੇ ਜਾਤ-ਪਾਤ ਨੂੰ ਬੜ੍ਹਾਵਾ ਦਿੱਤਾ ਹੈ ਅਤੇ ਗੈਰ ਬ੍ਰਾਹਮਣਾਂ ਦਾ ਨਿਰਾਦਰ ਕੀਤਾ ਹੈ। ਸਿੱਟੇ ਵਜੋਂ ਬਾਬਾ ਸਾਹਿਬ ਨੂੰ ਅਨੇਕ ਪੱਤਰ ਮਿਲੇ ਜਿਨ੍ਹਾਂ ਵਿਚ ਬਾਬਾ ਸਾਹਿਬ ਨੂੰ ਧਮਕੀਆਂ ਦਿੱਤੀਆਂ ਗਈਆਂ ਸਨ ਕਿ ਉਸ ਨੂੰ ਮਾਰ ਦਿੱਤਾ ਜਾਵੇਗਾ।

8. ਹਿੰਦੂ ਕੋਡ ਬਿੱਲ ਤਿਆਰ ਕਰਨ ਉਪਰੰਤ ਪਾਸ ਕਰਾਉਣ ਲਈ ਜ਼ੋਰ ਦੇਣ ਸਮੇਂ ਬਾਬਾ ਸਾਹਿਬ 'ਤੇ ਘਾਤਕ ਹਮਲੇ ਕੀਤੇ ਗਏ। ਉਨ੍ਹਾਂ ਵਿਰੁੱਧ ਗੈਰ ਮਨੁੱਖੀ ਮੁਜ਼ਾਹਰੇ ਕੀਤੇ ਗਏ। ਕਈ ਵਾਰ ਬ੍ਰਾਹਮਣ ਪੁਜਾਰੀਆਂ ਨੇ ਬਾਬਾ ਸਾਹਿਬ 'ਤੇ ਹਮਲਾ ਕਰਨ ਦਾ ਯਤਨ ਕੀਤਾ, ਪ੍ਰੰਤੂ ਉਨ੍ਹਾਂ ਦੇ ਸੇਵਕਾਂ ਦੀ ਲਗਾਤਾਰ ਨਿਗਾਹ ਕਾਰਨ ਉਹ ਬਚਦੇ ਰਹੇ। ਉਹ ਬਾਬਾ ਸਾਹਿਬ ਨੂੰ ਬਚਾਉਣ ਲਈ ਹਰ ਵਕਤ ਤਿਆਰ ਰਹਿੰਦੇ ਸਨ।

9. ਮਾਰਚ 1951 ਈ. ਵਿਚ ਇਕ ਨਾਗਪੁਰੀ ਬ੍ਰਾਹਮਣ, ਇਕ ਅਛੂਤ ਦੇ ਭੇਸ ਵਿਚ ਬਾਬਾ ਸਾਹਿਬ ਦੇ ਘਰ ਅੱਗੇ ਧਰਨਾ ਮਾਰਨ ਲਈ ਆਇਆ। ਉਸਨੇ ਆਪਣੇ ਆਪ ਨੂੰ ਚਮਾਰ ਦੱਸਿਆ, ਪ੍ਰੰਤੂ ਉਹ ਬ੍ਰਾਹਮਣ ਸੀ। ਉਸ. ਨੂੰ ਪਛਾਣ ਲਿਆ ਗਿਆ ਤੇ ਕੁੱਟ ਕੇ ਪੁਲਸ ਨੂੰ ਫੜਾ ਦਿੱਤਾ ਗਿਆ। (ਅਸਲ ਵਿਚ ਇਹ ਬ੍ਰਾਹਮਣ ਬਾਬਾ ਸਾਹਿਬ ਨੂੰ ਮਾਰਨ ਲਈ ਆਇਆ ਸੀ।)

10. ਇਕ ਵਾਰ ਜਦੋਂ ਬਾਬਾ ਸਾਹਿਬ ਸ਼ਿਵਾਜੀ ਦੇ ਕਿਲ੍ਹੇ ਅੰਦਰ ਸੌਂ ਰਹੇ ਸਨ ਤਾਂ ਉਨ੍ਹਾਂ 'ਤੇ ਘਾਤਕ ਹਮਲਾ ਕੀਤਾ ਗਿਆ, ਪਰੰਤੂ ਸਖਤ ਜਾਨ ਪਹਿਰੇਦਾਰਾਂ ਨੇ ਉਨ੍ਹਾਂ ਨੂੰ ਬਚਾ ਲਿਆ।

11. ਅੰਤ ਬ੍ਰਾਹਮਣ ਜੁੰਡਲੀ, 50 ਸਾਲ ਦੀ ਸਾਰਸਵਤ ਬ੍ਰਾਹਮਣੀ ਸਵਿਤਾ ਦਾ ਵਿਆਹ ਜੋ ਇਕ ਡਾਕਟਰ ਸੀ, ਬਾਬਾ ਸਾਹਿਬ ਨਾਲ ਜ਼ੋਰੋਂ ਜ਼ੋਰੀ ਕਰਨ ਵਿਚ ਕਾਮਯਾਬ ਹੋ ਗਈ। ਇਸ ਮਾਰਗ ਰਾਹੀਂ ਉਨ੍ਹਾਂ ਬਾਬਾ ਸਾਹਿਬ ਨੂੰ ਖਤਮ ਕਰ ਦੇਣ ਦਾ ਆਪਣਾ ਕਾਰਜ ਸਿੱਧ ਕਰ ਲਿਆ।

ਕਾਰਨ :-ਬਾਬਾ ਸਾਹਿਬ ਬ੍ਰਾਹਮਣਵਾਦ, ਜਾਤੀਵਾਦ, ਛੂਆ-ਛਾਤ, ਊਚ-ਨੀਚ ਤੇ ਗੈਰ ਮਨੁੱਖੀ ਵਿਹਾਰ ਦੇ ਕੱਟੜ ਵਿਰੋਧੀ ਸਨ ਤੇ ਉਹ ਹਰ ਪਲ ਇਸ ਪ੍ਰਬੰਧ ਨੂੰ ਖਤਮ ਕਰਨਾ ਚਾਹੁੰਦੇ ਸਨ। ਦੂਜਾ ਕਾਰਨ ਉਨ੍ਹਾਂ ਦਾ ਧਰਮ ਬਦਲੀ ਕਰਕੇ ਬੋਧੀ ਬਣ ਜਾਣ ਦਾ ਸੀ। ਲੱਖਾਂ ਲੋਕ ਧੜਾਧੜ ਬੋਧੀ ਬਣਨ ਲੱਗੇ ਸਨ। ਬਾਬਾ ਸਾਹਿਬ ਨੇ ਇਕ ਕਾਨਫਰੰਸ (1956) ਵਿਚ ਕਿਹਾ ਸੀ ਕਿ ਜੇ ਉਨ੍ਹਾਂ ਦੀ ਸਿਹਤ ਠੀਕ ਰਹੀ ਅਤੇ ਉਹ ਦੋ ਸਾਲ ਹੋਰ ਜ਼ਿੰਦਾ ਰਹੇ ਤਾਂ ਇਕ ਵਾਰ ਫੇਰ ਸਾਰਾ ਭਾਰਤ ਬੋਧੀ ਬਣ ਜਾਵੇਗਾ। ਬ੍ਰਾਹਮਣ ਜਮਾਤ ਨੂੰ ਚੰਗੀ ਤਰ੍ਹਾਂ ਯਾਦ ਸੀ ਕਿ ਬੋਧੀ ਰਾਜ ਦੌਰਾਨ, ਬ੍ਰਾਹਮਣਾਂ ਜਾਂ ਬ੍ਰਾਹਮਣ ਪੁਜਾਰੀਆਂ ਨੂੰ ਕੋਈ ਨਹੀਂ ਸੀ ਪੁੱਛਦਾ। ਇਸੇ ਕਰਕੇ ਬਾਬਾ ਸਾਹਿਬ ਦਾ ਜ਼ਿੰਦਾ ਰਹਿਣਾ ਉਨ੍ਹਾਂ ਲਈ ਖਤਰਨਾਕ ਸੀ। ਬਾਬਾ ਸਾਹਿਬ ਅੱਧੀ ਰਾਤ ਕਿਵੇਂ ਮਰ ਗਏ, ਇਹ ਅੱਜ ਵੀ ਇਕ ਪ੍ਰਸ਼ਨ ਹੈ, ਜੋ ਉਵੇਂ ਦਾ ਉਵੇਂ ਖੜੋਤਾ ਜਵਾਬ ਮੰਗਦਾ ਹੈ।

ਘੱਟ ਗਿਣਤੀਆਂ ਦਾ ਰਾਖਵਾਂਕਰਨ ਖਤਮ ਹੋਇਆ

ਸ਼ੰਕਰਾ ਨੰਦ ਸ਼ਾਸਤਰੀ (169) : ਜਨਵਰੀ 1947 ਵਿਚ ਜਦੋਂ ਵੱਲਭ ਭਾਈ ਪਟੇਲ 'ਘੱਟ ਗਿਣਤੀ ਕਮੇਟੀ' ਦੀ ਪ੍ਰਧਾਨਗੀ ਕਰ ਰਹੇ ਸਨ, ਸਾਰੀਆਂ ਧਾਰਮਿਕ ਘੱਟ ਗਿਣਤੀਆਂ ਦਾ ਰਾਖਵਾਂਕਰਨ (ਜੋ 1932 ਵਿਚ ਮਿਥਿਆ ਗਿਆ ਸੀ) ਸੰਵਿਧਾਨ ਅਸੰਬਲੀ ਵੱਲੋਂ ਖਤਮ ਕਰ ਦਿੱਤਾ ਗਿਆ। ਇਸ ਕੰਮ ਵਿਚ ਆਚਾਰੀਆ ਕ੍ਰਿਪਲਾਨੀ ਨੇ ਵੀ ਹਿੱਸਾ ਪਾਇਆ। ਬਾਬਾ ਸਾਹਿਬ ਨੇ ਇਸ ਨੂੰ 'ਡੇਡ ਲੈਟਰ ਡੇ' ਕਹਿ ਕੇ ਦੁੱਖ ਪ੍ਰਗਟ ਕੀਤਾ, ਕਿਉਂਕਿ ਉਹ ਐਸ.ਸੀ ਐਸ.ਟੀ., ਓ.ਬੀ.ਸੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਲਈ ਜ਼ੋਰ ਨਾਲ ਲੜ ਰਹੇ ਸਨ। ਉਨ੍ਹਾਂ ਦੇ ਮਨ 'ਚ ਇਹ ਖਿਆਲ ਸੀ ਕਿ ਜੇ ਘੱਟ ਗਿਣਤੀਆਂ ਦਾ ਰਾਖਵਾਂਕਰਨ ਖਤਮ ਕਰ ਦਿੱਤਾ ਗਿਆ ਤਾਂ ਉਨ੍ਹਾਂ ਦਾ ਨੌਜਵਾਨ ਤਬਕਾ ਇਕ ਦਿਨ ਬਾਗੀ ਹੋ ਕੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਾ ਬਣ ਜਾਵੇਗਾ ਅਤੇ ਸਿੱਖਾਂ ਜਾਂ ਮੁਸਲਮਾਨਾਂ ਆਦਿ ਦਾ ਰਾਖਵਾਂਕਰਨ ਕਾਇਮ ਰੱਖਿਆ ਜਾਵੇ ਤਾਂ ਇਹ ਬਗਾਵਤ ਨਹੀਂ ਹੋਵੇਗੀ। ਅੱਜ ਅਸੀਂ ਕਹਿ ਸਕਦੇ ਹਾਂ ਕਿ ਉਸ ਮਹਾਨ ਮਨੁੱਖ ਦੀ ਭਵਿੱਖ ਬਾਣੀ ਸੱਚੀ ਸਾਬਤ ਹੋ ਰਹੀ ਹੈ। ਧਾਰਮਿਕ ਘੱਟ ਗਿਣਤੀ ਕਮੇਟੀ ਨੇ 'ਰਾਖਵਾਂਕਰਨ' ਵਿਰੁੱਧ ਇਸ ਨੂੰ ਖਤਮ ਕਰਨ ਲਈ ਫੈਸਲਾ ਦੇ ਦਿੱਤਾ।

ਅਨੁ : ਜਾਤੀਆਂ ਦੇ ਰਾਖਵੇਂਕਰਨ ਲਈ ਜਦੋਂ ਬਾਬਾ ਸਾਹਿਬ ਨੇ ਜਗਜੀਵਨ ਰਾਮ (ਜੋ ਉਦੋਂ ਅੰਤਰਮ

ਸਰਕਾਰ ਵਿਚ ਲੇਬਰ ਮੰਤਰੀ ਬਣ ਚੁੱਕਾ ਸੀ) ਤੋਂ ਪੁੱਛਿਆ ਤਾਂ ਉਸ ਦਾ ਉੱਤਰ ਸੀ ਕਿ ਉਸ ਦਾ ਗਾਂਧੀ ਅਤੇ ਕਾਂਗਰਸ ਦੀ ਇਮਾਨਦਾਰੀ 'ਚ ਪੂਰਨ ਭਰੋਸਾ ਹੈ। ਇਸ ਲਈ ਉਹ ਰਾਖਵਾਂਕਰਨ ਜਾਰੀ ਰੱਖਣ ਦੇ ਹੱਕ ਵਿਚ ਨਹੀਂ ਹੈ।

ਜਾਤੀ ਪ੍ਰਬੰਧ ਸੰਬੰਧੀ ਚਾਓ ਐਨ ਲਾਈ ਦਾ ਵਿਚਾਰ

ਸ਼ੰਕਰਾ ਨੰਦ ਸ਼ਾਸਤਰੀ (152) : (ਅਨੁਵਾਦ) 1954 ਵਿਚ ਨਹਿਰੂ ਨੇ ਚੀਨ ਦੀ ਯਾਤਰਾ ਕੀਤੀ। ਚੀਨ ਦੇ ਪ੍ਰਧਾਨ ਮੰਤਰੀ ਚਾਓ ਐਨ ਲਾਈ ਨੇ ਨਹਿਰੂ ਨੂੰ ਪੁੱਛਿਆ ਕਿ ਭਾਰਤ ਵਿਚ ਜਾਤ-ਪਾਤ, ਛੂਤ-ਛਾਤ ਖਤਮ ਕਰਨ ਲਈ ਕੀ ਯਤਨ ਹੋ ਰਿਹਾ ਹੈ ? ਨਹਿਰੂ ਦੇ ਉੱਤਰ ਤੋਂ ਚਾਓ ਐਨ ਲਾਈ ਦੀ ਕੋਈ ਤਸੱਲੀ ਨਹੀਂ ਹੋਈ। ਉਸ ਨੇ ਕਿਹਾ, ਜਦੋਂ ਤੱਕ ਊਚ-ਨੀਚ ਦਰਜਾ ਬੰਦੀ ਕਾਇਮ ਹੈ, ਭਾਰਤ ਕੋਈ ਤਰੱਕੀ ਨਹੀਂ ਕਰੇਗਾ, ਕਿਉਂਕਿ ਸਮਾਜਿਕ ਨਾ ਬਰਾਬਰੀ ਆਰਥਿਕ ਅਤੇ ਰਾਜਨੀਤਕ ਬਰਾਬਰੀ ਲਈ ਕੀਤੇ ਗਏ ਸਾਰੇ ਯਤਨਾਂ ਨੂੰ ਸੰਕਟ ਵਿਚ ਪਾ ਦੇਵੇਗੀ।

ਪੜ੍ਹੇ ਲਿਖਿਆ ਲਈ ਬਾਬਾ ਦਾ ਸੰਦੇਸ਼

ਬਾਬਾ ਸਾਹਿਬ ਨੂੰ ਪੜ੍ਹੇ ਲਿਖੇ ਅਛੂਤ ਲੜਕਿਆਂ ਦੀ ਤਰੱਕੀ 'ਤੇ ਤੱਸਲੀ ਸੀ। ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਵਿਚ ਰਾਖਵਾਂਕਰਨ ਮਿਲ ਗਿਆ ਸੀ। ਪ੍ਰੰਤੂ ਉਨ੍ਹਾਂ ਨੂੰ ਚਿੰਤਾ ਸੀ ਕਿ ਪੇਂਡੂ ਖੇਤਰਾਂ ਵਿਚ ਅਛੂਤਾਂ ਦੀ ਅਜ਼ਾਦੀ ਲਈ ਉਹ ਕੁਝ ਨਹੀਂ ਸੀ ਕਰ ਸਕੇ। ਉਨ੍ਹਾਂ ਦਾ ਸ਼ੋਸ਼ਨ ਅਤੇ ਦਰੜਿਆ ਜਾਣਾ ਅਜੇ ਜਾਰੀ ਸੀ। ਬੇਜ਼ਮੀਨੇ ਅਛੂਤ ਮਜ਼ਦੂਰ, ਜਿਮੀਂਦਾਰਾਂ ਰਾਹੀਂ ਕੁਚਲੇ ਜਾ ਰਹੇ ਸਨ। ਬਾਬਾ ਸਾਹਿਬ ਨੇ ਪੜ੍ਹੇ-ਲਿਖੇ ਅਛੂਤਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆਉਣ ਤੇ ਉਸ ਦੀ ਸਵੈਮਾਨ ਲਹਿਰ ਦਾ ਸੰਦੇਸ਼ ਪਿੰਡਾਂ ਤੱਕ ਲੈ ਜਾਣ। ਉਹ ਆਪਣੇ ਆਪ ਨੂੰ ਅਨਪੜ੍ਹ ਅਤੇ ਗਰੀਬ ਅਛੂਤਾਂ ਤੋਂ ਦੂਰ ਨਾ ਰੱਖਣ ਜੋ ਪਿੰਡਾਂ ਵਿਚ ਰਹਿੰਦੇ ਹਨ। ਜੇ ਸਮਾਜ ਜੁੜਿਆ ਰਹਿਆ (ਪੜ੍ਹੇ ਤੇ ਅਨਪੜ੍ਹਾਂ ਦਾ ਸੁਮੇਲ) ਤਾਂ ਮੁਕਤੀ 'ਤੇ ਰਾਹ 'ਤੇ ਸਾਰੇ ਇਕ ਹੋਣਗੇ। ਇਕ ਮਰੇ ਸਰੀਰ ਨੂੰ ਚੁੱਕਣ ਲਈ ਵੀ ਚਾਰ ਵਿਅਕਤੀਆਂ ਦੀ ਲੋੜ ਹੁੰਦੀ ਹੈ। ਇਸ ਲਈ ਪੜ੍ਹੇ ਲਿਖੇ ਲੋਕਾਂ ਨੂੰ, ਸਾਡੇ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਤੋਂ ਅਲੱਗ ਨਹੀਂ ਹੋਣਾ ਚਾਹੀਦਾ।

ਬਾਬਾ ਸਾਹਿਬ ਤੇ ਜਿਨਾਹ

ਸ਼ੰਕਰਾ ਨੰਦ ਸ਼ਾਸਤਰੀ (54) :ਜੁਲਾਈ 1945 ਈ. ਵਿਚ ਲਾਰਡ ਵੇਵਲ ਨੇ 21 ਨੇਤਾਵਾਂ ਦੀ ਇਕ ਮੀਟਿੰਗ ਬੁਲਾਈ, ਜਿਸ ਵਿਚ ਰਾਜਨੀਤਕ ਮੁਕਤੀ ਦੇਣ ਬਾਰੇ ਵਿਚਾਰ ਕੀਤਾ ਜਾਣਾ ਸੀ। ਇਨ੍ਹਾਂ ਵਿਚ ਗਾਂਧੀ ਜਿਨਾਹ ਅਤੇ ਬਾਬਾ ਸਾਹਿਬ ਸ਼ਾਮਲ ਸਨ। ਜਿਨਾਹ, ਬਾਬਾ ਸਾਹਿਬ ਨੂੰ ਮਿਲੇ ਤੇ ਉਮੀਦ ਕੀਤੀ ਕਿ ਡਾ. ਅੰਬੇਡਕਰ ਉਨ੍ਹਾਂ ਦੀ ਵੱਖਰੇ ਪਾਕਿਸਤਾਨ ਦੀ ਮੰਗ ਦਾ ਪੱਖ ਲੈਣ ਪ੍ਰੰਤੂ ਬਾਬਾ ਸਾਹਿਬ ਨੇ ਜਿਨਾਹ ਨੂੰ ਕਿਹਾ :- ਜੇ ਭਾਰਤ ਇਕ ਰਿਹਾ ਤਾਂ ਮੁਸਲਮਾਨਾਂ ਦੀ ਹਰ ਤਰਫੋਂ ਤਰੱਕੀ ਲਈ ਬਹੁਤ ਫਾਇਦੇਮੰਦ ਰਹੇਗਾ। ਪਰੰਤੂ ਜਿਨਾਹ ਨੇ ਕਿਹਾ ਕਿ ਉਹ ਅਜ਼ਾਦ ਭਾਰਤ ਵਿਚ ਇਕ ਹੋਰ ਅਛੂਤ ਜਾਤੀ ਬਣ ਕੇ ਰਹਿ ਜਾਣਗੇ। ਦੂਜੇ ਸ਼ਬਦਾਂ ਵਿਚੋਂ ਉਹ ਹਿੰਦੂਆਂ ਦੇ ਸਦੀਵੀ ਗੁਲਾਮ ਬਣ ਜਾਣਗੇ।

ਦੂਰਦਰਸ਼ੀ ਬਾਬਾ ਸਾਹਿਬ ਨੇ ਜਵਾਬ ਦਿੱਤਾ :-ਹਿੰਦੂ ਬਹੁ-ਗਿਣਤੀ ਉਸੇ ਸਮੇਂ ਘਟਾਈ ਜਾ ਸਕਦੀ ਹੈ ਜੇ ਅਛੂਤ ਮੁਸਲਮਾਨ, ਇਸਾਈ, ਪਾਰਸੀ ਬੋਧੀ ਅਤੇ ਸਿੱਖ ਇਕੱਠੇ ਹੋ ਜਾਣ। (ਕਿਉਂਕਿ ਮੂਲ ਰੂਪ ਵਿਚ ਇਹ ਧਾਰਮਿਕ ਗਿਣਤੀਆਂ ਸ਼ੂਦਰ ਸਮਾਜ ਵਿਚੋਂ ਹੀ ਪਰਿਵਰਤਿਤ ਹਨ।)

ਬਾਬਾ ਸਾਹਿਬ ਨੇ ਇਕ ਕੌਮੀ ਝੰਡੇ ਸਮੇਤ ਇਕ ਪਾਰਟੀ ਦਾ ਸੁਝਾਅ ਇਸ ਤਰ੍ਹਾਂ ਦਿੱਤਾ :- "ਸਮੂਹ ਧਾਰਮਿਕ ਘੱਟ ਗਿਣਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦਾ ਕੌਮੀ ਸੰਘ।" ਉਨ੍ਹਾਂ ਅੱਗੇ ਕਿਹਾ, "ਇਹ ਭਾਰਤ ਦੀ ਕੌਮੀ ਕਾਂਗਰਸ ਦੀ ਵਿਰੋਧੀ ਪਾਰਟੀ ਬਣ ਜਾਵੇਗੀ ਤੇ ਕੁਝ ਸਮੇਂ ਅੰਦਰ ਹੀ ਕਾਂਗਰਸ ਦੀ ਥਾਂ ਲੈ ਲਵੇਗੀ।" ਪ੍ਰੰਤੂ ਜਿਨਾਹ ਤਾਂ ਵੱਖਰੇ ਪਾਕਿਸਤਾਨ ਵੱਲ ਉਲਾਰ ਹੋ ਚੁੱਕਾ ਸੀ, ਇਸ ਲਈ ਉਹ ਬਾਬਾ ਸਾਹਿਬ ਦੇ ਇਕ ਭਾਰਤ ਸੁਝਾਅ ਨਾਲ ਸਹਿਮਤ ਨਾ ਹੋਇਆ। ਉਹ ਵਾਰ-ਵਾਰ ਕਹਿੰਦਾ ਰਿਹਾ ਕਿ ਹਿੰਦੂ, 'ਜਾਤ ਦਾ ਧਰਮ ਕਦੇ ਨਹੀਂ ਛੱਡਣਗੇ। ਬ੍ਰਾਹਮਣ ਬਾਣੀਆਂ ਸਾਰੇ ਭਾਰਤ 'ਤੇ ਹਾਵੀ ਰਹੇਗਾ।'

(56) ਕਾਰਨ ਇਹ ਸੀ ਕਿ ਹਿੰਦੂ ਜਾਬਰ ਸ਼ਾਹੀ ਨੇ ਉਸ (ਜਿਨਾਹ) ਨੂੰ ਕੋਈ ਸਮਝੌਤਾ ਰਹਿਤ ਨੇਤਾ ਬਣਾ ਦਿੱਤਾ ਸੀ।

ਪਛੜੇ ਵਰਗਾਂ ਲਈ ਬਾਬਾ ਸਾਹਿਬ ਦਾ ਅਸਲੀ ਸੰਦੇਸ਼

ਪਛੜੇ ਵਰਗ ਦੇ ਭਰਾਵਾਂ ਨੂੰ ਮੇਰਾ ਇਹੀ ਕਹਿਣਾ ਹੈ ਕਿ ਹਮੇਸ਼ਾ ਬਿਲਕੁਲ ਅਲੱਗ-ਅਲੱਗ ਰਹਿਣ ਨਾਲ ਪਛੜੇ ਵਰਗ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ । ਉੱਚੇ ਵਰਗ ਦੇ ਲੋਕਾਂ ਦੇ ਹੱਥ ਵਿਚ ਰਾਜਨੀਤਕ ਸ਼ਕਤੀ ਖੋਹਣ ਲਈ, ਤੁਹਾਨੂੰ ਇਕ ਜੁੱਟ ਹੋ ਜਾਣਾ ਚਾਹੀਦ ਹੈ । ਬਾਲਗ ਵੋਟ ਅਧਿਕਾਰ ਨੇ ਲੋਕਾਂ ਦੇ ਹੱਥ ਵਿਚ ਸੱਤਾ ਦੇ ਦਿੱਤੀ ਹੈ । ਮੇਰੀ ਰਾਇ ਵਿਚ ਜੇ ਯੂ.ਪੀ. ਦੇ ਡੇਢ ਕਰੋੜ ਦਲਿਤ ਅਤੇ ਦੋ ਕਰੋੜ ਪਛੜੇ ਵਰਗ ਦੇ ਲੋਕ (1948) ਇਕ ਸਾਥ ਮੋਢੇ ਨਾਲ ਮੋਢਾ ਰਲਾ ਕੇ ਸੰਘਰਸ਼ ਕਰਨ ਤਾਂ ਉਹ ਵਿਧਾਨ ਸਭਾਵਾਂ ਵਿਚ ਅੱਧੇ ਤੋਂ ਅਧਿਕ ਸੀਟਾਂ ਉੱਤੇ ਆਪਣੇ ਲੋਕਾਂ ਨੂੰ ਬਿਠਾ ਕੇ ਆਪਣੀ ਸਰਕਾਰ ਬਣਾ ਸਕਦੇ ਹਨ ਅਤੇ ਇਸ ਤਰ੍ਹਾਂ ਰਾਜਨੀਤਕ ਸੱਤਾ 'ਤੇ ਆਪਣਾ ਅਧਿਕਾਰ ਬਣਾ ਸਕਦੇ ਹਨ । ਇਹ ਸੱਚਮੁੱਚ ਦੁੱਖ ਵਾਲੀ ਗੱਲ ਹੈ ਕਿ ਦਲਿਤ ਵਰਗ ਅਤੇ ਪੱਛੜੇ ਵਰਗ ਦੇ ਲੋਕਾਂ ਨੂੰ ਆਪਣੀ-ਆਪਮੀ ਸ਼ਕਤੀ ਦਾ ਮਾਣ ਅਤੇ ਅਭਿਮਾਨ ਨਹੀਂ ਹੈ । ਇਸੇ ਦਾ ਸਿੱਟਾ ਹੈ ਕਿ ਅਖੌਤੀ ਉੱਚ ਵਰਗ ਦੇ ਲੋਕ ਸ਼ਾਸਨ 'ਤੇ ਆਪਣਾ ਅਧਿਕਾਰ ਜਮਾਈ ਬੈਠੇ ਹਨ ।

1. ਵੀਰੋ, ਤੁਹਾਡਾ ਸਭ ਦਾ (ਭਾਵ ਐਸ.ਸੀ., ਐਸ.ਟੀ., ਓ.ਬੀ.ਸੀ.) ਇਕ ਨੇਤਾ ਹੋਣਾ ਚਾਹੀਦਾ ਹੈ । 2. ਤੁਹਾਡੀ ਇਕ ਪਾਰਟੀ ਹੋਣੀ ਚਾਹੀਦੀ ਹੈ । 3. ਤੁਹਾਡਾ ਇਕ ਕਾਰਿਆ ਕਰਮ (ਨਿਯਮ ਨੀਤੀ) ਹੋਣਾ ਚਾਹੀਦਾ ਹੈ । ਤੁਹਾਨੂੰ ਸਭ ਨੂੰ ਚਾਹੀਦਾ ਹੈ ਕਿ ਤੁਸੀਂ ਸਾਰੇ ਆਪਣੇ ਵਿਚਕਾਰ ਜਾਤਪਾਤ ਦੇ ਭੇਦਭਾਵ ਨੂੰ ਭੁੱਲ ਜਾਵੋ ਅਤੇ ਫੈਡਰੇਸ਼ਨ ਦੇ ਰੂਪ ਵਿਚ ਆਪਣੇ ਆਪ ਨੂੰ ਸੰਗਠਤ ਕਰੋ ।

ਦੁੱਖ

ਇਹ ਕਿੰਨੇ ਦੁੱਖ ਦਾ ਵਿਸ਼ਾ ਹੈ ਕਿ ਇਹ ਦੋਵੇਂ ਵਰਗ ਜਿਨ੍ਹਾਂ ਦੀਆਂ ਲੋੜਾਂ ਸਮਾਨ ਹਨ, ਇਕ ਦੂਜੇ ਦੇ ਨਾਲ ਨਹੀਂ ਹਨ ।(ਭਾਵ ਇਕ ਦੂਜੇ ਦਾ ਸਾਥ ਨਹੀਂ ਦਿੰਦੇ ।)

ਕਾਰਨ

ਇਸ ਦਾ ਇਹੀ ਕਾਰਨ ਹੋ ਸਕਦਾ ਹੈ ਕਿ ਪਛੜੇ ਵਰਗ ਦੇ ਲੋਕ ਸਮਝਦੇ ਹਨ ਕਿ ਜੇ ਉਹ ਨੀਵੀਆਂ ਜਾਤੀਆਂ ਦੇ ਲੋਕਾਂ ਨਾਲ ਸਹਿਯੋਗ ਕਰਨਗੇ ਤਾਂ ਉਨ੍ਹਾਂ ਨੂੰ ਡਰ ਹੈ ਕਿ ਉਹ ਵੀ ਨੀਵੇਂ ਉਤਰ ਕੇ ਅਛੂਤ ਜਾਤੀਆਂ ਦੀ ਪੱਧਰ 'ਤੇ ਆ ਜਾਣਗੇ ।

ਮੇਲ ਮਿਲਾਪ

ਅਨੁਸੂਚਿਤ ਜਾਤੀਆਂ ਅਤੇ ਪਛੜਿਆਂ ਵਰਗ ਆਪਸ ਵਿਚ ਮਿਲ ਕੇ ਦੇਸ਼ ਦੀ ਜਨਤਾ ਦਾ ਬਹੁਮੱਤ (ਬਹੁਜਨ) ਬਣਦੇ ਹਨ ।ਇਸ ਦਾ ਕੋਈ ਕਾਰਨ ਸਮਝ ਵਿਚ ਨਹੀਂ ਆਉਂਦਾ ਕਿ ਇਹ ਲੋਕ ਕਿਉਂ ਦੇਸ਼ ਉੱਤੇ ਆਪਣੀ ਹਕੂਮਤ ਕਾਇਮ ਨਹੀਂ ਕਰਦੇ ? (ਜਦੋਂ ਕਿ ਵੋਟ ਉਨ੍ਹਾਂ ਦੇ ਸਭ ਤੋਂ ਵੱਧ ਹਨ ।)

ਜ਼ਰੂਰਤ

ਲੋੜ ਸਿਰਫ ਇਸ ਗੱਲ ਦੀ ਹੈ ਕਿ ਤੁਸੀਂ ਰਾਜਸੀ ਸ਼ਕਤੀ ਪ੍ਰਾਪਤ ਕਰਨ ਲਈ ਆਪਸ ਵਿਚ ਸੰਗਠਤ ਹੋਵੋ । ਬਾਲਗ ਵੋਟ ਅਧਿਕਾਰ ਦੀ ਸ਼ਕਤੀ ਨਾਲ ਜੇ ਤੁਸੀਂ ਚਾਹੋ ਤਾਂ ਰਾਜਸੀ ਸ਼ਕਤੀ ਤੁਹਾਡੀ ਮੁੱਠੀ ਵਿਚ ਹੈ । ਤੁਸੀਂ ਲੋਕ ਉਤਸ਼ਾਹ ਅਤੇ ਸਾਹਸ ਤੋਂ ਕੰਮ ਨਹੀਂ ਲੈ ਰਹੇ । ਜਨਤਾ ਦੀ ਲੋਕਤੰਤਰਕ ਸ਼ਾਸਨ ਪ੍ਰਣਾਲੀ ਵਿਚ ਕੋਈ ਵੀ ਸਰਕਾਰ ਹਮੇਸ਼ਾ ਬਣੀ ਨਹੀਂ ਰਹਿੰਦੀ । ਅੱਜ ਇਕ ਪਾਰਟੀ ਦੇ ਹੱਥ ਸ਼ਾਸਨ ਹੈ ਤਾਂ ਕੱਲ੍ਹ ਦੂਸਰੀ ਪਾਰਟੀ ਦੇ ਹੱਥ ਵਿਚ ਹੋਵੇਗਾ ।

ਆਪਣੀ ਸਰਕਾਰ

ਜੇ ਦੋਵੇਂ ਵਰਗ (ਐਸ.ਸੀ., ਐਸ.ਟੀ., ਓ.ਬੀ.ਸੀ.) ਸੰਗਠਤ ਹੋ ਜਾਵੋ ਤਾਂ ਤੁਸੀਂ ਆਪਣੀ ਸਰਕਾਰ ਬਣਾ ਸਕਦੇ ਹੋ । ਇਸ ਸੰਘਰਸ਼ ਦਾ ਨਤੀਜਾ ਇਹ ਹੈ ਕਿ ਅਛੂਤ ਸੰਗਠਤ ਹੋ ਗਏ ਹਨ । ਇਨ੍ਹਾਂ ਦਾ ਸੰਗਠਨ ਕੱਛੂ ਦੇ ਸਮਾਨ ਹੈ । ਇਸ ਅਛੂਤ ਸੰਗਠਨ ਰੂਪੀ ਕੱਛੂ 'ਤੇ ਬੈਠ ਕੇ ਪੱਛੜੇ ਵਰਗ ਵਾਲੇ ਬ੍ਰਾਹਮਣਵਾਦ ਰੂਪੀ ਨਦੀ 'ਤੇ ਗਹਿਰੇ ਪ੍ਰਾਣੀਆਂ ਨੂੰ ਤੈਰ ਕੇ ਪਾਰ ਪਹੁੰਚ ਸਕਦੇ ਹਨ । ਅਛੂਤ ਸੰਗਠਨ ਰੂਪੀ ਕੱਛੂ ਉਨ੍ਹਾਂ ਨੂੰ ਡੁੱਬਣ ਨਹੀਂ ਦੇਵੇਗਾ ।

ਟਰੇਨਿੰਗ

ਇਸ ਲਈ ਇਹ ਜ਼ਰੂਰੀ ਹੈ ਕਿ ਪਛੜੇ ਵਰਗ ਦੇ ਵੋਟਰਾਂ ਨੂੰ ਇਸ ਪ੍ਰਕਾਰ ਦੀ ਸਿਖਲਾਈ ਦਿਉ ਕਿ ਉਹ

ਆਪਣੇ ਵੋਟ ਕਿਸੇ ਬ੍ਰਾਹਮਣਵਾਦੀ ਨੂੰ ਨਾ ਦੇਣ । ਅਛੂਤ ਅਤੇ ਪਛੜਿਆਂ, ਦੋਵੇਂ ਵਰਗਾਂ ਨੂੰ ਮਿਲ ਕੇ, ਚੋਣ 'ਤੇ ਸਾਰੇ ਸਥਾਨਾਂ 'ਤੇ ਆਪਣਾ ਪ੍ਰਤੀਨਿਧ ਖੜ੍ਹੇ ਕਰਨੇ ਚਾਹੀਦੇ ਹਨ । ਉਹ ਜਿੰਨੀ ਵਾਰ ਹਾਰਨਗੇ, ਉਨੀ ਵਾਰ ਪਛੜੇ ਵਰਗ ਦੇ ਪ੍ਰਤੀਨਿਧਾਂ ਵਾਸਤੇ ਵੋਟਰਾਂ ਦੇ ਮਨ ਵਿਚ ਇੱਛਾ ਪੈਦਾ ਹੋਵੇਗੀ । ਪਛੜੇ ਵਰਗਾਂ ਦੇ ਵੋਟਰ ਜੇਕਰ ਸਿੱਖਿਅਤ ਹੋ ਗਏ ਤਾਂ ਇਸ ਦੇਸ਼ ਦਾ ਸਾਰਾ ਸ਼ਾਸਨ ਪਛੜੇ ਵਰਗ ਦੇ ਹੱਥਾਂ ਵਿਚ ਹੋਵੇਗਾ ।

ਹਿੰਦੂ ਧਰਮ ਵਿਚ ਮਾਨਵਤਾ ਨਹੀਂ ਹੈ । ਹਿੰਦੂ ਧਰਮ ਦਾ ਨਿਚੋੜ ਵਰਨ ਵਿਵਸਥਾ ਅਤੇ ਜਾਤੀ ਭੇਦ ਹੈ । ਜਦੋਂ ਤੱਕ ਅਛੂਤ ਇਸ ਧਰਮ ਵਿਚ ਰਹੇਗਾ, ਤਦ ਤੱਕ ਉਹ ਅਛੂਤਾਪਣ ਦੀ ਹੀਣ ਭਾਵਨਾ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਪਛੜਿਆਂ ਵਰਗ ਉਚ-ਨੀਚ ਦੀ ਭਾਵਨਾ ਤੋਂ ਮੁਕਤ ਨਹੀਂ ਹੋ ਸਕਦਾ । ਬ੍ਰਾਹਮਣਵਾਦੀ ਦੇਵੀ-ਦੇਵਤਾਵਾਂ ਦੀ ਪੂਜਾ ਦਾ ਸਾਫ ਅਰਥ ਹੈ, ਵਰਣਭੇਦ, ਜਾਤੀਭੇਦ ਦੀ ਹੀਣ ਭਾਵਨਾ ਨੂੰ ਜੀਵਤ ਰੱਖਣਾ । ਹਨੂੰਮਾਨ ਨੂੰ ਬਾਂਦਰ ਦੇ ਰੂਪ ਵਿੱਚ ਦੇਵਤਾ ਸਮਝਕੇ ਪੂਜਣ ਵਾਲਿਆਂ ਵਿਚ ਮਾਨਵੀ ਬੁੱਧੀ ਦਾ ਅੰਕੁਰ ਕਦੇ ਪੈਦਾ ਹੋ ਹੀ ਨਹੀਂ ਸਕਦਾ । ਪਛੜਿਆ ਵਰਗ ਅਤੇ ਅਛੂਤ ਵਰਗ ਜੇਕਰ ਸੰਗਠਤ ਹੋ ਜਾਣ ਤਾਂ ਸਵਰਨ ਹਿੰਦੂਆਂ ਤੋਂ ਆਪਣੇ ਅਧਿਕਾਰ ਖੋਹ ਸਕਦੇ ਹਨ । ਪ੍ਰੰਤੂ ਪਛੜਿਆ ਵਰਗ ਤਾਂ ਕਿਤੇ ਆਪਣੇ ਆਪ ਨੂੰ ਸ਼ਰਮਾ ਅਤੇ ਕਿਧਰੇ ਵਰਮਾ ਤੇ ਕਿਧਰੇ....ਠਾਕੁਰ ਦਾ ਝੂਠਾ ਲੇਬਲ ਲਾਈ ਬੈਠਾ ਹੈ । (ਜਿਵੇਂ ਕਰਪੂਰੀ ਠਾਕੁਰ) । ਇਹ (ਪਛੜੇ ਵਰਗ) ਅਛੂਤਾਂ ਨਾਲ ਇਤਨੀ ਘਿਰਨਾ ਕਰਦੇ ਹਨ ਜਿੰਨੀ ਸਵਰਨ ਹਿੰਦੂ, ਹਾਲਾਂ ਕਿ ਸਵਰਨਾਂ ਦੀ ਦ੍ਰਿਸ਼ਟੀ ਵਿਚ ਇਹ ਪਛੜਿਆ ਵਰਗ ਵੀ ਸ਼ੂਦਰ ਹੀ ਤਾਂ ਹੈ ।

ਜੇ ਮੇਰੀ ਇੱਛਾ ਅਤੇ ਨੀਤੀ ਅਨੁਸਾਰ ਭਾਰਤ ਦੇ ਸ਼ੂਦਰ, ਪਛੜਿਆ ਵਰਗ, ਅਛੂਤ ਅਤੇ ਜਨਜਾਤੀਆਂ ਆਪਸ ਵਿਚ ਸੰਗਠਤ ਹੋ ਜਾਣ ਅਤੇ ਸੰਘਰਸ਼ ਕਰਨ ਤਾਂ ਭਾਰਤ ਦੀ ਪ੍ਰਸ਼ਾਸਨ ਸੱਤਾ ਇਨ੍ਹਾਂ ਦੇ ਹੱਥ ਵਿਚ ਆ ਸਕਦੀ ਹੈ । ਪ੍ਰੰਤੂ ਦੁੱਖ ਦੀ ਗੱਲ ਤਾਂ ਇਹ ਹੈ ਕਿ ਭਾਰਤ ਦਾ ਪਛੜਿਆਂ ਵਰਗ ਸਵਰਨ ਵਰਣਾਂ ਦਾ ਲੇਬਲ ਲਗਾ ਰਿਹਾ ਹੈ ਅਤੇ ਸਾਡੇ ਨਾਲ ਅੰਦੋਲਨਾਂ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦਾ । ਦੁਰਭਾਗ ਦੀ ਗੱਲ ਹੈ ਕਿ ਪਛੜਿਆ ਵਰਗ ਸਛੂਤ-ਸ਼ੂਦਰ ਹੈ ਅਤੇ ਸਾਡੇ ਲੋਕ ਅਛੂਤ-ਸ਼ੂਦਰ । (ਸਛੂਤ ਦਾ ਅਰਥ ਹੈ ਛੋਹੇ ਜਾ ਸਕਣ ਵਾਲੇ, ਅਛੂਤ ਦਾ ਅਰਥ ਛੋਹੇ ਨਾ ਜਾ ਸਕਣ ਵਾਲੇ ।)

ਅੱਜ ਤੁਹਾਡਾ ਸਾਰੇ ਪਛੜੇ ਲੋਕਾਂ ਦਾ ਸਾਂਝਾ ਸੰਗਠਨ ਨਹੀਂ ਹੈ । ਜੇ ਤੁਸੀਂ ਸਾਰੇ ਪਛੜੇ ਵਰਗ ਅਤੇ ਅਨੁ: ਜਾਤੀਆਂ ਦੇ ਲੋਕ ਆਪਸ ਵਿਚ ਰਲ ਮਿਲ ਕੇ ਅਤੇ ਸੰਗਠਤ ਹੋ ਕੇ ਸੰਘਰਸ਼ ਕਰੋ ਤਾਂ ਗੋਬਿੰਦ ਵਲਭ ਪੰਤ (ਜਿਸ ਨੇ ਕਾਕਾ ਕਾਲੇਲਕਰ ਕਮਿਸ਼ਨ ਦੀ ਪਛੜੀਆਂ ਜਾਤੀਆਂ ਬਾਰੇ ਰਿਪੋਰਟ ਰੱਦ ਕਰਨ ਲਈ ਟਿੱਲ ਦਾ ਜ਼ੋਰ ਲਾਇਆ ਅਤੇ ਪਛੜੀਆਂ ਜਾਤੀਆਂ ਦੇ ਅਧਿਕਾਰ ਰੱਦ ਕਰ ਦਿੱਤੇ ਸਨ) ਵਰਗਾ ਬ੍ਰਾਹਮਣ ਤੁਹਾਡੇ ਪੈਰਾਂ ਦੇ ਬੂਟਾਂ ਦੇ ਤਸਮੇ (ਫੀਤੇ) ਖੋਲ੍ਹਣ 'ਤੇ ਮਾਣ ਮਹਿਸੂਸ ਕਰੇਗਾ । ਪ੍ਰੰਤੂ ਤੁਹਾਡੀ ਆਪਸੀ ਟੁੱਟ-ਭੱਜ ਅਤੇ ਅਨੁਸ਼ਾਸਨ ਹੀਣਤਾ ਨੇ ਇਨ੍ਹਾਂ ਬ੍ਰਾਹਮਣਾਂ ਨੂੰ ਸਿਰ 'ਤੇ ਬੈਠਣ ਦਾ ਅਵਸਰ ਦਿੱਤਾ ਹੈ ।

ਡਾ. ਅੰਬੇਡਕਰ ਬਾਰੇ ਸਿਆਣੇ ਲੋਕ ਕੀ ਕਹਿੰਦੇ ਹਨ ?

ਟੀ.ਟੀ. ਕ੍ਰਿਸ਼ਨਾਚਾਰੀ 'ਮੈਂਬਰ ਸੰਵਿਧਾਨ ਸਭਾ

ਕੇਵਲ ਉਹੀ (ਡਾ. ਅੰਬੇਡਕਰ) ਇਕ ਅਜਿਹਾ ਮਹਾਨ ਆਦਮੀ ਸੀ, ਜਿਸ ਨੇ ਭਾਰਤ ਦੇ ਸੰਵਿਧਾਨ ਨੂੰ ਤਰਾਸ਼ਿਆ ਅਤੇ ਬਣਾਇਆ, ਜਦੋਂ ਕਿ ਦੂਜੇ ਸਾਰੇ ਮੈਂਬਰਾਂ ਨੇ ਸੰਵਿਧਾਨ ਨੂੰ ਉਸ ਦੇ ਸਾਹਮਣੇ ਇਕ ਵੰਗਾਰ ਵਾਂਗ ਛੱਡ ਦਿੱਤਾ ਸੀ। 'ਔਰਤਾਂ' ਪਛੜੇ ਲੋਕ, ਬੰਧੂਆਂ ਮਜਦੂਰ, ਬਾਲ ਮਜਦੂਰ, ਦਬੀਆ-ਕੁਚਲੀਆਂ ਸ੍ਰੇਣੀਆਂ ਜਿਨ੍ਹਾਂ ਦੀ ਅਬਾਦੀ ਭਾਰਤ ਦੀ ਅਬਾਦੀ ਦਾ ਪਵਿੱਤਰ ਕਰੋੜ ਹੈ ਨੂੰ ਜੋ ਵੀ ਲਾਭ ਮਿਲਿਆ ਹੈ, (ਸਮਾਜਿਕ ਵਿੱਦਿਅਕ, ਰਾਜਨੀਤਕ, ਆਰਥਿਕ, ਕਾਨੂੰਨੀ) ਇਸ ਲਈ ਡਾ. ਅੰਬੇਡਕਰ ਦਾ ਨਾਮ ਸਭ ਤੋਂ ਉੱਪਰ ਹੈ। ਜਿਸ ਨੇ ਉਨ੍ਹਾਂ ਨੂੰ ਗੁਲਾਮੀ ਅਤੇ ਘਿਨਾਉਣੇ ਸ਼ੋਸ਼ਨ ਤੋਂ ਜੋ ਉਨ੍ਹਾਂ ਦੇ ਹੀ ਮੁਲਕ ਦੇ ਲੋਕਾਂ ਵੱਲੋਂ ਕੀਤਾ ਜਾਂਦਾ ਸੀ ਤੋਂ ਮੁਕਤੀ ਦਵਾਈ ਹੈ ਅਤੇ ਅਖੀਰ ਉਸ ਨੇ ਮੰਤਰੀ ਮੰਡਲ ਦੇ ਕਾਨੂੰਨ ਮੰਤਰੀ ਦੀ ਸ਼ਾਨੋ-ਸ਼ੌਕਤ ਵਾਲੀ ਪਦਵੀ ਦਾ ਵੀ, ਹਿੰਦੂ ਕੋਡ ਬਿੱਲ ਬਣਾ ਕੇ ਪਾਸ ਕਰਾਉਣ ਬਦਲੇ, ਔਰਤਾਂ ਦੀ ਮੁਕਤੀ ਅਤੇ ਭਲਾਈ ਦੇ ਮੰਤਵ ਖਾਤਰ ਕੁਰਬਾਨ ਕਰ ਦਿੱਤੀ।

ਪਰੰਤੂ ਪੰਡਤ ਅਰੁਣ ਸ਼ੋਰੀ ਆਪਣੀ ਕਿਤਾਬ 'ਝੂਠੇ ਦੇਵਤਿਆਂ ਦੀ ਪੂਜਾ' ਵਿਚ ਸੱਪ ਕੱਢਦੇ ਹਨ, ਕਿ :-

1. ਡਾ. ਅੰਬੇਡਕਰ ਭਾਰਤੀ ਸੰਵਿਧਾਨ ਦੇ ਮੁੱਖ ਘਾੜੇ ਨਹੀਂ ਸਨ।
2. ਉਹ ਭਾਰਤ ਵਿਚ ਬਰਤਾਨਵੀ ਰਾਜ ਦਾ ਸੰਦ ਅਤੇ ਵਕੀਲ ਸੀ।
3. ਉਹ ਨਾ ਦੇਸ਼ ਭਗਤ ਸੀ ਨਾ ਰਾਸ਼ਟਰਵਾਦੀ।
4. ਉਸਨੇ ਭਾਰਤ ਦੀ ਅਜ਼ਾਦੀ ਲਈ ਜੱਦੋ-ਜਹਿਦ ਵਿਚ ਕਦੀ ਭਾਗ ਨਹੀਂ ਲਿਆ। ਉਸ ਨੇ ਅਜ਼ਾਦੀ ਦੀ ਲਹਿਰ ਨੂੰ ਤਾਰਪੀਡੋ ਕੀਤਾ ਅਤੇ ਇਸ ਦੀ ਅਸਫਲਤਾ 'ਤੇ ਖੁਸ਼ ਹੁੰਦਾ ਰਿਹਾ।
5. ਉਹ ਭਾਰਤ ਦੀ ਅਜ਼ਾਦੀ ਨੂੰ ਪਿੱਛੇ ਧੱਕਣ ਲਈ ਬਰਤਾਨਵੀ ਚਲਾਕੀਆਂ ਦਾ ਮਦਦਗਾਰ ਰਿਹਾ। ਉਸ ਦਾ ਰੋਲ ਹਿੰਦੂ ਸਮਾਜ ਨੂੰ ਵੰਡਣ ਵਾਲਾ ਰਿਹਾ।
6. ਉਹ ਮੁਸਲਮ ਲੀਗ ਦਾ ਅਤੇ ਮੁਸਲਮ ਆਗੂਆਂ ਦਾ ਪਾਛੂ ਸੀ।
7. ਉਸ ਦਾ ਬੁੱਧ ਧਰਮ ਵਿਚ ਪਰਵਰਤਨ ਇਕ ਰਾਜਨੀਤਕ ਦਾਅ ਸੀ।
8. ਉਹ ਗਾਂਧੀ ਜੀ ਨੂੰ ਪਛਾੜਨ ਲਈ ਬਰਤਾਨਵੀਆਂ ਦੇ ਹੱਥਾਂ ਵਿਚ ਇਕ ਪ੍ਰਮੁੱਖ ਦਾਅ ਪੇਚ ਵਜੋਂ ਬਣਿਆ ਰਿਹਾ। (3-ਸ)

3 ਅਗਸਤ 1997 ਦੇ ਰੋਜ਼ਾਨਾ ਹਿੰਦੁਸਤਾਨ ਟਾਈਮਜ਼ (ਅੰਗਰੇਜ਼ੀ ਅਖ਼ਬਾਰ) ਵਿਚ ਪੱਤਰਕਾਰ ਖੁਸ਼ਵੰਤ ਸਿੰਘ ਨੇ ਅਰੁਣ ਸ਼ੋਰੀ ਦੇ ਉਪਰੋਕਤ ਸਿੱਟਿਆ ਦਾ ਡੱਟ ਕੇ ਸਮਰਥਨ ਕੀਤਾ। (3-ਸ)

ਪਰੰਤੂ ਇਕ ਦਿਨ ਪੰਡਤ ਨਹਿਰੂ ਤੇ ਸਰੋਜਨੀ ਨਾਇਡੂ ਨੇ ਮਹਾਤਮਾ ਗਾਂਧੀ ਨਾਲ ਮੁਲਾਕਾਤ ਕੀਤੀ ਤੇ ਆਪਣੀ ਚਿੰਤਾ ਪ੍ਰਗਟ ਕਰਦਿਆਂ, ਨਹਿਰੂ ਨੇ ਕਿਹਾ ਕਿ ਉਹ ਭਾਰਤ ਦਾ ਸੰਵਿਧਾਨ ਲਿਖ ਸਕਣ ਵਾਲੇ ਕਿਸੇ ਮਾਹਰ ਨੂੰ ਲੱਭਣ ਤੋਂ ਅਸਮਰਥ ਹਨ, ਇਸ ਲਈ ਸੰਵਿਧਾਨ ਮਾਹਰ ਸਰ ਆਈ ਵੋਰ ਜੈਨਿੰਗ ਨੂੰ ਬੁਲਾਇਆ ਜਾਵੇ। ਪਰੰਤੂ ਗਾਂਧੀ ਜੀ ਨੇ ਗੱਲ ਕਟਦਿਆਂ ਤੁਰੰਤ ਕਿਹਾ, "ਸਾਡੇ ਪਾਸ ਯਕੀਨਨ ਸੰਵਿਧਾਨ ਮਾਹਰ ਹੈ। ਡਾ. ਅੰਬੇਡਕਰ ਭਾਰਤ ਅੰਦਰ।" ਇਸ ਮੰਤਵ ਵਾਸਤੇ ਮੈਨੂੰ ਉਸ ਨੂੰ ਬੁਲਾਉਣ ਦਿਉ। (ਪ੍ਰੋ. ਜੀ ਐਸ. ਲੋਖਾਂਡੇ 'ਏ ਸਟੱਡੀ ਇਨ ਸੋਸ਼ਲ ਡੇਮੋਕਰੇਸੀ, ਸਫਾ-62।)

ਡਾ. ਅੰਬੇਡਕਰ ਦੀ ਮੌਤ 'ਤੇ ਪੰਡਤ ਨਹਿਰੂ ਨੇ ਕਿਹਾ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਡਾਕਟਰ ਅੰਬੇਡਕਰ ਤੋਂ ਵੱਧ ਸੰਵਿਧਾਨ ਬਣਾਉਣ ਵਿਚ ਕਿਸੇ ਵੀ ਹੋਰ ਨੇ ਐਸੀ ਪ੍ਰਵਾਹ ਨਹੀਂ ਕੀਤੀ ਅਤੇ ਨਾ ਹੀ ਉਸ ਤੋਂ ਵੱਧ ਕਿਸੇ

ਨੇ ਮੁਸ਼ਕਲਾਂ ਝੱਲੀਆ।" (5) 'ਗਰੇਟ ਫਰੀਡਮ ਫਾਈਟਰ ਅਤੇ ਰਾਸ਼ਟਰਵਾਦੀ' ਵਿਚ ਲਿਖਿਆ ਹੈ ਕਿ ਇਸ ਲਹਿਰ ਦਾ ਇਕੋ-ਇਕ ਮੰਤਵ ਭਾਰਤ ਲਈ ਆਜ਼ਾਦੀ ਪ੍ਰਾਪਤ ਕਰਨਾ ਨਹੀਂ ਸੀ, ਜੋ ਬਰਤਾਨਵੀ ਹਾਕਮਾਂ ਦੇ 150 ਸਾਲਾਂ ਦੇ ਰਾਜ ਦੀ ਜਕੜ ਵਿਚ ਸੀ, ਇਸ ਨਾਲੋਂ ਅਛੂਤਾਂ ਅਤੇ ਪਛੜੀਆਂ ਜਾਤਾਂ ਲਈ, ਜੋ ਆਪਣੇ ਹੀ ਮੁਲਕ ਦੇ, ਉੱਚੀਆਂ ਜਾਤਾਂ ਕਹੇ ਜਾਣ ਵਾਲੇ ਲੋਕਾਂ ਦੇ ਹੱਥੋਂ ਗੁਲਾਮੀ ਦੀਆਂ ਬੇਤਹਾਸ਼ਾ ਮੁਸੀਬਤਾਂ ਝੱਲ ਰਹੇ ਸਨ ਦੀ ਅਸਲੀ ਆਜ਼ਾਦੀ ਵਾਸਤੇ ਸੀ। ਉਹ ਗੁਲਾਮੀ ਜੋ 3000 ਵਰ੍ਹਿਆਂ ਤੋਂ ਜਾਰੀ ਸੀ। ਆਪਣੇ ਮਕੱਸਦ ਦੀ ਪ੍ਰਾਪਤੀ ਲਈ ਡਾ. ਅੰਬੇਡਕਰ ਹਮੇਸ਼ਾ ਅੰਗਰੇਜ਼ ਹਾਕਮਾਂ 'ਤੇ ਇਹੀ ਦਬਾਅ ਪਾਉਂਦੇ ਰਹੇ ਕਿ ਉਹ ਅਜਿਹੇ ਵਿਸ਼ੇਸ਼ ਪ੍ਰਬੰਧ ਕਰਨ ਤਾਂ ਕਿ ਭਾਰਤ ਦੇ ਬਦਕਿਸਮਤ ਲੋਕ ਮਨੁੱਖਾਂ ਦੀ ਤਰ੍ਹਾਂ ਜੀਵਨ ਜਿਉਣ ਲਈ ਘੱਟੋ-ਘੱਟ ਬੁਨਿਆਦੀ ਅਧਿਕਾਰ ਜ਼ਰੂਰ ਪ੍ਰਾਪਤ ਕਰ ਲੈਣ।' (6)

ਉੱਠਦੇ ਪ੍ਰਸ਼ਨ :- 1. ਕੀ 3000 ਸਾਲਾਂ ਤੋਂ ਘਿਨਾਉਣੀ ਗੁਲਾਮੀ ਸਹਿ ਰਹੇ ਲੋਕਾਂ ਦੀ ਆਜ਼ਾਦੀ ਅਤੇ ਬਰਾਬਰੀ ਲਈ ਲੜਨਾ, ਆਜ਼ਾਦੀ ਦੀ ਲਹਿਰ ਨਹੀਂ।

2. ਕੀ ਹਜ਼ਾਰਾਂ ਸਾਲ ਤੋਂ ਲੁੱਟੇ-ਪੁੱਟੇ, ਕੁੱਟੇ-ਮਾਰੇ, ਦੁਰਕਾਰੇ-ਦਬਾਏ, ਕੁਚਲੇ ਤੇ ਅਪਮਾਨਤ ਕੀਤੇ ਬਹੁਗਿਣਤੀ ਲੋਕਾਂ ਲਈ ਲੜਨਾ, ਆਜ਼ਾਦੀ ਦੀ ਲਹਿਰ ਨਹੀਂ ?

3. ਕੀ ਪਚਾਸੀ ਪ੍ਰਤੀਸ਼ਤ ਮਜਬੂਰ, ਲਾਚਾਰ ਤੇ ਗੁਲਾਮ ਭਾਰਤ ਦੇ ਲੋਕ ਨਹੀਂ ਸਨ ?

4. ਕੀ ਅਜ਼ਾਦੀ ਦਾ ਅਰਥ ਕੇਵਲ ਉੱਚੀਆਂ ਜਾਤਾਂ ਦੇ ਹੱਥ ਵਿਚ ਰਾਜ ਭਾਗ ਦੇਣਾ ਹੀ ਹੈ ?

5. ਕੀ ਤਿੰਨ ਹਿੱਸੇ ਆਬਾਦੀ ਲਈ ਲੜਨਾ ਮਰਨਾ ਕੁਰਬਾਨ ਹੋਣਾ, ਰਾਸ਼ਟਰ ਪ੍ਰੇਮ ਨਹੀਂ ?

6. ਕੀ ਗਾਂਧੀ, ਹਿੰਦੂਆਂ ਤੇ ਕਾਂਗਰਸ ਨੇ ਅੰਗਰੇਜ਼ੀ ਰਾਜ ਦਾ ਕਦੀ ਸਾਥ ਨਹੀਂ ਦਿੱਤਾ ? ਆਦਿ ।

ਤੇ ਮਹਾਤਮਾ ਗਾਂਧੀ ਨੇ ਕਿਹਾ :-

ਉਹ ਸੂਚਨਾਵਾਂ ਜੋ ਮੈਨੂੰ ਤੁਹਾਡੇ (ਡਾ. ਅੰਬੇਡਕਰ ਨੂੰ) ਗੋਲਮੇਜ ਕਾਨਫਰੰਸ ਵਿਚ ਕੀਤੇ ਗਏ ਰੋਲ ਬਾਰੇ ਮਿਲੀਆ, ਉਸ ਤੋਂ ਮੈਂ ਜਾਣਦਾ ਹਾਂ ਕਿ ਤੁਸੀਂ ਇਕ ਮੁੱਲਵਾਨ ਦੇਸ਼ ਭਗਤ ਹੋ। (ਬੰਬੇ 14.8.1931) ਦਿਮਾਗੀ ਤੌਰ 'ਤੇ ਉਹ (ਅੰਬੇਡਕਰ) ਹਜ਼ਾਰਾਂ ਬੁੱਧੀਜੀਵੀ ਅਤੇ ਵਿਦਵਾਨ ਹਿੰਦੂਆਂ ਤੋਂ ਕਿਤੇ ਉੱਤਮ ਹੈ। ਇਸ ਦੇਸ਼ ਦੀ ਸਰਕਾਰ ਦਾ ਕੋਈ ਅਜਿਹਾ ਸਥਾਨ ਨਹੀਂ ਹੈ, ਜਿਥੇ ਉਹ (ਅੰਬੇਡਕਰ) ਪਹੁੰਚ ਨਹੀਂ ਸਕਦਾ। (10.6.1936)

ਡਾ. ਅੰਬੇਡਕਰ ਨੇ (ਬਾਲ ਵਿਆਹ ਦੀ ਥਾਂ) ਸ਼ਾਦੀ ਦੀ ਉਮਰ ਅਠਾਰਾਂ ਸਾਲ ਕਰ ਦਿੱਤੀ ਅਤੇ ਜਿਵੇਂ ਉਨ੍ਹਾਂ ਹਿੰਦੂ ਕੋਡ ਬਿੱਲ ਵਿਚ ਵਰਨਣ ਕੀਤਾ ਹੈ, ਔਰਤਾਂ ਨੂੰ ਜਲੀਲ ਕਰਨ ਵਾਲੇ ਸਾਰੇ ਪ੍ਰਬੰਧਾਂ ਵਿਰੁੱਧ, ਔਰਤਾਂ ਨੂੰ ਸਾਰੇ ਅਧਿਕਾਰ ਦੇ ਦਿੱਤੇ। (13)

ਪ੍ਰੋ. ਪੀ.ਡੀ. ਕੌਸ਼ਕ ਸਾਗਰ ਯੂਨੀਵਰਸਿਟੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ :-'ਡਾ. ਅੰਬੇਡਕਰ ਨੇ 6 ਦਸੰਬਰ ਨੂੰ ਅੰਤਮ ਸਾਹ ਲਿਆ। ਇਉ ਉਹ ਕੇਵਲ 65 ਸਾਲ ਜੀਵਿਆ । ਪਰੰਤੂ ਇਨ੍ਹਾਂ 65 ਸਾਲਾਂ ਵਿਚ, ਭਾਰਤ ਮਾਂ ਦਾ ਚਿਹਰਾ ਐਨਾ ਤਬਦੀਲ ਹੋ ਗਿਆ ਜਿੰਨਾ ਪੌਹਟ ਦਹਾਕਿਆ ਵਿਚ ਨਹੀਂ ਸੀ ਹੋਇਆ।' ਰਾਜਨੀਤਕ ਖੇਤਰ ਵਿਚ ਇਸ ਨੇ ਗੁਲਾਮੀ ਦੀ ਜਕੜ ਤੋੜੀ ਅਤੇ ਇਕ ਆਜ਼ਾਦ ਮੁਲਕ ਹੋਂਦ ਵਿਚ ਆਇਆ, ਜਿਸ ਵਿਚ ਨਵੀਂ ਸ਼ਕਤੀ ਅਤੇ ਨਵਾਂ ਜੋਸ਼ ਭਰਿਆ ਗਿਆ। ਆਰਥਿਕ ਖੇਤਰ ਵਿਚ ਇਸ ਨੇ ਖੇਤੀ ਯੁੱਗ ਨੂੰ ਪਿੱਛੇ ਕਰ ਦਿੱਤਾ ਅਤੇ ਉਦਯੋਗੀ ਸਮਾਜ ਵਿਚ ਪ੍ਰਵੇਸ਼ ਕੀਤਾ। ਸਮਾਜਿਕ ਖੇਤਰ ਵਿਚ ਇਸ ਨੇ ਜਗੀਰੂ ਨਾਬਰਾਬਰੀਆਂ ਅਤੇ ਘਟੀਆ ਸੰਸਥਾਵਾਂ ਜਿਵੇਂ ਅਛੂਤਪਣ ਖਤਮ ਕੀਤਾ ਤਾਂ ਕਿ ਨਵਾਂ ਸਮਾਜਿਕ ਪ੍ਰਬੰਧ ਪੈਦਾ ਹੋ ਸਕੇ ਜੋ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ 'ਤੇ ਟਿਕਿਆ ਹੋਵੇ। ਡਾ: ਕਟਰ ਅੰਬੇਡਕਰ ਦੀ ਇਸ ਰਾਜਸੀ ਸਮਾਜੀ ਤੇ ਆਰਥਿਕ ਇਨਕਲਾਬ ਵਿਚ ਘੱਟੋ-ਘੱਟ ਸਮਾਜਿਕ ਅਤੇ ਸੰਵਿਧਾਨਕ ਪ੍ਰਬੰਧ ਵਿਚ ਕਿਸੇ ਵੀ ਦੂਜੇ ਤੋਂ ਘੱਟ ਦੇਣ ਨਹੀਂ ਸੀ। (18)

ਸ੍ਰੀ ਸੀ ਐਮ. ਵਾਘ ਰਜਿਸਟਰਾਰ ਮਲਿੰਦ ਵਿਦਿਆਲਿਆ ਨੇ ਕਿਹਾ :-ਲਾਰਡ ਭੀਮ (ਡਾ. ਅੰਬੇਡਕਰ)

ਅਹਿੰਸਾ ਦਾ ਉੱਤਮ ਪੁਜਾਰੀ, ਸਚਾਈ ਦਾ ਸੰਦੇਸ਼ ਵਾਹਕ, ਇਨਸਾਫ ਦਾ ਮੁਜੱਸਮਾਂ, ਸ਼ਾਂਤੀ ਦਾ ਦੂਤ, ਮੁਕਤੀ ਦਾ ਸਿਰਜਕ (ਦਾਤਾ), ਮਨੁੱਖਤਾ ਦੀ ਅਵਾਜ਼, ਸਿਆਣਪਾ ਦਾ ਦੇਵਤਾ, ਮਾਨਵਤਾ ਦਾ ਮਸੀਹਾ, ਮੁਕਤੀ ਦਾਤਾ (ਯੋਧਾ), ਸੁਕਰਾਤ ਵਰਗਾ ਦਾਰਸ਼ਨਕ, ਅਰਸਤੂ ਵਰਗਾ ਕਾਨੂੰਨਦਾਨ, ਡਮੋਸਥੀਨ ਵਰਗਾ ਵਕਤਾ, ਸੈਮਸਨ ਵਰਗਾ ਬੁੱਧੀਮਾਨ, ਕੌਮ ਦਾ ਨਿਰਮਾਤਾ ਅਤੇ ਨਵੇਂ ਸਮਾਜ ਦਾ ਸਿਰਜਕ ਸੀ। (18)

ਉਹ ਧਰਮ ਜੋ ਤੁਹਾਨੂੰ, ਆਦਮੀ ਮੰਨਣ ਨੂੰ ਤਿਆਰ ਨਹੀਂ, ਤੁਹਾਨੂੰ ਪੀਣ ਲਈ ਪਾਣੀ ਦੇਣ ਨੂੰ ਤਿਆਰ ਨਹੀਂ ਤੇ ਤੁਹਾਨੂੰ ਮੰਦਰਾਂ ਵਿਚ ਜਾਣ ਦੀ ਆਗਿਆ ਨਹੀਂ ਦਿੰਦਾ ਧਰਮ ਕਹਾਉਣ ਦਾ ਹੱਕਦਾਰ ਨਹੀਂ ਹੈ। ਉਹ ਧਰਮ ਜੋ ਆਪਣੇ ਪੈਰੋਕਾਰਾਂ ਨੂੰ ਆਪਣੇ ਸਹਿਧਰਮੀਆਂ ਨਾਲ ਮਨੁੱਖਾਂ ਵਾਂਗ ਸਾਂਝਾ ਵਰਤਣਾ ਨਹੀਂ ਸਿਖਾਉਂਦਾ, ਕੁਝ ਨਹੀਂ ਬੱਸ ਤਾਕਤ ਦੀ ਦੁਰਵਰਤੋਂ ਹੈ। ਉਹ ਧਰਮ ਜੋ ਆਪਣੇ ਪੂਜਕਾਂ ਨੂੰ ਮੰਨਣ ਵਾਲਿਆਂ ਨੂੰ ਕਹਿੰਦਾ ਹੈ ਕਿ ਮਨੁੱਖਾਂ ਨੂੰ ਛੂਹਣਾ ਪਾਪ ਹੈ, ਪਰੰਤੂ ਪਸ਼ੂਆਂ ਨੂੰ ਛੂਹਣਾ ਪੁੰਨ ਵਾਂਗ, ਉਹ ਧਰਮ ਨਹੀਂ ਧੋਖਾ ਹੈ। ਉਹ ਧਰਮ ਜੋ ਕੁਝ ਜਮਾਤਾਂ (ਜਾਤਾਂ) ਨੂੰ ਵਿੱਦਿਆ ਪੜ੍ਹਨ ਤੋਂ ਰੋਕਦਾ ਹੈ, ਧਨ ਰੱਖਣ ਤੋਂ ਮਨ੍ਹਾਂ ਕਰਦਾ ਹੈ, ਹਥਿਆਰ ਰੱਖਣ 'ਤੇ ਪਾਬੰਦੀਆਂ ਲਾਉਂਦਾ ਹੈ, ਧਰਮ ਨਹੀਂ, ਇਕ ਧੋਖਾ ਹੈ। ਉਹ ਧਰਮ ਜੋ ਅਣਜਾਣਾਂ ਅਗਿਆਨੀਆਂ ਨੂੰ ਅਣਜਾਣ ਬਣੇ ਰਹਿਣ ਲਈ ਮਜਬੂਰ ਕਰਦਾ ਹੈ, ਧਰਮ ਨਹੀਂ, ਇਕ ਪਾਬੰਦੀ ਹੈ।(29)

ਡਾ. ਸੰਜੀਵਾ ਰੈਡੀ (ਸਪੀਕਰ ਲੋਕ ਸਭਾ ਤੇ ਰਾਸ਼ਟਰਪਤੀ) ਨੇ 2 ਅਪ੍ਰੈਲ 1967 ਨੂੰ ਕਿਹਾ ਸੀ

ਡਾ. ਅੰਬੇਡਕਰ ਦਾ ਜੀਵਨ, ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਵਜੋਂ ਕ੍ਰਾਂਤੀ ਦੀ ਕਹਾਣੀ ਹੈ। ਉਹ ਮਨੁੱਖ ਦੀ ਸ਼ਾਨ ਵਾਸਤੇ ਲੜਨ ਵਾਲਾ ਯੋਧਾ ਸੀ। ਸਮਾਜਿਕ ਸੁਧਾਰ ਦੇ ਖੇਤਰ ਵਿਚ ਉਸ ਨੇ ਬਹੁਤ ਸਾਰੇ ਮਾਮਲਿਆਂ ਨੂੰ ਉਠਾਇਆ। ਉਸ ਨੂੰ ਹਿੰਦੂ ਸਮਾਜ ਦੀਆਂ ਜਾਬਰ ਵਿਸ਼ੇਸ਼ਤਾਵਾਂ ਵਿਰੁੱਧ ਕ੍ਰਾਂਤੀ ਦੇ ਸਤੰਭ ਵਜੋਂ ਯਾਦ ਕੀਤਾ ਜਾਵੇਗਾ। ਬਹੁਤ ਲੋਕ ਕਹਿੰਦੇ ਹਨ ਕਿ ਉਹ ਇਕ ਭਿੜਤੂੰ (ਕੰਟਰੋਵਰਸ਼ੀਅਲ) ਮਨੁੱਖ ਸੀ। ਪਰੰਤੂ ਮੇਰੇ ਲਈ ਡਾ. ਅੰਬੇਡਕਰ ਦੀ ਜ਼ੋਰਦਾਰ ਵਿਸ਼ੇਸ਼ਤਾ ਇਹ ਸੀ ਕਿ ਉਹ ਇਕ ਖੁੱਦਾਰ ਤੇ ਚੱਟਾਨੀ ਯੋਧਾ ਅਤੇ ਨਾ ਹਾਰਨ ਵਾਲਾ ਵਿਅਕਤ ਸੀ, ਜਿਸ ਨੇ ਉਸ ਨੂੰ ਵਿਅਕਤੀਗਤ ਘਾਟਾਂ ਉੱਤੇ ਭਾਰੂ ਰੱਖਿਆ। ਉਸ ਦਾ ਜੀਵਨ ਪਰਚੱਲਣ ਜੋਸ਼ੀਲਾ ਬਹੁਪੱਖੀ ਅਤੇ ਕਮਾਲ ਦਾ ਸੀ। ਉਸ ਦਾ ਜੀਵਨ ਮਾਨਵਤਾ ਦੇ ਦਬੇ-ਕੁਚਲੇ ਲੋਕਾਂ ਲਈ ਇਕ ਪ੍ਰੇਰਨਾ ਦੀ ਉਦਾਹਰਣ ਪੇਸ਼ ਕਰਦਾ ਹੈ ਕਿ ਕਿਸੇ ਜਮਾਤ, ਜਾਤ, ਸੁਖ ਸਹੂਲਤ, ਅਮੀਰੀ ਦੀ ਕੋਈ ਦੀਵਾਰ ਕਿਸੇ ਵਿਅਕਤੀ ਨੂੰ ਪੂਰਨ ਵਿਕਾਸ ਕਰਨ ਤੋਂ ਨਹੀਂ ਰੋਕ ਸਕਦੀ, ਜਿਸ ਨੇ ਆਪਣੀ ਸ਼ਖਸੀਅਤ ਨੂੰ ਸਬਰ ਭਰੀ ਮੁਸ਼ੱਕਤ ਜਗਦੀ ਅਰਪਤ ਭਾਵਨਾ, ਵੱਡਾ ਹੌਸਲਾ ਅਤੇ ਸਵੈ ਕੁਰਬਾਨੀ ਦੇ ਸਹਾਰੇ ਉਚਿਆਉਣ ਦਾ ਫੈਸਲਾ ਕਰ ਲਿਆ ਹੋਵੇ।(48)

ਜਸਟਿਸ ਗਜਿੰਦਰਾ ਗਡਕਰ

ਸਮੇਂ ਦੇ ਚੱਕਰ ਨੇ ਪੂਰਾ ਗੇੜਾ ਖਾਧਾ। ਸੱਚ ਮੁੱਚ ਇਹ ਇਕ ਕਾਵਿਮਈ ਇਨਸਾਫ ਸੀ ਕਿ ਡਾਕਟਰ ਅੰਬੇਡਕਰ, ਜਿਸ ਨੇ 1927 ਵਿਚ, ਜਨਤਾ ਵਿਚ ਖੜ੍ਹ ਕੇ ਮਨੂੰ ਸਿਮਰਤੀ ਸਾੜੀ ਨੂੰ ਹਿੰਦੂਆਂ ਨੂੰ ਇਕ ਨਵਾਂ ਵਿਧਾਨ ਦੇਣ ਦਾ ਕਾਰਜ ਸੌਂਪਿਆ ਗਿਆ। ਇਸ ਨੂੰ ਇਉਂ ਬਿਆਨਿਆ ਜਾ ਸਕਦਾ ਹੈ। 'ਸਮੇਂ ਦਾ ਹਿੰਦੂ ਸਮਾਜ ਤੋਂ ਇਕ ਮਿੱਠਾ ਬਦਲਾ।' ਇਕ ਅਛੂਤ ਜਿਸ ਨੇ ਬੇਤਹਾਸ਼ਾ ਅਪਮਾਨ ਸਹੇ, ਕਿਉਂਕਿ ਉਹ ਇਕ ਮਹਾਰ ਸੀ। ਉਹ ਅਜ਼ਾਦ ਭਾਰਤ ਦਾ ਪਹਿਲਾ ਕਾਨੂੰਨ ਮੰਤਰੀ ਬਣਿਆ ਤੇ ਇਉ ਉਸਦਾ ਇਹ ਫਰਜ ਬਣ ਗਿਆ ਕਿ ਉਹ ਸੰਸਦ ਵਿਚ 'ਬਦਲਿਆ ਹੋਇਆ' ਹਿੰਦੂ ਕੋਰ ਬਿੱਲ ਪੇਸ਼ ਕਰੇ।'(49)

ਡਾ. ਕਟਰ ਕੁਰਤਾ ਕੋਟੀ ਸ਼ੰਕਰਾਚਾਰੀਆ (ਹਿੰਦੂ ਧਰਮ)

21 ਅਕਤੂਬਰ 1936 :-ਉਸ ਦੇ ਨਿਰੰਤਰ ਅਤੇ ਬਲਸ਼ਾਲੀ ਯਤਨਾਂ ਲਈ, ਜੋ ਉਸ ਨੇ ਅਛੂਤ ਸਮਾਜ ਨੂੰ ਉਪਰ ਉਠਾਉਣ ਲਈ ਅਤੇ ਉਨ੍ਹਾਂ ਦੇ ਮਨਾਂ ਅੰਦਰ ਝੱਲੇ ਗਏ ਅਪਮਾਨਾਂ ਅਤੇ ਦੁੱਖਾਂ ਬਾਰੇ ਗਹਿਰੀ ਸੋਚ ਪੈਦਾ ਕਰਨ ਲਈ ਕੀਤੇ, ਸਾਨੂੰ ਉਸ (ਡਾ. ਅੰਬੇਡਕਰ) ਦੇ ਧੰਨਵਾਦੀ ਤੇ ਸ਼ੁਕਰ ਗੁਜਾਰ ਹੋਣਾ ਚਾਹੀਦਾ ਹੈ। ਜਿਸ ਨਾਲ ਉਹ ਲੋਕ ਸਮਝਣ ਅਤੇ ਤਿਆਰੀ ਕਰਨ ਲੱਗੇ ਸਨ ਕਿ ਇਸ ਗੰਦਗੀ ਭਰੇ (ਜਲੀਲਤਾ ਭਰੇ) ਪ੍ਰਬੰਧ ਨੂੰ ਸਮਾਪਤ ਕਰ ਦਿੱਤਾ ਜਾਵੇ। ਜਿਸ ਨੇ ਹੁਣ ਤੱਕ ਉਨ੍ਹਾਂ ਨੂੰ ਤਬਾਹ ਕਰ ਦਿੱਤਾ ਸੀ। ਸਾਨੂੰ ਆਪਣੀਆਂ ਅੱਖਾਂ ਖੋਲ੍ਹ ਕੇ ਵੇਖਣਾ ਚਾਹੀਦਾ ਹੈ ਅਤੇ ਇਸ ਮਾਮਲੇ ਨਾਲ ਸੰਬੰਧਤ ਲੋਕ ਜਾਗ੍ਰਤੀ ਤੋਂ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਡਾਕਟਰ ਅੰਬੇਡਕਰ ਦੇ ਖਾੜਕੂ ਵਤੀਰੇ ਨੂੰ ਸਮਝ ਲੈਣਾ ਚਾਹੀਦਾ ਹੈ।(3/49)

ਮਿਸਟਰ ਯੂ ਨੂ. ਪ੍ਰਧਾਨ ਮੰਤਰੀ ਬਰਮਾ

ਅਸੀਂ ਏਥੇ ਡਾ. ਬੀ.ਆਰ. ਅੰਬੇਡਕਰ ਦੀ ਪਹਿਲੀ ਬਰਸੀ 'ਤੇ ਇਕੱਠੇ ਹੋਏ ਹਾਂ, ਭਾਰਤ ਨੇ ਉਸ ਦੀ ਮੌਤ ਨਾਲ ਆਪਣੇ ਕਮਾਲ ਦੇ ਪੁੱਤਰਾਂ ਵਿਚੋਂ ਇਕ ਨੂੰ ਖੋਅ ਲਿਆ ਹੈ। ਇਹ ਦਰੁਸਤ ਹੈ ਕਿ ਇਸ ਦਿਨ ਤੇ ਸਾਨੂੰ ਇਕ ਅਜਿਹੇ ਮਨੁੱਖ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕਰਨੀ ਹੈ, ਜਿਸਨੇ ਆਪਣੇ ਉੱਚੇ ਆਦਰਸ਼ ਅਤੇ ਉਸ ਦੇ ਸਚਾਈ

ਅਤੇ ਇਨਸਾਫ ਲਈ ਜਜਬੇ ਖਾਤਰ ਆਪਣੇ ਮੁਲਕ ਦੇ ਕਰੋੜਾਂ ਲੋਕਾਂ ਨੂੰ ਉਤਸ਼ਾਹਤ ਕੀਤਾ ਅਤੇ ਪ੍ਰੇਰਨਾ ਦਿੱਤੀ। ਡਾ. ਕਟਰ ਅੰਬੇਡਕਰ ਨੇ ਆਪਣੇ ਜੀਵਨ ਸੰਘਰਸ਼ ਨਾਲ ਇਹ ਸਾਬਤ ਕੀਤਾ ਕਿ ਆਦਮੀ ਦੀ ਉੱਚਤਾ ਅਮੀਰਾਂ, ਉੱਚੇ ਘਰ ਜਨਮ ਅਤੇ ਚੰਗੇ ਸਬੰਧਾ ਉੱਤੇ ਨਿਰਭਰ ਨਹੀਂ ਕਰਦੀ।(50)

ਲਾਰਡ ਕੇਸੇ (ਗਵਰਨਰ ਬੰਗਾਲ 1944-46) ਮੈਂ ਉਸ (ਡਾ. ਅੰਬੇਡਕਰ) ਨਾਲ ਕੀਤੀਆਂ ਮੀਟਿੰਗਾਂ ਵਿਚੋਂ ਵੱਡੀ ਖੁਸ਼ੀ ਮਾਣੀ ਅਤੇ ਲਾਭ ਲਿਆ। ਉਹ ਵਿਸ਼ਾਲ ਗਿਆਨ ਸੱਭਿਆਚਾਰ ਅਤੇ ਸਿਆਣਪ ਦਾ ਮਾਲਕ ਹੈ ਅਤੇ 5 ਕਰੋੜਭਾਰਤ ਦੇ ਅਛੂਤ ਹਿੰਦੂਆਂ ਦੀ ਤਕਦੀਰ ਬਣਾਉਣ ਦੇ ਮਹਾਨ ਕਾਰਜ ਦਾ ਅਤਿ ਸਦ੍ਰਿੜ ਯੋਧਾ ਹੈ, ਜੇ ਮੈਂ ਅਛੂਤ ਜਾਤੀ ਦਾ ਮੈਂਬਰ ਹੁੰਦਾ ਤਾਂ ਮੈਂ ਡਾ. ਅੰਬੇਡਕਰ ਦੇ ਕੰਮ ਕਰਨ ਅਤੇ ਮੇਰੇ ਲਈ ਕੀਤੀ ਜਾਂਦੀ ਜੱਦੋ-ਜਹਿਦ ਨਾਲ ਬਹੁਤ ਸੰਤੁਸ਼ਟ ਹੁੰਦਾ।(50)

ਲਾਰਡ ਅਮੇਰੀ (ਸਟੇਟ ਸਕੱਤਰ ਬਰਤਾਨਵੀ ਸਰਕਾਰ) (13 ਜੂਨ 1941)

ਮੇਰਾ ਭਰੋਸਾ ਹੈ ਕਿ ਸੱਚ-ਮੁੱਚ ਉਹ ਅਸਲੀ ਯਥਾ ਸ਼ਕਤੀ ਵਾਲਾ ਆਦਮੀ ਹੈ ਅਤੇ ਕਿਸੇ ਨਾ ਕਿਸੇ ਸਿਆਣਪ ਵਿਚ ਉਹ ਦਬੀਆਂ ਕੁਚਲੀਆਂ ਭਾਵਨਾਵਾਂ ਰਾਹੀਂ ਮੁਸ਼ੱਕਤ ਦਾ ਪ੍ਰਗਟਾਵਾ ਕਰਦਾ ਹੈ।(52)

ਡਾ. ਪਿੰਤਬਰ ਦੱਤ ਕੌਸ਼ਕ (ਪ੍ਰੋ)

ਅੰਬੇਡਕਰ ਦਾ ਜੀਵਨ ਵਿਸ਼ੇਸ਼ ਭਾਰਤ ਦੀ ਸਫਲਤਾ ਦੀ ਗਾਥਾ ਹੈ। ਭਾਰਤ ਵਿਚ, ਇਥੋਂ ਤੱਕ ਕਿ ਸਾਰੇ ਸੰਸਾਰ ਵਿਚ ਸ਼ਾਇਦ ਹੀ ਕੋਈ ਆਦਮੀ ਐਨੀਆਂ ਵਿਰੋਧੀ ਹਾਲਤਾਂ ਵਿਚ ਐਨੀ ਉਚਾਈਆਂ ਤੱਕ ਪਹੁੰਚਿਆ ਹੋਵੇ। ਇਹ ਸੱਚ ਹੈ ਕਿ ਮਹਾਨ ਆਦਮੀ ਕੇਵਲ ਮਹਿਲਾ ਵਿਚੋਂ ਪੈਦਾ ਨਹੀਂ ਹੁੰਦੇ, ਇਹ ਲੁਹਾਰਾ , ਮੋਚੀਆਂ, ਪਥੇਰਿਆਂ ਦੀਆਂ ਝੁੱਗੀਆਂ ਵਿਚੋਂ ਵੀ ਜਨਮ ਲੈਂਦੇ ਹਨ। ਪਰੰਤੂ ਇਹ ਸੱਚ ਕੇਵਲ ਅੰਬੇਡਕਰ ਲਈ ਰਾਖਵਾਂ ਹੈ ਕਿ ਉਹ ਮਹਾਨਤਾ ਦੀਆਂ ਉਚਾਈਆਂ ਤੱਕ ਧੂੜ ਮਿੱਟੀ ਤੋਂ ਵੱਧ ਕਿਤੋਂ ਨਹੀਂ ਉੱਠਿਆ ।(52)

ਡਾ. ਏ.ਸੀ. ਪਰਨਜਾਪੇ (ਪ੍ਰੋ) ਸਾਈਮਨ ਫਰੇਜ਼ਰ ਯੂਨੀਵਰਸਿਟੀ ਕਨਾਡਾ

ਪਿਛਲੇ ਸੈਂਕੜੇ ਸਾਲਾਂ ਦੇ ਭਾਰਤ ਦੇ ਇਤਿਹਾਸ ਵਿਚ ਬਹੁਤ ਸਾਰੇ ਮਹਾਨ ਵਿਅਕਤੀ ਅਤੇ ਦਇਆਲੂ ਮਨੁੱਖ ਦਰਜ ਹੋਏ ਹਨ।...ਡਾ. ਅੰਬੇਡਕਰ ਬਿਨਾਂ ਸ਼ੱਕ ਇਨ੍ਹਾਂ ਮਹਾਨ ਸ਼ਖਸੀਅਤਾਂ ਦੀ ਸੂਚੀ ਵਿਚ ਇਕ ਅਨੋਖੀ ਥਾਂ ਰੱਖਦੇ ਹਨ। ਉਸ ਨੂੰ ਕੇਵਲ ਦਬੀਆ-ਕੁਚਲੀਆਂ ਜਮਾਤਾਂ ਦੇ ਚੈਂਪੀਅਨ ਅਤੇ ਭਾਰਤੀ ਸੰਵਿਧਾਨ ਦੇ ਇਕ ਮੈਂਬਰ ਵਜੋਂ ਹੀ ਗਿਣਿਆ ਜਾਣਿਆ ਨਹੀਂ ਜਾ ਸਕਦਾ, ਪਰੰਤੂ ਉਹ ਇਕ ਮਹਾਨ ਦਾਨਸ਼ਵਰ, ਬੁੱਧੀਮਾਨ, ਇਕ ਵਿਦਵਾਨ, ਰਾਜਨੀਤੀ ਨੇਤਾ, ਮਜਦੂਰ ਨੇਤਾ ਅਤੇ ਧਾਰਮਿਕ ਆਗੂ ਵੀ ਸੀ।(15/53)

ਡਾ. ਐਚ ਐਸ. ਕੁੰਜਰੂ (ਪ੍ਰਧਾਨ ਸੰਸਾਰ ਮਾਮਲੇ ਭਾਰਤੀ ਕੌਂਸਲ)

ਡਾ. ਬੀ ਆਰ. ਅੰਬੇਡਕਰ ਦਾ ਨਾਂ ਦੋ ਕਾਰਨਾਂ ਕਰਕੇ ਭਾਰਤੀ ਇਤਿਹਾਸ ਵਿਚ ਸ਼ਾਮਲ ਹੈ। ਉਸ ਨੇ ਮਹੱਤਵ ਭਰੀ ਵਿਅਕਤੀਗਤ ਕੁਰਬਾਨੀ ਕਰਕੇ ਕੰਮ ਕੀਤਾ। ਅਛੂਤ ਜਾਤੀਆਂ (ਜਿਨ੍ਹਾਂ ਨੂੰ ਪਹਿਲਾਂ ਦਬੀਆ-ਕੁਚਲੀਆਂ ਜਾਤੀਆਂ ਕਿਹਾ ਜਾਂਦਾ ਸੀ) ਦੀਆਂ ਰੋਜਮਰਾ ਦੀਆਂ ਬੇਹਤਰ ਹਾਲਤਾਂ ਅਤੇ ਕਾਨੂੰਨੀ ਦਰਜਾ ਸੁਧਾਰਨ ਲਈ ਨਿਰੰਤਰ ਕੰਮ ਕੀਤਾ ਅਤੇ ਦੂਜਾ ਉਸ ਨੇ ਭਾਰਤੀ ਸੰਵਿਧਾਨ ਦਾ ਸਫਲਤਾ ਨਾਲ ਸੰਵਿਧਾਨਕ ਅਸੰਬਲੀ ਰਾਹੀਂ ਨਿਰਮਾਣ ਕੀਤਾ।(53)

ਪ੍ਰੋ. ਐਸ. ਐਨ. ਰਾਏ ਮਿਲਬੋਰਨ ਯੂਨੀਵਰਸਿਟੀ ਆਸਟਰੇਲੀਆ

ਉਸ ਦੀ ਸੁਯੋਗਤਾ ਬਤੌਰ ਕਾਨੂੰਨੀ ਅਤੇ ਸੰਵਿਧਾਨਕ ਮਾਹਰ ਤਾਂ ਜਾਣੀ-ਪਛਾਣੀ ਸੀ। ਸੰਯੋਗ ਨਾਲ ਉਸ ਨੂੰ ਸੰਵਿਧਾਨ ਸਭਾ ਦੀ ਸੰਵਿਧਾਨ ਘੜਨੀ ਕਮੇਟੀ ਦਾ ਚੇਅਰਮੈਨ ਨਿਯੁਕਤ ਕਰ ਦੇਣ ਦਾ ਮੌਕਾ ਅਖਤਿਆਰ ਕਰ ਲਿਆ, ਜਿਸ ਨੇ ਨਵੇਂ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕਰਨਾ ਸੀ। ਉਸ ਨੂੰ ਅਜ਼ਾਦ ਭਾਰਤ ਦਾ ਪਹਿਲਾ ਕੇਂਦਰੀ ਕਾਨੂੰਨ ਮੰਤਰੀ ਵੀ ਬਣਾਇਆ ਗਿਆ। ਉਸ ਨੂੰ ਮੌਕਾ ਮਿਲ ਗਿਆ ਕਿ ਉਹ ਮੰਨੂ ਸਿਮਰਤੀ ਦੀ ਥਾਂ 'ਤੇ ਲੈਣ ਵਾਲਾ ਵਿਧਾਨ ਦੇਵੇ, ਜੋ ਉਸ ਨੇ ਵੀਹ ਵਰ੍ਹੇ (1927) ਪਹਿਲਾਂ ਜਨਤਾ ਵਿਚਕਾਰ ਸਾੜੀ ਸੀ। ਉਸ ਨੇ ਪਰਿਜਾਤੰਤਰਕ ਵਿਧਾਨ ਬਣਾਉਣ ਲਈ ਕੇਂਦਰੀ ਸ਼ਕਤੀ ਵਾਲਾ ਰੋਲ ਨਿਭਾਇਆ ਅਤੇ ਸੰਵਿਧਾਨ ਅਸੰਬਲੀ ਰਾਹੀਂ ਇਸ ਦਾ ਮੂੰਹ ਮੁਹਾਂਦਰਾ ਤਿਆਰ ਕੀਤਾ। ਵਿਧਾਨ ਦੇ ਤੀਜੇ ਭਾਗ ਵਿਚ ਸੰਵਿਧਾਨ ਦੇ ਬੁਨਿਆਦੀ ਅਧਿਕਾਰਾਂ ਦੀ ਸਿਰਜਣਾ ਕੀਤੀ। ਜਿਸ ਦੇ ਨਾਲ-ਨਾਲ ਬਰਾਬਰੀ ਅਛੂਤਪਣ ਕਾਰਨ ਪੈਦਾ ਹੋਈ ਕਿਸੇ ਵੀ ਅਯੋਗਤਾ ਨੂੰ ਇਕ ਕਾਨੂੰਨ ਦੀ ਨਜ਼ਰ ਵਿਚ ਗੈਰ ਕਾਨੂੰਨੀ ਜੋਰ-ਜੁਲਮ ਦਰਸਾ ਕੇ ਆੜੇ ਹੱਥੀ ਲੈਣ ਦਾ

ਬੰਦੋਬਸਤ ਕੀਤਾ।(53)

ਪ੍ਰੋ. ਡੀ. ਐਨ. ਬੈਨਰਜੀ (ਕਲਕੱਤਾ ਯੂਨੀਵਰਸਿਟੀ)

ਇਕ ਅਧਿਆਪਕ ਅਤੇ ਇਕ ਲੇਖਕ ਦੇ ਤੌਰ 'ਤੇ ਮੈਨੂੰ ਪਿਛਲੇ ਵੀਹ ਵਰ੍ਹਿਆਂ ਵਿਚ ਡਾ. ਬੀ.ਆਰ. ਅੰਬੇਡਕਰ ਦੇ ਉਹ ਭਾਸ਼ਨ ਜੋ ਉਸ ਨੇ ਭਾਰਤੀ ਸੰਵਿਧਾਨ ਘੜਨੀ ਕਮੇਟੀ ਦੇ ਚੇਅਰਮੈਨ ਵਜੋਂ ਸੰਵਿਧਾਨ ਅਸੰਬਲੀ ਵਿਚ ਦਿੱਤੇ, ਨੂੰ ਪੜ੍ਹਨ ਦਾ ਮੌਕਾ ਮਿਲਿਆ। ਇਹ ਭਾਸ਼ਨ ਉਸ ਦੇ ਪ੍ਰਪੱਕ ਦਾਰਸ਼ਨਿਕ ਹੋਣ ਦਾ ਪ੍ਰਮਾਣ ਹਨ। ਉਸ ਦਾ ਵਿਸ਼ਾਲ ਅਧਿਐਨ ਅਤੇ ਕਮਾਲ ਦੀ ਪ੍ਰਭਾਵਸ਼ਾਲੀ ਤੇ ਤੇਜਤਰਾਰ ਸ਼ਕਤੀ, ਵਰਨਣ ਕਰਨ ਦੀ ਸਾਫ ਤੇ ਸਪੱਸ਼ਟ ਸਮਰੱਥਾ ਧਸ ਜਾਣ ਵਾਲੀ ਬੁੱਧੀਮਾਨੀ, ਉਸ ਦੀ ਮਹਾਨ ਅਤੇ ਹੌਂਸਲੇ ਭਰੀ ਬਿਆਨੀ, ਸੱਚਮੁੱਚ, ਸਹੀ ਹੈ ਕਿ ਉਸ ਨੂੰ ਸਾਡੇ ਵਰਤਮਾਨ ਸੰਵਿਧਾਨ ਦੇ ਢਾਂਚੇ ਦਾ ਮੁੱਖ ਸਿਰਜਕ (ਤਰਾਸ਼) ਮੰਨਿਆ ਜਾਵੇ।(54)

ਡਾ. ਕੇ. ਐਮ. ਮੁਣਸ਼ੀ (ਮੈਂਬਰ ਸੰਵਿਧਾਨ ਸਭਾ, ਪ੍ਰਧਾਨ ਭਾਰਤੀ ਵਿੱਦਿਆ ਭਵਨ)

ਕਈ ਡਾ. ਬੀ. ਆਰ. ਅੰਬੇਡਕਰ ਨੂੰ ਕੇਵਲ ਅਛੂਤਾਂ ਵਾਸਤੇ ਸਖਤ ਸ਼ਬਦਾਂ ਵਿਚ ਲੜਨ ਵਾਲੇ ਚੈਂਪੀਅਨ ਕਰਕੇ ਜਾਣਦੇ ਹਨ। ਬਹੁਤ ਘੱਟ ਹਨ ਜਿਨ੍ਹਾਂ ਨੂੰ ਉਸ ਦੀ ਕਮਾਲ ਸੁਯੋਗਤਾ ਅਤੇ ਨਿੱਜੀ ਰੂਹ, ਉਸ ਦੀ ਮਨੁੱਖੀ ਦੋਸਤੀ ਅਤੇ ਵਫਾਦਾਰੀ ਨੂੰ ਮਾਨਣ ਦਾ ਮੌਕਾ ਮਿਲਿਆ। ਵਿਕਾਸ ਅਤੇ ਸੰਵਿਧਾਨ ਨੂੰ ਘੜਨ ਵਿਚ ਪਾਇਆ ਯੋਗਦਾਨ ਉਸ ਦੀ ਜ਼ਿੰਦਗੀ ਦਾ ਸਭ ਤੋਂ ਸੁਚਾਰੂ ਪੱਖ ਸੀ, ਜੋ ਉਸ ਦੀ ਵਿਸ਼ੇਸ਼ ਤਰਕ ਵਕਾਲਤ ਤੋਂ ਕਿਵੇਂ ਵੀ ਘੱਟ ਨਹੀਂ ਸੀ। ਸੰਵਿਧਾਨ ਅਸੰਬਲੀ ਵਿਚੋਂ ਮੈਨੂੰ ਉਸ ਨਾਲ ਨੇੜੇ ਹੋ ਕੇ ਰਹਿਣ ਦਾ ਮੌਕਾ ਮਿਲਿਆ। ਮੈਂ ਖੁਸ਼ ਹਾਂ ਕਿ ਮੈਨੂੰ ਉਸ ਦੀ ਸੱਚਾਈ, ਦੂਰਦਰਸ਼ਤਾ, ਮਨੁੱਖੀ ਸੁਭਾਵਾਂ ਦੀ ਸੂਝ ਜੋ ਰਾਜਨੀਤੀ ਨਾਲ ਸੰਬੰਧਤ ਹੁੰਦੀ, ਵਾਸਤੇ ਸਾਂਝੀ ਸ਼ਰਧਾਜਲੀ ਭੇਟ ਕਰਨ ਦਾ ਅਵਸਰ ਮਿਲਿਆ ਹੈ।(55)

ਡਾ. ਸ੍ਰੀਮਤੀ ਏ. ਬਾਸੂ ਪ੍ਰੋ. ਦਿੱਲੀ ਯੂਨੀਵਰਸਿਟੀ

ਹਿੰਦੂ ਕੋਡ ਬਿੱਲ ਬਾਰੇ ਬੋਲਦਿਆਂ, ਡਾ. ਅੰਬੇਡਕਰ, ਜਿਸਨੇ ਸਾਰੀਆਂ ਕਮਜੋਰੀਆਂ 'ਤੇ ਉਂਗਲ ਰੱਖਦਿਆਂ ਭਾਰਤ ਨੂੰ ਇਕ ਨਵਾਂ ਹਿੰਦੂ ਕੋਡ ਬਿੱਲ ਦੇ ਕੇ ਔਰਤਾਂ ਅਤੇ ਹੋਰਨਾਂ ਭਾਰਤੀਆਂ ਨੂੰ ਸਾਰੇ ਬਣਦੇ ਅਧਿਕਾਰਾਂ ਦੀ ਸਿਫਤ ਕੀਤੀ। ਉਸ ਨੇ ਇਹ ਵੀ ਵਰਨਣ ਕੀਤਾ ਕਿ ਕਿਵੇਂ ਡਾ. ਸ਼ਾਮਾ ਪ੍ਰਸਾਦ ਮੁਕਰਜੀ ਨੇ ਇਸ ਬਿੱਲ ਦੇ ਵਿਰੋਧ ਵਿਚ ਅਗਵਾਈ ਕੀਤੀ, ਇਹ ਚੀਖਦਿਆਂ ਕਿ ਹਿੰਦੂਵਾਦ ਖਤਰੇ ਵਿਚ ਹੈ ਅਤੇ ਮੰਨੂ ਦੇ ਵਿਧਾਨ ਨੂੰ ਨਵੇਂ ਅੰਬੇਡਕਰੀ ਵਿਧਾਨ ਨਾਲ ਬਦਲਿਆ ਜਾ ਰਿਹਾ ਹੈ। ਪਰੰਤੂ ਸੰਸਦ ਵਿਚ ਬਤੌਰ ਕਾਨੂੰਨ ਮੰਤਰੀ ਦਿੱਤੇ ਡਾ. ਅੰਬੇਡਕਰ ਦੇ ਜੋਸ਼ੀਲੇ ਅਤੇ ਵਿਦਵਤਾ ਭਰੇ ਜਵਾਬਾਂ ਸੰਬੰਧੀ ਉਸ ਨੇ ਸੱਚ ਮੁੱਚ ਮਾਣ ਮਹਿਸੂਸ ਕੀਤਾ ਤੇ ਕਿਹਾ :-'ਡਾਕਟਰ ਅੰਬੇਡਕਰ ਜੋ ਮੂਰਤੀ ਪੂਜਾ ਦਾ ਵਿਰੋਧੀ ਸੀ ਅਤੇ ਸਮਾਜਿਕ ਕ੍ਰਾਂਤੀਕਾਰੀ ਸੀ, ਇਸ ਗੱਲ ਲਈ ਬਹੁਤ ਉਤਾਵਲਾ ਸੀ ਕਿ ਉਸ ਨੂੰ ਹਿੰਦੂ ਸਮਾਜ ਦਾ ਬੁਨਿਆਦੀ ਢਾਂਚਾ ਬਦਲਣ ਦਾ ਮੌਕਾ ਕਦੋਂ ਮਿਲੇ, ਇੱਕ ਤਰ੍ਹਾਂ ਦੀ ਮੌਲਿਕ ਤਰਜੇ ਜ਼ਿੰਦਗੀ 'ਤੇ ਖੜਾ ਆਧੁਨਿਕ ਹਾਲਤਾਂ ਵਿਚ ਲੋਕਤੰਤਰ ਬਣ ਕੇ ਜੋ ਪੂਰੀ ਤਰ੍ਹਾਂ ਫਿੱਟ ਬੈਠੇ। ਕਾਨੂੰਨ ਮੰਤਰੀ ਨੇ ਹਿੰਦੂ ਕੋਡ ਬਿੱਲ (ਜੋ ਔਰਤਾਂ ਦੇ ਬੁਨਿਆਦੀ ਅਧਿਕਾਰਾਂ ਦਾ ਖੁਲਾਸਾ ਸੀ) ਬਣਾਉਣ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕੀਤਾ ਅਤੇ ਇਹ ਉਸ ਦੀ ਕਾਨੂੰਨੀ ਮੁਹਾਰਤ ਉਸ ਦੀ ਦੂਰ ਦ੍ਰਿਸ਼ਟੀ ਲੰਬੀ ਸੋਚ ਅਤੇ ਉਸ ਦੀ ਕਮਾਲ ਦੀ ਸਾਫ ਸਪੱਸ਼ਟ ਸ਼ੈਲੀ ਦਾ ਪੱਕਾ ਪ੍ਰਮਾਣ ਹੈ।'(56)

ਉੱਠਦੇ ਪ੍ਰਸ਼ਨ :- ਕੀ ਭਾਰਤ ਦੀ ਔਰਤ ਜਾਣਦੀ ਹੈ ਕਿ ਉਸ ਨੂੰ (ਉਨ੍ਹਾਂ ਨੂੰ) ਡਾ. ਅੰਬੇਡਕਰ ਨੇ ਹਿੰਦੂ ਕੋਡ ਬਿੱਲ ਸਿਰਜ ਕੇ ਮਨੁੱਖਾਂ ਬਰਾਬਰ ਮੌਲਿਕ ਹੱਕ ਦਿੱਤੇ ?

"ਨਹੀਂ !"

2. ਕੀ ਖਾਸ ਕਰਕੇ ਹਿੰਦੂ ਉੱਚ ਵਰਗ ਦੀ ਔਰਤ ਨੇ ਇਨ੍ਹਾਂ ਅਧਿਕਾਰਾਂ 'ਤੇ ਕਦੀ ਸਹੀ ਪਾਈ ਹੈ ?

"ਨਹੀਂ !"

3. ਕੀ ਵਿੱਦਿਅਕ ਢਾਂਚੇ ਰਾਹੀਂ ਇਹ ਸੱਚ ਲੋਕਾਂ ਤੱਕ ਪਹੁੰਚਾਇਆ ਗਿਆ ? ਕੀ ਮੀਡੀਏ ਨੇ ਇਹ ਫਰਜ ਨਿਭਾਇਆ ? ਕੀ ਅਧਿਆਪਕਾਂ ਤੇ ਨੇਤਾਵਾਂ ਨੇ ਇਹ ਵਰਨਣ ਕੀਤਾ ?

"ਨਹੀਂ !"

ਇਸ ਤੋਂ ਵੱਡਾ ਮੁਲਕ ਨਾਲ ਹੋਰ ਛਲ ਤੇ ਕਪਟ ਕੀ ਹੋਵੇਗਾ ! ਇਹ ਸੱਚ ਹੈ ਕਿ ਅਛੂਤ ਡਾ. ਅੰਬੇਡਕਰ ਨਾਲ ਲੱਗੀ ਹਰ ਚੀਜ਼ ਜਿਵੇਂ ਸਭ ਨੂੰ ਅਪਵਿੱਤਰ ਨਜ਼ਰ ਆਉਂਦੀ ਹੈ। ਇਸੇ ਲਈ ਡਾ. ਅੰਬੇਡਕਰ ਦਾ ਜਿਕਰ ਸਕੂਲਾਂ,

ਕਾਲਜਾਂ, ਕਿਤਾਬਾਂ, ਪਰਚਿਆਂ, ਪੱਤਰਕਾਵਾਂ ਤੇ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਵਿਚੋਂ ਵੀ ਗਾਇਬ ਹੈ।

ਡਾ. ਸੀ. ਐਮ. ਜਰੀਵਾਲਾ ਪ੍ਰੋ: (ਬਨਾਰਸ ਹਿੰਦੂ ਯੂਨੀਵਰਸਿਟੀ)

ਡਾ. ਅੰਬੇਡਕਰ ਨੇ ਸੰਵਿਧਾਨ ਅਸੰਬਲੀ ਵਿਚ, ਦਬੀਆਂ ਕੁਚਲੀਆਂ ਜਾਤੀਆਂ ਦੇ ਹਿੱਤਾਂ ਦੀ ਰਾਖੀ ਵਾਸਤੇ ਪ੍ਰਵੇਸ਼ ਕੀਤਾ। ਪਰੰਤੂ ਉਸ ਦੀ ਵਿਸ਼ਾਲ ਜਾਣਕਾਰੀ ਖਾਸ ਕਰਕੇ ਸੰਵਿਧਾਨਕ ਕਾਨੂੰਨ ਦੇ ਖੇਤਰ ਵਿਚ ਹੋਣ ਕਰਕੇ, ਸੰਵਿਧਾਨ ਅਸੰਬਲੀ ਦੇ ਮੈਂਬਰਾਂ ਨੇ ਉਸ ਨੂੰ ਸੰਵਿਧਾਨਘੜਣੀ ਕਮੇਟੀ ਦਾ ਚੇਅਰਮੈਨ ਬਣਾਉਣ ਦਾ ਫੈਸਲਾ ਕੀਤਾ। ਡਾ. ਅੰਬੇਡਕਰ ਨੇ ਆਪਣੀ ਜ਼ਿੰਦਗੀ ਵਿਚ ਭਾਈਚਾਰੇ ਦੇ ਸਿਧਾਂਤਾਂ ਦਾ, ਦੇਸ਼ ਦੇ ਕੋਨੇ-ਕੋਨੇ ਵਿਚ ਪ੍ਰਚਾਰ ਕੀਤਾ। ਇਹ ਹੈ ਉਹ ਪ੍ਰਸ਼ਨ ਕਿ ਉਹ ਕਿਵੇਂ, ਸੰਵਿਧਾਨ ਬਣਾਉਣ ਵੇਲੇ ਕਿਥੋਂ ਤੱਕ ਇਸ ਪਵਿੱਤਰ ਕਾਰਜ ਵਿਚ ਸਫ਼ਲ ਹੋਇਆ। ਡਾ. ਅੰਬੇਡਕਰ ਨੇ ਭਾਵੇਂ ਦਬੀਆਂ-ਕੁਚਲੀਆਂ ਜਾਤੀਆਂ ਵਿਚ ਜਨਮ ਲਿਆ, ਪਰੰਤੂ ਉਹ ਉਸ ਜਮਾਤ ਵਿਚ ਮਰਿਆ ਨਹੀਂ। ਉਸ ਨੇ ਸੌਂਹ ਖਾਧੀ ਸੀ ਕਿ ਇਹ ਨਾਂ ਸ੍ਰੇਣੀਆਂ ਦੀ ਬੇਹਤਰੀ ਤੇ ਤਰੱਕੀ ਦੇ ਰਸਤੇ ਵਿਚ ਪਿਆ ਹਰ ਰੋੜਾ ਉਹ ਹਟਾ ਦੇਵੇਗਾ। ਉਸ ਨੇ ਜਾਤੀਵਾਦ ਦਾ ਰੋਗੀ ਪੌਦਾ ਉਖਾੜ ਸੁੱਟਿਆ ਅਤੇ ਭਾਈਚਾਰੇ ਦਾ ਪੌਦਾ, ਆਪਣੇ ਲੋਕਾਂ ਦੇ ਹਿੱਤਾਂ ਦੀ ਧਰਤੀ ਦੇ ਸਰਬਉੱਚ ਕਾਨੂੰਨ ਦੀ ਸੁਰੱਖਿਆ ਨਾਲ ਉਗਾ ਦਿੱਤਾ। ਇਹ ਕਹਿਣਾ ਬਿਲਕੁਲ ਨਿਰਮੂਲ ਹੋਵੇਗਾ ਕਿ ਡਾ. ਅੰਬੇਡਕਰ ਦੀ ਦੇਣ ਕੇਵਲ ਦਬੀਆਂ ਕੁਚਲੀਆਂ ਜਾਤੀਆਂ ਦੇ ਹਿੱਤਾਂ ਕਾਰਨ ਸੀ, ਉਪਰੋਕਤ ਅਧਿਐਨ ਸਾਬਤ ਕਰਦਾ ਹੈ ਕਿ ਉਸ ਨੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੇ ਬਿੱਲ ਨੂੰ ਬਣਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ।(57)

ਪ੍ਰੋ. ਸੀ. ਬੈਨਰਜੀ (ਕਲਕੱਤਾ ਯੂਨੀਵਰਸਿਟੀ) ਨੇ ਡਾਕਟਰ ਅੰਬੇਡਕਰ ਨੂੰ ਕੇਵਲ ਭਾਰਤੀ ਸੰਵਿਧਾਨ ਦੇ ਘਾੜੇ ਵਜੋਂ ਹੀ ਵਰਨਣ ਨਹੀਂ ਕੀਤਾ, ਸਗੋਂ ਭਾਰਤ ਅੰਦਰ ਇਕ ਕਾਮਯਾਬ ਲੋਕਤੰਤਰ ਦੀ ਤਲਾਸ਼ ਕਰ ਸਕਣ ਵਾਲਾ ਵੀ ਕਿਹਾ। ਉਹ ਇਕ ਮਹਾਨ ਆਦਮੀ ਸੀ, ਇਕ ਦੇਸ਼ ਭਗਤ ਇਕ ਮਾਨਵਤਾਵਾਦੀ, ਇਕ ਆਜ਼ਾਦੀ ਘੁਲਾਟੀਆ ਅਤੇ ਸਭ ਤੋਂ ਵੱਧ ਇੱਕ ਕੌਮੀ ਨੇਤਾ ਅਤੇ ਲੋਕਤੰਤਰੀ ਸੀ। ਉਸ ਨੇ ਭਾਰਤੀ ਜੀਵਨ ਦੇ ਹਰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰ ਵਿਚ ਪੂਰਨ ਗਤੀਸ਼ੀਲਤਾ ਪੈਦਾ ਕਰਨ ਲਈ ਆਪਣੀ ਸਾਰੀ ਊਰਜਾ ਸਮਰਪਣ ਕੀਤੀ। ਤਾਂ ਕਿ ਸੰਸਦੀ ਲੋਕਤੰਤਰ ਨੂੰ ਸਥਾਪਤ ਹੋਣ ਦਾ ਮੌਕਾ ਮਿਲੇ। ਇਸ ਦ੍ਰਿਸ਼ਟੀਕੋਣ ਤੋਂ ਡਾ. ਅੰਬੇਡਕਰ ਜੋ ਭਾਰਤੀ ਪਰਜਾਤੰਤਰੀ ਗਣਰਾਜ ਦਾ ਮੁੱਖ ਵਿਧਾਨ ਘਾੜਾ ਸੀ, ਨੂੰ ਇਕ ਸੱਚੀ ਭਾਵਨਾ ਵਿਚ ਭਾਰਤੀ ਪਰਜਾਤੰਤਰ ਦਾ ਪਿਤਾ ਕਿਹਾ ਜਾ ਸਕਦਾ ਹੈ। ਆਜ਼ਾਦੀ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਤੇ ਉਸ ਸਮੇਂ ਤੱਕ ਜਦੋਂ ਉਸ ਨੇ ਆਖਰੀ ਸਾਹ ਲਿਆ, ਡਾ. ਅੰਬੇਡਕਰ ਨੇ ਸਖ਼ਤ ਮੁਸ਼ੱਕਤ ਕੀਤੀ, ਆਦਰਸ਼ ਪਰਜਾਤੰਤਰ ਦੀ ਸਥਾਪਤੀ ਵਾਸਤੇ। ਜਦੋਂ ਆਜ਼ਾਦੀ ਤੋਂ ਬਾਅਦ ਭਾਰਤੀ ਕੌਮ ਨੇ ਉਸ ਦੇ ਵਿਦਵਤਾ ਅਤੇ ਸੇਵਾਵਾਂ ਦੀ ਨਵੇਂ ਸੰਵਿਧਾਨ ਨੂੰ ਬਣਾਉਣ ਲਈ ਲੋੜ ਮਹਿਸੂਸ ਕੀਤੀ ਤਾਂ ਡਾ. ਅੰਬੇਡਕਰ ਨੇ ਤੁਰੰਤ ਆਪਣੀਆਂ ਸੇਵਾਵਾਂ ਭੇਟ ਕੀਤੀਆਂ, ਇਕ ਮਿਸ਼ਨਰੀ ਭਾਵਨਾ ਨਾਲ ਅਤੇ ਉਹ ਭਾਰਤੀ ਸੰਵਿਧਾਨ ਦਾ ਪ੍ਰਮੁੱਖ ਸਿਰਜਕ ਅਤੇ ਵਿਚਾਰਕ ਵਜੋਂ ਜਾਣਿਆ ਗਿਆ। ਇਉਂ ਬਹੁਤ ਘੱਟ ਆਗੂ ਪੈਦਾ ਹੋਏ ਹਨ, ਜਿਨ੍ਹਾਂ ਨੂੰ ਕੌਮ ਨੇ ਸਤਿਕਾਰ ਦਾ ਬਹੁਤ ਵਿਸ਼ਾਲ ਭੰਡਾਰ ਭੇਟ ਕੀਤਾ ਹੋਵੇ, ਜਿਵੇਂ ਭਾਰਤ ਦੇ ਇਸ ਮਹਾਨ ਪੁੱਤਰ ਨੂੰ ।(58)

ਡਾ. ਮਿਸਜ਼ ਆਰ. ਕੁੰਡੋ (ਪਟਨਾ ਯੂਨੀਵਰਸਿਟੀ)

ਡਾ. ਅੰਬੇਡਕਰ ਜਿਸ ਨੂੰ ਭਾਰਤੀ ਸੰਵਿਧਾਨ ਦਾ ਮੁੱਖ ਨਿਰਮਾਤਾ ਕਿਹਾ ਜਾਂਦਾ ਹੈ, ਭਾਰਤ ਦਾ ਮਹਾਨ ਸਪੂਤ ਸੀ। ਜਿਸ ਦੇ ਉੱਚੇ ਹਥਿਆਰਾਂ ਨੇ ਬੀਤੇ ਉੱਪਰ ਰੋਸ਼ਨੀ ਪਾਈ। ਇਉਂ ਲਗਦਾ ਹੈ ਕਿ ਜਿਵੇਂ ਉਹ ਪਹਿਲਾਂ ਹੀ ਮਿਥੇ ਮਿਸ਼ਨ ਵਾਸਤੇ ਪੈਦਾ ਹੋਇਆ, ਮਿਸ਼ਨ ਜੋ ਹਿੰਦੂ ਸਮਾਜ ਤੋਂ ਅਛੂਤਪਣ ਦਾ ਦਾਗ ਮਿਟਾ ਦੇਣ ਲਈ ਸੀ। ਇਕ ਰਾਜਨੀਤਕ ਨੇਤਾ, ਸੰਵਿਧਾਨ ਮਾਹਰ ਦਾਰਸ਼ਨਕ ਅਤੇ ਵਕੀਲ, ਜੋ ਇਕ ਅਛੂਤ ਪਰਵਾਰ ਵਿਚ ਜਨਮਿਆਂ ਉਹ ਵਿਦਵਤਾ ਪੱਖੋਂ, ਜਜ਼ਬੇ ਪੱਖੋਂ ਆਪਣੇ ਮਿਸ਼ਨ ਨੂੰ ਸਫਲਤਾ ਨਾਲ ਚਲਾ ਸਕਣ ਦੀ ਯੋਗਤਾ ਨਾਲ ਚੰਗੀ ਤਰ੍ਹਾਂ ਲੈਸ ਸੀ। ਪੁਰਾਤਨ ਇਤਿਹਾਸ ਦੇ ਮੂਸਾ ਵਾਂਗ ਜਿਸ ਨੇ ਲਾਚਾਰ ਯਹੂਦੀਆਂ ਨੂੰ ਫਰਾਹ ਦੇ ਜ਼ੁਲਮ ਦੀਆਂ ਜਕੜਾਂ ਵਿਚੋਂ ਕੱਢਣ ਲਈ ਅਗਵਾਈ ਕੀਤੀ। ਡਾ. ਅੰਬੇਡਕਰ ਨੇ ਵੀ ਆਪਣੇ ਮਜਬੂਰ ਅਛੂਤ ਭਰਾਵਾਂ ਨੂੰ ਕੱਟੜ ਹਿੰਦੂ ਸਮਾਜ ਦੀ ਅੰਨ੍ਹੀ ਅਤੇ ਜ਼ੁਲਮੀਂ ਜਕੜ ਤੋਂ ਮੁਕਤ ਕਰਾਉਣ ਲਈ ਅਗਵਾਈ ਕੀਤੀ। ਇਕ ਸੰਵਰਿਆ-ਸ਼ਿੰਗਾਰਿਆ ਤੇ ਉਦੇਸ਼ ਪੂਰਨ ਵਿਅਕਤੀ ਜਿਸ ਦਾ ਮੰਤਵ, ਕਿਸੇ ਨਿੱਜੀ ਲਾਭ ਨਾਲ ਜੁੜਿਆ

ਹੋਇਆ ਨਹੀਂ ਸੀ। ਉਹ ਭਾਰਤ ਦੇ ਸਮਾਜਿਕ ਅਤੇ ਰਾਜਨੀਤਕ ਢਾਂਚੇ ਨੂੰ ਮੁੜ ਤਰਾਸ਼ਣ ਵਾਲਾ ਹਥਿਆਰ ਸੀ, ਜਿਸਨੇ ਸਾਰਾ ਜੀਵਨ ਵਰਣ ਦੀ ਬੁਰਾਈ ਨੂੰ ਖਤਮ ਕਰਨ ਦੇ ਨਿਸ਼ਾਨੇ ਲਈ ਸਮਰਪਤ ਕੀਤਾ।(58)

ਡਾ. ਪੀ.ਡੀ. ਕੌਸ਼ਕ (ਬਨਾਰਸ ਹਿੰਦੂ ਯੂਨੀਵਰਸਿਟੀ)

ਡਾ. ਅੰਬੇਡਕਰ ਕੁਰਸੀ 'ਤੇ ਬੈਠ ਕੇ ਦਾਰਸ਼ਨਿਕਤਾ ਕਰਨ ਵਾਲਾ ਵਿਅਕਤੀ ਨਹੀਂ ਸੀ। ਉਹ ਕਾਰਜਸ਼ੀਲ ਆਦਮੀ ਸੀ। ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਇਕ ਵਿਦਰੋਹ। ਮੂਰਤੀ ਪੂਜਾ ਦਾ ਵਿਰੋਧੀ ਅਤੇ ਸਮਾਜਿਕ ਇਨਕਲਾਬੀ। ਬੁੱਧ ਦਾ ਪ੍ਰਸ਼ੰਸਕ। ਉਸ ਨੂੰ ਬੁੱਧ ਤੋਂ ਬਾਅਦ ਉਸ ਦੇ ਪ੍ਰਸ਼ੰਸਕਾਂ ਵਜੋਂ ਇਕ ਮਹਾਨ ਸਮਾਜ ਸੁਧਾਰਕ ਵਜੋਂ ਮੰਨਿਆ ਜਾਂਦਾ ਹੈ। ਬੁੱਧ ਦੀ ਤਰ੍ਹਾਂ ਹੀ ਉਹ ਹਿੰਦੂ ਧਰਮ ਨੂੰ ਪੂਰੀ ਤਰ੍ਹਾਂ ਬਦਲ ਦੇਣ ਲਈ ਜੰਗਜੂ ਹੋਇਆ। ਉਸ ਨੇ ਕੇਵਲ ਅਛੂਤਪਨ ਦੇ ਸਰਾਪ ਵਿਰੁੱਧ ਹੀ ਝੰਡਾ ਨਹੀਂ ਚੁੱਕਿਆ, ਪਰੰਤੂ ਜਾਤੀ ਢਾਂਚੇ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਣ ਲਈ ਉਹ ਲੜਿਆ, ਜੋ ਕਿ ਹਿੰਦੂ ਸਮਾਜਿਕ ਪ੍ਰਬੰਧ ਦੀ ਬੁਨਿਆਦ ਹੈ। ਤਿੰਨ ਹਜ਼ਾਰ ਵਰ੍ਹਿਆਂ ਤੋਂ ਜਾਰੀ ।(59)

ਡਾ. ਬੀ. ਐਲ. ਗਰਗ (ਹਿੰਦੂ ਬਨਾਰਸ ਯੂਨੀਵਰਸਿਟੀ)

ਡਾ. ਅੰਬੇਡਕਰ ਦਾ ਦਬੀਆਂ-ਕੁਚਲੀਆਂ ਜਾਤੀਆਂ ਲਈ ਵੱਖਰੇ ਚੋਣ ਖੇਤਰਾਂ ਦੇ ਮਾਮਲੇ ਲਈ ਸਖਤ ਪੈਂਤੜੇ ਨੇ ਉਸ ਦੇ ਆਲੋਚਕਾਂ ਨੂੰ ਇਸ ਹੱਦ ਤੱਕ ਬਦਜ਼ਨ ਕਰ ਦਿੱਤਾ ਕਿ ਉਸ ਦੇ ਗੋਲਮੇਜ ਕਾਨਫਰੰਸ ਵਿਚ ਨਿਭਾਏ ਉਸਾਰੂ ਰੋਲ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ। ਅਸੀਂ ਇਸ ਪੇਪਰ ਰਾਹੀਂ ਤਜਵੀਜ਼ ਕਰਦੇ ਹਾਂ ਕਿ ਸਾਨੂੰ ਆਪਣਾ ਧਿਆਨ ਭਾਰਤੀ ਸੰਵਿਧਾਨ ਦੇ ਅਨੇਕ ਅਮਲੀ ਮਾਮਲਿਆਂ 'ਤੇ ਟਿਕਾ ਕੇ ਤਸਵੀਰ ਦਾ ਦੂਜਾ ਪਾਸਾ ਵੀ ਸਾਹਮਣੇ ਲਿਆਉਣਾ ਚਾਹੀਦਾ ਹੈ।(59)

ਪ੍ਰੋ. ਡਾ. ਹਰੀ ਚੰਦ (ਚਾਂਸਲਰ)

ਜੇ ਪਿਛਲੇ ਸੌ ਸਾਲਾਂ ਵਿਚ ਭਾਰਤ ਅੰਦਰ ਪੈਦਾ ਹੋਏ ਉੱਤਮ ਬੁੱਧੀਮਾਨ ਸ਼ਖਸੀਅਤਾਂ ਦੀ ਸੂਚੀ ਤਿਆਰ ਕਰੀਏ ਤਾਂ ਡਾ. ਅੰਬੇਡਕਰ ਦਾਨਾਮ ਯਕੀਨੀ ਤੌਰ 'ਤੇ ਸਿਖਰ ਦੇ ਨੇੜੇ ਹੋਵੇਗਾ, ਜੇ ਸਿਖਰ 'ਤੇ ਨਾ ਸਹੀ। ਜੇਕਰ ਡਾ. ਅੰਬੇਡਕਰ ਦੀ ਤੀਖਣ ਵਿਦਵਤਾ ਦੀ ਪਰਖ ਵਾਸਤੇ ਇਕ ਖਾਸ ਪੱਖ ਨੂੰ ਧਿਆਨ ਵਿਚ ਲਈਏ, ਜਿਵੇਂ ਸਮਾਜ ਦਾ ਉਹ ਪੱਧਰ ਜਿਸ ਨਾਲ ਉਸ ਦਾ ਸੰਬੰਧ ਸੀ, ਬਿਨਾ ਹੋਰ ਸੋਚਿਆ ਅੰਬੇਡਕਰ ਨੂੰ ਉਤਲੀ ਸਿਖਰ 'ਤੇ ਰੱਖਣਾ ਪਵੇਗਾ। ਕਿਉਂਕਿ ਉਸ ਸਮੇਂ ਦੇ ਬਾਕੀ ਸਾਰੇ ਬੁੱਧੀਮਾਨ ਵਿਅਕਤੀ ਸਮਾਜ ਦੇ ਮੱਧ ਵਰਗ ਜਾਂ ਉਤਲੀਆਂ ਸ਼੍ਰੇਣੀਆਂ ਵਿਚੋਂ ਸਨ, ਜਿਨ੍ਹਾਂ ਨੇ ਘੱਟ-ਘੱਟ ਸਮਾਜਿਕ ਹਾਨੀਆਂ ਨਹੀਂ ਝੱਲੀਆਂ ਜੋ ਡਾ. ਅੰਬੇਡਕਰ ਨੇ ਸਹੀਆਂ।

ਜੇ ਸੁਪਰੀਮ ਕੋਰਟ ਨੇ ਸੰਵਿਧਾਨ ਦੀ ਵਿਆਖਿਆ ਸਮੇਂ ਇਸ ਦੀ ਰੂਹ ਅਤੇ ਸ਼ਬਦਾਂ ਨੂੰ ਅਪਨਾਇਆ ਹੁੰਦਾ ਤਾਂ ਸੰਵਿਧਾਨ ਨੂੰ ਐਨੀ ਵਾਰ ਤੱਬਦੀਲ ਕਰਨ ਦੀ ਜ਼ਰੂਰਤ ਨਾ ਹੁੰਦੀ। ਡਾ. ਅੰਬੇਡਕਰ ਦਾ ਇਹ ਕਹਿਣਾ ਦਰੁਸਤ ਸੀ ਕਿ ਸੰਵਿਧਾਨ ਕਿੰਨਾ ਵੀ ਚੰਗਾ ਕਿਉਂ ਨਾ ਬਣਾਇਆ ਗਿਆ ਹੋਵੇ, ਇਸ ਦਾ ਅਸਲ ਅਮਲ ਅਤੇ ਸਫਲਤਾ ਉਨ੍ਹਾਂ ਲੋਕਾਂ 'ਤੇ ਨਿਰਭਰ ਕਰਦੀ ਹੈ ਜੋ ਇਸ ਰਾਹੀਂ ਕੰਮ ਕਰਦੇ ਹਨ। ਉਸ ਨੇ ਕਿਹਾ ਸੀ ਕਿ ਮਰਾਠੀ ਵਿਚ ਇਕ ਕਹਾਵਤ ਹੈ ਕਿ ਇਕ ਸੁੰਦਰ ਮੰਦਰ ਦਾ ਬਣਾ ਲੈਣਾ ਬੇਅਰਥ ਹੋਵੇਗਾ, ਜਦੋਂ ਉਸ ਦਾ ਪੁਜਾਰੀ ਖੁਦ ਇਕ ਸ਼ੈਤਾਨ ਹੋਵੇ। ਭਾਰਤੀ ਸੰਵਿਧਾਨ 'ਤੇ ਵੀ ਏਹੋ ਲਾਗੂ ਹੁੰਦਾ ਹੈ। ਇਹ ਕਥਨ ਉਨ੍ਹਾਂ ਲੋਕਾਂ ਵਾਸਤੇ ਹੈ ਜੋ ਮੁਲਕ ਵਿਚ ਰਾਜਨੀਤਕ ਮਾਮਲਿਆਂ ਦਾ ਸੰਚਾਲਨ ਕਰਦੇ ਹਨ। ਡਾ. ਅੰਬੇਡਕਰ ਦੇ ਸੁਨਹਿਰੀ ਸ਼ਬਦਾਂ ਨੂੰ ਸਤਿਕਾਰ ਭੇਟ ਕਰਨ ਲਈ, ਜੇ ਉਹ ਚਾਹੁੰਦੇ ਹਨ ਕਿ ਪਰਜਾਤੰਤਰ ਹਰ ਹਾਲ ਸਾਰਥਕ ਹੋਵੇ।(38/61)

ਸਰਜੁਗਿੰਦਰ ਨਾਥ ਮੰਡਲ (ਕਾਨੂੰਨ ਮੰਤਰੀ 1946 ਅਤੇ ਪਾਕਿਸਤਾਨ ਦੇ ਸੰਵਿਧਾਨ ਦਾ ਅਛੂਤ ਨਿਰਮਾਤਾ)

ਜੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਅਛੂਤ ਜਾਤੀਆਂ ਵਾਸਤੇ ਵੱਖਰੇ ਰਾਜਨੀਤਕ ਅਧਿਕਾਰ ਪ੍ਰਾਪਤ ਨਾ ਕੀਤੇ ਹੁੰਦੇ ਅਤੇ ਭਾਰਤੀ ਸੰਵਿਧਾਨ ਦੀ ਸਿਰਜਕ ਕਮੇਟੀ ਦੇ ਚੇਅਰਮੈਨ ਦੇ ਤੌਰ 'ਤੇ ਸਾਰੇ ਅਛੂਤਾਂ ਲਈ ਵਿਸ਼ੇਸ਼ ਰਿਆਇਤਾਂ ਅਤੇ ਸਹੂਲਤਾਂ ਨਾ ਬਣਾਈਆਂ ਹੁੰਦੀਆਂ, ਉਨ੍ਹਾਂ ਦੀ ਸਿੱਖਿਆ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਨੌਕਰੀਆਂ ਦੇ ਸੰਬੰਧ ਵਿਚ ਤਾਂ ਉਨ੍ਹਾਂ ਲੋਕਾਂ ਦੀ ਹਾਲਤ ਪਹਿਲਾਂ ਦੀ ਤਰ੍ਹਾਂ ਤਰਸਯੋਗ ਅਤੇ ਪੀੜਦਾਇਕ ਹੀ ਰਹਿੰਦੀ। ਕਿਸੇ ਨੂੰ ਐਨੇ ਐਮ.ਐਲ.ਏ., ਐਮ.ਐਲ.ਸੀ., ਐਮ.ਪੀ. ਮੰਤਰੀ ਅਛੂਤ ਜਾਤੀਆਂ ਵਿਚੋਂ ਨਾ ਦਿਸਦੇ, ਜਿਵੇਂ ਅੱਜ ਦਿਸਦੇ ਹਨ ਤੇ ਉਨ੍ਹਾਂ ਵਿਚੋਂ ਉੱਚੀ ਵਿੱਦਿਆ ਹਾਸਲ ਕਰਨ ਅਤੇ ਸਰਕਾਰੀ ਨੌਕਰੀਆਂ ਅਤੇ ਸਮਾਜ ਵਿਚ ਉੱਚੀ ਪਦਵੀ ਪਾਉਣ ਵਾਲਾ ਮਸਾਂ ਹੀ ਕੋਈ ਲੱਭਦਾ। ਸਮਾਜਿਕ, ਵਿੱਦਿਅਕ,

ਆਰਥਿਕ ਅਤੇ ਰਾਜਨੀਤਕ ਖੇਤਰ ਵਿਚ ਤਰੱਕੀ ਕਰਨ ਅਤੇ ਵਿਕਾਸ ਤੱਕ ਪਹੁੰਚਣ ਲਈ ਅਛੂਤ ਲੋਕ ਸੌ ਫੀਸਦੀ ਬਾਬਾ ਸਾਹਿਬ ਡਾ. ਅੰਬੇਡਕਰ ਦੇ ਰਿਣੀ ਹਨ। ਇਸ ਲਈ ਉਨ੍ਹਾਂ ਸਭ ਨੂੰ ਆਪਣੇ ਇਸ ਮਹਾਨ ਅਤੇ ਦਇਆਵਾਨ ਆਗੂ ਦੇ ਸ਼ੁਕਰਗੁਜਾਰ ਰਹਿਣਾ ਚਾਹੀਦਾ ਹੈ। ਮੈਂ ਉਦੋਂ ਬੰਗਾਲ ਦਾ ਮੰਤਰੀ ਸੀ ਅਤੇ ਨਿੱਜੀ ਤੌਰ 'ਤੇ ਬਾਬਾ ਸਾਹਿਬ ਲਈ ਵੋਟਾਂ ਹਾਸਲ ਕਰਨ ਦੇ ਸਖਤ ਯਤਨ ਆਰੰਭੇ ਸਨ। ਡਾ. ਅੰਬੇਡਕਰ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੇ ਸਨ। ਜੇ ਉਹ ਭਾਰਤ ਦੀ ਸੰਵਿਧਾਨ ਅਸੰਬਲੀ ਲਈ ਚੁਣੇ ਨਾ ਜਾਂਦੇ ਤਾਂ ਅਛੂਤ ਜਾਤੀਆਂ ਅਤੇ ਕਬੀਲਿਆਂ ਦੀ ਕਿਸਮਤ ਬਰਬਾਦ ਹੋ ਚੁੱਕੀ ਹੁੰਦੀ ।(63)

ਐਸ.ਐਸ. ਅਰਕਾਰੀ (ਐਡਵੋਕੇਟ ਮੈਸੂਰ ਹਾਈ ਕੋਰਟ ਅਤੇ ਸੁਪਰੀਮ ਕੋਰਟ)

ਡਾ. ਅੰਬੇਡਕਰ ਭਾਰਤ ਦਾ ਮਹਾਨ ਸਪੂਤ ਸੀ, ਜਿਸ ਨੇ ਦੇਸ਼ ਦੇ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਉਸ ਦਾ ਜੀਵਨ ਕ੍ਰਾਂਤੀਕਾਰੀ ਸੀ, ਜੋ ਸਾਡੇ ਸਮਾਜਿਕ ਪ੍ਰਬੰਧ ਦੀਆਂ ਬੁਰਾਈਆਂ ਵਿਰੁੱਧ ਲੜਿਆ। ਉਹ ਭਾਰਤ ਦੇ ਹੀਣ ਲੋਕਾਂ ਜਿਵੇਂ ਧਾਰਮਿਕ ਸਮਾਜੀ ਗੁਲਾਮੀ ਝੱਲ ਰਹੇ ਅਛੂਤਾਂ ਨੂੰ ਅੰਨ੍ਹੇ ਵਿਸ਼ਵਾਸਾਂ ਅਤੇ ਗੈਰ ਕੁਦਰਤੀ ਮੰਨਤਾਵਾਂ ਤੋਂ ਮੁਕਤ ਕਰਾਉਣ ਵਿਰੁੱਧ ਲੜਿਆ। ਇਹ ਬਦਕਿਸਮਤ ਹੀਣੇ ਤੇ ਲਤਾੜੇ ਲੋਕ ਜਿਨ੍ਹਾਂ ਨੂੰ ਇਸ ਦੇਸ਼ ਵਿਚ ਸਦੀਆ ਤੋਂ ਧਰਮ ਅਤੇ ਜਾਤ ਦੇ ਨਾਂ 'ਤੇ ਬੇਪਛਾਣ ਕੀਤਾ ਗਿਆ ਧਰਮ ਤੇ ਜਾਤ ਜੋ ਸਮਾਜਿਕ ਬੁਰਾਈਆਂ ਦੇ ਜਣਕ ਹਨ ਅਤੇ ਜੋ ਬਰਾਬਰੀ ਅਤੇ ਸਮਾਜਿਕ ਇਨਸਾਫ ਦੇ ਦੁਸ਼ਮਣ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਲਤਾੜੇ ਪਛਾੜੇ ਭਾਰਤੀ ਲੋਕਾਂ ਦੇ ਮੁਕਤੀਦਾਤਾ ਹਨ। ਉਹ ਦਬਿਆਂ-ਕੁਚਲਿਆਂ ਦੇ ਨਾਇਕ ਲਤਾੜਿਆਂ ਦੇ ਮੁਕਤੀਦਾਤਾ ਅਤੇ ਭਾਰਤੀ ਸੰਵਿਧਾਨ ਦੇ ਪਿਤਾਮਾ ਸਨ। ਉਹ ਜਿਨ੍ਹਾਂ ਨੇ ਭਾਰਤ ਨੂੰ ਕਮਜ਼ੋਰ ਅਤੇ ਗੁਲਾਮ ਕੀਤਾ, ਉਨ੍ਹਾਂ ਸਮਾਜਿਕ ਬੁਰਾਈਆਂ ਦੇ ਵਿਰੁੱਧ ਆਪਣਾ ਸਾਰਾ ਜੀਵਨ ਲੜ ਲਾਉਣ ਵਾਲਾ ਸਮਾਜਿਕ ਕ੍ਰਾਂਤੀਕਾਰੀ ਸੀ। ਬਦਕਿਸਮਤੀ ਨਾਲ ਉਸ ਦੇ ਅਨੇਕ ਸਮਕਾਲੀ ਉਸ ਦੀਆਂ ਪੂਰੇ ਮੁਲਕ ਲਈ ਕੀਤੀਆ ਸੇਵਾਵਾਂ ਨੂੰ ਪਛਾਨਣ ਤੋਂ ਅਸਮਰਥ ਰਹੇ। ਇਸ ਹਕੀਕਤ ਦੇ ਬਾਵਜੂਦ ਕਿ ਉਹ ਆਪਣੇ ਸਮੇਂ ਦਾ ਸੱਚ-ਮੁੱਚ ਇਕ ਮਹਾਨ ਵਿਅਕਤੀ ਸੀ, ਉਸ ਦੇ ਵਿਚਾਰਾਂ ਨੂੰ ਪਰਚਾਰਿਆਂ ਨਹੀਂ ਗਿਆ, ਜੋ ਕਿ ਪ੍ਰਚਾਰ ਦੇ ਹੱਕਦਾਰ ਸਨ। ਸਗੋਂ ਉਲਟਾ ਉਸ ਦੇ ਵਿਚਾਰਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੇ ਯਤਨ ਕੀਤੇ ਗਏ। (ਜਿਵੇਂ ਅਰੁਣ ਸ਼ੋਰੀ ਤੇ ਖੁਸ਼ਵੰਤ ਸਿੰਘ ਨੇ ਕੀਤਾ ਹੈ।) ਸਾਡੇ ਦੇਸ਼ਵਾਸੀਆਂ ਨੂੰ ਸਿਆਣਪ, ਗਿਆਨ ਅਤੇ ਰੋਸ਼ਨੀ ਤੋਂ ਵਾਂਝੇ ਕੀਤਾ ਗਿਆ ਸੀ, ਜੋ ਉਸ ਨੇ ਦਿੱਤੇ, ਤਾਂ ਕਿ ਸਾਡੇ ਮੁਲਕ ਨੂੰ ਇਕ ਵਧੀਆ ਮੁਲਕ ਬਣਾਇਆ ਜਾ ਸਕੇ। ਸਾਡੀ ਕੌਮ ਨੂੰ ਵਧੀਆ ਕੌਮ ਬਣਾਇਆ ਜਾ ਸਕੇ। ਉਹ ਸੰਸਾਰ ਦੇ ਸਾਰੇ ਮਹਾਨ ਵਿਅਕਤੀਆਂ ਵਾਂਗ ਮਹਾਨ ਸੀ। ਉਸ ਨੂੰ ਗਲਤ ਸਮਝਿਆ ਗਿਆ। ਉਹ ਇਸ ਉਪ ਮਹਾਂਦੀਪ ਵਿਚ ਰਹਿਣ ਵਾਲੇ ਸ਼ੋਸਤ ਅਤੇ ਅਛੂਤਾਂ ਦਾ ਮਹਾਨਤਮ ਰਾਜਨੀਤਕ ਅਤੇ ਧਾਰਮਿਕ ਆਗੂ ਸੀ। ਉਹ ਮਹਾਨ ਅਸ਼ੋਕਾ ਤੋਂ ਬਾਅਦ ਬੁੱਧ ਧਰਮ ਨੂੰ ਸੁਰਜੀਤ ਕਰਨ ਵਾਲਾ ਮਹਾਨਤਮ ਬੋਧੀ ਸੀ।(65)

ਡਾ. ਡੀ.ਆਰ. ਜਾਟਵ (ਪ੍ਰੋ. ਰਾਜਸਥਾਨ ਯੂਨੀਵਰਸਿਟੀ)

ਡਾ. ਅੰਬੇਡਕਰ ਨੂੰ ਆਧੁਨਿਕ ਮੰਨੂ ਨਹੀਂ ਕਿਹਾ ਜਾ ਸਕਦਾ। ਉਹ ਮੰਨੂ ਤੋਂ ਵੱਧ ਕੁਝ ਹੋਰ ਹੈ। ਮੰਨੂ ਸਿਮਰਤੀ ਦੇ ਮੁਕਾਬਲੇ ਭਾਰਤ ਦਾ ਸੰਵਿਧਾਨ ਇਕ ਮਹਾਨ ਮਾਨਵਵਾਦੀ ਦਸਤਾਵੇਜ ਹੈ। ਅੰਬੇਡਕਰ ਦੇ ਕਾਨੂੰਨ, ਮਾਨਵਤਾ ਵਾਸਤੇ ਪੱਕੇ ਬੰਦੋਬਸਤਾਂ ਦਾ ਪ੍ਰਬੰਧ ਦੱਸਦੇ ਹਨ। ਇਹ ਗੱਲ ਸੋਚਣ ਲਈ ਬੜੇ ਕਾਰਨ ਹਨ ਕਿ ਅਗਲੇਰੇ ਵਿਗਿਆਨਕ ਅਤੇ ਸਮਾਜਿਕ ਵਿਕਾਸ ਸਮੇਂ ਅੰਬੇਡਕਰ ਦੇ ਸਾਰਥਿਕ ਖਿਆਲ, ਸਾਰੀ ਮਨੁੱਖਤਾ ਨੂੰ ਨੇੜੇ ਲੈ ਆਉਣਗੇ।(88)

ਡਾ. ਮਿਸ. ਐਲੀਨਰ ਜੇਲੀਅਟ (ਪ੍ਰੋ. ਯੂਨੀਵਰਸਿਟੀ ਪੈਨੀ ਸਲਵਾਨੀਆ ਯੂ.ਐਸ.ਏ.)

ਮੇਰੇ ਡੇਢ ਸਾਲ ਭਾਰਤ ਵਿਚ ਰਹਿਣ ਸਮੇਂ ਅਤੇ ਅਮਰੀਕਾ ਪਰਤਣ ਵੇਲੇ ਤੱਕ ਮੈਨੂੰ ਡਾ. ਅੰਬੇਡਕਰ ਦੀ ਅੰਗਰੇਜ਼ੀ ਵਿਚ ਲਿਖੀ ਤਕਰੀਬਨ ਹਰ ਚੀਜ਼ ਪੜ੍ਹਨ ਦਾ ਮੌਕਾ ਮਿਲਿਆ। ਇਸ ਵਿਚ ਇਕ ਅਜਿਹੀ ਦੌਲਤ ਦਾ ਭੰਡਾਰ ਹੈ, ਜੋ ਕਿਸੇ ਵਿਦਿਆਰਥੀ ਨੂੰ ਉਸ ਦੀ ਜੀਵਨੀ ਲਿਖਣ ਲਈ ਉਤਸ਼ਾਹਤ ਕਰ ਦਿੰਦਾ ਹੈ ਤੇ ਇਸ ਤੋਂ ਵੀ ਵੱਧ ਮੈਨੂੰ ਡਾ. ਅੰਬੇਡਕਰ ਦੀਆਂ ਲਿਖਤਾਂ, ਜੋ ਬਹੁਤ ਦਿਲਚਸਪ ਹਨ ਦਾ ਇਕ ਨਵਾਂ ਭੰਡਾਰ ਲੱਭਿਆ। ਪੁਰਾਣੀਆਂ ਤੇ ਧੂੜ ਨਾਲ ਭਰੀਆਂ ਸਰਕਾਰ ਦੀਆਂ ਰਿਪੋਰਟਾਂ ਡਾ. ਅੰਬੇਡਕਰ ਦੀ ਸ਼ਾਨਦਾਰ ਅੰਗਰੇਜ਼ੀ ਦੀਆਂ ਕਮਾਲ ਦੀਆਂ ਉਦਾਹਰਣਾਂ ਹਨ। ਉਸ ਦਾ ਲਾਜਬਾਵ ਤਰਕ ਅਤੇ ਉਸ ਦਾ ਸਮੁੱਚੀ ਭਾਰਤੀ ਕੌਮ ਨਾਲ ਨਾਤਾ।

ਡਾ. ਕਟਰ ਅੰਬੇਡਕਰ ਨੇ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨਾ ਠੀਕ ਨਹੀਂ ਸਮਝਿਆ। ਉਸ ਨੇ ਮਹਿਸੂਸ ਕੀਤਾ ਕਿ ਇਹ ਚੰਗਾ ਹੁੰਦਾ ਜੇਕਰ ਜੇ ਕਮਿਸ਼ਨ ਹਰ ਪ੍ਰਕਾਰ ਦੀ ਰਾਜਸੀ ਪਹੁੰਚ ਵਾਲੇ ਭਾਰਤੀ ਮੈਂਬਰਾਂ ਨੂੰ ਨਾਲ ਰੱਖਦਾ।(68-69)

ਨੋਟ : ਉਪਰੋਕਤ ਕਥਨ ਸਾਨੂੰ ਅਰੁਨ ਸ਼ੋਰੀ ਦੀ ਪੁਸਤਕ ਝੂਠੇ ਦੇਵਾਂ ਦੀ ਪੂਜਾ (ਅੰਗਰੇਜ਼ੀ) ਦੇ ਉੱਤਰ ਵਿਚ ਲਿਖੀ ਪੁਸਤਕ 'ਡਾ. ਅੰਬੇਡਕਰ ਇਕ ਵੰਗਾਰ' ਜਿਸ ਨੂੰ ਪੂਜਿਆ ਗਿਆ, ਵਿਚੋਂ ਮਿਲੇ ਹਨ। ਪੁਸਤਕ ਜੋ ਅੰਗਰੇਜ਼ੀ ਜਾਨਣ ਵਾਲੇ ਹਰ ਐਸ.ਸੀ., ਐਸ.ਟੀ., ਓ.ਬੀ.ਸੀ., ਅਤੇ ਨੇਕ ਇਨਸਾਨ ਲਈ ਪੜ੍ਹਨੀ ਜ਼ਰੂਰੀ ਹੈ। ਅਗਲੇ ਭਾਗ ਵਿਚ ਅਸੀਂ ਡਾ. ਅੰਬੇਡਕਰ ਦੇ ਆਪਣੇ ਕਥਨਾਂ ਨਾਲ ਅਰੁਣ ਸ਼ੋਰੀ ਤੇ ਕੱਟੜ ਹਿੰਦੂ ਜਮਾਤ ਨੂੰ ਮੁਖ਼ਾਤਬ ਹੋਵਾਂਗੇ।

ਡਾ. ਅੰਬੇਡਕਰ ਨੇ ਕਿਹਾ ਸੀ

ਸਰੀਰਕ ਤਾਕਤ, ਦਿਮਾਗੀ ਸ਼ਕਤੀ ਦੁਆਰਾ ਅਤੇ ਦਿਮਾਗੀ ਸ਼ਕਤੀ ਨੈਤਕਤਾ ਅਤੇ ਰੂਹਾਨੀ ਪਵਿੱਤਰਤਾ ਦੁਆਰਾ ਚਲਾਈ ਜਾਣੀ ਚਾਹੀਦੀ ਹੈ, ਨਹੀਂ ਤਾਂ ਸਾਡਾ ਸਮਾਜ ਭ੍ਰਿਸ਼ਟਾਚਾਰ ਅਤੇ ਅਨੈਤਕ ਬੁਰਾਈਆਂ ਨਾਲ ਭਰਿਆ ਹੋਇਆ ਨਰਕ ਬਣ ਜਾਵੇਗਾ।(Rule of morality) ਧੰਨ ਹਨ ਉਹ ਲੋਕ, ਜੋ ਉਨ੍ਹਾਂ ਲੋਕਾਂ, ਜਿਨ੍ਹਾਂ ਵਿਚ ਉਹ ਜਨਮੇਂ ਹਨ, ਖ਼ਾਤਰ ਆਪਣੇ ਫਰਜ਼ ਪੂਰੇ ਕਰਨ ਲਈ ਜਾਗਰਤ ਹਨ। ਉਹ ਜੋ ਆਪਣਾ ਸਮਾਂ ਆਪਣੇ ਹੁਨਰ (ਗੁਣ) ਅਤੇ ਹੋਰ ਸਭ ਕੁਝ ਨੂੰ ਗੁਲਾਮੀ ਦੇ ਖ਼ਾਤਮੇ ਲਈ ਲਗਾ ਦਿੰਦੇ ਹਨ, ਉਹ ਮਹਾਨ ਹਨ। ਉਹ ਜੋ ਗੁਲਾਮ ਬਣਾ ਲਏ ਗਏ ਭਰਾਵਾਂ ਦੀ ਮੁਕਤੀ ਲਈ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖਦੇ ਹਨ, ਉਹ ਮਹਾਨ ਹਨ।

ਜੋ ਪਛੜੀਆਂ ਤੇ ਅਛੂਤ ਜਾਤੀਆਂ ਨਾਲ ਵਿਹਾਰ ਹੁੰਦਾ ਰਿਹਾ ਹੈ

ਡਾ. ਅੰਬੇਡਕਰ :-ਹਿੰਦੂ ਅਛੂਤਾਂ ਨੂੰ ਆਪਣੇ ਖੂਹਾਂ ਤੋਂ ਪਾਣੀ ਨਹੀਂ ਲੈਣ ਦੇਣਗੇ।

ਹਿੰਦੂ ਅਛੂਤਾਂ ਨੂੰ ਸਕੂਲਾਂ ਵਿਚ ਨਹੀਂ ਜਾਣ ਦੇਣਗੇ।

ਹਿੰਦੂ ਅਛੂਤਾਂ ਨੂੰ ਬੱਸਾਂ ਵਿਚ ਸਫਰ ਨਹੀਂ ਕਰਨ ਦੇਣਗੇ।

ਹਿੰਦੂ ਅਛੂਤਾਂ ਨੂੰ ਬਰਾਬਰ ਗੱਡੀਆਂ ਵਿਚ ਸਫਰ ਨਹੀਂ ਕਰਨ ਦੇਣਗੇ।

ਹਿੰਦੂ ਅਛੂਤਾਂ ਨੂੰ ਸਾਫ ਚਿੱਟੇ ਕੱਪੜੇ ਨਹੀਂ ਪਾਉਣ ਦੇਣਗੇ।

ਹਿੰਦੂ ਅਛੂਤਾਂ ਨੂੰ ਗਹਿਣੇ ਨਹੀਂ ਪਹਿਨਣ ਦੇਣਗੇ।

ਹਿੰਦੂ ਅਛੂਤਾਂ ਨੂੰ ਘਰਾਂ ਦੀਆਂ ਛੱਤਾਂ ਪੱਕੀਆਂ ਨਹੀਂ ਕਰਨ ਦੇਣਗੇ।

ਹਿੰਦੂ ਅਛੂਤਾਂ ਕੋਲ ਆਪਣੀ ਜ਼ਮੀਨ ਨੂੰ ਬਰਦਾਸ਼ਤ ਨਹੀਂ ਕਰਨਗੇ।

ਹਿੰਦੂ ਅਛੂਤਾਂ ਨੂੰ ਪਸ਼ੂ ਨਹੀਂ ਰੱਖਣ ਦੇਣਗੇ।

ਹਿੰਦੂ ਅਛੂਤਾਂ ਦਾ ਉਦੋਂ ਬੈਠੇ ਰਹਿਣਾ ਬਰਦਾਸ਼ਤ ਨਹੀਂ ਕਰਨਗੇ ਜਦੋਂ ਕੋਈ ਹਿੰਦੂ ਖੜ੍ਹਾ ਹੋਵੇ।

ਇਹ ਕੰਮ ਹਿੰਦੂਆਂ ਵਿਚ ਕੁਝ ਗਿਣੇ ਚੁਣੇ ਅਲੱਗ ਕਿਸਮ ਦੇ ਲੋਕਾਂ ਦੇ ਨਹੀਂ ਹਨ। ਅਛੂਤਾਂ ਵਿਰੁੱਧ ਇਹ ਵਤੀਰਾ, ਹਿੰਦੂ ਸਮਾਜ ਦਾ ਪੱਕਾ ਸਮਾਜੀ ਪਰ ਗੈਰਮਨੁੱਖੀ ਵਤੀਰਾ ਹੈ।(30)

ਉੱਠਦੇ ਪ੍ਰਸ਼ਨ : 1. ਸੰਵਿਧਾਨ ਦੇ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਕੀ ਇਹ ਕੁਝ ਹਰ ਪਿੰਡ ਤੇ ਸ਼ਹਿਰ ਵਿਚ ਨਹੀਂ ਸੀ ਹੁੰਦਾ ?

2. ਕੀ ਹਰ ਅਛੂਤ ਅਤੇ ਪਛੜੀ ਜਾਤੀ ਮਨੁੱਖ ਨੇ ਇਹ ਭੈੜਾ ਵਰਤਾਅ ਨਹੀਂ ਝੱਲਿਆ, ਨਹੀਂ ਵੇਖਿਆ ?

3. ਕੀ ਇਹੋ ਕੁਝ ਅੱਜ ਵੀ ਅਧਿਓਂ ਵੱਧ ਭਾਰਤ ਵਿਚ ਏਸੇ ਤਰ੍ਹਾਂ ਹੀ ਨਹੀਂ ਚੱਲ ਰਿਹਾ ?

ਸਮਾਜਿਕ ਲੋਕਤੰਤਰ

ਸਾਨੂੰ ਆਪਣੇ ਰਾਜਨੀਤਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਵਿਚ ਬਦਲਣਾ ਚਾਹੀਦਾ ਹੈ। ਰਾਜਨੀਤਕ ਲੋਕਤੰਤਰ ਹੋਂਦ ਵਿਚ ਨਹੀਂ ਰਹਿ ਸਕਦਾ, ਜੇ ਕਰ ਇਹ ਸਮਾਜਿਕ ਲੋਕਤੰਤਰ ਨੂੰ ਆਪਣਾ ਅਧਾਰ ਨਹੀਂ ਬਣਾਉਂਦਾ, ਸਮਾਜਿਕ ਲੋਕਸ਼ਾਹੀ ਦਾ ਕੀ ਅਰਥ ਹੈ? ਜੀਵਨ ਜਿਉਣ ਦਾ ਅਜਿਹਾ ਢੰਗ ਜੋ ਆਜ਼ਾਦੀ ਬਰਾਬਰੀ ਅਤੇ ਭਾਈਚਾਰੇ ਨੂੰ ਜ਼ਿੰਦਗੀ ਦਾ ਸਿਧਾਂਤ ਮੰਨਦਾ ਹੋਵੇ।(33)

(ਟਿੱਪਣੀ : ਅਸੀਂ ਭਾਰਤ ਅੰਦਰ ਪਿਛਲੇ ਪੰਜਾਹ ਵਰ੍ਹਿਆਂ ਵਿਚ ਕੇਵਲ ਰਾਜਨੀਤਕ ਲੋਕਤੰਤਰ ਚਲਾਇਆ

ਤੇ ਫੇਲ੍ਹ ਕੀਤਾ ਹੈ, ਕਿਉਂਕਿ ਇਸ ਲੋਕਤੰਤਰ ਨੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਨੂੰ ਆਧਾਰ ਨਹੀਂ ਬਣਾਇਆ। ਸਗੋਂ ਗੈਰ ਭਾਈਚਾਰੇ ਨੂੰ ਰਾਜਨੀਤਕ ਤਾਕਤ ਹਥਿਆਈ ਰੱਖਣ ਦਾ ਆਧਾਰ ਬਣਾ ਕੇ ਰੱਖਿਆ।) ਇਸੇ ਕਰਕੇ ਡਾ. ਅੰਬੇਡਕਰ ਨੇ ਕਿਹਾ :-ਬਰਾਬਰੀ ਤੋਂ ਬਿਨ੍ਹਾਂ ਆਜ਼ਾਦੀ, ਬਹੁਤੇ ਲੋਕਾਂ ਉੱਪਰ ਮੁੱਠੀ ਭਰ ਲੋਕਾਂ ਦਾ ਕਬਜ਼ਾ ਪੈਦਾ ਕਰੇਗੀ। ਆਜ਼ਾਦੀ ਤੋਂ ਬਿਨ੍ਹਾਂ ਬਰਾਬਰੀ ਵਿਅਕਤੀਗਤ ਜਜ਼ਬੇ ਨੂੰ ਮਾਰ ਦੇਵੇਗੀ। ਭਾਈਚਾਰੇ, ਆਜ਼ਾਦੀ ਅਤੇ ਬਰਾਬਰੀ ਤੋਂ ਬਿਨ੍ਹਾਂ ਵਿਹਾਰ ਅੰਦਰ ਕੁਦਰਤੀ ਮੇਲ ਮਿਲਾਪ ਨਹੀਂ ਬਣ ਸਕੇਗਾ। ਸਮਾਜਿਕ ਪੱਧਰ 'ਤੇ ਅਸੀਂ ਭਾਰਤ ਵਿਚ ਸਮਾਜ ਨੂੰ ਉੱਚ-ਨੀਚ ਨਾ ਬਰਾਬਰੀ ਦੇ ਪ੍ਰਬੰਧ 'ਤੇ ਟਿਕਾਇਆ ਹੋਇਆ ਹੈ। ਜਿਸ ਦਾ ਮਤਲਬ ਹੈ ਕੁਝ ਇਕ ਦੀ ਉੱਨਤੀ ਤੇ ਵਿਕਾਸ ਤੇ ਬਾਕੀਆਂ ਦਾ ਨਿਘਾਰ ।(ਨਾ ਬਰਾਬਰੀ)(34) ਪਹਿਲਾਂ ਲੋਕਾਂ ਨੂੰ ਅਨਪੜ੍ਹ ਰੱਖਣਾ ਤੇ ਫੇਰ ਉਨ੍ਹਾਂ ਦੀ ਅਨਪੜ੍ਹਤਾ ਨੂੰ (ਰਾਜਸੀ ਸੱਤਾ ਬਣਾਉਣ ਵੇਲੇ) ਵੋਟ ਦੇ ਹੱਕਦਾਰ ਨਾ ਬਣਾਉਣ ਦਾ ਅਧਾਰ ਬਣਾਉਣਾ ਜ਼ਖਮਾਂ 'ਤੇ ਲੂਣ ਪਾਉਣ ਬਰਾਬਰ ਹੈ। ਵੋਟ ਦੇ ਹੱਕ ਦੀ ਵਰਤੋਂ ਕਰਨਾ, ਬੁੱਧੀਮਾਨੀ ਦਾ ਮਸਲਾ ਹੈ, ਨਾ ਕਿ ਪੜ੍ਹਾਈ ਤੇ ਅਨਪੜ੍ਹਤਾ ਦਾ। ਇਹ ਕਹਿਣਾ ਗਲਤ ਹੈ ਕਿ ਅਨਪੜ੍ਹ ਆਦਮੀ ਹਮੇਸ਼ਾ ਬੁੱਧੀਹੀਣ ਹੁੰਦਾ ਹੈ। ਸਾਰੇ ਸੰਸਾਰ ਅਤੇ ਭਾਰਤ ਵਿਚ ਵੀ ਅਨਪੜ੍ਹ ਲੋਕ ਆਪਣੇ ਮਾਮਲਿਆਂ ਨਾਲ ਜ਼ਿੰਮੇਂਵਾਰੀ ਨਾਲ ਨਿਪਟਣ ਲਈ ਕਾਫੀ ਸਮਝਦਾਰ ਸਾਬਤ ਹੋਏ ਹਨ।(35)

ਉੱਠਦੇ ਪ੍ਰਸ਼ਨ : ਕੀ ਅਸੀਂ ਪਿਛਲੇ ਪੰਜਾਹ ਵਰ੍ਹਿਆਂ ਦੇ ਤਜਰਬੇ ਤੋਂ ਇਹ ਸਾਬਤ ਕਰ ਸਕਦੇ ਹਾਂ ਕਿ ਭਾਰਤ ਦੀ ਪੜ੍ਹੀ-ਲਿਖੀ ਸ਼੍ਰੇਣੀ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਦਰੁਸਤ ਕੀਤੀ ਹੈ ? ਕੀ ਹੇਠਲੇ ਤਬਕਿਆਂ ਵਿਚੋਂ ਉੱਠੇ ਪੜ੍ਹੇ-ਲਿਖੇ ਵਰਗ ਨੇ ਅਸਲੀ ਲੋਕਤੰਤਰ ਦੇ ਮਨੋਰਥ ਨੂੰ ਸਮਝ ਕੇ ਵੋਟ ਦੀ ਵਰਤੋਂ ਕੀਤੀ ਹੈ ? ਬਹੁਜਨ ਸਮਾਜ ਨੂੰ ਅਨਪੜ੍ਹ ਅਤੇ ਜਾਹਲ ਬਣਾ ਕੇ ਰੱਖਣ ਲਈ ਜ਼ਿੰਮੇਂਵਾਰ ਲੋਕ ਕੌਣ ਹਨ ? ਉਹੀ ਲੋਕ ਆਮ ਭਾਰਤੀ ਨੂੰ ਬਾਲਗ ਵੋਟ ਦੇਣ ਲਈ ਤਿਆਰ ਨਹੀਂ ਸਨ, ਪਰੰਤੂ ਡਾ. ਅੰਬੇਡਕਰ ਨੇ ਆਮ ਸਾਰੀ ਜਨਤਾ ਦਾ ਹਿੱਤ ਪੂਰ ਕੇ ਰਾਸ਼ਟਰ ਪ੍ਰੇਮ ਦੀ ਸਰਬ ਉੱਤਮ ਮਿਸਾਲ ਕਾਇਮ ਕੀਤੀ ਹੈ। ਕੀ ਇਹ ਝੂਠ ਹੈ ? ਅੰਤ ਵੋਟ ਦੇ ਮੌਲਿਕ ਅਧਿਕਾਰ ਦਾ ਕੇਂਦਰੀ ਅਤੇ ਰਾਜ ਵਿਧਾਨ ਸਭਾਵਾਂ ਅੰਦਰ ਬਾਲਗ ਵੋਟ ਦੇ ਅਧਿਕਾਰ ਵਜੋਂ ਭਾਰਤੀ ਸੰਵਿਧਾਨ ਵਿਚ, ਸੰਵਿਧਾਨ ਘਾੜੀ ਕਮੇਟੀ ਵੱਲੋਂ ਪ੍ਰਵਾਨ ਕਰਨਾ, ਡਾ. ਅੰਬੇਡਕਰ ਦੀਆਂ ਮਜ਼ਬੂਤ ਤੇ ਸਾਰਥਿਕ ਦਲੀਲਾਂ ਤੇ ਵਰਨਣਾਂ ਦੇ ਕਾਰਨ ਹੋਇਆ। ਤੇ ਇਉਂ ਭਾਰਤ ਅਸਲੀ ਲੋਕਤੰਤਰ ਵਾਲਾ ਮੁਲਕ ਬਣਿਆ, ਜੋ ਲੋਕਾਂ ਦਾ, ਲੋਕਾਂ ਦੁਆਰਾ ਅਤੇ ਲੋਕਾਂ ਵਾਸਤੇ ਹੋਂਦ ਵਿਚ ਆਇਆ।(37)

ਸੰਵਿਧਾਨ ਬਾਰੇ ਉਨ੍ਹਾਂ ਕਿਹਾ :-ਮੈਂ ਸੰਵਿਧਾਨ ਦੀਆਂ ਉੱਚਤਾਵਾਂ (ਵਿਸ਼ੇਸ਼ਤਾਵਾਂ) ਵੱਲ ਨਹੀਂ ਜਾਂਦਾ। ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਸੰਵਿਧਾਨ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਇਹ ਪੱਕੀ ਗੱਲ ਹੈ ਕਿ ਇਹ ਬੁਰਾ ਬਣ ਜਾਵੇਗਾ, ਜੇਕਰ ਇਸ ਨੂੰ ਚਲਾਉਣ ਵਾਲੇ ਬੁਰੇ ਹੋਣਗੇ। ਤੇ ਸੰਵਿਧਾਨ ਕਿੰਨਾ ਵੀ ਬੁਰਾ ਹੋਵੇ ਇਹ ਚੰਗਾ ਸਾਬਤ ਹੋ ਸਕਦਾ ਹੈ ਜੇ ਇਸ ਨੂੰ ਚਲਾਉਣ ਵਾਲੇ ਲੋਕ ਚੰਗੇ ਹੋਣਗੇ।(40)

ਸ਼ੋਸ਼ਨ :- ਏਥੇ ਲੋਕ ਰਾਇ ਲਈ ਕੋਈ ਅਪੀਲ ਨਹੀਂ ਹੈ। ਲੋਕ ਰਾਇ ਕੋਈ ਵੀ ਹੋਵੇ, ਇਹ ਆਖਰ ਹਿੰਦੂ (ਉੱਚੀਆਂ ਜਾਤਾਂ) ਦੀ ਲੋਕ ਰਾਇ ਹੈ, ਜੋ ਸ਼ੋਸ਼ਕ ਜਮਾਤਾਂ ਹਨ, ਸ਼ੋਸ਼ਨ ਦੀ ਤਰਫਦਾਰੀ ਵੀ ਕਰਦੀਆਂ ਹਨ। ਇਸ ਉੱਤੇ ਪੁਲਸ ਅਤੇ ਨਿਆਂ ਪਾਲਿਕਾ ਦਾ ਕੋਈ ਜ਼ਾਬਤਾ ਨਹੀਂ ਹੈ। ਜਿਸ ਦਾ ਬੜਾ ਸਧਾਰਨ ਕਾਰਨ ਹੈ ਕਿ ਉਹ ਸਾਰੇ ਹਿੰਦੂਆਂ (ਭਾਵ ਉੱਚੀਆਂ ਜਾਤੀਆਂ) ਵਿਚੋਂ ਆਉਂਦੇ ਹਨ, ਜੋ ਸ਼ੋਸ਼ਕਾਂ ਦਾ ਸਾਥ ਦਿੰਦੇ ਹਨ।(42)

ਸਮਾਜਵਾਦ ਨਹਿਰੂ ਅਤੇ ਅੰਬੇਡਕਰ

(ਡਾ. ਜੀ. ਐਸ. ਲਖਾਂਡੇ ਐਲ ਐਲ ਐਮ., ਪੀ ਐਚ.ਡੀ.)

'ਡਾ. ਅੰਬੇਡਕਰ ਵਾਸਤੇ ਪਰਜਾਤੰਤਰ ਦਾ ਮੂਲ ਮਸਲਾ ਇਕ ਆਦਮੀ ਤੇ ਇਕ ਕੀਮਤ ਹੈ। ਇਸ ਲਈ ਉਸ ਦੀ ਜ਼ੋਰਦਾਰ ਇੱਛਾ ਹੈ ਕਿ ਬੁਨਿਆਦੀ ਅਧਿਕਾਰਾਂ ਵਿਚ 'ਸਮਾਜਵਾਦ' ਦੇ ਪ੍ਰੋਗਰਾਮ ਨੂੰ ਸ਼ਾਮਲ ਕੀਤਾ ਜਾਵੇ। ਜਦੋਂ (ਡਾ. ਅੰਬੇਡਕਰ ਦੇ ਕੱਟੜ ਵਿਰੋਧੀ) ਸ. ਵੱਲਭ ਭਾਈ ਪਟੇਲ ਅਤੇ ਜੇ.ਬੀ. ਕਿਰਪਲਾਨੀ ਜਿਨ੍ਹਾਂ ਦਾ ਸੰਵਿਧਾਨ ਅੰਦਰ ਬੁਨਿਆਦੀ ਅਧਿਕਾਰਾਂ ਦੀ ਜ਼ਿੰਮੇਂਵਾਰੀ ਸੀ, ਨੇ ਮੌਲਕ ਅਧਿਕਾਰਾਂ ਅੰਦਰ 'ਸਮਾਜਵਾਦ' ਪਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਡਾ. ਅੰਬੇਡਕਰ ਨੇ ਡਾ. ਰਜਿੰਦਰ ਪ੍ਰਸਾਦ ਤੇ ਜਵਾਹਰ ਲਾਲ ਨਹਿਰੂ ਤੱਕ ਗੱਲ ਪਹੁੰਚਾਈ ਅਤੇ ਕਿਹਾ ਕਿ ਸਮਾਜਵਾਦ ਨੂੰ ਮੌਲਿਕ ਅਧਿਕਾਰਾਂ ਵਿਚ ਸ਼ਾਮਲ ਕੀਤਾ ਜਾਵੇ। ਪਰੰਤੂ ਜਦੋਂ ਉਹ ਵੀ ਨਾ ਮੰਨੇ ਤਾਂ ਡਾ. ਅੰਬੇਡਕਰ ਨੂੰ ਬੜੀ ਨਿਰਾਸ਼ਤਾ ਹੋਈ। ਉਨ੍ਹਾਂ ਨੇ ਨਹਿਰੂ ਦੇ ਨਿਸ਼ਾਨਿਆਂ ਭਰੇ ਮਤਿਆਂ

ਦੀ ਆਲੋਚਨਾ ਕੀਤੀ, ਜਿਨ੍ਹਾਂ ਵਿਚ ਸਮਾਜਵਾਦ ਦੇ ਪ੍ਰੋਗਰਾਮ ਨੂੰ ਸ਼ਾਮਲ ਕਰਨ ਦੀ ਚਾਹਤ ਨਹੀਂ ਸੀ। ਉਨ੍ਹਾਂ ਅਜਿਹਾ ਕਿਉਂ ਕੀਤਾ, ਕਿਉਂਕਿ ਇਕ ਗਰੀਬ ਆਦਮੀ ਲਈ ਵੋਟ ਦਾ ਅਧਿਕਾਰ ਉਤਨਾ ਮਹੱਤਵਪੂਰਨ ਨਹੀਂ ਸੀ, ਜਿੰਨਾ ਰੋਟੀ ਪ੍ਰਾਪਤ ਕਰਨਾ ।(54/43)

ਬਗਾਨਾ ਰਾਜ

ਕੋਈ ਦੇਸ਼ ਜੋ ਦੂਜੇ ਉੱਤੇ ਰਾਜ ਕਰਦਾ ਹੈ ਕਦੀ ਚੰਗਾ ਨਹੀਂ ਹੈ, ਪਰੰਤੂ ਇਹ ਵੀ ਉਸੇ ਤਰ੍ਹਾਂ ਸੱਚ ਹੈ ਕਿ ਕੋਈ ਜਮਾਤ (ਜਾਤੀ ਸਮੂਹ) ਜੋ ਦੂਜਿਆਂ ਉੱਪਰ ਰਾਜ ਕਰਦੀ ਹੈ, ਵੀ ਚੰਗੀ ਨਹੀਂ ਹੈ ।(74) (ਇਹ ਗੱਲ ਬਾਬਾ ਸਾਹਿਬ ਨੇ ਭਾਰਤ ਵਿਚ ਹਾਕਮ ਰਹਿ ਰਹੀਆਂ ਉੱਚੀਆਂ ਜਾਤਾਂ ਦੇ ਪ੍ਰਸੰਗ ਵਿਚ ਕਹੀ ਹੈ।)

ਸਵਰਾਜ

ਸੱਚ-ਮੁੱਚ ਇਹ ਗੱਲ ਹਿੱਤਕਾਰੀ ਹੈ, ਦਬੀਆਂ-ਕੁਚਲੀਆਂ ਜਾਤੀਆਂ ਦੇ ਨਜਰੀਏ ਤੋਂ ਵੀ ਕਿ ਸਾਰੀਆਂ ਪਾਰਟੀਆਂ ਜਿਨ੍ਹਾਂ ਵਿਚ ਦਬੀਆਂ-ਕੁਚਲੀਆਂ ਜਾਤੀਆਂ ਵੀ ਸ਼ਾਮਲ ਹਨ ਨੇ ਪ੍ਰਵਾਨ ਕਰ ਲਿਆ ਹੈ ਕਿ ਭਾਰਤ ਦਾ ਨਿਸ਼ਾਨਾ ਸਵਰਾਜ ਹਾਸਲ ਕਰਨਾ ਹੈ।(2 ਅਕਤੂਬਰ 1930) ਟਕਰਾਅ ਸੰਵਿਧਾਨ ਦੇ ਮੂੰਹ-ਮੁਹਾਂਦਰੇ ਅਤੇ ਸੰਵਿਧਾਨ ਵਿਚ ਘੱਟ ਗਿਣਤੀਆਂ ਦੇ ਅਧਿਕਾਰਾਂ ਤੋਂ ਖੜਾ ਹੋਇਆ ਹੈ। ਬੁਨਿਆਦੀ ਪ੍ਰਸ਼ਨ ਇਹ ਸੀ ਕਿ ਕੀ ਇਹ ਅਧਿਕਾਰ ਮਾਮੂਲੀ ਘੱਟ ਗਿਣਤੀਆਂ ਦੇ ਹੱਥ ਵਿਚ ਦਿੱਤੇ ਜਾਣਗੇ ਜਾਂ ਫਿਰ ਜਮਾਤਾਂ (ਭਾਵ ਹਿੰਦੂਆਂ, ਸਿੱਖਾਂ, ਇਸਾਈਆਂ, ਬੋਧੀਆਂ, ਦਲਿਤਾਂ ਪਛੜਿਆਂ, ਮੁਸਲਮਾਨਾਂ ਆਦਿ) ਵਿਚ ਬਰਾਬਰ ਵੰਡੇ ਜਾਣਗੇ। ਮੈਂ ਉਹੀ ਮੰਗਾਂਗਾ ਜੋ ਮੇਰੇ ਲੋਕਾਂ (ਬਹੁਜਨਾਂ) ਲਈ ਚੰਗਾ ਹੋਵੇਗਾ ਅਤੇ ਮੈਂ ਸੱਚਮੁੱਚ ਸਵਰਾਜ ਦੀ ਮੰਗ ਨੂੰ ਉਭਾਰਾਂਗਾ। ਭਾਰਤ ਦੇ ਅਛੂਤ ਵੀ ਵਰਤਮਾਨ (ਅੰਗਰੇਜ਼) ਸਰਕਾਰ ਦੀ ਥਾਂ ਲੋਕਾਂ ਦੀ, ਲੋਕਾਂ ਵਾਸਤੇ ਅਤੇ ਲੋਕਾਂ ਦੁਆਰਾ ਚੁਣੀ ਸਰਕਾਰ ਚਾਹੁੰਦੇ ਹਨ।

ਕੁਰਬਾਨੀ

ਮੈਂ ਮੰਨਦਾ ਹਾਂ ਕਿ ਮੇਰੀ ਲੜਾਈ ਜਾਤੀਵਾਦੀ ਹਿੰਦੂਆਂ ਨਾਲ ਹੈ, ਕੁਝ ਨੁਕਤਿਆਂ ਉੱਪਰ। ਪਰੰਤੂ ਮੈਂ ਤੁਹਾਡੇ ਸਭ ਦੇ ਸਾਹਮਣੇ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਂ ਆਪਣੇ ਮੁਲਕ ਖਾਤਰ, ਆਪਣਾ ਜੀਵਨ ਕੁਰਬਾਨ ਕਰ ਦਿਆਂਗਾ।

ਮਹਾਤਮਾ ਜੀ, ਤੁਸੀਂ ਕਹਿੰਦੇ ਹੋ ਕਿ ਬਰਤਾਨੀਆ ਸਰਕਾਰ ਦਿਲੋਂ ਜਰਾ ਵੀ ਨਹੀਂ ਬਦਲ ਰਹੀ, ਮੈਂ ਵੀ ਇਹ ਕਹਿੰਦਾ ਹਾਂ ਕਿ ਸਾਡੀ ਸਮੱਸਿਆ ਬਾਰੇ ਹਿੰਦੂਆਂ ਦੇ ਮਨਾਂ ਵਿਚ ਜਰਾ ਵੀ ਪ੍ਰਵਰਤਨ ਨਹੀਂ ਦਿਸਦਾ। ਜਦੋਂ ਤੱਕ ਉਹ ਇਸੇ ਤਰ੍ਹਾਂ ਅਬਦਲ ਰਹਿੰਦੇ ਹਨ, ਅਸੀਂ ਨਾ ਕਾਂਗਰਸ 'ਤੇ ਭਰੋਸਾ ਕਰਾਂਗੇ ਅਤੇ ਨਾ ਹਿੰਦੂਆਂ 'ਤੇ। ਅਸੀਂ ਸਵੈ ਸਹਾਇਤਾ ਅਤੇ ਸਵੈਮਾਣ ਵਿਚ ਵਿਸ਼ਵਾਸ ਕਰਦੇ ਹਾਂ। ਅਸੀਂ ਵੱਡੇ ਨੇਤਾਵਾਂ ਤੇ ਮਹਾਤਮਾਵਾਂ ਵਿਚ ਭਰੋਸਾ ਰੱਖਣ ਲਈ ਨਹੀਂ ਬਣੇ।

ਮੈਨੂੰ ਇਹ ਕਹਿਣ ਲਈ ਖੁੱਲ੍ਹ ਦਿਉ ਇਤਿਹਾਸ ਗਵਾਹ ਹੈ ਕਿ ਮਹਾਤਮਾ ਤੇਜ਼ ਹਨ੍ਹੇਰੀਆਂ ਦੀ ਤਰ੍ਹਾਂ ਆਏ, ਮਿੱਟੀ ਉਡਾਈ ਪਰੰਤੂ ਬਦਲਿਆ ਕੁਝ ਨਹੀਂ। ਕਾਂਗਰਸੀ ਸਾਡੀ (ਮੁਕਤੀ ਦੀ) ਲਹਿਰ ਦਾ ਵਿਰੋਧ ਕਿਉਂ ਕਰਦੇ ਹਨ ? ਮੈਨੂੰ ਗੱਦਾਰ ਕਿਉਂ ਕਹਿੰਦੇ ਹਨ ? ਤੁਸੀਂ (ਮਹਾਤਮਾ ਗਾਂਧੀ ਨੂੰ) ਕਹਿੰਦੇ ਹੋ ਕਿ ਮੇਰਾ ਵੀ ਘਰ (ਮਾਤਰ ਭੂਮੀ) ਹੈ। ਮੈਂ ਫੇਰ ਕਹਿੰਦਾ ਹਾਂ ਕਿ ਮੇਰਾ ਕੋਈ ਘਰ ਨਹੀਂ ਤੇ ਇਹ ਧਰਮ ਜੋ ਮੇਰਾ ਆਪਣਾ ਹੈ ਇਸ ਵਿਚ ਸਾਡੇ ਨਾਲ ਕੁੱਤਿਆਂ ਅਤੇ ਬਿੱਲਿਆਂ ਤੋਂ ਬੁਰਾ ਵਰਤਾਅ ਕੀਤਾ ਜਾਂਦਾ ਹੈ। ਜਿਸ ਵਿਚ ਅਸੀਂ ਪੀਣ ਲਈ ਪਾਣੀ ਵੀ ਨਹੀਂ ਲੈ ਸਕਦੇ। ਕੋਈ ਵੀ ਖੁਦਾਰ ਅਤੇ ਸਵੈ-ਅਭਿਮਾਨੀ ਅਛੂਤ ਇਸ ਧਰਤੀ 'ਤੇ ਮਾਣ ਮਹਿਸੂਸ ਨਹੀਂ ਕਰ ਸਕਦਾ।

ਜੇ ਮੈਂ ਆਪਣੇ ਲੋਕਾਂ ਲਈ ਮਨੁੱਖੀ ਅਧਿਕਾਰ ਲੈਣ ਦੀ ਜੱਦੋ-ਜਹਿਦ ਵਿਚ, ਜੋ ਸਦੀਆਂ ਤੋਂ ਇਸ ਮੁਲਕ ਵਿਚ ਦਬਾਅ ਕੇ ਰੱਖੇ ਗਏ ਹਨ, ਦੇਸ਼ ਦਾ ਕੋਈ ਬੁਰਾ ਵੀ ਕਰਦਿਆਂ ਤਾਂ ਇਹ ਕੋਈ ਪਾਪ ਨਹੀਂ ਹੋਵੇਗਾ। ਬੇਇਨਸਾਫੀਆਂ ਅਤੇ ਦੁੱਖ-ਤਕਲੀਫਾਂ, ਜੋ ਸਾਡੇ ਉੱਤੇ ਇਸ ਮਾਤਰ ਭੂਮੀ ਰਾਹੀਂ ਨਾਜਲ ਕੀਤੀਆਂ ਗਈਆਂ ਹਨ, ਐਨੀਆਂ ਜਿਆਦਾ ਹਨ ਕਿ ਜੇ ਜਾਣੇ-ਅਣਜਾਣੇ ਵਿਚ, ਜੇ ਅਸੀਂ ਮੁਲਕ ਨਾਲ ਕੋਈ ਬੇਵਫਾਈ ਵੀ ਕਰ ਜਾਈਏ, ਤਾਂ ਸਾਡੇ ਇਸ ਕਾਰਜ ਲਈ ਜਿੰਮੇਂਵਾਰੀ ਕੇਵਲ ਇਸ ਧਰਤੀ ਦੀ ਹੋਵੇਗੀ। ਮੈਨੂੰ ਕੋਈ ਅਫਸੋਸ ਨਹੀਂ ਕਿ ਮੈਨੂੰ ਇਕ ਗੱਦਾਰ ਕਿਹਾ ਜਾਂਦਾ ਹੈ।

ਭਾਈਚਾਰਾ

ਗੋਲਮੇਜ ਕਾਨਫਰੰਸ ਵਿਚ ਬਾਲ ਗੰਗਾਧਰ ਤਿਲਕ ਨੇ ਮੀਟਿੰਗ ਵਿਚ ਡਾ. ਅੰਬੇਡਕਰ ਨੂੰ ਕਿਹਾ ਕਿ 'ਅੰਬੇਡਕਰ ਤਾਂ ਮੇਰਾ ਭਰਾ ਹੈ।' ਡਾ. ਅੰਬੇਡਕਰ ਨੇ ਤੁਰੰਤ ਪਾਣੀ ਦਾ ਗਲਾਸ ਭਰਿਆ ਤੇ ਤਿਲਕ ਨੂੰ ਪੇਸ਼ ਕਰ ਦਿੱਤਾ। ਪਰੰਤੂ ਤਿਲਕ ਨੇ ਨਹੀਂ ਪੀਤਾ। (ਰਜਨੀ ਕਾਂਤ ਸ਼ੁਕਲਾ-83)

ਵਫਾਦਾਰੀ

ਮੈਂ ਇਸ ਮੁਲਕ ਦੇ ਲੋਕਾਂ ਦੇ ਮਨਾਂ ਵਿਚ ਕੋਈ ਸ਼ੱਕ ਨਹੀਂ ਰਹਿਣ ਦੇਣਾ ਚਾਹੁੰਦਾ ਕਿ ਮੇਰੀ ਇਕ ਹੋਰ ਵੀ ਵਫਾਦਾਰੀ ਹੈ, ਜਿਸ ਨਾਲ ਮੈਂ ਇਕ ਰੂਪ ਹਾਂ, ਜਿਸ ਨੂੰ ਮੈਂ ਕਦੀ ਵੀ ਤਿਆਗ ਨਹੀਂ ਸਕਦਾ, ਉਹ ਵਫਾਦਾਰੀ ਹੈ ਅਛੂਤ ਸਮੂਹ ਨਾਲ, ਜਿਨ੍ਹਾਂ ਵਿਚ ਮੈਂ ਪੈਦਾ ਹੋਇਆ ਹਾਂ, ਜਿਨ੍ਹਾਂ ਨਾਲ ਮੇਰਾ ਸਿੱਧਾ ਸੰਬੰਧ ਹੈ, ਜਿਨ੍ਹਾਂ ਨੂੰ ਮੈਂ ਕਦੀ ਵੀ ਨਹੀਂ ਤਿਆਗਾਂਗਾ।

ਫੌਜੀ ਭਰਤੀ

ਬਰਤਾਨਵੀਆਂ ਦੇ ਹਾਕਮ ਬਣ ਜਾਣ ਤੋਂ ਬਾਅਦ, ਹਿੰਦੂ ਉੱਚੀਆਂ ਜਾਤੀਆਂ ਨੇ ਇਹ ਪ੍ਰਭਾਵ ਦਿੱਤਾ ਕਿ ਅਛੂਤ ਲੜਾਕੂ ਅਤੇ ਬਹਾਦਰ ਨਹੀਂ ਹਨ। ਹੋਰ ਬਹੁਤ ਜਾਤੀਆਂ ਹਨ, ਜੋ ਸਦੀਆਂ ਤੋਂ ਲੜਾਕੂ ਹਨ, ਸਿੱਟੇ ਵਜੋਂ ਬਰਤਾਨਵੀ ਹਾਕਮਾਂ ਨੇ ਅਛੂਤਾਂ ਨੂੰ ਛੱਡ ਕੇ, ਦੂਜੀਆਂ ਜਾਤੀਆਂ ਨੂੰ ਫੌਜ ਵਿਚ ਭਰਤੀ ਕਰਨਾ ਸ਼ੁਰੂ ਕਰ ਦਿੱਤਾ। (101) ਪਰੰਤੂ ਜਦੋਂ ਡਾ. ਅੰਬੇਡਕਰ ਨੇ ਉਦਾਹਰਣਾਂ ਸਹਿਤ ਅੰਗਰੇਜ਼ਾਂ ਨੂੰ ਇਹ ਮੇਹਣਾ ਮਾਰਿਆ ਕਿ ਅੰਗਰੇਜ਼ਾਂ ਨੇ ਭਾਰਤ ਉੱਪਰ ਜਿੱਤਾਂ ਕੇਵਲ ਅਛੂਤ ਸਿਪਾਹੀਆਂ ਨਾਲ ਹੀ ਪ੍ਰਾਪਤ ਕੀਤੀਆਂ ਸਨ, ਤਾਂ 1914 ਵਿਚ ਅੰਗਰੇਜ਼ਾਂ ਨੇ ਮਹਾਰ ਰਜਮੈਂਟ ਦੀ ਪੂਰੀ ਬਟਾਲੀਅਨ ਭਰਤੀ ਕੀਤੀ ਤੇ ਉਸ ਤੋਂ ਬਾਅਦ ਦਬੀਆਂ-ਕੁਚਲੀਆਂ ਜਾਤੀਆਂ ਦੀ ਮੁੜ ਭਰਤੀ ਸ਼ੁਰੂ ਹੋ ਗਈ। (101) ਕਾਫੀ ਸਮਾਂ ਬਾਅਦ ਬਾਬਾ ਸਾਹਿਬ ਨੇ ਕਿਹਾ ਕਿ :-ਜੇਕਰ ਹਿੰਦੂਵਾਦ ਨੇ ਅਛੂਤਾਂ ਨੂੰ ਹਥਿਆਰ ਰੱਖਣ ਦੀ ਆਜ਼ਾਦੀ ਦਿੱਤੀ ਹੁੰਦੀ ਤਾਂ ਕਿਸੇ ਵੀ ਸਮੇਂ ਭਾਰਤ ਗੁਲਾਮ ਨਾ ਹੁੰਦਾ। (102)

ਸੁਆਮੀ ਵਿਵੇਕਾਨੰਦ ਨੇ ਕਿਹਾ :- ਮੈਂ ਸਮਝਦਾ ਹਾਂ ਕਿ ਇਕ ਵੱਡਾ ਕੌਮੀ ਪਾਪ ਇਹ ਹੋਇਆ ਕਿ ਆਮ ਲੋਕਾਂ ਨੂੰ ਅਣਗੌਲਿਆਂ ਕੀਤਾ ਗਿਆ। ਸਾਡੇ ਨਿਘਾਰ ਦਾ ਇਹ ਇਕ ਵਿਸ਼ੇਸ਼ ਕਾਰਨ ਹੈ। (102) ਜਾਤ ਹੁਣ ਸਾਡੇ ਭਾਂਡਿਆਂ ਵਿਚ ਵੜ ਗਈ ਹੈ। ਓ ਮੇਰੇ ਦੇਸ਼ ਦੇ ਲੋਕੋ, ਓ ਭਾਰਤੀਓ! ਇਹ ਨਾ ਭੁੱਲੋ ਕਿ ਇਹ ਅਨਪੜ੍ਹ ਤੇ ਅਨਜਾਣ ਮੋਚੀ ਤੇ ਸਫਾਈਆਂ ਕਰਨ ਵਾਲੇ ਤੁਹਾਡੇ ਭਰਾ ਹਨ। ਜਿਨ੍ਹਾਂ ਨਾਲ ਤੁਹਾਡਾ ਖੂਨ ਦਾ ਰਿਸ਼ਤਾ ਹੈ।

ਰਵਿੰਦਰ ਨਾਥ ਟੈਗੋਰ ਨੇ ਇਕ ਅੰਗਰੇਜ਼ੀ ਕਵਿਤਾ ਵਿਚ ਕਿਹਾ :-

ਤੁਸੀਂ ਮਨੁੱਖ ਨੂੰ ਛੂਹਣ ਤੋਂ ਗੁਰੇਜ ਕੀਤਾ।
ਤੁਸੀਂ ਮਨੁੱਖ ਦੀ ਰੱਬਤਾ ਨੂੰ ਨਫਰਤ ਕੀਤੀ।
ਤਾਂ ਤੁਸੀਂ ਬਦਕਿਸਮਤੀਆਂ ਦੇ ਸ਼ਿਕਾਰ ਬਣੇ। (103)

ਜੰਗ ਅਤੇ ਅਜ਼ਾਦੀ (ਭਾਸ਼ਨ ਆਲ ਇੰਡੀਆ ਰੇਡੀਓ ਬੰਬੇ 13 ਨਵੰਬਰ 1942)

ਇਹ ਕੇਵਲ (ਦੂਜੀ ਸੰਸਾਰ ਜੰਗ) ਸੰਸਾਰ ਵਿਚ ਬਸਤੀਆਂ ਪੈਦਾ ਕਰਨ ਜਾਂ ਵੰਡਣ ਦੀ ਜੰਗ ਨਹੀਂ, ਇਕ ਕ੍ਰਾਂਤੀ ਵੀ ਹੈ, ਜਿਸ ਦੀ ਭਾਵਨਾ ਵਿਚ ਮਨੁੱਖ ਅਤੇ ਮਨੁੱਖ ਵਿਚਕਾਰ ਕੌਮ ਅਤੇ ਕੌਮ ਵਿਚਕਾਰ ਸਾਂਝ ਦੇ ਜੀਵਨ ਦੀਆਂ ਧਾਰਨਾਵਾਂ ਅੰਦਰ ਬੁਨਿਆਦੀ ਤਬਦੀਲੀ ਦੀ ਉਮੰਗ ਹੈ। ਇਸ ਲਈ ਮਜ਼ਦੂਰਾਂ ਨੂੰ ਨਾਜੀਵਾਦ ਵਿਰੁੱਧ ਜੰਗ ਨੂੰ ਜਿੱਤਣਾ ਚਾਹੀਦਾ ਹੈ। ਜੇ ਸਫਲਤਾ ਮਿਲ ਗਈ ਤਾਂ ਨਾਜੀ ਨਜ਼ਰੀਆ, ਜਿਸ ਵਿਚ ਆਜ਼ਾਦੀ ਨੂੰ ਤਬਾਹ ਕਰਨ, ਬਰਾਬਰੀ ਨੂੰ ਨਕਾਰਨ ਅਤੇ ਭਾਈਚਾਰੇ ਨੂੰ ਹਾਨੀਕਾਰਕ ਮੰਨ ਕੇ ਮਿਟਾਉਣ ਦੀ ਭਾਵਨਾ ਛੁਪੀ ਹੋਈ ਹੈ, ਦਾ ਅੰਤ ਹੋ ਜਾਵੇਗਾ। (ਯਾਦ ਰਹੇ ਕਿ ਜਰਮਨ ਨੇ ਭਾਵ ਹਿਟਲਰ ਨੇ ਇਹ ਨਜ਼ਰੀਆ ਭਾਰਤ ਦੀ ਹਿੰਦੂ ਫਿਲਾਸਫੀ ਤੋਂ ਲਿਆ ਸੀ ਤੇ ਹਿਟਲਰ ਨੇ ਜਰਮਨਾਂ ਨੂੰ ਬ੍ਰਾਹਮਣਾਂ ਵਾਂਗ ਸਭ ਤੋਂ ਉੱਤਮ ਨਸਲ ਐਲਾਨ ਕੀਤਾ ਹੋਇਆ ਸੀ ਤੇ ਕਿਹਾ ਹੋਇਆ ਸੀ ਕਿ ਸਾਰੇ ਸੰਸਾਰ ਤੇ ਰਾਜ ਕਰਨਾ ਉਨ੍ਹਾਂ ਦਾ ਜਮਾਂਦਰੂ ਅਧਿਕਾਰ ਹੈ। ਇਹੀ ਕਾਰਨ ਹੈ ਕਿ ਬਾਬਾ ਸਾਹਿਬ ਜਰਮਨਾਂ ਦੀ ਜਿੱਤ ਨੂੰ ਆਜ਼ਾਦੀ ਭਾਈਚਾਰੇ ਅਤੇ ਬਰਾਬਰੀ ਦੇ ਸਿਧਾਂਤਾਂ ਦੀ ਮੌਤ ਸਮਝਦੇ ਸਨ। ਦੂਜੇ ਪਾਸੇ ਕਾਨੂੰਨ ਦੇ ਰਾਜ ਅਤੇ ਪਰਜਾਤੰਤਕ ਪ੍ਰਬੰਧ ਨੂੰ ਖਾਸ ਕਰਕੇ ਭਾਰਤ ਦੀਆਂ ਦਬੀਆਂ-ਕੁਚਲੀਆਂ ਜਾਤਾਂ ਲਈ ਹਿੱਤਕਾਰੀ ਮੰਨਦੇ ਸਨ।)

ਉਨ੍ਹਾਂ ਅੱਗੇ ਕਿਹਾ :-ਜੰਗ ਦੀ ਜਿੱਤ ਦਾ ਫਲ ਹੋਵੇਗਾ 'ਆਜ਼ਾਦੀ, ਇਕ ਨਵਾਂ ਸਮਾਜਿਕ ਪ੍ਰਬੰਧ।' ਪੰਰਤੂ ਕੇਵਲ ਆਜ਼ਾਦੀ ਹੀ ਕਾਫੀ ਨਹੀਂ। ਆਜ਼ਾਦੀ ਦਾ ਮੁੱਲ ਸਰਕਾਰ ਦੀ ਕਿਸਮ ਅਤੇ ਪੈਦਾ ਕੀਤੇ ਹੋਏ ਸਮਾਜ 'ਤੇ ਨਿਰਭਰ ਹੋਵੇਗਾ। ਇਸ ਲਈ ਮਜ਼ਦੂਰਾਂ ਨੂੰ ਸਭ ਤੋਂ ਵੱਧ ਜ਼ੋਰ 'ਨਵੇਂ ਭਾਰਤ' ਉੱਤੇ ਦੇਣਾ ਚਾਹੀਦਾ ਹੈ, ਨਾ ਕਿ ਬਹੁਤਾ ਭਾਰਤ ਛੱਡੋ 'ਤੇ। ਹਿੰਸਕ ਤਾਕਤਾਂ ਅੱਗੇ ਗੋਡੇ ਟੇਕ ਕੇ ਕਾਇਮ ਕੀਤੀ ਸ਼ਾਂਤੀ ਕੋਈ ਸ਼ਾਂਤੀ ਨਹੀਂ ਹੈ। ਇਹ ਕੇਵਲ ਖੁਦਕੁਸ਼ੀ ਵਰਗਾ ਕੰਮ ਹੈ ਅਤੇ ਇਹ ਹਮਲਾਵਰਾਂ ਅਤੇ ਨੰਗੇ ਜਾਲਮਾਂ ਅੱਗੇ ਸਾਰੇ ਚੰਗੇ ਅਤੇ ਨੇਕ ਪੁਰਸ਼ਾਂ ਦੀ, ਜੋ ਮਨੁੱਖ ਜ਼ਿੰਦਗੀ ਨੂੰ ਕੀਮਤੀ ਬਣਾਈ ਰੱਖਣ ਲਈ ਕੰਮ ਕਰਦੇ ਹਨ, ਨੂੰ ਕੁਰਬਾਨ ਕਰ ਦੇਣ ਵਾਂਗ ਹੈ।

ਜੰਗ ਨੂੰ ਹਮਲੇ ਸਮੇਂ, ਕੇਵਲ ਲੜਨ ਤੋਂ ਇਨਕਾਰ ਕਰਕੇ, ਖਤਮ ਨਹੀਂ ਕੀਤਾ ਜਾ ਸਕਦਾ। ਜੰਗ ਖਤਮ ਕਰਨ ਲਈ ਜੰਗ ਨੂੰ ਜਿੱਤੋਂ ਤੇ ਫਿਰ ਇਨਸਾਫ ਅਤੇ ਸ਼ਾਂਤੀ ਸਥਾਪਤ ਕਰੋ। 27 ਜੁਲਾਈ 1942 ਦੀ ਪ੍ਰੈੱਸ ਮੁਲਾਕਾਤ ਵਿਚ ਭਾਰਤ ਛੱਡੋ ਅਤੇ ਨਾਮਿਲਵਰਤਨ ਅੰਦੋਲਨ ਬਾਰੇ ਬੋਲਦਿਆਂ ਡਾ. ਅੰਬੇਡਕਰ ਨੇ ਕਿਹਾ, ਇਹ ਪਾਗਲਪਣ ਹੋਵੇਗਾ, ਕਾਨੂੰਨ ਅਤੇ ਸੁਰੱਖਿਆ ਨੂੰ ਕਮਜ਼ੋਰ ਕਰਨਾ, ਉਦੋਂ ਜਦੋਂ ਹਮਲਾਵਰ ਭਾਰਤ ਦੇ ਬੂਹੇ 'ਤੇ ਪਹੁੰਚਣ ਵਾਲੇ ਹੋਣ, ਭਾਰਤ ਨੂੰ ਕਬਜੇ ਵਿਚ ਲੈਣ ਲਈ। ਬਰਤਾਨਵੀ ਤੇ ਭਾਰਤੀ ਇਸ ਸਮੇਂ ਆਖਰੀ ਪੜਾਅ ਵਿਚ ਹਨ। ਜੇਕਰ ਪਰਜਾਤੰਤਰ ਦੀ ਜਿੱਤ ਹੋਈ ਤਾਂ ਭਾਰਤ ਦੀ ਆਜ਼ਾਦੀ ਦੇ ਰਾਹ ਵਿਚ ਕੋਈ ਨਹੀਂ ਅੜ ਸਕਦਾ।(132)

ਦਬਾਅ ਕੇ, ਕੁਚਲ ਕੇ ਰੱਖਣ ਦੇ ਢੰਗ-ਤਰੀਕੇ ਜੋ ਹਿੰਦੂਆਂ ਨੇ ਅਛੂਤਾਂ ਵਿਰੁੱਧ ਵਰਤੇ, ਘੱਟ ਅਸਰਦਾਰ ਨਹੀਂ। ਕਿਉਂਕਿ ਇਹ ਐਨੇ ਖੂੰਖਾਰ ਨਹੀਂ, ਜਿੰਨੇ ਨਾਜੀਆਂ ਨੇ ਯਹੂਦੀਆਂ ਵਿਰੁੱਧ ਵਰਤੇ ਸਨ। ਇਹ ਹਿੰਦੂਆਂ ਵੱਲੋਂ ਅਛੂਤਾਂ ਵਿਰੁੱਧ ਵਰਤੇ ਗਏ ਸਨਾਤਨਵਾਦ ਦੀ ਵਿਚਾਰਧਾਰਾ ਤੋਂ ਕਿਵੇਂ ਵੀ ਵੱਖਰੇ ਨਹੀਂ ।(134) ਡਾ. ਅੰਬੇਡਕਰ ਨੇ ਕੇਵਲ ਹਿਟਲਰ ਅਤੇ ਉਸ ਦੇ ਸਾਥੀਆਂ ਦੇ ਨਾਜੀਵਾਦ ਜਾਂ ਫਾਸ਼ੀਵਾਦ ਨੂੰ ਦੁਰਕਾਰਿਆ ਹੀ ਨਹੀਂ, ਸਗੋਂ ਬਰਤਾਨੀਆ, ਜੋ ਕਿ ਫਾਸ਼ੀਆਂ ਨਾਲ ਜੰਗ ਵਿਚ ਸੀ, ਦੀ ਭਰਵੀਂ ਮਦਦ ਕੀਤੀ। ਇਸ ਯਕੀਨ, ਉਮੀਦ ਨਾਲ ਕਿ ਲੋਕਤੰਤਰਕ ਸ਼ਕਤੀਆਂ ਜਿੱਤਣਗੀਆ ਅਤੇ ਜੰਗ ਤੋਂ ਬਾਅਦ ਬਰਤਾਨੀਆਂ ਭਾਰਤ ਨੂੰ ਆਜ਼ਾਦ ਕਰ ਦੇਵੇਗਾ। ਫਿਰ ਉਨ੍ਹਾਂ ਕਿਹਾ ਕਿ ਲੋਕਤੰਤਰਵਾਦੀਆਂ ਨਾਲ ਸੰਬੰਧ, ਹਿਟਲਰ ਤੇ ਮੁਸੋਲੀਨੀ ਵਰਗੇ ਤਾਨਾਸ਼ਾਹਾਂ ਤੋਂ ਕਿਤੇ ਵਧੀਆ ਹੈ।(135) ਇਤਿਹਾਸ ਨੇ ਸਾਬਤ ਕੀਤਾ ਕਿ ਡਾ. ਅੰਬੇਡਕਰ ਬਿਲਕੁਲ ਸਹੀ ਸੀ।

ਅਜ਼ਾਦੀ ਦੀ ਕਾਹਲ ਦੇ ਮਨਸੂਬੇ ਤੇ ਡਰ

ਭਾਰਤ ਲਈ ਅਜ਼ਾਦੀ ਲੈਣ ਦੀ ਉਨ੍ਹਾਂ ਦੀ ਕਾਹਲੀ ਵਿਚ ਉਨ੍ਹਾਂ ਲਈ ਇਹ ਸਮਝਣ ਦਾ ਕੋਈ ਸਮਾਂ ਨਹੀਂ ਕਿ ਕਾਂਗਰਸ ਦਾ ਸਾਥ ਦੇ ਕੇ ਜੋ ਉਹ ਕਰ ਰਹੇ ਹਨ, ਉਹ ਇਹ ਹੈ ਕਿ ਉਹ ਭਾਰਤ ਨੂੰ ਪਰਜਾਤੰਤਰ ਵਾਸਤੇ ਯੋਗ ਨਹੀਂ ਬਣਾ ਰਹੇ। ਸਗੋਂ ਇਕ ਜੱਾਲਮ ਨੂੰ ਅਜ਼ਾਦ ਕਰਨ ਦੀ ਸੋਚਦੇ ਹਨ, ਤਾਂ ਕਿ ਉਹ ਆਪਣੇ ਜ਼ੁਲਮਾਂ ਦਾ ਵਰਤਾਰਾ ਜਾਰੀ ਕਰ ਸਕੇ। ਉਨ੍ਹਾਂ ਨੂੰ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਕਾਂਗਰਸ ਦੀ ਹਮਾਇਤ ਕਰਨਾ, ਜ਼ੁਲਮ ਨੂੰ ਖੁੱਲ੍ਹਾ ਛੱਡਣਾ ਹੈ ਤਾਂ ਜੋ ਉਹ ਗੁਲਾਮੀ ਪੈਦਾ ਕਰ ਸਕੇ। ਉਨ੍ਹਾਂ ਨੇ ਸ਼ਰਮਨਾਕ ਲੜਾਈ (ਭਾਰਤ ਛੱਡੋ) ਵਿਚ ਭਾਗ ਨਹੀਂ ਲਿਆ। ਇਸ ਦਾ ਕਾਰਨ ਇਹ ਨਹੀਂ ਕਿ ਉਹ ਬਰਤਾਨਵੀ ਸਾਮਰਾਜੀ ਬਸਤੀਵਾਦੀਆਂ ਦੇ ਸੰਦ ਹਨ, ਸਗੋਂ ਇਸ ਡਰੋਂ (ਪਾਸੇ ਰਹੇ) ਕਿ ਭਾਰਤ ਦੀ ਆਜ਼ਾਦੀ ਹਿੰਦੂਆਂ ਦੀ ਸਰਕਾਰੀ ਸਥਾਪਤ ਨਾ ਕਰ ਦੇਵੇ, ਜਿਸ ਨਾਲ ਯਕੀਨੀ ਤੌਰ 'ਤੇ ਉਹ ਜੀਵਨ ਦੀ ਹਰ ਤਰੱਕੀ ਅਜ਼ਾਦੀ, ਖੁਸ਼ੀ ਦੀ ਤਲਾਸ਼ ਤੋਂ ਰੋਕ ਦਿੱਤੇ ਜਾਣਗੇ ਅਤੇ ਉਨ੍ਹਾਂ ਨੂੰ ਲੱਕੜਹਾਰੇ ਤੇ ਪਾਣੀ ਢੋਣ ਵਾਲੇ ਬਣਾ ਦਿੱਤਾ ਜਾਵੇਗਾ ।(134)

(ਨੋਟ :-ਜੇ ਉਤਲੀਆਂ ਜਾਤੀਆਂ ਉੱਪਰ ਕਾਨੂੰਨੀ ਤੇ ਸੰਵਿਧਾਨਕ ਰੋਕ ਨਾ ਹੋਵੇ ਤਾਂ ਇਹ ਦਿਨਾਂ ਵਿਚ ਹੀ ਅੱਜ ਵੀ ਦਲਿਤਾਂ ਪਛੜਿਆਂ ਨੂੰ ਸਾਰੇ ਹੱਕਾਂ ਤੋਂ ਵਾਂਝੇ ਕਰਨ ਲਈ ਕੱਠੇ ਹੋ ਕੇ ਪੂਰੀ ਤਾਕਤ ਝੋਕ ਦੇਣਗੇ। ਪਾਬੰਦੀਆਂ ਦੇ ਬਾਵਜੂਦ ਵੀ ਉਨ੍ਹਾਂ ਨੇ ਆਪਣਾ ਵਤੀਰਾ ਨਹੀਂ ਬਦਲਿਆ।) ਬਾਬਾ ਸਾਹਿਬ ਡਾ. ਅੰਬੇਡਕਰ ਭਵਿੱਖ ਵਿਚ ਵਾਪਰਨ ਵਾਲੀ ਹਰ ਚੰਗੀ ਮਾੜੀ ਘਟਨਾ ਤੋਂ ਵਾਕਫ ਅਤੇ ਚੇਤਨ ਸਨ, ਜਿਸ ਕਾਰਨ ਉਹ ਚੱਟਾਨ ਵਾਂਗ ਡਟੇ ਰਹੇ।

ਸਿੱਖ ਧਰਮ ਬਾਰੇ ਬਾਬਾ ਸਾਹਿਬ ਦੇ ਵਿਚਾਰ

ਭਾਵੇਂ ਇਸਲਾਮ ਨੇ ਦਬੀਆਂ-ਕੁਚਲੀਆਂ ਜਾਤੀਆਂ ਨੂੰ, ਜੋ ਉਨ੍ਹਾਂ ਚਾਹਿਆ, ਰਾਜਨੀਤਕ ਤੌਰ 'ਤੇ, ਸਮਾਜਿਕ ਤੌਰ 'ਤੇ ਅਤੇ ਆਰਥਿਕ ਤੌਰ 'ਤੇ ਦੇਣ ਲਈ ਤਿਆਰ ਸੀ, ਭਾਵੇਂ ਇਸਾਈ ਧਰਮ ਅਮਰੀਕਾ ਅਤੇ ਇੰਗਲੈਂਡ ਤੋਂ,

ਜਿਨਾ ਪਿੱਛੇ ਇਕ ਇਸਾਈ ਸਰਕਾਰ ਵੀ ਸੀ, ਪਛੜੀਆਂ ਜਾਤੀਆਂ ਲਈ ਅਸੀਮ ਸਾਧਨ ਤਿਆਰ ਲਈ ਬੈਠਾ ਸੀ ਅਤੇ ਭਾਵੇਂ ਸਿੱਖ ਧਰਮ ਵਿਚ ਵੀ ਕੁਝ ਖਿੱਚ ਸੀ ਅਤੇ ਇਸਲਾਮ ਅਤੇ ਇਸਾਈ ਧਰਮ ਦੇ ਮੁਕਾਬਲੇ ਇਹ ਦਬੀਆਂ ਸ਼੍ਰੇਣੀਆਂ ਲਈ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਐਨਾ ਸਹਾਈ ਨਹੀਂ ਸੀ ਤਾਂ ਵੀ ਉਸ ਨੇ ਹਿੰਦੂਆਂ ਖਾਤਰ ਸਿੱਖ ਧਰਮ ਦੀ ਵਕਾਲਤ ਕੀਤੀ। ਨਿਰੋਲ ਹਿੰਦੂਆਂ ਦੇ ਨਜਰੀਏ ਤੋਂ ਇਨ੍ਹਾਂ ਮੁਕਾਬਲੇ ਦੇ ਵਿਸ਼ਵਾਸਾਂ (ਧਰਮਾਂ) 'ਤੇ ਨਜ਼ਰ ਮਾਰਦਿਆਂ ਦੂਜਾ ਸਵਾਲ ਇਹ ਹੈ ਕਿ ਸਭ ਤੋਂ ਵਧੀਆ ਕਿਹੜਾ ਹੈ? ਇਸਲਾਮ, ਇਸਾਈ ਜਾਂ ਸਿੱਖ ਧਰਮ ? ਸਿੱਖ ਧਰਮ ਸਭ ਤੋਂ ਵਧੀਆ ਹੈ।

ਜੇ ਦਲਿਤ ਸ਼੍ਰੇਣੀਆਂ ਇਸਲਾਮ ਜਾਂ ਇਸਾਈ ਧਰਮ ਵਿਚ ਸ਼ਾਮਲ ਹੁੰਦੀਆਂ ਹਨ, ਉਹ ਕੇਵਲ ਹਿੰਦੂ ਧਰਮ ਤੋਂ ਹੀ ਬਾਹਰ ਨਹੀਂ ਜਾਣਗੀਆ, ਸਗੋਂ ਉਹ ਹਿੰਦੂ ਸੱਭਿਆਚਾਰ ਵਿਚੋਂ ਵੀ ਨਿਕਲ ਜਾਣਗੀਆ। ਦੂਜੇ ਪਾਸੇ ਜੇ ਉਹ ਸਿੱਖ ਬਣ ਜਾਂਦੇ ਹਨ, ਉਹ ਹਿੰਦੂ ਸੱਭਿਆਚਾਰ ਵਿਚ ਹੀ ਰਹਿਣਗੇ। ਹਿੰਦੂਆਂ ਵਾਸਤੇ ਇਹ ਕੋਈ ਘੱਟ ਲਾਭਦਾਇਕ ਗੱਲ ਨਹੀਂ ਹੈ। ਤਾਂ ਪੂਰੇ ਭਾਰਤ ਲਈ ਧਰਮ ਪ੍ਰਵਰਤਨ ਦੇ ਕੀ ਨਤੀਜੇ ਹੋਣਗੇ, ਦਿਮਾਗ ਵਿਚ ਚੰਗੀ ਤਰ੍ਹਾਂ ਬਿਠਾਉਣ ਵਾਲੀ ਗੱਲ ਹੈ। ਇਸਲਾਮ ਧਰਮ ਅਤੇ ਇਸਾਈ ਧਰਮ ਵਿਚ ਪ੍ਰਵੇਸ਼ ਦਲਿਤ ਜਾਤੀਆਂ ਦਾ ਅਕੌਮੀਕਰਨ ਕਰ ਦੇਵੇਗਾ। ਜੇ ਉਹ ਇਸਲਾਮ ਵਿਚ ਗਏ ਤਾਂ ਮੁਸਲਮਾਨ ਦੁੱਗਣੇ ਹੋ ਜਾਣਗੇ ਤਾਂ ਮੁਸਲਮਾਨਾਂ ਦੀ ਸਿਕਦਾਰੀ ਦਾ ਖਤਰਾ ਸੱਚ ਹੋ ਜਾਵੇਗਾ। ਜੇ ਉਹ ਇਸਾਈ ਧਰਮ ਵਿਚ ਗਏ ਤਾਂ ਇਸਾਈਆਂ ਦੀ ਗਿਣਤੀ 5-6 ਕਰੋੜ ਹੋਰ ਵਧ ਜਾਵੇਗੀ ਜੋ ਬਰਤਾਨੀਆ ਨੂੰ ਭਾਰਤ ਉੱਤੇ ਕਾਬਜ ਰਹਿਣ ਦਾ ਬਲ ਬਖਸ਼ੇਗੀ।

ਦੂਜੇ ਪਾਸੇ ਜੇ ਉਹ ਸਿੱਖ ਬਣ ਜਾਂਦੇ ਹਨ, ਉਹ ਨਾ ਕੇਵਲ ਦੇਸ਼ ਦੀ ਕਿਸਮਤ ਨੂੰ ਕੋਈ ਨੁਕਸਾਨ ਨਾ ਪਹੁੰਚਾਣ ਵਾਲੇ ਰਹਿਣਗੇ, ਪਰੰਤੂ ਉਹ ਮੁਲਕ ਦੀ ਕਿਸਮਤ ਬਣਾਉਣ ਵਿਚ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਦਾ ਅਕੌਮੀਕਰਨ ਵੀ ਨਹੀਂ ਹੋਵੇਗਾ। ਸਗੋਂ ਉਹ ਦੇਸ਼ ਦੇ ਰਾਜਨੀਤਕ ਵਿਕਾਸ ਵਿਚ ਸਹਿਯੋਗੀ ਬਣਨਗੇ। ਇਸ ਲਈ ਇਹ ਦਲਿਤ ਸ਼੍ਰੇਣੀਆਂ ਦੇ ਹਿੱਤ ਦੀ ਗੱਲ ਹੈ ਕਿ ਜੇ ਉਨ੍ਹਾਂ ਧਰਮ ਬਦਲਣਾ ਹੀ ਹੈ, ਉਨ੍ਹਾਂ ਨੂੰ ਸਿੱਖ ਧਰਮ ਵਿਚ ਜਾਣਾ ਚਾਹੀਦਾ ਹੈ।(77)

ਉੱਠਦੇ ਪ੍ਰਸ਼ਨ ਤੇ ਲੱਭਦੇ ਜਵਾਬ :-

ਡਾ. ਅੰਬੇਡਕਰ ਹਿੰਦੂ ਧਰਮ ਤੋਂ ਮੁਕਤੀ ਚਾਹੁੰਦੇ ਸਨ, ਕਿਉਂਕਿ ਇਸ ਧਰਮ ਵਿਚ ਕਰੋੜਾਂ-ਕਰੋੜਾਂ ਲੋਕਾਂ ਨੂੰ ਜਿਉਣ ਦੇ ਅਧਿਕਾਰਾਂ ਤੋਂ ਪੱਕੇ ਤੌਰ 'ਤੇ ਵਾਂਝੇ ਰੱਖਣ ਦੇ ਠੋਸ ਪ੍ਰਬੰਧ ਸਨ। ਉਨ੍ਹਾਂ ਨੂੰ ਖਬਰ ਸੀ ਕਿ ਪਾਕਿਸਤਾਨ ਬਣਕੇ ਰਹਿਣ ਦੇ ਅਮਕਾਨ ਲਗਾਤਾਰ ਬਣ ਰਹੇ ਸਨ। ਉਹ ਇਹ ਵੀ ਜਾਣਦੇ ਸਨ ਕਿ ਇਕ ਦਿਨ ਅੰਗਰੇਜ਼ੀ ਹਕੂਮਤ ਨੇ ਉਸੇ ਤਰ੍ਹਾਂ ਖਤਮ ਹੋ ਜਾਣਾ ਹੈ ਜਿਵੇਂ ਮੁਗਲ ਸਲਤਨਤ। ਉਹ ਇਸਲਾਮ ਵਿਚ ਪ੍ਰਵੇਸ਼ ਕਰਕੇ ਇਕ ਨਵੀਂ ਸ਼ਕਤੀ ਨੂੰ ਆਪਣੇ ਲੋਕਾਂ ਉੱਤੇ ਭਾਰੂ ਕਰ ਦੇਣ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਕਿਉਂਕਿ ਲੰਬੀ ਮੁਗਲ ਅਤੇ ਮੁਸਲਮਾਨ ਸਲਤਨਤ ਵਿਚ ਦਲਿਤ ਅਛੂਤ ਲੋਕਾਂ ਦੀ ਦੁਰਦਸ਼ਾ ਨਹੀਂ ਬਦਲੀ ਸੀ। ਨਾ ਹੀ ਉਨ੍ਹਾਂ ਦਾ ਮਾਨ-ਸਨਮਾਨ ਬਰਾਬਰ ਹੋਇਆ ਸੀ। ਉਹ ਇਹ ਵੀ ਸਮਝਦੇ ਸਨ ਕਿ ਸਾਰੇ ਦੇ ਸਾਰੇ ਦਲਿਤ ਅਛੂਤ ਇਸਲਾਮ ਕਬੂਲ ਕਰਨ ਲਈ ਤਿਆਰ ਨਹੀਂ ਹੋਣਗੇ ਅਤੇ ਜੇ ਇਹ ਲੋਕ ਇਸਲਾਮ ਵਿਚ ਚਲੇ ਵੀ ਜਾਣਗੇ ਤਾਂ ਸਥਾਪਤ ਸਰਦਾਰੀਆਂ ਤੋਂ ਮੁਕਤ ਨਹੀਂ ਹੋ ਸਕਣਗੇ। ਨਾ ਮੰਦੀ ਤਕਦੀਰ ਬਦਲ ਸਕਣਗੇ।

ਇਸਾਈ ਬਣ ਕੇ ਉਹ ਭਾਵੇਂ ਪੜ੍ਹ-ਲਿਖ ਸਕਣਗੇ ਜਾਂ ਕੋਈ ਹੋਰ ਸਹੂਲਤਾਂ ਪ੍ਰਾਪਤ ਕਰ ਸਕਣਗੇ, ਪਰੰਤੂ ਉਨ੍ਹਾਂ ਨੂੰ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਤੋਂ ਛੁਟਕਾਰਾ ਨਹੀਂ ਮਿਲ ਸਕੇਗਾ, ਸਗੋਂ ਅਜ਼ਾਦੀ ਦੇ ਮੌਕੇ ਮੱਧਮ ਪੈ ਜਾਣਗੇ। ਹਿੰਦੂ ਉਹ ਰਹਿਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਦਾ ਮਨਸ਼ਾ, ਸਮਾਜਿਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਪ੍ਰਵਰਤਨ ਦਾ ਸੀ। ਪ੍ਰਵਰਤਨ ਸਮੇਂ ਉਹ ਹਿੰਦੂ ਤਾਕਤਵਰ ਜਾਤੀਆਂ ਵੱਲੋਂ ਹੋਣ ਵਾਲੇ ਸਖਤ ਵਿਰੋਧਾਂ ਤੋਂ ਭਲੀ-ਭਾਂਤ ਜਾਣੂ ਸਨ। ਇਸ ਲਈ ਸਮੁੱਚੇ ਪ੍ਰਵਰਤਨ ਲਈ ਉਹ ਕੋਈ ਯੋਗ ਰਾਹ ਦੀ ਤਲਾਸ਼ ਵਿਚ ਸਨ। ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਦਲਿਤਾਂ ਨੂੰ ਸਵੈ-ਨਿਰਭਰ, ਸਵੈ-ਅਭਿਮਾਨੀ, ਸੰਗਠਤ, ਤਾਕਤਵਰ, ਹਥਿਆਰਬੰਦ ਤੇ ਆਪਣੇ ਮਾਲਕ ਆਪ ਬਣਾਉਣਾ ਚਾਹੁੰਦੇ ਸਨ ਤੇ ਉਹ ਇਹ ਜਾਣਦੇ ਸਨ ਕਿ ਹਿੰਦੂ ਧਰਮ ਵਿਰੁੱਧ ਬੁੱਧ ਧਰਮ ਤੋਂ ਬਾਅਦ ਜੇਕਰ ਕੋਈ ਮਾਨਵਵਾਦੀ ਕ੍ਰਾਂਤੀ ਦੇ ਅਸਾਰ ਕਿਧਰੇ ਮੌਜੂਦ ਸਨ ਤਾਂ ਉਹ ਕੇਵਲ ਸੰਤ ਕਬੀਰ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਧਰਮ, ਸਿੱਖ ਧਰਮ ਵਿਚ ਵਿਦਮਾਨ ਸਨ। ਸਿੱਖ ਧਰਮ ਵਿਚਲੇ ਭਾਈਚਾਰੇ ਬਰਾਬਰੀ ਅਤੇ ਅਜ਼ਾਦੀ ਦੇ ਸਿਧਾਂਤਾਂ ਤੋਂ ਉਹ ਚੰਗੀ ਤਰ੍ਹਾਂ ਵਾਕਫ਼ ਸਨ। ਉਨ੍ਹਾਂ

ਨੂੰ ਇਹ ਵੀ ਪਤਾ ਸੀ ਕਿ ਸਿੱਖ ਬਣ ਕੇ ਹਰ ਮਨੁੱਖ ਹਥਿਆਰਬੰਦ ਹੋ ਸਕਦਾ ਹੈ। ਸਵੈ ਰੱਖਿਆ ਕਰ ਸਕਦਾ ਹੈ। ਹੋਰ ਤਾਂ ਹੋਰ ਉਹ ਜਾਣਦੇ ਸਨ ਕਿ ਭਾਰਤ ਦੇ ਕਰੋੜਾਂ ਅਛੂਤਾਂ ਨੂੰ ਇਕ ਤਾਕਤਵਰ ਸੰਸਥਾ ਹੀ ਨਹੀਂ ਧਰਮ ਅਤੇ ਸਰਦਾਰੀ ਵੀ ਪੱਕੇ ਤੌਰ 'ਤੇ ਮਿਲ ਜਾਵੇਗੀ ਤੇ ਉਹ ਬਾਕੀਆਂ ਵਾਂਗ ਇਕ ਮਜ਼ਬੂਤ ਕੌਮ ਬਣ ਸਕਣਗੇ। ਜਿਸ ਦਾ ਮੁਕਾਬਲਾ ਕਰਨਾ ਖਾਸ ਲੋਕਾਂ ਦੇ ਵੱਸ ਦੀ ਗੱਲ ਵੀ ਨਹੀਂ ਰਹੇਗੀ।

ਇਸ ਕਰਕੇ ਸਾਰੇ ਦ੍ਰਿਸ਼ਟੀਕੋਣਾਂ ਨੂੰ ਗਹਿਰਾਈ ਨਾਲ ਮਾਪ ਤੋਲ ਕੇ ਬਾਬਾ ਸਾਹਿਬ ਨੇ ਸਿੱਖ ਧਰਮ ਨੂੰ ਬੇਹਤਰ ਧਰਮ ਐਲਾਨ ਦਿੱਤਾ। ਪਰੰਤੂ ਹਿੰਦੂ ਸ਼ਾਤਰ ਜਮਾਤ ਨੇ ਮਾਸਟਰ ਤਾਰਾ ਸਿੰਘ ਵਰਗੇ ਉੱਚ ਜਾਤੀ ਹਿੰਦੂ-ਸਿੱਖ ਅਤੇ ਜਾਤੀਵਾਦੀ ਪੰਜਾਬੀ ਸਿੱਖਾਂ ਨੂੰ ਪੁੱਠੀ ਪੱਟੀ ਪੜ੍ਹਾ ਕੇ ਡਾ. ਅੰਬੇਡਕਰ ਨੂੰ ਸਿੱਖ ਧਰਮ ਤੋਂ ਮੋੜਾ ਖਾ ਜਾਣ ਲਈ ਮਜਬੂਰ ਕਰ ਦਿੱਤਾ, ਜਿਸ ਦਾ ਇਤਿਹਾਸਕ ਜਿਕਰ ਅਸੀਂ ਕਰ ਆਏ ਹਾਂ। ਸਿੱਟੇ ਵਜੋਂ ਸਿੱਖ ਇਨਕਲਾਬ ਦੀ ਦੂਜੀ ਕ੍ਰਾਂਤੀ ਵੀ ਹਮੇਸ਼ਾ-ਹਮੇਸ਼ਾ ਲਈ ਘੱਟੇ ਪੈ ਗਈ। ਜਿਸ ਕਰਕੇ ਜਾਤੀਵਾਦੀ ਹਿੰਦੂ ਮੁਲਕ ਦੇ ਮਾਲਕ ਬਣ ਬੈਠੇ। ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ। ਅੰਗਰੇਜ਼ੀ ਹਕੂਮਤ ਦੇ ਚਲੇ ਜਾਣ ਤੋਂ ਬਾਅਦ ਇਸਾਈ ਇਕ ਸਾਧਾਰਨ ਦਿਨ ਕਟੀ ਕਰਨ ਵਾਲਾ ਸਮੂਹ ਬਣ ਕੇ ਰਹਿ ਗਏ। ਸਿੱਖ ਕਰੀਬ-ਕਰੀਬ ਹਿੰਦੂਆਂ ਦੇ ਤਾਬਿਆਕਾਰ ਬਣ ਗਏ ਤੇ ਭਾਰਤ ਦੇ ਪੰਜੱਤਰ ਕਰੋੜ ਦਲਿਤ ਪਛੜੇ ਲੋਕ ਹਮੇਸ਼ਾ ਵਾਂਗ ਦੂਜਿਆਂ 'ਤੇ ਨਿਰਭਰ ਤੇ ਗੁਲਾਮ ਦੇ ਗੁਲਾਮ ਬਣੇਂ ਰਹਿ ਗਏ। ਸ਼ਾਸਨ ਦੇ ਤਿੰਨੇ ਅੰਗ ਇਸ ਵਿਸ਼ਾਲ ਗਿਣਤੀ ਨੂੰ ਗੁਲਾਮ ਅਤੇ ਨਿਰਭਰ ਬਣਾਈ ਰੱਖਣ ਲਈ ਸਦਾ ਵਾਂਗ ਗਤੀਸ਼ੀਲ ਦਿਖਾਈ ਦਿੰਦੇ ਹਨ।

ਗਤੀਸ਼ੀਲ ਅਤੇ ਇਨਕਲਾਬੀ ਸਾਹਿਤਕਾਰ ਵੀ. ਟੀ. ਰਾਜਸ਼ੇਕਰ

ਵੀ. ਟੀ. ਰਾਜਸ਼ੇਕਰ ਜਿਸ ਨੂੰ ਭਾਰਤ ਦੀ ਦਲਿਤ ਲਹਿਰ ਦਾ ਸਿਧਾਂਤਕਾਰ, ਬੁੱਧੀਜੀਵੀ, ਪੱਤਰਕਾਰ, ਬੁਲਾਰਾ, ਵਿਚਾਰਧਾਰਕ ਅਤੇ ਲੇਖਕ ਮੰਨਿਆ ਜਾਂਦਾ ਹੈ ਦ ਜਨਮ 1932 ਵਿਚ ਹੋਇਆ। ਬੇਸ਼ੱਕ ਉਹ ਜੀਵਨ ਦੇ ਸੱਤਰਵਿਆਂ ਵਿਚ ਪ੍ਰਵੇਸ਼ ਕਰ ਰਹੇ ਹਨ, ਪਰੰਤੂ ਉਹ ਆਪਣੇ ਮਿਸ਼ਨ, ਮੰਤਵ ਅਤੇ ਲਹਿਰ ਦੀ ਉਸਾਰੀ ਲਈ ਭਰ ਜੁਆਨ ਅਵਸਥਾ ਵਿਚ ਹਨ। ਇਸ ਵਿਅਕਤੀ ਦੁਆਰਾ ਸੰਪਾਦਤ ਦਲਿਤ ਵਾਇਸ ਅੰਗਰੇਜ਼ੀ (ਸੀ 4/4032 ਵੀ. ਆਪੀ ਸੈਕਟਰ, ਵਸੰਤ ਕੁੰਜ ਨਵੀਂ ਦਿੱਲੀ) ਭਾਰਤ ਦੇ ਵਰਤਮਾਨ ਇਤਿਹਾਸ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਦਲਿਤ ਇਨਕਲਾਬ ਦਾ ਮੁਜੱਸਮਾਂ ਹੈ। ਜਿਸ ਦਾ ਦੇਸ-ਵਿਦੇਸ਼ ਦੇ ਸਕਾਲਰ, ਮਨੁੱਖੀ ਅਧਿਕਾਰ ਸੰਗਠਨਾਂ ਦੇ ਸੰਚਾਲਕ, ਲੋਕ ਲਹਿਰਾਂ ਦੇ ਮੋਹਰੀ ਅਤੇ ਕਾਲਜਾਂ ਯੂਨੀਵਰਸਿਟੀਆਂ ਦੇ ਵਿਦਵਾਨ ਅਧਿਐਨ ਕਰਦੇ ਹਨ। ਭਾਰਤ ਦੇ ਦਲਿਤ ਪਛੜੇ ਸਮਾਜ ਦੀ ਦੁਰਦਸ਼ਾ ਅਤੇ ਅੰਬੇਡਕਰ ਵਿਚਾਰਧਾਰਾ ਦੇ ਨਾਲ-ਨਾਲ ਬ੍ਰਾਹਮਣੀ ਵਿਚਾਰਧਾਰਾ ਦੀ ਮਨੂੰਵਾਦੀ ਤੇ ਜਾਤੀਵਾਦੀ, ਮਨੁੱਖਤਾ ਤੇ ਮਾਨਵਤਾ ਵਿਰੋਧੀ ਸੋਚ ਨੂੰ ਸੰਸਾਰ ਦੇ ਕੋਨੇ-ਕੋਨੇ 'ਤੇ ਪਹੁੰਚਾਉਣ ਵਾਲਾ ਇਕੋ-ਇਕ ਅੰਗਰੇਜ਼ੀ ਪਰਚਾ ਦਲਿਤ ਵਾਇਸ ਹੈ। ਜੋ ਭਾਰਤ ਦੀ ਪੂਰੀ ਪੱਤਰਕਾਰੀ ਅਤੇ ਜਾਤੀਵਾਦੀ ਹਰ ਘਟਨਾ ਅਤੇ ਦੁਰਘਟਨਾ ਦਾ ਨੋਟਿਸ ਲੈਂਦਾ ਹੈ ਤੇ ਇਸ ਦੀ ਤਹਿ ਤੱਕ ਜਾ ਕੇ ਮੂਲ ਕਾਰਨਾਂ ਦੀ ਵਿਆਖਿਆ ਕਰਦਾ ਹੈ। ਦਲਿਤ ਵਾਇਸ ਨੂੰ ਕ੍ਰਾਂਤੀ ਦੇ ਇਤਿਹਾਸ ਦਾ ਰਿਕਾਰਡ ਕਿਹਾ ਜਾ ਸਕਦਾ ਹੈ। ਮਾਰਗ ਦਰਸ਼ਕ ਅਤੇ ਰੌਸ਼ਨਾਰਾ ਕਿਹਾ ਜਾ ਸਕਦਾ ਹੈ। ਇਹ ਪੱਤਰਕਾ ਪਿਛਲੇ 19 ਵਰ੍ਹਿਆਂ ਤੋਂ ਬੰਗਲੌਰ ਅਤੇ ਦਿੱਲੀ ਤੋਂ ਲਗਾਤਾਰ ਆਪਣੇ ਮੰਤਵ ਵੱਲ ਸੇਧਤ ਹੈ। ਜਿਸ ਦਾ ਖੇਤਰ ਅਨੁਸੂਚਿਤ ਜਾਤੀਆਂ, ਪਛੜੀਆਂ ਜਾਤੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਤੱਕ ਹੀ ਸੀਮਤ ਨਹੀਂ, ਸਗੋਂ ਸੰਸਾਰ ਵਿਚ ਦੱਬੇ-ਕੁਚਲੇ ਲੋਕਾਂ ਦੇ ਸੰਗਠਨ ਵੀ ਇਸ ਵੱਲ ਆਕਰਸ਼ਤ ਹਨ। ਦਲਿਤ ਵਾਇਸ ਨੇ ਬਹੁਜਨ ਸਮਾਜ ਨੂੰ ਅਸਲੀ ਇਤਿਹਾਸ ਅਤੇ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਜਿਸ ਨੂੰ ਕਿਵੇਂ ਵੀ ਛੋਟਾ ਕਰਕੇ ਨਹੀਂ ਵੇਖਿਆ ਜਾ ਸਕਦਾ। ਹੁਣ ਦਲਿਤ ਵਾਇਸ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਵੀ ਛਾਪੇ ਜਾਣ ਦੇ ਰਾਹੇ ਪੈ ਰਿਹਾ ਹੈ।

ਵੀ. ਟੀ. ਰਾਜਸ਼ੇਕਰ 1979 ਤੱਕ ਬੰਗਲੌਰ ਵਿਖੇ ਇੰਡੀਅਨ ਐਕਸ ਪ੍ਰੈੱਸ ਦੇ ਡਿਪਟੀ ਚੀਫ ਰੀਪੋਰਟਰ ਰਹੇ ਹਨ। ਬੰਬੇ ਬੰਗਲੌਰ ਅਤੇ ਦਿੱਲੀ ਤੋਂ ਨਿਕਲਦੇ ਅਨੇਕ ਅੰਗਰੇਜ਼ੀ ਰੋਜ਼ਾਨਾ ਅਖ਼ਬਾਰਾਂ ਵਿਚ ਵੀਹ ਵਰ੍ਹੇ ਲਗਾਤਾਰ ਕੰਮ ਕੀਤਾ। ਵੀ.ਟੀ. ਰਾਜਸ਼ੇਕਰ ਨੇ ਭਾਰਤੀ ਦਲਿਤ ਸਮਾਜ, ਬ੍ਰਾਹਮਣੀ ਵਿਚਾਰਧਾਰਾ ਅੰਬੇਡਕਰਵਾਦ ਅਤੇ ਸਮਾਜਕ ਬਰਾਬਰੀ ਦੀਆਂ ਅਨੇਕ ਸਮੱਸਿਆਵਾਂ 'ਤੇ ਕਰੀਬ 60 ਪੁਸਤਕਾਂ ਲਿਖੀਆਂ ਹਨ। ਜਿਨ੍ਹਾਂ ਵਿਚੋਂ ਮਹੱਤਵਪੂਰਨ 'ਦਲਿਤ-ਭਾਰਤ ਦੇ ਸਾਂਵਲੇ ਅਛੂਤ' ਪੁਸਤਕ ਨੇ ਅਮਰੀਕਾ ਦੇ ਕਾਲੇ ਲੋਕਾਂ ਵਿਚ ਵਿਸ਼ੇਸ਼ ਥਾਂ ਪ੍ਰਾਪਤ ਕੀਤੀ ਹੈ ਅਤੇ ਇਕ ਵੱਡੀ ਸਾਂਝ ਨੂੰ ਜਨਮ ਦਿੱਤਾ ਹੈ। ਵੀ.ਟੀ. ਰਾਜਸ਼ੇਕਰ ਨੇ ਸੰਸਾਰ ਦੇ ਕੋਨੇ-ਕੋਨੇ 'ਚ

ਜਾ ਕੇ ਦਲਿਤ ਦਾਸਤਾਂ ਨੂੰ ਸੰਸਾਰ ਪੱਧਰ 'ਤੇ ਪਰਖਿਆ ਨਿਰਖਿਆ ਹੈ। ਉਨ੍ਹਾਂ ਨੇ 1978 ਅਤੇ 1980 ਵਿਚ ਚੀਨ ਵਰਗੇ ਮੁਲਕ ਵਿਚ ਬਤੌਰ ਦਲਿਤ ਡੈਲੀਗੇਟ ਭਾਗ ਲਿਆ। 1981 ਵਿਚ ਜਪਾਨ ਦਾ ਦੌਰਾ ਕੀਤਾ। 1986 ਵਿਚ ਤਰਪੋਲੀ ਵਿਖੇ ਹੋਈ ਅਫਰੀਕਨਾਂ ਅਤੇ ਕਾਲੇ ਲੇਖਕਾਂ ਦੀ ਕਾਨਫਰੰਸ ਵਿਚ ਦਲਿਤ-ਪਛੜੇ ਅਤੇ ਮੁਸਲਮਾਨਾਂ ਦੇ ਡੈਲੀਗੇਟ ਵਜੋਂ ਭਾਗ ਲਿਆ।

6 ਦਸੰਬਰ 1993 ਨੂੰ, ਬਾਬਾ ਸਾਹਿਬ ਦੇ ਪਦ ਚਿੰਨ੍ਹਾਂ 'ਤੇ ਚਲਦਿਆਂ ਵੀ.ਟੀ. ਰਾਜਸ਼ੇਕਰ ਨੇ ਪਟਨਾ ਵਿਖੇ ਦਲਿਤਾਂ ਦੇ ਹਜੂਮ ਨਾਲ ਬੁੱਧ ਧਰਮ ਗ੍ਰਹਿਣ ਕੀਤਾ। ਉਨ੍ਹਾਂ ਜੀਵਨ ਨੂੰ ਬਤੌਰ ਇਕ ਮਾਰਕਸੀ ਸ਼ੁਰੂ ਕੀਤਾ ਅਤੇ ਇਕ ਅੰਬੇਡਕਰੀ ਵਜੋਂ ਜਾਤੀ ਜੰਗ ਨੂੰ ਜਮਾਤੀ ਜੰਗ ਵਜੋਂ ਉਭਾਰਿਆ। ਉਨ੍ਹਾਂ ਦੇ ਪਾਰਖੂ ਵਿਚਾਰ ਅਤੇ ਵਿਆਖਿਆਵਾਂ, ਭਾਰਤ ਦੇ ਸਮਾਜੀ ਅਤੇ ਰਾਜਸੀ ਉਭਾਰਾਂ ਵਿਚ ਖਰੇ ਉਤਰਦੇ ਆਏ ਹਨ। ਉਨ੍ਹਾਂ ਦਾ ਬਹੁਜਨ ਸਮਾਜ ਦਾ ਸੰਕਲਪ ਭਾਰਤ ਦੀ ਦਬੀ-ਕੁਚਲੀ ਅਤੇ ਅਪਮਾਨਤ 85 ਫੀਸਦੀ ਜਨਤਾ ਨੂੰ ਸੰਗਠਤ ਕਰਨ ਵਿਚ ਵੱਡਾ ਯੋਗਦਾਨ ਪਾ ਰਿਹਾ ਹੈ। ਜੋ ਦਲਿਤੀਂ ਪਛੜਿਆਂ ਤੋਂ ਇਲਾਵਾ ਮੁਸਲਮਾਨਾਂ, ਸਿੱਖਾਂ, ਇਸਾਈਆਂ ਅਤੇ ਬੋਧੀਆਂ ਆਦਿ ਵਿਚਕਾਰ ਸਾਂਝ ਦੀਆਂ ਕੜੀਆਂ ਨੂੰ ਮਜ਼ਬੂਤ ਕਰ ਰਿਹਾ ਹੈ। ਸਿੱਟੇ ਵਜੋਂ ਬਹੁਜਨ ਸਮਾਜ ਦੇ ਨਜ਼ਦੀਕ ਆਉਣ ਨਾਲ ਭਾਰਤ ਅੰਦਰ ਏਕਤਾ ਅਤੇ ਅਖੰਡਤਾ ਦਾ ਉਭਾਰ ਮਜ਼ਬੂਤ ਹੋ ਰਿਹਾ ਹੈ। ਵੀ.ਟੀ. ਰਾਜਸ਼ੇਕਰ ਬੁੱਧ, ਫੂਲੇ ਅਤੇ ਅੰਬੇਡਕਰ ਦੀ ਮਾਨਵਵਾਦੀ ਵਿਚਾਰਧਾਰਾ ਨੂੰ ਵਿਸ਼ਾਲ ਪੱਧਰ 'ਤੇ ਪਹੁੰਚਾਉਣ ਲਈ ਇਕ ਨਿਰਮਲ ਅਰਾਧਨਾ ਵਿਚ ਡਟੇ ਹੋਏ ਹਨ।

ਵੀ.ਟੀ. ਰਾਜਸ਼ੇਕਰ ਦੇ ਪਵਿੱਤਰ ਗਤੀਸ਼ੀਲ ਅਤੇ ਸੱਚ ਅਧਾਰਤ ਕੰਮ ਨੇ ਪਿਛਲ ਵੀਹਾਂ ਵਰ੍ਹਿਆਂ ਵਿਚ ਇਕ ਨਵਾਂ ਹੌਸਲਾ, ਇਕ ਲਹਿਰ, ਸੰਗਠਨਾਤਮਕ ਚੇਤਨਾ, ਜਾਗਰਤੀ ਅਤੇ ਖਾੜਕੂਪਣ ਪੈਦਾ ਕੀਤਾ ਹੈ। ਵੀ.ਟੀ. ਰਾਜਸ਼ੇਕਰ ਦੀਆਂ ਲਿਖਤਾਂ ਅਤੇ ਭਾਸ਼ਨਾਂ ਨੇ ਇਕ ਵਿਸ਼ੇਸ਼ ਸਮੂਹ ਅੰਦਰ ਰੂਹ ਫੂਕੀ ਹੈ। ਸਿੱਟੇ ਵਜੋਂ ਬਹੁਤ ਲੋਕ ਸਮਾਜਿਕ ਸਮੱਸਿਆਵਾਂ ਵੱਲ ਆਕਰਸ਼ਤ ਹੋਏ ਹਨ। ਇਕ ਜੁਝਾਰੂ ਚੇਤਨਾ ਪੈਦਾ ਹੋਈ ਹੈ ਤੇ ਇਕ ਨਵੀਂ ਸੋਚ ਪੈਦਾ ਹੋਈ ਹੈ ਕਿ ਇਕੀਵੀ ਸਦੀ 'ਅੰਬੇਡਕਰ ਦਾ ਯੁੱਗ' ਹੋਵੇਗਾ। ਕ੍ਰਾਂਤੀਕਾਰੀ ਮਾਹੌਲ ਦੀ ਸਿਰਜਣਾ ਦੇ ਸਿੱਟੇ ਵਜੋਂ 1986 ਵਿਚ ਵੀ.ਟੀ. ਰਾਜਸ਼ੇਕਰ ਨੂੰ 'ਸਿੱਖਾਂ ਦੇ ਮਸਲਿਆਂ' ਦੇ ਪ੍ਰਸੰਗ ਵਿਚ ਟਾਡਾ ਅਧੀਨ ਗ੍ਰਿਫਤਾਰ ਕੀਤਾ ਗਿਆ ਅਤੇ ਜਲੀਲ ਕੀਤਾ ਗਿਆ। ਪਰੰਤੂ ਵੱਡੀ ਪੱਧਰ 'ਤੇ ਲੋਕ ਰੋਹ ਪੈਦਾ ਹੋ ਜਾਣ ਕਾਰਨ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ। ਆਲੋਚਕਾਂ ਦੀ ਰਾਇ ਵਿਚ ਵੀ.ਟੀ. ਰਾਜਸ਼ੇਕਰ ਤੇਜ਼-ਤਰਾਰ ਸ਼ੈਲੀ ਦਾ ਮਾਲਕ ਹੋਣ ਦੇ ਨਾਲ-ਨਾਲ ਇਕ ਮੌਲਿਕ ਵਿਚਾਰਧਾਰਕ ਲੇਖਕ ਹੈ। ਜਿਸ ਦੀਆਂ ਦੋ ਵਿਸ਼ੇਸ਼ ਪੁਸਤਕਾਂ, ਮਹਾਤਮਾ ਗਾਂਧੀ ਅਤੇ ਬਾਬਾ ਸਾਹਿਬ ਅੰਬੇਡਕਰ, ਕਾਰਲ ਮਾਰਕਸ ਅਤੇ ਡਾ. ਅੰਬੇਡਕਰ ਨੂੰ ਵੱਡੇ ਵਿਗਿਆਨਕ ਪੱਧਰ ਦੀਆਂ ਪੁਸਤਕਾਂ ਗਿਣਿਆਂ ਗਿਆ ਹੈ। ਉਨ੍ਹਾਂ ਦੀ ਪੁਸਤਕ 'ਮਾਰਕਸ ਹਿੰਦੂ ਭਾਰਤ ਵਿਚ ਫੇਲ੍ਹ ਕਿਵੇਂ ਹੋਇਆ ਨੂੰ' ਦਲਿਤ ਸਾਹਿਤ ਅਕਾਡਮੀ ਵੱਲੋਂ ਸਨਮਾਨਤ ਕੀਤਾ ਗਿਆ। ਉਸ ਦੀਆਂ ਲਿਖਤਾਂ ਨੇ ਮੰਡਲ ਕਮਿਸ਼ਨ ਲਈ ਸੇਧਾਂ ਵਜੋਂ ਕੰਮ ਕੀਤਾ।

ਵੀ.ਟੀ. ਰਾਜਸ਼ੇਕਰ ਦੀਆਂ ਨਿਰੰਤਰ ਲਿਖਤਾਂ ਕਾਰਨ 'ਦਲਿਤ' ਸ਼ਬਦ ਕ੍ਰਾਂਤੀ ਦਾ ਕੇਂਦਰੀ ਧੁਰਾ ਬਣ ਗਿਆ ਹੈ ਅਤੇ ਦਲਿਤ ਲਹਿਰ ਨੇ ਭਾਰਤ ਦੀ ਪਚਾਸੀ ਪ੍ਰਤੀਸ਼ਤ ਅਬਾਦੀ ਨੂੰ ਆਪਣੀ ਤਰਫ ਖਿੱਚਿਆ ਹੈ। ਅੱਜ ਦਲਿਤ ਲਹਿਰ ਭਾਰਤ ਦੇ ਬਹੁਜਨ ਸਮਾਜ ਦੀ ਸਭ ਤੋਂ ਵੱਧ ਗਤੀਸ਼ੀਲ ਸ਼ਕਤੀਸ਼ਾਲੀ ਅਤੇ ਸੰਜੀਵ ਲਹਿਰ ਬਣ ਚੁੱਕੀ ਹੈ। ਵੀ.ਟੀ. ਰਾਜਸ਼ੇਕਰ ਭਾਰਤ ਦੀਆਂ ਵੱਖ-ਵੱਖ ਦਲਿਤ ਲਹਿਰਾਂ ਵਿਚ ਭਾਈਵਾਲ ਬਣਨ ਵਾਲਾ ਦਿਉ, ਕਦ ਵਿਅਕਤੀ ਹੈ। ਜਿਸ ਨੇ ਦਲਿਤ ਸੰਘਰਸ਼ਾਂ ਨੂੰ ਨੇੜਿਓਂ ਹੋ ਕੇ ਤੱਕਿਆ, ਨਿਰਖਿਆ, ਪਰਖਿਆ ਅਤੇ ਸਾਰਥਿਕ ਸਿੱਟੇ ਕੱਢੇ ਹਨ। ਵੀ.ਟੀ. ਰਾਜਸ਼ੇਕਰ ਨੂੰ ਇਕ ਵਿਅਕਤੀ ਵਜੋਂ ਨਹੀਂ ਜਾਣਿਆ ਜਾ ਸਕਦਾ। ਉਹ ਇਕ ਪੂਰੀ ਸੰਸਥਾ ਹੈ, ਦਲਿਤ ਲਹਿਰਾਂ ਦੀ ਰੂਹ। ਦੇਸ-ਬਦੇਸ ਤੱਕ ਦਲਿਤ ਦਾਸਤਾਂ ਦੀ ਪੀੜਾ ਨੂੰ ਪਹੁੰਚਾਉਣ ਵਾਲੀ ਉਡਣ ਸ਼ਕਤੀ। ਅਜਿਹੀ ਗਤੀਸ਼ੀਲ ਧਾਰਾ ਜੋ ਬਹੁਜਨ ਸਮਾਜ ਦੀ ਸਿਰਜਣਾ ਲਈ ਇਕ ਨਿਰੰਤਰ ਊਰਜਾ ਦਾ ਕੰਮ ਕਰਦੀ ਹੈ।

'ਸਿੱਖਾਂ' ਨੇ ਬਾਬਾ ਸਾਹਿਬ ਨਾਲ ਕੀ ਕੀਤਾ ! ਅਤੇ ਸਿੱਖੀ

ਹਵਾਲਾ ਸਾਚੀ ਸਾਖੀ : (ਸ. ਕਪੂਰ ਸਿੰਘ ਆਈ ਸੀ ਐਸ.)

1935-36 ਦੀ ਗੱਲ ਹੈ ਕਿ ਡਾ. ਅੰਬੇਡਕਰ ਹਿੰਦੋਸਤਾਨ ਦੇ ਛੇ ਕਰੋੜ ਅਛੂਤਾਂ ਦੇ ਪ੍ਰਮਾਣੀਕ ਨੇਤਾ ਨੇ ਇਹ ਸਪੱਸ਼ਟ ਅਤੇ ਖੁੱਲ੍ਹੀ ਇੱਛਾ ਪ੍ਰਗਟ ਕੀਤੀ ਕਿ ਦੇਸ਼ ਦੇ ਸਾਰੇ ਅਛੂਤ ਸਿੱਖ ਬਣ ਜਾਣ ਤਾਂ ਜਾਤਪਾਤ ਦੀ ਹਜ਼ਾਰਾਂ, ਵਰ੍ਹਿਆਂ ਦੀ ਗੁਲਾਮੀ ਵਿਚੋਂ ਉਨ੍ਹਾਂ ਦਾ ਛੁਟਕਾਰਾ ਹੋ ਜਾਵੇ। ਉਸ ਸਮੇਂ ਮਹਾਤਮਾ ਗਾਂਧੀ ਨੇ ਆਪਣੇ ਅਖਬਾਰ ਯੰਗ ਇੰਡੀਆ ਵਿਚ ਲਿਖਿਆ ਕਿ ਅਛੂਤਾਂ ਦਾ ਸਿੱਖੀ ਵਿਚ ਪ੍ਰਵੇਸ਼ ਹਿੰਦੂ ਧਰਮ ਤੋਂ ਪੀੜਤ ਹੋਣ-ਦੇ ਤੁੱਲ ਹੈ।.....ਇਹ ਸਮਾਂ ਸੀ ਜਦੋਂ ਕਿ ਬੰਬਈ ਵਿਚ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ ਤਾਂ ਜੋ ਦੱਖਣੀ ਭਾਰਤ ਦੇ ਅਛੂਤਾਂ ਦਾ ਇਹ ਵਿੱਦਿਆ ਕੇਂਦਰ ਬਣ ਸਕੇ। (ਪ੍ਰੰਤੂ ਸਿੱਖਾਂ ਦੇ ਗਾਂਧੀ ਨਾਲ ਰਲ ਜਾਣ ਕਾਰਨ ਇਹ ਮਹਾਂਕਾਰਜ ਕੌਡੀਆਂ ਘੱਟ ਰਲ ਗਿਆ।).....ਪਰ ਕੁਝ ਸਮੇਂ ਪਿੱਛੋਂ ਡਾ. ਅੰਬੇਡਕਰ ਅਤੇ ਅਕਾਲੀ ਲੀਡਰਾਂ ਵਿਚਕਾਰ ਕੁਝ ਅਜਿਹੇ ਮੱਤਭੇਦ ਪੈਦਾ ਹੋ ਗਏ ਕਿ ਡਾ. ਅੰਬੇਡਕਰ ਅਤੇ ਉਸ ਦੇ ਸਾਥੀਆਂ ਨੇ ਸਿੱਖੀ ਤੋਂ ਉਪਰਾਮਤਾ ਧਾਰਨ ਕਰ ਲਈ ਅਤੇ ਪਿੱਛੋਂ ਜਾ ਕੇ ਬੁੱਧ ਮੱਤ ਵਿਚ ਪ੍ਰਵੇਸ਼ ਕਰ ਲਿਆ।

ਕਾਰਨ :-ਅਕਾਲੀ ਆਗੂਆਂ ਦੇ ਸਿਰਕੱਢ ਲੀਡਰ ਸਰਦਾਰ ਹਰਨਾਮ ਸਿੰਘ ਝੱਲਾ ਐਮ ਏ.ਐਲ ਐਲ.ਬੀ. ਜੱਜ ਹਾਈ ਕੋਰਟ ਨੇ (ਸਰਦਾਰ ਇੰਦਰ ਸਿੰਘ ਕਰਵਾਲ ਐਡਵੋਕੇਟ ਹਾਈਕੋਰਟ ਨੇ ਇਹ ਗੱਲ ਲੇਖਕ ਨੂੰ ਦੱਸੀ (1964) ਉਸ ਦੇ ਕਾਰਨ ਪੁੱਛਣ 'ਤੇ ਉੱਤਰ ਦਿੱਤਾ, "ਉਇ ਤੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ। ਛੇ ਕਰੋੜ ਅਛੂਤਾਂ ਨੂੰ ਸਿੱਖ ਬਣਾ ਕੇ, ਦਰਬਾਰ ਸਾਹਿਬ ਚੂੜ੍ਹਿਆਂ ਨੂੰ ਦੇ ਛੱਡੀਏ ?"

ਸ੍ਰ. ਕਪੂਰ ਸਿੰਘ ਆਈ ਸੀ ਐਸ. ਇਹ ਕਾਰਨ ਲਿਖਦੇ ਹੋਏ ਕਹਿੰਦੇ ਹਨ, "ਇਉਂ ਛੇ ਕਰੋੜ ਰੰਗਰੇਟੇ ਗੁਰੂ ਕੇ ਬੇਟੇ ਗੁਰੂ ਘਰ ਦੇ ਦਰ ਉੱਤੇ ਆਏ, ਧੱਕੇ ਮਾਰ ਕੇ ਪਰਤਾ ਦਿੱਤੇ ਗਏ ਜਿਵੇਂ ਗੁਰੂ ਤੇਗ ਬਹਾਦਰ ਨੂੰ ਹਰਮੰਦਰ ਸਾਹਿਬ ਵਿਚ ਵੜਨ ਨਹੀਂ ਸੀ ਦਿੱਤਾ ਗਿਆ।" (72) 1925 ਵਿਚ ਗੁਰਦੁਆਰਾ ਐਕਟ ਬਣਨ ਸਮੇਂ, ਸਿੱਖਾਂ ਦੇ ਦੋ ਧੜੇ ਬਣੇ। ਇਕ ਮਾਸਟਰ ਤਾਰਾ ਸਿੰਘ (ਖੱਤਰੀ ਸਿੱਖ) ਦਾ ਤੇ ਦੂਜਾ ਸ੍ਰ. ਮਹਿਤਾਬ ਸਿੰਘ ਦਾ। (ਸ਼ਾਇਦ ਇਹ ਜੱਟ ਹੋਵੇ) ਮਾ. ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਈਸ਼ਰ ਸਿੰਘ ਮਝੈਲ ਦੇ ਗਰੁੱਪ ਨੇ ਪੜ੍ਹੇ-ਲਿਖੇ ਬੁੱਧੀਵਾਨ ਸਿੱਖਾਂ ਨੂੰ ਅਕਾਲੀ ਪਾਰਟੀ ਵਿਚੋਂ ਬਾਹਰ ਧੱਕ ਦਿੱਤਾ। ਇਹੋ ਰਾਮ ਬਾਣ ਅਥਵਾ ਬ੍ਰਹਮ ਅਸਤਰ ਚਲਾ ਕੇ ਅਕਾਲੀ ਸੂਰਮਿਆਂ ਨੇ ਡਾ. ਅੰਬੇਡਕਰ ਅਤੇ ਉਸ ਦੇ ਛੇ ਕਰੋੜ ਸ਼ਰਧਾਲੂਆਂ ਨੂੰ ਸਿੱਖੀ ਅਤੇ ਸਿੱਖਾਂ ਤੋਂ ਉਪਰਾਮ ਤੇ ਮੁੱਤਨਫਰ ਕੀਤਾ। ਡਾ. ਅੰਬੇਡਕਰ ਬੜਾ ਨੀਤੀਵਾਨ ਅਤੇ ਦੂਰਦਰਸ਼ੀ ਵਿਦਵਾਨ ਸੀ। (ਭਾਵ ਉੱਚ ਕੋਟੀ ਦਾ ਸਕਾਲਰ) ਉਹ ਸਮਝ ਗਿਆ ਸੀ ਕਿ ਵੀਹਵੀਂ ਸਦੀ ਦੇ ਮੱਧ ਵਿਚ ਅੰਗਰੇਜ਼ਾਂ ਦੇ ਹਿੰਦੁਸਤਾਨ ਵਿਚੋਂ ਨਿਕਲ ਜਾਣ ਕਾਰਨ ਸਿੱਖ ਮੱਤ ਦੇ ਸਿਧਾਂਤ ਅਤੇ ਤਾਰੀਖੀ ਵਿਕਾਸ ਹੀ ਅਛੂਤਾਂ ਨੂੰ ਨਾ ਕੇਵਲ ਦਲਿਤ ਅਵਸਥਾ ਵਿਚੋਂ ਕੱਢ ਸਕਦੇ ਹਨ ਸਗੋਂ। ਅਛੂਤਾਂ ਦੀ ਸਰਦਾਰੀ ਅਤੇ ਬਲਹਸਤੀ ਸਾਰੇ ਹਿੰਦੁਸਤਾਨ ਵਿਚ ਆਉਣ ਵਾਲੀਆਂ ਸਦੀਆਂ ਲਈ ਸਥਾਪਤ ਕਰ ਸਕਦੇ ਹਨ। ਪਰ ਇਸ ਲਈ ਜ਼ਰੂਰੀ ਹੈ ਕਿ ਸਿੱਖ ਪੰਥ ਦੀ ਲੀਡਰੀ ਕਿਸੇ ਦੂਰਦਰਸ਼ੀ ਉੱਚ ਬੁੱਧੀ ਮਨੁੱਖ ਦੇ ਹੱਥਾਂ ਵਿਚ ਹੋਵੇ।.....ਜੇ 6 ਕਰੋੜ ਅਛੂਤ, ਸਿੰਘ ਸਜ ਜਾਂਦੇ, ਜੋ ਕਿ ਡਾ. ਅੰਬੇਡਕਰ ਖੁੱਲਮ ਖੁੱਲਾ ਚਾਹੁੰਦੇ ਸਨ, ਸੰਨ 1947 ਈ. ਵਿਚ ਵਾਇਸਰਾਇ ਦੀ ਕੌਂਸਲ ਵਿਚ ਸਿੱਖ ਨੁਮਾਇੰਦਾ ਡਾ. ਅੰਬੇਡਕਰ ਨੇ ਹੀ ਬਣਨਾ ਸੀ ਅਤੇ ਸਿੱਖਾਂ ਨੂੰ ਹਿੰਦੋਸਤਾਨ ਦੀ ਪ੍ਰਭੂਸੱਤਾ ਦਾ ਤੀਜਾ ਵਾਰਸ ਜੋ ਮੰਨਿਆ ਜਾਣਾ ਸੀ, ਉਸ ਦਾ ਯੋਗ ਅਤੇ ਢੁੱਕਵਾਂ ਲਾਭ ਕੀ ਅਤੇ ਕਿਵੇਂ ਪ੍ਰਾਪਤ ਕਰਨਾ ਹੈ ਇਸ ਦਾ ਨਿਸ਼ਚਾ ਵੀ, ਡਾ. ਅੰਬੇਡਕਰ ਦੇ ਹੱਥੀਂ ਹੀ ਹੋਣਾ ਸੀ ਅਤੇ ਡਾਕਟਰ ਅੰਬੇਡਕਰ ਮਿਸਟਰ ਜਿਨਾਹ ਅਤੇ ਮਹਾਤਮਾ ਗਾਂਧੀ ਦੋਹਾਂ ਨਾਲੋਂ ਵੀ ਘੱਟ ਨੀਤੀਵਾਨ ਚਤੁਰ ਅਤੇ ਬੁੱਧੀਵਾਨ ਨਹੀਂ ਸੀ। (73)

ਪਰ 6 ਕਰੋੜ ਗੈਰ ਪੰਜਾਬੀ ਅਛੂਤਾਂ ਦੇ ਸਿਘ ਸਜਣ ਨਾਲ, ਆਲ ਇੰਡੀਆ ਗੁਰਦੁਆਰਾ ਐਕਟ ਬਣਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅਕਾਲੀ ਪਾਰਟੀ (ਭਾਵ ਬ੍ਰਾਹਮਣ, ਖੱਤਰੀ, ਅਰੋੜੇ ਤੇ ਜੱਟ ਸਿੱਖਾਂ) ਦੀ ਸਰਦਾਰੀ ਤੇ ਅਜਾਰੇਦਾਰੀ ਹਮੇਸ਼ਾਂ ਲਈ ਖਤਮ ਹੁੰਦੀ ਸੀ ਅਤੇ ਸਰਦਾਰ ਬਲਦੇਵ ਸਿਘ ਦੀ ਸੈਂਟਰਲ ਗੌਰਮਿੰਟ ਵਿਚ ਸਿੱਖ ਪੰਥ ਦੀ ਨੁਮਾਇੰਦਗੀ ਦਾ ਵੀ ਭੋਗ ਪੈਣਾ ਸੀ । ਇਸ ਸੰਕਟ ਅਤੇ ਆਪਾਤਕਾਲ ਨੂੰ ਜਦੋਂ ਅਕਾਲੀ ਪਾਰਟੀ ਨੇ ਸਮਝ ਲਿਆ ਤਾਂ ਗਹਿਰੇ ਵਿਚਾਰ ਪਿੱਛੋਂ ਸਰਬ ਸੰਮਤੀ ਨਾਲ ਇਹੋ ਫੈਸਲਾ ਹੋਇਆ ਕਿ ਡਾਕਟਰ ਅੰਬੇਡਕਰ ਅਤੇ ਉਸ ਦੇ ਸ਼ਰਧਾਲੂ ਅਛੂਤਾਂ ਨੂੰ ਹਮੇਸ਼ਾਂ ਲਈ ਸਿੱਖ ਪੰਥ ਵਿਚ ਆਉਣ ਤੋਂ ਰੋਕ ਦਿੱਤਾ ਜਾਵੇ ।

ਇਸ ਮੌਕੇ 'ਤੇ 'ਪੰਥ ਦੇ ਦਿਮਾਗ' (ਕਿਆ ਮਾਰੂਕੇ ਦਾ ਦਿਮਾਗ ਹੈ, ਸਿੱਖ ਪੰਥ ਦੇ ਠੇਕੇਦਾਰਾਂ ਦਾ) ਗਿਆਨੀ ਕਰਤਾਰ ਸਿਘ ਨੇ ਸੁਝਾਉ ਦਿੱਤਾ ਕਿ ਉਨ੍ਹਾਂ ਪੜ੍ਹਿਆਂ-ਲਿਖਿਆ ਨੂੰ ਸੂਤ ਕਰਨਾ ਕੀ ਔਖਾ ਹੈ । ਉਹ ਸਾਰੇ ਤਾਂ ਇੱਕ ਵਾਰ ਦੀ ਮਾਰ ਹਨ । ਇਸ ਪਿੱਠਭੂਮੀ ਵਿੱਚ, ਮਾਸਟਰ ਸੁਜਾਨ ਸਿਘ ਨੂੰ ਹਦਾਇਤਾਂ ਦੇ ਕੇ ਬੰਬਈ ਵਿਖੇ ਡਾ. ਅੰਬੇਡਕਰ ਨੂੰ ਮਿਲਣ ਭੇਜਿਆ ਗਿਆ, ਜਿਸ ਨੇ ਡਾ. ਅੰਬੇਡਕਰ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਉਹ 'ਚੂਹੜਾ ਹੈ ।' ਇਹ 'ਸ਼੍ਰੋਮਣੀ ਅਕਾਲੀ ਬੋਲ' ਸੁਣ ਕੇ ਡਾਕਟਰ ਅੰਬੇਡਕਰ ਨੇ ਉਹ ਫੈਸਲਾ ਕੀਤਾ ਜੋ ਕੋਈ ਵੀ ਪੜ੍ਹਿਆ-ਲਿਖਿਆ ਕਰਦਾ । ਇਉਂ 'ਪੰਥ ਦੀ ਲੀਡਰੀ' ਅਤੇ ਸਰਦਾਰ ਬਲਦੇਵ ਸਿਘ ਦੀ ਚੌਧਰ ਦੀ ਰੱਖਿਆ ਹੋਈ ।(74) ਸ਼ੇਰੇ ਪੰਜਾਬ ਹਫਤਾਵਾਰੀ ਅੰਕ ਡਾਇਮੰਡ ਜੁਬਲੀ ਨੰਬਰ, ਸਫਾ 99.

ਸੰਨ 1936 ਈ. ਵਿਚ ਵਿਸਾਖੀ ਵਾਲੇ ਦਿਨ ਡਾ. ਅੰਬੇਡਕਰ ਸਰਬ ਹਿੰਦ ਸਿੱਖ ਸੰਮੇਲਨ ਦੇ ਜਲਸੇ ਵਿਚ ਸ੍ਰੀ ਅੰਮ੍ਰਿਤਸਰ ਦਸਤਾਰ ਸਜਾ ਕੇ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ ਅਤੇ 7 ਕਰੋੜ ਅਛੂਤਾਂ ਨੂੰ ਸਿੱਖੀ ਵਿਚ ਪ੍ਰਵੇਸ਼ ਕਰਾਉਣ ਦੇ ਨਿਸ਼ਚੇ ਵਜੋਂ ਆਪਣੇ ਭਤੀਜੇ ਨੂੰ ਅੰਮ੍ਰਿਤ ਛਕਾ ਕੇ ਸਿਘ ਸਜਾਇਆ.....ਮਾਸਟਰ ਤਾਰਾ ਸਿਘ ਨੇ ਛੇਤੀ ਹੀ ਅਜਿਹੀ ਪਾਲਸੀ ਬਣਾ ਲਈ ਜਿਸ ਨਾਲ ਡਾ. ਅੰਬੇਡਕਰ ਅਤੇ ਉਸ ਦੇ ਅਛੂਤ ਸਾਥੀ ਸਿੱਖੀ ਅਤੇ ਸਿੱਖਾਂ ਦੇ ਨੇੜੇ ਨਾ ਆ ਸਕਣ.....ਪੰਥ ਦੇ ਮੰਦਭਾਗ ਕਿ ਮਾਸਟਰ ਤਾਰਾ ਸਿਘ ਨੂੰ ਡਰ ਪੈ ਗਿਆ ਕਿ ਜੇ ਅੰਬੇਡਕਰ ਅਤੇ ਉਸ ਦੇ ਪੈਰੋਕਾਰ ਅਛੂਤ ਸਿਘ ਸਜ ਗਏ ਤਾਂ ਪੰਥ ਦੇ ਵਾਹਿਦ ਲੀਡਰ ਡਾ. ਅੰਬੇਡਕਰ ਬਣ ਜਾਣਗੇ ਅਤੇ ਮਾਸਟਰ ਤਾਰਾ ਸਿਘ ਦਾ ਤੇਜ ਢਿੱਲਾ ਪੈ ਜਾਵੇਗਾ । (ਪ੍ਰੰਤੂ ਭਾਰਤੀ ਇਤਿਹਾਸ ਦੀਆਂ ਗਵਾਹੀਆਂ ਤੋਂ ਅਤੇ ਸਿੱਖ ਲਹਿਰ ਦੀਆਂ ਅਣਹੋਣੀਆਂ ਤੋਂ ਸਾਨੂੰ ਇਸ ਸਿੱਟੇ 'ਤੇ ਪਹੁੰਚਣ ਲਈ ਮਜਬੂਰ ਹੋਣਾ ਪੈਂਦਾ ਹੈ ਕਿ ਮਾਸਟਰ ਤਾਰਾ ਸਿਘ ਜ਼ਰੂਰ ਸਜਿਆ ਤੇ ਉਹ ਸਿੱਖ ਪੰਥ ਦਾ ਆਗੂ ਵੀ ਬਣਿਆ, ਇਸ ਲਈ ਨਹੀਂ ਕਿ ਉਸ ਨੂੰ ਸਿੱਖੀ ਨਾਲ ਪਿਆਰ ਸੀ । ਉਸ ਦਾ ਹਿੰਦੂ ਜਾਤੀ ਚਰਿੱਤਰ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਉਹ ਸਿੱਖ ਪੰਥ ਦਾ ਬੇੜਾ ਡੋਬਣ ਲਈ ਸਿਘ ਸਜਿਆ ਖੱਤਰੀ ਸੀ ਤੇ ਉਸ ਨੇ ਡਾ. ਅੰਬੇਡਕਰ ਨੂੰ ਸਿੱਖ ਸਮਾਜ ਵਿਚੋਂ ਬਾਹਰ ਧੱਕ ਕੇ ਆਪਣਾ ਹਿੰਦੂ ਕਿਰਦਾਰ ਪੂਰੀ ਤਰ੍ਹਾਂ ਨਿਭਾਇਆ । ਉਸ ਨੂੰ ਆਪਣੀ ਲੀਡਰੀ ਦਾ ਏਨਾ ਫਿਕਰ ਨਹੀਂ ਸੀ ਜਿੰਨਾ ਇਸ ਗੱਲ ਦਾ ਹੋਵੇਗਾ ਕਿ ਜੇ ਸਿੱਖ ਲਹਿਰ ਦੇ ਅਸਲੀ ਵਾਰਸ ਅਛੂਤ ਸਿਘ ਸਜ ਕੇ ਸਾਰੇ ਦੇਸ਼ ਅੰਦਰ ਫੈਲ ਗਏ ਤਾਂ ਹਿੰਦੂ ਧਰਮ ਦਾ ਕੀ ਬਣੇਗਾ, ਜਿਸ ਦੇ ਵਿਰੋਧ ਵਿਚ ਇਹ ਲਹਿਰ ਸਤਿਗੁਰੂ ਨਾਮਦੇਵ-ਕਬੀਰ ਤੋਂ ਸ਼ੁਰੂ ਹੋ ਕੇ ਗੁਰੂ ਗੋਬਿੰਦ ਸਿਘ ਤੱਕ ਉਸਾਰੀ ਤੇ ਜਿਸ ਨੇ ਹਿੰਦੂ ਧਰਮ ਦੀ ਇਕ-ਇਕ ਰਸਮ ਤੇ ਮਨੌਤ ਦਾ ਮਲੀਆਮੇਟ ਕਰਕੇ, ਮਨੁੱਖੀ ਬਰਾਬਰੀ ਵਾਲੇ ਸਮਾਜ ਦਾ ਸੰਕਲਪ ਹੀ ਨਹੀਂ ਲਿਆ ਸਗੋਂ ਅਮਲੀ ਰੂਪ ਵਿਚ ਚੂੜ੍ਹਿਆਂ, ਚੱਪੜਿਆਂ, ਢੇਡਾਂ, ਤਖਾਣਾਂ, ਛੀਂਬਿਆਂ, ਘੁਮਾਰਾਂ, ਕਸਾਈਆਂ, ਚਮਾਰਾਂ, ਮਲਾਹਾਂ, ਜੁਲਾਹਿਆਂ, ਤੇਲੀਆਂ, ਜੱਟ ਬੂਟਾਂ, ਝਿਊਰਾਂ, ਕਲਾਲਾਂ, ਨਾਈਆਂ, ਧੋਬੀਆਂ ਭਾਵ ਨੀਚਾਂ ਨੂੰ ਸਰਦਾਰ ਬਣਾਇਆ । (ਸਾਡੀ ਸਮਝ ਅਨੁਸਾਰ ਮਾਸਟਰ ਤਾਰਾ ਸਿਘ ਨੇ ਸਿੱਖੀ ਦੇ ਭੇਸ ਵਿਚ ਹਿੰਦੂ ਧਰਮ ਦੀ ਰਾਖੀ ਕੀਤੀ ਜਿਸਨੂੰ ਉਨ੍ਹਾਂ ਸਮਿਆਂ ਵਿਚ ਡਾ. ਅੰਬੇਡਕਰ ਵਰਗੇ ਮਹਾਨ ਵਿਦਵਾਨ ਤੋਂ ਸਭ ਤੋਂ ਵਧੇਰੇ ਖਤਰਾ ਸੀ ਤੇ ਖਾਸ ਕਰਕੇ ਜਦੋਂ ਉਹ ਕਰੋੜਾਂ ਅਛੂਤਾਂ ਨੂੰ ਹਥਿਆਰ ਬੰਦ ਸ਼ੇਰ ਬਣਾਉਣ ਦਾ ਸੁਪਨਾ ਲੈ ਚੁੱਕਾ ਸੀ ।)

1936 ਈ. ਵਿਚ ਬੰਬਈ ਦੀ ਕਾਰਜ ਸਾਧਕ ਅਸੰਬਲੀ ਦੇ ਚੁਣਾਓ ਹੋਏ ਸਨ । (ਪਾਕਿ ਪਵਿੱਤਰ ਦਿਮਾਗ) ਡਾ. ਅੰਬੇਡਕਰ ਨੇ ਸਿੱਖਾਂ ਨੂੰ ਆਪਣਾ ਧਰਮ ਭਾਈ ਸਮਝ ਕੇ ਮਾ. ਤਾਰਾ ਸਿਘ ਨੂੰ ਸੁਨੇਹਾ ਭਿਜਵਾਇਆ ਕਿ ਉਹ (ਡਾ. ਅੰ.) ਆਪਣੀ ਪਾਰਟੀ ਨੂੰ ਕਾਮਯਾਬ ਕਰਵਾਕੇ ਬੰਬਈ ਸੂਬੇ ਦੇ ਮੁੱਖ ਮੰਤਰੀ ਬਣ ਸਕਦੇ ਹਨ, ਇਸ ਲਈ ਪੰਥ, ਪੰਜਾਬੋਂ, 25 ਹਜ਼ਾਰ ਰੁਪਏ ਦੀ ਉਨ੍ਹਾਂ ਦੀ ਸਹਾਇਤਾ ਕਰੇ ਤੇ (ਹਿੰਦੂ ਦਿਮਾਗ) ਮਾਸਟਰ ਤਾਰਾ ਸਿਘ ਲਾਹੌਰ ਵਿੱਚ ਸਪਤਾਹਕ ਸ਼ੇਰੇ ਪੰਜਾਬ ਦੇ ਦਫਤਰ ਸ੍ਰ. ਅਮਰ ਸਿਘ ਕੋਲ ਆਣਕੇ ਕਹਿਣ ਲੱਗੇ, "ਇਸ ਅੰਬੇਡਕਰ

ਵੱਲ ਤੱਕੋ, ਸਿੱਖਾਂ ਕੋਲੋਂ ਰੁਪਈਏ ਮੰਗਦਾ ਹੈ ।" ਸ. ਅਮਰ ਸਿੰਘ ਨੇ (ਸਹੀ ਸਮਝ ਅਨੁਸਾਰ) ਉੱਤਰ ਦਿੱਤਾ, "ਮਾਸਟਰ ਜੀ ਤੁਸੀਂ ਇਹ ਕੀ ਕਹਿ ਰਹੇ ਹੋ । ਜੇ ਡਾ. ਅੰਬੇਡਕਰ ਨੂੰ ਧਨ ਦੀ ਹੀ ਇੱਛਾ ਹੋਵੇ ਤਾਂ ਉਹ ਕਰੋੜਾਂ ਰੁਪਏ ਮੁੱਸਲਮਾਨਾਂ, ਇਸਾਈਆਂ ਕੋਲੋਂ ਲੈ ਸਕਦਾ ਹੈ । ਉਸ ਨੂੰ ਸਿੱਖ ਬਣਨ ਦੀ ਕੀ ਲੋੜ ਹੈ ? ਉਹ ਤਾਂ ਅਸਾਨੂੰ ਆਪਣੇ ਧਰਮ ਭਾਈ ਸਮਝਕੇ ਇਹ ਤੁੱਛ ਜਿਹੀ ਰਕਮ ਮੰਗ ਰਿਹਾ ਹੈ । ਉਸ ਦੀ ਨੀਅਤ ਉੱਤੇ ਸ਼ੱਕ ਕਰਨਾ ਸਾਨੂੰ ਸੋਭਦਾ ਨਹੀਂ ।" (75)

ਹਾਲਾਤ ਕੁਝ ਅਜਿਹੇ ਬਣੇ ਕਿ ਮਾਸਟਰ ਤਾਰਾ ਸਿੰਘ ਨੇ ਸਰਬ ਹਿੰਦ ਸਿੱਖ ਮਿਸ਼ਨ ਦੇ ਖਾਤੇ ਵਿਚੋਂ ਪੈਸਾ ਕਢਵਾ ਲਿਆ । ਡਰਾਫਟ ਜਾਂ ਚੈਕ ਦੇਣ ਦੀ ਥਾਂ ਸਾਰਾ ਰੁਪਈਆ ਆਪਣੇ ਚਮਚੇ ਮਾਸਟਰ ਸੁਜਾਨ ਸਿੰਘ ਸਰਹਾਲੀ ਨੂੰ ਦੇ ਦਿੱਤਾ ਅਤੇ ਸ. ਅਮਰ ਸਿੰਘ ਨੂੰ (ਵਾਇਦੇ ਅਨੁਸਾਰ) ਕਹਿ ਭੇਜਿਆ ਕਿ ਰੁਪਈਆ ਡਾ. ਅੰਬੇਡਕਰ ਕੋਲ ਪਹੁੰਚ ਗਿਆ ਹੈ । ਚੋਣਾਂ ਤੋਂ ਪਿਛੋਂ ਪਤਾ ਲੱਗਾ ਕਿ ਰੁਪਈਆ ਰਾਹ ਵਿਚ ਹੀ (ਸੰਭਵ ਹੈ ਕਿ ਮਾਸਟਰ ਤਾਰਾ ਸਿੰਘ ਦੀ ਮਰਜ਼ੀ ਨਾਲ ਹੀ) ਖੁਰਦ-ਬੁਰਦ ਕਰ ਲਿਆ ਗਿਆ ਅਤੇ ਡਾ. ਅੰਬੇਡਕਰ ਕੋਲ ਇਕ ਪਾਈ ਵੀ ਨਾ ਪੁੱਜਣ ਦਿੱਤੀ ਗਈ । ਸਗੋਂ ਡਾ. ਅੰਬੇਡਕਰ ਨੂੰ ਸਿੱਖੀ ਤੋਂ ਉਪਰਾਮ ਕਰਨ ਲਈ ਮੇਹਣੇ ਮਾਰੇ ਗਏ ਕਿ ਉਹ ਸਿੱਖਾਂ ਕੋਲੋਂ ਰੁਪਈਏ ਲੋਟਣਾ ਚਾਹੁੰਦਾ ਸੀ ।(76) ਰਕਮ ਕਿੱਥੇ ਗਈ ? ਇਹ ਰੁਪਈਏ ਨਾ ਤਾਂ ਸਰਬ ਹਿੰਦ ਸਿੱਖ ਮਿਸ਼ਨ ਦੇ ਖਾਤੇ ਵਿਚ ਵਾਪਸ ਜਮ੍ਹਾਂ ਕਰਵਾਏ ਗਏ, ਨਾ ਡਾ. ਅੰਬੇਡਕਰ ਕੋਲ ਪੁੱਜੇ ਸਗੋਂ ਮਾਸਟਰ ਸੁਜਾਨ ਸਿੰਘ ਸਰਹਾਲੀ ਅਤੇ ਤਾਰਾ ਸਿੰਘ ਦੇ ਹੱਥੀਂ ਗੁਰੂ ਲੇਖੇ ਲੱਗ ਗਏ ।(76)

ਸਿੱਖ ਧਰਮ ਬਾਰੇ ਬਾਬਾ ਸਾਹਿਬ ਦੇ ਵਿਚਾਰ

ਜੀਵਨ ਤੇ ਮਿਸ਼ਨ—ਅਛੂਤ ਵੀ ਸਮਾਜਿਕ ਨਾ ਬਰਾਬਰੀ ਅਤੇ ਬੇਇਨਸਾਫੀ ਤੋਂ ਤੰਗ ਆ ਚੁੱਕੇ ਹਨ ਤੇ ਉਨ੍ਹਾਂ ਹਿੰਦੂ ਧਰਮ ਨੂੰ ਤਿਆਗਣ ਦਾ ਫੈਸਲਾ ਕਰ ਲਿਆ ਹੋਇਆ ਹੈ । ਉਹ ਆਪਣੇ ਭਵਿੱਖ ਬਾਰੇ ਅਜੇ ਕੁਝ ਨਹੀਂ ਆਖ ਸਕਦੇ ਸਨ । ਪ੍ਰੰਤੂ ਉਹ ਸਿੱਖ ਧਰਮ ਨੂੰ ਚਾਹੁੰਦੇ ਹਨ ।(159) ਬਾਬਾ ਸਾਹਿਬ ਨੇ ਅਛੂਤਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਨ੍ਹਾਂ ਧਰਮ ਬਦਲਣਾ ਹੀ ਹੈ ਤਾਂ ਉਹ ਸਿੱਖ ਧਰਮ ਕਬੂਲ ਕਰ ਲੈਣ ।(163)

ਬਾਬਾ ਸਾਹਿਬ ਨੇ ਕਿਹਾ, "ਹਿੰਦੂਆਂ ਦੇ ਪੱਖ ਤੋਂ ਵਿਚਾਰਦੇ ਹੋਏ ਦੂਜਾ ਸਵਾਲ ਇਹ ਹੈ ਕਿ ਇਸਲਾਮ, ਇਸਾਈ ਮਤ ਅਤੇ ਸਿੱਖ ਧਰਮ 'ਚ ਕਿਹੜਾ ਚੰਗਾ ਹੈ ? ਪ੍ਰਤੱਖ ਹੈ ਸਿੱਖ ਧਰਮ ਹੀ ।" ਜੇਕਰ ਉਹ ਮੁਸਲਮਾਨ ਬਣ ਜਾਣ ਤਾਂ ਮੁਸਲਮਾਨਾਂ ਦੀ ਗਿਣਤੀ ਦੁਗਣੀ ਹੋ ਜਾਵੇਗੀ ਅਤੇ ਮੁਸਲਮ ਗਲਬੇ ਦਾ ਖਤਰਾ ਪੈਦਾ ਹੋ ਜਾਵੇਗਾ । ਜੇ ਉਹ ਇਸਾਈ ਹੋ ਜਾਣ ਤਾਂ ਇਸਾਈਆਂ ਦੀ ਗਿਣਤੀ ਪੰਜ ਛੇ ਕਰੋੜ ਹੋ ਜਾਵੇਗੀ । ਇਸ ਨਾਲ ਅੰਗਰੇਜ਼ਾਂ ਦੀ ਮੁਲਕ 'ਤੇ ਜਕੜ ਵਧ ਜਾਵੇਗੀ । ਦੂਜੇ ਪਾਸੇ ਕਿ ਉਹ ਸਿੱਖ ਧਰਮ ਕਬੂਲ ਕਰ ਲੈਣ ਤਾਂ ਇਸ ਨਾਲ ਦੇਸ਼ ਦੇ ਭਵਿੱਖ ਨੂੰ ਕੋਈ ਹਾਨੀ ਨਹੀਂ ਪੁੱਜੇਗੀ, ਸਗੋਂ ਇਸ ਨਾਲ ਭਾਰਤ ਦੇ ਭਵਿੱਖ ਨੂੰ ਉੱਜਲ ਬਣਾਉਣ ਵਿਚ ਉਹ ਸਹਾਈ ਹੋ ਸਕਣਗੇ । ਉਨ੍ਹਾਂ ਦਾ ਅਕੌਮੀਕਰਨ ਨਹੀਂ ਹੋਵੇਗਾ । ਉਸ ਤੋਂ ਉਲਟ ਸਗੋਂ ਉਹ ਦੇਸ਼ ਦੀ ਰਾਜਸੀ ਉੱਨਤੀ ਵਿਚ ਸਹਾਈ ਹੋ ਸਕਣਗੇ । ਇਸ ਲਈ ਦੇਸ਼ ਦੇ ਹਿੱਤ ਵਿਚ ਹੈ ਕਿ ਜੇਕਰ ਅਛੂਤਾਂ ਨੇ ਧਰਮ ਪਰਿਵਰਤਨ ਕਰਨਾ ਹੀ ਹੈ ਤਾਂ ਉਹ ਸਿੱਖ ਧਰਮ ਕਬੂਲ ਕਰਨ ।(164)

ਮੈਂ ਧਰਮ ਚਾਹੁੰਦਾ ਹਾਂ, ਪਰ ਧਰਮ 'ਤੇ ਨਾ ਦੇ ਛਲਕਪਟ ਨਹੀਂ ਚਾਹੁੰਦਾ ।(177) ਉਨ੍ਹਾਂ ਕਿਹਾ, "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਧਰਮ ਆਦਮੀ ਵਾਸਤੇ ਹੈ, ਆਦਮੀ ਧਰਮ ਵਾਸਤੇ ਨਹੀਂ ।" ਅਛੂਤਾਂ ਨੂੰ ਤੁਸੀਂ ਅਜਿਹੇ ਧਰਮ ਵਿਚ ਕਿਉਂ ਰਹਿੰਦੇ ਹੋ ਜੋ ਤੁਹਾਨੂੰ ਇੱਜ਼ਤ, ਰੋਟੀ-ਰੋਜ਼ੀ, ਮਕਾਨ ਅਤੇ ਧਨ ਤੋਂ ਸੱਖਣਾ ਰੱਖਦਾ ਹੈ । 'ਹਿੰਦੂ ਧਰਮ ਸਾਡੇ ਵਡੇਰਿਆਂ ਦਾ ਧਰਮ ਨਹੀਂ ਹੈ, ਸਗੋਂ ਇਨਤਾਂ ਉਨ੍ਹਾਂ ਉੱਤੇ ਗੁਲਾਮੀ ਵਜੋਂ ਲੱਦਿਆ ਅਤੇ ਠੋਸਿਆ ਗਿਆ ਸੀ ।' (155) ਧਰਮ ਪਰਿਵਤਨ ਦੇ ਐਲਾਨ ਨੂੰ ਗਾਂਧੀ ਨੇ ਮੰਦ ਭਾਗਾ ਕਿਹਾ । ਬਾਬੂ ਜਗਜੀਵਨ ਰਾਮ ਨੇ ਇਸ ਨੂੰ ਸਟੰਟ ਦਾ ਨਾਂ ਦਿੱਤਾ ।' (155) (ਅਸ਼ਕੇ ਜਾਈਏ ਇਸ ਅਛੂਤ ਚਮਾਰ ਦੇ ਦਿਮਾਗ ਦੇ) ਹਿੰਦੂ ਧਰਮ ਬਾਰੇ ਬਾਬਾ ਸਾਹਿਬ ਨੇ ਕਿਹਾ-ਹਿੰਦੂ ਧਰਮ ਤਿਆਗਣ ਨਾਲ ਤੁਹਾਡੀਆਂ ਬੇੜੀਆਂ ਹੀ ਟੁੱਟਣਗੀਆਂ, ਹੋਰ ਤੁਹਾਥੋਂ ਕੁਝ ਨਹੀਂ ਖੁਸੇਗਾ ।' ਸਾਰੀਆਂ ਬੁਰਾਈਆਂ ਜਿਵੇਂ ਕਿ ਹਿੰਸਾ, ਦੁਰਾਚਾਰ ਅਤੇ ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਹਿੰਦੂ ਧਰਮ ਦੇ ਕਾਰਨ ਹੀ ਹੈ ।(ਜੀਵਨ ਤੇ ਮਿਸ਼ਨ ਸਫਾ 277)

ਪੱਛੜੀਆਂ ਸ਼੍ਰੇਣੀਆਂ, ਸਿੱਖਾਂ, ਮੁਸਲਮਾਨਾਂ ਆਦਿ ਦੀ ਫੈਡਰੇਸ਼ਨ 'ਚ

ਭਾਰਤ ਦੀ ਵੰਡ ਵੇਲੇ ਬਾਬਾ ਸਾਹਿਬ ਨੇ ਮੁਸਲਮਾਨ ਲੀਡਰਾਂ ਅਤੇ ਸਿੱਖ ਲੀਡਰਾਂ ਨੂੰ ਸਲਾਹ ਦਿੱਤੀ ਕਿ

ਭਾਰਤ ਨੂੰ ਵੰਡਣ ਦੀ ਥਾਂ ਉਹ ਆਪਣੀ ਭਾਵ ਪੱਛੜੀਆਂ ਸ਼੍ਰੇਣੀਆਂ ਤੇ ਧਾਰਮਿਕ ਘੱਟ ਗਿਣਤੀਆਂ ਦੀ ਫੈਡਰੇਸ਼ਨ ਬਣਾ ਕੇ ਹਿੰਦੂ ਕਾਂਗਰਸ ਦਾ ਮੁਕਾਬਲਾ ਕਰਨ । ਇਸ ਤਰ੍ਹਾਂ ਉਹ ਸਾਰੇ ਭਾਰਤ 'ਤੇ ਆਪਣੀ ਪ੍ਰਭੂਸੱਤਾ ਕਾਇਮ ਕਰ ਸਕਦੇ ਹਨ, ਪ੍ਰੰਤੂ ਮੁਸਲਮਾਨਾਂ ਤੇ ਸਿੱਖਾਂ ਨੇ ਇਹ ਤਜਵੀਜ਼ ਠੁਕਰਾ ਦਿੱਤੀ । ਜਨਵਰੀ 1947 ਵਿਚ ਵਲਭ ਭਾਈ ਪਟੇਲ ਦੀ ਪ੍ਰਧਾਨਗੀ ਹੇਠ, ਧਾਰਮਿਕ ਘੱਟ ਗਿਣਤੀਆਂ ਬਾਰੇ ਕਮੇਟੀ ਨੇ ਸਿੱਖਾਂ, ਮੁਸਲਮਾਨਾਂ, ਪਾਰਸੀਆਂ, ਬੋਧੀਆਂ, ਇਸਾਈਆਂ ਦਾ ਰਾਖਵਾਂਕਰਨ ਖਤਮ ਕਰ ਦਿੱਤਾ । ਸਿੱਖ ਲੀਡਰਾਂ ਨੇ ਖੁਦ ਲਿਖਕੇ ਦਿੱਤਾ ਕਿ ਉਨ੍ਹਾਂ ਦਾ ਰਾਖਵਾਂਕਰਨ ਖਤਮ ਕੀਤਾ ਜਾਵੇ । ਪ੍ਰੰਤੂ ਬਾਬਾ ਸਾਹਿਬ ਨੇ ਇਸ ਦਾ ਡਟ ਕੇ ਵਿਰੋਧ ਕੀਤਾ । ਸੰਵਿਧਾਨ ਅਸੰਬਲੀ ਨੇ ਬਹੁਗਿਣਤੀ ਨਾਲ ਧਾਰਮਿਕ ਘੱਟ ਗਿਣਤੀਆਂ ਦਾ ਰਾਖਵਾਂ ਕਰਨ ਰੱਦ ਕਰ ਦਿੱਤਾ ਜੋ ਉਨ੍ਹਾਂ ਨੂੰ 1932 ਦੇ ਕਮਿਊਨਲ ਅਵਾਰਡ ਰਾਹੀਂ ਪ੍ਰਾਪਤ ਹੋਇਆ ਸੀ ।(169)

ਸਾਡਾ ਕਹਿਣ ਦਾ ਭਾਵ ਹੈ ਕਿ ਸਿੱਖਾਂ ਨੇ ਜਿਨ੍ਹਾਂ ਦੀ ਬੁਨਿਆਦ ਇਨਸਾਨੀਅਤ ਦੇ ਮੁੱਜਸਮੇਂ ਦਲਿਤ ਸੰਗਾਂ ਅਤੇ ਗੁਰੂਆਂ ਨੇ ਰੱਖੀ, ਸਭ ਨੇ ਬਾਬਾ ਸਾਹਿਬ ਨਾਲ ਹਰ ਥਾਂ 'ਤੇ ਧੋਖਾ ਕੀਤਾ । ਜ਼ਮੀਨਾਂ ਦੀ ਵੰਡ ਵੇਲੇ ਪੰਜਾਬ ਦੇ ਜੱਟ ਮੁੱਖ ਮੰਤਰੀ ਕੈਰੋਂ ਨੇ ਜੋ ਘਟੀਆ ਕਿਰਦਾਰ ਨਿਭਾਇਆ, ਉਹ ਵੀ ਦੂਜੇ ਪੰਨਿਆਂ 'ਤੇ ਦਰਜ ਹੈ । ਮਹਾਰਾਜਾ ਪਟਿਆਲਾ ਨੇ, ਬਾਬਾ ਸਾਹਿਬ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਨ ਲਈ ਪੈਪਸੂ ਰਿਆਸਤ ਦਾ ਮੁਖੀ ਬਣਾਉਣ ਦਾ ਲਾਲਚ ਦਿੱਤਾ । ਜਦੋਂ ਬਾਬਾ ਸਾਹਿਬ ਨੇ ਕਿਹਾ ਕਿ ਕੀ ਤੇਰੇ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਬਣਨ ਲਈ ਇਹ ਸ਼ਰਤਾਂ ਲਿਖੀਆਂ ਹਨ, ਤਾਂ ਮਹਾਰਾਜਾ ਚੁੱਪ ਹੋ ਕੇ ਰਹਿ ਗਿਆ ਤੇ ਗੱਲ ਠੱਪ ਹੋ ਗਈ । ਜਦੋਂ ਬਾਬਾ ਸਾਹਿਬ ਨੇ ਕਿਹਾ ਸੀ ਕਿ ਜੇ ਉਹ ਸਿੱਖ ਧਰਮ ਵਿਚ ਆ ਜਾਣ ਤਾਂ ਸਿੱਖ ਉਨ੍ਹਾਂ ਨਾਲ ਕਿਹੋ ਜਿਹਾ ਵਿਹਾਰ ਕਰਨਗੇ ? ਤਾਂ ਇਕ ਜੱਟ ਜਥੇਦਾਰ ਨੇ ਕਿਹਾ ਸੀ ਉਹ ਉਨ੍ਹਾਂ ਨੂੰ ਮਜ਼ਬੀ ਸਿੱਖ ਕਿਹਾ ਕਰਨਗੇ । ਇਕ ਵਾਰੀ ਗੁਰਖੰਡਾ ਸਿੰਘ ਨੇ, ਜਿਸ ਲਈ ਬਾਬਾ ਸਾਹਿਬ ਨੇ ਇਕ ਵਿਸ਼ੇਸ਼ ਸੰਦੇਸ਼ ਭੇਜਿਆ ਸੀ, ਬਾਬਾ ਸਾਹਿਬ ਲਈ ਬੇਇੱਜ਼ਤੀ ਭਰੇ ਸ਼ਬਦ ਬੋਲੇ ਸਨ ।

ਕਹਿਣ ਦਾ ਭਾਵ ਹੈ ਕਿ ਜਿਹੜੀ ਸਿੱਖ ਲਹਿਰ ਦਲਿਤ ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਦੇ ਸਿਰ 'ਤੇ ਉਸਰੀ ਮੁੱਢ ਤੋਂ ਲੈ ਕੇ ਅੰਤ ਤੱਕ ਦਲਿਤ ਸਿੱਖ, ਸਿੱਖ ਲਹਿਰ ਦੇ ਮੋਢੀ ਰਹੇ, ਜਿਨ੍ਹਾਂ ਨੇ ਸਿਰ ਦੇਣ ਲੱਗਿਆ ਸੀਅ ਨਾ ਕੀਤੀ, ਉਨ੍ਹਾਂ ਤੋਂ ਬਾਅਦ ਜੋ ਵਾਪਰਿਆ, ਤੇ ਉੱਚੀ ਜਾਤ ਦੇ ਸਿੱਖਾਂ ਨੇ ਆਪਣਾ ਮਨੂੰਵਾਦੀ ਕਿਰਦਾਰ ਕਿਵੇਂ ਨਿਭਾਇਆ, ਉਸ ਦੀ ਤਸਵੀਰ ਸਾਡੇ ਸਾਹਮਣੇ ਹੈ । ਜਿਨ੍ਹਾਂ ਨਿਮਾਣਿਆਂ, ਨਿਓਟਿਆਂ, ਨਿਖੁਟਿਆਂ, ਨਿਪੁੱਤਿਆਂ ਦੇ ਦੀਨ ਦੁਖੀਆਂ ਦੀ ਖਾਤਰ, ਸਿੱਖ ਲਹਿਰ ਉਸਰੀ ਤੇ ਜਿਨ੍ਹਾਂ ਨੇ ਇਸ ਲਹਿਰ ਨੂੰ ਆਪਣੇ ਖ਼ੂਨ ਦੀ ਬੂੰਦ-ਬੂੰਦ ਨਾਲ ਸਿੰਜਿਆ, ਉਨ੍ਹਾਂ ਨੂੰ ਠੁੱਡੇ ਮਾਰ-ਮਾਰਕੇ, ਗੁਰੂ ਘਰੋਂ ਬਾਹਰ ਕੱਢਿਆ ਗਿਆ ਤੇ ਜੱਦੀ ਪੁਸ਼ਤੀ ਨਫਰਤ ਕੀਤੀ ਗਈ । ਉਨ੍ਹਾਂ ਲਈ ਗੁਰੂ ਘਰ ਬੇਗਾਨਾ ਬਣਾ ਦਿੱਤਾ ਗਿਆ ਤੇ ਉਹ ਪਰੰਪਰਾ ਅੱਜ ਵੀ ਜਾਰੀ ਹੈ । ਸਿੱਖ ਸੰਸਥਾ, ਸਿੱਖ ਸਮਾਜ, ਸਿੱਖ ਧਰਮ ਉੱਤੇ ਉੱਚੀਆਂ ਜਾਤਾਂ ਦੇ ਸਿੱਖਾਂ ਦੀ ਸਰਦਾਰੀ ਹੈ । ਨੀਵੀਆਂ ਜਾਤਾਂ ਦੇ ਕੰਮੀ, ਕਮੀਨ, ਚੂੜ੍ਹੇ ਚੱਪੜੇ, ਢੇਡ, ਲਾਗੀ, ਵਗਾਰੀ, ਝਾੜੂ ਬਰਦਾਰ, ਤੇ ਵੋਟਰ ਹਨ । ਸਿੱਧੇ ਸ਼ਬਦਾਂ ਵਿਚ ਨੀਚ ਸਿੱਖ 'ਹਰ ਥਾਂ' ਗੁਲਾਮ ਹਨ । ਹਰ ਧਰਮ ਵਿੱਚ ਗੁਲਾਮ ਹਨ।

ਸਲਾਹ ਹੈ :ਕੀ ਇਨਸਾਨੀ ਬਰਾਬਰੀ ਵਿਚ ਤੇ ਗੁਰੂ ਸੰਦੇਸ਼ ਵਿਚ ਵਿਸ਼ਵਾਸ ਰੱਖਣ ਵਾਲੇ ਇਮਾਨਦਾਰ ਸਿੱਖ, ਇਸ ਨਿੱਘਰੀ ਹੋਈ ਗੈਰ ਸਿੱਖੀ ਵਾਲੀ ਦਸ਼ਾ ਵੱਲ ਧਿਆਨ ਦੇਣਗੇ ? ਅੰਤ ਵਿਚ ਮੈਂ ਅਸਲੀ ਸਿੱਖ ਦੇ ਬਾਰੇ ਕੁਝ ਕਹਿਣਾ ਜ਼ਰੂਰੀ ਸਮਝਦਾ ਹਾਂ ਕਿਉਂਕਿ ਪਹਿਲਾਂ ਮੈਂ ਨਕਲੀ ਸਿੱਖ ਸ਼ਬਦ ਵਰਤਿਆ ਹੈ ।

ਨੋਟ-ਅਸਲੀ ਸਿੱਖ ਸਦਾਚਾਰ ਦਾ ਦੂਜਾ ਨਾਂ ਹੈ ਤੇ ਸਦਾਚਾਰ ਕਿਨ੍ਹਾਂ ਗੁਣਾਂ ਕਾਰਨ ਬਣਦਾ ਹੈ, ਉਸ ਵਿਚ ਕਿਸ ਤਰ੍ਹਾਂ ਦਾ ਚਰਿਤਰ ਸ਼ਾਮਲ ਹੈ, ਗੁਰੂਆਂ ਨੇ ਬੜਾ ਸਪੱਸ਼ਟ ਕਿਹਾ ਹੈ :- ਗੁਰੂ ਸਾਹਿਬ ਅਨੁਸਾਰ ਅਸਲੀ ਸਿੱਖ ਕੌਣ ਹੈ, ਉਸ ਦਾ ਕੀ ਕਿਰਦਾਰ ਹੈ, ਉਨ੍ਹਾਂ ਦੀ ਆਪਣੀ ਜ਼ੁਬਾਨੀ ਸੁਣੋ :-

ਰਹਿਣੀ ਰਹੇ (ਅਸੂਲਾਂ 'ਤੇ ਚੱਲੇ) ਸੋਈ ਸਿਖ ਮੇਰਾ । ਉਹ ਸਾਹਿਬ ਮੈਂ ਉਸ ਕਾ ਚੇਰਾ ।

• • • • • •

ਕਬੀਰ ਸਤਿਗੁਰੂ ਕਿਆ ਕਰੈ । ਜਉ ਸਿਖਾ ਮਹਿ ਚੂਕ
(ਗਲਤੀ, ਅਣਜਾਣਪੁਣਾ, ਮੂਰਖਤਾ, ਮਨਮੁਖਤਾ, ਬੇਮੁਖਤਾ) ।
ਅੰਧੇ ਏਕ ਨਾ ਲਾਗਈ (ਅਕਲ ਦੇ ਅੰਨੇ)। ਜਿਉ ਬਾਸ ਬਜਾਈਐ ਫੂਕ ॥

ਸੋ ਕਿਉਂ ਅੰਧਾ ਆਖੀਐ। ਜਿ ਹੁਕਮਹੁ ਅੰਧਾ ਹੋਇ।
ਨਾਨਕ ਹੁਕਮ ਨਾ ਬੁਝਈ। ਅੰਧਾ ਕਹੀਐ ਸੋਇ॥

• • • • • •

ਹੋਇ ਇਕਤਰ ਮਿਲਹੁ ਮੇਰੇ ਭਾਈ (ਕੀ ਇਹ ਛੇ ਸੱਤ ਕਰੋੜ ਅਛੂਤਾਂ ਲਈ ਨਹੀਂ)।
ਦੁਬਿਧਾ ਦੂਰ ਕਰਹੁ ਲਿਵ ਲਾਈ।
(ਦੁਬਿਧਾ ਜੋ ਮਨੂੰਵਾਦ ਨੇ ਪੈਦਾ ਕੀਤੀ। ਵਰਣ ਵੰਡ ਨੇ ਪੈਦਾ ਕੀਤੀ)।
ਐਸੇ ਜਨ ਵਿਰਲੇ ਜਗ ਅੰਦਰ। ਪਰਖ ਖਜਾਨੇ ਪਾਇਆ।
ਜਾਤਿ ਵਰਨ ਤੇ ਭਏ ਅਤੀਤਾ (ਜਾਤਪਾਤ ਤੋਂ ਦੂਰ ਹੋਏ) ਮਮਤਾ ਲੋਭੁ ਚੁਕਾਇਆ।

• • • • • •

ਪੂਰਨ ਜੋਤ ਜਗੇ ਘਟ ਮੇਂ ਤਬ ਖਾਲਸ ਤਾਹਿ ਨਖਾਲਸ ਜਾਨੈ।
(ਸਭ ਵਿਚ ਇਕੋ ਜੋਤ ਹੈ। ਕੋਈ ਖੱਤਰੀ ਨਹੀਂ ਕੋਈ ਚੂੜ੍ਹਾ ਨਹੀਂ)

• • • • • •

ਜਾਤ ਕਾ ਗਰਬ ਨਾ ਕਰ ਮੂਰਖ ਗਵਾਰਾ। ਇਸ ਤੇ ਚਲੇ ਬਹੁਤ ਵੇਕਾਰਾ।
(ਜਾਤਪਾਤ ਮੰਨਣ ਵਾਲੇ ਮੂਰਖ ਹਨ, ਗਵਾਰ ਹਨ, ਪਸ਼ੂ ਹਨ)
ਜਾਤ-ਪਾਤ ਨਾ ਪੁੱਛੋ :-
ਜਨਮ ਜਾਤ ਮਤ ਪੂਛੀਏ। ਕਾ ਜਾਤ ਅਰੁ ਪਾਤ।
ਰਵਿਦਾਸ ਪੂਤ ਸਭ ਪ੍ਰਭੂ ਕੇ। ਕੋਊ ਨਹਿ ਜਾਤ-ਕੁਜਾਤ।

• • • • • •

ਚਕ੍ਰ ਚਿਹਨ ਅਰੁ ਬਰਨ ਜਾਤਿ। ਅਰ ਪਾਤ ਨਹਿਨ ਜਿਹ।
ਰੂਪ ਰੰਗ ਅਰੁ ਰੇਖ ਭੇਖ। ਕਹੁ ਕਹਿ ਨ ਸਕਤ ਕਿਹ।

• • • • • •

ਜਾਤਿ ਜਨਮੁ ਨਾ ਪੁਛੀਐ। ਸਚ ਘਰ ਲੇਹੁ ਬਤਾਇ।
ਸਾ ਜਾਤ ਸਾ ਪਾਤਿ ਹੈ। ਜੇਹੇ ਕਰਮ ਕਮਾਇ।

• • • • • •

ਜਾਤਿ ਕਾ ਗਰਬ ਨਾ ਕਰੀਅਹੁ ਕੋਈ॥ (ਗੁਰਪ੍ਰਤਾਪ ਸੂਰਜ)

• • • • • •

ਬਰਨ ਜਾਤਿ ਕੋ ਦੂਰ ਧਰ ਐਸੇ ਸਿੱਖ ਸੁਲੱਖ।
(ਸੁਲੱਖ ਸਿੱਖ ਜਾਤਪਾਤ ਤੋਂ ਰਹਿਤ ਹੈ)।

• • • • • •

ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ।

• • • • • •

ਜਾਤਿ ਵਰਣ ਕੀ ਕਾਨ ਤਜ ਮਿਲੈ ਖਾਲਸੇ ਸੰਗ।
(ਜਾਤ-ਪਾਤ ਤਿਆਗ ਕੇ ਖਾਲਸਾ ਪੰਥ ਬਣਿਆਂ) (ਗ.ਪ.ਸ.)

• • • • • •

ਚਾਰ ਵਰਨ ਇਕ ਵਰਨ ਕਰਾਇਆ॥ (ਭਾ :ਗੁਰਦਾਸ)

• • • • • •

ਅੰਮ੍ਰਿਤ ਛਕਣ ਸਮੇਂ ਉਪਦੇਸ਼ :-"ਅੱਜ ਤੁਹਾਡਾ ਜਨਮ ਸਤਿਗੁਰੂ ਦੇ ਘਰ ਹੋਇਆ ਹੈ। ਪਿਛਲੀ ਜਾਤ-ਪਾਤ, ਵਰਨ, ਗੋਤ ਅਤੇ ਮਜ਼੍ਹਬ ਆਦਿਕ ਸਭ ਮਿਟ ਗਏ ਹਨ।"

"ਸਤਿਗੁਰੂ ਦੇ ਪੁੱਤਰ ਹੋਣ ਕਰਕੇ ਤੁਸੀਂ ਸਭ ਸਕੇ ਭਾਈ ਹੋ।"

• • • • •

ਹਉਮੈ 'ਇਹਾ ਜਾਤ' ਹੈ ਹਉਮੈ ਕਰਮ ਕਮਾਹਿ ॥ (ਜਾਤ ਇਕ ਹੰਕਾਰ ਹੈ) ।

• • • • •

(ਨਕਲੀ ਲੋਕਾਂ ਤੇ ਅਸਲੀ ਲੋਕਾਂ 'ਚ ਅੰਤਰ) ।
ਖੋਟੇ ਖੋਟੁ ਕਮਾਵਣਾ, ਆਇ ਗਇਆ ਪਤਿ ਖੋਇ ।
ਨਾਨਕ ਮਨ ਸਮਝਾਈਐ, ਗੁਰ ਕੈ ਸ਼ਬਦ ਸਾਲਾਹਿ ।

• • • • •

ਸਤਿਗੁਰੂ ਕੀ ਸੇਵਾ ਚਾਕਰੀ ।
ਜੇ ਚਲਹਿ ਸਤਿਗੁਰੂ ਭਾਈ ॥ (ਗੁਰੂ ਦੇ ਕਹੇ ਅਨੁਸਾਰ ਚਲੇ ਤਾਂ ਪਰਵਾਨ ਹੈ)

• • • • •

ਸਤਿਗੁਰੂ ਕੇ ਬਚਨ ਕਮਾਵਣ । ਸਚਾ ਏਹੁ ਵੀਚਾਰੁ ॥

• • • • •

ਗੁਰ ਕੇ ਬਚਨ ਰਿਦੈ ਧਿਆਨ ਧਾਰੀ ।

• • • • •

ਗੁਰਮੁਖਿ ਵੈਰ ਵਿਰੋਧ ਗਵਾਵੈ ।
ਗੁਰਮੁਖਿ ਸਗਲੀ ਗਣਤ (ਜਾਤਪਾਤ ਦੀ ਗਿਣਤੀ) ਮਿਟਾਵੈ ॥

• • • • •

ਗੁਰਮੁਖਿ ਸਾਚੀ ਕਾਰ ਕਮਾਇ ॥

• • • • •

ਗੁਰਮੁਖਿ ਹਉਮੈ (ਜਾਤੀ ਹੰਕਾਰ) ਸਬਦਿ ਜਲਾਏ ।

• • • • •

ਠਾਕੁਰ ਕੇ ਸੇਵਕ ਕੀ ਨਿਰਮਲ ਰੀਤ (ਕਰਨੀ) ।

• • • • •

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ।

• • • • •

ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ।
ਜਾਤਿ ਕਾ ਗਰਬੁ ਨਾ ਕਰਹਿਹੁ ਕੋਈ ।

• • • • •

ਆਪਸ ਕਉ ਜੋ ਜਾਣੈ ਨੀਚਾ । ਸੋਊ ਗਨੀਐ ਸਭ ਤੇ ਊਚਾ ॥

• • • • •

ਸ੍ਰਿਸਟਿ ਸਭ ਇਕ ਵਰਨ ਹੋਈ । ਧਰਮ ਕੀ ਗਤਿ ਰਹੀ ॥

• • • • •

ਅਵਲਿ ਅਲਹੁ ਨੂਰੁ ਉਪਾਇਆ ।
ਕੁਦਰਤ ਕੇ ਸਭ ਬੰਦੇ ।
ਏਕ ਨੂਰ ਤੇ ਸਭੁ ਜਗੁ ਉਪਜਿਆ ਕੌਣ ਭਲੇ ਕੋ ਮੰਦੇ ॥

• • • • •

ਪੰਥ ਨਵੀਨ ਪ੍ਰਕਾਸ਼ਨ ਕਰਯੋ । ਭੇਦ ਬਰਨ ਜਾਤੀ ਪਰ ਹਰਯੋ ॥

• • • • •

ਨੀਚਾਂ ਅੰਦਰ ਨੀਚੁ ਜਾਤਿ । ਨੀਚੀ ਹੂ ਅਤਿ ਨੀਚ ॥

ਨਾਨਕ ਤਿਨਕੇ ਸੰਗ ਸਾਥ । ਵਡਿਆਂ (ਉੱਚੀ ਜਾਤ ਵਾਲਿਆਂ) ਸਿਉਂ ਕਿਆ ਰੀਸ (ਸੰਬੰਧ) ।

• • • • • •

ਹਉ ਢਾਢੀ ਕੀ ਨੀਚੁ ਜਾਤਿ । ਹੋਰ ਉਤਮ ਜਾਤਿ ਸਦਾਇੰਦੇ ॥

• • • • • •

ਹਉ ਨੀਚ ਕਰਹੁ ਬੇਨੰਤੀ । ਸਾਚੁ ਨਾ ਛੋਡੇ ਭਾਈ ॥

• • • • • •

ਭਾਉ ਭਗਤ ਕਰਿ ਨੀਚ ਸਦਾਏ । ਤਉ ਨਾਨਕ ਮੋਖੰਤਰ (ਮੁਕਤੀ) ਪਾਇ ।

• • • • • •

ਏ ਜੀ ਨ ਹਮ ਉਤਮ ਨੀਚ ਨ ਮਧਮ । ਹਰ ਸਰਣਾਗਤਿ ਹਰਕੇ ਲੋਗ ॥

• • • • • •

ਨੀਚ ਨੀਚ, ਕਕਰ ਮਾਰੀਐ । ਮੂਰਖ ਲੋਕ ਅਜਾਨੁ ॥

• • • • • •

ਮਾਟੀ ਏਕ ਸਗਲ ਸੰਸਾਰਾ । ਬਹੁ ਬਿਧਿ ਭਾਂਡੇ ਘੜੇ ਕੁਮ੍ਹਾਰਾ ॥

• • • • • •

ਪੰਚ ਪਰਵਾਣ ਪੰਚ ਪਰਧਾਨੁ ।
ਪੰਚਹਿ ਪਾਵਹਿ ਦਰਗਹਿ ਮਾਨੁ ॥
(ਪੰਚ ਦਾ ਅਰਥ ਹੈ ਪੰਜੇ ਜਾਤਾਂ ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਅਤੇ ਅਤੀ ਸ਼ੂਦਰ) ।

• • • • • •

ਜਬ ਤੇ ਸਾਧ ਸੰਗਤ (ਨੇਕ ਬੰਦਿਆਂ ਦੀ ਮੰਗ) ਮੋਹਿਪਾਈ (ਸਦਾਚਾਰੀ ਬੰਦਿਆਂ ਦਾ ਮਿਲਾਪ)
ਵਿਸਰਗਈ ਸਭ ਤਾਤ ਪਰਾਈ । ਨ ਕੋ ਵੈਰੀ ਨਾਹਿ ਬੇਗਾਨਾ ।
ਸਗਾਲ ਸੰਗ ਹਮਕੋ ਬਣ ਆਈ ॥

• • • • • •

ਗੋਬਿੰਦ ਗੋਬਿੰਦ ਗੋਬਿੰਦ ਸੰਗ ਨਾਮਦੇਓ ਮਨ ਲੀਣਾ ।
ਆਢ ਦਾਮ ਕੋ ਛੀਪਰੋ ਹਇਓ ਲਖੀਣਾ ॥
ਬੁਨਨਾਂ ਤਨਨਾ ਤਿਆਗਕੇ ਪ੍ਰੀਤ ਚਰਨ ਕਬੀਰਾ ।
ਨੀਚ ਕੁਲਾ ਜੋਲਾਹਰਾ ਭਇਓ ਗੁਨੀ ਗਹੀਰਾ ।
ਰਵਿਦਾਸ ਢੋਵੰਤਾ ਢੋਰ ਵਿਨਿਓ ਤਿਨ ਤਿਆਗੀ ਮਾਇਆ ।
ਪ੍ਰਗੁਟ ਹੋਆ ਸਾਧ ਸੰਗਿ, ਹਰਿ ਦਰਸ਼ਨ ਪਾਇਆ ।
ਸੈਨਿ ਨਾਈ ਬੁਤਕਾਰੀਆ ਓਹੁ ਘਰਿ-ਘਰਿ ਸੁਨਿਆ ।
ਹਰਿਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ ।
ਇਹ ਬਿਧਿ ਸੁਣਕੇ ਜਾਟਰੋ ਉਠਿ ਭਗਤੀ ਲਾਗਾ
ਮਿਲੇ ਪਰਤਖਿ ਗੁਸਾਈਆਂ ਧੰਨਾ ਵਡਭਾਗਾ ।
(ਇੰਜ ਜਿਨ੍ਹਾਂ ਦੀਆਂ ਸਿਫਤਾਂ ਕਰਦੇ ਗੁਰੂ ਜੀ ਨਹੀਂ ਥੱਕਦੇ ਸਨ, ਉਨ੍ਹਾਂ ਦੀ ਕੌਮ ਨੂੰ ਚੂਹੜੇ ਕਹਿ ਕੇ ਨਕਲੀ ਸਿੱਖਾਂ ਨੇ ਦੁਰਕਾਰ ਦਿੱਤਾ । ਇਤਿਹਾਸ ਇਸ ਦਾ ਜਵਾਬ ਜ਼ਰੂਰ ਮੰਗੇਗਾ ।)
ਹਉਮੈ ਏਹਾ ਜਾਤਿ ਹੈ ਹਉਮੈਂ ਕਰਮ ਕਮਾਹਿ ।
ਹਉਮੈ ਏਹੀ ਬੰਧਨਾ, ਫਿਰਿ ਫਿਰਿ ਜੋਨੀ ਪਾਇ ॥
(ਜਾਤ ਹੰਕਾਰ ਹਉਮੈ ਦਾ ਦੂਜਾ ਨਾਂ ਹੈ । ਜਾਤ ਅਨੁਸਾਰ ਕੀਤਾ ਕਰਮ ਗੁਲਾਮੀ ਹੈ, ਬੰਧਨ ਹੈ । ਜਾਤ ਨੂੰ ਮੰਨਣ ਵਾਲਾ ਮੁਕਤੀ ਨਹੀਂ ਪਾ ਸਕਦਾ ।)
ਜਨਮ ਜਨਮ ਕਾ ਵਿਛੁੜਿਆ ਮਿਲਿਆ ।

ਸਾਧ ਕ੍ਰਿਪਾ ਤੇ ਸੂਕਾ ਹਰਿਆ ॥
ਸੁਮਤਿ ਪਾਏ ਨਾਮ ਧਿਆਏ ।
ਗੁਰਮੁਖ ਹੋਇ ਮੇਲਾ ਜੀਓ ॥

(ਹਜ਼ਾਰਾਂ ਸਾਲਾਂ ਤੋਂ ਜਾਤਾਂ ਬਣਾ ਕੇ ਵਿਛੋੜੇ, ਚੰਗੇ ਬੰਦਿਆਂ, ਨੇਕ ਬੰਦਿਆਂ ਦੀ, ਭਾਈ ਬੰਧੂਆਂ ਦੀ ਕ੍ਰਿਪਾ ਨਾਲ ਸੁੱਕੇ ਹਰੇ ਹੋਣ ਲੱਗੇ ਸਨ । ਉੱਤਮ ਸਮਝ ਪਾ ਕੇ, ਬਾਬਾ ਸਾਹਿਬ ਨੇ ਗੁਰਬਾਣੀ ਦੇ ਸਿਧਾਂਤ ਪੜ੍ਹੇ ਸਨ ਤੇ ਮੂੰਹ ਗੁਰੂਆਂ ਵੱਲ ਕੀਤਾ ਸੀ । ਜਦੋਂ ਚਿਰੀ ਵਿਛੁੰਨਿਆਂ ਦਾ ਮੇਲਾ ਹੋਣ ਲੱਗਾ ਤਾਂ ਕਰੋੜਾਂ ਮਨੁੱਖਾਂ ਨੂੰ ਚੂਹੜੇ ਕਹਿ ਕੇ ਦੁਰਕਾਰ ਦਿੱਤਾ ਗਿਆ ।)

(ਜੇ ਨਕਲੀ ਸਿੱਖਾਂ ਕਾਰਨ ਇਹ ਦੁਖਾਂਤ ਨਾ ਵਾਪਰਦਾ ਤਾਂ ਮਾਨਵਤਾ ਦੇ ਧਾਗੇ 'ਚ ਪਰੋਤੇ ਸਾਰੇ ਬੰਦੇ ਮੋਤੀਆਂ ਦੇ ਹਾਰ ਵਾਂਗ ਸਜਣੇ ਸਨ ।)

ਤੇ ਇਹ ਹੋਣਾ ਸੀ :
ਸਭੇ ਸਾਂਝੀਵਾਲ ਸਦਾਇਨ । ਕੋਈ ਨ ਦੀਸੈ ਬਾਹਰਾ ਜੀਓ ॥
ਸੱਚ ਕੀ ਬਾਣੀ ਨਾਨਕ ਆਖੈ । ਸੱਚ ਸੁਣਾਇਸੀ ਸੱਚ ਕੀ ਬੇਲਾ ॥

• • • • •

ਐਸੀ ਲਾਲ ਤੁਝ ਬਿਨੁ ਕਉਨੁ ਕਰੈ ।
ਗਰੀਬ ਨਿਵਾਜ ਗੁਸਈਆ ਮੇਰੇ ਮਾਥੈ ਛਤਰ ਧਰੈ ॥

• • • • •

ਸਾਂਝ ਕਰੀਜੈ ਗੁਣਹ ਕੇਰੀ । ਛੋਡ ਅਵਗਣ ਚਲੀਐ ॥

• • • • •

ਨਿਮਖ ਨਿਮਖ ਕਰਿ ਸਰੀਰ ਕਟਾਵੈ । ਤਉ ਭੀ ਹਉਮੈ ਮੈਲੁ ਨਾ ਜਾਵੈ ॥

• • • • •

ਜਿਸ ਹਥੁ ਜੋਰੁ ਕਰ ਦੇਖੈ ਸੋਇ । ਨਾਨਕ ਉਤਮ ਨੀਚ ਨਾ ਕੋਇ ॥

(ਭਾਵ ਜਿਸ ਦੇ ਹੱਥ ਤਾਕਤ ਹੁੰਦੀ ਹੈ, ਉਹ ਜੋ ਚਾਹੇ ਕਰ ਲੈਂਦਾ ਹੈ, ਪ੍ਰੰਤੂ ਨਾ ਕੋਈ ਉੱਚਾ ਹੈ ਨਾ ਹੀ ਨੀਚ । ਸਭ ਡੰਡੇ ਦੀ ਖੇਡ ਹੈ । ਡੰਡਾ ਨੀਚਾਂ ਦੇ ਹੱਥ ਆ ਗਿਆ ਤਾਂ ਸਮਾਜ ਜਾਤ ਦਾ ਨਾਂ ਲੈਣਾ ਭੁੱਲ ਜਾਵੇਗਾ ।)

ਸਿੱਖਾਂ ਤੋਂ ਇਕ ਦਿਨ ਮਨੁੱਖਤਾ ਜਵਾਬ ਮੰਗੇਗੀ ।

ਅੰਗਰੇਜ਼ ਡਾਇਰੈਕਟਰ ਸੀ.ਆਈ.ਡੀ. ਪੈਟਰੀ ਰਿਪੋਰਟ, 11 ਅਗਸਤ 1911

"ਹਿੰਦੂ ਮਿੱਤਰ ਸਿੱਖ ਮਤ ਬਾਰੇ ਹਮੇਸ਼ਾਂ ਵਿਰੋਧੀ ਰੋਲ ਅਦਾ ਕਰਦਾ ਹੈ, ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਹਿੰਦੂਆਂ ਦੀ ਜਾਤ ਵਰਣ ਦੇ ਵਿਤਕਰਿਆਂ ਵਿਰੁੱਧ ਜ਼ਬਰਦਸਤ ਅਤੇ ਸਫਲ ਕਦਮ ਉਠਾਏ ਸਨ, ਜਦੋਂ ਕਿ ਬ੍ਰਾਹਮਣੀ ਵਿਚਾਰਧਾਰਾ ਦਾ ਸਾਰਾ ਢਾਂਚਾ ਹੀ ਇਨ੍ਹਾਂ ਵਿਤਕਰਿਆਂ 'ਤੇ ਉਸਰਦਾ ਸੀ । ਇਸੇ ਕਾਰਨ ਹਿੰਦੂ ਵਰਤਾਰਾ ਹਮੇਸ਼ਾਂ ਹੀ ਸਿੱਖ ਧਰਮ ਦੀ ਹੇਠੀ ਵਾਲਾ ਰਿਹਾ ਹੈ ।......ਹਿੰਦੂ ਧਰਮ ਨੇ, ਬੁੱਧ ਮਤ ਜੋ ਇਸ ਦਾ ਖਤਰਨਾਕ ਵਿਰੋਧੀ ਸੀ, ਦਾ ਗਲਾ ਘੁੱਟ ਹੀ ਦਿੱਤਾ ਹੋਇਆ ਸੀ ਤੇ ਹੁਣ ਇਸ ਨੇ ਸਿੱਖ ਮਤ ਨਾਲ ਉਹੀ ਵਰਤਾ ਕਰਨ ਲਈ ਵੱਡੇ ਚਿੰਤਾਜਨਕ ਰਸਤੇ ਅਪਨਾ ਲਏ ਹੋਏ ਸਨ ।"

ਇਨ੍ਹਾਂ ਸਤਰਾਂ ਤੋਂ ਸਪੱਸ਼ਟ ਹੈ ਕਿ ਦੁਨੀਆ ਵੀ ਜਾਣਦੀ ਹੈ ਕਿ ਹਿੰਦੂ ਮਤ ਤੇ ਬੁੱਧ ਮਤ ਜਾਂ ਸਿੱਖ ਮਤ ਆਪਸ ਵਿਚ ਵਿਰੋਧੀ ਧਾਰਾਵਾਂ ਹਨ, ਜਿਨ੍ਹਾਂ ਵਿਚਕਾਰ ਬੁਨਿਆਦੀ ਅੰਤਰ ਹੈ । ਇਹ ਅੰਤਰ ਹਿੰਦੂ ਗ੍ਰੰਥਾਂ ਅਤੇ ਬੋਧੀ ਜਾਂ ਸਿੱਖ ਗ੍ਰੰਥਾਂ ਦੀ ਮੂਲ ਵਿਚਾਰਧਾਰਾ ਵਿਚੋਂ ਸਪੱਸ਼ਟ ਲੱਭੇ ਜਾ ਸਕਦੇ ਹਨ । (ਸੰਬੰਧਤ ਵਿਚਾਰ ਇਸੇ ਪੁਸਤਕ ਵਿੱਚ ਦਰਜ ਹਨ ।) ਬੋਧੀ ਸਮਾਜ ਅਤੇ ਸਿੱਖ ਸਮਾਜ ਉਸਰਿਆ ਹੀ, ਗੈਰ ਜਾਤਪਾਤੀ, ਇਕ ਸਮਾਨ-ਸਮਾਜਿਕ ਪ੍ਰਬੰਧ ਦੇ ਅਧਾਰ 'ਤੇ ਹੈ, ਜਿਥੇ ਊਚ-ਨੀਚ, ਜਾਤਪਾਤ, ਛੂਤਛਾਤ, ਭਿੰਨਭੇਦ ਤੇ ਆਰਥਿਕ ਵਿਤਕਰੇ ਲਈ ਕੋਈ ਥਾਂ ਨਹੀਂ । ਸਤਿਗੁਰੂ ਨਾਮਦੇਵ ਅਤੇ ਕਬੀਰ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਇਹ ਵਿਚਾਰਧਾਰਾ ਉੱਸਰੀ, ਫੈਲੀ ਤੇ ਜਿਸ ਨੂੰ ਨਵੇਂ ਸਮਾਜ ਦੀ ਸਿਰਜਣਾ ਲਈ, ਅਣਮਨੁੱਖੀ ਤਸੀਹਿਆਂ ਦਾ ਜਬਰ ਸਹਿਣਾ ਪਿਆ ।

ਅਜਿਹੀ ਲਹਿਰ ਜੋ ਮਨੁੱਖਾਂ ਲਈ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ, ਜੋ ਊਚ-ਨੀਚ ਜਾਤ-ਪਤ ਤੇ ਛੂਤਛਾਤ ਦਾ ਖੰਡਨ ਹੀ ਨਹੀਂ ਕਰਦੀ, ਸਗੋਂ ਆਪਣੇ ਅਦਾਰੇ ਵਿਚੋਂ ਇਸ ਗਲੀ ਸੜੀ ਗੈਰ ਮਨੁੱਖੀ ਜਾਤੀ ਵਿਵਸਥਾ ਨੂੰ ਗੰਦਗੀ ਦੇ ਢੇਰ 'ਤੇ ਵਗਾਹ ਮਾਰਦੀ ਹੈ। ਉਹ ਲਹਿਰ ਜਿਹੜੀ ਨੀਚ ਜਾਤੀਆਂ ਦੇ ਸਿਰਾਂ 'ਤੇ ਉਸਰੀ ਪ੍ਰਵਾਨ ਚੜ੍ਹੀ। ਉਸ ਬਾਰੇ ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੁਣਿਆ, ਪੜ੍ਹਿਆ ਤੇ ਮੰਨਿਆਂ (ਸੁਣੀਐ, ਮੰਨੀਐ, ਮਨ ਕੀਤਾ ਭਾਉ) ਤਾਂ ਬਾਬਾ ਸਾਹਿਬ ਆਪਣੇ 7 ਕਰੋੜ ਤੋਂ ਵਧੇਰੇ ਅਛੂਤਾਂ ਨੂੰ ਸਿੱਖ ਸੰਸਥਾ ਦਾ, ਸਿੱਖ ਸਮਾਜ ਦਾ ਅੰਗ ਬਣਾਉਣ ਲਈ ਆਏ ਤਾਂ ਕਿ ਬਰਾਬਰੀ ਦੇ ਅਧਾਰ 'ਤੇ ਸਮਾਜ ਦੀ ਸਿਰਜਣਾ ਕਰਨ ਵਾਲੀ ਵਿਚਾਰਧਾਰਾ ਨਾਲ, ਨਿਤਾਣਿਆਂ, ਨਿਮਾਣਿਆਂ, ਨਿਓਟਿਆਂ ਤੇ ਨਿਆਸਰਿਆਂ ਨੂੰ ਲੈੱਸ ਕੀਤਾ ਜਾ ਸਕੇ। ਬਾਬਾ ਸਾਹਿਬ ਨੇ ਗੁਰੂਆਂ ਦੀ ਗੱਲ ਪ੍ਰਵਾਨ ਕਰਕੇ ਸਿੱਖ ਬਣ ਜਾਣ ਦਾ ਨਿਸ਼ਾਨਾ ਚੁਣ ਲਿਆ ਸੀ। ਉਹ ਅਤੇ ਉਸ ਦੀ ਜਮਾਤ ਹਿੰਦੂ ਸਮਾਜ ਤੋਂ, ਸਦੀਆਂ ਤੋਂ ਜਲੀਲ ਹੁੰਦੇ ਆਏ ਸਨ ਤੇ ਹੁਣ ਉਹ ਇਸ ਤੋਂ ਮੁਕਤੀ ਪਾਉਣ ਲਈ ਤਿਆਰ ਹੋ ਚੁੱਕੇ ਸਨ ਜਿਸ ਬਾਰੇ, "ਕਿਉਂ ਕੀਤੇ ਵਿਸਾਹੁ ?" ਦੇ ਸਫਾ 22 'ਤੇ ਇੰਜ ਲਿਖਿਆ ਹੈ। ਸੰਨ 1936 ਈ. ਵਿਚ ਡਾਕਟਰ ਅੰਬੇਡਕਰ ਦੀ ਵਾਹਿਦ ਲੀਡਰਸ਼ਿਪ ਹੇਠ ਦੇਸ਼ ਦੀਆਂ ਅਛੂਤ ਜਾਤੀਆਂ, ਜਿਨ੍ਹਾਂ ਦੀ ਗਿਣਤੀ ਉਦੋਂ ਨੌਂ ਕਰੋੜ ਦੱਸੀ ਜਾਂਦੀ ਸੀ, ਨੇ ਸਿੱਖ ਧਰਮ ਗ੍ਰਹਿਣ ਕਰਨ ਦਾ ਫੈਸਲਾ ਕਰ ਲਿਆ ਸੀ, ਜਿਸ ਦਾ ਐਲਾਨ ਡਾ. ਅੰਬੇਡਕਰ ਨੇ ਅੰਮ੍ਰਿਤਸਰ ਵਿਚ 1936 ਈ. ਵਿਚ ਹੋਈ ਗੁਰਮਤ ਪ੍ਰਚਾਰ ਕਾਨਫਰੰਸ ਵਿਚ ਕਰਕੇ ਅਛੂਤਾਂ ਅੰਦਰ ਗੁਰਮਤ ਦੇ ਪ੍ਰਚਾਰ ਦੀ ਟਰੇਨਿੰਗ ਲਈ ਆਪਣੇ ਪੜ੍ਹੇ ਲਿਖੇ 14 ਸੱਜਣਾਂ ਨੂੰ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖਲ ਕਰਵਾ ਦਿੱਤਾ ਸੀ। (ਡਾ. ਅੰਬੇਡਕਰ ਨੇ ਆਪਣੇ ਭਤੀਜੇ ਨੂੰ ਅੰਮ੍ਰਿਤ ਛਕਾ ਕੇ ਸਿੱਖ ਸਜਾ ਦਿੱਤਾ ਸੀ।)

ਡਾਕਟਰ ਸਾਹਿਬ ਵੱਲੋਂ ਸਰਬ ਹਿੰਦ ਸਿੱਖ ਮਿਸ਼ਨ ਪਾਸੋਂ ਕੀਤੀਆਂ ਮੰਗਾਂ—1. ਬੰਬਈ ਵਿਚ ਉਨ੍ਹਾਂ ਲਈ ਕਾਲਜ ਦੀ ਸਥਾਪਨਾ। 2. ਉਨ੍ਹਾਂ ਦੇ ਅਖਬਾਰ ਜਨਤਾ ਵਾਸਤੇ ਛਾਪਾਖਾਨਾ ਲਾ ਕੇ ਦੇਣਾ : ਮਿਸ਼ਨ ਨੇ ਪ੍ਰਵਾਨ ਕਰਕੇ ਇਨ੍ਹਾਂ ਵਾਸਤੇ ਦਾਦਰ ਅਤੇ ਮਟੂੰਗਾ ਦੀਆਂ ਕਲੋਨੀਆਂ ਵਿਚ ਥਾਵਾਂ ਵੀ ਖਰੀਦ ਲਈਆਂ ਸਨ ਅਤੇ ਇਹ ਗੱਲ ਤੈਅ ਹੋਈ ਜਾਪਦੀ ਸੀ ਕਿ ਨੌਂ ਕਰੋੜ ਅਛੂਤ ਸਿੱਖ ਸਜ ਜਾਣਗੇ।

(22) ਪ੍ਰੰਤੂ 'ਮਾਸਟਰ ਤਾਰਾ ਸਿੰਘ' ਚਾਹੁੰਦੇ ਸਨ, ਕਿ ਇਸ ਲਈ ਹਿੰਦੂ ਲੀਡਰਾਂ ਦਾ ਸਹਿਯੋਗ ਵੀ ਪ੍ਰਾਪਤ ਕਰ ਲਿਆ ਜਾਵੇ। ਜਿਸ ਬਾਬਤ ਉਨ੍ਹਾਂ ਮਿਸ਼ਨ ਦੇ ਜਨਰਲ ਸਕੱਤਰ ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਗਾਂਧੀ ਪਾਸੋਂ ਇਸ ਪਰਥਾਏ ਉਨ੍ਹਾਂ ਦੀ ਸੰਪਤੀ ਲੈਣ ਹਿੱਤ ਭੇਜਿਆ। ਮਾਸਟਰ ਤਾਰਾ ਸਿੰਘ ਜੋ ਜਾਤ ਦੇ ਖੱਤਰੀ ਸਨ, ਨੇ ਇਸ ਸਿੱਖ ਮਾਮਲੇ ਵਿਚ ਆਪਣਾ ਦੂਤ ਮਹਾਤਮਾ ਗਾਂਧੀ ਪਾਸ ਕਿਉਂ ਭੇਜਿਆ ? ਕੀ ਮਹਾਤਮਾ ਗਾਂਧੀ ਸਿੱਖ ਸੰਸਥਾ ਦਾ ਮੁਖੀ ਸੀ ? ਅਕਾਲ ਤਖਤ ਦਾ ਜਥੇਦਾਰ ਸੀ ? ਕੀ ਉਹ ਸਿੱਖ ਮਿਸ਼ਨਰੀ ਕਾਲਜ ਦਾ ਕੋਈ ਕਾਰਜਕਰਤਾ ਸੀ ? ਕੀ ਉਹ ਸਿੱਖਾਂ ਦਾ ਕੋਈ ਜਰਨੈਲ ਸੀ? ਕੁਝ ਵੀ ਨਹੀਂ। ਉਹ ਇਕ ਕੱਟੜਪੰਥੀ ਸਨਾਤਨੀ ਹਿੰਦੂ ਸੀ। ਪੜ੍ਹੋ ਉਸ ਦੇ ਆਪਣੇ ਜ਼ਬਾਨੀ ਦਿੱਤੇ ਵਿਖਿਆਨ ਤਾਂ ਫਿਰ ਮਾਸਟਰ ਤਾਰਾ ਸਿੰਘ ਨੇ ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਪਾਸ ਕਿਉਂ ਭੇਜਿਆ? ਇਸ ਦਾ ਜਵਾਬ ਸਪੱਸ਼ਟ ਹੈ ਕਿ ਉਹ ਮਹਾਤਮਾ ਗਾਂਧੀ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਜੇ 9 ਕਰੋੜ ਅਛੂਤ ਸਿੱਖ ਸਜ ਗਏ ਤਾਂ ਗਾਂਧੀ ਤੇ ਉਸ ਦੀ ਸਵਰਨ ਜਮਾਤ ਦਾ ਕੀ ਬਣੇਗਾ ? ਤੇ ਇਹ ਜੋ ਸਿੱਖ ਸੰਸਥਾਵਾਂ ਦੀ ਵਾਗਡੋਰ ਸੰਭਾਲੀ ਬੈਠੇ ਹਨ, ਇਨ੍ਹਾਂ ਦਾ ਕੀ ਬਣੇਗਾ ?

ਜੇ 'ਅਸਲੀ ਸਿੰਘ' ਭਾਵ ਸ਼ਸਤਰਧਾਰੀ ਅਛੂਤ ਸਾਰੇ ਭਾਰਤ ਵਿਚ ਫੈਲ ਗਏ ਤਾਂ ਇਸ ਦੇ ਵਿਰੋਧ ਵਿਚ ਖੜ੍ਹੀਆਂ ਸੰਸਥਾਵਾਂ ਦਾ ਕੀ ਬਣੇਗਾ ? ਇਸ ਦਾ ਜਵਾਬ ਇਨ੍ਹਾਂ ਗੱਲਾਂ ਵਿਚੋਂ ਲੱਭਿਆ ਜਾ ਸਕਦਾ ਹੈ- (ਵਾਰਤਾ ਮਹਾਤਮਾ ਗਾਂਧੀ ਅਤੇ ਮਾ. ਸੁਜਾਨ ਸਿੰਘ) (ਸਫਾ 23) ਮਾਸਟਰ : ਮਹਾਤਮਾ ਜੀ ਮੈਂ ਆਪ ਦੀ ਸਹਿਮਤੀ ਲੈਣ ਆਇਆ ਹਾਂ ਕਿ ਜੇ ਅਛੂਤ ਲੋਕ ਸਿੱਖ ਧਰਮ ਗ੍ਰਹਿਣ ਕਰ ਲੈਣ ਤਾਂ ਆਪ ਨੂੰ ਇਸ ਵਿਚ ਕੋਈ ਇਤਰਾਜ਼ ਤਾਂ ਨਹੀਂ ?

ਮਹਾਤਮਾ ਜੀ : ਕਿਆ ਸਿੱਖ ਹਿੰਦੂ ਹੈਂ ?

ਮਾਸਟਰ : ਨਹੀਂ।

ਮਹਾਤਮਾ ਜੀ : ਤੋ ਵੋਹ ਸਿੱਖ ਕਿਉਂ ਬਨੇਂ ? ਅਗਰ ਉਨਕੋ ਹਿੰਦੂ ਧਰਮ ਛੋੜਨਾ ਹੀ ਹੈ ਤੋ ਵੋਹ ਮੁਸਲਮਾਨ ਕਿਉਂ ਨਾ ਬਣ ਜਾਏਂ ? (ਮਹਾਤਮਾ ਜੀ ਨੂੰ ਪਤਾ ਸੀ ਕਿ ਅੰਬੇਡਕਰ ਸਾਰੀ ਦੁਨੀਆ ਦੇ ਧਰਮਾਂ ਦਾ ਗਿਆਤਾ

ਹੈ। ਉਹ ਸਿੱਖ ਧਰਮ ਜਾਂ ਇਸ ਵਰਗਾ ਹੀ ਕੋਈ ਧਰਮ ਅਪਣਾ ਸਕਦਾ ਹੈ, ਹੋਰ ਕੋਈ ਧਰਮ ਹੀ ਅਪਨਾਏਗਾ। ਸਿੱਖ ਬਣਨ ਤੋਂ ਰੋਕਣ ਲਈ ਹੀ ਉਸ ਨੇ ਅਛੂਤਾਂ ਲਈ ਮੁਸਲਮਾਨ ਬਣਨ ਦਾ ਰਸਤਾ ਖੋਲ੍ਹ ਦਿੱਤਾ, ਕਿਉਂਕਿ ਉਸ ਨੂੰ ਪਤਾ ਸੀ ਕਿ ਡਾ. ਅੰਬੇਡਕਰ ਮੁਸਲਮਾਨ ਬਣਨਾ ਨਹੀਂ ਚਾਹੇਗਾ ਤੇ ਉਹ ਅਤੇ ਉਸ ਦੇ ਕਰੋੜਾਂ ਜਾਤ ਭਾਈ ਹਿੰਦੂ ਦੇ ਹਿੰਦੂ ਹੀ ਬਣੇ ਰਹਿਣਗੇ। ਭਾਵ ਸਵਰਨਾਂ ਦੇ ਗੁਲਾਮ ਬਣੇ ਰਹਿਣਗੇ ਪ੍ਰੰਤੂ ਸਿੱਖ ਬਣ ਕੇ ਉਹ ਹਿੰਦੂਆਂ ਦੀ ਗੁਲਾਮੀ ਤੋਂ ਮੁਕਤੀ ਪਾ ਲੈਣਗੇ। ਮਹਾਤਮਾ ਇਹ ਵੀ ਜਾਣਦਾ ਸੀ ਕਿ ਅੱਜ ਦੀ ਘੜੀ ਤਾਂ ਸਿੱਖਾਂ ਦਾ ਮੋਹਰੀ ਮਾਸਟਰ ਤਾਰਾ ਸਿੰਘ ਹੈ, ਜਿਸ ਤੋਂ ਕੋਈ ਖਤਰਾ ਨਹੀਂ, ਸਗੋਂ ਫਾਇਦਾ ਹੈ। ਇਸ ਫਾਇਦੇ ਬਾਰੇ ਕਪੂਰ ਸਿੰਘ ਆਈ.ਸੀ.ਐਸ. ਨੇ ਖੋਲ੍ਹ ਕੇ ਲਿਖਿਆ ਹੈ ਕਿ ਮਹਾਤਮਾ ਜੀ ਨੂੰ ਤੇ ਮਾਸਟਰ ਤਾਰਾ ਸਿੰਘ ਨੂੰ ਸਾਫ ਦਿਸਦਾ ਸੀ ਕਿ ਜੇ ਅੰਬੇਡਕਰ ਵਰਗਾ ਕ੍ਰਾਂਤੀਕਾਰੀ ਫਿਲਾਸਫਰ ਉੱਤਮ ਦਿਮਾਗ ਤੇ ਉਹ ਵੀ ਅਛੂਤ, ਜਿਸ ਨੇ ਹਿੰਦੂਆਂ 'ਤੇ ਜ਼ੁਲਮ ਹਜ਼ਾਰਾਂ ਸਾਲ ਬਰਦਾਸ਼ਤ ਕੀਤੇ ਹਨ, ਸਿੱਖ ਬਣ ਗਿਆ ਤਾਂ ਖੈਰ ਨਹੀਂ ਹੋਏਗੀ। ਇਸ ਕਰਕੇ ਮਾਸਟਰ ਤਾਰਾ ਸਿੰਘ ਤੇ ਮਹਾਤਮਾ ਜੀ ਆਪਣਾ ਸਦੀਵੀ ਪੱਤਾ ਖੇਡ ਰਹੇ ਸਨ।)

ਮਾਸਟਰ : ਮਹਾਤਮਾ ਜੀ ਆਪ ਤੋਂ ਨੈਸ਼ਨਲਿਸਟ ਹੈ। ਆਪ ਕੀ ਨਜ਼ਰ ਮੇਂ ਸਭ ਲੋਕ ਸਮਾਨ ਹੈ। (ਕਿਉਂਕਿ ਮਹਾਤਮਾ ਗਾਂਧੀ ਨੇ ਮਾਸਟਰ ਸੁਜਾਨ ਸਿੰਘ ਨੂੰ ਲਿਖਿਆ ਸੀ, "ਮੇਰੇ ਲਈ ਹਿੰਦ ਵਾਸੀ ਹਿੰਦੂ ਹੋਵੇ ਮੁਸਲਮਾਨ ਜਾਂ ਸਿੱਖ, ਸਾਰੇ ਸਮਾਨ ਹਨ।) ਆਪ ਕੋ ਸਿੱਖ ਔਰ ਮੁਸਲਮਾਨ ਮੇਂ ਫਰਕ ਕਿਉਂ ਨਜ਼ਰ ਪੜਤਾ ਹੈ। ਸਿੱਖ ਬਨ ਕਰ ਵੀ ਵੋਹ ਹਿੰਦੁਸਤਾਨੀ ਤੋਂ ਰਹੇਂਗੇ ਹੀ।"

ਮਹਾਤਮਾ ਜੀ : ਯਿਹ ਕੈਸੇ ਹੋ ਸਕਦਾ ਹੈ ? ਸਿੱਖ ਬਨ ਜਾਨੇ ਸੇ ਵੋਹ ਹਿੰਦੂ ਤੋਂ ਨਹੀਂ ਰਹੇਂਗੇ।

ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਜੀ ਦੇ ਇਹ ਬਚਨ ਸੁਣ ਕੇ ਨਿਸਚਾ ਹੋ ਗਿਆ ਕਿ ਨੈਸ਼ਨਲਿਸਟ ਹੋਣ ਵਾਲੀ ਮਹਾਤਮਾ ਦੀ ਗੱਲ ਮਹਿਜ ਵਿਖਾਵਾ ਹੀ ਸੀ। ਸੋ ਉਹ ਉਠ ਖੜ੍ਹਾ ਹੋਇਆ ਅਤੇ ਇਹ ਕਹਿੰਦਾ ਹੋਇਆ ਚਲਾ ਗਿਆ, 'ਅਗਰ ਆਪ ਕੋ ਹਿੰਦੂ ਸਿੱਖ ਮੇਂ ਭੇਦ ਨਜ਼ਰ ਆਤਾ ਹੈ ਤੋ ਆਪ ਇੰਡੀਅਨ ਨੈਸ਼ਨਲਿਸਟ ਕੈਸੇ ਹੈ। ਆਪ ਢੌਂਗੀ ਹੈ।'

ਦੂਜੇ ਪਾਸੇ 'ਕਿਉਂ ਕੀਤੋ ਵਿਸਾਹੁ' ਲੇਖਕ ਸ੍ਰ. ਨਰੈਣ ਸਿੰਘ ਐਮ.ਏ. ਜੋ ਗੁਰੂ ਨਾਨਕ ਦੇਵ ਮਿਸ਼ਨ ਦਾ ਸਕੱਤਰ ਹੈ (ਹੋ ਸਕਦਾ ਹੈ ਅੰਮ੍ਰਿਤ ਧਾਰੀ ਵੀ ਹੋਵੇ) ਉਹ ਆਪਣੇ ਗੁਰਭਾਈ ਸਿੱਖ ਮਾਸਟਰ ਸੁਜਾਨ ਸਿੰਘ ਨੂੰ 'ਮਾਸਟਰ' ਲਿਖਦਾ ਹੈ, ਸ੍ਰ. ਸੁਜਾਨ ਸਿੰਘ ਜੀ ਨਹੀਂ ਭਾਈ ਸਾਹਿਬ ਭਾਈ ਸੁਜਾਨ ਸਿੰਘ ਜੀ ਨਹੀਂ 'ਮਾਸਟਰ ਜੀ' ਵੀ ਨਹੀਂ ਪ੍ਰੰਤੂ ਮੋਹਨ ਦਾਸ ਕਰਮਚੰਦ ਗਾਂਧੀ ਨੂੰ ਇਨ੍ਹਾਂ ਸ਼ਬਦਾਂ ਨਾਲ ਮੁਖਾਤਬ ਹੈ 'ਮਹਾਤਮਾ ਜੀ'। ਵਾਰੇ-ਵਾਰੇ ਜਾਈਏ ਸਿੱਖ ਮਿਸ਼ਨਰੀਆਂ ਦੇ, ਜੋ ਮਿਸ਼ਨ ਦੇ ਜਨਰਲ ਸਕੱਤਰ ਲਈ ਇਹ ਸ਼ਬਦ ਲੈ ਕੇ ਹਜ਼ਾਰ ਹੈ 'ਮਾਸਟਰ'।

(ਸਫਾ 23) ਦੂਜੇ ਬੰਨੇ ਡਾਕਟਰ (ਡਾਕਟਰ ਸਾਹਿਬ ਨਹੀਂ, ਡਾਕਟਰ ਜੀ ਨਹੀਂ) ਨੂੰ ਦਿੱਤੇ ਬਚਨ ਅਨੁਸਾਰ ਸਿੱਖਾਂ ਵੱਲੋਂ ਪ੍ਰੈੱਸ ਖਰੀਦ ਕੇ ਦਾਦਰ ਵਾਲੇ ਪਲਾਟ ਵਿਚ ਲਗਾ ਦਿੱਤਾ ਗਿਆ ਸੀ, ਜਿੱਥੇ ਉਨ੍ਹਾਂ ਦਾ ਪਰਚਾ ਜਨਤਾ ਛਪਣਾ ਸ਼ੁਰੂ ਹੋ ਗਿਆ ਸੀ। ਮਾਟੂੰਗਾ ਕਾਲੋਨੀ ਵਿਚ ਗੁਰੂ ਨਾਨਕ ਕਾਲਜ ਦੀ ਬਿਲਡਿੰਗ ਉਸਾਰਨੀ ਸ਼ੁਰੂ ਹੋ ਚੁੱਕੀ ਸੀ, ਜਿਸ ਦੀ ਨਿਗਰਾਨੀ ਹਿੱਤ ਇਸ ਲੇਖਕ ਨੂੰ ਬੰਬਈ ਭੇਜਿਆ ਗਿਆ ਸੀ, ਜਿੱਥੇ ਦੂਏ ਤੀਏ ਡਾ. ਅੰਬੇਡਕਰ ਕਾਲਜ ਦੇ ਕੈਂਪਸ 'ਆਉਂਦਾ' ਅਤੇ ਘੰਟਾ ਦੋ ਘੰਟੇ ਕਾਲਜ ਸੰਬੰਧੀ ਅਤੇ ਹੋਰ ਸਿੱਖ ਵਿਸ਼ਿਆਂ 'ਤੇ ਵਿਚਾਰ ਹੁੰਦੇ ਰਹਿੰਦੇ।

(24) ਮਈ 1937 ਦੇ ਅੰਤ ਤੱਕ ਕਾਲਜ ਇਮਾਰਤ ਦੀਆਂ ਦੋ ਮੰਜ਼ਲਾਂ ਮੁਕੰਮਲ ਹੋ ਕੇ ਤੀਜੀ ਦੀ ਛੱਤ ਪਾਉਣੀ ਬਾਕੀ ਸੀ ਜਦੋਂ ਪੰਜਾਬ ਤੋਂ ਨਨਕਾਣਾ ਸਾਹਿਬ ਕਮੇਟੀ ਦਾ ਪ੍ਰਧਾਨ ਜਥੇਦਾਰ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ ਅਤੇ ਪ੍ਰਿੰਸੀਪਲ ਕਸ਼ਮੀਰਾ ਸਿੰਘ, ਜਿਨ੍ਹਾਂ ਦੀ ਇਸ ਕਾਲਜ ਵਾਸਤੇ ਨਿਯੁਕਤੀ ਬਤੌਰ ਪ੍ਰਿੰਸੀਪਲ ਵੀ ਕੀਤੀ ਜਾ ਚੁੱਕੀ ਸੀ ਅਤੇ ਈਸ਼ਰ ਸਿੰਘ ਮਝੈਲ ਬੰਬਈ ਪੁੱਜ ਗਏ। ਇਹ ਡਾਕਟਰ ਨਾਲ ਗੱਲ ਕਰਨਾ ਅਤੇ ਇਹ ਜਾਨਣਾ ਚਾਹੁੰਦੇ ਸਨ ਕਿ ਉਹ ਕਦੋਂ ਸਿੰਘ ਸਜੇਗਾ।

(ਇਕ ਪਾਸੇ ਹਾਲਾਤ ਪੱਕ ਰਹੇ ਹਨ, ਇਕ ਸਮਾਨ ਭਾਈਚਾਰੇ ਵਾਲੇ ਸਮਾਜ ਦੀ ਤਮੰਨਾ ਲੈ ਕੇ ਬਾਬਾ ਸਾਹਿਬ, ਪੂਰੀ ਤਿਆਰੀ ਨਾਲ ਜੁਟੇ ਹੋਏ ਸਨ ਤੇ ਉਧਰ ਮਹਾਤਮਾ ਨੂੰ ਬੜੇ ਸੁਚੱਜੇ ਢੰਗ ਨਾਲ ਮਾਸਟਰ ਤਾਰਾ ਸਿੰਘ ਨੇ ਸਾਰੀ ਸੂਚਨਾ ਸ੍ਰ. ਸੁਜਾਨ ਸਿੰਘ ਰਾਹੀਂ ਭਿਜਵਾ ਦਿੱਤੀ। ਜਿਉਂ-ਜਿਉਂ ਮੰਜ਼ਿਲਾਂ ਉਸਰ ਰਹੀਆਂ ਸਨ, ਖਤਰਾ ਵਧ ਰਿਹਾ ਸੀ। ਮਹਾਤਮਾ ਜੀ ਵੀ ਬੇਚੈਨ ਸਨ ਤੇ ਜਾਤਪਾਤੀ ਸਿੱਖ ਵੀ ਔਖੇ ਹੋ ਰਹੇ ਸਨ ਕਿ ਜੇ ਡਾ.

ਅੰਬੇਡਕਰ ਤੇ ਉਸ ਦੇ ਨੌਂ ਕਰੋੜ ਅਛੂਤਾਂ ਨੇ ਅੰਮ੍ਰਿਤ ਛੱਕ ਲਿਆ ਤਾਂ 'ਚੂਹੜੇ' ਸਿੱਖ ਸੰਸਥਾਵਾਂ ਦੇ ਮੁੱਖੀ ਹੋਣਗੇ ਤੇ ਗੁਰੂ ਮਹਾਂਵਾਕ 'ਇਨ ਗਰੀਬਨ ਕੋ ਦੇਉ ਪਾਤਸ਼ਾਹੀ' ਪੂਰਾ ਹੋ ਜਾਵੇਗਾ । ਇਸ ਸਾਰੀ ਤੰਦੇਤਾਣੀ ਨੂੰ ਜੋੜਨ ਲਈ ਜਾਤਪਾਤੀ ਵਿਚਾਰਾਂ ਵਾਲੇ ਬ੍ਰਾਹਮਣਵਾਦੀ ਸਿੱਖਾਂ ਨੇ ਜੋ ਕੀਤਾ, ਉਹ ਸ੍ਰ. ਕਪੂਰ ਸਿੰਘ ਨੇ ਦੱਸਿਆ ਹੈ ਤੇ ਸ੍ਰ. ਨਰੈਣ ਸਿੰਘ ਨੇ ਮਹਾਤਮਾ ਜੀ ਦੇ ਅਗਲੇ ਕ੍ਰਿਸ਼ਮੇ 'ਤੇ ਚਾਨਣਾ ਇਸ ਪ੍ਰਕਾਰ ਪਾਇਆ ਹੈ :-

(24) ਦੂਜੇ ਬੰਨੇ ਮਹਾਤਮਾ ਗਾਂਧੀ (ਪੰਡਤ) ਮਦਨ ਮੋਹਨ ਮਾਲਵੀਆ ਰਾਹੀਂ, ਜੋ ਗਵਰਨਰ ਜਨਰਲ ਦੀ ਕੈਬਨਿਟ ਦਾ ਮੈਂਬਰ ਸੀ, ਹਿੰਦ ਸਰਕਾਰ 'ਤੇ ਜ਼ੋਰ ਪਾ ਰਿਹਾ ਸੀ ਕਿ ਸਰਕਾਰ ਅਛੂਤ ਜਾਤੀਆਂ ਨੂੰ ਵਿਸ਼ੇਸ਼ ਹੱਕ ਦਿੱਤੇ ਜਾਣ ਦਾ ਐਲਾਨ ਕਰੇ । (ਬੜੀ ਸੋਚ ਸਮਝ ਨਾਲ) ਹੀ ਦਬਾਓ ਦੇਣ ਲਈ ਉਸ ਨੇ ਮਰਨ ਵਰਤ (ਇਹੀ ਮਰਨਵਰਤ 19 ਸਤੰਬਰ 1932 ਨੂੰ ਮਹਾਤਮਾ ਜੀ ਨੇ ਪੂਨੇ ਦੀ ਜੇਲ੍ਹ ਵਿਚ, ਅਛੂਤਾਂ ਦੇ ਹੱਕਾਂ ਵਿਰੁੱਧ ਭਾਵ ਹੱਖ ਖਤਮ ਕਰਨ ਵਾਸਤੇ ਰੱਖਿਆ ਸੀ) ਰੱਖ ਦਿੱਤਾ ਸੀ । ਅਖੀਰ ਮਹਾਤਮਾ ਦੇ ਇੱਕੀ ਦਿਨਾਂ ਦੇ ਵਰਤ ਉਪਰੰਤ ਸਰਕਾਰ ਨੇ ਇਹ ਐਲਾਨ ਕਰ ਦਿੱਤਾ । (ਸਿੱਟਾ ਇਹ ਨਿਕਲਿਆ ਕਿ ਕਾਫੀ 'ਅਛੂਤ ਸਿੱਖ' ਬਾਬਾ ਸਾਹਿਬ ਨਾਲੋਂ ਟੁੱਟ ਕੇ ਮਹਾਤਮਾ ਨਾਲ ਰਲ ਗਏ ਸਨ) ਇਸੇ ਦੌਰਾਨ ਕਈ ਅਛੂਤ ਲੀਡਰਾਂ ਨੂੰ ਡਾ. ਅੰਬੇਡਕਰ ਨਾਲੋਂ ਪਾੜ ਕੇ ਬਹੁਤ ਸਾਰੇ ਅਛੂਤਾਂ ਨੂੰ ਹਿੰਦੂ ਅਛੂਤ ਰਹਿਣਾ ਮਨਾ ਲਿਆ ਗਿਆ ਸੀ । ਸਰਕਾਰੀ ਐਲਾਨ ਨੇ (ਜਿਸ ਪਿਛੇ ਪੰਡਤ ਜੀ ਦਾ ਹੱਥ ਸੀ) ਉਨ੍ਹਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਸਨ ਅਤੇ ਡਾ. ਅੰਬੇਡਕਰ ਵੱਲੋਂ ਸਿੱਖਾਂ ਨਾਲ ਕੀਤੇ ਵਾਅਦੇ ਮੁਆਹਿਦੇ ਪੀੜੇ ਗਏ ।

ਸ੍ਰ. ਨਰੈਣ ਸਿੰਘ ਨੇ ਸਿੱਟਾ ਕੱਢਿਆ ਹੈ, "ਮਹਾਤਮਾ ਗਾਂਧੀ ਦੇ ਮਰਨ ਵਰਤ ਨੇ ਅਛੂਤਾਂ ਦੇ ਸਿੱਖ ਬਣਨ ਵਾਲੇ ਕਾਂਡ ਦਾ ਭੋਗ ਪਾ ਦਿੱਤਾ ।" ਭਾਵ ਇਹ ਸਾਰਾ ਦੁਖਾਂਤ ਮਹਾਤਮਾ ਗਾਂਧੀ ਦੇ ਕਾਰਨ ਵਾਪਰਿਆ । ਅਸੀਂ ਦਲਿਤ ਲੋਕ ਇਸ ਨਾਲ ਸਹਿਮਤ ਨਹੀਂ ਹਾਂ । ਮਹਾਤਮਾ ਜੋ ਹਿੰਦੂਆਂ ਦਾ ਨੈਸ਼ਨਲ ਲੀਡਰ ਸੀ ਤੇ ਜੋ ਸਨਾਤਨੀ ਹਿੰਦੂ ਸੀ, ਉਸਨੇ ਆਪਣੇ ਹਿੰਦੂ ਧਰਮ ਦੀ ਰਾਖੀ ਕਰ ਲਈ । ਇਸ ਮਿਸ਼ਨ ਨੂੰ ਲਾਗੂ ਕਰਨ ਲਈ ਮਹਾਤਮਾ ਗਾਂਧੀ ਨੂੰ ਚਾਹੇ ਨੈਸ਼ਨਲਿਸਟ ਬਣਨ ਦੀ, ਐਂਟੀਨੈਸ਼ਨਲਿਸਟ ਬਣਨ ਦੀ, ਮਰਨ ਵਰਤ ਰੱਖਣ ਦੀ, ਜਾਂ ਅਛੂਤਾਂ ਨੂੰ ਮੁਸਲਮਾਨ ਬਣ ਜਾਣ ਦੀ, ਕੋਈ ਵੀ ਚਾਲ ਖੇਡਣੀ ਪਈ, ਉਸ ਨੇ ਉਹ ਸਭ ਕੁਝ ਕੀਤਾ । ਇਹ ਉਸ ਦਾ ਪਵਿੱਤਰ ਮਿਸ਼ਨ ਸੀ ਜਿਸ ਵਿਚ ਉਸ ਨੇ ਪੂਰੀ ਕਾਮਯਾਬੀ ਹਾਸਲ ਨਹੀਂ ਕੀਤੀ ਸਗੋਂ ਭਾਰਤ ਦਾ ਇਤਿਹਾਸ ਬਦਲਕੇ ਰੱਖ ਦਿੱਤਾ ਤੇ ਸਿੱਖਾਂ ਨੇ ਜੋ ਕੀਤਾ ਉਹ ਸ੍ਰ. ਕਪੂਰ ਸਿੰਘ ਆਈ.ਸੀ.ਐਸ. ਨੇ ਬਿਆਨ ਕੀਤਾ ਹੈ ਤੇ ਹੋਰ ਵੀ ਕਈ ਥਾਵਾਂ 'ਤੇ ਅਜਿਹੇ ਪ੍ਰਸੰਗ ਹਨ ।

ਸਿੱਖ ਚਾਹੇ ਜਥੇਦਾਰ ਹੈ, ਜਾਂ ਮਿਸ਼ਨਰੀ ਉਸ ਦਾ ਪਵਿੱਤਰ ਮਿਸ਼ਨ ਹੈ ਸਿੱਖ ਵਿਚਾਰਧਾਰਾ ਨੂੰ ਜਨ-ਜਨ ਤੱਕ ਲੈ ਕੇ ਜਾਣਾ । ਸਮਾਜ ਨੂੰ ਬਰਾਬਰੀ ਦੇ ਅਧਾਰ 'ਤੇ ਸਿਰਜਣਾ । ਕੀ ਸਿੱਖਾਂ ਨੇ ਇਸ ਮਿਸ਼ਨ ਨੂੰ ਪੂਰਾ ਕੀਤਾ ? ਕੀ ਸਿੱਖ ਸਮਾਜ 9 ਕਰੋੜ ਅਛੂਤਾਂ ਨੂੰ ਸਿੱਖ ਬਣਨ ਤੋਂ ਰੋਕਣ ਵਿਚ ਭਾਈਵਾਲ ਨਹੀਂ ? ਜੇ ਨਹੀਂ ਤਾਂ ਡਾਕਟਰ ਅੰਬੇਡਕਰ ਅਤੇ ਉਸ ਦੀ ਜਮਾਤ ਜੋ ਗੁਰੂਆਂ ਦੀ ਜਮਾਤ ਸੀ, ਮਰਾਸੀਆਂ, ਤਰਖਾਣਾਂ, ਭੀਲਾਂ, ਘੁਮਿਆਰਾਂ, ਨਾਈਆਂ, ਛੀਂਬਿਆਂ, ਜੁਲਾਹਿਆਂ, ਚੁਮਾਰਾਂ ਅਤੇ ਭੰਗੀਆਂ ਦੀ ਜਮਾਤ ਸੀ ਜਿਸ ਲਈ ਗੁਰੂ ਨੂੰ ਆਪ 'ਨੀਚ' ਬਣਨਾ ਪਿਆ ਜਿਸ ਲਈ ਦਸਵੇਂ ਗੁਰੂ ਨੂੰ ਗੋਡਿਆਂ ਭਾਰ ਹੋ ਕੇ ਨੀਚਾਂ ਤੋਂ ਅੰਮ੍ਰਿਤ ਪੀਣਾ ਪ੍ਰਵਾਨ ਹੋਇਆ ਤੇ ਜੋ ਇਨ੍ਹਾਂ ਗਰੀਬਾਂ ਨੂੰ ਪਾਤਸ਼ਾਹ ਬਣਾਉਣਾ ਚਾਹੁੰਦਾ ਸੀ, ਨੂੰ ਇਕ ਸਨਾਤਨ ਧਰਮੀ ਹਿੰਦੂ, ਸਿੱਖ ਬਣਨ ਤੋਂ ਕਿਵੇਂ ਰੋਕ ਸਕਦਾ ਸੀ ? ਇਕ ਦਿਨ ਜ਼ਰੂਰ ਆਏਗਾ ਜਦੋਂ ਭਾਰਤ ਦੇ 25+52 =77% ਭਾਵ 60 ਕਰੋੜ ਐਸ.ਸੀ., ਐਸ.ਟੀ., ਬੀ.ਸੀ. ਅਛੂਤ ਸਿੱਖਾਂ ਨੂੰ ਇਹ ਸਵਾਲ ਪੁੱਛਣਗੇ ਕਿ ਮਹਾਤਮਾ ਦਾ ਤਾਂ ਹੱਕ ਸੀ ਕਿ ਉਹ ਆਪਣਾ ਧਰਮ ਬਚਾਉਂਦਾ ਤੇ ਆਪਣੇ ਧਰਮ ਵਿਰੁੱਧ ਉਠਦੀ ਲਹਿਰ ਨੂੰ ਖਤਮ ਕਰਦਾ । ਪ੍ਰੰਤੂ ਕੀ ਸਿੱਖਾਂ ਨੂੰ ਵੀ ਇਹ ਹੱਕ ਹੈ ? ਕੀ ਸਿੱਖਾਂ ਦਾ ਇਹੀ ਮਿਸ਼ਨ ਹੈ ? ਕੀ ਗੁਰਬਾਣੀ ਸਿੱਖਾਂ ਨੂੰ ਕੋਈ ਅਜਿਹੀ ਮੱਤ ਦਿੰਦੀ ਹੈ ? ਕੀ ਇਹ ਗੁਰੂ ਮਾਰਗ ਹੈ ? ਜੇ ਨਹੀਂ ਤਾਂ ਸਿੱਖ ਕੀ ਜਵਾਬ ਦੇਣਗੇ ?

ਭਾਰਤੀ ਸੰਵਿਧਾਨ

ਭਾਰਤ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਭਾਰਤੀ ਸੰਵਿਧਾਨ ਨੇ, ਜੋ ਲੋਕਤੰਤਰ ਵਿਚ ਸਿਰਜਿਆ ਗਿਆ ਜਿਸ ਦਾ ਮੁਖੀ ਘੜਨਹਾਰ-ਸਿਰਜਣਹਾਰ ਬਾਬਾ ਸਾਹਿਬ ਡਾ. ਅੰਬੇਡਕਰ ਸੀ, ਮਨੂੰ ਸਿਮਰਤੀ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਤੇ ਮਨੂੰ ਸਿਮਰਤੀ ਦੀਆਂ ਸਾਰੀਆਂ ਧਾਰਾਵਾਂ, ਜੋ ਇਕ ਖਾਸ ਵਰਗ ਨੂੰ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਨੈਤਿਕ ਅਤੇ ਵਿੱਦਿਅਕ ਅਧਿਕਾਰ ਦਿੰਦੀਆਂ ਸਨ, ਜਲਾ ਦਿੱਤਾ ਗਿਆ ਤੇ ਉਸ ਦੀ ਥਾਂ ਇਕ ਅਜਿਹਾ ਪ੍ਰਜਾ ਤਾਂਤਰਿਕ ਕਾਨੂੰਨ ਰਚਿਆ ਗਿਆ, ਜਿਸ ਵਿਚ ਭਾਰਤ ਦੀ ਸਮੂਹ ਜਨਤਾ ਨੂੰ ਸ਼ਕਤੀਮਾਨ ਤੇ ਬਰਾਬਰ ਦੀ ਅਧਿਕਾਰੀ ਕਰਾਰ ਦਿੱਤਾ ਗਿਆ। ਭਾਰਤੀ ਨਾਗਰਿਕਾਂ ਦੇ ਮੁੱਢਲੇ ਬੁਨਿਆਦੀ ਅਧਿਕਾਰ ਇਸ ਪ੍ਰਕਾਰ ਹਨ :-

1. ਸਮਾਨਤਾ ਦਾ ਅਧਿਕਾਰ : ਭਾਵ ਸਾਰੇ ਭਾਰਤੀ ਨਾਗਰਿਕ ਬਿਨਾਂ ਕਿਸੇ ਜਾਤ ਜਨਮ ਉਚ-ਨੀਚ ਦੇ ਬਰਾਬਰ ਹਨ। ਕਾਨੂੰਨ ਦੇ ਸਾਹਮਣੇ ਸਭ ਬਰਾਬਰ ਹਨ।

2. ਸੁਤੰਤਰਤਾ ਦਾ ਅਧਿਕਾਰ : ਭਾਵ ਭਾਰਤ ਦੇ ਸਮੂਹ ਨਾਗਰਿਕਾਂ ਨੂੰ ਬਰਾਬਰ ਦੀ ਆਜ਼ਾਦੀ ਹੈ। ਉਸ ਨੂੰ ਘੁੰਮਣ ਫਿਰਨ ਦੀ ਪੂਰੀ ਸੁਤੰਤਰਤਾ ਹੈ।

3. ਸ਼ੋਸ਼ਨ ਵਿਰੁੱਧ ਅਧਿਕਾਰ : ਭਾਵ ਕੋਈ ਇਕ ਵਿਅਕਤੀ ਕਿਸੇ ਵੀ ਦੂਜੇ ਵਿਅਕਤੀ ਦਾ ਕਿਸੇ ਵੀ ਕਿਸਮ ਦਾ ਸ਼ੋਸ਼ਨ ਨਹੀਂ ਕਰ ਸਕਦਾ।

4. ਧਾਰਮਿਕ ਸੁਤੰਤਰਤਾ ਦਾ ਅਧਿਕਾਰ : ਭਾਵ ਹਰ ਆਦਮੀ ਨੂੰ ਕਿਸੇ ਵੀ ਧਰਮ ਨੂੰ ਅਪਨਾਉਣ ਜਾਂ ਛੱਡਣ ਦੀ ਅਜ਼ਾਦੀ ਹੈ। ਉਸ ਧਾਰਮਿਕ ਆਜ਼ਾਦੀ ਵਿਚ ਸਰਕਾਰ ਦਖਲ ਨਹੀਂ ਦੇ ਸਕਦੀ। ਰਾਜ ਜਾਂ ਸਰਕਾਰ ਦਾ ਆਪਣਾ ਖਾਸਾ ਵੀ ਧਰਮ ਨਿਰਪੱਖ ਹੋਵੇਗਾ।

5. ਸਭਿਆਚਾਰ ਅਤੇ ਵਿੱਦਿਆ ਦਾ ਅਧਿਕਾਰ : ਭਾਰਤ ਦਾ ਕੋਈ ਵੀ ਨਾਗਰਿਕ ਕਿਸੇ ਵੀ ਸੱਭਿਆਚਾਰ ਨੂੰ ਅਪਨਾਉਣ ਦਾ ਅਧਿਕਾਰ ਰੱਖਦਾ ਹੈ।

ਉਸ ਨੂੰ ਪੜ੍ਹਨ, ਲਿਖਣ, ਬੋਲਣ ਅਤੇ ਆਪਣੇ ਵਿਚਾਰ ਪੇਸ਼ ਕਰਨ ਦਾ ਅਧਿਕਾਰ ਹੈ।

(ਭਾਰਤੀ ਨਾਗਰਿਕਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨ ਲਈ ਯੂਨੀਅਨਾਂ ਬਣਾਉਣ ਦਾ ਵੀ ਅਧਿਕਾਰ ਦਿੱਤਾ ਗਿਆ।)

6. ਨਿੱਜੀ ਜਾਇਦਾਦ ਦਾ ਅਧਿਕਾਰ : ਭਾਰਤ ਦੇ ਸਮੂਹ ਨਾਗਰਿਕਾਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਸਕਣ ਦਾ ਹੱਕ ਦਿੱਤਾ ਗਿਆ। (ਜਿਸ ਦੀ ਬਾਅਦ ਵਿਚ ਸੋਧ ਕਰ ਦਿੱਤੀ ਗਈ ਹੈ।)

7. ਸੰਵਿਧਾਨਕ ਉਪਚਾਰਾਂ ਦਾ ਅਧਿਕਾਰ : ਭਾਵ ਇਨ੍ਹਾਂ ਅਧਿਕਾਰਾਂ ਦੇ ਖੁੱਸਣ 'ਤੇ ਵਿਅਕਤੀਆਂ ਨੂੰ ਸੰਵਿਧਾਨਕ ਸੁਰੱਖਿਆ ਪ੍ਰਦਾਨ ਕੀਤੀ ਗਈ।

ਇਨ੍ਹਾਂ ਅਧਿਕਾਰਾਂ ਤੋਂ ਬੜੀ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ 1950 ਈ. ਤੋਂ ਪਹਿਲਾਂ ਉਹ ਲੋਕ ਕੌਣ ਸਨ, ਜਿਨ੍ਹਾਂ ਪਾਸ ਇਨ੍ਹਾਂ ਵਿਚੋਂ ਇਕ ਵੀ ਅਧਿਕਾਰ ਨਹੀਂ ਸੀ ਤੇ ਉਹ ਕੌਣ ਲੋਕ ਸਨ, ਜਿਨ੍ਹਾਂ ਲਈ ਈਸ਼ਵਰ ਨੇ ਹੀ ਇਹ ਸਾਰੇ ਤੇ ਇਨ੍ਹਾਂ ਤੋਂ ਕਿਤੇ ਵਧੇਰੇ ਅਧਿਕਾਰ ਸੌ ਫੀਸਦੀ ਰਾਖਵੇਂ ਕਰ ਦਿੱਤੇ ਸਨ। ਕਿਸੇ ਨੂੰ ਕੋਈ ਅਧਿਕਾਰ ਨਹੀਂ ਸੀ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਜ਼ਾ ਦੇਣ ਦੀ ਹਿੰਮਤ ਕਰੇ। ਇਸ ਤੋਂ ਇਲਾਵਾ ਭਾਰਤੀ ਸੰਵਿਧਾਨ ਦੀਆਂ ਹੇਠ ਲਿਖੀਆਂ ਧਾਰਾਵਾਂ ਵਿਸ਼ੇਸ਼ ਤੌਰ 'ਤੇ ਵਰਨਣ ਯੋਗ ਹਨ।

ਭਾਰਤੀ ਸੰਵਿਧਾਨ ਦੀਆਂ ਧਾਰਾਵਾਂ

-ਧਾਰਾ 13 : ਇਸ ਸੰਵਿਧਾਨ ਦੇ ਲਾਗੂ ਹੋਣ ਤੋਂ ਠੀਕ ਪਹਿਲਾਂ, ਭਾਰਤੀ ਰਾਜ ਖੇਤਰ ਵਿਚ ਚਾਲੂ

ਵਿਧੀਆਂ (ਵਿਧੀ ਸਮੇਂ ਪ੍ਰਭਾਵੀ ਕੋਈ ਅਧਿਆਦੇਸ਼ ਆਦੇਸ਼, ਨਿਯਮ, ਉਪ ਨਿਯਮ, ਅੱਧੀਸੂਚਨਾ, ਰਸਮ ਜਾਂ ਰਿਵਾਜ) ਉਸ ਹੱਦ ਤੱਕ ਸਿਫਰ ਹੋਣਗੀਆਂ, ਜਿਸ ਹੱਦ ਤੱਕ ਉਹ ਇਸ (ਮੌਲਿਕ ਅਧਿਕਾਰ) ਭਾਗ ਦੇ ਉਪਭਾਗਾਂ ਨਾਲ ਮੇਲ ਨਹੀਂ ਖਾਣਗੀਆਂ।

–ਧਾਰਾ 15 : ਰਾਜ ਕਿਸੇ ਨਾਗਰਿਕ ਦੇ ਵਿਰੁੱਧ ਕੇਵਲ ਧਰਮ, ਵੰਸ਼, ਜਾਤ, ਲਿੰਗ, ਜਨਮ ਸਥਾਨ ਆਦਿ ਵਿਚੋਂ ਕਿਸੇ ਵੀ ਅਧਾਰ 'ਤੇ ਕੋਈ ਵਿਤਕਰਾ ਨਹੀਂ ਕਰੇਗਾ।

–ਧਾਰਾ 16 : ਰਾਜ ਅਧੀਨ ਨੌਕਰੀਆਂ ਜਾਂ ਪਦਵੀਆਂ 'ਤੇ ਨਿਯੁਕਤੀ ਦੇ ਸੰਬੰਧ ਵਿਚ ਸਾਰੇ ਨਾਗਰਿਕਾਂ ਲਈ ਮੌਕਿਆਂ ਵਿਚ ਸਮਤਾ ਹੋਵੇਗੀ।

–ਧਾਰਾ 17 : ਛੂਆ-ਛਾਤ ਦਾ ਅੰਤ ਕੀਤਾ ਜਾਂਦਾ ਹੈ ਅਤੇ ਉਸ ਦੀ ਕਿਸੇ ਵੀ ਰੂਪ 'ਚ ਅਮਲ ਦੀ ਮਨਾਹੀ ਕੀਤੀ ਜਾਂਦੀ ਹੈ। ਛੂਆ-ਛਾਤ ਤੋਂ ਪੈਦਾ ਹੋਈ ਅਯੋਗਤਾ ਨੂੰ ਲਾਗੂ ਕਰਨਾ ਅਪਰਾਧ ਹੋਵੇਗਾ, ਜੋ ਕਾਨੂੰਨ ਅਨੁਸਾਰ ਦੰਡ ਯੋਗ ਹੋਵੇਗਾ।

–ਧਾਰਾ 18 : ਸੈਨਾ ਜਾਂ ਵਿਦਿਆ ਸੰਬੰਧੀ 'ਉਪਾਧੀ' ਦੇ ਸਿਵਾ ਹੋਰ ਕੋਈ ਖਿਤਾਬ ਰਾਜ ਪ੍ਰਦਾਨ ਨਹੀਂ ਕਰੇਗਾ। ਭਾਰਤ ਦਾ ਕੋਈ ਨਾਗਰਿਕ ਕਿਸੇ ਵਿਦੇਸ਼ੀ ਰਾਜ ਤੋਂ ਕੋਈ ਖਿਤਾਬ ਸਵੀਕਾਰ ਨਹੀਂ ਕਰੇਗਾ।

–ਧਾਰਾ 21 : ਕਿਸੇ ਵਿਅਕਤੀ ਨੂੰ ਆਪਣੇ ਪਰਾਣ ਅਤੇ ਸਰੀਰਕ ਸਵਾਧੀਨਤਾ ਤੋਂ ਵਿਧੀ ਦੁਆਰਾ ਸਥਾਪਤ ਪ੍ਰਬੰਧ ਨੂੰ ਛੱਡ ਕੇ ਹੋਰ ਕਿਸੇ ਤਰ੍ਹਾਂ ਵਾਂਝਿਆਂ ਨਹੀਂ ਕੀਤਾ ਜਾਵੇਗਾ।

–ਧਾਰਾ 23 : ਮਨੁੱਖ ਦੀ ਖਰੀਦਦਾਰੀ ਅਤੇ ਵਗਾਰ ਏਸੇ ਪ੍ਰਕਾਰ ਦਾ ਹੋਰ ਜਬਰਦਸਤੀ ਲਿਆ ਕੰਮ, ਮਨ੍ਹਾ ਕੀਤਾ ਜਾਂਦਾ ਹੈ। ਇਸ ਭਾਗ ਦਾ ਕੋਈ ਵੀ ਉਲੰਘਣ, ਅਪਰਾਧ ਹੋਵੇਗਾ, ਜੋ ਕਾਨੂੰਨ (ਵਿਧੀ) ਅਨੁਸਾਰ ਦੰਡ ਦਾ ਭਾਗੀ ਹੋਵੇਗਾ।

–ਧਾਰਾ 24 : 14 ਵਰਸ਼ ਤੋਂ ਘੱਟ ਉਮਰ ਵਾਲੇ ਕਿਸੇ ਬਾਲਕ ਨੂੰ ਕਿਸੇ ਖਤਰਨਾਕ ਨੌਕਰੀ ਵਿਚ ਨਹੀਂ ਲਗਾਇਆ ਜਾਵੇਗਾ।

–ਧਾਰਾ 28 : ਰਾਜ ਦੁਆਰਾ ਪੂਰੀ ਤਰ੍ਹਾਂ ਬਣਾਈ ਗਈ ਕਿਸੇ ਸਿੱਖਿਆ ਸੰਸਥਾ 'ਚ ਕੋਈ ਧਾਰਮਿਕ ਸਿੱਖਿਆ ਨਹੀਂ ਦਿੱਤੀ ਜਾਵੇਗੀ।

ਸੰਵਿਧਾਨ ਰਾਹੀਂ ਆਰੀਆ ਵਰਤ, ਜੰਬੂਦੀਪ, ਹਿਦੁਸਤਾਨ ਆਦਿ ਨਾਵਾਂ ਦੀ ਥਾਂ ਪਹਿਲੀ ਵਾਰ 'ਭਾਰਤ' ਨਾਂ ਦਿੱਤਾ ਗਿਆ ਜਿਸ ਦਾ ਅਰਥ ਹੈ : ਸੱਚ ਨੂੰ ਬਚਾਉਣ ਵਾਲਾ। ਸੰਵਿਧਾਨ ਰਾਹੀਂ ਬਰਾਬਰੀ, ਅਜ਼ਾਦੀ, ਭਾਈਚਾਰਾ, ਭਰਾਤਰੀ ਭਾਵ ਅਤੇ ਇਨਸਾਫ ਦੀ ਨੀਂਹ ਰੱਖੀ ਗਈ।

ਬਾਬਾ ਸਾਹਿਬ ਨੇ ਇਕ ਮੰਗ ਪੱਤਰ ਤਿਆਰ ਕੀਤਾ ਜਿਸ ਰਾਹੀਂ ਅਨੁ : ਜਾਤੀਆਂ, ਅਨੁ : ਕਬੀਲਿਆਂ, ਪਛੜੀਆਂ, ਸ਼੍ਰੇਣੀਆਂ; ਰਾਜਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰ ਨਵੇਂ ਭਾਰਤੀ ਸੰਵਿਧਾਨ ਵਿਚ ਸੁਰੱਖਿਅਤ ਕੀਤੇ ਜਾਣ ਦੀ ਮੰਗ ਰੱਖੀ ਗਈ ਸੀ ਤੇ ਇਹ ਮੰਗ ਪੱਤਰ ਕਿ 'ਧਾਰਾ' ਵਾਂਗ ਹੀ ਲਿਖਿਆ ਗਿਆ ਸੀ ਕਿ ਇਸ ਨੂੰ ਸੰਵਿਧਾਨ ਵਿਚ ਦਰਜ ਕੀਤਾ ਜਾਵੇ। ਪ੍ਰੰਤੂ ਨਹਿਰੂ, ਪਟੇਲ, ਰਾਜਿੰਦਰ ਪ੍ਰਸ਼ਾਦ, ਐਸ. ਮੁਖਰਜੀ, ਕੇ.ਐਮ. ਮੁਨਸ਼ੀ ਆਦਿ ਨੇ ਇਸ ਦਾ ਡੱਟਵਾਂ ਵਿਰੋਧ ਕੀਤਾ। ਕਿਉਂਕਿ ਉਹ ਤਾਂ ਅਛੂਤਾਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਹੀ ਸੰਵਿਧਾਨ ਅਸੈਂਬਲੀ ਵਿਚ ਗਏ ਸਨ। ਉਨ੍ਹਾਂ ਸੰਵਿਧਾਨ ਅਸੈਂਬਲੀ ਦਾ ਬਾਈਕਾਟ ਕਰ ਦਿੱਤਾ। ਫੇਰ ਬਾਬਾ ਸਾਹਿਬ ਨੇ ਜ਼ਮੀਨ ਦਾ ਕੌਮੀਕਰਨ ਕਰਨ ਦੀ ਸਲਾਹ ਦਿੱਤੀ। ਇਸ ਦਾ ਵੀ ਹਿੰਦੂਆਂ ਨੇ ਵਿਰੋਧ ਕੀਤਾ। ਸੰਵਿਧਾਨ ਅਸੈਂਬਲੀ ਅੰਦਰ 28 ਅਛੂਤ ਐਮ.ਪੀ. ਹੋਰ ਸਨ, ਪ੍ਰੰਤੂ ਉਨ੍ਹਾਂ ਨੇ ਬਾਬਾ ਸਾਹਿਬ ਦਾ ਸਾਥ ਨਾ ਦਿੱਤਾ ਅਤੇ ਨਾ ਹੀ ਮੂੰਹ ਖੋਲ੍ਹਿਆ ਸਗੋਂ ਕਿਹਾ ਕਿ ਉਨ੍ਹਾਂ ਦਾ ਤਾਂ ਕਾਂਗਰਸ ਅਤੇ ਗਾਂਧੀ ਵਿਚ ਪੂਰਨ ਭਰੋਸਾ ਹੈ।

ਬਾਬਾ ਸਾਹਿਬ ਨੇ ਬਾਈਕਾਟ ਕਰਕੇ ਸਿਰਜਣਾ ਕਮੇਟੀ ਦੀਆਂ ਮੀਟਿੰਗਾਂ ਜਾਂ ਕਾਰਵਾਈਆਂ ਤੋਂ ਬਾਹਰ ਰਹਿਣਾ ਸ਼ੁਰੂ ਕਰ ਦਿੱਤਾ। ਉਹ ਗਾਂਧੀ ਨਹਿਰੂ ਕੰਪਨੀ ਵਿਰੁੱਧ ਇਕੱਲੇ ਲੜਦੇ ਰਹੇ। ਜੇ ਉਹ ਸੰਵਿਧਾਨ ਦੀ ਸਿਰਜਣਾ ਕਮੇਟੀ ਦੇ ਚੇਅਰਮੈਨ ਨਾ ਹੁੰਦੇ ਤਾਂ ਅਛੂਤਾਂ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਕਮਜ਼ੋਰ ਵਰਗਾਂ ਦੀ ਭਲਾਈ ਦਾ ਖਿਆਲ ਇਕ ਸੁਪਨਾ ਬਣ ਕੇ ਰਹਿ ਗਿਆ ਹੁੰਦਾ। (ਇਸ ਜਾਣਕਾਰੀ ਦਾ ਬਿਉਰਾ ਸ਼ੰਕਰਾ ਨੰਦ ਸ਼ਾਸਤਰੀ ਨੇ ਆਪਣੀ ਪੁਸਤਕ ਦੇ ਸਫੇ 45-53 'ਤੇ ਦਿੱਤਾ ਹੈ।)

ਧਾਰਾ 15, 23, 29 (2) ਅਤੇ 25 ਵਿਚ ਧਰਮ, ਨਸਲ, ਜਾਤ ਤੇ ਲਿੰਗ ਦੇ ਅਧਾਰ 'ਤੇ ਕੀਤੇ ਜਾਂਦੇ ਵਿਤਕਰਿਆਂ ਦੀ ਮਨਾਹੀ ਕੀਤੀ ਹੈ, ਜੋ ਸਧਾਰਨ ਜੀਵਨ ਦੇ ਆਮ ਖੇਤਰਾਂ ਨਾਲ ਸੰਬੰਧਤ ਹਨ ।

ਧਾਰਾ 46, 330 ਅਤੇ 335 : ਧਾਰਾ 46 ਵਿਚ ਵਿੱਦਿਅਕ ਅਤੇ ਆਰਥਿਕ ਖੇਤਰਾਂ ਵਿਚੋਂ, ਕਮਜ਼ੋਰ ਵਰਗਾਂ ਵਿਸ਼ੇਸ਼ ਕਰਕੇ ਅਛੂਤਾਂ (ਐਸ.ਸੀ., ਐਸ.ਟੀ.) ਦੀ ਉਨਤੀ ਲਈ ਵਿਸ਼ੇਸ਼ ਧਿਆਨ ਦੇਣ ਦਾ ਨਿਰਦੇਸ਼ ਹੈ ਤੇ ਉਨ੍ਹਾਂ ਲੋਕਾਂ ਨੂੰ ਸਮਾਜਿਕ ਬੇਇਨਸਾਫੀ ਅਤੇ ਸ਼ੋਸ਼ਣ ਤੋਂ ਬਚਾਉਣ ਦੀ ਗੱਲ ਕਹੀ ਗਈ ਹੈ ।

ਧਾਰਾ 330 ਵਿਚ ਕਮਜ਼ੋਰ ਵਰਗਾਂ ਲਈ, ਲੋਕ ਸਭਾ ਵਿਚੋਂ ਸੀਟਾਂ ਦੇ ਰਾਖਵਾਂਕਰਨ ਦੀ ਸਹੂਲਤ ਹੈ ।

ਧਾਰਾ 332 : ਰਾਜ ਵਿਧਾਨ ਸਭਾਵਾਂ ਅੰਦਰ ਇਨ੍ਹਾਂ ਦੇ ਕਮਜ਼ੋਰ ਵਰਗਾਂ ਦੇ ਰਾਖਵੇਂ ਕਰਨ ਦਾ ਪ੍ਰਬੰਧ ਕਰਦੀ ਹੈ ।

ਧਾਰਾ 335 : ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਵਰਗਾਂ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦੇਣ ਦੀ ਗੱਲ ਕਰਦੀ ਹੈ ।

ਧਾਰਾ 341 : 342 : ਰਾਸ਼ਟਰਪਤੀ ਨੂੰ ਜਾਤਾਂ ਸੰਬੰਧੀ ਅਧਿਆਦੇਸ਼ ਜਾਰੀ ਕਰਨ ਦਾ ਅਧਿਕਾਰ ਦਿੰਦੀ ਹੈ ।

ਧਾਰਾ 164 : ਰਾਜਾਂ ਵਿਚ ਅਨੁਜਾਤੀਆਂ ਤੇ ਕਬੀਲਿਆਂ ਦੀ ਭਲਾਈ ਲਈ ਮੰਤਰੀ ਨਿਯੁਕਤ ਕਰਨ ਦਾ ਆਦੇਸ਼ ਦਿੰਦੀ ਹੈ ।

ਧਾਰਾ 337 : ਰਾਜਾਂ ਵਿਚ ਅਨੁ : ਜਾਤੀਆਂ ਦੀ ਭਲਾਈ ਸੰਬੰਧੀ ਕਮਿਸ਼ਨ ਨਿਯੁਕਤ ਕਰਨ ਦਾ ਆਦੇਸ਼ ਦਿੰਦੀ ਹੈ ।

ਧਾਰਾ 338 ਵਿਚ ਅਨੁ : ਜਾਤੀਆਂ ਜਨਜਾਤੀਆਂ ਵਾਸਤੇ ਇਕ ਵਿਸ਼ੇਸ਼ ਅਫਸਰ ਹੋਣ ਬਾਰੇ ਕਹਿਆ ਗਿਆ ਹੈ, ਜੋ ਇਨ੍ਹਾਂ ਦੀ ਸੁਰੱਖਿਆ ਸੰਬੰਧੀ ਮਾਮਲਿਆਂ ਦੀ ਜਾਂਚ ਕਰੇਗਾ ।

ਭਾਰਤੀ ਸੰਵਿਧਾਨ ਦੀਆਂ ਕੁਝ ਇਕ ਬੁਨਿਆਦੀ ਧਾਰਾਵਾਂ ਦੱਸਣ ਤੋਂ ਸਾਡਾ ਭਾਵ ਹੈ ਕਿ ਇਹ ਸਭ ਬ੍ਰਾਹਮਣ ਸ਼ਾਹੀ ਦੇ ਕਾਨੂੰਨਾਂ ਨੂੰ ਕੱਟਦੀਆਂ ਹਨ ਤੇ ਉਨ੍ਹਾਂ ਦੀ ਥਾਂ ਸਮਾਜ ਲਈ ਸਮੂਹਿਕ ਰੂਪ ਵਿਚ ਜੀਵਨ ਜਿਉਣ ਦੇ ਹੱਕ ਪ੍ਰਦਾਨ ਕਰਦੀਆਂ ਹਨ । ਅਜਿਹੀ ਵਿਵਸਥਾ ਕੀਤੀ ਗਈ ਹੈ । ਭਾਵੇਂ ਇਹ ਸੰਵਿਧਾਨ ਅੱਜ ਵੀ ਬਹੁਤ ਵੱਡੀ ਪੱਧਰ 'ਤੇ ਲਾਗੂ ਨਹੀਂ ਤੇ ਇਸ ਨੂੰ ਲਗਾਤਾਰ ਬਦਲਿਆ ਗਿਆ ਹੈ । ਹਾਕਮ ਜਮਾਤ ਦੇ ਰਾਹ ਵਿਚ ਜਿਥੇ ਵੀ ਸੰਵਿਧਾਨ ਅੜਿਕਾ ਬਣਿਆ ਹੈ, ਉੱਥੇ ਇਸ ਨੂੰ ਬਦਲ ਦਿੱਤਾ ਗਿਆ ਹੈ । ਮੂਲ ਰੂਪ ਵਿਚ ਇਸ ਸੰਵਿਧਾਨ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ, ਜਦੋਂ ਇਸ ਨੂੰ ਲਾਗੂ ਕਰਨ ਵਾਲੇ ਇਮਾਨਦਾਰ ਨਾ ਹੋਣ । ਇਸ ਸੰਵਿਧਾਨ ਨੇ ਰੱਬੀ ਜਾਂ ਧਾਰਮਿਕ ਹੁਕਮਾਂ ਦੀ ਥਾਂ ਸਰਵਜਨਕ ਕਾਨੂੰਨ ਪੇਸ਼ ਕੀਤੇ ਹਨ । ਇਨ੍ਹਾਂ ਦਾ ਲਾਗੂ ਹੋਣਾ ਮੌਕੇ ਦੀ ਕਿਸੇ ਵੀ ਹਾਕਮ ਜਮਾਤ 'ਤੇ ਨਿਰਭਰ ਹੁੰਦਾ ਹੈ । ਜੇ ਇਸ ਨੂੰ ਲਾਗੂ ਕਰਨ ਵਾਲੇ ਭੈੜੇ ਲੋਕ ਹੋਣ ਤਾਂ ਸੰਵਿਧਾਨ ਇਕ ਕਾਗਜ਼ੀ ਕਾਰਵਾਈ ਬਣ ਕੇ ਰਹਿ ਜਾਂਦਾ ਹੈ । ਜੇ ਲਾਗੂ ਕਰਨ ਵਾਲੇ ਇਮਾਨਦਾਰ ਤੇ ਮਨੁੱਖ ਹਿਤੂ ਹੋਣ ਤਾਂ ਮਾੜਾ ਸੰਵਿਧਾਨ ਵੀ ਚੰਗਾ ਬਣ ਜਾਂਦਾ ਹੈ ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤੀ ਸੰਵਿਧਾਨ ਵਿਚ ਹਾਕਮ ਜਮਾਤ ਨੇ 65 ਵਾਰ ਧਾਰਾਵਾਂ ਬਦਲ ਦਿੱਤੀਆਂ ਹਨ । ਇਹ ਤਬਦੀਲੀਆਂ ਮੌਕੇ ਦੀ ਹਾਕਮ ਜਮਾਤ ਦੀ ਆਪਣੀ ਲੋੜ ਅਨੁਸਾਰ ਕੀਤੀਆਂ ਜਾਂਦੀਆਂ ਹਨ ।

ਵੀਹਵੀਂ ਸਦੀ ਦਾ ਮਨੂੰ ਮਹਾਤਮਾ ਗਾਂਧੀ

ਮਹਾਤਮਾ ਗਾਂਧੀ ਨੂੰ ਇਕ ਦਾਰਸ਼ਨਿਕ ਦੇ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ ਤੇ ਉਸ ਦੀਆਂ ਜਾਂ ਉਸ ਸੰਬੰਧੀ ਪੁਸਤਕਾਂ ਨਾਲ ਲਾਇਬਰੇਰੀਆਂ ਭਰੀਆਂ ਪਈਆਂ ਹਨ। ਵੱਡੇ-ਵੱਡੇ ਕੋਰਸਾਂ ਵਿਚ ਉਸ ਦਾ ਮਤ ਪੜ੍ਹਾਇਆ ਜਾਂਦਾ ਹੈ। ਗਾਂਧੀ ਦਾ 'ਮਤ' ਕੀ ਹੈ ? ਬਤੌਰ ਸਨਾਤਨੀ ਹਿੰਦੂ ਉਹ ਜਾਤਪਾਤੀ ਪ੍ਰਬੰਧ ਬਾਰੇ ਕੀ ਵਿਚਾਰ ਪੇਸ਼ ਕਰਦਾ ਹੈ ? ਮਨੁੱਖਤਾ ਦੇ ਦ੍ਰਿਸ਼ਟੀਕੋਣਾਂ ਤੋਂ ਉਸ ਦੀ ਡਿਗਰੀ 'ਮਹਾਤਮਾ' ਕਿੰਨੀ ਸਹੀ ਜਾਂ ਗਲਤ ਹੈ ? ਇਹ ਨਿਰਣਾਂ ਕਰਨ ਲਈ ਅਸੀਂ ਉਸ ਦੇ ਵਿਚਾਰ ਮੂਲ ਰੂਪ ਵਿਚ ਪੇਸ਼ ਕਰ ਰਹੇ ਹਾਂ ਜੋ ਇਸ ਪ੍ਰਕਾਰ ਹਨ :-

-ਮਹਾਤਮਾ ਗਾਂਧੀ : ਮੈਂ ਵਰਨ ਆਸ਼ਰਮ ਧਰਮ ਵਿਚ ਵਿਸ਼ਵਾਸ ਰੱਖਦਾ ਹਾਂ...ਮੈਂ ਗੀਤਾ ਦਾ ਭਗਤ ਹਾਂ। ਮੈਂ ਵੇਦ, ਉਪਨਿਸ਼ਦ, ਪੁਰਾਣ ਅਤੇ ਸਾਰੇ ਹਿੰਦੂ ਸ਼ਾਸਤਰਾਂ ਵਿਚ ਵਿਸ਼ਵਾਸ ਕਰਦਾ ਹਾਂ। ਇਸ ਲਈ ਮੇਰਾ ਪੁਨਰ ਜਨਮ ਅਤੇ ਅਵਤਾਰਾਂ ਵਿਚ ਵਿਸ਼ਵਾਸ ਹੈ। ....ਜੋ ਕੋਈ ਵੀ ਗਊ ਰੱਖਿਆ ਵਿਚ ਵਿਸ਼ਵਾਸ ਨਹੀਂ ਕਰਦਾ, ਉਹ ਹਿੰਦੂ ਨਹੀਂ ਹੈ।

-ਮੈਂ ਅਜਿਹੇ ਸਾਰੇ ਲੋਕਾਂ ਦਾ ਵਿਰੋਧੀ ਹਾਂ ਜੋ ਜਾਤਪਾਤ ਨਸ਼ਟ ਕਰਨਾ ਚਾਹੁੰਦੇ ਹਨ। ਮੇਰਾ ਮਤ ਹੈ ਕਿ ਹਿੰਦੂ ਸਮਾਜ ਤਾਂ ਹੀ ਸਥਿਰ ਰਹਿ ਸਕਦਾ ਹੈ ਕਿਉਂਕਿ ਇਹ ਜਾਤ-ਪਾਤ 'ਤੇ ਅਧਾਰਿਤ ਹੈ।

-ਜਿਨ੍ਹਾਂ ਲੋਕਾਂ ਨੇ ਜਾਤ-ਪਾਤ ਦੀ ਦਰਜਾਬੰਦੀ ਬਣਾਈ, ਉਹ ਸੱਚਮੁੱਚ ਹੀ ਸੰਗਠਨ ਬਣਾ ਸਕਣ ਦੀ ਅਦੁੱਤੀ ਸ਼ਕਤੀ ਦੇ ਮਾਲਕ ਹਨ।

-ਮੇਰਾ ਵਿਸ਼ਵਾਸ ਹੈ ਕਿ ਦੇਸ਼ ਦੀ ਏਕਤਾ ਨੂੰ ਵਧਾਉਣ ਲਈ ਅੰਤਰਜਾਤੀ ਸਾਂਝੇ ਭੋਜਨ ਅਤੇ ਵਿਆਹਾਂ ਦੀ ਜ਼ਰੂਰਤ ਨਹੀਂ ਹੈ।

-ਜਾਤੀ ਕਿਸੇ ਵੀ ਵਿਅਕਤੀ ਨੂੰ ਅਨੰਦ ਭੋਗ ਦੇ ਚੱਕਰ ਵਿੱਚ, ਜਾਤੀ ਦੀਆਂ ਹੱਦਾਂ ਦਾ ਉਲੰਘਣ ਨਹੀਂ ਕਰਨ ਦਿੰਦੀ।

-ਮੈਂ ਜਦੋਂ ਕਿਸੇ ਬ੍ਰਾਹਮਣ ਨੂੰ ਸਾਰੀ ਉਮਰ ਬ੍ਰਾਹਮਣ ਨਹੀਂ ਕਹਿ ਸਕਦਾ ਤਾਂ ਮੇਰੇ ਲਈ ਬ੍ਰਾਹਮਣ ਦਾ ਕੋਈ ਮਹੱਤਵ ਨਹੀਂ। ਜਦੋਂ ਧਰਮ ਅਨੁਸਾਰ ਜਾਤੀ ਨਿਸ਼ਚਤ ਕੀਤੀ ਜਾਵੇ ਤਾਂ ਫਿਰ ਅਜਿਹੀ ਅਵਸਥਾ ਪੈਦਾ ਹੋ ਜਾਵੇਗੀ ਕਿ ਹਰ ਰੋਜ਼ ਬ੍ਰਾਹਮਣ ਸ਼ੂਦਰ ਬਣਨਗੇ ਅਤੇ ਸ਼ੂਦਰ ਬ੍ਰਾਹਮਣ ਬਣਨਗੇ।

-ਮੇਰਾ ਮਤ ਹੈ ਕਿ ਵਰਨ ਵਿਵਸਥਾ ਜਨਮ ਅਧਾਰਤ ਹੈ।

-ਸ਼ੂਦਰ ਵਿਦਿਆ ਸਿੱਖ ਕੇ ਉਸ ਦੁਆਰਾ ਆਪਣੀ ਰੋਜ਼ੀ ਨਹੀਂ ਕਮਾ ਸਕੇਗਾ। ਪ੍ਰੰਤੂ ਉਹ ਪੜ੍ਹ-ਲਿਖ ਕੇ ਵੀ ਸੇਵਾ ਦਾ ਕੰਮ ਹੀ ਕਰੇਗਾ। ਜਿੱਥੋਂ ਤੀਕ ਰੋਟੀ-ਰੋਜ਼ੀ ਦਾ ਪ੍ਰਬੰਧ ਹੈ, ਉਹ ਆਪਣੇ ਵਰਨ ਦੇ ਪੇਸ਼ੇ ਕਰਕੇ ਹੀ ਕਮਾਉਣੀ ਚਾਹੀਦੀ ਹੈ।

-ਵਰਨ ਵਿਵਸਥਾ ਦਾ ਕੰਮ ਹਰ ਤਰ੍ਹਾਂ ਦੇ ਮੁਕਾਬਲੇ ਵਰਗ ਸੰਘਰਸ਼ ਅਤੇ ਵਰਗ ਯੁੱਧ ਨੂੰ ਰੋਕਣਾ ਹੈ। (ਨੋਟ : ਭਾਵ ਲੁੱਟੇ ਜਾਣ ਵਾਲਿਆਂ ਦਾ ਲੁਟੇਰਿਆਂ ਵਿਰੁੱਧ ਸੰਘਰਸ਼ ਰੋਕਣਾ ਹੀ ਵਰਨ ਵਿਵਸਥਾ ਦਾ ਕੰਮ ਹੈ। ਭਾਵ ਲੁੱਟਦੇ ਰਹਿਣ ਅਤੇ ਗਰੀਬ ਲੁਟੀਂਦੇ ਰਹਿਣ। ਇਸ ਵਿਚ ਗਾਂਧੀ ਦਾ ਅਟੱਲ ਭਰੋਸਾ ਹੈ।)

-ਵਰਨ ਦਾ ਅਰਥ ਹੈ ਕਿ ਵਿਅਕਤੀ ਦਾ ਜਨਮ ਤੋਂ ਪਹਿਲਾਂ ਹੀ ਪੇਸ਼ਾ ਨਿਸ਼ਚਿਤ ਕਰ ਦੇਣਾ। ਉਸ ਦਾ ਪੇਸ਼ਾ ਉਹੀ ਹੋਵੇਗਾ ਜੋ ਉਸ ਦੇ ਬਾਪ ਦਾਦਾ ਕਰਦੇ ਆਏ ਹਨ। (ਪ੍ਰੰਤੂ ਗਾਂਧੀ ਜੀ ਦੀ ਜਾਤ ਬਾਣੀਆ ਹੈ। ਬਾਣੀਏ ਦਾ ਕਿੱਤਾ ਹੈ ਵਪਾਰ ਕਰਨਾ। ਗਾਂਧੀ ਜੀ ਨੇ ਵਰਨ ਧਰਮ ਦੇ ਉਲਟ (1) ਵਿਦਿਆ ਹਾਸਲ ਕੀਤੀ। (2) ਸੱਤ ਸਮੁੰਦਰ ਪਾਰ ਕੀਤੇ। (3) ਵਰਜਿਤ ਮਾਸ ਖਾਧਾ (4) ਵਕਾਲਤ ਦਾ ਕਿੱਤਾ ਅਪਣਾਇਆ। (5) ਨੇਤਾ ਗਿਰੀ ਕੀਤੀ। (6) ਆਪਣੇ ਲੜਕੇ ਦੀ ਸ਼ਾਦੀ ਉੱਚੀ ਜਾਤ ਵਿਚ ਕੀਤੀ। ਕੀ ਵਰਨ ਧਰਮ ਨਿਭਾਉਣਾ

ਉਨ੍ਹਾਂ ਲਈ ਜ਼ਰੂਰੀ ਨਹੀਂ ਹੈ ?)

-ਅਮੀਰੀ, ਅਮੀਰ ਨੂੰ ਸੁਖੀ ਨਹੀਂ ਬਣਾ ਸਕਦੀ ਅਤੇ ਨਾ ਹੀ ਗਰੀਬੀ ਗਰੀਬ ਦੇ ਦੁੱਖਾਂ ਦਾ ਕਾਰਨ ਹੈ ।

-ਕਰੋੜਾਂ ਲੋਕ ਤਾਂ ਗਰੀਬ ਹੀ ਰਹਿਣਗੇ । ਇਸ ਲਈ ਉਨ੍ਹਾਂ ਨੂੰ ਭੋਗ-ਵਿਲਾਸ ਛੱਡ ਦੇਣੇ ਚਾਹੀਦੇ ਹਨ ।

-ਜੋ ਸ਼ੂਦਰ ਉੱਚੀਆਂ ਜਾਤੀਆਂ ਦੀ ਸੇਵਾ ਆਪਣਾ ਧਰਮ ਮੰਨ ਕੇ ਕਰਦਾ ਹੈ, ਜੋ ਕਿਸੇ ਪ੍ਰਕਾਰ ਦੀ ਧਨ ਸੰਪਤੀ ਨੂੰ ਹੱਥ ਨਹੀਂ ਲਾਉਂਦਾ । ਜਿਸ ਦੇ ਮਨ ਵਿਚ ਧਨ ਦੌਲਤ ਪ੍ਰਾਪਤ ਕਰਨ ਦੀ ਇੱਛਾ ਤੱਕ ਨਹੀਂ ਹੈ, ਉਸ ਨੂੰ ਹਜ਼ਾਰ ਵਾਰ ਪ੍ਰਨਾਮ....ਉਸ ਉੱਤੇ ਦੇਵਤੇ ਵੀ ਫੁੱਲ ਵਰਸਾਉਣਗੇ (ਗੁਲਾਮੀ ਪ੍ਰਥਾ ਦਾ ਹਾਮੀ ।)

-ਜਦੋਂ ਕਦੇ ਵੀ ਮੇਰਾ ਪੁਨਰ-ਜਨਮ ਹੋਵੇ, ਮੈਂ ਕਿਸੇ ਅਛੂਤ ਦੇ ਘਰ ਜਨਮ ਲੈਣਾ ਚਾਹਾਂਗਾ, ਤਾਂ ਕਿ ਮੈਂ ਉਨ੍ਹਾਂ ਦੇ ਦੁੱਖਾਂ ਕਸ਼ਟਾਂ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਅਪਮਾਨਾਂ ਦਾ ਭਾਈਵਾਲ ਬਣ ਸਕਾਂ ।

-ਮੈਂ ਪ੍ਰਾਰਥਨਾ ਕਰਦਾ ਹਾਂ ਕਿ ਮੇਰਾ ਜਨਮ ਕਿਸੇ ਅਤੀ.....ਸ਼ੂਦਰ ਦੇ ਘਰ ਹੋਵੇ ।

-ਗੰਦਗੀ ਉਠਾਉਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ ।

-ਤੁਹਾਨੂੰ (ਭੰਗੀਆਂ ਨੂੰ) ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਤੁਸੀਂ ਹਿੰਦੂ ਸਮਾਜ ਨੂੰ ਸਾਫ ਕਰਦੇ ਹੋ । ਉਸ ਦੀ ਗੰਦਗੀ ਦੂਰ ਕਰ ਰਹੇ ਹੋ ।

-ਭੰਗੀਆਂ ਨੂੰ ਉਪਦੇਸ਼ ਹੈ, ਪਖਾਨਾ ਉਠਾਈ ਜਾਉ । ਇਹ ਹੀ ਤੁਹਾਡਾ ਪੁੰਨ ਵਰਗਾ ਪਵਿੱਤਰ ਕੰਮ ਹੈ ।

-ਧਰਮ ਮੈਨੂੰ ਰਾਜਨੀਤੀ ਵੱਲ ਲੈ ਜਾਂਦਾ ਹੈ । ਮੇਰੇ ਲਈ ਧਰਮ-ਹੀਣ ਰਾਜਨੀਤੀ ਕੋਈ ਚੀਜ਼ ਨਹੀਂ ...ਧਰਮ ਤੋਂ ਬਿਨਾਂ ਰਾਜਨੀਤੀ ਧੋਖੇ ਦਾ ਜਾਲ ਹੈ .....ਜੋ ਲੋਕ ਕਹਿੰਦੇ ਹਨ ਕਿ ਧਰਮ ਅਤੇ ਰਾਜਨੀਤੀ ਦਾ ਕੋਈ ਸੰਬੰਧ ਨਹੀਂ, ਉਹ ਧਰਮ ਦੇ ਅਰਥ ਨਹੀਂ ਜਾਣਦੇ । (ਸੰਸਾਰ ਭਰ ਦੇ ਧਰਮਾਂ ਦਾ ਅਧਿਐਨ ਸਪੱਸ਼ਟ ਕਰਦਾ ਹੈ ਕਿ ਹਰ ਧਰਮ ਨੇ ਅਖੀਰ ਰਾਜਨੀਤੀ ਪੈਂਤੜਾ ਅਖਤਿਆਰ ਕੀਤਾ । ਕਿਸੇ ਵੱਖਰੇ ਰਾਜ ਦੀ ਸਥਾਪਨਾ ਕੀਤੀ । ਧਰਮ ਨੇ ਉਸ ਰਾਜ ਦੀ ਅਗਵਾਈ ਕੀਤੀ ।)

-ਬ੍ਰਾਹਮਣ ਹਿੰਦੂ ਧਰਮ ਦਾ, ਮਾਨਵਤਾ ਦਾ ਸਭ ਤੋਂ ਚੰਗਾ ਫੁੱਲ ਹੈ । ਮੈਂ ਅਜਿਹਾ ਕੁਝ ਨਹੀਂ ਕਰਾਂਗਾ ਜਿਸ ਨਾਲ ਇਹ ਮੁਰਝਾ ਜਾਵੇ ।

-ਮੇਰਾ ਮੂਰਤੀ ਪੂਜਾ ਵਿਚ ਕੋਈ ਗੈਰ ਵਿਸ਼ਵਾਸ ਨਹੀਂ ਹੈ ।

-ਮੈਂ ਹਿੰਦੂ, ਮੁਸਲਿਮ ਅਤੇ ਸਿੱਖਾਂ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਵਿਸ਼ੇਸ਼ ਅਧਿਕਾਰ ਦੇਣ ਦਾ ਸਖਤ ਵਿਰੋਧ ਕਰਾਂਗਾ । (ਇਹ ਵਿਰੋਧ ਅਛੂਤਾਂ ਦੇ ਅਧਿਕਾਰਾਂ ਪ੍ਰਤੀ ਸੀ ।)

-ਮੈਨੂੰ ਇਸ ਗੱਲ ਦਾ ਦੁੱਖ ਨਹੀਂ ਹੋਵੇਗਾ ਜੇ ਅਛੂਤ ਇਸਾਈ ਜਾਂ ਮੁਸਲਮਾਨ ਹੋ ਜਾਣ ।

-ਡਾਕਟਰ ਅੰਬੇਡਕਰ ਹਿੰਦੂ ਧਰਮ ਲਈ ਇਕ ਚੁਨੌਤੀ ਹਨ ।

-ਜਾਤ ਦਾ ਧਰਮ ਨਾਲ ਕੋਈ ਸੰਬੰਧ ਨਹੀਂ । ਇਹ ਇਕ ਅਜਿਹਾ ਰਿਵਾਜ਼ ਹੈ ਜਿਸ ਦਾ ਆਰੰਭ ਮੈਨੂੰ ਪਤਾ ਨਹੀਂ । (ਜਾਤ ਵੈਦਿਕ ਆਰੀਆ ਧਰਮ ਦੀ ਪੈਦਾਵਾਰ ਹੈ ।)

-ਵਰਣ ਅਤੇ ਆਸ਼ਰਮ ਸੰਸਥਾਵਾਂ ਹਨ, ਜਿਨ੍ਹਾਂ ਦਾ ਜਾਤਪਾਤ ਨਾਲ ਕੋਈ ਸੰਬੰਧ ਨਹੀਂ । (ਜਾਤਪਾਤ ਦਾ ਮੂਲ ਸਰੋਤ ਹੀ ਵਰਣ ਵੰਡ ਹੈ ।)

ਇਹ ਦਸਤੂਰ (ਵਰਣ ਪ੍ਰਬੰਧ) ਸਾਡੇ ਅਧਿਕਾਰ ਨਹੀਂ, ਫਰਜ਼ ਨੀਯਤ ਕਰਦਾ ਹੈ ।

-ਵਰਣ ਦੇ ਕਾਨੂੰਨ ਵਿਚ ਅਜਿਹਾ ਕੁਝ ਨਹੀਂ ਜੋ ਛੂਤ-ਛਾਤ ਵਿਚ ਵਿਸ਼ਵਾਸ ਨੂੰ ਉਚਿਤ ਨੀਯਤ ਕਰੇ ।

-(1921-22-23) ਵਿਚ ਗਾਂਧੀ, ਕਾਂਗਰਸ ਨੇ ਅਛੂਤਾਂ ਦੇ ਕਲਿਆਣ ਲਈ 13019415 ਰੁਪਏ 15 ਆਨੇ 7 ਪਾਈ ਰਕਮ ਤਿਲਕ ਸਵਰਾਜ ਫੰਡ ਦੇ ਨਾਂਓ 'ਤੇ ਇੱਕਠੀ ਕੀਤੀ, ਪਰ ਅਸਲ ਵਿਚ ਅਛੂਤਾਂ 'ਤੇ ਸਿਰਫ 43381 ਰੁਪਏ ਹੀ ਖਰਚ ਕੀਤੇ ।

-ਮਾਰਚ 1926 ਵਿਚ ਇਕ ਅਛੂਤ ਨੇ ਮਦਰਾਸ ਦੇ ਇਕ ਹਿੰਦੂ ਮੰਦਰ ਵਿਚ ਪ੍ਰਵੇਸ਼ ਕਰ ਲਿਆ ਤਾਂ ਉਸ ਨੂੰ ਮੰਦਰ ਅਪਵਿੱਤਰ ਕਰਨ ਦੇ ਦੋਸ਼ ਵਿਚ ਸਜ਼ਾ ਦਿੱਤੀ ਗਈ । (ਕੀ ਛੂਆ-ਛਾਤ ਮੰਦਰ ਦੇ ਧਰਮ ਨਾਲੋਂ ਵੱਖ

ਹੈ ?)

–1926 'ਚ ਸ਼ਿਵਾਜੀ ਦੇ ਰਾਜਗੱਦ ਕਿਲੇ ਵਿਚ ਸੌਂ ਰਹੇ ਡਾ. ਅੰਬੇਡਕਰ ਨੂੰ ਕਤਲ ਕਰਨ ਦੀ ਸਾਜ਼ਿਸ਼ ਹਿੰਦੂਆਂ ਨੇ ਬਣਾਈ ਜੋ ਅਛੂਤਾਂ ਦੇ ਸੁਚੇਤ ਰਹਿਣ ਕਾਰਨ ਅਸਫਲ ਹੋ ਗਈ ।

–ਬ੍ਰਾਹਮਣਾਂ ਦੇ ਹੁਕਮ ਅਨੁਸਾਰ ਸ਼ੂਦਰਾਂ ਵੱਲੋਂ ਜੋ ਕੁਆਰੀਆਂ ਲੜਕੀਆਂ, ਦੇਵਦਾਸੀਆਂ ਬਣਾ ਕੇ ਮੰਦਰਾਂ ਵਿਚ ਦੇਵਤਿਆਂ ਦੇ ਨਾਂ ਭੇਟ ਕੀਤੀਆਂ ਜਾਂਦੀਆਂ ਸਨ ਤਾਂ ਪੁਜਾਰੀਆਂ ਪੰਡਤਾਂ ਨਾਲ ਜਿਹੜੇ ਨਜਾਇਜ਼ ਬੱਚੇ ਉਨ੍ਹਾਂ ਦੇਵਦਾਸੀਆਂ ਦੇ ਪੇਟੋਂ ਪੈਦਾ ਹੁੰਦੇ ਸਨ, ਉਨ੍ਹਾਂ ਨੂੰ ਪਹਿਲੀ ਵਾਰ ਨਰਸੀ ਦਾਸ ਭਗਤ (ਬ੍ਰਾਹਮਣ) ਨੇ 'ਹਰੀਜਨ ਕਿਹਾ' ।ਭਾਵ ਰੱਬ ਦੇ ਪੁੱਤਰ, ਜਿਨ੍ਹਾਂ ਦੇ ਬਾਪ ਦਾ ਪਤਾ ਨਹੀਂ ।ਹਰੀਜਨ ਗੁਜਰਾਤੀ ਸ਼ਬਦ ਹੈ, ਜਿਸ ਦਾ ਅਰਥ ਹੈ ਹਰਾਮੀਂ ।(ਦੇਵ ਦਾਸੀ ਪ੍ਰਥਾ ਅੱਜ ਵੀ ਜਾਰੀ ਹੈ ।'ਭਾਰਤ ਅੰਦਰ ਲੱਗਪਗ 25 ਲੱਖ ਕੁੜੀਆਂ ਵੇਸਵਾਵਾਂ ਦਾ ਜੀਵਨ ਬਤੀਤ ਕਰ ਰਹੀਆਂ ਦੱਸੀਆਂ ਗਈਆਂ ਹਨ ।ਇਨ੍ਹਾਂ ਵਿਚੋਂ ਬਹੁਗਿਣਤੀ ਦੇਸਵਾਸੀਆਂ ਦੀ ਹੈ ।') ਪ੍ਰੰਤੂ ਮਹਾਤਮਾ ਗਾਂਧੀ ਵੱਲੋਂ 1932 ਈ. ਵਿਚ ਭਾਰਤ ਦੇ ਕਰੋੜਾਂ ਅਛੂਤਾਂ ਨੂੰ ਇਸ ਹਰੀਜਨ ਸ਼ਬਦ ਦਾ ਸਿਰੋਪਾ ਭੇਟ ਕਰਨ ਕਰਕੇ ਅੱਜ ਦੇ 20 ਕਰੋੜ ਅਛੂਤਾਂ ਨੂੰ ਬੇਇੱਜ਼ਤੀ ਭਰਿਆ ਜੀਵਨ ਜਿਉਣਾ ਪੈ ਰਿਹਾ ਹੈ ।

–ਭੋਜਨ ਖਾਣਾ ਨਾ ਉੱਨਾ ਹੀ ਗੰਦਾ ਕੰਮ ਹੈ ਜਿੰਨਾ ਕਿ ਟੱਟੀ ਪਿਸ਼ਾਬ ਕਰਨਾ ।

–ਜਾਤ ਪਾਤ ਸਮਾਜ ਦੀ ਕੁਦਰਤੀ ਬਣਤਰ ਹੈ ।

–ਵਰਣ ਦਾ ਅਰਥ ਹੈ ਜਨਮ ਲੈਣ ਤੋਂ ਪਹਿਲਾਂ ਹੀ ਵਿਅਕਤੀ ਦਾ ਕੰਮ ਨਿਸ਼ਚਤ ਕਰ ਦੇਣਾ ।

–ਵਰਣ ਵਿਵਸਥਾ ਵਿਚ ਅਜਿਹਾ ਕੁਝ ਨਹੀਂ ਜੋ ਸ਼ੂਦਰ ਨੂੰ ਪੜ੍ਹਨ ਜਾਂ ਸ਼ਾਸਤਰ ਵਿੱਦਿਆ ਸਿੱਖਣ ਤੋਂ ਰੋਕਦਾ ਹੋਵੇ ।(ਸ਼ਾਸਤਰਾਂ ਦੇ ਸਿਧਾਂਤ ਪਹਿਲਾਂ ਦਿੱਤੇ ਹਨ ।)

–ਮੇਰਾ ਵਿਚਾਰ ਹੈ ਕਿ ਜੇਕਰ ਭਾਰਤ ਆਧੁਨਿਕ ਸੱਭਿਅਤਾ ਨੂੰ ਤਿਆਗ ਦੇਵੇ ਤਾਂ ਇਸ ਨਾਲ ਦੇਸ਼ ਦਾ ਭਲਾ ਹੀ ਹੋਵੇਗਾ ।

–ਜੇਕਰ ਮਜ਼ਦੂਰ ਆਪਣੇ ਪਸ਼ੂ ਬਲ ਦਾ ਸਹਾਰਾ ਲੈਂਦੇ ਹਨ, ਜੇਕਰ ਉਹ ਅਹਿੰਸਾ 'ਤੇ ਉਤਾਰੂ ਹੁੰਦੇ ਹਨ ਤਾਂ ਸਮਝੋ ਉਹ ਆਤਮ ਹੱਤਿਆ ਕਰਦੇ ਹਨ ।ਜੇਕਰ ਉਹ ਅਜਿਹਾ ਕਰਨਗੇ ਅਰਥਾਤ ਹਿੰਸਾ ਦੀ ਨੀਤੀ ਅਪਨਾਉਣਗੇ ਤਾਂ ਉਦਯੋਗ ਦਾ ਨੁਕਸਾਨ ਹੋਵੇਗਾ ।(ਪੂੰਜੀਪਤੀਆਂ ਦੇ ਹੱਕਾਂ ਦੀ ਰਾਖੀ)

–ਗੰਦ ਚੁੱਕਣਾ ਮੈਨੂੰ ਬਹੁਤ ਚੰਗਾ ਲੱਗਦਾ ਹੈ ।ਮੇਰੇ ਆਸ਼ਰਮ ਵਿਚ ਇਕ 18 ਸਾਲਾ ਬ੍ਰਾਹਮਣ ਨੌਜਵਾਨ, ਆਸ਼ਰਮ ਦੇ ਭੰਗੀ ਨੂੰ ਸਫਾਈ ਕਰਨਾ ਸਿਖਾ ਰਿਹਾ ਹੈ ।....ਮੇਰੇ ਗੁਣ ਉਦੋਂ ਤੀਕ ਅਪੂਰਨ ਹਨ ਜਦੋਂ ਤੀਕ ਮੈਂ ਇਕ ਸਫਲ ਭੰਗੀ ਨਹੀਂ ਬਣ ਜਾਂਦਾ ।

ਯੰਗ ਇੰਡੀਅ 26 ਸਤੰਬਰ 1932, 'ਮੈਂ ਅਜਿਹੇ ਸਾਰੇ ਹੀ ਲੋਕਾਂ ਦਾ ਵਿਰੋਧੀ ਹਾਂ ਜੋ ਜਾਤ ਪਾਤ ਦਾ ਵਿਨਾਸ਼ ਕਰਨਾ ਚਾਹੁੰਦੇ ਹਨ ।

–ਮੈਂ ਚਾਰ ਵਰਣਾਂ ਵਿਚ ਵਿਸ਼ਵਾਸ ਰੱਖਦੇ ਹੋਏ ਕੇਵਲ ਛੂਆ–ਛਾਤ ਮਿਟਾਉਣਾ ਚਾਹੁੰਦਾ ਹਾਂ ।ਪ੍ਰੰਤੂ ਮੈਂ ਅਛੂਤਾਂ ਦੇ ਰਾਜਨੀਤਕ ਅਧਿਕਾਰਾਂ ਵਿਚ ਵਿਸ਼ਵਾਸ ਨਹੀਂ ਰੱਖਦਾ ।(ਅਛੂਤਾਂ ਵਿਰੁੱਧ)

–ਗਾਂਧੀ ਦਾ ਇਕ ਸਾਥੀ (ਆਰੀਆ ਦਾ ਨੈਤਿਕ ਪੋਲ ਪ੍ਰਕਾਸ਼ ਸਫਾ 42) : ਗਾਂਧੀ ਦੀ ਬੱਕਰੀ ਅੰਗੂਰ ਅਤੇ ਸੇਬਾਂ ਨਾਲ ਸੋਨੇ ਅਤੇ ਚਾਂਦੀ ਦੇ ਵਰਕ ਖਾਂਦੀ ਸੀ, ਜਿਸ ਦਾ ਪ੍ਰਤੀ ਦਿਨ ਖਰਚਾ 70 ਰੁਪਏ ਸੀ ।

ਹਿੰਦੂਇਜ਼ਮ ਧਰਮ ਜਾਂ ਕਲੰਕ (ਲਾਹੌਰੀ ਰਾਮ ਬਾਲੀ) ਸਫਾ 169 ਪੁਸਤਕ 'ਗਾਂਧੀ ਮੁਸਲਮ ਛੜਯੰਤਰ' ਵਿਚ ਲਿਖਿਆ ਹੈ ਕਿ ਗਾਂਧੀ ਜੀ ਨੇ ਅਫਗਾਨਸਤਾਨ ਦੇ ਬਾਦਸ਼ਾਹ ਅਮਲ ਉੱਲਾ ਨੂੰ ਅਲੀ ਭਰਾਵਾਂ ਦੁਆਰਾ ਇਹ ਪੱਤਰ ਲਿਖਵਾਇਆ ਕਿ ਭਾਰਤ 'ਤੇ ਹਮਲਾ ਕਰ ਦੇਣ ਅਤੇ ਇਸ ਦੇਸ਼ 'ਤੇ ਸ਼ਾਸਨ ਕਰਨ ਲਈ ਉਸ ਦੀ ਸਹਾਇਤ ਕੀਤੀ ਜਾਵੇਗੀ ।

–ਸ੍ਰੀ ਪਿਆਰੇ ਲਾਲ (ਲਾਸਟ ਫੇਜ਼, ਭਾਗ 1, ਸਫਾ 578) : ਗਾਂਧੀ ਜੀ ਮਾਲਿਸ਼ ਕਰਾਉਂਦੇ ਸਮੇਂ ਬਿਲਕੁਲ ਨੰਗੇ ਹੋ ਜਾਂਦੇ ਸੀ ਅਤੇ ਅਕਸਰ ਨੌਜਵਾਨ ਲੜਕੀਆਂ ਹੀ ਉਨ੍ਹਾਂ ਦੀ ਮਾਲਿਸ਼ ਕਰਦੀਆਂ ਸਨ ।ਗਾਂਧੀ ਜੀ ਇਸ਼ਨਾਨ ਕਰਦੇ ਸਮੇਂ ਜਦੋਂ ਕਿ ਪੂਰਨ ਨਗਨ ਹੁੰਦੇ, ਪੁਰਸ਼ਾਂ ਅਤੇ ਇਸਤਰੀਆਂ ਦੋਹਾਂ ਦੀ ਸਹਾਇਤਾ ਲਿਆ ਕਰਦੇ ਸੀ ।ਗਾਂਧੀ ਜੀ ਦੀ ਇਹ ਇੱਛਾ ਹੁੰਦੀ ਸੀ ਕਿ ਉਹ ਸਰੀਰਕ ਅਤੇ ਅਧਿਆਤਮਕ ਤੌਰ 'ਤੇ ਬਿਲਕੁਲ ਨੰਗੇ ਹੋ

ਜਾਣ।

ਰਾਜੀ ਸੁਹਾਨੀ (ਪੁਸਤਕ ਮਿਸਟਰ ਗਾਂਧੀ, ਸਫਾ 173) :ਬਹੁਤ ਸਾਰੀਆਂ ਅਪ੍ਰਸੰਨ ਇਸਤਰੀਆਂ ਅਤੇ ਹੋਰ ਜੋ ਪਾਗਲਪਣ ਦੀਆਂ ਸਮੱਸਿਆਵਾਂ ਨਾਲ ਘਿਰੀਆਂ ਹੁੰਦੀਆਂ ਸਨ, ਉਸ ਦੇ ਇਰਦ-ਗਿਰਦ ਇਸ ਤਰ੍ਹਾਂ ਜਮ੍ਹਾ ਹੋ ਜਾਂਦੀਆਂ ਸਨ, ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਫਲ ਦੇ ਇਰਦ-ਗਿਰਦ।ਪ੍ਰੋ: ਐਸ ਸੀ. ਬੋਸ (ਮਾਈ ਡੇਜ਼ ਵਿਦ ਗਾਂਧੀ, ਸਫਾ 174) : ਉਹ ਇਸਤਰੀਆਂ ਨੂੰ ਆਪਣੇ ਨਾਲ ਸੌਣ ਅਤੇ ਉਸ ਦੀ ਚਾਦਰ ਵਿਚ ਉਸ ਦੇ ਨਾਲ ਲੇਟਣ ਲਈ ਕਹਿੰਦੇ ਸਨ।ਉਹ ਇਹ ਜਾਨਣ ਦਾ ਯਤਨ ਕਰਦੇ ਸਨ ਕਿ ਉਸ ਦੇ ਨਾਲ ਸੌਣ ਵਾਲੀ ਇਸਤਰੀ ਜਾਂ ਲੜਕੀ ਅੰਦਰ ਕਾਮੁਕਤਾ ਦੀ ਭਾਵਨਾ ਤਾਂ ਪੈਦਾ ਨਹੀਂ ਹੋਈ ?

(ਸਫਾ 115-197-115-119) : ਗਾਂਧੀ ਜੀ ਦੇ ਨੰਗੇ ਸਰੀਰ 'ਤੇ ਮਾਲਸ਼ ਕਰਨ ਵਾਲੀਆਂ ਵਿਚ ਡਾਕਟਰ ਸੁਸ਼ੀਲਾ ਨਾਇਰ ਤੇ ਮਨੂੰ ਬੇਨ ਵੀ ਸੀ, ਮਨੂੰ ਗਾਂਧੀ ਜੀ ਦੇ ਨਾਲ ਸੌਂਦੀ ਸੀ।

-ਮਹਾਤਮਾ ਗਾਂਧੀ ਤੇ ਉਸ ਦੇ ਭਗਤ, ਸਫ਼ਾ 196 : ਗਾਂਧੀ ਪਹਿਲਾਂ ਤਾਂ ਚੁੱਪਚਾਪ ਲੜਕੀਆਂ ਨੂੰ ਨੰਗਿਆਂ ਕਰਕੇ ਆਪਣੇ ਨਾਲ ਸੁਲਾਂਦੇ ਰਹੇ ਪ੍ਰੰਤੂ ਜਦੋਂ ਨਵਾਖਲੀ ਦੇ ਦੌਰ ਸਮੇਂ ਉਨ੍ਹਾਂ ਦੇ ਨਿੱਜੀ ਸਕੱਤਰ ਨਿਰਮਲ ਕੁਮਾਰ ਬੋਸ ਨੇ ਉਨ੍ਹਾਂ ਦੀ ਸ਼ੈਤਾਨੀਅਤ ਦਾ ਭਾਂਡਾ ਭੰਨਿਆ ਅਤੇ ਉਨ੍ਹਾਂ ਦੇ ਇਸ ਕੁਕਰਮ ਦੀ ਨਿੰਦਿਆ ਕੀਤੀ ਤੇ ਰੋਸ ਵਜੋਂ ਨਿੱਜੀ ਸਕੱਤਰ ਦੀ ਪਦਵੀ ਛੱਡ ਦਿੱਤੀ ਤਾਂ ਇਸ ਬਦਚਲਣੀ ਨੂੰ ਬ੍ਰਹਮਚਾਰੀ ਪ੍ਰਯੋਗ ਦਾ ਨਾਂ ਦਿੱਤਾ ਗਿਆ।

-ਰੇਹਾਨਾ ਤੈਆਬਜੀ : ਰੋਗੀ ਦੀ ਪਤਨੀ ਮਰ ਚੁੱਕੀ ਸੀ......ਮੈਂ ਲਗਾਤਾਰ ਉਸ ਨਾਲ ਇਕ ਹਫਤਾ ਨੰਗੀ ਹੋ ਕੇ ਸੁੱਤੀ, ਇਸ ਦੇ ਬਹੁਤ ਹੀ ਹੈਰਾਨੀ ਜਨਕ ਨਤੀਜੇ ਨਿਕਲੇ।ਉਹ ਬਿਲਕੁਲ ਸਿਹਤਮੰਦ ਹੋ ਗਿਆ। ਬਾਅਦ ਵਿਚ ਗਾਂਧੀ ਜੀ ਵੀ ਔਰਤਾਂ ਨਾਲ ਪ੍ਰਯੋਗ ਕਰਦੇ ਰਹੇ।ਉਨ੍ਹਾਂ ਨੂੰ ਵੀ ਅਦਭੁਤ ਨਤੀਜੇ ਦੇਖਣ ਨੂੰ ਮਿਲੇ।

ਡਾ. ਸੁਸ਼ੀਲਾ ਨਾਯਰ : ਬਾਅਦ ਵਿਚ ਜਦੋਂ ਲੋਕਾਂ ਨੇ ਲੜਕੀਆਂ ਜਿਵੇਂ ਕੁਮਾਰੀ ਮਨੂੰ ਨਾਲ, ਕੁਮਾਰੀ ਆਭਾ ਅਤੇ ਮੇਰੇ ਨਾਲ ਸਰੀਰਕ ਛੋਹ ਸੰਬੰਧੀ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛਣੇ ਸ਼ੁਰੂ ਕੀਤੇ ਤਾਂ ਬ੍ਰਹਮਚਾਰੀ ਪ੍ਰਯੋਗ ਵਿਚਾਰ ਦੀ ਸਿਰਜਣਾ ਹੋਈ।

-ਕੁਮਾਰੀ ਮਨੂੰ : ਇਕ ਦਿਨ ਅੱਧੀ ਰਾਤ ਨੂੰ ਗਾਂਧੀ ਜੀ ਨੇ ਮੈਨੂੰ ਜਗਾ ਲਿਆ ਅਤੇ ਗੱਲਾਂ ਕਰਨ ਲੱਗੇ।ਤਦ ਤੋਂ ਮੈਂ ਉਨ੍ਹਾਂ ਦੇ ਨਾਲ ਸੌਣ ਲੱਗ ਪਈ।ਮੇਰੀ ਉਮਰ ਉਸ ਵੇਲੇ 19 ਵਰ੍ਹਿਆਂ ਦੀ ਸੀ ਅਤੇ ਉਨ੍ਹਾਂ ਨਾਲ ਹਮਬਿਸਤਰੀ ਮੈਂ ਨਵਾਖਲੀ ਦੇ ਦੌਰੇ ਸਮੇਂ ਸ਼ੁਰੂ ਕੀਤੀ।

-ਆਭਾ : ਦੋ ਵਰ੍ਹਿਆਂ ਪਿਛੋਂ ਨਵਾਖਲੀ ਵਿਖੇ ਮੈਂ ਉਨ੍ਹਾਂ ਲਾਗੇ ਲਗਾਤਾਰ ਸੌਣ ਲੱਗ ਪਈ।ਗਾਂਧੀ ਜੀ ਨੇ ਮੈਨੂੰ ਇਹ ਕਿਹਾ, "ਕੱਪੜੇ ਲਾਹ ਦੇਹ।"

-ਮੀਰਾ ਬੇਨ : (ਗਾਂਧੀ ਦੇ ਖਤ ਦਾ ਭਾਗ) ਤੂੰ ਸਾਰਾ ਸਮਾਂ ਮੇਰੇ ਉੱਤੇ ਪਿਆਰ ਦੀ ਵਰਖਾ ਕਰਦੀ ਰਹੀ।ਮੈਂ ਖੁਦ ਨੂੰ ਗਬਨ ਦਾ ਦੋਸ਼ੀ ਮਹਿਸੂਸ ਕਰਦਾ ਰਿਹਾ ਅਤੇ ਨਿੱਕੇ ਜਿਹੇ ਬਹਾਨੇ ਉੱਤੇ ਭੜਕ ਉੱਠਦਾ ਸੀ।ਹੁਣ ਜਦੋਂ ਕਿ ਤੂੰ ਮੇਰੇ ਕੋਲ ਨਹੀਂ ਹੈ, ਮੇਰੇ ਅਵਗੁਣ ਮੇਰੇ 'ਤੇ ਹੀ ਸਵਾਰ ਹਨ।'ਮੈਂ ਤੈਨੂੰ ਇਸ ਤਰ੍ਹਾਂ ਕਿਉਂ ਫਿਟਕਾਰਦਾ ਰਿਹਾ' ਪਰ ਮੈਂ ਜਿੰਨੀ ਦੇਰ ਤੱਕ ਤੇਰੀਆਂ ਸੇਵਾਵਾਂ ਪ੍ਰਾਪਤ ਕਰਦਾ ਰਿਹਾ, ਮੈਂ ਭਖਦੀ ਸੁਆਹ ਉੱਤੇ ਲਿਟਦਾ ਰਿਹਾ।

-ਸਰੋਜਨੀ ਨਾਇਡੋ (ਰਜਨੀ ਮਾਗਨੀ, ਪੁਸਤਕ ਮਿਸਟਰ ਗਾਂਧੀ, ਸਫਾ 186) : ਗਾਂਧੀ ਜੀ ਨੇ ਜਿਵੇਂ ਕਈਆਂ ਹੋਰਨਾਂ ਦੀ ਤ੍ਰਿਪਤੀ ਕੀਤੀ ਤਿਵੇਂ ਹੀ ਨਾਇਡੋ ਨੂੰ ਵੀ ਕੋਮਲਤਾ ਪ੍ਰਦਾਨ ਕੀਤੀ ਅਤੇ ਉਸ ਦੀ ਕਾਮ ਪੂਰਤੀ ਕੀਤੀ.....।ਕੁਝ ਹੋਰ ਔਰਤਾਂ ਸਨ ਰਾਜ ਕੁਮਾਰੀ ਅੰਮ੍ਰਿਤ ਕੌਰ, ਸਲੋਚਨਾ, ਪ੍ਰਭਾ ਦੇਵੀ ਆਦਿ।

-ਮੈਂ ਸਨਾਤਨੀ ਹਿੰਦੂ ਹਾਂ ਕਿਉਂਕਿ ਮੈਂ ਵੇਦ, ਉਪਨਿਸ਼ਦ, ਪੁਰਾਣ ਅਤੇ ਸਾਰੇ ਹਿੰਦੂ ਸ਼ਾਸਤਰਾਂ ਵਿਚ ਵਿਸ਼ਵਾਸ ਕਰਦਾ ਹਾਂ।ਇਸ ਲਈ ਪੁਨਰ ਜਨਮ ਅਤੇ ਅਵਤਾਰਾਂ 'ਚ ਮੇਰਾ ਵਿਸ਼ਵਾਸ ਹੈ।

-ਮੈਂ ਈਸ਼ਵਰ ਅਤੇ ਉਨ੍ਹਾਂ ਤਮਾਮ ਗੱਲਾਂ ਵਿਚ ਵਿਸ਼ਵਾਸ ਕਰਦਾ ਹਾਂ, ਜਿਥੇ ਤਰਕ ਦਾ ਕੋਈ ਸਥਾਨ ਨਹੀਂ ਹੈ।ਮੇਰਾ ਵਿਸ਼ਵਾਸ ਅੱਟਲ ਹੈ।

-ਮੈਂ ਗੀਤਾ ਭਗਤ ਹਾਂ।ਇਸ ਲਈ ਕਰਮ ਸਿਧਾਂਤ ਵਿਚ ਪੂਰਨ ਯਕੀਨ ਰੱਖਦਾ ਹਾਂ।

-ਪਵਿੱਤਰ ਯੱਗੋਪਵੀਤ (ਜਨੇਊ) ਨਵੇਂ ਜਨਮ ਦਾ ਚਿੰਨ੍ਹ ਹੈ।ਇਹ ਪੁਨਰ ਜਨਮ ਦੀ ਨਿਸ਼ਾਨੀ ਹੈ।

-ਕਦੇ ਮੈਂ ਸ਼ਿਵਲਿੰਗ ਨੂੰ ਦੇਖਦਾ ਹਾਂ ਤਾਂ ਇਸ ਦਾ ਅਕਾਰ ਜਾਂ ਸੰਗਮ ਮੈਨੂੰ ਅਸ਼ਲੀਲ ਪ੍ਰਤੀਤ ਨਹੀਂ ਹੁੰਦੇ।

-ਮੇਰਾ ਦਰਸ਼ਨ ਗੀਤਾ ਦੀਆਂ ਸਿੱਖਿਆਵਾਂ ਦੇ ਸਹੀ ਅਰਥ ਦਾ ਪ੍ਰਤੀਨਿਧ ਵਰਨਣ ਹੈ। (ਗੀਤਾ ਜੋ ਆਖਦੀ ਹੈ ਕਿ ਸ਼ੂਦਰ, ਔਰਤ ਅਤੇ ਵੈਸ਼ ਪਾਪ ਦੀ ਜੂੰਨੀ ਹਨ।)

-ਮੈਂ ਅਜਿਹੇ ਸਾਰੇ ਲੋਕਾਂ ਦਾ ਵਿਰੋਧੀ ਹਾਂ ਜੋ ਜਾਤਪਾਤ ਨਸ਼ਟ ਕਰਨਾ ਚਾਹੁੰਦੇ ਹਨ।...ਮੇਰਾ ਮਤ ਹੈ ਕਿ ਜੇ ਹਿੰਦੂ ਸਮਾਜ ਸਥਿਰ ਰਹਿ ਸਕਿਆ ਹੈ ਤਾਂ ਇਸ ਲਈ ਇਹ ਜਾਤਪਾਤ ਉੱਤੇ ਅਧਾਰਤ ਹੈ।

-ਜਾਤਪਾਤ ਵਿਚ ਸਵਰਾਜ ਦੇ ਬੀਜ ਵਿਦਮਾਨ ਹਨ। (ਭਾਵ ਹਿੰਦੂ ਸਵਰਾਜ ਦੇ)

-ਜਾਤਪਾਤ ਦੇ ਪਾਸ ਆਰੰਭਕ ਸਿੱਖਿਆ ਫੈਲਾਉਣ ਦੇ ਸਾਧਨ ਮੌਜੂਦ ਹਨ। ਹਰ ਜਾਤੀ ਆਪਣੇ-ਆਪਣੇ ਬੱਚਿਆਂ ਦੀ ਜ਼ਿੰਮੇਵਾਰੀ ਲੈ ਸਕਦੀ ਹੈ।

-ਜਾਤਪਾਤ ਸਮਾਜ ਦੀ ਸੁਭਾਵਕ ਵਿਵਸਥਾ ਹੈ। ਭਾਰਤ ਵਿਚ ਇਸ ਨੂੰ ਧਾਰਮਿਕ ਰੰਗਤ ਦਿੱਤੀ ਗਈ ਹੈ।

-ਸਰਬ ਉੱਤਮ ਉਪਾ ਇਹ ਹੈ ਕਿ ਸਾਰੀਆਂ ਛੋਟੀਆਂ ਜਾਤਾਂ ਆਪਸ ਵਿਚ ਮਿਲ ਕੇ ਵੱਡੀਆਂ ਜਾਤਾਂ ਬਣ ਜਾਣ। ਕੁਲ ਮਿਲਾ ਕੇ ਕੇਵਲ ਚਾਰ ਜਾਤੀਆਂ ਰਹਿ ਜਾਣ ਤਾਂ ਕਿ ਅਸੀਂ ਪੁਰਾਣੀ ਵਰਨ ਵਿਵਸਥਾ ਨੂੰ ਫਿਰ ਤੋਂ ਜੀਵਤ ਕਰ ਸਕੀਏ।

-ਵਰਨ ਵਿਵਸਥਾ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਸ਼ੂਦਰ ਨੂੰ ਪੜ੍ਹਨ ਜਾਂ ਸ਼ਾਸਤਰ ਵਿਦਿਆ ਸਿੱਖਣ ਤੋਂ ਰੋਕਦਾ ਹੋਵੇ। ਇਸ ਵਿਚ ਕੇਵਲ ਪਾਬੰਦੀ ਹੈ ਕਿ ਸ਼ੂਦਰ ਵਿੱਦਿਆ ਸਿੱਖ ਕੇ ਉਸ ਨਾਲ ਆਪਣੀ ਰੋਟੀ ਨਹੀਂ ਕਮਾਏਗਾ। ਉਹ ਪੜ੍ਹ-ਲਿਖ ਕੇ ਵੀ ਕੰਮ ਸੇਵਾ ਦਾ ਹੀ ਕਰੇਗਾ। (ਭਾਵ ਗੁਲਾਮ ਦਾ ਧਰਮ ਗੁਲਾਮੀ ਕਰਨਾ ਹੈ।)

-ਵਰਨ ਵਿਵਸਥਾ ਪੇਸ਼ੇ ਨਾਲ ਸੰਬੰਧਤ ਹੈ, ਜਿੱਥੋਂ ਤੱਕ ਰੋਟੀ-ਰੋਜ਼ੀ ਦਾ ਪ੍ਰਸ਼ਨ ਹੈ, ਇਹ ਉਸ ਨੂੰ ਆਪਣੇ ਵਰਨ ਦੇ ਪੇਸ਼ੇ ਤੋਂ ਹੀ ਕਮਾਉਣੀ ਚਾਹੀਦੀ ਹੈ। ਇਸ ਦਾ ਅਰਥ ਇਹ ਹੈ ਕਿ ਉਸ ਨੂੰ ਆਪਣਾ ਪ੍ਰੰਪਰਾਗਤ ਪੇਸ਼ਾ ਹੀ ਅਪਨਾਉਣਾ ਚਾਹੀਦਾ ਹੈ। ਵਰਨ ਵਿਵਸਥਾ ਦਾ ਉਦੇਸ਼ ਹਰ ਤਰ੍ਹਾਂ ਦੇ ਮੁਕਾਬਲੇ ਵਰਗ ਸੰਘਰਸ਼ ਅਤੇ ਵਰਗ ਯੁੱਧ ਨੂੰ ਰੋਕਣਾ ਹੈ।

-ਵਰਨ ਵਿਵਸਥਾ ਵਿਚ ਕਿਸੇ ਵੀ ਵਿਅਕਤੀ ਨੂੰ ਆਪਣਾ ਪੇਸ਼ਾ ਚੁਣਨ ਦੀ ਛੋਟ ਨਹੀਂ। ਉਸ ਦਾ ਪੇਸ਼ਾ ਉਹੀ ਹੋਏਗਾ, ਜੋ ਉਸ ਦੇ ਬਾਪ-ਦਾਦਾ ਕਰਦੇ ਆਏ ਹਨ।

(ਕੀ ਦੇਸੇ ਲਈ ਮਹਾਤਮਾ ਗਾਂਧੀ ਜੋ ਬਾਣੀਆਂ ਸੀ, ਉਸ ਦਾ ਪਿਤਾ ਹੱਟੀ ਕਰਨ ਦੀ ਥਾਂ ਦੀਵਾਨ ਗਿਰੀ ਕਰਦਾ ਸੀ, ਗਾਂਧੀ ਦਿਵਾਨ ਗਿਰੀ ਦੀ ਥਾਂ ਬੈਰਿਸਟਰ ਬਣਿਆ, ਵਕਾਲਤ ਕੀਤੀ, ਰਾਜਨੀਤੀਵਾਨ ਬਣਿਆ ਤੇ ਫਿਰ ਮਹਾਤਮਾ ਬਣਿਆ। ਇਹ ਹੈ ਮਹਾਤਮਾ ਗਾਂਧੀ ਦੀ ਵਰਨਵਿਵਸਥਾ, ਜਿਸ ਦੇ ਹੁੰਦਿਆ ਗਾਂਧੀ ਦੇ ਲੜਕੇ ਨੇ ਕਿਸੇ ਹੋਰ ਜਾਤੀ ਦੀ ਲੜਕੀ ਨਾਲ ਸ਼ਾਦੀ ਕਰਵਾਈ।)

-ਮੇਰਾ ਵਿਚਾਰ ਹੈ ਕਿ ਜੇ ਭਾਰਤ ਇਸ ਆਧੁਨਿਕ ਸੱਭਿਅਤਾ ਨੂੰ ਤਿਆਗ ਦੇਵੇ ਤਾਂ ਇਸ ਨਾਲ ਦੇਸ਼ ਦਾ ਭਲਾ ਹੀ ਹੋਵੇਗਾ। ਪੱਛਮੀ ਸੱਭਿਅਤਾ ਸ਼ੈਤਾਨ ਦੀ ਦੇਣ ਹੈ।

-ਜਦੋਂ ਮਜ਼ਦੂਰ ਨੂੰ ਆਪਣੀ ਸ਼ਕਤੀ ਦਾ ਅਨੁਭਵ ਹੋ ਜਾਂਦਾ ਹੈ, ਤਦ ਮੈਨੂੰ ਇਸ ਗੱਲ ਦਾ ਗਿਆਨ ਹੈ ਕਿ ਉਹ ਮਾਲਕ ਤੋਂ ਵੀ ਅਤਿਆਚਾਰੀ ਬਣ ਜਾਂਦਾ ਹੈ।.....ਜਦੋਂ ਮਜ਼ਦੂਰ ਆਪਣੀ ਪਸ਼ੂ ਬਿਰਤੀ ਵਾਲੀ ਤਾਕਤ ਦਾ ਸਹਾਰਾ ਲੈਂਦੇ ਹਨ, ਜਦੋਂ ਉਹ ਹਿੰਸਾ 'ਤੇ ਉਤਾਰੂ ਹੋ ਜਾਂਦੇ ਹਨ ਤਾਂ ਸਮਝੋ ਉਹ ਆਤਮਘਾਤ ਕਰਦੇ ਹਨ। ਇਸ ਤੋਂ ਉਲਟ ਜਦੋਂ ਉਹ ਸ਼ੁੱਧ ਨਿਆਂ ਦਾ ਪੱਖ ਲੈਂਦੇ ਹਨ ਅਤੇ ਉਸ ਨੂੰ ਪ੍ਰਾਪਤ ਕਰਨ ਵਾਸਤੇ ਖੁਦ ਕਸ਼ਟ ਝੱਲਦੇ ਹਨ ਤਾਂ ਨਾ ਕੇਵਲ ਇਸ ਨਾਲ ਉਨ੍ਹਾਂ ਨੂੰ ਸਫਲਤਾ ਮਿਲੇਗੀ ਸਗੋਂ ਉਨ੍ਹਾਂ ਦੇ ਮਾਲਕਾਂ ਦਾ ਵੀ ਸੁਧਾਰ ਹੋਵੇਗਾ। ਉਦਯੋਗ ਦਾ ਵਿਕਾਸ ਹੋਏਗਾ। ਮਜ਼ਦੂਰ ਅਤੇ ਮਾਲਕ ਇਕ ਹੀ ਪਰਵਾਰ ਦੇ ਮੈਂਬਰ ਬਣ ਜਾਣਗੇ।.....ਭਾਰਤ ਦਾ ਇਤਿਹਾਸ ਗਵਾਹ ਹੈ ਕਿ ਇਥੇ ਮਜ਼ਦੂਰ ਅਤੇ ਮਾਲਕ ਦੇ ਸੰਬੰਧ ਕਦੇ ਵੀ ਤਨਾਅ-ਪੂਰਨ ਨਹੀਂ ਰਹੇ।

-ਕਿਸਾਨਾਂ ਨੂੰ ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਉਹ ਇਮਾਨਦਾਰੀ ਨਾਲ ਉਨ੍ਹਾਂ ਸਮਝੌਤਿਆਂ ਦਾ ਪਾਲਣ ਕਰਨ ਜੋ ਉਨ੍ਹਾਂ ਅਤੇ ਜ਼ਿਮੀਂਦਾਰਾਂ ਦੇ ਵਿਚਕਾਰ ਹੋਏ ਹਨ। ਜਿਥੇ ਕੋਈ ਸਮਝੌਤਾ ਬੁਰਾ ਵੀ ਹੋਵੇ, ਉੱਥੇ

ਵੀ ਨਾ ਤਾਂ ਉਸ ਨੂੰ ਜ਼ੋਰਾ-ਜਬਰੀ ਨਾਲ ਸਮਾਪਤ ਕਰਨਾ ਚਾਹੀਦਾ ਹੈ ਅਤੇ ਨਾ ਜ਼ਿਮੀਂਦਾਰ ਦੇ ਧਿਆਨ ਵਿਚ ਲਿਆਂਦੇ ਬਿਨਾਂ ਆਪਣੇ-ਆਪ ਹੀ ਬਦਲਣਾ ਚਾਹੀਦਾ ਹੈ ।

-ਸਾਨੂੰ ਸੰਸਾਰ ਦੇ ਲੋਭ ਦਾ ਘੱਟ ਅਤੇ ਪ੍ਰਲੋਕ ਦੇ ਲੋਭ ਦਾ ਵਧੇਰੇ ਧਿਆਨ ਕਰਨਾ ਚਾਹੀਦਾ ਹੈ ।

ਬ੍ਰਹਮਚਾਰੀ ਪ੍ਰਯੋਗ ਬਾਰੇ ਜਦੋਂ ਮਹਾਤਮਾ 'ਤੇ ਉਂਗਲਾਂ ਉੱਠਣ ਲੱਗੀਆਂ ਤਾਂ ਗਾਂਧੀ ਨੇ ਕਿਹਾ :-

-ਚਾਹੇ ਸਾਰਾ ਹੀ ਸੰਸਾਰ ਮੈਨੂੰ ਤਿਆਗ ਦੇਵੇ ਪ੍ਰੰਤੂ ਮੈਂ ਉਸ ਕੰਮ ਨੂੰ ਨਹੀਂ ਛੱਡ ਸਕਦਾ ਜੋ ਮੇਰੇ ਲਈ 'ਸੱਤ' ਹੈ । ਹੋ ਸਕਦਾ ਹੈ ਇਹ ਭਰਮ ਜਾਂ ਫੰਦਾ ਹੋਵੇ । ਜੇ ਅਜਿਹਾ ਵੀ ਹੋਵੇ ਤਾਂ ਵੀ ਮੈਂ ਇਹ ਸਾਧਨਾ ਖੁਦ ਹੀ ਕਰਾਂਗਾ ।' (ਮਹਾਤਮਾ ਗਾਂਧੀ ਐਂਡ ਹਿਜ਼ ਐਪੋਸਟਲਜ਼ 196)

-ਅਮੀਰੀ ਅਮੀਰ ਨੂੰ ਸੁਖੀ ਨਹੀਂ ਬਣਾ ਸਕਦੀ, ਨਾ ਗਰੀਬੀ ਹੀ ਗਰੀਬਾਂ ਦੇ ਦੁੱਖ ਦਾ ਕਾਰਨ ਹੈ ।

-ਕਰੋੜਾਂ ਨੇ ਤਾਂ ਗਰੀਬ ਹੀ ਰਹਿਣਾ ਹੈ, ਇਸ ਲਈ ਉਨ੍ਹਾਂ (ਗਰੀਬਾਂ) ਨੂੰ ਭੋਗ ਵਾਸਨਾ (ਭਾਵ ਆਪਣੀਆਂ ਜ਼ਰੂਰੀ ਲੋੜਾਂ ਦਾ ਖਿਆਲ) ਛੱਡ ਦੇਣਾ ਚਾਹੀਦਾ ਹੈ ।

-ਤੁਸੀਂ (ਗਰੀਬ ਲੋਕੋ) ਜੀਵਨ ਦੇ ਸਾਧਨਾਂ ਦਾ ਲੋਭ ਮਤ ਕਰੋ । ਉਨ੍ਹਾਂ ਨੂੰ ਅਮੀਰਾਂ ਦੇ ਕੋਲ ਹੀ ਰਹਿਣ ਦਿਉ ਅਤੇ ਮਾਲਕਾਂ ਜਾਂ ਅਮੀਰਾਂ ਨਾਲ ਪ੍ਰੇਮ ਕਰਕੇ ਆਪਣਾ ਜੀਵਨ ਸਫਲ ਬਣਾਉ ।

-ਅਮੀਰਾਂ ਵਾਂਗ ਜੀਵਨ ਦੀਆਂ ਅਵਸਸ਼ਕਤਾਵਾਂ ਨੂੰ ਪੂਰਾ ਕਰਨ ਦੇ ਸਾਧਨ ਪ੍ਰਾਪਤ ਕਰਨ ਦੀ ਚੇਸ਼ਟਾ ਕਰਨਾ ਵਿਅਰਥ ਹੈ ਅਤੇ (ਇਹ) ਹਿੰਸਾ ਦਾ ਮਾਰਗ ਹੈ । (ਭਾਵ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਚੇਸ਼ਟਾ, ਗਾਂਧੀ ਅਨੁਸਾਰ ਹਿੰਸਾ ਹੈ ।)

-ਜੋ ਸ਼ੂਦਰ ਉੱਚੀਆਂ ਜਾਤੀਆਂ ਦੀ ਸੇਵਾ ਆਪਣਾ ਧਰਮ ਮੰਨ ਕੇ ਕਰਦਾ ਹੈ, ਜੋ ਕਿਸੇ ਪ੍ਰਕਾਰ ਦੀ ਧਨ ਸੰਪਤੀ ਨੂੰ ਹੱਥ ਤੱਕ ਨਹੀਂ ਲਗਾਉਂਦਾ, ਜਿਸਦੇ ਮਨ ਵਿਚ ਧਨ ਦੌਲਤ ਪ੍ਰਾਪਤ ਕਰਨ ਦੀ ਇੱਛਾ ਤੱਕ ਨਹੀਂ ਹੈ, ਉਸ ਨੂੰ ਹਜ਼ਾਰਾਂ ਪ੍ਰਨਾਮ । ਉਸ 'ਤੇ ਤਾਂ ਦੇਵਤਾ ਵੀ ਫੁੱਲ ਵਰਸਾਣਗੇ । (ਪਿਛਲੇ ਭਾਗਾਂ ਵਿਚ ਵੇਖਿਆ ਜਾ ਚੁੱਕਾ ਹੈ ਕਿ ਜਿਸਨੇ ਆਦਿਵਾਸੀਆਂ ਨੂੰ ਜਿੰਨਾ ਜ਼ਿਆਦਾ ਗੁਲਾਮ ਬਣਾ ਲਿਆ, ਉਤਨਾ ਹੀ ਵੱਡਾ ਰੁਤਬਾ ਉਸ ਨੂੰ ਮਿਲਿਆ । ਇਸੇ ਕਰਕੇ ਗਾਂਧੀ ਨੂੰ 'ਮਹਾਤਮਾ' ਦੀ ਉਪਾਧੀ ਦਿੱਤੀ ਗਈ ਜਾਪਦੀ ਹੈ, ਕਿਉਂਕਿ ਉਹ ਗੁਲਾਮ ਨੂੰ ਗੁਲਾਮ ਰਹਿਣ ਦੀ ਨਸੀਹਤ ਕਰਦਾ ਹੈ ਤੇ ਗੁਲਾਮੀ ਸਹਿਣ ਕਰਨਾ ਉਸ ਦਾ ਧਰਮ ਹੈ । ਤਾਂ ਹੀ ਤਾਂ ਦੇਵਤੇ ਫੁੱਲ ਵਰਸਾਉਂਦੇ ਹਨ ।)

-(ਜਾਤ-ਪਾਤ ਨੂੰ ਪੱਕਾ ਰੱਖਣ ਦਾ ਉਪਦੇਸ਼) ਜਦੋਂ ਮੈਂ ਚਾਹੁੰਦਾ ਹਾਂ ਕਿ ਆਸ਼ਰਮ ਦਾ ਭੰਗੀ ਠੀਕ ਤਰ੍ਹਾਂ ਕੰਮ ਕਰੇ ਤਾਂ ਮੈਨੂੰ ਇਹ ਕੰਮ ਖੁਦ ਕਰਕੇ ਉਸ ਨੂੰ ਦਿਖਾਉਣਾ ਚਾਹੀਦਾ ਹੈ । ਉਸ ਦੇ ਸਾਹਮਣੇ ਉਦਾਹਰਣ ਪੇਸ਼ ਕਰਨੀ ਚਾਹੀਦੀ ਹੈ ।

-ਤੁਹਾਨੂੰ (ਭੰਗੀਆਂ ਨੂੰ) ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਤੁਸੀਂ ਹਿੰਦੂ ਸਮਾਜ ਨੂੰ ਸਾਫ ਕਰ ਰਹੇ ਹੋ । ਉਸ ਦੀ ਗੰਦਗੀ ਦੂਰ ਕਰ ਰਹੇ ਹੋ । (ਸਮਾਜ ਦੀ ਗੰਦਗੀ ਦੂਰ ਕਰਨ ਵਾਲੇ ਨੂੰ ਕਿਹਾ ਜਾਂਦਾ ਹੈ ਚੂਹੜਾ ਤੇ ਉਸ ਨਾਲ ਭਿਟ ਕੀਤੀ ਜਾਂਦੀ ਹੈ । ਨਫਰਤ ਕੀਤੀ ਜਾਂਦੀ ਹੈ ।)

-ਮਦਰਾਸ ਕੌਂਸਲ ਵਿਚ ਰੰਗਾਆਇਰ ਨੇ ਛੂਆ-ਛਾਤ ਖ਼ਾਤਮਾ ਬਿੱਲ ਪੇਸ਼ ਕੀਤਾ । ਗਾਂਧੀ ਨੇ ਆਪਣੇ ਪੁੱਤਰ ਦੇਵਦਾਸ ਦੇ ਸਹੁਰੇ ਰਾਜ ਗੋਪਾਲਾਚਾਰੀ ਨਾਲ ਗੰਢ-ਸੰਢ ਕਰਕੇ ਇਸ ਬਿੱਲ ਨੂੰ ਰੱਦ ਕਰਵਾ ਦਿੱਤਾ ।

-ਹਿੰਦੂ ਧਰਮ ਵਿਚ ਜੋ ਕੁਝ ਹੈ, ਸ੍ਰੇਸ਼ਟ ਹੈ । ਹਿੰਦੂ ਧਰਮ ਵਿਚ ਜੋ ਕੁਝ ਹੈ ਮੰਗਲਕਾਰੀ ਅਤੇ ਅਵੱਸ਼ਕ ਹੈ ।

-ਡਾ. ਰਾਧਾ ਕ੍ਰਿਸ਼ਨ ਨੇ ਕਿਹਾ, "ਗਾਂਧੀ ਜੀ ਇਸ ਲੋਕ ਦੇ ਦੇਵਤਾ ਹਨ । (ਕਿਉਂਕਿ ਗਾਂਧੀ ਜੀ ਪਾਸ ਉਹੀ ਗੁਣ ਤੇ ਕਰਮ ਹਨ ਜੋ ਦੇਵਤਿਆਂ ਵਿਚ ਹਨ, ਦੇਵਤਿਆਂ ਦਾ ਕਿਰਦਾਰ, ਹਿੰਦੂ ਧਾਰਮਿਕ ਗ੍ਰੰਥਾਂ ਅਤੇ ਬਾਣੀ ਵਿਚ ਦਰਜ ਹੈ ।)

-ਜਾਤੀ ਪ੍ਰਥਾ ਨੂੰ ਨਸ਼ਟ ਕਰਨ ਦਾ ਅਰਥ ਹੈ ਪਿਤਾ ਪੁਰਖੀ ਪੇਸ਼ੇ ਨਸ਼ਟ ਕਰਨਾ, ਜੋ ਕਿ ਜਾਤੀ ਪ੍ਰਥਾ ਦੀ ਆਤਮਾ ਹੈ ।

-ਇਸ ਤਰ੍ਹਾਂ ਜਦੋਂ ਆਏ ਦਿਨ ਬ੍ਰਾਹਮਣ ਸ਼ੂਦਰ ਅਤੇ ਸ਼ੂਦਰ ਬ੍ਰਾਹਮਣ ਬਣਨ ਲਗਣਗੇ ਤਾਂ ਸਮਾਜ ਦਾ ਕੰਮ ਹੀ ਠੱਪ ਹੋ ਜਾਵੇਗਾ ।

(ਸਮਾਜ ਦਾ ਕਾਰੋਬਾਰ ਤਾਂ ਨਹੀਂ ਰੁਕਦਾ ਨਾ ਹੁਣ ਰੁਕਿਆ ਹੈ ਜਦੋਂ ਹਰ ਵਿਅਕਤੀ ਕਿੱਤੇ ਬਦਲ ਰਿਹਾ

ਹੈ। ਪ੍ਰੰਤੂ ਗਾਂਧੀ ਜੀ ਦਾ ਡਰ ਹੈ ਕਿ ਬ੍ਰਾਹਮਣੀ ਪ੍ਰਬੰਧ ਹੀ ਠੱਪ ਹੋ ਜਾਵੇਗਾ।)

-ਜਾਤੀ ਪ੍ਰਥਾ ਇਕ ਕੁਦਰਤੀ ਵਿਧਾਨ ਹੈ (ਕੁਦਰਤ ਦਾ ਕਾਨੂੰਨ)। ਭਾਰਤ ਨੇ ਇਸ ਪ੍ਰਾਕ੍ਰਤਕ ਵਿਧਾਨ ਦਾ ਮਹੱਤਵ ਸਮਝਦੇ ਹੋਏ ਇਸ ਨੂੰ ਧਾਰਮਿਕ ਰੰਗ ਦੇ ਕੇ ਸਥਾਈ ਰੂਪ ਦੇ ਦਿੱਤਾ ਹੈ, ਜਦੋਂ ਕਿ ਹੋਰ ਦੇਸ਼ਾਂ ਨੇ ਅਜਿਹਾ ਨਹੀਂ ਕੀਤਾ।

-ਭਾਰਤ ਦੇ ਸਾਹਮਣੇ (ਨਵ ਜੀਵਨ, 1921) ਦੋ ਰਸਤੇ ਖੁੱਲ੍ਹੇ ਹਨ। ਇਕ ਰਸਤਾ ਜਿਸ ਦੀ ਲਾਠੀ ਉਸੇ ਦੀ ਭੈਂਸ ਵਾਲਾ ਪੱਛਮੀ ਸੱਭਿਅਤਾ ਦਾ ਹੈ।

ਦੂਸਰਾ ਰਸਤਾ ਹੈ 'ਸਤਿਆ ਮੇਵ ਜੈਅਤੇ' ਦੇ ਸਿਧਾਂਤ ਵਾਲਾ ਜੋ ਆਪਣੀ ਪੂਰਬੀ ਸੱਭਿਅਤਾ ਵਾਲਾ ਹੈ, ਜਿਸ ਵਿਚ ਸ਼ਕਤੀਸ਼ਾਲੀ ਅਤੇ ਕਮਜ਼ੋਰ ਦੋਹਾਂ ਨੂੰ ਨਿਆਂ ਪ੍ਰਾਪਤ ਕਰਨ ਦਾ ਅਧਿਕਾਰ ਹੈ। (ਕੀ ਸ਼ਕਤੀਸ਼ਾਲੀ ਲਾਠੀ ਵਾਲੇ ਨੂੰ ਤੇ ਕਮਜ਼ੋਰ ਭੈਂਸ ਵਾਲੇ ਨੂੰ ਨਹੀਂ ਕਿਹਾ ਜਾਂਦਾ ?)

ਨੋਟ :-ਪੂਨਾ ਪੈਕਟ ਸਮੇਂ ਗਾਂਧੀ ਦਾ ਕੀ ਰੋਲ ਸੀ ਤੇ ਉਸ ਨੇ ਦਲਿਤਾਂ ਦੇ ਅਧਿਕਾਰਾਂ ਨੂੰ ਸਮਾਪਤ ਕਰਨ ਲਈ ਕਿਸ ਹੱਦ ਤੀਕ ਘੋਲ ਲੜਿਆ, ਇਸ ਬਾਰੇ ਪੂਨਾ ਪੈਕਟ ਚੈਪਟਰ ਵਿਚ ਦਰਸਾਇਆ ਗਿਆ ਹੈ।

ਪੁਸਤਕ ਸਾਚੀ ਸਾਖੀ-82. ਦੂਜੀ ਗੋਲਮੇਜ਼ ਕਾਨਫਰੰਸ ਸਮੇਂ ਮਹਾਤਮਾ ਗਾਂਧੀ ਨੇ ਕਿਹਾ :-

1. ਰਾਜਸੀ ਹਿੰਦੁਸਤਾਨ ਦੀ ਕੇਵਲ ਇਕੋ ਇਕ ਪ੍ਰਤੀਨਿਧ ਇੰਡੀਅਨ ਨੈਸ਼ਨਲ ਕਾਂਗਰਸ ਹੈ।

2. ਅਛੂਤ ਜਾਤੀਆਂ ਹਿੰਦੂ ਜਾਤੀ ਦਾ ਅਨਿਖੜਵਾਂ ਅੰਗ ਹਨ ਅਤੇ ਵੱਖਰੀ ਨੁਮਾਇੰਦਗੀ ਨਹੀਂ ਮੰਗ ਸਕਦੀਆਂ।

ਇਨਕਲਾਬੀ ਤੇ ਦਾਰਸ਼ਨਿਕ ਪੁਰਸ਼
ਪੈਰੀਅਰ ਈ.ਵੀ. ਰਾਮਾਸਵਾਮੀ ਨਾਈਕਰ

ਇਸ ਕ੍ਰਾਂਤੀਕਾਰੀ ਮਹਾਨ ਪੁਰਖ ਦਾ ਜਨਮ ਪਛੜੀ ਜਾਤੀ ਵਿਚ, ਇਰੋਡ (ਤਾਮਲਨਾਡੂ) ਨਾਂ ਦੇ ਸਥਾਨ 'ਤੇ 17 ਸਤੰਬਰ 1879 ਵਿਚ ਹੋਇਆ। ਪਿਤਾ ਦਾ ਨਾਮ ਵੇਂਕਟਪਾ ਨਾਈਕਰ ਅਤੇ ਮਾਂ ਦਾ ਨਾਂ ਚਿੰਨਾ ਬਾਈ ਅੰਮਲ ਸੀ। ਉਨ੍ਹਾਂ ਦੀ ਸ਼ਾਦੀ ਨਾਗਮਈ ਨਾਂ ਦੀ ਲੜਕੀ ਨਾਲ ਹੋਈ। ਡਾ. ਯੋਗੇਂਦਰ ਸੈਨ ਪੈਰੀਅਰ ਬਾਰੇ ਲਿਖਦੇ ਹਨ :-ਉਨ੍ਹਾਂ ਨੇ ਧਰਮ, ਈਸ਼ਵਰ, ਦੇਵਤਾ ਬਾਜ਼ੀ ਆਦਿ ਅੰਧ-ਵਿਸ਼ਵਾਸਾਂ ਪ੍ਰਤੀ ਖੁੱਲ੍ਹਾ ਯੁੱਧ ਕਰਕੇ ਜਨਤਾ ਦੇ ਮਨਾਂ ਨੂੰ ਸਾਫ ਕੀਤਾ ਅਤੇ ਉਸ ਨੂੰ ਮਾਨਵਵਾਦੀ ਨਾਗਰਿਕ ਅਤੇ ਰਾਜਨੀਤਕ ਅਧਿਕਾਰਾਂ ਦੇ ਯੋਗ ਬਣਾ ਦਿੱਤਾ।

ਜਦੋਂ ਪੈਰੀਅਰ ਬਚਪਨ ਵਿਚ ਹੀ ਅਛੂਤਾਂ ਨਾਲ ਘੁਲ ਮਿਲਕੇ ਰਹਿਣ ਲੱਗੇ ਅਤੇ ਉਨ੍ਹਾਂ ਨਾਲ ਬੈਠ ਕੇ ਖਾਣ ਪੀਣ ਲੱਗੇ ਤਾਂ ਉਨ੍ਹਾਂ ਨੂੰ ਸਕੂਲ ਭੇਜਿਆ ਗਿਆ ਤਾਂ ਕਿ ਉਹ ਇਸ ਆਦਤ ਤੋਂ ਬਾਜ ਆ ਜਾਣ ਪ੍ਰੰਤੂ ਪਾਠਸ਼ਾਲਾ ਵਿਚ ਵੀ ਰਾਮਸਵਾਮੀ ਜਲਦੀ ਹੀ ਆਪਣੀ ਪੁਰਾਣੀ ਲੀਹ 'ਤੇ ਚੱਲਣ ਲੱਗੇ। ਉਹ ਫੇਰ ਅਛੂਤਾਂ ਦੇ ਨਾਲ ਖਾਣ ਪੀਣ ਅਤੇ ਘੁਲਣ ਮਿਲਣ ਲੱਗੇ। ਇਹੀ ਨਹੀਂ ਉਹ ਜਾਣ-ਬੁੱਝ ਕੇ ਕੱਟੜਪੰਥੀਆਂ ਨੂੰ ਚਿੜਾਉਣ ਲਈ ਸਨਾਤਨ ਵਿਸ਼ਵਾਸਾਂ ਅਤੇ ਪਰੰਪਰਾਵਾਂ ਦਾ ਅਨਾਦਰ ਅਤੇ ਮਜ਼ਾਕ ਉਡਾਉਣ ਲੱਗੇ। ਸਿੱਟੇ ਵਜੋਂ ਸਕੂਲ ਵਿਚ ਹੀ ਨਹੀਂ ਘਰ ਵਿਚ ਵੀ ਕ੍ਰੋਧਤ ਮਾਤਾ ਪਿਤਾ ਰਾਹੀਂ ਉਨ੍ਹਾਂ ਨੂੰ ਉਸ ਸਮੇਂ ਦੀਆਂ ਪ੍ਰਚੱਲਤ ਕਠੋਰ ਸਜ਼ਾਵਾਂ ਦਿੱਤੀਆਂ ਗਈਆਂ। ਵੱਡੇ ਹੋਕੇ ਵਿਹਲੇ ਸਮੇਂ ਉਹ ਧਾਰਮਿਕ ਅਤੇ ਪੁਰਾਣਕ ਸਾਹਿਤ ਦਾ ਅਧਿਐਨ ਕਰਦੇ ਸਨ। ਰੂੜੀਵਾਦੀ ਪੰਡਤਾਂ ਨਾਲ ਬਹਿਸ ਕਰਨ ਵਿਚ ਉਨ੍ਹਾਂ ਨੂੰ ਬੜਾ ਆਨੰਦ ਆਉਂਦਾ ਸੀ। ਬਾਲਕ ਰਾਮਾ ਸਵਾਮੀ ਵਿਚ ਤਰਕ ਅਤੇ ਢੰਗਪੂਰਵਕ ਬਹਿਸ ਕਰਨ ਦੀ ਅਦਭੁਤ ਪ੍ਰਤਿਭਾ ਅਤੇ ਯੋਗਤਾ ਮੌਜੂਦ ਸੀ। ਤਰਕ ਦੁਆਰਾ ਆਮ ਤੌਰ 'ਤੇ ਆਪਣੇ ਤੋਂ ਵੱਡੇ ਅਤੇ ਬਜ਼ੁਰਗਾਂ ਨੂੰ ਹਰਾ ਦਿੰਦੇ ਸਨ। ਉਨ੍ਹਾਂ ਦੀ ਇਸ ਯੋਗਤਾ ਤੋਂ ਉਨ੍ਹਾਂ ਦੇ ਵਿਰੋਧੀ ਵੀ ਹੈਰਾਨ ਸਨ।

ਇਸਤਰੀਆਂ ਦੁਆਰਾ ਗਲੇ ਵਿਚ ਪਹਿਨਣ ਵਾਲੇ ਗਹਿਣੇ 'ਥਾਲੀ' ਜਾਂ ਹੰਸਲੀ ਨੂੰ ਉਹ ਬੰਧਨ ਅਤੇ ਗੁਲਾਮੀ ਦਾ ਪ੍ਰਤੀਕ ਮੰਨਦੇ ਸਨ। ਇਸ ਕਰਕੇ ਉਨ੍ਹਾਂ ਨੇ ਆਪਣੀ ਪਤਨੀ ਦੇ ਗਲੇ ਵਿਚੋਂ ਹੰਸਲੀ ਲੁਹਾ ਦਿੱਤੀ। ਉਹ ਪਵਿੱਤਰ ਤਿਉਹਾਰਾਂ ਦੇ ਦਿਨ ਹੀ ਸਵਾਦੀ ਚੀਜ਼ਾਂ ਦੇ ਭੋਜਨ ਜ਼ਿੱਦ ਕਰਕੇ ਬਣਵਾਉਂਦੇ ਅਤੇ ਖਾਂਦੇ। ਆਪਣੀ ਪਤਨੀ ਅਤੇ ਪਰਵਾਰ ਦੇ ਦੂਜੇ ਮੈਂਬਰਾਂ ਨੂੰ ਉਹ ਮੰਦਰ ਵੀ ਨਹੀਂ ਜਾਣ ਦਿੰਦੇ ਸਨ ਅਤੇ ਅਕਸਰ ਅਛੂਤ ਮਿੱਤਰਾਂ ਨੂੰ ਆਪਣੇ ਘਰ ਦਾਅਵਤ ਦੇ ਕੇ ਬੁਲਾਉਂਦੇ ਅਤੇ ਉਨ੍ਹਾਂ ਨੂੰ ਭੋਜਨ ਕਰਾਉਂਦੇ।

ਰਾਮਾ ਸਵਾਮੀ ਦੁਆਰਾ ਪਤਨੀ ਦੇ ਗਲੇ 'ਚੋਂ ਹੰਸਲੀ ਉਤਰਾਉਣ ਨਾਲ ਤਾਂ ਘਰ ਵਿਚ ਤੂਫਾਨ ਖੜ੍ਹਾ ਹੋ ਗਿਆ। ਮੁਸ਼ਕਲ ਹਾਲਾਤ ਦਾ ਸਾਹਮਣਾ ਕਰਦੇ, ਝੁਕਣ ਦੀ ਥਾਂ ਉਨ੍ਹਾਂ ਨੇ ਇਹੀ ਉਚਿਤ ਸਮਝਿਆ ਕਿ ਪਿਤਾ ਦਾ ਘਰ ਛੱਡ ਕੇ ਕਿਤੇ ਹੋਰ ਜਗ੍ਹਾ 'ਤੇ ਰਹਿਣ। ਇਹ ਨਿਸਚਾ ਕਰਨ ਤੋਂ ਬਾਅਦ ਇਕ ਦਿਨ ਰਾਮਾ ਸਵਾਮੀ ਘਰੋਂ ਨਿਕਲ ਗਏ। 'ਢਾਈ ਹਜ਼ਾਰ ਸਾਲ ਪਹਿਲਾਂ ਘਰ ਤਿਆਗਣ ਵਾਲੇ ਤਥਾਗਤ ਬੁੱਧ ਦੀ ਤਰ੍ਹਾਂ ਰਾਮਾਸਵਾਮੀ ਨੇ ਕਿਸੇ ਉਦੇਸ਼ ਦੇ ਪਿੱਛੇ ਹੀ ਸੁੱਖ ਸੁਵਿਧਾਵਾਂ ਦੇ ਹੁੰਦਿਆਂ ਆਪਣੇ ਘਰ ਦਾ ਤਿਆਗ ਕੀਤਾ ਸੀ। ਉਹ ਉਦੇਸ਼ ਸੀ ਸੱਚ ਦੀ ਖੋਜ।' ਕੁਝ ਦਿਨਾਂ ਤੱਕ ਸੰਨਿਆਸੀਆਂ ਦਾ ਕਸ਼ਟਮਈ ਜੀਵਨ ਬਿਤਾ ਕੇ ਰਾਮਾ ਸਵਾਮੀ ਨੇ ਉਸ ਦੀ ਨਿਰਾਸਤਾ ਵੀ ਸਮਝ ਲਈ। ਉਨ੍ਹਾਂ ਨੇ ਉਹ ਜੀਵਨ ਤਿਆਗ ਦਿੱਤਾ ਤੇ ਫਿਰ ਉਹ ਵਾਪਸ ਘਰ ਮੁੜ ਆਏ। ਫੇਰ ਉਹ ਸਮਾਜ ਦੀ ਹਰ ਸਮੱਸਿਆ ਨੂੰ ਸਮਝਣ ਅਤੇ ਉਸ ਦੇ ਹੱਲ ਲਈ ਜ਼ੋਰਦਾਰ ਭਾਗ ਲੈਣ ਲੱਗੇ। ਇਰੋਡ

ਸ਼ਹਿਰ ਦੀ ਨਗਰ ਪਾਲਕਾ ਦੇ ਚੇਅਰਮੈਨ ਦੀ ਪਦਵੀ ਪਾਉਣ ਸਮੇਂ ਉਹ ਕਾਂਗਰਸ ਵੱਲ ਖਿੱਚੇ ਗਏ ਤੇ 1919 ਈ. ਵਿਚ ਮਹਾਤਮਾ ਗਾਂਧੀ ਨਾਲ ਰਲ ਕੇ ਅਸਹਿਯੋਗ ਅੰਦੋਲਨ ਚਲਾਇਆ। ਦੱਖਣ ਵਿਚ ਇਸ ਅੰਦੋਲਨ ਦਾ ਭਾਰ ਪੇਰੀਅਰ 'ਤੇ ਆਣ ਪਿਆ।

ਇਸ ਅੰਦੋਲਨ ਤੋਂ ਬਾਅਦ ਪੇਰੀਅਰ ਦੱਖਣ ਦੇ ਹੀਰੋ ਬਣ ਗਏ। ਉਨ੍ਹਾਂ ਦੀ ਲਗਨ, ਦੇਸ਼ ਭਗਤੀ, ਯੋਗਤਾ ਅਤੇ ਤਿਆਗ ਵਿਚ ਬਰਾਬਰੀ ਕਰਨ ਵਾਲਾ ਕੋਈ ਨਹੀਂ ਸੀ ਰਿਹਾ। ਉਸ ਸਮੇਂ ਕੇਰਲ ਵਿਚ ਬਾਈਕੋਮ ਅੰਦੋਲਨ ਉਠਿਆ। ਬਾਈਕੋਮ ਅੰਦੋਲਨ ਉਸ ਖੇਤਰ ਦੇ ਅਛੂਤ ਕਹੇ ਜਾਣ ਵਾਲੇ ਲੋਕਾਂ ਤੇ ਅਮਾਨਵੀ ਬੰਧਨਾਂ ਦੇ ਖਿਲਾਫ ਚਲਾਇਆ ਗਿਆ। ਇਹ ਬੰਧਨ ਏਨੇ ਕਠੋਰ ਅਤੇ ਨਿਰਦਈ ਸਨ ਕਿ ਅਭਾਗੇ ਅਛੂਤ ਜਨ ਆਪਣੀਆਂ ਗੰਦੀਆਂ ਬਸਤੀਆਂ ਵਿਚ ਇਕ ਪ੍ਰਕਾਰ ਨਾਲ ਨਜ਼ਰਬੰਦ ਰਹਿੰਦੇ ਸਨ। ਉਹ ਲੋਕ ਸਵਰਨਾਂ ਦੇ ਮੁਹੱਲਿਆਂ ਵਿਚ ਜਾਂਦੇ ਤਾਂ ਉਸ ਨੂੰ ਅਪਰਾਧ ਮੰਨਿਆ ਜਾਂਦਾ। ਇਸ ਲਈ ਉਨ੍ਹਾਂ ਨੂੰ ਦੰਡ ਦਿੱਤਾ ਜਾਂਦਾ। ਕੇਰਲ ਦੇ ਪ੍ਰਮੁੱਖ ਕਾਂਗਰਸੀ, ਜਾਰਜ ਜੋਸਫ ਇਸ ਅੰਦੋਲਨ ਦੇ ਇੰਚਾਰਜ ਸਨ। ਪ੍ਰੰਤੂ ਇਹ ਅੰਦੋਲਨ ਅਜੇ ਠੀਕ ਢੰਗ ਨਾਲ ਸ਼ੁਰੂ ਵੀ ਨਹੀਂ ਸੀ ਹੋਇਆ ਕਿ ਕੇਰਲ ਦੇ ਅਠਾਰਾਂ ਮੋਢੀ ਕਾਂਗਰਸੀ ਨੇਤਾਵਾਂ ਸਹਿਤ ਜਾਰਜ ਜੋਸਫ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਅਤੇ ਇਸ ਤਰ੍ਹਾਂ ਅੰਦੋਲਨ ਸ਼ੁਰੂ ਹੁੰਦਿਆਂ ਹੀ ਪੰਗੂ ਬਣਾ ਦਿੱਤਾ ਗਿਆ।

ਛੇਤੀ ਹੀ ਰਾਮਾਸਵਾਮੀ ਅੰਦੋਲਨ ਦੇ ਨਵੇਂ ਨੇਤਾ ਦੇ ਰੂਪ ਵਿਚ ਬਾਈਕੋਮ ਪਹੁੰਚ ਗਏ। ਉਨ੍ਹਾਂ ਨੇ ਮਹਾਰਾਜਾ ਨੂੰ ਦੱਸ ਦਿੱਤਾ ਕਿ ਉਹ ਅੰਦੋਲਨ ਦੇ ਨਾਲ ਮਰਨ ਜਾਂ ਜਿਉਣ ਲਈ ਆਏ ਹਨ। ਆਪ ਉਸ ਉਦੇਸ਼ ਦੀ ਪੂਰਤੀ ਲਈ ਜਲਦੀ ਹੀ ਰਾਜ ਦਾ ਤੂਫਾਨੀ ਦੌਰਾ ਕਰਨ ਨਿਕਲ ਪਏ। ਫਲਸਰੂਪ ਰਾਮਾਸਵਾਮੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਰਾਮਾਸਵਾਮੀ ਦੇ ਗ੍ਰਿਫਤਾਰ ਹੁੰਦੇ ਹੀ ਉਨ੍ਹਾਂ ਦੀ ਪਤਨੀ ਨਾਗੰਮਈ ਅਤੇ ਐਸ. ਰਾਮਾਨਾਥਨ ਨੇ ਅੰਦੋਲਨ ਦੀ ਵਾਗਡੋਰ ਸੰਭਾਲ ਲਈ। ਨਾਗੰਮਈ ਨੇ ਰਾਜ ਦੀਆਂ ਔਰਤਾਂ ਨੂੰ ਸੰਗਠਤ ਕਰਕੇ ਅਜਿਹਾ ਤੂਫਾਨ ਖੜ੍ਹਾ ਕਰ ਦਿੱਤਾ ਕਿ ਰਾਜ ਦਾ ਸ਼ਾਸਨ ਅਤੇ ਜਨਤਾ ਹੈਰਾਨ ਰਹਿ ਗਈ।

ਸਿੱਟੇ ਵਜੋਂ ਅਛੂਤਾਂ ਦੇ ਅਧਿਕਾਰਾਂ ਨੂੰ ਸਵੀਕਾਰ ਕਰ ਲਿਆ ਗਿਆ ਅਤੇ ਉਨ੍ਹਾਂ ਦੇ ਆਉਣ ਜਾਣ 'ਤੇ ਲੱਗੀਆਂ ਸਾਰੀਆਂ ਪਾਬੰਦੀਆਂ ਹਟਾ ਲਈਆਂ ਗਈਆਂ। ਕਾਂਗਰਸ ਦੇ ਵੱਖ-ਵੱਖ ਕੰਮਕਾਰਾਂ ਵਿਚ ਰਾਮਾਸਵਾਮੀ ਨੂੰ ਬ੍ਰਾਹਮਣ ਵਿਰੋਧੀ ਕਿਹਾ ਜਾਂਦਾ। ਉਸ ਸਮੇਂ ਵੀ.ਵੀ.ਐਸ. ਅਈਅਰ ਨੇ ਸ਼ਾਮੀ ਦੇਵੀ ਜ਼ਿਲ੍ਹਾ ਤਿਰਨੇਲਵੇਲੀ ਵਿਖੇ ਗੁਰੂਕੁਲਮ ਦੀ ਸਥਾਪਨਾ ਕੀਤੀ। ਸੰਸਥਾ ਦਾ ਮੁੱਖ ਉਦੇਸ਼ ਧਾਰਮਿਕ ਸਿੱਖਿਆ, ਰਾਸ਼ਟਰੀ ਭਾਵਨਾ ਦੀ ਜਾਗ੍ਰਤੀ ਅਤੇ ਸਮਾਜ ਸੇਵਾ ਐਲਾਨ ਕੀਤਾ ਗਿਆ, ਪਰੰਤੂ ਪੱਖਪਾਤ ਬਣਿਆ ਰਿਹਾ। ਬ੍ਰਾਹਮਣ ਮੈਂਬਰਾਂ ਨੂੰ ਗੈਰ ਬ੍ਰਾਹਮਣ ਮੈਂਬਰਾਂ ਤੋਂ ਅੱਛਾ ਭੋਜਨ ਅਤੇ ਹੋਰ ਸੁੱਖ ਸਹੂਲਤਾਂ ਦਿੱਤੀਆਂ ਜਾਂਦੀਆਂ। ਦੋਹਾਂ ਦੇ ਲੰਗਰ ਅਤੇ ਵਿਸ਼ਰਾਮ ਘਰ ਅਲੱਗ ਕਰ ਦਿੱਤੇ ਗਏ। ਦੋਹਾਂ ਵਰਗਾਂ ਦੇ ਖੁੱਲ੍ਹਾਂ ਨਾ ਮਿਲਣ ਦਾ ਪ੍ਰਬੰਧ ਕੀਤਾ ਗਿਆ। ਕਸ਼ਮਕਸ਼ ਸ਼ੁਰੂ ਹੋਈ। ਰਾਮਾਸਵਾਮੀ ਸਮਾਨਤਾ ਦੇ ਹਾਮੀ ਸਨ ਤੇ ਬ੍ਰਾਹਮਣ ਨਿਰਲੇਪਤਾ ਤੇ ਪਵਿੱਤਰਤਾ ਦੇ। ਰਾਮਾਸਵਾਮੀ ਰੰਗ ਭੇਦ ਦੇ ਖਿਲਾਫ ਹੋ ਗਏ। ਬ੍ਰਾਹਮਣ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦੇ ਸਨ। ਜਾਤੀ ਭੇਦਭਾਵ ਸਪੱਸ਼ਟ ਸੀ। ਜਨਤਾ ਦੀ ਹਮਦਰਦੀ ਰਾਮਾਸਵਾਮੀ ਵੱਲ ਹੋਰ ਵੀ ਵਧ ਗਈ। ਸਿੱਟੇ ਵਜੋਂ ਗੁਰੂਕੁਲਮ ਸੰਸਥਾ ਨਸ਼ਟ ਹੋ ਗਈ। ਇਸ ਦੇ ਪਤਨ ਕਾਰਨ ਬ੍ਰਾਹਮਣਾਂ ਵਿਚ ਕ੍ਰੋਧ ਅਤੇ ਰੋਹ ਦੀ ਜਵਾਲਾ ਭੜਕ ਉੱਠੀ।

ਰਾਮਾਸਵਾਮੀ ਅਤੇ ਡਾ. ਜਾਈਡੂ ਦੇ ਖਿਲਾਫ ਮਤਾ ਲਿਆਂਦਾ ਗਿਆ ਅਤੇ ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਕਿ ਇਹ ਦੋਵੇਂ ਸੰਪਰਦਾਇਕ-ਅਸੰਤੋਸ਼ (ਫਿਰਕਿਆਂ ਵਿਚਕਾਰ ਕੁੜੱਤਣ) ਅਤੇ ਘਿਰਣਾਂ ਫੈਲਾਉਂਦੇ ਹਨ। ਇਹ ਦੋਸ਼ ਜਾਤੀ ਘਿਰਣਾਂ ਬਣਾਉਣ ਵਾਲੇ ਅਤੇ ਫੈਲਾਉਣ ਵਾਲੇ ਲੋਕ ਲਗਾ ਰਹੇ ਸਨ। (ਜਿਵੇਂ ਕਾਸ਼ੀ ਰਾਮ ਜੀ ਬਾਰੇ ਸ਼ੋਰ ਮਚਾਇਆ ਜਾਂਦਾ ਹੈ ਕਿ ਉਹ ਜਾਤ-ਪਾਤ ਫੈਲਾ ਰਿਹਾ ਹੈ।) ਇਹੀ ਦੋਸ਼ ਸ਼ਾਹੂ ਮਹਾਰਾਜ 'ਤੇ ਲੱਗਾ ਸੀ। ਬਾਬਾ ਸਾਹਿਬ ਅੰਬੇਡਕਰ 'ਤੇ ਵੀ। ਇਹ ਦੋਸ਼ ਜਾਤ-ਪਾਤ ਬਣਾਉਣ ਵਾਲੇ ਤੇ ਛੂਤ-ਛਾਤ ਫੈਲਾਉਣ ਵਾਲੇ ਉੱਚ ਜਾਤੀ ਦੇ ਲੋਕ ਲਗਾਉਂਦੇ ਹਨ। ਇਹ ਵੀ ਕਿਹਾ ਗਿਆ ਕਿ ਇਹ ਲੋਕ ਰਾਸ਼ਟਰੀ ਏਕਤਾ ਦੀ ਤੋੜ ਕਰਨ ਦੇਣ ਵਿਚ ਲੱਗੇ ਹੋਏ ਹਨ।

ਇਸ ਅਨੁਸਾਰ ਤਾਂ ਰਾਸ਼ਟਰੀ ਏਕਤਾ ਬ੍ਰਾਹਮਣਾਂ ਦੀ ਉੱਚਤਾ ਬਣਾਈ ਰੱਖਣ ਤੇ ਜਾਤਪਾਤ, ਛੂਤਛਾਤ ਨੂੰ ਕਾਇਮ ਰੱਖ ਕੇ ਸਿਰ ਨੀਵਾਂ ਕਰਕੇ ਸਵਰਨਾਂ ਦੇ ਹਰ ਹੁਕਮ ਦੀ ਪਾਲਣਾ ਕਰੀ ਜਾਣ ਵਿਚ ਹੈ। ਪ੍ਰੰਤੂ ਜਨਤਾ ਦੇ ਨਾਲ ਹੋਣ ਕਾਰਨ, ਰਾਮਾਸਵਾਮੀ ਦੀ ਜਿੱਤ ਹੋਈ ਅਤੇ ਉਨ੍ਹਾਂ ਵਿਰੁੱਧ ਬ੍ਰਾਹਮਣਾਂ ਦੁਆਰਾ ਉਠਾਇਆ ਪ੍ਰਸਤਾਵ

ਮੂੰਹ ਭਾਰ ਜਾ ਪਿਆ । ਬ੍ਰਾਹਮਣਾਂ ਦੁਆਰਾ ਅੰਦਰ ਬਾਹਰ ਜੋ ਵੀ ਕਾਰਜ ਕੀਤਾ ਜਾਂਦਾ ਭਾਵ ਜੋ ਵੀ ਨਿਰਨੇ ਲਏ ਜਾਂਦੇ, ਉਸ ਵਿਚ ਸੰਪਰਦਾਇਕਤਾ (ਭਾਵ ਵੱਖਰਾਦ) ਦੀ ਬੂ ਨਜ਼ਰ ਆਉਂਦੀ ਹੈ । ਰਾਮਾਸਵਾਮੀ ਨੇ ਗੈਰ ਬ੍ਰਾਹਮਣ ਵਰਗ ਦੇ ਹਿੱਤਾਂ ਦੀ ਰਾਖੀ ਲਈ ਕੁਝ ਠੋਸ ਉਪਾਅ ਖੋਜ ਲਏ, ਜਦੋਂ 1920 ਈ. ਵਿਚ ਤਿਰਨੇਲਵੇਲੀ ਵਿਚ ਹੋਣ ਵਾਲੀ ਟੀ.ਐਨ.ਸੀ.ਸੀ. (ਕਾਂਗਰਸ ਸੰਮੇਲਨ) ਵਿਚ ਉਤਲਾ ਪ੍ਰਸਤਾਵ ਰੱਖ ਦਿੱਤਾ । ਚਾਰੋਂ ਤਰਫ ਬ੍ਰਾਹਮਣ ਵਰਗ ਦੁਆਰਾ ਚੀਕ ਪੁਕਾਰ ਮੱਚਣ ਲੱਗੀ । ਭਿਆਨਕ ਉਤੇਜਨਾ (ਭੜਕਾਹਟ) ਅਤੇ ਪ੍ਰਚੰਡ ਵਿਰੋਧ ਦਾ ਵਾਤਾਵਰਣ ਬਣ ਗਿਆ । ਪ੍ਰਸਤਾਵ ਰੱਖਣ ਵਾਲਿਆਂ ਅਤੇ ਸਮਰਥਕਾਂ 'ਤੇ ਮਾਰੂ ਹਮਲੇ ਹੋਣ ਲੱਗੇ । ਅੰਤ ਇਹ ਪ੍ਰਸਤਾਵ ਐਸ. ਅਈਯੰਗਰ ਬ੍ਰਾਹਮਣ ਅਧਿਅਕਸ਼ ਦੁਆਰਾ ਇਹ ਕਹਿ ਕੇ ਕਿ ਇਸ ਪ੍ਰਸਤਾਵ ਨਾਲ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚੇਗਾ, ਅਸਵੀਕਾਰ ਕਰ ਦਿੱਤਾ ਗਿਆ ।(ਇਸ ਤਰ੍ਹਾਂ ਸਪੱਸ਼ਟ ਹੈ ਕਿ ਰਾਸ਼ਟਰੀ ਏਕਤਾ ਦਾ ਅਰਥ ਬ੍ਰਾਹਮਣ ਲੋਕਾਂ ਦੇ ਹਿੱਤਾਂ ਅਤੇ ਉੱਚਤਾ ਦੀ ਸੁਰੱਖਿਆ ਹੈ । ਜਦੋਂ ਉਨ੍ਹਾਂ ਦੀ ਉੱਚਤਾ ਅਤੇ ਹਿੱਤਾਂ ਨੂੰ ਢਾਅ ਲੱਗੇਗੀ, ਉਸ ਸਮੇਂ ਹੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਹੋਵੇਗਾ ।) ਰਾਮਾਸਵਾਮੀ ਨੇ ਇਹ ਪਹਿਲੀ ਵਾਰ ਅਨੁਭਵ ਕੀਤਾ ਕਿ ਕਾਂਗਰਸ ਦੀਆਂ ਐਲਾਨੀਆਂ ਨੀਤੀਆਂ ਦੇ ਪਿੱਛੇ ਬ੍ਰਾਹਮਣ ਵਰਗ ਅਤੇ ਹੋਰ ਨਿਰੋਲ ਸਵਾਰਥੀ ਲੋਕਾਂ ਦੀਆਂ ਨਿੱਜੀ ਭਾਵਨਾਵਾਂ ਛੁਪੀਆਂ ਹੋਈਆਂ ਹਨ ।

ਰਾਮਾਸਵਾਮੀ ਨੇ ਕਾਂਗਰਸ ਛੱਡਣ ਦਾ ਵਿਚਾਰ ਕਰ ਲਿਆ । 1925 ਵਿਚ ਟੀ.ਐਨ.ਸੀ.ਸੀ. ਦੇ ਕਾਂਜੀਵਰਮ ਅਧੀਵੇਸ਼ਨ ਵਿਚ ਜਦੋਂ ਉਹ ਆਪਣਾ ਪ੍ਰਸਤਾਵ ਲੈ ਕੇ ਖੜੇ ਹੋਏ ਤਾਂ ਭਿਆਨਕ ਗੜਬੜੀ ਮੱਚ ਗਈ । ਵਿਸ਼ਾਲ ਹਾਲ ਵਿਚ ਇੱਟਾਂ, ਪੱਥਰ ਅਤੇ ਲਕੜ੍ਹਾਂ ਦੇ ਹਮਲੇ ਸ਼ੁਰੂ ਹੋ ਗਏ । ਕਿਰਾਏ 'ਤੇ ਆਏ ਗੁੰਡਿਆਂ ਦੇ ਸ਼ੋਰ-ਸ਼ਰਾਬੇ ਵਿਚ ਕੁਝ ਵੀ ਸੁਣਾਈ ਨਹੀਂ ਦੇ ਰਿਹਾ ਸੀ । ਫਿਰ ਵੀ ਇਸ ਭਿਆਨਕ ਕੁਰਲਾਹਟ ਵਿਚਕਾਰ ਰਾਮਾਸਵਾਮੀ ਦੀ ਸਪੱਸ਼ਟ ਅਤੇ ਇਕੱਲੀ ਅਵਾਜ਼ ਸੁਣਾਈ ਦਿੰਦੀ ਸੀ :-"ਅੱਜ ਤੋਂ ਮੇਰਾ ਪਵਿੱਤਰ ਕਰੱਤਵ ਹੋਵੇਗਾ ਕਿ ਇਸ ਕਾਂਗਰਸ, ਜੋ ਬ੍ਰਾਹਮਣ ਵਰਗ ਦੀ ਪੂਰਨ ਤੌਰ 'ਤੇ ਰਖਵਾਲੀ ਕਰਦੀ ਹੈ, ਨੂੰ ਨਸ਼ਟ ਕਰ ਦੇਣਾ ਹੈ ।"

ਅਸਲੀਅਤ ਵਿਚ ਰਾਮਾਸਵਾਮੀ ਦੇ ਪ੍ਰਗਤੀਵਾਦੀ ਵਿਚਾਰਾਂ ਅਤੇ ਵੱਡੇ ਉਤਸ਼ਾਹ ਨੂੰ ਕੁਚਲਣ ਲਈ ਕਾਂਗਰਸ ਦੇ ਅੰਦਰ ਬ੍ਰਾਹਮਣ ਵਰਗ ਦੀ ਸੰਗਠਤ ਸ਼ਕਤੀ ਨੇ, ਉਨ੍ਹਾਂ ਦੀ ਵਿਚਾਰਧਾਰਾ, ਉਤਸ਼ਾਹ ਅਤੇ ਸੰਕਲਪ ਨੂੰ ਬ੍ਰਾਹਮਣ ਵਰਗ ਦੀਆਂ ਧਮਕੀਆਂ ਦੇ ਵਿਰੁੱਧ ਅੰਤ ਤੱਕ ਸੰਘਰਸ਼ ਕਰਨ ਲਈ ਹੋਰ ਸ਼ਕਤੀ ਦਿੱਤੀ । ਰਾਮਾਸਵਾਮੀ 'ਜਸਟਿਸ ਪਾਰਟੀ' ਜੋ ਡਾ. ਟੀ.ਐਨ. ਨਈਅਰ ਵਰਗੇ ਸਾਹਸੀ ਆਦਮੀਆਂ ਦੁਆਰਾ ਸਥਾਪਤ ਕੀਤੀ ਗਈ ਸੀ, ਜੋ ਬ੍ਰਾਹਮਣਾਂ ਦੁਆਰਾ ਗੈਰ ਬ੍ਰਾਹਮਣਾਂ 'ਤੇ ਕੀਤੇ ਗਏ ਭਿਆਨਕ ਹਮਲਿਆਂ ਦੇ ਵਾਰਾਂ ਨੂੰ ਰੋਕਣ ਲਈ ਬਣੀ ਸੀ, ਵਿਚ ਸ਼ਾਮਲ ਹੋ ਗਏ । ਇਸ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਰ ਏ.ਆਰ. ਮੁਦਲੀਅਰ ਨੇ ਕਿਹਾ, "ਗੈਰ ਬ੍ਰਾਹਮਣ ਵਰਗ ਦੇ ਹਿੱਤਾਂ ਦੇ ਵਿਰੁੱਧ ਬ੍ਰਾਹਮਣ ਵਰਗ ਨੇ ਜੋ ਭੂਮਿਕਾ ਨਿਭਾਈ ਹੈ, ਇਹ ਬੇਅਰਥ ਜਾਂ ਮਾਮੂਲੀ ਨਹੀਂ ਸੀ । ਬ੍ਰਾਹਮਣੀ ਪ੍ਰੈਸ ਨੇ ਜੋ ਰੋਲ (1926) ਅਦਾ ਕੀਤਾ (ਅੱਜ ਵੀ ਕਰ ਰਹੀ ਹੈ-1989) ਉਸ ਨੂੰ ਕਦੇ ਵੀ ਉੱਚਾ ਨਹੀਂ ਕਿਹਾ ਜਾ ਸਕਦਾ ।

ਪ੍ਰੈਸ ਦਾ ਪ੍ਰਚਾਰ ਬਹੁਤ ਹੀ ਘਟੀਆ ਕਿਸਮ ਦਾ ਸੀ । ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬ੍ਰਾਹਮਣ ਪ੍ਰੈਸ ਦੁਆਰਾ, ਜਸਟਿਸ ਪਾਰਟੀ ਅਤੇ ਉਸ ਨਾਲ ਸੰਪਰਕ ਰੱਖਣ ਵਾਲੇ ਵਿਅਕਤੀਆਂ ਨੂੰ ਕਿੰਨਾ ਬੁਰਾ ਭਲਾ ਕਿਹਾ ਗਿਆ । ਉਸ ਦਾ ਅਸਰ ਸਧਾਰਨ ਜਨਤਾ, ਵਿਸ਼ੇਸ਼ ਕਰਕੇ ਗੈਰ ਬ੍ਰਾਹਮਣ ਵਰਗ 'ਤੇ ਬੁਰਾ ਪਿਆ । ਰਾਮਾਸਵਾਮੀ ਦੀਆਂ ਅਮੁੱਲ ਸੇਵਾਵਾਂ ਇਸ ਸੰਕਟ ਸਮੇਂ ਵਰਦਾਨ ਦੇ ਰੂਪ ਵਿਚ ਜਸਟਿਸ ਪਾਰਟੀ ਨੂੰ ਮਿਲੀਆਂ ਅਤੇ ਜਸਟਿਸ ਪਾਰਟੀ ਰਾਮਾਸਵਾਮੀ ਦੀ ਰਿਣੀ ਹੈ । ਉਸੇ ਸਮੇਂ ਰਾਮਾਸਵਾਮੀ ਨੇ 'ਆਤਮ ਸਨਮਾਨ' ਅੰਦੋਲਨ ਸ਼ੁਰੂ ਕੀਤਾ । ਇਸ ਅੰਦੋਲਨ ਦਾ ਇਕਮਾਤਰ ਉਦੇਸ਼ ਉਸ ਹਾਨੀਕਾਰਨ ਧਾਰਮਿਕ ਧਾਰਨਾਂ ਨੂੰ ਜੜੋਂ ਉਖੇੜਨਾ ਸੀ ਜਿਸ ਦੇ ਸਹਾਰੇ ਕਮਜ਼ੋਰ ਸਮਾਜਿਕ (ਭਾਵ ਜਾਤਪਾਤ, ਊਚਨੀਚ, ਛੂਤਛਾਤ, ਭਿੰਨਭੇਦ ਵਾਲਾ) ਭਵਨ ਤਿਆਰ ਕੀਤਾ ਜਾ ਰਿਹਾ ਸੀ । ਰਾਮਾਸਵਾਮੀ ਜਸਟਿਸ ਪਾਰਟੀ ਦੇ ਚੌਧਵੇਂ ਅਧਿਵੇਸ਼ਨ ਸਮੇਂ ਅਧਿਅਕਸ਼ (ਪ੍ਰਧਾਨ) ਚੁਣ ਲਏ ਗਏ ।

ਰਾਮਾਸਵਾਮੀ ਦੀ ਮੌਲਿਕ ਸੰਸਥਾ 'ਆਤਮ ਸਨਮਾਨ' ਸੰਸਥਾ ਸੀ ਜਿਸ ਤੋਂ ਸਾਊਥ ਇੰਡੀਅਨ ਲਿਬਰੇਸ਼ਨ ਫੈਡਰੇਸ਼ਨ ਬਣਿਆ । ਫਿਰ ਜਸਟਿਸ ਪਾਰਟੀ ਤੇ ਅੰਤ ਇਸ ਦਾ ਨਾਂ ਦਰਾਵੜ ਕਾੜਗਮ ਪਿਆ, ਜਿਸ ਨੂੰ ਡੀ.ਕੇ. ਕਿਹਾ ਜਾਂਦਾ ਹੈ ਤੇ ਜਿਸ ਨੂੰ ਰਾਮਾਸਵਾਮੀ ਦੀ ਮੌਤ ਤੋਂ ਬਾਅਦ ਸਵਰਨਾ ਰਾਹੀਂ ਤੋੜ ਕੇ ਡੀ.ਐਮ.ਕੇ. ਅਤੇ

ਅੰਨਾ ਡੀ.ਐਮ.ਕੇ. ਵਿਚ ਬਦਲ ਦਿੱਤਾ ਗਿਆ। ਇਹ ਉਸੇ ਤਰ੍ਹਾਂ ਸੀ ਜਿਵੇਂ ਬਾਬਾ ਸਾਹਿਬ ਨੇ ਪਹਿਲਾਂ ਲੇਬਰ ਪਾਰਟੀ ਬਣਾਈ, ਫਿਰ ਅਛੂਤ ਫੈਡਰੇਸ਼ਨ ਤੇ ਫੇਰ ਉਸੇ ਦਾ ਨਾਂ ਆਰ.ਪੀ.ਆਈ. ਰੱਖਿਆ। ਪਰੰਤੂ ਸਵਰਨ ਸ਼ਕਤੀਆਂ ਨੇ ਵਿਕਾਊ ਮਾਲ ਖਰੀਦ ਕੇ, ਆਰ.ਪੀ.ਆਈ. ਨੂੰ 12 ਗੁਰੱਪਾਂ ਵਿਚ ਵੰਡ ਦੇਣ ਵਿਚ ਕਾਮਯਾਬੀ ਹਾਸਲ ਕੀਤੀ। ਰਾਮਾਸਵਾਮੀ ਨੂੰ 'ਪੇਰੀਅਰ' ਕਿਹਾ ਜਾਣ ਲੱਗਾ, ਜਿਵੇਂ ਡਾਕਟਰ ਅੰਬੇਡਕਰ ਨੂੰ ਬਾਬਾ ਸਾਹਿਬ ਡਾ. ਅੰਬੇਡਕਰ, ਜੋਤੀਬਾ ਫੂਲੇ ਨੂੰ ਮਹਾਤਮਾ ਜੋਤੀਬਾ ਫੂਲੇ। ਇਸੇ ਤਰ੍ਹਾਂ ਰਾਮਾਸਵਾਮੀ ਨੂੰ ਲੋਕ ਪੇਰੀਅਰ (ਮਹਾਨ ਪਿਆਰਾ ਮਹਾਤਮਾ) ਕਿਉਂ ਕਹਿਣ ਲੱਗੇ, ਉਸ ਬਾਰੇ ਬੰਬਈ ਦੇ ਟਾਈਮਜ਼ ਆਫ ਇੰਡੀਆ ਵਿਚ ਇੰਜ ਲਿਖਿਆ ਹੈ :-ਸ਼ਕਤੀਸ਼ਾਲੀ ਉਤਸ਼ਾਹ, ਪਰੋੜ ਅਨੁਭਵ, ਦਾਰਸ਼ਨਿਕ ਵਿਚਾਰ ਤੇ ਨਿਰਸਵਾਰਥ ਦੇਸ਼ ਭਗਤੀ ਦੇ ਕਾਰਨ ਰਾਮਾਸਵਾਮੀ ਨੇ ਲੱਖਾਂ ਮਨੁੱਖਾਂ ਦੇ ਦਿਲਾਂ 'ਤੇ ਜਿੱਤ ਪਾਈ। ਇਸ ਪਵਿੱਤਰ ਪ੍ਰੇਮ ਦੇ ਕਾਰਨ ਹੀ ਲੋਕ ਉਨ੍ਹਾਂ ਨੂੰ ਪੇਰੀਅਰ ਸ਼ਬਦ ਨਾਲ ਸਨਮਾਨਤ ਕਰਨ ਲੱਗੇ। (ਉਸੇ ਤਰ੍ਹਾਂ ਜਿਵੇਂ ਮਹਾਂਰਾਸ਼ਟਰ ਦੇ ਗਰੀਬ, ਅਛੂਤਾਂ, ਮਜ਼ਦੂਰਾਂ, ਕਿਸਾਨਾਂ ਨੇ ਇਸ ਦਿਨ ਵੱਡੇ ਸੰਮੇਲਨ ਵਿਚ ਉਨ੍ਹਾਂ ਨੂੰ ਪਿਆਰ ਅਤੇ ਸ਼ਰਧਾ ਨਾਲ ਮਹਾਤਮਾ ਦੀ ਉਪਾਧੀ ਦਿੱਤੀ।)

ਦੂਜੇ ਪਾਸੇ ਬ੍ਰਾਹਮਣਵਾਦੀ ਲੋਕਾਂ ਨੇ ਜੋ ਕਿਹਾ ਉਹ ਇਸ ਪ੍ਰਕਾਰ ਹੈ :-ਬ੍ਰਾਹਮਣ ਵਿਰੋਧੀ, ਕਾਂਗਰਸ ਵਿਰੋਧੀ, ਨਾਸਤਕ, ਸਿਧਾਂਤਰਹਿਤ, ਲਾਲਚੀ, ਅਸਥਿਰ ਅਤੇ ਚੰਚਲ ਵਿਚਾਰਾਂ ਵਾਲਾ, ਬੇਕਾਰ, ਵਡਿਆਈ ਖੋਰਾ, ਦੰਭੀ, ਰੱਖਿਅਕ, ਦਰਾਵੜਾਂ ਦਾ ਪਿਤਾ ਆਦਿ। ਰਾਮਾਸਵਾਮੀ ਕਿਹਾ ਕਰਦੇ ਸਨ, "ਜਿੰਨਾ ਵਧੇਰੇ ਮੇਰੇ ਵਿਰੋਧੀ ਮੈਨੂੰ ਘਿਰਨਾ ਕਰਦੇ ਹਨ, ਓਨਾ ਜ਼ਿਆਦਾ ਮੈਂ ਆਪਣੇ ਆਪ ਨੂੰ ਗੌਰਵਸ਼ਾਲੀ ਅਤੇ ਪ੍ਰਸੰਨ ਸਮਝਦਾ ਹਾਂ। ਮੇਰੇ ਵਿਰੋਧੀਆਂ ਦਾ ਮੇਰੇ 'ਤੇ ਲਗਾਤਾਰ ਸੰਗਠਤ ਹਮਲਾ ਮੇਰੇ ਲਈ ਇਕ ਵਰਦਾਨ ਹੈ।"

'ਬਲੈਕ ਸ਼ਰਟ' ਅੰਦੋਲਨ ਦੇ ਬਾਰੇ ਵਿਚ ਰਾਮਾਸਵਾਮੀ ਨੇ ਕਿਹਾ :-'ਰਾਸ਼ਟਰ ਦੇ ਕਿਸੇ ਵਿਸ਼ਾਲ ਅੰਦੋਲਨ ਦੇ ਪੈਰੋਕਾਰਾਂ ਦੁਆਰਾ ਪਹਿਨੀ ਜਾਣ ਵਾਲੀ ਡਰੇਸ ਦੇ ਰੰਗ ਤੋਂ ਇਸ ਪ੍ਰਕਾਰ ਉਸ ਅੰਦੋਲਨ ਦਾ ਨਾਮਕਰਣ ਕਰਨਾ ਅਸੰਗਤ ਹੈ। ਮੈਂ ਕਾਂਗਰਸ ਅੰਦੋਲਨ ਨੂੰ 'ਖੱਦਰ ਅੰਦੋਲਨ' ਨਹੀਂ ਕਹਿ ਸਕਦਾ। ਕਾਲਾ ਰੰਗ ਮੌਤ ਅਤੇ ਸ਼ੋਕ ਦਾ ਪ੍ਰਤੀਕ ਹੈ। ਅਸੀਂ ਦਰਾਵੜ ਲੋਕ ਮਰੇ ਹੋਏ ਬੰਦਿਆਂ ਤੋਂ ਵੀ ਅਧਿਕ ਗਏ ਗੁਜ਼ਰੇ ਹਾਂ। ਪੁਰਾਣ, ਇਤਿਹਾਸ, ਸਿਮਰਤੀ ਅਤੇ ਹੋਰ ਹਿੰਦੂ ਸ਼ਾਸਤਰ ਸਾਨੂੰ ਲੋਕਾਂ ਨੂੰ ਸ਼ੂਦਰ ਮੰਨਦੇ ਹਨ। ਹਿੰਦੂ ਵਿਧਾਨ ਅੱਜ ਵੀ ਸਾਨੂੰ ਇਹੋ ਮੰਨਦਾ ਹੈ। ਹਿੰਦੂ, ਮੰਦਰ ਤੱਕ ਸਾਡਾ ਤਿਰਸਕਾਰ ਕਰਦੇ ਹਨ। ਮੰਦਰ ਪ੍ਰਵੇਸ਼ ਕਾਨੂੰਨ, ਜਿਸ ਦਾ ਕਾਂਗਰਸੀਆਂ ਨੂੰ ਬੜਾ ਮਾਣ ਹੈ, ਉਨ੍ਹਾਂ ਪਵਿੱਤਰ ਮੰਦਰਾਂ ਵਿਚ ਸਾਨੂੰ ਜਾਣ ਨਹੀਂ ਦਿੰਦਾ। ਦਰਾਵੜ ਭਾਸ਼ਾਵਾਂ ਈਸ਼ਵਰ ਲਈ (ਈਸ਼ਵਰ ਭਗਤੀ ਲਈ) ਸਰਾਪੀਆਂ ਸਮਝੀਆਂ ਜਾਂਦੀਆਂ ਹਨ। ਸਮਾਜ ਵਿਚ ਸਾਨੂੰ ਲੋਕਾਂ ਨੂੰ ਕਿੰਨਾ ਨੀਚ ਅਤੇ ਬੇਇੱਜ਼ਤ ਸਮਝਿਆ ਜਾਂਦਾ ਹੈ, ਇਸ ਦੇ ਸਮਰਥਨ ਵਿਚ ਸੈਂਕੜੇ ਪ੍ਰਮਾਣ ਅਤੇ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ।

ਮੈਂ ਸੰਪਰਦਾਇਕ ਪ੍ਰਤੀਨਿਧਤਾ ਅਤੇ ਸਮਾਨ ਅਤੇ ਵਿਸ਼ੇਸ਼ ਅਧਿਕਾਰਾਂ ਲਈ ਲੜਦਾ ਰਿਹਾ। ਇਸ ਸਿਧਾਂਤ ਨੂੰ ਮਦਰਾਸ ਕਾਂਗਰਸ ਪਾਰਟੀ ਦੁਆਰਾ ਮਾਨਤਾ ਦੁਆਈ ਅਤੇ ਗੈਰ ਬ੍ਰਾਹਮਣ ਜਾਤੀ ਦੇ ਲੋਕਾਂ ਲਈ 50 ਪ੍ਰਤੀਸ਼ਤ ਸਥਾਨ ਰਖਾਵੇਂ ਕਰਵਾਏ। ਮੈਂ ਅਤੇ ਹੋਰ ਗੈਰ ਬ੍ਰਾਹਮਣ ਲੋਕਾਂ ਨੇ ਮਦਰਾਸ ਪਰੈਜ਼ੀਡੈਂਸੀ ਐਸੋਸੀਏਸ਼ਨ ਦੀ ਸਥਾਪਨਾ ਕੀਤੀ, ਜਿਸ ਨੇ ਇਸ ਸਿਧਾਂਤ ਨੂੰ ਮੰਨਿਆ। ਮੈਂ ਨੈਸ਼ਨਲਿਸ ਐਸੋਸੀਏਸ਼ਨ ਦੀ ਸਥਾਪਨਾ ਕੀਤੀ, ਜਿਸ ਵਿਚ ਕੁਝ ਰਾਸ਼ਟਰੀ ਬ੍ਰਾਹਮਣ ਵੀ ਸ਼ਾਮਲ ਸਨ, ਜਿਨ੍ਹਾਂ ਨੇ ਸੰਪਰਦਾਇਕ (ਭਾਵ ਫਿਰਕਾਵਰਾਨਾ) ਪ੍ਰਤੀਨਿਧਤਾ ਦਾ ਸਿਧਾਂਤ ਸਵੀਕਾਰ ਕੀਤਾ। ਦੱਖਣੀ ਭਾਰਤ ਵਿਚ ਇਕ ਵਿਸ਼ਾਲ ਰਾਸ਼ਟਰੀ ਸੰਗਠਨ ਦਰਾਵੜ ਕਾਜ਼ਗਮ ਦਾ ਕਿਸ ਪ੍ਰਕਾਰ ਨਿਰਮਾਣ ਹੋਇਆ? ਕੁਝ ਘਟਨਾ ਚੱਕਰਾਂ ਦੇ ਕਾਰਨ-ਜਸਟਿਸ ਪਾਰਟੀ ਦਾ ਨਾਮਕਰਣ ਸਾਊਥ ਇੰਡੀਅਨ ਲਿਬਰਲ ਫੈਡਰੇਸ਼ਨ ਹੋ ਗਿਆ ਅਤੇ ਸਨ 1939 ਈ. ਵਿਚ ਮੈਨੂੰ ਉਸ ਦਾ ਅਧਿਅਕਸ਼ ਚੁਣਿਆ ਗਿਆ। 1944 ਈ. ਵਿਚ ਸਲੀਗ ਵਿਚ ਹੋਈ ਵਾਰਸ਼ਕ ਕਨਫੈਡਰੇਸ਼ਨ ਦੀ ਬੈਠਕ ਵਿਚ ਮੈਂ ਪ੍ਰਸਤਾਵ ਰੱਖਿਆ ਕਿ ਇਸ ਸੰਸਥਾ ਦਾ ਨਾਮ ਦਰਾਵੜ ਕਾਜ਼ਗਮ ਰੱਖ ਦਿੱਤਾ ਜਾਵੇ। ਸਭ ਲੋਕਾਂ ਨੇ ਇਸ ਨੂੰ ਸਵੀਕਰ ਕਰ ਲਿਆ, ਕਿਉਂਕਿ ਆਤਮ ਸਨਮਾਨ ਅੰਦੋਲਨ ਦਾ ਇਹ ਪ੍ਰਤੀਕ ਸੀ, ਜਿਸ ਨੂੰ ਮੈਂ ਦਰਾਵੜ ਵਿਚ ਮਿਲਾ ਦਿੱਤਾ। ਉਸ ਦਾ ਮੈਂ ਹੀ ਸੰਸਥਾਪਕ ਸੀ।

ਦਰਾਵੜ ਲੋਕਾਂ ਦਾ ਇਹ ਅੰਦੋਲਨ ਮੁੱਖ ਰੂਪ ਵਿਚ ਧਰਮ ਦੇ ਅਧਾਰ 'ਤੇ ਸਮਾਜਵਾਦੀ ਸਮਾਜ ਦਾ ਸੰਗਠਨ

ਕਰਦਾ ਹੈ ਜਿਸ ਦਾ ਇਕ ਮਾਤਰ ਨਿਸ਼ਾਨਾ ਵਿਵੇਕ ਅਤੇ ਮਾਨਵੀ ਅਧਾਰ 'ਤੇ ਸਮਾਜ ਦਾ ਪੁਨਰ-ਨਿਰਮਾਣ ਕਰਨਾ ਹੈ ।ਉਹ ਵਰਣ ਵਿਵਸਥਾ ਅਤੇ ਜਾਤੀ ਉਪਜਾਤੀ ਆਦਿ ਭੇਦ ਦਾ ਵਿਰੋਧੀ ਹੈ । ਦਰਾਵੜ ਲੋਕ ਕਿੰਨਾ ਵੀ ਰਾਜਨੀਤਕ ਜਾਂ ਧਾਰਮਿਕ ਸੰਗਠਨਾਂ ਦੇ ਹੋਣ, ਇਹ ਅੰਦੋਲਨ ਉਨ੍ਹਾਂ ਸਭ ਨੂੰ ਏਕਤਾ ਦੇ ਸੂਤਰ ਵਿਚੋਂ ਬੰਨ੍ਹ ਦੇਣਾ ਚਾਹੁੰਦਾ ਹੈ ।ਅਸਲ ਵਿਚ ਦਰਾਵੜ ਲੋਕਾਂ ਦਾ ਇਹ ਅੰਦੋਲਨ ਕੱਟੜ ਧਰਮਪਰਾਇਣ ਲੋਕਾਂ ਦੁਆਰਾ ਪਾਲਣ ਕੀਤੇ ਗਏ ਧਰਮਾਂ ਨੂੰ ਨਸ਼ਟ ਕਰਦਾ ਹੈ । ਪ੍ਰੰਤੂ ਇਹ ਇੰਨਾ ਭਿਆਨਕ ਰੂਪ ਧਰਮ ਵਿਰੋਧੀ ਨਹੀਂ ਹੈ, ਜਿਹਾ ਕਿ ਨਿੱਜੀ ਸਵਾਰਥ ਵਾਲੇ ਲੋਕ ਸਮਝਦੇ ਅਤੇ ਪ੍ਰਚਾਰ ਕਰਦੇ ਹਨ ।ਉੱਚ ਜਾਤੀ ਦੇ ਲੋਕਾਂ ਨੇ ਉਨ੍ਹਾਂ ਨੂੰ ਸ਼ੂਦਰ ਜਾਤੀ ਦੀ ਸੰਗਿਆ ਦਿੱਤੀ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦਾ ਜਨਮ ਵੇਸ਼ਿਆਵਾਂ ਤੋਂ ਹੋਇਆ ।(ਕਹਿਣ ਦਾ ਭਾਵ ਹਰੀਜਨ ਕਿਹਾ ਹੈ, ਜਿਸ ਦਾ ਅਰਥ ਹੈ ਨਜਾਇਜ਼ ਸੰਤਾਨ ।)

ਦਰਾਵੜਸਤਾਨ ਅੰਦੋਲਨ, ਸੰਪਰਦਾਇਕ ਸੰਗਠਨ ਨਹੀਂ ਹੈ । ਇਹ ਇਕ ਵਿਸ਼ੁੱਧ (ਨਿਰੋਲ) ਰਾਸ਼ਟਰੀ ਅੰਦੋਲਨ ਹੈ ।ਲੰਮੇ ਸਮੇਂ ਤੋਂ ਸਮਾਜਿਕ ਅਤੇ ਧਾਰਮਿਕ ਬੰਧਨਾਂ ਨਾਲ ਜਕੜੇ ਹੋਏ ਦਰਾਵੜ ਲੋਕਾਂ ਨੂੰ ਇਨ੍ਹਾਂ ਬੰਧਨਾਂ ਤੋਂ ਮੁਕਤ ਕਰਕੇ ਦੋ ਸਦੀਆਂ ਤੋਂ ਪਈਆਂ ਹੋਈਆਂ ਇਤਿਹਾਸਕ ਪੁਰਖਾਂ ਦੀਆਂ ਬੇੜੀਆਂ ਨੂੰ ਕੱਟਣਾ ਹੈ ਜੋ ਕਿ ਬਦੇਸ਼ੀ ਪ੍ਰਭੂਸੱਤਾ ਦੁਆਰਾ ਪਾਈਆਂ ਗਈਆਂ ਹਨ ।(ਕਹਿਣ ਦਾ ਭਾਵ ਕਿ ਬ੍ਰਾਹਮਣਵਾਦੀ ਗੁਲਾਮੀ ਅਤੇ ਅੰਗਰੇਜ਼ੀ ਰਾਜ ਤੋਂ ਮੁਕਤੀ) ਈਸ਼ਵਰ ਦੀ ਕੋਈ ਸੱਤਾ ਨਹੀਂ ਹੈ ।ਉਸ ਨੂੰ ਉਸ ਤੋਂ ਕੋਈ ਨਿੱਜੀ ਲਾਭ ਨਹੀਂ ਹੋ ਸਕਦਾ, ਅਤੇ ਨਾ ਹੀ ਈਸ਼ਵਰ ਦੇ ਪੂਰਨ ਕਰਨਹਾਰ ਅਤੇ ਸਰਵ ਵਿਆਪਕਤਾ ਤੋਂ ਕੋਈ ਪਰਯੋਜਨ ਹੀ ਰਹਿ ਜਾਂਦਾ ਹੈ ।....ਇਸ ਲਈ ਨਾਸਤਿਕ ਅਤੇ ਨਾਸਤਿਕਤਾ ਸ਼ਬਦਾਂ ਦਾ ਵਿਰੋਧ ਕੇਵਲ ਉਨ੍ਹਾਂ ਵਿਅਕਤੀਆਂ ਨੇ ਕੀਤਾ ਹੈ ਜੋ ਈਸ਼ਵਰ ਦੇ ਵਿਸ਼ੇ ਵਿਚ ਵਪਾਰ ਅਤੇ ਲੈਣ ਦੇਣ ਦੀ ਗੱਲ ਕਰਦੇ ਹਨ ਅਤੇ ਅਜਿਹੇ ਵਿਉਪਾਰੀਆਂ ਤੋਂ ਜ਼ਿਆਦਾ ਕਿਸੇ ਹੋਰ ਨੂੰ ਇਸ ਦੀ ਚਿੰਤਾ ਵੀ ਕੀ ਹੈ ?

ਮਨੁੱਖ ਹੋਰ ਭਿਆਨਕ ਪਸ਼ੂਆਂ ਤੋਂ ਭਿੰਨ ਹੈ । ਫਿਰ ਉਸ ਵਿਚ ਦੁਰਭਾਵਨਾ, ਦੁੱਖ, ਹੀਣਤਾ, ਕਮਜ਼ੋਰੀ, ਜਾਤੀਗਤ ਘਿਰਨਾ ਅਤੇ ਹੋਰ ਕਪਟੀ ਅਤੇ ਘਟੀਆ ਵਿਚਾਰ ਪੈਦਾ ਹੋ ਜਾਂਦੇ ਹਨ । ਕੀ ਇਸ ਦਾ ਕਾਰਨ ਈਸ਼ਵਰ ਦੀ ਸ੍ਰਿਸ਼ਟੀ ਰਚਨਾ, ਈਸ਼ਵਰੀ ਖੋਜ ਅਤੇ ਈਸ਼ਵਰ ਦੀ ਅਨੰਤ ਸ਼ਕਤੀ ਦੇ ਗਿਆਨ ਵਿਚ ਲੱਭਿਆ ਜਾ ਸਕਦਾ ਹੈ ? ਜੇ ਇਹ ਕਿਹਾ ਜਾਵੇ ਕਿ ਸੰਸਾਰ ਵਿਚ ਜੋ ਕੁਝ ਹੁੰਦਾ ਹੈ, ਉਹ ਈਸ਼ਵਰ ਦੀ ਇੱਛਾ ਨਾਲ ਹੀ ਹੁੰਦਾ ਹੈ, ਕਿਉਂਕਿ ਉਹ ਤਿਰਕਾਲਦਰਸ਼ੀ, ਸਰਬਸ਼ਕਤੀਮਾਨ ਅਤੇ ਸਰਬ ਵਿਆਪਕ ਹੈ, ਤਾਂ ਫਿਰ ਮਨੁੱਖ ਕੀ ਕਰਦਾ ਹੈ ? ਸੰਸਾਰ ਵਿਚ ਜਿੰਨੇ ਵੀ ਕਾਰਜ ਭਗਵਾਨ ਦੇ ਭਰੋਸੇ 'ਤੇ ਹੁੰਦੇ ਹਨ, ਉਨ੍ਹਾਂ ਵਿਚ ਸੰਤੋਖ ਅਤੇ ਪੂਰਨਤਾ ਨਹੀਂ ਹੁੰਦੀ ।ਕੌਣ ਸਰਬ ਸ਼ਕਤੀਮਾਨ, ਸਰਬ ਵਿਆਪਕ ਅਤੇ ਸੰਪੂਰਨ ਈਸ਼ਵਰ ਨਾਲ ਸੰਬੰਧ ਸਥਾਪਤ ਕਰਨ ਦੀ ਯੋਗਤਾ ਰੱਖਦਾ ਹੈ ? ਇਸ ਕੜੀ ਦਾ ਕੀ ਢੰਗ ਹੈ ? ਇਹ ਕਿਸ ਪ੍ਰਕਾਰ ਜੋੜੀ ਜਾ ਸਕਦੀ ਹੈ ? ਪੇੜ ਪੌਦਿਆਂ ਅਤੇ ਕੀੜਿਆਂ ਮਕੌੜਿਆਂ (ਪਸ਼ੂ-ਪੰਛੀਆਂ) ਦਾ ਈਸ਼ਵਰ ਨਾਲ ਕੌਣ ਸੰਬੰਧ ਸਥਾਪਤ ਕਰਦਾ ਹੈ ? ਜੇ ਗਿਆਨ ਵਿਹੀਣ ਪੇੜ ਪੌਦੇ ਆਦਿ ਪ੍ਰਮਾਤਮਾ ਤੱਕ ਪਹੁੰਚਣ ਲਈ ਆਪਣੀ ਜਾਤੀ ਤੇ ਜੀਵਾਂ ਦੀ ਸਹਾਇਤਾ ਦੀ ਤਮੰਨਾ ਨਹੀਂ ਕਰਦੇ ਤਾਂ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜੋ ਮਾਨਵ ਅਤੇ ਈਸ਼ਵਰ ਦੇ ਸੰਬੰਧ ਜੋੜਨ ਲਈ ਦੈਵੀ ਸ਼ਕਤੀ ਦੀ ਜ਼ਰੂਰਤ ਦਾ ਅਨੁਭਵ ਕਰਦਾ ਹੈ ।ਇਹ ਉਪਰੋਕਤ ਕਥਨ ਦਾਰਸ਼ਨਿਕ ਕਸੌਟੀ 'ਤੇ ਠੀਕ ਨਹੀਂ ਉਤਰਦਾ ।

ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਅੱਜ-ਕੱਲ੍ਹ ਇਸ ਦੇਸ਼ ਵਿਚ ਵੱਖਵਾਦ ਦੀ ਪ੍ਰਵਿਰਤੀ, ਇਕ ਦੂਸਰੇ ਪ੍ਰਤੀ ਘਿਰਨਾਂ ਦਾ ਭਾਵ, ਮਨੁੱਖ ਦੋਖੀ ਬਿਰਤੀ ਅਤੇ ਧਰਮ ਦੇ ਵਿਰੁਧ ਆਚਰਣ ਹੋਣ ਦੀ ਪਰਵਿਰਤੀ ਦਾ ਕਾਰਨ ਕੀ ਧਰਮ ਨਹੀਂ ਹੈ ? ਸਾਥੀਓ ਈਸ਼ਵਰ ਕਿੰਨਾ ਵੀ ਸਰਬ ਸ਼ਕਤੀਮਾਨ, ਸਰਬ ਵਿਆਪਕ ਅਤੇ ਤਿਰਕਾਲਦਰਸ਼ੀ ਹੋਵੇ, ਉਹ ਮਨੁੱਖ ਦੀ ਦਾਰਸ਼ਨਿਕ ਸਮਝ ਅਤੇ ਗਿਆਨ ਤੋਂ ਪਰੇ ਹੈ ।ਦੂਸਰਿਆਂ ਦੁਆਰਾ ਉਸ ਨੂੰ (ਲੋਕਾਂ ਨੂੰ) ਈਸ਼ਵਰ ਦੇ ਦਰਸ਼ਨ ਕਰਵਾਏ ਜਾ ਸਕਦੇ ਹਨ ।ਇਸੇ ਪ੍ਰਕਾਰ ਧਰਮ ਵੀ, ਜਿਸ ਦਾ ਆਪਣੇ ਆਪ ਜਨਮ ਨਹੀਂ ਹੋਇਆ (ਭਾਵ ਹਰ ਧਰਮ ਕਿਸੇ ਮਨੁੱਖ ਨੇ ਬਣਾਇਆ ਹੈ) ਅਤੇ ਦੂਸਰਿਆਂ ਦੁਆਰਾ ਜਿਸਦੀ ਕੇਵਲ ਕਲਪਨਾ ਹੀ ਕੀਤੀ ਗਈ ਹੈ, ਉਸ ਦੇ ਸਿਧਾਂਤ ਅਤੇ ਮਤ ਅਨੁਸਾਰ ਚਲਣ ਅਤੇ ਪਾਲਣ ਕਰਨ ਦਾ ਆਦੇਸ਼ ਅਤੇ ਪ੍ਰੇਰਨਾਂ ਦੂਸਰੇ ਲੋਕਾਂ ਦੁਆਰਾ ਪ੍ਰਦਾਨ ਕਰਦਾ ਹੈ ।ਈਸ਼ਵਰ ਅਤੇ ਧਰਮ ਦੀ ਖੋਜ ਮਾਨਵ ਨੂੰ ਛੱਡ ਕੇ ਹੋਰ ਕਿਸੇ ਪ੍ਰਾਣੀ (ਭਾਵ ਪੇੜ ਪੌਦੇ, ਪਸ਼ੂ, ਪੰਛੀ, ਕੀੜੇ-ਮਕੌੜੇ ਜੋ ਜੀਵ ਹੀ ਹਨ) ਲਈ ਸੰਸਾਰ ਵਿਚ ਨਹੀਂ ਕੀਤੀ ਗਈ ਅਤੇ ਨਾ ਹੀ ਇਸ ਦਾ ਪ੍ਰਚਾਰ ਹੋਇਆ ਹੈ ।ਇਸ ਸਚਾਈ ਨਾਲ ਕਿ ਈਸ਼ਵਰ ਅਤੇ ਧਰਮ ਦੀ ਸਥਾਪਨਾ ਕੇਵਲ ਮਾਨਵ

ਵਾਸਤੇ ਹੀ ਹੋਈ ਹੈ, ਜਿਸ ਕੋਲ ਵਿਵੇਕ ਅਤੇ ਗਿਆਨ ਹੈ, ਇਹ ਸਾਰ ਨਿਕਲਦਾ ਹੈ ਕਿ ਈਸ਼ਵਰ ਅਤੇ ਧਰਮ ਮਾਨਵ ਜਾਤੀ ਦੇ ਕਲਿਆਣ ਵਾਸਤੇ ਇਕ ਵਸੀਲਾ ਹੈ ।

ਸਰਕਾਰ ਅਤੇ ਕਾਨੂੰਨ ਦੁਆਰਾ ਕਿਸੇ ਵਿਅਕਤੀ ਨੂੰ ਦੂਜਿਆਂ ਦੀ ਭਲਾਈ ਕਰਨ ਅਤੇ ਬੁਰਾਈ ਨਾ ਕਰਨ 'ਤੇ ਮਜਬੂਰ ਕਰਨਾ ਅਸੰਭਵ ਹੈ....ਉਦਾਹਰਣ ਸਤਿ, ਪ੍ਰਸਪਰ ਪ੍ਰੇਮ, ਸਹਿਯੋਗ, ਸਦਭਾਵਨਾ, ਏਕਤਾ, ਵਿਸ਼ਵਾਸ, ਇਮਾਨਦਾਰੀ, ਸਚਾਈ, ਚਰਿਤਰ ਅਤੇ ਸਦਾਚਾਰ ਆਦਿ ਜੋ ਵਰਤਮਾਨ ਸਮਾਜ ਦੇ ਅੰਗ ਹਨ ਅਤੇ ਪ੍ਰਮਾਣਤ ਸਿਧਾਂਤ ਦੇ ਰੂਪ ਵਿਚ ਸਮਾਜ ਅੰਦਰ ਪ੍ਰਚੱਲਤ ਹਨ....ਆਦਿ ਗੱਲਾਂ ਦੀ ਪ੍ਰਾਪਤੀ ਸਰਕਾਰ ਅਤੇ ਕਾਨੂੰਨ ਦੇ ਜ਼ੋਰ ਨਾਲ ਨਹੀਂ ਹੋ ਸਕਦੀ । ਇਸ ਲਈ ਅੱਛੇ ਮਾਰਗ 'ਤੇ ਚਲਾਉਣ ਲਈ ਆਦਮੀ ਲਈ ਕੁਝ ਬੰਧਨ ਅਤੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੋ ਜਾਂਦਾ ਹੈ ਅਤੇ ਜਦੋਂ ਸਰਕਾਰ ਅਤੇ ਕਾਨੂੰਨ ਅਜਿਹੇ ਬੰਧਨ, ਡਰ ਅਤੇ ਨਿਯਮ ਪ੍ਰਦਾਨ ਨਹੀਂ ਕਰ ਸਕਦੀ, ਇਕ ਭੈਅ ਦੀ ਭਾਵਨਾ ਮਨੁੱਖ ਅੰਦਰ ਪ੍ਰਵੇਸ਼ ਕਰਦੀ ਹੈ । ਅਜਿਹੀ ਸਥਿਤੀ ਵਿਚ ਧਰਮ ਅਤੇ ਈਸ਼ਵਰ 'ਤੇ ਸ਼ਰਧਾ ਕਰਨਾ ਉਸ ਲਈ ਪਰਮ ਅਵੱਸ਼ਕ ਹੋ ਜਾਂਦਾ ਹੈ ।

ਸਵਰਗ ਅਤੇ ਮੁਕਤੀ ਪ੍ਰਾਪਤ ਕਾਰਨ ਦੀ ਭਾਵਨਾ ਨਾਲ ਉਹ ਧਰਮ ਅਤੇ ਈਸ਼ਵਰ 'ਤੇ ਵਿਸ਼ਵਾਸ ਕਰਦਾ ਹੈ । ਜੇਕਰ ਸੰਸਾਰ ਵਿਚੋਂ ਅਮੀਰੀ, ਸ਼ਾਸਕੀ ਸੱਤਾ ਅਤੇ ਊਚ-ਨੀਚ ਦਾ ਵਿਹਾਰ ਮਿਟ ਜਾਵੇ ਤਾਂ ਧਰਮ ਅਤੇ ਈਸ਼ਵਰ ਦੀ ਸੱਤਾ ਅੱਖਾਂ ਤੋਂ ਦੂਰ ਹੋ ਕੇ ਨਸ਼ਟ ਹੋ ਜਾਵੇਗੀ । ਉਪਯੋਗੀ, ਕ੍ਰਿਆਸ਼ੀਲ ਅਤੇ ਰਚਨਾਂ ਯੋਗ ਸੰਸਾਰ ਦੇ ਸਜੀਵ ਅਤੇ ਨਿਰਜੀਵ ਪਦਾਰਥਾਂ ਦੇ ਸੰਜੋਯ ਨਾਲ ਕਿਸੇ ਇਕ ਦੱਰਵ ਦੀ ਰਚਨਾ ਹੁੰਦੀ ਹੈ । ਕੀ ਈਸ਼ਵਰ ਕੀੜਿਆਂ ਮਕੌੜਿਆਂ ਦਾ ਸ਼ਿਕਾਰ ਕਰਨ ਵਾਲੇ ਮੁਰਗੀਆਂ ਦੇ ਬੱਚਿਆਂ ਨੂੰ ਅਤੇ ਮੁਰਗੀਆਂ ਨੂੰ ਉਠਾ ਕੇ ਲੈ ਜਾਣ ਵਾਲੇ ਗਿਰਝ ਨੂੰ ਦੰਡ ਦੇ ਸਕਦਾ ਹੈ ? ਅਗਰ ਉਹ ਦੰਡ ਦੇ ਸਕਦਾ ਹੈ ਤਾਂ ਦੀਮਕ ਅਤੇ ਚਿੱਕੜ ਜੋ ਲੱਕੜ ਅਤੇ ਲੋਹਾ ਖਾ ਜਾਂਦੇ ਹਨ, ਨੂੰ ਦੰਡ ਦੇਣਾ ਦੀ ਯੋਗਤਾ ਰੱਖਦਾ ਹੈ । ਮੈਂ ਇਹ ਕਹਿ ਸਕਦਾ ਹਾਂ ਕਿ ਆਤਮਾ, ਸਿੱਖਿਆ ਕਲਪਨਾ ਅਤੇ ਕਾਲਪਨਿਕ ਧਰਮ ਦੀ ਰੱਖਿਆ ਕਰਦੀ ਹੈ । ਜਿਸ ਤਰ੍ਹਾਂ ਇਸ ਅਸੱਤ (ਝੂਠ) ਦੇ ਬਦਲੇ ਅਨੇਕ ਝੂਠਾਂ ਦਾ ਆਸਰਾ ਲੈਣਾ ਪੈਂਦਾ ਹੈ, ਉਸੇ ਤਰ੍ਹਾਂ ਮਿੱਥਿਆਂ ਦਰਸ਼ਨ ਭਾਵ ਹਿੰਦੂਤਵ ਨੂੰ ਕਾਇਮ ਰੱਖਣ ਲਈ ਮਿਥਬਾਣੀ, ਆਤਮਾ, ਸਵਰਗ, ਨਰਕ, ਪੁਨਰ ਜਨਮ, ਭਾਗ (ਕਰਮ) ਆਦਿ ਝੂਠੀਆਂ ਕਲਪਨਾਵਾਂ ਦਾ ਸਹਾਰਾ ਲੈਣਾ ਪੈਂਦਾ ਹੈ ।

ਸਮਾਜ ਸੁਧਾਰਵਾਦੀ ਲੋਕ, ਰਾਜਨੀਤਕ ਸਵਾਰਥ ਤੋਂ ਪ੍ਰੇਰਤ ਹੋ ਕੇ ਜਨਤਾ ਨੂੰ ਸਮਾਜਿਕ ਸੁਧਾਰ ਦੇ ਨਾਮ 'ਤੇ ਗੁੰਮਰਾਹ ਕਰਦੇ ਹਨ । ਸਾਡੇ ਦੇਸ਼ ਵਿਚ ਇਹ ਸੁਧਾਰ ਜਾਤੀਗਤ ਭੇਦਭਾਵ ਦੇ ਅਧਾਰ 'ਤੇ ਚਲਾਏ ਜਾਂਦੇ ਹਨ । ਪਰਿਣਾਮਸਰੂਪ ਮੁੱਢ ਤੋਂ ਅੰਤ ਤੱਕ ਅਸਮਾਨਤਾ ਦੀ ਸਥਿਤੀ ਸਮਾਜ ਵਿਚ ਬਣੀ ਰਹਿੰਦੀ ਹੈ ......ਈਸ਼ਵਰ ਧਰਮ, ਵੇਦ, ਸ਼ਾਸਤਰਾਂ ਵਿਚ ਅੰਧ ਵਿਸ਼ਵਾਸ ਕਾਰਨ ਸਾਡੇ ਦੇਸ਼ ਦੇ ਸੁਧਾਰਕ ਦੇਸ਼ ਵਿਚ ਕੋਈ ਵੀ ਸੁਧਾਰ ਨਹੀਂ ਲਿਆ ਸਕੇ । ਭਾਰਤੀ ਸਮਾਜ ਵਿਚ ਭੇਦ ਭਾਵ ਦੀ ਨੀਤੀ ਨੇ ਕੁਝ ਜਾਤੀਆਂ ਨੂੰ ਬਹੁਤ ਲਾਭ ਪਹੁੰਚਾਇਆ ਹੈ ਅਤੇ ਅੱਜ ਵੀ ਪਹੁੰਚਾ ਰਿਹਾ ਹੈ । ਇਹ ਲੋਕ ਇਨ੍ਹਾਂ ਸੁਧਾਰਾਂ ਵੱਲ ਜ਼ਰਾ ਵੀ ਧਿਆਨ ਨਹੀਂ ਦਿੰਦੇ । ਸਾਡੇ ਸਮਾਜ ਵਿਚ ਸੁਧਾਰ ਲਿਆਉਣ ਵਿਚ ਰੁਕਾਵਟ ਪਾਉਣ ਵਾਲੇ ਵਿਅਕਤੀ ਸਮਾਜ ਦੀ ਜਾਤੀਗਤ ਭੇਦ ਨੀਤੀ ਅਤੇ ਸਮਾਜ ਵਿਚ ਪ੍ਰਚੱਲਤ ਅੰਧ ਵਿਸ਼ਵਾਸ ਦੇ ਕਾਰਨ, ਲਾਭ ਪ੍ਰਾਪਤ ਕਰ ਰਹੇ ਹਨ ਅਤੇ ਹੁਣ ਵੀ ਉੱਨਤੀ ਕਰ ਰਹੇ ਹਨ ।.....ਧਾਰਮਿਕ ਕੱਟੜਤਾ ਅਤੇ ਅੰਧ ਵਿਸ਼ਵਾਸ ਦੇ ਕਾਰਨ ਬਦਲੀ ਹੋਈ ਸਮਾਜ ਦੀ ਸਥਿਤੀ ਵਿਚ ਵੀ ਕੋਈ ਸੁਧਾਰ ਲਾਗੂ ਨਹੀਂ ਹੋ ਸਕਦੇ ।

ਸਮਾਜ ਦੇ ਪੁਨਰ ਨਿਰਮਾਣ ਦਾ ਅਰਥ, ਸਭ ਤੋਂ ਪਹਿਲਾਂ ਨਾਸ਼ (ਭਾਵ ਪੁਰਾਣੇ ਢਾਂਚੇ ਦਾ ਮੁਕੰਮਲ ਖਾਤਮਾ) ਤੇ ਫਿਰ ਨਾਲੋਂ-ਨਾਲ ਨਿਰਮਾਣ ਕਰਨਾ ਹੈ । ਇਸ ਪੁਨਰ ਨਿਰਮਾਣ ਦੇ ਕਾਰਜ ਵਿਚ ਜੁਟਾਉਣ ਲਈ ਦਰਿੜ੍ਹ ਨਿਸ਼ਚੇ ਅਤੇ ਸਾਹਸ ਦੇ ਪ੍ਰਦਰਸ਼ਨ ਦੀ ਅਵੱਸ਼ਕਤਾ ਹੈ । ਜੇ ਅੰਧ ਵਿਸ਼ਵਾਸਾਂ 'ਤੇ ਅਧਾਰਤ ਇਨ੍ਹਾਂ ਪੁਰਾਤਨ ਪਰੰਪਰਾਵਾਂ ਦੀ ਹੋਂਦ ਬਣੀ ਰਹੀ ਤਾਂ ਸਮਾਜ ਵਿਚ ਸੁਧਾਰ ਕਾਰਨ ਦੀ ਪ੍ਰਕ੍ਰਿਆ ਵਿਚ ਪੂਰਨ ਅਸਫਲਤਾ ਹੀ ਮਿਲੇਗੀ । ਮੈਂ ਉਨ੍ਹਾਂ ਲੋਕਾਂ ਵਿਚੋਂ ਹੀਂ ਹਾਂ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਸਮੇਂ ਅਤੇ ਧਰਮ ਦੇ ਬਲ ਤੇ ਸਮਾਜ ਸੁਧਾਰਕਾਂ ਨੂੰ ਰੋਕਿਆ ਜਾ ਸਕਦਾ ਹੈ ।

ਜੋ ਆਦਮੀ ਆਤਮਸੰਜਮ ਵਰਤਦੇ ਹਨ ਅਤੇ ਜਨਤਾ ਦੀ ਆਲੋਚਨਾ ਤੋਂ ਭੈਭੀਤ ਹੁੰਦੇ ਹਨ, ਕਦੇ ਵੀ ਸਫਲ ਸੁਧਾਰਕ ਨਹੀਂ ਬਣ ਸਕਦੇ ਤੇ ਉਨ੍ਹਾਂ ਦੇ ਯਤਨ ਵੀ ਕਦੇ ਸਫਲ ਨਹੀਂ ਹੁੰਦੇ । ਰਮਾਇਣ, ਮਹਾਂਭਾਰਤ,

ਸ਼ਿਵਪੁਰਾਣ, ਵਿਸ਼ਨੂੰ ਪੁਰਾਣ, ਪੇਰੀਆ ਪੁਰਾਣ, ਆਦਿ ਪੁਰਤਾਨ ਅਤੇ ਵਿਦਵਾਨਾਂ ਰਾਹੀਂ ਸਥਾਪਤ ਕੀਤੇ ਗਏ ਗ੍ਰੰਥਾਂ ਨੇ ਜਨਤਾ ਦੇ ਲਈ ਕੀ ਕੀਤਾ ਹੈ ? ਕੀ ਕੋਈ ਇਸ ਤੱਥ ਨੂੰ ਸਵੀਕਾਰ ਨਹੀਂ ਕਰੇਗਾ ਕਿ ਉਨ੍ਹਾਂ ਸੰਬੰਧਤ ਗ੍ਰੰਥਾਂ ਵਿਚ ਈਸ਼ਵਰ ਦੇ ਉਨ੍ਹਾਂ ਨਿਮਨ ਕੋਟੀ ਦੇ ਗੁਣਾਂ ਅਤੇ ਕਾਰਜਾਂ ਦਾ ਉਲੇਖ ਹੈ, ਜੋ ਸਾਡੇ ਨੀਵੇਂ ਪੱਧਰ ਵਾਲੇ ਸਮਾਜ ਦੇ ਨੁਮਾਇੰਦਿਆਂ ਤੋਂ ਵੀ ਨੀਵੇਂ ਪੱਧਰ ਦਾ ਹੈ ? ਕੀ ਕੋਈ ਇਸ ਸਚਾਈ ਨੂੰ ਅਸਵੀਕਾਰ ਕਰ ਸਕੇਗਾ ਕਿ ਇਨ੍ਹਾਂ ਪੁਰਾਣ ਆਦਿ ਗ੍ਰੰਥਾਂ ਨੇ, ਮਾਨਵ ਕਲਿਆਣ ਵਿਚ ਅੜਚਣਾਂ ਅਤੇ ਰੁਕਾਵਟਾਂ ਪੈਦਾ ਕੀਤੀਆਂ ਹਨ ? ਧਰਮ ਇਕ ਨਿਰਥਕ ਵਸਤੂ ਹੈ ਜੋ ਗਿਆਨ ਅਤੇ ਬੁੱਧੀ ਲਈ ਜ਼ਿਆਦਾ ਸਹਾਇਤਾ ਪ੍ਰਦਾਨ ਨਹੀਂ ਕਰਦਾ। ਜਿੱਥੋਂ ਤੀਕ ਮੈਂ ਸਮਝਦਾ ਹਾਂ ਧਰਮ ਕਿਸੇ ਨੂੰ ਸ਼ਾਂਤੀ ਅਤੇ ਸਫਲਤਾ ਨਹੀਂ ਦਿੰਦਾ। ਸਮਾਜ ਵਿਚ ਇਸਤਰੀਆਂ ਦੀ ਸਥਿਤੀ ਨਿਮਨ ਪੱਧਰ ਦੀ ਹੈ। ਇਹ ਕਿਹਾ ਜਾਂਦਾ ਹੈ ਕਿ ਜਿਸ ਪ੍ਰਕਾਰ ਸ਼ੇਰ ਦੇ ਭੋਜਨ ਲਈ ਦੂਜੇ ਵਣਜੀਵ ਬਣਾਏ ਗਏ ਹਨ ਅਤੇ ਬਿੱਲੀ ਦੇ ਭੋਜਨ ਲਈ ਚੂਹਿਆਂ ਦੀ ਰਚਨਾ ਕੀਤੀ ਗਈ ਹੈ, ਉਸੇ ਤਰ੍ਹਾਂ ਇਸਤਰੀ ਪੁਰਸ਼ਾਂ ਦੀ ਦਾਸੀ ਦੇ ਰੂਪ ਵਿਚ ਬਣਾਈ ਗਈ ਹੈ। ਜੇ ਈਸ਼ਵਰ ਦਾ ਇਹ ਵਿਧਾਨ ਹੈ ਤਾਂ ਸੰਸਾਰ ਤੋਂ ਅਜਿਹੇ ਈਸ਼ਵਰ ਨੂੰ ਹਟਾ ਦੇਣਾ ਚਾਹੀਦਾ ਹੈ। ਜਿੱਥੇ ਇਸਤਰੀ ਦਾ ਦਾਸੀ ਦਾ ਰੂਪ ਹੋਵੇਗਾ ਉੱਥੇ ਸਵੈਮਾਣ ਵਾਲੇ ਸਮਾਜ ਦਾ ਨਿਰਮਾਣ ਨਹੀਂ ਹੋ ਸਕੇਗਾ। ਮਨੁੱਖਾਂ ਦੇ ਨਾਲ-ਨਾਲ ਨਾਰੀਆਂ ਦੀ ਸੁਤੰਤਰਤਾ ਅਤੇ ਸਮਾਨਤਾ ਪੂਰਨ ਸੱਭਿਅਤਾ ਦੀ ਪ੍ਰਾਪਤੀ ਵਿਚ ਇਕ ਮਹਾਨ ਵੱਡੀ ਕੜੀ ਹੈ। ਇਸ ਦੀ ਅਣਹੋਂਦ ਵਿਚ ਸਮਾਜ ਦਾ ਪੂਰਨ ਅੰਗ ਸੱਭਿਅਕ ਨਹੀਂ ਹੋ ਸਕਦਾ।

ਔਰਤ ਦੇ ਸੱਤਿਆਵਤੀ ਹੋਣ ਦੀ ਇੱਛਾ ਤਾਂ ਹੀ ਕੀਤੀ ਜਾ ਸਕਦੀ ਹੈ ਜਦੋਂ ਤੁਸੀਂ ਆਪ ਉਸ ਨੂੰ ਆਪਣਾ ਨਿਰਮਲ ਪਿਆਰ ਪ੍ਰਦਾਨ ਕਰੋ ਅਤੇ ਉਸ ਨੂੰ ਆਪਣਾ ਸੱਚਾ ਸਾਥੀ ਸਮਝੋ। ਆਦਮੀਆਂ ਲਈ ਇਕ ਨਿਯਮ ਅਤੇ ਔਰਤਾਂ ਲਈ ਦੂਸਰਾ ਨਿਯਮ ਪੂਰੀ ਤਰ੍ਹਾਂ ਨਿੰਦਣ ਯੋਗ ਹੈ ਅਤੇ ਸਮਾਨਤਾ ਦੇ ਸਿਧਾਂਤ ਦੇ ਸਾਹਮਣੇ ਕਦੇ ਵੀ ਸਥਿਰ ਨਹੀਂ ਰਹਿ ਸਕਦਾ। ਮਨੁੱਖ ਦੇ ਸਮਾਜ ਵਿਚ ਦੂਆ-ਭਾਵ ਪਹਿਲਾਂ ਪੈਦਾ ਨਹੀਂ ਹੋਇਆ। ਦੰਡ ਵਿਧਾਨ ਦੀ ਨਿਯਮਾਵਲੀ ਦੇ ਅਧੀਨ ਇਸ ਸੰਸਥਾ ਦਾ ਜਨਮ ਹੋਇਆ ਹੈ। ਬਲਵਾਨ ਦੁਆਰਾ ਨਿਰਬਲ ਉੱਪਰ ਸ਼ਾਸਨ, ਜਾਤੀਵਾਦ ਦਾ ਅਧਾਰ ਹੈ। ਜਾਤੀਵਾਦ ਦੀ ਭਾਵਨਾ ਖੁਦ ਪ੍ਰਮਾਣਤ ਕਰਦੀ ਹੈ ਕਿ ਮਨੁੱਖੀ ਸਮਾਜ ਪੂਰਨ ਰੂਪ ਵਿਚ ਸੱਭਿਅਕ ਨਹੀਂ ਹੈ। ਜਨਮਜਾਤ ਜਾਤੀਵਾਦ ਦਾ ਕੀ ਅਰਥ ਹੈ ? ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਹੋ ਸਕਦਾ ਕਿ ਕੋਈ ਵਿਅਕਤੀ ਕਿਸੇ ਇਕ ਜਾਤੀ ਵਿਚ, ਮਾਨਵੀ ਉੱਚੀ ਬਿਰਤੀ, ਚਰਿੱਤਰ ਅਤੇ ਬੁੱਧੀ ਪ੍ਰਾਪਤ ਕਰਨ ਦੀ ਯੋਗਤਾ ਨਹੀਂ ਰੱਖਦਾ। ਇਹ ਪ੍ਰਕਿਰਤੀ ਦੇ ਨਿਯਮ ਦੇ ਵਿਰੁੱਧ ਹੈ। ਜਨਮ ਦੇ ਸਮੇਂ ਸਮਾਨਤਾ ਹੋਣ ਤੇ ਭਵਿੱਖ ਜੀਵਨ ਵਿਚ ਅਸਮਾਨਤਾ ਦਾ ਪਾਠ ਪੜ੍ਹਾਇਆ ਜਾਂਦਾ ਹੈ।

ਹਰੇਕ ਜਾਤੀ ਦੀ ਜਨਸੰਖਿਆ ਦੇ ਅਨੁਪਾਤ ਦੇ ਨਾਲ ਉਨ੍ਹਾਂ ਦੇ ਜੀਵਨ ਨੂੰ ਹਰੇਕ ਖੇਤਰ ਵਿਚ ਪ੍ਰਤੀਨਿਧਤਾ ਦੇ ਕੇ ਸਰਕਾਰ ਇਸ ਬਿਮਾਰੀ ਨੂੰ ਦੂਰ ਕਰ ਸਕਦੀ ਹੈ। ਭੌਤਿਕ ਪਦਾਰਥਾਂ ਦੇ ਉਪਯੋਗ ਵਿਚ ਸਮਾਨਤਾ ਦਾ ਵਿਹਾਰ ਉਨ੍ਹਾਂ ਦੇ ਪੱਧਰ ਨੂੰ ਉੱਚਾ ਕਰੇਗਾ ਅਤੇ ਇਸ ਸਥਿਤੀ ਵਿਚ ਊਚ-ਨੀਚ ਦੇ ਭੇਦ-ਭਾਵ ਮਿਟ ਜਾਏਗਾ, ਜਾਤੀਵਾਦ ਰੂਪ ਮਹਿਲ ਡਿੱਗ ਜਾਵੇਗਾ। ਇਸ ਤੋਂ ਵਧੇਰੇ ਕੁਝ ਅਜਿਹੀਆਂ ਧਾਰਮਿਕ ਅਤੇ ਮਨੋਵਿਗਿਆਨਕ ਰੁਕਾਵਟਾਂ ਹਨ, ਜੋ ਨੀਚੀ ਜਾਤੀ ਨੂੰ ਅੱਗੇ ਵਧਣ ਤੋਂ ਰੋਕਦੀਆਂ ਹਨ ਅਤੇ ਉੱਚੀ ਜਾਤੀ ਨੂੰ ਅੱਗੇ ਵਧਣ ਲਈ ਉਤਸ਼ਾਹਤ ਕਰਦੀਆਂ ਹਨ। ਇਸ ਕਾਰਨ ਜਨਸੰਖਿਆ ਦੇ ਅਨੁਪਾਤ ਅਨੁਸਾਰ ਪ੍ਰਤੀਨਿਧਤਾ ਹੋਣ 'ਤੇ ਜਾਤੀ ਭੇਦ ਸਮਾਪਤ ਹੋ ਜਾਵੇਗਾ। ਅਛੂਤਪਣ ਦਾ ਕਾਰਨ ਰਾਜਨੀਤਕ ਦਾਸਤਾ ਨਹੀਂ, ਇਹ ਤਾਂ ਕੇਵਲਮਾਤਰ ਹਿੰਦੂ ਧਰਮ ਦੀ ਦੇਣ ਹੈ। ਸਮਾਜ ਸੁਧਾਰਕਾਂ ਦਾ ਇਹ ਪਰ ਕਰੱਤਵ ਹੈ ਕਿ ਉਹ ਇਸ ਅਛੂਤਪਣ ਰੂਪੀ ਰਾਖਸ਼ ਦਾ ਖਾਤਮਾ ਕਰ ਦੇਣ। ਜੇ ਲੋੜ ਪਵੇ ਤਾਂ ਹਿੰਦੂ ਧਰਮ ਨੂੰ ਵੀ ਨਸ਼ਟ ਕਰ ਦੇਣ (111 ਬਹੁਜਨ ਕਲਿਆਣਮਾਲਾ 61)

ਅੱਜ-ਕੱਲ੍ਹ ਜੋ ਸਿਖਾਇਆ ਜਾਂਦਾ ਹੈ, ਉਹ ਸਭ ਸਾਡੇ ਮੌਲਿਕ ਸਿਧਾਂਤ ਦੇ ਉਲਟ ਹੈ। ਵਰਤਮਾਨ ਵਿਦਿਆ ਉਸ ਸ਼ੋਸ਼ਕ ਵਰਗ ਦੇ ਹਿੱਤ ਵਿਚ ਹੈ, ਜੋ ਦੂਸਰਿਆਂ ਦੀ ਮਿਹਨਤ 'ਤੇ ਜੀਵਤ ਹੈ। ਸੰਖੇਪ ਵਿਚ ਮੈਂ ਇਹ ਕਹੂੰਗਾ ਕਿ ਦੇਵ ਅਰਾਧਨਾਂ, ਧਾਰਮਿਕ ਕਰਮ, ਸ਼ਾਸਕਾਂ ਦੀ ਪੂਜਾ ਆਦਿ ਕੰਮ ਮਾਨਸਿਕ ਦਾਸਤਾ ਦੇ ਪ੍ਰਤੀਕ ਹਨ। ਸਿੱਖਿਆ ਖੇਤਰ ਵਿਚ ਇਸਤਰੀ ਅਣਇੱਛਤ ਹੈ। ਇਸ ਤੋਂ ਵਧੇਰੇ ਇਸਤਰੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ। ਅਛੂਤ ਅਤੇ ਦੂਜੀਆਂ ਪਛੜਿਆਂ ਜਾਤੀਆਂ ਨੂੰ ਵੀ ਸਿੱਖਿਆ ਦੇ ਅਵਸਰ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਅਤੇ ਜੋ ਲੋਕ ਪਵਿੱਤਰਤਾ ਅਤੇ ਬੁੱਧੀਮਤਾ ਦਾ ਦਾਅਵਾ ਜਨਮ ਤੋਂ ਕਰਦੇ ਹਨ, ਉਨ੍ਹਾਂ ਨੂੰ ਇਸ

ਸਿੱਖਿਆ ਤੋਂ ਵੰਚਤ ਕਰ ਦੇਣਾ ਚਾਹੀਦਾ ਹੈ। ਘੱਟੋ-ਘੱਟ 15 ਸਾਲਾਂ ਤੱਕ ਉੱਚ ਵਰਗ ਦੇ ਲੋਕਾਂ ਦਾ ਕਾਲਜ ਅਤੇ ਟੈਕਨੀਕਲ ਸਕੂਲਾਂ ਵਿਚ ਪ੍ਰਵੇਸ਼ ਰੋਕ ਦੇਣਾ ਚਾਹੀਦਾ ਹੈ। ਅੰਧ ਵਿਸ਼ਵਾਸ ਅਤੇ ਸਿੱਖਿਆ ਫਲਸਫੇ ਦੇ ਵਰਤ੍ਹਾਰੇ ਨੂੰ ਸਮਾਜ ਵਿਚੋਂ ਕੱਢ ਦੇਣ ਦੀ ਗੱਲ ਸਮਾਜ ਸੁਧਾਰਕਾਂ ਦੇ ਖੇਤਰ ਵਿਚ ਆਉਂਦੀ ਹੈ। ਜੋ ਲੋਕ ਇਨ੍ਹਾਂ ਅੰਧ ਵਿਸ਼ਵਾਸਾਂ 'ਤੇ ਚੱਲਣ ਦਾ ਲਾਭ ਉਠਾ ਕੇ ਸ਼ੋਸ਼ਣ ਕਰਦੇ ਹਨ, ਉਹੀ ਲਾਭ ਪ੍ਰਾਪਤ ਕਰਦੇ ਹਨ, ਦੂਸਰੇ ਲੋਕ ਨਹੀਂ। ਸਾਹਸ ਅਤੇ ਦ੍ਰਿੜ ਵਿਸ਼ਵਾਸ ਦੇ ਅਭਾਵ ਵਿਚ ਦੂਸਰੇ ਲੋਕ ਇਸ ਸਥਿਤੀ ਨੂੰ ਬਦਲਣ ਦੇ ਅਸਮਰੱਥ ਹੈ। ਈਸ਼ਵਰ, ਧਰਮ, ਦਇਆ ਹੀ ਕੇਵਲ ਅੰਧ ਵਿਸ਼ਵਾਸ ਨੂੰ ਉਤਸ਼ਾਹਤ ਨਹੀਂ ਕਰਦੇ, ਸਗੋਂ ਭਲੇ-ਬੁਰੇ ਦਿਨਾਂ ਦਾ ਵਿਸਵਾਸ, ਸੰਕਲਪ, ਉਪਵਾਸ, ਤੀਰਥ ਯਾਤਰਾ, ਧਾਰਮਿਕ ਸਥਾਨ ਅਤੇ ਸਾਧੂਆਂ ਦੀ ਪ੍ਰਸ਼ੰਸਾ ਆਦਿ ਕੰਮ ਵੀ ਅੰਧ ਵਿਸ਼ਵਾਸ ਦੇ ਪ੍ਰਚਾਰ ਵਿਚ ਸਹਾਇਤਾ ਕਰਦੇ ਹਨ ਜਿਸ ਕਾਰਨ ਮਨੁੱਖ ਦੀ ਸ਼ਕਤੀ, ਬੁੱਧੀ, ਧਨ ਅਤੇ ਸਮੇਂ ਦਾ ਨੁਕਸਾਨ ਹੁੰਦਾ ਹੈ, ਜਦੋਂ ਕਿ ਭਾਰਤ ਕੁਦਰਤੀ ਸਾਧਨਾਂ ਨਾਲ ਭਰਪੂਰ ਹੈ, ਫਿਰ ਵੀ ਇਹ ਦਾਸਤਾ, ਨਿਰਧਨਤਾ ਅਤੇ ਪਛੜੇਪਣ ਦੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ। ਇਸ ਦਾ ਇਕ ਮਾਤਰ ਕਾਰਨ ਮਨੁੱਖਾਂ ਦਾ ਅੰਧ ਵਿਸ਼ਵਾਸ ਹੀ ਹੈ। ਪੁਰਾਣ, ਆਸ਼ਰਮ ਸ਼ਾਸਤਰ, ਆਚਾਰੀਆ ਦੀਆਂ ਕਥਾਵਾਂ, ਸ਼ੁੱਭ ਦਿਵਸ, ਧਾਰਮਿਕ ਸਥਾਨ ਅਤੇ ਰੀਤੀ-ਰਿਵਾਜ ਇਨ੍ਹਾਂ ਵਿਸ਼ਵਾਸਸ਼ੀਲ ਮਨੁੱਖਾਂ ਨੂੰ ਧੋਖਾ ਦਿੰਦੇ ਹਨ।

ਜੇ ਸਰਕਾਰ ਵਰਣ ਵਿਵਸਥਾ ਨੂੰ ਹਟਾਉਣ ਲਈ ਵਚਨਬੱਧ ਹੈ ਤਾਂ ਫਿਰ ਅਜਿਹੀਆਂ ਪੁਸਤਕਾਂ ਅਤੇ ਸਾਹਿਤ ਦੇ ਜਾਰੀ ਰਹਿਣ 'ਤੇ ਪਾਬੰਦੀ ਲਗਾ ਦੇਵੇ, ਜਿਸ ਵਿਚ ਵਰਣ ਵਿਵਸਥਾ ਦੀ ਪ੍ਰਸ਼ੰਸਾ ਕੀਤੀ ਗਈ ਹੋਵੇ। ਉਨ੍ਹਾਂ ਸਾਰੀਆਂ ਪੁਸਤਕਾਂ ਦੀ ਹੋਲੀ ਜਲਾ ਦਿੱਤੀ ਜਾਵੇ ਜੋ ਅੰਧਵਿਸ਼ਵਾਸ, ਵਰਣ ਵਿਵਸਥਾ ਅਤੇ ਜਾਤੀਗਤ ਭੇਦਭਾਵਾਂ ਨਾਲ ਭਰਪੂਰ ਹਨ। ਸ਼ੰਕਰਾਚਾਰੀਆਂ ਅਤੇ ਮਾਧੀਪਤੀ ਆਦਿ ਧਰਮ ਨੇਤਾਵਾਂ ਨੂੰ ਜੋ ਅੱਜ ਵੀ ਵਰਣ ਵਿਵਸਥਾ ਦਾ ਉਪਦੇਸ਼ ਕਰਦੇ ਹਨ, ਤਤਕਾਲ ਉਨ੍ਹਾਂ 'ਤੇ ਪਾਬੰਦੀ ਲਗਾ ਦਿੱਤੀ ਜਾਵੇ ਜਾਂ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਜਵਾਹਰਾਤ ਅਤੇ ਬਹੁਮੁੱਲੇ ਰਤਨਾਂ ਦੇ ਰੂਪ ਵਿਚ ਮੰਦਰਾਂ ਵਿਚ ਜਮ੍ਹਾਂ ਕੀਤੀ ਹੋਈ ਅਤੁਲ ਧਨ ਰਾਸ਼ੀ ਜ਼ਬਤ ਕਰ ਲਈ ਜਾਵੇ ਅਤੇ ਉਸ ਨੂੰ ਅਸਿੱਖਿਅਤਾ ਨੂੰ ਸਿੱਖਿਅਤ ਬਣਾਉਣ ਅਤੇ ਬੇਰੋਜ਼ਗਾਰੀ ਦੂਰ ਕਰਨ ਲਈ ਵਰਤਿਆ ਜਾਵੇ। (116 ਬ.ਕ.ਮ. 61)

ਜੋ ਲੋਕ ਬ੍ਰਾਹਮਣ ਪ੍ਰੋਹਤਾਂ, ਵੇਦਾਂ, ਸ਼ਾਸਤਰਾਂ, ਇਤਿਹਾਸ ਅਤੇ ਪੁਰਾਣਾਂ ਵਿਚ ਵਿਸ਼ਵਾਸ ਨਹੀਂ ਕਰਦੇ, ਉਨ੍ਹਾਂ ਲੋਕਾਂ ਨੂੰ ਲੋਕ ਨਾਸਤਿਕ ਕਹਿਣ ਲੱਗ ਪੈਂਦੇ ਹਨ। ਇਹ ਵੀ ਸਮਝ ਲੈਣਾ ਜ਼ਰੂਰੀ ਹੈ ਕਿ ਇਸ ਵਰਣ ਵਿਵਸਥਾ ਅਤੇ ਜਾਤੀਗਤ ਭੇਦਭਾਵ ਦੇ ਕੇਵਲ ਬ੍ਰਾਹਮਣ ਹੀ ਦੋਸ਼ੀ ਹਨ। ਜਨਤਾ ਆਲੋਚਨਾ ਕਰਦੀ ਹੈ ਕਿ ਜੋ ਲੋਕ ਇਸ ਜਾਤੀਗਤ ਭੇਦਭਾਵ ਦੇ ਕਾਰਨ ਬ੍ਰਾਹਮਣ ਵਰਗ ਦੀ ਭਰਵੀਂ ਆਲੋਚਨਾ ਕਰਦੇ ਹਨ, ਉਹ ਹੀ ਲੋਕ ਆਪਣੇ ਤੋਂ ਨਿਮ੍ਨ ਪੱਧਰ ਦੀ ਜਾਤੀ ਦੇ ਲੋਕਾਂ ਨੂੰ ਸਮਾਨਤਾ ਨਹੀਂ ਦਿੰਦੇ। ਇਹ ਆਲੋਚਨਾ ਸੱਚੀ ਹੈ।

.....ਬ੍ਰਾਹਮਣ ਸਮਾਜ ਇਸ ਦਾ ਵਧੇਰੇ ਦੋਸ਼ੀ ਹੈ, ਕਿਉਂਕਿ ਇਸ ਦੇ ਪੂਰਵਜਾਂ ਨੇ ਜਾਤੀਗਤ ਭੇਦਭਾਵ ਪੈਦਾ ਕੀਤਾ ਅਤੇ ਪਰਨਾਇਆ। ਸਮਾਜਿਕ ਸੁਧਾਰ ਦਾ ਅੰਤ ਉਦੇਸ਼ ਜਨਤਾ ਵਿਚ ਚੰਗੀਆਂ ਆਦਤਾਂ ਦੀ ਸਿੱਖਿਆ, ਗਿਆਨ ਵਾਧਾ ਅਤੇ ਸਮਾਨਤਾ ਦੇ ਸਿਧਾਂਤਾਂ ਦਾ ਪਾਲਣ, ਆਤਮ ਸਨਮਾਨ ਦੀ ਪ੍ਰਾਪਤੀ ਅਤੇ ਸੱਚੇ ਅਰਥਾਂ ਵਿਚ ਧਰਮ ਨਿਰਪੱਖ ਸਮਾਜਵਾਦ ਦੀ ਸਥਾਪਨਾ ਕਰਨਾ ਹੈ।

ਦੇਵੀ-ਦੇਵਤਿਆਂ ਵਿਚ ਅੰਧ-ਵਿਸ਼ਵਾਸ, ਧਾਰਮਿਕ ਕਰਮ, ਜਾਤਪਾਤ, ਭੇਦਭਾਵ ਅਤੇ ਅੰਧਵਿਸ਼ਵਾਸ ਦੇ ਕਾਰਨ, ਸੁਤੰਤਰ ਖੋਜ ਦੀ, ਸਹੀ ਵਰਤੋਂ ਨਹੀਂ ਰਹੀ। ਧਰਮ ਪ੍ਰੋਹਤਾਂ ਨੇ ਵਿਵੇਕ ਅਤੇ ਬੁੱਧੀ ਨੂੰ ਆਪਣਾ ਬੰਦੀ ਬਣਾ ਲਿਆ। ਜਿਸ ਕਿਸੇ ਨੇ ਈਸ਼ਵਰ, ਦੇਵੀ ਦੇਵਤਾਵਾਂ, ਸ਼ਾਸਤਰਾਂ ਅਤੇ ਪੁਰਾਣਾਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ, ਉਸ ਨੂੰ ਹੀ ਨਾਸਤਿਕ ਕਹਿ ਕੇ ਗੈਰ ਹਿੰਦੂ ਅਤੇ ਸਮਾਜ ਵਿਰੋਧੀ ਪ੍ਰਤੀਕਿਰਿਆਵਾਦੀ ਦਾ ਨਾਂ ਦਿੱਤਾ ਗਿਆ। ਆਤਮ ਸਨਮਾਨ ਅੰਦੋਲਨ ਸ਼ੁਰੂ ਹੋਣ ਤੋਂ ਪਹਿਲਾਂ ਕਿਸੇ ਨੂੰ ਵੀ ਇਨ੍ਹਾਂ ਦੇਵੀ-ਦੇਵਤਿਆਂ ਅਤੇ ਅੰਧ-ਵਿਸ਼ਵਾਸਾਂ ਦੇ ਵਿਰੁੱਧ ਆਵਾਜ਼ ਉਠਾਉਣ ਦਾ ਹੌਸਲਾ ਨਹੀਂ ਹੋਇਆ। ਹਵਾਲਾ : (ਪੁਸਤਕ ਈ.ਵੀ. ਰਾਮਾਸਵਾਮੀ ਨਾਈਕਰ ਬਹੁਜਨ ਕਲਿਆਣ ਪ੍ਰਕਾਸ਼ਨ) ਪਹਿਲਾਂ ਇਹ ਕੁਝ ਸਮੇਂ ਲਈ ਵੈਦਿਕ ਧਰਮ ਸੀ। ਫੇਰ ਇਸ ਨੂੰ ਆਰੀਅਨ ਧਰਮ ਕਿਹਾ ਗਿਆ। ਕੁਝ ਚਿਰ ਬਾਅਦ ਇਸ ਨੂੰ ਬ੍ਰਾਹਮਣੀ ਧਰਮ ਕਿਹਾ ਗਿਆ ਅਤੇ ਅੰਤ ਇਸ ਨੂੰ ਹਿੰਦੂਵਾਦ ਦਾ ਨਾਂ ਦਿੱਤਾ ਗਿਆ। (ਗੋਡੇ ਐਡਮੈਨ 16)

ਇਨ੍ਹਾਂ ਧਰਮਾਂ (ਭਾਵ ਇਸਾਈ ਧਰਮ, ਮੁਸਲਮ ਧਰਮ, ਹਿੰਦੂ ਧਰਮ) ਤੋਂ ਇਲਾਵਾ ਇਕ ਹੋਰ ਵੀ ਧਰਮ ਹੈ ਜਿਸ ਨੂੰ ਬੁੱਧ ਧਰਮ ਕਿਹਾ ਜਾਂਦਾ ਹੈ ।ਇਸ ਧਰਮ ਦਾ ਕੋਈ ਵਿਸ਼ੇਸ਼ ਰੱਬ ਨਹੀਂ ਹੈ ।ਫਿਰ ਵੀ ਉਨ੍ਹਾਂ ਦਾ ਭਰੋਸਾ ਹੈ ਕਿ ਉਹ ਕੁਝ ਧਾਰਮਿਕ ਰਸਮਾਂ ਕਰਦੇ ਹਨ ।ਜਿਥੋਂ ਤੀਕ ਧਰਮ ਨੂੰ ਮੰਨਣ ਵਾਲਿਆਂ ਦਾ ਸੰਬੰਧ ਹੈ, ਬੁੱਧ ਧਰਮ ਨੂੰ ਮੰਨਣ ਵਾਲਿਆਂ ਦਾ ਇਸਾਈ ਧਰਮੀਆਂ ਤੋਂ ਦੂਜਾ ਨੰਬਰ ਹੈ ।ਇਹ ਧਰਮ ਮੁੱਖ ਰੂਪ ਵਿਚ ਚੀਨ, ਸ਼ਿਆਮ, ਬਰਮਾ ਅਤੇ ਲੰਕਾ ਵਿਚ ਫੈਲਿਆ । ਜੇ ਬੁੱਧ ਧਰਮ ਨੂੰ ਅਸੀਂ ਦੂਜੇ ਨਾਂ ਨਾਲ ਪੁਕਾਰੀਏ ਤਾਂ ਅਸੀਂ ਇਸ ਨੂੰ ਸਿਆਣਪ ਦਾ ਧਰਮ ਕਹਿ ਸਕਦੇ ਹਾਂ, ਕਿਉਂਕਿ ਬੁੱਧੀ ਦਾ ਅਰਥ ਹੈ ਗਿਆਨ ।ਬੁੱਧ ਧਰਮ ਨੂੰ ਸਿਆਣਪ ਦਾ ਧਰਮ ਕਿਉਂ ਕਿਹਾ ਜਾਵੇ ? ਕਿਉਂਕਿ ਦੂਜੇ ਸਾਰੇ ਧਰਮਾਂ ਦਾ ਕੋਈ ਨਾ ਕੋਈ ਵਿਸ਼ੇਸ਼ ਰੱਬ ਹੈ, ਪ੍ਰੰਤੂ ਬੁੱਧ ਧਰਮ ਦਾ ਕੋਈ ਰੱਬ ਨਹੀਂ ਹੈ ।ਇਸੇ ਕਰਕੇ ਉਸ ਧਰਮ ਲਈ ਕਿਸੇ ਰੱਬ ਦੀ ਲੋੜ ਨਹੀਂ ਜਾਂ ਉਸ ਧਰਮ ਦਾ ਕੋਈ ਰੱਬ ਨਹੀਂ ਹੋ ਸਕਦਾ, ਜਿਹੜਾ ਧਰਮ ਅਕਲ (ਸਿਆਣਪ) 'ਤੇ ਅਧਾਰਤ ਹੋਵੇ । ਇਹੀ ਕਾਰਨ ਹੈ ਕਿ ਬੁੱਧ ਧਰਮ ਨੂੰ ਸਿਆਣਪ ਦਾ ਧਰਮ ਕਿਹਾ ਗਿਆ ਹੈ ।ਜੇ ਅਸੀਂ ਸੰਸਾਰ ਅੰਦਰ ਪੈਦਾ ਹੋਇਆ ਪਹਿਲਾ ਦਾਰਸ਼ਨਕ ਲੱਭੀਏ, ਉਹ ਕੇਵਲ ਬੁੱਧ ਹੈ ।ਉਸ ਤੋਂ ਬਾਅਦ ਅਸੀਂ ਪੱਛਮ ਦੇ ਸੁਕਰਾਤ ਦਾ ਨਾਂ ਲਵਾਂਗੇ ।

ਮੁਕਤੀ ਦਾ ਸਹੀ ਅਰਥ ਹੈ, ਇਕ ਅਜਿਹੀ ਸਥਿਤੀ ਜਿਥੇ ਬੰਦਾ ਚਿੰਤਾਵਾਂ ਅਤੇ ਦੁੱਖ-ਤਕਲੀਫਾਂ ਤੋਂ ਮੁਕਤ ਹੋਵੇ, ਆਜ਼ਾਦ ਹੋਵੇ ।ਬੰਦਾ ਜਿੰਨਾ ਜ਼ਿਆਦਾ ਰੱਬ ਵਿਚ ਵਿਸ਼ਵਾਸ ਰੱਖੇਗਾ, ਉਸ 'ਤੇ ਉਤਨਾ ਜ਼ਿਆਦਾ ਬੋਝ ਵਧਦਾ ਜਾਵੇਗਾ ।ਅਜਿਹੇ ਆਦਮੀ ਦੀਆਂ ਇੱਛਾਵਾਂ ਅਤੇ ਕੰਮਾਂ ਦਾ ਕੋਈ ਅੰਤ ਨਹੀਂ ਹੋਵੇਗਾ ।ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਰੱਬ ਵਿਚ ਗਹਿਰਾ ਅਤੇ ਬਿਲਕੁਲ (Cognisible) ਵਿਸ਼ਵਾਸ ਅਜਿਹੇ ਲੋਕਾਂ ਦਾ ਵਿਸ਼ੇਸ਼ ਕਰਕੇ ਹੁੰਦਾ ਹੈ ਜੋ ਗਲਤੀਆਂ ਕਰਦੇ ਹਨ ।ਉਹ ਗੈਰ ਕਾਨੂੰਨੀ ਅਤੇ ਕਾਨੂੰਨ ਵਿਰੋਧੀ ਕਰਮ ਕਰਦੇ ਹਨ ।ਸਮਾਜ ਵਿਚਲੇ ਧੋਖੇਬਾਜ਼, ਠੱਗੀਆਂ ਕਰਨ ਵਾਲੇ ਅਨਸਰ ਅਤੇ ਉਹ ਜੋ ਜ਼ਿਆਦਾ ਵਿਸ਼ਵਾਸ ਕਰਦੇ ਹਨ, ਆਮ ਤੌਰ 'ਤੇ ਰੱਬ ਦੀ ਬੜੀ ਗੰਭੀਰਤਾ ਅਤੇ ਸੰਜੀਦਗੀ ਨਾਲ ਧੂਮ ਧੜੱਕੇ ਨਾਲ ਅਤੇ ਦੇਖਣ ਨੂੰ ਬੜੀ ਆਪਾ ਵਾਰੂ ਭਾਵ ਨਾਲ ਵਧੇਰੇ ਪੂਜਾ ਕਰਦੇ ਦਿਖਾਈ ਦੇਣਗੇ ।ਉਹ ਲੋਕ ਕਿਸੇ ਵੀ ਸਮੇਂ ਰੱਬ ਨੂੰ ਨਾ ਭੁਲਦੇ ਹਨ ਅਤੇ ਨਾ ਅਲੱਗ ਕਰਦੇ ਹਨ ।ਮੈਨੂੰ ਜ਼ਿਆਦਾ ਵਪਾਰੀ ਲੋਕਾਂ ਬਾਰੇ ਕਹਿਣ ਦੀ ਲੋੜ ਨਹੀਂ, ਜੋ ਵੱਡੇ ਧੂਮ-ਧੜੱਕੇ ਨਾਲ ਰੱਬ ਦੀ ਪੂਜਾ ਕਰਦੇ ਹਨ ।

ਇਹ ਸਭ ਕੁਝ ਵੀ ਨਹੀਂ ਹੈ, ਪ੍ਰੰਤੂ ਇੱਛਾਵਾਂ ਦੀ ਹੋਂਦ ਅਤੇ ਅਪੂਰਤ ਲੋੜਾਂ ਹਨ, ਜੋ ਰੱਬ ਵਿਚ ਵਿਸ਼ਵਾਸ ਲਈ ਜ਼ਿੰਮੇਵਾਰ ਹਨ ।ਰੱਬ ਵਿਚ ਵਿਸ਼ਵਾਸ ਕਿਸੇ ਵੀ ਤਰ੍ਹਾਂ ਦੂਜਿਆਂ ਦੀ ਸਹਾਇਤਾ ਕਰਨ ਦੇ ਯੋਗ ਨਹੀਂ ਹੈ । ਸਾਨੂੰ ਸ਼ੂਦਰ (ਬੰਦਾ ਤੇ ਪਸ਼ੂ) ਕਿਹਾ ਜਾਂਦਾ ਹੈ ।ਸ਼ੂਦਰ ਦਾ ਅਰਥ ਹੈ ਵੇਸਵਾਵਾਂ ਦੇ ਪੁੱਤਰ ।ਜਦੋਂ ਅਸੀਂ ਪੁਛਦੇ ਹਾਂ ਕਿਵੇਂ ? ਉਹ ਕਹਿੰਦੇ ਹਨ, ਸ਼ਾਸਤਰ ਇਹ ਕਹਿੰਦੇ ਹਨ, ਕਿਸੇ ਸਿਆਣੇ ਨੇ ਇਹ ਕਿਹਾ ਹੈ ਅਤੇ ਰੱਬ ਨੇ ਇੰਜ ਕਿਹਾ ਹੈ, ਬਹੁਤ ਚਿਰ ਪਹਿਲਾਂ ।ਚੁੱਪਚਾਪ ਉਨ੍ਹਾਂ ਦੀ ਇਹ ਕਹੀ ਗੱਲ ਮੰਨ ਕੇ ਅਸੀਂ ਆਪਣੀ ਸਨਮਾਨ ਅਤੇ ਇੱਜ਼ਤ ਵਾਲੀ ਅਕਲ ਗੁਆ ਲਈ ਹੈ ।ਅਸੀਂ ਤਾਂ ਸਿਰਫ ਰੋਟੀ ਲਈ ਚਿੰਤਤ ਹਾਂ ।ਸਾਡੀ ਪ੍ਰਗਤੀ ਰੋਕ ਦਿੱਤੀ ਗਈ ।ਅਸੀਂ ਆਪਣਾ ਜੀਵਨ ਟਪਾਉਣ ਦੇ ਸਾਧਨਾਂ ਲਈ ਚਿੰਤਾਵਾਨ ਹਾਂ ।ਇਹ ਪਸ਼ੂਆਂ ਵਾਲਾ ਗੁਣ ਹੈ । ਅਸੀਂ ਵੀ ਪਸ਼ੂਆਂ ਵਾਂਗ ਹੀ ਰਹਿ ਰਹੇ ਹਾਂ ।

(ਤਰਕਸ਼ੀਲ ਵਿਚਾਰ-ਰਾਮਾਸਵਾਮੀ-6)

ਸਵੈਮਾਨ ਅੰਦੋਲਨ ਦਾ ਕੀ ਸਿਧਾਂਤ ਹੈ ? ਉਨ੍ਹਾਂ ਸਹੀ ਕਾਰਨਾਂ ਦਾ ਪਤਾ ਲਗਾਉਣਾ, ਜਿਨ੍ਹਾਂ ਕਰਕੇ ਸਾਨੂੰ ਨੀਚ ਬਣਾਇਆ ਗਿਆ ਹੈ ।ਉਨ੍ਹਾਂ ਤੱਥਾਂ ਨੂੰ ਲੱਭਣਾ ਜਿਨ੍ਹਾਂ ਕਾਰਨ ਅਸੀਂ ਬੇਇੱਜ਼ਤ ਹੋਏ ਹਾਂ ।ਅਸੀਂ ਇਹ ਲੱਭ ਲਿਆ ਹੈ ਕਿ ਸਾਡੀ ਇਸ ਅਣਹੋਣੀ ਦੇ ਕਾਰਨਾਂ ਵਿਚੋਂ ਰੱਬ ਵੀ ਇਕ ਕਾਰਨ ਹੈ ।ਅਸੀਂ ਉਸ ਰੱਬ ਨੂੰ ਵੀ (ਜੋ ਨੀਚ ਤੇ ਉਚ ਬਣਾਉਂਦਾ ਹੈ) ਤਬਾਹ ਕਰ ਦੇਣਾ ਚਾਹੁੰਦੇ ਹਾਂ ।ਅਸੀਂ ਲਭ ਲਿਆ ਹੈ ਕਿ ਕਾਂਗਰਸ ਵੀ ਸਾਡੀ ਅਣਹੋਣੀ ਦਾ ਇਕ ਕਾਰਨ ਹੈ ਜੋ ਸਾਡੀ ਬੇਇੱਜ਼ਤੀ, ਨੀਚਤਾ ਲਈ ਜ਼ਿੰਮੇਵਾਰੀ ਹੈ ।ਇਸ ਲਈ ਅਸੀਂ ਕਾਂਗਰਸ ਨੂੰ ਖਤਮ ਕਰਨਾ ਚਾਹੁੰਦੇ ਹਾਂ ।ਅਸੀਂ ਲੱਭਿਆ ਹੈ ਕਿ ਮਹਾਤਮਾ ਗਾਂਧੀ ਨੇ ਸਾਡੇ ਹਿੱਤਾਂ ਵਿਰੁੱਧ ਕੰਮ ਕੀਤਾ । ਇਸ ਲਈ ਅਸੀਂ ਉਸ ਦੇ ਪ੍ਰਭਾਵ ਥੱਲਿਉਂ ਨਿਕਲਣਾ ਚਾਹੁੰਦੇ ਹਾਂ ।ਉਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬ੍ਰਾਹਮਣ ਵੀ

ਇਕ ਅਜਿਹੀ ਮਾਰੂ ਤਾਕਤ ਹੈ, ਜਿਸ ਨੇ ਸਾਡੀ ਤਬਾਹੀ ਕੀਤੀ ਹੈ, ਇਸ ਲਈ ਅਸੀਂ ਉਸ ਦੇ ਉਲਟ ਹਾਂ। ਅਸੀਂ ਦੇਖਦੇ ਹਾਂ ਕਿ ਧਰਮ (ਜੋ ਗੈਰ ਮਨੁੱਖੀ ਹੈ) ਸਮਾਜ ਅੰਦਰ ਇਕ ਬੁਰਾਈ ਹੈ। ਉਸ ਲਈ ਅਸੀਂ (ਗੈਰ ਮਨੁੱਖੀ) ਧਰਮ ਨੂੰ ਨਸ਼ਟ ਕਰਨਾ ਚਾਹੁੰਦੇ ਹਾਂ। ਸਵੈਮਾਨ ਦਾ ਅੰਦੋਲਨ ਇਨ੍ਹਾਂ ਸਾਰੀਆਂ ਬੁਰਾਈਆਂ ਦਾ ਵਿਰੋਧੀ ਹੈ....ਕਿਉਂਕਿ ਇਨ੍ਹਾਂ ਸ਼ਕਤੀਆਂ ਨੇ ਸਾਡੀ ਜਨਤਾ ਨੂੰ ਇਨ੍ਹਾਂ ਦੇ ਗੁਲਾਮ ਬਣਾਇਆ ਹੈ। ਜਦੋਂ ਤੱਕ ਅਸੀਂ ਉਨ੍ਹਾਂ ਪੰਜੇ ਤਾਕਤਾਂ ਨੂੰ ਨਸ਼ਟ ਨਹੀਂ ਕਰ ਦਿੰਦੇ, ਅਸੀਂ ਆਪਣੇ ਲੋਕਾਂ ਨੂੰ, ਉਨ੍ਹਾਂ ਦੀਆਂ ਸਮਾਜਿਕ ਜ਼ਿੰਦਗੀ ਦੀਆਂ ਗਿਰੀਆਂ ਹਾਲਤਾਂ ਵਿਚੋਂ ਬਾਹਰ ਲਿਆਕੇ ਵਧੀਆ ਨਹੀਂ ਬਣਾ ਸਕਦੇ। ਅਸੀਂ ਆਪਣੇ ਲੋਕਾਂ ਦਾ ਸਵੈਮਾਨ ਬਹਾਲ ਕਰਨ ਵਿਚ ਜੁਟੇ ਹੋਏ ਹਾਂ। (11-12)

ਨਰਾਇਣਾ ਗੁਰੂ

(ਬਹੁਜਨ ਸੰਗਠਨ 'ਚ ਛਪੀਆਂ ਰਚਨਾਵਾਂ 'ਤੇ ਅਧਾਰਤ)

ਮੈਂ ਸਵਾਮੀ ਨਰਾਇਣਾ ਗੁਰੂ ਵਰਗਾ ਅਧਿਆਤਮਕ ਮਹਾਨ ਵਿਅਕਤੀ ਕਦੇ ਨਹੀਂ ਵੇਖਿਆ। ਮੈਂ ਉਸ ਆਤਮ ਰੋਸ਼ਨੀ ਨਾਲ ਪ੍ਰਕਾਸ਼ਮਾਨ, ਪਵਿੱਤਰ ਕੀਰਤੀ ਨਾਲ ਰੌਸ਼ਨ....ਅੱਖਾਂ ਵਾਲੇ ਮਨੁੱਖ ਨੂੰ ਕਦੀ ਨਹੀਂ ਭੁੱਲ ਸਕਦਾ। ਇਹ ਸ਼ਬਦ ਰਵਿੰਦਰ ਨਾਥ ਟੈਗੋਰ ਨੇ ਗੁਰੂ ਜੀ ਬਾਰੇ ਕਹੇ ਸਨ। ਨਰਾਇਣਾ ਗੁਰੂ ਦਾ ਜਨਮ ਕੇਰਲਾ ਦੀ ਰਾਜਧਾਨੀ ਤਰਵਿੰਦਰਮ ਵਿਚ 26 ਅਗਸਤ ਨੂੰ ਦਸ ਕਿਲੋਮੀਟਰ ਦੂਰ ਚਿੰਪਾ ਸ਼ਾਂਤੀ ਨਾਂ ਦੇ ਪਿੰਡ ਦੇ ਇਕ ਈਜਵਾ ਪਰਵਾਰ ਵਿਚ 1856 ਈ. ਨੂੰ ਹੋਇਆ। ਪਿਤਾ ਦਾ ਨਾਮ 'ਮਦਾਨ ਅਸਾਨ', ਮਾਤਾ ਦਾ ਨਾਮ 'ਕੁੱਟੀ' ਅਮਾ ਸੀ। ਮਹਾਰਾਜਾ ਟਰਿਉਨਲ (1920-47) ਦੇ ਸ਼ਾਸਨ ਕਾਲ ਵਿਚ ਸਮਾਜ ਸੁਧਾਰ ਦਾ ਕੰਮ ਸ਼ੁਰੂ ਹੋ ਗਿਆ ਸੀ। ਪਸ਼ੂਆਂ ਵਰਗਾ ਜੀਵਨ ਬਿਤਾਉਣ ਵਾਲੀਆਂ ਅਛੂਤ ਜਾਤੀਆਂ ਨੂੰ ਸਨਮਾਨ ਦਿੱਤਾ ਜਾਣ ਲੱਗਾ ਸੀ। ਮਹਾਰਾਣੀ ਗੌਰੀ ਪਾਰਬਤੀ ਬਾਈ ਨੇ ਨੈਅਰ ਅਤੇ ਈਜਵਾ ਜਾਤੀ ਦੀਆਂ ਔਰਤਾਂ ਨੂੰ ਸੋਨੇ-ਚਾਂਦੀ ਦੇ ਗਹਿਣੇ ਪਹਿਨਣ ਦੀ ਆਗਿਆ ਦੇ ਦਿੱਤੀ ਸੀ। ਮਹਾਰਾਜ ਨੇ 1834 ਈ. ਵਿਚ ਇਕ ਅੰਗਰੇਜ਼ੀ ਸਕੂਲ ਅਤੇ ਇਕ ਹਸਪਤਾਲ ਵੀ ਟਰਾਵਨ ਕੋਰ ਵਿਖੇ ਖੋਲ੍ਹ ਦਿੱਤਾ ਸੀ। ਹਾਂ ਪਰ ਈਜਵਾ ਜਾਤੀ ਤੋਂ ਹੋਰ ਨੀਵੀਆਂ ਜਾਤੀਆਂ ਨੂੰ ਇਹ ਸਨਮਾਨ ਨਹੀਂ ਦਿੱਤਾ ਗਿਆ ਸੀ। ਸ਼ਾਹੀ ਐਲਾਨ ਅਨੁਸਾਰ ਨਿਮਨ ਜਾਤੀ ਦੀਆਂ ਔਰਤਾਂ ਨੂੰ ਸਰੀਰ ਦਾ ਉਪਰਲਾ ਹਿੱਸਾ ਢੱਕਣ ਦਾ ਅਧਿਕਾਰ ਦਿੱਤਾ ਗਿਆ। (ਕਿਉਂਕਿ ਬ੍ਰਾਹਮਣੀ ਕਾਨੂੰਨ ਅਨੁਸਾਰ ਔਰਤਾਂ ਛਾਤੀਆਂ ਨਹੀਂ ਢੱਕ ਸਕਦੀਆਂ ਸਨ। ਈਜਵਾ ਸ਼ੂਦਰ ਜਾਤੀ ਸਨ) ਕੁਝ ਲੋਕਾਂ ਨੇ ਆਪਣੇ ਆਪ ਨੂੰ ਨੈਅਰ ਲਿਖਣਾ ਸ਼ੁਰੂ ਕਰ ਦਿੱਤਾ ਸੀ। ਜਿਵੇਂ ਪੰਜਾਬ ਵਿਚ ਤਰਖਾਣ, ਰਾਮਗੜ੍ਹੀਆ, ਛੀਂਬੇ-ਟਾਂਕ ਕਸ਼ੱਤਰੀ, ਸੁਨਿਆਰੇ ਸਵਰਨਕਾਰ, ਜੁਲਾਹੇ-ਰਹਿਤੀਏ, ਚੂੜ੍ਹੇ, ਵਾਲਮੀਕੀ ਜਾਂ ਮਜ਼੍ਹਬੀ, ਮਾਹਤੋਮ-ਰਾਇ ਸਿੱਖ, ਧਾਨਕੇ, ਧਨੁੱਸ਼ ਧਾਰੀ ਰਾਜਪੂਤ, ਚਮਾਰ-ਰਵਿਦਾਸੀਏ, ਘੁਮਿਆਰ-ਪਰਜਾ ਪਤੀ, ਨਾਈ-ਰਾਜੇ ਆਦਿ ਲਿਖਣ ਲੱਗ ਪਏ ਸਨ, ਸਿਰਫ ਆਪਣੀ ਮਾਨਸਿਕ ਤਸੱਲੀ ਲਈ, ਇਸੇ ਤਰ੍ਹਾਂ ਈਜਵਾ ਨੇ ਨੈਅਰ ਲਿਖਣ ਦੀ ਵਾਦੀ ਪਾ ਲਈ।

ਸ਼ੂਦਰਾਂ ਨੂੰ ਨਬੂੰਦਰੀਪਾਦ ਬ੍ਰਾਹਮਣਾਂ ਤੋਂ ਦੂਰ ਰਹਿਣਾ ਪੈਂਦਾ ਸੀ। ਬ੍ਰਾਹਮਣਾਂ ਤੋਂ ਦੂਰੀ ਵੀ ਵੰਸ਼ ਦੇ ਅਧਾਰ 'ਤੇ ਨਿਸ਼ਚਤ ਕੀਤੀ ਗਈ ਸੀ। ਈਜਵਾ ਲੋਕ ਮੰਦਰ ਤੋਂ 12 ਫੁੱਟ ਤੇ ਦੂਸਰੇ ਅਛੂਤ 34 ਫੁੱਟ ਦੂਰ ਖੜ ਸਕਦੇ ਸਨ। ਨੀਚ ਜਾਤੀਆਂ ਦੇ ਲੋਕਾਂ ਨੂੰ ਸਰੀਰ ਢੱਕਣ ਦਾ ਅਧਿਕਾਰ ਨਹੀਂ ਸੀ। ਜਦੋਂ ਨਬੂੰਦਰੀ ਬ੍ਰਾਹਮਣ ਕਿਸੇ ਰਾਹ 'ਤੇ ਚਲਦਾ ਤਾਂ ਨੈਅਰ ਲੋਕਾਂ ਨੂੰ ਇਕ ਖਾਸ ਕਿਸਮ ਦੀ ਅਵਾਜ਼ ਦੇਣੀ ਪੈਂਦੀ ਸੀ। ਪੁਲਿਆਸ ਅਤੇ ਪਰੀਹਾ ਜਾਤੀਆਂ ਨੂੰ ਬਾਹਰ ਨਿਕਲਣ ਸਮੇਂ ਵੀ ਖਾਸ ਅਵਾਜ਼ ਦੇਣੀ ਪੈਂਦੀ ਸੀ। ਹੱਤਿਆ ਕਰਕੇ ਵੀ ਬ੍ਰਾਹਮਣ ਸਜ਼ਾ ਤੋਂ ਮੁਕਤ ਸਨ। ਉਲਟ ਨਿਮਨ ਜਾਤੀਆਂ ਨੂੰ ਮਾਮੂਲੀ ਗੁਨਾਹਾਂ ਪਿੱਛੇ ਮੌਤਾਂ ਦੀ ਸਜ਼ਾ ਦਿੱਤੀ ਜਾਂਦੀ ਸੀ। ਸਜ਼ਾ ਪਾਉਣ ਵਾਲੇ ਨੂੰ ਕਿਸੇ ਖੰਭੇ ਨਾਲ ਬੰਨ੍ਹੇ ਕੇ ਉਸ ਦੀ ਪਿੱਠ 'ਤੇ ਛਾਂਟੇ ਮਾਰੇ ਜਾਂਦੇ ਸਨ। ਸਵਾਮੀ ਨਰਾਇਣਾ ਗੁਰੂ ਨੇ ਸਦੀਆਂ ਤੋਂ ਚੱਲੀਆਂ ਆ ਰਹੀਆਂ ਕੁਰੀਤਿਆਂ ਬੰਦ ਕਰਾਉਣ ਦਾ ਸੰਕਲਪ ਲਿਆ ਤੇ 1904 ਈ. ਵਿਚ ਵਿਆਹਾਂ ਵਿਚ ਚਲਦੀਆਂ ਕੁਰੀਤੀਆਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਅਤੇ ਵਿਚਾਰਾਂ ਲਈ ਬ੍ਰਾਹਮਣੀ ਪ੍ਰਬੰਧ ਤੋਂ ਮੁਕਤ ਇਕ ਨਵੀਂ ਵਿਉਂਤ ਬੰਦੀ ਕੀਤੀ। ਕਿਉਂਕਿ ਉੱਤੇ ਵਿਆਹ ਤੋਂ ਪਹਿਲਾਂ 12 ਸਾਲ ਦੀਆਂ ਕੁੜੀਆਂ ਨੂੰ ਦੁਲਹਨਾਂ ਸਜਾਕੇ, ਮੁੰਡਿਆਂ ਨੂੰ ਲਾੜੇ ਸਜਾਕੇ, ਇਕ ਮੇਲਾ ਮਨਾਇਆ ਜਾਂਦਾ ਸੀ। ਇਹ ਨਕਲੀ ਵਿਆਹ ਹੁੰਦੇ ਹਨ। ਪੇਂਡੂ ਲੋਕਾਂ ਨੂੰ ਕਈ ਕਈ ਦਿਨ ਖਰਚਾ ਕਰਨਾ ਪੈਂਦਾ ਸੀ। ਕੁਝ ਲੋਕ ਇਸ ਕੰਮ ਦਾ ਧਨ ਬਟੋਰਦੇ ਰਹਿੰਦੇ ਸਨ। ਸਵਾਮੀ ਜੀ ਨੇ ਇਸ ਪਰਥਾ ਨੂੰ ਤੋੜਨ ਦਾ ਯਤਨ ਕੀਤਾ ਅਤੇ ਹਨ੍ਹੇਰੇ ਵਿਚ ਕੀਤੀਆਂ

ਜਾਂਦੀਆਂ ਰਸਮਾਂ ਨੂੰ ਸਾਹਮਣੇ ਨਿਭਾਉਣ ਲਈ ਪ੍ਰੋਗਰਾਮ ਕਰਕੇ ਬਦਲ ਦਿੱਤਾ।

ਇਸੇ ਤਰ੍ਹਾਂ ਗਰਭ ਠਹਿਰਨ ਦੇ ਸੱਤਵੇਂ ਮਹੀਨੇ ਇੱਕ ਮੇਲਾ ਮਨਾਇਆ ਜਾਂਦਾ ਸੀ। ਜਿਸ ਵਿਚ ਪਤੀ-ਪਤਨੀ ਨੂੰ 7 ਪ੍ਰਕਾਰ ਦੇ ਖਟਿਆਈ ਵਾਲੇ ਸਵਾਮੀ ਤਰਲ ਪੀਣ ਲਈ ਦਿੰਦਾ ਸੀ ਅਤੇ ਇਸ ਸਮੇਂ ਵੱਡੀ ਦਾਅਵਤ ਦਿੱਤੀ ਜਾਂਦੀ ਸੀ। ਸਵਾਮੀ ਜੀ ਨੇ ਇਨ੍ਹਾਂ ਰਸਮਾਂ ਵਿਰੁੱਧ ਲਾਮਬੰਧੀ ਕੀਤੀ ਅਤੇ ਔਰਤਾਂ ਲਈ ਛਾਤੀਆਂ ਢੱਕਣ ਦਾ ਅੰਦੋਲਨ ਚਲਾਇਆ। ਔਰਤਾਂ ਨੂੰ ਬਲਾਊਜ਼ ਆਦਿ ਪਵਾਉਣਾ ਬਹੁਤ ਔਖਾ ਕੰਮ ਸੀ। ਸਵਾਮੀ ਜੀ ਨੇ 20 ਔਰਤਾਂ ਨੂੰ ਸਮਝਾ ਕੇ, ਬਲਾਊਜ਼ ਪਵਾਕੇ, ਆਪਣੀ ਪਤਨੀ ਕੇ.ਐਸ. ਸਾਂਕੂ ਦੀ ਅਗਵਾਈ ਵਿਚ ਜਲੂਸ ਕੱਢਿਆ। ਕਈ ਔਰਤਾਂ ਨੇ ਤਾਂ ਮਜ਼ਾਕ ਬਣ ਜਾਣ ਦੇ ਡਰੋਂ, ਬਲਾਊਜ਼ ਰਾਹ ਵਿਚ ਹੀ ਉਤਾਰ ਦਿੱਤੇ। ਅਵਰਨਾਂ ਲਈ ਸੜਕਾਂ 'ਤੇ ਘੁੰਮਣ ਦੀ ਪਾਬੰਦੀ ਸੀ। ਇਸ ਵਿਰੁੱਧ ਸੰਘਰਸ਼ ਕਰਦੇ ਸਮੇਂ ਸਵਾਮੀ ਜੀ ਸਤਿਆਯਤਰਨ ਦੇ ਨਾਲ ਸੜਕ 'ਤੇ ਘੁੰਮੇ। ਲੋਕਾਂ ਨੇ ਵੇਖਿਆ ਤੇ ਇਹ ਮੰਗ ਕੀਤੀ ਕਿ ਘੁੰਮਣ 'ਤੇ ਪਾਬੰਦੀ ਲਾਉਣ ਦੇ ਬੋਰਡ ਸੜਕਾਂ ਤੋਂ ਹਟਾਏ ਜਾਣ। ਤੇ ਅਖੀਰ ਬੋਰਡ ਹਟ ਗਏ ਅਤੇ ਨਿਮਨ ਜਾਤੀ ਲੋਕ ਸੜਕਾਂ 'ਤੇ ਘੁੰਮਣ ਲੱਗ ਪਏ। ਫਿਰ ਸਵਾਮੀ ਜੀ ਛੂਤ-ਛਾਤ ਵਿਰੁੱਧ ਸੰਘਰਸ਼ ਵਿਚ ਜੁੱਟ ਗਏ।

ਗੁਰੂ ਜੀ ਨੇ ਉੱਚੀ ਵਿਦਿਆ ਪੰਛੂਪੱਲੀ ਵਿਖੇ 1876 ਈ. ਵਿਚ ਗਏ। ਉਸ ਦੇ ਅਧਿਆਪਕ ਰਾਮਨ ਪਿੱਲੇ ਸਨ। ਉਨ੍ਹਾਂ ਨੂੰ ਬਚਪਨ ਤੋਂ ਨਾਨੂੰ ਕਿਹਾ ਜਾਂਦਾ ਸੀ। ਜਦੋਂ ਉਨ੍ਹਾਂ ਦਾ ਵਿਆਹ ਹੋਇਆ ਤਾਂ ਉਹ ਸੰਸਾਰਕ ਕੰਮ ਤੋਂ ਮੁਕਤੀ ਪਾਉਣ ਲਈ ਤਿਆਰ ਹੋ ਚੁੱਕੇ ਸਨ ਭਾਵ ਘਰੇਲੂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ, ਸਮਾਜਿਕ ਪ੍ਰੀਵਰਤਨ ਲਈ ਸੰਘਰਸ਼ ਕਰਨ ਦੀ ਇੱਛਾ ਬਣਾ ਚੁੱਕੇ ਸਨ। ਉਨ੍ਹਾਂ ਨੇ ਸੋਹਰੇ ਘਰ ਅਤੇ ਆਪਣੇ ਘਰ ਵੀ ਜਾਣਾ ਛੱਡ ਦਿੱਤਾ ਤੇ ਕਿਹਾ :-'ਇਸ ਸੰਸਾਰ ਵਿਚ ਹਰ ਆਦਮੀ ਕਿਸੀ ਖਾਸ ਉਦੇਸ਼ ਲਈ ਜਨਮਿਆ ਹੈ। ਤੁਹਾਡਾ ਆਪਣਾ ਮੰਤਵ ਹੈ। ਤੁਸੀਂ ਆਪਣੇ ਬਾਰੇ ਸੋਚੋ ਅਤੇ ਮੈਨੂੰ ਆਪਣੇ ਬਾਰੇ ਸੋਚਣ ਦਿਓ। ਇਉਂ ਉਹ ਘਰੋਂ ਨਿਕਲ ਤੁਰੇ ਅਤੇ ਥੇਕਾਡ ਆਸਾਕੂ ਨੂੰ ਆਪਣਾ ਗੁਰੂ ਧਾਰ ਲਿਆ ਤੇ ਸੰਘਰਸ਼ ਲਈ ਦੂਰ-ਦੂਰ ਘੁੰਮਣ ਲੱਗੇ। ਫਿਰ ਉਹ ਬੁੱਧ ਵਾਂਗ ਇਕਾਂਤ 'ਚ ਵੀ ਗਏ ਜਿੱਥੇ ਉਨ੍ਹਾਂ ਨੂੰ ਪੱਤੇ ਖਾ ਕੇ ਜਿਉਣਾ ਪਿਆ, ਪਰ ਉਹ ਰੁਕੇ ਨਹੀਂ। ਮੁਸਲਮਾਨ ਲੋਕਾਂ ਨਾਲ ਸੰਪਰਕ ਹੋਇਆ। ਉਨ੍ਹਾਂ ਨਾਲ ਬੈਠ ਕੇ ਉਹ ਭੋਜਨ ਕਰਦੇ ਸਨ। ਉਨ੍ਹਾਂ ਕੁਰਾਣ ਦੀਆਂ ਆਇਤਾਂ ਵੀ ਯਾਦ ਕਰ ਲਈਆਂ।

ਅਰੁਬੀ ਪੁਰਮ ਗੁਰੂ ਜੀ ਦਾ ਕੇਂਦਰ ਸਥਾਨ ਬਣ ਗਿਆ। ਇਕ ਮੰਦਰ ਬਣਾ ਕੇ ਸ਼ਿਵਲਿੰਗ ਸਥਾਪਤ ਕਰਨ, ਦਾ ਪ੍ਰੋਗਰਾਮ ਬਣਿਆ, ਪ੍ਰੰਤੂ ਉਨ੍ਹਾਂ ਨੇ ਇਕ ਚਟਾਨ 'ਤੇ ਹੀ ਸ਼ਿਵਲਿੰਗ ਦੀ ਸਥਾਪਨਾ ਕਰ ਦਿੱਤੀ। ਉਨ੍ਹਾਂ ਨੂੰ ਕਿਹਾ ਗਿਆ ਕਿ ਮੂਰਤੀ ਪੂਜਾ ਦਾ ਅਧਿਕਾਰ ਤਾਂ ਸਿਰਫ ਬ੍ਰਾਹਮਣ ਨੂੰ ਹੀ ਹੈ। ਤੇ ਉਹ ਈਜਵਾ ਹਨ ਤਾਂ ਉਨ੍ਹਾਂ ਉੱਤਰ ਦਿੱਤਾ, "ਮੈਂ ਕੇਵਲ ਈਜਵਾ ਸ਼ਿਵ ਜੀ ਸਥਾਪਨਾ ਕੀਤੀ ਹੈ।" ਬ੍ਰਾਹਮਣੀ ਪ੍ਰਬੰਧ ਵਿਰੁੱਧ ਕੇਰਲਾ ਅੰਦਰ ਇਹ ਜ਼ਬਰਦਸਤ ਕ੍ਰਾਂਤੀ ਸੀ। ਸਧਾਰਨ ਬੰਦਿਆਂ ਲਈ ਇਹ ਮਹਿਜ਼ ਬ੍ਰਾਹਮਣੀ ਪੂਜਾ ਹੀ ਹੈ, ਪ੍ਰੰਤੂ ਇਹ ਅਧਿਕਾਰਾਂ ਦੀ ਭਾਈਵਾਲੀ ਤੇ ਬਰਾਬਰੀ ਦਾ ਸੂਚਕ ਕੰਮ ਸੀ। ਜਿਸ ਸੰਬੰਧੀ ਸਵਾਮੀ ਜੀ ਨੇ ਕਿਹਾ ਸੀ, "ਮੂਰਖ ਲੋਕ ਭੂਤਕਾਲ ਵਿਚ ਗਲਤੀ ਕਰ ਦਿੰਦੇ ਹਨ। ਇਹ ਗਲਤੀ ਵਰਤਮਾਨ ਵਿਚ ਰਿਵਾਜ ਬਣ ਜਾਂਦੀ ਹੈ ਅਤੇ ਭਵਿੱਖ ਵਿਚ ਕਾਨੂੰਨ।" ਸਵਾਮੀ ਜੀ ਨੇ ਦੋ ਨਾਅਰੇ ਦਿੱਤੇ :-ਸੰਗਠਨ ਦੁਆਰਾ ਸ਼ਕਤੀ, ਸਿੱਖਿਆ ਦੁਆਰਾ ਸੁਤੰਤਰਤਾ। ਇਸ ਤਰ੍ਹਾਂ ਕੇਰਲਾ ਦੇ ਸਮਾਜਿਕ ਜੀਵਨ ਅੰਦਰ ਇਕ ਨਵੀਂ ਕ੍ਰਾਂਤੀ ਨੇ ਜਨਮ ਲਿਆ ਕ੍ਰਾਂਤੀ ਮਨੁੱਖ ਦੇ ਸੁਭਾਅ ਦਾ ਵੀ ਅੰਗ ਹੁੰਦੀ ਹੈ। ਜਦੋਂ ਕਈ ਲੋਕ ਮੂਰਤੀਆਂ ਨੂੰ (ਭਗਵਾਨ ਮੰਨਕੇ) ਮਠਿਆਈਆਂ ਚੜ੍ਹਾਉਂਦੇ ਤਾਂ ਉਹ ਸਭ ਖਾ ਜਾਂਦਾ, ਤੇ ਪੁੱਛਣ 'ਤੇ ਕਹਿੰਦਾ ਕਿ ਜਦੋਂ ਉਹ ਖੁਦ ਸੰਤੁਸ਼ਟ ਹੋ ਜਾਵੇਗਾ ਤਾਂ ਭਗਵਾਨ ਵੀ ਸੰਤੁਸ਼ਟ ਹੋ ਜਾਵੇਗਾ। ਨਾਨੂੰ ਆਪਣੇ ਤੋਂ ਥੱਲੇ ਦੀਆਂ ਜਾਤੀਆਂ ਦੇ ਬੱਚਿਆਂ ਨਾਲ ਵਾਰ-ਵਾਰ ਰੋਕਣ 'ਤੇ ਵੀ ਖੇਡਦਾ ਰਹਿੰਦਾ ਸੀ। ਉਸ ਨੂੰ ਛੂਤ-ਛਾਤ ਚੰਗੀ ਨਹੀਂ ਸੀ ਲੱਗਦੀ। ਉਹ ਸਗੋਂ ਦੁਖੀ ਹੁੰਦਾ ਕਿ ਅਜਿਹਾ ਕਿਉਂ ਕੀਤਾ ਜਾਂਦਾ ਹੈ। ਉਸ ਨੇ ਮੁੱਢਲੀ ਪੜ੍ਹਾਈ ਦੌਰਾਨ, ਕਈ ਹਿੰਦੂ ਧਾਰਮਿਕ ਗ੍ਰੰਥ ਵੀ ਪੜ੍ਹ ਲਏ ਸਨ। ਫੇਰ ਉਸ ਨੇ ਤਾਮਲ ਗ੍ਰੰਥਾਂ ਨੂੰ ਪੜ੍ਹਿਆ।

ਸੰਘਰਸ਼ ਸਮੇਂ ਗੁਰੂ ਜੀ ਦਾ ਸਿੱਖਿਆ ਕੇਂਦਰ ਅਰੁਬੀ ਪਰਮ ਇਕ ਬੋਧੀ ਸਿੱਖਿਆ ਦਾ ਕੇਂਦਰ ਬਣ ਚੁੱਕਾ ਸੀ। ਅੱਜ ਵੀ ਬਹੁਤ ਸਾਰੇ ਮੰਦਰ ਗੁਰੂ ਜੀ ਦੇ ਨਾਂ 'ਤੇ ਬਣੇ ਹੋਏ ਮੌਜੂਦ ਹਨ। ਸਕੂਲਾਂ ਅਤੇ ਕਾਲਜਾਂ ਰਾਹੀਂ ਵੀ ਉਨ੍ਹਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਸਮਤਾ, ਸੁਤੰਤਰਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਹ

ਜਾਤੀਵਾਦ, ਜ਼ੁਲਮ, ਕੱਟੜਵਾਦ, ਰਜਵਾੜਾ ਸ਼ਾਹੀ ਦੇ ਵਿਰੋਧੀ ਸਨ। ਉਹ ਬ੍ਰਾਹਮਣਵਾਦ ਦੇ ਕੱਟੜ ਵਿਰੋਧੀ ਸਨ। ਉਨ੍ਹਾਂ ਨੇ ਸੰਗਠਤ ਹੋ ਕੇ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮਹਾਨ ਕ੍ਰਾਂਤੀਕਾਰੀ ਗੁਰੂ ਦਾ 20 ਸਤੰਬਰ 1928 ਨੂੰ ਦੇਹਾਂਤ ਹੋ ਗਿਆ। ਇਹ ਉਹ ਸਾਲ ਸੀ ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਮਨੂੰ ਸਿਮਰਤੀ ਸਾੜੀ ਸੀ ਅਤੇ ਉਹ ਭਾਰਤ ਦੇ ਦੱਬੇ-ਕੁਚਲੇ ਤੇ ਜਾਤਪਾਤ ਦੇ ਸ਼ਿਕਾਰ ਸਮਾਜ ਦੇ ਅਧਿਕਾਰਾਂ ਲਈ ਵੱਡੀ ਜੰਗ ਵਿਚ ਰੁੱਝੇ ਹੋਏ ਸਨ।

ਗੁਰੂ ਘਾਸੀ ਦਾਸ

(ਮੱਧ ਪ੍ਰਦੇਸ਼ ਦੀ ਸਮਾਜਿਕ ਪਰਿਵਰਤਨ ਦੀ ਸਤਨਾਮੀ ਲਹਿਰ ਦੇ ਆਗੂ)

ਆਪ ਦਾ ਜਨਮ 18 ਦਸੰਬਰ 1756 ਨੂੰ ਪਿੰਡ ਗਿਰੋਦਪੁਰੀ ਤਸੀਲ ਬਲੋਦਾ ਜ਼ਿਲਾ ਰਾਏਪੁਰ ਮੱਧ ਪ੍ਰਦੇਸ਼ ਵਿਚ ਹੋਇਆ। ਪਿਤਾ ਦਾ ਨਾਮ ਮਹਗੁਦਾਸ ਅਤੇ ਮਾਤਾ ਦਾ ਨਾਂ ਅਮਰੌਤਨ ਸੀ। ਇਨ੍ਹਾਂ ਦੀ ਸ਼ਾਦੀ ਦੇਵਦਤ ਨਿਵਾਸੀ ਸਿਰਪੁਰ ਦੀ ਧੀਅ ਸਫਰਾ ਨਾਲ ਹੋਈ। ਗੁਰੂ ਜੀ 'ਤੇ ਬੁੱਧ ਮੱਤ ਦਾ ਡੂੰਘਾ ਪ੍ਰਭਾਵ ਪਿਆ। ਆਪ ਕਿਸਾਨੀ ਕਰਦੇ ਸਨ। ਪ੍ਰੰਤੂ, ਜਾਤਪਾਤੀ ਪ੍ਰਬੰਧ ਜਿਸਨੇ ਸਮਾਜ ਨੂੰ ਤੋੜਿਆ, ਵਿਰੁੱਧ ਸਮਾਜ ਨੂੰ ਲਾਮਬੰਦ ਕਰਨ ਆਪ ਪਿੰਡ-ਪਿੰਡ ਜਾ ਕੇ ਜਾਗਰਤੀ ਪੈਦਾ ਕਰਿਆ ਕਰਦੇ ਸਨ। ਸੰਗਠਤ ਹੋ ਜਾਣ ਲਈ ਪ੍ਰੇਰਦੇ ਸਨ ਤੇ ਕਹਿੰਦੇ ਸਨ ਜੋ ਸੁਪਨਾ ਲਿਆ ਜਾਵੇ ਉਸ ਲਈ ਤਮੰਨਾ ਪੈਦਾ ਕਰਕੇ, ਸਫਲਤਾ ਲਈ ਮੇਹਨਤ ਕਰਨੀ ਪੈਂਦੀ ਹੈ। ਗੁਰੂ ਜੀ ਨੇ ਕ੍ਰਾਂਤੀਕਾਰੀ ਸਤਨਾਮੀ ਅੰਦੋਲਨ ਚਲਾਇਆ। ਗੁਰੂ ਜੀ ਨੇ ਕਿਹਾ ਕਿ ਜਾਤੀ ਪ੍ਰਬੰਧ ਦਾ ਨਿਰਮਾਣ, ਸ਼ਕਤੀਸ਼ਾਲੀ, ਅੱਤਿਆਚਾਰੀ ਅਤੇ ਮੂਰਖ ਆਦਮੀ ਦੀ ਦੇਣ ਹੈ। ਉਹ ਲੋਕ ਖੁਦ ਨੀਚ ਹਨ। ਉਨ੍ਹਾਂ ਨੇ ਜਾਤੀ ਹੰਕਾਰ ਅੰਦਰ ਨੀਚਤਾ ਭਰੀ ਹੋਈ ਹੈ। ਜਿਸ ਜਾਤੀ ਪ੍ਰਬੰਧ ਨਾਲ ਕਿਸੇ ਨੂੰ ਸਨਮਾਨ ਮਿਲਦਾ ਹੈ ਉਹ ਇਸ ਵਿਵਸਥਾ ਨੂੰ ਟਿਕਾਕੇ ਰੱਖਣਾ ਚਾਹੁੰਦਾ ਹੈ ਤੇ ਜੋ ਉਸ ਅਵਸਥਾ ਨਾਲ ਅਪਮਾਨਤ ਹੈ ਉਸ ਨੂੰ ਉਸ ਪ੍ਰਬੰਧ ਉਖਾੜ ਦੇਣਾ ਚਾਹੀਦਾ ਹੈ। ਮਾਨਵਤਾ ਦੇ ਇਸ ਮਾਰਨ ਸੰਦੇਸ਼ ਨੂੰ ਕੋਈ ਝੂਠ ਨਹੀਂ ਕਰ ਸਕਦਾ ਹ ਛੂਤਛਾਤ ਜਾਤੀਵਾਦ ਦੀ ਉਪਜ ਹੈ।

ਇਸ ਵਿਰੁੱਧ ਗੁਰੂ ਜੀ ਨੇ ਸਤਨਾਮ ਅੰਦੋਲਨ ਚਲਾਇਆ ਜਿਸ ਦਾ ਅਰਥ ਹੈ ਪਹਿਲਾਂ ਜਾਣੋ (ਭਾਵ ਗਿਆਨ ਹਾਸਲ ਕਰੋ) ਫਿਰ ਉਸ ਨੂੰ ਮਾਪੋ-ਤੋਲੋ, ਪਰਖ ਕਰਕੇ ਦੇਖੋ, ਤੇ ਫਿਰ ਉਸ ਨੂੰ ਮੰਨੋ। ਸਤਨਾਮੀ ਅੰਦੋਲਨ ਦਾ ਮਨੋਰਥ ਜਾਤੀ ਤੋੜ ਕੇ ਸਮਾਜ ਨੂੰ ਜੋੜਨਾ ਸੀ। ਉਹ ਸਮਾਜ ਨੂੰ ਜਾਗਰਤ ਕਰਕੇ, ਰਾਜਸੀ ਸ਼ਕਤੀ ਹਾਸਲ ਕਰਨ ਦੇ ਹਾਮੀ ਸਨ ਤਾਂ ਕਿ ਨਿਸ਼ਾਨਾ ਪੂਰਾ ਕੀਤਾ ਜਾ ਸਕੇ। ਉਹ ਬ੍ਰਾਹਮਣ ਦੀ ਚੁੰਗਲ ਵਿਚੋਂ ਲੋਕਾਂ ਨੂੰ ਕੱਢਕੇ, ਆਪਣੇ ਸਮਾਜ ਦੀ ਸਿਰਜਣਾ ਕਰਨ ਲਈ ਸਭ ਨੂੰ ਪੈਰਾਂ ਸਿਰ ਖੜ੍ਹੇ ਹੋਣ ਦੀ ਪ੍ਰੇਰਨਾ ਦਿੰਦੇ ਸਨ। ਉਹ ਜਾਤੀ ਰਹਿਤ,ਸਮਾਜ ਦੇਖਣਾ ਚਾਹੁੰਦੇ ਸਨ। ਗੁਰੂ ਘਾਸੀ ਦਾ ਨੇ ਤਿੰਨ ਵਰਗ ਸਥਾਪਤ ਕੀਤੇ। ਮਹੰਤ ਵਰਗ ਜੋ ਗੁਰੂ ਜੀ ਤੋਂ ਦੂਜੇ ਨੰਬਰ ਤੇ ਗੁਰੂ ਦੇ ਦੱਸੇ ਕੰਮ ਨੂੰ ਅੱਗੇ ਤੋਰਦੇ ਸਨ। ਦੂਜਾ ਭੰਡਾਰੀ ਵਰਗ ਜੋ ਅੰਦੋਲਨ ਲਈ ਅੰਨ ਅਤੇ ਧਨ ਦਾ ਪ੍ਰਬੰਧ ਕਰਦਾ ਸੀ। ਤੀਜਾ ਫੜੀਦਾਰ ਵਰਗ ਜੋ, ਸੰਦੇਸ਼ ਵਾਹਕ ਦਾ ਕੰਮ ਕਰਦਾ ਸੀ। ਦੂਤ ਦਾ ਕੰਮ ਕਰਦਾ ਸੀ।

ਇੱਕ ਵਾਰ ਗੁਰੂ ਜੀ ਆਪਣੇ ਮਾਤਾ-ਪਿਤਾ ਨਾਲ ਜਗਨ ਨਾਥ ਪੁਰੀ ਮੰਦਰ ਦੀ ਯਾਤਰਾ ਕਰਨ ਗਏ। ਪ੍ਰੰਤੂ ਮੰਦਰ ਦੇ ਪੁਜਾਰੀ ਬ੍ਰਾਹਮਣਾਂ ਨੇ ਆਪ ਨੂੰ ਰੋਕਿਆ ਹੀ ਨਹੀਂ, ਅਛੂਤ ਜਾਣ ਕੇ, ਅਪਮਾਨਤ ਵੀ ਕੀਤਾ। ਇਉਂ ਗੁਰੂ ਜੀ ਸਨਮਾਨ ਬਹਾਲ ਕਰਨ ਦੇ ਮਾਰਗ ਵੱਲ ਮੁੜ ਗਏ ਤੇ ਉਨ੍ਹਾਂ ਜਾਤੀਵਾਦ, ਅੰਧ ਵਿਸ਼ਵਾਸ, ਛੂਆ-ਛਾਤ, ਸ਼ੋਸ਼ਨ, ਗੁਲਾਮੀ ਅਤੇ ਲਚਾਰੀ ਵਿਰੁੱਧ ਅੰਦੋਲਨ ਚਲਾਉਣ ਦਾ ਫੈਸਲਾ ਕਰ ਲਿਆ ਤੇ ਕਿਹਾ :-

ਮੰਦਰ ਬਾਮਾ ਕਾ ਕਰੇਲ ਜਾਈ ਬੋ।
ਅਪਨ ਘਰ ਹੀ ਕੇਵਲ ਮਨਾਈ ਬੋ।
ਕਾ ਅਗਰ ਬੱਤੀ ਪੂੜਾ ਪਥਰਾਮਾ (ਪੱਥਰ ਨੂੰ) ਚੜ੍ਹਾਈ ਬੋ।
ਮਗਰ ਪਥਰਾਲ ਸੁਗੰਧ ਹੋਵਤੇ ਨਾ ਦੇਖਾਈ ਬੋ।

ਗੁਰੂ ਜੀ ਨੇ, ਲੋਕਾਂ ਨੂੰ ਬ੍ਰਾਹਮਣ ਵਾਦੀਆਂ ਤੋਂ ਮੁਕਤ ਹੋ ਕੇ ਆਪਣੀ ਅਗਵਾਈ ਆਪ ਕਰਨ ਲਈ ਆਖਿਆ ਤੇ ਸਮਾਜ ਨੂੰ ਚਾਰ ਸਿਧਾਂਤਕ ਪ੍ਰਤੀਕ ਦਿੱਤੇ।

1. ਸਫੇਦ ਝੰਡਾ-ਸੱਚ, ਸ਼ਾਂਤੀ ਅਤੇ ਸਮਾਨਤਾ ਦਾ ਪ੍ਰਤੀਕ। 2. ਫੰਡਾ : (ਭਾਵ ਫੰਡ ਧਨ) ਜਿਸ ਨਾਲ ਗੁਰੂ ਦੀਆਂ ਉਪਦੇਸ਼ਕ ਸੰਸਥਾਵਾਂ ਦਾ ਕਾਰੋਬਾਰ ਚਲਾਇਆ ਜਾ ਸਕੇ। 3. ਡੰਡਾ : ਭਾਵ ਸੁਰੱਖਿਆ ਵਾਸਤੇ, ਸੈਨਿਕ ਕਾਲ, ਹਥਿਆਰ, ਗੁਰੂ ਨਾਮ ਦੀ ਮੋਹਰ ਅਤੇ ਕਮਰ ਕੱਸਾ ਰੱਖਣ ਦਾ ਪ੍ਰਬੰਧ ਕੀਤਾ। ਇਹ ਸੰਸਥਾ ਨੂੰ ਸੁਰੱਖਿਅਤ ਰੱਖਣ ਦਾ ਬੰਦੋਬਸਤ ਸੀ। 4. ਪ੍ਰਚਾਰ ਤੰਤਰ : ਇਕ ਅਜਿਹਾ ਸੰਗਠਤ ਸਾਧਨ ਜੋ ਪ੍ਰਚਾਰ ਦਾ ਸਾਧਨ ਬਣਦਾ ਸੀ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਸਮਾਜਿਕ ਪ੍ਰਵਰਤਨ ਦੀ ਲਹਿਰ ਜਦੋਂ ਗੁਰੂ ਕਾਲ ਤੋਂ ਬਾਅਦ ਪੰਜਾਬ ਦੇ ਖੇਤਰਾਂ ਵਿਚ ਸਿੱਖ ਸੰਸਥਾਵਾਂ ਰਾਹੀਂ ਅਠਾਰਵੀਂ ਸਦੀ ਵਿਚ ਜਾਰੀ ਰਹੀ ਤਾਂ ਇਸੇ ਸਦੀ ਵਿਚ ਮੱਧ ਪ੍ਰਦੇਸ਼ ਵਿਚ ਅਜਿਹੀ ਹੀ ਸਤਨਾਮੀ ਲਹਿਰ ਜੋ ਗੁਰੂ ਘਾਸੀ ਦਾਸ ਰਾਹੀਂ ਚਲਾਈ ਗਈ, ਮੱਧ ਪ੍ਰਦੇਸ਼ ਦੇ ਛਤੀਸਗੜ੍ਹ ਵਿਚ ਚਲਦੀ ਰਹੀ। ਨੋਟ :-ਸਾਡੇ ਪਾਸ ਗੁਰੂ ਜੀ ਬਾਰੇ ਪੂਰੀ ਜਾਣਕਾਰੀ ਅਜੇ ਨਹੀਂ ਜਿੰਨੀ ਜਾਣਕਾਰੀ ਦਿੱਤੀ ਗਈ ਹੈ। ਇਹ ਬਹੁਜਨ ਸੰਗਠਕ ਦਸੰਬਰ '92 ਰਾਹੀਂ ਪ੍ਰਾਪਤ ਹੋਈ ਹੈ। ਹੋਰ ਖੋਜ ਜਾਰੀ ਰੱਖੀ ਜਾਵੇਗੀ।

ਕ੍ਰਾਂਤੀਕਾਰੀ ਆਦਿਵਾਸੀ ਬਿਰਸਾ ਮੁੰਡਾ

ਸਾਡੀ ਭਾਰਤੀ ਬਹੁਜਨ ਸਮਾਜ ਦੇ ਲੋਕਾਂ ਦੀ ਵਿਸ਼ਾਲ ਸਮੱਸਿਆ ਇਹ ਰਹੀ ਹੈ ਕਿ ਪਹਿਲਾਂ ਤਾਂ ਹਜ਼ਾਰਾਂ ਸਾਲ ਤੱਕ ਸਾਡੇ ਸਮਾਜ ਨੂੰ ਪੜ੍ਹਨ ਨਹੀਂ ਦਿੱਤਾ ਗਿਆ। ਜੇ ਬਾਬਾ ਸਾਹਿਬ ਦੁਆਰਾ ਦਿੱਤੇ ਕੁਝ ਮਨੁੱਖੀ ਅਧਿਕਾਰਾਂ ਅਧੀਨ ਇਹ ਸਮਝ ਪੜ੍ਹ ਸਕਣ ਦੇ ਕਾਬਲ ਹੋ ਗਿਆ ਤਾਂ ਇਨ੍ਹਾਂ ਨੂੰ ਵਿਰੋਧੀ ਤੇ ਜਿਉਣ ਦਾ ਆਹਾਰ ਪੈਦਾ ਕਰਨ ਜੋਗਾ ਗਿਆਨ ਦਿੱਤਾ ਗਿਆ। ਜੇ ਕੋਈ ਅਜਿਹਾ ਇਤਿਹਾਸ ਪਿਛਲੇ ਸਮਿਆਂ ਵਿਚ ਵਾਪਰਿਆਂ ਜਿਸਨੂੰ ਪੜ੍ਹਕੇ ਬਹੁਜਨ ਸਮਾਜ, ਰੋਸ਼ਨੀ ਹਾਸਲ ਕਰ ਸਕਦਾ ਤੇ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸਮਝ ਸਕਦਾ ਤਾਂ ਉਹ ਗਿਆਨ, ਉਹ ਇਤਿਹਾਸ, ਅਲੋਪ ਕਰ ਦਿੱਤਾ ਗਿਆ, ਦਬਾ ਦਿੱਤਾ ਗਿਆ। ਅੱਜ ਜਦੋਂ ਅਸੀਂ ਇਸ ਦੇਸ਼ ਦੇ ਹਕੀਕੀ ਇਤਿਹਾਸ ਦੀ ਖੋਜ ਕਰਨ ਦੇ ਯਤਨ ਕਰਨ ਵਿਚੋਂ ਰੁਚੀ ਲੈਣ ਲੱਗੇ ਹਾਂ ਤੇ ਅਸੀਂ ਸਾਧਨਹੀਣ ਹੋ ਕੇ ਰਹਿ ਗਏ ਹਾਂ। ਭਾਵ ਸਾਡੇ ਪਾਸ ਉਨ੍ਹਾਂ ਮਹਾਨ ਬਜ਼ੁਰਗਾਂ ਦਾ ਸੰਘਰਸ਼ ਜੀਵਨ ਇਤਿਹਾਸ ਹੀ ਨਹੀਂ ਹੈ। ਜਿਸ ਨੂੰ ਸਮਾਜ ਤੱਕ ਪਹੁੰਚਾਣ ਦਾ ਕੰਮ ਅਸਾਨ ਹੋ ਸਕੇ। ਉਂਜ ਵੀ ਭਾਰਤ ਅੰਦਰ ਬਹੁਜਨ ਸਮਾਜ ਵਿਚੋਂ ਅਤੇ ਸਵਰਨ ਸਮਾਜ ਵਿਚੋਂ ਕਿੰਨੇ ਕੁ ਖੋਜਕਾਰਾਂ ਦਾ ਨਾ ਲਿਆ ਜਾ ਸਕਦਾ ਹੈ। ਜਿਨ੍ਹਾਂ ਨੇ ਮਾਨਵਵਾਦੀ ਜੱਦੋ-ਜਹਿਦਾਂ ਕਰਨ ਵਾਲੇ ਮਨੁੱਖਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਜੀਵਨ ਦੀ ਰੂਪ-ਰੇਖਾ ਨੂੰ ਪੰਨਿਆਂ 'ਤੇ ਅੰਕਤ ਕੀਤਾ ਹੋਵੇ। ਮਾਨਵਵਾਦੀ ਆਗੂਆਂ, ਜਿਨ੍ਹਾਂ ਨੇ ਸਮਾਜਿਕ ਬਰਾਬਰੀ ਤੇ ਜਾਤਪਾਤੀ ਜ਼ੁਲਮ ਵਿਰੁੱਧ ਕਾਬਜ ਜਾਤੀਆਂ ਨਾਲ ਪੂਰਾ-ਪੂਰਾ ਜੀਵਨ ਟੱਕਰ ਲਈ, ਉਨ੍ਹਾਂ ਨੂੰ ਉੱਚੀ ਜਾਤੀ ਦੇ ਬੁੱਧੀ ਜੀਵੀ ਲੇਖਕਾਂ, ਸਾਹਿਤਕਾਰਾਂ, ਨਾਵਲਕਾਰਾਂ, ਕਹਾਣੀਕਾਰਾਂ, ਨਾਟਕਕਾਰਾਂ, ਕਵੀਆਂ ਆਦਿ ਸਭ ਨੇ ਜਾਤੀ ਘਿਰਨਾਂ ਅਧੀਨ ਅਣਗੌਲਿਆਂ ਕੀਤਾ। ਨਾਲ ਹੀ ਬਹੁਜਨ ਸਮਾਜ ਵਿਚੋਂ ਪੈਦਾ ਹੋਏ ਵਿਦਵਾਨਾਂ ਤੇ ਸਾਹਿਤਕਾਰਾਂ ਨੇ ਵੀ, ਸਵਰਨ ਜਾਤੀਆਂ ਦੀ ਤਰਜ 'ਤੇ ਹੀ ਲਿਖਿਆ ਤੇ ਪਰਚਾਰਿਆ। ਇਹੀ ਕਾਰਨ ਹੈ ਕਿ ਸਾਨੂੰ ਬੀਤੇ ਸਮੇਂ ਦੇ ਮਹਾਨ ਪੁਰਸ਼ਾਂ ਦੀਆਂ ਸੰਘਰਸ਼ ਮਈ ਲਿਖਤਾਂ ਤੋਂ ਵਾਂਝੇ ਰਹਿਣਾ ਪੈ ਗਿਆ ਹੈ। ਫਿਰ ਵੀ ਵਰਤਮਾਨ ਸਮਿਆਂ ਵਿਚ ਚੱਲ ਰਹੀ ਸਮਾਜਿਕ ਪਰਵਰਤਨ ਦੀ ਲਹਿਰ ਨੇ ਐੱਨ.ਐੱਸ. ਸੁਮਨ ਵਰਗੇ ਕੁਝ ਵਿਅਕਤੀਆਂ ਨੂੰ, ਬੀਤੇ ਦੀਆਂ ਹਨ੍ਹੇਰੀਆਂ ਗੁਫਾਵਾਂ ਵਿਚੋਂ ਮਾਨਵਵਾਦੀ ਇਤਿਹਾਸ ਖੋਜਣ 'ਤੇ ਮਜਬੂਰ ਕੀਤਾ ਹੈ, ਜਿਨ੍ਹਾਂ ਦੀਆਂ ਕੁਲ ਲਿਖਤਾਂ ਸਾਡੇ ਸਮਾਜ ਲਈ ਰੌਸ਼ਨੀ ਦੇ ਸਤੰਭਾਂ ਦਾ ਕੰਮ ਕਰਨਗੀਆਂ। ਅਸੀਂ ਸੁਮਨ ਦੁਆਰਾ ਅੱਗੇ ਲਿਆਂਦੀ ਜਾਣਕਾਰੀ 'ਤੇ ਅਧਾਰਤ, ਇਸ ਮਹਾਨ ਵਿਅਕਤੀ ਦਾ ਛੋਟਾ ਜਿਹਾ ਪੱਖ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ ਤੇ ਸੋਚ ਰਹੇ ਹਾਂ ਕਿ ਆਪਣੇ ਇਤਿਹਾਸ ਦੀ ਖੋਜ ਇਕ ਦਿਨ ਕਰਨੀ ਹੀ ਪਵੇਗੀ।

ਆਖਰ ਆਦਿ ਵਾਸੀ ਸਮਾਜ ਨੂੰ ਸਵਰਨਾਂ ਨੇ ਸਿੱਖਿਆ ਤੋਂ ਵਾਂਝੇ ਕਿਉਂ ਰੱਖਿਆ? ਅਸੀਂ ਨਿਰਅਪਰਾਧ ਹੁੰਦੇ ਹੋਏ ਵੀ ਅਨਿਆਂ ਅਤੇ ਅੱਤਿਆਚਾਰ ਦੇ ਸ਼ਿਕਾਰ ਕਿਉਂ ਹਾਂ? ਅਸੀਂ ਆਦਿਵਾਸੀ ਲੋਕ ਆਪਣੇ ਜੀਵਨ ਨੂੰ ਜੋਖਮਾਂ (ਖਤਰਿਆਂ) ਵਿਚ ਪਾ ਕੇ ਅਤੇ ਕਰੜੀ ਮੇਹਨਤ ਕਰਕੇ, ਜੰਗਲ ਸਾਫ ਕਰਕੇ, ਆਪਣੇ ਜਿਉਣ ਲਈ ਖੇਤ ਤਿਆਰ ਕਰਦੇ ਹਾਂ ਜਿਨ੍ਹਾਂ ਨੂੰ ਸਵਰਨ ਜਿਮੀਂਦਾਰ ਖਰੀਦ ਲੈਂਦੇ ਹਨ ਤਾਂ ਕਿਉਂ? ਜਿਸ ਆਦਮੀ ਨੂੰ ਬਚਪਨ ਵਿਚ ਹੀ ਇਹ ਖਿਆਲ ਸਤਾਉਂਦੇ ਰਹੇ ਉਸੇ ਮਨੁੱਖ ਦਾ ਨਾਂ ਹੈ ਬਿਰਸਾ ਮੁੰਡਾ ਜੋ 15 ਨਵੰਬਰ 1875 ਈ. ਨੂੰ

ਰਾਂਚੀ ਖੇਤਰ ਦੇ ਬੰਬਾ ਪਿੰਡ ਵਿਚ ਸੁਗਨਾਂ ਮੁੰਡਾ ਦੇ ਘਰ ਪੈਦਾ ਹੋਇਆ। ਜਿਹੜਾ ਆਪਣੇ ਰੁਜ਼ਗਾਰ ਲਈ ਆਪਣਾ ਪਹਿਲਾਂ ਪਿੰਡ ਉੱਲੀ ਹਾਤ ਛੱਡ ਕੇ, ਬੰਬਾ ਆ ਵਸਿਆ ਸੀ। ਸੁਗਨਾਂ ਦੇ ਬਾਪ ਦਾ ਨਾਂ ਲਾਕਾਰੀ ਮੁੰਡਾ ਸੀ ਜਿਹੜੇ ਸਵਰਨਾਂ ਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਇਕ ਤੋਂ ਦੂਜੀ ਥਾਂ 'ਤੇ ਜਾਂਦੇ ਰਹੇ ਸਨ। ਬਿਰਸਾ ਦੇ ਪਿਤਾ ਨੇ ਜ਼ੁਲਮ ਜ਼ਿਆਦਤੀਆਂ ਅਤੇ ਅਪਮਾਨ ਤੋਂ ਤੰਗ ਆ ਕੇ, ਅੰਗਰੇਜ਼ੀ ਰਾਜ ਦੌਰਾਨ, ਇਸਾਈ ਧਰਮ ਨੂੰ ਅਪਨਾ ਲਿਆ ਸੀ।

ਬਿਰਸਾ ਨੇ ਪ੍ਰਾਇਮਰੀ ਸਿੱਖਿਆ ਆਪਣੀ ਮਾਸੀ ਕੋਲ ਰਹਿ ਕੇ ਚਾਈਵਾਸਾ ਵਿਚ ਪ੍ਰਾਪਤ ਕੀਤੀ, ਜਿੱਥੇ ਉਹ 1886 ਤੋਂ 1891 ਤੱਕ ਰਹੇ। (1891 ਵਿਚ ਦਾਦਾ ਸਾਹਿਬ ਜੋਤੀਬਾ ਫੂਲੇ ਦੀ ਮੌਤ ਹੋ ਗਈ ਸੀ ਅਤੇ 14 ਅਪ੍ਰੈਲ 1891 ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦਾ ਜਨਮ ਹੋਇਆ ਸੀ।)

ਬਿਰਸਾ ਕੁਝ ਪੜ੍ਹਨ ਤੇ ਸਮਝਣ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚ ਗਿਆ ਸੀ ਕਿ ਆਦਿਵਾਸੀ ਗੋਂਡ, ਕੰਵਰ, ਧੁਨਹਾਰ ਸੰਥਾਲ, ਮਲਕ, ਮੁੰਡਾ ਅਤੇ ਉਰਾਂਵ ਆਦਿ ਜਾਤੀਆਂ ਦੇ ਲੋਕਾਂ ਨੂੰ ਸਵਰਨਾਂ ਨੇ (ਹੋਰਨਾਂ ਨਿਮਨ ਜਾਤੀਆਂ ਤੇ ਸ਼ੂਦਰਾਂ ਵਾਂਗ) ਇਸ ਲਈ ਵਿੱਦਿਆ ਤੋਂ ਦੂਰ ਰੱਖਿਆ ਸੀ ਤਾਂ ਕਿ ਪੜ੍ਹ ਲਿਖ ਕੇ ਉਹ ਸਵਰਨਾਂ ਵਿਰੁੱਧ ਨਾ ਉੱਠ ਖੜ੍ਹੇ ਹੋਣ। (ਇਹ ਨਿਰਨਾਂ ਲਗਪਗ ਹਰ ਉਸ ਮਹਾਂਪੁਰਸ਼ ਨੇ ਕੀਤਾ ਜਿਨ੍ਹਾਂ ਨੇ ਭਾਰਤ ਅੰਦਰ ਬ੍ਰਾਹਮਣੀ ਪ੍ਰਬੰਧ ਵਿਰੁੱਧ ਸਮਾਨਤਾ ਅਤੇ ਭਾਈਚਾਰੇ ਦੀ ਲੜਾਈ ਲੜੀ।)

ਬਿਰਸਾ ਨੇ ਜਾਣ ਲਿਆ ਸੀ ਕਿ 1780 ਈ. ਤੋਂ 1829 ਈ. ਤੱਕ ਕੋਲ ਆਦਿਵਾਸੀਆਂ ਦਾ ਵਿਦਰੋਹ ਸਵਰਨਾਂ ਦੀ ਜ਼ਿਆਦਤੀ, ਲੁੱਟ-ਖੋਹ ਕਾਰਨ ਹੀ ਉੱਠਿਆ ਤੇ ਚੱਲਿਆ ਸੀ। ਜਿਸ ਵਿਚ ਉੱਪਰ ਦਿੱਤੀਆਂ ਸਭ ਜਾਤੀਆਂ ਨੇ ਮਿਲਵਾਂ ਹਿੱਸਾ ਪਾਇਆ ਸੀ। ਕਿਉਂਕਿ ਉਹ ਜਿਹੜੀ ਵੀ ਜ਼ਮੀਨ, ਪੱਥਰ ਤੋੜਕੇ ਜੰਗਲ ਸਾਫ ਕਰਕੇ ਤਿਆਰ ਕਰਦੇ ਉਸਨੂੰ ਸਵਰਨ ਖੋਹ ਲੈਂਦੇ ਸਨ ਅਤੇ ਉਨ੍ਹਾਂ ਨੂੰ ਬੇਦਖਲ ਕਰ ਦਿੰਦੇ ਸਨ। ਇਸ ਸੰਘਰਸ਼ ਦੇ ਸਿੱਟੇ ਵਜੋਂ ਸਰਵਨ ਜ਼ਿਮੀਂਦਾਰਾਂ, ਬਾਣੀਆਂ ਤੇ ਵਪਾਰੀਆਂ ਨੂੰ ਹਾਰ ਖਾ ਕੇ ਉਥੋਂ ਭੱਜਣਾ ਪਿਆ ਸੀ। ਪ੍ਰੰਤੂ ਜਦੋਂ ਇਹ ਵਿਦਰੋਹ ਕੁਝ ਕਾਰਨਾਂ ਕਰਕੇ ਠੰਢਾ ਪੈ ਗਿਆ ਤਾਂ ਸਵਰਨਾਂ ਤੇ ਠਾਕਰ ਰਾਜਪੂਤਾਂ ਨੇ ਆਦਿ ਵਾਸੀਆਂ 'ਤੇ ਘੋਰ ਜ਼ੁਲਮ ਕੀਤੇ ਤੇ ਜਬਰਦਸਤੀ ਬਗਾਰ ਕਰਨ ਲਾ ਲਿਆ। ਔਰਤਾਂ ਦੀ ਇੱਜ਼ਤ ਲੁੱਟਣਾ ਸਧਾਰਨ ਗੱਲ ਬਣ ਗਈ। ਰੋਟੀ ਤੋਂ ਆਤਰ ਆਦਿਵਾਸੀ ਉਂਜ ਗੰਦੇ ਤੋਂ ਗੰਦਾ ਕੰਮ ਕਰਨ ਲਈ ਮਜਬੂਰ ਹੋ ਗਏ ਤੇ ਉਨ੍ਹਾਂ ਹਰ ਗੁਲਾਮੀ ਕਬੂਲ ਕਰ ਲਈ। ਫਿਰ ਵੀ ਜਦੋਂ ਭੁੱਖ ਜ਼ੁਲਮ ਤੇ ਬੇਇੱਜ਼ਤੀ ਉਨ੍ਹਾਂ ਤੋਂ ਬਰਦਾਸ਼ਤ ਨਾ ਹੁੰਦੀ ਤਾਂ ਉਹ ਇਕ ਥਾਂ ਛੱਡ ਕੇ ਦੂਜੀ ਥਾਂ ਨੂੰ ਦੌੜ ਜਾਂਦੇ।

1857 ਈ. ਦੇ ਸਮਿਆਂ ਦੌਰਾਨ ਜ਼ੁਲਮਾਂ ਤੋਂ ਤੰਗ ਆ ਕੇ ਜਦੋਂ ਆਦਿਵਾਸੀ, ਹਿੰਦੂ ਧਰਮ ਤਿਆਗ ਕੇ ਇਸਾਈ ਬਣਨ ਲੱਗੇ ਤਾਂ ਸਵਰਨ ਜ਼ਿਮੀਂਦਾਰਾਂ ਨੇ, ਇਸਾਈ ਮਿਸ਼ਨਰੀਆਂ ਦਾ ਜ਼ਬਰਦਸਤ ਵਿਰੋਧ ਕੀਤਾ। ਅਖੀਰ ਇਸਾਈ ਮਿਸ਼ਨਰੀਆਂ ਨੇ, ਸਵਰਨ ਜ਼ਿਮੀਂਦਾਰਾਂ ਨਾਲ ਇਹ ਸਮਝੌਤਾ ਕਰ ਲਿਆ ਕਿ ਉਹ, ਆਦਿਵਾਸੀਆਂ ਦੇ ਧਰਮ ਬਦਲ ਜਾਣ 'ਤੇ ਵੀ ਉਨ੍ਹਾਂ ਨੂੰ ਵਗਾਰ ਕਰਨ ਤੇ ਗੰਦਗੀ ਆਦਿ ਚੁੱਕਣ ਤੋਂ ਨਹੀਂ ਰੋਕਣਗੇ। ਇਸ ਛਲ ਕਪਟ ਤੋਂ ਤੰਗ ਆ ਕੇ 'ਉਰਾਂਵੋ' ਨੇ ਸਵਰਨਾਂ ਵਿਰੁੱਧ 'ਸਰਦਾਰ' ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਦਾ ਮਨੋਰਥ ਸੀ :-

ਖੇਤਰੀ ਵਣ ਸੰਪਤੀ, ਖੇਤ, ਜੰਗਲ, ਪਹਾੜ ਅਤੇ ਖਣਿਜ ਖੇਤਾਂ 'ਤੇ ਆਦਿਵਾਸੀਆਂ ਦਾ ਬਰਾਬਰ ਅਧਿਕਾਰ ਹੋਵੇਗਾ। ਸਵਰਨ ਲੋਕਾਂ ਨੂੰ ਆਦਿਵਾਸੀਆਂ ਤੋਂ ਜਬਰਦਸਤੀ ਵਗਾਰ ਕਰਾਉਣੀ ਬੰਦ ਕਰਨੀ ਹੋਵੇਗੀ। ਇਸਤਰੀਆਂ ਪੁਰਸ਼ਾਂ ਤੋਂ ਬੱਚਿਆਂ ਤੇ ਘਿਨਾਉਣੇ ਜ਼ੁਲਮ ਬੰਦ ਕਰਨੇ ਹੋਣਗੇ। ਤਾਮਣ ਅਤੇ ਕੋਲ ਵਿਦਰੋਹੀ ਬਹਾਦਰਾਂ ਦੀਆਂ ਵਾਰਾਂ ਤੇ ਕਥਾਵਾਂ ਗਾਈਆਂ ਤੇ ਪਰਚਾਰੀਆਂ ਜਾਣਗੀਆਂ। ਪੁਰੋਹਿਤ, ਬ੍ਰਾਹਮਣ, ਵਪਾਰੀ ਵਰਗ, ਬਣੀਆਂ ਵਰਗ ਅਤੇ ਜਿਮੀਂਦਾਰਾਂ 'ਤੇ ਭਰੋਸਾ ਨਹੀਂ ਕਰਨਾ ਹੋਵੇਗਾ। ਅੰਗਰੇਜ਼ ਅਤੇ ਸਵਰਨ ਦੋਨੋਂ ਹੀ ਸ਼ਾਸਕ ਅਤੇ ਸ਼ੋਸ਼ਕ ਹਨ। ਜਿਨ੍ਹਾਂ ਨੇ ਆਦਿਵਾਸੀਆਂ ਦੀ ਜ਼ਮੀਨ ਖੋਹ ਕੇ ਉਨ੍ਹਾਂ ਨੂੰ ਬੇਦਖਲ ਕੀਤਾ ਹੈ।

ਸਰਦਾਰ ਅੰਦੋਲਨ ਦੇ ਤਿੰਨ ਪੜਾਅ ਮਿਥੇ ਗਏ

1. 1859 ਤੋਂ 1881 ਤੱਕ ਜ਼ਮੀਰ ਅੰਦੋਲਨ।
2. 1882 ਤੋਂ 1890 ਤੱਕ ਮਿਸ਼ਨ ਵਿਦਰੋਹ।
3. 1891 ਤੋਂ 1895 ਤੱਕ ਰਾਜਨੀਤਕ ਅੰਦੋਲਨ।

ਜ਼ਮੀਰ ਅੰਦੋਲਨ ਵਿੱਚ, ਸ਼ੋਸ਼ਕਾਂ ਵਿਰੁੱਧ ਜਨਜਾਗਰਤੀ ਪੈਦਾ ਕੀਤੀ ਗਈ ਤੇ ਕਿਹਾ ਗਿਆ ਕਿ ਇਹ ਜੰਗ, ਘਾਹ ਫੂਸ ਦੀ ਅੱਗ ਨਹੀਂ ਜੋ ਬੁੱਝ ਜਾਵੇਗੀ ਬਲਕਿ ਜੰਗਲ ਦੀ ਅੱਗ ਵਾਂਗ ਫੈਲੇਗੀ। ਇਹ ਆਪਣੀ ਭੂਮੀ ਵਾਪਸ ਲੈਣ ਦੀ ਲੜਾਈ ਹੈ। ਆਦਿਵਾਸੀਆਂ ਨੂੰ ਜ਼ੁਲਮ ਅਤੇ ਜ਼ਿਆਦਤੀ ਤੋਂ ਮੁਕਤ ਕਰਾਉਣ ਦੀ ਲੜਾਈ ਹੈ। ਜੋ ਆਖਰੀ ਦਮ ਤੱਕ ਲੜੀ ਜਾਏਗੀ। ਇਸਾਈ ਮਿਸ਼ਨਰੀਆਂ ਨੇ ਵੀ ਆਦਿਵਾਸੀਆਂ ਨੂੰ ਗੁੰਮਰਾਹ ਕੀਤਾ। ਸਿੱਟੇ ਵਜੋਂ 1855 ਵਿਚ ਭਾਗਨਾਡੀਹ ਪਿੰਡ ਦੇ ਸਿੱਧੂ ਤੇ ਕਾਨੂੰ ਆਦਿਵਾਸੀ ਭਰਾਵਾਂ ਨੇ ਸਾਮੰਤ ਤੇ ਜਿਮੀਂਦਾਰ ਸਵਰਨ ਤਾਕਤਾਂ ਅਤੇ ਅੰਗਰੇਜ਼ਾਂ ਵਿਰੁੱਧ ਸੁਤੰਤਰਤਾ ਦਾ ਅੰਦੋਲਨ ਛੇੜ ਦਿੱਤਾ। ਸਿੱਟੇ ਵਜੋਂ 30000 ਆਦਿਵਾਸੀ ਮਾਰੇ ਗਏ। ਅੱਜ ਵੀ ਆਦਵਾਸੀ ਇਸ ਭਿਆਨਕ ਜ਼ੁਲਮ ਕਹਿਰ ਨੂੰ ਸ਼ਹੀਦ ਦਿਵਸ ਅਤੇ ਸਵਰਨ ਰੇਖਾ ਦਿਵਸ ਦੇ ਤੌਰ 'ਤੇ ਮਨਾਕੇ ਸ਼ਹੀਦਾਂ ਨੂੰ ਯਾਦ ਕਰਦੇ ਹਨ।

ਇਸ ਵਿਦਰੋਹ ਤੋਂ ਤੰਗ ਆ ਕੇ ਅੰਗਰੇਜ਼ਾਂ ਨੇ, ਇਕ ਸਵਰਨ 'ਲਾਲਾ ਲੋਕ ਨਾਥ' ਨੂੰ ਪੜਤਾਲ ਦਾ ਕੰਮ ਸੌਂਪਿਆ ਜਿਸ ਨੇ ਸਵਰਨਾਂ ਦੇ ਪੱਖ ਵਿਚ ਰਿਪੋਰਟ ਦਿੱਤੀ। ਜਿਸ ਕਾਰਨ 1862 ਈ. ਤੋਂ 68 ਈ. ਤੱਕ ਖੰਡ ਵਿਰੋਧ ਖੜਾ ਹੋ ਗਿਆ। ਅਖੀਰ 1868 ਈ. ਵਿਚ ਅੰਗਰੇਜ਼ ਸਰਕਾਰ ਨੇ ਪ੍ਰਸਤਾਵ ਪਾਸ ਕੀਤਾ ਕਿ 2482 ਪਿੰਡਾਂ ਵਿਚੋਂ ਮੁਈਹਾਰ ਅਤੇ ਜਿਮੀਂਦਾਰ ਆਦਿਵਾਸੀਆਂ ਦੀ ਭੂਮੀ ਵਾਪਸ ਕਰਨਗੇ। ਪ੍ਰੰਤੂ ਸਵਰਨਾਂ ਨੇ ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ। ਸਰਦਾਰ ਅੰਦੋਲਨ ਫੇਰ ਭੜਕ ਪਿਆ। ਅਦਾਲਤਾਂ ਨੇ ਵੀ ਉਨ੍ਹਾਂ ਨੂੰ ਕੋਈ ਨਿਆਂ ਨਹੀਂ ਦਿੱਤਾ। ਅੰਗਰੇਜ਼ਾਂ ਨੇ ਚਾਲੀ ਆਦਿਵਾਸੀ ਜੇਲ੍ਹ 'ਚ ਬੰਦ ਕਰ ਦਿੱਤੇ। ਅੱਠ ਜੇਲ੍ਹ ਵਿਚ ਹੀ ਮਰ ਗਏ। 1890 ਈ. ਵਿਚ ਫੇਰ ਸੰਗਠਤ ਹੋ ਕੇ ਅੰਦੋਲਨ ਚਲਾਇਆ ਗਿਆ। ਜਿਸ ਨੂੰ ਰਾਜਨੀਤਕ ਰੂਪ ਦਿੱਤਾ ਗਿਆ। ਅੰਗਰੇਜ਼ਾਂ ਨੇ ਸਾਰੀ ਜ਼ਮੀਨ ਹੀ ਬਣ-ਭੂਮੀ ਐਲਾਨ ਕਰ ਦਿੱਤੀ। ਸਿੱਟੇ ਵਜੋਂ ਸਾਰੀਆਂ ਆਦਿਵਾਸੀ ਜਾਤੀਆਂ ਨੇ ਹਿੰਦੂ ਪਰੋਹਿਤ ਵਾਦੀਆਂ ਅਤੇ ਅੰਗਰੇਜ਼ ਮਿਸ਼ਨਰੀਆਂ ਦਾ ਵਿਰੋਧ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਵਿਚ ਬਿਰਸਾ ਮੁੰਡਾ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਉਨ੍ਹਾਂ ਦੱਸਿਆ ਕਿ ਇਸਾਈ ਧਰਮ ਦੇ ਪਾਦਰੀਆਂ ਅਤੇ ਜਿਮੀਂਦਾਰਾਂ ਸਭ ਨੇ ਮਿਲਕੇ ਸਾਨੂੰ ਮੂਰਖ ਬਣਾਇਆ ਹੈ। (ਅਸੀਂ ਜਿਸ ਵੀ ਧਰਮ 'ਚ ਜਾਂਦੇ ਹਾਂ, ਕੁਝ ਸਮੇਂ ਬਾਅਦ, ਉਸ ਧਰਮ 'ਤੇ ਕਾਬਜ਼ ਹੋ ਜਾਣ ਵਾਲੀਆਂ, ਉੱਚੀਆਂ ਤੇ ਜਿਮੀਂਦਾਰ ਜਾਤੀਆਂ ਲਗਭਗ ਪੂਰੇ ਭਾਰਤ ਵਿਚ ਹੀ, ਪਛੜਿਆਂ ਬਹੁਜਨਾਂ ਨੂੰ ਮੂਰਖ ਬਣਾਉਂਦੀਆਂ ਹਨ। ਇਹ ਵਰਦਾਨ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ) ਜਾਤੀ ਭੇਦ ਪਾ ਕੇ ਸਾਡਾ ਸ਼ੋਸ਼ਨ ਕਰਦੇ ਰਹੇ ਹਨ ਤੇ ਖੁਦ ਭੂਮੀ, ਵਣ ਸੰਪਤੀ ਤੇ ਖਨਿਜ ਆਦਿ ਦੀ ਮੌਜ ਉਡਾਉਂਦੇ ਹਨ।

ਬਿਰਸਾ ਮੁੰਡੇ ਨੇ ਅੰਗਰੇਜ਼ਾਂ ਨੂੰ ਵੀ ਪੂਰੀ ਤਰ੍ਹਾਂ ਦੋਸ਼ੀ ਕਿਹਾ। 24 ਦਸੰਬਰ 1899 ਈ. ਨੂੰ ਮੁੰਡਾ ਵਿਦਰੋਹ ਸ਼ੁਰੂ ਹੋ ਗਿਆ। ਰਾਜਪੂਤ ਠਾਕਰ ਜਗਮੋਹਨ ਸਿੰਘ ਦੀ ਮਦਦ ਨਾਲ ਬਿਰਸਾ ਮੁੰਡਾ ਨੂੰ ਫੜ ਲਿਆ ਗਿਆ। ਵਿਰੋਧ ਵਿਚ ਹਜ਼ਾਰਾਂ ਆਦਿਵਾਸੀਆਂ ਨੇ ਜੇਲ੍ਹ ਭਰੋ ਅੰਦੋਲਨ ਚਲਾਇਆ ਤੇ ਬਿਰਸਾ ਮੁੰਡਾ ਨੂੰ ਰਿਹਾਅ ਕਰ ਦਿੱਤਾ ਗਿਆ। ਬਿਰਸਾ ਨੇ ਸ਼ਕਤੀ ਸੰਗਠਤ ਕਰਕੇ ਅੰਦੋਲਨ ਕਰਨ ਦਾ ਫੈਸਲਾ ਕਰ ਲਿਆ ਤੇ ਸੰਕਲਪ ਲਿਆ ਕਿ ਫਿਰ ਉਹ ਆਦਿਵਾਸੀਆਂ ਦੇ ਸ਼ੋਸਕਾਂ ਨੂੰ ਖਤਮ ਕਰਕੇ ਹੀ ਦਮ ਲੈਣਗੇ। ਜਿਨ੍ਹਾਂ ਦੇ ਹੁੰਦਿਆਂ, ਉਹ ਕੁੜਤਾ, ਪਗੜੀ, ਜੁੱਤੀ ਤੇ ਹੋਰ ਕਪੜੇ ਨਹੀਂ ਪਾ ਸਕਦੇ ਸਨ। ਧੁੱਪ ਅਤੇ ਮੀਂਹ ਤੋਂ ਬਚਾ ਲਈ ਛੱਤਰੀ ਲੈ ਕੇ ਨਹੀਂ ਚੱਲ ਸਕਦੇ ਸਨ। ਉਹ ਸੋਚਦਾ ਕਿ ਸ਼ੋਸਕਾਂ ਨੇ ਉਨ੍ਹਾਂ ਦਾ ਲਹੂ ਚੂਸ ਕੇ ਬੇਹਾਲ ਕਰ ਦਿੱਤਾ ਹੈ। ਸਾਡੇ ਘਰ, ਜ਼ਮੀਨ ਕੱਪੜੇ ਨਹੀਂ ਹਨ। ਅਸੀਂ ਕਰੜੀ ਮੇਹਨਤ ਕਰਕੇ ਵੀ ਭੁੱਖੇ ਰਹਿੰਦੇ ਹਾਂ। ਇਹ ਲੋਕ ਅਨੰਦ ਕਰਦੇ ਹਨ। ਇਸ ਤਰ੍ਹਾਂ ਸਾਰੇ ਆਦਿਵਾਸੀਆਂ ਨੇ ਆਪਣੀਆਂ ਔਰਤਾਂ ਅਤੇ ਬੱਚਿਆਂ ਨੂੰ ਜੰਗਲਾਂ ਵਿਚ ਭੇਜ ਦਿੱਤਾ ਤੇ ਆਪ ਸਭ ਨੇ 1899 ਈ. ਦੇ ਨਵੰਬਰ ਮਹੀਨੇ, ਡੋਮ ਬਾਰੀ ਨਾਂ ਦੇ ਪਹਾੜ 'ਤੇ ਬੈਠ ਕੇ ਯੁੱਧ ਬਾਰੇ ਚਰਚਾ ਕੀਤੀ।

ਪਹਿਲਾਂ ਅੰਗਰੇਜ਼ ਤੇ ਫਿਰ ਜਿਮੀਂਦਾਰ ਸਵਰਨਾਂ ਨਾਲ ਹਿਸਾਬ ਕਰਨ ਦਾ ਫੈਸਲਾ ਕੀਤਾ ਗਿਆ। ਇਉਂ ਬਹੁਤ ਦੇਰ ਤੋਂ ਚਲਿਆ ਆ ਰਿਹਾ ਆਦਿਵਾਸੀ ਅੰਦੋਲਨ, ਬਿਰਸਾ ਮੁੰਡਾ ਅੰਦੋਲਨ ਵਿਚ ਬਦਲ ਗਿਆ, ਜਲਦੀਆਂ ਮਸ਼ਾਲਾਂ ਨਾਲ ਅੰਗਰੇਜ਼ਾਂ ਦੇ ਮਿਸ਼ਨ ਦਫਤਰਾਂ ਨੂੰ ਅੱਗ ਲਾ ਦਿੱਤੀ ਗਈ। ਇਸ ਤਰ੍ਹਾਂ ਇਹ ਅੰਦੋਲਨ ਰਾਂਚੀ, ਸਿੰਹ, ਭੂਮੀ, ਬਾਂਕੁਰਾ ਅਤੇ ਸੰਥਾਲ ਪਰਗਨਾਂ ਵਿਚ ਫੈਲ ਗਿਆ। ਅੰਗਰੇਜ਼ਾਂ ਨੇ ਸਵਰਨ ਜਿਮੀਂਦਾਰਾਂ ਨੂੰ ਨਾਲ ਲੈ ਕੇ ਬਿਰਸਾ ਮੁੰਡਾ ਨੂੰ ਫੜਨ ਦੀ ਮੁਹਿੰਮ ਚਲਾ ਦਿੱਤੀ। ਇਕ ਗੁਪਤ ਆਦਿਵਾਸੀ ਸਭਾ ਵਿਚ ਬਿਰਸਾ ਮੁੰਡਾ ਨੂੰ ਗੁਲਾਮ ਭੂਮੀ ਦਾ ਅਜ਼ਾਦ ਪੁੱਤਰ ਕਿਹਾ ਗਿਆ ਤੇ ਸੈਂਕੜੇ ਆਦਿਵਾਸੀਆਂ ਨੇ ਖੂਨ ਦਾ ਟਿੱਕਾ

ਲਾਇਆ । ਉਧਰ ਅੰਗਰੇਜ਼ਾਂ ਨੂੰ ਬਿਰਸਾ ਮੁੰਡਾ ਨੂੰ ਫੜਾਉਣ ਦਾ 500 ਰੁਪਏ ਇਨਾਮ ਐਲਾਨ ਕਰ ਦਿੱਤਾ। ਜ਼ੋਰਦਾਰ ਕੋਸ਼ਿਸ਼ ਬਾਅਦ ਉਸ ਨੂੰ ਫੜ ਲਿਆ ਗਿਆ ਅਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ।6 ਜੂਨ 1900 ਨੂੰ ਉਨ੍ਹਾਂ ਦੀ ਮੌਤ ਹੋ ਗਈ ਤੇ ਉਹ ਆਉਣ ਵਾਲੀਆਂ ਗੁਲਾਮ ਪੀੜੀਆਂ ਲਈ ਮੁਕਤੀ ਸੰਘਰਸ਼ ਦਾ ਪ੍ਰਤੀਕ ਬਣ ਕੇ ਅਮਰ ਹੋ ਗਏ।

ਸਮਾਜ ਪਰਵਰਤਕ ਸਵਾਮੀ ਅਛੂਤਾ ਨੰਦ

ਜਿਸ ਤਰ੍ਹਾਂ ਅਸੀਂ ਵੇਖਿਆ ਹੈ ਕਿ ਭਾਰਤ ਅੰਦਰ ਸਮਾਜਿਕ ਪਵਿਰਤਨ ਦੀਆਂ ਲਹਿਰਾਂ ਚਾਰਾਂ ਕੋਨਿਆਂ ਤੋਂ ਉਠਦੀਆਂ ਰਹੀਆਂ ਇਸ ਵਾਰ ਅਸੀਂ ਸਵਾਮੀ ਨਰਾਇਣਾ ਗੁਰੂ ਅਤੇ ਬਿਰਸਾ ਮੁੰਡਾ ਦਾ ਜ਼ਿਕਰ ਕੀਤਾ ਹੈ।ਸਾਨੂੰ ਸਵਾਮੀ ਅਛੂਤਾ ਨੰਦ ਦੇ ਜੀਵਨ ਬਾਰੇ ਵੀ ਬਹੁਜਨ ਸੰਗਠਨ ਜੁਲਾਈ '91 ਨਵੀਂ ਦਿੱਲੀ ਦੀ ਲਿਖਤ ਰਾਹੀਂ, ਕੁਝ ਜਾਣਕਾਰੀ ਪ੍ਰਾਪਤ ਹੋਈ ਹੈ।ਜੋ ਸੰਘਰਸ਼ ਦੀ ਇਕ ਮਜ਼ਬੂਤ ਕੜੀ ਹੈ।ਅਸੀਂ ਆਪਣੇ ਮਹਾਨ ਬਜ਼ੁਰਗਾਂ ਦਾ ਸੰਘਰਸ਼ਮਈ ਜੀਵਨ ਸਮਾਜ ਸਾਹਮਣੇ ਰੱਖਣ ਦੀ ਭਾਗਸ਼ਾਲੀ ਖੁਸ਼ੀ ਲੈ ਰਹੇ ਹਾਂ। ਇਸ ਪੁਸਤਕ ਦੇ ਹਿੰਦੀ ਅਨੁਵਾਕ ਤੱਕ, ਸਾਡੀ ਨਵੀਂ ਖੋਜ ਜਾਰੀ ਰਹੇਗੀ।

ਸਵਾਮੀ ਅਛੂਤਾਂ ਨੰਦ, ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰੁਖਾਬਾਦ ਤਸੀਲ ਛਿੱਬਰਾ ਭਊ ਵਿਚ 20 ਜੁਲਾਈ 1876 ਈ. ਵਿਚ ਹੋਇਆ।ਇਹ ਉਹ ਸਮਾਂ ਹੈ ਜਦੋਂ ਸ਼ਾਹੂ ਛਤਰਪਤੀ ਕੋਹਲਾਪੁਰ ਦੀ ਗੱਦੀ 'ਤੇ ਬੈਠ ਕੇ ਸੰਘਰਸ਼ ਦੀ ਸ਼ੁਰੂਆਤ ਕਰਨ ਵਾਲੇ ਸਨ।ਜੋਤੀਬਾ ਫੂਲੇ ਅਤੇ ਮਾਂ ਸਵਿੱਤਰੀ ਬਾਈ ਸੰਘਰਸ਼ ਕਰ ਰਹੇ ਸਨ।ਇਸ ਕਾਲ ਦੌਰਾਨ ਹੀ ਸਵਾਮੀ ਅਛੂਤਾ ਨੰਦ (ਬਚਪਨ ਦਾ ਨਾਂ ਹੀਰਾ ਲਾਲ) ਨੇ ਜਨਮ ਲਿਆ।ਪਿਤਾ ਦਾ ਨਾ ਹੋਣ ਕਾਰਨ ਉਨ੍ਹਾਂ ਦੀ ਪਾਲਣਾ ਪੋਸਣਾ ਅਤੇ ਪੜ੍ਹਾਈ ਚਾਚਾ ਮਥੁਰਾ ਦਾਸ ਦੇ ਘਰ ਹੋਈ। ਚਾਚਾ ਜੀ ਫੌਜ ਵਿਚ ਸੂਬੇਦਾਰ ਸਨ।ਘਰ ਦੇ ਹੋਰ ਵੀ ਜੀਅ ਫੌਜ ਵਿਚ ਸਨ।ਫੌਜ ਵਿਚ ਹੋਣਾ, ਭਾਰਤੀ ਅਛੂਤ ਪਰਵਾਰਾਂ ਦੇ ਉੱਪਰ ਉੱਠਣ ਦਾ ਇਕ ਵਸੀਲਾ ਬਣਿਆ।ਪਿੰਡ ਵਿਚ ਸਵਰਨ ਜਾਤੀਆਂ ਵੱਲੋਂ ਢਾਹੇ ਜਾਂਦੇ ਜ਼ੁਲਮਾਂ ਤੋਂ ਤੰਗ ਆ ਕੇ ਸਾਰਾ ਪਰਵਾਰ ਪਿੰਡ ਛੱਡ ਕੇ, ਅਛੂਤਾ ਨੰਦ ਦੇ ਨਾਨਕੀ ਸਿਰਸਾ ਗੰਜ ਚਲਾ ਗਿਆ ਜੋ ਮੈਨਪੁਰੀ ਜ਼ਿਲ੍ਹੇ ਵਿਚ ਸੀ।ਜਿਥੇ ਰਹਿੰਦਿਆਂ ਉਨ੍ਹਾਂ ਦੀ ਸ਼ਾਦੀ ਦੁਰਗਾਵਤੀ ਨਾਲ ਹੋਈ।ਏਥੇ ਵੀ ਉਨ੍ਹਾਂ ਨੂੰ ਸਵਰਨਾਂ ਦੇ ਜ਼ੁਲਮ ਸਹਿਣੇ ਪਏ ਤੇ ਉਹ ਨਾਨਕਾ ਪਿੰਡ ਛੱਡਕੇ, ਉਮਰੀ ਪੀੜ ਸਰਾਂ ਚਲੇ ਗਏ।ਪਰ ਜ਼ੁਲਮ, ਜ਼ਿਆਦਤੀਆਂ ਤੇ ਅਪਮਾਨ ਨੇ ਪਿੱਛਾ ਨਾ ਛੱਡਿਆ। ਆਪ ਬੁੱਧੀਮਾਨ ਸਨ। ਪੜ੍ਹੇ-ਲਿਖੇ ਹੋਣ ਕਾਰਨ ਆਪ ਦਾ ਸਵੈਮਾਨ ਜਾਗ ਚੁੱਕਾ ਸੀ।ਗੈਰ ਇਨਸਾਨੀ ਵਰਤਾਰੇ ਨੇ ਆਪ ਨੂੰ ਪੂਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਸੀ।ਉਨ੍ਹਾਂ ਨੂੰ ਵਾਰ-ਵਾਰ ਬੇਕਾਰ ਹੋਣਾ ਪਿਆ।ਨਤੀਜੇ ਵਜੋਂ ਉਨ੍ਹਾਂ ਨੇ, ਅਪਮਾਨ ਅਤੇ ਜ਼ੁਲਮ ਵਿਰੁੱਧ ਸਵੈਮਾਨ ਲਈ ਸੰਘਰਸ਼ ਕਰਨ ਦਾ ਮਨ ਬਣਾ ਲਿਆ ਤੇ 1905 ਵਿਚ ਆਖਰ ਦਿੱਲੀ ਆ ਗਏ।

ਕਰੋਲ ਬਾਗ ਦੇ ਸਾਥੀਆਂ ਨਾਲ ਮਿਲਕੇ ਸਵਾਮੀ ਨੇ ਅਛੂਤ ਅੰਦੋਲਨ ਸ਼ੁਰੂ ਕਰ ਦਿੱਤਾ।ਏਥੇ ਸਵਾਮੀ ਜੀ ਨਹਿਰੂ ਕੁਟੀਆ, ਮਲਕਾ ਗੰਜ ਦਿੱਲੀ ਵਿਚ ਰਹੇ। ਸਵਾਮੀ ਜੀ ਨੂੰ ਉਸ ਸਮੇਂ ਸੱਤ ਭਾਸ਼ਾਵਾਂ ਆਉਂਦੀਆਂ ਸਨ।ਅਛੂਤਾਂ ਨੂੰ ਜਗਾਉਣ ਲਈ ਆਪਣੇ ਕਰੀਬੀ ਸਹਿਯੋਗੀਆਂ ਨਾਲ ਮਿਲਕੇ ਉਨ੍ਹਾਂ ਨੇ ਅੰਤਰ ਭਾਰਤੀ ਅਛੂਤ ਮਹਾਰ ਸਮਾਜ ਸਭਾ ਦੀ ਸਥਾਪਨਾ ਕੀਤੀ।ਮਹਾਰ ਬਾਬਾ ਸਾਹਿਬ ਦੀ ਜਾਤੀ ਹੈ।ਮਹਾਂਰਾਸ਼ਟਰ ਵਿਚ ਗੰਦਗੀ ਤੇ ਪਸ਼ੂ ਢੋਣ ਵਾਲੇ ਲੋਕਾਂ ਨੂੰ ਮਹਾਰ ਕਿਹਾ ਜਾਂਦਾ ਹੈ।ਪ੍ਰੰਤੂ ਇਤਿਹਾਸਕ ਤੌਰ 'ਤੇ ਇਹ ਮਹਾਰ, ਮਹਾਂ ਰਾਸ਼ਟਰ ਦੇ, ਸ਼ਹਿਨਸ਼ਾਹ ਰਹੇ ਹਨ ਜਿਸ ਤੋਂ ਮਹਾਰ ਰਾਸ਼ਟਰ ਦਾ ਛੋਟਾ ਨਾਂ ਮਹਾਂਰਾਸ਼ਟਰ ਬਣ ਗਿਆ।ਸਵਾਮੀ ਜੀ ਚੁਮਾਰ ਜਾਤੀ 'ਚ ਪੈਦਾ ਹੋਏ।ਇਸ ਕਰਕੇ ਹੀ ਉਨ੍ਹਾਂ ਨੇ ਆਪਣੇ ਸੰਘਰਸ਼ ਨੂੰ ਵਿਸ਼ਾਲ ਬਣਾਉਣ ਲਈ ਅਛੂਤ ਤੇ ਮਹਾਰ ਅੰਦੋਲਨ ਦਾ ਨਾਂ ਦਿੱਤਾ।ਸਵਾਮੀ ਜੀ ਨੇ ਆਪਣੇ ਵਿਚਾਰਾਂ ਦੇ ਪਸਾਰ ਲਈ ਇੱਕ ਅਛੂਤ ਨਾਂ ਦੀ ਪੱਤਰਕਾ ਵੀ ਕੱਢੀ।

ਵੀਹ ਸਾਲ ਦੀ ਉਮਰ ਤੋਂ ਬਾਅਦ ਸਵਾਮੀ ਜੀ ਸਵਰਨਾਂ ਵੱਲੋਂ ਚਲਦੀ ਆਰੀਆ ਸਮਾਜੀ ਲਹਿਰ ਵਿਚ ਰਹਿ ਕੇ ਸੱਤ ਸਾਲ ਤੱਕ ਪ੍ਰਚਾਰ ਕਰਦੇ ਰਹੇ ਅਤੇ ਆਰੀਆ ਸਿਧਾਂਤਾਂ ਦਾ ਪ੍ਰਚਾਰ ਕੀਤਾ।ਅਤੇ ਦਿੱਲੀ ਵਿਚ ਹੀ ਕਈ ਮਿਸ਼ਨਰੀ ਸਕੂਲਾਂ ਦੀ ਸਥਾਪਨਾ ਕੀਤੀ।ਅਛੂਤਾਂ ਨੂੰ ਵਿੱਦਿਆ ਦਿੱਤੀ।ਪ੍ਰੰਤੂ ਆਖਰ ਦੂਜੇ ਮਹਾਂਪੁਰਸ਼ਾਂ ਵਾਂਗ ਹੀ, ਅਛੂਤਾ ਨੰਦ ਜੀ ਨੂੰ ਆਰੀਆ ਸਮਾਜ ਲਹਿਰ ਵਿਚ ਰਹਿ ਕੇ ਘੋਰ ਤਪੱਸਿਆ ਕਰਨ 'ਤੇ ਬਹੁਤ ਪਛਤਾਵਾ ਹੋਇਆ। ਉਨ੍ਹਾਂ ਨੇ ਵੇਖਿਆ ਕਿ ਦਲਿਤ ਦੁਖੀ ਅਤੇ ਅਣਭੋਲ ਨਾਗਰਿਕਾਂ ਤੋਂ ਧਨ ਇਕੱਠਾ ਕਰਕੇ

ਜੋ ਸਕੂਲ ਸਿਰਸਾ ਗੰਜ ਵਿਚ ਬਣਾਇਆ ਗਿਆ ਸੀ, ਉਸ ਦਾ ਉਦਘਾਟਨ ਕਰਨ ਸਮੇਂ, ਸਵਰਨ ਬੱਚਿਆਂ ਨੂੰ ਉੱਚੇ ਫਰਸ਼ 'ਤੇ ਅਤੇ ਅਛੂਤ ਬੱਚਿਆਂ ਨੂੰ ਥੱਲੇ ਮਿੱਟੀ 'ਤੇ ਬਿਠਾਇਆ ਗਿਆ ਸੀ । ਇਉਂ ਸਵਾਮੀ ਜੀ ਦਾ 'ਆਰੀਆ ਸਮਾਜੀ ਸੁਧਾਰ ਅੰਦੋਲਨ' ਦਾ ਤੰਬੂ, ਡਿੱਗ ਪਿਆ ਅਤੇ ਉਨ੍ਹਾਂ ਨੇ ਆਰੀਆ ਸਮਾਜੀਆਂ ਤੋਂ ਕਿਨਾਰਾ ਕਰ ਲਿਆ । ਦਿੱਲੀ ਵਾਪਸ ਆ ਕੇ ਸਵਾਮੀ ਜੀ ਨੇ 'ਅਛੂਤ ਸੰਸਥਾ' ਦੀ ਸਥਾਪਨਾ ਕੀਤੀ ਤੇ ਫਿਰ ਉਹ ਪੂਰੇ ਭਾਰਤ ਵਿਚ ਦਲਿਤਾਂ ਅਤੇ ਸ਼ੋਸਤਾਂ ਦੀਆਂ ਅਛੂਤ ਸੰਸਥਾਵਾਂ ਬਣਾ ਕੇ ਕੰਮ ਵਿਚ ਜੁਟ ਗਏ । ਇਹ ਉਹ ਸਮਾਂ ਸੀ ਜਦੋਂ ਸ਼ਾਹੂ ਛਤਰਪਤੀ ਦੇ ਨਾਲ-ਨਾਲ ਬਾਬਾ ਸਾਹਿਬ ਅੰਬੇਡਕਰ ਵੀ ਸੰਘਰਸ਼ ਵਿਚ ਜੁਟ ਚੁੱਕੇ ਸਨ ।

ਅਛੂਤਾਂ ਨੇ ਸਵਾਮੀ ਜੀ ਦਾ ਧਨ, ਮਨ ਤੇ ਤਨ ਨਾਲ ਸਾਥ ਦਿੱਤਾ । ਉਨ੍ਹਾਂ ਦਾ ਉਪਦੇਸ਼ ਸੀ ਕਿ ਜੇ ਤੁਸੀਂ ਜ਼ਿੰਦਗੀ ਵਿਚ ਵਡਿਆਈ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਦੀਨ ਦੁਖੀ ਤੇ ਮਜ਼ਲੂਮਾਂ ਦੀ ਸੇਵਾ ਕਰੋ । ਅਛੂਤ ਨਾਗਰਿਕਾਂ ਦਾ ਫਰਜ਼ ਹੈ ਕਿ ਉਹ ਸਾਰੇ ਸੰਗਠਤ ਹੋ ਕੇ ਸਵਰਨਾਂ ਦੇ ਅਨਿਆਂ, ਅੱਤਿਆਚਾਰ ਅਤੇ ਸਮਾਜਿਕ ਕੁਰੀਤੀਆਂ ਦਾ ਡੱਟ ਕੇ ਮੁਕਾਬਲਾ ਕਰਨ ਤਾਂ ਹੀ ਉਨ੍ਹਾਂ ਦਾ ਸਨਮਾਨ ਕਾਇਮ ਤੇ ਸੁਰੱਖਿਅਤ ਰਹਿ ਸਕਦਾ ਹੈ ।

ਸਵਾਮੀ ਜੀ ਨੇ ਸਮਾਜਿਕ ਅਤੇ ਰਾਜਨੀਤਕ ਜਾਗਰਤੀ ਪੈਦਾ ਕਰਨ ਲਈ 1922 ਈ. ਵਿਚ ਆਦਿ ਹਿੰਦੂ ਅੰਦੋਲਨ ਸ਼ੁਰੂ ਕੀਤਾ । ਤੇ ਕਿਹਾ :- "ਸਾਰੇ ਅਛੂਤ ਜੋ ਸਵਰਨਾਂ ਦੀ ਗੁਲਾਮੀ ਵਿਚ ਨਰਕ ਦਾ ਜੀਵਨ ਬਤੀਤ ਕਰ ਰਹੇ ਹਨ, ਉਹ ਇਸ ਦੇਸ਼ ਦੇ ਮੂਲ ਨਿਵਾਸੀ ਹਨ । ਉਨ੍ਹਾਂ ਦੀ ਸੱਭਿਅਤਾ (ਸਿੰਧੂ ਦਰਾਵੜ ਸੱਭਿਅਤਾ) ਕਲਾ, ਹੱਕ ਅਧਿਕਾਰ ਅਤੇ ਸੰਸਕ੍ਰਿਤੀ (ਭਾਵ ਸ਼ਾਨਦਾਰ ਜੀਵਨ ਅਧਾਰ) ਦਾ ਨਮੂਨਾ ਸੀ । ਜਿਸ ਵਿਚ ਆਰੀਆ ਵਿਰਨ ਵਿਵਸਥਾ ਜਿਹਾ ਜ਼ਹਿਰ ਘੋਲ ਕੇ, ਸਾਡੇ ਉਪਰ ਸ਼ਾਸਕ ਬਣੇ ਹੋਏ ਹਨ । ਅੱਜ ਅਸੀਂ ਹੀ ਅਧਿਕਾਰਾਂ ਤੋਂ ਵੰਚਤ ਹਾਂ । ਇਸ ਵਿਵਸਥਾ (ਵਰਣ ਵਿਵਸਥਾ ਨੇ) ਨੇ ਸਾਨੂੰ ਭਾਰਤੀ ਮੂਲ ਨਿਵਾਸੀਆਂ ਤੋਂ ਸ਼ੂਦਰ ਬਣਾ ਦਿੱਤਾ ਹੈ । ਜਦੋਂ ਕਿ ਸਾਡੇ ਪੂਰਵਜ (ਬਜ਼ੁਰਗ) ਏਸੇ ਮਾਤ ਭੂਮੀ 'ਤੇ ਰਾਜ ਕਰਿਆ ਕਰਦੇ ਸੀ । ਏਨਾ ਹੀ ਨਹੀਂ ਬਲਕਿ ਮਨੂੰ ਵਿਵਸਥਾ ਰਾਹੀਂ ਬਣਾਏ, ਸਮਾਜਿਕ, ਧਾਰਮਿਕ ਅਤੇ ਆਰਥਿਕ ਕਾਨੂੰਨਾਂ ਨੇ, ਦੇਸ਼ ਦੇ ਮੂਲ ਨਿਵਾਸੀਆਂ ਨੂੰ ਅਰਥ (ਰੋਟੀ-ਰੋਜ਼ੀ) ਧਰਮ, ਸਿੱਖਿਆ, ਸਮਾਜਿਕ ਬਰਾਬਰੀ ਅਤੇ ਮੂਲ ਅਧਿਕਾਰਾਂ ਤੋਂ ਵੰਚਤ ਕਰਕੇ, ਗੁਲਾਮ, ਅਪਾਹਜ, ਲਾਚਾਰ ਅਤੇ ਨਿਕੰਮੇ ਬਣਾ ਦਿੱਤਾ ਹੈ ਅਤੇ ਆਪ (ਸਵਰਨ ਜਾਤੀਆਂ) ਸੁਖ, ਚੈਨ, ਧਨ, ਸਹੂਲਤਾਂ ਅਤੇ ਆਨੰਦ ਭੋਗਦੇ ਹੋਏ ਸਾਡੇ ਦਾਤਾ ਬਣ ਗਏ ਹਨ । ਇਸ ਲਈ ਅਛੂਤ ਪਰਾਣੀਓ ਤੁਹਾਨੂੰ ਜਲਦੀ ਜਾਗਰਤ ਹੋ ਕੇ ਆਪਣਾ ਇਹ ਜਮਾਨਾ ਬਦਲਣਾ ਹੋਵੇਗਾ । ਜ਼ੁਲਮ ਕਰਨ ਵਾਲਿਆਂ ਦਾ ਮੁਕਾਬਲਾ ਕਰਨਾ ਹੋਵੇਗਾ ਅਤੇ ਸਦੀਆਂ ਤੋਂ ਤੁਹਾਡੇ ਪੈਰੀਂ ਪਈਆਂ ਬੇੜੀਆਂ ਨੂੰ ਤੋੜਨਾ ਹੋਵੇਗਾ । 1923 ਈ. ਵਿਚ ਇਸ ਕੰਮ ਨੂੰ ਸਰਬ ਭਾਰਤੀ ਰੂਪ ਦੇਣ ਲਈ ਸਵਾਮੀ ਜੀ ਨੇ 'ਆਲ ਇੰਡੀਆ ਆਦਿ ਹਿੰਦੂ ਮਹਾਂ ਸਭਾ' ਦੀ ਸਥਾਪਨਾ ਕੀਤੀ । ਇਟਾਵਾ ਵਿਚ ਹਿੰਦੂ ਕਾਨਫਰੰਸ ਦਾ ਆਯੋਜਨ ਕੀਤਾ । ਜਨਸਮੂਹ ਨੂੰ ਸੰਬੋਧਨ ਕਰਦਿਆਂ ਸਵਾਮੀ ਜੀ ਨੇ ਕਿਹਾ ਕਿ ਸਵਰਨਾਂ ਦੁਆਰਾ ਫੈਲਾਏ ਗਏ ਜਾਤੀ ਭੇਦ ਭਾਵ, ਧਰਮ ਭੇਦ, ਅਤੇ ਛੂਤ-ਛਾਤ ਤੇ ਵਿਰੁੱਧ ਸਾਰੇ ਨਾਗਰਿਕਾਂ ਨੂੰ ਸੰਗਠਤ ਹੋ ਕੇ ਮੁਕਾਬਲਾ ਕਰਨਾ ਹੋਵੇਗਾ ।

ਇਸ ਗੱਲ ਦਾ ਵਿਰੋਧ ਕਰਨ ਲਈ, ਸਵਰਨਾਂ ਨੇ ਕੁਝ ਅਛੂਤ ਤੇ ਪਛੜੀਆਂ ਜਾਤੀਆਂ ਦੇ ਵਿਕਾਊ ਲੋਕਾਂ ਨੂੰ ਇਕੱਠਾ ਕਰਕੇ ਜਾਤੀ ਦੰਗੇ, ਲੁੱਟ-ਮਾਰ, ਮਾਰ-ਪਿਟਾਈ, ਚੋਰੀ-ਡਕੈਤੀ ਆਦਿ ਘਟਨਾਵਾਂ ਸ਼ੁਰੂ ਕਰਵਾ ਦਿੱਤੀਆਂ । ਜਿਸ ਕਾਰਨ ਸਵਾਮੀ ਜੀ ਨੂੰ ਉਹ ਇਲਾਕਾ ਛੱਡਣਾ ਪਿਆ ਤੇ ਕਾਨਪੁਰ ਜਾ ਕੇ 1925 ਈ. ਵਿਚ, ਆਦਿ ਹਿੰਦੂ ਮਾਸਕ ਪੱਤਰ ਕੱਢਣਾ ਸ਼ੁਰੂ ਕਰ ਦਿੱਤਾ । ਏਥੇ ਚੋਰੀ ਲਾਲ ਕੁਰੀਲ ਨੇ ਸਵਾਮੀ ਜੀ ਤੋਂ ਪ੍ਰਭਾਵਤ ਹੋ ਕੇ, ਪੁਸਤਕ ਘਰ ਅਤੇ ਆਸ਼ਰਮ ਲਈ ਭੂਮੀ ਦਿੱਤੀ । ਜਿੱਥੇ ਆਸ਼ਰਮ ਬਣਾ ਕੇ ਸਵਾਮੀ ਜੀ ਨੇ ਅਨੇਕ ਲੋਕਾਂ ਨੂੰ ਸਿੱਖਿਆ ਅਤੇ ਸੇਧ ਦਿੱਤੀ । 1926 ਈ. ਨੂੰ ਫੇਰ ਇਟਾਵਾ ਵਿਚ ਸਵਾਮੀ ਜੀ ਨੇ 'ਆਦਿ ਹਿੰਦੂ ਸੰਮੇਲਨ' ਸ਼ੁਰੂ ਕੀਤਾ । ਖੁਦ ਪ੍ਰਧਾਨਗੀ ਕੀਤੀ । ਇਸੇ ਤਰ੍ਹਾਂ ਸਵਾਮੀ ਜੀ ਨੇ ਇਲਾਹਾਬਾਦ, ਲਖਨਊ, ਕਾਨਪੁਰ, ਕਲਕੱਤਾ, ਅਮਰਾਵਤੀ, ਅਲਮੋੜਾ, ਜੈਪੁਰ, ਬੰਬਈ ਅਤੇ ਪੰਜਾਬ ਵਿਚ ਜ਼ਿਲ੍ਹਾ ਪੱਧਰਾਂ 'ਤੇ ਸੈਂਕੜੇ ਸੰਮੇਲਨ ਕੀਤੇ ਅਤੇ ਸਮਾਜਿਕ ਚੇਤਨਾ ਪੈਦਾ ਕੀਤੀ । 1927 'ਚ ਸਵਾਮੀ ਜੀ ਨੇ ਕਾਨਪੁਰ ਵਿਚੋਂ ਅਛੂਤ ਮੰਚ ਤਿਆਰ ਕੀਤਾ । ਤੇ ਕਿਹਾ ਕਿ ਅਛੂਤਾਂ ਨੂੰ ਵੀ ਹਿੰਦੂਆਂ ਅਤੇ ਮੁਸਲਮਾਨਾਂ ਦੇ ਬਰਾਬਰ ਅਜ਼ਾਦੀ ਮਿਲਣੀ ਚਾਹੀਦੀ ਹੈ । ਜਿਸ ਦਾ ਅਸਲੀ ਹੱਕਦਾਰ ਅਛੂਤ ਹੈ । ਜੋ ਸਾਰੇ ਦੇਸ਼ ਦੀ ਧਨ ਦੌਲਤ ਪੈਦਾ ਕਰਦਾ ਹੈ, ਪਰ ਖੁਦ ਅਪਮਾਨਤ ਗੁਲਾਮ ਅਤੇ ਭੁੱਖਾ ਰਹਿੰਦਾ ਹੈ । ਸਵਰਨਾਂ ਨੇ ਉਨ੍ਹਾਂ ਨੂੰ ਗੁਲਾਮੀ ਦੀਆਂ ਬੇੜੀਆਂ ਪਾ ਰੱਖੀਆਂ ਹਨ ।

ਸਵਾਮੀ ਜੀ ਨੇ ਅੰਗਰੇਜ਼ੀ ਸ਼ਾਸਕਾਂ (ਜੋ ਸਵਰਨਾਂ ਦੇ ਹੀ ਹੱਕੀ ਸਨ) ਅਤੇ ਸਨਾਤਨ ਧਰਮੀ ਹਿੰਦੂਆਂ ਦਾ ਡੱਟਕੇ ਵਿਰੋਧ ਕੀਤਾ ਅਤੇ ਉਹ ਕਾਂਗਰਸ ਤੋਂ ਵੀ ਬੇਮੁਖ ਹੋ ਗਏ। 1928 ਈ. ਵਿਚ ਸਵਾਮੀ ਜੀ ਦੀ ਆਦਿ ਹਿੰਦੂ ਸੰਮੇਲਨ ਬੰਬਈ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਨਾਲ ਪਹਿਲੀ ਮੁਲਾਕਾਤ ਹੋਈ। ਦੋ ਦੋਹਾਂ ਨੇ ਮਿਲਕੇ ਅਛੂਤਾਂ ਦੀ ਅਜ਼ਾਦੀ ਦੇ ਸੰਗਰਾਮ ਨੂੰ ਅੱਗੇ ਵਧਾਉਣ ਦਾ ਫੈਸਲਾ ਕੀਤਾ। 1932 ਈ. ਦੇ ਪੂਨਾ ਪੈਕਟ ਸਮਝੌਤੇ ਵਿਚ ਸਵਾਮੀ ਜੀ ਦੇ ਵੀ ਬਾਬਾ ਸਾਹਿਬ ਨਾਲ ਦਸਖਤ ਹੋਏ। ਦੋ ਮਹਾਂ ਪੁਰਸ਼ਾਂ ਦੇ ਸੁਮੇਲ ਤੋਂ ਸਵਰਨ ਹੋਰ ਵੀ ਘਬਰਾ ਗਏ ਸਨ। ਸਿੱਟੇ ਵਜੋਂ ਮਹਾਤਮਾ ਗਾਂਧੀ ਦੇ ਪੁੱਤਰ ਦੇਵੀ ਦਾਸ ਗਾਂਧੀ ਨੇ, ਸਵਾਮੀ ਜੀ ਨੂੰ ਇਕ ਘਰ ਵਿਚ ਬੁਲਾਵਾ ਭੇਜਿਆ ਤੇ ਕਿਹਾ ਕਿ ਉਹ ਅਛੂਤ ਅੰਦੋਲਨ ਬੰਦ ਕਰ ਦੇਣ। ਕਾਂਗਰਸ ਦਾ ਵਿਰੋਧ ਵੀ ਠੀਕ ਨਹੀਂ। ਇਸ ਕੰਮ ਲਈ ਉਨ੍ਹਾਂ ਹਿੰਦੂਆਂ ਨੇ ਸਵਾਮੀ ਜੀ ਨੂੰ ਕਈ ਲਾਲਚ ਦਿਖਾਏ।

ਸਵਾਮੀ ਜੀ ਕ੍ਰੋਧ ਨਾਲ ਉੱਠੇ ਜੇਬ 'ਚੋ ਰੋਟੀ ਦਾ ਇਕ ਟੁੱਕੜਾ ਕੱਢਿਆ ਤੇ ਕਿਹਾ, "ਅਛੂਤਾਂ ਦੇ ਖੂਨ ਪਸੀਨੇ ਨਾਲ ਕਮਾਏ ਆਟੇ ਦੀ ਰੋਟੀ ਦਾ ਟੁਕੜਾ ਹੀ ਉਸ ਲਈ ਛੱਤੀ ਪ੍ਰਕਾਰ ਦੇ ਭੋਜਨਾਂ ਦੇ ਬਰਾਬਰ ਹੈ। ਤੇ ਮੈਂ ਇਸੇ ਵਿਚ ਖੁਸ਼ ਹਾਂ।" ਇਹ ਉੱਤਰ ਸੁਣ ਕੇ ਗਾਂਧੀ ਪੁੱਤਰ ਚੌਂਕ ਪਿਆ ਤੇ ਉਸ ਨੇ 'ਕੂੜਾ ਨੰਦ' ਨੰ ਦੀ ਕਿਤਾਬ ਛਪਾ ਕੇ ਲੋਕਾਂ 'ਚ ਵੰਡ ਕੇ ਵਿਰੋਧ ਸ਼ੁਰੂ ਕਰ ਦਿੱਤਾ। 1933 ਈ. ਵਿਚ ਸਵਾਮੀ ਜੀ ਬੀਮਾਰ ਪੈ ਗਏ। ਕਾਫੀ ਸਮਾਂ ਬੀਮਾਰ ਰਹਿਣ ਉਪਰੰਤ ਸਵਾਮੀ ਜੀ 20 ਜੁਲਾਈ 1933 ਈ. ਨੂੰ ਕਾਨਪੁਰ ਦੇ ਬੇਨਝਾਵਰ ਮੁਹੱਲੇ ਦੇ ਅਛੂਤਾਂ ਵਿਚਕਾਰ ਆਪਣਾ ਸੁਪਨਾ ਅਧੂਰਾ ਛੱਡ ਕੇ ਆਪਣਾ ਜੀਵਨ ਸਫਰ ਪੂਰਾ ਕਰ ਗਏ। ਜਿਸ ਨੂੰ ਪੂਰਾ ਕਰਨ ਲਈ ਅੱਜ ਸਾਹਿਬ ਕਾਂਸ਼ੀ ਰਾਮ ਜੀ ਸੰਘਰਸ਼ ਕਰ ਰਹੇ ਹਨ।

ਆਦਿ ਆਂਧਰਾ ਲਹਿਰ ਦੇ ਬਾਨੀ ਭਾਗ-ਰੈਡੀ ਵਰਮਾ

ਇਹ ਲਹਿਰ ਜੋ ਆਂਧਰਾ ਪ੍ਰਦੇਸ਼ ਦੇ ਇਲਾਕਿਆਂ ਵਿਚ ਚੱਲੀ, ਸਮਾਜਿਕ ਪਰਵਰਤਨ ਦੀ ਲੜੀ ਦੀ ਇਕ ਨਰੋਈ ਕੜੀ ਹੈ। ਜਿਸ ਨੂੰ ਭਾਰਤੀ ਮਨੂੰਵਾਦੀ ਸਾਹਿਤਕਾਰਾਂ, ਲੇਖਕਾਂ ਇਤਿਹਾਸਕਾਰਾਂ ਤੇ ਢੋਂਗੀ ਬੁੱਧੀਜੀਵੀਆਂ ਨੇ ਲੋਕਾਂ ਸਾਹਮਣੇ ਨਹੀਂ ਆਉਣ ਦਿੱਤਾ। ਜਿਸ ਦੀ ਕੁਝ ਪ੍ਰਾਪਤ ਜਾਣਕਾਰੀ ਦੇਣਾ ਅਸੀਂ ਆਪਣਾ ਫਰਜ਼ ਸਮਝਦੇ ਹਾਂ। ਤੇ ਬਹੁਜਨ ਸਮਾਜ ਦੀ ਜ਼ਰੂਰਤ ਸਮਝਦੇ ਹਾਂ। ਇਸ ਲਹਿਰ ਦਾ ਸਮਾਂ ਸ਼ਾਹੂ ਛਤਰਪਤੀ ਮਹਾਰਾਜਾ ਕੋਹਲਾਪੁਰ ਦੇ ਸੰਘਰਸ਼ ਦਾ ਸਮਕਾਲੀ ਹੈ। ਜਿਸ ਦੇ ਬਾਨੀ ਭਾਗ ਰੈਡੀ ਵਰਗਾ ਸੀ। ਜਿਨ੍ਹਾਂ ਨੇ 1917 ਈ. ਵਿਚ ਹਿੰਦੂ ਮੂਵਮੈਂਟ ਸ਼ੁਰੂ ਕੀਤੀ। ਇਸ ਅੰਦੋਲਨ ਦੀ ਸ਼ੁਰੂਆਤ 1986 ਈ. ਵਿਚ ਇਕ ਸੁਤੰਤਰ ਸੰਗਠਨ 'ਮਨਾਯਾ ਸੰਗਮ' ਅਤੇ ਆਦਿ ਹਿੰਦੂ ਸ਼ੋਸਲ ਸਰਵਿਸ ਲੀਗ ਨਾਲ ਹੋਈ। ਇਹ ਮੰਨਦਿਆਂ ਹੋਇਆ ਕਿ ਅਛੂਤ ਲੋਕ ਇਸ ਦੇਸ਼ ਦੇ ਮੂਲ ਨਿਵਾਸੀ ਲੋਕ ਹਨ। ਇਸ ਦੇ ਅਸਲੀ ਮਾਲਕ ਹਨ। ਹਿੰਦੂ ਲੋਕ ਭਾਵ ਆਰੀਆ ਲੋਕ ਮੱਧ ਏਸ਼ੀਆ ਤੋਂ ਆ ਕੇ ਏਥੇ ਕਾਬਜ ਹੋਏ।

ਭਾਗ ਰੈਡੀ ਨੇ ਸਮਾਜ ਦੀਆਂ ਜੋ ਲੜਕੀਆਂ ਬ੍ਰਾਹਮਣਾਂ ਦੇ ਕਹੇ ਦੇਵਤਿਆਂ ਨੂੰ ਭੇਂਟ ਕਰਕੇ, ਦੇਵਦਾਸੀਆਂ ਬਣਾਈਆਂ ਜਾਂਦੀਆਂ ਸਨ, ਜਿਨ੍ਹਾਂ ਨੂੰ ਮੁਰਲੀ ਤੇ ਜੋਗਨਾਂ ਵੀ ਕਿਹਾ ਜਾਂਦਾ ਸੀ (ਅੱਜ ਵੀ ਇਹ ਪ੍ਰਥਾ ਜਾਰੀ ਹੈ) ਨੂੰ ਰੋਕਣ ਲਈ ਜ਼ੋਰਦਾਰ ਸੰਘਰਸ਼ ਸ਼ੁਰੂ ਕੀਤਾ। 1906 ਈ. ਤੋਂ ਲੈ ਕੇ 1931 ਈ. ਤੱਕ ਧਾਰਮਿਕ, ਸੰਸਕ੍ਰਿਤਕ, ਰਾਜਨੀਤਕ ਅਤੇ ਸਮਾਜਿਕ ਪੱਖਾਂ ਤੋਂ ਲੜਾਈ ਜਾਰੀ ਰੱਖੀ ਗਈ।

ਇਹ ਸੰਸਥਾਵਾਂ ਹੇਠ ਲਿਖੇ ਅਨੁਸਾਰ ਸਥਾਪਤ ਕੀਤੀਆ ਗਈਆਂ।

1906 ਜਗਨ ਮਿੱਤਰ ਮੰਡਲੀ। 1910 ਧਰਮ ਪ੍ਰਚਾਰ ਸਭਾ। 1911 ਮਨਾਯਾ ਸੰਗਮ। 1912 ਸਵਾਸਤੀ ਦਲ ਵਲੰਟੀਅਰ। 1915 ਸੋਘ ਸਸਕਾਰਨਾ ਨਾਟਕ ਮੰਡਲੀ। 1916 ਵਿਸ਼ਵਾਸਾ ਗ੍ਰਿਹ ਪ੍ਰਚਾਰਕ ਸੰਮੇਲਨ। 1918 ਰਾਮ ਮੋਹਨ ਰਾਏ ਲਾਇਬ੍ਰੇਰੀ ਦੀ ਸਥਾਪਨਾ। 1919 ਆਦਿ ਹਿੰਦੂ ਵਿਸ਼ਵਾਸਨਾ ਸੰਮੇਲਨ। 1924 ਜੰਤੂ ਹਿੰਸਾ ਨਿਵਾਰਣ ਸੰਗਮ ਸਥਾਪਨਾ। 1931 ਭਾਗ ਨਗਰ ਪਤਰਿਕਾ ਆਦਿ ਹਿੰਦੂ ਮਾਸਕ।

ਇਸ ਲਹਿਰ ਨਿਜਾਮ ਹੈਦਰਬਾਦ ਦੇ ਸਮੇਂ ਚੱਲੀ। ਜਦੋਂ ਰਾਜਨੀਤਕ ਕੰਮ 'ਤੇ ਪੂਰੀ ਪਾਬੰਦੀ ਸੀ। ਜਿਸ ਕਰਕੇ, ਉਨ੍ਹਾਂ ਨੂੰ ਤਿਲੰਗਨਾ ਦੇ ਬਾਹਰੀ ਭਾਗਾਂ ਤੇ ਉੱਤਰੀ ਭਾਰਤ ਵਿਚ ਜਾ ਕੇ ਕੰਮ ਕਰਨਾ ਪਿਆ। ਉਨ੍ਹਾਂ ਨੂੰ ਸੂਝਵਾਨ ਵਿਅਕਤੀਆਂ ਵੱਲੋਂ ਵੀ ਸਹਿਯੋਗ ਪ੍ਰਾਪਤ ਹੋਇਆ। ਭਾਗ ਰੈਡੀ ਵਰਮਾਂ ਦਾ ਜਨਮ 22 ਮਈ 1888 ਈ. ਨੂੰ ਹੈਦਰਾਬਾਦ ਵਿਖੇ ਹੋਇਆ। ਪਿਤਾ ਦਾ ਨਾਂ ਮਦਾਰੀ ਵੈਂਕਟਈਆ ਅਤੇ ਮਾਤਾ ਦਾ ਨਾਂ ਰੰਗਾਬਾ ਸੀ। ਉਨ੍ਹਾਂ ਦੇ ਗੁਰੂ ਦਾ ਨਾਂ ਕੌਟੁੰਬਕ ਸੀ। ਜੋ ਮੰਨਦੇ ਸਨ ਕਿ ਅਛੂਤ ਭਾਰਤ ਦੇ ਮੂਲ ਨਿਵਾਸੀ ਹਨ। ਉਨ੍ਹਾਂ ਨੇ ਭਾਗ

ਦਾ ਨਾਮ ਭਾਗ ਰੈਡੀ ਰੱਖ ਦਿੱਤਾ। ਜਿਸ ਅੰਦਰ ਸ਼ਾਸਕ ਬਣਨ ਦੀ ਲੋਚਾ ਲੁਕੀ ਹੋਈ ਸੀ। ਕਿਉਂਕਿ ਰੈਡੀ ਰੇਡ ਸ਼ਬਦ ਤੋਂ ਬਣਿਆ ਹੈ ਜਿਸ ਦਾ ਅਰਥ ਹਾਕਮ ਹੈ। ਪੜ੍ਹ-ਲਿਖਕੇ ਭਾਗ ਰੈਡੀ ਨੇ ਬਿਜਲੀ ਵਿਭਾਗ ਵਿਚ ਨੌਕਰੀ ਕੀਤੀ। ਜਦੋਂ ਉਹ ਬਾਲਕ ਸੀ ਤਾਂ ਪਿਤਾ ਦੀ ਮੌਤ ਹੋ ਗਈ। ਮੁਸੀਬਤਾਂ ਨੇ ਪਰਵਾਰ ਨੂੰ ਘੇਰ ਲਿਆ। ਤਾਂ ਭਾਗ ਰੈਡੀ ਘਰੋਂ ਨਿਕਲ ਗਿਆ। ਉਸ ਦਾ ਮੇਲ ਫਰਾਂਸੀਸੀ ਜੇਵੀਅਰ ਡਾਂਸ ਨਾਲ ਹੋ ਗਿਆ। ਜਿਸ ਨੇ ਉਸ ਨੂੰ ਘਰ ਵਿਚ ਰੱਖ ਕੇ ਪੜ੍ਹਾਈ ਦੇ ਮੌਕੇ ਦਿੱਤੇ। 1912 ਈ. ਤੱਕ ਉਸ ਦੇ ਹੀ ਘਰ ਰਹੇ ਤੇ ਉਸ ਬੈਰਿਸਟਰ ਨੂੰ ਉਹ ਆਪਣਾ ਧਰਮ ਪਿਤਾ ਮੰਨ ਕੇ ਉਸ ਦੀ ਸੇਵਾ ਕਰਦੇ ਰਹੇ। ਫਿਰ ਜਦੋਂ ਉਹ ਨੌਕਰੀ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਸਮਾਜਿਕ ਕੰਮ ਲਈ ਵਕਤ ਨਹੀਂ ਸੀ ਮਿਲਦਾ ਤਾਂ ਉਨ੍ਹਾਂ ਨੇ 20 ਮਈ 1920 ਈ. ਨੂੰ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਦੱਖਣੀ ਮਾਨਵਵਾਦੀ ਲੀਗ (Deccan Humanitarian League) ਵਿਚ ਸ਼ਾਮਲ ਹੋ ਗਏ। ਪਰ 1927 ਈ. ਵਿਚ ਇਸ ਸੰਸਥਾ ਨੂੰ ਛੱਡ ਦਿੱਤਾ। ਕਿਉਂਕਿ ਇਹ ਸੰਸਥਾ ਉਸ ਦੀਆਂ ਯੋਜਨਾਵਾਂ ਨੂੰ ਜ਼ਿਆਦਾ ਤਰਜੀਹ ਨਹੀਂ ਦਿੰਦੀ ਸੀ।

ਜਨ ਜਾਗਰਤੀ ਕਾਰਜ ਅਧੀਨ ਉਹ ਕਥਾ ਕਰਦੇ, ਜਨ ਸਭਾਵਾਂ ਬੁਲਾਉਂਦੇ। ਛੋਟੀਆਂ-ਛੋਟੀਆਂ ਪੁਸਤਕਾਂ ਛਪਵਾਉਂਦੇ। ਜਦੋਂ ਉਨ੍ਹਾਂ ਨੇ ਦੇਵ ਦਾਸੀ ਦਾਸੀ ਪਰਥਾ ਵਿਰੁੱਧ ਅਵਾਜ਼ ਉਠਾਈ ਤਾਂ ਤਿਲੰਗਾਨਾਂ ਪ੍ਰਦੇਸ਼ ਵਿਚ ਇਸ ਪ੍ਰਥਾ ਨੂੰ ਕਾਨੂੰਨ ਬੰਦ ਕਰ ਦਿੱਤਾ ਗਿਆ ਅਤੇ ਧਾਰਮਿਕ ਤਿਉਹਾਰਾਂ ਵਿਚ ਔਰਤਾਂ ਦੇ ਸਮੂਹ ਨਾਚ-ਗਾਣਿਆਂ ਉੱਤੇ ਪਾਬੰਦੀ ਲਗਾ ਦਿੱਤੀ ਗਈ। ਦਲਿਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਉਨ੍ਹਾਂ ਨੇ ਆਦੀ ਹਿੰਦੂ ਪੰਚਾਇਤ ਸ਼ਾਖਾਵਾਂ ਦਾ ਨਿਰਮਾਣ ਕੀਤਾ। ਪ੍ਰੰਤੂ ਬ੍ਰਾਹਮਣਵਾਦੀਆਂ ਨੂੰ ਇਹ ਕੰਮ ਚੰਗਾ ਨਾ ਲੱਗਾ। ਉਨ੍ਹਾਂ 'ਤੇ ਸਮਾਨੰਤਰ ਸਰਕਾਰ ਬਣਾਉਣ ਦਾ ਦੋਸ਼ ਘੜਕੇ, ਭਾਗ ਰੈਡੀ ਵਿਰੁੱਧ ਕੋਰਟ ਕੇਸ ਦਾਇਰ ਕਰ ਦਿੱਤਾ।

ਉਹ ਕਹਿੰਦੇ ਸਨ ਕਿ ਅਗਿਆਨਤਾ ਅਤੇ ਅਨਪੜ੍ਹਤਾ ਕਾਰਨ, ਉਨ੍ਹਾਂ ਦਾ ਸਮਾਜ ਗੁਲਾਮ ਅਤੇ ਲਾਚਾਰ ਬਣਿਆ ਹੈ। ਇਸ ਲਈ ਉਨ੍ਹਾਂ ਨੇ ਅਛੂਤਾਂ ਲਈ ਪ੍ਰਾਇਮਰੀ ਸਕੂਲ ਖੋਲ੍ਹਿਆ। ਹੈਦਰਾਬਾਦ ਤੇ ਸਿਕੰਦਰਾਬਾਦ ਵਿਚ ਉਨ੍ਹਾਂ ਨੇ 26 ਸਕੂਲ ਖੋਲ੍ਹੇ। ਜਿਨ੍ਹਾਂ ਨੂੰ ਬਾਅਦ ਵਿਚ ਨਿਜਾਮ ਨੇ ਆਪਣੇ ਕਬਜ਼ੇ ਵਿਚ ਲੈ ਲਿਆ। 1912 ਈ. 'ਚ ਖੋਲ੍ਹੀ ਸਵਾਸਤੀ ਦਲ ਵਲੰਟੀਅਰ ਕਾਰਪਸ ਸੰਸਥਾ, ਬੀਮਾਰੀਆਂ ਆਦਿ ਫੈਲਣ ਸਮੇਂ ਅਛੂਤਾਂ ਦੀ ਸੇਵਾ ਕਰਿਆ ਕਰਦੀ ਸੀ। ਮਦਦ ਕਰਿਆ ਕਰਦੀ ਸੀ।

ਸ਼ੁਰੂ ਵਿਚ ਭਾਗ ਰੈਡੀ ਵਰਮਾ ਇਹ ਸੋਚਦੇ ਸਨ ਕਿ ਬ੍ਰਾਹਮਣੀ ਲੋਕ ਆਪਣੀ ਘ੍ਰਿਣਾਤਮਕ ਬਿਰਤੀ ਤਿਆਗ ਕੇ, ਅਛੂਤਾਂ ਨੂੰ ਬਰਾਬਰੀ ਦਾ ਦਰਜਾ ਦੇਣਗੇ। ਪ੍ਰੰਤੂ ਬਾਅਦ ਵਿਚ ਉਨ੍ਹਾਂ ਨੇ ਮਹਿਸੂਸ ਕਰ ਲਿਆ ਕਿ ਇਹ ਅਸੰਭਵ ਗੱਲ ਹੈ। ਜਾਤਪਾਤੀ ਵਿਤਕਰੇ ਦੀ ਜਕੜ ਬਹੁਤ ਡੂੰਘੀ ਹੈ। ਕਿਉਂਕਿ ਬ੍ਰਾਹਮਣਵਾਦੀ ਲੋਕਾਂ ਨੇ ਇਸ ਕੰਮ ਨੂੰ ਧਾਰਮਿਕ ਮਾਣਤਾ ਦਿੱਤੀ ਹੋਈ ਸੀ। ਉਨ੍ਹਾਂ ਦੀ ਰੁਚੀ ਇਕ ਸਮੇਂ ਆਰੀਆ ਸਮਾਜੀਆਂ ਤੇ ਬ੍ਰਹਮੋ ਸਮਾਜੀਆਂ ਵੱਲ ਵੀ ਹੋਈ ਪ੍ਰੰਤੂ ਛੇਤੀ ਹੀ ਉਨ੍ਹਾਂ ਨੇ ਜਾਣ ਲਿਆ ਕਿ ਇਹ ਆਰੀਆ ਸਮਾਜੀ ਤੇ ਬ੍ਰਹਮੋ ਸਮਾਜੀ ਅਸਲ ਰੂਪ ਵਿਚ ਮੁਖੌਟੇ ਹੇਠ ਬ੍ਰਾਹਮਣਵਾਦੀ ਹੀ ਹਨ। ਫੇਰ ਉਸ ਮਹਾਨ ਬੁੱਧ ਦੇ ਫਲਸਫੇ ਵੱਲ ਖਿੱਚੇ ਗਏ ਤੇ ਉਹ ਲੰਬੇ ਸਮੇਂ ਤੱਕ ਬੁੱਧ ਮਤ ਤੋਂ ਮਾਰਗ ਦਰਸ਼ਨ ਲੈ ਕੇ ਅੱਗੇ ਵਧਦੇ ਰਹੇ। ਉਹ ਮੂਰਤੀ ਪੂਜਾ ਅਤੇ ਮਹਾਤਮਾ ਪੂਜਾ ਦੇ ਨਾਲ-ਨਾਲ ਵੇਦਾਂ ਸ਼ਾਸਤਰਾਂ ਪ੍ਰਤੀ ਅੰਨ੍ਹੀ ਸ਼ਰਧਾ ਦੇ ਵਿਰੋਧੀ ਸਨ। ਤੇ ਮੰਨਦੇ ਸਨ ਕਿ ਇਹ ਸਭ ਬ੍ਰਾਹਮਣਵਾਦੀਆਂ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੇ ਰਾਹ ਹਨ। ਇਸੇ ਲਈ ਉਨ੍ਹਾਂ ਨੇ ਮਹਾਨ ਬੁੱਧ ਵਾਲਾ ਰਾਹ ਅਪਨਾਇਆ। ਉਨ੍ਹਾਂ ਨੇ ਵਿਗਿਆਨਕ ਦ੍ਰਿਸ਼ਟੀ ਕੋਣ ਤੇ ਤਰਕ ਬੁੱਧੀ 'ਤੇ ਅਧਾਰਤ ਮਾਰਗ ਅਪਨਾਇਆ। 4,5 ਅਤੇ 6 ਨਵੰਬਰ 1917 ਈ. ਨੂੰ ਭਾਗ ਰੈਡੀ ਵਰਮਾ ਦੀ ਪ੍ਰਧਾਨਗੀ ਹੇਠ ਵਿਜੇਵਾੜਾ ਵਿਚ ਆਦੀ ਆਂਧਰਾ ਕਾਨਫਰੰਸ ਹੋਈ। ਜਿਸ ਨਾਲ ਉਨ੍ਹਾਂ ਦਾ ਰਾਜਨੀਤਕ ਕਾਰਜ ਸ਼ੁਰੂ ਹੋਇਆ, ਜਦੋਂ ਉਨ੍ਹਾਂ ਨੇ ਦਲਿਤ ਲੋਕਾਂ ਦੇ ਦੁੱਖ ਦੁਨੀਆ ਦੇ ਸਾਹਮਣੇ ਰੱਖੇ। ਜਿਸ ਮੰਤਵ ਲਈ ਉਨ੍ਹਾਂ ਨੇ ਬਾਕੀ ਦੇਸ਼ ਅੰਦਰ ਵੀ ਘੁੰਮਣਾ ਸ਼ੁਰੂ ਕੀਤਾ। ਉਨ੍ਹਾਂ ਨੇ ਉੱਤਰ ਪ੍ਰਦੇਸ਼, ਕਲਕੱਤਾ, ਬੰਗਾਲ, ਕਰਨਾਟਕ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਆਦਿ ਪ੍ਰਦੇਸ਼ਾਂ ਦਾ ਦੌਰਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਦਲਿਤ ਲੋਕਾਂ ਨੂੰ ਜਗਾਉਣ ਲਈ ਹਰ ਤਰਫ ਜਾਣ ਦਾ ਸੰਘਰਸ਼ ਜਾਰੀ ਰੱਖਿਆ।

ਦਿੱਲੀ ਅਲਾਹਾਬਾਦ, ਲਖਨਊ ਅਤੇ ਨਾਗਪੁਰ ਵਿਚ ਵੀ ਇਹ ਪ੍ਰੋਗਰਾਮ ਸ਼ੁਰੂ ਹੋ ਗਏ। 1931 ਈ. ਵਿਚ 27-28 ਸਤੰਬਰ ਨੂੰ ਆਲ ਇੰਡੀਆ ਆਦੀ ਹਿੰਦੂ ਮੂਵਮੈਂਟ (ਲਹਿਰ) ਦੇ ਪ੍ਰਸੰਗ ਵਿਚ ਇਕ ਵਿਸ਼ੇਸ਼ ਰਾਜਨੀਤਕ ਸੰਮੇਲਨ, ਭਾਗ ਰੈਡੀ ਵਰਮਾ ਦੀ ਅਗਵਾਈ ਵਿਚ ਹੋਇਆ। ਜਿਸ ਵਿਚ ਸਾਰੇ ਭਾਰਤ ਦੇ ਪ੍ਰਤੀਨਿਧਾਂ ਨੇ ਹਿੱਸਾ

ਲਿਆ। ਇਸ ਕਾਨਫਰੰਸ ਵਿਚ ਸਭ ਤੋਂ ਮਹੱਤਵਪੂਰਨ ਮਤਾ ਪਾਸ ਕੀਤਾ ਗਿਆ ਕਿ ਬਾਬਾ ਸਾਹਿਬ ਅੰਬੇਡਕਰ ਹੀ ਸੱਤ ਕਰੋੜ ਅਛੂਤਾਂ ਦੇ ਅਸਲੀ ਪ੍ਰਤੀਨਿਧ ਦੀ ਹੈਸੀਅਤ ਵਿਚ, ਲੰਦਨ ਗੋਲ ਮੇਜ਼ ਕਾਨਫਰੰਸ ਅੰਦਰ ਪ੍ਰਤੀਨਿਧਤਾ ਕਰਨਗੇ ਅਤੇ ਇਸੇ ਕਾਨਫਰੰਸ ਵਿਚ ਵੱਖਰੇ ਚੋਣ ਖੇਤਰ ਦਾ ਮਤਾ ਪਾਸ ਕਰਕੇ ਲੰਦਨ ਭੇਜਿਆ ਗਿਆ। 1917 ਈ. ਵਿਚ ਇਕ ਅੰਗਰੇਜ਼ੀ ਮਾਸਕ ਪਤਰ੍ਰਕਾ ਦੀ ਪੰਚਮਾ ਦਾ ਹੈਦਰਾਬਾਦ ਤੋਂ ਪ੍ਰਕਾਸ਼ਨ ਆਰੰਭ ਕੀਤਾ ਗਿਆ। ਇਸੇ ਤਰ੍ਹਾਂ ਭਾਗ ਰੈਡੀ ਵਰਮਾ ਦੀ ਸੰਪਾਦ ਨਾ ਅਧੀਨ ਭਾਗ ਨਗਰ ਪਤ੍ਰਕਾ ਹੈਦਰਾਬਾਦ ਤੋਂ ਸ਼ੁਰੂ ਕੀਤੀ ਗਈ। ਦਿਨ-ਰਾਤ, ਸਮਾਜਿਕ ਕੰਮ ਵਿਚ ਜੁਟੇ ਰਹਿਣ ਕਾਰਨ ਉਨ੍ਹਾਂ ਦੀ ਸਿਹਤ ਨੇ ਦਿਨ ਡਿੱਗਣ ਲੱਗ ਪਈ ਸੀ। ਕਾਫੀ ਯਤਨ ਕਰਨ ਦੇ ਬਾਵਜੂਦ 18 ਫਰਵਰੀ 1939 ਈ. ਨੂੰ ਭਾਗ ਰੈਡੀ ਵਰਮਾ ਆਪਣਾ ਸੁਪਨਾ ਅਧੂਰਾ ਛੱਡ ਕੇ ਹਮੇਸ਼ਾ ਲਈ ਸਮਾਜ ਤੋਂ ਵਿਛੜ ਗਏ। ਉਨ੍ਹਾਂ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਬਹੁਜਨ ਸਮਾਜ ਦੇ ਦੁੱਖਾਂ ਦਾ ਹੱਲ ਲੱਭਣ ਦੀ ਯਾਤਰਾ ਲਗਾਤਾਰ ਜਾਰੀ ਰੱਖੇ।

ਮਾਰਗ ਦਰਸ਼ਕ ਸਵਾਮੀ ਆਤਮਾ ਨੰਦ (ਧਾਨਕ)

(ਬ.ਸ. ਅਕਤੂਬਰ, ਨਵੰਬਰ 1992 ਮਨੋਹਰ ਅਟੇ ਦੀ ਰਚਨਾ 'ਤੇ ਅਧਾਰਤ)

ਜਦੋਂ ਭਾਰਤ ਅੰਦਰ ਅਜੇ ਕਾਂਗਰਸ (1885) ਹੋਂਦ ਵਿਚ ਨਹੀਂ ਸੀ ਆਈ, ਅੰਗਰੇਜ਼ੀ ਰਾਜ ਪੂਰਾ ਭਾਰਤ ਅੰਦਰ ਪੈਰ ਪਸਾਰ ਚੁੱਕਾ ਸੀ, ਬ੍ਰਾਹਮਣੀ ਸ਼ਕਤੀਆਂ, ਸਿੱਧਾ ਮਨਮਾਨੀਆਂ ਕਰਨ ਦੇ ਕਾਬਲ ਨਹੀਂ ਸੀ ਰਹੀਆਂ, ਤਾਂ ਲੱਗਪਗ ਪੂਰੇ ਭਾਰਤ ਅੰਦਰ, ਬ੍ਰਾਹਮਣੀ ਪ੍ਰਬੰਧ ਵਿਰੁੱਧ ਅਨੇਕ ਲਹਿਰਾਂ ਉੱਠ ਖੜੋਤੀਆਂ ਸਨ। ਜਿਨ੍ਹਾਂ ਦਾ ਸਿੱਧਾ ਹਮਲਾ ਮਨੂੰਵਾਦੀ ਜਾਤੀ ਪ੍ਰਬੰਧ, ਸਵਰਨਾਂ ਦੇ ਜ਼ੁਲਮ ਅਤੇ ਜ਼ਿਆਦਤੀਆਂ ਜਾਤੀ ਅਪਮਾਨ, ਛੂਤਛਾਤ ਉੱਪਰ ਹੀ ਹੋਇਆ। ਕਿਉਂਕਿ ਸਵਰਨ ਜਾਤੀਆਂ ਬਹੁਗਿਣਤੀ ਅੰਗਰੇਜ਼ੀ ਸਾਮਰਾਜ ਦੀਆਂ ਨੀਹਾਂ ਸਨ। ਹਿੰਦੂ ਆਗੂ ਵੱਡੀ ਗਿਣਤੀ ਵਿਚ ਅੰਗਰੇਜ਼ ਪੱਖੀ ਸਨ। ਸਾਡੇ ਪਾਸ ਹਰ ਹਿੰਦੂ ਆਗੂ ਬਾਰੇ ਢੇਰ ਜਾਣਕਾਰੀ ਪ੍ਰਾਪਤ ਹੈ ਜੋ ਸਾਬਤ ਕਰਦੀ ਹੈ ਕਿ ਉਹ ਅੰਗਰੇਜ਼ੀ ਹਕੂਮਤ ਨਾਲ ਘਿਉ ਖਿਚੜੀ ਸਨ। ਇਸ ਦੀ ਸਭ ਤੋਂ ਵੱਡੀ ਉਦਾਹਰਣ ਰਾਵਿੰਦਰ ਨਾਥ ਟੈਗੋਰ (ਬੰਗਾਲੀ ਬ੍ਰਾਹਮਣ) ਦਾ ਗੀਤ 'ਜਗ ਗਨ ਮਨ' ਹੈ। ਇਹ ਜਾਰਜ ਪੰਜਵੇਂ ਦੀ ਉਸਤਤ ਵਿਚ ਗਾਈ ਇਕ ਵੱਡੀ ਕਵਿਤਾ ਦਾ ਭਾਗ ਹੈ। ਅਸਲੀ ਵੱਖਰੇ ਲੇਖਾਂ ਰਾਹੀਂ ਜਾਣਕਾਰੀ ਦਿਆਂਗੇ ਕਿ ਹਿੰਦੂ ਸਵਰਨ ਲੀਡਰ ਉਨੀਵੀਂ ਸਦੀ ਵਿਚ ਕਿਸ ਹੱਦ ਤੱਕ ਇਹ ਕਹਿੰਦੇ ਸਨ ਕਿ ਮਹਾਰਾਣੀ ਵਿਕਟੋਰੀਆ ਤੇਰਾ ਰਾਜ ਸਦਾ ਚਲਦਾ ਰਹੇ। 1857 ਈ. ਦੀ ਬਗਾਵਤ ਵਿਚ ਬੇਸ਼ੱਕ ਆਜ਼ਾਦੀ ਦੀ ਭਿਣਕ ਪੈਂਦੀ ਹੈ ਪਰੰਤੂ ਇਹ ਮੁੱਖ ਰੂਪ ਵਿਚ ਉਨ੍ਹਾਂ ਰਾਜਿਆਂ ਰਾਣੀਆਂ ਦੀ ਜੰਗ ਸੀ, ਜਿਨ੍ਹਾਂ ਤੋਂ ਅੰਗਰੇਜ਼ੀ ਹਕੂਮਤ ਨੇ ਬਹੁਤ ਹੱਕ ਖੋਹ ਲਏ ਸਨ। ਖੈਰ ਸਾਡਾ ਕਹਿਣ ਤੋਂ ਭਾਵ ਹੈ ਕਿ ਉਸ ਸਮੇਂ ਜਿਹੜੀ ਜਨਤਕ ਆਜ਼ਾਦੀ ਦੀ ਜੰਗ ਲੜੀ ਜਾ ਰਹੀ ਸੀ, ਉਹ ਪ੍ਰਥਮ ਰੂਪ ਵਿਚ, ਵਿਦੇਸ਼ੀ ਰਾਜ ਦੇ ਅਧੀਨ ਬ੍ਰਾਹਮਣਵਾਦੀ ਪ੍ਰਬੰਧ ਤੋਂ ਮੁਕਤੀ ਦੀ ਜੰਗ ਸੀ। ਸਮਤਾ ਸਮਾਨਤਾ ਭਾਈਚਾਰਾ ਅਤੇ ਅਜ਼ਾਦੀ ਦੀ ਜੰਗ ਸੀ, ਜਿਹੜੀ ਚਾਰਾਂ ਕੋਨਿਆਂ ਤੋਂ ਹੀ ਮਹਾਂਪੁਰਸ਼ਾਂ ਨੇ ਛੇੜ ਰੱਖੀ ਸੀ। ਜਿਸ ਨੂੰ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਉਹ ਸਵਰਨਾਂ ਦੀ ਵਰਣ ਵਿਵਸਥਾ, ਜਾਤਪਾਤ, ਊਚਨੀਚ, ਅਪਮਾਨ, ਲੁੱਟ ਖੋਹ, ਬਦਸਲੂਕੀ ਤੋਂ ਹੱਦ ਦਰਜੇ ਤੱਕ ਤੰਗ ਸਨ। ਭਾਵੇਂ ਇਹ ਸਥਿਤੀ ਅੱਜ ਵੀ ਉਸੇ ਤਰ੍ਹਾਂ ਦੀ ਹੈ। ਪਰ ਅੰਗਰੇਜ਼ੀ ਰਾਜ ਅਧੀਨ ਮਜ਼ਲੂਮ ਲੋਕਾਂ ਦੇ ਸਿਆਣੇ ਬੰਦਿਆਂ ਨੂੰ ਸਵਰਨ ਸ਼ਾਹੀ ਵਿਰੁੱਧ ਸੰਘਰਸ਼ ਕਰਨ ਦਾ ਮੋਕਲਾ ਜਿਹਾ ਮੌਕਾ ਮਿਲਿਆ। ਤਾਂ ਉਹ ਚਾਰੇ ਕੋਨੀਆਂ ਤੋਂ ਹੀ ਉੱਠਣ ਦਾ ਚਾਰਾ ਕਰਦੇ ਰਹੇ। ਸਾਨੂੰ ਜੋਤੀਬਾ ਫੂਲੇ ਦੀ ਘਾਲਣਾ ਸਦਕਾ ਪ੍ਰਾਇਮਰੀ ਪੜ੍ਹੀ ਇਕ ਅਛੂਤ ਕੁੜੀ ਦੀ ਉਹ ਕਵਿਤਾ ਦਾ ਭਾਵ ਏਥੇ ਦੁਹਰਾਉਣਾ ਚਾਹੀਦਾ ਹੈ। ਜਿਸ ਵਿਚ ਉਸਨੇ ਕਿਹਾ ਸੀ ਕਿ ਮੈਂ ਖੁਸ਼ ਹਾਂ ਕਿ ਮੈਨੂੰ ਅੰਗਰੇਜ਼ੀ ਜਾਂ ਮਰਾਠੀ ਪੜ੍ਹਨ ਦਾ ਮੌਕਾ ਮਿਲਿਆ। ਮੈਂ ਖੁਸ਼ ਹਾਂ ਕਿ ਮੈਂ ਕੱਪੜੇ ਪਹਿਨ ਸਕੀ ਹਾਂ। ਮੈਂ ਖੁਸ਼ ਹਾਂ ਕਿ ਹੁਣ ਘੁੰਮਣ ਲਈ ਕੁਝ ਅਜ਼ਾਦ ਹਾਂ। ਮੈਨੂੰ ਬੋਲਣ ਦੀ ਖੁੱਲ੍ਹ ਮਿਲੀ ਹੈ। ਪੜ੍ਹਨ ਦੀ ਖੁੱਲ੍ਹ ਮਿਲੀ ਹੈ, ਆਦਿ। ਇਹ ਸਾਰੀਆਂ ਲਹਿਰਾਂ ਜੋ ਸਮਾਜਿਕ ਪਰਵਰਤਨ ਵਜੋਂ ਉੱਠੀਆਂ, ਜਿਨ੍ਹਾਂ ਤੋਂ ਭੈਅ-ਭੀਤ ਹੋ ਕੇ ਸਾਡੀ ਸਮਝੇ, 1885 ਈ. ਵਿਚ ਕਾਂਗਰਸ ਦੀ ਸਥਾਪਨਾ ਕੀਤੀ ਗਈ, ਜਿਹੜੀ ਪੜ੍ਹੇ-ਲਿਖੇ ਬ੍ਰਾਹਮਣਾਂ ਦਾ ਸੰਗਠਨ ਸੀ। ਕਿਉਂਕਿ 1885 ਈ. ਦੇ ਆਸ-ਪਾਸ ਦੇ ਸਮੇਂ ਵਿਚ ਅਛੂਤ ਤੇ ਪਛੜੇ ਲੋਕਾਂ ਵਿਚੋਂ ਮਹਾਨ ਆਗੂ ਉੱਠ ਕੇ ਸਵਰਨ ਸ਼ਾਹੀ ਵਿਰੁੱਧ ਸੰਘਰਸ਼ ਦੀ ਅੱਗ ਨੂੰ ਤੇਜ਼ ਕਰਨ ਲੱਗ ਪਏ ਸਨ। ਸੰਭਵ ਸੀ ਕਿ ਇਹ ਜਵਾਲਾ ਪੂਰੇ ਦੇਸ਼ ਅੰਦਰ ਉੱਠ ਖੜਦੀ। ਜਿਸ ਨਾਲ ਅੰਗਰੇਜ਼ੀ ਹਕੂਮਤ ਨੇ ਤਾਂ ਖਤਮ ਹੋਣਾ ਹੀ ਸੀ, ਸਵਰਨ ਸ਼ਾਹੀ ਦਾ ਵੀ ਭੋਗ ਪੈ ਜਾਣਾ

ਸੀ । ਇਹੀ ਕਾਰਨ ਜਾਪਦਾ ਹੈ ਕਾਂਗਰਸ ਖੜੀ ਕਰਨ ਦਾ ਜਿਸ ਦਾ ਸਿਰਜਕ ਇਕ ਅੰਗਰੇਜ਼ ਦੱਸਿਆ ਜਾਂਦਾ ਹੈ, ਪ੍ਰੰਤੂ ਕਾਰਕੁੰਨ ਪੜ੍ਹੇ-ਲਿਖੇ ਬ੍ਰਾਹਮਣ ਸਨ । ਮਨੋਰਥ ਇਸ ਤੋਂ ਬਿਨਾਂ ਹੋਰ ਕੀ ਹੋ ਸਕਦਾ ਹੈ ਕਿ ਜਨਤਕ ਬਗਾਵਤ ਨੂੰ ਮਨੁੱਖੀ ਬਰਾਬਰੀ ਦੇ ਅਧਿਕਾਰਾਂ ਦੀ ਥਾਂ, ਦੇਸ਼ ਦੀ ਅਜ਼ਾਦੀ ਵੱਲ ਮੋੜ ਲਿਆ ਜਾਵੇ । ਜੇ ਅੰਗਰੇਜ਼ ਜਾਵੇ ਵੀ ਤਾਂ ਘੱਟੋ-ਘੱਟ ਲੋਕ ਬ੍ਰਾਹਮਣੀ ਰਾਜ ਹੇਠੋਂ ਨਾ ਨਿਕਲਣ ਸਕਣ । ਸੱਚ ਵੀ ਇਹੋ ਹੋਇਆ ਦੇਸ਼ ਅਜ਼ਾਦ ਹੋ ਕੇ ਸਵਰਨ ਹਿੰਦੂ ਹਕੂਮਤ ਦੀ ਝੋਲੀ ਪੈ ਗਿਆ ਤੇ ਸਮਾਜਿਕ ਪਰਵਰਤਨ ਦੀ ਗੱਲ ਵੱਡੀ ਪੱਧਰ 'ਤੇ ਪਿੱਛੇ ਰਹਿ ਗਈ ।

ਅਜਿਹੇ ਮਨੁੱਖਾਂ, ਜਿਨਾਂ ਨੇ ਸਮਾਜਿਕ ਪਰਵਤਨ ਦੀ ਲੜਾਈ ਸ਼ੁਰੂ ਕੀਤੀ, ਸਵਾਮੀ ਆਤਮਾ ਨੰਦ ਵੀ ਉਨ੍ਹਾਂ ਵਿਚੋਂ ਇਕ ਸਨ । ਸਵਾਮੀ ਆਤਮਾ ਨੰਦ ਦਾ ਜਨਮ ਹਰਿਆਣਾ ਜ਼ਿਲ੍ਹਾ ਹਿਸਾਰ, ਤਹਿਸੀਲ ਹਾਂਸੀ ਦੇ ਪਿੰਡ ਭੈਣੀ (ਅਮੀਰ ਪੁਰ) ਵਿਚ ਸ੍ਰੀ ਜੀਤੂ ਰਾਮ ਧਾਨਕ ਦੇ ਘਰ ਹੋਇਆ । ਮਾਤਾ ਦਾ ਨਾਂ ਸ੍ਰੀ ਮਤੀ ਪਾਤੋ ਸੀ । ਜੋ ਆਤਮਾ ਨੰਦ ਨੂੰ ਦਈਆ ਕਿਹਾ ਕਰਦੀ ਸੀ । ਸਵਾਮੀ ਜੀ ਦੇ ਪਿਤਾ ਜੀ ਖੇਤ ਮਜ਼ਦੂਰ ਤੇ ਬਗਾਰੀ ਸਨ ਜੋ ਅਤਿਅੰਤ ਗਰੀਬੀ ਵਿਚ ਆਪਣੇ ਪਰਵਾਰ ਦਾ ਪਾਲਣ ਪੋਸਣ ਕਰਦੇ ਸਨ । ਜ਼ਮੀਨਾਂ ਵੀ ਚੰਗੀਆਂ ਨਹੀਂ ਸਨ । ਪਾਣੀ ਦੀ ਬਹੁਤ ਕਮੀ ਸੀ । ਕਾਲ ਵਰਗੀ ਸਥਿਤੀ ਬਣੀ ਰਹਿੰਦੀ ਸੀ । ਉਸ ਸਮੇਂ ਉਸ ਪਿੰਡ ਵਿਚ ਕੋਈ ਸਕੂਲ ਵੀ ਨਹੀਂ ਸੀ, ਉਂਜ ਵੀ ਕਿਸੇ ਅਛੂਤ ਜਾਂ ਪੱਛੜੀ ਜਾਤੀ ਦੇ ਬੰਦੇ ਨੂੰ ਪੜ੍ਹਨ ਦਾ ਅਧਿਕਾਰ ਨਹੀਂ ਸੀ । ਮਾਤਾ-ਪਿਤਾ ਨੇ ਆਪਣੇ ਇਕ-ਇਕ ਪੁੱਤਰ ਨੂੰ ਉਸਦੀ ਭੂਆ ਪਾਸ ਪਿੰਡ ਚਰੌਣਾ ਭੇਜ ਦਿੱਤਾ ਜਿਥੇ ਉਹ ਇੱਕ ਜਿਮੀਂਦਾਰ ਦੇ ਪਸ਼ੂ ਚਾਰਨ ਲੱਗਾ । ਪਿੰਡ ਵਿਚ ਕੁਝ ਸਿਆਣੇ ਲੋਕ ਇਕੱਠੇ ਬਹਿ ਕੇ ਮਸ਼ਵਰੇ ਕਰਦੇ, ਉਸ ਥਾਂ ਦਾ ਬਾਲਕ ਆਤਮਾ ਨੰਦ ਨੂੰ ਪਤਾ ਲੱਗ ਗਿਆ ਤੇ ਉਹ ਹਰ ਸ਼ਾਮ ਉਨ੍ਹਾਂ ਦੇ ਆਸ-ਪਾਸ ਜਾ ਬੈਠਦਾ । ਇਹ ਗੱਲ ਜਿਮੀਂਦਾਰਾਂ ਨੂੰ ਚੰਗੀ ਨਾ ਲੱਗੀ ਤੇ ਉਨ੍ਹਾਂ ਨੇ ਉਸ ਨੂੰ ਸਭਾ ਦੇ ਕੋਲ ਆਉਣ ਤੋਂ ਰੋਕ ਦਿੱਤਾ । ਪ੍ਰੰਤੂ ਜਦੋਂ ਉਹ ਸਭਾ ਵਿਚ ਜਾਣ 'ਤੇ ਬਜਿਦ ਹੋਏ ਤਾਂ ਇਕ ਜਿਮੀਂਦਾਰ ਨੇ ਉਸ ਨੂੰ ਖੂਬ ਮਾਰਿਆ । ਜਿਸ ਕਾਰਨ ਉਹ ਪਸ਼ੂ ਚਾਰਨਾ ਛੱਡ ਕੇ ਭੂਆ ਦੇ ਪਿੰਡੋਂ ਵਾਪਸ ਭੈਣੀ ਆ ਗਿਆ ।

1914 ਈ. ਦਾ ਯੁੱਧ ਸ਼ੁਰੂ ਹੋ ਗਿਆ । ਅੰਗਰੇਜ਼ਾਂ ਨੂੰ ਫੌਜੀਆਂ ਦੀ ਜ਼ਰੂਰਤ ਸੀ । ਭਰਤੀ ਖੁੱਲ੍ਹੀ ਤਾਂ ਆਤਮਾ ਨੰਦ ਵੀ ਫੌਜ ਵਿਚ ਭਰਤੀ ਹੋ ਗਏ । ਪ੍ਰੰਤੂ ਸੈਨਾ ਵਿਚ ਜਾਤੀ ਭੇਦ ਅਤੇ ਛੂਤਛਾਤ ਨੇ ਉਸਨੂੰ ਇਕ ਤਰ੍ਹਾਂ ਨਾਲ ਮਾਨਸਿਕ ਤਸੀਹੇ ਦਿੱਤੇ । ਦੁਖੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਕਰੜੇ ਦਿਲ ਨਾਲ ਸਬਰ ਤੋਂ ਕੰਮ ਲਿਆ । ਜਦੋਂ ਉਹ ਸੈਨਾ ਵਿਚੋਂ ਫਾਰਗ ਹੋ ਕੇ ਘਰ ਪਰਤੇ ਤਾਂ ਉੱਥੇ ਬ੍ਰਾਹਮਣਾਂ ਅਤੇ ਹੋਰ ਉੱਚੀਆਂ ਜਾਤੀਆਂ ਵੱਲੋਂ ਕੀਤੇ ਗਏ ਅਪਮਾਨ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਝੰਜੋੜ ਦਿੱਤਾ । ਫੌਜ ਵਿਚ ਰਹਿ ਕੇ ਉਹ ਪੜ੍ਹਨਾ ਅਤੇ ਲਿਖਣਾ ਵੀ ਸਿੱਖ ਗਏ ਸਨ ।

ਉਦੋਂ ਕਾਂਗਰਸ ਦੀ ਅਗਵਾਈ ਮਹਾਤਮਾ ਗਾਂਧੀ ਕਰ ਰਹਿਆ ਸੀ ਤੇ ਇਕ ਤਰ੍ਹਾਂ ਨਾਲ ਅੰਗਰੇਜ਼ਾਂ ਪਾਸੋਂ ਦੇਸ਼ਾਂ ਨੂੰ ਅਜ਼ਾਦ ਕਰਵਾਉਣ ਦਾ ਅੰਦੋਲਨ ਚਲ ਰਿਹਾ ਸੀ । ਜਾਤਪਾਤੀ ਅਪਮਾਨ ਦੀ ਅੱਗ ਨੇ ਆਤਮਾ ਨੰਦ ਨੂੰ ਅਜ਼ਾਦੀ ਦੀ ਲੜਾਈ ਵੱਲ ਧੂਹ ਲਿਆ ਤੇ ਉਹ ਆਜ਼ਾਦੀ ਦੇ ਨਾਂ 'ਤੇ ਚੱਲ ਰਹੇ ਅੰਦੋਲਨ ਵਿਚ ਸ਼ਾਮਲ ਹੋ ਗਏ । ਕਿਉਂਕਿ ਉਨ੍ਹਾਂ ਦੇ ਮਨ ਵਿਚ ਇਹ ਗੱਲ ਵੱਸ ਗਈ ਸੀ ਕਿ ਆਜ਼ਾਦੀ ਮਿਲਣ ਤੇ ਉਨ੍ਹਾਂ ਨੂੰ ਰੋਟੀ ਕੱਪੜਾ ਤੇ ਮਕਾਨ ਦੇ ਨਾਲ-ਨਾਲ ਸਨਮਾਨ ਵੀ ਮਿਲ ਜਾਵੇਗਾ । ਇਉਂ ਉਹ ਮਾਤਾ-ਪਿਤਾ, ਘਰ-ਬਾਰ ਪਿੰਡ ਭਾਈਚਾਰ ਸਭ ਕੁਝ ਤਿਆਗ ਕੇ ਆਜ਼ਾਦੀ ਦੀ ਜੰਗ ਵਿਚ ਸ਼ਾਮਲ ਹੋ ਗਏ । ਉਹ ਕਿਸੇ ਚੰਗੇ ਸੰਗਠਨ ਦੀ ਚਾਹਤ ਰੱਖਦੇ ਸਨ, ਜਿਸ ਨਾਲ ਜੁੜਕੇ ਉਹ ਮਾਨਸਿਕ ਤਸਲੀ ਮਹਿਸੂਸ ਕਰਦੇ ਤੇ ਜਿੱਥੇ ਰਹਿੰਦਿਆਂ ਕੰਮ ਕਰਦਿਆਂ ਉਨ੍ਹਾਂ ਨਾਲ ਜਾਤੀ ਨਫਰਤ ਨਾ ਕੀਤੀ ਜਾਵੇ । ਇਸ ਤਲਾਸ਼ ਵਿਚ ਉਹ ਜ਼ਿਲ੍ਹਾ ਕਰਨਾਲ ਦੇ ਵਿਚ ਸਵਾਮੀ ਯੋਗਾ ਨੰਦ ਦੇ ਮੱਠ ਵਿਚ ਗਏ ਜੋ ਆਰੀਆ ਸਮਾਜੀਆਂ ਦਾ ਕੇਂਦਰ ਸੀ ।

(ਜਿੱਥੋਂ ਤੀਕ ਮੈਂ ਇਤਿਹਾਸ ਨੂੰ ਗਹੁ ਨਾਲ ਵੇਖਿਆ ਪਰਖਿਆ ਅਤੇ ਇਸ ਵਿਚਲੀਆਂ ਘਟਨਾਵਾਂ ਦਾ ਲੇਖਾ-ਜੋਖਾ ਕੀਤਾ ਹੈ, ਮੈਂ ਇਸੇ ਨਿਰਨੇ 'ਤੇ ਪਹੁੰਚਿਆ ਹਾਂ ਕਿ ਆਰੀਆ ਸਮਾਜ ਲਹਿਰ, ਭਾਰਤ ਅੰਦਰ ਕਮਿਊਨਿਸਟ ਲਹਿਰ ਵਰਗੀ ਹੀ ਇਕ ਅਜਿਹੀ ਲਹਿਰ ਸੀ, ਜਿਸ ਨੇ ਜਾਤਪਾਤ ਤੇ ਛੂਆਛਾਤ ਦੇ ਖਾਤਮੇ ਦਾ ਆਡੰਬਰ ਰਚ ਕੇ ਵੇਦਾਂ ਦੀ ਪੂਜਾ ਕਰਵਾ ਕੇ ਇਕ ਤਰ੍ਹਾਂ ਨਾਲ ਜਾਤਪਾਤ ਤੇ ਊਚ ਨੀਚ ਦੀ ਜਣਨੀ ਮਾਂ, ਵੇਦ ਬਾਣੀ, ਜਿੱਥੇ ਵਰਣ ਵੰਡ ਨੇ ਜਨਮ ਲਿਆ, ਦੀ ਪੂਜਾ ਕਰਵਾਈ । ਜੋ ਇਕ ਅਜਿਹਾ ਅਰਸਾ ਸੀ ਜਿਹੜਾ

ਅੰਗਰੇਜ਼ੀ ਰਾਜ ਦੌਰਾਨ ਕਿਤੇ-ਕਿਤੇ ਪੱਛੜੀਆਂ ਜਾਤੀਆਂ ਵਿਚੋਂ ਉੱਠ ਰਹੇ ਸਿਆਣੇ ਲੋਕਾਂ ਨੂੰ ਘੇਰ ਕੇ ਰੱਖਣ ਲਈ ਸਿਰਜ਼ਿਆ ਗਿਆ ਸੀ ਤਾਂ ਕਿ ਬਹੁਜਨ ਸਮਾਜ ਜਾਤਪਾਤੀ ਬਣਤਰ ਨੂੰ ਢਾਹਢੇਰੀ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਲਈ ਸੰਗਠਤ ਹੋ ਕੇ ਨਾ ਉਠ ਖੜ੍ਹਾ ਹੋਵੇ। ਉਸੇ ਤਰ੍ਹਾਂ ਜਿਵੇਂ ਵਾਲਮੀਕ ਰਮਾਇਣ ਦੀ ਹਕੀਕਤ ਨੂੰ ਤੁਲਸੀ ਬ੍ਰਾਹਮਣ ਦੀ ਰਮਾਇਣ ਨਾਲ ਸਾਬੋਤਾਜ ਕੀਤਾ ਗਿਆ ਤੇ ਬ੍ਰਾਹਮਣੀ ਕਮਿਊਨਿਜ਼ਮ ਰਾਹੀਂ ਇਨਕਲਾਬ ਨੂੰ, ਸਮਾਜਿਕ ਤੇ ਧਾਰਮਿਕ ਟਕਰਾਅ ਦੀ ਥਾਂ ਆਰਥਿਕ ਟਕਰਾਅ ਦੇ ਸਿਧਾਂਤ ਘੜ ਕੇ ਰੋਕ ਲਿਆ ਗਿਆ। ਕਿਉਂਕਿ ਭਾਰਤੀ ਅਰਥਚਾਰਾ ਹਿੰਦੂ ਧਰਮ 'ਤੇ ਅਤੇ ਹਿੰਦੂ ਧਰਮ ਦੀ ਜਾਤ ਪਾਤੀ ਸਮਾਜਿਕ ਬਣਤਰ 'ਤੇ ਹੀ ਨਿਰਭਰ ਹੈ। ਉਸੇ ਤਰ੍ਹਾਂ ਜਿਵੇਂ ਮਨੂੰਵਾਦ ਬ੍ਰਾਹਮਣਵਾਦ ਉੱਤੇ ਬ੍ਰਾਹਮਣ ਵਾਦ ਵਰਣ ਵੰਡ 'ਤੇ, ਵਰਣ ਵੰਡ ਵੇਦਾਂ 'ਤੇ, ਵੇਦ ਆਰੀਆ ਧਰਮ ਨਿਰਭਰ ਹਨ, ਅਧਾਰਤ ਹਨ। ਇਉਂ ਹਰ ਵਾਰ ਹੀ ਭਾਰਤੀ ਦਬੇ ਕੁਚਲੇ ਪਛੜੇ ਤੇ ਲਤਾੜੇ ਸਮਾਜ ਦੀ ਅਜ਼ਾਦੀ ਦੀ ਜੰਗ ਦੀ ਇੱਛਾ ਨੂੰ ਕਿਸੇ ਦੂਜੀ ਆਜ਼ਾਦੀ ਦੀ ਜੰਗ ਨਾਲ ਘੇਰ ਲਿਆ ਗਿਆ ਜਿਸਦਾ ਲਾਭ ਸਵਰਨ ਜਾਤੀਆਂ ਨੂੰ ਹੀ ਹੁੰਦਾ ਰਿਹਾ। ਇਉਂ ਹੀ ਆਰੀਆ ਸਮਾਜੀ ਲਹਿਰ ਵੀ, ਪਛੜੇ ਵਰਗਾਂ ਦੇ ਕਿਸਾਨਾਂ ਨੂੰ ਪ੍ਰੇਰਨ ਦਾ ਇਕ ਵਧੀਆ ਪੈਂਤੜਾ ਸੀ। ਜਿਸ ਵੱਲ ਹੋਰਨਾਂ ਵਾਂਗ ਸਵਾਮੀ ਆਤਮਾ ਨੰਦ ਵੀ ਝੁਕ ਗਏ। ਕਰਨਾਲ ਦੇ ਆਰੀਆ ਸਮਾਜੀ ਮੱਠ ਵਿਚ, ਆਤਮਾ ਰਾਮ ਨੂੰ ਥਾਂ ਮਿਲ ਗਈ ਅਤੇ ਏਥੇ ਹੀ ਉਨ੍ਹਾਂ ਦਾ ਨਾਮ ਸਵਾਮੀ ਆਤਮਾ ਨੰਦ ਪਿਆ।

ਸਵਾਮੀ ਜੀ ਏਥੇ ਹਰ ਰੋਜ਼ ਰਮਾਇਣ, ਮਹਾਂਭਾਰਤ, ਗੀਤਾ, ਮਨੂੰ ਸਿਮਰਤੀ, ਪੁਰਾਣ ਅਤੇ ਸ਼ਾਸਤਰਾਂ ਦੀ ਪੜ੍ਹਾਈ ਕਰਦੇ। (ਹੁਣ ਇਹ ਗੱਲ ਕਹਿਣੀ ਕਿੰਨੀ ਕੁ ਝੂਠ ਹੈ ਕਿ ਆਰੀਆ ਸਮਾਜੀ ਲਹਿਰ ਬਹੁਜਨਾਂ ਨੂੰ ਮੁਕਤੀ ਧਰਮ 'ਤੇ ਪੈ ਜਾਣ ਤੋਂ ਰੋਕਣ ਦਾ ਇਕ ਦੂਜਾ ਸਬਜ਼ਬਾਗੀ ਰਸਤਾ ਸੀ। ਉੱਤੇ ਪੜ੍ਹੀਆ ਜਾਂਦੀਆਂ ਪੁਸਤਕਾਂ ਹਿੰਦੂ ਧਾਰਮਿਕ ਗ੍ਰੰਥ ਹੀ ਤਾਂ ਸਨ) ਜਿਉਂ-ਜਿਉਂ ਆਤਮਾ ਨੰਦ ਹਿੰਦੂ ਧਾਰਮਿਕ ਗ੍ਰੰਥਾਂ ਨੂੰ ਪੜ੍ਹਦੇ ਗਏ ਉਨ੍ਹਾਂ ਦਾ ਮਾਨਸਿਕ ਤੋਲ ਵਿਗੜਦਾ ਗਿਆ। ਕਿਉਂਕਿ ਉਹ ਗ੍ਰੰਥਾਂ ਵਿਚੋਂ, ਇਕ ਪੂਰੇ ਸਮਾਜ ਦਾ ਸਿੱਧਾ ਵਿਰੋਧ ਪੜ੍ਹ ਚੁੱਕੇ ਸਨ। ਸ਼ੂਦਰ ਅਤੇ ਔਰਤਾਂ ਨੂੰ ਤਾਂ ਇਨ੍ਹਾਂ ਗ੍ਰੰਥਾਂ ਨੇ ਹਰ ਖੇਤਰ ਵਿਚ ਅਪਮਾਨਤ ਕਰਕੇ ਪਿਛਾਂਹ ਧੱਕ ਦਿੱਤਾ ਸੀ। ਬੇਚੈਨ ਹੋ ਕੇ ਸਵਾਮੀ ਜੀ ਆਪਣੇ ਗੁਰੂ ਤੋਂ ਆਗਿਆ ਲੈ ਕੇ ਭਾਈਚਾਰਾ ਬਣਾਉਣ ਲਈ ਪਿੰਡਾਂ ਵਿਚ ਨਿਕਲ ਤੁਰੇ। ਅੰਧਵਿਸ਼ਵਾਸ ਅਤੇ ਕੁਰੀਤੀਆਂ ਵਿਰੁੱਧ ਉਹ ਪੈਦਲ ਤੁਰਕੇ ਪ੍ਰਚਾਰ ਕਰਦੇ। ਤੁਰਦੇ-ਤੁਰਦੇ ਇਕ ਸਮੇਂ ਉਹ ਭਵਾਨੀ ਵਿਚ ਜੀਤੂ ਮਹਾਰਾਜ ਪਾਸ ਪਹੁੰਚ ਗਏ ਜਿਨ੍ਹਾਂ ਨੇ ਅਛੂਤ ਦਲਿਤ ਲੜਕੀਆਂ ਵਾਸਤੇ, ਇਕ ਸੰਸਕ੍ਰਿਤਕ ਪਾਠਸ਼ਾਲਾ ਖੋਲ੍ਹ ਰੱਖੀ ਸੀ। (ਜਾਪਦਾ ਹੈ ਕਿ ਲੜਕੀਆਂ ਨੂੰ ਵੀ ਹਿੰਦੂ ਧਰਮ ਹੀ ਪੜ੍ਹਾਇਆ ਜਾਂਦਾ ਹੋਵੇਗਾ) ਏਥੇ ਆ ਕੇ ਸੁਵਾਮੀ ਜੀ ਨੂੰ ਬਹੁਤ ਖੁਸ਼ੀ ਪ੍ਰਾਪਤ ਹੋਈ। ਸਵਾਮੀ ਜੀ ਪੂਰੇ ਉੱਤਰੀ ਭਾਰਤ ਦੀਆਂ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ 'ਤੇ ਛਾਏ ਰਹੇ। ਅਜੇ ਉਹ ਬਤੌਰ ਆਰੀਆ ਸਾਮਜੀ ਹੀ ਕੰਮ ਕਰ ਰਹੇ ਸਨ। ਅਜ਼ਾਦੀ ਦੇ ਅੰਦੋਲਨ ਵਿਚ ਉਨ੍ਹਾਂ ਦਾ ਪੂਰਾ ਯੋਗਦਾਨ ਰਹਿੰਦਾ ਸੀ।

ਅਚਾਨਕ ਉਹ ਬਾਬਾ ਸਾਹਿਬ ਡਾ. ਅੰਬੇਡਕਰ ਦੇ ਮੂਲ ਮੰਤਰ ਸਿੱਖਿਅਤ ਬਣੋ, ਸੰਘਰਸ਼ ਕਰੋ ਤੇ ਸੰਗਠਤ ਕਰੋ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਗਏ ਸਨ। ਤੇ ਉਨ੍ਹਾਂ ਨੇ ਸਮਝ ਲਿਆ ਸੀ ਕਿ ਸਿੱਖਿਆ ਤੋਂ ਬਿਨ੍ਹਾਂ ਸਮਾਜ ਜਾਗਰਤ ਨਹੀਂ ਹੋ ਸਕਦਾ। ਉਹ ਲਾਹੌਰ ਚਲੇ ਗਏ ਜੋ ਉਸ ਸਮੇਂ ਆਰੀਆ ਸਮਾਜੀਆਂ ਦਾ ਕੇਂਦਰ ਸੀ। ਇੱਥੇ ਰਹਿਕੇ ਮੋਹਰੀ ਆਗੂਆਂ ਨਾਲ ਉਨ੍ਹਾਂ ਕਈ ਨਵੇਂ ਕਾਰਜਾਂ ਦੀਆਂ ਯੋਜਨਾਵਾਂ ਬਣਾਈਆਂ ਤੇ ਆਪਣੇ ਕੰਮ ਲਈ ਰੋਹਤਕ ਨੂੰ ਆਪਣਾ ਕੇਂਦਰ ਚੁਣ ਲਿਆ। ਇਥੇ ਉਨ੍ਹਾਂ ਇਕ ਦਲਿਤ ਕਾਨਫਰੰਸ ਬੁਲਾਈ। ਜੋ ਸਫਲ ਹੋਈ। ਸਵਾਮੀ ਜੀ ਨੇ ਲੋਕਾਂ ਨੂੰ ਸਮਾਜ ਦੀ ਅਜ਼ਾਦੀ ਦੀ ਲੜਾਈ ਦੀ ਪ੍ਰੇਰਨਾ ਦਿੱਤੀ। ਸਿੱਖਿਆ ਅਤੇ ਸੰਗਠਨ ਦਾ ਮਹੱਤਵ ਸਮਝਾਇਆ। ਸਵਾਮੀ ਜੀ ਨੇ ਇਕ ਜਗ੍ਹਾ ਕਿਸੇ ਤੋਂ ਲੈ ਕੇ ਪਾਠਸ਼ਾਲਾ ਖੋਲ੍ਹ ਕੇ ਖੁਦ ਪੜ੍ਹਾਉਣ ਦਾ ਪ੍ਰੋਗਰਾਮ ਬਣਾ ਲਿਆ। ਇਸ ਖੇਤਰ ਵਿਚ ਪਹਿਲੀ ਵਾਰ ਦਲਿਤ ਲੜਕੇ ਤੇ ਲੜਕੀਆਂ ਨੂੰ ਪੜ੍ਹਨ ਦਾ ਸਿੱਖਣ ਦਾ ਮੌਕਾ ਪ੍ਰਾਪਤ ਹੋਇਆ।

ਸਰ ਛੋਟੂ ਰਾਮ (ਜਾਟ) ਨੂੰ ਇਸ ਪਾਠਸ਼ਾਲਾ ਦਾ ਪ੍ਰਧਾਨ ਬਣਾਇਆ ਗਿਆ। ਸਵਾਮੀ ਜੀ ਨੇ ਮੰਨ ਲਿਆ ਸੀ ਕਿ ਸਿੱਖਿਆ ਨਾਲ ਹੀ ਸਮਾਜ ਨੂੰ ਪੈਰਾਂ 'ਤੇ ਖੜ੍ਹਾ ਕਰਕੇ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਤਿਆਰ ਕੀਤਾ ਜਾ ਸਕਦਾ ਹੈ। ਆਜ਼ਾਦੀ ਦੀ ਲੜਾਈ ਦੀ ਜ਼ੋਰ ਫੜ ਰਹੀ ਸੀ। ਬਾਬਾ ਸਾਹਿਬ ਨੇ ਵਿਦੇਸ਼ੀ ਪੜ੍ਹਾਈ ਖਤਮ ਕਰਕੇ ਵਾਪਸ ਭਾਰਤ ਘੁੰਮ ਕੇ ਦਲਿਤਾਂ ਦੇ ਅਧਿਕਾਰ ਦੀ ਲੜਾਈ ਵੀ ਤੇਜ ਕਰ ਦਿੱਤੀ ਸੀ। ਸਵਾਮੀ

ਜੀ ਨੇ ਆਜ਼ਾਦੀ ਦੀ ਲੜਾਈ ਲੜਦਿਆਂ ਬਾਬਾ ਸਾਹਿਬ ਨਾਲ ਸੰਪਰਕ ਕੀਤਾ ਜੋ ਉਸ ਸਮੇਂ ਸਵਾਮੀ ਜੀ ਦੀ ਇੱਛਾ ਵਾਲੀ ਲੜਾਈ ਲੜ ਰਹੇ ਸਨ । ਦੇਸ਼ ਅਜ਼ਾਦ ਹੋ ਗਿਆ । ਸਵਰਨਾਂ ਨੇ ਰਾਜ ਭਾਗ ਸੰਭਾਲ ਲਿਆ ਤੇ ਸਵਾਮੀ ਜੀ ਆਪਣੀ ਸਮਾਜਿਕ ਸੇਵਾ ਵਿਚ ਜੁਟੇ ਅੱਗੇ ਵਧਦੇ ਰਹੇ । ਉਹ ਸਮਾਜਿਕ ਕੁਰੀਤੀਆਂ ਵਿਰੁੱਧ ਲੋਕਾਂ ਨੂੰ ਜਗਾਉਂਦੇ । ਦਲਿਤ ਬੱਚਿਆਂ ਨੂੰ ਲਿਆ ਕੇ ਸਕੂਲਾਂ ਅਤੇ ਕਾਲਜਾਂ ਵਿਚ ਦਾਖਲ ਕਰਵਾਉਂਦੇ । ਉਨ੍ਹਾਂ ਦੀ ਫੀਸ ਅਤੇ ਖਾਣੇ ਦਾ ਪ੍ਰਬੰਧ ਕਰਦੇ । ਭਾਈਚਾਰਾ ਬਣਾਉਣ ਦੇ ਕਾਰਜ ਦੇ ਨਾਲ-ਨਾਲ ਉਹ ਦਲਿਤਾਂ ਨੂੰ ਖੂਹਾਂ 'ਤੇ ਚੜ੍ਹਾਉਣ ਦਾ ਕੰਮ ਵੀ ਕਰਨ ਲੱਗੇ । ਦਲਿਤਾਂ ਤੇ ਹੁੰਦੀ ਜ਼ੁਲਮ ਜ਼ਿਆਦਤੀ ਵਿਰੁੱਧ ਲੜਦੇ । ਸਵਾਮੀ ਜੀ ਨੇ 50 ਗਜ ਜ਼ਮੀਨ ਖਰੀਦ ਕੇ ਆਪਣਾ ਪੱਕਾ ਆਸ਼ਰਮ ਬਣਾਇਆ । ਉਨ੍ਹਾਂ ਦੇ ਕੁਝ ਖਾਸ ਸਹਿਯੋਗੀ ਸਨ । ਜੋ ਦਲਿਤ ਵੀ ਨਹੀਂ ਸਨ, ਪ੍ਰੰਤੂ ਸਵਾਮੀ ਜੀ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਰਹਿੰਦੇ ਸਨ । ਜੋ ਦਲਿਤ ਵੀ ਨਹੀਂ ਸਨ ਪ੍ਰੰਤੂ ਸਵਾਮੀ ਜੀ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਰਹਿੰਦੇ ਸਨ । ਸ੍ਰੀ ਅਲੰਕਰਾ ਨੇ ਵੀ ਸਵਾਮੀ ਜੀ ਨੂੰ ਆਸ਼ਰਮ ਬਣਾਉਣ ਸਮੇਂ ਭਰਵਾਂ ਸਾਥ ਦਿੱਤਾ ਸੀ । ਭਾਵ ਸਵਰਨ ਜਾਤੀਆਂ ਦੇ ਕੁਝ ਨੇਕ ਤੇ ਬਰਾਬਰੀ ਨੂੰ ਕੁਝ ਹੱਦ ਤੱਕ ਸਮਰਪਤ ਲੋਕਾਂ ਨੇ ਸਵਾਮੀ ਜੀ ਦਾ ਸਾਥ ਦਿੱਤਾ । ਕਾਨੂੰਨੀ ਤੌਰ 'ਤੇ ਵੀ ਭਾਰਤੀ ਰਾਜ ਨਾ ਤਾਂ ਬਦੇਸ਼ੀ ਗੁਲਾਮੀ 'ਚ ਸੀ ਅਤੇ ਨਾ ਹੀ ਮਨੂੰ ਸਿਮਰਤੀ ਦੇ ਬ੍ਰਾਹਮਣੀ ਕਾਨੂੰਨਾਂ ਨੂੰ ਸਿੱਧਿਆਂ ਲਾਗੂ ਕਰਨ ਦੀ ਭਾਰਤੀ ਸੰਵਿਧਾਨ ਆਗਿਆ ਦਿੰਦਾ ਸੀ ।

ਸਵਾਮੀ ਜੀ ਦਲਿਤ ਅਤੇ ਪਛੜੇ ਸਮਾਜ ਦੀ ਆਜ਼ਾਦੀ ਲਈ, ਜੋ ਅਜੇ ਪੂਰੀ ਤਰ੍ਹਾਂ ਅਧੂਰੀ ਸੀ ਜੀਵਨ ਦੇ ਅੰਤ ਤੀਕ ਕੰਮ ਕਰਦੇ ਰਹੇ ਤੇ ਇਹ ਸੋਚਦੇ ਰਹੇ ਕਿ ਬਹੁਜਨ ਸਮਾਜ ਵੀ ਕਦੀ, ਮਨੂੰਵਾਦੀ ਅਪਮਾਨਤ ਜਾਤੀ ਪ੍ਰਬੰਧ ਤੋਂ ਮੁਕਤ ਹੋ ਕੇ ਸੁਖ ਚੈਨ ਤੇ ਬਰਾਬਰੀ ਦੀ ਜ਼ਿੰਦਗੀ ਜਿਉ ਸਕੇਗਾ । ਇਨ੍ਹਾਂ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਅੱਜ ਕਾਂਸ਼ੀ ਰਾਮ ਦਾ ਸਮਾਜਿਕ ਪਰਵਰਤਨ ਤੇ ਆਰਥਿਕ ਮੁਕਤੀ ਲਹਿਰ ਅਗਰਸਰ ਹੈ ।

(ਨੋਟ :-ਸਵਾਮੀ ਜੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਕੰਮ ਜਾਰੀ ਰਹੇਗਾ)

ਬਾਬੂ ਮੰਗੂ ਰਾਮ ਮੂਗੋਵਾਲ ਅਤੇ ਆਦਿ ਧਰਮ ਅੰਦੋਲਨ

ਪੰਜਾਬ ਦੇ ਗਵਰਨਰ ਸਰ ਜੈਫਰੀ ਫਿਜਰਵੇ ਨੂੰ ਆਦਿ ਧਰਮ ਦੇ ਸ੍ਰੀ ਗੁਰਬੰਤਾ ਸਿੰਘ ਵੱਲੋਂ 10 ਅਕਤੂਬਰ 1929 ਨੂੰ ਪੇਸ਼ ਕੀਤਾ ਗਿਆ ਮੈਮੋਰੈਂਡਮ :–

(His Excellency) ਉੱਚ ਮਾਨਯੋਗ,

ਅਸੀਂ ਆਦਿ ਧਰਮ ਮੰਡਲ ਪੰਜਾਬ (ਜਲੰਧਰ ਸ਼ਹਿਰ) ਦੇ ਮੈਂਬਰ, ਤਿੰਨ ਮਿਲੀਅਨ ਪੰਜਾਬ ਦੀ ਅਤੇ ਸੱਤਰ ਮਿਲੀਅਨ ਸਾਰੇ ਭਾਰਤ ਦੇਸ਼ ਦੀ, ਦੱਬੀ-ਕੁਚਲੀ ਅਤੇ ਲਤਾੜੀ-ਪਛਾੜੀ ਕੌਮ ਦੇ ਨੁਮਾਇੰਦੇ ਹਾਂ । ਜਿਨ੍ਹਾਂ ਨੂੰ ਅਪਮਾਨਤ ਤੌਰ 'ਤੇ ਸ਼ੂਦਰ ਜਾਂ ਅਛੂਤ ਕਿਹਾ ਜਾਂਦਾ ਹੈ । ਮਾਨਯੋਗ ਨੂੰ ਪਤਾ ਹੋਵੇਗਾ ਕਿ ਅਸੀਂ ਭਾਰਤ ਦੀ ਪੁਰਾਤਨ ਨਸਲ ਦਾ ਸਮੂਹ ਹਾਂ, ਜਿਸ ਨੇ ਪੰਜ ਹਜ਼ਾਰ ਵਰ੍ਹੇ ਆਰੀਅਨਾਂ ਦੇ ਦੁਆਰਾ ਭਾਰਤ 'ਤੇ ਕਬਜ਼ੇ ਤੋਂ ਪਹਿਲਾਂ ਇੱਥੇ ਰਾਜ ਕੀਤਾ । ਮੱਧ ਏਸ਼ੀਆ ਤੋਂ ਆਏ ਬਦੇਸ਼ੀ ਸਮੂਹਾਂ ਨੇ ਭਾਰਤ ਦਾ ਰਾਜ ਖੋਹਿਆ, ਸਾਡੇ ਬਾਪ-ਦਾਦਿਆਂ ਨੂੰ ਹਰਾਇਆ ਅਤੇ ਇਨ੍ਹਾਂ ਨਾਲ ਬਹੁਤ ਬੁਰਾ ਵਰਤਾਅ ਕੀਤਾ । ਉਹ (ਆਰੀਅਨ) ਇਕ ਤਰ੍ਹਾਂ ਨਾਲ ਬਦੇਸ਼ੀ ਜ਼ਾਲਮ ਮਾਸਟਰ ਸਨ, ਜਿਨ੍ਹਾਂ ਨੇ ਅਖੌਤੀ ਸੱਭਿਅਕ ਆਰੀਅਨਾਂ ਦੀ ਧਾੜਵੀ ਬਿਰਤੀ ਦਾ ਵਿਸ਼ਾਲ ਪ੍ਰਗਟਾਵਾ ਕੀਤਾ । ਬਾਕੀ ਲੋਕ ਵੀ ਜੋ ਜਿੱਤੇ ਗਏ, ਪਰੰਤੂ ਜਿਨ੍ਹਾਂ ਨੇ ਸਵੈਮਾਣ ਨਾ ਤਿਆਗਿਆ, ਗੁਲਾਮ ਹੋਣ ਤੋਂ ਇਨਕਾਰੀ ਹੋ ਖੜ੍ਹੇ, ਉਨ੍ਹਾਂ ਨੂੰ ਜਾਨ ਬਚਾਉਣ ਲਈ ਜੰਗਲਾਂ ਦੀ ਸ਼ਰਨ ਲੈਣੀ ਪਈ । (ਭਾਵ ਆਦਿਵਾਸੀ, ਅਨੁ : ਕਬੀਲੇ) ਆਰੀਆ ਜਿਨ੍ਹਾਂ ਦੇ ਵਰਤਮਾਨ ਵਾਰਸਾਂ ਨੂੰ ਉੱਚੀ ਜਾਤ ਦੇ ਹਿੰਦੂ ਕਿਹਾ ਜਾਂਦਾ ਹੈ, ਉਹ ਹਮੇਸ਼ਾ ਤੋਂ ਸਾਡੇ ਨਾਲ ਗੈਰ ਮਨੁੱਖੀ (ਖੁੱਚੜਾਂ ਵਾਂਗ) ਜ਼ਾਲਮਾਨਾਂ ਵਰਤਾ ਕਰ ਰਹੇ ਹਨ ਤਾਂ ਕਿ ਸਾਡੀ ਬਦਕਿਸਤਮ ਕੌਮੀਅਤ ਜੋ ਗਿਣਤੀ ਵਿਚ ਵੱਡੀ ਹੈ, ਹੁਣ ਇਕ ਛੋਟਾ ਤੇ ਮਾਮੂਲੀ ਨਾਂ ਬਣਕੇ ਰਹਿ ਗਈ ਹੈ ।

ਇਸ ਦੇ ਬਾਵਜੂਦ ਵੀ ਕਿ ਸਾਡੇ ਸਮੂਹ ਵਿਚ, ਕਈ ਉੱਚ ਸ਼ਿਖਸਤ ਅਤੇ ਯੋਗ ਵਿਅਕਤੀ ਮੌਜੂਦ ਹਨ ਤਾਂ ਵੀ ਸਾਨੂੰ ਸਮਾਜ ਵਿਚ ਸਨਮਾਨਤ ਰੁੱਤਬਾ ਨਹੀਂ ਦਿੱਤਾ ਜਾਂਦਾ । ਸਾਡੇ ਪਾਸ ਕਿਸੇ ਵੀ ਚੀਜ਼ ਦੀ ਮਾਲਕੀ ਦਾ ਕੋਈ ਅਧਿਕਾਰ ਨਹੀਂ ਹੈ । ਇੱਥੋਂ ਤੱਕ ਕਿ ਅਸੀਂ ਆਪਣੇ ਵਿਅਕਤੀ ਬਚਾ ਵੀ ਕਰਨ ਦੇ ਵੀ ਹੱਕ ਨਹੀਂ ਰੱਖਦੇ । ਸਾਡੀ ਵਿਸ਼ਾਲ ਗਿਣਤੀ ਵਿਚ ਦਬੀ-ਕੁਚਲੀ ਲੁਕਾਈ ਦੀ ਤਰਸ ਯੋਗ ਹਾਲਤ, ਸਾਡੇ ਨਾਲ ਕੀਤੇ ਗਲੇ, ਸਾਡੇ 'ਤੇ ਨਾਜ਼ਲ ਕੀਤੇ ਗਏ ਹੱਦ ਦਰਜੇ ਦੇ ਬੁਰੇ-ਭੈੜੇ ਸਲੂਕ ਕਰਕੇ ਹੈ, ਜੋ ਉਚੀ ਜਾਤ ਦੇ ਹਿੰਦੂਆਂ ਵੱਲੋਂ ਕੀਤਾ ਗਿਆ ਹੈ, ਜੋ ਪੁਰਾਣੇ ਆਰੀਅਨਾਂ ਦੀਆਂ ਪੈਦਾ ਕੀਤੀਆਂ ਧਾਰਨਾਵਾਂ ਦੇ ਨਤੀਜੇ ਵਜੋਂ ਹੈ । ਜੋ ਕਿ ਮੰਨੂ ਸਿਮਰਤੀ ਅਤੇ ਹੋਰ ਬਹੁਤ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਦਰਜ ਕੀਤੀਆਂ ਗਈਆਂ ਹਨ ।

ਮਾਨਯੋਗ ਤੁਸੀਂ ਇਹ ਜਾਣਕੇ ਹੈਰਾਨ ਹੋਵੋਗੇ ਕਿ ਇਸ ਅਖੌਤੀ ਧਰਮ ਦੀਆਂ ਧਾਰਮਿਕ ਲਿਖਤਾਂ, ਕਥਨਾਂ ਨਾਲ ਇੱਕਮਿਕ ਹਨ, ਜਿਵੇਂ ਕਿ ਅਸੀਂ ਆਦਿ ਧਰਮੀ (ਸ਼ੂਦਰ ਅਛੂਤ) ਬਣਾਏ ਹੀ ਉੱਚ ਜਾਤੀ ਹਿੰਦੂਆਂ ਦੀ ਸੇਵਾ ਕਰਨ ਵਾਸਤੇ ਹਾਂ । ਇਸ ਲਈ ਸਾਡੇ ਕੋਲ ਜਾਇਦਾਦ ਰੱਖਣ ਦਾ ਅਧਿਕਾਰ ਨਹੀਂ ਹੈ । ਇਥੋਂ ਤੱਕ ਕਿ ਕਿਸੇ ਉੱਚੀ ਜਾਤ ਦੇ ਹਿੰਦੂ ਵੱਲੋਂ ਕੀਤਾ ਗਿਆ, ਬੇਗੁਨਾਹਾਂ ਦਾ ਕਤਲ ਵੀ, ਉਨ੍ਹਾਂ ਲਈ ਕੋਈ ਮੁਸ਼ਕਲ ਪੈਦਾ ਨਹੀਂ ਕਰਦਾ । ਉੱਚੀ ਜਾਤੀ ਦੇ ਹਿੰਦੂਆਂ ਵੱਲੋਂ ਸਾਡੀਆਂ ਲੋੜਾਂ ਮਨ-ਮਰਜ਼ੀ ਨਾਲ ਦਬਾ ਦਿੱਤੀਆਂ ਗਈਆਂ ਹਨ ਤੇ ਸਾਡੇ ਸਾਰੇ ਯਤਨ ਜੋ ਸਾਡੀ ਦਸ਼ਾ ਦਾ ਵਰਨਣ ਕਰਦੇ ਹੋਣ, ਜਾਣ-ਬੁੱਝ ਕੇ ਫਜ਼ੂਲ ਬਣਾ ਦਿੱਤੇ ਜਾਂਦੇ ਹਨ । ਇਸ ਲਈ ਅਸੀਂ ਨਿਮਰਤਾ ਸਹਿਤ ਆਪਣੇ ਲੋਕਾਂ ਦੀ ਦੁਰਦਸ਼ਾ ਅਤੇ ਮੰਗਾਂ ਆਪਦੇ ਸਾਮਹਣੇ ਪੇਸ਼ ਕਰਦੇ ਹਾਂ ਤੇ ਅਸੀਂ ਪੂਰੇ ਭਰੋਸੇ ਨਾਲ ਉਮੀਦ ਕਰਦੇ ਹਾਂ ਕਿ ਤੁਹਾਡੇ ਹੱਥਾਂ ਵਿਚ ਇਨ੍ਹਾਂ ਨੂੰ ਲੋੜੀਂਦੀ ਪਛਾਣ ਦਿੱਤੀ ਜਾਵੇਗੀ । ਸਾਨੂੰ ਇਹ ਆਖਦਿਆਂ ਦੁੱਖ ਹੈ ਕਿ ਹਿੰਦੂ ਅਫਸਰ (ਕਰਮਚਾਰੀ) ਜਿਨ੍ਹਾਂ ਸਾਡੇ ਹੱਕ ਅਤੇ ਸਹੂਲਤਾਂ ਨੂੰ ਦਬਾਇਆ ਹੈ, ਨੇ ਸਾਨੂੰ ਕਦੀ ਕੋਈ ਇਨਸਾਫ ਨਹੀਂ ਦਿੱਤਾ ।

ਹਿੰਦੂਆਂ ਨਾਲ ਸਰਕਾਰ ਦੇ ਲੇਖੇ-ਜੋਖੇ ਦਾ ਮਤੱਲਵ ਕੇਵਲ ਉੱਚੀ ਜਾਤ ਦੇ ਹਿੰਦੂ ਹੈ । ਨਤੀਜੇ ਵਜੋਂ ਸਾਡੀਆਂ ਦੁੱਖ-ਤਕਲੀਫਾਂ ਸਰਕਾਰ ਕੋਲ ਨਹੀਂ ਪਹੁੰਚਦੀਆਂ । ਇਹ ਕੋਈ ਵਧੀਕੀ ਨਹੀਂ ਕਿ ਹਿੰਦੂਆਂ ਦੇ ਨਾਂ 'ਤੇ ਦਿੱਤੇ ਕੀਤੇ ਸੁਧਾਰਾਂ ਦਾ ਮਤਲਵ ਕੇਵਲ ਉੱਚੀ ਜਾਤ ਦੇ ਹਿੰਦੂਆਂ ਨੂੰ ਹੀ ਦੇਣਾ ਹੈ । ਅਜਿਹੀ ਸਥਿਤੀ ਵਿਚ ਅਸੀਂ ਹੁਣ ਦੋ ਸਰਕਾਰਾਂ ਉੱਚੀ ਜਾਤੀ ਦੇ ਹਿੰਦੂਆਂ ਦੀ ਸਰਕਾਰ ਅਤੇ ਵਰਤਮਾਨ ਬਰਤਾਨਵੀ ਸਰਕਾਰ ਦੇ ਵਿਚਕਾਰ ਖੜ੍ਹੇ ਹਾਂ । ਇਹ ਮੰਨਦਿਆਂ ਕਿ ਇਸ ਸੂਬੇ ਵਿਚ ਮੁਸਲਮ ਬਹੁਗਿਣਤੀ ਕਾਰਨ ਦੂਜੇ ਸੂਬਿਆਂ ਦੇ ਮੁਕਾਬਲੇ ਛੂਤ-ਛਾਤ ਘੱਟ ਹੈ, ਜਿੱਥੋਂ ਤੱਕ ਰਾਜਸੀ ਸਥਿਤੀ ਦਾ ਸਵਾਲ ਹੈ, ਸਾਡੀ ਹਾਲਤ ਦੂਜੇ ਸੂਬਿਆਂ ਦੇ ਅਛੂਤਾਂ ਤੋਂ ਬੇਹਤਰ ਨਹੀਂ ਹੈ, ਪਰ ਅਸੀਂ ਰਾਜਨੀਤਕ ਨੁਕਤੇ ਤੋਂ ਹੱਦ ਦਰਜੇ ਦੀ ਨਿੱਘਰੀ ਹਾਲਤ ਵਿਚ ਹਾਂ ।

ਸਥਾਨਕ ਵਿਧਾਨ ਮੰਡਲ ਅਤੇ ਸਥਾਨਕ ਸਰਕਾਰਾਂ ਵਿਚ ਸਾਡਾ ਇਕ ਵੀ ਮੈਂਬਰ ਨਿਯੁਕਤ ਜਾਂ ਨਾਮਜਦ ਨਹੀਂ ਕੀਤਾ ਗਿਆ ਹੈ, ਜਦੋਂ ਦੂਜਿਆਂ ਸੂਬਿਆਂ ਵਿਚ ਸਰਕਾਰ ਵੱਲੋਂ ਸਾਡੀ ਨੁਮਾਇੰਦਗੀ ਇਕ ਤੋਂ ਗਿਆਰਾਂ ਤੱਕ ਸਥਾਨਕ ਸਰਕਾਰਾਂ ਵਿਚ ਨੀਯਤ ਕੀਤੀ ਗਈ ਹੈ । ਚੋਣ ਦਾ ਵਰਤਮਾਨ ਤੌਰ-ਤਰੀਕਾ ਸਾਡੇ ਲਈ ਕੋਈ ਲਾਭਦਾਇਕ ਨਹੀਂ ਹੈ । ਕਿਉਂਕਿ ਉੱਚੀ ਜਾਤ ਦੇ ਹਿੰਦੂ ਜਾਤੀ ਈਰਖਾਵਾਂ ਨਾਲ ਤੂੜੇ ਹੋਏ ਹਨ । ਇਸ ਲਈ ਸਾਡੇ ਵਾਸਤੇ ਇਕ ਹੀ ਤੌਰ-ਤਰੀਕਾ ਖੁੱਲ੍ਹਣਾ ਚਾਹੀਦਾ ਹੈ । ਉਹ ਹੈ 'ਵੱਖਰੀ ਚੋਣ' ਜਿਸ ਵਿਚ ਸਾਡੀ ਸਮਾਜਿਕ ਰਾਜਨੀਤਕ ਅਤੇ ਨੈਤਿਕ ਮੁਕਤੀ ਛੁਪੀ ਹੋਈ ਹੈ ।

ਸਾਡੀ ਸਥਿਤੀ ਨੂੰ ਹੇਠ ਲਿਖੇ ਅਨੁਸਾਰ ਬਿਆਨ ਕੀਤਾ ਜਾ ਸਕਦਾ ਹੈ ।

1. ਕਿ ਸਾਡੀ ਲੁਕਾਈ ਤਿੰਨ ਮਿਲੀਅਨ ਪੰਜਾਬ ਵਿਚ ਅਤੇ 70 ਮਿਲੀਅਨ ਪੂਰੇ ਭਾਰਤ ਵਿਚ ਹੈ । 2. ਮੁਕਾਬਲੇ ਵਿਚ ਅਸੀਂ ਪੰਜਾਬ ਦੇ ਸਭ ਤੋਂ ਪੱਛੜੇ ਲੋਕ ਹਾਂ, ਸਿੱਖਿਆ, ਸਰਕਾਰੀ ਨੌਕਰੀ, ਸਮਾਜਿਕ ਰੁਤਬੇ ਵਜੋਂ । 3. ਸਾਡਾ ਹਿੰਦੂ ਧਰਮ ਵਿਚ ਕੋਈ ਭਰੋਸਾ ਨਹੀਂ ਹੈ । ਨਾ ਹੀ ਅਸੀਂ ਇਸ ਨੂੰ ਉੱਚਾ (Esteem) ਪ੍ਰਵਾਨ ਕਰਦੇ ਹਾਂ । ਇਸ ਲਈ ਅਸੀਂ ਆਪਣੇ ਆਪ ਨੂੰ ਹਿੰਦੂ ਕਹਾਉਣਾ ਪਸੰਦ ਨਹੀਂ ਕਰਦੇ । ਪਰ ਅਸੀਂ ਵੱਖਰੀਆਂ ਜਾਤਾਂ ਦੇ ਸਾਰੇ ਅਛੂਤ, ਭਾਰਤ ਦੀ ਆਦਿ ਵਸੋਂ ਹੋਣ ਵਜੋਂ । ਆਪਣੇ ਆਪ ਨੂੰ ਆਦਿ ਧਰਮੀ ਕਹਾਉਣਾ ਚਾਹੁੰਦੇ ਹਾਂ । ਇਸ ਲਈ ਆਉਂਦੀ ਮਰਦਮ ਸੁਮਾਰੀ ਸਮੇਂ ਸਾਨੂੰ ਆਦਿ ਧਰਮੀ ਲਿਖਿਆ ਜਾਵੇ । 4. ਅਸੀਂ ਉੱਚੀਆਂ ਹਿੰਦੂ ਜਾਤੀਆਂ ਨਾਲ ਕਿਸੇ ਕਿਸਮ ਦੀ ਸਮਾਜਿਕ ਅਤੇ ਰਾਜਨੀਤਕ ਸਾਂਝ ਬਣਾਈ ਰੱਖਣਾ ਨਹੀਂ ਚਾਹੁੰਦੇ । ਜੋ ਸੋਚਦੇ ਹਨ ਕਿ ਉਹ ਸਾਡੇ ਛੂਹਣ ਤੇ ਅਪਵਿੱਤਰ ਹੋ ਜਾਂਦੇ ਹਨ, ਇੱਥੋਂ ਤੱਕ ਕਿ ਸਾਡੇ ਪਰਛਾਵੇਂ ਪੈ ਜਾਣ ਕਾਰਨ ਵੀ ਉਹ ਭਿੱਟੇ ਜਾਂਦੇ ਹਨ । ਬੇਸ਼ੱਕ ਉਹ ਸਾਨੂੰ ਆਪਣੀ ਗਿਣਤੀ ਵਿਚ ਸ਼ਾਮਲ ਕਰਨ 'ਤੇ ਹੀ ਜ਼ੋਰ ਦਿੰਦੇ ਹਨ । ਤਾਂ ਕਿ ਉਹ ਵਧੇਰੇ ਅਧਿਕਾਰ ਸਾਡੀ ਗਿਣਤੀ ਦੀ ਕੀਮਤ ਉੱਤੇ ਮਾਣ ਸਕਣ । ਇਸ ਲਈ ਸਾਡੀ ਇਸ ਮਾੜੀ ਦਸ਼ਾ ਦਾ ਹੱਲ ਕੀਤਾ ਜਾਵੇ, ਸਾਡੀਆਂ ਹੇਠ ਲਿਖੀਆਂ ਆਮ ਮੰਗਾਂ ਨੂੰ ਧਿਆਨ ਵਿਚ ਰੱਖਦਿਆਂ ।

ਮੰਗਾਂ

1. ਆਦਿ ਧਰਮੀਆਂ (ਭਾਵ ਸਾਰੀਆਂ ਜਾਤੀਆਂ ਦੇ ਅਛੂਤਾਂ) ਦੇ ਲੜਕੇ ਅਤੇ ਲੜਕੀਆਂ ਦੀ ਸਿੱਖਿਆ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ । ਕੌਮੀ ਵਜ਼ੀਫੇ ਉਨ੍ਹਾਂ ਨੂੰ ਵੱਖਰੇ ਦਿੱਤੇ ਜਾਣ ਅਤੇ ਮੁਫਤ ਪ੍ਰਾਇਮਰੀ ਸਿੱਖਿਆ ਲਾਗੂ ਕੀਤੀ ਜਾਵੇ ।

2. ਸਰਕਾਰੀ ਸੰਸਥਾਵਾਂ ਅਤੇ ਵਿਧਾਨ ਸਭਾਵਾਂ ਵਿਚ ਸਾਡੇ ਮੰਡਲ ਦੀਆਂ ਜਾਤੀਆਂ ਦੁਆਰਾ ਚੁਣੇ ਹੋਇਆਂ ਨੂੰ ਵੱਖਰੀ ਨੁਮਾਇੰਦਗੀ ਦਿੱਤੀ ਜਾਵੇ ।

3. ਸੂਬੇ ਵਿਚ ਇਕ ਮੰਤਰੀ ਲਿਆ ਜਾਵੇ ।

4. ਜਿਸ ਤਰ੍ਹਾਂ ਦੂਜੀਆਂ ਗਿਣਤੀਆਂ ਦੇ ਸਮੂਹਾਂ ਵੱਲੋਂ ਅਧਿਕਾਰ ਮਾਣੇ ਜਾਂਦੇ ਹਨ, ਉਸੇ ਤਰ੍ਹਾਂ (ਆਦਿ ਧਰਮੀਆਂ ਨੂੰ) ਵੀ ਜਾਇਦਾਦ ਬਣਾਉਣ, ਘਰ ਪਾਉਣ ਅਤੇ ਮਾਲਕੀ ਦੇ ਬਰਾਬਰ ਹੱਕ ਦਿੱਤੇ ਜਾਣ ।

5. ਦੂਜੇ ਸਮੂਹਾਂ ਵਾਂਗ ਜਿਲ੍ਹਾ ਬੋਰਡ ਸਮਾਜੀ ਖੂਹਾਂ ਨੂੰ ਵਰਤਣ ਦਾ ਬਰਾਬਰ ਅਧਿਕਾਰ ਦਿੱਤਾ ਜਾਵੇ ।

6. ਮਨੂੰ ਸਿਮਰਤੀ ਅਤੇ ਸਾਰੀਆਂ ਹਿੰਦੂ ਧਰਮ ਕ੍ਰਿਤਾਂ (ਗ੍ਰੰਥਾਂ) ਜਿਨ੍ਹਾਂ ਵਿਚ ਅਪਮਾਨਜਨਕ ਵੇਰਵੇ ਲਿਖੇ ਗਏ ਹਨ, ਜੋ ਸਾਡੀ ਨਸਲ ਅਤੇ ਜਮਾਤ ਦੇ ਖਿਲਾਫ ਹਨ, ਉੱਪਰ ਪਾਬੰਦੀ ਲਗਾਈ ਜਾਵੇ ।

7. ਸਾਡੀ ਸ਼ੂਦਰਾਂ ਦੇ ਨਾਂ 'ਤੇ ਕੀਤੀ ਕੋਈ ਵੀ ਵਿਆਖਿਆ (ਵਰਨਣ) ਉੱਤੇ ਸਖ਼ਤੀ ਨਾਲ ਪਾਬੰਦੀ

ਲਗਾਈ ਜਾਵੇ ।

8. ਸਾਰੀਆਂ ਸਰਕਾਰੀ ਸੇਵਾਵਾਂ, ਪੁਲਸ, ਸਿਵਲ, ਮਿਲਟਰੀ, ਰੇਲਵੇ, ਸਿੱਖਿਆ ਅਤੇ ਸਿਹਤ ਵਿਭਾਗਾਂ ਵਿਚ ਹਿੱਸੇਦਾਰੀ ਦਿੱਤੀ ਜਾਵੇ ।

9. ਸਾਡੀਆਂ ਜਾਤੀਆਂ ਦੇ 60% ਲੋਕ ਜਿਮੀਂਦਾਰਾਂ ਨਾਲ ਖੇਤੀ ਦਾ ਧੰਦਾ ਕਰਦੇ ਹਨ । ਪਰੰਤੂ ਉਹ (ਜਿਮੀਂਦਾਰ) ਅਛੂਤਾਂ ਨੂੰ ਇਕ ਮਾਮੂਲੀ ਹਿੱਸਾ ਦਿੰਦੇ ਹਨ । ਅਸੀਂ ਸੁਣਦੇ ਹਾਂ ਕਿ 15,18,72000 ਏਕੜ ਜ਼ਮੀਨ ਖੇਤੀ ਅਧੀਨ ਹੈ । ਜੋ ਪੰਜਾਬ ਸਰਕਾਰ ਦੇ ਹੱਥ ਵਿਚ ਹੈ । ਇਸ ਲਈ ਸਾਡੇ ਲਈ ਨਵੀਆਂ ਕਾਲੋਨੀਆਂ ਵਿਚ ਜ਼ਮੀਨ ਰਾਖਵੀਂ ਕੀਤੀ ਜਾਵੇ । ਉਸੇ ਤਰ੍ਹਾਂ ਜਿਵੇਂ ਦੂਜੀਆਂ ਜਮਾਤਾਂ (ਜਾਤੀ ਸਮੂਹਾਂ) ਨੂੰ ਦਿੱਤੀ ਜਾਂਦੀ ਹੈ ।

10. ਪੰਜਾਬ ਦੇ ਐਲੀਨੇਸ਼ਨ ਐਕਟ ਨੇ ਸਾਨੂੰ ਬਹੁਤ ਕਮਜ਼ੋਰ ਕਰ ਦਿੱਤਾ ਹੈ । ਜਿਸ ਨਾਲ ਦੂਜੀਆਂ ਜਾਤੀਆਂ ਦੇ ਲੋਕ ਜਬਰਦਸਤੀ ਸਾਡੇ ਤੋਂ ਕੰਮ ਲੈਂਦੇ ਹਨ । ਆਪਣੇ ਘਰਾਂ ਦੀਆਂ ਨੌਕਰਾਂ ਵਿਚ ਰਹਿਣ ਬਦਲੇ, ਜੋ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਹੀ ਬਣੇ ਹੋਏ ਹਨ । ਕਿਉਂਕਿ ਅਸੀਂ ਆਪਣੇ ਘਰਾਂ ਵਾਸਤੇ ਵੀ ਪੰਜਾਬ ਐਲੀਨੇਸ਼ਨ ਐਕਟ ਦੇ ਹੁੰਦਿਆਂ ਜ਼ਮੀਨ ਨਹੀਂ ਖਰੀਦ ਸਕਦੇ । ਇਸ ਐਕਟ ਨੂੰ ਖਤਮ ਕੀਤਾ ਜਾਵੇ ।

11. ਭਾਵੇਂ ਸਰਕਾਰ ਨੇ ਦੋ ਕਾਨੂੰਨ ਪਾਸ ਕੀਤੇ ਹਨ, ਜਬਰੀ ਵਗਾਰ ਰੋਕਣ ਲਈ, ਪਰ ਕਰਮਚਾਰੀ ਇਨ੍ਹਾਂ ਕਾਨੂੰਨਾਂ ਦੀ ਪ੍ਰਵਾਹ ਨਹੀਂ ਕਰਦੇ । ਉਹ ਸਾਨੂੰ ਜਬਰਦਸਤੀ, ਬਿਨਾਂ ਕਿਸੇ ਮੁਆਵਜ਼ੇ ਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ । ਸਰਕਾਰ ਨੂੰ ਚਾਹੀਦਾ ਹੈ ਕਿ ਇਸ ਕਿਸਮ ਦੀ ਹਰ ਜਬਰੀ ਵਗਾਰ ਨੂੰ ਖਤਮ ਕਰਨ ਦੇ ਪ੍ਰਬੰਧ ਕਰੇ ।

12. ਸਾਡੀ ਜਮਾਤ ਉੱਤੇ ਇਕ ਮੁਜਰਮਾਨਾ ਇਲਜ਼ਾਮ ਹੈ, ਜਦੋਂ ਕਿ ਅਸੀਂ ਹਰ ਜੁਰਮ ਤੋਂ ਮੁਕਤ ਹਾਂ । ਇਹ ਇਲਜ਼ਾਮ ਖਤਮ ਕੀਤਾ ਜਾਵੇ । ਅਣਜਾਣ ਅਤੇ ਮਸੂਮੀਅਤ ਦੀ ਕੌਮੀ ਧਾਰਨਾ ਆਦਿ ਧਰਮੀਆਂ ਨਾਲ ਵੀ ਜੋੜੀ ਜਾਵੇ ।

13. ਕਿਉਂਕਿ ਸਾਡੀ ਦਸ਼ਾ ਬਹੁਤ ਮਾੜੀ ਹੈ, ਇਸ ਲਈ ਸਾਨੂੰ ਬਦੇਸ਼ਾਂ ਵਿਚ ਜਾਣ ਦੀ ਆਗਿਆ ਦਿੱਤੀ ਜਾਵੇ ।

14. ਅਸੀਂ ਆਪਣੇ ਆਪ ਨੂੰ ਆਦਿ ਧਰਮੀ ਕਹਿਣਾ ਚਾਹੁੰਦੇ ਹਾਂ । ਦੂਜੇ ਲੋਕ, ਖਾਸ ਕਰਕੇ ਹਿੰਦੂ ਇਹ ਗੱਲ ਪਸੰਦ ਨਹੀਂ ਕਰਦੇ । ਉਹ ਆਪਣੀ ਪੂਰੀ ਵਾਹ ਲਾਉਂਦੇ ਸਾਨੂੰ ਅਜਿਹਾ ਕਰਨ ਤੋਂ ਰੋਕਣ ਲਈ ਅਤੇ ਸਾਨੂੰ ਆਪਣੇ ਆਪ ਨੂੰ ਉਹੀ ਘਿਰਣਾ ਯੋਗ (ਸ਼ੂਦਰ) ਕਹਿਣ ਲਈ, ਹਰ ਸੰਭਵ ਮੁਸ਼ਕਲ ਵਿਚ ਪਾ ਕੇ, ਮਜਬੂਰ ਕਰਦੇ ਹਨ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਡੇ ਸਮਾਜ ਵਿਚੋਂ ਕਮੇਟੀ ਨਿਯੁਕਤ ਕਰੇ ਜੋ ਆਪਣੇ ਮਸਲੇ ਆਪ ਹੱਲ ਕਰ ਸਕੇ ।

ਇਨਸਾਨੀਅਤ ਅਤੇ ਬਰਤਾਨਵੀ ਇਨਸਾਫ ਦੇ ਤਕਾਜ਼ੇ ਵਿਚ ਅਸੀਂ ਆਪ ਨੂੰ ਨਿਮਰ ਬੇਨਤੀ ਕਰਦੇ ਹਾਂ ਕਿ ਜੋ ਤੁਹਾਨੂੰ ਠੀਕ ਲੱਗਣ ਉਹ ਕਦਮ ਚੁੱਕੇ ਜਾਣ ਤਾਂ ਕਿ ਸਾਡੀ ਵਿਸ਼ਾਲ ਲੁਕਾਈ ਨੂੰ ਬਰਤਾਨਵੀ ਰਾਜ ਦੀ ਨਾਗਰਿਕਤਾ ਦੇ ਮੌਲਕ ਅਧਿਕਾਰਾਂ ਤੋਂ ਵੰਚਤ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਹਿੰਦੂ ਅੱਤਿਆਚਾਰੀਆਂ ਦੇ ਰਹਿਮ 'ਤੇ ਨਾ ਛੱਡਿਆ ਜਾਵੇ ।

ਸੁਣਵਾਈ ਲਈ ਧੰਨਵਾਦ ਕਰਦੇ ਹੋਇਆ
ਮਾਨਯੋਗ ਦੇ ਬਰਖੁਰਦਾਰ ਹੋਣ ਦਾ ਮਾਣ ਮਹਿਸੂਸ ਕਰਦੇ,
ਮੈਂਬਰਾਨ ਅਤੇ ਮੈਨੇਜਿੰਗ ਕਮੇਟੀ ਆਦਿ ਧਰਮ ਮੰਡਲ,
ਜਲੰਧਰ ਸ਼ਹਿਰ, ਪੰਜਾਬ ।

ਮਿਤੀ 10 ਅਕਤੂਬਰ 1929 (ਅੰਗਰੇਜ਼ੀ ਤੋਂ ਅਨੁਵਾਦ)

ਸਾਡੀ ਸਮਝ

ਭਾਰਤ ਨੂੰ ਅਜ਼ਾਦ ਹੋਇਆ ਪੰਜਾਹ ਸਾਲ ਬੀਤ ਗਏ ਹਨ ਅਸੀਂ ਪਹਿਲਾਂ ਵੀ ਲਿਖਿਆ ਹੈ ਕਿ 15 ਅਗਸਤ 1947 ਨੂੰ ਮੁਲਕ ਰਾਜਨੀਤਕ ਪ੍ਰਵਰਤਨ ਹੋਇਆ । ਸੈਂਕੜੇ ਸਾਲ ਰਾਜ ਕਰਨ ਉਪਰੰਤ ਅੰਗਰੇਜ਼ਾਂ ਨੇ ਭਾਰਤ ਨੂੰ ਛੱਡ ਦਿੱਤਾ । ਮੁਲਕ ਅਜ਼ਾਦ ਹੋ ਗਿਆ ਪਰੰਤੂ ਚਾਰ ਪ੍ਰਮੁੱਖ ਘਟਨਾਵਾਂ ਵਾਪਰੀਆਂ । ਭਾਰਤ ਦੇਸ਼ ਦੀ ਅਜ਼ਾਦੀ ਦੇ ਨਾਂ 'ਤੇ, ਮੁਲਕ ਦੇ ਨਾਗਰਿਕਾਂ ਦੇ ਨਾਂ 'ਤੇ ਸਵਰਨ ਹਿੰਦੂਆਂ ਦੀ ਜਮਾਤ ਨੇ, ਰਾਜਨੀਤਕ ਸ਼ਕਤੀ

ਆਪਣੇ ਹੱਥ ਵਿਚ ਲੈ ਲਈ। ਮੁਸਲਮਾਨ ਸਮਾਜ ਜੋ ਹਿਦੂਆਂ ਦੀ ਕਿਸੇ ਵੀ ਸਮਾਜਿਕ ਅਤੇ ਧਾਰਮਿਖ ਰਸਮ ਨੂੰ ਕਦੀ ਵੀ ਪ੍ਰਵਾਨ ਨਹੀਂ ਕਰਦਾ, ਉਸਨੇ ਬਣਾਏ ਗਏ ਹਾਲਤਾਂ ਅਧੀਨ ਪੂਰੇ ਮੁਲਕ ਦਾ ਇਕ ਭਾਗ ਲੈ ਕੇ ਵੱਖਰੀ ਰਾਜਨੀਤਕ ਸ਼ਕਤੀ ਹਾਸਲ ਕਰ ਲਈ। ਹਿਦੂਆਂ ਅਤੇ ਮੁਸਲਮਾਨਾਂ ਤੋਂ ਅੱਗੇ ਤੀਜੀ ਸ਼ਕਤੀ ਸਿੱਖ ਸਨ, ਜੋ ਗਿਣਤੀ ਵਿਚ ਤਾਂ ਥੋੜ੍ਹੇ ਸਨ, ਪਰੰਤੂ ਸਮਾਜਿਕ ਸ਼ਕਤੀ ਵਜੋਂ ਅਣਗੌਲੇ ਕੀਤੇ ਜਾ ਸਕਣ ਵਾਲੇ ਨਹੀਂ ਸਨ, ਉਨ੍ਹਾਂ ਨੇ ਸਵਰਨ ਹਿੰਦੂ ਜਮਾਤ ਨਾਲ ਭਿਆਲੀ ਪਾ ਕੇ, ਇਕ ਤਰ੍ਹਾਂ ਨਾਲ ਬਹੁ ਗਿਣਤੀ ਦਾ ਜੂਲਾ ਸਿਰ ਪੁਆ ਲਿਆ ਅਤੇ ਜ਼ਮੀਨਾਂ ਦੇ ਮਾਲਕ ਬਣ ਗਏ।

ਚੌਥੀ ਵੱਡੀ ਗਿਣਤੀ ਜਿਨ੍ਹਾਂ ਨੂੰ ਅਛੂਤ ਜਾਤੀਆਂ ਦੇ ਨਾਂ ਨਾਲ ਜਾਣਿਆਂ ਪਛਾਣਿਆਂ ਜਾਂਦਾ ਹੈ, ਜਿਨ੍ਹਾਂ ਦੀ ਅਗਵਾਈ ਡਾ. ਅੰਬੇਡਕਰ ਕਰ ਰਹੇ ਸਨ, ਜਿਨ੍ਹਾਂ ਨੇ ਉਮਰ ਭਰ ਹਿੰਦੂ ਲੀਡਰਸ਼ਿਪ ਤੇ ਭਰੋਸਾ ਨਹੀਂ ਕੀਤਾ ਅਤੇ ਜੋ 1920 ਤੋਂ 1947 ਤੱਕ ਲਗਾਤਾਰ ਦੇਸ਼ ਦੀ ਵਾਗਡੋਰ ਦਲਿਤਾਂ ਅਤੇ ਪਛੜਿਆਂ ਦੀ ਬਹੁਗਿਣਤੀ ਦੇ ਹੱਥ ਦੇਣ ਲਈ ਅੰਗਰੇਜ਼ ਸਰਕਾਰ, ਹਿੰਦੂ ਜਮਾਤ, ਮਹਾਤਮਾ ਗਾਂਧੀ ਤੇ ਉਸ ਦੀ ਕਾਂਗਰਸ, ਮੁਸਲਮ ਲੀਡਰ ਅਤੇ ਸਿੱਖ ਲੀਡਰ ਨਾਲ ਬਰਾਬਰ ਲੜਦੇ ਰਹੇ, ਉਹ ਰਾਜਨੀਤਕ ਸ਼ਕਤੀ ਹਾਸਲ ਕਰ ਸਕਣ ਵਿਚ ਇਕੱਲੇ ਹੋਣ ਕਾਰਨ, ਕਾਮਯਾਬ ਨਾ ਹੋ ਸਕੇ। ਤਾਂ ਵੀ ਉਹ ਲੰਬੀ ਜੱਦੋ-ਜਹਿਦ ਉਪਰੰਤ ਖਾਸ ਕਰਕੇ 1919, 1928, 1930-31-32, 1935, 1943, 1946 ਅਤੇ 1950 ਵਿਚ ਵਾਪਰੀਆਂ ਰਾਜਨੀਤਕ ਅਤੇ ਸਮਾਜਿਕ ਘਟਨਾਵਾਂ ਦੇ ਸਿੱਟੇ ਵਜੋਂ ਦੇਸ਼ ਦਾ ਵਿਧਾਨ ਲਿਖਣ ਵਾਲੇ ਮੋਹਰੀਆਂ ਵਿਚ ਸ਼ਾਮਲ ਹੋ ਗਏ। ਬੇਸ਼ੱਕ ਜੋ ਸੰਵਿਧਾਨ ਬਣਿਆ ਤੇ ਲਾਗੂ ਹੋਇਆ ਉਸ ਬਾਰੇ ਉਨ੍ਹਾਂ ਦੀ ਅੰਤ ਰਾਏ ਇਹੀ ਸੀ ਕਿ ਉਹ ਵਿਧਾਨ ਉਨ੍ਹਾਂ ਦੀ ਮਰਜ਼ੀ ਦਾ ਨਹੀਂ ਬਣਿਆ। ਤਦ ਵੀ ਉਹ ਸੰਵਿਧਾਨ ਅੰਦਰ, ਕੁਝ ਕਾਨੂੰਨੀ ਵਿਵਸਥਾਵਾਂ ਅਜਿਹੀਆਂ ਪੈਦਾ ਕਰਨ ਵਿਚ ਸਫਲ ਹੋਏ ਜਿਨ੍ਹਾਂ ਦੇ ਸਿੱਟੇ ਵਜੋਂ ਕਰੋੜਾਂ ਦਬੇ-ਕੁਚਲੇ ਸਮਾਜ ਦੇ ਲੋਕ ਬਾਕੀ ਲੋਕਾਂ ਦੇ ਬਰਾਬਰ ਆ ਖੜ੍ਹੇ।

15 ਅਗਸਤ ਅਤੇ 26 ਜਨਵਰੀ 1950 ਵਿਚ ਇਕ ਬੁਨਿਆਦੀ ਅੰਤਰ ਹੈ ਕਿ 15 ਅਗਸਤ ਨੂੰ ਹਿੰਦੂ ਜਮਾਤ ਦੇ ਪੱਖ ਵਿਚ ਰਾਜਨੀਤਕ ਪ੍ਰਵਰਤਨ ਹੋਇਆ ਅਤੇ 26 ਜਨਵਰੀ ਨੂੰ ਭਾਵੇਂ ਅੰਸ਼ਕ ਹੀ ਸਹੀ, ਭਾਰਤ ਦੀ ਬਹੁਗਿਣਤੀ ਦਲਿਤ ਪਛੜੇ ਵਰਗਾਂ ਦੇ ਹੱਕ ਵਿਚ ਸਮਾਜਿਕ ਪ੍ਰਵਰਤਨ ਹੋਇਆ ਤੇ ਇਕ ਅਜਿਹੀ ਵਿਵਸਥਾ ਪੈਦਾ ਹੋ ਗਈ ਜੋ ਪੂਰਨ ਰੂਪ ਵਿਚ ਮਨੂੰ ਸਿਮਰਤੀ ਵਰਗੇ ਵਿਧਾਨ ਨੂੰ ਉਲੱਦ ਦਿੰਦੀ ਹੈ। ਆਮ ਤੌਰ 'ਤੇ ਭਾਰਤੀ ਲੋਕ ਸੰਵਿਧਾਨਕ ਕਸ਼ਮਕਸ਼ ਬਾਰੇ ਅਣਜਾਣ ਹਨ। ਸੰਵਿਧਾਨ ਨੂੰ 80 ਵਾਰ ਤੋਂ ਵੱਧ ਕੱਟ ਦਿੱਤਾ ਗਿਆ ਹੈ। ਅੰਤ ਸੰਵਿਧਾਨ ਨੂੰ ਬਦਲਣ ਦੀ ਗੱਲ ਤੁਰ ਪਈ ਹੈ ਅਤੇ ਅੱਗੇ ਵਧ ਰਹੀ ਹੈ। ਬੁਨਿਆਦੀ ਕਾਰਨ ਇਹ ਹੈ ਕਿ ਸਭ ਅਧਿਕਾਰ ਮਾਨਣ ਅਤੇ ਕਬਜ਼ੇ ਦੇ ਕਰਨ ਦੀ ਸਮਰੱਥਾ ਦੇ ਬਾਵਜੂਦ ਵੀ ਉੱਚੀਆਂ ਜਾਤੀਆਂ ਦੇ ਰਾਜਨੀਤਕ ਸ਼ਕਤੀ ਨੂੰ ਲਗਾਤਾਰ ਖੋਰਾ ਲੱਗ ਰਿਹਾ ਹੈ ਅਤੇ ਸੰਵਿਧਾਨ ਪ੍ਰਬੰਧਾਂ ਨੇ ਕਾਨੂੰਨੀ ਵਿਵਸਥਾ ਦਬੇ-ਕੁਚਲੇ ਸਮਾਜ ਨੂੰ ਲਗਾਤਾਰ ਉਸਾਰ ਅਤੇ ਉਭਾਰ ਵਿਚ ਲਿਆਂਦਾ ਹੈ। ਰਾਜਨੀਤਕ, ਸਮਾਜਿਕ, ਆਰਥਿਕ ਅਤੇ ਵਿੱਦਿਅਕ ਹਿੱਸੇਦਾਰੀ ਲਗਾਤਾਰ ਵਧ ਰਹੀ ਹੈ। ਦਬੇ-ਕੁਚਲੇ ਸਮਾਜ ਅੰਦਰ ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਦੀ ਚੇਤਨਤਾ ਹਰ ਰੁਕਾਵਟ ਦੇ ਬਾਵਜੂਦ ਵੀ ਵਧ ਰਹੀ ਹੈ। ਪਛੜੇ ਵਰਗਾਂ ਦੀ ਬਹੁਗਿਣਤੀ ਦਾ ਵਲੇਵਾਂ ਵਜਨੀ ਬਣ ਰਿਹਾ ਹੈ। ਉੱਚੀਆਂ ਜਾਤੀਆਂ ਜੋ ਮੂਲ ਰੂਪ ਵਿਚ ਤੁੱਛ ਗਿਣਤੀ ਹਨ, ਨੂੰ ਗਲਬਾ ਕਾਇਮ ਰੱਖਣਾ ਬਹੁਤ ਹੀ ਔਖਾ ਹੋ ਰਿਹਾ ਹੈ, ਤਾਂ ਉਨ੍ਹਾਂ ਨੂੰ ਸੰਵਿਧਾਨ ਬਦਲਣ ਤੋਂ ਬਿਨਾਂ ਦੂਜਾ ਕੋਈ ਠੋਸ ਰਸਤਾ ਨਜ਼ਰ ਨਹੀਂ ਆ ਰਿਹਾ।

ਇਸੇ ਕਰਕੇ ਅਸੀਂ ਨਿਰਨਾ ਕਰਦੇ ਹਾਂ ਕਿ ਉੱਚੀਆਂ ਜਾਤੀਆਂ ਦੀ ਰਾਜਨੀਤਕ ਸ਼ਕਤੀ ਅਤੇ ਸੰਵਿਧਾਨ ਦੁਆਰਾ ਕੀਤੇ ਸਮਾਜਿਕ ਪ੍ਰਵਰਤਨ ਵਿਚਕਾਰ ਇਕ ਠੰਢੀ ਜੰਗ ਲਗਾਤਾਰ ਜਾਰੀ ਹੈ। ਇਕ ਧਿਰ ਮੰਨੂ ਸਿਮਰਤੀ ਦਾ ਰਾਜ ਚਾਹੁੰਦੀ ਹੈ, ਦੂਜੀ ਬਰਾਬਰੀ ਅਤੇ ਪੱਕੀ ਕਾਨੂੰਨੀ ਸਮਾਨਤਾ ਦਾ ਰਾਜ। ਇਕ ਧਿਰ ਪੰਦਰਾਂ ਤੋਂ ਵੀਹ ਪ੍ਰਤੀਸ਼ਤ ਸਮੂਹਾਂ ਦੀ ਪ੍ਰਤੀਨਿਧ ਹੈ। ਦੂਜੀ ਧਿਰ ਅੱਸੀ ਪਚਾਸੀ ਫੀਸਦੀ ਦਾ ਮਸਲਾ ਹੈ। ਕਿਉਂਕਿ ਸਾਰੇ ਮਸਲਿਆਂ ਦਾ ਹੱਲ ਅਤੇ ਉਧੇੜ ਬੁਣ ਰਾਜਨੀਤਕ ਸ਼ਕਤੀ ਕੋਲ ਹੁੰਦੇ ਹਨ। ਇਸ ਲਈ ਦਿਨੋ-ਦਿਨ ਪੈਦਾ ਹੋ ਰਹੀ ਰਾਜਸੀ ਕਮਜ਼ੋਰੀ, ਘੱਟ ਗਿਣਤੀ ਵਰਗਾਂ ਨੂੰ ਸੰਵਿਧਾਨਕ ਅੜਿੱਕੇ ਦੂਰ ਕਰਨ ਵੱਲ ਲਿਜਾਂਦੀ ਹੈ। ਕਿਉਂਕਿ ਸੰਵਿਧਾਨ ਨੂੰ ਪੂਰਾ ਬਦਲਣਾ ਸੰਭਵ ਨਹੀਂ ਰਿਹਾ, ਇਸ ਕਰਕੇ ਇਸ ਨੂੰ ਥੋੜਾ-ਥੋੜਾ ਪਰੰਤੂ ਲਗਾਤਾਰ ਖੋਰਾ ਲਗਾਇਆ ਗਿਆ। ਜਦ ਫਿਰ ਵੀ ਦੱਬਿਆ ਸਮਾਜ ਉਭਾਰ ਵੱਲ ਵਧਦਾ ਰਹਿਆ ਤਾਂ ਸੰਵਿਧਾਨ ਬਦਲ

ਦੇਣ ਦਾ ਇਰਾਦਾ ਸਾਹਮਣੇ ਆਇਆ ।

ਖਾਸ ਕਰਕੇ ਦਲਿਤ ਪਛੜੇ ਵਰਗਾਂ ਨੂੰ ਅਤੇ ਉਨ੍ਹਾਂ ਵਿਚੋਂ ਪੜ੍ਹੇ-ਲਿਖੇ ਅਤੇ ਕਰਮਚਾਰੀ ਬਣਕੇ ਅੱਗੇ ਨਿਕਲੇ ਵਰਗਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੰਵਿਧਾਨ ਦੀ ਅਜਿਹੀ ਵਿਵਸਥਾ ਜਿਸ ਨਾਲ ਉਹ ਖੱਡਿਆ ਵਿਚੋਂ ਨਿਕਲਕੇ ਜਿਉਣ ਜੋਗੇ ਹੋਏ ਹਨ, ਉਸ ਨੂੰ ਪੈਦਾ ਕਰਨ ਲਈ ਸੈਂਕੜੇ ਸਾਲ ਦਲਿਤ ਪਛੜੇ ਮਹਾਂ ਪੁਰਸ਼ਾਂ ਵੱਲੋਂ ਸੰਘਰਸ਼ ਲੜਿਆ ਗਿਆ । ਇਹ ਸੰਘਰਸ਼ ਕਾਂਗਰਸ ਦੀ ਇਕ ਤਰਫਾ ਅਜ਼ਾਦੀ ਤੋਂ ਬਹੁਤ ਪੁਰਾਣਾ ਹੈ । ਜੋ ਅਠਾਰਵੀਂ ਸਦੀ ਵਿਚ ਸ਼ੁਰੂ ਹੋ ਗਿਆ ਸੀ ਤੇ ਆਦਿ ਵਾਸੀ ਕਬੀਲਾ ਜਾਤੀਆਂ ਨੇ ਇਸ ਅਜ਼ਾਦੀ ਲਈ ਤੀਹ ਹਜ਼ਾਰ ਤੋਂ ਵੱਧ ਜਾਨਾਂ ਕੁਰਬਾਨ ਕੀਤੀਆਂ ਸਨ । 1848 ਤੋਂ 1891, 1887 ਤੋਂ 1922, 1932 ਤੋਂ 1956 ਤੱਕ ਇਹ ਸੰਘਰਸ਼ ਨਿਰੰਤਰ ਲੜਿਆ ਗਿਆ । ਜਿਸ ਦਾ ਇਕ ਭਾਗ ਆਦਿ ਧਰਮ ਅੰਦੋਲਨ ਪੰਜਾਬ ਹੈ । 1857 ਵਿਚ ਪਛੜੇ ਵਰਗਾਂ ਨੇ ਬੇਹੱਦ ਲਸਾਨੀ ਕੁਰਬਾਨੀਆਂ ਕੀਤੀਆਂ । 1885 ਤੋਂ 1946 ਤੱਕ ਬੇਸ਼ੁਮਾਰ ਬਲੀਦਾਨ ਕੀਤੇ, ਪਰੰਤੂ ਇਕ ਕਾਨੂੰਨੀ ਵਿਵਸਥਾ ਤੋਂ ਬਿਨਾਂ ਬਹੁਗਿਣਤੀ ਨੂੰ ਹੋਰ ਕੁਝ ਵੀ ਹਾਸਲ ਨਹੀਂ ਹੋਇਆ । ਕਾਨੂੰਨੀ ਵਿਵਸਥਾ ਨੇ ਸਾਨੂੰ 30 ਲੱਖ ਦੇ ਕਰੀਬ ਅਛੂਤਾਂ ਨੂੰ ਸਰਕਾਰੀ ਨੌਕਰੀਆਂ ਵਿਚ ਪ੍ਰਵੇਸ਼ ਕਰਾਇਆ । ਸੈਂਕੜੇ ਐਮ.ਪੀ. ਤੇ ਐੱਮ.ਐਲ.ਏ. ਬਣਾਏ । ਉੱਚੇ ਰੁਤਬੇ ਦੁਆਏ ।

ਪਰੰਤੂ ਸਮਝਣ ਵਾਲਾ ਮੂਲ ਪ੍ਰਸ਼ਨ ਇਹ ਹੈ ਕਿ ਭਾਰਤੀ ਸਮਾਜ ਅੰਦਰ ਜੋ ਵੀ ਰਾਜਸੀ, ਸਮਾਜਿਕ, ਆਰਥਿਕ, ਵਿੱਦਿਅਕ ਅਤੇ ਪ੍ਰਸ਼ਾਸਨ ਪ੍ਰਵਰਤਨ ਹੋਇਆ ਹੈ, ਉਹ ਐਵੇਂ ਕਿਵੇਂ ਨਹੀਂ ਹੋ ਗਿਆ । ਕਰੀਬ ਦੋ ਸੌ ਸਾਲ ਦਾ ਲੰਬਾ ਇਤਿਹਾਸ ਹੈ, ਇਸ ਪ੍ਰਵਰਤਨ ਦੇ ਪਿੱਛੇ । ਜਿਨ੍ਹਾਂ ਲੋਕਾਂ ਨੂੰ ਅੱਜ ਤੱਕ ਅਜਿਹਾ ਸੋਚਣ-ਸਮਝਣ ਦਾ ਮੌਕਾ ਨਹੀਂ ਮਿਲਿਆ, ਉਨ੍ਹਾਂ ਲਈ ਅਸੀਂ ਦੋ ਸੌ ਸਾਲ ਸਮਾਜਿਕ ਬਰਾਬਰੀ ਅਤੇ ਅਜ਼ਾਦੀ ਦੇ ਸੰਘਰਸ਼ ਦਾ ਸਿਰਫ ਇੱਕ ਤੁੱਛ ਰੂਪ ਉੱਪਰ ਪੇਸ਼ ਕੀਤਾ ਹੈ ਅਤੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਦੋਂ ਮਹਾਤਮਾ ਗਾਂਧੀ ਅਤੇ ਉਨ੍ਹਾਂ ਦੀ ਕਾਂਗਰਸ ਦੇਸ਼ ਦੀ ਸੀਮਤ ਅਜ਼ਾਦੀ ਦੀ ਜੰਗ ਲੜ ਰਹੇ ਸਨ ਤਾਂ ਸਾਡੇ ਬਜ਼ੁਰਗ ਭਾਰਤੀ ਅਬਾਦੀ ਦੇ ਤਿੰਨ ਹਿੱਸੇ ਲੋਕਾਂ ਦੀ ਮਨੁੱਖੀ ਬਰਾਬਰੀ ਅਤੇ ਦੂਹਰੀ ਗੁਲਾਮੀ ਤੋਂ ਮੁਕਤ ਹੋਣ ਵਾਸਤੇ ਲੜ ਰਹੇ ਸਨ । ਜਿਸ ਦਾ ਇਕ ਨਮੂਨਾ ਆਦਿ ਧਰਮ ਮੰਡਲ ਪੰਜਾਬ ਵੱਲੋਂ ਦਿੱਤਾ ਗਿਆ ਉਪਰੋਕਤ ਮੈਮੋਰੈਂਡਮ ਹੈ ।

ਅਸੀਂ ਰਾਜਨੀਤਕ ਅਜ਼ਾਦੀ ਦੇ ਉਨ੍ਹਾਂ ਸਾਰੇ ਮਹਾਨ ਬਜ਼ੁਰਗਾਂ ਜਿਨ੍ਹਾਂ ਨੇ ਦੋ ਸੌ ਵਰ੍ਹੇ ਲੰਬਾ ਸੰਘਰਸ਼ ਸਾਡੀ ਸਮਾਜਿਕ ਬਰਾਬਰੀ ਅਤੇ ਆਰਥਿਕ ਮੁਕਤੀ ਲਈ ਕੀਤਾ, ਨੂੰ ਯਾਦ ਕਰਦੇ ਹਾਂ ਅਤੇ ਸਿਰ ਝੁਕਾਉਂਦੇ ਹਾਂ ।

ਆਦਿ ਧਰਮ ਲਹਿਰ ਦੀ ਸਮਾਜੀ ਬੁਨਿਆਦ

ਬੇਸ਼ੱਕ ਲਹਿਰ ਬਾਰੇ ਖਾਸ ਕਰਕੇ, ਦੁਆਬੇ ਵਿਚ, ਲਿਖਿਆ ਬੋਲਿਆ ਤੇ ਪਰਚਾਰਿਆ ਗਿਆ ਹੈ । ਪਰੰਤੂ ਇਸ ਲਹਿਰ ਦੀ ਸਮਾਜੀ ਬੁਨਿਆਦ 'ਤੇ ਜੋ ਬਹੁਤ ਜ਼ਿਆਦਾ ਮਹੱਤਵਪੂਰਨ ਨੁਕਤਾ ਸੀ, ਧਿਆਨ ਦਿੱਤਾ ਹੀ ਨਹੀਂ ਗਿਆ, ਉਹ ਇਹ ਕਿ ਆਦਿ ਧਰਮ ਲਹਿਰ ਕੇਵਲ ਚੁਮਾਰਾਂ ਦੀ ਲਹਿਰ ਨਹੀਂ ਸੀ । ਪੰਜਾਬ ਦੀਆਂ ਸਾਰੀਆਂ ਅਛੂਤ ਅਤੇ ਸ਼ੂਦਰ ਜਾਤੀਆਂ (ਭਾਵ ਦਲਿਤ ਪਛੜੀਆਂ ਜਾਤੀਆਂ) ਇਸ ਲਹਿਰ ਦੀਆਂ ਧਿਰ ਸਨ । ਇਨ੍ਹਾਂ ਲੋਕਾਂ ਅੰਦਰ ਭਾਰਤ ਦੇ 70 ਮਿਲੀਅਨ, ਭਾਵ ਸੱਤ ਕਰੋੜ (1926) ਅਪਮਾਨਤ ਲੋਕਾਂ ਦਾ ਦਰਦ ਸੀ । ਪੰਜਾਬ ਅੰਦਰ ਇਨ੍ਹਾਂ ਲੋਕਾਂ ਦੀ ਪਛਾਣ ਲਈ ਮਤਿਆਂ ਅਤੇ ਸੋਧਾਂ ਵਿਚ ਲਿਖਿਆ ਗਿਆ ਕਿ ਜੋ ਲੋਕ ਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰੂ ਨਾਮਦੇਵ ਅਤੇ ਸਤਿਗੁਰੂ ਵਾਲਮੀਕ ਦੇ ਪੈਰੋਕਾਰ ਹਨ ਉਹ ਇਸ ਲਹਿਰ ਦੇ ਬੰਦੇ ਹਨ । ਗੱਲ ਬੜੀ ਸਾਫ ਹੈ ਕਿ ਲਹਿਰ ਦਾ ਮੋਢੀ ਅਤੇ ਮੋਹਰੀ ਭਾਵੇਂ ਚੁਮਾਰ ਸੀ, ਪਰੰਤੂ ਉਸ ਨੇ ਲਹਿਰ ਨੂੰ ਕਿਸੇ ਇਕ ਜਾਤੀ ਦੀ ਜੰਗ ਨਹੀਂ ਬਣਾਇਆ ਅਤੇ ਨਾ ਹੀ ਲਹਿਰ ਵਿਚ ਇਕ ਜਾਤੀ ਦੇ ਹੀ ਲੋਕ ਸ਼ਾਮਲ ਸਨ । ਪੰਜਾਬ ਦੀਆਂ ਦਲਿਤ ਪਛੜੀਆਂ ਜਾਤੀਆਂ ਦੇ ਪ੍ਰਤੀਕ ਹਨ, ਉਪਰੋਕਤ ਰਹਿਬਰ । ਜਿਨ੍ਹਾਂ ਦਾ ਆਪਣਾ ਸੰਘਰਸ਼ ਵੀ ਬ੍ਰਾਹਮਣੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਵਿੱਦਿਅਕ ਢਾਂਚੇ ਦੇ ਵਿਰੁੱਧ ਉੱਠਿਆ ਸੀ । ਜੋ ਉਨ੍ਹਾਂ ਦੇ ਜੀਵਨ ਬਿਰਤਾਂਤਾਂ ਵਿਚੋਂ ਸਾਫ ਝਲਕਦਾ ਹੈ ।

ਅਸੀਂ ਇਹ ਸੋਚਦੇ ਸਾਂ ਕਿ ਪੰਜਾਬ ਅੰਦਰ ਦੋ ਜਾਤੀਆਂ ਬਹੁਤ ਭਾਰੂ ਹਨ । ਦੁਆਬੇ, ਮਾਂਝੇ ਦੇ ਚੁਮਾਰ ਅਤੇ ਮਾਲਵੇ-ਮਾਂਝੇ ਦੇ ਮਜ਼ਬੀ । ਇਨ੍ਹਾਂ ਦੋਹਾਂ ਜਾਤੀਆਂ ਦੀ ਗਿਣਤੀ ਪੰਜਾਬ ਦੀ ਹਰ ਜਾਤੀ ਤੋਂ ਕਿਤੇ ਵਿਸ਼ਾਲ ਹੈ । ਇਨ੍ਹਾਂ ਨੇ ਪੂਰਾ ਪੰਜਾਬ ਘੇਰਿਆ ਹੋਇਆ ਹੈ । ਉਦੋਂ ਹਰਿਆਣਾ ਵੀ ਪੰਜਾਬ ਵਿਚ ਸੀ ਅਤੇ ਪਾਕਿਸਤਾਨ ਵੀ । ਕੇਵਲ ਮੁਸਲਮਾਨ ਗਿਣਤੀ ਇਨ੍ਹਾਂ ਦੇ ਬਰਾਬਰ ਤੁਲਦੀ ਸੀ । ਸਾਡਾ ਕਹਿਣ ਦਾ ਭਾਵ ਹੈ ਕਿ ਦੁਆਬੇ-

ਮਾਝੇ ਅੰਦਰ ਰਹਿੰਦੀਆਂ ਅਛੂਤ ਜਾਤੀਆਂ ਨੇ ਤਾਂ ਲਹਿਰ ਨੂੰ ਅਪਨਾਇਆ, ਪਰੰਤੂ ਮਾਲਵੇ ਦੇ ਮਜ਼ਬੀ ਨੇ ਇਸ ਲਹਿਰ ਵੱਲ ਮੂੰਹ ਨਹੀਂ ਕੀਤਾ। ਦਬੇ-ਕੁਚਲੇ ਲੋਕਾਂ ਦਾ ਇਹ ਦੁਖਾਂਤ ਭਿਆਨਕ ਹੈ। ਅੱਜ ਵੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਦੀ ਲਹਿਰ ਨੂੰ ਵੀ ਮਾਲਵੇ ਦੇ ਮਜ਼ਬੀਆਂ ਨੇ ਨਹੀਂ ਅਪਨਾਇਆ। ਡਾ. ਅੰਬੇਡਕਰ ਤੋਂ ਬਾਅਦ ਕਾਂਸ਼ੀ ਰਾਮ ਜੀ ਦੀ ਸਮਾਜਿਕ ਪ੍ਰਵਰਤਨ ਅਤੇ ਆਰਥਿਕ ਮੁਕਤੀ ਦੀ ਲਹਿਰ ਨੂੰ ਦੁਆਬੇ ਦੇ ਮੁਕਾਬਲੇ, ਮਾਲਵੇ ਦੀ ਮਜ਼ਬੀ ਸਿੱਖ ਗਿਣਤੀ ਨੇ ਵੀ ਚੋਖਾ ਅਪਨਾਇਆ ਹੈ। ਹੋਰ ਪਛੜੀਆਂ ਜਾਤੀਆਂ ਨੇ ਵੀ ਇਸ ਲਹਿਰ ਨਾਲ ਜੁੜਨ ਦੀ ਹਿੰਮਤ ਕੀਤੀ ਹੈ ਤੇ ਇਹ ਰੁਚੀ ਲਗਾਤਾਰ ਉਭਾਰ ਵਿਚ ਹੈ। ਸਿੱਟੇ ਵਜੋਂ ਲਹਿਰ ਦਾ ਨਿਰਮਾਣ ਵਿਸ਼ਾਲ ਹੈ।

ਜਦੋਂ ਕਿ ਆਦਿ ਧਰਮ ਲਹਿਰ ਜੋ ਅੰਬੇਡਕਰ ਦੀ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਦਾ ਅਧਾਰ ਬਣੀ। ਇਹ ਮਾਲਵੇ ਦੀ ਮਜ਼ਬੀ ਵਿਸ਼ਾਲ ਜਾਤੀ ਤੋਂ ਪੂਰੀ ਤਰ੍ਹਾਂ ਪਰ੍ਹਾ ਰਹੀ। ਹਾਲਾਂ ਕਿ ਪੰਜਾਬ ਦੀ ਇਹ ਇਕੋ-ਇਕ ਜਾਤੀ ਹੈ ਜੋ ਅੱਜ ਵੀ ਖੇਤ ਮਾਲਕ ਜੱਟ ਜਾਤੀ ਦੀ ਧਾਰਮਿਕ, ਸਮਾਜਿਕ ਅਤੇ ਆਰਥਿਕ ਅਤੇ ਰਾਜਨੀਤਕ ਤੌਰ 'ਤੇ ਸਭ ਤੋਂ ਵੱਧ ਗੁਲਾਮ ਹੈ। ਸਿੱਟੇ ਵਜੋਂ ਇਸ ਜਾਤੀ ਦੀ ਦੁਰ-ਦਸ਼ਾ ਬਹੁਤ ਭਿਆਨਕ ਹੈ। ਪਰੰਤੂ ਇਸ ਵਿਸ਼ਾਲ ਜਾਤੀ ਨੇ ਬ੍ਰਾਹਮਣੀ ਸਿਸਟਮ ਅਤੇ ਛੂਤ-ਛਾਤ ਵਿਰੁੱਧ ਕਦੀ ਵੀ ਕੋਈ ਇਤਿਹਾਸਕ ਅੰਦੋਲਨ ਨਹੀਂ ਕੀਤਾ। ਸਿੱਖ ਸਮੂਹ ਵਿਚ ਇਹ ਵਿਸ਼ਾਲ ਜਾਤੀ ਕੇਵਲ ਗਿਣਤੀ ਵਧਾਉਣ ਤੋਂ ਵੱਧ ਕੁਝ ਵੀ ਨਹੀਂ ਹੈ। ਹਰ ਪਿੰਡ ਵਿਚ ਇਹ ਸਭ ਤੋਂ ਵੱਧ ਸੋਸ਼ਤ ਅਤੇ ਅਪਮਾਨਤ ਹੈ। ਇਹ ਕੇਵਲ ਖੇਤਾਂ ਉੱਪਰ ਨਿਰਭਰ ਹੀ ਨਹੀਂ, ਚੌਵੀ ਘੰਟੇ ਦੀ ਗੁਲਾਮ ਵੀ ਹੈ। ਦੂਜਿਆਂ ਦੇ ਮੁਕਾਬਲੇ ਇਸ ਜਾਤੀ ਸਮੂਹ ਦਾ ਮਾਨਸਿਕ ਵਿਕਾਸ ਪੱਧਰ ਬਹੁਤ ਨੀਵਾਂ ਹੈ। ਇਸ ਦਾ ਜਿਸਮਾਨੀ ਤੇ ਬੌਧਕ ਸ਼ੋਸ਼ਨ ਵੱਡੀ ਪੱਧਰ 'ਤੇ ਹੋਇਆ ਹੈ।

ਆਦਿ ਧਰਮ ਲਹਿਰ ਸਮੇਂ ਇਸ ਦਾ ਕੋਈ ਖਾਸ ਯੋਗਦਾਨ ਸਾਨੂੰ ਨਜ਼ਰ ਨਹੀਂ ਆਉਂਦਾ। ਜਦੋਂ ਕਿ ਇਹ ਲਹਿਰ ਦਲਿਤ ਪਛੜੀਆਂ ਸਭ ਜਾਤੀਆਂ ਦੀ ਪ੍ਰਤੀਨਿਧ ਲਹਿਰ ਐਲਾਨੀ ਗਈ, ਪਰ ਪੰਜਾਬ ਅੰਦਰ ਕਿਸੇ ਵੀ ਸਮਾਜਿਕ ਕ੍ਰਾਂਤੀ ਦੀ ਕਾਮਯਾਬੀ ਲਈ, ਮਜ਼ਬੀ ਜਾਤੀ ਦਾ ਲਹਿਰ ਨੂੰ ਮੁਖਾਤਵ ਹੋਣਾ ਜ਼ਰੂਰੀ ਹੈ। ਜਾਤ ਦੀ ਮਾਨਸਿਕਤਾ ਹਰ ਲਹਿਰ ਦੇ ਰਾਹ ਵਿਚ ਅੜਿੱਕਾ ਹੈ, ਰੋੜਾ ਹੈ। ਇਸੇ ਕਰਕੇ ਮਨੂੰਵਾਦ 'ਤੇ ਹਮਲਾ ਕਰਨ ਵਾਲੀ ਹਰ ਲਹਿਰ ਅੰਤ ਥੋੜ੍ਹੇ ਜਿਹੇ ਨਿਸ਼ਾਨ ਛੱਡਕੇ ਸਮਾਪਤ ਹੋ ਜਾਂਦੀ ਹੈ। ਜਦੋਂ ਕਿ ਹਰ ਲਹਿਰ 'ਸ਼ੂਦਰ-ਅਛੂਤ' ਦੀ ਸਮਾਜੀ ਭੂਮੀ 'ਤੇ ਖੜ੍ਹੀ ਹੁੰਦੀ ਹੈ, ਭਾਵ ਦਲਿਤ ਪਛੜੀਆਂ ਜਾਤੀਆਂ ਦਾ ਸਮੂਹ ਹੀ ਲਹਿਰ ਦੀ ਬੁਨਿਆਦ ਬਣਦਾ ਹੈ। ਜਿਨ੍ਹਾਂ ਦੇ ਸੰਘਰਸ਼ ਉਪਰੰਤ ਜੋ ਵੀ ਲਾਭ ਹੁੰਦਾ ਹੈ, ਉਹ ਹਰ ਅਛੂਤ ਜਾਤੀ ਨੂੰ ਬਰਾਬਰ ਹੁੰਦਾ ਹੈ। ਆਦਿ ਧਰਮ ਲਹਿਰ ਨੇ ਜੋ ਵੀ ਪ੍ਰਾਪਤ ਕੀਤਾ ਉਹ ਪੰਜਾਬ ਦੀ ਹਰ ਅਛੂਤ ਜਾਤੀ ਨੂੰ ਮਿਲਿਆ ਨਾ ਕਿ ਇਕ ਜਾਤੀ ਨੂੰ। ਅਧਿਕਾਰਾਂ ਦੀ ਪੌੜੀ 'ਤੇ ਚੜ੍ਹਨ ਲਈ ਵੀ ਤੀਬਰਤਾ, ਤਾਂਘ, ਚੇਤਨਾ ਅਤੇ ਚਾਹਤ ਦੀ ਜ਼ਰੂਰਤ ਹੁੰਦੀ ਹੈ। ਜਿਨ੍ਹਾਂ ਸਮੂਹਾਂ ਵਿਚ ਇਨ੍ਹਾਂ ਮਾਨਸਿਕਤਾਵਾਂ ਦੀ ਕਮੀਂ ਹੁੰਦੀ ਹੈ, ਉਹ ਅਧਿਕਾਰ ਹੁੰਦਿਆਂ ਵੀ ਪਛੜ ਜਾਂਦੀਆਂ ਹਨ। ਕੁਝ ਜਾਤੀ ਸਮੂਹ ਸੰਘਰਸ਼ ਕਰਦਿਆਂ ਆਪਣੇ ਅੰਦਰ ਉਸਾਰੂ ਰੁਚੀਆਂ ਦਾ ਚਰਿੱਤਰ ਬਣਾ ਲੈਂਦੀਆਂ ਹਨ। ਕੁਝ ਅਜਿਹਾ ਨਹੀਂ ਕਰਦੀਆਂ। ਪਛੜਵੇਂਪਣ ਦੇ ਵੀ ਕਾਰਨ ਹੁੰਦੇ ਹਨ। ਆਦਿ ਧਰਮ ਲਹਿਰ ਵਿਚ ਹਮੇਸ਼ਾ ਵਾਂਗ, ਹੋਰ ਪਛੜੀਆਂ (ਸਛੂਤ) ਜਾਤੀਆਂ ਨੇ ਵੀ ਯੋਗਦਾਨ ਨਹੀਂ ਪਾਇਆ। ਉਹ ਭਿੱਟ ਦੀ ਮਾਨਸਿਕਤਾ ਅਤੇ ਉੱਚੀ ਜਾਤ ਦਾ ਘੁਮੰਡ ਦੇ ਸ਼ਿਕਾਰ ਰਹਿੰਦੀਆਂ ਹਨ। ਇਸੇ ਕਰਕੇ ਬਹੁਗਿਣਤੀ ਸ਼ੂਦਰ ਲੋਕ ਹਰ ਥਾਂ 'ਤੇ ਅਪਮਾਨਤ ਹਨ, ਕਿਉਂਕਿ ਉਹ ਆਪਣੇ ਤੋਂ ਨੀਂਵੇਂ ਦਰਜੇ ਨੂੰ ਮਾਨਤਾ ਅਤੇ ਸਨਮਾਨ ਅਤੇ ਬਰਾਬਰੀ ਨਹੀਂ ਦਿੰਦੇ। ਇਉਂ ਹੀ ਉਤਲੇ ਉਨ੍ਹਾਂ ਨੂੰ ਮਾਣ-ਸਨਮਾਨ ਨਹੀਂ ਦਿੰਦੇ। ਸਿੱਟੇ ਵਜੋਂ ਸ਼ੂਦਰ ਲੋਕ ਹਰ ਥਾਂ ਅਪਮਾਨਤ ਰਹਿੰਦੇ ਹਨ।

ਇਹ ਦੁੱਖ ਦੀ ਗੱਲ ਹੈ ਕਿ ਆਦਿ ਧਰਮ ਦੀ ਲਹਿਰ ਦਾ ਸਰਬ ਨਿਮਨ ਜਾਤੀ ਕਰੈਕਟਰ ਉਭਾਰਿਆ ਨਹੀਂ ਗਿਆ। ਸਗੋਂ ਇਕ ਜਾਤੀ ਨੇ ਹੀ ਇਸ ਨੂੰ ਆਪਣੀ ਪਛਾਣ ਹੇਠ ਲੈ ਲਿਆ। ਨਤੀਜਾ ਇਹ ਨਿਕਲਿਆ ਕਿ ਬਾਕੀ ਸਾਰੀਆਂ ਜਾਤੀਆਂ ਨੇ ਲਹਿਰ ਨੂੰ ਆਪਣਾ ਨਹੀਂ ਮੰਨਿਆ। ਜਦੋਂ ਕਿ ਲਹਿਰ ਨੇ ਜੋ ਖੱਟਿਆ-ਵੱਟਿਆ ਉਹ ਸਾਰੀਆਂ ਅਛੂਤ ਤੇ ਪਛੜੀਆਂ ਜਾਤੀਆਂ ਨੂੰ ਬਰਾਬਰ ਮਿਲਿਆ। ਜੇ ਅਛੂਤ ਨਹੀਂ ਪੜ੍ਹ ਸਕਦੇ ਸਨ, ਤਾਂ ਕੀ ਤਰਖਾਣਾਂ, ਛੀਂਬਿਆਂ, ਝਿਉਰਾਂ, ਕੰਬੋਆਂ, ਰਾਵਾਂ, ਲੁਬਾਣਿਆਂ, ਘੁਮਿਆਰਾਂ, ਨਾਈਆਂ, ਭਗਤਾਂ, ਚਾਂਘਾਂ, ਬਾਤੀਆਂ, ਸੈਣੀਆਂ ਵਾਸਤੇ ਸਕੂਲ-ਕਾਲਜਾਂ ਦੀ ਭਰਮਾਰ ਸੀ ? ਕੀ ਉਹ ਰਾਜਨੀਤਕ ਤੌਰ 'ਤੇ ਕੋਈ ਹੱਕ

ਰੱਖਦੇ ਸਨ ? ਨਹੀਂ, ਅਛੂਤਾਂ ਵਾਂਗ ਹੀ ਸਨ ਉਹ ਵੀ ਸਨ । ਫਰਕ ਕੇਵਲ ਐਨਾ ਸੀ ਕਿ ਉਨ੍ਹਾਂ ਕੋਲੋਂ ਵਗਾਰ ਬਿਨਾਂ ਭਿੱਟ ਕੀਤਿਆਂ ਕਰਵਾ ਲਈ ਜਾਂਦੀ ਸੀ । ਪਰ ਜਦੋਂ ਲਹਿਰਾਂ ਦੇ ਸਿੱਟੇ ਵਜੋਂ ਅਧਿਕਾਰ ਮਿਲੇ ਤਾਂ ਸਭ ਨੇ ਅਧਿਕਾਰਾਂ ਦਾ ਆਨੰਦ ਬਰਾਬਰ ਮਾਣਿਆ । ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਲਹਿਰਾਂ ਦੇ ਸਮੂਹਿਕ ਚਰਿੱਤਰ ਅਤੇ ਅਨੁਭਵਾਂ ਨੂੰ ਬਰਾਬਰ ਉਭਾਰਿਆ ਜਾਵੇ ।

ਬੇਸ਼ੱਕ ਬਾਬਾ ਮੰਗੂ ਰਾਮ ਜੀ ਚੁਮਾਰ ਸਨ । ਪਰੰਤੂ ਜਦੋਂ ਉਹ ਗਦਰ ਪਾਰਟੀ ਦਾ ਜਹਾਜ਼ ਹਥਿਆਰਾਂ ਤੇ ਆਦਮੀਆਂ ਨਾਲ ਭਰਕੇ, ਭਾਰਤ ਵੱਲ ਕ੍ਰਾਂਤੀ ਕਰਨ ਤੁਰੇ ਸੀ, ਤਾਂ ਕੀ ਇਹ ਕੇਵਲ ਚੁਮਾਰਾਂ ਵਾਸਤੇ ਸੀ ? ਜਦੋਂ ਉਹ ਸਾਈਮਨ ਕਮਿਸ਼ਨ ਅਤੇ ਲੋਥੀਅਨ ਕਮੇਟੀ ਨਾਲ ਦਸਤ ਪੰਜਾ ਕਰ ਰਹੇ ਸਨ ਤਾਂ ਕੀ ਇਹ ਕੇਵਲ ਚੁਮਾਰਾਂ ਵਾਸਤੇ ਸੀ ? ਉਹ ਤਾਂ ਮੰਨਕੇ, ਐਲਾਨ ਕਰਕੇ ਤੁਰੇ ਸਨ ਕਿ ਅਸੀਂ ਭਾਰਤ ਦੇ ਅਛੂਤਾਂ ਤੇ ਸ਼ੂਦਰਾਂ ਦੀ ਮੁਕਤੀ ਦਾ ਘੋਲ ਲੜਨ ਜਾ ਰਹੇ ਹਾਂ ।

ਉਨ੍ਹਾਂ ਦਾ ਉਨ੍ਹਾਂ ਦੀ ਲਹਿਰ ਦਾ, ਇਹ ਸਰਬਜਾਤੀ ਚਰਿੱਤਰ ਲਗਾਤਾਰ ਨਾ ਉਭਾਰ ਕੇ, ਜਾਤੀ ਵਲਗਣਾਂ ਵਿਚ ਘੇਰ ਕੇ, ਆਪਣੇ ਵਿਸ਼ਾਲ ਸਮਾਜ ਦਾ ਬਹੁਤ ਨੁਕਸਾਨ ਕੀਤਾ ਹੈ । ਜੇ ਦੂਜੀਆਂ ਜਾਤੀਆਂ ਆਦਿ ਧਰਮ ਲਹਿਰ ਨੂੰ ਆਪਣਾ ਨਹੀਂ ਮੰਨਦੀਆਂ ਤਾਂ ਕਸੂਰ ਧਾਰਨਾਵਾਂ ਨੂੰ ਸਹੀ ਪੇਸ਼ ਨਾ ਕਰਨ ਵਾਲਿਆਂ ਦਾ ਹੈ । ਅਸੀਂ ਇਸ ਜੱਦੀ ਗਲਤੀ ਨੂੰ ਦੁਹਰਾਉਣਾ ਨਹੀਂ ਚਾਹੁੰਦੇ । ਇਹ ਗੱਲ ਠੋਕ ਵਜਾ ਕੇ ਰਹਿਣਾ ਚਾਹੁੰਦੇ ਹਾਂ ਕਿ ਬਾਬਾ ਮੰਗੂ ਰਾਮ ਦੀ ਆਦਿ ਧਰਮ ਲਹਿਰ ਦਾ ਕਰੈਕਟਰ ਸਮੂਹ ਸ਼ੂਦਰ-ਅਛੂਤ ਅਪਮਾਨ ਜਾਤੀਆਂ ਵਾਲਾ ਸੀ, ਜੋ ਸਰਬ ਭਾਰਤੀ ਸੀ । ਜਿਵੇਂ ਡਾ. ਅੰਬੇਡਕਰ ਨੂੰ ਅਛੂਤਾਂ ਦਾ ਨੇਤਾ ਪੇਸ਼ ਕਰ ਦਿੱਤਾ ਗਿਆ, ਉਵੇਂ ਬਾਬਾ ਮੰਗੂ ਰਾਮ ਜੀ ਨੂੰ ਦੁਆਬੇ ਦੇ ਚੁਮਾਰਾਂ ਦਾ ਨੇਤਾ ਬਣਾ ਦਿੱਤਾ ਗਿਆ । ਕਾਂਸ਼ੀ ਰਾਮ ਨੂੰ ਵੀ ਖਾਸ ਕਰਕੇ ਚੂੜ੍ਹਿਆਂ-ਚੁਮਾਰਾਂ ਦਾ ਨੇਤਾ ਕਿਹਾ ਜਾਂਦਾ ਹੈ ਜਦੋਂ ਕਿ ਭਾਰਤ ਅੰਦਰ ਉੱਭਰੀ ਹਰ ਸਮਾਜਿਕ ਲਹਿਰ ਦਾ ਚਰਿੱਤਰ, ਸਮੁੱਚੀ ਅਪਮਾਨਤ ਦੇ ਦੱਬੀ-ਕੁਚਲੀ ਭਾਰਤੀ ਜਨਤਾ ਦਾ ਹੈ । ਜਿਸ ਨੂੰ ਅਜ਼ਾਦੀ ਦੇ ਪੰਜਾਹ ਵਰ੍ਹੇ ਬੀਤ ਜਾਣ ਤੋਂ ਬਾਅਦ ਵੀ ਸਮਾਜਿਕ, ਧਾਰਮਿਕ, ਆਥਿਕ ਅਤੇ ਰਾਜਨੀਤਕ ਅਜ਼ਾਦੀ ਦੀ ਜ਼ਰੂਰਤ ਹੈ । ਗਲਤ ਧਾਰਨਾਵਾਂ ਪੈਦਾ ਹੋ ਜਾਣ ਦੇ ਦੋ ਮੁੱਖ ਕਾਰਨ ਹਨ, ਦਲਿਤ ਪਛੜੇ ਵਰਗਾਂ ਦੀ ਬੋਧਕ ਮੂਰਖਤਾ ਅਤੇ ਹਿੰਦੂ ਮੀਡੀਏ ਦੀ ਸ਼ੈਤਾਨੀ।

ਬਾਬੂ ਮੰਗੂ ਰਾਮ ਮੁਗੋਵਾਲ ਅਤੇ ਉਨ੍ਹਾਂ ਦਾ ਆਦਿ ਧਰਮ ਅੰਦੋਲਨ

ਸਾਡਾ ਸਪੱਸ਼ਟ ਮੰਤਵ ਹੈ ਸਿੰਧੂ ਭਾਰਤ ਦੇਸ਼ ਦੇ ਆਰੀਆ ਵਰਤ ਬਣਨ ਤੋਂ ਬਾਅਦ ਆਰੀਅਨ ਵਿਧਾਨ ਰਿੱਗ ਵੇਦ ਅਤੇ ਮਨੂੰ ਸਿਮਰਤੀ ਲਿਖੇ ਜਾਣ ਸਮੇਂ ਤੋਂ, ਵਰਣ ਵਿਵਸਥਾ, ਬ੍ਰਾਹਮਣਵਾਦ, ਜਾਤੀਵਾਦ ਅਤੇ ਮਨੂੰਵਾਦ ਸਥਾਪਤ ਹੋ ਜਾਣ ਉਪਰੰਤ, ਉਚ-ਨੀਚ ਅਤੇ ਛੂਤ-ਛਾਤ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਵਸੰਥਾ ਦੇ ਲਾਗੂ ਹੋ ਜਾਣ ਤੋਂ ਬਾਅਦ ਇਸ ਮੁਲਕ ਅੰਦਰ ਹਰ ਸਦੀ ਵਿਚ ਜੋ ਸਮਾਜਿਕ ਬਰਾਬਰੀ ਮਨੁੱਖੀ ਭਾਈਚਾਰੇ ਅਤੇ ਸਮੂਹਿਕ ਅਜ਼ਾਦੀ ਦੀਆਂ ਜੋ ਲਹਿਰਾਂ ਖੜੀਆਂ ਹੋਈਆਂ, ਜੰਗ ਜੂ ਹੋਈਆਂ, ਨਤੀਜੇ ਵਜੋਂ ਅਨੇਕ ਤਬਦੀਲੀਆਂ ਹੋਂਦ ਵਿਚ ਆਈਆ । ਉਨ੍ਹਾਂ ਸਭ ਲਹਿਰਾਂ ਨੂੰ, ਇਸ ਪੁਸਤਕ ਵਿਚ ਸ਼ਾਮਲ ਕਰਕੇ, ਇਕ ਨਿਰੰਤਰ ਅਤੇ ਲੜੀਵਾਰ ਮਨੁੱਖੀ ਸੰਘਰਸ਼ ਦਾ ਇਤਿਹਾਸ ਸਿਰਜਣਾ ਹੈ, ਤਾਂ ਕਿ ਬ੍ਰਾਹਮਣਵਾਦ, ਜਾਤੀਵਾਦ, ਊਚ-ਨੀਚ ਅਤੇ ਛੂਤ-ਛਾਤ ਦੀ ਘਿਰਨਾਂ ਤੋਂ ਮੁਕਤੀ ਪਾਈ ਜਾ ਸਕੇ ।

ਇਸ ਲੜੀ ਵਿਚ ਅਸੀਂ ਆਦਿ ਧਰਮ ਅੰਦੋਲਨ ਦਾ ਇਤਿਹਾਸਕ ਪੱਖ ਪੇਸ਼ ਕਰ ਰਹੇ ਹਾਂ ਕਿ ਜਿਸ ਬਾਰੇ 'ਪੰਜਾਬ ਅੰਦਰ ਧਾਰਮਿਕ ਅੰਦੋਲਨ' ਵਿਚ ਮਾਰਕ ਜਰਜੇਨਜ ਮੇਅਰ ਨੇ ਇਉਂ ਲਿਖਿਆ ਹੈ ।

(Chapter 12. p-124-25) Gandhi's movement, perhaps even more than the Arya Samaj, posed a threat to the Adh-Dharm, because the ideology was so closely similar to its own and Ad-Dharmis regarded Gandhi and his movement in much the way they had perceived. the samaj as subvrsive ploys of the upper castes.

These were other, reasons for the Ad Dharm's opposition as well, matters of temperament-Gandhis pacefic moderation did not sit comfartably with the restless, anghy mood of Ad-Dharm and of political alliances .

Gandhi and the congrless party were anty movement, the congsess was dominated by upper castes Hindus. Who the Ad-Dharm feared would ultimatety, use whatever power, they amassed to extend their domination over the Lower castes and Ad Dharm wanted no part of independence if dependence meant government by Upper Caste Hindus. They prefered to take their chance with the British.

The Ad Dharm report saitas much :As long as India's weak minorities especially Ad. Dharmis and the Mohamdan people are not given Full representation and there is no guaranttee of their proper treatmeat, there should be no change in the central govt. India should not be given Independence until the untouhables are free and equal otherwise it would be a disgrlace to the british ruler.

ਬੜਾ ਸਾਫ ਹੈ ਕਿ ਆਦਿ ਧਰਮ ਅੰਦੋਲਨ, ਗਾਂਧੀ ਦੇ ਅਜ਼ਾਦੀ ਅੰਦੋਲਨ ਤੋਂ ਵਿਰੋਧੀ ਸੀ, ਕਿਉਂਕਿ ਮਹਾਤਮਾ ਦਾ ਅਜ਼ਾਦੀ ਅੰਦੋਲਨ ਉਤਲੀਆ ਜਾਤਾਂ ਦੀ ਹਕੂਮਤ ਕਾਇਮ ਕਰਨ ਤੋਂ ਵੱਧ ਕੁਝ ਨਹੀਂ ਸੀ। ਇਸੇ ਪੁਸਤਕ ਦੇ ਸਫਾ 126 'ਤੇ ਲਿਖਿਆ ਹੈ ਕਿ 1930 ਵਿਚ ਗਾਂਧੀ ਜੀ ਦੀ ਲੂਣ ਸੱਤਿਆ ਗ੍ਰਹਿ ਸਮੇਂ ਜਲੰਧਰ ਵਿਖੇ ਕਾਂਗਰਸੀਆਂ ਅਤੇ ਆਦਿ ਧਰਮੀਆਂ ਵਿਚਕਾਰ ਟਕਰਾ ਹੋਇਆ ਸੀ। ਬਾਬੂ ਮੰਗੂ ਰਾਮ ਨੇ ਗਾਂਧੀ ਅਤੇ ਉਸ ਦੀ ਕਾਂਗਰਸ ਵਿਰੁੱਧ ਰੋਸ ਮਾਰਚ ਵੀ ਕੀਤਾ। ਜਦੋਂ ਮਹਾਤਮਾ ਨੇ ਆਪਣੇ ਆਪ ਨੂੰ ਅਛੂਤਾਂ ਦਾ ਅਸਲੀ ਨੇਤਾ ਸਾਬਤ ਕਰਨ ਦੀ ਵਾਹ ਲਗਾਈ ਤਾਂ ਬਾਬੂ ਮੰਗੂਰਾਮ ਨੇ ਡਾਕਟਰ ਅੰਬੇਡਕਰ ਦੇ ਹੱਕ ਵਿਚ ਟੈਲੀਗਰਾਮਾਂ ਦੀ ਝੜੀ ਲਗਾ ਦਿੱਤੀ ਤੇ ਸਾਬਤ ਕਰ ਦਿੱਤਾ ਕਿ ਅਛੂਤਾਂ ਦਾ ਨੇਤਾ ਡਾ. ਅੰਬੇਡਕਰ ਹੈ। ਅਸਲ ਵਿਚ ਬਾਬੂ ਜੀ, ਭਾਰਤ ਦੇ ਅਛੂਤਾਂ ਨੂੰ ਆਦਿ ਧਰਮੀ ਸਮੂਹ ਵਜੋਂ ਸਿੱਖਾਂ, ਮੁਸਲਮਾਨਾਂ, ਇਸਾਈਆ ਤੇ ਹਿੰਦੂਆਂ ਆਦਿ ਵਾਂਗ ਇਕ ਵੱਖਰੀ ਕੌਮੀਅਤ ਵਜੋਂ ਪਛਾਣ ਕਰਾਉਣ ਲਈ ਲੜ ਰਹੇ ਸਨ ਤਾਂ ਕਿ ਉਹ ਅਜ਼ਾਦੀ ਦੇ ਹੱਕਾਂ ਨੂੰ ਬਰਾਬਰ ਮਾਣ ਸਕਣ।

ਪੁਸਤਕ ਨੂੰ ਧਿਆਨ ਵਿਚ ਰੱਖਦਿਆਂ ਕੁਝ ਬੁਨਿਆਦੀ ਨੁਕਤੇ ਹੀ ਪੇਸ਼ ਕੀਤੇ ਜਾਣੇ ਹਨ। ਬਾਬੂ ਮੰਗੂ ਰਾਮ ਨੇ ਅੰਦੋਲਨ ਤੱਕ ਦਾ ਸਫਰ ਕਿਉਂ ਕੀਤਾ, ਇਸ ਬਾਰੇ ਉਨ੍ਹਾਂ ਦੀ ਆਪਣੀ ਜ਼ਬਾਨੀ ਇਹ ਪਿਛੋਕੜੀ ਬਿਰਤਾਂਤ ਕਾਫੀ ਹਨ:-ਮੇਰੀ ਵਿਦੇਸ਼ ਯਾਤਰਾ ਅਤੇ ਮੇਰਾ ਜੀਵਨ ਬਿਰਤਾਂਤ ਵਿਚ ਮੰਗੂ ਰਾਮ ਜੀ ਲਿਖਦੇ ਹਨ ਕਿ ਮੇਰਾ ਜਨਮ 1886 ਈ. 14 ਜਨਵਰੀ ਨੂੰ ਪਿੰਡ ਮੁਗੋਵਾਲ ਵਿਚ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਮੈਂ ਤਿੰਨ ਵਰ੍ਹਿਆਂ ਦਾ ਸੀ, ਜਦੋਂ ਮੇਰੀ ਮਾਤਾ ਗੁਜਰ ਗਈ। ਸੱਤ ਸਾਲ ਦੀ ਉਮਰ ਵਿਚ ਪਿੰਡ ਦੇ ਇਕ ਸਾਧ ਕੋਲ ਪੜ੍ਹਨ ਪਾ ਦਿੱਤਾ ਤੇ ਮੈਂ 6 ਮਹੀਨੇ ਉਨ੍ਹਾਂ ਕੋਲ ਗੁਰਮੁਖੀ ਪੜ੍ਹੀ। ਉਸ ਤੋਂ ਬਾਅਦ ਮੈਂ ਪਿਤਾ ਜੀ ਨਾਲ ਦੇਹਰਾਦੂਨ ਚਾਲ ਗਿਆ ਅਤੇ ਉਨ੍ਹਾਂ ਮੈਨੂੰ ਇਕ ਪ੍ਰਾਈਵੇਟ ਸਕੂਲ ਪਿੰਡ ਹਰਪੁਰ ਜ਼ਿਲ੍ਹਾ ਦੇਹਰਾਦੂਨ ਵਿਚ ਦਾਖਲ ਕਰਵਾ ਦਿੱਤਾ। ਉਥੇ ਦੋ ਸਾਲ ਪੜ੍ਹਿਆ ਤੇ ਫਿਰ ਪਿਤਾ ਜੀ ਨਾਲ ਪਿੰਡ ਵਾਪਸ ਆ ਗਿਆ। ਇਥੇ ਆ ਕੇ ਪਿੰਡ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ। ਫਿਰ ਇਕ ਸਾਲ ਟੂਟੋ ਮਜਾਰਾ ਦੇ ਸਕੂਲ ਵਿਚ ਪੜ੍ਹਿਆ, ਜਦੋਂ ਮੈਂ ਉਥੇ ਪੜ੍ਹ ਰਿਹਾ ਸੀ ਤਾਂ ਉਹ ਸਕੂਲ ਬੰਦ ਹੋ ਗਿਆ, ਤੇ ਫਿਰ ਮੈਨੂੰ ਮਾਹਲਪੁਰ ਸਕੂਲ ਵਿਚ ਪੜ੍ਹਨ ਜਾਣਾ ਪਿਆ। ਛੂਆ-ਛਾਤ ਦਾ ਜ਼ੋਰ ਹੋਣ ਕਰਕੇ ਮੈਨੂੰ ਸਕੂਲ ਦੇ ਕਿਸੇ ਕਮਰੇ ਵਿਚ ਨਹੀਂ ਬਿਠਾਇਆ ਜਾਂਦਾ ਸੀ। ਮੈਂ ਕਮਰੇ ਦੇ ਬਾਹਰ ਤਾਕੀ ਰਾਹੀਂ ਦੇਖ ਕੇ ਪੜ੍ਹਦਾ ਸੀ। ਗਰਮੀਆਂ ਦੇ ਦਿਨਾਂ ਵਿਚ ਮੈਂ ਧੁੱਪ ਵਿਚ ਛਤਰੀ ਲੈ ਕੇ ਬੈਠਦਾ ਸੀ ਅਤੇ ਸਰਦੀਆਂ ਨੂੰ ਜਦੋਂ ਦੂਸਰੇ ਬੱਚੇ ਧੁੱਪੇ ਬੈਠਦੇ ਸਨ ਤਾਂ ਮੈਨੂੰ ਛਾਵੇਂ ਬੈਠਣਾ ਪੈਂਦਾ ਸੀ, ਅਜਿਹੀਆਂ ਦੁੱਖ-ਮੁਸੀਬਤਾਂ ਸਹਿੰਦਾ ਵੀ ਮੈਂ ਆਪਣੀ ਜਮਾਤ ਵਿਚ ਤੀਸਰੇ ਨੰਬਰ 'ਤੇ ਆਇਆ ਤੇ ਸਾਨੂੰ ਪਹਿਲੇ ਤਿੰਨ ਦਰਜੇ 'ਤੇ ਆਉਣ ਵਾਲਿਆਂ ਨੂੰ ਪਟਵਾਰ ਲਈ ਦਾਖਲ ਹੋਣ ਦੀ ਪ੍ਰਵਾਨਗੀ ਮਿਲ ਗਈ। ਪਰ ਮੇਰੇ ਪਿਤਾ ਜੀ ਚਮੜੇ ਦੇ ਵਿਉਪਾਰੀ ਸਨ, ਉਨ੍ਹਾਂ ਦਾ ਮਾਲ ਗੱਡੀਆਂ ਰਾਹੀਂ ਬਿਲਟੀ ਕੀਤਾ ਜਾਂਦਾ ਸੀ ਤੇ ਬਿਲਟੀਆਂ ਸਿਰਫ ਅੰਗਰੇਜ਼ੀ ਵਿਚ ਹੀ ਹੁੰਦੀਆਂ ਸਨ ਅਤੇ ਅੰਗਰੇਜ਼ੀ ਜਾਨਣ ਵਾਲੇ ਬਹੁਤ ਹੀ ਘੱਟ ਵਿਅਕਤੀ ਸਨ ਜਿਹੜੇ ਅੰਗਰੇਜ਼ੀ

ਜਾਣਦੇ ਸਨ । ਉਹ ਸਾਰਾ ਦਿਨ ਕੰਮ ਕਰਾਉਂਦੇ ਤੇ ਸ਼ਾਂ ਨੂੰ ਬਿਲਟੀ ਪੜ੍ਹਦੇ ਸਨ । ਇਸ ਗੱਲ ਤੋਂ ਤੰਗ ਆ ਕੇ ਮੇਰੇ ਪਿਤਾ-ਜੀ ਨੇ ਮੈਨੂੰ ਅਮੀਂ ਚੰਦ ਹਾਈ ਸਕੂਲ ਬਜਵਾੜੇ ਦਾਖਲ ਕਰਵਾ ਦਿੱਤਾ । ਉਥੇ ਮੈਂ ਅੰਗਰੇਜ਼ੀ ਦੀ ਜੂਨੀਅਰ ਅਤੇ ਸੀਨੀਅਰ ਕਲਾਸ ਪੜ੍ਹੀ ।

ਸਰਦੀਆਂ-ਗਰਮੀਆਂ ਅਤੇ ਬਾਰਸ਼ ਵਿਚ ਵੀ ਮੈਨੂੰ ਬਾਹਰ ਹੀ ਬੈਠਣਾ ਪੈਂਦਾ ਸੀ, ਕਿਉਂਕਿ ਛੂਆ-ਛਾਤ ਕਾਰਨ ਮੈਨੂੰ ਅਲੱਗ ਹੀ ਬਿਠਾਇਆ ਜਾਂਦਾ। 1905 ਵਿਚ ਮੇਰੇ ਸਕੂਲ ਵਿਚ ਇਕ ਅਜਿਹੀ ਘਟਨਾ ਵਾਪਰੀ ਜਿਸਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ । ਇਕ ਦਿਨ 2 ਵਜੇ ਸਖਤ ਅੰਧੇਰੀ ਆਈ, ਜਿਸ ਨਾਲ ਮੇਰੀ ਛਤਰੀ ਟੁੱਟ ਗਈ, ਬਾਰਸ਼ ਬਹੁਤ ਜ਼ਿਆਦਾ ਹੋਣ ਲੱਗ ਪਈ, ਗੜ੍ਹੇ ਪੈਣ ਲੱਗ ਪਏ ਗੜ੍ਹਿਆ ਦੀ ਸੱਟ ਤੋਂ ਤੰਗ ਆ ਕੇ ਮੈਂ ਦੌੜ ਕੇ ਸਕੂਲ ਦੇ ਕਮਰੇ ਅੰਦਰ ਜਾ ਵੜਿਆ । ਮੇਰਾ ਅਧਿਆਪਕ ਮਾ. ਪੋਲੋ ਰਾਮ ਬ੍ਰਾਹਮਣ ਸੀ, ਉਸ ਨੇ ਮੈਨੂੰ ਬਹੁਤ ਮਾਰਿਆ ਅਤੇ ਮੀਂਹ ਵਰਦੇ ਵਿਚ ਹੀ ਬਾਹਰ ਕੱਢ ਦਿੱਤਾ । ਮੇਰੇ ਬਹੁਤ ਸੱਟਾਂ ਲੱਗੀਆਂ ਜਿਸਮਾਨੀ ਸੱਟਾਂ ਤਾਂ ਮੈਂ ਜਰ ਲਈਆਂ ਪਰ ਉਸ ਮਾਸਟਰ ਦੇ ਬੋਲ "ਚੂੜੇ-ਚਮਾਰ ਪੜ੍ਹਨ ਲੱਗ ਪਏ ਤਾਂ ਸਾਡੀਆਂ ਜੁੱਤੀਆਂ ਕੌਣ ਕਰੂਗਾ" ਜਰੇ ਨਾ ਗਏ। ਮੈਂ ਸਾਰੀ ਰਾਤ ਇਨ੍ਹਾਂ ਦੋਹਾਂ ਚੋਟਾਂ ਬਾਰੇ ਸੋਚਦਾ ਰਿਹਾ। ਦੂਸਰੇ ਦਿਨ ਸਕੂਲ ਗਿਆ ਤੇ ਮੈਂ ਵੇਖਿਆ ਕਿ ਉਨ੍ਹਾਂ ਨੇ ਸਾਰੇ ਮੇਜ਼, ਕੁਰਸੀਆਂ, ਰਜਿਸਟਰ ਬਾਹਰ ਕੱਢ ਕੇ ਕਮਰੇ ਅੰਦਰ ਪਾਣੀ ਛਿੜਕ ਕੇ ਦੁਬਾਰਾ ਮੇਜ਼, ਕੁਰਸੀਆਂ ਅੰਦਰ ਰੱਖੇ ਤੇ ਕਲਾਸ ਸ਼ੁਰੂ ਕੀਤੀ। ਮੈਨੂੰ ਵੇਖਕੇ ਮਾਸਟਰ ਫੇਰ ਦੁਬਾਰਾ ਜ਼ੋਰ-ਜ਼ੋਰ ਦੀ ਗਾਲ੍ਹਾਂ ਦੇਣ ਲੱਗਾ ਤੇ ਮੈਂ ਸਾਰਾ ਸਮਾਨ ਚੁੱਕ ਕੇ ਫਿਰ ਆਪਣੇ ਪਿੰਡ ਮੁਗੋਵਾਲ ਆ ਗਿਆ ।

1905 ਤੋਂ ਲੈ ਕੇ 1906 ਤੱਕ ਮੈਂ ਆਪਣੇ ਘਰ ਪਿਤਾ ਜੀ ਨਾਲ ਕੰਮ ਕਰਾਉਂਦਾ ਰਿਹਾ । ਸਾਡੇ ਪਿੰਡ ਦਾ ਜਿਮੀਂਦਾਰ ਅਮਰੀਕਾ ਚਲ ਗਿਆ, ਉਨ੍ਹਾਂ ਦਿਨਾਂ ਵਿਚ ਪਾਸਪੋਰਟ ਨਹੀਂ ਸੀ ਬਣਦਾ, ਮੈਂ ਵੀ ਆਪਣੇ ਦੋ ਸਾਥੀਆਂ ਨਾਲ ਅਮਰੀਕਾ ਚਲਾ ਪਿਆ। 1909 ਦੇ ਅਖੀਰ 'ਚ ਅਮਰੀਕਾ ਪਹੁੰਚ ਗਿਆ । ਉਥੇ ਲਾਲਾ ਹਰਦਿਆਲ ਨਾਲ ਰਲ ਕੇ ਗਦਰ ਪਾਰਟੀ ਲਈ ਕੰਮ ਕੀਤਾ। ਕਈ ਤਰ੍ਹਾਂ ਦੀਆਂ ਤਕਲੀਫਾਂ ਦੇ ਦੁੱਖ ਝਲ ਕੇ ਪਾਰਟੀ ਦੇ ਪ੍ਰੋਗਰਾਮ ਨੂੰ 1925 ਤੱਕ ਨਿਭਾਇਆ । ਉਨ੍ਹਾਂ ਦੇਸ਼ਾਂ ਵਿਚ ਰਹਿ ਕੇ ਊਚ-ਨੀਚ ਤੇ ਛੂਤ-ਛਾਤ ਦਾ ਖਿਆਲ ਹੀ ਭੁਲਾ ਬੈਠਾ, ਇਸੇ ਭੁਲੇਖੇ ਵਿਚ ਆ ਕੇ ਸੰਨ 1925 ਦਸੰਬਰ ਵਿਚ ਘਰ ਪੁੱਜਾ। ਜਿਸ ਊਚ-ਨੀਚ ਤੇ ਛੂਤ-ਛਾਤ ਦੀ ਦੁਰਦਸ਼ਾ ਨੂੰ ਛੱਡ ਕੇ ਗਿਆ ਸੀ, ਉਸੇ ਬੀਮਾਰੀ ਨੇ ਫੇਰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਹ ਸਾਰਾ ਹਾਲ ਮੈਂ ਆਪਣੇ ਪਿਛਲੇ ਲੀਡਰ ਲਾਲਾ ਹਰਦਿਆਲ ਜੀ ਨੂੰ ਲਿਖਿਆ, ਕਿ ਜਦੋਂ ਤੱਕ ਇਹ ਬੀਮਾਰੀ ਦੂਰ ਨਹੀਂ ਹੁੰਦੀ, ਉਦੋਂ ਤੱਕ ਭਾਰਤ ਅਜ਼ਾਦ ਨਹੀਂ ਹੋ ਸਕਦਾ।

ਉਨ੍ਹਾਂ ਦੇ ਜਵਾਬੀ ਹੁਕਮ-ਅਨੁਸਾਰ ਭਾਰਤ ਦੀਆਂ ਅਛੂਤ ਕੌਮਾਂ ਨੂੰ ਜਾਗ੍ਰਿਤ ਤੇ ਉਭਾਰਨ ਲਈ ਸੰਨ 1926 ਜਨਵਰੀ ਵਿਚ ਅਛੂਤ ਸੁਧਾਰ ਦਾ ਪ੍ਰੋਗਰਾਮ ਤਿਆਰ ਕੀਤਾ। 11-12 ਜੂਨ, 1926 ਨੂੰ ਪਹਿਲੀ ਆਦਿ ਧਰਮ ਅਛੂਤ ਕਾਨਫਰੰਸ ਮੁਗੋਵਾਲ ਥਾਣਾ ਮਾਹਿਲਪੁਰ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੰਜਾਬ ਦੀਆਂ ਸਾਰੀਆਂ ਅਛੂਤ ਬਿਰਾਦਾਰੀਆਂ ਵਲੋਂ ਕੀਤੀ ਗਈ, ਜਿਸ ਵਿਚ ਹੇਠ ਲਿਖੇ ਮਤੇ ਸਰਬ-ਸੰਮਤੀ ਨਾਲ ਪਾਸ ਹੋਏ ।

1. ਆਦਿ ਧਰਮ ਅਛੂਤ ਸੁਸਾਇਟੀ ਕਾਇਮ ਕਰਕੇ ਅਛੂਤ ਬਰਾਦਰੀਆਂ ਵਿਚ ਸੰਗਠਨ ਪੈਦਾ ਕੀਤਾ ਜਾਏ ਅਤੇ ਗਲਤ ਰਸਮੋ-ਰਿਵਾਜਾਂ ਨੂੰ ਬੰਦ ਕਰਕੇ ਕੌਮੀ ਸੁਧਾਰ ਕੀਤਾ ਜਾਵੇ ।
2. ਆਪਣੇ ਗੁਰੂਆਂ ਦੀ ਬਾਣੀ ਦਾ ਪ੍ਰਚਾਰ ਕਰਕੇ ਭੂਤ-ਪਰੇਤਾਂ ਦੀ ਪੂਜਾ ਤੋਂ ਹਟਾ ਕੇ ਰਿਸ਼ੀ ਵਾਲਮੀਕ, ਸ੍ਰੀ ਗੁਰੂ ਰਵੀਦਾਸ ਜੀ, ਸਤਿਗੁਰੂ ਨਾਮ ਦੇਵ, ਕਬੀਰ ਭਗਵਾਨ ਆਦਿ ਗੁਰੂਆਂ ਦੇ ਪੈਰੋਕਾਰ ਬਣਾਨਾ ।
3. ਆਪਣੇ ਗੁਰੂਆਂ ਦੇ ਜਨਮ ਦਿਨ ਧੂਮ-ਧਾਮ ਨਾਲ ਮਨਾਏ ਜਾਣ ਅਤੇ ਜਨਮ ਦਿਹਾੜੇ ਪਰ ਹਕੂਮਤ ਵਲੋਂ ਛੁੱਟੀ ਲੈਣ ਦਾ ਯਤਨ ਕੀਤਾ ਜਾਵੇ।
4. ਊਚ-ਨੀਚ ਤੇ ਛੂਤ-ਛਾਤ ਦੀ ਲਾਣਤ ਨੂੰ ਹਕੂਮਤ ਪਾਸੋਂ ਕਾਨੂੰਨ ਨਾਲ ਬੰਦ ਕਰਾਉਣਾ ।
5. ਵਿੱਦਿਆ ਹਾਸਲ ਕਰਨ ਲਈ ਲੜਕੇ-ਲੜਕੀਆਂ ਨੂੰ ਸਕੂਲਾਂ ਵਿਚ ਭੇਜਣਾ ਫੀਸ ਮੁਆਫ ਅਤੇ ਵਜੀਫਿਆਂ ਲਈ ਮੰਗ ਕਰਨੀ। ਵਿਹਾਰ ਸੁਧਾਰ ਦੇ ਵਾਧੂ ਖਰਚਾ ਨੂੰ ਰੋਕਣਾ ਤੇ ਸਫਾਈ ਦਾ ਪ੍ਰਚਾਰ ਕਰਨਾ।
6. ਮਜਲਸੀ ਤੇ ਸਿਆਸੀ ਹੱਕਾਂ ਨੂੰ ਪ੍ਰਾਪਤ ਕਰਵਾਉਣਾ।
7. ਬੱਝੇ ਬਗਾਰ ਦੀ ਗੁਲਾਮੀ ਨੂੰ ਬੰਦ ਕਰਵਾਉਣਾ।

8. ਰਈਯਤ ਨਾਮੇ ਤੇ ਕੌਮੀ ਕਮੀਣ ਦੀ ਲਾਣਤ ਨੂੰ ਦੂਰ ਕਰਕੇ ਰਹਾਇਸ਼ੀ ਘਰਾਂ ਦੇ ਮਾਲਕ ਬਨਾਉਣਾ।

9. ਇੰਤਕਾਲ ਆਰਜ਼ੀ ਐਕਟ ਵਿਚ ਤਰਜ਼ੀਮ ਕਰਵਾ ਕੇ ਜ਼ਿਮੀਂਦਾਰਾਂ ਵਾਂਗ ਕਾਸ਼ਤਕਾਰਾਂ ਦੇ ਵਿਚ ਸੁਧਾਰ ਕਰਾਉਣਾ।

10. ਅਛੂਤ ਪੰਥ ਨੂੰ ਹਿੰਦੂਆਂ ਤੋਂ ਜੁਦਾ ਗਿਣਾ ਕੇ ਕੌਮੀ ਹੱਕਾਂ ਦੇ ਹੱਕਦਾਰ ਬਨਾਉਣਾ।

11. ਭਾਰਤ ਦੀਆਂ ਦੂਸਰੀਆਂ ਕੌਮਾਂ ਵਾਂਗ ਡਿਸਟਰਿਕਟ ਬੋਰਡ ਪੰਚਾਇਤਾਂ, ਮਿਊਂਸੀਪਲ ਕਮੇਟੀਆਂ ਅਤੇ ਕੌਂਸਲਾਂ ਦੀਆਂ ਮੈਂਬਰੀਆਂ ਹਿੱਸੇ ਆਉਂਦੀਆਂ ਪ੍ਰਾਪਤ ਕਰਨੀਆਂ।

12. ਕੌਮੀ ਹੱਕ ਨੁਮਾਇੰਦਗੀ ਨੂੰ ਹਾਸਲ ਕਰਨ ਲਈ ਵੋਟਾਂ ਦੀ ਸੂਚੀ ਵਿਚ ਅਛੂਤ ਪੰਥ ਨੂੰ ਲਿਆਉਣਾ ਆਦਿ।

ਇਸ ਪ੍ਰੋਗਰਾਮ ਨੂੰ ਸੰਨ 1926 ਤੋਂ ਸ਼ੁਰੂ ਕਰਕੇ 1950 ਵਿਚ ਪੂਰਾ ਕਰ ਦਿੱਤਾ ਗਿਆ। ਭਾਵ ਕਈ ਤਰ੍ਹਾਂ ਦੇ ਸੇਵਕਾ, ਪ੍ਰਧਾਨਾਂ ਅਤੇ ਸਾਧੂ-ਮਹਾਤਮਾ ਦੀ ਮਦਦ ਨਾਲ ਨਿਭਾਅ ਦਿੱਤਾ। ਅੱਗੇ ਨੂੰ ਕੌਮੀ ਸੇਵਾ ਦੇ ਕਾਰਜ ਪੜ੍ਹੇ-ਲਿਖੇ ਸਮਝਦਾਰ ਕੌਮੀ ਪਰਵਾਨਿਆਂ ਦੇ ਸਪੁਰਦ ਕਰਕੇ ਪੰਜਾਬ ਦੇ ਸਾਰੇ ਅਛੂਤ ਪੰਥ ਵੱਲੋਂ ਖਿਮਾ ਮੰਗ ਲਈ।

(ਹਵਾਲਾ, ਬਹੁਜਨ ਸੰਦੇਸ਼, ਪੰਜਾਬੀ ਹਫ਼ਤਾਵਾਰ)

(4) ਭਾਰਤ ਦੇ ਕਿਸੇ ਵੀ ਸਮਾਜਿਕ ਕ੍ਰਾਂਤੀਕਾਰੀ ਪੁਰਸ਼ ਨੂੰ ਪੜ੍ਹੋ ਤੇ ਸਮਝ ਕੇ ਵੇਖੋ, ਊਚ-ਨੀਚ, ਜਾਤਪਾਤ, ਛੂਤਛਾਤ ਤੇ ਬ੍ਰਾਹਮਣੀ ਪ੍ਰਬੰਧ ਵੱਲੋਂ ਫੈਲਾਈ ਮਨੁੱਖੀ ਨਫ਼ਰਤ ਹੀ ਕ੍ਰਾਂਤੀ ਦਾ ਅਧਾਰ ਸਾਫ਼ ਨਜ਼ਰ ਆਉਣਗੇ।

ਜਾਤੀ ਅਧਾਰਾਂ 'ਤੇ ਬ੍ਰਾਹਮਣਾਂ ਅਤੇ ਖੱਤਰੀਆਂ ਵਿਚਕਾਰ ਅਨੇਕ ਜੰਗਾਂ ਹੋਈਆਂ, ਜਿਨ੍ਹਾਂ ਵਿਚ ਕਈ ਬਹੁਤ ਭਿਆਨਕ ਸਨ। ਜੇ ਅਸੀਂ ਗੁਰੂ ਨਾਨਕ, ਗੁਰੂ ਅਰਜਨ ਅਤੇ ਗੁਰੂ ਗੋਬਿੰਦ ਸਿੰਘ ਦੀ ਲੰਬੀ ਜੰਗ ਨੂੰ ਲਈਏ ਤੇ ਗੁਰੂ ਗ੍ਰੰਥ ਸਾਹਿਬ ਦਾ ਸਹੀ ਅਧਿਐਨ ਕਰੀਏ ਤਾਂ ਸਾਫ਼ ਦਿਸੇਗਾ ਕਿ ਇਨ੍ਹਾਂ ਖੱਤਰੀ ਜਾਤੀ ਗੁਰੂਆਂ ਨੇ ਬ੍ਰਾਹਮਣ ਜਾਤ ਤੇ ਬ੍ਰਾਹਮਣੀ ਧਰਮ-ਕਰਮ ਉੱਤੇ ਹੀ ਜ਼ੋਰਦਾਰ ਹਮਲੇ ਕੀਤੇ ਹਨ ਅਤੇ ਬ੍ਰਾਹਮਣ ਦੀ ਥਾਂ, ਅਛੂਤ ਸੰਤਾਂ ਨੂੰ ਆਪਣੇ ਰਹਿਨੁਮਾ ਮੰਨਿਆ ਹੀ ਨਹੀਂ, ਗੁਰੂ ਗ੍ਰੰਥ ਵਿਚ ਦਰਜ ਸੈਂਕੜੇ ਸ਼ਬਦਾਂ ਰਾਹੀਂ ਬਿਆਨ ਵੀ ਕੀਤਾ ਅਤੇ ਸਪੱਸ਼ਟ ਕਿਹਾ ਕਿ ਅਸੀਂ ਨੀਚਾਂ ਦੇ ਸਾਥੀ ਹਾਂ ਅਤੇ ਜਾਤ ਘੁਮੰਡੀਆਂ ਦੇ ਸਿੱਧੇ ਵਿਰੋਧੀ।

ਬਾਬੂ ਮੰਗੂ ਰਾਮ ਇਕ ਅਛੂਤ ਵਿਅਕਤੀ ਸਨ। ਉਨ੍ਹਾਂ ਦੇ ਚੇਤਨ ਮਨ ਨੇ ਜਾਤੀ ਅਪਮਾਨਾਂ ਦੀ ਪੀੜਾ ਨੂੰ ਇੱਥੋਂ ਤੱਕ ਅਨੁਭਵ ਕੀਤਾ। ਪਹਿਲਾਂ ਅਮਰੀਕਾ ਵਿਚ ਜਾ ਕੇ ਗਦਰ ਪਾਰਟੀ ਵਿਚ ਜ਼ੋਰਦਾਰ ਕੰਮ ਕੀਤਾ ਅਤੇ ਫੇਰ ਭਾਰਤ ਆ ਕੇ ਫਾਂਸੀ ਦਾ ਹੁਕਮ ਹੋ ਜਾਣ ਦੇ ਬਾਵਜੂਦ ਵੀ ਬਚਦਿਆਂ-ਬਚਾਉਂਦਿਆਂ ਆਦਿ ਧਰਮ ਅੰਦੋਲਨ ਚਲਾਕੇ, ਅਛੂਤਾਂ ਤੇ ਪਛੜਿਆਂ ਲਈ ਹਿੰਦੂਆਂ ਦੇ ਬਰਾਬਰ ਅਜ਼ਾਦੀ ਅਤੇ ਅਧਿਕਾਰਾਂ ਦੀ ਜੰਗ ਲੜੀ। ਜਿਸ ਦਾ ਸੰਖੇਪ ਖੁਲਾਸਾ ਹੇਠ ਲਿਖੇ ਅਨੁਸਾਰ ਹੈ:-ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਪੈਦਾ ਹੋਇਆ 'ਆਦਿ ਧਰਮ' ਨਾਮ ਤੋਂ ਬੇਸ਼ੱਕ ਧਰਮ ਸੀ, ਪ੍ਰੰਤੂ ਵਿਵਹਾਰ ਵਿੱਚ ਇਹ ਕੇਵਲ ਧਰਮ ਨਾ ਰਹਿ ਕੇ ਇਕ ਸੱਭਿਆਚਾਰਕ ਅੰਦੋਲਨ ਹੋ ਨਿਬੜਿਆ, ਜੋ ਕਿ ਇਕ ਅਸਮਾਨਤਾ ਦੇ ਸਮਾਜ ਵਿਚੋਂ ਤੂਫਾਨ ਦੀ ਤਰ੍ਹਾਂ ਉੱਠਿਆ, ਜਿਸ ਬੁੱਧ ਦੀ ਤਰ੍ਹਾਂ ਇਨਸਾਨਾਂ ਤੋਂ ਬਣਾਏ ਜਾਨਵਰਾਂ ਤੋਂ ਵੀ ਬਦਤਰ ਅਛੂਤਾਂ ਨੂੰ ਮੁੜ ਇਨਸਾਨ ਬਣਾ ਦਿੱਤਾ।

ਆਦਿ ਧਰਮ ਦਾ ਮੁੱਢ ਗਦਰ ਪਾਰਟੀ ਦੇ ਪੰਜਾਬੀ ਕ੍ਰਾਂਤੀਕਾਰੀ ਬਾਬੂ ਮੰਗੂ ਰਾਮ ਮੁਗੋਵਾਲੀਆਂ ਨੇ ਉਦੋਂ ਬੰਨ੍ਹਿਆ ਜਦ ਉਹ ਗਦਰੀ ਬਾਬਿਆਂ ਸੋਹਨ ਸਿੰਘ ਭਕਨਾ ਤੇ ਲਾਲਾ ਹਰਦਿਆਲ ਦੀ ਸਲਾਹ ਨਾਲ ਭਾਰਤ ਦੀ ਅਜ਼ਾਦੀ ਦੀ ਜੰਗ ਨੂੰ ਤੇਜ਼ ਕਰਨ ਲਈ ਚਾਰ ਸਾਥੀਆਂ ਸਮੇਤ ਅਮਰੀਕਾ ਤੋਂ ਹਥਿਆਰਾਂ ਦਾ ਜਹਾਜ਼ ਭਰਕੇ ਭਾਰਤ ਨੂੰ ਲਿਆ ਰਿਹਾ ਸੀ ਤਾਂ ਰਸਤੇ ਵਿਚ ਹੀ ਅਮਰੀਕਨਾਂ ਵੱਲੋਂ ਜਹਾਜ਼ ਫੜੇ ਜਾਣ 'ਤੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਪਰ ਉਹ ਰਾਜ ਬਿਹਾਰੀ ਬੋਸ ਅਤੇ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਬਚ ਨਿਕਲੇ ਅਤੇ ਘੁੰਮਦੇ-ਘੁੰਮਾਉਂਦੇ ਮਨੀਲੇ, ਫਿਲਪਾਈਨ ਅਤੇ ਈਲੋਂ ਟਾਪੂਆਂ ਤੋਂ ਹੁੰਦੇ ਹੋਏ 1925 ਵਿਚ ਆਪਣੇ ਦੇਸ਼ ਭਾਰਤ ਪਰਤ ਆਏ। ਘਰ ਉਨ੍ਹਾਂ ਦਾ ਮਨ ਨਾ ਲੱਗਦਾ। ਉਹ ਨਾਲ ਪੈਂਦੇ ਚੋਆ ਉੱਤੇ ਦਰਖਤਾਂ ਥੱਲੇ ਬੈਠਕੇ ਵਿਚਾਰਾਂ ਕਰਦੇ ਰਹਿੰਦੇ। ਇਕ ਦਿਨ ਉਨ੍ਹਾਂ ਦੇ ਹੀ ਪਰਵਾਰ ਦੇ ਲੋਕ ਜਦ ਚੋਅ ਵਿਚੋਂ ਪੱਠੇ (ਪਸ਼ੂਆਂ ਦਾ ਚਾਰਾ) ਕੱਟ ਰਹੇ ਸਨ ਤਾਂ ਇਕ ਜੱਟ ਨੇ ਆ ਕੇ ਉਨ੍ਹਾਂ ਦੇ ਵੱਢੇ ਹੋਏ ਪੱਠੇ ਉਠਾ ਲਏ ਅਤੇ ਆਪਣੇ ਜਾਨਵਰਾਂ ਨੂੰ ਪਾ ਦਿੱਤੇ ਅਤੇ ਉਨ੍ਹਾਂ ਦੇ ਰੰਬੇ ਟੱਲੇ ਖੋਹ ਲਏ। ਬਾਬੂ ਜੀ ਨੂੰ ਜਦ ਇਹ ਗੱਲ ਦੱਸੀ ਗਈ ਤਾਂ ਉਨ੍ਹਾਂ ਜਾ ਕੇ ਜੱਟ ਨੂੰ ਪੁੱਛਿਆ ਕਿ ਰੰਬੇ ਟੱਲੇ ਕਿਉਂ ਖੋਹੇ ਹਨ? ਜੱਟ ਨੇ ਕਿਹਾ ਕਿ ਇਹ ਚੋਅ ਮੇਰਾ ਹੈ। ਇਨ੍ਹਾਂ ਨੂੰ ਇਥੋਂ ਪੱਠੇ ਵੱਢਣ ਦਾ ਕੋਈ ਹੱਕ

ਨਹੀਂ ਹੈ। ਨਿਰਾਸ਼ਾ ਵਿਚ ਬਾਬੂ ਜੀ ਘਰ ਪਰਤ ਆਏ। ਘਰ ਮੁੜਕੇ ਬਾਬੂ ਜੀ ਨੇ ਇਕ ਸਿਆਣੇ ਨੂੰ ਪੁੱਛਿਆ ਕੀ ਅਸੀਂ ਜ਼ਮੀਨ ਖਰੀਦ ਸਕਦੇ ਹਾਂ ? ਉਸ ਨੇ ਕਿਹਾ ਕਿ 1901 ਇੰਤਕਾਲ ਅਰਾਜੀ ਐਕਟ ਅਨੁਸਾਰ ਇਹ ਧਰਤੀ ਸਿਰਫ 12 ਕੌਮਾਂ ਦੀ ਹੈ। ਬਾਕੀ ਸਭ ਕੌਮਾਂ ਗੈਰ ਮਰੂਸੀ ਕਰਾਰ ਦਿੱਤੀਆਂ ਗਈਆਂ ਹਨ।

ਫਿਰ ਬਾਬੂ ਜੀ ਨੇ ਇਕ ਵਕੀਲ ਨਾਲ ਸਲਾਹ-ਮਸ਼ਵਰਾ ਕੀਤੇ ਤੇ ਪੁੱਛਿਆ ਕਿ ਕੋਈ ਐਸਾ ਕਾਨੂੰਨ ਹੈ, ਜਿਸ ਨਾਲ ਅਸੀਂ ਵੀ ਜ਼ਮੀਨ ਖਰੀਦ ਸਕੀਏ ? ਵਕੀਲ ਸਾਹਿਬ ਨੇ ਬਾਬੂ ਜੀ ਨੂੰ ਮਸ਼ਵਰਾ ਦਿੱਤਾ ਕਿ ਤੁਸੀਂ ਆਪਣਾ ਕੋਈ ਵੱਖਰਾ ਨਾਮ ਰੱਖ ਲਉ । ਫਿਰ ਤੁਸੀਂ ਜ਼ਮੀਨ ਖਰੀਦਣ ਦੇ ਹੱਕਦਾਰ ਹੋ ਸਕਦੇ ਹੋ। ਵਰਨਾ ਚਮਾਰ-ਚੂਹੜੇ ਹੁੰਦੇ ਹੋਏ ਤੁਸੀਂ ਜ਼ਮੀਨ ਨਹੀਂ ਖਰੀਦ ਸਕਦੇ।

ਅਛੂਤ ਲੋਕ ਆਪਣੇ ਘਰਾਂ ਦੇ ਮਾਲਕ ਨਹੀਂ ਸਨ ਹੁੰਦੇ। ਉਹ 'ਰਿਜਤਨਾਮੇ' ਵਸਦੇ ਸਨ। 'ਰਿਜਤਨਾਮੇ' ਤੋਂ ਭਾਵ ਇਹ ਸੀ ਕਿ ਉਨ੍ਹਾਂ ਦੇ ਮਕਾਨ ਦੀ ਜੋ ਥਾਂ ਜ਼ਮੀਨ ਸੀ, ਉਹ ਜਿਮੀਂਦਾਰ ਦੀ ਹੁੰਦੀ ਸੀ। ਇਸ ਦੇ ਇਵਜ ਵਜੋਂ ਜਿਮੀਂਦਾਰ ਅਛੂਤਾਂ ਤੋਂ ਮੁਫਤ ਕੰਮ ਕਰਵਾਇਆ ਕਰਦੇ ਸਨ, ਜੋ ਇਕ ਵਗਾਰ ਸੀ। ਜੇਕਰ ਅਛੂਤ ਵਗਾਰ ਕਰਨ ਤੋਂ ਇਨਕਾਰ ਕਰਦਾ ਸੀ ਤਾਂ ਜਿਮੀਂਦਾਰ ਆਪਣੀ ਜ਼ਮੀਨ ਤੋਂ ਅਛੂਤ ਦਾ ਘਰ ਢਾਹ ਦਿੰਦਾ ਸੀ। ਮਰੇ ਹੋਏ ਪਸ਼ੂ ਅਛੂਤਾਂ ਤੋਂ ਜਬਰੀ ਉਠਵਾਏ ਜਾਂਦੇ ਸਨ। ਜੇ ਜਿਮੀਂਦਾਰ ਆਪਸ ਵਿਚ ਲੜਦੇ ਮਰ ਜਾਣ ਤਾਂ ਮੁਰਦੇ ਦੀ ਲਾਸ਼ 20-30 ਮੀਲ 'ਤੇ ਪੋਸਟ ਮਾਰਟਮ ਲਈ ਚੁੱਕ ਕੇ ਅਛੂਤਾਂ ਨੂੰ ਲਿਜਾਣੀ ਪੈਂਦੀ ਸੀ। ਜੇਕਰ ਮੌਕੇ 'ਤੇ ਅਛੂਤ ਮਰਦ ਨਾ ਮਿਲਣ ਤਾਂ ਔਰਤਾਂ ਤੋਂ ਵਗਾਰ ਲਈ ਜਾਂਦੀ ਸੀ। ਬਾਂਸ ਦੇ ਪਰਨਾਲੇ ਰਾਹੀਂ ਪਾਣੀ ਪਿਲਾਇਆ ਜਾਂਦਾ ਸੀ। ਅਛੂਤ ਚੰਗਾ ਕੱਪੜਾ ਨਹੀਂ ਪਾ ਸਕਦੇ ਸਨ। ਵਿੱਦਿਆ ਪੜ੍ਹਨ 'ਤੇ ਪਾਬੰਦੀ ਸੀ। ਅਛੂਤਾਂ ਦਾ ਜੀਵਨ ਗੁਲਾਮਾਂ ਤੋਂ ਵੀ ਭੈੜਾ ਸੀ।

ਬਾਬੂ ਮੰਗੂ ਰਾਮ ਨੇ ਯੂਰਪ ਦੀ ਅਜ਼ਾਦੀ ਵੇਖੀ ਸੀ। ਉੱਥੇ ਸਭ ਮਨੁੱਖਾਂ ਨੂੰ ਮਨੁੱਖੀ ਅਧਿਕਾਰ ਪ੍ਰਾਪਤ ਸਨ। ਉਥੇ ਕੋਈ ਅਛੂਤ ਜਾਂ ਉਚ-ਨੀਚ ਨਹੀਂ ਸੀ। ਇਸ ਲਈ ਅਛੂਤਾਂ ਦੇ ਜਾਨਵਰਾਂ ਅਜਿਹੇ ਜੀਵਨ ਪ੍ਰਤੀ ਉਹ ਹਮੇਸ਼ਾ ਚਿੰਤਤ ਰਹਿੰਦੇ ਸਨ। ਇਸ ਚਿੰਤਾ ਨੂੰ ਦੂਰ ਕਰਨ ਲਈ ਉਹ ਦੇਸ਼ ਦੇ ਦੌਰੇ 'ਤੇ ਨਿਕਲ ਗਏ। ਉਨ੍ਹਾਂ ਮਥੁਰਾ, ਦੇਹਰਾਦੂਨ, ਨਾਗਪੁਰ, ਪੂਨਾ, ਸਿਤਾਰਾ, ਬੰਬਈ, ਮਦਰਾਸ, ਕਲਕੱਤਾ ਆਦਿ ਥਾਵਾਂ ਦਾ ਦੌਰਾ ਕੀਤਾ। ਇਸ ਸਮੇਂ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਅਛੂਤਾਂ ਦੇ ਉਥਾਨ ਲਈ ਅੰਦੋਲਨ ਛਿੜੇ ਹੋਏ ਸਨ। ਮਹਾਰਾਸ਼ਟਰ ਵਿਚ ਡਾਕਟਰ ਅੰਬੇਡਕਰ ਦੀ 'ਬਹਿਸਕ੍ਰਿਤ ਹਿਤਕਾਰਨੀ' ਸਭਾ ਦਾ ਬੋਲਬਾਲਾ ਸੀ।

ਡਾ. ਅੰਬੇਡਕਰ ਇਕ ਅਜਿਹੇ ਆਗੂ ਸਨ, ਜਿਸ ਨੇ ਆਪਣੇ ਤਨ ਤੇ ਮੁਸੀਬਤਾਂ ਸਹੀਆਂ ਸਨ। ਉਨ੍ਹਾਂ ਦੀ ਅਵਾਜ਼ ਵਿਚ ਦਰਦ ਤੇ ਰੋਹ ਸੀ। ਇਕ ਹੂਕ ਸੀ। 'ਗੁਲਾਮ ਨੂੰ ਇਹ ਦਰਸਾ ਦਿਉ ਕਿ ਉਹ ਗੁਲਾਮ ਹੈ, ਫਿਰ ਉਹ ਬਗਾਵਤ ਕਰ ਦੇਵੇਗਾ।' ਇਹ ਸੀ ਨਾਅਰਾ ਜੋ ਡਾ. ਅੰਬੇਡਕਰ ਨੇ ਬੁਲੰਦ ਕੀਤਾ। ਸਵੈ ਸਹਾਇਤਾ, ਸਵੈ-ਨਿਰਮਾਣ ਅਤੇ ਸਵੈਮਾਣ ਦਾ ਝੰਡਾ ਅੰਬੇਡਕਰ ਨੇ ਬੁਲੰਦ ਕੀਤਾ। ਡਾ. ਅੰਬੇਡਕਰ ਦੀ ਦਰਦ ਅਤੇ ਰੋਹ ਭਰੀ ਅਵਾਜ਼ ਨੇ ਦੱਬੀ-ਕੁਚਲੀ ਜਨਤਾ ਨੂੰ ਹਲੂਣ ਦਿੱਤਾ। ਉਨ੍ਹਾਂ ਵਿਚ ਚੇਤਨਾ ਆਉਣ ਲੱਗੀ। ਡਾ. ਅੰਬੇਡਕਰ ਨੇ ਅਜਿਹੀ ਭਾਸ਼ਾ ਵਿਚ ਦੱਬੇ-ਕੁਚਲੇ ਵਰਗਾਂ ਨੂੰ ਹਲੂਣਿਆਂ ਕਿ ਉਨ੍ਹਾਂ ਦੇ ਦਿਲੋਂ-ਦਿਮਾਗ ਵਿਚ ਖਲਬਲੀ ਮੱਚ ਗਈ। ਉਨ੍ਹਾਂ ਨੇ ਲਲਕਾਰਿਆ, "ਤੁਹਾਡੇ ਚਿਹਰਿਆਂ ਦੀ ਤਰਸਯੋਗ ਹਾਲਤ ਦੇਖਕੇ ਅਤੇ ਤੁਹਾਡੀਆਂ ਉਦਾਸੀਆਂ ਅਵਾਜ਼ਾਂ ਸੁਣਕੇ ਮੇਰਾ ਸੀਨਾ ਫੱਟ ਜਾਂਦਾ ਹੈ। ਕਿੰਨੇ ਚਿਰ ਤੋਂ ਤੁਸੀਂ ਜ਼ੁਲਮਾਂ ਦੀ ਚੱਕੀ ਵਿਚ ਪੀਹੇ ਜਾ ਰਹੇ ਹੋ, ਫਿਰ ਵੀ ਤੁਹਾਨੂੰ ਦਲਿਦਰਤਾ ਅਤੇ ਬੇਭਰੋਸਗੀ ਛੱਡਣ ਦਾ ਖਿਆਲ ਨਹੀਂ ਆਉਂਦਾ ਤੁਸੀਂ ਜੰਮਦੇ ਹੀ ਕਿਉਂ ਨਹੀਂ ਖਤਮ ਹੋ ਜਾਂਦੇ ? ਤੁਸੀਂ ਦੁੱਖਾਂ, ਗਰੀਬੀ ਅਤੇ ਗੁਲਾਮੀ ਦਾ ਚਿੱਤਰ ਧੁੰਦ ਲਾਉਂਦੇ ਕਿਉਂ ਹੋ ? ਤੁਸੀਂ ਆਪਣੀ ਤਰਸਯੋਗ, ਘ੍ਰਿਣਿਤ ਅਤੇ ਤਿਰਸਕਾਰ ਪੂਰਨ ਜੀਵਨ ਨਾਲ ਸੰਸਾਰ ਦਾ ਭਾਰ ਕਿਉਂ ਵਧਾਉਂਦੇ ਹੋ ? ਜੇਕਰ ਤੁਸੀਂ ਨਵਾਂ ਜੀਵਨ ਨਹੀਂ ਢਾਲ ਸਕਦੇ ਅਤੇ ਆਪਣੀ ਹਾਲਤ ਨਹੀਂ (ਬਦਲ) ਸੁਧਾਰ ਸਕਦੇ ਤਾਂ ਇਸ ਨਾਲੋਂ ਮਰਨਾ ਕਿਤੇ ਚੰਗਾ ਹੈ। ਗੁੱਲੀ, ਜੁੱਲੀ ਅਤੇ ਕੁੱਲੀ ਤੁਹਾਡਾ ਜਨਮ ਅਧਿਕਾਰ ਹੈ। ਜੇਕਰ ਤੁਸੀਂ ਇੱਜ਼ਤ ਦਾ ਜੀਵਨ ਜਿਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਤਮ ਸਹਾਇਤਾ ਜੋ ਸਭ ਤੋਂ ਚੰਗੀ ਸਹਾਇਤਾ ਹੈ, ਤੇ ਭਰੋਸਾ ਕਰਨਾ ਹੋਵੇਗਾ ।" 'ਬਹਿਸਕ੍ਰਿਤ ਹਿਤਕਾਰਨੀ' ਸਭਾ ਦੀ ਸਥਾਪਨਾ ਨਾਲ ਦੱਬੇ-ਕੁਚਲੇ ਲੋਕਾਂ ਵਿਚ ਸਵੈਮਾਣ ਦਾ ਜਜ਼ਬਾ ਪੈਦਾ ਹੋਣ ਲੱਗਾ। ਸਭਾ ਦੇ ਪੈਰ ਟਿਕਣ ਲੱਗ ਪਏ। 4 ਜਨਵਰੀ 1925 ਨੂੰ ਸਭਾ ਨੇ ਅਛੂਤ ਵਿਦਿਆਰਥੀਆਂ ਦੇ ਰਹਿਣ ਲਈ ਸ਼ੋਲਾਪੁਰ ਵਿਖੇ ਇਕ ਹੋਸਟਲ ਖੋਲ੍ਹਿਆ। ਸਭਾ ਵਿਦਿਆਰਥੀਆਂ ਦੇ ਕੱਪੜਿਆਂ, ਕਿਤਾਬਾਂ,

ਨਿਵਾਸ, ਭੋਜਨ ਆਦਿ ਦਾ ਸਾਰਾ ਪ੍ਰਬੰਧ ਕਰਦੀ ਸੀ।

ਸਭਾ ਨੇ ਅਛੂਤ ਵਿਦਿਆਰਥੀਆਂ ਵਿਚ ਵਿੱਦਿਆ ਅਤੇ ਗਿਆਨ ਪ੍ਰਤੀ ਸਨੇਹ ਪੈਦਾ ਕਰਨ ਲਈ ਸਰਸਵਤੀ ਵਿਲਾਸ ਨਾਂ ਦਾ ਇਕ ਮਾਸਕ ਪੱਤਰ ਵੀ ਅਰੰਭ ਕੀਤਾ। ਪਛੜੇ ਲੋਕਾਂ ਨੂੰ ਜੂਆਂ, ਸ਼ਰਾਬਨੋਸੀ ਅਤੇ ਦੂਜੀਆਂ ਗੰਦੀਆਂ ਆਦਤਾਂ ਵੱਲੋਂ ਹਟਾਉਣ ਲਈ ਬੰਬਈ ਵਿਖੇ, ਮੁਫਤ ਪੁਸਤਕ ਘਰ ਅਤੇ ਹਾਕੀ ਕਲੱਬ ਖੋਲ੍ਹੇ ਗਏ। ਇਸੇ ਸਾਲ ਭਾਰਤ ਵਿਚ ਅਛੂਤਾਂ ਵੱਲੋਂ ਕਈ ਛੋਟੇ-ਛੋਟੇ ਅੰਦੋਲਨ ਸ਼ੁਰੂ ਕੀਤੇ ਗਏ। ਟ੍ਰਾਵਨਕੋਰ ਰਿਆਸਤ ਸ੍ਰੀ ਰਾਮਾ ਸੁਵਾਮੀ ਨਾਇਕਰ ਨੇ ਵੈਕਰਾ ਦੀ ਇਕ ਅਜਿਹੀ ਸੜਕ 'ਤੇ ਅਛੂਤਾਂ ਦੇ ਤੁਰਨ-ਫਿਰਨ ਸੰਬੰਧੀ ਘੋਲ ਛੇੜਿਆ, ਜਿਸ 'ਤੇ ਗੁਜਰਨ ਦੀ ਅਛੂਤਾਂ ਨੂੰ ਆਗਿਆ ਨਹੀਂ ਸੀ। ਮਾਰਚ 1926 ਵਿਚ ਸ੍ਰੀ ਮੁਰਗੇਸ਼ਨ ਨਾਂ ਦੇ ਇਕ ਅਛੂਤ ਨੇ ਮਦਰਾਸ ਦੇ ਇਕ ਅਜਿਹੇ ਮੰਦਰ ਵਿਚ ਪ੍ਰਵੇਸ਼ ਕੀਤਾ, ਜਿਸ ਵਿਚ ਅਛੂਤਾਂ ਦੇ ਜਾਣ 'ਤੇ ਪਾਬੰਦੀ ਸੀ। ਮੁਰਗੇਸ਼ਨ ਨੂੰ ਭਾਲ ਲਿਆ ਗਿਆ, ਉਸ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਇਕ ਹਿੰਦੂ ਮੰਦਰ ਨੂੰ ਅਪਵਿੱਤਰ ਕਰਨ ਦੇ ਦੋਸ਼ ਵਿਚ ਉਸ ਨੂੰ ਸਜਾ ਦਿੱਤੀ ਗਈ। ਯੂ.ਪੀ. ਵਿਚ ਦੀ ਆਦਿ ਹਿੰਦੂ ਅੰਦੋਲਨ ਸਰਗਰਮ ਸੀ। ਉਪਰੋਕਤ ਅੰਦੋਲਨਾਂ ਨੂੰ ਦੇਖ-ਸੁਣਕੇ ਬਾਬੂ ਰਾਮ ਦਾ ਸਹਿਮਿਆ ਅਤੇ ਚਿੰਤਤ ਦਿਲ ਸ਼ੇਰ ਬਣ ਗਿਆ। ਉਸ ਵਿਚ ਤਬਦੀਲੀ ਲਈ ਸੁਲਘਦੀ ਚੰਗਿਆੜੀ ਭਾਂਬੜ ਬਣ ਗਈ। ਬਾਬੂ ਮੰਗੂ ਰਾਮ ਨੇ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਜਹਾਦ ਖੜਾ ਕਰ ਦਿੱਤਾ ਕਿ ਅਸੀਂ ਦੋਹਰੇ ਗੁਲਾਮ ਹਾਂ। ਇਕ ਪਾਸੇ ਅਸੀਂ ਅੰਗਰੇਜ਼ਾਂ ਦੇ ਗੁਲਾਮ ਹਾਂ, ਦੂਜੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ ਹਾਂ। ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪਛੜੀਆਂ ਸ਼੍ਰੇਣੀਆਂ ਦੀ 11,12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜ਼ਾ ਕਾਨਫਰੰਸ ਦਾ ਆਯੋਜਨ ਕੀਤਾ।

ਕਾਨਫਰੰਸ ਵਿਚ ਪੰਜਾਬ ਭਰ ਤੋਂ ਪਛੜੀਆਂ ਸ਼੍ਰੇਣੀਆਂ, ਚੂਹੜੇ-ਚੁਮਾਰ, ਰਵਿਦਾਸੀਏ, ਸਾਂਸੀ, ਭੰਜੜੇ, ਗਧੀਲੇ, ਬਰੜ, ਜੁਲਾਹੇ, ਮੇਘ, ਚੰਬਾਰ, ਕਬੀਰ ਪੰਥੀ, ਮਹਾਸ਼ੇ, ਡੋਮ, ਜਟੀਏ ਆਦਿ ਜਾਤਾਂ ਦੇ ਨੁਮਾਇੰਦਿਆਂ ਨੇ ਭਾਗ ਲਿਆ। ਅਛੂਤਾਂ ਤੋਂ ਇਲਾਵਾ ਦੂਸਰੇ ਮਜਹਬਾ ਦੇ ਈਸਾਈਆਂ, ਸਿੱਖਾਂ, ਮੁਸਲਮਾਨਾਂ, ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਸਨਮਾਨ ਯੋਗ ਲੋਕ ਵੀ ਸ਼ਾਮਲ ਹੋਏ, ਜਿਸ ਕਰਕੇ ਇਹ ਇਕ ਸਫਲ ਕਾਨਫਰੰਸ ਸੀ। ਅਛੂਤਾਂ ਦੇ ਨੁਮਾਇੰਦਿਆਂ ਨੇ ਆਪਣੇ ਹਾਲਾਤ ਸਪੱਸ਼ਟ ਅਤੇ ਗੱਜ-ਵੱਜ ਕੇ ਕਹੇ। ਉਨ੍ਹਾਂ ਨੇ ਸਾਰੇ ਪਾਖੰਡੀ ਧਰਮਾਂ ਬਾਰੇ ਦੱਸਕੇ ਪਾਜ ਉਘੇੜੇ। ਦੂਸਰੇ ਧਰਮਾਂ ਦੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਆਦਿ ਧਰਮੀਆਂ ਦੀ ਜਬਰਦਸਤ ਅਲੋਚਨਾ ਕੀਤੀ। ਬੇਹੱਦ ਬਹਿਸ ਅਤੇ ਦਲੀਲਬਾਜੀ ਤੋਂ ਬਾਅਦ, ਰਿਸ਼ੀ ਬਾਲਮੀਕ, ਗੁਰੂ ਰਵੀਦਾਸ, ਗੁਰੂ ਕਬੀਰ ਅਤੇ ਸਤਗੁਰੂ ਨਾਮਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਇਹ ਫੈਸਲਾ ਕੀਤਾ ਗਿਆ ਕਿ ਅਛੂਤਾਂ ਨੂੰ ਆਦਿ ਧਰਮੀ ਕਿਹਾ ਜਾਵੇ। ਕਾਨਫਰੰਸ ਵਿਚ ਸਰਬ-ਸੰਮਤੀ ਨਾਲ 25 ਮਤੇ ਪਾਸ ਕੀਤੇ। ਇਕ ਸੌ ਮੈਂਬਰੀ ਕਮੇਟੀ ਬਣਾਈ ਗਈ ਅਤੇ ਮੰਡਲ ਦਾ ਮੁੱਖ ਦਫਤਰ ਜਲੰਧਰ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ।

ਮੁੱਗੋਵਾਲ ਕਾਨਫਰੰਸ ਵਿਚ ਪਾਸ ਕੀਤੇ ਮਤੇ

ਅਸੀਂ ਸਰਕਾਰ ਅਤੇ ਅਛੂਤਾਂ ਬਰਾਦਰੀਆਂ ਲਈ ਘੋਸ਼ਿਤ ਕਰਦੇ ਹਾਂ ਕਿ :-

1. (ੳ) ਆਦਿ ਧਰਮ ਮੰਡਲ ਬਣ ਚੁੱਕਾ ਹੈ। (ਅ) ਸਾਡਾ ਸ਼ੁੱਭ ਕਾਮਨਾ ਸੰਦੇਸ਼ 'ਜੈ ਗੁਰਦੇਵ' ਹੈ। (ੲ) ਸਾਡਾ ਇਤਕਾਦ (ਵਿਸਵਾਸ਼) ਗੁਰੂ ਆਦਿ ਪ੍ਰਕਾਸ਼ ਗ੍ਰੰਥ ਹੈ। (ਸ) ਸਾਡਾ ਪਵਿੱਤਰ ਸ਼ਬਦ 'ਸੋਹੰ' ਹੈ। (ਭਾਵ ਅਸੀਂ ਵੀ ਉਹੀ ਹਾਂ ਜੋ ਤੂੰ ਹੈਂ)

2. ਸਾਡੇ ਧਰਮ (ਆਦਿ ਧਰਮ) ਦੇ ਬਾਨੀ ਹਨ-ਰਿਸ਼ੀ ਬਾਲਮੀਕੀ, ਗੁਰੂ ਰਵਿਦਾਸ, ਗੁਰੂ ਮਹਾਰਾਜ ਕਬੀਰ, ਸਤਿਗੁਰ ਨਾਮਦੇਵ ਹਨ ਅਤੇ ਉਨ੍ਹਾਂ ਦੀ ਬਾਣੀ ਦੇ ਗ੍ਰੰਥ ਦਾ ਨਾਂ 'ਆਦਿ ਪ੍ਰਕਾਸ਼' ਮੰਨਿਆ ਗਿਆ ਹੈ।

3. ਇਹ ਕਾਨਫਰੰਸ ਪੰਜਾਬ ਦੇ ਸਾਰੇ ਜਿਲ੍ਹਿਆਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਹ ਪੰਜਾਬ ਦੇ ਸਾਰੇ ਅਛੂਤਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ-ਆਪ ਨੂੰ ਆਦਿ ਧਰਮੀ ਅਖਵਾਉਣ।

4. ਸਾਰੀਆਂ ਅਛੂਤ ਬਰਾਦਰੀਆਂ ਜਾਤਾਂ ਅਤੇ ਝਗੜਿਆਂ ਨੂੰ ਭੁਲਾ ਕੇ ਇਕ ਮੁੱਠ ਹੋ ਜਾਣ। ਉਨ੍ਹਾਂ ਨੂੰ ਆਪਸ ਵਿਚ ਲੜਨਾ-ਝਗੜਨਾ ਨਹੀਂ ਚਾਹੀਦਾ। ਸਗੋਂ ਸਾਰੇ ਅਛੂਤਾਂ ਨੂੰ ਇਕੱਠੇ ਬੈਠਕੇ ਭੋਜਨ ਖਾਣਾ ਚਾਹੀਦਾ ਹੈ ਅਤੇ ਇਕ-ਦੂਜੇ ਨਾਲ ਸਮਾਜਿਕ ਸੰਬੰਧ ਪੈਦਾ ਕਰਨੇ ਚਾਹੀਦੇ ਹਨ। ਉਨ੍ਹਾਂ ਨੂੰ ਇਕੱਠਿਆ ਬਹਿਕੇ ਖਾਣ-ਪੀਣ ਦਾ ਰਿਵਾਜ਼ ਸ਼ੁਰੂ ਕਰਨਾ ਚਾਹੀਦਾ ਹੈ।

5. ਜੇ ਕੋਈ ਦੂਜੀ ਕੌਮ ਆਦਿ ਧਰਮੀ 'ਤੇ ਹਮਲਾ ਕਰਦੀ ਹੈ ਤਾਂ ਆਦਿ ਧਰਮੀਆਂ ਨੂੰ ਇਕ ਦੂਜੇ ਦੀ ਰਾਖੀ

ਕਰਨੀ ਚਾਹੀਦੀ ਹੈ।

6. ਸਾਰੇ ਆਦਿ ਧਰਮੀਆਂ ਨੂੰ ਸਾਰੇ ਮਹਾਨ ਧਾਰਮਿਕ ਆਗੂਆਂ-ਰਿਸ਼ੀ-ਮੁਨੀ, ਗੁਰੂਆਂ, ਭਗਤਾਂ, ਮਹਾਤਮਾਵਾਂ ਨੂੰ ਮੰਨਣਾ ਚਾਹੀਦਾ ਹੈ। ਇਨ੍ਹਾਂ ਸੰਤਾਂ ਦੇ ਸੱਚੇ ਪੁਜਾਰੀ ਬੁੱਤ ਪੂਜਾ, ਜਾਤ-ਪਾਤ ਜਾਂ ਊਚ ਅਤੇ ਹੀਣ ਕੰਮਾਂ ਵਿਚ ਵਿਸ਼ਵਾਸ ਨਹੀਂ ਕਰਨਗੇ।

7. ਅਛੂਤ ਭਾਈਚਾਰੇ ਦੀਆਂ ਸਾਰੀਆਂ ਲੜਕੀਆਂ ਅਤੇ ਲੜਕਿਆਂ ਨੂੰ ਪ੍ਰਾਇਮਰੀ ਤੱਕ ਦੀ ਸਿੱਖਿਆ ਲਾਜ਼ਮੀ ਲੈਣੀ ਚਾਹੀਦੀ ਹੈ।

8. ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ, ਉਨ੍ਹਾਂ ਦਾ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।

9. ਆਦਿ ਧਰਮੀਆਂ ਨਾਲ ਖਾਣ ਪਾਣ ਕਰਨਾ ਕਾਨੂੰਨੀ ਤੌਰ 'ਤੇ ਜਾਇਜ਼ ਹੈ। ਦੂਜਿਆਂ ਨੂੰ ਆਦਿ ਧਰਮੀਆਂ ਦੇ ਹੱਥਾਂ ਦਾ ਭੋਜਨ ਖਾਣਾ ਚਾਹੀਦਾ ਹੈ। ਆਦਿ ਧਰਮੀਆਂ ਨੂੰ ਵੀ ਉਨ੍ਹਾਂ ਦੇ ਹੱਥ ਦਾ ਭੋਜਨ ਖਾ ਲੈਣਾ ਚਾਹੀਦਾ ਹੈ, ਜੋ ਵੀ ਅਜਿਹਾ ਚਾਹੁੰਦੇ ਹਨ।

10. ਸਿੱਖਿਆ ਮੰਤਰੀ ਪੰਜਾਬ ਸਰਕਾਰ ਲਾਹੌਰ ਨੂੰ ਚਾਹੀਦਾ ਹੈ ਕਿ ਉਹ ਅਛੂਤਾਂ ਦੇ ਬੱਚਿਆਂ ਨੂੰ ਖਾਸ ਸਕਾਲਰਸ਼ਿਪ ਅਤੇ ਵਿੱਦਿਆ ਦੇਵੇ। ਅਸੀਂ ਆਪਣੀ ਗਰੀਬੀ ਕਾਰਨ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਨਹੀਂ ਚੁੱਕ ਸਕਦੇ।

11. ਸਾਡੇ ਬੱਚਿਆਂ (ਦੀ ਪੜ੍ਹਾਈ) ਦਾ ਖਿਆਲ ਸਰਕਾਰ ਕਰੇ, ਕਿਉਂਕਿ ਪ੍ਰਾਈਵੇਟ ਸਕੂਲ ਸਾਡੀ ਮਦਦ ਨਹੀਂ ਕਰਦੇ ਜਾਂ ਫਿਰ ਸਾਡੇ ਬੱਚਿਆਂ ਦੇ ਦਾਖਲੇ ਵੱਲ ਧਿਆਨ ਦਿੱਤਾ ਜਾਵੇ। ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆ ਚਾਹੀਦੀਆਂ ਹਨ। ਅਛੂਤਾਂ ਲਈ ਸਪੈਸ਼ਲ ਸਕੂਲਾਂ ਦੀ ਵਿਵਸਥਾ ਕੀਤੀ ਜਾਵੇ।

12. ਅਸੀਂ ਖੇਤੀਬਾੜੀ ਕਰਦੇ ਹਾਂ। ਅਸੀਂ ਆਪਣਾ ਕੰਮ ਖੇਤੀਬਾੜੀ ਚੰਗੀ ਤਰ੍ਹਾਂ ਕਰਨਾ ਜਾਣਦੇ ਹਾਂ, ਪਰ ਸਾਨੂੰ ਖੇਤ ਮਜ਼ਦੂਰੀ ਨਾ ਕਾਫੀ ਦਿੱਤੀ ਜਾਂਦੀ ਹੈ। ਜਿਸ ਕਰਕੇ ਅਸੀਂ ਆਪਣੇ ਪਰਵਾਰਾਂ ਦੀ ਸਹੀ ਦੇਖ-ਭਾਲ ਨਹੀਂ ਕਰ ਸਕਦੇ। ਖਾਲੀ ਜ਼ਮੀਨ ਅਛੂਤ ਕੌਮ ਨੂੰ ਦਿੱਤੀ ਜਾਵੇ।

13. ਸਰਕਾਰ ਅਛੂਤ ਵਰਗ ਵਿਚਲੇ ਖੇਤੀਬਾੜੀ ਕਰਦਿਆਂ ਨੂੰ ਦੂਜੀਆਂ ਕੌਮਾਂ ਦੇ ਬਰਾਬਰ ਮੰਨੇ ਖਾਸ ਕਰਕੇ ਲਾਇਲਪੁਰ, ਸੇਖਪੁਰਾ, ਸਰਗੋਧਾ, ਮਿੰਟਗੁਮਰੀ ਅਤੇ ਮੁਲਤਾਨ ਵਿਚ ਇਨ੍ਹਾਂ ਜਿਲ੍ਹਿਆਂ ਵਿਚ ਅਛੂਤਾਂ ਨੂੰ ਜ਼ਿਆਦਾ ਜ਼ਮੀਨ ਅਤੇ ਜ਼ਿਆਦਾ ਰੁਜ਼ਗਾਰ ਮਿਲਣਾ ਚਾਹੀਦਾ ਹੈ।

14. ਅਛੂਤ ਨੂੰ ਰਹਿਣੇ ਵਾਲੀ ਜਗ੍ਹਾ ਤੇ ਆਪਣੇ ਮਕਾਨ ਮਾਲਕ ਹੋਣ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ। 'ਲੈਂਡ ਟਰਾਂਸਫਰ ਐਕਟ' ਅਛੂਤਾਂ ਉਪਰ ਲਾਗੂ ਨਾ ਕੀਤਾ ਜਾਵੇ।

15. ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਅਜਿਹਾ ਨਾ ਲਿਖੇ। ਸਾਡਾ ਧਰਮ ਹਿੰਦੂ ਨਹੀਂ। ਸਾਡਾ ਧਰਮ ਆਦਿ ਧਰਮ ਹੈ। ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

16. ਜਨਗਣਨਾਂ ਵਿਚ ਆਦਿ ਧਰਮ ਨੂੰ ਵੱਖਰਿਆਂ ਸ਼ਾਮਲ ਕੀਤਾ ਜਾਵੇ ਅਤੇ ਇਸ ਤਰ੍ਹਾਂ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿੱਤੇ ਜਾਣ।

17. ਅਸੀਂ ਮਿਉਂਸਪਲ ਕੌਂਸਲਾਂ, ਜਿਲ੍ਹਾ ਸੰਮਤੀਆਂ, ਵਿਧਾਨ ਸਭਾ, ਪੁਲਸ, ਫੌਜ ਅਤੇ ਬਾਕੀ ਦੇ ਸਾਰੇ ਮਹਿਕਮਿਆਂ ਵਿਚ ਬਣਦੀ ਨੁਮਾਇੰਦਗੀ ਦੀ ਮੰਗ ਕਰਦੇ ਹਾਂ। ਸਾਨੂੰ ਅਫਸਰਾਂ ਵਿਚ ਵੀ ਬਣਦੀ ਵੱਖਰੀ ਨੁਮਾਇੰਦਗੀ ਮਿਲਣੀ ਚਾਹੀਦੀ ਹੈ।

18. ਭਾਰਤ ਨੂੰ ਉਦੋਂ ਤੱਕ ਸਵੈਰਾਜ ਨਾ ਦਿੱਤਾ ਜਾਵੇ ਜਦੋਂ ਤੱਕ ਹਿੰਦੂ ਅਛੂਤਾਂ ਨੂੰ ਅਜ਼ਾਦ ਤੇ ਬਰਾਬਰ ਨਹੀਂ ਹੋਣ ਦਿੰਦੇ, ਨਹੀਂ ਤਾਂ ਇਹ ਬ੍ਰਿਟਿਸ਼ ਰਾਜ ਲਈ ਕਲੰਕ ਹੋਵੇਗਾ।

19. ਦਇਆ ਨੰਦ ਦਲਿਤ ਉਧਾਰ ਮੰਡਲ, ਹੁਸ਼ਿਆਰਪੁਰ, ਪਤਿਤ ਉਧਾਰ ਮੰਡਲ, ਅੰਤਜ ਉਧਾਰ ਮੰਡਲ ਅਛੂਤ ਉਧਾਰ ਮੰਡਲ ਅਤੇ ਅਛੂਤ ਲਾਹੌਰ ਅਛੂਤਾਂ ਦੀ ਨੁਮਾਇੰਦਗੀ ਨਹੀਂ ਕਰਦੇ। ਉੱਚ ਜਾਤਾਂ ਆਪਣੀ ਤਾਕਤ ਦੇ ਵਾਧੇ ਲਈ ਉਨ੍ਹਾਂ ਨੂੰ ਵਰਤ ਰਹੀਆਂ ਹਨ। 99% ਅਛੂਤਾਂ ਨੇ ਕਦੀ ਇਨ੍ਹਾਂ ਸੰਸਥਾਵਾਂ ਦਾ ਨਾਂ ਵੀ

ਨਹੀਂ ਸੁਣਿਆ। ਇਨ੍ਹਾਂ ਨੂੰ ਉੱਚ ਜਾਤੀਆਂ ਨੇ ਆਪਣੇ ਫਾਇਦਿਆਂ ਲਈ ਬਣਾਇਆ ਹੈ ਅਤੇ ਸਰਕਾਰ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। ਸਰਕਾਰ ਇਨ੍ਹਾਂ ਲੋਕਾਂ ਨੂੰ ਸਾਡੇ ਨੁਮਾਇੰਦੇ ਨਾ ਸਮਝੇ।

20. ਲਾਲ ਰੰਗ ਆਦਿ ਧਰਮ ਦਾ ਚਿੰਨ੍ਹ ਹੈ। ਇਹ ਆਦਿ ਵਾਸੀਆਂ ਦਾ ਰੰਗ ਹੈ, ਆਰੀਆ ਨੇ ਖੋਹ ਲਿਆ ਅਤੇ ਅਛੂਤਾਂ ਨੂੰ ਇਹ ਰੰਗ ਪਹਿਨਣ 'ਤੇ ਮਨਾਹੀ ਕਰ ਦਿੱਤੀ। ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਲਾਲ ਰੰਗ ਪਹਿਨਣ ਦੀ ਆਗਿਆ ਦੇਵੇ। ਅਸੀਂ ਇਸ ਰੰਗ ਨੂੰ ਅਪਨਾਉਣਾ ਚਾਹੁੰਦੇ ਹਾਂ ਕਿਉਂਕਿ ਇਹ ਸਾਡਾ ਅਧਿਕਾਰ ਹੁੰਦਾ ਹੈ।

21. ਉਹ ਸ਼ਾਸਤਰ ਜਿਵੇਂ ਕਿ ਮਨੂੰ ਸਿਮਰਤੀ ਜਿਹੜੇ ਅਛੂਤਾਂ ਨੂੰ ਗੁਲਾਮ ਮੰਨਦੇ ਹਨ ਤੇ ਉਪਰ ਪਾਬੰਦੀ ਲਾਈ ਜਾਵੇ ਅਤੇ ਜਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟਾਂ ਰਹੀਆਂ ਹਨ।

22. ਜਲੰਧਰ ਸ਼ਹਿਰ ਨੂੰ ਸਾਡਾ ਹੈੱਡਕੁਆਰਟਰ ਚੁਣਿਆ ਗਿਆ ਹੈ ਅਤੇ ਸਰਕਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਸਾਡੇ ਬਾਰੇ ਕੋਈ ਵੀ ਐਲਾਨ, ਜ਼ਰੂਰੀ ਕਾਗਜ ਪੱਤਰ ਅਤੇ ਚਿੱਠੀ ਪੱਤਰ ਆਦਿ ਧਰਮ ਮੰਡਲ ਜਲੰਧਰ ਸ਼ਹਿਰ ਦੇ ਪਤੇ ਭੇਜੇ।

23. ਇਹ ਕਾਨਫਰੰਸ ਸਰਕਾਰ ਨੂੰ ਭਰੋਸਾ ਦਿੰਦੀ ਹੈ ਕਿ ਅਸੀਂ ਅਛੂਤ ਸਰਕਾਰ ਦੇ ਸ਼ੁੱਭ ਚਿੰਤਕ ਅਤੇ ਸੱਚੇ ਦੇਸ਼ ਭਗਤ ਹਾਂ। ਅਸੀਂ ਪਹਿਲਾਂ ਵੀ, ਹੁਣ ਵੀ ਅਤੇ ਅੱਗੋਂ ਵੀ ਸਰਕਾਰ ਦੇ ਵਫ਼ਾਦਾਰ ਸ਼ੁੱਭ ਚਿੰਤਕ ਰਹਾਂਗੇ।

24. ਸਾਰੇ ਆਦਿ ਧਰਮੀਆਂ ਨੂੰ ਇਨ੍ਹਾਂ ਨਿਯਮਾਂ ਤੇ ਅਮਲ ਕਰਨਾ ਚਾਹੀਦਾ ਹੈ ਅਤੇ ਇਹ ਉਨ੍ਹਾਂ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਆਦਿ ਧਰਮੀ ਭਰਾਵਾਂ ਨੂੰ ਵੀ ਕਹਿਣ ਕਿ ਉਹ ਵੀ ਇਨ੍ਹਾਂ ਦੀ ਪਾਲਣਾ ਕਰਨ।

25. ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਰਕਾਰੀ ਮਹਿਕਮਿਆਂ ਨੂੰ ਸਖਤ ਚੇਤਾਵਨੀਆਂ ਜਾਰੀ ਕਰੇ ਕਿ ਕਿਸੇ ਨੂੰ ਵੀ ਅਛੂਤ ਤੋਂ ਬਿਨਾਂ ਮਜ਼ਦੂਰੀ ਦਿੱਤੇ ਬਗੈਰ ਕੰਮ ਨਹੀਂ ਕਰਵਾਇਆ ਜਾ ਸਕਦਾ ਜਾਂ ਬਿਨ੍ਹਾਂ ਧਨ ਦਿੱਤਿਆਂ ਉਨ੍ਹਾਂ ਦੀਆਂ ਸੇਵਾਵਾਂ ਨਹੀਂ ਪ੍ਰਾਪਤ ਕੀਤੀਆਂ ਜਾ ਸਕਦੀਆਂ। (ਮਾਰਕ ਨੌਰਜੇਨ ਮੇਅਰ, ਰਿਲੀਜੀਅਸ ਰੀਬਲਜ਼ ਇਨ ਦੀ ਪੰਜਾਬ ਸਫਾ 299 ਤੋਂ 302)

ਸਵਾਮੀ ਅਛੂਤਾ ਨੰਦ ਸੰਚਾਲਕ 'ਆਦਿ ਹਿੰਦੂ' ਅੰਦੋਲਨ ਯੂ.ਪੀ. ਨੇ 1926 ਵਿਚ ਉੱਤਰੀ ਭਾਰਤ ਦੇ ਦਲਿਤ ਅੰਦੋਲਨਾਂ ਨੂੰ ਇਕੱਠੇ ਕਰਨ ਲਈ ਅੰਦੋਲਨਾਂ ਦੇ ਸਿਰ ਕੱਢ ਆਗੂਆਂ ਦੀ ਇਕ ਮੀਟਿੰਗ ਦਿੱਲੀ ਬੁਲਾਈ, ਜਿਸ ਵਿਚ ਪੰਜਾਬ, ਦਿੱਲੀ ਅਤੇ ਉੱਤਰ ਪ੍ਰਦੇਸ਼ ਤੋਂ ਲੀਡਰ ਸ਼ਾਮਲ ਹੋਏ। ਮੀਟਿੰਗ ਵਿਚ ਅਛੂਤਾਂ ਦੀ ਹਿੰਦੂਆਂ ਤੋਂ ਅਲੱਗ ਪਹਿਚਾਣ ਅਤੇ ਸਾਂਝਾ ਫਰੰਟ ਬਣਾਉਣ ਲਈ ਵਿਚਾਰਾਂ ਹੋਈਆਂ, ਪਰ ਇਕ ਨਾਂ 'ਤੇ ਸਹਿਮਤੀ ਨਾ ਹੋ ਸਕੀ ਅਤੇ ਆਪਣੇ-ਆਪਣੇ ਨਾਵਾਂ 'ਤੇ ਅੰਦੋਲਨ ਚਲਾਉਂਦੇ ਰਹਿਣ ਦਾ ਫੈਸਲਾ ਹੋਇਆ, ਪਰ ਆਪਸੀ ਸੰਪਰਕ ਬਣਾਈ ਰੱਖਣਗੇ।

ਵਗਾਰ ਵਿਰੁੱਧ ਮੋਰਚਾ

ਆਦਿ ਧਰਮ ਅੰਦੋਲਨ ਨੇ ਸਦੀਆਂ ਤੋਂ ਅਛੂਤਾਂ ਤੋਂ ਲਈ ਜਾ ਰਹੀ ਵਗਾਰ ਦਾ ਵਿਰੋਧ ਕੀਤਾ। ਧਰਮਸ਼ਾਲਾ ਵਿਖੇ ਵਗਾਰ ਵਿਰੁੱਧ ਮੋਰਚਾ ਲਾਇਆ। ਉੱਚ ਜਾਤੀਆਂ ਅਛੂਤਾਂ ਤੋਂ ਜਬਰੀ ਮੁਰਦਿਆਂ ਦੀਆਂ ਲਾਸ਼ਾਂ ਚੁਕਵਾਉਂਦੇ ਸਨ। ਕੰਮ ਦੇ ਬਦਲੇ ਮਜ਼ਦੂਰੀ ਨਹੀਂ ਦਿੰਦੇ ਸਨ। ਆਦਿ ਧਰਮ ਅੰਦੋਲਨ ਦੇ ਨੇਤਾਵਾਂ ਨੇ ਡਿਪਟੀ ਕਮਿਸ਼ਨਰ ਮੋਹਰੇ ਮੋਰਚਾ ਲਾਇਆ। ਵਗਾਰ ਬੰਦ ਕਰਵਾ ਦਿੱਤੀ। ਮਜ਼ਦੂਰੀ ਦੋ ਆਨੇ ਤੋਂ ਵਧਾ ਕੇ ਡੇਢ ਰੁਪਿਆ ਕਰਵਾ ਦਿੱਤੀ। ਇਸ ਮੋਰਚੇ ਨੇ ਅੰਦੋਲਨ ਨੂੰ ਹੋਰ ਵੀ ਗਰਮਾ ਦਿੱਤਾ। ਸਿੱਟੇ ਵਜੋਂ ਥਾਂ-ਥਾਂ 'ਤੇ ਆਦਿ ਧਰਮ ਦੀਆਂ ਕਾਨਫਰੰਸਾਂ ਅਤੇ ਬਰਾਂਚਾਂ ਸਥਾਪਤ ਹੋਣ ਲੱਗੀਆਂ। ਆਦਿ ਧਰਮ ਮੰਡਲ ਨੇ ਦਲਿਤਾਂ ਨੂੰ ਵਿੱਦਿਆ ਲਈ ਪ੍ਰੇਰਿਆ ਅਤੇ ਉਨ੍ਹਾਂ ਦੇ ਉਥਾਨ ਲਈ ਸਕੂਲ ਸਥਾਪਤ ਕੀਤੇ।

ਹਫਤਾਵਾਰ ਅਖਬਾਰ ਆਦਿ ਡੰਕਾ

ਆਦਿ ਧਰਮ ਦੇ ਪ੍ਰਚਾਰ ਲਈ ਤੇ ਪਛੜੀਆਂ ਸ਼੍ਰੇਣੀਆਂ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਸਥਿਤੀ ਪ੍ਰਤੀ ਅਛੂਤਾਂ (ਦਲਿਤਾਂ) ਨੂੰ ਚੇਤਨ ਕਰਨ ਅਤੇ ਉਨ੍ਹਾਂ ਦੇ ਦੁੱਖ ਦਰਦ ਸਰਕਾਰ ਤੱਕ ਪਹੁੰਚਾਉਣ ਵਾਸਤੇ ਹਫਤਾਵਰੀ ਅਖਬਾਰ (ਆਦਿ ਡੰਕਾ) ਪੰਜਾਬੀ ਅਤੇ ਉਰਦੂ ਵਿਚ ਛਾਪਣਾ ਸ਼ੁਰੂ ਕੀਤਾ। ਜਿਸਨੇ ਹਿੰਦੁਸਤਾਨ ਅਤੇ ਦੂਸਰੇ ਦੇਸ਼ਾਂ ਵਿਚ ਗਏ ਹੋਏ ਦਲਿਤਾਂ ਵਿਚ ਜੋਸ਼ ਪੈਦਾ ਕਰ ਦਿੱਤਾ। ਜਿਸ ਦਾ ਸਦਕਾ ਆਦਿ ਧਰਮ ਅੰਦੋਲਨ ਨੂੰ ਨਿਊਜੀਲੈਂਡ, ਫਿਜੀ, ਸਿੰਘਾਪੁਰ ਤੇ ਯੂ.ਕੇ. ਤੋਂ ਮਾਇਕ ਸਹਾਇਤਾ ਆਉਣ ਲੱਗ ਪਈ ਤੇ

ਅੰਦੋਲਨ ਮਜ਼ਬੂਤ ਹੁੰਦਾ ਗਿਆ।

ਆਦਿ ਧਰਮ ਅੰਦੋਲਨ ਨੂੰ ਫੇਲ੍ਹ ਕਰਨ ਲਈ ਸਾਜ਼ਿਸ਼ਾਂ

ਆਦਿ ਧਰਮ ਅੰਦੋਲਨ ਦੀ ਦਿਨੋ-ਦਿਨ ਵੱਧ ਰਹੀ ਸ਼ਕਤੀ ਨੇ ਉੱਚ ਜਾਤੀਆਂ (ਆਰੀਆ ਸਮਾਜੀਆਂ) ਦੀ ਨੀਂਦ ਹਰਾਮ ਕਰ ਦਿੱਤੀ। ਆਰੀਆ ਸਮਾਜ ਲਹਿਰ ਦੀ ਸਥਾਪਨਾ ਸੁਆਮੀ ਦਯਾ ਨੰਦ ਨੇ 19ਵੀਂ ਸਦੀ ਵਿਚ ਮਹਾਤਮਾ ਜੋਤੀ ਰਾਉ ਫੂਲੇ ਵੱਲੋਂ ਮਹਾਂਰਾਸ਼ਟਰ ਵਿਚ ਸ਼ੂਦਰਾਂ ਦੀ ਹੋਂਦ ਤੇ ਉਥਾਨ ਲਈ ਸ਼ੁਰੂ ਕੀਤੇ 'ਸੱਤਿਆ ਸੋਧਕ ਸਮਾਜ' ਨੂੰ ਫੇਲ੍ਹ ਕਰਨ ਲਈ ਕੀਤੀ ਗਈ ਸੀ ਤਾਂ ਜੋ ਕਿ ਦਲਿਤ ਮਹਾਤਮਾ ਜੋਤੀ ਰਾਓ ਫੂਲੇ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਬੇਮੁੱਖ ਰਹਿਣ। ਜਿਵੇਂ ਸ਼ਾਹੂ ਛਤਰਪਤੀ ਦੀ ਸਮਾਜਿਕ ਕ੍ਰਾਂਤੀ ਵਿਰੁੱਧ ਬਾਲ ਗੰਗਾਧਰ ਤਿਲਕ ਨੇ ਸਵਰਾਜ ਅੰਦੋਲਨ ਛੇੜਿਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਤੋਂ ਦਲਿਤ ਪਛੜੇ ਲੋਕਾਂ ਨੂੰ ਦੂਰ ਰੱਖਣ ਲਈ 1925 ਵਿਚ ਕਮਿਊਨਿਸਟ ਲਹਿਰ ਅਤੇ ਆਰ ਐਸ ਐਸ. ਮਹਾਂਰਾਸ਼ਟਰ ਦੇ ਬ੍ਰਾਹਮਣਾਂ ਨੇ ਸ਼ੁਰੂ ਕੀਤੀਆਂ। ਇਸੇ ਤਰ੍ਹਾਂ ਮਹਾਤਮਾ ਗਾਂਧੀ ਨੇ ਹਰੀਜਨ ਅੰਦੋਲਨ ਅਤੇ ਅਛੂਤ ਉਧਾਰ ਪ੍ਰੋਗਰਾਮ ਸ਼ੁਰੂ ਕੀਤੇ। ਪਛੜੀਆਂ ਜਾਤੀਆਂ ਨੂੰ ਜਾਤ ਦਾ ਪ੍ਰਸ਼ਨ ਖੜ੍ਹਾ ਕਰਕੇ ਅਛੂਤ ਅੰਬੇਡਕਰ ਤੋਂ ਦੂਰ ਰੱਖਿਆ ਆਦਿ। ਅਜਿਹਾ ਕਰਕੇ ਸੁਆਮੀ ਦਯਾਨੰਦ ਨੇ ਆਰੀਆ ਸਮਾਜ ਰਾਹੀਂ ਹਿੰਦੂਵਾਦ ਨੂੰ ਬਚਾਉਣ ਲਈ ਬ੍ਰਾਹਮਣਵਾਦ ਦੀ ਵਰਣ ਵਿਵਸਥਾ ਦਾ ਪੁਨਰ ਜਨਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸੇ ਸੰਦਰਭ ਵਿਚ ਆਦਿ ਧਰਮ ਦਾ ਮੁਕਾਬਲਾ ਕਰਨ ਲਈ ਉੱਚ ਜਾਤੀਆਂ ਨੇ ਪੰਜਾਬ ਵਿਚੋਂ ਅਛੂਤਾਂ ਦਾ ਧਿਆਨ ਆਦਿ ਧਰਮ ਤੋਂ ਲਾਂਭੇ ਖਿੱਚਣ ਲਈ ਦਯਾ ਨੰਦ ਦਲਿਤ ਉਧਾਰ 'ਪਤਿਤ ਉਦਾਰ', 'ਅਤੰਜ ਉਦਾਰ' ਅਤੇ 'ਅਛੂਤ ਉਦਾਰ' ਨਾਂ ਦੀਆਂ ਸੰਸਥਾਵਾਂ ਰਾਹੀਂ ਬ੍ਰਾਹਮਣਵਾਦ ਦੇ ਸਿਧਾਂਤ ਸਾਮ, ਦਾਮ, ਭੇਦ, ਦੰਡ ਰਾਹੀਂ ਆਦਿ ਧਰਮ ਅੰਦੋਲਨ ਉੱਤੇ ਧਾਵਾ ਬੋਲ ਦਿੱਤਾ। ਜਿਵੇਂ :-1. ਆਰੀਆ ਸਮਾਜੀਆਂ ਨੇ ਆਪਣੇ ਉਪਰੋਕਤ ਅੰਦੋਲਨ ਤੇਜ਼ ਕਰ ਦਿੱਤੇ।

2. ਜਾਹਲੀ ਆਦਿ ਧਰਮੀ ਤਿਆਰ ਕਰਕੇ, ਉਨ੍ਹਾਂ ਦੁਆਰਾ ਪੈਸੇ ਇਕੱਠੇ ਕਰਕੇ ਆਦਿ ਧਰਮ ਅੰਦੋਲਨ ਵਿਚ ਫੁੱਟ ਪਾਉਣ ਲਈ ਛੜਯੰਤਰ ਰਚੇ।

3. ਆਦਿ ਧਰਮ ਅੰਦੋਲਨ ਨੂੰ ਅੰਗਰੇਜ਼ਾਂ ਦਾ ਪਿੱਠੂ ਦੱਸਕੇ ਧੜਾ-ਧੜ ਲਿਟਰੇਚਰ ਛਪਵਾ ਕੇ ਵੰਡਿਆ।

4. ਆਦਿ ਧਰਮ ਦੇ ਪ੍ਰਚਾਰਕਾਂ ਨੂੰ ਲੱਭਕੇ ਲਾਲਚ ਦੇ ਕੇ ਅਤੇ ਵਰਗਲਾ ਕੇ ਆਦਿ ਧਰਮ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ।

5. ਪਿੰਡਾਂ ਵਿਚ ਜੱਟ ਸਿੱਖਾਂ ਨਾਲ ਰਲਕੇ ਅਛੂਤਾਂ ਨੂੰ ਤੰਗ ਕਰਨ ਲੱਗੇ।

ਹਵਾਲਾ :-(ਮਾਰਕ ਜੋਰਜੇਨਜ਼ ਮੇਅਰ, ਰਿਲੀਜੀਅਸ਼ ਰੀਬਲਜ਼ ਇਨ ਦੀ ਪੰਜਾਬ ਸਫਾ 25,26)

ਸਾਈਮਨ ਕਮਿਸ਼ਨ ਨੂੰ ਮੈਮੋਰੈਂਡਮ

ਬਾਬੂ ਮੰਗੂ ਰਾਮ ਨੇ ਸਾਈਮਨ ਕਮਿਸ਼ਨ ਦੇ ਆਉਣ ਦੀ ਖਬਰ ਅਖਬਾਰਾਂ ਵਿਚ ਪੜ੍ਹਕੇ ਸਾਰੇ ਜਿਲ੍ਹਿਆਂ ਦੇ ਵਰਕਰਾਂ ਨੂੰ ਇਕੱਠਾ ਕੀਤਾ। ਮੀਟਿੰਗ ਵਿਚ ਬਾਬੂ ਜੀ ਨੇ ਕੌਮ ਦੀਆਂ ਦੁੱਖ, ਤਕਲੀਫਾਂ ਨੂੰ ਦੂਰ ਕਰਨ ਅਤੇ ਹਰ ਪ੍ਰਕਾਰ ਦੇ ਹੱਕ ਲੈਣ ਲਈ ਮਤਾ ਪਾਸ ਕੀਤਾ। ਜਨਵਰੀ 1928 ਬਾਬੂ ਮੰਗੂ ਰਾਮ 150 ਮੰਨੇ-ਪ੍ਰਮੰਨੇ ਆਦਮੀਆਂ ਦਾ ਡੈਪੂਟੇਸ਼ਨ ਲੈ ਕੇ ਰਾਇਲ ਕਮਿਸ਼ਨ ਦੇ ਆਗੂਆਂ ਨੂੰ ਮਿਲੇ, ਜਿੱਥੇ ਮੰਗ ਪੱਤਰ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਸਰ ਸਾਈਮਨ ਨਾਲ ਬਾਬੂ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਗੱਲਬਾਤ ਕੀਤੀ। ਸਰ ਸਾਈਮਨ ਨੇ ਬਾਬੂ ਜੀ ਦੀ ਗੱਲ ਬੜੇ ਧਿਆਨ ਨਾਲ ਸੁਣੀ। ਮੈਮੋਰੰਡਮ ਵਿਚ ਲਿਖਿਆ ਸੀ ਕਿ ਹਿੰਦੂ ਸਾਡੀ ਗਿਣਤੀ ਆਪਣੇ ਵਿਚ ਲਿਖਾ ਦੇਂਦੇ ਹਨ, ਪਰ ਜਦੋਂ ਸਾਨੂੰ ਸਹੂਲਤਾਂ ਦੇਣ ਦਾ ਸਮਾਂ ਆਉਂਦਾ ਹੈ ਤਾਂ ਸਾਡੇ ਨਾਲ ਬੇ-ਇਨਸਾਫੀ ਕਰਦੇ ਹੋਏ ਸਾਡੇ ਸਾਰੇ ਦੇ ਸਾਰੇ ਹੱਕ ਆਪ ਹੜੱਪ ਕਰ ਜਾਂਦੇ ਹਨ। ਸਾਨੂੰ ਸਮਾਜ ਵਿਚ ਬਹੁਤ ਨੀਵਾਂ ਗਿਣਿਆਂ ਜਾਂਦਾ ਹੈ। ਸਾਡੀ ਜ਼ਿੰਦਗੀ ਕੁੱਤਿਆਂ, ਬਿੱਲਿਆਂ ਨਾਲੋਂ ਵੀ ਭੈੜੀ ਹੈ। ਇਸ ਲਈ ਨਾ ਅਸੀਂ ਹਿੰਦੂ ਹਾਂ, ਨਾ ਮੁਸਲਮਾਨ ਤੇ ਨਾ ਹੀ ਅਸੀਂ ਇਸਾਈ ਹਾਂ। ਅਸੀਂ ਆਦਿ ਧਰਮੀ ਹਾਂ। ਇਸ ਲਈ ਸਾਨੂੰ ਸਾਡੇ ਹੱਕਾਂ ਦਾ ਵੱਖਰਾ ਕੋਟਾ ਦਿੱਤਾ ਜਾਵੇ ਤੇ ਸਾਨੂੰ ਵੀ ਤਮਾਮ ਮਨੁੱਖੀ ਅਧਿਕਾਰ ਦੂਸਰੀਆਂ ਕੌਮਾਂ ਵਾਂਗ ਮਿਲਣੇ ਚਾਹੀਦੇ ਹਨ। 1929 ਈ. ਨੂੰ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਮੰਗੂ ਰਾਮ 300 ਆਦਮੀਆਂ ਦਾ ਜਥਾ ਲੈ ਕੇ ਗਵਰਨਰ ਸਾਹਿਬ ਨੂੰ ਮਿਲੇ, ਉਸ ਵਿਚ ਮਾਸਟਰ ਗੁਰਬੰਤਾ ਸਿੰਘ ਵੀ ਸ਼ਾਮਲ ਸਨ। ਡੈਪੂਟੇਸ਼ਨ ਨੇ ਸਾਰੀਆਂ ਮਨੁੱਖੀ ਔਕੜਾਂ ਦਾ ਲਿਖਤੀ ਤੌਰ 'ਤੇ ਮੈਮੋਰੰਡਮ ਗਵਰਨਰ ਸਾਹਿਬ ਦੇ ਪੇਸ਼ ਕੀਤਾ।

ਮਰਦਮ ਸ਼ੁਮਾਰੀ

1931 ਦੀ ਮਰਦਮ ਸ਼ੁਮਾਰੀ ਲਈ ਜਦ ਕਾਂਗਰਸੀ ਨੇਤਾਵਾਂ ਨੇ 7 ਕਰੋੜ ਅਛੂਤਾਂ ਨੂੰ ਅੱਧੇ ਹਿੰਦੂ ਅਤੇ ਅੱਧੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਤਾਂ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਇਸ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਆਦਿ ਧਰਮੀਆਂ ਨੂੰ ਆਪਣੀ ਹੋਂਦ ਨੂੰ ਪਹਿਚਾਨਣ ਦਾ ਨਾਅਰਾ ਦਿੱਤਾ।(ਡਾਕਟਰ ਅੰਬੇਡਕਰ ਸਾਈਮਨ ਕਮਿਸ਼ਨ ਅੱਗੇ ਪਹਿਲਾਂ ਹੀ ਇਹ ਕਹਿ ਚੁੱਕੇ ਸਨ ਕਿ ਸਾਨੂੰ ਹਿੰਦੂਆਂ ਨਾਲੋਂ ਬਿਲਕੁਲ ਵੱਖਰੀ, ਸਪੱਸ਼ਟ ਅਤੇ ਅੱਡਰੀ ਘੱਟ ਗਿਣਤੀ ਮੰਨਿਆ ਜਾਵੇ।)

ਲੰਡਨ ਗੋਲਮੇਜ ਕਾਨਫਰੰਸਾਂ ਅਤੇ ਆਦਿ ਧਰਮ

ਫਰੈਨਚਾਈਜ਼ ਕਮੇਟੀ ਦੀ ਰਿਪੋਰਟ 'ਤੇ ਵਿਚਾਰ ਕਰਨ ਲਈ ਲੰਡਨ ਵਿਚ ਗੋਲਮੇਜ ਕਾਨਫਰੰਸਾਂ ਹੋਈਆਂ। ਮਹਾਤਮਾ ਗਾਂਧੀ ਅਤੇ ਸਿੱਖਾਂ ਤੇ ਮੁਸਲਮਾਨਾਂ ਦੇ ਆਗੂ ਵੀ ਕਾਨਫਰੰਸਾਂ ਵਿਚ ਸ਼ਾਮਲ ਹੋਏ। ਅਛੂਤ ਜਾਤੀਆਂ ਵੱਲੋਂ ਬਾਬਾ ਸਾਹਿਬ ਅੰਬੇਡਕਰ ਪੇਸ਼ ਹੋਏ। ਅਛੂਤਾਂ ਦੀ ਨੁਮਾਇੰਦਗੀ ਬਾਰੇ ਗਾਂਧੀ ਜੀ ਨੇ ਝਗੜਾ ਖੜ੍ਹਾ ਕਰ ਦਿੱਤਾ ਕਿ ਮੈਂ ਹੀ ਅਛੂਤਾਂ ਦਾ ਨੁਮਾਇੰਦਾ ਹਾਂ, ਡਾਕਟਰ ਅੰਬੇਡਕਰ ਨਹੀਂ ਹੈ। ਡਾਕਟਰ ਅੰਬੇਡਕਰ ਨੂੰ ਆਪਣਾ ਨੁਮਾਇੰਦਾ ਸਾਬਤ ਕਰਨ ਲਈ ਆਦਿ ਧਰਮ ਮੰਡਲ ਨੇ ਅੰਗਰੇਜ਼ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ 57 ਟੈਲੀਗ੍ਰਾਮਾਂ ਭੇਜੀਆਂ। ਆਖਰ ਫੈਸਲਾ ਹੋਇਆ ਕਿ ਜਿਸ ਦੀਆਂ ਵੋਟਾਂ ਵੱਧ ਹੋਣਗੀਆਂ, ਅਛੂਤਾਂ ਦਾ ਨੁਮਾਇੰਦਾ ਉਸ ਨੂੰ ਹੀ ਮੰਨਿਆ ਜਾਵੇਗਾ। ਤਾਂ ਉਸ ਵੇਲੇ ਬਾਬੂ ਮੰਗੂ ਰਾਮ ਅਤੇ ਆਦਿ ਧਰਮ ਦੀ ਹਿੰਮਤ ਨਾਲ ਡਾ. ਅੰਬੇਡਕਰ ਜੀ ਪਈਆਂ 7 ਵੋਟਾਂ ਗਾਂਧੀ ਜੀ ਨਾਲੋਂ ਵੱਧ ਗਈਆਂ ਤੇ ਗਾਂਧੀ ਜੀ ਹਾਰ ਖਾ ਕੇ ਦੇਸ਼ ਪਰਤ ਆਏ। ਪਰੰਤੂ ਨਤੀਜਾ ਇਹ ਨਿਕਲਿਆ ਕਿ ਕਾਨਫਰੰਸਾਂ ਵਿਚ ਗੰਭੀਰ ਵਿਚਾਰਾਂ ਤੋਂ ਬਾਅਦ ਪ੍ਰਧਾਨ ਮੰਤਰੀ ਰੇਮਜ਼ੇਮੈਕਡਾਨਲਡ ਨੇ ਕਮਿਊਨਲ ਐਵਾਰਡ ਦਾ ਐਲਾਨ ਕਰ ਦਿੱਤਾ। ਇਸ ਤਹਿਤ ਅਛੂਤਾਂ ਨੂੰ ਵੱਖਰੇ ਅਧਿਕਾਰ ਦਿੱਤੇ ਗਏ। ਪ੍ਰੰਤੂ ਅਲੱਗ ਅਧਿਕਾਰਾਂ ਦੇ ਖਿਲਾਫ ਗਾਂਧੀ ਜੀ ਨੇ ਮਰਨ ਵਰਤ ਰੱਖ ਲਿਆ, ਕਿ ਜੇਕਰ ਅਛੂਤਾਂ ਦੇ ਅਲੱਗ ਅਧਿਕਾਰ ਵਾਪਸ ਨਾ ਲਏ ਗਏ ਤਾਂ ਮੈਂ ਬਿਨਾਂ ਖਾਣਾ-ਪੀਣਾ ਤੋਂ ਭੁੱਖਾ ਰਹਿ ਕੇ ਪ੍ਰਾਣ ਤਿਆਗ ਦਿਆਂਗਾ। ਗਾਂਧੀ ਜੀ ਨੂੰ ਮਰਦਾ ਵੇਖ ਕੇ ਉੱਚ ਜਾਤੀਆਂ ਵੱਲੋਂ ਅਛੂਤ ਬਸਤੀਆਂ 'ਤੇ ਹਮਲੇ ਕੀਤੇ ਗਏ, ਝੁੱਗੀਆਂ ਨੂੰ ਅੱਗਾਂ ਲਾਈਆਂ ਗਈਆਂ। ਆਖਰ ਬਾਬਾ ਸਾਹਿਬ ਨੂੰ ਮਜਬੂਰ ਹੋ ਕੇ ਗਾਂਧੀ ਜੀ ਨਾਲ ਸਮਝੌਤਾ ਕਰਨਾ ਪਿਆ। ਸਿੱਟੇ ਵਜੋਂ ਪੂਨਾ ਪੈਕਟ ਹੋਇਆ। ਸਾਰੇ ਦੇਸ਼ ਵਿਚ ਅਛੂਤਾਂ ਨੂੰ ਅਸੰਬਲੀਆਂ ਵਿਚ 175 ਸੀਟਾਂ ਦਿੱਤੀਆਂ ਗਈਆਂ ਅਤੇ ਪੰਜਾਬ ਦੇ ਹਿੱਸੇ 8 ਸੀਟਾਂ ਆਈਆਂ। 1937 ਈ. ਵਿਚ ਪੰਜਾਬ ਅਸੰਬਲੀ ਲਈ ਵੋਟਾਂ ਪਈਆਂ। ਆਦਿ ਧਰਮ ਮੰਡਲ ਨੇ ਅਜ਼ਾਦ ਉਮੀਦਵਾਰਾਂ ਵਜੋਂ ਚੋਣਾਂ ਲੜੀਆਂ। 8 ਵਿਚੋਂ 7 ਸੀਟਾਂ 'ਤੇ ਆਦਿ ਧਰਮ ਦੇ ਉਮੀਦਵਾਰ ਸਫਲ ਹੋਏ। ਆਦਿ ਧਰਮ ਮੰਡਲ ਦੀ ਇਹ ਇਕ ਮਹਾਨ ਰਾਜਨੀਤਕ ਜਿੱਤ ਸੀ।('ਆਦਿ ਧਰਮ ਅੰਦੋਲਨ ਅਤੇ ਬਾਬੂ ਮੰਗੂ ਰਾਮ' ਵਿਚੋਂ)

ਬਾਬੂ ਮੰਗੂ ਰਾਮ ਮੁਗੋਵਾਲੀਆ ਪ੍ਰਧਾਨ ਆਦਿ ਧਰਮ ਮੰਡਲ

ਕੌਮਾਂ ਹਮੇਸ਼ਾ ਸੁਸਾਇਟੀ ਦੀ ਅਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪ੍ਰਪੱਕਤਾ ਬਣਾ ਕੇ ਆਪਣੀ ਕੌਮੀ ਅਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਪ੍ਰਫੁਲਤ ਹਨ, ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਇਨ੍ਹਾਂ ਨਾਲੋਂ ਬਹੁਤ ਪਿੱਛੇ ਹਾਂ। ਅੱਜ ਦੇਸ਼ ਦੀ ਅਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਅਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ ਅੱਜ ਸਾਨੂੰ ਆਪਣੀ ਕੌਮੀ ਸਮਾਜ (ਸੁਸਾਇਟੀ) ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲਕੇ ਆਪਣੀ ਸੁਸਾਇਟੀ 'ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਕਿ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਬਸੇਵਾ ਹੁੰਦਾ ਸੀ, ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ। ਜਿਨ੍ਹਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ

ਹੇਠ ਆ ਜਾਵੇ ਜਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਓ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਮਕਾਨ ਬਣਾਉਣ ਵਾਸਤੇ ਥਾਂ ਮੁਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ 'ਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ ਉਹ ਦਰਖੱਤ ਜਿਮੀਂਦਾਰ ਕੱਟਦਾ ਸੀ ਅਤੇ ਹੋਰ ਕਈ ਤਰ੍ਹਾਂ ਦੀਆਂ ਬੁਤੀਆਂ ਦਿੰਦੇ ਰਹਿੰਦੇ ਸਨ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉੱਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ-ਵੀਹ ਮੀਲ ਤੱਕ ਲਜਾਈ ਜਾਂਦੀ ਸੀ। ਪੁਲਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰਾਂ ਦੇ ਬੋਹਜੇ ਤੇ ਬੁੱਤੀਆਂ ਆਰਾਮ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਬਗਾਰਾਂ ਲਈਆਂ ਜਾਂਦੀਆਂ ਸਨ। ਲਕੜੀ ਦੇ ਪਰਨਾਲੇ ਗਡ ਕੇ ਉਨ੍ਹਾਂ ਰਾਹੀਂ ਪਾਣੀ ਪਲਾਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜਨ 'ਤੇ ਪਾਬੰਦੀ ਲਾਈ ਹੋਈ ਸੀ ਵਿੱਦਿਆ ਤੋਂ ਵਾਂਝੇ ਰੱਖਕੇ ਸਾਡੇ ਪਾਸੋਂ ਹਰ ਤਰ੍ਹਾਂ ਦੀ ਗੁਲਾਮੀ ਕਰਵਾਉਂਦੇ ਸਨ।

ਸਾਥੀਓ ਤੇ ਨੌਜਵਾਨੋਂ ! ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚੋਂ ਲਿਖੇ ਹਨ, ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ 'ਚੋਂ ਗੁਜ਼ਰ ਕੇ ਅੱਜ ਅਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖਕੇ ਆਪ ਅੱਗੇ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ-ਖੇਰੂੰ ਦੇਖਦਾ ਹਾਂ ਕਿਤੇ ਉਹ ਪਿਛਲਾ ਸਮਾਂ ਮੁੜ ਕੇਨਾ ਕੌਮ ਉੱਤੇ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਸਮਾਜ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਅਵਾਜ਼ ਹੋਵੇ।

ਦੇਸ਼ ਦੀਆਂ ਉੱਚ ਸ਼੍ਰੇਣੀਆਂ ਨੂੰ ਦੇਖ ਕੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉੱਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ, ਉਸ ਸਮੇਂ ਸਾਨੂੰ ਚੂਹੜੇ, ਚੁਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪਛੜੀਆਂ ਕੌਮਾਂ ਨੂੰ ਇਨ੍ਹਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮੀ (ਆਦ ਵਾਸੀ) ਰੱਖਿਆ। ਹਕੂਮਤ ਨੂੰ ਲਿਖਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਦੇ ਨਾਮ ਤੋਂ ਜਾਣੂ ਕਰਵਾਇਆ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਸਾਂਝੀ ਬਣਾ ਦਿੱਤਾ। ਕੌਮੀ ਅਧਿਕਾਰਾਂ ਦੇ ਮਿਲਣ ਕਰਕੇ ਪਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜ ਰਿਵਾਜਾਂ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ 'ਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੀਆਂ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ (ਸੁਸਾਇਟੀ) ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚਲ ਰਹੀ ਹੈ। ਉਸ ਦੇ ਜਿੰਮੇਦਾਰ ਬਣਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵੇਂ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹੀ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅਤੀ ਲੋੜ ਹੈ, ਅਸੀਂ ਸਾਰੇ ਮਿਲਕੇ ਆਪਣੀ ਅਵਾਜ਼ ਨੂੰ ਸੁਸਾਇਟੀ

ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

ਚਾਨਣ ਲਾਲ ਮਾਣਕ ਮਿਸ਼ਨਰੀ ਆਦਿ ਧਰਮ ਸ਼ੈਡੂਲਡ ਕਾਸਟਸ ਫੈਡਰੇਸ਼ਨ

ਜਨਮ 14 ਜਨਵਰੀ 1886 ਈ. ਨੂੰ ਪਿਤਾ ਚੌ. ਹਰਨਾਮ ਦਾਸ ਅਤੇ ਮਾਤਾ ਅਤਰੀ ਦੇਵੀ ਦੀ ਕੁਖੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਗੋਵਾਲ ਵਿਚ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਮਾਤਾ ਪਿਤਾ ਨੇ ਮੰਗੂ ਰਾਮ ਰੱਖਿਆ। ਬਾਲਕ ਦੇ ਚਿਹਰੇ ਉੱਤੇ ਇਤਨਾ ਨੂਰ ਸੀ ਕਿ ਘਰ ਦੇ ਤਾਂ ਕੀ ਆਂਢ-ਗੁਆਂਢ ਦੇ ਲੋਕਾਂ ਦੇ ਦਿਲਾਂ ਦੀ ਭੁੱਖ ਵੀ ਦੂਰ ਹੁੰਦੀ। ਲਾਲ ਚਮਕਦਾ ਚਿਹਰਾ, ਬੁਲੀਆਂ ਦੀ ਮੁਸਕਾਨ ਹਰ ਵੇਖਣ ਵਾਲੇ ਦੇ ਦਿਲ ਨੂੰ ਖਿੱਚ ਪਾਉਂਦੀ। ਆਪ ਨੇ ਮੁੱਢਲੀ ਵਿੱਦਿਆ ਮਾਹਿਲਪੁਰ ਤੋਂ ਪ੍ਰਾਪਤ ਕੀਤੀ। ਜੂਨੀਅਰ ਤੇ ਸੀਨੀਅਰ ਕਲਾਸਾਂ ਅਮੀ ਚੰਦ ਹਾਈ ਸਕੂਲ ਬਜਵਾੜਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੀਤੀਆਂ। ਛੂਆ-ਛਾਤ ਦਾ ਇਤਨਾ ਜ਼ਬਰਦਸਤ ਦੌਰ ਸੀ ਕਿ ਬਾਲਕ ਮੰਗੂ ਰਾਮ ਨੂੰ ਬੈਠਣ ਵਾਸਤੇ ਤਪੜੀ ਘਰੋਂ ਲੈ ਜਾਣੀ ਪੈਂਦੀ ਅਤੇ ਬਾਕੀ ਦਿਆਂ ਵਿਦਿਆਰਥੀਆਂ ਨਾਲੋਂ ਬੜੀ ਦੂਰ ਸਕੂਲ ਤੋਂ ਬਾਹਰ ਬਿਠਾਇਆ ਜਾਂਦਾ। ਜੇ ਕਿਸੇ ਨਾਲ ਮੰਗੂ ਰਾਮ ਭੁੱਲ-ਭੁਲੇਖੇ ਛੋਹ ਜਾਵੇ ਤਾਂ ਉਹ ਵਿਦਿਆਰਥੀ ਭਿਟਿਆ ਜਾਂਦਾ। ਇਕ ਦਿਨ ਬਾਰਸ਼ ਦੇ ਨਾਲ ਗੜੇ ਇਤਨੇ ਪਏ ਕਿ ਮੰਗੂ ਰਾਮ ਸਕੂਲੋਂ ਬਾਹਰ ਬੈਠਾ ਗੜਿਆਂ ਨਾਲ ਬਿਹੋਸ਼ ਹੋਣ ਲੱਗਾ ਤਦ ਭੱਜਦੇ ਸਕੂਲ ਦੇ ਕਮਰੇ ਵਿਚ ਜਾ ਪਨਾਹ ਲਈ। ਸਕੂਲ ਦੇ ਮਾਸਟਰ ਪੋਹਲੇ ਰਾਮ ਨੇ ਕੁੱਟਣਾ ਸ਼ੁਰੂ ਕਰ ਦਿੱਤਾ। ਨਾਲ ਦੇ ਵਿਦਿਆਰਥੀ ਵੀ ਹਾਲ ਪਾਹਰਿਆ ਪਾਉਣ ਲੱਗ ਪਏ ਕਿ ਚਮਾਰਾਂ ਦੇ ਮੁੰਡੇ ਨੇ ਸਾਡਾ ਸਕੂਲ ਭਿੱਟ ਦਿੱਤਾ। ਇਤਨਾ ਕੁਟਿਆ ਕਿ ਇਨ੍ਹਾਂ ਦੀਆਂ ਹੱਡੀਆਂ ਤੇ ਸਾਰਾ ਸਰੀਰ ਦਰਦ ਕਰਨ ਲੱਗ ਪਿਆ। ਇਹ ਸਾਰੀ ਦੁੱਖ ਭਰੀ ਕਹਾਣੀ ਘਰ ਜਾ ਕੇ ਮੰਗੂ ਰਾਮ ਜੀ ਨੇ ਮਾਤਾ-ਪਿਤਾ ਨੂੰ ਸੁਣਾਈ ਤੇ ਪੜ੍ਹਨ ਜਾਣ ਤੋਂ ਇਨਕਾਰ ਕਰ ਦਿੱਤਾ। ਮਾਤਾ-ਪਿਤਾ ਨੇ ਉਨ੍ਹਾਂ ਨੂੰ ਸਕੂਲ ਜਾਣ ਲਈ ਮਜਬੂਰ ਕੀਤਾ ਤੇ ਵਿਦਿਆਰਥੀ ਸਕੂਲ ਦੀਆਂ ਕੰਧਾਂ ਅਤੇ ਛੱਤ ਉੱਤੇ ਪਾਣੀ ਦੇ ਛਿੱਟੇ ਦੇ ਕੇ ਸਕੂਲ ਦੀਆਂ ਕਿਤਾਬਾਂ ਅਤੇ ਫਰਨੀਚਰ ਨੂੰ ਪਵਿੱਤਰ ਕਰ ਰਹੇ ਸਨ। ਇਕ ਤਾਂ ਸੱਟਾਂ ਦੀ ਰੜਕ ਤੇ ਦੂਸਰਾ ਆਦਮੀ ਤੋਂ ਆਦਮੀ ਲਈ ਨਫਰਤ ਭਰਿਆ ਵਤੀਰਾ ਨਾ ਸਹਾਰਦੇ ਹੋਇਆ ਮੰਗੂ ਰਾਮ ਜੀ ਮੁੜ ਉਸ ਸਕੂਲ ਵਿਚ ਪੜ੍ਹਨ ਨਹੀਂ ਗਏ। ਬਾਬੂ ਜੀ ਨੇ ਇਹ ਘਿਰਣਾ ਭਰਿਆ ਵਾਤਾਵਰਣ ਦੇਖਕੇ ਏਥੇ ਰਹਿਣਾ ਪਸੰਦ ਨਾ ਕੀਤਾ ਤੇ 1909 ਈ. ਨੂੰ ਅਮਰੀਕਾ ਕੈਲੇਫੋਰਨੀਆ ਚਲੇ ਗਏ, ਜਿੱਥੇ ਆਪ ਨੇ ਫਲਾਂ ਦਿਆਂ ਫਾਰਮਾਂ ਵਿਚ 3 ਸਾਲ ਲਗਾਤਾਰ ਫਲ ਤੋੜਨ ਦਾ ਕੰਮ ਕੀਤਾ।

1910 ਈ. ਵਿਚ ਆਪ ਲਾਲਾ ਹਰਦਿਆਲ ਦੀ ਪ੍ਰੇਰਨਾ ਨਾਲ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ ਤੇ ਪਾਰਟੀ ਦੇ ਛਾਪੇਖਾਨੇ ਵਿਚ ਤਿੰਨ ਸਾਲ ਕੰਮ ਕੀਤਾ। 1915 ਈ. ਗਦਰ ਪਾਰਟੀ ਦੇ ਆਗੂਆਂ ਨੇ ਆਪ ਨੂੰ ਆਪਣੇ ਚਾਰ ਹੋਰ ਸਾਥੀਆਂ ਨਾਲ ਇਕ ਜਹਾਜ਼ ਵਿਚ ਹਥਿਆਰ ਭਰ ਕੇ ਉਹ ਹਥਿਆਰ ਹਿੰਦੁਸਤਾਨ ਵਿਚ ਵੰਡਣ ਲਈ ਭੇਜਿਆ। ਉਹ ਸਾਰੀ ਸਕੀਮ ਉਸ ਵੇਲੇ ਫੇਲ੍ਹ ਹੋ ਗਈ, ਜਦੋਂ ਉਹ ਜਹਾਜ਼ ਅਮਰੀਕਨਾਂ ਨੇ ਫੜ ਲਿਆ ਤੇ ਇਸ ਦੋਸ਼ ਨੂੰ ਮੁੱਖ ਰੱਖਕੇ ਬਾਬੂ ਮੰਗੂ ਰਾਮ ਜੀ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਕਿਉਂਕਿ ਸ਼ੈਡੂਲਡ ਕਾਸਟਸ ਬਾਦਰੀਆਂ ਨੂੰ ਬਾਬੂ ਮੰਗੂ ਰਾਮ ਵਰਗੇ ਦ੍ਰਿੜ ਇਰਾਦੇ ਵਾਲੇ ਜੁਝਾਰੂ ਮਨੁੱਖ ਦੀ ਅਜੇ ਲੋੜ ਸੀ, ਜਿਸ ਦਾ ਸਦਕਾ ਕਿ ਬਾਬੂ ਜੀ ਸ੍ਰੀ ਰਾਮ ਬਿਹਾਰੀ ਬੋਸ਼ ਦੀ ਸਹਾਇਤਾ ਨਾਲ ਉਥੋਂ ਬਚ ਨਿਕਲੇ ਤੇ ਘੁੰਮਦੇ-ਘੁਮਾਉਂਦੇ ਮਨੀਲੇ ਫਲਪਾਈਨ ਚਲੇ ਗਏ, ਜਿੱਥੇ ਉਹ 1924 ਤੱਕ ਰਹੇ। ਉਸ ਤੋਂ ਉਪਰੰਤ ਆਪ ਦਾ ਮਨ ਬਹੁਤ ਦੁੱਖੀ ਹੋਇਆ। ਅੰਗਰੇਜ਼ਾਂ ਨੇ ਉਥੇ ਵੀ ਬਾਬੂ ਜੀ ਤੇ ਉਨ੍ਹਾਂ ਤਿੰਨ ਹੋਰ ਸਾਥੀਆਂ ਦੀ ਤਲਾਸ਼ੀ ਲਈ ਤੇ ਵੱਖ-ਵੱਖ ਟਾਪੂਆਂ ਨੂੰ ਚਾਰੇ ਆਦਮੀ ਭੇਜ ਦਿੱਤੇ। ਬਾਬੂ ਮੰਗੂ ਰਾਮ ਜੀ ਈਲੋ ਟਾਪੂ, ਪੰਡਤ ਮਾਧੋ ਰਾਮ ਬਦੋਵਾਲ ਜ਼ਿਲ੍ਹਾ ਲੁਧਿਆਣਾ, ਸ. ਜੁਆਲਾ ਸਿੰਘ ਪਿੰਡ ਖੁਰਦਪੁਰ ਜਲੰਧਰ ਵਾਲਿਆਂ ਪਾਸ ਇਕ ਸਾਲ ਠਹਿਰੇ। ਜਦ ਨੂੰ ਬਾਬੂ ਜੀ ਦਾ ਖੂਨੀ ਵਰੰਟ ਏਥੇ ਵੀ ਪੁੱਜ ਚੁੱਕਾ ਸੀ, ਜਿਸ ਦੀ ਮਿਆਦ 1 ਸਾਲ ਤੱਕ ਜਿਥੇ ਵੀ ਮਿਲੇ, ਮਾਰ ਦੇਣ ਦੀ ਸੀ। ਉਪਰੋਕਤ ਸਜਣਾਂ ਨੇ ਆਪਣੇ ਘਰੋਂ ਬਾਬੂ ਮੰਗੂ ਰਾਮ ਨੂੰ ਕੱਢਕੇ ਜੰਗਲ ਵਿਚ ਨਾਂਗੇ ਵਾਸੀ ਲੋਕਾਂ ਦੇ ਸਪੁਰਦ ਕਰ ਦਿੱਤਾ। ਹੁਣ ਬਾਬੂ ਜੀ ਉਨ੍ਹਾਂ ਦੀ ਬੋਲੀ ਤਾਂ ਸਮਝ ਨਾ ਸਕਣ, ਪਰ ਖਾਣ ਵਾਸਤੇ ਕੇਲੇ ਤੇ ਦਰਿਆਨ ਨਾਉਂ ਦਾ ਫਲ ਆਦਿ ਨਾਂਗੇ ਲੋਕ ਦੇ ਦਿੰਦੇ ਅਤੇ ਬਾਬੂ ਜੀ ਨੂੰ ਆਪਣੇ ਬੱਚਿਆਂ ਪਾਸ ਛੱਡ ਜਾਂਦੇ। ਆਪ ਦਿਨ ਭਰ ਘੁੰਮਦੇ-ਘੁਮਾਂਦੇ ਰਹਿੰਦੇ। ਇਸ ਤਰ੍ਹਾਂ ਬਾਬੂ ਜੀ ਨੇ ਨਾਂਗਿਆਂ ਪਾਸ ਢਾਈ ਸਾਲ ਬਤੀਤ ਕੀਤੇ। ਹੁਣ ਬਾਬੂ ਜੀ ਦੇ ਪਾਸ ਤਨ ਢੱਕਣ ਲਈ ਨਾ ਕੱਪੜਾ ਰਿਹਾ, ਕੇਵਲ ਇਕ ਫਟਿਆ ਕੱਛਾ ਤੇ ਬੁਨੈਣ ਫਟੀ ਹੋਈ, ਪਿੰਡੇ 'ਤੇ ਸਿਰ ਮੂੰਹ

ਉੱਤੇ ਵਾਲ ਵਧੇ ਹੋਏ ਸਨ। ਇਕ ਦਿਨ ਪਗੜੀ ਵਾਲਾ ਇਕ ਆਦਮੀ ਇਕ ਅਮਰੀਕਨ ਨਾਲ ਸ਼ਿਕਾਰ ਖੇਡਦਾ ਹੋਇਆ ਬਾਬੂ ਜੀ ਦੀ ਨਜ਼ਰ ਪਿਆ ਤਾਂ ਬਾਬੂ ਜੀ ਨੇ ਉਸ ਨੂੰ ਪੰਜਾਬੀ ਜਾਣ ਕੇ ਦਰਖਤਾਂ ਦੇ ਉਹਲੇ ਹੁੰਦਿਆਂ ਉਸ ਦੇ ਨਜ਼ਦੀਕ ਜਾ ਕੇ ਅਵਾਜ਼ ਦਿੱਤੀ ਕਿ ਮੈਂ ਵੀ ਪੰਜਾਬੀ ਹਾਂ, ਕਿਤੇ ਮੇਰੇ ਉੱਤੇ ਗੋਲੀ ਨਾ ਚਲਾ ਦਿਉ। ਅਵਾਜ਼ ਸੁਣਦਿਆਂ ਹੀ ਪਗੜੀ ਵਾਲਾ ਆਦਮੀ ਬਾਬੂ ਜੀ ਪਾਸ ਪੁਜ ਗਿਆ।

ਬਾਬੂ ਜੀ ਨੇ ਉਸ ਨੂੰ ਸਾਰੀ ਦਰਦ ਵਿਥਿਆ ਭਰੇ ਦਿਲ ਨਾਲ ਤੇ ਛਲਕਦੀਆਂ ਅੱਖਾਂ ਰਾਹੀਂ ਸੁਣਾਈ। ਤਾਂ ਉਸ ਨੇ ਕਿਹਾ ਕਿ ਮੇਰਾ ਨਾਮ ਕਰਤਾਰ ਸਿੰਘ ਹੈ ਤੇ ਮੈਂ ਵੀ ਪੰਜਾਬੀ ਹਾਂ ਬਾਬੂ ਜੀ ਦਾ ਹੌਸਲਾ ਵਧਿਆ। ਗੱਲ ਕੀ ਸ. ਕਰਤਾਰ ਸਿੰਘ ਉਨ੍ਹਾਂ ਨਾਂਗਿਆਂ ਦੇ ਆਉਣ ਤੋਂ ਪਹਿਲਾਂ ਹੀ ਬਾਬੂ ਜੀ ਨੂੰ ਨਾਈ ਪਾਸ ਲੈ ਗਏ ਤੇ ਹਜਾਮਤ ਕਰਵਾਕੇ ਇਕ ਨਵਾਂ ਸੂਟ ਪਹਿਨਾਇਆ ਤੇ ਆਪਣੇ ਪਾਸ ਹੀ ਉਸ ਅਮਰੀਕਨ ਦੀ ਸ਼ਿਕਾਗੋ ਕੱਪੜਾ ਕੰਪਨੀ ਵਿਚ ਰੱਖ ਲਿਆ। ਸਮਾਂ ਪੈਣ 'ਤੇ ਉਥੇ ਪ੍ਰਿੰਸ ਆਫ ਵੇਲਜ਼ ਨੇ ਆਉਣਾ ਸੀ। ਬਾਬੂ ਜੀ ਨੂੰ ਗਦਰ ਪਾਰਟੀ ਦਾ ਸਮਝ ਕੇ ਫੇਰ ਨਜ਼ਰਬੰਦ ਕਰ ਦਿੱਤਾ ਗਿਆ। ਕੰਪਨੀ ਦਾ ਮਾਲਕ ਬਾਬੂ ਜੀ ਨੂੰ ਪੁੱਛਣ ਲੱਗਾ ਕਿ ਤੁਹਾਨੂੰ ਕਿਸ ਜ਼ੁਲਮ ਅਧੀਨ ਨਜ਼ਰਬੰਦ ਕੀਤਾ ਹੈ। ਬਾਬੂ ਜੀ ਨੇ ਕਿਹਾ ਕਿ ਮੈਂ ਆਪਣੇ ਮੁਲਕ ਦੀ ਅਜ਼ਾਦੀ ਲਈ ਘੋਲ ਕਰ ਰਿਹਾ ਹਾਂ, ਤਾਂ ਕਿ ਇਹ ਮੈਂ (ਮੰਗੂ ਰਾਮ) ਪ੍ਰਿੰਸ ਆਪ ਵੇਲਜ਼ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਪਹੁੰਚਾਵਾਂ ਪ੍ਰਿੰਸ ਆਫ ਵੇਲਜ਼ ਦਾ ਦੌਰਾ ਖਤਮ ਹੋਣ ਤੋਂ ਉਪਰੰਤ ਬਾਬੂ ਜੀ ਨੂੰ ਛੱਡ ਦਿੱਤਾ ਗਿਆ ਤਾਂ ਕੰਪਨੀ ਦੇ ਮਾਲਕ ਨੇ ਬਾਬੂ ਜੀ ਦਾ ਮਾਣ ਕਰਦੇ ਹੋਏ ਕਿਹਾ ਕਿ ਤੁਸੀਂ ਆਪਣਾ ਹੱਕ ਮੰਗ ਰਹੇ ਹੋ, ਇਸ ਲਈ ਇਹ ਕੋਈ ਗੁਨਾਹ ਨਹੀਂ। ਤਾਂ ਫੈਕਟਰੀ ਮਾਲਕ ਨੇ ਬਾਬੂ ਜੀ ਦੀ ਸਖਤ ਡਿਊਟੀ ਬੰਦ ਕਰ ਦਿੱਤੀ ਤੇ ਕੱਪੜਾ ਸਪਲਾਈ ਕਰਨ ਲਾ ਦਿੱਤਾ ਗਿਆ। ਇਕ ਦਿਨ ਬਾਬੂ ਜੀ ਕਿਸੇ ਦੁਕਾਨ ਉੱਤੇ ਕੱਪੜਾ ਦੇਣ ਗਏ ਤਾਂ ਉਥੇ ਆਪਣੇ ਹੀ ਪਿੰਡ ਮੁੱਗੋਵਾਲ ਦਾ ਤਰਖਾਣ ਗੰਗਾ ਸਿੰਘ ਮਿਲ ਪਿਆ। ਬਾਬੂ ਜੀ ਨੇ ਉਸ ਨੂੰ ਪਹਿਚਾਣ ਦਿਆਂ ਪਿੰਡ ਦਾ ਸਾਰਾ ਹਾਲ ਤੇ ਘਰਦਿਆਂ ਦੀ ਸੁਖ-ਸਾਂਦ ਪੁੱਛੀ। ਗੰਗਾ ਸਿੰਘ ਨੇ ਕਿਹਾ ਕਿ ਬਾਬੂ ਜੀ ਘਰ ਦੇ ਤਾਂ ਤੁਹਾਨੂੰ ਰੋ ਪਿੱਟ ਵੀ ਹਟੇ ਹਨ। ਮਕਾਣਾਂ ਆਦਿ ਆ ਚੁੱਕੀਆਂ ਹਨ ਕਿ ਮੰਗੂ ਰਾਮ ਤੋਪ ਮੋਹਰੇ ਉਡਾ ਦਿੱਤਾ ਗਿਆ ਹੈ। ਬਾਬੂ ਜੀ ਨੇ ਆਪਣੀ ਕਹਾਣੀ ਗੰਗਾ ਸਿੰਘ ਨੂੰ ਦੱਸੀ ਕਿ ਗੱਲ ਠੀਕ ਹੈ, ਪਰ ਮੈਂ ਪਾਰਟੀ ਦੀ ਸਹਾਇਤਾ ਨਾਲ ਬਚ ਨਿਕਲਿਆ ਸਾਂ। ਹੁਣ ਜਦ ਤੋਂ ਪਿੰਡ ਜਾਣਾ ਹੋਵੇ ਤਾਂ ਮੇਰੇ ਘਰਦਿਆਂ ਨੂੰ ਰਾਜ਼ੀ-ਖੁਸ਼ੀ ਦਾ ਸੁਨੇਹਾ ਦੇ ਦੇਣਾ। ਬਾਬੂ ਜੀ ਨੇ ਗੰਗਾ ਸਿੰਘ ਪਾਸ ਕੁਝ ਕੱਪੜੇ ਤੇ ਸਿਰਨਾਮਾ ਲਿਖਕੇ ਦੇ ਦਿੱਤਾ। ਖਤ ਪੱਤਰ ਸ਼ੁਰੂ ਹੋਣ 'ਤੇ ਘਰਦਿਆਂ ਨੇ ਖੁਸ਼ੀ ਪ੍ਰਗਟ ਕੀਤੀ ਤੇ ਆਖਰ ਬਾਬੂ ਮੰਗੂ ਰਾਮ ਜੀ 1925 ਈ. ਦੇ ਸ਼ੁਰੂ ਵਿਚ ਵਾਪਸ ਹਿੰਦੁਸਤਾਨ ਆਪਣੇ ਘਰ ਪਰਤ ਆਏ। ਹੁਣ ਬਾਬੂ ਮੰਗੂ ਰਾਮ ਜੀ ਦੇ ਘਰ ਦੇ ਆਪਣਾ ਪੁਰਾਣਾ ਕੰਮ ਚਮੜਾ ਰੰਗਣ ਦਾ ਕਰਦੇ ਸਨ। ਉਸ ਦੀ ਬਦਬੋ ਤੋਂ ਦੁਖੀ ਹੋ ਕੇ ਹਰ ਰੋਜ਼ ਚੋਅ ਉੱਤੇ ਦਰਖਤਾਂ ਹੇਠ ਜਾ ਬੈਠਣਾ ਤੇ ਸ਼ਾਮ ਨੂੰ ਘਰ ਪਰਤ ਆਉਣਾ। ਇਕ ਦਿਨ ਉਨ੍ਹਾਂ ਦੇ ਹੀ ਟੱਬਰ ਦੇ ਨਿਆਣੇ ਚੋਅ ਵਿਚੋਂ ਪੱਠੇ ਲੈਣ ਗਏ ਤਾਂ ਜੱਟ ਨੇ ਕੱਟੇ ਹੋਏ ਉਨ੍ਹਾਂ ਦੇ ਨਿਆਣਿਆਂ ਦੇ ਪੱਠੇ ਆਪਣੇ ਡੰਗਰਾਂ ਨੂੰ ਪਾ ਦਿੱਤੇ ਤੇ ਰੰਬੇ ਟਲੇ ਖੋਹ ਲਏ। ਨਿਆਣੇ ਰੋਂਦੇ-ਰੋਂਦੇ ਬਾਬੂ ਜੀ ਪਾਸ ਪਹੁੰਚ ਗਏ। ਸੁਣਦਿਆਂ ਹੀ ਬਾਬੂ ਜੀ ਨੇ ਜੱਟ ਨੂੰ ਪੁਛਿਆ ਕਿ ਤੈਂ ਨਿਆਣਿਆਂ ਦੇ ਪੱਠੇ ਕਿਉਂ ਖੋਹੇ ਹਨ। ਜੱਟ ਕਹਿੰਦਾ ਕਿ ਇਹ ਚੋਅ ਮੇਰਾ ਹੈ ਇਸ ਲਈ ਇਨ੍ਹਾਂ ਨੂੰ ਏਥੋਂ ਪੱਠੇ ਕੱਟਣ ਦਾ ਕੋਈ ਹੱਕ ਨਹੀਂ। ਆਖਰ ਜੱਟ ਦੀ ਤਾਂ ਬਾਬੂ ਜੀ ਦੀ ਮੁਠਭੇੜ ਹੋ ਗਈ ਅਤੇ ਵਾਪਸ ਘਰ ਆ ਕੇ ਬਾਬੂ ਜੀ ਨੇ ਇਕ ਪਿੰਡ ਦੇ ਸਿਆਣੇ ਆਦਮੀ ਤੋਂ ਪੁਛਿਆ ਕਿ ਅਸੀਂ ਵੀ ਜ਼ਮੀਨ ਖਰੀਦ ਸਕਦੇ ਹਾਂ ? ਤਾਂ ਉੱਤਰ ਵਿਚ ਉਸ ਨੇ ਕਿਹਾ ਕਿ 1901 ਇੰਤਕਾਲ ਇਰਾਜ਼ੀ ਐਕਟ ਦੇ ਅਧੀਨ ਇਹ ਧਰਤੀ 12 ਕੌਮਾਂ ਦੀ ਹੀ ਹੈ। ਬਾਕੀ ਸਭ ਕੌਮਾਂ ਗੈਰ ਮਰੂਸੀ ਕਰਾਰ ਦਿੱਤੀਆਂ ਗਈਆਂ ਹਨ। ਇਹ ਸੁਣ ਕੇ ਬਾਬੂ ਜੀ ਨੇ ਇਕ ਵਕੀਲ ਨਾਲ ਸਲਾਹ ਮਸ਼ਵਰਾ ਕੀਤਾ ਤੇ ਪੁੱਛਿਆ ਕਿ ਕੋਈ ਐਸਾ ਕਾਨੂੰਨ ਹੈ ਜਿਸ ਨਾਲ ਅਸੀਂ ਵੀ ਜ਼ਮੀਨ ਖਰੀਦ ਸਕੀਏ। ਵਕੀਲ ਸਾਹਿਬ ਨੇ ਬਾਬੂ ਜੀ ਨੂੰ ਮਸ਼ਵਰਾ ਦਿੱਤਾ ਕਿ ਤੁਸੀਂ ਕੋਈ ਵੱਖਰਾ ਨਾਂ ਰੱਖ ਲਉ, ਫੇਰ ਤੁਸੀਂ ਜ਼ਮੀਨ ਖਰੀਦਣ ਦੇ ਹੱਕਦਾਰ ਬਣ ਸਕਦੇ ਹੋ, ਵਰਨਾ ਚਮਾਰ-ਚੂੜੇ ਹੁੰਦੇ ਹੋਏ ਤੁਸੀਂ ਜ਼ਮੀਨ ਨਹੀਂ ਖਰੀਦ ਸਕੋਗੇ। ਬਾਬੂ ਮੰਗੂ ਰਾਮ ਜੀ ਨੇ ਇਸ ਗੱਲ ਨੂੰ ਮੁੱਖ ਰੱਖਦਿਆਂ ਇਲਾਕੇ ਦੇ ਸੱਜਣਾਂ ਦਾ ਭਾਰੀ ਇਕੱਠ 11 ਤੇ 12 ਜੂਨ 1926 ਈ. ਨੂੰ ਪਿੰਡ ਮੁੱਗੋਵਾਲ ਵਿੱਚ ਕੀਤਾ। ਜਿਸ ਵਿਚ ਲੰਬੀ ਸੋਚ ਵਿਚਾਰ ਤੋਂ ਬਾਅਦ ਪਾਸ ਕੀਤਾ ਗਿਆ ਕਿ ਅੱਗੋਂ ਤੋਂ ਆਪਣੇ ਆਪ ਨੂੰ ਚੁਮਾਰ-ਚੂਹੜੇ ਦੀ ਥਾਂ ਆਦਿ ਧਰਮੀ ਲਿਖਾਇਆ ਜਾਵੇ । ਨਾਲ ਹੀ ਆਪਣੇ ਪਿੰਡ ਸਕੂਲ ਵੀ ਖੋਹਲਿਆ ਜਾਏ ਜਿਸ ਵਿਚ ਅਛੂਤ ਬ੍ਰਾਦਰੀਆਂ ਦੇ ਬੱਚੇ ਵਿੱਦਿਆ ਪ੍ਰਾਪਤ ਕਰ ਸਕਣ। ਬਾਬੂ

ਮੰਗੂ ਰਾਮ ਜੀ ਸਮੇਤ ਉਨ੍ਹਾਂ ਦੇ ਸਾਥੀ ਆਪਣੇ ਭਰਾਵਾਂ ਤੇ ਭੈਣਾਂ ਅਥਵਾ ਸਮੁੱਚੀ ਕੌਮ ਦੀ ਮੰਦਹਾਲੀ ਨੂੰ ਦੇਖ ਕੇ ਸੇਵਾ ਦੇ ਮੈਦਾਨ ਵਿਚ ਆਏ। ਉਹ ਬਹੁਤ ਵੱਡੀ ਤੇ ਭਿਆਨਕ ਗਾਥਾ ਹੈ ਪਰ ਫੇਰ ਵੀ ਵਰਤਮਾਨ ਯੁੱਗ ਦੇ ਨੌਜਵਾਨਾਂ ਦੀ ਜਾਣਕਾਰੀ ਲਈ ਦਸਣਾ ਵੀ ਜ਼ਰੂਰੀ ਹੈ।

ਭਰਾਵੋ !ਕੋਈ ਵੀ ਆਦਮੀ ਆਪਣੇ ਅੰਦਰ ਦਿਲ ਰੱਖਦਾ ਹੋਇਆ ਅਤੇ ਦਿਲ ਵਿਚ ਦਰਦ ਜ਼ਰੂਰ ਮਹਿਸੂਸ ਕਰੇਗਾ, ਜੋ ਆਪਣੀ ਕੌਮ ਦੀ ਨਿਘਰਦੀ ਹੋਈ ਦਿਸ਼ਾ ਦਾ ਇਲਾਜ ਨਾ ਸੋਚੇ ।ਸਾਡਾ ਰਹਿਣ ਸਹਿਣ ਇਤਨਾ ਗਿਰਾਵਟ ਵਲ ਜਾ ਰਿਹਾ ਸੀ ਕਿ ਅਸੀਂ ਆਰਥਿਕ, ਵਿੱਦਿਅਕ, ਧਾਰਮਿਕ ਅਤੇ ਰਾਜਨੀਤੀ ਪੱਖੋਂ ਬਿਲਕੁਲ ਖਾਲੀ ਸਾਂ। ਵੱਡਜਾਤੀਏ ਬੇਪ੍ਰਵਾਹ ਤੇ ਇਤਨੇ ਬੇਦਰਦ ਸਨ ਕਿ ਅਸੀਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਗਲੀਆਂ ਦੇ ਕੂੜੇ ਨਾਲੋਂ ਵੀ ਭੈੜੇ ਸਾਂ ਅਤੇ ਬ੍ਰਾਹਮਣਵਾਦ ਸਾਨੂੰ ਪੈਰਾਂ ਵਿਚ ਰੋਲ ਕੇ ਖਤਮ ਕਰਨ 'ਤੇ ਤੁਲਿਆ ਹੋਇਆ ਸੀ। ਤਦ ਸੱਚ-ਮੁਚ ਹੀ ਇਹ ਅਨਿਆਂ ਤੇ ਧੱਕੇਸ਼ਾਹੀ ਬਾਬੂ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਸਹਾਰਨ ਤੋਂ ਇਨਕਾਰ ਕਰ ਦਿੱਤਾ। ਜਿਨ੍ਹਾਂ ਘਿਨੌਣੇ ਤੇ ਬੇਫਿਕਰ ਹਥਿਆਰਾਂ ਨਾਲ ਸਾਡੇ ਦਿਲੀ ਜਜ਼ਬਿਆਂ ਨੂੰ ਕਤਲ ਕੀਤਾ ਜਾ ਰਿਹਾ ਸੀ, ਉਸ ਬਾਰੇ ਮੈਂ ਜਾਣਦਾ ਹਾਂ, ਮੇਰੇ ਸਾਥੀ ਜਾਣਦੇ ਹਨ, ਬਾਬੂ ਮੰਗੂ ਰਾਮ ਜੀ, ਜਾਂ ਫਿਰ ਕੁਦਰਤ ਜਾਣਦੀ ਹੈ। ਗਲ ਕੀ ਬਾਬੂ ਮੰਗੂ ਰਾਮ ਜੀ ਤੇ ਉਨ੍ਹਾਂ ਦੇ ਸਾਥੀ ਉਸ ਹਨੇਰੇ ਵਿਚੋਂ ਉਜਾਲਾ ਲਭਦੇ-ਲਭਦੇ ਉਸ ਥਾਂ ਪੁੱਜੇ ਜਿਥੋਂ ਚਲਕੇ ਉਨ੍ਹਾਂ ਵੱਡਜਾਤੀਆਂ ਨੂੰ ਦਸ ਦਿੱਤਾ ਕਿ ਅਸੀਂ ਉਵੇਂ ਹੀ ਪੈਦਾ ਹੋਏ ਹਾਂ, ਜਿਵੇਂ ਉੱਚ ਜਾਤੀਏ ਪੈਦਾ ਹੋਏ।

ਬਸ ਫੇਰ ਕੀ ਸੀ ਇਹੋ ਨਿਹਥੇ ਤੇ ਬੇਆਸਰੇ ਕਰੋੜਾਂ ਜੀਵ 'ਆਦਿ ਧਰਮ' ਦਾ ਝੰਡਾ ਲੈ ਕੇ ਆਪਣੀ ਮੰਜ਼ਿਲ ਵੱਲ ਵਧਣੇ ਸ਼ੁਰੂ ਹੋ ਗਏ।'ਆਦਿ ਧਰਮ' ਦੀ ਲਹਿਰ ਸਾਨੂੰ ਏਨੀ ਫਿਟ ਬੈਠੀ ਜਿਸ ਨੇ ਕੀ ਬੱਚਾ, ਕੀ ਬੁੱਢਾ ਅਤੇ ਕੀ ਜੁਆਨ, ਹਰ ਇਸਤਰੀ ਮਰਦ ਦੇ ਸਵੈਮਾਨ ਨੂੰ ਟੁੰਬਕੇ ਆਪਣੇ ਅਸਲੀ ਰੂਪ ਤੋਂ ਜਾਣੂ ਕਰਾ ਦਿੱਤਾ।

'ਆਦਿ ਧਰਮ' ਦਾ ਪ੍ਰਚਾਰ ਕਰਨ ਲਈ ਸਾਂਝੇ ਪੰਜਾਬ ਦਾ ਜਲੰਧਰ ਨੂੰ ਕੇਂਦਰ ਸਮਝਕੇ 'ਦੀ ਪੰਜਾਬ ਆਦਿ ਧਰਮ ਮੰਡਲ' ਨਾਂ ਦੀ ਸੰਸਥਾ ਕਾਇਮ ਕਰਕੇ ਬਾਬੂ ਮੰਗੂ ਰਾਮ ਨੂੰ ਉਸ ਸੰਸਥਾ ਦੇ ਪ੍ਰਧਾਨ ਬਣਾਇਆ ਗਿਆ।ਬਾਬੂ ਮੰਗੂ ਰਾਮ ਨੇ ਆਪਣੇ ਨਾਲ ਕੁਝ ਕੌਮ ਹਿਤੈਸ਼ੀ ਸਜਣਾਂ ਨੂੰ ਲਿਆ, ਜਿਨ੍ਹਾਂ ਵਿਚ ਠੇਕੇਦਾਰ ਲੱਬੂ ਰਾਮ, ਪੰਡਤ ਹਰੀ ਰਾਮ, ਭਗਤ ਗੁਲਾਬਾ ਰਾਮ, ਬਾਬੂ ਹਜ਼ਾਰਾ ਰਾਮ, ਰਾਮ ਚੰਦ, ਨਿੱਕਾ ਸਿੰਘ, ਚੂਨੀ ਲਾਲ ਥਾਪਰ, ਪੰਜਾਬਾ ਰਾਮ, ਝਗੜੂ ਰਾਮ, ਖੜਕੂ ਰਾਮ, ਮਹਾਤਮਾ ਸੰਤ ਰਾਮ ਅਜ਼ਾਦ, ਬਾਬੂ ਬਸੰਤ ਰਾਏ, ਸੂਦਰਾ ਨੰਦ, ਮਹਾਤਮਾ ਗਣੇਸ਼ ਦਾਸ, ਪੂਰਨ ਚੰਦ, ਰਮਤਾ, ਈਸ਼ਰ ਦਾਸ, ਪੂਰਨ ਚੰਦ ਸੰਧਵਾਂ, ਬੂਲਾ ਰਾਮ, ਸੁੰਦਰ ਦਾਸ, ਪੂਰਨ ਚੰਦ ਫਿਰਕੋਟ ਮਾਣਕੋ, ਸੁੰਦਰ ਦਾਸ ਧਨਾਲ, ਮਾ. ਲਾਲ ਚੰਦ ਫਿਰੋਜ਼ਪੁਰ, ਬਾਵਾ ਰਾਮ, ਸੇਠ ਕ੍ਰਿਸ਼ਨ ਦਾਸ, ਰਲਾ ਰਾਮ, ਗੁਪਾਲ ਦਾਸ ਗੜ੍ਹਗੱਜ ਮੰਗੂ ਰਾਮ ਕਵੀ, ਸ੍ਰੀ ਦਸੌਂਧਾ ਸਿੰਘ, ਸ੍ਰੀ ਮੰਗੂ ਰਾਮ ਰਾਏਪੁਰ ਡੱਬਾ, ਭਗਤ ਰਾਮ ਅਬਾਦਾਨ ਅਤੇ ਅਨੇਕਾਂ ਹੋਰ ਸੱਜਨ ਸਮੇਂ-ਸਮੇਂ ਨਾਲ ਸ਼ਾਮਲ ਹੁੰਦੇ ਰਹੇ।

ਆਦਿ ਧਰਮ ਦਾ ਨਾਂ ਕੁਝ ਇਕ ਬ੍ਰਾਦਰੀਆਂ ਦੇ ਕੱਟੜ ਪੰਥੀ ਲੋਕਾਂ ਨੂੰ ਇਜ ਚੁੱਭਣ ਲੱਗਾ ਜਿਵੇਂ ਸੀਨੇ ਵਿੱਚ ਸੂਲ ਦੀ ਤਿਖੀ ਨੋਕ। ਆਦਿ ਧਰਮ ਦੀ ਲਹਿਰ ਸਰਗੋਧਾ, ਸ਼ੇਖੂਪੁਰਾ, ਲਾਇਲਪੁਰ, ਮਿੰਟਗੁਮਰੀ, ਲੁਧਿਆਣਾ, ਅੰਬਾਲਾ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ ਅਤੇ ਕਪੂਰਥਲਾ ਤੋਂ ਇਲਾਵਾ ਤਮਾਮ ਪਹਾੜੀ ਇਲਾਕਿਆਂ (ਹਿਮਾਚਲ) ਵਿਚ ਅਮਰਵੇਲ ਦੀ ਤਰ੍ਹਾਂ ਵਧਣ-ਫੁੱਲਣ ਲੱਗਾ। ਜਾਤ ਅਭਿਮਾਨੀਆਂ ਵੱਲੋਂ ਤੰਗੀਆਂ ਦੇ ਦਰਬੰਦੀਆਂ ਹੋਣ 'ਤੇ ਵੀ ਅਛੂਤ ਭਰਾਵਾਂ ਨੇ 1931 ਦੀ ਜਨਗਣਨਾ ਸਮੇਂ ਆਪਣੇ ਆਪ ਨੂੰ ਆਦਿ ਧਰਮੀ ਲਿਖਾਇਆ।

ਅਖਬਾਰਾਂ ਵਿਚ ਰਾਇਲ ਕਮਿਸ਼ਨ ਦੇ ਆਉਣ ਦੀ ਖਬਰ ਨੂੰ ਪੜ੍ਹ ਕੇ ਬਾਬੂ ਮੰਗੂ ਰਾਮ ਨੇ ਪਿੰਡਾਂ ਤੇ ਬਾਹਰ ਦੇ ਜਿਲ੍ਹਿਆਂ ਦੇ ਵਰਕਰਾਂ ਨੂੰ ਇਕੱਠੇ ਕੀਤਾ। ਜਿਸ ਵਿਚ ਬਾਬੂ ਜੀ ਨੇ ਕੌਮ ਦਿਆਂ ਦੁੱਖਾਂ-ਤਕਲੀਫਾਂ ਨੂੰ ਦੂਰ ਕਰਨ 'ਤੇ ਹਰ ਪ੍ਰਕਾਰ ਦੇ ਹੱਕ ਲੈਣ ਲਈ ਮਤਾ ਪਾਸ ਕੀਤਾ। 1928 ਜਨਵਰੀ ਨੂੰ ਬਾਬੂ ਮੰਗੂ ਰਾਮ 150 ਮੰਨੇ-ਪ੍ਰਮੰਨੇ ਆਦਮੀਆਂ ਦਾ ਡੈਪੂਟੇਸ਼ਨ ਲੈ ਕੇ ਰਾਇਲ ਕਮਿਸ਼ਨ ਦੇ ਆਗੂਆਂ ਨੂੰ ਮਿਲੇ। ਜਿਥੇ ਕਿ ਮੰਗ ਪੱਤਰ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਸਰ ਸਾਈਮਨ ਨਾਲ ਬਾਬੂ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਗੱਲਬਾਤ ਕੀਤੀ। ਸਰ ਸਾਈਮਨ ਨੇ ਬਾਬੂ ਜੀ ਦੀ ਗੱਲ ਬੜੇ ਧਿਆਨ ਨਾਲ ਸੁਣੀ। ਮੈਮੋਰੰਡਮ ਵਿਚ ਲਿਖਿਆ ਸੀ ਕਿ ਹਿੰਦੂ ਸਾਡੀ ਗਿਣਤੀ ਆਪਣੇ ਵਿਚ ਲਿਖਾ ਦੇਂਦੇ ਹਨ, ਪਰ ਜਦੋਂ ਸਾਨੂੰ ਸਹੂਲਤਾਂ ਦੇਣ ਦਾ ਸਮਾਂ ਆਉਂਦਾ ਹੈ ਤਾਂ ਸਾਡੇ ਨਾਲ ਬੇਇਨਸਾਫੀ ਕਰਦੇ ਹੋਏ ਸਾਡੇ ਹੱਕ ਸਾਰੇ ਦੇ ਸਾਰੇ ਆਪ ਹੜਪ ਕਰ ਜਾਂਦੇ ਹਨ। ਸਾਨੂੰ ਸਮਾਜ ਵਿਚ ਬਹੁਤ ਨੀਵਾਂ

ਗਿਣਿਆ ਜਾਂਦਾ ਹੈ ਤੇ ਸਾਡੀ ਜ਼ਿੰਦਗੀ ਕੁੱਤਿਆਂ-ਬਿੱਲਿਆਂ ਨਾਲੋਂ ਵੀ ਭੈੜੀ ਹੈ। ਇਸ ਲਈ ਨਾ ਅਸੀਂ ਹਿੰਦੂ ਹਾਂ ਨਾ ਮੁਸਲਮਾਨ ਤੇ ਨਾ ਅਸੀਂ ਇਸਾਈ ਹਾਂ। ਅਸੀਂ ਆਦਿ ਧਰਮੀ ਹਾ। ਇਸ ਲਈ ਸਾਨੂੰ ਸਾਡੇ ਹੱਕਾਂ ਦਾ ਕੋਟਾ ਵੱਖਰਾ ਕਰ ਦਿੱਤਾ ਜਾਵੇ ਤੇ ਸਾਨੂੰ ਵੀ ਤਮਾਮ ਮਨੁੱਖੀ ਅਧਿਕਾਰ ਦੂਸਰੀਆਂ ਕੌਮਾਂ ਵਾਂਗ ਮਿਲਣੇ ਚਾਹੀਦੇ ਹਨ।

1929 ਈ. ਨੂੰ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ ਬਾਬੂ ਮੰਗੂ ਰਾਮ 300 ਆਦਮੀਆਂ ਦਾ ਜਥਾ ਲੈ ਕੇ ਗਵਰਨਰ ਸਾਹਿਬ ਨੂੰ ਮਿਲੇ, ਤਾਂ ਉਸ ਵਿਚ ਮਾ. ਗੁਰਬੰਤਾ ਸਿੰਘ ਵੀ ਸ਼ਾਮਲ ਸਨ। ਡੈਪੂਟੇਸ਼ਨ ਨੇ ਸਾਰੀਆਂ ਮਨੁੱਖੀ ਔਕੜਾਂ ਦਾ ਲਿਖਤੀ ਤੌਰ 'ਤੇ ਮੈਮੋਰੰਡਮ ਗਵਰਨਰ ਸਾਹਿਬ ਦੇ ਪੇਸ਼ ਕੀਤਾ।

ਸੰਨ 1930 ਈ. ਵਿਚ 'ਆਦਿ ਧਰਮ' ਨਾਂ ਰਜਿਸਟਰ ਹੋ ਗਿਆ ਤੇ 1931 ਦੀ ਮਰਦਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਪੰਜਾਬ ਦੇ ਲੋਕਾਂ ਨੇ ਬਹੁ-ਗਿਣਤੀ ਵਿਚ ਆਦਿ ਧਰਮੀ ਲਿਖਾਇਆ। ਇਹ ਠੀਕ ਹੈ ਕਿ ਉਸ ਵੇਲੇ ਕੌਮ ਨੂੰ ਤੇ ਕੌਮ ਦੇ ਆਗੂਆਂ ਨੂੰ ਕੁਝ ਵੱਡਜਾਤੀਆਂ ਵੱਲੋਂ ਦਿੱਤੀਆਂ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਤੇ ਸਾਨੂੰ ਸ਼ਹੀਦੀਆਂ ਵੀ ਦੇਣੀਆਂ ਪਈਆਂ, ਪਰ ਖੁਸ਼ੀ ਦੀ ਗੱਲ ਹੈ ਕਿ ਬਾਬੂ ਜੀ ਦੀ ਹਿੰਮਤ ਸਦਕਾ ਸਾਡੇ ਬੱਚਿਆਂ ਦੀ ਅਨਵੀਂ ਤੇ ਅਗਲੀ ਵਿੱਦਿਆ ਤੱਕ ਅੱਧੀ ਫੀਸ ਮੁਆਫ ਕੀਤੀ ਗਈ ਅਤੇ ਨਾਲ ਹੀ ਜੇ.ਬੀ. ਨਾਰਮਲ ਕਲਾਸ ਖੋਲ੍ਹੀ ਗਈ, ਜਿਸ ਵਿਚ 80 ਲੜਕੇ ਦਾਖਲ ਕੀਤੇ ਗਏ। ਸੰਨ 1932 ਵਿਚ ਲੰਡਨ ਗੋਲਮੇਜ਼ ਕਾਨਫਰੰਸ ਹੋਈ ਤਾਂ ਉਥੇ ਮਹਾਤਮਾ ਗਾਂਧੀ, ਸਿੱਖ ਅਤੇ ਮੁਸਲਮਾਨ ਆਗੂ ਵੀ ਆਪਣਾ-ਆਪਣਾ ਪੱਖ ਪੇਸ਼ ਕਰਨ ਲਈ ਪੁੱਜੇ। ਅਛੂਤ ਬਰਾਦਰੀਆਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਪੇਸ਼ ਹੋਏ। ਅਛੂਤਾਂ ਦੀ ਨੁਮਾਇੰਦਗੀ ਤੋਂ ਗਾਂਧੀ ਜੀ ਨੇ ਝਗੜਾ ਪਾ ਦਿੱਤਾ। ਆਖਰ ਫੈਸਲਾ ਹੋਇਆ ਕਿ ਜਿਸ ਦੀਆਂ ਵੋਟਾਂ ਵਧ ਹੋਣਗੀਆਂ ਅਛੂਤਾਂ ਦਾ ਨੁਮਾਇੰਦਾ ਉਸ ਨੂੰ ਮੰਨਿਆ ਜਾਏਗਾ ਤਾਂ ਉਸ ਵੇਲੇ ਬਾਬੂ ਮੰਗੂ ਰਾਮ ਅਤੇ ਆਦਿ ਧਰਮ ਮੰਡਲ ਦੀ ਹਿੰਮਤ ਨਾਲ ਡਾ. ਅੰਬੇਡਕਰ ਦੀਆਂ 7 ਵੋਟਾਂ ਮਹਾਤਮਾ ਗਾਂਧੀ ਨਾਲੋਂ ਵਧ ਹੋਈਆਂ ਤੇ ਗਾਂਧੀ ਜੀ ਹਾਰ ਕੇ ਦੇਸ਼ ਪਰਤ ਆਏ। ਉਧਰ ਡਾ. ਭੀਮ ਰਾਓ ਅੰਬੇਡਕਰ ਅਛੂਤਾਂ ਦੇ ਨੁਮਾਇੰਦੇ ਦੀ ਹੈਸੀਅਤ ਵਿਚ ਲਾਰਡ ਲੋਥੀਅਨ ਕਮੇਟੀ ਨਾਲ ਲਾਹੌਰ ਪੁੱਜੇ। ਤਦ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ 10000 ਲੋਕਾਂ ਦਾ ਜਥਾ ਲੈ ਕੇ ਲਾਹੌਰ ਗਏ। ਲਾਰਡ ਲੋਥੀਅਨ ਨੇ ਬਾਬੂ ਮੰਗੂ ਰਾਮ ਤੋਂ ਪੁੱਛਿਆ ਕਿ ਤੁਹਾਡੀ ਕਿੰਨੀ ਗਿਣਤੀ ਹੈ? ਤਾਂ ਬਾਬੂ ਜੀ ਨੇ ਜਵਾਬ ਦਿੱਤਾ ਕਿ ਸਾਡੀ ਗਿਣਤੀ ਤਾਂ ਕਰੋੜਾਂ ਵਿਚ ਹੈ। ਜਦੋਂ ਪੁੱਛਿਆ ਗਿਆ ਕਿ ਤੁਸੀਂ ਮੰਨਦੇ ਕਿਸ ਨੂੰ ਹੋ ਤਾਂ ਬਾਬੂ ਜੀ ਨੇ ਕਿਹਾ ਕਿ ਸਾਡੇ ਗੁਰੂ ਸ੍ਰੀ ਗੁਰੂ ਰਵੀਦਾਸ ਜੀ, ਸਤਿਗੁਰੂ ਕਬੀਰ, ਸ੍ਰੀ ਗੁਰੂ ਨਾਮਦੇਵ ਜੀ ਅਤੇ ਮਹਾਂਰਿਸ਼ੀ ਬਾਲਮੀਕ ਜੀ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਕੁਝ ਆਦਮੀ ਸਾਡੇ ਵਿਚੋਂ ਖਰੀਦੇ ਗਏ, ਜਿਹੜੇ ਉਸ ਵੇਲੇ ਅਛੂਤ ਹੁੰਦੇ ਹੋਏ ਵੀ ਅਛੂਤਾਂ ਦੇ ਵਿਰੁੱਧ ਕਮਿਸ਼ਨ ਅੱਗੇ ਭੁਗਤੇ। ਇਹ ਦੇਖ ਕੇ ਬਾਬੂ ਮੰਗੂ ਰਾਮ ਨੇ ਸ੍ਰੀ ਬੰਸੀ ਲਾਲ ਬਾਲਮੀਕੀ ਆਦਿ ਧਰਮੀ ਐਮ.ਐਲ.ਸੀ. ਨੂੰ ਆਪਣੇ ਦਸ ਹਜ਼ਾਰ ਆਦਿ ਧਰਮੀਆਂ ਪਾਸ ਭੇਜਿਆ ਤੇ ਬੜੇ ਜ਼ੋਰ-ਸ਼ੋਰ ਨਾਲ ਆਧਿ ਧਰਮ ਦੀ ਜੈ ਦੇ ਨਾਅਰੇ ਲਗਾਣ ਲੱਗ ਪਏ। ਲਾਰਡ ਲੋਥੀਅਨ ਨੇ ਪੁੱਛਿਆ ਕਿ ਇਹ ਨਾਅਰੇ ਲਾਉਣ ਵਾਲੇ ਕੌਣ ਹਨ ਤਾਂ ਡਾ. ਭੀਮ ਰਾਉ ਅੰਬੇਡਕਰ ਨੇ ਕਿਹਾ ਕਿ ਹਿ ਲੋਕ ਆਦਿ ਧਰਮੀ ਹਨ। ਇਹ ਸੁਣ ਕੇ ਲਾਰਡ ਲੋਥੀਅਨ ਨੇ ਅਛੂਤ ਵਿਰੋਧੀ ਕੌਮ ਧ੍ਰੋਹੀਆਂ ਨੂੰ ਬੜੀ ਝਾੜ ਪਾਈ। ਜਿਸ ਨਾਲ ਉਹ ਬੜੇ ਸ਼ਰਮਿੰਦੇ ਹੋਏ।

ਸੰਨ 1932 ਮਹੀਨਾ ਸਤੰਬਰ ਵਿਚ ਮਹਾਤਮਾ ਗਾਂਧੀ ਨੇ ਵਰਤ ਰੱਖ ਲਿਆ 'ਜੇ ਅਛੂਤ ਹਿੰਦੂਆਂ ਤੋਂ ਵੱਖਰੇ ਹੋ ਗਏ ਤਾਂ ਮੈਂ ਜੇਲ੍ਹ ਵਿਚ ਹੀ ਭੁੱਖਾ ਰਹਿ ਕੇ ਮਰ ਜਾਵਾਂਗਾ।" ਉਧਰ ਬਾਬੂ ਮੰਗੂ ਰਾਮ ਨੇ ਪੰਜਾਬ ਆਧਿ ਧਰਮ ਮੰਡਲ ਵਿਚ ਮਰਨ ਵਰਤ ਰੱਖ ਲਿਆ ਕਿ 'ਜੇ ਅਛੂਤਾਂ ਨੂੰ ਹੱਕ ਨਾ ਦਿੱਤੇ ਗਏ ਤਾਂ ਮੈਂ ਬਿਨਾਂ ਖਾਣ-ਪੀਣ ਤੋਂ ਭੁੱਖਾ ਰਹਿ ਕੇ ਪ੍ਰਾਣ ਤਿਆਗ ਦਿਆਂਗਾ।" ਆਖਰ ਬਾਬਾ ਸਾਹਿਬ ਡਾਕਟਰ ਅੰਬੇਡਕਰ ਤੇ ਮਹਾਤਮਾ ਗਾਂਧੀ ਦਾ ਪੂਨਾ ਵਿਚ ਸਮਝੌਤਾ ਹੋਇਆ ਤੇ ਸਾਰੇ ਹਿੰਦੁਸਤਾਨ ਵਿਚ ਰਹਿੰਦੇ ਅਛੂਤਾਂ ਨੂੰ 175 ਸੀਟਾਂ ਮਿਲੀਆਂ ਜਿਸ ਵਿਚ ਪੰਜਾਬ ਦੇ ਹਿੱਸੇ 8 ਸੀਟਾਂ ਆਈਆਂ। ਜਿਸ ਦਾ ਐਲਾਨ ਗੌਰਮਿੰਟ ਬਰਤਾਨੀਆਂ ਵੱਲੋਂ 19 ਮਾਰਚ 1933 ਈ. ਮੁਤਾਬਿਕ 7 ਹਾੜ 1989 ਸੰਮਤ ਐਤਵਾਰ ਨੂੰ ਹੋਇਆ।

ਇਹ ਵੀ ਫੈਸਲਾ ਲਿਖਿਆ ਗਿਆ ਕਿ ਹਰ ਸਾਲ ਲਈ ਰੀਜ਼ਰਵੇਸ਼ਨ ਤਦ ਤੱਕ ਕਾਇਮ ਰੱਖੀ ਜਾਵੇ ਕਿ ਜਦ ਤੱਕ ਅਛੂਤਾਂ ਦੀ ਹਾਲਤ ਦੂਸਰੀਆਂ ਬ੍ਰਾਦਰੀਆਂ ਦੇ ਬਰਾਬਰ ਨਹੀਂ ਹੋ ਜਾਂਦੀ। ਉਨ੍ਹਾਂ ਦੀ ਇਸ ਕੁਰਬਾਨੀ ਸਦਕਾ ਹੀ ਆਦਿ ਧਰਮ ਨਾਂ ਦੀ ਫੁਲਵਾੜੀ ਦਿਨ ਪ੍ਰਤੀ ਦਿਨ ਵਧਦੀ ਫੁਲਦੀ ਤੇ ਦਿਨ ਦੂਣੀ ਅਤੇ ਰਾਤ

ਚੌਗਣੀ ਤਰੱਕੀ ਵੱਲ ਨੂੰ ਕਦਮ ਵਧ ਰਹੀ ਹੈ। ਬਾਬੂ ਮੰਗੂ ਰਾਮ ਜਿਨ੍ਹਾਂ ਨੂੰ ਪੜ੍ਹਨ ਵੇਲੇ ਸਕੂਲ ਦੇ ਕਮਰੇ ਅੰਦਰ ਪੈਰ ਰੱਖਦਿਆਂ ਸਕੂਲ ਅਤੇ ਕਿਤਾਬਾਂ ਭਿਟੀਆਂ ਜਾਣ ਤੇ ਸਖਤ ਕੁੱਟ ਖਾਣੀ ਪਈ, ਉਥੇ ਆਪ ਡਿਸਟ੍ਰਿਕਟ ਬੋਰਡ ਦੇ ਮੈਂਬਰ ਬਣੇ। ਪੰਜਾਬ ਅਸੰਬਲੀ ਦੇ ਮੈਂਬਰ ਬਣੇ, ਗਦਰ ਪਾਰਟੀ ਦੇ ਮੁਖੀਆ ਵਿਚ ਆਪ ਜੀ ਦਾ ਨਾਂ ਗਿਣਿਆ ਗਿਆ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਤਾਮਰ ਪੱਤਰ ਅਤੇ ਲੋਕ ਸਭਾ ਦੇ ਸਪੀਕਰ ਸ੍ਰੀ ਗੁਰਦਿਆਲ ਸਿੰਘ ਢਿੱਲੋਂ ਵੱਲੋਂ ਸ਼ੀਲਡ ਭੇਂਟ ਕੀਤੀ ਗਈ। ਜਿਸ ਅਸਥਾਨ ਵਿਚ ਬੈਠਕੇ ਬਾਬੂ ਮੰਗੂ ਰਾਮ ਜੀ ਦੇ ਸਾਥੀਆਂ ਨੇ ਅਛੂਤ ਤੇ ਉਨ੍ਹਾਂ ਬਾਦਰੀਆਂ ਦੇ ਹੱਕਾਂ ਲਈ ਸੰਘਰਸ਼ ਕੀਤਾ ਉਥੇ ਉਨ੍ਹਾਂ ਦੀ ਕ੍ਰਿਪਾ ਦੁਆਰਾ ਗੁਰੂ ਰਵਿਦਾਸ ਹਾਈ ਸਕੂਲ ਅਤੇ ਗੁਰੂ ਰਵਿਦਾਸ ਆਰਟ ਐਂਡ ਕਰਾਫਟ ਟਰੇਨਿੰਗ ਕਾਲਜ ਕਿਸ਼ਨਪੁਰਾ ਜਲੰਧਰ ਸ਼ਹਿਰ ਬੜੀ ਸਫਲਤਾ ਨਾਲ ਚੱਲ ਰਹੇ ਹਨ, ਜਿੱਥੇ ਇਕ ਨਹੀਂ ਹਜ਼ਾਰਾਂ ਲੜਕਿਆਂ ਤੇ ਲੜਕੀਆਂ ਨੂੰ ਵਿੱਦਿਆ ਪ੍ਰਾਪਤ ਕਰਕੇ ਭਾਰਤ ਸਰਕਾਰ ਵਿਚ ਉੱਚੇ ਅਹੁਦੇ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੈ। ਨਾਲ ਹੀ ਜਿਥੇ ਹਰ ਸਾਲ ਗੁਰੂ ਰਵਿਦਾਸ ਦੇ ਜਨਮ ਦਿਨ 'ਤੇ 'ਸੋਹੰ' ਦਾ ਲਾਲ ਝੰਡਾ ਲਹਿਰਾਇਆ ਜਾਂਦਾ ਹੈ।

ਏਥੇ ਇਹ ਵਰਨਣ ਯੋਗ ਹੈ ਕਿ ਆਦਿ ਧਰਮ ਦੇ ਪ੍ਰਚਾਰ ਲਈ ਅਤੇ ਸ਼ੈਡੂਲਡ ਕਾਸਟਸ ਬ੍ਰਾਦਰੀਆਂ ਦੀ ਸਮਾਜਿਕ, ਧਾਰਮਿਕ, ਵਿੱਦਿਅਕ ਅਤੇ ਰਾਜਨੀਤਕ ਹੱਕਾਂ ਲਈ ਸੰਘਰਸ਼ ਕਰਨ ਦਾ ਉਪਰੋਕਤ ਬ੍ਰਾਦਰੀਆਂ ਨੂੰ ਸੱਦਾ ਦੇਣ ਅਤੇ ਸਮੇਂ ਦੀ ਸਰਕਾਰ ਪਾਸੋਂ ਮੰਗ ਕਰਨ ਲਈ ਇਕ ਹਫਤਾਵਾਰ ਪੱਤਰ 'ਆਦਿ ਡੰਕਾ' ਪੰਜਾਬੀ ਅਤੇ ਉਰਦੂ ਲਿਪੀ ਵਿਚ ਚਾਲੂ ਕੀਤਾ ਗਿਆ। ਜਿਸ ਨੇ ਹਿੰਦੁਸਤਾਨ ਅਤੇ ਬਦੇਸ਼ਾਂ ਵਿਚ ਗਏ ਹੋਏ ਬ੍ਰਾਦਰੀ ਦੇ ਮੁੱਖੀ ਵੀਰਾਂ ਵਿਚ ਜੋਸ਼ ਅਤੇ ਹੋਸ਼ ਪੈਦਾ ਕਰ ਦਿੰਦੇ। ਜਿਸ ਦਾ ਸਦਕਾ ਨਿਊਜ਼ੀਲੈਂਡ, ਫੀਜ਼ੀ, ਸਿੰਘਾਪੁਰ ਤੇ ਯੂ.ਕੇ. ਦੇ ਸੱਜਨਾਂ ਵਿਚ ਮਾਇਕ ਸਹਾਇਤਾ ਦੇਣ ਦੀ ਸੰਦਭਾਵਨਾ ਪੈਦਾ ਕਰ ਦਿੱਤੀ। ਕੁਝ ਨਾਂ ਵਰਨਣ ਯੋਗ ਹਨ :-ਸ੍ਰੀ ਸੰਗੂ ਰਾਮ ਰਾਏਪੁਰ ਛੱਬਾ, ਸ੍. ਚੰਦਾ ਸਿੰਘ ਭਰਮ ਤੋੜ, ਉਜਾਗਰ ਸਿੰਘ ਪ੍ਰੀਤਮ, ਸ੍ਰੀ ਦਸੌਧਾ ਸਿੰਘ ਢਾਡਾ। ਏਸੇ ਹੀ ਤਰ੍ਹਾਂ ਭਾਰਤ ਵਿਚ ਵਸਦੇ ਕਲਕੱਤਾ ਨਿਵਾਸੀ ਭਰਾਵਾਂ ਨੇ ਵੀ ਮਾਇਕ ਸਹਾਇਤਾ ਦੇਣ ਵਿਚ ਭਰਵਾਂ ਹੁੰਗਾਰਾ ਭਰਿਆ। ਇਹ ਸਾਰੀ ਦੇਣ ਆਦਿ ਧਰਮ ਲਹਿਰ ਦੇ ਬਾਨੀ ਸ੍ਰੀ ਮਾਨ ਬਾਬੂ ਮੰਗੂ ਰਾਮ ਜੀ ਦੀ ਤੇ ਉਨ੍ਹਾਂ ਦੇ ਸਾਥੀਆਂ ਦੀ ਕਰੜੀ ਘਾਲਣਾ ਦੀ ਜਿਉਂਦੀ ਜਾਗਦੀ ਮਿਸਾਲ ਹੈ।

ਉਹ ਕ੍ਰਾਂਤੀਕਾਰੀ ਆਗੂ ਸ੍ਰੀ ਬਾਬੂ ਮੰਗੂ ਰਾਮ ਅੱਜ ਭਾਵੇਂ ਸਾਡੇ ਦਰਮਿਆਨ ਨਹੀਂ ਹਨ, ਉਹ 22 ਅਪ੍ਰੈਲ 1980 ਈ. ਨੂੰ ਸਰੀਰਕ ਤੌਰ 'ਤੇ ਸਾਥੋਂ ਸਦਾ ਲਈ ਵਿਛੜ ਗਏ, ਪਰ ਉਨ੍ਹਾਂ ਵੱਲੋਂ ਲੋਕ ਭਲਾਈ ਮਨੁੱਖੀ ਕਦਰਾਂ ਦੀ ਕਾਇਮੀ ਅਤੇ ਮਨੁੱਖਤਾ ਨੂੰ ਬਰਾਬਰ ਦਾ ਦਰਜਾ ਦੇ ਕੇ ਉਨ੍ਹਾਂ ਨੂੰ ਭਾਈ ਚਾਰਕ ਰਾਜਨੀਤਕ ਤੇ ਧਾਰਮਿਕ ਹੱਕ ਦੁਆਣ ਵਿਚ ਕੀਤੇ ਸੰਘਰਸ਼ ਸਦਾ ਇਤਿਹਾਸ ਦੇ ਪੰਨਿਆਂ ਉੱਤੇ ਸੁਨਹਿਰੀ ਅੱਖਰਾਂ ਵਾਂਗ ਸਾਰੀ ਦੁਨੀਆਂ ਵਿਚ ਚਮਕਦੇ ਰਹਿਣਗੇ, ਜੋ ਉਨ੍ਹਾਂ ਨੇ ਗਰੀਬ ਵਰਗ ਨੂੰ ਬਰਾਬਰਤਾ ਦੇ ਹੱਕ ਦੁਆਣ ਲਈ ਘੋਲ ਅਰੰਭਿਆ ਸੀ, ਅਸੀਂ ਉਸ ਉੱਤੇ ਕਦਮ ਨਾਲ ਕਦਮ ਮਿਲਾ ਕੇ ਚਲੀਏ, ਜਿਸ ਵਿਚ ਸਰਬੱਤ ਦਾ ਭਲਾ ਛੁਪਿਆ ਹੋਇਆ ਸਾਡੇ ਸਾਹਮਣੇ ਦਿਖਾਈ ਦਿੰਦਾ ਹੈ।

ਲੋਥੀਅਨ ਕਮੇਟੀ ਅਤੇ ਆਦਿ ਧਰਮ ਮੰਡਲ

(ਹਜ਼ਾਰਾ ਰਾਮ, ਜਨਰਲ ਸਕੱਤਰ ਪੰਜਾਬ ਆਦਿ ਧਰਮ ਮੰਡਲ)

ਆਦਿ ਧਰਮ ਅੰਦੋਲਨ ਉੱਤੇ ਇਕ ਗਹਿਰੀ ਝਾਤ ਪਾਉਂਦੀ ਹੋਈ ਇਤਿਹਾਸਕ ਰਚਨਾ :-ਅੰਗਰੇਜ਼ੀ ਸਾਮਰਾਜ ਦੇ ਵੇਲੇ ਭਾਰਤੀਆਂ ਹਕੂਮਤ ਦੇ ਢਾਂਚੇ ਵਿਚ ਕੁਝ ਰੱਦੋ ਬਦਲ ਦੀ ਚਲ ਰਹੀ ਸਕੀਮ ਦੇ ਤਹਿਤ ਸੰਨ 1932 ਈ. ਵਿਚ ਅੰਗਰੇਜ਼ ਸਰਕਾਰ ਨੇ ਇਕ ਕਮੇਟੀ (ਫਰੈਂਚਜ਼ ਕਮੇਟੀ) ਦੇ ਰਾਹੀਂ ਭਾਰਤ ਦੇ ਸਾਰੇ ਸੂਬਿਆਂ ਦੇ ਲੋਕਾਂ ਹਿੰਦੂ, ਸਿੱਖ, ਈਸਾਈ, ਮੁਸਲਮਾਨ ਅਤੇ ਪਸਮਾਂਦਾ ਜਾਤੀਆਂ (ਅਨੁਸੂਚਿਤ ਜਾਤੀਆਂ) ਦੇ ਨੁਮਾਇੰਦਿਆਂ ਨਾਲ ਤਬਾਦਲਾ ਖਿਆਲਾਤ ਕਰਕੇ ਹਿੰਦੋਸਤਾਨੀ ਲੋਕਾਂ ਦਾ ਜਾਇਜ਼ਾ ਲਿਆ। ਉਸ ਕਮੇਟੀ ਵਿਚ ਅਛੂਤਾਂ ਵੱਲੋਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ। ਈਸਾਈਆਂ ਵੱਲੋਂ ਮਿਸ ਚੈਟਰਜੀ ਨੂੰ ਮੈਂਬਰ ਲਿਆ ਗਿਆ, ਸਿੱਖਾਂ ਵੱਲੋਂ ਸ. ਸੰਪੂਰਨ ਸਿੰਘ ਅਤੇ ਸ. ਸੁੰਦਰ ਸਿੰਘ ਮਜੀਠਾ ਨੂੰ ਮੈਂਬਰ ਲਿਆ ਗਿਆ। ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਅਤੇ ਸ਼ੌਕਤ ਅਲੀ ਨੂੰ ਮੈਂਬਰ ਲਿਆ ਗਿਆ। ਹਿੰਦੂਆਂ ਵੱਲੋਂ ਪੰਡਤ ਮਦਨ ਮੋਹਨ ਮਾਲਵੀਆ, ਭਾਈ ਪਰਮਾਨੰਦ ਅਤੇ ਲਾਲਾ ਬਾਲ ਮੁਕੰਦ ਪੁਰੀ ਨੂੰ ਮੈਂਬਰ ਲਿਆ ਗਿਆ ਅਤੇ ਇਸ ਕਮੇਟੀ ਦੇ ਚੇਅਰਮੈਨ ਇੰਗਲੈਂਡ ਦੇ ਹਾਊਸ ਆਫ ਲਾਰਡਜ਼ ਵਿਚੋਂ ਇਕ ਲਾਰਡ ਲੋਥੀਅਨ ਨੂੰ ਥਾਪਿਆ ਗਿਆ।

ਸੰਨ 1932 ਈਸਵੀ ਦੇ ਮਹੀਨੇ ਅਪ੍ਰੈਲ ਵਿਚ ਜਦ ਉਪਰੋਕਤ ਕਮੇਟੀ ਸੂਬਾ ਪੰਜਾਬ ਵਿਚ ਆਈ ਤਾਂ ਇਸ ਦਾ ਸੈਸ਼ਨ ਲਾਹੌਰ ਦੀ ਹਾਲਤ ਦੀ ਤਫਸੀਲ ਦੱਸਣ ਲਈ ਬੁਲਾਇਆ ਗਿਆ। ਇਸ ਕਰਕੇ ਪੰਜਾਬ ਆਦਿ ਧਰਮ ਮੰਡਲ, ਜਲੰਧਰ ਵੱਲੋਂ ਹੇਠ ਲਿਖੇ ਆਗੂ ਕਮੇਟੀ ਦੇ ਸਾਹਮਣੇ ਪੇਸ਼ ਹੋਏ :-1. ਪਰੈਜ਼ੀਡੈਂਟ ਬਾਬੂ ਮੰਗੂ ਰਾਮ (ਮੁਗੋਵਾਲ ਹੁਸ਼ਿਆਰਪੁਰ) ।2. ਵਾਈਸ ਪਰੈਜ਼ੀਡੈਂਟ ਬਾਬੂ ਹੰਸ ਰਾਜ (ਪਰੇਮਗੜ੍ਹ, ਹੁਸ਼ਿਆਰਪੁਰ) ।3. ਜਨਰਲ ਸਕੱਤਰ ਸ੍ਰੀ ਹਜ਼ਾਰਾ ਰਾਮ (ਪਿਪਲਾਂ ਵਾਲਾ ਹੁਸ਼ਿਆਰਪੁਰ) ।

ਪੰਜਾਬ ਦੇ ਅਛੂਤਾਂ ਵੱਲੋਂ ਸਾਡਾ ਮਤਲਬ ਇਹ ਸੀ ਕਿ ਅਸੀਂ ਨਾ ਤਾਂ ਹਿੰਦੂ ਹਾਂ ਅਤੇ ਨਾ ਹੀ ਸਿੱਖ, ਨਾ ਈਸਾਈ ਅਤੇ ਨਾ ਹੀ ਮੁਲਸਮਾਨ ਹਾਂ। ਬਲਕਿ ਅਸੀਂ ਹਿੰਦੋਸਤਾਨ ਦੇ ਅਸਲੀ ਵਾਸ਼ਿੰਦਿਆਂ ਦੀ ਔਲਾਦ ਆਦਿ ਵਾਸੀ (ਆਦਿ ਧਰਮੀ) ਹਾਂ। ਇਸ ਵਾਸਤੇ ਸਾਨੂੰ ਜੁਦਾਗਾਨਾ ਸਿਆਸੀ ਹਕੂਕ ਦਿੱਤਾ ਜਾਵੇ। ਸਾਥੋਂ ਇਲਾਵਾ ਹੁਸ਼ਿਆਰਪੁਰ ਦੇ ਦਯਾ ਨੰਦ ਦਲਿਤ ਉਧਾਰ ਮੰਡਲ ਵੱਲੋਂ ਵੀ ਲਾਲਾ ਦੇਵੀ ਚੰਦ ਜੀ ਸਨ। ਇਕ ਹੋਰ ਸੰਸਥਾ ਅਛੂਤ ਮੰਡਲ, ਲਾਹੌਰ ਵੱਲੋਂ ਵੀ ਪੰਡਤ ਗੁਰੂ ਦੇਵ ਕਮੇਟੀ ਦੇ ਸਾਹਮਣੇ ਪੇਸ਼ ਹੋਏ, ਇਨ੍ਹਾਂ ਦੋਵਾਂ ਮੰਡਲਾਂ ਦਾ ਕਹਿਣਾ ਸੀ ਕਿ ਪੰਜਾਬ ਵਿਚ ਅਛੂਤ ਕੋਈ ਨਹੀਂ ਹੈ। ਕੇਵਲ ਪੰਜਾਬ ਵਿਚ ਹਿੰਦੂ, ਈਸਾਈ, ਮੁਸਲਮਾਨ ਅਤੇ ਸਿੱਖ ਹੀ ਵਸਦੇ ਹਨ। ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਹੈ, ਉਹ ਹਿੰਦੂ ਸ਼੍ਰੇਣੀ ਦਾ ਇਕ ਪਛੜਿਆ ਹੋਇਆ ਵਰਗ ਹੈ, ਅਸੀਂ ਉਸ ਵਰਗ ਨੂੰ ਸ਼ੁੱਧ ਕਰਕੇ ਅਸਲੀ ਹਿੰਦੂ ਪੱਧਰ ਤੇ ਲਿਆ ਰਹੇ ਹਾਂ। ਚੂੰਕਿ ਇਹ ਲੋਕ ਹਿੰਦੂ ਹੀ ਹਨ, ਇਸ ਵਾਸਤੇ ਇਨ੍ਹਾਂ ਨੂੰ ਜੁਦਾਗਾਨਾਂ ਸਿਆਸੀ ਹਕੂਕ ਦੀ ਲੋੜ ਨਹੀਂ ਹੈ।

ਜਦ ਅਸੀਂ ਪੰਜਾਬ ਦੇ ਅਛੂਤਾਂ ਦੀ ਹਾਲਤ ਦਾ ਢਾਂਚਾ ਪੇਸ਼ ਕਰਨ ਵਾਸਤੇ ਉਪਰੋਕਤ ਕਮੇਟੀ ਦੇ ਸਾਹਮਣੇ ਪੇਸ਼ ਹੋਣ ਵਾਸਤੇ ਲਾਹੌਰ ਗਏ ਤਾਂ ਉਸ ਵੇਲੇ ਤਿੰਨ ਚਾਰ ਹਜ਼ਾਰ ਦੇ ਲਗਪਗ ਆਦਿ ਧਰਮੀ ਲਾਲ ਲਾਲ ਦਸਤਾਰੇ ਬੰਨ੍ਹ ਕੇ ਸਾਡੇ ਨਾਲ ਅਸੰਬਲੀ ਹਾਲ ਲਾਹੌਰ ਤੱਕ ਗਏ। ਇਸ ਜੱਥੇ ਦੀ ਅਗਵਾਈ ਸ੍ਰੀ ਗਨੇਸ਼ ਦਾਸ ਜੀ ਭਰਮ ਤੋੜ ਦਲਪਤੀ ਅਤੇ ਸ੍ਰੀ ਸੰਤ ਰਾਮ ਜੀ ਅਜ਼ਾਦ ਮਿਸ਼ਨਰੀ ਕਰ ਰਹੇ ਸਨ, ਇਹ ਲੋਕ ਇਲਾਕਾ ਬਾਰ (ਲਾਇਲਪੁਰ), ਮਿੰਟਗੁਮਰੀ, ਮੁਲਤਾਨ ਅਤੇ ਸ਼ੇਖੂਪੁਰਾ ਬਗੈਰਾ ਔਰ ਜਲੰਧਰ, ਹੁਸ਼ਿਆਰਪੁਰ, ਕਾਂਗੜਾ ਅਤੇ ਕਪੂਰਥਲਾ ਦੇ ਜ਼ਿਲ੍ਹਿਆਂ ਵਿਚੋਂ ਗਏ ਸਨ। ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਅਸੀਂ ਦੋ ਦਿਨ ਪਹਿਲਾਂ ਹੀ ਗੌਰਮਿੰਟ ਹਾਊਸ ਵਿਚ ਮਿਲਕੇ ਪੰਜਾਬ ਦੇ ਅਛੂਤਾਂ ਦੀ ਹਾਲਤ ਤੋਂ ਜਾਣੂ ਕਰਾ ਦਿੱਤਾ ਸੀ। ਇਸ ਜਥੇ ਵਿਚ ਮਾਨਯੋਗ ਮਿਸਤਰੀ ਲੱਭੂ ਰਾਮ ਜੀ ਪ੍ਰਧਾਨ ਮੈਨੇਜਿੰਗ ਕਮੇਟੀ ਆਦਿ ਧਰਮ ਮੰਡਲ, ਸੀਨੀਅਰ ਵਾਈਸ ਪ੍ਰਧਾਨ ਸੇਠ ਸੁੰਦਰ ਦਾਸ ਜੀ ਅਤੇ ਜੂਨੀਅਰ ਵਾਈਸ ਪ੍ਰਧਾਨ ਭਗਤ ਗੁਲਾਬਾ ਰਾਮ ਜੀ ਦੇ ਨਾਮ ਕਾਬਲੇ ਜ਼ਿਕਰ ਹਨ। ਜਦ ਅਸੀਂ ਬਾਬੂ ਮੰਗੂ ਰਾਮ, ਸ੍ਰੀ ਹਜ਼ਾਰਾ ਰਾਮ ਅਤੇ ਬਾਬੂ ਹੰਸ ਰਾਜ ਅਸੰਬਲੀ ਹਾਲ ਅੰਦਰ ਦਾਖਲ ਹੋ ਗਏ ਤਾਂ ਸਾਡੇ ਜਥੇ ਦੇ ਉੱਚੇ-ਉੱਚੇ ਨਾਅਰਿਆਂ—ਜੋ ਬੋਲੇ ਸੋ ਨਿਰਭੈ ਆਦਿ ਧਰਮ ਕੀ ਜੈ, ਜੋ ਬੋਲੇ ਸੋ ਨਿਰਭੈ ਗੁਰੂ ਰਵਿਦਾਸ ਜੀ ਕੀ ਜੈ, ਜੋ ਬੋਲੇ ਸੋ ਨਿਰਭੈ ਰਿਸ਼ੀ ਬਾਲਮੀਕ ਜੀ ਕੀ ਜੈ ਨਾਲ ਆਸਮਾਨ ਗੂੰਜ ਰਿਹਾ ਸੀ। ਭਾਵੇਂ ਉਸ ਵੇਲੇ ਅਸੰਬਲੀ ਵਾਲੀ ਸੜਕ 'ਤੇ ਪੁਲਸ ਦਾ ਸਖਤ ਪਹਿਰਾ ਸੀ, ਪਰ ਸਾਡੇ ਜਥੇ ਦੇ ਜਰਨੈਲ ਸ੍ਰੀ ਗਨੇਸ਼ ਦਾਸ ਜੀ ਅਤੇ ਸ੍ਰੀ ਸੰਤ ਰਾਮ ਜੀ ਅਜ਼ਾਦ ਇਨ੍ਹਾਂ ਸ਼ਬਦਾਂ ਨਾਲ ਆਪਣੇ ਜਥੇ ਦੀ ਅਗਵਾਈ ਕਰ ਰਹੇ ਸਨ।

'ਜਿਸ ਮੌਤ ਤੋਂ ਡਰੇ ਜਗ ਸਾਰਾ, ਅਸਾਂ ਨੇ ਕਬੂਲ ਕਰ ਲਈ' ਜਦ ਜਥਾ ਪੁਰ ਅਮਨ ਮਾਰਚ ਕਰ ਰਿਹਾ ਸੀ, ਤਦ ਉਸ ਵੇਲੇ ਦੇ ਆਈ.ਜੀ. ਪੁਲਸ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਭਰਾਵੋਂ ! ਤੁਹਾਡਾ ਡਾਕਟਰ ਅੰਬੇਡਕਰ ਅਤੇ ਤੁਹਾਡੇ ਪੰਜਾਬ ਦੇ ਆਗੂ ਤਾਂ ਅਸੰਬਲੀ ਹਾਲ ਅੰਦਰ ਚਲੇ ਗਏ ਹਨ ਅਤੇ ਇਹ ਝੰਡਾ ਅਤੇ ਤੁਸੀਂ ਆਪ ਇਹ ਜਥਾ ਲੈ ਕੇ ਕਿਧਰ ਜਾ ਰਹੇ ਹੋ। ਤਦ ਨੂੰ ਸ੍ਰੀ ਗਨੇਸ਼ ਦਾਸ ਦਲਪਤੀ ਅਤੇ ਸ੍ਰੀ ਸੰਤ ਰਾਮ ਅਜ਼ਾਦ ਨੇ ਕਿਹਾ ਕਿ ਅੱਜ ਇਹ ਜਥਾ ਝੰਡੇ ਸਮੇਤ ਅਸੰਬਲੀ ਹਾਲ ਵਿਚ ਜਾਵੇਗਾ। ਜਦ ਇਧਰ ਇਹ ਗੱਲਾਂ ਹੋ ਰਹੀਆਂ ਸਨ ਤਾਂ ਉਧਰ ਅਸੰਬਲੀ ਹਾਲ ਵਿਚ ਬੈਠੇ ਹੋਏ ਮੈਂਬਰ ਕਹਿਣ ਲੱਗੇ ਕਿ ਬਾਹਰ ਸ਼ੋਰ ਕੈਸਾ ਪੈ ਰਿਹਾ ਹੈ ਤਾਂ ਡਾਕਟਰ ਅੰਬੇਡਕਰ ਜੀ ਨੇ ਕਿਹਾ ਕਿ ਸ਼ੋਰ ਤਾਂ ਕੋਈ ਨਹੀਂ, ਕੇਵਲ ਪੰਜਾਬ ਦੀ ਅਛੂਤ ਜਨਤਾ ਇਹ ਸਾਬਤ ਕਰ ਰਹੀ ਹੈ ਕਿ ਲਾਰਡ ਲੋਥੀਅਨ ਸਾਹਿਬ ਆਪਣੀ ਅੱਖੀਂ ਦੇਖ ਲੈਣ ਕਿ ਪੰਜਾਬ ਵਿਚ ਅਛੂਤ ਹਨ ਜਾਂ ਨਹੀਂ। ਇਸ 'ਤੇ ਸਾਰੇ ਮੈਂਬਰ ਅਤੇ ਲਾਰਡ ਲੋਥੀਅਨ ਸਾਹਿਬ ਅਸੰਬਲੀ ਹਾਲ ਦੇ ਬਰਾਂਡੇ ਵਿਚ ਆ ਕੇ ਦੇਖਣ ਲੱਗ ਪਏ, ਤਦ ਲਾਰਡ ਲੋਥੀਅਨ ਨੇ ਕਿਹਾ ਕਿ ਡਾ. ਸਾਹਿਬ ਮੈਂਨੇ ਦੇਖ ਲੀਆ ਹੈ ਅਤੇ ਹੁਣ ਇਨ੍ਹਾਂ ਲੋਕਾਂ ਨੂੰ ਕਿਧਰੇ ਆਰਾਮ ਨਾਲ ਬਿਠਾ ਦੇਵੋ ਤਾਂ ਮੈਂ ਕਿਹਾ ਕਿ ਕੁਝ ਮੁਖੀ ਆਦਮੀਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਦਿੱਤੀ ਜਾਵੇ, ਤਾਂ

ਡਾਕਟਰ ਸਾਹਿਬ ਜੀ ਨੇ ਕਿਹਾ ਕਿ ਪੰਜ-ਦਸ ਮੁਖੀ ਬੰਦਿਆਂ ਨੂੰ ਲਿਆ ਕੇ ਅਸੰਬਲੀ ਹਾਲ ਦੀ ਗੈਲਰੀ ਵਿਚ ਬਿਠਾ ਦਿਓ। ਇਸ 'ਤੇ ਮੈਂ ਅਸੰਬਲੀ ਤੋਂ ਬਾਹਰ ਜਾ ਕੇ ਆਈ.ਜੀ. ਪੁਲਸ ਨੂੰ ਆਖਿਆ ਕਿ ਇਸ ਜਥੇ ਨੂੰ ਕਿਧਰੇ ਛਾਂ ਵਾਲੀ ਜਗ੍ਹਾ 'ਤੇ ਬਿਠਾ ਦਿਓ। ਇਹ ਕਹਿ ਕੇ ਮੈਂ ਹੇਠ ਲਿਖੇ ਮੁਖੀ ਬੰਦਿਆਂ ਨੂੰ ਨਾਲ ਲੈ ਕੇ ਅਸੰਬਲੀ ਹਾਲ ਅੰਦਰ ਚਲਾ ਗਿਆ। 1. ਮਿਸਤਰੀ ਲੱਭੂ ਰਾਮ, ਸੂਚੀ ਪਿੰਡ ਜ਼ਿਲ੍ਹਾ ਜਲੰਧਰ। 2. ਸੇਠ ਸੁੰਦਰ ਦਾਸ, ਧਨਾਲ ਜ਼ਿਲ੍ਹਾ ਜਲੰਧਰ। 3. ਭਗਤ ਗੁਲਾਬਾ ਰਾਮ, ਮੁਸਾਹਿਬਪੁਰ ਜ਼ਿਲ੍ਹਾ ਜਲੰਧਰ। 4. ਸ੍ਰੀ ਗਣੇਸ਼ ਦਾਸ ਦਲਪਤੀ ਮੁਹੱਲਾ ਕਰਾੜ ਖਾਂ ਜਲੰਧਰ ਸ਼ਹਿਰ। 5. ਸ੍ਰੀ ਸੰਤ ਰਾਮ ਅਜ਼ਾਦ ਮਿਸ਼ਨਰੀ ਆਦਿ ਧਰਮ ਮੰਡਲ ਜਲੰਧਰ। 6. ਹਕੀਮ ਪ੍ਰਤਾਪ ਚੰਦ ਨਰੂੜ ਰਿਆਸਤ ਕਪੂਰਥਲਾ। 7. ਸ੍ਰੀ ਹਰਨਾਮ ਦਾਸ ਜੰਡਾਲੀ ਜ਼ਿਲ੍ਹਾ ਜਲੰਧਰ। 8. ਸ੍ਰੀ ਸਾਹਿਬਾ ਰਾਮ ਜ਼ਿਲ੍ਹਾ ਲਾਇਲਪੁਰ। 9. ਸਰਵ ਸ੍ਰੀ ਖੜਕੂ ਰਾਮ ਜਮਾਂਦਾਰ, ਕਿਰਪਾ ਸਿੰਘ ਅਤੇ ਸੁੰਦਰ ਸਿੰਘ ਜ਼ਿਲ੍ਹਾ ਕਾਂਗੜਾ। 10. ਸਰਵ ਸ੍ਰੀ ਹਰਦਿਤਾ ਅਤੇ ਲਾਲ ਚੰਦ ਬਾਲਮੀਕੀ ਜ਼ਿਲ੍ਹਾ ਫਿਰੋਜ਼ਪੁਰ। 11. ਸ੍ਰੀ ਪੂਰਨ ਚੰਦ ਰਮਤਾ ਮਾਣਕੋ ਜਲੰਧਰ। 12. ਸ੍ਰੀ ਭੁਲਾ ਸਿੰਘ ਫੌਜੀ, ਡਿਚਕੋਟ ਜ਼ਿਲ੍ਹਾ ਲਾਇਲਪੁਰ।

ਲਾਰਡ ਲੋਥੀਅਨ ਅਤੇ ਕਮੇਟੀ ਦੇ ਬਾਕੀ ਮੈਂਬਰਾਂ ਦੀ ਸਾਡੇ ਨਾਲ ਹੇਠ ਲਿਖੀ ਗੱਲਬਾਤ ਹੋਈ।

ਸਵਾਲ :-ਲਾਰਡ ਲੋਥੀਅਨ ਨੇ ਸਵਾਲ ਕੀਤਾ ਕਿ ਤੁਸੀਂ ਕੌਣ ਹੋ ?

ਸਾਡੀ ਵੱਲੋਂ ਜਵਾਬ :-ਅਸੀਂ ਆਦਿ ਧਰਮੀ ਹਾਂ।

ਸਵਾਲ :-ਆਦਿ ਧਰਮ ਦਾ ਕੀ ਮਤਲਬ ਹੈ ?

ਸਾਡੀ ਵੱਲੋਂ ਜਵਾਬ :-ਅਸੀਂ ਹਿੰਦੋਸਤਾਨ ਦੇ ਅਸਲੀ ਵਾਸ਼ਿੰਦਿਆਂ ਦੀ ਔਲਾਦ ਹਾਂ। ਇਸ ਵਾਸਤੇ ਅਸੀਂ ਆਦਿ ਵਾਸੀ (ਆਦਿ ਧਰਮੀ) ਹਾਂ। ਹਿੰਦੂ ਤਿੱਬਤ ਅਤੇ ਏਸ਼ੀਆ ਤੋਂ ਆਏ ਹਨ, ਮੁਸਲਮਾਨ ਅਰਬ ਦੇਸ਼ ਤੋਂ ਆਏ ਹਨ ਅਤੇ ਇਹ ਦਵਿਜ (ਦੋ ਜਨਮੇ) ਹਨ ਅਤੇ ਅਸੀਂ ਇਕ ਜਨਮੇਂ ਹਾਂ। ਅਰਥਾਤ ਹਿੰਦੂ ਦਾ ਪਹਿਲਾ ਜਨਮ ਉਸ ਦੇ ਜਨਮ ਵੇਲੇ ਹੁੰਦਾ ਹੈ ਅਤੇ ਦੂਸਰਾ ਜਨਮ ਜਨੇਊ ਸੰਸਕਾਰ (ਯਗੋ ਪਵੀਤ) ਵੇਲੇ ਹੁੰਦਾ ਹੈ, ਉਸ ਵੇਲੇ ਉਹ ਪੱਕਾ ਹਿੰਦੂ ਬਣਦਾ ਹੈ। ਸਿੱਖ ਦਾ ਪਹਿਲਾ ਜਨਮ ਉਸ ਦੇ ਜਨਮ ਵੇਲੇ ਹੁੰਦਾ ਹੈ ਅਤੇ ਦੂਸਰਾ ਜਨਮ ਅੰਮ੍ਰਿਤ ਛੱਕਣ ਵੇਲੇ ਜਦ ਉਸ ਨੂੰ ਪੰਜ ਕੱਕੇ ਧਾਰਨ ਕਰਾਏ ਜਾਂਦੇ ਹਨ, ਉਸ ਵੇਲੇ ਉਹ ਪੱਕਾ ਸਿੱਖ ਬਣਦਾ ਹੈ। ਮੁਸਲਮਾਨ, ਉਸ ਦਾ ਪਹਿਲਾ ਜਨਮ, ਜਨਮ ਵੇਲੇ ਅਤੇ ਦੂਸਰਾ ਜਨਮ ਕਲਮਾਂ ਪੜ੍ਹਨ ਵੇਲੇ ਜਦ ਉਸ ਦੇ ਖਤਨੇ (ਸੁੰਨਤ) ਕੀਤੇ ਜਾਂਦੇ ਹਨ, ਉਸ ਵੇਲੇ ਉਹ ਪੱਕਾ ਮੁਸਲਮਾਨ ਬਣਦਾ ਹੈ।

ਅਸੀਂ ਨਾ ਤਾਂ ਜਨੇਊ ਧਾਰਨ ਕਰਦੇ ਹਾਂ ਅਤੇ ਨਾ ਹੀ ਪੰਜ ਕੱਕੇ ਰੱਖਦੇ ਹਾਂ ਅਤੇ ਨਾ ਹੀ ਖਤਨੇ ਕਰਾਉਂਦੇ ਹਾਂ। ਅਸੀਂ ਤਾਂ ਕੇਵਲ ਪ੍ਰਮਾਤਮਾ ਦੇ ਆਦਿ ਅਸੂਲਾਂ ਦੇ ਮੁਤਾਬਿਕ ਜਿਸ ਸ਼ਕਲ ਵਿਚ ਪੈਦਾ ਹੁੰਦੇ ਹਾਂ, ਉਸ ਹੀ ਆਦਿ ਧਰਮ ਨੂੰ ਮੰਨਦੇ ਹਾਂ, ਇਸ ਵਾਸਤੇ ਅਸੀਂ ਆਦਿ ਧਰਮੀ ਹਾਂ।

ਸਿੱਖ ਮੈਂਬਰਾਂ ਵੱਲੋਂ ਸਵਾਲ :-ਇਨ੍ਹਾਂ ਵਿਚੋਂ ਕੁਝ ਲੋਕ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਵਿਆਹ-ਸ਼ਾਦੀ ਵੇਲੇ ਆਨੰਦ ਕਾਰਜ ਕਰਦੇ ਹਨ ਤਾਂ ਇਨ੍ਹਾਂ ਲੋਕਾਂ ਦੀ ਅੱਧੀ ਗਿਣਤੀ ਸਿੱਖਾਂ ਵਿਚ ਸ਼ਾਮਲ ਕੀਤੀ ਜਾਵੇ ਅਤੇ ਅੱਧੀ ਹਿੰਦੂਆਂ ਵਿਚ।

ਸਾਡੇ ਵੱਲੋਂ ਜਵਾਬ :-ਨਾ ਹੀ ਅਸੀਂ ਆਨੰਦ ਕਾਰਜ ਕਰਦੇ ਹਾਂ ਅਤੇ ਨਾ ਹੀ ਅਸੀਂ ਸਹਿਜਧਾਰੀ ਸਿੱਖ ਹਾਂ। ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਅਸੀਂ ਇਸ ਕਰਕੇ ਨਮਸਕਾਰ ਕਰਦੇ ਹਾਂ ਕਿ ਉਸ ਵਿਚ ਸਾਡੇ ਆਦਿ ਗੁਰੂਆਂ (ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਮ ਦੇਵ ਆਦਿ) ਦੀ ਬਾਣੀ ਹੈ।

ਮੁਲਸਮਾਨ ਮੈਂਬਰਾਂ ਵੱਲੋਂ ਸਵਾਲ :-ਇਨ੍ਹਾਂ ਵਿਚੋਂ ਕੁਝ ਲੋਕ ਨਮਾਜ਼ ਪੜ੍ਹਦੇ ਹਨ, ਰੋਜ਼ੇ ਰੱਖਦੇ ਹਨ ਅਤੇ ਆਪਣੇ ਮੁਰਦਿਆਂ ਨੂੰ ਜਾਲਣ ਦੀ ਬਜਾਏ ਕਬਰਾਂ ਵਿਚ ਦਬਾਉਂਦੇ ਹਨ। ਇਸ ਵਾਸਤੇ ਇਨ੍ਹਾਂ ਲੋਕਾਂ ਦੀ ਅੱਧੀ ਗਿਣਤੀ ਮੁਸਲਮਾਨਾਂ ਵਿਚ ਸ਼ੁਮਾਰ ਕੀਤੀ ਜਾਵੇ ਅਤੇ ਅੱਧੀ ਹਿੰਦੂਆਂ ਨੂੰ ਦਿੱਤੀ ਜਾਵੇ।

ਸਾਡੇ ਵੱਲੋਂ ਜਵਾਬ :-ਸਾਡੇ ਲੋਕ ਨਾ ਤਾਂ ਨਮਾਜ਼ ਪੜ੍ਹਨ ਦੇ ਆਦੀ ਹਨ ਅਤੇ ਨਾ ਹੀ ਆਪਣੇ ਮੁਰਦਿਆਂ ਨੂੰ ਦਬਾਉਂਦੇ ਹਨ। ਕੇਵਲ ਮੁਸਲਮਾਨ ਆਪਣੇ ਪਿੰਡਾਂ ਵਿਚ ਵਸਣ ਵਾਲੇ ਅਛੂਤਾਂ ਨੂੰ ਆਪਣੇ ਪਿੱਛੇ ਲਾ ਲੈਂਦੇ ਹਨ ਅਤੇ ਹਿੰਦੂ, ਸਿੱਖ ਆਪਣੇ-ਆਪਣੇ ਪਿੰਡਾਂ ਦੇ ਅਛੂਤਾਂ ਨੂੰ ਆਪਣੇ ਰਸਮੋ ਰਿਵਾਜ਼ ਮਗਰ ਲਾ ਛੱਡਦੇ ਹਨ।

ਹਿੰਦੂ ਮੈਂਬਰਾਂ ਵੱਲੋਂ ਸਵਾਲ :-ਇਹ ਲੋਕ ਵੇਦਾਂ ਨੂੰ ਹੀ ਮੰਨਦੇ ਹਨ ਅਤੇ ਵਿਆਹ ਸ਼ਾਦੀ ਵੇਲੇ ਵੇਦਾਂ ਨਾਲ ਫੇਰੇ ਦਿੰਦੇ ਹਨ। ਇਸ ਵਾਸਤੇ ਇਹ ਸਾਰੇ ਹੀ ਹਿੰਦੂ ਹਨ। ਇਸ ਵਾਸਤੇ ਇਨ੍ਹਾਂ ਦੀ ਗਿਣਤੀ ਦੇ ਹੱਕਦਾਰ ਹਿੰਦੂਆਂ

ਤੋਂ ਬਗੈਰ ਕੋਈ ਨਹੀਂ ਹੈ।

ਸਾਡੇ ਵੱਲੋਂ ਜਵਾਬ :-ਅਸੀਂ ਵੇਦਾਂ ਨੂੰ ਨਹੀਂ ਮੰਨਦੇ ਅਤੇ ਨਾ ਹੀ ਸਾਨੂੰ ਵੇਦਾਂ ਦਾ ਪਤਾ ਹੈ। ਹਿੰਦੂ ਲੋਕਾਂ ਨੇ ਤਾਂ ਸਾਨੂੰ ਪੜ੍ਹਨ ਅਤੇ ਮੰਦਰਾਂ ਵਿਚ ਪ੍ਰਵੇਸ਼ ਜਾਂ ਕਥਾ ਸੁਣਨ ਅਤੇ ਖੂਹਾਂ ਉੱਤੇ ਚੜ੍ਹਨ ਦੀ ਇਜਾਜ਼ਤ ਹੀ ਨਹੀਂ ਦਿੱਤੀ, ਤੇ ਸਾਨੂੰ ਵੇਦਾਂ ਦਾ ਕੀ ਪਤਾ ਹੋ ਸਕਦਾ ਹੈ। ਬਾਕੀ ਰਿਹਾ ਸਵਾਲ ਵੇਦਾਂ ਨੂੰ ਮੰਨ ਕੇ ਵਿਆਹ ਸ਼ਾਦੀ ਵੇਲੇ ਫੇਰੇ ਦੇਣ ਦਾ ਹੋ ਸਕਦਾ ਹੈ ਕਿ ਹਿੰਦੂਆਂ ਨੇ ਇਹ ਰਸਮ ਸਾਡੇ ਆਦਿ ਬਜ਼ੁਰਗਾਂ ਪਾਸੋਂ ਸਿਖੀ ਹੋਵੇ, ਕਿਉਂਕਿ ਇਹ ਤਾਂ ਆਮ ਤੌਰ 'ਤੇ ਸਵੰਬਰ ਦੀ ਰਸਮ ਅਨੁਸਾਰ ਵਿਆਹ ਸ਼ਾਦੀਆਂ ਕਰਦੇ ਸਨ।

ਲਾਰਡ ਲੋਥੀਅਨ ਵੱਲੋਂ ਸਵਾਲ :-ਤੁਹਾਡਾ ਧਾਰਮਿਕ ਗ੍ਰੰਥ ਕਿਹੜਾ ਹੈ, ਕਿ ਜਿਸ ਨੂੰ ਤੁਸੀਂ ਆਪਣਾ ਇਸ਼ਟ ਮੰਨਦੇ ਹੋ ?

ਸਾਡੇ ਵੱਲੋਂ ਜਵਾਬ :-ਅਸੀਂ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਮਹਾਂਰਿਸ਼ੀ ਬਾਲਮੀਕ ਜੀ ਅਤੇ ਸ੍ਰੀ ਨਾਮਦੇਵ ਜੀ ਆਦਿ ਗੁਰੂਆਂ ਨੂੰ ਮੰਨਦੇ ਹਾਂ ਅਤੇ ਜਿਸ ਗ੍ਰੰਥ ਵਿਚ ਇਨ੍ਹਾਂ ਦੀ ਬਾਣੀ ਦਾ ਕੋਸ਼ ਹੈ, ਉਹ ਸਾਡਾ ਇਸ਼ਟ ਗ੍ਰੰਥ ਹੈ, ਜਿਸ ਦਾ ਨਾਮ 'ਆਦਿ ਪ੍ਰਕਾਸ਼ ਗ੍ਰੰਥ' ਹੈ।

ਸਵਾਲ :-'ਆਦਿ ਪ੍ਰਕਾਸ਼ ਗ੍ਰੰਥ ਕਿਥੇ ਹੈ' ?

ਸਾਡੇ ਵੱਲੋਂ ਜਵਾਬ :-ਆਦਿ ਪ੍ਰਕਾਸ਼ ਗ੍ਰੰਥ ਉੱਥੇ ਹੈ ।

ਸਵਾਲ :-ਗੁਰੂ ਗ੍ਰੰਥ ਸਾਹਿਬ ਤਾਂ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਇਆ ਸੀ, ਗੁਰੂ ਨਾਨਕ ਦੇਵ ਜੀ ਵੇਲੇ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੈ ਹੀ ਨਹੀਂ ਸੀ ?

ਸਾਡੇ ਵੱਲੋਂ ਜਵਾਬ :-ਜਦ ਗੁਰੂ ਗ੍ਰੰਥ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਤਿਆਰ ਹੋ ਸਕਦਾ ਹੈ ਤਾਂ ਆਦਿ ਪ੍ਰਕਾਸ਼ ਗ੍ਰੰਥ ਵੀ ਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਮਹਾਂਰਿਸ਼ੀ ਬਾਲਮੀਕ ਜੀ ਅਤੇ ਨਾਮਦੇਵ ਜੀ ਪਿੱਛੋਂ ਹੁਣ ਤਿਆਰ ਕੀਤਾ ਜਾ ਸਕਦਾ ਹੈ।

ਸਵਾਲ :-ਆਦਿ ਪ੍ਰਕਾਸ਼ ਗ੍ਰੰਥ ਵਿਚ ਕਿਸ ਦੀ ਬਾਣੀ ਹੋਵੇਗੀ ?

ਸਾਡੇ ਵੱਲੋਂ ਜਵਾਬ :-ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਮਹਾਂਰਿਸ਼ੀ ਬਾਲਮੀਕ ਜੀ ਅਤੇ ਸਤਿਗੁਰੂ ਨਾਮਦੇਵ ਜੀ ਆਦਿ ਗੁਰੂਆਂ ਦੀ ਪਵਿੱਤਰ ਬਾਣੀ ਨੂੰ ਇਕੱਠਾ ਕਰਕੇ ਇਕ ਬੜਾ ਪਵਿੱਤਰ ਗ੍ਰੰਥ ਬਣਾਇਆ ਜਾਵੇਗਾ, ਜਿਸ ਦਾ ਨਾਮ 'ਆਦਿ ਪ੍ਰਕਾਸ਼ ਗ੍ਰੰਥ' ਹੋਵੇਗਾ। ਦਯਾ ਨੰਦ ਦਲਿਤ ਉਧਾਰ ਮੰਡਲ ਹੁਸ਼ਿਆਰਪੁਰ ਦੇ ਨੁਮਾਇੰਦੇ ਲਾਲਾ ਰਾਮ ਦਾਸ ਅਤੇ ਸਵਾਮੀ ਸ਼ੂਦਰਾ ਨੰਦ ਅਤੇ ਪੰਡਤ ਗੁਰੂਦੱਤ ਆਦਿ ਨੇ ਕਿਹਾ ਕਿ ਪੰਜਾਬ ਵਿਚ ਤਾਂ ਅਛੂਤ ਹੈ ਹੀ ਨਹੀਂ, ਸਵਰਨ ਅਤੇ ਛੋਟੇ ਹਿੰਦੂ ਸਾਰੇ ਹੀ ਵੇਦਾਂ ਨੂੰ ਮੰਨਦੇ ਹਨ, ਇੱਥੇ ਹਿੰਦੂ ਸ਼੍ਰੇਣੀ ਵਿਚ ਕੋਈ ਊਚ-ਨੀਚ ਨਹੀਂ। ਆਦਿ ਧਰਮ ਮੰਡਲ ਵਾਲਿਆਂ ਨੂੰ ਤਾਂ ਮੁਸਲਮਾਨਾਂ ਪਾਸੋਂ ਪੈਸੇ ਮਿਲਦੇ ਹਨ। ਇਹ ਹਿੰਦੂਆਂ ਵਿਚ ਵਿਤਕਰਾ ਪਾ ਰਹੇ ਹਨ ਅਤੇ ਨਾ ਹੀ ਇਨ੍ਹਾਂ ਨੂੰ ਜੁਦਾਗਾਨਾ ਸਿਆਸੀ ਹਕੂਕ ਦੀ ਲੋੜ ਹੈ।

ਸਾਡੇ ਵੱਲੋਂ ਜਵਾਬ :-ਸਾਨੂੰ ਸਦੀਆਂ ਤੋਂ ਹਿੰਦੂ ਲੋਕਾਂ ਨੇ ਲਿਤਾੜਿਆ ਹੈ, ਸਾਨੂੰ ਸਕੂਲਾਂ ਵਿਚ ਵਿੱਦਿਆ ਹਾਸਲ ਕਰਨ ਤੋਂ ਮਨਾਹੀ, ਹਿੰਦੂ ਮੰਦਰਾਂ ਵਿਚ ਜਾਣ ਦੀ ਮਨਾਹੀ, ਖੂਹਾਂ ਉੱਪਰ ਚੜ੍ਹਕੇ ਪਾਣੀ ਪੀਣ ਤੋਂ ਮਨਾਹੀ, ਹਿੰਦੂ ਧੋਬੀ ਸਾਡੇ ਕੱਪੜੇ ਨਹੀਂ ਧੋਂਦਾ, ਹਿੰਦੂ ਨਾਈ ਸਾਡੀ ਹਜਾਮਤ ਨਹੀਂ ਕਰਦਾ, ਹਿੰਦੂ ਦੀ ਦੁਕਾਨ 'ਤੇ ਅਸੀਂ ਖਾਣਾ ਨਹੀਂ ਖਾ ਸਕਦੇ ਅਤੇ ਨਾ ਹੀ ਪਾਣੀ ਪੀ ਸਕਦੇ ਹਾਂ, ਤਾਂ ਅਸੀਂ ਹਿੰਦੂ ਕਿਸ ਤਰ੍ਹਾਂ ਹੋ ਸਕਦੇ ਹਾਂ ? ਇਨ੍ਹਾਂ ਗੱਲਾਂ ਦੇ ਸਬੂਤ ਅਸੀਂ ਮਨੂੰ ਸਿਮਰਤੀ ਵਿਚੋਂ ਦਿਖਾ ਸਕਦੇ ਹਾਂ। ਬਾਲਮੀਕ ਰਮਾਇਣ ਵਿਚ ਸ਼ੰਬੂਕ ਰਿਸ਼ੀ ਜੀ ਦਾ ਰਾਜਾ ਰਾਮ ਚੰਦਰ ਵੱਲੋਂ ਕਤਲ ਦਾ ਹਵਾਲਾ, ਮਹਾਂਭਾਰਤ ਵਿਚ ਸ੍ਰੀ ਇਕਲੌਵਿਆ ਆਦਿ ਦੇ ਹਵਾਲੇ ਬਾਰੇ ਕਿਤਾਬਾਂ ਪੇਸ਼ ਕੀਤੀਆਂ, ਇਸ ਤੋਂ ਇਲਾਵਾ ਅਸੀਂ ਸਵਾਮੀ ਸ਼ੂਦਰਾ ਨੰਦ ਜੀ ਦੇ ਸਵਾਲ ਦਾ ਜਵਾਬ ਦਿੰਦਿਆਂ ਹੋਇਆ ਕਿਹਾ ਕਿ ਇਹ ਪੈਸਿਆ ਦੀ ਇਮਦਾਦ ਲੈਣ ਵਾਲੀ ਫਿਤਰਤ ਸਵਾਮੀ ਜੀ ਹੋਰਾਂ ਦੀ ਆਪਣੀ ਹੈ ।ਉਹ ਕਦੇ ਮੁਸਲਮਾਨਾਂ ਦੇ ਪ੍ਰਚਾਰਕ ਅਤੇ ਕਦੇ ਸਾਡੇ ਪ੍ਰਚਾਰਕ ਜਦ ਸਾਡੇ ਪਾਸੋਂ ਘਟ ਤਨਖਾਹ ਮਿਲੀ ਤਾਂ ਹੁਣ ਦਯਾ ਨੰਦ ਦਲਿਤ ਉਧਾਰ ਮੰਡਲ ਹੁਸ਼ਿਆਰਪੁਰ ਦੇ ਚਹੇਤੇ ਬਣ ਗਏ ਹਨ। ਸਾਨੂੰ ਕਿਸੇ ਮੁਸਲਮਾਨ ਸੰਸਥਾ ਵੱਲੋਂ ਜਾਂ ਈਸਾਈ ਅਤੇ ਸਿੱਖ ਸੰਸਥਾ ਵੱਲੋਂ ਕੋਈ ਇਮਦਾਦ ਨਹੀਂ ਮਿਲਦੀ। ਅਸੀਂ ਤਾਂ ਆਪਣੀ ਅਛੂਤ ਬਰਾਦਰੀ ਪਾਸੋਂ ਚੰਦਾ ਲੈ ਕੇ ਉਸ ਫੰਡ ਨਾਲ ਆਪਣੀ ਸੰਸਥਾ ਨੂੰ ਚਲਾ ਰਹੇ ਹਾਂ। ਹਿੰਦੂ ਮੈਂਬਰਾਂ ਨੇ ਇਹ ਵੀ ਕਿਹਾ ਕਿ ਜਿਹੜੀਆਂ ਕਿਤਾਬਾਂ ਆਦਿ ਧਰਮ ਮੰਡਲ ਵਾਲਿਆਂ ਨੇ ਪੇਸ਼ ਕੀਤੀਆਂ ਹਨ, ਉਹ ਮੁਸਲਿਮ ਪ੍ਰੈੱਸ ਨੇ ਸਾਡੀਆਂ ਕਿਤਾਬਾਂ

ਦੀ ਸੰਸਕ੍ਰਿਤ ਜ਼ੁਬਾਨ ਦਾ ਤਰਜਮਾ ਆਪਣੀ ਮਰਜ਼ੀ ਦੇ ਮੁਤਾਬਿਕ ਕੀਤਾ ਹੋਇਆ ਹੈ ।

ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੀ ਬਹਿਸ ਵਿਚ ਹਿੰਦੂ ਮੈਂਬਰਾਂ ਨੂੰ ਦਿਖਾਇਆ ਕਿ ਪੰਜਾਬ ਦੇ ਅਛੂਤ ਆਗੂਆਂ ਨੇ ਜਿਹੜੀਆਂ ਕਿਤਾਬਾਂ ਪੇਸ਼ ਕੀਤੀਆਂ ਹਨ, ਉਹ ਤੁਹਾਡੀ ਹਿੰਦੂ ਯੂਨੀਵਰਸਿਟੀ ਬਨਾਰਸ ਜਾਂ ਇਲਾਹਾਬਾਦ ਦੀਆਂ ਛਪੀਆਂ ਹੋਈਆਂ ਹਨ। ਇਸ ਵਾਸਤੇ ਹਿੰਦੂ ਜਾਤੀ ਨੇ ਜੋ ਅਤਿਆਚਾਰ ਅਛੂਤ ਲੋਕਾਂ 'ਤੇ ਕੀਤੇ ਹਨ, ਉਹ ਜ਼ਰੂਰ ਕੀਤੇ ਹੋਏ ਜਾਪਦੇ ਹਨ। ਇਸ ਤੋਂ ਛੁੱਟ ਡਾ. ਸਾਹਿਬ ਜੀ ਨੇ ਲਾਲਾ ਰਾਮ ਦਾਸ ਨੂੰ ਪੁੱਛਿਆ ਕਿ ਤੁਹਾਡੇ ਆਪਣੇ ਮੰਡਲ ਦੀ ਰਿਪੋਰਟ ਵਿਚ ਲਿਖਿਆ ਹੋਇਆ ਹੈ ਕਿ ਪੰਜਾਬ ਵਿਚ 20-22 ਲੱਖ ਬੰਦੇ ਐਸੇ ਵਸਦੇ ਹਨ ਜਿਨ੍ਹਾਂ ਨਾਲ ਕੁੱਤਿਆਂ ਅਤੇ ਬਿੱਲਿਆਂ ਵਰਗਾ ਸਲੂਕ ਹੁੰਦਾ ਹੈ, ਉਹ ਕੌਣ ਹਨ ਅਤੇ ਇਹ ਜਿਹੜੇ ਅਛੂਤਾਂ ਦੇ ਤਿੰਨ ਆਗੂ ਤੁਹਾਡੇ ਸਾਹਮਣੇ ਬੈਠੇ ਹਨ, ਕਿਆ ਇਹ ਸੂਬਾ ਪੰਜਾਬ ਦੇ ਬੰਦੇ ਹਨ, ਜਾਂ ਕਿਸੀ ਹੋਰ ਸੂਬੇ 'ਚੋਂ ਕਿਰਾਏ 'ਤੇ ਲਿਆਂਦੇ ਗਏ ਹਨ। ਦੱਸੋ ਕਿ ਤੁਹਾਡੀ ਸੰਸਥਾ ਦਾ ਪਰੈਜ਼ੀਡੈਂਟ ਕੌਣ ਹੈ ?

ਲਾਲਾ ਰਾਮ ਦਾਸ ਵੱਲੋਂ ਜਵਾਬ :-ਜਿਸ ਰਿਪੋਰਟ ਬਾਰੇ ਕਿਹਾ ਗਿਆ ਹੈ, ਉਹ ਸਾਡੀ ਹੀ ਸੰਸਥਾ ਹੈ, ਇਸ ਸੰਸਥਾ ਦੇ ਪਰੈਜ਼ੀਡੈਂਟ ਲਾਲਾ ਦੇਵੀ ਚੰਦ ਹੀ ਹਨ, ਜਿਹੜੇ ਕਿ ਜਾਤ ਦੇ ਹਿੰਦੂ ਹਨ ਅਤੇ ਮੈਂ ਉਸ ਸੰਸਥਾ ਦਾ ਜਨਰਲ ਸਕੱਤਰ ਹਾਂ ਅਤੇ ਜਿਹੜੇ ਨੁਮਾਇੰਦੇ ਅਛੂਤਾਂ ਵੱਲੋਂ ਮੇਰੇ ਸਾਹਮਣੇ ਬੈਠੇ ਹਨ ਅਤੇ ਸੂਬਾ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਵਾਸ਼ਿੰਦੇ ਹਨ, ਜਿਨ੍ਹਾਂ ਨੂੰ ਇਹ ਅਛੂਤ ਕਹਿੰਦੇ ਹਨ ਉਹ ਛੋਟੇ ਹਿੰਦੂ ਹਨ, ਅਸੀਂ ਉਨ੍ਹਾਂ ਨੂੰ ਸ਼ੁੱਧ ਕਰਕੇ ਹਿੰਦੂਆਂ ਦੇ ਬਰਾਬਰ ਲਿਆ ਰਹੇ ਹਾਂ ਤਾਂ ਕਿ ਕੋਈ ਮਤਭੇਦ ਨਾ ਰਹੇ ।

ਸਾਡੇ ਵੱਲੋਂ ਲਾਲਾ ਰਾਮ 'ਤੇ ਸਵਾਲ :-ਕਿਆ ਤੁਸੀਂ ਦੱਸ ਸਕਦੇ ਹੋ ਕਿ ਜਦ ਤੁਸੀਂ ਹੁਸ਼ਿਆਰਪੁਰ ਤੋਂ ਆਪਣੇ ਪਿੰਡ ਪ੍ਰਿਥੀਪੁਰ ਨੂੰ ਜਾਂਦੇ ਹੋ ਤਾਂ ਰਸਤੇ ਵਿਚ ਜਿੰਨੇ ਵੀ ਪਾਣੀ ਪਿਲਾਉਣ ਵਾਲੇ (ਪੌਅ) ਆਉਂਦੇ ਹਨ, ਉਹ ਤੁਹਾਨੂੰ ਆਪਣੇ ਗਲਾਸ ਵਿਚ ਪਾਣੀ ਪਿਲਾ ਦਿੰਦੇ ਹਨ ?

ਲਾਲਾ ਰਾਮ ਦਾਸ ਵੱਲੋਂ ਜਵਾਬ :-ਮੈਂ ਰਸਤੇ ਵਿ ਚ ਪਾਣੀ ਪੀਂਦਾ ਹੀ ਨਹੀਂ।

ਅਸੀਂ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਲਾਲਾ ਰਾਮ ਦਾਸ ਜੀ ਜਾਤ ਦੇ ਕਬੀਰ ਪੰਥੀ ਸਨ, ਜਿਨ੍ਹਾਂ ਨੂੰ ਆਰੀਆ ਸਮਾਜ ਦੇ ਸ਼ੁੱਧ ਕਰਕੇ ਲਾਲਾ ਬਣਾਇਆ ਹੋਇਆ ਹੈ, ਪਰ ਫੇਰ ਵੀ ਹਿੰਦੂ ਲੋਕ ਇਨ੍ਹਾਂ ਨੂੰ ਆਪਣੇ ਗਲਾਸ ਵਿਚ ਪਾਣੀ ਨਹੀਂ ਪਿਲਾਉਂਦੇ। ਤਦ ਡਾਕਟਰ ਅੰਬੇਡਕਰ ਨੇ ਕਿਹਾ ਕਿ ਇਹ ਤਾਂ ਸਾਬਤ ਹੋ ਹੀ ਗਿਆ ਹੈ ਕਿ ਇਹ ਸੰਸਥਾ ਹਿੰਦੂਆਂ ਦੀ ਹੈ ਅਤੇ ਇਸ ਸੰਸਥਾ ਦੀ ਸਥਾਪਨਾ ਤੋਂ ਹੀ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਅਛੂਤ ਹਨ, ਜਿਨ੍ਹਾਂ ਨੂੰ ਇਸ ਸੰਸਥਾ ਵਾਲੇ ਸ਼ੁੱਧ ਕਰਕੇ ਹਿੰਦੂ ਸ਼੍ਰੇਣੀ ਦੀ ਗਿਣਤੀ ਵਧਾ ਰਹੇ ਹਨ।

ਲਾਲਾ ਬਾਲ ਮੁਕੰਦ ਵੱਲੋਂ ਸਾਡੇ 'ਤੇ ਸਵਾਲ :-ਜੇਕਰ ਉੱਚੇ ਹਿੰਦੂ ਛੋਟੇ ਹਿੰਦੂਆਂ ਨਾਲ ਵਿਆਹ ਨਹੀਂ ਕਰਦੇ ਤਾਂ ਕਿਆ ਚੂਹੜੇ-ਚਮਾਰ ਆਪਸ ਵਿਚ ਸ਼ਾਦੀ ਕਰ ਲੈਂਦੇ ਹਨ ਅਤੇ ਕਿਆ ਇਹ ਲੋਕ ਆਪਸ ਵਿਚ ਇਕੱਠੇ ਖਾਂਦੇ-ਪੀਂਦੇ ਹਨ ? ਮੇਰੇ ਖਿਆਲ ਵਿਚ ਤਾਂ ਇਹ ਊਚ-ਨੀਚ, ਛੁਟਾਈ-ਵਡਾਈ ਇਨ੍ਹਾਂ ਕੌਮਾਂ ਵਿਚ ਵੀ ਹੈ, ਜਿਹੜੇ ਆਪਣੇ-ਆਪ ਨੂੰ ਅਛੂਤ ਅਤੇ ਇਕ ਕਹਾਉਂਦੇ ਹਨ ?

ਸਾਡੇ ਵੱਲੋਂ ਜਵਾਬ :-ਚੂਹੜੇ-ਚਮਾਰ ਆਪਸ ਵਿਚ ਕੋਈ ਛੂਤ-ਛਾਤ ਨਹੀਂ ਕਰਦੇ, ਬਲਕਿ ਇਹ ਆਪਸ ਵਿਚ ਵਿਆਹ-ਸ਼ਾਦੀਆਂ ਵੀ ਕਰ ਲੈਂਦੇ ਹਨ। ਮਿਸਾਲ ਦੇ ਤੌਰ 'ਤੇ ਅਸੀਂ ਇਕ ਸ਼ਾਦੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਾਲੇਵਾਲ ਭਗਤਾਂ ਪਿੰਡ ਵਿਚ ਹੋਈ ਦੱਸਦੇ ਹਾਂ, ਇਕ ਹੋਰ ਸ਼ਾਦੀ ਵੀ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਲਾਕੇ ਹਰਿਆਣਾ ਵਿਚ ਹੋਈ ਹੈ।

ਜਦ ਇਹ ਗੱਲਾਂ ਹੋ ਰਹੀਆਂ ਸਨ ਤਾਂ ਡਾ. ਅੰਬੇਡਕਰ ਨੇ ਚੇਅਰਮੈਨ ਲਾਰਡ ਲੋਥੀਅਨ ਤੋਂ ਪੁੱਛਿਆ ਕਿ ਕਿਆ ਇਸ ਤਰ੍ਹਾਂ ਦੇ ਸਵਾਲ ਪੁੱਛਣ ਦੀ ਆਪ ਇਜਾਜ਼ਤ ਦਿੱਤੀ ਹੋਈ ਹੈ, ਜਦ ਕਿ ਮਸਲਾ ਤਾਂ ਸਿਆਸੀ ਹਕੂਕ ਦਾ ਹੈ ਤਾਂ ਮਜ਼ਬੀ ਵਿਆਹ-ਸ਼ਾਦੀਆਂ ਦਾ ਇਥੇ ਕੀ ਸਵਾਲ ਹੈ, ਇਸ 'ਤੇ ਲਾਰਡ ਲੋਥੀਅਨ ਨੇ ਕਿਹਾ ਕਿ ਐਸੇ ਸਵਾਲ ਪੁਛਣ ਦੀ ਲੋੜ ਨਹੀਂ, ਆਪਣੇ ਅਸਲੀ ਮੰਤਵ ਵੱਲ ਧਿਆਨ ਦੇਵੋ । ਇਸ ਤੋਂ ਬਾਅਦ ਹਿੰਦੂਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਪੰਜਾਬ ਵਿਚ ਚਾਰ ਲੱਖ ਦੇ ਕਰੀਬ ਆਦਮੀਆਂ ਨੇ 1931 ਦੀ ਮਰਦਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਆਦਿ ਧਰਮੀ ਲਿਖਾਇਆ ਹੈ, ਜੇਕਰ ਇਹ ਲੋਕ ਸਿਆਸੀ ਹਕੂਕ ਜੁਦੇ ਤੌਰ 'ਤੇ ਮੰਗਦੇ ਹਨ ਤਾਂ ਆਬਾਦੀ ਦੇ ਲਿਹਾਜ਼ ਨਾਲ ਇਨ੍ਹਾਂ ਨੂੰ ਅਸੰਬਲੀ ਦੀ ਇਲੈਕਸ਼ਨ ਵੇਲੇ ਵੋਟਰ ਬਣਨ ਦੀ ਹੈਸੀਅਤ ਕੀ ਹੈ ? ਇਹ ਪੜ੍ਹੇ-ਲਿਖੇ ਨਹੀਂ, ਮਕਾਨਾਂ ਦੇ ਮਾਲਕ ਨਹੀਂ ਹਨ, ਇਹ ਤਾਂ ਰਈਅਤ ਨਾਮੇ ਵਸਦੇ ਹਨ

(ਖਾਨਾ ਬਦੋਸ਼ ਹਨ)। ਇਸ ਤੋਂ ਇਲਾਵਾ ਜ਼ਮੀਨ ਇਨ੍ਹਾਂ ਪਾਸ ਹੈ ਹੀ ਨਹੀਂ ਅਤੇ ਨਾ ਹੀ ਇਨ੍ਹਾਂ ਨੂੰ ਖਰੀਦਣ ਅਤੇ ਵੇਚਣ ਦਾ ਹੱਕ ਹੈ ਅਤੇ ਇਹ ਕੋਈ ਟੈਕਸ ਵਗੈਰਾ ਨਹੀਂ ਦਿੰਦੇ, ਜਦ ਇਨ੍ਹਾਂ ਦੀ ਵੋਟਰ ਬਨਣ ਦੀ ਕੋਈ ਵੀ ਹੈਸੀਅਤ ਨਹੀਂ ਹੈ ਤਾਂ ਇਲੈਕਸ਼ਨ ਕਿਸ ਤਰ੍ਹਾਂ ਲੜ ਸਕਦੇ ਹਨ।

ਸਾਡੇ ਵੱਲੋਂ ਜਵਾਬ :-ਜੋ ਦਸ਼ਾ ਤੁਸੀਂ ਸਾਡੀ ਦੱਸੀ ਹੈ, ਇਸ ਦੇ ਤੁਸੀਂ ਹੀ ਜ਼ਿੰਮੇਵਾਰ ਹੋ, ਤੁਸੀਂ ਹੀ ਸਾਨੂੰ ਜਲੀਲ ਅਤੇ ਖੁਆਰ ਕੀਤਾ ਅਤੇ ਤੁਸੀਂ ਹੀ ਸਾਨੂੰ ਭੀਖ ਮੰਗੇ ਬਣਾ ਛੱਡਿਆ ਹੈ ਤੇ ਜੇਕਰ ਸਾਡੀ ਹੈਸੀਅਤ ਨਹੀ ਹੈ ਤਾਂ ਸਾਨੂੰ ਹੈਸੀਅਤ ਟੈਕਸ ਕਿਉਂ (ਪੇਸ਼ਾਵਰਾਨਾ ਟੈਕਸ) ਲਾਇਆ ਹੋਇਆ ਹੈ।

ਸਵਾਲ :-ਅੰਸੈਂਬਲੀ ਦੇ ਇਲੈਕਸ਼ਨ ਵਾਸਤੇ ਹੇਠ ਲਿਖੀਆਂ ਸ਼ਰਤਾਂ ਹਨ :-

1. ਜਿਹੜਾ ਜ਼ੈਲਦਾਰ ਜਾਂ ਸਫੇਦਪੋਸ਼ ਹੋਵੇ, ਉਹ ਵੋਟਰ ਬਣ ਸਕਦਾ ਹੈ।

2. ਜਿਸ ਦੇ ਪਾਸ ਦਸ ਏਕੜ ਵੀਰਾਨੀ ਜ਼ਮੀਨ ਹੋਵੇ ਜਾਂ ਉਹ ਪੰਜ ਏਕੜ ਚਾਹੀ ਜ਼ਮੀਨ ਬਤੌਰ ਮਲਕੀਅਤ ਹੋਵੇ, ਉਹ ਵੋਟਰ ਬਣ ਸਕਦਾ ਹੈ, ਪਰ ਜ਼ਮੀਨ ਬਤੌਰ ਮਲਕੀਅਤ ਹੋਵੇ।

3. ਜਿਸ ਦੇ ਆਪਣੇ ਰਿਹਾਇਸ਼ੀ ਮਕਾਨ ਦੀ ਮਾਲੀਅਤ ਤਿੰਨ ਹਜ਼ਾਰ ਰੁਪਏ ਤੋਂ ਜ਼ਿਆਦਾ ਹੋਵੇ ਅਤੇ ਉਹ ਮਕਾਨ ਮਲਕੀਤੀ ਹੋਵੇ, ਉਹ ਵੋਟਰ ਬਣ ਸਕਦਾ ਹੈ।

4. ਜਿਹੜਾ ਦੱਸਵੀਂ ਜਮਾਤ ਪਾਸ ਹੋਵੇ ਜਾਂ ਇਸ ਤੋਂ ਜ਼ਿਆਦਾ ਤਾਲੀਮ ਰੱਖਦਾ ਹੋਵੇ, ਉਹ ਵੋਟਰ ਬਣ ਸਕਦਾ ਹੈ।

5. ਜਿਹੜਾ ਇਨਕਮ ਟੈਕਸ ਜਾਂ ਕੋਈ ਹੋਰ ਟੈਕਸ ਦਿੰਦਾ ਹੋਵੇ, ਉਹ ਵੋਟਰ ਬਣ ਸਕਦਾ ਹੈ।

ਸਾਡੇ ਵੱਲੋਂ ਜਵਾਬ :-ਸਾਡੀ ਗਿਣਤੀ 20-22 ਲੱਖ ਹੈ, ਮਰਦਮ ਸ਼ੁਮਾਰੀ ਵੇਲੇ ਕੁਝ ਤਾਂ ਅਛੂਤ ਲੋਕ ਤਾਲੀਮ ਦੀ ਕਮੀ ਦੀ ਵਜ੍ਹਾ ਕਰਕੇ ਇਸ ਗੱਲ ਦੇ ਨਫੇ-ਨੁਕਸਾਨ ਨੂੰ ਨਹੀਂ ਜਾਣਦੇ, ਇਸ ਵਾਸਤੇ ਉਹ ਮਰਦਮ ਸ਼ੁਮਾਰੀ ਵੇਲੇ ਉਹ ਦਿਲਚਸਪੀ ਨਹੀਂ ਲੈਂਦੇ, ਦੂਸਰੇ ਸਾਹਿਬਾਨ ਆਮ ਤੌਰ 'ਤੇ ਸਿੱਖ, ਹਿੰਦੂ ਅਤੇ ਮੁਸਲਮਾਨ ਹਨ। 1931 ਈ. ਦੀ ਮਰਦਮ ਸ਼ੁਮਾਰੀ ਵੇਲੇ ਜਦਕਿ ਆਦਿ ਧਰਮ ਮੰਡਲ ਨੇ ਆਪਣੇ ਪ੍ਰਚਾਰਕਾਂ ਦੇ ਰਾਹੀਂ ਇਨ੍ਹਾਂ ਲੋਕਾਂ ਨੂੰ ਜਾਣੂ ਕਰਵਾਇਆ ਤਾਂ ਜਾਤ ਅਭਿਮਾਨੀ ਪਟਵਾਰੀਆਂ ਨੇ ਗਰੀਬ ਅਛੂਤਾਂ ਨੂੰ ਸਿੱਖ ਅਤੇ ਹਿੰਦੂ ਦਿਖਾਉਣ ਲਈ ਬੜਾ ਦਬਾਅ ਪਾਇਆ, ਬੜੀ ਸਖਤੀ ਅਤੇ ਅਤਿਆਚਾਰ ਕੀਤਾ ਅਤੇ ਆਪਣੇ ਆਪ ਨੂੰ ਆਦਿ ਧਰਮੀ ਲਿਖਾਇਆ, ਉਨ੍ਹਾਂ ਦੀ ਗਿਣਤੀ ਚਾਰ-ਪੰਚ ਲੱਖ ਦੇ ਕਰੀਬ ਹੈ, ਸਾਡੇ ਵਾਸਤੇ ਅਸੈਂਬਲੀ ਦੇ ਇਲੈਕਸ਼ਨ ਲਈ ਵੋਟਰ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਮਨਜ਼ੂਰ ਕੀਤੀਆਂ ਜਾਣ :-

1. ਜਿਸ ਦੇ ਮਕਾਨ ਦਾ ਮਲਵਾ ਮਾਲੀਅਤ ਪੰਜਾਹ ਰੁਪਏ ਦੇ ਕਰੀਬ ਹੋਵੇ, ਉਹ ਵੋਟਰ ਬਣ ਸਕਦਾ ਹੈ।

2. ਜਿਹੜਾ ਉਰਦੂ, ਹਿੰਦੂ, ਅੰਗਰੇਜ਼ੀ ਜਾਂ ਪੰਜਾਬੀ ਵਿਚ ਦਸਖਤ ਕਰਨੇ ਜਾਣਦਾ ਹੋਵੇ ਉਹ ਵੋਟਰ ਬਣ ਸਕਦਾ ਹੈ।

3. ਜਿਹੜਾ ਹੈਸੀਅਤ ਟੈਕਸ ਦਿੰਦਾ ਹੋਵੇ ਉਹ ਵੋਟਰ ਬਣ ਸਕਦਾ ਹੈ।

ਨੋਟ :ਉਪਰੋਕਤ ਸਵਾਲ ਸਾਡੇ ਤੋ ਕਮੇਟੀ ਦੇ ਮੈਂਬਰ ਵਾਰੀ-ਵਾਰੀ ਕਰਦੇ ਸਨ ਅਤੇ ਤਿੰਨੇ ਹੀ ਮੈਂਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹੰਸ ਰਾਜ, ਸ੍ਰੀ ਹਜ਼ਾਰਾ ਰਾਮ ਵਾਰੀ-ਵਾਰੀ ਜਵਾਬ ਦਿੰਦੇ ਸਨ, ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਡੀ ਵੱਲੋਂ ਬਹਿਸ ਕਰਦੇ ਸਨ।

ਸਾਡੇ ਲਈ ਸਕੂਲਾਂ ਦੇ ਬੰਦ ਦਰਵਾਜ਼ੇ ਕਿਵੇਂ ਖੁਲ੍ਹੇ

(ਪੰਡਤ ਬਖਸ਼ੀ ਰਾਮ, ਪੰਜਾਬ)

ਨੂਰਮਹਿਲ ਜ਼ਿਲ੍ਹਾ ਜਲੰਧਰ ਵਿਚ ਇਕ ਪ੍ਰਸਿੱਧ ਕਸਬਾ ਹੈ, ਇਥੇ ਬਾਦਸ਼ਾਹ ਜਹਾਂਗੀਰ ਦੀ ਪਤਨੀ ਬੇਗਮ ਨੂਰਜਹਾਂ ਦੀ ਸਰਾਂ ਹੈ, ਜਿਸ ਕਰਕੇ ਇਸ ਕਸਬੇ ਦਾ ਨਾਂ ਨੂਰਮਹਿਲ ਪਿਆ। ਇਸ ਦੇ ਪਾਸ ਹੀ ਸਿੱਧਮ ਸਮਦੀ ਪਿੰਡ ਹੈ, ਜਿਸ ਦਾ ਸਰਪੰਚ ਸ੍ਰੀ ਪੂਨੂ ਰਾਮ ਆਦਿ ਧਰਮੀ ਸੀ, ਜਿਸ ਨੇ ਦੱਸਿਆ ਕਿ ਮੇਰਾ ਪਿਤਾ ਜ਼ਿਮੀਂਦਾਰਾਂ ਦੇ ਨਾਲ ਆਸਟਰੇਲੀਆ ਚਲਾ ਗਿਆ, ਉੱਥੇ ਉਸ ਨੂੰ ਵਿੱਦਿਆ ਦੇ ਪੜ੍ਹਨ-ਪੜ੍ਹਾਉਣ ਦਾ ਗਿਆਨ ਹੋਇਆ ਕਿ ਵਿੱਦਿਆ ਤੋਂ ਬਿਨਾਂ ਆਦਮੀ ਦੀ ਕੋਈ ਵੁਕਤ ਨਹੀਂ। ਉਹਦੇ ਮਨ ਵਿਚ ਮੈਨੂੰ ਪੜ੍ਹਾਉਣ ਦਾ ਖਿਆਲ ਪੈਦਾ ਹੋਇਆ, ਮੈਨੂੰ ਪਿੰਡ ਚੂਹੇਕੀ ਇਕ ਮੌਲਵੀ ਦੇ ਸਕੂਲ ਵਿਚ ਪੜ੍ਹਨੇ ਪਾਇਆ ਗਿਆ। ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਮੈਂ ਆਰੀਆ ਮਿਡਲ ਸਕੂਲ ਨੂਰਮਹਿਲ ਵਿਚ ਦਾਖਲ ਹੋ ਗਿਆ। ਜਦ ਸ਼ਹਿਰ ਦੇ ਹਿੰਦੂਆਂ ਨੂੰ ਪਤਾ

ਲੱਗਾ ਕਿ ਮੈਂ ਆਦਿ ਧਰਮੀਆਂ ਦਾ ਲੜਕਾ ਹਾਂ, ਉਨ੍ਹਾਂ ਸ਼ੋਰ ਮਚਾਇਆ, ਜਿਸ ਕਰਕੇ ਅਧਿਕਾਰੀਆਂ ਨੇ ਮੇਰਾ ਨਾਂ ਸਕੂਲ ਵਿਚੋਂ ਕੱਟ ਦਿੱਤਾ। ਮੇਰੇ ਪਿਤਾ ਜੀ ਨੇ ਮੇਰੇ ਦਾਖਲੇ ਲਈ ਅਦਾਲਤਾਂ ਦਾ ਦਰਵਾਜ਼ਾ ਖੜਕਾਇਆ, ਆਖਰਕਾਰ ਹਾਈ ਕੋਰਟ ਲਾਹੌਰ ਨਾ ਦਾਖਲੇ ਦਾ ਫੈਸਲਾ ਦੇ ਦਿੱਤਾ ਤਾਂ ਸਕੂਲਾਂ ਦੇ ਦਰਵਾਜ਼ੇ ਸਾਡੇ ਲਈ ਖੁਲ੍ਹੇ, ਇਹ ਗੱਲ 1905 ਈ. ਦੀ ਹੈ। ਇਸ ਤੋਂ ਬਾਅਦ ਸਕੂਲਾਂ ਦੇ ਦਰਵਾਜ਼ੇ ਦਲਿਤਾਂ ਲਈ ਖੁਲ੍ਹੇ।

ਸਾਡੇ ਪਿੰਡ ਬੰਡਾਲਾ ਨਜ਼ਦੀਕ ਜੰਡਿਆਲਾ ਮੰਜਕੀ (ਜਲੰਧਰ) ਦਾ ਖਾਲਸਾ ਹਾਈ ਸਕੂਲ, ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੀ ਪ੍ਰੇਰਨਾ ਨਾਲ ਬਣਿਆ ਜਿਸ ਕਰਕੇ ਸਕੂਲ ਦਾ ਦਰਵਾਜ਼ਾ ਦਲਿਤ ਜਾਤੀ ਲਈ ਖੁਲ੍ਹ ਗਿਆ। ਇਸ ਵਿਚ ਇਕ ਰਹਿਤੀਆ (ਸਿੱਖ ਜੁਲਾਹੇ) ਦਾ ਲੜਕਾ ਦਾਖਲ ਹੋ ਗਿਆ। ਉਨ੍ਹਾਂ ਦੇ ਇਕ ਆਦਮੀ ਨਿਧਾਨ ਸਿੰਘ ਨੇ ਅਕਾਲੀ ਲਹਿਰ ਵਿਚ ਹਿੱਸਾ ਲਿਆ, ਜੋ ਬਾਅਦ ਵਿਚ ਫਿਜ਼ੀ ਚਲਾ ਗਿਆ।

ਸਕੂਲ ਵਿਚ ਇਕ ਖੂਹ ਸੀ, ਜਿਥੇ ਸਾਰੇ ਵਿਦਿਆਰਥੀ ਪਾਣੀ ਪੀਂਦੇ ਸਨ। ਰਹਿਤੀਆ ਵਿਦਿਆਰਥੀ ਨੇ ਵੀ ਡੋਲ ਖੂਹ ਵਿਚ ਵਗਾਹ ਕੇ ਪਾਣੀ ਪੀ ਲਿਆ, ਉਹਦੇ ਪਾਣੀ ਪੀਣ ਨਾਲ ਸ਼ੋਰ ਮਚ ਗਿਆ, ਜੱਟਾਂ ਦੇ ਮੁੰਡਿਆਂ ਨੇ ਉਸ ਨੂੰ ਕੁੱਟਿਆ। ਨਿਧਾਨ ਸਿੰਘ ਨੇ ਦੌਰੇ 'ਤੇ ਆਏ ਇੰਸਪੈਕਟਰ ਬਿਸ਼ਨ ਸਿੰਘ ਅੱਗੇ ਕਾਕੇ ਦੇ ਕੁੱਟ-ਮਾਰ ਦੀ ਸ਼ਿਕਾਇਤ ਕੀਤੀ। ਉਸ ਨੇ ਪਾਣੀ ਪੀਣ ਦਾ ਹੁਕਮ ਦੇ ਦਿੱਤਾ, ਤਾਂ ਸਕੂਲ ਦੇ ਪ੍ਰਬੰਧਕਾਂ ਨੇ ਖੂਹ ਉੱਤੇ ਹਲਟੀ ਲਗਾ ਦਿੱਤੀ। ਇਸ ਸਮੇਂ ਪਿੰਡ ਵਿਚ ਹੋਰ ਘਟਨਾਵਾਂ ਵਾਪਰੀਆਂ। ਇਕ ਇਹ ਕਿ ਪਿੰਡ 'ਚ ਰਹਿਤੀਆ ਸਿੱਖਾਂ ਦੀ ਬਰਾਤ ਆਈ, ਬਰਾਤੀਆਂ ਨੇ ਸਵੇਰੇ ਜੰਗਲ ਪਾਣੀ ਜਾ ਕੇ ਛੱਪੜ ਵਿਚ ਹੱਥ ਧੋਤੇ ਜਿਥੇ ਬਾਰਸ਼ ਨਾਲ ਮਣਾਂ ਮੂੰਹ ਗੰਦ ਪੈਂਦਾ ਹੈ। ਪਿੰਡ ਦੇ ਜੱਟਾਂ ਨੇ ਬਰਾਤੀਆਂ ਨੂੰ ਇਸ ਕਰਕੇ ਕੁਟਾਪਾ ਚਾੜ੍ਹਿਆ ਕਿ ਉਨ੍ਹਾਂ ਨੇ ਛੱਪੜ ਭਿੱਟ ਦਿੱਤਾ। ਦੂਜਾ ਵਾਕਿਆ ਇਹ ਹੋਇਆ ਕਿ ਸਾਡੇ ਵਿਚ ਸੱਜੇ ਮਜ਼ਬੀ ਸਿੱਖਾਂ ਨੇ ਬਾਲਮੀਕੀ ਮੰਦਰ ਦੀ ਜਗ੍ਹਾ ਵਿਚ ਵੱਖਰਾ ਗੁਰਦੁਆਰਾ ਬਣਾ ਲਿਆ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਇਆ, ਕੁਝ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਭੋਗ ਦਾ ਕੜਾਹ-ਪ੍ਰਸ਼ਾਦ ਛੱਕ ਲਿਆ, ਪਿੰਡ ਵਾਸੀਆਂ ਨੇ ਉਨ੍ਹਾਂ ਤੋਂ ਪੰਚਾਇਤ 'ਚ ਮਾਫੀ ਮੰਗਾਈ ।('ਮੇਰਾ ਜੀਵਨ ਸੰਘਰਸ਼' 'ਚੋਂ ਧੰਨਵਾਦ ਸਹਿਤ)

ਬਾਬੂ ਮੰਗੂ ਰਾਮ ਬਾਰੇ ਕਰਤਾਰ ਸਿੰਘ ਵੈਦ ਦੀ ਇਕ ਚਿੱਠੀ ਮਿਤੀ 21-12-84

"ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿਚ ਬਾਬੂ ਮੰਗੂ ਰਾਮ ਜੀ ਨੂੰ ਲੋਕੀਂ ਪਾਲਕੀ ਵਿਚ ਬਿਠਾ ਕੇ ਮੋਢਿਆਂ 'ਤੇ ਚੁੱਕ ਕੇ ਪਿੰਡ-ਪਿੰਡ ਪ੍ਰਚਾਰ ਲਈ ਲਿਜਾਂਦੇ ਸੀ। ਉਨ੍ਹਾਂ ਦਿਨਾਂ ਵਿਚ ਛੂਤ-ਛਾਤ ਅਤੇ ਜਾਤਪਾਤ ਦਾ ਏਨਾ ਜ਼ੋਰ ਸੀ ਕਿ ਪਛੜੇ ਹੋਏ ਲੋਕਾਂ ਨੂੰ ਸਕੂਲ ਦੇ ਤੱਪੜ 'ਤੇ ਵੀ ਬੈਠਣ ਦੀ ਆਗਿਆ ਨਹੀਂ ਸੀ ਅਤੇ ਘਰੋਂ ਬੋਰੀ ਲਿਜਾਣੀ ਪੈਂਦੀ ਸੀ। ਬਾਬੂ ਮੰਗੂ ਰਾਮ ਜੀ ਨੇ ਸਕੂਲਾਂ ਵਿਚ ਤੱਪੜਾਂ 'ਤੇ ਬੈਠਣ ਦੀ ਡਿਸਟ੍ਰਿਕਟ ਬੋਰਡ ਦੇ ਸਕੂਲਾਂ, ਖੂਹਾਂ ਅਤੇ ਸਰਕਾਰੀ ਇਮਾਰਤਾਂ ਵਿਚ ਫਿਰਨ, ਬੈਠਣ ਦੇ ਅੰਗਰੇਜ਼ ਹਕੂਮਤ ਤੋਂ ਹੱਕ ਲੈ ਕੇ ਦਿੱਤੇ।"

ਕਰਤਾਰ ਸਿੰਘ ਵੈਦ

ਐਮ.ਐਲ.ਏ., ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ।
ਗੁਰੂ ਨਾਨਕ ਨਗਰ, ਹੁਸ਼ਿਆਰਪੁਰ, ਪ੍ਰਧਾਨ ਅਕਾਲੀ ਜੱਥਾ, ਜ਼ਿਲ੍ਹਾ ਹੁਸ਼ਿਆਰਪੁਰ ।
ਸਾਬਕਾ ਪ੍ਰਧਾਨ ਦੀ ਹੁਸ਼ਿਆਰਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿ :ਹੁਸ਼ਿਆਰਪੁਰ।

ਨੋਟ-2

Ad-Dharma in Dr. Ambedkar's Writings By Dr. B.R. AMBEDKAR
M.a., ph.D., D.Sc., L.L.D.,D. LITT., bar-at-Law, J.P.
First Law Minister of Indian Republic.

"The punjab Census Report of 1931 says :

"The most notable feature of the present census from the stand-point of return of religion has been the adoption of the term 'Ad-dharmi' by numerous Chamars and Chuhras and other untouchables. A new instruction to the religion was given this year, namely Persons returning themselves as Ad-dharmis should be recorded as such.

"The punjab Ad Dharm Mandal had petitioned the Punjab Government before census operations started in 1930, representing that the Depressed Classes should be permitted to retun in Ad Dharm as their religion at the time of the census, as they were the aborigines of the India and while the Hindus kept them at a respectable distance, they did not believe in the Hindu religion. The president of Punjab Ad Dharm Mandal was informed that a clause was being provided in the census code requiring that persons returning to their religion as Ad Dharm would be recorded as such. Ad Dharm liteally means original or ancient religion.

ਇਤਿਹਾਸ ਦੇ ਪੰਨਿਆਂ 'ਚੋਂ

ਨੋਟ :-(1) ਕੌਮਾਂ ਦੀ ਉਨਤੀ, ਕੌਮਾਂ ਦਾ ਨਵ-ਨਿਰਮਾਣ ਉਨ੍ਹਾਂ ਦੀ ਜਥੇਬੰਦੀ 'ਤੇ ਅਧਾਰਤ ਹੋਇਆ ਕਰਦੇ ਹਨ, ਜਿਸ ਕੌਮ ਦੀ ਜਥੇਬੰਦੀ ਨਹੀਂ ਜਾਂ ਉਸ ਦੀ ਸਮਾਜਿਕ ਅਤੇ ਧਾਰਮਿਕ ਪੱਖੋਂ ਸਭਾ ਸੁਸਾਇਟੀ ਨਹੀਂ ਉਹ ਕੌਮ ਹਮੇਸ਼ਾ ਹੀ ਆਪਣੇ ਸਵੈਮਾਣ ਤੇ ਸਰੂਪ ਨੂੰ ਗੁਆ ਬੈਠਦੀ ਹੈ।

-ਬਾਬੂ ਮੰਗੂ ਰਾਮ, ਰਵਿਦਾਸ ਪਤ੍ਰਿਕਾ 23-4-1974

ਨੋਟ :-(2) ਭਰਾਵੋਂ ! ਇਹ ਕੁਝ ਮੇਰੀ ਕੌਮ ਲਈ ਅਜੇ ਕਾਫੀ ਨਹੀਂ। ਸਾਡਾ ਨਿਸ਼ਾਨਾ ਅਜੇ ਹੋਰ ਅਗੇਰੇ ਵਧਣਾ ਤੇ ਖੁੱਸੇ ਹੋਏ ਹੱਕਾਂ ਦੀ ਮੁਕੰਮਲ ਤੌਰ 'ਤੇ ਪ੍ਰਾਪਤੀ ਲਈ ਇਸ ਤੋਂ ਵਧ ਸਿਆਸੀ ਤੇ ਜਮਾਤੀ ਘੋਲ ਕਰਨਾ ਹੈ।(ਬਾਬੂ ਮੰਗੂ ਰਾਮ, ਹਵਾਲਾ :- ਬਾਬੂ ਮੰਗੂ ਰਾਮ ਮੁਗੋਵਾਲੀਆ ਸੋਵੀਨਰ)

Babu Mangu Ram Mugowalia & Ad-Dharma Movement

Ishwar Das Pawar,

Distrect & Sessions Judge (Retd.)

While recalling the significance of the role of the Ad-Dharma Movement Launched by Babu Mangu Ram of Muggowal in the year 1926, for espousing the cause of the Untouchables of the pre-pertition Punjab, we must remind ourselves of the circumstances prevailing in those times. For since then tremendous changes have taken place in the social, political and administrative fields, and not many of the present times may have a precise idea of the harrowing conditions and environments in which our people found themselves.

Till about the mid-twenties there was on social and political awakening among the untouchables. People had been fed on the deceptive and demoralising. Brahmanical philosophy that the untouchables were born as such not by any coincidence but because of the their accumulated bad deeds committed in the past lives. As a consequence, they were disentitled to get education, to own and possess property, to take to professions and avocations of their own liking and choice, and to a place of equality, honour and dignity in society. This was the divine dispensation. It was dinned into their ears day in and day out that this was not due either to their own fault in this life or to the fault of society that they were born in the lowest and wretched castes, and therefore, they were made to suffer untold hardships and

punishments under the edict of the Almighty for their past sins. Out of sheer ignorance these misguided and guillible people tacitly accepted their cursed fate foisted on them by the clever sort. For their woeful sufferings they would beat their foreheads in utter helplessness and say patheticly that it was due to their inevitable. fate and destiny. It never occurred to them, and there was none to tell them, that they were being duped and cheated by the uppermost strata of society who were interested in keeping them under their feet. They could not understand why others who were leading most sinful lives before their very eyes were enjoying all comforts of life both good and bad. The good deeds of the ignorant and unsophisticated people of this life were of no consequence for them in this life ; they were being stored and presesved for consideration in the life to come. It was a very cunning ruse played on the ignorant and deprived people.

There was none among the untouchables to raise the banner of revolt against this aggression, oppression, tyranny, deception and exploitation of the poor and the ignorant committed behind the facaed of religious philosophy. There, however, appeared on the scene an inspired soul in the person of Babu Mangu Ram of Muggowal, who came back from America after a decade's sojourn there. There he was a member of the Ghadar Party formed by the Indians living there to supplement the struggle for freedom launched by the nationalists here.

ਨਿਚੋੜ :

ਆਦਿ ਧਰਮ ਲਹਿਰ ਦੀ ਬੁਨਿਆਦੀ ਜਾਣ-ਪਛਾਣ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ :-

1. ਪੰਜਾਬ ਅੰਦਰ ਅਛੂਤਾਂ ਨੂੰ ਜੋ ਅਧਿਕਾਰ ਮਿਲੇ ਹਨ, ਉਹ ਆਦਿ ਧਰਮ ਲਹਿਰ ਅਤੇ ਡਾ. ਅੰਬੇਡਕਰ ਸੰਘਰਸ਼ ਉਪਰੰਤ ਮਿਲੇ ਹਨ।

2. ਉੱਚੀ ਜਾਤੀ ਦੇ ਸਿੱਖ ਅਛੂਤ ਪਛੜੀਆਂ ਜਾਤੀਆਂ ਨਾਲ ਹਿੰਦੂਆਂ ਵਰਗਾ ਹੀ ਵਿਹਾਰ ਕਰਦੇ ਸਨ, ਕਰਦੇ ਹਨ।

3. ਆਦਿ ਧਰਮ ਲਹਿਰ ਪੰਜਾਬ ਦੇ ਸਮੂਹ ਦਲਿਤਾਂ-ਪਛੜਿਆਂ ਦੀ ਲਹਿਰ ਸੀ, ਨਾ ਕਿ ਚੁਮਾਰਾਂ ਦੀ।

4. ਆਦਿ ਧਰਮ ਨੇ ਆਪਣੇ ਚਾਰ ਗੁਰੂ ਸਥਾਪਤ ਕੀਤੇ ਵਾਲਮੀਕ, ਨਾਮਦੇਵ, ਕਬੀਰ, ਰਵੀਦਾਸ ਜੋ ਪੂਰੇ ਭਾਰਤ ਦੇ ਦਲਿਤਾਂ ਦੇ ਰਹਿਬਰ ਸਨ।

5. ਲਹਿਰਾਂ ਦੀ ਅਸਲੀ ਜਾਣਕਾਰੀ ਨਾ ਹੋਣ ਕਾਰਨ ਮੀਡੀਆ ਹਿੰਦੂਆਂ ਪਾਸ ਹੋਣ ਕਾਰਨ ਦਲਿਤ-ਪਛੜੇ ਲੋਕ ਆਪਣੀ ਅਲੱਗ ਪਛਾਣ ਨਾ ਸਮਝ ਸਕੇ, ਨਾ ਬਣਾ ਸਕੇ। ਪੰਜਾਬ ਦੇ 56% ਤੋਂ ਵੱਧ ਦਲਿਤਾਂ-ਪਛੜਿਆਂ ਨੂੰ ਅੱਜ ਵੀ ਬਤੌਰ ਆਦਿ ਧਰਮੀ ਪਛਾਣ ਬਣਾਉਣ ਵਿਚ ਸਮੂਹਿਕ ਲਾਭ ਹੋਵੇਗਾ। ਕਿਉਂਕਿ ਹਿੰਦੂ, ਸਿੱਖ ਜਾਂ ਮੁਸਲਮਾਨ ਬਣਕੇ ਵੀ ਉਨ੍ਹਾਂ ਨੂੰ ਮਨੁੱਖੀ ਸਮਾਨਤਾ ਦਾ ਦਰਜਾ ਨਹੀਂ ਮਿਲਿਆ ਹੈ।

6. ਆਦਿ ਧਰਮੀ ਬਣਕੇ ਉਹ ਇਕ ਵੱਡੀ ਵਿਸ਼ਾਲ ਕੌਮ ਵਜੋਂ ਬਰਾਬਰ ਖੜੇ ਹੋ ਸਕਦੇ ਹਨ।

7. ਆਦਿ ਧਰਮੀ ਵਜੋਂ ਉਹ ਇਕ ਮਜ਼ਬੂਤ ਸੰਗਠਨ ਬਣ ਸਕਦੇ ਹਨ। ਸੰਗਠਨ ਵਿਚ ਹੀ ਤਾਕਤ ਹੁੰਦੀ ਹੈ।

ਰਾਮ ਲਖਨ ਚੰਦਾਪੁਰੀ

(ਪਛੜੇ-ਵਰਗਾਂ ਦੇ ਕ੍ਰਾਂਤੀਕਾਰੀ ਤੇ ਬੁੱਧੀਮਾਨ ਯੋਧਾ)

ਭਾਰਤ ਦਾ ਸਮਾਜ ਹਜ਼ਾਰਾਂ ਵਰ੍ਹਿਆਂ ਤੋਂ ਅਨਪੜ੍ਹ ਅਣਜਾਣ ਅਤੇ ਪਿਛਲਗੂ ਰਿਹਾ। ਇਕ ਵਿਸ਼ੇਸ਼ ਵਰਗ ਭਾਰਤ ਦੇ ਇਤਿਹਾਸ ਨਾਲ ਮਨ ਮਰਜ਼ੀਆਂ ਕਰਦਾ ਆਇਆ। ਵਿੱਦਿਆ ਆਧੁਨਿਕਤਾ ਅਤੇ ਵਿਗਿਆਨ ਦੇ ਯੁੱਗ ਨੇ ਲੋਕਰਾਜੀ ਪ੍ਰਨਾਲੀ ਦੇ ਵਿਧਾਨਕ ਮਨੁੱਖੀ ਅਧਿਕਾਰਾਂ ਨੇ, ਨਵੇਂ ਭਾਰਤ ਦਾ ਮੁੱਢ ਬੰਨ੍ਹਿਆਂ ਹੈ। ਸਿੱਟੇ ਵਜੋਂ ਇਤਿਹਾਸਕ ਪਰਤਾਂ ਦੀ ਮਿਲਾਵਟ ਵਿਚੋਂ ਵੀ, ਅਸਲੀ ਇਨਸਾਨਾਂ ਦੀ ਅਸਲੀ ਕਹਾਣੀ ਨਜ਼ਰ ਆਉਣ ਲੱਗੀ ਹੈ। ਇਤਿਹਾਸ ਦੇ ਵਿਦਿਆਰਥੀ ਹੋਣ ਦੇ ਨਾਤੇ ਸਾਡੀ ਨਜ਼ਰ ਉਨ੍ਹਾਂ ਪੰਨਿਆਂ 'ਤੇ ਟਿੱਕੀ ਹੈ, ਜਿਨ੍ਹਾਂ ਵਿਚ ਰਾਮ ਲਖਨ ਚੰਦ ਪੁਰੀ ਨਾਂ ਦੇ ਇਕ ਮਹਾਨ ਵਿਅਕਤੀ ਦਾ ਜੀਵਨ ਚਿੱਤਰ ਚਿਤਰਿਆ ਹੋਇਆ ਹੈ, ਜਿਸ ਨੇ ਪਛੜੀਆਂ ਜਾਤੀਆਂ ਵਿਚ ਜਨਮ ਲਿਆ ਅਤੇ ਉਮਰ ਭਰ ਪਛੜੇ ਵਰਗਾਂ ਦੇ ਜੀਵਨ ਨੂੰ ਉੱਚਾ ਕਰਨ ਲਈ ਸੰਘਰਸ਼ ਕੀਤਾ ਅਤੇ ਜਾਤੀਵਾਦੀ ਸਮਾਜਿਕ ਪ੍ਰਬੰਧ ਦੀ ਜਕੜ ਵਿਚੋਂ ਮਨੁੱਖਤਾ ਨੂੰ ਸੁਰਖਰੂ ਕਰਨ ਲਈ ਪੂਰਾ ਜੀਵਨ ਸਮਰਪਤ ਕੀਤਾ। ਸਾਨੂੰ ਖੁਸ਼ੀ ਹੈ ਕਿ ਇਕ ਜੀਵਤ ਅਤੇ ਮਹਾਨ ਯੋਧਾ ਦੀ ਗਾਥਾ ਨੂੰ ਅਸੀਂ ਆਪਣੀ ਕਲਮ ਨਾਲ, ਮੁਕਤੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਸ਼ਾਮਲ ਕਰ ਰਹੇ ਹਾਂ, ਤਾਂ ਕਿ ਨਵੇਂ ਭਾਰਤ ਦੀ ਸਿਰਜਣਾ ਦੇ ਮਾਰਗ ਦੀਆਂ ਸੇਧਾਂ ਨੂੰ ਹੋਰ ਦੂਰ ਤੱਕ ਲਿਜਾਇਆ ਜਾ ਸਕੇ।

ਬਾਬਾ ਸਾਹਿਬ ਡਾ. ਅੰਬੇਡਕਰ ਉਦੋਂ ਦਲਿਤ ਸਮਾਜ ਦੇ ਇਕੋ-ਇਕ ਪ੍ਰਵਾਨਤ ਨੇਤਾ ਵਜੋਂ ਭਾਰਤ ਅਤੇ ਸੰਸਾਰ ਵਿਚ ਆਪਣਾ ਨਾਮ ਬਣਾ ਚੁੱਕੇ ਸਨ ਅਤੇ 1930-31-32 ਦੀਆਂ ਗੋਲਮੇਜ ਕਾਨਫਰੰਸਾਂ ਅੰਦਰ ਜ਼ੋਰਦਾਰ ਜੰਗ ਲੜ ਕੇ, ਪੂਨਾ ਪੈਕਟ ਸਹੀ ਪੁਆ ਚੁੱਕੇ ਸਨ ਜਦੋਂ ਵਸ਼ੂਹਾਰ ਪਿੰਡ ਦੇ ਨਾਨਕੇ ਘਰ 20 ਨਵੰਬਰ 1923 ਨੂੰ ਜਨਮਿਆ ਰਾਮ ਲਖਨ ਪੂਰੀ ਜਵਾਨੀ ਵਿਚ ਪਹੁੰਚੇ। ਇਕ ਪਾਸੇ ਮਹਾਤਮਾ ਗਾਂਧੀ ਦੀ ਕਮਾਂਡ ਹੇਠ ਹਿੰਦੂ ਜਾਤੀਆਂ ਦੇ ਭਾਰਤ ਦੇ ਹੋਰ ਲੋਕ ਕਮਰਕੱਸ ਕੇ ਭਾਰਤ ਦੀ ਅਜ਼ਾਦੀ ਦੀ ਜੰਗ ਵਿਚ ਕੁੱਦੇ ਹੋਏ ਸਨ ਅਤੇ ਦੂਜੇ ਪਾਸੇ ਡਾ. ਅੰਬੇਡਕਰ ਇਸ ਰਾਜਨੀਤਕ ਅਜ਼ਾਦੀ ਤੋਂ ਪਹਿਲਾਂ ਦਲਿਤਾਂ ਅਤੇ ਪਛੜਿਆਂ ਦੇ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਤੇ ਵਿਧਾਨਕ ਰੂਪ ਵਿਚ ਪ੍ਰਾਪਤ ਕਰਨ ਲਈ ਜੂਝ ਰਹੇ ਸਨ। ਜਿੱਥੇ ਗਾਂਧੀ, ਨਹਿਰੂ ਅਤੇ ਪਟੇਲ ਹਾਕਮ ਅੰਗਰੇਜ਼ਾਂ ਨਾਲ ਜੱਦੋ-ਜਹਿਦ ਵਿਚ ਸਨ, ਉੱਥੇ ਡਾ. ਅੰਬੇਡਕਰ ਅੰਗਰੇਜ਼ਾਂ, ਹਿੰਦੂਆਂ ਅਤੇ ਕਾਂਗਰਸ ਤਿੰਨਾਂ ਸ਼ਕਤੀਆਂ ਨਾਲ ਬਰਾਬਰ ਟੱਕਰ ਵਿਚ ਸਨ।

ਇਹ 1934 ਦੀ ਘਟਨਾ ਹੈ, ਜਦੋਂ ਡਾ. ਰਜਿੰਦਰ ਪ੍ਰਸਾਦ, ਭੂਚਾਲ ਦੇ ਸ਼ਿਕਾਰ ਲੋਕਾਂ ਨੂੰ ਦੇਖਣ ਮਸੂਰੀ ਆਏ। ਪਟਨਾ ਵਾਪਸ ਜਾਣ ਲਈ ਜਦੋਂ ਉਹ ਮਸੂਰੀ ਸਟੇਸ਼ਨ 'ਤੇ ਗੱਡੀ ਉਡੀਕ ਰਹੇ ਸਨ ਤਾਂ ਸ਼ੌਕ ਨਾਲ ਕੋਲ ਬੈਠੇ ਬਾਲ ਰਾਮ ਲਖਨ ਨੂੰ ਉਸ ਦੀ ਜਮਾਤ ਬਾਰੇ ਪੁੱਛਿਆ ਤੇ ਉਸ ਨਾਲ ਗੱਲਾਂ ਕੀਤੀਆਂ। ਜਿਸ ਨੇ ਰਾਮ ਲਖਨ ਦੇ ਅੰਦਰ ਕਿਸੇ ਨਵੀਂ ਚੇਸ਼ਟਾ ਨੂੰ ਜਨਮ ਦਿੱਤਾ। 1930-32 ਵਿਚ ਸਿਵਲ ਨਾਫ਼ੁਰਮਾਨੀ ਦੀ ਲਹਿਰ ਦੌਰਾਨ ਰਾਮ ਲਖਨ ਨੇ "ਭਾਰਤ ਮਾਤਾ ਕੀ ਜੈ ਅਤੇ ਮਹਾਤਮਾ ਗਾਂਧੀ ਕੀ ਜੈ" ਦੇ ਨਾਅਰੇ ਸੁਣੇ ਸਨ। ਸੱਤਿਆਗ੍ਰਹੀਆਂ ਉੱਪਰ ਲਾਠੀ ਚਾਰਜ ਵੇਖਿਆ ਸੀ, ਜਿਸ ਨੇ ਪ੍ਰਤੀਕਰਮ ਵਜੋਂ ਇਕ ਅਣਜਾਣ ਗੁੱਸੇ ਨੂੰ ਜਨਮ ਦਿੱਤਾ।

ਰਾਮ ਲਖਨ ਦੇ ਮਾਂ-ਬਾਪ ਦਾ ਪਿੰਡ ਚੰਦਾਪੁਰ ਬੁੱਧ ਗਯਾ ਦੇ ਨੇੜੇ ਪੈਂਦਾ ਹੈ। ਉਸ ਦੇ ਪਿਤਾ ਮਹਾਵੀਰ ਸਿੰਘ ਅਤੇ ਮਾਤਾ ਪਾਟਲੀਪੁੱਤਰ ਕੋਲ ਹੀਰਾ ਮਨੀ ਕਿਸਾਨੀ ਕਰਦੇ ਸਨ। ਉਦੋਂ ਉਹ ਭਰ ਜਵਾਨ ਸੀ, ਜਦੋਂ ਉਸ ਨੇ ਸਮਾਜਿਕ ਅਤੇ ਜਨਤਕ ਮਸਲਿਆਂ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਚੌਦਾ ਸਾਲ ਦੀ ਉਮਰ ਵਿਚ ਹੀ ਉਸ ਨੇ ਵਿਦਿਆਰਥੀਆਂ ਦੀ ਇਕ ਹੜਤਾਲ ਦੀ ਅਗਵਾਈ ਕੀਤੀ ਅਤੇ ਵਿਦਿਆਰਥੀ ਲਹਿਰ ਵਿਚ

ਭਾਗ ਲਿਆ। ਫਿਰ ਕਿਸਾਨ ਲਹਿਰ ਤੇ ਫਿਰ ਅਜ਼ਾਦੀ ਦੀ ਲਹਿਰ ਵਿਚ ਸ਼ਮੂਲੀਅਤ ਕੀਤੀ। ਸਿਰਫ ਚੌਦਾ ਸਾਲ ਦੀ ਉਮਰ ਵਿਚ ਰਾਮ ਲਖਨ ਨੇ ਹਿੰਦੀ ਵਿਚ ਨਾਵਲ ਲਿਖਿਆ "ਗਰੀਬ ਦੁਨੀਆ" ਇਕ 'ਦੀਪ ਪ੍ਰਭਾ' ਨਾਂ ਦੀ ਕਵਿਤਾਵਾਂ ਦੀ ਪੁਸਤਕ ਲਿਖੀ । ਜੋ 1947 ਵਿਚ ਛਪੀ। ਜਿਨ੍ਹਾਂ ਵਿਚੋਂ ਕਈ ਆਲ ਇੰਡੀਆ ਰੇਡੀਓ ਤੋਂ ਰਿਕਾਰਡ ਹੋਈਆਂ ਅਤੇ ਪੜ੍ਹੀਆਂ ਗਈਆਂ।

ਪਟਨਾ ਕਾਲਜ ਦੇ ਪ੍ਰਿੰਸੀਪਲ ਨੇ ਉਸ ਨੂੰ ਹਿਸਾਬ ਅਤੇ ਕਵਿਤਾ ਦਾ ਵਿਲੱਖਣ ਸੁਮੇਲ ਕਿਹਾ। ਉਸ ਦੀਆਂ ਲਿਖਤਾਂ ਵਿਚੋਂ ਮਾਨਵੀ ਝਲਕ ਅਤੇ ਭਾਈਚਾਰੇ ਦੀ ਭਾਵਨਾ ਪ੍ਰਗਟ ਹੁੰਦੀ ਹੈ। ਬੀ.ਐਨ. ਕਾਲਜ ਦੇ ਵਿਦਿਆਰਥੀ ਹੁੰਦਿਆਂ ਉਸ ਨੇ 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਭਾਗ ਲਿਆ। ਜਦੋਂ ਪਟਨਾ ਸੱਕਤਰੇਤ 'ਤੇ ਤਿਰੰਗਾ ਲਹਿਰਾਉਣ ਦੀ ਜੱਦੋ-ਜਹਿਦ ਹੋਈ ਤਾਂ 7 ਵਿਦਿਆਰਥੀ ਗੋਲੀਆਂ ਨਾਲ ਮਾਰੇ ਗਏ। ਜਿਸ ਨਾਲ ਰੋਹ ਫੈਲ ਗਿਆ। ਇਸ ਸਮੇਂ ਤੱਕ ਰਾਮ ਲਖਨ ਨੂੰ ਲੋਕਾਂ ਨੇ ਚੰਦਪੁਰ ਤੋਂ ਚੰਦਾਪੁਰੀ ਕਹਿਣਾ ਸ਼ੁਰੂ ਕਰ ਦਿੱਤਾ ਸੀ। ਚੰਦਾਪੁਰੀ ਪਟਨਾ ਛੱਡ ਕੇ ਪਿੰਡ ਮਸੂਰੀ ਵੱਲ, ਲੋਕਾਂ ਅੰਦਰ ਜਾਗਰਤੀ ਪੈਦਾ ਕਰਨ ਲਈ ਚੱਲ ਪਿਆ, ਉਸ ਸਮੇਂ ਮਹਾਤਮਾ ਗਾਂਧੀ ਇਕ ਵੱਡੇ ਕੌਮੀ ਨੇਤਾ ਵਜੋਂ ਉੱਭਰ ਚੁੱਕਾ ਸੀ ਅਤੇ ਅਜ਼ਾਦੀ ਦੀ ਜੰਗ ਦੀ ਅਗਵਾਈ ਕਰ ਰਿਹਾ ਸੀ।

1946 ਵਿਚ ਚੰਦਾ ਪੁਰੀ ਨੇ ਫਿਰਕੂ ਦੰਗਿਆਂ ਦੀ ਅੱਗ ਨੂੰ ਅੱਖੀਂ ਵੇਖਿਆ, ਪਟਨਾ ਜਿਲ੍ਹਾ ਬੁਰੀ ਤਰ੍ਹਾਂ ਇਸ ਲਪੇਟ ਵਿਚ ਸੀ। ਚੰਦਾਪੁਰੀ ਉਦੋਂ ਪਟਨਾ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਸੀ ਤੇ ਐਮ.ਏ. ਅਰਥ ਸ਼ਾਸਤਰ ਕਰ ਰਿਹਾ ਸੀ। ਫਿਰਕੂ ਦੰਗਿਆਂ ਨੇ ਉਸ ਨੂੰ ਧੁਰ ਤੱਕ ਹਿਲਾ ਕੇ ਰੱਖ ਦਿੱਤਾ। ਉਸ ਨੇ ਰਾਤ-ਦਿਨ ਕਰਕੇ ਕੰਮ ਕੀਤਾ, ਜਨਤਾ ਨਾਲ ਤਾਲਮੇਲ ਕਰਕੇ ਆਖਰ ਦੰਗਿਆਂ ਤੋਂ ਆਪਣੇ ਖੇਤਰ ਨੂੰ ਬਚਾ ਕੇ, ਸ਼ਾਂਤੀ ਪੈਦਾ ਕਰ ਲਈ। ਜਦੋਂ 1947 ਵਿਚ ਮਹਾਤਮਾ ਗਾਂਧੀ ਇਸ ਜੁਆਨ ਲੜਕੇ ਦੀ ਤਲਾਸ਼ ਵਿਚ ਆਇਆ ਤਾਂ ਮੁਸਲਮ ਲੋਕਾਂ ਨੇ ਚੰਦਾਪੁਰੀ ਵਿਚ ਆਪਣਾ ਪੱਕਾ ਵਿਸ਼ਵਾਸ ਪ੍ਰਗਟਾਇਆ ਤੇ ਖੁਸ਼ੀ ਵਿਚ ਮਹਾਤਮਾ ਗਾਂਧੀ ਨੇ ਚੰਦਾਪੁਰੀ ਨੂੰ ਕਿਹਾ, ਕਿ ਗਰੀਬਾਂ ਅਤੇ ਬੇਸਹਾਰਾ ਲੋਕਾਂ ਦੀ ਸੇਵਾ ਸੱਚਮੁੱਚ ਦੇਸ਼ ਭਗਤੀ ਹੈ ਅਤੇ ਰੱਬ ਦੀ ਸੱਚੀ ਪੂਜਾ ਹੈ। ਉਸ ਸਮੇਂ ਅਬਦੁਲ ਗਫਾਰ ਖਾਨ ਵੀ ਕੋਲੇ ਸੀ।

1946 ਵਿਚ ਸੁਭਾਸ਼ ਚੰਦਰ ਬੋਸ ਦੀ ਸੈਨਾ ਦੇ ਜਵਾਨਾਂ ਦਾ ਪਟਨੇ ਵਿਚ ਸੁਆਗਤ ਕਰਦਿਆਂ ਲੋਕਾਂ ਨੇ ਚੰਦਾਪੁਰੀ ਦਾ ਲਿਖਿਆ ਗੀਤ ਜੋ ਹਿੰਦ ਕੀ ਪੁਕਾਰ ਪਰ ਅਬ ਬੜ੍ਹ ਰਹੀ ਹੈ ਜਵਾਨੀਆਂ ਗਾਇਆ। ਅੰਤਰਰਾਸ਼ਟਰੀ ਰਾਜਨੀਤੀ ਉੱਤੇ ਲਿਖੀ, ਚੰਦਾਪੁਰੀ ਦੀ ਪੁਸਤਕ 'ਭਾਰਤ ਏਸ਼ੀਆ ਅਤੇ ਵਿਸ਼ਵ' ਵੀ ਇਸੇ ਵਰ੍ਹੇ ਛਪੀ। ਰਾਮ ਲਖਨ ਚੰਦਾਪੁਰੀ ਨੇ ਇਤਿਹਾਸਕ ਜਿਕਰ ਲਿਖਦਿਆਂ ਕਿਹਾ ਕਿ ਸਿੰਧੂ ਘਾਟੀ ਦੀ ਸੱਭਿਅਤਾ ਮਿਸਰ, ਮੈਸੋਪਟਾਮੀਆਂ, ਬੇਬੀਲੋਨ ਅਤੇ ਸਮਰ ਜਿੰਨੀ ਹੀ ਦੁਗਣੀ ਹੈ। ਸਿੰਧੂ ਘਾਟੀ ਦੀ ਸੱਭਿਅਤਾ ਦਰਾਵੜੀਅਨ ਸੱਭਿਅਤਾ ਹੈ। ਜੋ ਦੇਸ਼ ਦੀ ਵਿਸ਼ਾਲ ਗਿਣਤੀ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਪਛੜੀਆਂ ਜਾਤੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਮੂਲ ਨਿਵਾਸੀ ਲੋਕਾਂ ਦੀ ਸੱਭਿਅਤਾ ਹੈ। ਜਿਸ ਨੂੰ ਆਰੀਆ ਦੁਆਰਾ ਜਿੱਤਿਆਂ ਗਿਆ। ਜਿਨ੍ਹਾਂ ਨੇ ਮੂਲ ਨਿਵਾਸੀਆਂ ਨੂੰ ਗੁਲਾਮ ਬਣਾਇਆ ਅਤੇ ਅਨਾਰੀਆ, ਦਸਿਊ, ਰਾਖਸ਼, ਸ਼ੂਦਰ ਦੈਂਤ ਆਦਿ ਕਿਹਾ ਗਿਆ।

ਇਹ ਸਤੰਬਰ 1947 ਦੀ ਘਟਨਾ ਹੈ ਜਦੋਂ ਉਸ ਨੇ ਆਪਣੀ ਅਗਵਾਈ ਵਿਚ ਬਿਹਾਰ ਪ੍ਰਾਂਤ ਪਛੜੀਆਂ ਜਾਤੀਆਂ ਫੈਡਰੇਸ਼ਨ ਖੜ੍ਹੀ ਕੀਤੀ। ਇਸ ਤੋਂ ਬਾਅਦ ਉਹ ਯੂ.ਐਸ.ਏ. ਸ਼ਹਿਰ ਨਿਊਯਾਰਕ ਤੋਂ ਪੀ.ਐਚ.ਡੀ. ਕਰਨ ਗਏ! ਆਪਣੀ ਜਗ੍ਹਾ ਉਸ ਨੇ ਕਿਸੇ ਹੋਰ ਨੂੰ ਫੈਡਰੇਸ਼ਨ ਦਾ ਪ੍ਰਧਾਨ ਥਾਪਿਆ। ਸਿੱਟੇ ਵਜੋਂ ਕਈ ਪੱਕੇ ਕਾਂਗਰਸੀ ਫੈਡਰੇਸ਼ਨ ਵਿਚ ਘੁਸ ਗਏ। ਜਿਸ ਕਰਕੇ ਉਸ ਨੂੰ ਫੈਡਰੇਸ਼ਨ ਦਾ ਨਵਾਂ ਨਾ ਦੇਣਾ ਪਿਆ, ਬਿਹਾਰ ਪ੍ਰਾਂਤ ਪਛੜੀਆਂ ਸ਼੍ਰੇਣੀਆਂ ਫੈਡਰੇਸ਼ਨ। ਜਿਸ ਦਾ ਮਕਸਦ ਸੰਗਠਨ ਦੇ ਮਾਧਿਅਮ ਤੋਂ ਚੋਣਾਂ ਲੜਨਾ ਵੀ ਸੀ। 1949 ਵਿਚ ਪਟਨਾ ਤੋਂ ਉਨ੍ਹਾਂ ਨੇ 'ਪਿਛੜਾ ਵਰਗ' ਹਿੰਦੀ ਹਫਤਾਵਾਰ ਸ਼ੁਰੂ ਕੀਤਾ, ਜਿਸ ਦਾ ਮਕਸਦ ਪਛੜੇ ਦਲਿਤ ਲੋਕਾਂ ਅੰਦਰ ਜਾਗਰਤੀ ਪੈਦਾ ਕਰਨਾ ਸੀ।

ਚੰਦਾਪੁਰੀ ਨੇ ਇਸ ਤੋਂ ਬਾਅਦ ਪੂਰੇ ਬਿਹਾਰ ਦਾ ਸਫਰ ਸ਼ੁਰੂ ਕੀਤਾ, ਸੰਗਠਨ ਨੂੰ ਮਜਬੂਤ ਕਰਨ ਲਈ ਜਿਸ ਦਾ ਮਨੋਰਥ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਹੋਰ ਪਛੜੀਆਂ ਜਾਤੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਸੰਗਠਨ ਕਰਨਾ ਸੀ, ਉੱਚੀਆਂ ਜਾਤਾਂ ਕੋਲੋਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸ਼ਕਤੀ ਖੋਹਣ ਲਈ ਸੰਗਠਤ ਹੋਣਾ ਚਾਹੀਦਾ ਹੈ। 1950 ਤੱਕ ਇਸ ਫੈਡਰੇਸ਼ਨ ਦੇ 4 ਲੱਖ ਮੈਂਬਰ ਬਣੇ ਅਤੇ 10000

ਤੱਕ ਪਛੜਾ ਵਰਗ ਪਰਚਾ ਜਾਣ ਲੱਗਾ। ਸਾਰੇ ਪਛੜੇ ਵਰਗ ਵਿਚ ਸਿੱਖਿਆ ਫੈਲਾਉਣ ਅਤੇ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਪ੍ਰਾਪਤ ਕਰਨ ਦੇ ਮੰਤਵ ਨਾਲ 1948 ਵਿਚ ਚੰਦਾਪੁਰੀ ਨੇ ਡਾ. ਅੰਬੇਡਕਰ ਨਾਲ ਮੁਲਾਕਾਤ ਕੀਤੀ। ਜੋ ਸੰਵਿਧਾਨ ਘੜਨੀ ਕਮੇਟੀ ਦੇ ਚੇਅਰਮੈਨ ਸਨ ਤੇ ਬਾਬਾ ਸਾਹਿਬ ਨੇ ਇਸ ਮੰਤਵ ਦੀ ਪੂਰਤੀ ਲਈ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨ ਦੇ ਰਾਹ ਪੱਕੇ ਕਰ ਦਿੱਤੇ।

ਇਸ ਤੋਂ ਬਾਅਦ ਦਿੱਲੀ ਵਿਚ ਆਲ ਇੰਡੀਆ ਪਛੜੀ ਜਾਤੀ ਸੰਘ ਖੋਲ੍ਹ ਕੇ ਫੈਡਰੇਸ਼ਨ ਨੂੰ ਕੌਮੀ ਰੂਪ ਦਿੱਤਾ ਗਿਆ। ਜਿਸ ਨੂੰ ਕਾਂਗਰਸੀਆਂ ਨੇ ਤਾਰਪੀਡੋ ਕਰਨ ਲਈ ਚੰਦਾਪੁਰੀ ਨੂੰ ਲਾਲਚਾਂ ਵਿਚ ਪਾਉਣ ਦਾ ਸਿਲਸਿਲਾ ਵਿੱਢਿਆ। ਚੰਦਾਪੁਰੀ ਦੇ ਸਾਥੀਆਂ ਨੂੰ ਠੇਕੇ ਲਸੰਸ, ਸਰਕਾਰੀ ਨੌਕਰੀਆਂ ਅਤੇ 1952 ਦੀਆਂ ਚੋਣਾਂ ਲਈ ਟਿਕਟਾਂ ਦੇ ਲਾਲਚ ਦਿੱਤੇ ਗਏ, ਅੰਦਰੋਂ ਇਕ ਨਵਾਂ ਦਬਾਅ ਵਧਾਇਆ ਗਿਆ ਜਿਸ ਨਾਲ 'ਪਿਛੜਾ ਵਰਗ' ਪੇਪਰ ਬੰਦ ਕਰਕੇ, ਪਿਛੜਾ ਵਰਗ ਸੰਦੇਸ਼ ਸ਼ੁਰੂ ਕਰਨਾ ਪਿਆ। ਸਰਕਾਰ ਨੇ ਉਸ ਦੀ ਲਹਿਰ ਨੂੰ ਖਤਮ ਲਈ, ਚੰਦਾਪੁਰੀ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕੀਤਾ। ਜਦੋਂ ਚੰਦਾਪੁਰੀ ਨੇ ਬਿਹਾਰ ਸੰਘ ਨੂੰ ਆਪਣੀ ਪਕੜ ਵਿਚੋਂ ਨਾ ਕੱਢਿਆ ਤਾਂ ਬਾਬੂ ਜਗਜੀਵਨ ਰਾਮ ਦੀ ਅਗਵਾਈ ਵਿਚ ਇਕ ਨਵੀਂ ਫੈਡਰੇਸ਼ਨ ਸਰਕਾਰ ਵੱਲੋਂ ਖੋਲ੍ਹੀ ਗਈ, ਜਿਸ ਦਾ ਮੰਤਵ ਚੰਦਾਪੁਰੀ ਨੂੰ ਤੇ ਉਸ ਦੀ ਫੈਡਰੇਸ਼ਨ ਨੂੰ ਖੋਰਾ ਲਾਉਣਾ ਸੀ। ਯਾਦ ਰਹੇ ਕਿ ਬਾਬੂ ਜਗਜੀਵਨ ਰਾਮ ਨੂੰ 1932 ਤੋਂ ਹੀ ਬ੍ਰਾਹਮਣੀ ਸ਼ਕਤੀਆਂ ਨੇ ਬਾਬਾ ਸਾਹਿਬ ਦੇ ਖਿਲਾਫ਼ ਖੜ੍ਹਾ ਰੱਖਿਆ ਸੀ।

ਸਿੱਟੇ ਵਜੋਂ ਫੈਡਰੇਸ਼ਨ ਦੀ ਮੈਂਬਰੀ ਕਾਂਗਰਸੀ ਲੋਕਾਂ ਨਾਲ ਭਰੀ ਗਈ ਤੇ ਕਾਂਗਰਸ ਦਾ ਇਕ ਮੰਤਰੀ ਐਮ.ਪੀ. ਮੰਡਲ ਇਸ ਫੈਡਰੇਸ਼ਨ ਦਾ ਪ੍ਰਧਾਨ ਬਣਿਆ। ਇਹੀ ਕਾਰਜ ਆਲ ਇੰਡੀਆ ਬੈਕਵਰਡ ਕਲਾਸਜ ਸੰਘ ਨਾਲ ਵਾਪਰਿਆ, ਜਿਸ ਵਿਚ ਬਿਹਾਰ ਦੇ ਕਈ ਕਾਂਗਰਸੀ ਸ਼ਾਮਲ ਸਨ। ਪੰਡਤ ਨਹਿਰੂ ਨੇ ਇਸ ਫੈਡਰੇਸ਼ਨ ਨੂੰ ਪ੍ਰਭਾਵ ਥੱਲੇ ਲੈਣ ਦੀ ਪੂਰੀ ਕੋਸ਼ਿਸ਼ ਕੀਤੀ, ਪਰੰਤੂ ਚੰਦਾਪੁਰੀ ਜੋ ਇਸ ਫੈਡਰੇਸ਼ਨ ਦੇ ਪ੍ਰਭਾਵੀ ਮੈਂਬਰ ਸਨ ਨੇ 1952 ਦੀਆਂ ਚੋਣਾਂ ਦੇ ਸੰਦਰਭ ਵਿਚ ਡਾ. ਅੰਬੇਡਕਰ ਨਾਲ ਮੁਲਾਕਾਤਾਂ ਕੀਤੀਆਂ ਅਤੇ ਆਲ ਇੰਡੀਆ ਅਨੁ. ਜਾਤੀ ਸੰਘ ਨੂੰ ਪਛੜੀ ਜਾਤੀ ਸੰਘ ਵਿਚ ਸ਼ਾਮਲ ਕਰਕੇ, ਦੇਸ਼ ਵਿਆਪੀ ਚੋਣਾਂ ਲੜਨ ਦਾ ਮਨ ਬਣਾਇਆ। ਪਰੰਤੂ ਉਹ ਆਲ ਇੰਡੀਆ ਬੈਕਵਰਡ ਕਲਾਸ ਸੰਘ ਦੇ ਪ੍ਰਧਾਨ ਨੂੰ ਇਸ ਮੰਤਵ ਦੀ ਪੂਰਤੀ ਲਈ ਤਿਆਰ ਨਾ ਕਰ ਸਕੇ। ਡਾ. ਪੀ.ਐਸ. ਦੇਸ਼ਮੁਖ ਨੇ ਡਾ. ਅੰਬੇਡਕਰ ਨਾਲ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ। ਜੋ ਇਕ ਸੀਨੀਅਰ ਕਾਂਗਰਸੀ ਮੈਂਬਰ ਸੀ।

ਜੇਕਰ ਚੰਦਾਪੁਰੀ ਦੀ ਮਨਸ਼ਾ ਅਨੁਸਾਰ ਡਾ. ਅੰਬੇਡਕਰ ਦੋਹਾਂ ਫੈਡਰੇਸ਼ਨਾਂ ਨੂੰ ਇਕ ਕਰਨ ਵਿਚ ਕਾਮਯਾਬ ਹੋ ਜਾਂਦੇ ਤਾਂ ਭਾਰਤ ਦੀ ਰਾਜਸੀ ਤਾਕਤ ਦਾ ਨਕਸ਼ਾ ਹੋਰ ਹੋਣਾ ਸੀ। ਪਰੰਤੂ ਪੰਡਤ ਨਹਿਰੂ ਅਜਿਹੇ ਰੂਪ ਵਿਚ ਵਿਕਾਸ ਕਰਦੀਆਂ ਸਮਾਜਿਕ ਸੰਸਥਾਵਾਂ ਉੱਪਰ ਪੂਰੀ ਤਰ੍ਹਾਂ ਨਿਗਾਹਵਾਨ ਸੀ ਤੇ ਉਹ ਹਿੰਦੂ ਸਮਾਜ ਦੀ ਪਕੜ ਨੂੰ ਤੋੜਨ ਵਾਲੀ ਹਰ ਸੰਸਥਾ ਦੇ ਖਤਰੇ ਤੋਂ ਵਾਕਫ਼ ਰਹਿੰਦਾ ਸੀ। ਜਨਵਰੀ 1953 ਵਿਚ ਸਰਕਾਰ ਵੱਲੋਂ ਪਛੜਿਆ ਵਰਗ ਕਮਿਸ਼ਨ ਕਾਕਾ ਕਲੇਲਕਰ (ਬ੍ਰਾਹਮਣ) ਦੀ ਅਗਵਾਈ ਵਿਚ ਬਣਾ ਦਿੱਤਾ, ਜਿਸ ਨੇ 1955 ਵਿਚ ਰਿਪੋਰਟ ਦਿੱਤੀ, ਜਿਸ ਵਿਚ ਦਿੱਤੀਆਂ ਗਈਆਂ ਸਰਕਾਰੀ ਨੌਕਰੀਆਂ ਤੇ ਹੋਰ ਸਹੂਲਤਾਂ ਨੇ ਪਛੜੇ ਵਰਗਾਂ ਅੰਦਰ ਇਕ ਨਵੀਂ ਸੋਚ ਨੂੰ ਜਾਗਰਤ ਕੀਤਾ। 24 ਅਕਤੂਬਰ 1955 ਵਿਚ ਚੰਦਾਪੁਰੀ ਨੇ ਰੀਪੋਰਟ ਲਾਗੂ ਕਰਾਉਣ ਲਈ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਮੁਲਾਕਾਤ ਕੀਤੀ। ਜਿਸ ਦਾ ਵਿਰੋਧ ਕਾਂਗਰਸ ਦੇ ਸੀਨੀਅਰ ਮੈਂਬਰ ਪੰਡਤ ਗੋਬਿੰਦ ਵੱਲਭ ਪੰਤ ਅਤੇ ਬਾਬੂ ਜਗਜੀਵਨ ਰਾਮ ਨੇ ਕੀਤਾ। ਜਿਸ ਕਾਰਨ ਪੰਡਤ ਨਹਿਰੂ ਰੀਪੋਰਟ ਲਾਗੂ ਕਰਨ ਤੋਂ ਇਨਕਾਰੀ ਹੋ ਗਏ।

ਸਚਾਈ ਇਹ ਹੈ ਕਿ ਹੋਰ ਲੋਕਾਂ ਨੂੰ ਮੋਹਰੇ ਅਤੇ ਨਿਸ਼ਾਨਾ ਬਣਾ ਕੇ ਪੰਡਤ ਨਹਿਰੂ ਅਤੇ ਉਸ ਦੀ ਜਮਾਤ ਹੀ ਅਸਲ ਸਰਗਰਮੀ ਕਰ ਰਹੇ ਸਨ। ਬਾਕੀ ਤਾਂ ਬੁਰੇ ਬਣਨ ਵਾਲੇ ਮੋਹਰੇ ਸਨ। ਜੇ ਧਿਆਨ ਨਾਲ ਵੇਖੀਏ ਤਾਂ ਕਾਂਗਰਸ ਵੱਲੋਂ ਜਾਂ ਮਹਾਤਮਾ ਗਾਂਧੀ ਵੱਲੋਂ ਬਾਬਾ ਸਾਹਿਬ ਨਾਲ ਜੋ ਵਧੀਕੀਆਂ ਹੋਈਆਂ, ਉਸ ਨਾਲ ਮੂਹਰੇ ਲੱਗੇ ਲੋਕ ਹੀ ਭਾਵੇਂ ਨਿਸ਼ਾਨਾ ਬਣੇ ਪਰ ਇਹ ਕਿਵੇਂ ਵੀ ਨਹੀਂ ਹੋ ਸਕਦਾ ਕਿ ਪੰਡਤ ਨਹਿਰੂ ਤੇ ਉਸ ਦੀ ਜਮਾਤ ਇਸ ਵਿਧੀ ਦੀ ਅਸਲ ਸਿਰਜਕ ਨਾ ਹੋਵੇ। ਉਹ ਲੋਕ ਹਮੇਸ਼ਾ ਧੋਖਾ ਖਾਂਦੇ ਹਨ ਜੋ ਅਸਲ ਜ਼ਿੰਮੇਵਾਰਾਂ ਨੂੰ ਲਾਂਭੇ ਕਰਕੇ, ਮੂਹਰੇ ਖੜੇ ਮੋਹਰਿਆਂ ਨੂੰ ਆਪਣੇ ਦੁਸ਼ਮਣ ਦੇ ਰੂਪ ਵਿਚ ਜ਼ਿਆਦਾ ਵੇਖਦੇ ਅਤੇ ਮੰਨਦੇ ਹਨ। ਗੋਬਿੰਦ ਵੱਲਭ ਪੰਤ ਜਮਾਤ ਦਾ ਬੰਦਾ ਸੀ ਤੇ ਜਗਜੀਵਨ ਰਾਮ ਸਤਰੰਜ ਦੀ ਚਾਲ ਕਾਮਯਾਬ ਕਰਨ ਲਈ ਇਕ ਬਦਰੰਗ

ਵਜ਼ੀਰ। ਉਵੇਂ ਦੇਸ਼ਮੁਖ ਸੀ। ਉਵੇਂ ਡਾ. ਐਮ.ਪੀ. ਮੰਡਲ।

ਚੰਦਾਪੁਰੀ ਤੇ ਉਸ ਦੇ ਸਾਥੀਆਂ ਨੇ ਫੈਡਰੇਸ਼ਨ ਨੂੰ ਲੋਕ ਲਹਿਰ ਬਣਾਉਣ ਲਈ ਪਿੰਡਾਂ ਵਿਚ ਕਮੇਟੀਆਂ ਬਣਾਉਣੀਆਂ ਸ਼ੁਰੂ ਕੀਤੀਆਂ ਤੇ ਮੈਂਬਰਸ਼ਿਪ ਭਰਨੀ ਸ਼ੁਰੂ ਕੀਤੀ। ਪਰੰਤੂ ਦਲਿਤਾਂ ਨੂੰ ਇਸ ਵਿਚੋਂ ਬਾਹਰ ਰੱਖਿਆ ਗਿਆ। ਸੰਭਵ ਹੈ ਕਿ ਇਹ ਗਲਤੀ ਜਾ ਤਾਂ ਜਾਤੀ ਕਚਿਆਣ ਕਰਕੇ ਹੋਈ ਜਾਂ ਫਿਰ ਬਾਬੂ ਜਗਜੀਵਨ ਰਾਮ ਨਾਲ ਵਿਰੋਧ ਪੈਦਾ ਹੋ ਜਾਣ ਵਜੋਂ। ਪਰੰਤੂ ਇਹ ਅੰਤ ਘਾਤਕ ਨਤੀਜੇ ਕੱਢਣ ਵਾਲੀ ਵਿਧੀ ਹੀ ਬਣਦੀ ਹੈ। ਸਿੱਟੇ ਵਜੋਂ ਯਾਦਵ, ਕੁਰਮੀ ਤੇ ਕੋਰੀ ਆਦਿ ਜਾਤੀਆਂ ਦੀ ਵਧੇਰੇ ਸ਼ਮੂਲੀਅਤ ਕੀਤੀ। ਚੰਦਾਪੁਰੀ ਕਿਉਂਕਿ ਦੂਰਦਰਸ਼ੀ ਅਤੇ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ ਆਗੂ ਸੀ, ਇਸ ਲਈ ਉਸ ਨੇ ਪਛੜੀਆਂ ਜਾਤੀਆਂ, ਅਛੂਤ ਜਾਤੀਆਂ ਅਤੇ ਘੱਟ ਗਿਣਤੀਆਂ ਦੇ ਫਾਸਲੇ ਨੂੰ ਮਿਟਾਉਣ ਲਈ ਬਕਾਇਦਾ ਸੋਚਿਆ ਅਤੇ ਅਜਿਹੀ ਸਿੱਖਿਆ ਤਿਆਰ ਕਰਨ ਦਾ ਯਤਨ ਕੀਤਾ ਕਿ ਇਹ ਦੂਰੀਆਂ ਘੱਟ ਸਕਣ, ਮਿਟ ਸਕਣ।

ਡਾ. ਰਾਮ ਮਨੋਹਰ ਲੋਹੀਆ ਦੀ ਅਗਵਾਈ ਵਾਲੀ ਸ਼ੋਸਲਿਸਟ ਪਾਰਟੀ ਜੋ ਪਰਜਾ ਸੋਸ਼ਲਿਸਟ ਪਾਰਟੀ ਤੋਂ ਟੁੱਟੀ ਸੀ, ਨੂੰ ਵੀ ਅਗੜੀਆ ਜਾਤੀਆਂ ਦੇ ਲੀਡਰਾਂ ਨੇ ਤਬਾਹ ਕਰ ਦਿੱਤਾ। ਸਿੱਟੇ ਵਜੋਂ ਡਾ. ਰਾਮ ਮਨੋਹਰ ਲੋਹੀਆ ਨੇ ਚੰਦਾਪੁਰੀ ਵਿਚ ਦਿਲਚਸਪੀ ਲਈ। ਚੰਦਾਪੁਰੀ ਕਾਕਾ ਕਲੇਲਕਰ ਕਮਿਸ਼ਨ ਰੀਪੋਰਟ ਲਾਗੂ ਨਾ ਕਰਨ 'ਤੇ ਬਹੁਤ ਬਦਜਨ ਹੋ ਚੁੱਕੇ ਸਨ। ਡਾ. ਲੋਹੀਆ ਅਤੇ ਚੰਦਾਪੁਰੀ ਵਿਚਕਾਰ ਲੰਬੀ ਗੱਲਬਾਤ ਚੱਲੀ ਤੇ ਅੰਤ ਪਛੜੀ ਜਾਤੀ ਫੈਡਰੇਸ਼ਨ ਨੂੰ ਨਵੀਆਂ ਸ਼ਰਤਾਂ ਅਧੀਨ ਸੋਸ਼ਲਿਸਟ ਪਾਰਟੀ ਵਿਚ ਸ਼ਾਮਲ ਕਰਨ ਦਾ ਫੈਸਲਾ ਕਰ ਲਿਆ ਗਿਆ। ਪਰੰਤੂ ਸੋਸ਼ਲਿਸਟ ਨੇਤਾ ਮਧੂ ਲਿਮੇ ਅਤੇ ਰਾਜ ਨਰਾਇਣ 'ਕਲਾਸ' ਦੇ ਸਿਧਾਂਤ ਨੂੰ 'ਜਾਤ' ਦੇ ਸਿਧਾਂਤ ਵੱਲ ਲਿਜਾਣ 'ਤੇ ਵਿਰੋਧੀ ਹੋ ਗਏ ਤੇ ਡਾ. ਲੋਹੀਆ ਨੇ ਫਿਰਕੂ ਪਾਰਟੀ ਜਨਸੰਘ ਨਾਲ ਹੱਥ ਮਿਲਾ ਲਿਆ।

ਚੰਦਾਪੁਰੀ ਨੇ ਹਾਲਤਾਂ ਨੂੰ ਘੂਰਦਿਆਂ ਫੈਡਰੇਸ਼ਨ ਨੂੰ ਤੁਰੰਤ ਸੋਸ਼ਲਿਸਟ ਪਾਰਟੀ ਵਿਚੋਂ ਬਾਹਰ ਕੱਢ ਲਿਆ। ਸੋਸ਼ਲਿਸਟ ਪਾਰਟੀ ਦੇ ਗੈਰ ਸਿਧਾਂਤਕ ਵਤੀਰੇ ਕਾਰਨ, ਭਾਰਤ ਅੰਦਰ ਸੋਸ਼ਲਿਸਟ ਲਹਿਰ ਖਤਮ ਹੋ ਗਈ।

ਉਪਰੋਕਤ ਕਾਂਡਾਂ ਦਾ ਇਤਿਹਾਸ ਇਕ ਵੱਡਾ ਸਬਕ ਹੈ। ਕਿ ਕਿਸ ਤਰ੍ਹਾਂ ਪਛੜੇ ਦਲਿਤ ਵਰਗ ਖੁਦ ਹੀ ਆਪਣੀਆਂ ਮੂਰਖਤਾਵਾਂ ਕਾਰਨ ਆਪਣੀ ਭੈੜੀ ਦੁਰਦਸ਼ਾ ਨੂੰ ਬਦਲਣ ਤੋਂ ਅਸਮਰਥ ਰਹਿੰਦੇ ਹਨ, ਕਿਵੇਂ ਉਨ੍ਹਾਂ ਦੀ ਲੀਡਰੀ ਦੀ ਭੁੱਖ ਅਤੇ ਹਾਕਮ ਜਾਤੀਆਂ ਦਾ ਗੋਲ ਪੁਣਾ ਲਹਿਰਾਂ ਨੂੰ ਮੌਤ ਦੇ ਮੂੰਹ ਵਿੱਚ ਪਾ ਦਿੰਦਾ ਹੈ। ਇਹ ਕਾਂਡ ਸ਼ੂਦਰ ਜਾਤੀਆਂ ਦੇ ਪੱਕੇ ਕਿਰਦਾਰ ਨੂੰ ਸਪੱਸ਼ਟ ਕਰਦੀਆਂ ਹਨ। ਕਿ ਕਿਵੇਂ ਇਹ ਦਬੇ-ਕੁਚਲੇ ਵਰਗਾਂ ਦੇ ਆਗੂ, ਆਪਣੇ ਨਿੱਜੀ ਮਨੋਰਥਾਂ ਲਈ ਆਪਣੇ ਲੋਕਾਂ ਦੀ ਤਕਦੀਰ ਦਾ ਘਾਣ ਕਰਦੇ ਹਨ ਅਤੇ ਕਿਵੇਂ ਇਹ ਵਰਗ ਉਤਲੀਆਂ ਜਾਤਾਂ ਦੇ ਹੱਥਾਂ ਵਿਚ ਚਲਦੇ ਖਿਡੌਣੇ ਸਾਬਤ ਹੁੰਦੇ ਹਨ। ਇਹ ਕਿੰਨਾ ਵੱਡਾ ਦੁਖਾਂਤ ਹੈ ਕਿ ਇਨ੍ਹਾਂ ਲਹਿਰਾਂ ਨੇ ਡਾ. ਅੰਬੇਡਕਰ ਦੀ ਅਤਿ ਪਵਿੱਤਰ ਲਹਿਰ ਵੱਲ ਕਦੀ ਮੂੰਹ ਨਹੀਂ ਕੀਤਾ ਨਾ ਹੀ ਉਸ ਵਿਚ ਖਲਤ ਹੋਣ ਦੀ ਕੋਸ਼ਿਸ਼ ਕੀਤੀ ਨਾ ਉਸ ਦੀ ਪਾਕ ਲੀਡਰਸ਼ਿਪ ਨੂੰ ਪ੍ਰਵਾਨ ਕੀਤਾ, ਨਾ ਉਸ ਦਾ ਸਾਥ ਦਿੱਤਾ, ਸਗੋਂ ਉਸ ਨੂੰ ਭਾਰਤ ਦੀ ਤਕਦੀਰ ਬਦਲ ਦੇਣ ਤੋਂ ਰੋਕਿਆ ਅਤੇ ਕਮਜ਼ੋਰ ਕੀਤਾ। ਚੰਦਾਪੁਰੀ ਵਰਗਾ ਆਹਲਾ ਅਤੇ ਪ੍ਰਕਾਸ਼ਮਈ ਇਨਸਾਨ ਵੀ ਅਜਿਹਾ ਨਾ ਕਰ ਸਕਿਆ, ਇਹ ਇਤਿਹਾਸਕ ਦੁਖਾਂਤ ਹੀ ਰਹੇਗਾ।

1967 ਵਿਚ ਕਾਂਗਰਸੀਆਂ ਦਾ ਆਪਸੀ ਭੇੜ ਸ਼ੁਰੂ ਹੋਇਆ। ਚੰਦਾਪੁਰੀ ਨੇ ਦੂਰਦ੍ਰਿਸ਼ਟੀ ਤੋਂ ਕੰਮ ਲੈਂਦਿਆ ਬੀ.ਪੀ. ਮੰਡਲ ਨੂੰ ਆਲ ਇੰਡੀਆ ਬੈਕਵਰਡ ਕਲਾਸਜ਼ ਸੰਘ ਦਾ ਪ੍ਰਧਾਨ ਚੁਣ ਲਿਆ ਅਤੇ ਉਸ ਨੂੰ ਬਤੌਰ ਮੁੱਖ ਮੰਤਰੀ ਉਮੀਦਵਾਰ ਘੋਸ਼ਤ ਕਰ ਦਿੱਤਾ। ਰਾਜਨੀਤਕ ਦਲ ਵਜੋਂ ਸੋਸ਼ਤ ਦਲ ਕਾਇਮ ਕੀਤਾ ਗਿਆ। ਜਿਸ ਨੇ ਕਾਂਗਰਸ ਦੇ ਗੱਠਜੋੜ ਨਾਲ ਕਾਫੀ ਐਮ.ਐਲ.ਏ. ਚੁਣ ਲਏ। ਕੁਝ ਹੋਰ ਲੋਕਾਂ ਦੇ ਰਲ ਜਾਣ ਨਾਲ ਬੀ.ਪੀ. ਮੰਡਲ, ਪਛੜੀ ਜਾਤੀ ਦੇ ਮੈਂਬਰ ਦੇ ਤੌਰ 'ਤੇ ਬਿਹਾਰ ਦਾ ਪਹਿਲਾ ਮੁੱਖ ਮੰਤਰੀ ਬਣਿਆ। ਚੰਦਾਪੁਰੀ ਨੇ ਬ੍ਰਾਹਮਣਵਾਦੀ ਸੋਚ ਦੀ ਵਿਆਖਿਆ ਕਰਦਿਆਂ ਲਿਖਿਆ। ਬ੍ਰਾਹਮਣਵਾਦੀ ਨੇਤਾ ਉਹ ਲੋਕ ਹਨ, ਜੋ ਸ਼ੋਸ਼ਣ ਦੀਆਂ ਗਤੀਵਿਧੀਆਂ ਝੂਠ, ਅਨੈਤਕਤਾ, ਭ੍ਰਿਸ਼ਟਾਚਾਰ, ਜਾਤੀਵਾਦ, ਫਿਰਕੂਵਾਦ, ਅੰਧਵਿਸ਼ਵਾਸ, ਪੂਜਾ ਰਸਮਾਂ, ਕਰੋਵਿੰਗ ਹਿੰਸਾ ਤੇ ਉਹ ਸਭ ਜੋ ਗੈਰ ਮਾਨਵੀ ਹੈ, ਵਿਚ ਰੁਝੇ ਹੋਏ ਹਨ।

ਬ੍ਰਾਹਮਣਵਾਦੀ ਨੇਤਾ ਕਿਸੇ ਵੀ ਜਾਤੀ ਵਿਚੋਂ ਹੋ ਸਕਦੇ ਹਨ (ਮਹੱਤਵਪੂਰਨ) ਅਛੂਤ, ਸਛੂਤ, ਸ਼ੂਦਰ ਜਾਂ ਕਿਸੇ ਵੀ ਫਿਰਕੇ ਲਿੰਗ ਜਾਂ ਧਰਮ ਵਿਚੋਂ। ਉਹ ਦੋ ਤਰ੍ਹਾਂ ਦੇ ਹਨ। ਪਹਿਲੀ ਕਿਸਮ ਉਨ੍ਹਾਂ ਦੀ ਹੈ ਜੋ ਬ੍ਰਾਹਮਣ ਜਾਤੀ

ਵਿਚ ਪੈਦਾ ਹੁੰਦਾ ਹੈ ਅਤੇ ਬ੍ਰਾਹਮਣਵਾਦੀ ਬਣ ਜਾਂਦਾ ਹੈ, ਭ੍ਰਿਸ਼ਟਾਚਾਰ ਦੇ ਸਾਰੇ ਵਸੀਲੇ ਲੈ ਕੇ, ਬੁਰੇ ਕੰਮ ਕਰਦਿਆਂ, ਝੂਠ ਮਾਰਦਿਆਂ ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਉਹ ਜਾਤ ਦੇ ਜਮਾਂਦਰੂ ਅਧਿਕਾਰ ਲੈ ਕੇ ਬ੍ਰਾਹਮਣੀ ਲੀਡਰ ਬਣਦਾ ਹੈ। ਬ੍ਰਾਹਮਣਵਾਦੀ ਲੀਡਰਾਂ ਦੀ ਦੂਜੀ ਕਿਸਮ ਉਨ੍ਹਾਂ ਦੀ ਹੈ ਜੋ ਬ੍ਰਾਹਮਣ ਜਾਤੀ ਵਿਚ ਪੈਦਾ ਨਹੀਂ ਹੋਏ, ਪਰੰਤੂ ਭ੍ਰਿਸ਼ਟ ਤਰੀਕੇ, ਬੁਰੇ ਕੰਮ ਤੇ ਝੂਠ ਜਿਵੇਂ ਉੱਪਰ ਦੱਸਿਆ ਹੈ, ਅਪਨਾ ਕੇ ਬ੍ਰਾਹਮਣੀ ਨੇਤਾ ਬਣ ਜਾਂਦਾ ਹੈ।

ਇਹ ਨਵੇਂ ਬ੍ਰਾਹਮਣਵਾਦੀਆਂ ਨੂੰ ਅਸਾਨੀ ਨਾਲ ਪਛਾਣਿਆ ਨਹੀਂ ਜਾ ਸਕਦਾ। ਕਿਉਂਕਿ ਉਹ ਆਪਣੇ ਆਪ ਨੂੰ ਨੀਵੀਂ ਜਾਤ, ਛੋਟੇ ਫਿਰਕੇ, ਲਿੰਗ ਅਤੇ ਧਰਮ ਦੇ ਬੁਰਕੇ ਹੇਠ ਲੁਕਾ ਲੈਂਦਾ ਹੈ। ਇਹ ਨਵੇਂ ਬ੍ਰਾਹਮਣਵਾਦੀ ਲੀਡਰ ਬ੍ਰਾਹਮਣ ਜਾਤੀ ਲੀਡਰਾਂ ਨਾਲੋਂ ਵਧੇਰੇ ਖਤਰਨਾਕ ਹਨ। ਕਿਉਂਕਿ ਉਹ ਆਪਣੀ ਜਾਤੀ ਲਈ ਆਪਣੇ ਸਮਾਜ ਲਈ ਅਤੇ ਆਪਣੇ ਆਪ ਲਈ ਵਧੇਰੇ ਘਾਤਕ ਹੁੰਦੇ ਹਨ। ਸੱਚ ਇਹ ਵੀ ਹੈ ਕਿ ਜਮਾਂਦਰੂ ਬ੍ਰਾਹਮਣ ਲੀਡਰ ਕੋਰੇ ਅਯੋਗ ਅਤੇ ਬੇਅਰਥ ਨਵੇਂ ਬ੍ਰਾਹਮਣਵਾਦੀ ਲੀਡਰ ਪੈਦਾ ਕਰਦੇ ਹਨ। ਉਨ੍ਹਾਂ ਨੂੰ ਉੱਚੇ ਅਹੁਦੇ ਅਤੇ ਸਰਕਾਰੀ ਸ਼ਕਤੀਆਂ ਦੇ ਕੇ, ਸਿਰਫ ਆਪਣੀ ਜਾਤ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਣ ਲਈ।

ਉਹ ਇਹ ਸਭ ਇਸ ਲਈ ਕਰਦੇ ਹਨ ਤਾਂ ਕਿ ਦੇਸ਼ਭਗਤ ਤੇ ਅਸਲੀ ਰਾਸ਼ਟਰਵਾਦੀ ਪਛੜੀ ਜਾਤੀ ਆਗੂਆਂ ਨੂੰ ਬੁਰੀ ਤਰ੍ਹਾਂ ਦਬਾ ਕੇ ਰੱਖ ਸਕਣ ਅਤੇ ਪਛੜਿਆਂ ਵਰਗਾਂ ਦੀ ਲਹਿਰ ਨੂੰ ਤਾਰਪੀਡੋ ਕਰ ਸਕਣ। ਸਾਡੇ ਖਿਆਲ ਵਿਚ ਬ੍ਰਾਹਮਣਵਾਦੀ ਲੀਡਰਸ਼ਿੱਪ ਦੀ ਇਸ ਤੋਂ ਉੱਤਮ ਵਿਆਖਿਆ ਸਾਨੂੰ ਭਾਰਤੀ ਲਹਿਰਾਂ ਦੇ ਇਤਿਹਾਸ ਵਿਚੋਂ ਸੰਕਲਤ ਰੂਪ ਵਿਚ ਨਹੀਂ ਮਿਲਦੀ। ਇਹ ਵਿਆਖਿਆ ਕ੍ਰਾਂਤੀਕਾਰੀ ਆਰ.ਐਲ. ਚੰਦਾਪੁਰੀ ਦੀ ਬੌਧਿਕ ਉੱਤਪਤਾ ਅਤੇ ਸਮਾਜਿਕ ਸੂਝ ਦਾ ਨਮੂਨਾ ਹੈ ਜੋ ਕਿਸੇ ਵੀ ਅਸਲੀ ਰਾਸ਼ਟਰੀ ਨੇਤਾ ਲਈ ਜ਼ਰੂਰੀ ਹੈ। ਜਦੋਂ 1977 ਵਿਚ ਮੁਕੰਮਲ ਇਨਕਲਾਬ ਦਾ ਨਾਅਰਾ ਦੇ ਕੇ ਕਾਂਗਰਸ ਨੂੰ ਹਰਾ ਕੇ, ਪਛੜੀਆਂ ਜਾਤੀਆਂ ਨੂੰ ਇਹ ਲਾਲਸਾ ਦੇ ਕੇ ਕਾਕਾ.ਕਲੇਲਕਰ ਕਮਿਸ਼ਨ ਲਾਗੂ ਕੀਤਾ ਜਾਵੇਗਾ, ਜਨਤਾ ਤਾਕਤ ਵਿਚ ਆ ਗਈ। ਬ੍ਰਾਹਮਣ ਮੁਰਾਰਜੀ ਡਿਸਾਈ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ। 11 ਅਪ੍ਰੈਲ 1977 ਨੂੰ ਚੰਦਾਪੁਰੀ ਨੇ ਮੁਲਾਕਾਤ ਕਰਕੇ, ਪ੍ਰਧਾਨ ਮੰਤਰੀ ਨੂੰ ਕਲੇਲਕਰ ਕਮਿਸ਼ਨ ਦਾ ਵਾਅਦਾ ਯਾਦ ਕਰਾਇਆ।

"Give me some time. I shall do your work" ਭਾਵ ਮੈਨੂੰ ਕੁਝ ਸਮਾਂ ਦਿਉ ਮੈਂ ਤੁਹਾਡਾ ਕੰਮ ਕਰ ਦਿਆਂਗਾ। ਕਹਿ ਕੇ ਉਸ ਦੀ ਸਰਕਾਰ ਨੇ ਇਕ ਨਵਾਂ ਮੰਡਲ ਕਮਿਸ਼ਨ ਬਿਠਾ ਦਿੱਤਾ। ਤਾਂ ਕਿ ਪਛੜੀਆਂ ਸ਼੍ਰੇਣੀਆਂ ਦੀਆਂ ਮੂਰਖਤਾਵਾਂ ਦਾ ਕੋਈ ਹੋਰ ਚਿਰ ਲਾਹਾ ਖੱਟਿਆ ਜਾ ਸਕੇ। ਨਾਲ ਹੀ ਜਨਤਾ ਪਾਰਟੀ ਦੇ ਪ੍ਰਧਾਨ ਚੰਦਰ ਸ਼ੇਖਰ, ਬਲਰਾਜ ਮਧੋਕ ਅਤੇ ਜੇ.ਬੀ. ਕਿਰਪਲਾਨੀ ਵਰਗਿਆਂ ਨੇ ਨੌਕਰੀਆਂ ਵਿਚ ਪਛੜਿਆਂ ਲਈ ਰਾਖਵੇਂ ਕਰਨ ਦੇ ਵਿਰੁੱਧ ਬੋਲਣਾ ਸ਼ੁਰੂ ਕਰ ਦਿੱਤਾ। ਜਦੋਂ ਲੋਕਾਂ ਦੇ ਮਜਬੂਰ ਕਰਨ 'ਤੇ ਚੰਦਾਪੁਰੀ ਨੇ ਲੋਕ ਨਾਇਕ ਜੈ ਪ੍ਰਕਾਸ਼ ਨਾਲ ਗੱਲ ਕੀਤੀ ਤਾਂ ਉਸ ਨੇ ਰਾਖਵੇਂਕਰਨ ਦਾ ਅਧਾਰ ਆਰਥਿਕ ਬਣਾਉਣ ਬਾਰੇ ਕਹਿ ਮਾਰਿਆ। ਸਿੱਟੇ ਵਜੋਂ ਬਿਹਾਰ ਰਾਜ ਵਿਦਿਆਰਥੀ ਪਛੜੇ ਵਰਗ ਅਤੇ ਯੂਥ ਸੰਘਰਸ਼ ਸਮਿਤੀ ਨੇ 27 ਨਵੰਬਰ 1977 ਨੂੰ ਪਟਨੇ ਭਾਰੀ ਮੀਟਿੰਗ ਰੱਖ ਲਈ। ਜਿਸ ਨੂੰ ਰੋਕਣ ਲਈ ਬਿਹਾਰ ਦੀ ਅਤੇ ਗੋਰਖਾ ਪੁਲਸ ਲਗਾ ਦਿੱਤੀ ਗਈ। ਪਰੰਤੂ ਹਰ ਰੁਕਾਵਟ ਦੇ ਬਾਵਜੂਦ ਚੰਦਾਪੁਰੀ ਨੇ ਮੀਟਿੰਗ ਵਿਚ ਪਹੁੰਚ ਕੇ ਕਿਹਾ ਕਿ ਉਹ ਲੋਕ ਜੋ ਦੇਸ਼ ਦੀ ਤਰੱਕੀ ਵਿਚ, ਪਛੜੀਆਂ ਜਾਤੀਆਂ ਦੇ ਹੱਕ ਮਾਰ ਕੇ ਰੁਕਾਵਟ ਬਣੇ ਹਨ, ਉਨ੍ਹਾਂ ਨੂੰ ਡੂੰਘੇ ਸਮੁੰਦਰ ਵਿਚ ਸੁੱਟ ਦਿੱਤਾ ਜਾਵੇਗਾ। ਜਦੋਂ ਕਿਸੇ ਪੇਪਰ ਨੇ ਖਬਰ ਤੱਕ ਨਾ ਛਾਪੀ ਤਾਂ ਚੰਦਾਪੁਰੀ ਨੇ ਕਿਹਾ, "ਭਾਰਤ ਦੇ ਅਖਬਾਰਾਂ ਵਿਚ ਪੱਕੇ ਤੌਰ 'ਤੇ ਜਾਤੀ ਸੈਂਸਰ (ਕੈਂਚੀ) ਲੱਗੀ ਹੋਈ ਹੈ। ਜੋ ਸਭ ਤੋਂ ਬੁਰੀ ਸੈਂਸਰ ਹੈ। ਇਹ ਪਰਜਾਤੰਤਰ ਵਾਸਤੇ ਸਭ ਤੋਂ ਵੱਧ ਘਾਤਕ ਹੈ।"

ਉਸ ਨੇ ਕਿਹਾ ਕਿ ਜਾਤੀਵਾਦ ਫਾਸ਼ੀਵਾਦ ਹੈ। ਇਕ ਭੱਦੀ ਤਾਨਾਸ਼ਾਹੀ, ਜੋ ਸਦੀਆਂ ਤੋਂ ਸਮਾਜ ਅੰਦਰ ਲਾਗੂ ਹੈ, ਜਿਸ ਦੇ ਥੱਲੇ ਦਬੇ-ਕੁਚਲੇ ਦਲਿਤ, ਆਦੀਵਾਸੀ, ਹੋਰ ਪਛੜੀਆਂ ਜਾਤੀਆਂ ਅਤੇ ਕਮਜ਼ੋਰ ਤਬਕੇ ਕੁਰਾਹ ਰਹੇ ਹਨ। 14 ਮਾਰਚ 1978 ਨੂੰ ਇਕ ਜਨਕ ਕੱਠ ਕਰਨ ਦਾ ਫੈਸਲਾ ਕੀਤਾ ਗਿਆ। ਉਸ ਦਿਨ 144 ਲਗਾਈ ਗਈ, ਸਾਧਨਾਂ ਨੂੰ ਰੋਕਿਆ ਗਿਆ। ਲੱਖਾਂ ਲੋਕਾਂ ਦੇ ਜੁੜਨ ਦੀ ਸੰਭਾਵਨਾ ਸੀ। ਸੀ.ਆਰ.ਪੀ. ਤੇ ਪੁਲਸ ਨੇ ਸਰਕਾਰਾਂ ਦੇ ਹੁਕਮ ਅਨੁਸਾਰ ਆ ਰਹੇ ਲੋਕਾਂ ਨੂੰ ਰੋਕਿਆ। ਇਕ ਅਸੰਬਲੀ ਮੈਂਬਰ ਨੇ ਚੰਦਾਪੁਰੀ ਨੂੰ ਫੋਨ 'ਤੇ ਦੱਸਿਆ ਕਿ ਉਸ ਨੂੰ ਮਾਰ ਦੇਣ ਦੀ ਸਾਜ਼ਿਸ਼ ਰਚੀ ਗਈ ਹੈ। ਪਰੰਤੂ ਹਜੂਮ ਨੂੰ ਵੇਖ ਕੇ ਕਿਸੇ ਸਰਕਾਰੀ ਗੈਰ

ਸਰਕਾਰੀ ਵਿਰੋਧੀ ਦੀ ਹਿੰਮਤ ਨਹੀਂ ਪਈ ਕਿ ਚੰਦਾਪੁਰੀ 'ਤੇ ਹਮਲਾ ਕੀਤਾ ਜਾ ਸਕੇ। ਨਾਅਰੇ ਲੱਗੇ ਕਿ 'ਨੱਬੇ ਭਾਗ ਹਮਾਰਾ ਹੈ।' 'ਭਾਰਤ ਦੇਸ਼ ਹਮਾਰਾ ਹੈ।' ਇਕ ਸਮਾਂ ਆਇਆ ਜਦੋਂ ਸੀ.ਆਰ.ਪੀ. ਤੇ ਪੁਲਸ ਨੇ ਰਾਖਵੇਂਕਰਨ ਦੇ ਹਿਮਾਇਤੀਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪਰੰਤੂ ਪਛੜੇ ਵਰਗ ਦੇ ਸਿਪਾਹੀਆਂ ਨੂੰ, ਲੋਕਾਂ ਨੂੰ ਬਚਾਉਂਦੇ ਵੇਖਿਆ ਗਿਆ। ਦੂਜੇ ਪਾਸੇ ਸੀ.ਆਰ.ਪੀ. ਦੇ ਇਕ ਜੁਆਨ ਨੇ ਤਿਆਗ ਮੂਰਤੀ ਚੰਦਾਪੁਰੀ ਵੱਲ ਭਰੀ ਬੰਦੂਕ ਸੇਧੀ ਹੋਈ ਸੀ। ਜਵਾਨ ਲੋਕਾਂ ਨੇ ਤਿਆਗ ਮੂਰਤੀ ਨੂੰ ਘੇਰੇ ਵਿਚ ਲਿਆ ਹੋਇਆ ਸੀ। ਜਿਸ ਨੇ ਚੰਦਾਪੁਰੀ ਨੂੰ ਸ਼ੂਟ ਕਰਨ ਦਾ ਹੁਕਮ ਦਿੱਤਾ ਸੀ, ਉਹ ਲੋਕਾਂ ਤੋਂ ਬਚਕੇ ਦੌੜ ਗਿਆ।

ਚੰਦਾਪੁਰੀ ਨੇ ਕਿਹਾ ਕਿ ਜੈ ਪ੍ਰਕਾਸ਼ ਨਰਾਇਣ ਦਾ ਰਾਖਵੇਂਕਰਨ ਵਿਰੁੱਧ ਉਤਲੀਆਂ ਜਾਤਾਂ ਨੂੰ ਭੜਕਾਉਣਾ ਮੂਰਖਪੁਣਾ ਸੀ, ਗੈਰ ਕਾਨੂੰਨੀ, ਅਨੈਤਕ ਅਤੇ ਗੈਰ ਲੋਕਤੰਤਰਕ ਸੀ। ਇਸ ਦਾ ਭਾਵ ਹੈ ਕਿ ਲੋਕ ਨਾਇਕ ਜੈ ਪ੍ਰਕਾਸ਼ ਜੋ ਸੰਪੂਰਨ ਕ੍ਰਾਂਤੀ ਦਾ ਡਰਾਮਾ ਰਚ ਕੇ ਅੱਗੇ ਆਇਆ, ਇਸ ਦੇਸ਼ ਦੇ ਬਹੁਜਨ ਸਮਾਜ ਦੇ ਹੱਕਾਂ ਦਾ ਵਿਰੋਧੀ ਅਤੇ ਉਤਲੀਆਂ ਜਮਾਤਾਂ ਦੀ ਅਜਾਰੇਦਾਰੀ ਦਾ ਪੱਕਾ ਹਮਾਇਤੀ ਸੀ। ਰਾਖਵਾਂਕਰਨ ਦੇ ਸ਼ਬਦ ਨਾਲ ਹੀ ਪਛੜੀਆਂ ਜਾਤੀਆਂ ਨੂੰ ਲਗਾਤਾਰ ਬਲੈਕਮੇਲ ਕੀਤਾ ਜਾਂਦਾ ਰਿਹਾ ਹੈ। ਜਦੋਂ ਤੱਕ ਜਾਤੀਵਾਦ ਰਹੇਗਾ, ਉਤਲੀਆਂ ਜਾਤੀਆਂ ਸਾਰੀਆਂ ਸੁਖ ਸਹੂਲਤਾਂ 'ਤੇ ਆਨੇ-ਬਹਾਨੇ ਕਬਜਾ ਬਣਾਈ ਰੱਖਣਗੀਆ। ਜਦੋਂ ਬਾਬਾ ਸਾਹਿਬ ਨੇ 1951 ਵਿਚ ਨਹਿਰੂ ਸਰਕਾਰ ਤੋਂ ਅਸਤੀਫਾ ਦੇ ਦਿੱਤਾ ਸੀ ਤਾਂ ਚੰਦਾਪੁਰੀ ਦੇ ਕਹਿਣ 'ਤੇ ਡਾ. ਅੰਬੇਡਕਰ ਨੇ ਪਟਨਾ ਵਿਖੇ ਪਛੜੀਆਂ ਜਾਤੀਆਂ ਦੇ ਕਾਰਜਕਰਤਾਵਾਂ ਨੂੰ ਸੰਬੋਧਨ ਕੀਤਾ । ਤਾਂ ਬਾਬਾ ਸਾਹਿਬ ਨੇ ਕਿਹਾ ਸੀ, "ਮੈਂ ਬੜੇ ਦੇਸ਼ ਘੁੰਮੇ ਹਨ। ਮੈਂ ਰਾਜਸੀ ਨੇਤਾਵਾਂ, ਵਿਦਵਾਨਾਂ ਅਤੇ ਦਾਨਸ਼ਵਰਾਂ ਨੂੰ ਮਿਲਿਆ ਹਾਂ, ਪਰੰਤੂ ਮੈਂ ਅਜਿਹੇ ਕਿਸੇ ਨੌਜਵਾਨ ਵਿਅਕਤੀ ਨੂੰ ਨਹੀਂ ਵੇਖ ਸਕਿਆ, ਜੋ ਚੰਦਾਪੁਰੀ ਵਾਂਗ, ਜਿਸ ਨੂੰ ਮੁਲਕ ਅਤੇ ਦੁਨੀਆ ਦੇ ਮਾਮਲਿਆਂ ਬਾਰੇ ਐਨਾ ਅਹਿਮ ਗਿਆਨ ਹੋਵੇ। ਉਸ ਕੋਲ ਦਿਲੋਂ ਦਿਮਾਗ ਤੇ ਭਵਿੱਖ ਦੀਆਂ ਵੰਗਾਰਾਂ ਦਾ ਸਾਹਮਣਾ ਕਰਨ ਦੀ ਸਮਰੱਥਾ ਹੈ। ਮੈਂ ਉਸ ਦੀ ਅਤੇ ਤੁਹਾਡੀ ਸਭ ਦੀ ਸਫਲਤਾ ਦੀ ਕਾਮਨਾ ਕਰਦਾ ਹਾਂ।" (6 ਨਵੰਬਰ 1951)

1956 ਵਿਚ ਡਾ. ਰਾਮ ਮਨੋਹਰ ਲੋਹੀਆ ਦੇ ਕਹਿਣ 'ਤੇ ਚੰਦਾਪੁਰੀ ਨੇ ਸੋਸ਼ਲਿਸਟ ਪਾਰਟੀ ਨੂੰ ਹੈਦਰਾਬਾਦ ਵਿਖੇ ਸੰਬੋਧਨ ਕਰਦਿਆਂ ਕਿਹਾ, "ਬ੍ਰਾਹਮਣਵਾਦ ਦਾ ਕਿਸੇ ਜਾਤ ਜਾਂ ਸਮੂਹ ਨਾਲ ਸੰਬੰਧ ਨਹੀਂ ਹੈ। ਇਹ ਕਿਸੇ ਵਿਸ਼ੇਸ਼ ਜਾਤ ਨੂੰ ਮੁਖਾਤਬ ਨਹੀਂ ਹੈ। ਬ੍ਰਾਹਮਣਵਾਦ ਹਰ ਪ੍ਰਕਾਰ ਦੀਆਂ ਪਰਜਾਤੰਤਰਕ ਧਾਰਨਾਵਾਂ ਦੇ ਵਿਰੁੱਧ ਹੈ। ਸਮਾਜਿਕ ਅਤੇ ਤਰੱਕੀ ਪਸੰਦ ਖਿਆਲ ਦੇ ਵਿਰੁੱਧ ਹੈ। ਇਹ ਲੋਕ ਵਿਰੋਧੀ ਹੈ। ਮਾਨਵਤਾਵਾਦ ਦੇ ਸੱਭਿਆਚਾਰ ਦਾ ਵਿਰੋਧੀ ਹੈ। ਇਹ ਸ਼ੋਸ਼ਨ ਦੇ ਸਾਰੇ ਸਾਧਨਾਂ ਦਾ ਸਰੋਤ ਹੈ। ਸਮਾਜ ਅੰਦਰ ਵਿਤਕਰਿਆਂ ਦਾ ਜਣਕ ਹੈ। ਇਹ ਜਾਤੀਵਾਦ 'ਤੇ ਅਧਾਰਤ ਹੈ, ਜਿਸ ਨੇ ਲੋਕਾਂ ਅੰਦਰ ਊਚ-ਨੀਚ, ਅੰਧ-ਵਿਸ਼ਵਾਸ, ਅਗਿਆਨਤਾ, ਮਾਨਸਿਕ ਗੁਲਾਮੀ ਅਤੇ ਕੁਫਰ ਭਰ ਦਿੱਤਾ ਹੈ ਅਤੇ ਜਿਸ ਵਾਸਤੇ ਉੱਨਤੀ ਇਕ ਰਾਸ਼ਟਰ ਵਿਰੋਧੀ ਧਾਰਨਾ ਹੈ। ਜੋ ਕੌਮੀ ਅਖੰਡਤਾ ਅਤੇ ਉੱਨਤੀ ਦੇ ਨਾਂ 'ਤੇ ਇਕ ਕਿਸਮ ਦੀ ਸਹੂਲਤ ਯੁਕਤ ਜਮਾਤ ਦੀ ਪੱਖਬਾਜੀ ਕਰਦਾ ਹੈ। ਜਦੋਂ ਤੱਕ ਬ੍ਰਾਹਮਣਵਾਦ ਦਾ ਸਿਧਾਂਤ ਅਤੇ ਸੋਚ ਲੋਕਾਂ ਦੇ ਮਨ 'ਤੇ ਛਾਈ ਰਹੇਗੀ, ਲੋਕਤੰਤਰ ਦੀ ਕੋਈ ਗੱਲ, ਸਮਾਜਵਾਦ ਦੇਸ਼ ਦਾ ਵਿਕਾਸ ਅਤੇ ਤਰੱਕੀ ਕੇਵਲ ਇਕ ਲਫਾਫੇਬਾਜੀ ਬਣੀ ਰਹੇਗੀ।

1961 ਵਿਚ ਮਹਾਨ ਕ੍ਰਾਂਤੀਕਾਰੀ ਪੇਰੀਆਰ ਈ.ਵੀ. ਰਾਮਾ ਸਵਾਮੀ ਨੇ ਤ੍ਰਿਚੁਰਾ ਪੱਲੀ ਵਿਖੇ 1961 ਵਿਚ ਚੰਦਾਪੁਰੀ ਨੂੰ ਇਨ੍ਹਾਂ ਸ਼ਬਦਾਂ ਨਾਲ ਸੰਬੋਧਨ ਕੀਤਾ, "ਤੁਸੀਂ ਬ੍ਰਾਹਮਣਵਾਦੀ ਸ਼ਕਤੀਆਂ ਵਿਰੁੱਧ ਜੰਗ ਲੜਨ ਵਾਲੀ ਬਹਾਦਰੀ ਵਜੋਂ ਹਰ ਤਰ੍ਹਾਂ ਦੀ ਸਿਫਤ ਦੇ ਹੱਕਦਾਰ ਹੋ।" ਇਸੇ ਤਰ੍ਹਾਂ ਡਾ. ਰਾਮ ਮਨੋਹਰ ਲੋਹੀਆ, ਡਾ. ਰਜਿੰਦਰ ਪ੍ਰਸਾਦ (ਰਾਸ਼ਟਰਪਤੀ), ਡਾ. ਐਸ.ਐਸ. ਰੈਡੀ (ਰਾਸ਼ਟਰਪਤੀ), ਅਬਦੁਲ ਕਿਊਮ ਅੰਸਾਰੀ, ਪ੍ਰੋ. ਆਰਮੀ ਸੈਣੀ, ਸ਼ਿਵ ਦਿਆਲ ਚੌਰਸੀਆ, ਪ੍ਰੋ. ਹਨਿੰਘਮ ਆਸਟਰੇਲੀਆ, ਪ੍ਰੋ. ਐਫ ਆਰ. ਫਰੈਂਕਲ ਯੂ.ਐਸ.ਏ., ਲਾਲ ਪ੍ਰਸਾਦ ਯਾਦਵ ਅਤੇ ਕ੍ਰਿਸ਼ਨਾ ਸਾਹੂ ਆਦਿ ਨੇ ਚੰਦਾਪੁਰੀ ਦੇ ਸੰਘਰਸ਼ਮਈ ਜੀਵਨ ਪ੍ਰਤੀ ਸ਼ਾਨਦਾਰ ਸਿਫਤੀ ਭਾਵਨਾਵਾਂ ਵਿਅਕਤ ਕੀਤੀਆਂ।

ਇਹ ਗੱਲ ਬੜੀ ਸਪੱਸ਼ਟ ਹੈ ਕਿ ਤਿਆਗ ਮੂਰਤੀ ਚੰਦਾਪੁਰੀ ਦਾ ਜੀਵਨ, ਭਾਰਤ ਦੇ ਇਤਿਹਾਸ ਨੂੰ ਬਦਲ ਦੇਣ ਲਈ ਭੀਲੇ ਸਾਹੋਂ ਦਾ ਨਿਰੰਤਰ ਸੰਘਰਸ਼ ਹੈ। ਜਿਸ ਦਾ ਮਨੋਰਥ, ਪਛੜੇ ਵਰਗਾਂ, ਨਿਮਾਣੇ ਲੋਕਾਂ, ਦਾਸੀਆ ਕੁਚਲੀਆਂ ਜਾਤੀਆਂ, ਜੋ ਬ੍ਰਾਹਮਣਵਾਦ ਦੇ ਜੁਲਮ ਥੱਲੇ ਕਰਾਹ ਰਹੇ ਹਨ, ਨੂੰ ਮੁਕਤ ਕਰਨ ਦੀ ਜੱਦੋ-ਜਹਿਦ ਹੈ।

ਜਿਸ ਨੂੰ ਸਮਝਣ ਲਈ ਚੰਦਾਪੁਰੀ ਦੇ ਇਹ ਸ਼ਬਦ ਹੀ ਕਾਫੀ ਹੋਣਗੇ। 'ਅਛੂਤਾਂ ਦੀਆਂ ਸਮੱਸਿਆਵਾਂ, ਹਰੀਜਨਾਂ ਅਤੇ ਗਿਰੀਜਨਾਂ ਦੀਆਂ ਸਮੱਸਿਆਵਾਂ, ਧਰਮ ਪ੍ਰਵਰਤਨ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ, ਘੱਟ ਗਿਣਤੀ ਲੋਕਾਂ ਦੀਆਂ ਸਮੱਸਿਆਵਾਂ ਵਾਲਾ। ਪਰੰਤੂ ਦੂਜੀਆਂ ਪਛੜੀਆਂ ਜਾਤੀਆਂ (ਬੈਕਵਰਡ ਕਲਾਸ) ਦੀ ਸਮੱਸਿਆ ਵਿਸ਼ਾਲ ਗਿਣਤੀ (52%) ਭਾਰਤੀਆਂ ਦੀ ਸਮੱਸਿਆ ਹੈ। ਇਉਂ ਇਹ ਕੌਮ ਨੂੰ ਦੁਬਾਰਾ ਸਿਰਜਣ ਦੀ ਸਮੱਸਿਆ ਹੈ। ਹਰੀਜਨ, ਗਿਰੀਜਨ (ਅਛੂਤ ਦਲਿਤ ਜਾਤੀਆਂ) ਅਤੇ ਪਛੜੀਆਂ ਜਾਤੀਆਂ (ਸਛੂਤ ਜਾਤੀਆਂ) ਨੂੰ ਜੋੜ ਕੇ 'ਬਹੁਜਨ' ਕਿਹਾ ਜਾ ਸਕਦਾ ਹੈ । ਜੋ ਵੱਡੀ ਵਿਸ਼ਾਲ ਗਿਣਤੀ ਹੈ।'

Chandapuri fathar of backward classes movement. 'ਚੰਦਾਪੁਰੀ, ਪਛੜੀਆਂ ਸ਼੍ਰੇਣੀਆਂ ਦੀ ਲਹਿਰ ਦੇ ਪਿਤਾਮਾ' ਪੁਸਤਕ ਵਿਚੋਂ। ਤਿਆਗ ਮੂਰਤੀ ਚੰਦਾਪੁਰੀ ਮਿਸ਼ਨ ਪਬਲੀਕੇਸ਼ਨਜ਼ ਸਰਵਸਤੀ ਭਵਨ, ਨਾਰਥ ਮੰਡੀਰੀ ਪਟਨਾ, 800001, ਬਿਹਾਰ।

ਲਹਿਰ ਬਾਰੇ ਉੱਠਦੇ ਬਣਦੇ ਪ੍ਰਸ਼ਨ :-

* ਇਹ ਲਹਿਰ ਬਿਹਾਰ ਪ੍ਰਾਂਤ ਤੱਕ ਸੀਮਤ ਰਹੀ।

* ਇਹ ਲਹਿਰ ਅਛੂਤ ਦਲਿਤ ਜਾਤੀਆਂ ਨੂੰ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਬਰਾਬਰ ਆਪਣੀ ਲਪੇਟ ਵਿਚ ਨਹੀਂ ਲੈ ਸਕੀ।

* ਜਿਨ੍ਹਾਂ ਨੇਤਾਵਾਂ ਨੇ ਲਹਿਰ ਨੂੰ ਅੰਦਰੋਂ-ਬਾਹਰੋਂ ਖੋਰਾ ਲਗਾਇਆ ਅਤੇ ਛਲ ਕੀਤਾ, ਉਹ ਬਤੌਰ ਸੋਸ਼ਲਿਸਟ ਉੱਭਰੇ ਪਰ ਕਿਰਦਾਰ ਪੱਖੋਂ ਉਹ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਸਨ।

* ਲਹਿਰ ਆਪਣੇ ਸਮਾਜਿਕ ਨਿਰਣਿਆਂ ਪੱਖੋਂ ਕਿਧਰੇ ਵੀ ਟਪਲਾ ਖਾਣ ਵਾਲੀ ਨਹੀਂ ਦਿਸਦੀ।

* ਲਹਿਰ ਨੇ ਡਾ. ਅੰਬੇਡਕਰ ਦੀ ਲਹਿਰ ਵਿਚ ਘਲਤ ਹੋ ਜਾਣ ਦਾ ਕੋਈ ਵੱਡਾ ਯਤਨ ਨਹੀਂ ਕੀਤਾ, ਜੋ ਸਭ ਤੋਂ ਮਹੱਤਵਪੂਰਨ ਅਤੇ ਲਾਜਮੀ ਤੱਤ ਸੀ।

* ਲਹਿਰ ਨੇ ਪੈਦਾ ਕੀਤੇ ਗਏ ਪਛੜੇ ਦਲਿਤ ਨੇਤਾਵਾਂ 'ਤੇ ਭਰੋਸਾ ਕਰਕੇ ਧੋਖਾ ਖਾਧਾ।

* ਲਹਿਰ ਦਾ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਕੌਮੀ ਲਹਿਰ ਬਣ ਕੇ ਉੱਭਰੀ ਕਾਂਸ਼ੀ ਰਾਮ ਦੀ ਸਮਾਜਿਕ ਪ੍ਰਵਰਤਨ ਦੀ ਲਹਿਰ ਨਾਲ ਕੋਈ ਵਾਹ ਵਾਸਤਾ ਨਜ਼ਰ ਨਹੀਂ ਆਉਂਦਾ ! ਕਿਉਂ ?

* ਲਹਿਰ ਦੀਆਂ ਪਿੱਛੇ ਛੱਡੀਆਂ ਗਈਆਂ ਪੈੜਾਂ ਇਤਿਹਾਸਕ ਦਸਤਾਵੇਜ਼ ਬਣਨ ਤੋਂ ਵਿਰਵੀਆਂ ਨਾ ਰਹਿ ਜਾਣ, ਇਸ ਲਈ ਅਸੀਂ ਜੋ ਪ੍ਰਾਪਤ ਹੋਇਆ ਉਸ ਨੂੰ ਭਾਰਤ ਦੇ ਨਵੇਂ ਅਤੇ ਅਸਲੀ ਇਤਿਹਾਸ ਦੀ ਲੜੀ ਵਿਚ ਪਰੋਣ ਦੀ ਖੁਸ਼ੀ ਲੈ ਰਹੇ ਹਾਂ। ਕਿਉਂਕਿ ਇਹ ਲਹਿਰ ਬ੍ਰਾਹਮਣਵਾਦੀ ਸਿਸਟਮ ਵਿਰੁੱਧ ਉੱਠੀ ਪਛੜੇ ਵਰਗਾਂ ਦੀ ਇਨਕਲਾਬੀ ਲਹਿਰ ਸੀ। ਜੋ ਦੇਵ ਅਸੁਰ ਯੁੱਧ ਦਾ ਇਕ ਨਵਾਂ ਚੈਪਟਰ ਬਣੀ।

ਭਾਰਤ ਦੇ ਅਜ਼ਾਦੀ ਸੰਘਰਸ਼ ਵਿਚ ਦਲਿਤਾਂ ਦਾ ਯੋਗਦਾਨ

ਇਹ ਜਾਣਕਾਰੀ ਡੀ ਸੀ. ਡੀਂਕਰ ਦੁਆਰਾ ਲਿਖੀ ਹਿੰਦੀ ਪੁਸਤਕ 'ਸਵਤੰਤਰਤਾ ਸੰਗਰਾਮ ਮੇਂ ਅਛੂਤੋਂ ਦਾ ਯੋਗਦਾਨ' 'ਤੇ ਅਧਾਰਤ ਹੈ । ਜਿਸ ਨੂੰ ਉੱਤਰ ਪ੍ਰਦੇਸ਼ ਸਰਕਾਰ ਦੇ ਗ੍ਰਿਹ ਸਕੱਤਰ ਮਾਤਾ ਪ੍ਰਸਾਦ ਦੁਆਰਾ ਪ੍ਰਵਾਨਤ ਕੀਤਾ ਗਿਆ ਹੈ ।

(1) ਖੁਸਰਵ (ਭੰਗੀ ਅਛੂਤ) ਭਾਰਤ ਦਾ ਸ਼ਹਿਨਸ਼ਾਹ ਬਣਿਆ

ਖੁਸਰਵ ਗੁਜਰਾਤ ਪ੍ਰਾਂਤ ਦਾ ਰਹਿਣ ਵਾਲਾ ਸੀ ਅਤੇ ਭੰਗੀ ਜਾਤੀ ਵਿਚ ਉਸ ਨੇ ਜਨਮ ਲਿਆ ਸੀ । ਜੋ ਧਰਮ ਪਰਵਰਤਨ ਕਰਕੇ, ਅਲਾਓ ਦੀਨ ਖਿਲਜੀ ਦੇ ਪੁੱਤਰ ਬਾਦਸ਼ਾਹ ਮੁਬਾਰਕ ਖਾਂ ਦੀ ਫੌਜ ਵਿਚ ਭਰਤੀ ਹੋਇਆ ਅਤੇ ਆਪਣੀ ਚਤੁਰ ਬੁੱਧੀ ਅਤੇ ਲਾਇਕੀ ਕਾਰਨ, ਦਰਬਾਰ ਤੱਕ ਪਹੁੰਚ ਗਿਆ । 4 ਅਪ੍ਰੈਲ 1320 ਨੂੰ ਉਸ ਨੇ ਆਪਣੇ ਸਮਾਜ ਦੇ ਲੋਕਾਂ ਨਾਲ ਮਿਲਕੇ ਮੁਬਾਰਕ ਖਾਂ ਨੂੰ ਕਤਲ ਕਰ ਦਿੱਤਾ ਅਤੇ 13 ਅਪ੍ਰੈਲ 1320 ਨੂੰ ਉਹ ਭਾਰਤ ਦੇ ਸਿੰਘਾਸਨ (ਦਿੱਲੀ) ਉੱਪਰ ਬਿਰਾਜਿਆ । 5 ਸਤੰਬਰ 1320 ਨੂੰ ਗਾਜ਼ੀ ਮਾਲਕ ਨੇ ਖੁਸਰਵ 'ਤੇ ਹਮਲਾ ਕੀਤਾ । ਲੜਾਈ ਦੇ ਮੈਦਾਨ ਵਿਚ ਵੀਰਤਾ ਨਾਲ ਲੜਦਾ ਹੋਇਆ ਖੁਸਰਵ ਮਾਰਿਆ ਗਿਆ । (ਸਫਾ 13-14)

(2) ਰਾਜਪੂਤ ਰਾਣਾ ਉਦੇ ਸਿੰਘ ਨੂੰ ਦਲਿਤ ਪੰਨਾ ਬਾਈ ਨੇ ਗੱਦੀ 'ਤੇ ਬਿਠਾਇਆ

ਮੇਵਾੜ ਦੇ ਰਾਜਾ ਰਾਣਾ ਸਾਂਗਾ ਦੇ ਮਰਨ ਉਪਰੰਤ ਉਸ ਦਾ ਪੁੱਤਰ ਬਿਕਰਮਾ ਜੀਤ ਗੱਦੀ 'ਤੇ ਬੈਠਿਆ । ਜਿਸ ਉੱਪਰ ਉਸ ਦੇ ਸੈਨਾ ਪਤੀ ਮਨਬੀਰ ਨੇ ਹਮਲਾ ਕਰ ਦਿੱਤਾ ਅਤੇ ਧੋਖੇ ਨਾਲ ਹੱਤਿਆ ਕਰ ਦਿੱਤੀ ਫੇਰ ਉਸ ਦੇ ਪੁੱਤਰ ਉਦੇ ਸਿੰਘ ਨੂੰ ਮਾਰਨ ਤੁਰ ਪਿਆ ਜੋ ਬੱਚਾ ਸੀ, ਦਾਇਆ ਪੰਨਾ ਬਾਈ ਨੇ, ਆਪਣੇ ਪੁੱਤਰ ਨੂੰ ਉਸ ਦੇ, ਕੱਪੜੇ ਪੁਆ ਕੇ ਮਰਵਾ ਲਿਆ, ਪਰੰਤੂ ਉਦੇ ਸਿੰਘ ਨੂੰ ਬਚਾ ਲਿਆ ਅਤੇ ਉਸ ਦਾ ਪਾਲਣ ਪੋਸ਼ਨ ਕਰਕੇ ਮੁੜ ਗੱਦੀ 'ਤੇ ਬਿਠਾਇਆ । (ਸਫਾ 16)

(3) ਝਾਂਸੀ ਰਿਆਸਤ ਦੀ ਅਛੂਤ ਸੈਨਾਪਤੀ ਝਲਕਾਰੀ ਬਾਈ ਬਨਾਮ ਲੱਛਮੀ ਬਾਈ

10 ਮਈ 1857 ਨੂੰ ਮੇਰਠ ਛਾਉਣੀ ਵਿਚ ਭਾਰਤੀ ਸੈਨਿਕਾਂ ਨੇ ਅੰਗਰੇਜ਼ਾਂ ਵਿਰੁੱਧ ਪਹਿਲੀ ਜੰਗ ਲੜੀ । ਝਲਕਾਰੀ ਬਾਈ ਜੁਲਾਹਿਆਂ (ਕੋਰੀ) ਦੀ ਕੁੜੀ ਸੀ, ਜਿਸ ਦਾ ਪਤੀ ਪੂਰਨ ਕੋਰੀ, ਰਾਜਾ ਗੰਗਾਧਰ ਰਾਓ ਦੀ ਫੌਜ ਵਿਚ ਸਿਪਾਹੀ ਸੀ । ਜਿਸ ਤੋਂ ਉਸਨੇ ਸ਼ਾਸਤਰ ਚਲਾਉਣ ਦੀ ਪੂਰੀ ਸਿਖਲਾਈ ਲਈ ਅਤੇ ਘੋੜ ਸਵਾਰੀ ਸਿੱਖੀ । ਇਤਹਾਸ ਕਾਰ ਐਸ ਐਨ. ਸੇਨ ਆਪਣੀ ਪੁਸਤਕ '1857' ਦੇ ਸਫਾ 267-96 'ਤੇ ਲਿਖਦੇ ਹਨ ਕਿ ਉਸ ਸਮੇਂ ਦੀ ਅੰਗਰੇਜ਼ ਅਫਸਰ ਇਹ ਸਪੱਸ਼ਟ ਰਾਏ 'ਤੇ ਸਨ ਕਿ ਲਕਸ਼ਮੀ ਬਾਈ (ਰਾਣੀ ਝਾਂਸੀ) ਨੇ ਨਾ ਤਾਂ ਵਿਦਰੋਹ ਕੀਤਾ, ਨਾ ਕੋਈ ਯੋਜਨਾ ਬਣਾਈ, ਨਾ ਵਿਦਰੋਹ ਕਰ ਰਹੇ ਸੈਨਿਕਾਂ ਦਾ ਸਾਥ ਦਿੱਤਾ । (18) ਝਾਂਸੀ ਵਿਖੇ, ਦਲਿਤ ਸਿਪਾਹੀਆਂ ਨੇ ਵਿਦਰੋਹ ਕੀਤਾ । ਜਿਸ ਦੀ ਅਗਵਾਈ ਭਾਊ ਬਖਸ਼ੀ, ਪੂਰਨ ਕੋਰੀ ਅਤੇ ਉਸ ਦੀ ਪਤਨੀ ਝਲਕਾਰੀ ਬਾਈ ਕਰ ਰਹੇ ਸਨ ।

ਵਿਸ਼ੇਸ਼ :- ਸਿਲੈਕਸ਼ਨਜ਼ ਫਰੋਮ ਦੀ ਮਿਲਟਰੀ ਡੀਪਾਰਟਮੈਂਟ ਆਫ ਇੰਡੀਆ 1975-58 ਸਫਾ 13, ਪ੍ਰਸ਼ਾਸਕ ਜੀ. ਡਬਲੂ. ਫਾਰੇਸਟ ਵਿਚ ਲਿਖਿਆ ਹੈ ਕਿ ਸਿਪਾਹੀਆਂ ਦੀ ਸਵੈਇੱਛਕ ਵਿਦਰੋਹ ਅਤੇ ਝਾਂਸੀ 'ਤੇ ਪੂਰਨ ਜਿੱਤ ਤੋਂ ਬਾਅਦ ਜਦੋਂ ਬਹੁਤੀਆਂ ਸੈਨਾਵਾਂ ਦਿੱਲੀ ਵੱਲ ਨੂੰ ਚਲੀਆਂ ਗਈਆਂ ਤਾਂ (ਰਾਣੀ ਝਾਂਸੀ) ਲਕਸ਼ਮੀ ਬਾਈ ਦੇ ਨਾਮ 'ਤੇ ਵਿਦਰੋਹੀ ਸੈਨਿਕ ਝਾਂਸੀ ਦਾ ਸਾਸ਼ਨ ਚਲਾਉਣ ਲੱਗੇ । ਲੱਛਮੀ ਬਾਈ ਇਸ ਕੰਮ ਵਿਚ ਆਪਣੀ ਇੱਛਾ ਨਾਲ ਸ਼ਾਮਲ ਨਹੀਂ ਸੀ । ਇਸ ਦੌਰਾਨ ਲੱਛਮੀ ਬਾਈ ਅੰਗਰੇਜ਼ਾਂ ਨਾਲ ਗੁਪਤ ਸੰਬੰਧ

ਰੱਖਦੀ ਸੀ ਅਤੇ ਆਪਣੇ ਹੱਕ ਵਿਚ ਸਮਝੌਤੇ ਦਾ ਯਤਨ ਕਰ ਰਹੀ ਸੀ ।ਇੱਥੋਂ ਤੀਕ ਲਿਖਿਆ ਹੈ ਕਿ ਵਿਦਰੋਹ
ਸਫਲ ਹੋਣ ਤੋਂ ਪਹਿਲਾਂ ਉਹ ਅੰਗਰੇਜ਼ਾਂ ਨੂੰ ਗੁਪਤ ਮਦਦ (ਗੋਲਾ-ਬਰੂਦ) ਵੀ ਦੇ ਚੁੱਕੀ ਸੀ ।(ਪੈਰ੍ਹਾ ਮੂਲ ਅਨੁਵਾਦ
ਸਫਾ-18) ਇਤਿਹਾਸਕ ਆਰ.ਐਸ. ਮਜੂਮਦਾਰ ਨੇ ਹਿਸਟਰੀ ਆਫ ਫਰੀਡਮ ਮੂਵਮੈਂਟ ਦੇ ਸਫਾ 164 'ਤੇ
ਲਿਖਿਆ ਹੈ ਕਿ ਪ੍ਰਾਪਤ ਤੱਥਾਂ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਦੇ ਅਧਾਰ 'ਤੇ ਕਿਹਾ ਜਾ ਸਕੇ ਕਿ ਰਾਣੀ
ਲੱਛਮੀ ਬਾਈ ਵਿਦਰੋਹ ਦੀ ਆਗੂ ਸੀ ।(19)

ਝਲਕਾਰੀ ਬਾਈ ਦਾ ਪਤੀ ਪੂਰਨ ਕੋਰੀ ਅਤੇ ਭਾਊ ਬਖਸ਼ੀ ਕੋਰੀ ਸੈਨਾ ਨਾਲ ਅੰਗਰੇਜ਼ਾਂ ਦਾ ਨਰ ਸੰਹਾਰ ਕਰ
ਰਹੇ ਸਨ ।ਝਲਕਾਰੀ ਬਾਈ ਨਹੀਂ ਸੀ ਚਾਹੁੰਦੀ ਕਿ ਰਾਣੀ ਲੱਛਮੀ ਬਾਈ ਅੰਗਰੇਜ਼ਾਂ ਦੇ ਹੱਥ ਲੱਗ ਜਾਵੇ ।ਰਾਣੀ
ਨੇ ਸੁਰੱਖਿਅਤ ਥਾਂ 'ਤੇ ਜਾਣ ਦੀ ਇੱਛਾ ਪ੍ਰਾਪਤ ਕੀਤੀ ਤਾਂ ਝਲਕਾਰੀ ਬਾਈ ਨੇ ਉਸ ਨੂੰ ਭੰਡੇਰੀ ਫਾਟਕ ਤੋਂ
ਵਫਾਦਾਰ ਸਿਪਾਹੀਆਂ ਨਾਲ ਬਾਹਰ ਭੇਜ ਦਿੱਤਾ ਰਾਣੀ ਲੱਛਮੀ ਬਾਈ ਕਿਲੇ ਤੋਂ ਬਹੁਤ ਦੂਰ ਜਾ ਚੁੱਕੀ ਸੀ ।ਤੇ
ਉਸ ਦੇ ਪਹਿਰਾਵੇ ਵਿਚ ਝਲਕਾਰੀ ਬਾਈ ਅੰਗਰੇਜ਼ਾਂ ਦੇ ਛੱਕੇ ਛੁਡਾ ਰਹੀ ਸੀ ।ਅੰਗਰੇਜ਼ ਉਸ ਨੂੰ ਲੱਛਮੀ ਬਾਈ
ਸਮਝਕੇ ਲੜਦੇ ਰਹੇ ।ਜਦੋਂ ਪੂਰਨ ਕੋਰੀ ਮਾਂ ਭੂਮੀ ਲਈ ਲੜਦਾ ਸ਼ਹੀਦ ਹੋ ਗਿਆ ਤਾਂ ਝਲਕਾਰੀ ਬਾਈ ਪਤੀ ਦੇ
ਚਰਨ ਛੂਹ ਕੇ ਅੰਗਰੇਜ਼ਾਂ 'ਤੇ ਟੁੱਟ ਪਈ ।ਜਿਸ ਨਾਲ ਅੰਗਰੇਜ਼ਾਂ ਦੇ ਪੈਰ ਉੱਖੜ ਗਏ ।ਅੰਤ ਉਹ ਵੀ ਲੜਦੀ-
ਲੜਦੀ ਗੋਲੀਆਂ ਨਾਲ ਛਲਣੀ ਹੋ ਕੇ ਡਿੱਗ ਪਈ ਅਤੇ ਸ਼ਹੀਦ ਹੋ ਗਈ ।(20-21)(ਕਿੱਡਾ ਦੁਖਾਂਤ ਹੈ ਕਿ
ਦਲਿਤਾਂ ਦੀ ਸੂਰਮਗਤੀ ਵੀ ਪਛਾਣੀ ਨਹੀਂ ਜਾਂਦੀ, ਉਤਲਿਆਂ ਦੀ ਕਾਇਰਤਾ ਵੀ ਬਹਾਦਰੀ ਵਿਚ ਬਦਲ
ਦਿੱਤੀ ਜਾਂਦੀ ਹੈ ਅਤੇ ਖੂਬ ਪ੍ਰਚਾਰ ਕਰਕੇ ਝੂਠ ਨੂੰ ਸੱਚ ਬਣਾ ਦਿੱਤਾ ਹੈ ਅਤੇ ਸੱਚ ਨੂੰ ਹਵਾ।)

(4) ਅਮਰ ਯੋਧਾ ਮਹਾਬੀਰੀ ਦੇਵੀ (ਭੰਗੀ)

1857 ਦੀ ਅਜ਼ਾਦੀ ਦੀ ਜੰਗ ਵਿਚ, ਮੁਜ਼ੱਫਰ ਨਗਰ ਦਾ ਯੋਗਦਾਨ ਵਿਸ਼ੇਸ਼ ਹੈ ।ਮਹਾਬੀਰੀ ਦੇਵੀ (ਭੰਗੀ)
ਮੁੰਡ ਭਰ ਭਾਜੂ ਪਿੰਡ ਦੇ ਰਹਿਣ ਵਾਲੀ ਸੀ, ਜਿਸਨੂੰ ਤਸੀਲ ਕੈਰੋਨਾ ਅਤੇ ਜਿਲ੍ਹਾ ਮੁਜੱਫਰ ਨਗਰ ਲੱਗਦਾ ਹੈ ।
ਉਸ ਦਾ ਪਿਤਾ ਸੂਪ ਪੱਖੇ (ਪੱਤਿਆਂ ਦੇ ਪੱਤੇ) ਬਣਾਉਣ ਦਾ ਕੰਮ ਕਰਦਾ ਸੀ ।ਘਰ ਵਿਚ ਭਾਵੇਂ ਬਹੁਤ ਗਰੀਬੀ
ਸੀ, ਪ੍ਰੰਤੂ ਮਹਾਬੀਰੀ ਸਵੈਮਾਣ ਨਾਲ ਰਹਿਣ ਵਾਲੀ ਔਰਤ ਸੀ ।ਉਸ ਨੇ ਆਪਣੀਆਂ ਔਰਤਾਂ ਅਤੇ ਬੱਚਿਆਂ
ਨੂੰ ਘਿਰਨਾ ਯੋਗ ਕੰਮ ਤੋਂ ਹਟਾ ਕੇ ਸਨਮਾਨ ਨਾਲ ਜਿਉਣ ਦੀ ਸਿੱਖਿਆ ਦਾ ਕਾਰਜ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ
ਸੰਗਠਤ ਕੀਤਾ । ਜਦੋਂ ਅੰਗਰੇਜ਼ਾਂ ਨੇ ਮੁਜੱਫਰ ਨਗਰ 'ਤੇ ਹਮਲਾ ਕੀਤਾ ਤਾਂ ਮਹਾਬੀਰੀ ਦੇਵੀ ਨੇ, ਪਿੰਡ ਦੀਆਂ
ਔਰਤਾਂ ਲੈ ਕੇ ਹਥਿਆਰਾਂ ਨਾਲ ਅੰਗਰੇਜ਼ਾਂ 'ਤੇ ਹਮਲਾ ਕਰ ਦਿੱਤਾ । ਆਪਣੀਆ ਸਾਥਣਾਂ ਨਾਲ ਮਿਲਕੇ
ਮਹਾਬੀਰੀ ਦੇਵੀ ਖੂਬ ਲੜੀ ਅਤੇ ਕਈ ਅੰਗਰੇਜ਼ ਮਾਰ ਸੁੱਟੇ । ਹੋਰ ਜਾਤੀਆਂ ਦੇ ਲੋਕਾਂ ਨੇ ਵੀ ਮੁਕਾਬਲਾ
ਕੀਤਾ ।ਸਿੱਟੇ ਵਜੋਂ ਅੰਗਰੇਜ਼ ਮੈਦਾਨ ਛੱਡਕੇ ਭੱਜ ਗਏ, ਪਰੰਤੂ ਲੜਦੀ-ਲੜਦੀ ਮਹਾਬੀਰੀ ਦੇਵੀ ਸ਼ਹੀਦ ਹੋ
ਗਈ ਅਤੇ ਉਸ ਨੇ ਦਲਿਤ ਸਮਾਜ ਦਾ ਸਿਰ ਉੱਚਾ ਕਰ ਵਿਖਾਇਆ ।(24)

(5) ਸ਼ਹੀਦ ਉਦਈਆ ਚਮਿਆਰ

1804 ਵਿਚ ਅਲੀਗੜ੍ਹ ਦੇ ਨਵਾਬ ਨਾਹਰ ਖਾਂ ਅਤੇ ਉਨ੍ਹਾਂ ਦੇ ਪੁੱਤਰ ਕਨਮਸਤ ਖਾਂ ਅਤੇ ਰੌਸ਼ਨ ਖਾਂ ਨੇ
ਅੰਗਰੇਜ਼ੀ ਹਕੂਮਤ ਵਿਰੁੱਧ ਘਮਾਸਾਣ ਯੁੱਧ ਲੜਿਆ ਸੀ । ਉਨ੍ਹਾਂ ਦਾ ਖਾਸ ਹਿਤਕਾਰੀ ਸੀ ਉੱਦਈਆ
ਚੁਮਾਰ ।ਜਿਸ ਨੇ ਖਾਲੀ ਕਿਲ੍ਹੇ ਵਿਚ ਬਰੂਦ ਦੀਆਂ ਸੁਰੰਗਾਂ ਵਿਛਾ ਦਿੱਤੀਆਂ ਜਿਉਂ ਹੀ ਅੰਗਰੇਜ਼ ਅੰਦਰ ਵੜੇ
ਤੇ ਸੈਂਕੜੇ ਹੀ ਬਰੂਦ ਨਾਲ ਉੱਡ ਗਏ ।ਸਿੱਟੇ ਵਜੋਂ ਬੀਰ ਬਹਾਦਰ ਮਹਾਨ ਕ੍ਰਾਂਤੀਕਾਰੀ ਉੱਦਈਆ ਨੂੰ ਫਾਂਸੀ 'ਤੇ
ਚੜ੍ਹਾਇਆ ਗਿਆ ।(25)

(6) ਸ਼ਹੀਦ ਮਾਤਾ ਦੀਨ ਭੰਗੀ ਅਤੇ ਮੰਗਲ ਪਾਂਡੇ

10 ਮਈ 1857 ਨੂੰ ਕ੍ਰਾਂਤੀ ਭੜਕ ਪਈ ।ਇਹ ਕਲਕੱਤਾ ਦੇ ਨੇੜੇ ਬੈਰਕਪੁਰ ਛਾਉਣੀ ਸੀ ।ਜਿੱਥੇ ਇਕ
ਕਾਰਖਾਨਾ ਸੀ, ਕਾਰਤੂਸ ਬਣਾਉਣ ਦਾ ।ਕੰਮ ਕਰਦਿਆਂ ਇਕ ਅਛੂਤ ਨੂੰ ਪਿਆਸ ਲੱਗੀ ਉਸ ਨੇ ਪਾਣੀ ਦਾ
ਲੋਟਾ ਮੰਗਿਆ ।ਪਰੰਤੂ ਬ੍ਰਾਹਮਣ ਸੈਨਿਕ ਨੇ ਪਾਣੀ ਦੇਣ ਤੋਂ ਨਾਂਹ ਕਰ ਦਿੱਤੀ ।ਜਾਤ ਅਤੇ ਛੂਤ-ਛਾਤ ਦੇ ਇਸ
ਸੁਆਲ ਨੂੰ ਉਸ ਅਛੂਤ ਦਾ ਮਨ ਭੜਕਾ ਦਿੱਤਾ ਤੇ ਉਸ ਨੇ ਗੁੱਸੇ ਵਿਚ ਕਿਹਾ ਕਿ ਉਹ ਵੱਡਾ ਬ੍ਰਾਹਮਣ ਪੁੱਤਰ
ਬਣਿਆ ਫਿਰਦਾ ਹੈ ।ਜਿਹੜੇ ਕਾਰਤੂਸ ਚਲਾਉਂਦਾ ਹੈ ਉਸ ਨੂੰ ਗਾਂ ਅਤੇ ਸੂਰ ਦੀ ਚਰਬੀ ਲੱਗੀ ਹੁੰਦੀ ਹੈ ।ਜਿਸ
ਨਾਲ ਉਸ ਦਾ ਧਰਮ ਭ੍ਰਿਸ਼ਟ ਨਹੀਂ ਹੁੰਦਾ, ਪਰ ਪਾਣੀ ਦੇਣ ਨਾਲ ਧਰਮ ਭ੍ਰਿਸ਼ਟ ਹੋ ਜਾਂਦਾ ਹੈ ।ਇਹ ਕਹਿਣ ਵਾਲਾ

ਮਾਤਾਦੀਨ ਭੰਗੀ ਸੀ ਅਤੇ ਪਾਣੀ ਨਾ ਦੇਣ ਵਾਲਾ ਬ੍ਰਾਹਮਣ ਮੰਗਲ ਪਾਂਡੇ ਸੀ । ਜਿਸ ਨੂੰ ਕੌਮੀ ਸ਼ਹੀਦ ਗਿਣਿਆ ਗਿਆ ਹੈ । ਸਿੱਟੇ ਵਜੋਂ ਮੰਗਲ ਪਾਂਡੇ ਨੇ ਸਵੇਰ ਦੀ ਪਰੇਡ ਵਿਚ ਹੀ ਬਗਾਵਤ ਕਰਦਿਆਂ ਗੋਲੀਆਂ ਚਲਾ ਦਿੱਤੀਆਂ ।ਜੋ ਕ੍ਰਾਂਤੀ ਭੜਕੀ ਉਸ ਦੇ ਜ਼ਿੰਮੇਵਾਰ ਵਿਅਕਤੀ ਫੜੇ ਗਏ ।ਜਿਨ੍ਹਾਂ ਵਿਚ ਸਭ ਤੋਂ ਪਹਿਲਾ ਮਾਤਾਦੀਨ ਸੀ, ਜਿਸ ਨੂੰ ਕੋਰਟ ਮਾਰਸ਼ਲ ਕਰਕੇ ਸ਼ਹੀਦ ਕਰ ਦਿੱਤਾ ਗਿਆ ।(27)

(7) ਅਮਰ ਸ਼ਹੀਦ ਚੇਤ ਰਾਮ ਜਾਟਵ ਅਤੇ ਬੱਲੂ ਮੇਹਤਰ

ਸੇਠ ਅਮੀ ਚੰਦ ਅਤੇ (ਬ੍ਰਾਹਮਣ ਪਰਵਰਤਤ) ਮੀਰ ਜਾਫਰ ਨੇ ਦੇਸ਼ ਧਰੋਹੀ ਕਰਕੇ, ਅੰਗਰੇਜ਼ਾਂ ਦਾ ਸਾਥ ਦੇ ਕੇ ਦੇਸ਼ ਨੂੰ ਗੁਲਾਮ ਬਣਾਇਆ ।ਪ੍ਰੰਤੂ 24 ਮਈ 1857 ਨੂੰ ਬੈਰਕਪੁਰ ਛਾਉਣੀ ਵਿਚ ਕ੍ਰਾਂਤੀ ਭੜਕ ਉੱਠੀ, ਜਿਸ ਵਿਚ ਅੰਗਰੇਜ਼ਾਂ ਵਿਰੁੱਧ ਲੜਦਿਆਂ ਚੇਤਰਾਮ ਜਾਟਵ ਅਤੇ ਬੱਲੂ ਮੇਹਤਰ ਨੇ ਜੰਗ ਕਰਦਿਆਂ ਸ਼ਹੀਦੀ ਪਾਈ । ਉਨ੍ਹਾਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਗੋਲੀਆਂ ਨਾਲ ਉਡਾਇਆ ਗਿਆ ਅਤੇ ਦਰੱਖਤਾਂ ਨਾਲ ਲਟਕਾਇਆ ਗਿਆ ।ਇਹ ਦੋਵੇਂ ਬੀਰ ਬਹਾਦਰ ਸੋਰੋਂ ਜਿਲ੍ਹੇ ਦੇ ਅਛੂਤ ਗਰੀਬ ਪਰਵਾਰਾਂ ਦੇ ਜੰਮਪਲ ਸਨ ।(29)

(8) ਸ਼ਹੀਦ ਬਾਂਕੇ ਚੁਮਾਰ

ਬਾਂਕੇ ਚੁਮਾਰ ਦਾ ਪਿੰਡ ਕੁੰਵਰਪੁਰ ਜਿਲ੍ਹਾ ਜੌਨਪੁਰ ਸੀ । ਜੋ ਬਾਗੀ ਨੇਤਾ ਹਰੀ ਪਾਲ ਸਿੰਘ ਦਾ ਸਾਥੀ ਸੀ । ਕ੍ਰਾਂਤੀ ਦੇ ਫੇਲ੍ਹ ਹੋ ਜਾਣ ਉਪਰੰਤ ਬਰਤਾਨਵੀ ਸਰਕਾਰ ਨੇ ਬਹਾਦਰ ਬਾਂਕੇ ਦੇ ਸਿਰ ਦਾ ਮੁੱਲ 50,000 ਐਲਾਨ ਕੀਤਾ ।(ਇਹ ਘਟਨਾ 1857 ਦੀ ਹੈ ।ਪੰਜਾਹ ਹਜ਼ਾਰ ਉਸ ਸਮੇਂ ਸਿਰ ਦਾ ਮੁੱਲ ਜਰਾ ਸੋਚੋ ਕਿ ਉਹ ਕਿੰਨਾਂ ਵੱਡਾ ਸੂਰਬੀਰ ਅਤੇ ਹਕੂਮਤ ਵਾਸਤੇ ਖਤਰਨਾਕ ਭਾਰਤੀ ਯੋਧਾ ਹੋਵੇਗਾ।) ਉਸ ਨੂੰ ਫੜ ਲਿਆ ਗਿਆ ਅਤੇ ਮੌਤ ਦੀ ਸਜ਼ਾ ਦਿੱਤੀ ਗਈ ।(30)

(9) ਅਛੂਤ ਪਾਸੀ ਜਾਤੀ ਦਾ ਬਲੀਦਾਨ

ਲਖਨਊ ਵਿਚ ਪਾਸੀ ਜਾਤੀ ਦਾ ਜੋਰ ਰਿਹਾ । ਗਿਆਰਵੀਂ ਸਦੀ ਵਿਚ ਪਾਸੀ ਜਾਤੀ ਦਾ ਰਾਜਾ ਲਖਨਾ ਰਜਪਾਸੀ ਸੀ । ਜਿਸ ਦੇ ਨਾਂ ਤੋਂ ਲਖਨਊ ਪਿਆ । ਉਦੋਂ ਕਾਕੋਰੀ ਤੇ ਵੀ ਪਾਸੀ ਰਾਜਾ ਕੰਸ ਦਾ ਅਧਿਕਾਰ ਸੀ ।ਜਿਸ ਦੀਆਂ ਮੁਸਲਮਾਨ ਹਾਕਮਾਂ ਨਾਲ ਜੰਗਾਂ ਹੁੰਦੀਆਂ ਰਹੀਆਂ ।ਕਾਕੋਰੀ ਵਿਚ ਉਨ੍ਹਾਂ ਨੇ ਆਪਣਾ ਕਿਲ੍ਹਾ ਵੀ ਸਥਾਪਤ ਕੀਤਾ ।ਅੰਗਰੇਜ਼ਾਂ ਨੇ ਲਖਨਊ ਨੂੰ ਆਪਣਾ ਪ੍ਰਮੁੱਖ ਕੇਂਦਰ ਬਣਾ ਲਿਆ ਸੀ । ਬੇਲੀਗਾਰਦ ਵਿਚ ਅੰਗਰੇਜ਼ ਅਧਿਕਾਰੀ ਰਹਿੰਦੇ ਸਨ ।1857 ਵਿਚ ਉਸ ਰੈਜੀ ਡੈਂਸ ਨੂੰ ਚੇਤਰਾਮ ਰੈਦਾਸ ਦੀ ਕਮਾਂਡ ਹੇਠ ਲੋਕਾਂ ਨੇ ਘੇਰ ਲਿਆ ।10 ਅਗਸਤ 1857 ਨੂੰ ਜਨਰਲ ਬਰਕਤ ਅਹਿਮਦ ਦੀ ਕਮਾਂਡ ਹੇਠ ਪਾਸੀ ਜਾਤੀ ਦੇ ਲੋਕਾਂ ਨੇ ਬੇਲੀਗਾਰਦ 'ਤੇ ਹਮਲਾ ਕਰ ਦਿੱਤਾ । ਸਿਕੰਦਰਾ ਬਾਗ ਕੋਲ ਜੰਮ ਕੇ ਲੜਾਈ ਹੋਈ । ਪਾਸੀ (ਅਛੂਤ) ਔਰਤਾਂ ਵੀ ਅੰਗਰੇਜ਼ਾਂ ਨਾਲ ਲੋਹਾ ਲੈ ਰਹੀਆਂ ਸਨ ।ਇਕ ਦਰੱਖਤ ਹੇਠ ਕਈ ਅੰਗਰੇਜ਼ਾਂ ਨੂੰ ਮਾਰਨ ਵਾਲੀ ਪਾਸੀ ਔਰਤ ਦਾ ਨਾਂ ਸੀ, ਜਗਰਾਣੀ ਜੋ ਅੰਤ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਈ, ਪਰ ਬੇਲੀ ਗਾਰਦ ਦੀ ਕ੍ਰਾਂਤੀ ਫੇਲ੍ਹ ਹੋ ਗਈ । ਸਿੱਟੇ ਵਜੋਂ 220 ਦੇਸ਼ ਭਗਤ ਸ਼ਹੀਦ ਹੋਏ ਅਤੇ 150 ਜ਼ਖਮੀ ਹੋਏ, ਜਿਨ੍ਹਾਂ ਵਿਚ ਬਹੁਗਿਣਤੀ ਪਾਸੀ ਜਾਤੀ ਦੇ ਲੋਕਾਂ ਦੀ ਸੀ ।(32-33)

(10) ਸ਼ਹੀਦ ਵੀਰਾ ਪਾਸੀ

ਮੁਰਾਰਮਊ ਸਟੇਟ ਦਾ ਰਾਜਾ ਮਾਰਾਵ ਸਿੰਘ ਸੀ, ਜਿਸ ਦਾ ਅੰਗ ਰੱਖਿਅਕ ਪਿੰਡ ਲੌਹੀਆ ਖੇੜਾ ਦਾ ਵਸਨੀਕ ਵੀਰਾ ਪਾਸੀ ਸੀ, ਜੋ ਰਾਜਾ ਬੇਨੀ ਮਾਰਾਵ ਸਿੰਘ ਨੂੰ ਅੰਗਰੇਜ਼ਾਂ ਦੀ ਜੇਲ੍ਹ ਵਿਚੋਂ ਕੱਢ ਲਿਆਇਆ ਸੀ ।ਅੰਗਰੇਜ਼ਾਂ ਨੇ ਉਸ ਨੂੰ ਜਿੰਦਾ ਜਾਂ ਮੁਰਦਾ ਜਲਾਉਣ ਦਾ ਹੁਕਮ ਕੀਤਾ ਅਤੇ ਪੰਜਾਹ ਹਜ਼ਾਰ ਰੁਪਇਆ ਸਿਰ ਦਾ ਮੁੱਲ ਰੱਖਿਆ । ਵੀਰਾ ਪਾਸੀ ਬਹਾਦਰ ਵੀ ਸੀ ਤੇ ਬੁੱਧੀਵਾਨ ਵੀ, ਜਿਸ ਨੂੰ ਅੰਤ ਸ਼ਹੀਦ ਕਰ ਦਿੱਤਾ ਗਿਆ ।(34)

(11) ਕਾਂਗਰਸ ਦੇ ਪਹਿਲੇ ਅਛੂਤ ਨੇਤਾ ਕੇਸ਼ਵ ਪਲੱਈ-1885

ਸਾਡੇ ਲਈ ਹੈਰਾਨੀ ਜਨਕ ਜਾਣਕਾਰੀ ਹੈ ਕਿ ਕਾਂਗਰਸ ਦਾ ਪਹਿਲਾ ਸਥਾਪਨਾ ਸੰਮੇਲਨ 28 ਦਸੰਬਰ 1885 ਨੂੰ ਗੋਕਲ ਦਾਸ ਤੇ ਜਪਾਲ ਸੰਸਕ੍ਰਿਤ ਕਾਲਜ ਬੰਬੇ ਵਿਚ ਹੋਇਆ ।ਕਾਂਗਰਸ ਦੇ ਸੰਥਾਪਕ ਸਰ ਹਿਊਮ ਦੀ ਹਾਜਰੀ ਵਿਚ, ਡਬਲਯੂ.ਸੀ. ਬੈਨਰਜੀ ਨੇ ਪ੍ਰਧਾਨਗੀ ਕੀਤੀ ।ਪਰੰਤੂ ਉਸ ਦਿਨ ਇਕ ਅਛੂਤ ਵਿਅਕਤੀ ਕੇਸ਼ਵ ਪਲੱਈ ਨੂੰ ਕਾਂਗਰਸ ਕਾਰਜਕਰਨੀ ਦਾ ਸਕੱਤਰ ਜਨਰਲ ਥਾਪਿਆ ਗਿਆ ।(35) ਜਿਨ੍ਹਾਂ ਮੈਂਬਰਾਂ ਨੇ ਇਸ

ਅਛੂਤ ਨੇਤਾ ਨੂੰ ਸਕੱਤਰ ਜਨਰਲ ਬਣਾ ਲਿਆ ਉਹ ਬਹੁਗਿਣਤੀ ਕੇਵਲ ਉੱਚ ਜਾਤੀ ਹਿੰਦੂ ਸਨ ।ਜੇ ਕਾਂਗਰਸ ਦਾ 1885 ਤੋਂ 1947 ਤੱਕ ਦਾ ਲੇਖਾ ਜੋਖਾ ਕਰੀਏ ਤਾਂ ਅਛੂਤਾਂ ਨੂੰ ਕਾਂਗਰਸ ਦਾ ਆਪਣੇ ਵਿੱਚ ਸਮਾਉਣ ਤੇ ਨਾਲ ਲੈ ਕੇ ਚੱਲਣ ਦਾ ਮਨੋਰਥ ਕੇਵਲ ਰਾਜਸੱਤਾ ਹਿੰਦੂਆਂ ਦੇ ਹੱਥ ਦੇਣਾ ਸੀ ਅਤੇ ਅਛੂਤਾਂ ਦੀ ਕਿਸੇ ਵੀ ਕ੍ਰਾਂਤੀ ਨੂੰ ਰੋਕ ਕੇ ਰੱਖਣਾ ਸੀ, ਕਿਉਂਕਿ ਜੋਤੀ ਰਾਓ ਫੂਲੇ ਅਤੇ ਸ਼ਾਹੂ ਛਤਰਪਤੀ ਨੇ ਅਛੂਤ ਅਤੇ ਪਛੜੀਆਂ ਜਾਤੀਆਂ ਨੂੰ ਸਮਾਜਿਕ ਕ੍ਰਾਂਤੀ ਲਈ 1848 ਤੋਂ ਤਿਆਰ ਕਰਨਾ ਸ਼ੁਰੂ ਕੀਤਾ ਹੋਇਅ ਸੀ ।ਇਸ ਕਰਕੇ ਹਿੰਦੂਆਂ ਲਈ ਜ਼ਰੂਰੀ ਸੀ ਕਿ ਉਹ ਅਛੂਤਾਂ ਨੂੰ ਕਾਂਗਰਸ ਵਿਚ ਸ਼ਾਮਲ ਕਰਕੇ ਅਤੇ ਉਨ੍ਹਾਂ ਨੂੰ ਕੋਰੇ ਪ੍ਰਸਤਾਵ ਪਾਸ ਕਰਕੇ ਆਪਣੇ ਨਾਲ ਜੋੜੀ ਰੱਖਦੇ, ਪਰੰਤੂ ਅਛੂਤਾਂ ਨੂੰ 1932 ਵਿਚ ਜੋ ਮਨੁੱਖੀ ਅਧਿਕਾਰ ਅੰਗਰੇਜ਼ਾਂ ਦੁਆਰਾ ਮਿਲੇ ਤਾਂ ਮਹਾਤਮਾ ਗਾਂਧੀ ਨੇ ਇਨ੍ਹਾਂ ਅਧਿਕਾਰਾਂ ਵਿਰੁੱਧ ਵਰਤ ਰੱਖਿਆ ਅਤੇ ਸਾਰੇ ਹਿੰਦੂਆਂ ਅਤੇ ਕਾਂਗਰਸ ਨੇ ਡੱਟ ਕੇ ਮਹਾਤਮਾ ਜੀ ਦਾ ਸਾਥ ਦਿੱਤਾ ਅਤੇ ਡਾ. ਅੰਬੇਡਕਰ ਨੂੰ ਪੂਨੇ ਦਾ ਲੰਗੜਾ ਸਮਝੌਤਾ ਕਰਨ ਲਈ ਮਜਬੂਰ ਕੀਤਾ ।1932 ਤੋਂ ਬਾਅਦ ਬਾਬੂ ਜਗਜੀਵਨ ਰਾਮ ਨੂੰ ਡਾ. ਅੰਬੇਡਕਰ ਦੇ ਖਿਲਾਫ ਤਿਆਰ ਕਰਕੇ ਅਛੂਤ ਨੇਤਾ ਵਜੋਂ ਉਭਾਰਿਆ ।

(12) ਸ਼ਹੀਦ ਰਾਮ ਚੰਦ ਭੰਗੀ

6 ਫਰਵਰੀ 1919 ਨੂੰ ਰੌਲਟ ਐਕਟ ਕੌਂਸਲ ਵਿਚ ਪੇਸ਼ ਕੀਤਾ ਗਿਆ, ਜਿਸ ਦੇ ਵਿਰੁੱਧ 30 ਮਾਰਚ ਨੂੰ ਦੇਸ਼ ਭਰ ਵਿਚ ਦੁਕਾਨਾਂ ਅਤੇ ਕਾਰਖਾਨਿਆਂ ਵਿਚ ਹੜਤਾਲ ਐਲਾਨ ਕੀਤੀ ਗਈ ।30 ਮਾਰਚ ਨੂੰ ਦਿੱਲੀ ਵਿਚ ਸੱਤਿਆ ਗ੍ਰਹਿ ਕਰ ਦਿੱਤਾ ਗਿਆ ।ਸਿੱਟੇ ਵਜੋਂ ਦਿੱਲੀ ਰੇਲਵੇ ਸਟੇਸ਼ਨ 'ਤੇ ਝਗੜਾ ਹੋਇਆ ਤੇ ਪੁਲਸ ਨੇ ਗੋਲੀ ਚਲਾ ਦਿੱਤੀ ।ਅੱਠ ਵਿਅਕਤੀ ਸ਼ਹੀਦ ਹੋਏ ।ਵੀਹ ਜ਼ਖ਼ਮੀ ਹੋਏ ।ਜਿਨ੍ਹਾਂ ਵਿਚੋਂ ਰਾਮ ਚੰਦ ਸ਼ਹੀਦ ਹੋਏ ।ਰਾਮ ਕਿਸ਼ਨ ਅਛੂਤ ਅਤੇ ਰਾਮ ਪ੍ਰਸਾਦ ਮੋਚੀ ਜ਼ਖਮੀ ਹੋਏ ।(39)

(13) ਜਲ੍ਹਿਆਂ ਵਾਲੇ ਬਾਗ ਦੇ ਅਛੂਤ ਸ਼ਹੀਦ

ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਦੇ ਲੋਕ ਰੋਲ ਐਕਟ ਵਿਰੁੱਧ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਤਾਂ ਜਨਰਲ ਡਾਇਰ ਨੇ ਉਨ੍ਹਾਂ 'ਤੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ । ਗੋਲੀਆਂ ਚੱਲਣ ਤੋਂ ਪਹਿਲਾਂ ਹੀ ਧੁਲੀਆ ਧੋਬੀ ਹਿੱਕ ਤਾਣ ਕੇ ਫੌਜੀ ਸਿਪਾਹੀਆਂ 'ਤੇ ਟੁੱਟ ਪਿਆ ਤੇ ਸਿਪਾਹੀਆਂ ਨੇ ਉਸ ਨੂੰ ਗੋਲੀਆਂ ਮਾਰਕੇ ਛਲਣੀ ਕਰ ਦਿੱਤਾ ।ਇਸ ਗੋਲੀ ਕਾਂਡ ਦੌਰਾਨ 1200 ਦੇ ਕਰੀਬ ਵਿਅਕਤੀ ਬੱਚੇ ਸ਼ਹੀਦ ਅਤੇ ਜ਼ਖ਼ਮੀ ਹੋਏ ।ਜਿਨ੍ਹਾਂ ਵਿਚ 185 ਅਛੂਤ ਜਾਤੀਆਂ 'ਚੋਂ ਸਨ । ਜਿਨ੍ਹਾਂ ਵਿਚ ਲੜਾਕੂ ਸ਼ਹੀਦ ਸਨ :--ਸ਼ਹੀਦ ਨੱਥੂ ਧੋਬੀ ਵਾਸੀ ਅੰਮ੍ਰਿਤਸਰ ।ਸ਼ਹੀਦ ਦੁਲੀਆ ਧੋਬੀ ਵਾਸੀ ਅੰਮ੍ਰਿਤਸਰ । ਸ਼ਹੀਦ ਮੰਗਲ ਮੋਚੀ ਵਾਸੀ ਗੋਬਿੰਦਗੜ੍ਹ ।ਸ਼ਹੀਦ ਬੁੱਧਾ ਵਾਸੀ ਪੁਤਲੀ ਘਰ ਅੰਮ੍ਰਿਤਸਰ ।

(ਇਸ ਕਾਂਡ ਦਾ ਇਕ ਕਾਰਨ ਇਹ ਵੀ ਸਾਹਮਣੇ ਆਇਆ ਹੈ ਕਿ ਕੁਝ ਅਛੂਤ ਫੌਜੀ ਲੋਕ ਜਦੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੇਗ ਚੜ੍ਹਾਉਣ ਗਏ ਤਾਂ ਉਨ੍ਹਾਂ ਤੋਂ ਭਿੱਟ ਕਾਰਨ ਦੇਗ ਨਹੀਂ ਲਈ ਗਈ ਸਗੋਂ ਅਛੂਤਾਂ ਦਾ ਅਪਮਾਨ ਕੀਤਾ ਗਿਆ ।ਸਿੱਟੇ ਵਜੋਂ ਉਨ੍ਹਾਂ ਰੋਸ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਇਕੱਠ ਕੀਤਾ। ਕਿਉਂਕਿ ਉਸ ਸਮੇਂ ਅੰਗਰੇਜ਼ੀ ਹਕੂਮਤ ਦੀ ਛਤਰ-ਛਾਇਆ ਹੇਠ ਦਰਬਾਰ ਸਾਹਿਬ ਉੱਚੀਆਂ ਜਾਤਾਂ ਦੇ ਮਸੰਦਾਂ ਦੇ ਕਬਜ਼ੇ ਵਿਚ ਸੀ, ਇਸ ਲਈ ਅੰਗਰੇਜ਼ਾਂ ਨੇ ਗੋਲੀ ਚਲਵਾਈ, ਲੋਕਾਂ ਦੀ ਮੌਤ ਹੋਈ ਸਿੱਟੇ ਵਜੋਂ ਜਨਰਲ ਡਾਇਰ ਨੂੰ ਜਥੇਦਾਰ ਰੂੜ ਸਿੰਘ ਨੇ ਸਰੋਪਾ ਭੇਟ ਕੀਤਾ ।ਇਸ ਇਤਿਹਾਸ ਦੀ ਖੋਜ ਜਾਰੀ ਹੈ।ਇਸ ਗੱਲ ਦਾ ਠੋਸ ਸਬੂਤ ਇਹ ਵੀ ਹੈ ਕਿ ਭਾਈ ਵੀਰਾ ਸਿੰਘ (ਮਜ਼੍ਹਬੀ) ਨੇ ਨਵੰਬਰ 1920 ਨੂੰ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅੰਗਰੇਜ਼ਾਂ ਵੱਲੋਂ ਤਾਇਨਾਤ ਪੁਜਾਰੀਆਂ ਦੇ ਵਰਤਾਰੇ ਵਿਰੁੱਧ, ਵੱਡੀ ਪੱਧਰ 'ਤੇ ਇਕੱਠੇ ਹੋਏ ਅਛੂਤਾਂ ਨੂੰ ਸੰਬੋਧਨ ਕੀਤਾ ਸੀ ਅਤੇ ਉਹ ਹਰਮੰਦਰ ਸਾਹਿਬ ਵਿਚ ਦਾਖਲ ਵੀ ਹੋਏ ਸਨ ਅਤੇ ਗੁਰਦੁਆਰੇ ਮੁਕਤ ਕਰਾਉਣ ਦੀ ਲਹਿਰ ਦਾ ਮੁੱਢ ਬੰਨ੍ਹਿਆ ਸੀ ।ਦਰਬਾਰ ਸਾਹਿਬ ਨੂੰ 'ਚਾਬੀਆਂ ਦਾ ਮੋਰਚਾ' ਅਧੀਨ ਅਛੂਤ ਲੋਕਾਂ ਨੇ ਹੀ ਮਹੰਤਾਂ ਤੋਂ ਅਜ਼ਾਦ ਕਰਵਾਇਆ ਸੀ।)

(14) ਅਛੂਤ ਕ੍ਰਾਂਤੀਕਾਰੀ ਅਤੇ ਚੌਰਾ-ਚੌਰੀ ਕਾਂਡ

5 ਫਰਵਰੀ 1922 ਨੂੰ ਚੌਰਾ ਪਿੰਡ ਵਿਚ ਚਮਾਰਾਂ ਅਤੇ ਪਾਸੀ ਅਛੂਤਾਂ ਦੀ ਅਜ਼ਾਦੀ ਲੈਣ ਸੰਬੰਧੀ ਮੀਟਿੰਗ ਚੱਲ ਰਹੀ ਸੀ ।ਅਚਾਨਕ ਪੁਲਸ ਵਾਲੇ ਇਕ ਵਿਅਕਤੀ ਨੇ ਕਿਸੇ ਚੁਮਾਰ ਨੂੰ ਗਾਲ ਦੇ ਦਿੱਤੀ ।ਗੁੱਸੇ ਵਿਚ ਇਕ

ਜਲੂਸ ਬਣਕੇ ਅਛੂਤ ਨਿਕਲੇ । ਰਸਤੇ ਵਿਚ ਪੁਲਸ ਨਾਲ ਝਗੜਾ ਹੋਇਆ । ਕਿਸੇ ਇਕ ਨੇ ਗੋਲੀ ਚਲਾ ਦਿੱਤੀ । ਭੀੜ ਭੜਕ ਪਈ ਤੇ ਉਨ੍ਹਾਂ ਨੇ 22 ਪੁਲਸ ਕਰਮਚਾਰੀ ਮਾਰ ਸੁੱਟੇ । ਮਹਾਤਮਾ ਗਾਂਧੀ ਨੇ ਅੰਦੋਲਨ ਵਾਪਸ ਲੈ ਲਿਆ ਜੋ 12 ਫਰਵਰੀ ਨੂੰ ਸਮਾਪਤ ਹੋ ਗਿਆ । ਗਾਂਧੀ, ਨਹਿਰੂ ਤੇ ਹੋਰ ਉੱਚੇ ਜਾਤੀਏ ਕਾਂਗਰਸੀ ਡਰ ਮਹਿਸੂਸ ਕਰਨ ਲੱਗੇ ਕਿ ਬਰਤਾਨੀਆਂ ਸਰਕਾਰ ਭਾਰਤੀ ਪੂੰਜੀ ਪਤੀਆਂ ਅਤੇ ਭੂਮੀਹਾਰਾਂ ਵਿਰੁੱਧ ਸੰਘਰਸ਼ ਹੋਣ ਵਾਲਾ ਹੈ । ਇਹ ਗੱਲ ਉਨ੍ਹਾਂ ਨੇ ਚੋਰਾ-ਚੌਰੀ ਦੇ ਇਲਾਕੇ ਵਿਚ ਵਪਾਰੀ ਵੱਡੀ ਘਟਨਾ ਵਿਚ ਭਾਂਪੀ, ਅਜ਼ਾਦੀ ਸੰਗਰਾਮ ਵਿਚ ਇਹ ਸਭ ਤੋਂ ਵੱਡਾ ਕਾਂਡ ਸੀ । ਇਸ ਸਿਲਸਿਲੇ ਵਿਚ ਬੇਸ਼ੁਮਾਰ ਲੋਕ ਗ੍ਰਿਫਤਾਰ ਕੀਤੇ ਗਏ ਅਤੇ 172 ਨੂੰ ਫਾਂਸੀ ਦੀ ਸਜਾ ਦਿੱਤੀ ਗਈ, ਪ੍ਰੰਤੂ ਅਪੀਲ ਕਰਨ 'ਤੇ 19 ਨੂੰ ਫਾਂਸੀ ਹੋਈ, 14 ਨੂੰ ਕਾਲੇ ਪਾਣੀ ਦੀ ਸਜ਼ਾ ਕੀਤੀ ਗਈ । ਬਹੁਤ ਲੋਕਾਂ ਨੂੰ ਦੋ ਤੋਂ ਅੱਠ ਵਰ੍ਹਿਆਂ ਦੀ ਸਜ਼ਾ ਦਿੱਤੀ ਗਈ । (ਇਹ ਸਭ ਅਛੂਤ ਸਨ।) 2 ਜੁਲਾਈ 1923 ਨੂੰ ਜਿਨ੍ਹਾਂ ਨੂੰ ਫਾਂਸੀ ਲੱਗੀ ਉਹ ਮਹਾਨ ਸੂਰਬੀਰ ਹੇਠ ਲਿਖੇ ਅਨੁਸਾਰ ਸਨ, ਜਿਨ੍ਹਾਂ ਨੇ ਕੇਵਲ ਬਰਤਾਨਵੀ ਸਰਕਾਰ ਵਿਰੁੱਧ ਹੀ ਨਹੀਂ,ਭਾਰਤੀ ਪੂੰਜੀ ਪਤੀਆਂ ਅਤੇ ਜਿਮੀਂਦਾਰਾਂ ਵਿਰੁੱਧ ਵੀ ਕ੍ਰਾਂਤੀ ਦਾ ਬਿਗਲ ਬਜਾਇਆ । ਕ੍ਰਾਂਤੀ ਵੀਰਾਂ ਦੇ ਨਾਂ ਇਸ ਪ੍ਰਕਾਰ ਹਨ :-

ਰਾਮਪਤ ਚੁਮਾਰ –	ਚਕੀਆ ਗੋਰਖਪੁਰ		ਫਾਂਸੀ
ਸੰਪਤੀ ਚੁਮਾਰ	ਥਾਨਾ ਗੋਰਖਪੁਰ	,,	ਫਾਂਸੀ
ਛੋਟੂ ਪਾਸੀ	ਚਕੀਆ ਚੌਰਾ	,,	ਮੌਤ
ਅਯੋਦਿਆ ਚੁਮਾਰ	ਮੋਤੀ ਪਾਕੜ	,,	ਸਜ਼ਾ
ਅਲਗੂ ਪਾਸੀ	ਭਾਗ ਪੱਟੀ	-,,	ਸਜ਼ਾ
ਕੱਲੂ ਚੁਮਾਰ	ਰੌਗਰਾ	,,	ਸਜ਼ਾ
ਗਰੀਬ ਚੁਮਾਰ ਰੇਵਤੀ ਬਜਾਰ		,,	ਸਜ਼ਾ
ਯਗੇਸ਼ਰ	ਡੁਮਰੀ	,,	ਸਜ਼ਾ
ਨੌਹਰ ਚੁਮਾਰ	ਗੋਰਖਪੁਰ	,,	ਸਜ਼ਾ
ਫਲਈ ਚੁਮਾਰ	ਚੌਰਾ	,,	ਸਜ਼ਾ
ਬਿਰਜਾ ਚੁਮਾਰ	ਡੁਮਰੀ	,,	ਸਜ਼ਾ
ਮੰਡੀ ਚੁਮਾਰ	ਮਦਨਪੁਰ	,,	ਸਜ਼ਾ
ਮੋਡਈ ਚੁਮਾਰ	ਗੋਰਖਪੁਰ	,,	ਸਜ਼ਾ
ਰਘੁਨਾਥ ਪਾਸੀ	ਗੋਰਖਪੁਰ	,,	,,
ਰਾਮਜਸ ਪਾਸੀ	ਕਰੌਤਾ	,,	,,
ਰਾਮਸ਼ਰਨ ਪਾਸੀ	ਗੋਰਖਪੁਰ	,,	,, (50-53)

(15) ਮਹਾਤਮਾ ਗਾਂਧੀ ਦਾ ਅਸਹਿਯੋਗ ਅੰਦੋਲਨ ਤੇ ਅਛੂਤ ਕ੍ਰਾਂਤੀ ਵੀਰ

ਇਸ ਅੰਦੋਲਨ ਦੇ ਤਹਿਤ ਕਲੱਕਤਾ ਨਗਰ ਪਾਲਿਕਾ ਅਤੇ ਪਟਨਾ ਨਗਰ ਪਾਲਿਕਾ ਵਿਚ ਸਫਾਈ ਕਰਮਚਾਰੀਆਂ (ਵਾਲਮੀਕੀ ਜਮਾਂਦਾਰਾਂ) ਨੇ ਇਕ ਹੜਤਾਲ ਕੀਤੀ । ਜਿਸ ਦਾ ਵਿਰੋਧ ਕਾਂਗਰਸ ਅਤੇ ਉੱਚ ਵਰਗ ਨੇ ਕੀਤਾ । ਸਿੱਟੇ ਵਜੋਂ ਗ੍ਰਿਫਤਾਰੀਆਂ ਹੋਈਆਂ, 11 ਅਕਤੂਬਰ 1920 ਨੂੰ ਹੜਤਾਲ ਵਾਪਸ ਲੈ ਲਈ ਗਈ । ਇਸ ਹੜਤਾਲ ਵਿਚ ਕਾਨ੍ਹਪੁਰ, ਅਲਾਹਾਬਾਦ ਅਤੇ ਲਖਨਊ ਦੇ ਕਰਮਚਾਰੀਆਂ ਨੇ ਵੀ ਭਾਗ ਲਿਆ ਸੀ । ਜਿਨ੍ਹਾਂ ਨੂੰ ਸਜ਼ਾ ਅਤੇ ਜੁਰਮਾਨੇ ਹੋਏ ਉਨ੍ਹਾਂ ਸੂਰਬੀਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :-

ਮਿਠਾਈ ਚੁਮਾਰ	ਪੁਰੰਦਰ ਪੁਰ	ਗੋਰਖਪੁਰ	ਸਜ਼ਾ
ਮੁਖੂ ਚੁਮਾਰ	,,	,,	,,
ਠੇਲੂ ਚੁਮਾਰ	,,	,,	,,
ਗਜਾਧਰ ਪਾਸੀ	,,	,,	,,
ਕੱਲੂ ਧੋਬੀ	,,	,,	,,
ਮੋਹਨ ਧੋਬੀ	ਖਰੌਤੀ	,,	,,

ਦੂਜੋਨ ਚੁਮਾਰ	ਰਹਿਮਾਬਾਦ	ਸੀਤਾਪੁਰ	,,	
ਪਰਾਗੀ ਲਾਲ	ਦੁਰਗਾਪਰਬਾ	,,	,,	
ਰਾਮ ਪ੍ਰਸਾਦ ਚੁਮਾਰ	ਬਸਤੀ ਡਾਕ	ਆਜਮਗੜ੍ਹ	,,	
ਸੂਰਜ ਨਰਾਇਣ ਚੁਮਾਰ	ਰਾਮਗੜ੍ਹ	ਸੁਲਤਾਨਪੁਰ	,,	
ਸੀਤਾ ਰਾਮ ਚੁਮਾਰ	ਲਾਲ ਕੂੰਆਂ	ਲਖਨਊ	,,	
ਜੋਧਾ ਚੁਮਾਰ	ਖੜਊਆਂ	ਮਲੀਹਾਬਾਦ	,,	(56-57)

(16) ਨਮਕ ਸੱਤਿਆ ਗ੍ਰਹਿ ਦੇ ਸ਼ਹੀਦ

1. ਕਾਨਪੁਰ ਵਿਖੇ ਬਲਦੇਵ ਪ੍ਰਸਾਦ ਕੁਰੀਲ ਗੋਲੀ ਨਾਲ ਮਾਰੇ ਗਏ ।

2. ਲਖਨਊ ਵਿਖੇ 26 ਮਈ 1930 ਨੂੰ ਅੱਵਗਿਆ ਅੰਦੋਲਨ ਸਮੇਂ ਸੂਚਤ ਰਾਮ ਜੈਸਵਾਰ ਚੁਮਾਰ, ਲਾਲ ਕੂੰਆਂ ਵਾਸੀ ਪੁਲਸ ਗੋਲੀ ਨਾਲ ਮਾਰੇ ਗਏ ।

3. 24 ਮਾਰਚ 1930 ਨੂੰ ਨੰਨੂ ਪ੍ਰਸਾਦ ਕੁਰੀਲ ਜ਼ਖਮੀ ਹੋ ਕੇ ਸ਼ਹੀਦ ਹੋਏ ।

4. 1932 ਦੇ ਅਵੱਗਿਆ ਅੰਦੋਲਨ ਸਮੇਂ ਬਲਦੀ ਡੇਗਪੁਰ (ਕਾਨ੍ਹਪੁਰ) ਦੇ ਬਲਦੇਵ ਪ੍ਰਸਾਦ ਕੁਰੀਲ ਪੁਲਸ ਗੋਲੀ ਨਾਲ ਸ਼ਹੀਦ ਹੋਏ ।

5. ਲਾਲ ਕੰਆਂ (ਲਖਨਊ) ਨਿਵਾਸੀ ਮੂਚਤ ਰਾਮ ਜੈਸਵਾਰ 26 ਮਈ 1930 ਨੂੰ ਪੁਲਸ ਗੋਲੀ ਨਾਲ ਸ਼ਹੀਦ ਹੋਏ ।

ਜਿਨ੍ਹਾਂ ਵੀਰਾਂ ਨੂੰ ਸਜ਼ਾਵਾਂ ਹੋਈਆਂ ਉਨ੍ਹਾਂ ਕ੍ਰਾਂਤੀਕਾਰੀਆਂ ਦੇ ਨਾਮ ਇਸ ਪ੍ਰਕਾਰ ਹਨ :- ਅਛੂਤ ਖੰਡੇਸ਼ਵਰੀ (ਮੁਜਹੱਸਾ), ਪੂਰਨ ਪਾਸੀ (ਕੰਦਨੀ ਵਿਸਵਾ), ਪਰਾਗੀ ਲਾਲ (ਦੂਰਗਾ ਪੁਰਬਾ), ਸ਼ਿਵ ਦਿਆਲ (ਨਵੀਂ ਬਸਤੀ ਸੀਤਾਪੁਰ), ਕੰਧਈ ਪਾਸੀ (ਡੋਗ ਗਾਊ), ਡੂਰਾ ਪਾਸੀ (ਬਰਵਾਂ ਸਲੋਨ), ਰਘੂਬਰ ਚੁਮਾਰ (ਗੋਰਖਪੁਰ), ਰਾਮ ਦੁਲਾਰੇ ਚੁਮਾਰ (ਨਊਆ ਡੁਮਰੀ), ਸਹਬਲੀ ਪਾਸੀ (ਡੁਮਰੀ), ਅਛੂਤ ਸੁਖਰਾਜ (ਮਹਿਰਾਜ ਗੰਜ), ਉਮਰਾਵ ਚੁਮਾਰ (ਗੋਰਖਪੁਰ), ਗੋਪੀ ਦਾਸ ਸੂਰ (ਵੀਰਪੁਰ), ਰਾਮ ਦੁਲਾਰੇ ਕੋਰੀ (ਜੁਲਾਹਾ ਬੁਣਕਰ, ਦੋਸਤਪੁਰ), ਛੋਟੇ ਲਾਲ ਪਾਸੀ (ਡੌਲੀ), ਟੀਕਾ ਰਾਮ ਪਾਸੀ (ਉਦੈਪੁਰ), ਰਾਮ ਬਖਸ਼ ਕੋਰੀ (ਹਰੀ ਕੁੰਵਰ ਖੇੜਾ); ਚੰਦਰਕਾ ਪ੍ਰਸਾਦ ਪਾਸੀ (ਮੌਲੀ), ਪਹਿਲਵਾਨ ਪਾਸੀ (ਸ਼ੇਰਪੁਰ), ਘਿਰਊ ਕੋਰੀ (ਬਲਰਾਮਪੁਰ), ਬਦਲ ਪਾਸੀ (ਬਲਰਾਮਪੁਰ), ਬਦਲ ਕੋਰੀ (ਕੌੜੀਆ ਗੋਂਡਾ), ਰਾਮ ਲਖਨ ਕੋਰੀ (ਮਹਿਰਾਜਰੀਜ ਗੌਂਡਾ), ਸਕਟੂ ਕੋਰੀ (ਕਟੇਸਰ), ਸ਼ਾਤੀ ਪ੍ਰਸਾਦ (ਤੁਲਸੀਪੁਰ), ਸੁਮਈ ਕੋਰੀ (ਬਲਰਾਮਪੁਰ), ਛੇੜਈ ਪਾਸੀ (ਭਾਨਪੁਰ ਖੀਰੀ), ਮੋਹਨ ਲਾਲ ਧੋਬੀ (ਰੌਲੀ), ਪੂਰਨਮਾਸੀ ਚੁਮਾਰ (ਦੇਵਰੀਆ), ਛਤਰਪਾਲ ਧੋਬੀ (ਪਾਮਾ), ਛੇਦਾ ਲਾਲ ਧੋਬੀ (ਸਾਈਪੁਰਾ), ਪੂਰਨ ਮੱਲ ਜਾਟਵ (ਫਤੇਹਪੁਰ), ਭਜਨ ਲਾਲ ਜਾਟਵ (ਫਤੇਹਪੁਰ ਸੀਕਰੀ), ਬਲਦੇਵ ਸਿੰਘ ਸ਼ਿਲਪੀ (ਉਮੱਥਾ), ਪਿੱਲਰ ਪਾਸੀ (ਮਹਿਰਾਜ ਗੰਜ), ਸੂਰਜ ਬਲੀ (ਬਹਿਗਲੀਚ), ਕੰਧਈ ਪਾਸੀ (ਡੋਗਮਊ), ਕੇਖਪਾਲ ਕੋਰੀ (ਜਗਮੌਲੀ), ਚਿੱਲੂ ਚੁਮਾਰ (ਖੁਰਭਰ ਸੁਕਲਾ), ਬਲੀਕਰਨ ਪਾਸੀ (ਨਊਆ ਡੁਮਰੀ), ਅਮੀ ਚੰਦ (ਪਿਥੌਰਾ ਗੜ੍ਹ), ਜੈਨੰਦ ਭਾਰਤੀ (ਅਰਕੜਈ ਸਾਂਵਲੀ) ਰਾਮ ਪ੍ਰਸਾਦ ਪਾਸੀ (ਖੀਰੀ), ਝੱਬਲ ਰੈਦਾਸ (ਨਰੰਗਾਬਾਦ), ਪੰਨਾ ਮੱਲ (ਖਿਦੌਲੀ), ਮਮੂਤੀ ਚੁਮਾਰ (ਗੋਰਖਪੁਰ), ਅਜੁਦੀ ਧੋਬੀ (ਬਲੀਰਪੁਰ), ਅਜੋਧਿਆ ਚੁਮਾਰ (ਨਗਲਾ ਪਤੀਵਾਂ), ਕਮਲੇ ਚੁਮਾਰ (ਰਾਏਪੁਰ), ਦੁਰਗਾ ਧਾਨਕ (ਭਰੌਲੀ), ਧਨਪਤ ਚੁਮਾਰ (ਨੌਕਾਪੁਰ), ਜੋਖਈ ਲਾਲ ਧੋਬੀ (ਕੋੜਹਾਰ), ਤਾਲੁਕ (ਸ਼ੰਭੂ ਕਾ ਪੂਰਾ), ਬਨਬਾਰੀ ਚੁਮਾਰ (ਅਜੀਤਮੱਲ), ਬਿਸ਼ਨੂੰ ਧੋਬੀ (ਕਾਜੀਪੁਰ), ਭੁੱਲੂ ਕੋਰੀ (ਸਾਂਭਰ), ਹਰਦਿਆਲ ਚੁਮਾਰ (ਅਛਲਦਾ), ਰਾਮ ਲਾਲ ਚੁਮਾਰ (ਚੰਡੂਲਾ ਬਿਲਹੌਰ), ਹੀਰਾ ਲਾਲ ਧਾਨਕ (ਬਰਫਠਾਮਊ-ਪੁਖਰਾਵਾਂ), ਕੰਧਈ ਲਾਲ (ਕਿਲੀ ਬਜ਼ਾਰ ਕਾਨ੍ਹਪੁਰ), ਕੱਲੂ ਰਾਮ ਕੋਰੀ (ਨੋਨਾਰੀ), ਗੋਵਰਧਨ ਧਾਨਕ (ਰਾਧਰਾ ਬਿਲਹੌਰ), ਸ਼ੀਤਲ ਪਾਸੀ (ਅਮਰੋਹਾ), ਦੁਲਾਰਾ ਪਾਸੀ (ਬਜਰੀ ਫਤੇਹਪੁਰ), ਰਘੂਬਰ ਪਾਸੀ (ਨੌਨਾਰਾ), ਬੱਦਰੀ ਪ੍ਰਸਾਦ ਕੋਰੀ (ਚਿੱਲੀ ਡਾਕ), ਰਹਿਆਲ ਕੋਰੀ (ਥਰੀਆਮ), ਸ਼ਿਵਰਤਨ ਚੁਮਾਰ (ਵਿਸ਼ਲਪੁਰ), ਅੰਗਦ ਕੋਰੀ (ਕਨੌਜ), ਕੇਸਰੀ ਚੁਮਾਰ (ਮਹੱਲਾ ਤਲੈਆ), ਘਾਸੀ ਚੁਮਾਰ (ਕਨੌਜ), ਜੈ ਚੰਦ ਕੋਰੀ ਪਪੀਆ ਪੁਰਠਨੀਆ ਝੰਬੂ ਧੋਬੀ (ਮਜਰੇਠਾ ਇਟਰਗੜ੍ਹ), ਢਾਕਨ ਕੋਰੀ (ਜਸਪਾਰ ਪੁਰ), ਦਰਸ਼ਨ ਚੁਮਾਰ (ਤਿਲਕਾਪੁਰ), ਦੁਲਾਰੇ ਧੋਬੀ ਭਗਰਾ ਠਠੀਆ), ਨੱਥੂ ਧੋਬੀ (ਹਰਨਪੁਰ ਸ਼ਮਸਾਬਾਦ), ਫੁੱਲਾ ਚੁਮਾਰ (ਭਲਕਾਪੁਰ ਕਨੌਜ), ਬਲਾਕੀ (ਜਲਾਲਾਬਾਦ ਫਰੁਖਾਬਾਦ), ਭੀਮ ਸੈਨ ਧੋਬੀ (ਅਕਮੇਲਪੁਰ

ਕਮਾਲਗੰਜ), ਮਿੱਠੂ ਲਾਲ (ਕਨੌਜ ਬਲਰਾਮਪੁਰ), ਮੁੱਲਾ ਪਾਸੀ (ਸਿੜ੍ਹਚਕਰਪੁਰ), ਮੁੱਲਾ ਪਾਸੀ (ਰਾਜੇਪੁਰ), ਨਨਕੂ ਕੁਰੀਲ (ਕਾਨ੍ਹਪੁਰ), ਡੋੜੇ ਕੋਰੀ (ਤੁਲਸੀਪੁਰ), ਦੀਨ ਧੋਬੀ (ਤੁਲਸੀਪੁਰ), ਰਾਮ ਦਿਆਲ (ਸਕਤਪੁਰ), ਰਾਮ ਲਾਲ ਚੁਮਾਰ (ਤਿਰਸਮ ਠਠੀਆ), ਲੱਲੂ ਧੋਬੀ (ਠਠੀਆ), ਲੋਹਾਰੀ ਧੋਬੀ (ਅਪਰਚਾ ਅਕਰਤਾਕੀਪੁਰ), ਕਾਲੀਚਰਨ ਚੁਮਾਰ (ਫਿਰੋਜ਼ਪੁਰ ਇੰਦਰਗੜ੍ਹ), ਸੁੱਬਾ ਚੁਮਾਰ (ਬਰਗਾਂਵਪੁਰ), ਹੁਕਮਚੰਦ ਚੁਮਾਰ (ਫਰੁਖਾਬਾਦ), ਹੁੱਲਾ ਕੋਰੀ (ਜਲਾਲਾਬਾਦ ਫਰੂਖਾਬਾਦ), ਹੋਰੀ ਧਾਨਕ (ਪਿਰਗਾਂਵ), ਰਾਜਾ ਰਾਮ ਪਿੱਪਲ (ਬਾਰਾਹੌਲ), ਨਰਾਇਨ (ਕਸਬਾ ਫਤਿਹਾਬਾਦ), ਅੰਗਨੇ ਖਟੀਕ (ਤਾਮਸੇਨ ਗੰਜ), ਖਰੈਤੀ ਖਟੀਕ (ਤਾਮਸੇਨ ਗੰਜ), ਗਜਾਧਰ ਪ੍ਰਸਾਦ (ਸੰਘਪੁਰ ਮਹਿਮਦਬਾਦ) ।(62-77)

(ਇਨ੍ਹਾਂ ਕ੍ਰਾਂਤੀ ਵੀਰਾਂ ਬਾਰੇ ਸਾਨੂੰ ਸਿਰਫ ਇਕ ਪੁਸਤਕ ਮਿਲੀ ਹੈ, ਜਿਸ ਨੂੰ ਵਿਸ਼ੇਸ਼ ਤੌਰ 'ਤੇ ਕਿਸੇ ਧਾਕੜ ਵਿਅਕਤੀ ਨੇ ਤਿਆਰ ਕਰਵਾ ਲਿਆ ਜਾਪਦਾ ਹੈ ।ਵਰਨਾ ਇਹ ਇਤਿਹਾਸ ਪੂਰੀ ਤਰ੍ਹਾਂ ਗੁੰਮ ਹੁੰਦਾ ।ਅਸੀਂ 1950 ਤੋਂ ਹੀ ਦੇਖਦੇ ਅਤੇ ਪੜ੍ਹਦੇ ਆ ਰਹੇ ਹਾਂ ਕਿ ਅਜ਼ਾਦੀ ਦੇ ਸਾਰੇ ਸੰਗਰਾਮ ਨੂੰ ਹਿੰਦੂਆਂ ਜਾਂ ਹੋਰ ਉੱਚੀਆਂ ਜਾਤੀਆਂ ਦੇ ਇਤਿਹਾਸ ਵਜੋਂ ਪੇਸ਼ ਕੀਤਾ ਗਿਆ ਹੈ । ਨਿਮਨ ਜਾਤੀਆਂ ਕਿਧਰੇ ਵੀ ਨਜ਼ਰ ਨਹੀਂ ਆਉਂਦੀਆਂ ।ਅਸੀਂ ਬਹੁਤ-ਬਹੁਤ ਧੰਨਵਾਦੀ ਹਾਂ ਇਤਿਹਾਸਕਾਰ ਡੀ.ਸੀ. ਡੀਕਰ, ਗ੍ਰਹਿ ਸਕੱਤਰ ਮਾਤਾ ਪ੍ਰਸਾਦ ਅਤੇ ਐਮ.ਪੀ. ਮਹਾਵੀਰ ਪ੍ਰਸਾਦ ਦੇ ਜਿਨ੍ਹਾਂ ਨੇ ਅਛੂਤਾਂ ਦੇ ਬਲੀਦਾਨ ਦਾ ਇਤਿਹਾਸ ਸਿਰਜਕੇ ਸਿਰ ਉੱਚਾ ਕੀਤਾ ਹੈ ਅਤੇ ਅਜ਼ਾਦੀ ਸੰਗਰਾਮਾਂ ਨੂੰ ਜਾਤੀ ਵਲਗਣਾਂ ਵਿਚੋਂ ਕੱਢ ਕੇ ਵਿਸ਼ਾਲਤਾ ਬਖਸ਼ੀ ਹੈ ।

(17) ਸਾਈਮਨ ਕਮਿਸ਼ਨ

ਅੰਗਰੇਜ਼ ਸਰਕਾਰ ਨੇ ਸਰ ਸਾਈਮਨ ਦੀ ਅਗਵਾਈ ਵਿਚ ਇਕ ਕਮਿਸ਼ਨ 8 ਨਵੰਬਰ 1927 ਨੂੰ ਨਿਯੁਕਤ ਕੀਤਾ, ਜਿਸ ਦਾ ਉਦੇਸ਼ ਸੀ :-

1. ਸਾਸ਼ਨੀ ਕੰਮ-ਕਾਜ ਦੀ ਛਾਣਬੀਣ ।2. ਸਿੱਖਿਆ ਪ੍ਰਬੰਧਾਂ ਵਿਚ ਵਾਧਾ ।3. ਘੱਟ ਗਿਣਤੀਆਂ ਦੇ ਹਿੱਤ ਦਾ ਵਿਕਾਸ ।4. ਸਮਤਾ ਸਮਾਨਤਾ ਸੰਬੰਧੀ ਜਾਂਚ ।

ਇਸ ਕਮਿਸ਼ਨ ਦਾ ਮਹਾਤਮਾ ਗਾਂਧੀ ਉਸ ਦੀ ਕਾਂਗਰਸ, ਪੰਡਤ ਨਹਿਰੂ, ਗੋਬਿੰਦ ਪੰਤ ਲਾਲਾ ਲਾਜਪਤ ਰਾਏ ਨੇ ਵਿਰੋਧ ਕੀਤਾ ।ਦੂਜੀ ਤਰਫ ਪਛੜੀਆਂ ਜਾਤੀਆਂ ਦੇ ਸੂਝਵਾਨ ਲੋਕਾਂ ਨੇ ਸਾਈਮਨ ਕਮਿਸ਼ਨ ਦਾ ਸਵਾਗਤ ਕੀਤਾ, ਕਿਉਂਕਿ ਇਹ ਕਮਿਸ਼ਨ ਦਲਿਤ ਪੱਛੜੀਆਂ ਜਾਤੀਆਂ ਨਾਲ ਹੋ ਰਹੇ ਦੁਰ-ਵਿਆਹ ਦੀ ਵੀ ਜਾਂਚ ਕਰਨ ਆਇਆ ਸੀ । ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਸਵਾਮੀ ਅਛੂਤਾ ਨੰਦ ਨੇ ਸਵਾਗਤ ਕੀਤਾ ।ਪੰਜਾਬ ਵਿਚ ਬਾਬੂ ਮੰਗੂਰਾਮ ਮੁਗੋਵਾਲ ਨੇ ਲਾਹੌਰ ਵਿਚ ਜਾ ਕੇ ਤੱਥ ਪੇਸ਼ ਕੀਤੇ ।ਆਪਣੇ ਲੋਕਾਂ ਦੀ ਦੁਰਦਸ਼ਾ ਵਿਖਾਈ ।(79-80)

(ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਸਾਈਮਨ ਕਮਿਸ਼ਨ ਅੱਗੇ ਅਛੂਤ ਪੇਸ਼ ਹੋਏ ਕਿ ਉਨ੍ਹਾਂ ਨੂੰ ਅਜਿਹੀ ਕੋਈ ਤਕਲੀਫ ਨਹੀਂ ਹੈ । ਜੇ ਦੇਖੀਏ ਅਤੇ ਸੋਚੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਾਈਮਨ ਕਮਿਸ਼ਨ ਦਾ ਕਾਂਗਰਸ, ਮਹਾਤਮਾ ਗਾਂਧੀ, ਪੰਡਤ ਨਹਿਰੂ, ਉਮਾ ਬਾਜਪਾਈ, ਪੰ : ਬੱਲਵ ਪੰਤ ਅਤੇ ਲਾਲਾ ਲਾਜਪਤ ਰਾਏ ਵੱਲੋਂ ਵਿਰੋਧ ਦੇ ਪ੍ਰਮੁੱਖ ਕਾਰਨ ਹੀ ਇਹ ਸਨ ਕਿ ਕਮਿਸ਼ਨ ਦਲਿਤਾਂ, ਪੱਛੜੀਆਂ ਦੀ ਦੁਰਦਸ਼ਾ ਦੀ ਚਾਂਜ ਕਰਨ ਵਾਲਾ ਸੀ ।ਘੱਟ ਗਿਣਤੀਆਂ ਦੀ ਹਾਲਤ ਬਾਰੇ ਰੀਪੋਰਟ ਲੈਣ ਵਾਲਾ ਸੀ । ਸਿੱਖਿਆ ਪ੍ਰਬੰਧਾਂ ਨੂੰ ਹੋਰ ਵਧਾਉਣ ਬਾਰੇ ਰੀਪੋਰਟ ਦੇਣ ਵਾਲਾ ਸੀ । ਸਵਰਨ ਜਾਤੀਆਂ ਨੂੰ ਇਹ ਮਨਜ਼ੂਰ ਨਹੀਂ ਸੀ । ਸਾਈਮਨ ਕਮਿਸ਼ਨ ਦੀ ਰੀਪੋਰਟ ਕਾਰਨ ਹੀ 1930-31-32 ਦੀਆਂ ਗੋਲਮੇਜ ਕਾਨਫਰੰਸਾਂ ਹੋਈਆਂ । ਨਤੀਜੇ ਵਜੋਂ ਦਲਿਤਾਂ ਨੂੰ ਮਨੁੱਖੀ ਅਧਿਕਾਰ ਮਿਲੇ ।ਘੱਟ ਗਿਣਤੀਆਂ ਭਾਵ ਮੁਸਲਮਾਨਾਂ, ਸਿੱਖਾਂ, ਇਸਾਈਆਂ, ਅੰਗਲੋ ਇੰਡੀਅਨਾਂ ਨੂੰ ਰਾਜਸੀ ਰਾਖਵਾਂਕਰਨ ਮਿਲਿਆ । ਤੇ ਇਹ ਅਧਿਕਾਰ 1935 ਦੇ ਐਕਟ ਵਿਚ ਦਰਜ ਹੋਏ । ਜਿਨ੍ਹਾਂ ਵਿਰੁੱਧ ਮਹਾਤਮਾ ਜੀ ਅਤੇ ਉਸ ਦੀ ਕਾਂਗਰਸ ਨੇ ਮਰਨ ਵਰਤ ਤੱਕ ਰੱਖੇ ।ਅੰਦੋਲਨ ਛੇੜੇ ।ਧਮਕੀਆਂ ਦਿੱਤੀਆਂ । ਇਕ ਸਮਾਂ ਉਹ ਵੀ ਆਇਆ ਜਦੋਂ ਡਾਕਟਰ ਅੰਬੇਡਕਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ।ਅਛੂਤ ਬਸਤੀਆਂ ਜਲਾ ਦੇਣ ਦੀ ਖਬਰ ਮਿਲੀ ।ਅੰਤ ਉਹ ਬੰਗਾਲ ਦੀ ਚੰਡਾਲ ਅਛੂਤ ਨਮੋ ਸ਼ੂਦਰ ਜਾਤੀ ਦਾ ਉਹ ਵਿਸ਼ਾਲ ਇਲਾਕਾ ਵੰਡ ਸਮੇਂ ਪੂਰਬੀ ਪਾਕਿਸਤਾਨ (ਬੰਗਲਾਦੇਸ਼) ਨਾਲ ਜੁੜਵਾ ਦਿੱਤਾ । ਜਿੱਥੋਂ ਡਾ. ਅੰਬੇਡਕਰ ਨੂੰ ਅਛੂਤਾਂ ਨੇ ਜਿਤਾ ਕੇ ਵਿਧਾਨ ਅਸੈਂਬਲੀ ਵਿਚ ਭੇਜਿਆ ਸੀ ਤੇ ਡਾ. ਅੰਬੇਡਕਰ ਨੂੰ ਇਹ

ਕਹਿ ਕੇ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਕਿ ਉਹ ਇਕ ਪਾਕਿਸਤਾਨੀ ਇਲਾਕੇ ਵਿਚੋਂ ਜਿੱਤੇ ਹਨ, ਜੋ ਭਾਰਤੀ ਇਲਾਕਾ ਨਹੀਂ ਰਹਿਆ, ਇਸ ਕਰਕੇ ਉਹ ਅਸੈਂਬਲੀ ਨੁਮਾਇੰਦਾ ਨਹੀਂ ਹਨ । ਜਦੋਂ ਰਾਘਵਾਂਕਰਨ ਮਿਲ ਗਿਆ ਤਾਂ ਹਿੰਦੂ ਜਾਤੀਆਂ ਨੇ ਜੋ ਕਾਂਗਰਸ ਦੀ ਮਗਰ ਸਨ ਇਹ ਨਾਅਰਾ ਲਗਾਇਆ ਕਿ "ਅਸੰਬਲੀਆਂ ਵਿਚ ਕੌਣ ਜਾਏਗਾ ? ਢੇਡ ਜਾਣਗੇ ।" ਇਹ ਸਭ 1928 ਤੋਂ ਲੈ ਕੇ 1946 ਤੱਕ ਵਾਪਰਿਆ।)

(18) ਵਿਨੋਵਾ ਭਾਵੇ ਦਾ ਵਿਅਕਤੀ ਗਤ ਸੱਤਿਆਗ੍ਰਹਿ

ਵਿਨੋਵਾ ਦਾ ਇਹ ਸੱਤਿਆ ਗ੍ਰਹਿ ਭਾਰਤ ਦੇ ਵਿਸ਼ਵ ਯੁੱਧ ਵਿਚ ਸ਼ਾਮਲ ਹੋਣ ਅਤੇ ਸਰਕਾਰ ਦਾ ਸਾਥ ਦੇਣ ਦੇ ਵਿਰੁੱਧ ਸੀ, ਜੋ 7 ਨਵੰਬਰ 1940 ਨੂੰ ਸ਼ੁਰੂ ਹੋਇਆ । ਮਹਾਤਮਾ ਗਾਂਧੀ ਅਤੇ ਪੰਡਤ ਨਹਿਰੂ ਇਸ ਸੱਤਿਆ ਗ੍ਰਹਿ ਦੇ ਵਿਰੁੱਧ ਸਨ । ਪਰੰਤੂ ਇਸਦੇ ਪੱਖ ਵਿਚ ਹਜ਼ਾਰਾਂ ਲੋਕ ਜੇਲ੍ਹ ਗਏ । ਕਈ ਮੁੱਖ ਮੰਤਰੀ ਅਤੇ ਮੰਤਰੀ ਸਮੇਤ 290 ਵਿਧਾਨ ਮੰਡਲਾਂ ਦੇ ਮੈਂਬਰ ਗ੍ਰਿਫਤਾਰ ਕੀਤੇ ਗਏ । ਜਿਨ੍ਹਾਂ ਵਿਚ ਹੇਠ ਦਰਸਾਏ ਅਛੂਤਾਂ ਨੂੰ ਸਜ਼ਾਵਾਂ ਅਤੇ ਜੁਰਮਾਨੇ ਹੋਏ ।

ਬਾਬਾਦੀਨ ਕੋਰੀ (ਲਖਨਊ), ਮੋਹਨ ਲਾਲ ਪਾਸੀ (ਲਖਨਊ), ਮੈਕੂ ਲਾਲ ਪਾਸੀ (ਲਖਨਊ), ਰਾਮ ਦਿਆਲ ਪਾਸੀ (ਲਖਨਊ), ਟੀਕਾ ਰਾਮ ਚੁਮਾਰ (ਥਾਨਾ), ਉਮਰਾਵ ਚੁਮਾਰ (ਸੋਹਾਪੁਰ), ਜਗਨ ਨਾਥ ਪ੍ਰਸਾਦ ਚੁਮਾਰ (ਭਟਗਾਂਵ), ਕੰਧਈ (ਖਰਗੀ), ਸਤਨ ਪਾਸੀ (ਤਿਵਾਰੀਪੁਰ ਪਹਾੜਾ), ਸਠੋਲੇ ਕੋਲ (ਮੌਲਨੀਆ ਲਾਲ ਗੰਜ), ਖੇਮਰਾਜ ਚੁਮਾਰ (ਸ਼ਾਮ ਦੇਵਰਹਾ), ਨੰਨ੍ਹੇ ਦਾਸ ਕੁਰੀਲ (ਰਾਜਾਪੁਰ), ਸ਼ਿਵਰਾਮ ਚੌਧਰੀ (ਮੁਬਾਰਕਪੁਰ ਰਾਏ ਬਰੇਲੀ), ਸੂਬਾ ਪਾਸੀ (ਬਿਸਹੀਆ ਪੁਰਬਾ), ਬਲਦੇਵ ਧੋਬੀ (ਆਇਜਾ), ਦਇਆ ਰਾਮ ਧਾਨਕ (ਕਾਨ੍ਹਪੁਰ), ਨਿਕਸਨ ਰਾਵਤ (ਜੇਤਪੁਰਾ), ਨਿਰੰਜਨ ਚੁਮਾਰ (ਨਗਲਾ ਪਤੀਆ ਬਿਧੂਨਾ), ਅਯੋਧਿਆ ਚੁਮਾਰ (ਪਤੀਬਾਰ ਬਕੇਵੇਰ), ਗਿਰਧਾਰੀ ਧੋਬੀ (ਚਗਕੁਨੀ), ਦੁਰਗਾ ਪ੍ਰਸਾਦ ਪਾਸੀ (ਇਮਾਮ ਪੁਰ), ਸੈਕੂ (ਛਿਦਾਨੀ), ਲਲਤਾ ਪ੍ਰਸਾਦ (ਮਲ੍ਹੀਆ ਦਸੋਧੀ), ਸ਼ੰਭੂ ਦੱਤ (ਨਦੇਵਨ); ਪਲੈਬੀ ਰਾਏ (ਸਟੇਰਾ), ਅਯੋਧਿਆ ਚੁਮਾਰ (ਮੁਹੰਗਦਪੁਰ) ਬਸਖਾਰੀ), ਗੁਨਈ ਚੁਮਾਰ (ਜਲਾਲਾਪੁਰ), ਬਸੰਤ ਪਾਸੀ (ਲਾਲਪੁਰ), ਵਿਭੂਤੀ ਚੁਮਾਰ (ਤਿੱਘਰਾ), ਰਾਮ ਲਾਲ ਪਾਸੀ (ਦੌਲਤਪੁਰ), ਸ਼ੰਕਰ ਰੈਦਾਸੀਆ (ਸਕੇਤੂ ਰਾਮਪੁਰ), ਛੇਦਾ ਲਾਲ ਪਾਸੀ (ਗਾਜੀਆਪੁਰ), ਛੇਦੀ ਲਾਲ ਰੈਦਾਸੀਆ (ਰਾਮਪੁਰ), ਛੰਦੂ ਲਾਲ ਪਾਸੀ (ਖਾਨਪੁਰ ਗੁਰੇਲਾ), ਦਨਕੂ ਦਾਸ ਧੋਬੀ (ਮੁੰਡਾ ਗਾਲਬ), ਚੇਤਰਅ ਕੋਰੀ (ਬਨਵਾਰੀ ਮਾਰਗ), ਚੇਤਰਾਮ ਧੋਬੀ (ਭੁਲਨਪੁਰ), ਭਿਖਾਰੀ ਲਾਲ ਧੋਬੀ (ਡੋਕਰਪੁਰ), ਭੋਲਾ ਨਾਥ ਖਟੀਕ (ਕਬੀਦੀ), ਨੰਗਾ ਰਾਮ ਰੈਦਾਸੀਆ (ਖਾਨਪੁਰ ਗੁਰੇਲਾ), ਪੂਤੂ ਲਾਲ ਨਟ (ਮੁਹੰਮਦਾਬਾਦ ਭੀਮਪੁਰ), ਬਲਦੇਵ ਸਿੰਘ ਆਰੀਆ (ਗੜ੍ਹਵਾਲ), ਰਾਮਧਾਰਾ ਚੁਮਾਰ (ਉਮਾਂਵਲੀਆ), ਰਾਜ ਰਾਮ ਛੀਪੀ (ਸਹਾਰਨਪੁਰ), ਇੰਦਰ ਸੇਨ (ਅਮਾਵਤਪੁਰ ਨਕਸਰ), ਮੰਸ਼ਾ ਰਾਮ ਅਛੂਤ (ਕਿਸੋਰਪੁਰ ਮੰਗਹੋ), ਇੰਦਲ ਪਾਸੀ (ਭਵਾਨੀ ਖੰਡਾ), ਬਿਹਾਰੀ ਚੁਮਾਰ (ਬਾਂਗਰ ਗਊ ਉਨਾਵ), ਮੁਲਈ ਦਾਸ ਰੈਦਾਸੀਆ (ਜੀਅਨਪੁਰ), ਰਾਮਦੀਨ ਰੈਦਾਸੀਆ (ਰਾਮਪੁਰ), ਮੈਕੂ ਲਾਲ ਪਾਸੀ (ਬਾਘਰਪੁਰ), ਨਨਕੂ ਰੈਦਾਸੀਆ (ਖਗਲੀਆ), ਰਾਮ ਲਾਲ ਪਾਸੀ (ਦੌਲਤਪੁਰ), ਮੋੜਈ ਪਾਸੀ (ਬੇਨੀਗੰਜ ਹਰਦੋਈ), ਬੱਦਰੀ ਪ੍ਰਸਾਦ (ਚਿੱਲੀ), ਦੁਰਗਾ ਦੀਨ ਅਛੂਤ (ਕਨਾਥ), ਬਿਦੇਸ਼ਵਰੀ ਅਛੂਤ (ਬੰਧਨ), ਭਗਵਾਨਦੀਨ ਅਛੂਤ (ਪੀਂਘ), ਮਗਨਕੋਰੀ (ਮਨਾਰ ਸੰਗਰਾਮਗੜ੍ਹ), ਬਸੰਤ ਲਾਲ ਪਾਸੀ (ਡਾਲੀ ਗੰਜ), ਖੁਸ਼ੀ ਰਾਮ (ਕੋਹਲਾਪੁਰੀ) ।(100-108)

(19) ਭਾਰਤ ਛੱਡੋ ਅੰਦੋਲਨ ਦੇ ਸ਼ਹੀਦ ਅਤੇ ਕ੍ਰਾਂਤੀਵੀਰ

ਜੋ ਸ਼ਹੀਦ ਹੋਏ : ਮੈਕੂਲਾਲ ਚੁਮਾਰ (ਹਾਜੀਪੁਰ), ਸਿਵਧਨ ਚੁਮਾਰ (ਮਧੁਬਨ), ਝਾਊ ਲਾਲ ਜਾਟਵ (ਸਾਗਰ ਸਰਾਏ), ਰਿਖਈ ਧੋਬੀ (ਗੋਦਿਤੀ ਬਜੁਰਗ), ਛੁਟਕਈ ਅਛੂਤ (ਬਿਜੈ ਦੇਵਰੀਆ), ਰਾਮ ਚੰਦ ਧੋਬੀ (ਨੌਤਨ ਹਬੀਆਗੜ੍ਹ), ਨਨਕਊ ਮੇਹਤਰ (ਬਖਸ਼ੀ ਬਜਾਰ ਅਲਾਹਾਬਾਦ), ਰਾਮ ਸੁਭੱਗ ਚੁਮਾਰ (ਨੇਵਰੀ ਵਾਲੀਆ), ਹਰੀ ਚੁਮਾਰ (ਸੁਲਤਾਨਪੁਰ), ਰਾਮ ਜਨਮ ਗੋਂਡਾ (ਮਿਲਕੀ ਤਿਵਾਰੀ), ਵਿਦਿਆਪਤੀ ਗੋਂਡ (ਮਿਲਕੀ), ਘੇਲਾ ਦੁਸਾਧ (ਨੇਵਰੀ), ਦੂਧਨਾਥ ਕੋਰੀ (ਗੰਧਾਰ), ਸ਼ਿਵਧਨ ਚੁਮਾਰ (ਪਹਾੜੀਪੁਰ), ਸੈਤੂ ਨਿਵਾਸ (ਸ੍ਰੀ ਨਗਰ ਸਿਆਰਾ), ਲਸ਼ਮਣ ਅਛੂਤ (ਬੀਕਾਨੇਰ), ਸੰਨੂ ਧੋਬੀ (ਸਿਆਰਾ), ਪੰਚਮ ਪਾਸੀ (ਮੁਨਸ਼ੀ ਗੰਜ) ।

ਜਿਨ੍ਹਾਂ ਨੂੰ ਸਜ਼ਾ ਮਿਲੀ :- ਬਸੰਤ ਲਾਲ ਪਾਸੀ (ਡਾਲੀਗੰਜ ਲਖਨਊ), ਮਾਨ ਸਿੰਘ ਅਜ਼ਾਦ (ਵੱਡਾ ਚਾਂਦ ਗੰਜ ਲਖਨਊ), ਅਵਤਾਰ ਪਾਸੀ (ਟਿਕਰਾ ਪਹਾੜਗੜ੍ਹ), ਬੈਜੂ ਧੋਬੀ (ਕੁਡਿਰਵਾ ਜੌਨਪੁਰ), ਗੋਕਲ ਪਾਸੀ

(ਮੀਨਾਪੁਰ), ਕੱਲੂ ਚੁਮਾਰ (ਸਰਾਏ ਖੁਆਜਾ ਜੌਨਪੁਰ), ਵਿਸ਼ਵਾਨਾਥ ਪ੍ਰਸਾਦ ਕੰਜੜ (ਤਾਰਕਾਪੁਰ ਮਿਰਜਾਪੁਰ), ਹੁਬਲਾਲ ਅਛੂਤ (ਬੱਜਾ ਕੱਛਾਹ), ਸਮਤਾ ਰਾਵ ਜਾਟਵ (ਮੇਂਜਾ ਬਰਾਗ), ਸ਼ਿਬਨੂੰ ਚੁਮਾਰ (ਬਿਰਨਾ ਵਾਰਾਨਸੀ), ਸੁਮੇਰ ਰਾਮ ਚੁਮਾਰ (ਧਾਨਾਪੁਰ ਬਾਰਾਨਸੀ), ਸੁਖਦੇਵ (ਬਿਲਦਾਸ ਬਾਰਾਨਸੀ), ਸੱਤਿਆ ਨਰਾਇਣ (ਸੇਵਈ ਮਹਮੂਦਪੁਰ), ਸਵਰੂਪ (ਸਦੀਆਬਾਦ), ਸ਼ਿਵਪਤੀ ਚੁਮਾਰ (ਮੀਕਲਪੁਰ), ਸ੍ਰੀ ਨਾਥ (ਆਜਮਗੜ੍ਹ), ਪ੍ਰਸਾਦ ਚੁਮਾਰ (ਓਇਨਾ), ਗੋਪੀ ਦਾਸ ਖਟੀਕ (ਵੀਰਪੁਰ ਇਮਲੀਆ), ਰਣ ਜੈ ਪਾਸੀ (ਮਹਿਰੌਲੀ ਨਵਾਬ ਗੰਜ ਅਲਾਹਾਬਾਦ), ਜਵਾਹਰ ਲਾਲ ਕੋਰੀ (ਕੋਤਵਾਲੀ ਅਲਾਹਾਬਾਦ), ਬੈਜੂਪਾਸੀ (ਬਰਛਨਪੁਰ), ਬੰਸ਼ੀ (ਮੇਜਾ ਅਲਾਹਾਬਾਦ), ਬਿੰਦੇਸ਼ਵਰੀ ਪ੍ਰਸਾਦ (ਅਲਾਹਾਬਾਦ), ਸ੍ਰੀਨਾਥ ਪਾਸੀ (ਸੋਰਾਂਵ ਅਲਾਹਾਬਾਦ), ਕੰਧਈ ਲਾਲ (ਕੂਲੀ ਬਜਾਰ ਕਾਨ੍ਹਪੁਰ), ਮੁੰਨਾ ਰਵੀਦਾਸ (ਧਰੁਵ ਮਊ ਬਿਲਹੌਰ), ਰਾਮਦੀਨ ਰਵਿਦਾਸ (ਫੂਲਮਊ ਬਿਲਹੌਰ), ਲੱਲੂ ਰਵਿਦਾਸ (ਬਿਲਹੌਰ ਕਾਨ੍ਹਪੁਰ), ਸਰਜੂ ਪ੍ਰਸਾਦ ਕੋਰੀ (ਘਾਟਮਪੁਰ), ਲਾਲਤਾ ਪ੍ਰਸਾਦ (ਚੁਲੱਹੀਆ ਦਸੋਧੀ), ਧੱਜੂ ਚੁਮਾਰ (ਬਸਰਬਾਰੀ ਫੈਜਾਬਾਦ), ਪਲੰਧੀ ਰਾਏ (ਭੇਖਰਾ ਫੈਜਾਬਾਦ), ਰਾਮ ਖਿਲਖ ਚੁਮਾਰ (ਬਸਰਬਾਰੀ ਫੈਜਾਬਾਦ), ਪੰਚਾ ਨੰਦ ਧੁਸੀਆ (ਗੋਰਖਪੁਰ), ਬਾਲਕਰਨ ਪਾਸੀ (ਨਵੀਂ ਡੁਮਰੀ), ਮਹਾਵੀਰ ਹਰੀਜਨ (ਚੌਕੇ ਟੋਲਾ), ਜੈਊ ਚੁਮਾਰ (ਦੋਹਰੀਆ), ਨੰਦ ਰਾਮ ਸਿੰਘ (ਪੌੜੀ ਗੜਵਾਲ), ਦੁਰਗਾ ਪ੍ਰਸਾਦ (ਅਮਲੀਆ ਸਧਈ), ਪੂਰਨ ਲਾਲ ਰੈਦਾਸ (ਬਸੀਆਪੁਰ), ਪਿਆਰੇ ਲਾਲ ਰੈਦਾਸ (ਬਸੀਆਪੁਰ ਬਾਂਕੇ ਗੰਜ), ਬਿਹਾਰੀ ਲਾਲ ਕੋਰੀ (ਦੁਲੀਪੁਰ), ਬੁੱਧਾ ਰਾਮ (ਪਰਸੇਹਰਾ), ਭਗਵਾਨ ਦੀਨ ਪਾਸੀ (ਸੰਸਾਰਪੁਰ), ਭੂਵਨ ਰੈਦਾਸ (ਧਸੀਆਪੁਰ), ਭੋਲਾ ਨਾਥ ਖਟੀਕ (ਖੀਰੀ), ਭੂਵਨ ਦਾਸ ਰੈਦਾਸ (ਉਤਰੇਲੀਆ), ਘਾਸੀ ਰਾਮ ਚੁਮਾਰ (ਹਰੀ ਪਰਬਤ ਆਗਰਾ), ਛੋਟੇ ਲਾਲ (ਰਾਇਪੁਰ ਬਾਂਕੇਗੰਜ), ਕਾਸ਼ੀ ਰਾਮ ਕੋਰੀ (ਦੁਲੀਪੁਰ ਗਰੰਟ), ਖੱਗਾ ਰਾਮ ਕੋਰੀ (ਸਰਦਾਪੁਰ), ਚੇਤਰਾਮ ਧੋਬੀ (ਭੂਲਨਪੁਰ), ਮਨੋਹਰ ਲਾਲ ਧਾਨਕ (ਕੁੱਕਾਪੁਰ), ਮੰਗੁਲਾਲ ਪਾਸੀ (ਮਊ ਭੂਲਨਪੁਰ), ਲਛਮਣ ਪ੍ਰਸਾਦ ਪਾਸੀ (ਧਰਮ ਨਗਰ), ਸਾਲਮਰਾਮ ਰੈਦਾਸ (ਪਸੀਆਪੁਰ), ਸੁਮੇਰ ਕੋਰੀ (ਚੂਲੀਪੁਰ), ਇਤਬਾਰੀ ਰੈਦਾਸ (ਨੰਦਾਪੁਰ ਬਾਂਕੇ), ਗੋਕਲ ਰਾਮ ਰੈਦਾਸ (ਨੰਦਾਪੁਰ ਬਾਂਕੇ ਗੰਜ), ਡੋਰੇ ਲਾਲ ਰੈਦਾਸ (ਨੰਦਾਪੁਰ ਬਾਂਕੇ), ਭਗਵਤ ਰੈਦਾਸ (ਨੰਦਾਪੁਰ ਬਾਂਕੇਗੰਜ), ਰਘੂਬਰ ਦਿਆਲ (ਸਮਥਰ ਝਾਂਸੀ), ਰਾਮ ਸੇਵਕ ਰਾਵਤ (ਝਾਂਸੀ), ਰੰਜਨ ਲਾਲ ਧੋਬੀ (ਰੋਟੀ ਗੁਦਾਮ ਕਾਨ੍ਹਪੁਰ), ਮੇਵਾ ਰਾਮ ਧਾਨਕ (ਕੁਕਉਲੀ), ਗੰਗਾ ਰਾਮ ਧਾਨਕ (ਚਕਵਾ ਬਜਰਗ), ਮੋਹੀ ਧੋਬੀ (ਕੇਮਹਰਾ ਚਿਰੋਂਜੀ), ਕਮਲਾ ਹਰੀਜਨ (ਭਰੋਸਾ), ਬੈਜੂ ਪਾਸੀ (ਅਰਾਜਪੁਰ), ਮਵਾਸ਼ੀ ਰਾਮ (ਜੈਤਰਾ), ਕਨੱਹੀਆ ਲਾਲ ਵਾਲਮੀਕੀ (ਸਰਾਏ ਧਾਰੀ), ਮੁਹੱਬਤੀ ਅਛੂਤ (ਭਰੋਸਾ ਲਖਨਊ), ਗਾਜੀ ਰਾਮ ਚੁਮਾਰ (ਲਾਲ ਕੂੰਆਂ ਭੂਈਆਂ), ਜਵਾਹਰ ਚੁਮਾਰ (ਸੰਡੀਜਾ ਹਰਦੋਈ), ਰਾਮ ਥਾਲੀ ਅਛੂਤ (ਕੁੜਾਸਰ), ਛੋਟੇ ਧੋਬੀ (ਸ਼ੇਕਰਪੁਰ ਚੌਬੀਆ), ਰਾਮ ਸ਼ੰਕਰ ਰਵੀਦਾਸੀ (ਆਲਮ ਨਗਰ), ਹਰੀ ਸਿੰਘ ਜਾਟਵ (ਪੰਚਾਲੀ ਖੁਰਦ), ਅਯੋਧਿਆ ਹਰੀਜਨ (ਰਾਮਪੁਰ ਜਾਲੌਨ), ਬਾਬੂ ਅਛੂਤ (ਏਟਾ ਜਾਲੌਨ), ਭਗਵਾਨ ਦਾਸ (ਬਾਂਗਰਾ ਜਾਲੌਨ), ਸ੍ਰੀ ਦੇਵੀ (ਸਾਧੋਗੜ੍ਹ ਜਾਲੌਨ), ਸ੍ਰੀ ਦੁਲਾਰੇ (ਰਾਮਪੁਰ ਜਾਲੌਨ), ਗੰਗਾ ਦੀਨ (ਉਰਗਾਂਵ ਜਲੌਨ), ਸ੍ਰੀਮਤੀ ਹਲਸੀ (ਮਾਦੇਕ ਜਲੌਨ), ਜਗਨ ਨਾਥ ਧੋਬੀ (ਓਰਈ ਜਾਲੌਨ), ਨੰਦੀ ਅਛੂਤ (ਕਥੌੜਾ ਜਾਲੌਨ), ਟੇਕਾ ਰਾਮ ਅਛੂਤ (ਲੁਹਾਰੀ ਜਾਲੌਨ), ਮੰਗਲ ਲਾਲ ਚੁਮਾਰ (ਗਰੌਥਾ ਝਾਂਸੀ), ਦੇਵੀ ਬਸੋਰ (ਧਨੋਰੀ ਹਮੀਰਪੁਰੀ), ਨੰਦਰਾਮ ਸਿੰਘ (ਪੌੜੀ ਗੜਵਾਲ) ।(109-126)

(19) ਅਜ਼ਾਦ ਹਿੰਦ ਫੌਜ ਦੇ ਅਛੂਤ ਸ਼ਹੀਦ

ਬਰਤਾਨਵੀ ਸਰਕਾਰ ਦੀ ਇੱਕ ਚੁਮਾਰ ਰੇਜਮੈਂਟ ਸੀ, ਜੋ ਅਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋ ਗਈ ਸੀ । ਸੈਂਕੜੇ ਅਛੂਤ ਅਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਕੇ ਲੜੇ ਅਤੇ ਕੁਰਬਾਨ ਹੋਏ । ਜਿਨ੍ਹਾਂ ਵਿਚੋਂ ਕੁਝ ਨਾਂ ਇਸ ਪ੍ਰਕਾਰ ਹਨ :-

ਸ਼ਹੀਦ ਰਾਮ ਪ੍ਰਸਾਦ ਚੁਮਾਰ, ਬੇਨਾ ਝਾਵਰ ਕਾਨ੍ਹਪੁਰ ।
ਸ਼ਹੀਦ ਭੋਲਾ ਰਾਮ ਜੈਸਾਵਾਰਾ ਚੁਮਾਰ ਵਾਰਾਣਸੀ ।
ਸ਼ਹੀਦ ਕਾਸ਼ੀ ਰਾਮ ਅਛੂਤ ਛਾਰਾ ਜਿਲ੍ਹਾ ਰੋਹਤਕ ।
ਸ਼ਹੀਦ ਗਬਰੂ ਰਾਮ ਅਛੂਤ ਖਰਖੇਰੀ ਹਿਸਾਰ ।
ਸ਼ਹੀਦ ਬਾਬੂ ਲਾਲ ਛਿਤਵਾਪੁਰ ਲਖਨਊ ।
ਸ਼ਹੀਦ ਕੰਨਾ ਰਾਏ ਚੌਂਕ ਜਿਲ੍ਹਾ ਗੁੜਗਾਉਂ । (128)

(20) ਸ਼ਡਿਊਲਡ ਕਾਸਟ ਫੈਡਰੇਸ਼ਨ ਦੇ ਸ਼ਹੀਦ

ਇਹ ਫੈਡਰੇਸ਼ਨ ਬਾਬਾ ਸਾਹਿਬ ਡਾ. ਅੰਬੇਡਕਰ ਨੇ ਬਣਾਈ ਸੀ । ਜਿਸ ਨੇ 1946-47 ਵਿਚ ਦੇਸ਼ ਵਿਆਪੀ ਅੰਦੋਲਨ ਛੇੜਿਆ । ਦੇਸ਼ ਭਰ ਵਿਚ 25000 ਸੱਤਿਆ ਗ੍ਰਹੀ ਜੇਲ੍ਹ ਗਏ ਅਤੇ ਦੋਜੀ ਰਾਮ ਜਾਟਵ 12 ਜੂਨ 1947 ਨੂੰ ਆਪਣੇ ਮਨੁੱਖੀ ਅਧਿਕਾਰਾਂ ਲਈ ਲੜਦੇ ਜੇਲ੍ਹ ਗਏ । ਉਨ੍ਹਾਂ ਦਾ ਪਿੰਡ ਚੰਢਪਾ ਤਸੀਲ ਹਾਥਰਸ ਸੀ ।(129-30)

(21) ਭਾਰਤ ਛੱਡੋ ਅੰਦੋਲਨ ਦੇ ਸ਼ਹੀਦ

ਸ਼ਹੀਦ ਉੱਤਮ ਰਾਵ ਅੰਬੇਡਕਰ	(ਕਿਡਾਲਾ ਜਿਲ੍ਹਾ ਬਰਧਾ)
ਸ਼ਹੀਦ ਕੌਂਡੀਆ ਕੋਰੀ	(ਪੂਨਾ ਮਹਾਂਰਾਸ਼ਟਰ)
ਸ਼ਹੀਦ ਗਣਪਤੀ ਜਾਗਵ	(22 ਫਰਵਰੀ 46 ਨੂੰ ਪੁਲਸ ਗੋਲੀ ਨਾਲ ਮਰੇ)
ਸ਼ਹੀਦ ਗਿਆਨੂ ਜਾਗਵ	(ਦੁਸੇਂਹਰੇ ਜਿਲ੍ਹਾ ਸਤਾਰਾ)
ਸ਼ਹੀਦ ਸ੍ਰੀਮਤੀ ਜਾਗਵ	(ਕਨੂਰ ਜਿਲ੍ਹਾ ਸਤਾਰਾ)
ਸ਼ਹੀਦ ਬਿਠਲਰਾਮ ਜੀ ਚੁਮਾਰ	(1942 ਵਿਚ ਜੇਲ੍ਹ ਵਿਚ ਮਰੇ)
ਸ਼ਹੀਦ ਰਾਮ ਚੰਦਰ ਮਾਲਾ	(ਬੰਬਈ ਪੁਲਸ ਦੀ ਗੋਲੀ ਨਾਲ ਮਾਰੇ ਗਏ)
ਸ਼ਹੀਦ ਸਰਜੇ ਰਾਵ ਜਾਘਵ	(ਬਾੜੀ ਜਿਲ੍ਹਾ ਸਾਂਗਲੀ)
ਸ਼ਹੀਦ ਹਨੂੰ ਮੰਤ ਰਾਵ	(ਸੋਲਾਪੁਰ ਬੇਲਗਾਂਵ)
ਸ਼ਹੀਦ ਲਾਲ ਜੀ ਆਰ	(ਨਾਗਪੁਰ ਮਹਾਂਰਾਸ਼ਟਰ)
ਸ਼ਹੀਦ ਹਰਾਵਾ ਮਹਾਰ	(ਨਾਗਪੁਰ ਮਹਾਂਰਾਸ਼ਟਰ)
ਸ਼ਹੀਦ ਰਾਮਾ ਬਾਲਾ ਕੋਲੀ	(ਕੋਲਾਵਾ ਮਹਾਂਰਾਸ਼ਟਰ)
ਸ਼ਹੀਦ ਸ਼ੰਕਰ ਚੁਮਾਰ	(ਭੰਗਰੂਲ ਜਿਲ੍ਹਾ ਸਾਂਗਲੀ) ।(133)

(22) ਸ਼ਹੀਦ ਊਧਮ ਸਿੰਘ

ਜਨਮ 26 ਦਸੰਬਰ 1898, ਸੁਨਾਮ ਪਟਿਆਲਾ (ਪੰਜਾਬ) ਪਿਤਾ ਟੈਹਲ ਸਿੰਘ ਪਹਿਲਾਂ ਨਾਂ ਚੂਹੜ ਰਾਮ । ਮਾਤਾ ਦਾ ਨਾਮ ਹਰਨਾਮ ਕੌਰ ਪਹਿਲਾ ਨਾਂ ਨਰਾਇਣੀ ਦੇਵੀ । ਜਲ੍ਹਿਆਂ ਵਾਲਾ ਬਾਗ ਦੇ ਹਜ਼ਾਰਾਂ ਭਾਰਤੀਆਂ ਦੇ ਕਾਤਲ ਜਨਰਲ ਡਾਇਰ ਨੂੰ ਲੰਡਨ ਦੀ ਸਭਾ ਵਿਚ ਪੂਰੇ ਵੀਹ ਸਾਲ ਪਿੱਛਾ ਕਰਨ ਉਪਰੰਤ ਗੋਲੀ ਨਾਲ ਉਡਾਇਆ ।12 ਜੂਨ 1940 ਨੂੰ ਲੰਡਨ ਵਿਚ ਹੀ ਫਾਂਸੀ ਦਿੱਤੀ ਗਈ ।(134)

(23) ਆਦਿ ਵਾਸੀ ਬਿਰਸਾ ਮੁੰਡਾ ਦੀ ਅਗਵਾਈ ਵਿਚ ਹੋਏ ਸ਼ਹੀਦ

ਕ੍ਰਾਂਤੀਕਾਰੀ ਵਿਰਸਾ ਮੁੰਡਾ ਨੇ ਬਰਤਾਨਵੀ ਸਰਕਾਰ ਸਮੇਂ ਜੰਗਲੀ ਖੇਤਰਾਂ ਵਿਚ ਲੰਬੀ ਟੱਕਰ ਲਈ । ਉਸ ਦੀ ਅਗਵਾਈ ਵਿਚ ਇਕ ਬਹੁਤ ਅਤਿਆਚਾਰਾਂ ਲੰਬਾ ਅਤੇ ਜ਼ੋਰਦਾਰ ਅੰਦੋਲਨ ਚੱਲਿਆ । ਜੋ ਭਾਰਤੀ ਸਵਰਨ ਜਗੀਰਦਾਰੀ ਦੇ ਵਿਰੁੱਧ ਸੀ । ਜੋ ਲੋਕ ਇਸ ਅੰਦੋਲਨ ਵਿਚ ਸ਼ਹੀਦ ਹੋਏ, ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :-

ਮੁੰਡਾ ਮਾਨ ਦੇਵ	ਪਿੰਡ ਦੇਮਖਾਨੇਲ	ਜਿਲ੍ਹਾ ਰਾਂਚੀ	ਬਿਹਾਰ ।
ਮੁੰਡਾ ਸਾਂਢੇ	ਜਾਨਮ ਪੀਰੀ	,,	,, ।
ਮੁੰਡਾ ਸਿਹ ਰਾਜਾ	ਮਤੌਲੀ,	,,	,, ।
ਮੁੰਡਾ ਸੁਖਰਾਮ	ਚਕਧਰਪੁਰ	ਸਿੰਹਭਮ	,, ।
ਮੁੰਡਾ ਸਾਂਬਰਾਏ	ਰਾਂਚੀ	ਰਾਂਚੀ	,, ।
ਮੁੰਡਾ ਛਤੀਰਾਮ	ਗੜ੍ਹਪੜ੍ਹ	,,	,, ।
ਮੁੰਡਾ ਹਰੇ	,,	,,	,, ।

(136-ਸਮਾਂ 1899-1900)

ਦੂਸਰੀ ਜਾਣਕਾਰੀ ਅਨੁਸਾਰ :-

ਸਵਰਨ ਜਿਮੀਂਦਾਰਾਂ ਦੇ ਅੱਤਿਆਚਾਰਾਂ ਅਤੇ ਅੰਗਰੇਜ਼ੀ ਸ਼ਾਸਕਾਂ ਵਿਰੁੱਧ ਆਦਿ ਵਾਸੀਆਂ ਨੇ ਜੋ ਅੰਦੋਲਨ

ਚਲਾਏ ਗਏ ਉਹ ਇਸ ਪ੍ਰਕਾਰ ਹਨ :-

1850 ਤੋਂ ਸਰਦਾਰ ਅੰਦੋਲਨ ।

1855 ਤੋਂ ਸੁਤੰਤਰਤਾ ਅੰਦੋਲਨ ।

1858-1881 ਜਮੀਰ ਅੰਦੋਲਨ ।

1882-1890 ਮਿਸ਼ਨ ਵਿਦਰੋਹ ।

1891-1895 ਰਾਜਨੀਤਕ ਅੰਦੋਲਨ ।

ਇਹ ਅੰਦੋਲਨ ਮੁੱਖ ਰੂਪ ਵਿਚ ਭੂਮੀਹਾਰ ਲੋਕਾਂ ਵਿਰੁੱਧ ਸਨ, ਜੋ ਅੰਗਰੇਜ਼ਾਂ ਦੀ ਸਹਿ 'ਤੇ ਆਦਿ ਵਾਸੀ (ਅਛੂਤ) ਲੋਕਾਂ ਦੀਆਂ ਜ਼ਮੀਨਾਂ ਜਬਤ ਕਰ ਚੁੱਕੇ ਸਨ ਅਤੇ ਮਨ-ਮਰਜੀ ਦੇ ਜੁਲਮ ਕਰਨਾ ਉਨ੍ਹਾਂ ਦਾ ਆਮ ਪੇਸ਼ਾ ਬਣ ਗਿਆ ਸੀ ।1850 ਤੋਂ 1855 ਤੱਕ ਦੇ ਅੰਦੋਲਨਾਂ ਵਿਚ ਹੀ 30 ਹਜ਼ਾਰ ਤੋਂ ਵੱਧ ਆਦਿ ਵਾਸੀ ਸ਼ਹੀਦ ਕੀਤੇ ਗਏ ।(ਬਹੁਜਨ ਸੰਗਠਨ ਹਿੰਦੀ 14-20 ਜੂਨ 99)

(24) ਇਸ ਤੋਂ ਇਲਾਵਾ ਬਾਕੀ ਰਾਜਾਂ ਵਿਚ ਬਹੁਤ ਸਾਰੇ ਅਛੂਤ ਲੋਕ ਸ਼ਹੀਦ ਹੋਏ ।ਜਿਨ੍ਹਾਂ ਦੀ ਪ੍ਰਾਪਤ ਜਾਣਕਾਰੀ ਇਸ ਪ੍ਰਕਾਰ ਹੈ :-

ਮੂੰਸਰ ਫਿਰੰਗੀ	ਸਿਲੀ ਗੁੜੀ	ਦਾਰਜੀਲਿੰਗ	ਬੰਗਾਲ ।
ਕੁਮਾਰੀ ਬੀਨਾਦਾਸ	ਕਲੱਕਤਾ ਜਿਸਨੇ 6 ਫਰਵਰੀ 1932 ਨੂੰ ਗਵਰਨ 'ਤੇ ਗੋਲੀ ਚਲਾਈ ।		
ਕੋਠਰੀ ਪੀਟ ਰਈਆ	ਬੁੜੇਲਾ	ਵਿਸਾਖਾਪਟਮ	ਆਂਧਰਾ ਪ੍ਰਦੇਸ਼ ।
ਕੋਨਾ ਕਨਈਆ	ਚਿਟੇਸਪੜ	ਵਿਸਾਖਾਪਟਮ	ਆਂਧਰਾ ਪ੍ਰਦੇਸ਼ ।
ਕੋਗੀ ਜੀ ਚਿਤਾਲੂ	ਗਜੰਨਾ ਪੇਟਾ	,,	,, ।
ਸੀਤਾ ਰਾਮ ਰਾਜੂ	ਮੋਗਾਲੂ	ਪੱਛਮ ਗੋਦਾਵਰੀ	,, ।
ਚਮਰੂ ਚੁਮਾਰ	ਸਾਲ ਗਾਂਵ	ਕੋਗਪੁਟ	ਉੜੀਸਾ ।
ਅਛੂਤ ਨਰ ਸਿੰਘ	ਤੁਚੇਰ	ਕੋਰਾਪੁਰ	ਉੜੀਸਾ ।
ਗੁੱਜਰ ਧੋਬੀ	ਸੰਪੋਲੀ	ਸ਼ਾਹਾਬਾਦ	ਬਿਹਾਰ ।
ਬੰਗਾਲੀ ਦੁਸਾਧ	ਗੋਸਪੁਰ	ਦਰਭੰਗਾ	ਬਿਹਾਰ ।
ਰਾਜਿੰਦਰ ਦੁਸਾਧ	ਬਨਬਾਰੀਪੁਰ	ਪਟਨਾ	ਬਿਹਾਰ ।
ਲਖਨ ਦੁਸਾਧ	ਬਸੰਤਪੁਰ	ਚੰਪਾਰਨਾ	ਬਿਹਾਰ ।
ਨੁਨਮਨ ਧੋਬੀ	ਦੋਮਗੰਜ	ਹਜਾਰੀਬਾਗ	ਬਿਹਾਰ ।
ਗੋਬਿੰਦਵਾਸਬਨ	ਸ਼ੀਲਤਪੁਰ	ਮੁਜੱਫਰਪੁਰ	ਬਿਹਾਰ ।
ਪ੍ਰਮੇਸ਼ਵਰ ਪਾਸਵਾਨ	ਲਗਨਾ	ਮੰਗੇਰ	ਬਿਹਾਰ ।
ਬੁੱਧਨ ਪਾਸਵਾਨ	ਕਾਜਰ ਹਾਟਾ	ਮੁਜੱਫਪੁਰ	ਬਿਹਾਰ ।
ਭਗਵਤ ਪਾਸਵਾਨ	ਬਾਹਰ	ਦਰਭੰਗਾ	ਬਿਹਾਰ ।
ਮੁਸ਼ਾਹਰੂ ਪਾਸੀ	ਬਾਰੀ	ਮੁੰਗੇਰ	ਬਿਹਾਰ ।
ਕਲਾਨੰਦ ਮੰਡਲ	ਦੋਂਡਾ	ਸੰਬਾਲ	ਬਿਹਾਰ ।
ਕਲਰ ਮੰਡਲ	ਰਾਣੀਬਲਾਣ	ਭਾਗਲਪੁਰ	ਬਿਹਾਰ ।
ਕਲੇਸ਼ਵਰ ਮੰਡਲ	ਗੜੀਆ	ਸਹਰਸਾ	ਬਿਹਾਰ ।
ਸੁੰਦਰ ਲਾਲ ਚੁਮਾਰ	ਫਤਹਿਪੁਰ	ਮੰਗੇਰ	ਬਿਹਾਰ ।
ਮੋਹਰਾ ਸੁੰਦਰ ਚੁਮਾਰ	ਛਪਰਾ	ਮੁਜੱਫਰਪੁਰ	ਬਿਹਾਰ ।
ਕੈਲੂ ਰਵਿਦਾਸੀਆ	ਮਾਤਾਡੀਹ	ਮੰਗੇਰ	ਬਿਹਾਰ ।
ਦੁੱਖਮ ਰਵਿਦਾਸੀਆ	(1942 ਵਿਚ ਜੇਲ੍ਹ ਵਿਚ ਮੌਤ ਹੋਈ)		ਬਿਹਾਰ ।
ਜਗਦੀਸ਼ ਚੁਮਾਰ	ਸ੍ਰੀਪੁਰ	ਚੰਪਾਲ	ਬਿਹਾਰ ।
ਗੰਗਾ ਰਾਮ ਚੁਮਾਰ	ਲਸਾੜੀ	ਸ਼ਾਹਾਬਾਦ	ਬਿਹਾਰ ।

ਮਮੀਸ਼ਨ ਚੁਮਾਰ	ਲਾਲਗੰਜ ਬਜ਼ਾਰ	ਮੁਜ਼ੱਫਰਪੁਰ	ਬਿਹਾਰ।
ਮੁਸ਼ਾਰ ਫਾਗੂ	ਮੂਸਾਰਹੀ	ਭਾਗਲਪੁਰ	ਬਿਹਾਰ।
ਮੁਸ਼ਾਰ ਰਘਬੀਰ	ਨਸੋਜ	ਸ਼ਾਹਾਬਾਦ	ਬਿਹਾਰ।
ਮੁਸ਼ਾਰ ਤਸਨ	ਸੁਲਤਾਨ ਗੰਜ	ਭਾਗਲਪੁਰ	ਬਿਹਾਰ।
ਸ਼ੀਤਲ ਚੁਮਾਰ	ਜਲਾਲਾਬਾਦ	ਮੁੰਗੇਰ	ਬਿਹਾਰ।
ਸੰਤੀ ਪਾਸੀ	ਤਾਰਾਪੁਰ	ਮੰਗੇਰ	ਬਿਹਾਰ। (141-15)

(ਅਸੀਂ ਪਿਛਲੇ ਇਤਿਹਾਸ ਤੋਂ ਵੇਖਿਆ ਹੈ ਕਿ ਯੂ.ਪੀ. ਬਿਹਾਰ ਅਤੇ ਆਂਧਰਾ ਦੇ ਆਦਿ ਵਾਸੀ ਅਛੂਤ ਲੋਕਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਕੁਰਬਾਨੀਆਂ ਕੀਤੀਆਂ ਹਨ। ਇਕੱਲੇ ਆਂਧਰਾ ਦੇ ਆਦਿ ਵਾਸੀਆਂ ਨੇ ਹੀ 30 ਹਜ਼ਾਰ ਤੋਂ ਵੱਧ ਕੁਰਬਾਨੀਆਂ ਕੀਤੀਆਂ, ਸ਼ਹੀਦੀਆਂ ਪਾਈਆਂ। ਇਹ ਹੀ ਕਾਰਨ ਹੈ ਕਿ ਉਨ੍ਹਾਂ ਸੂਬਿਆਂ ਵਿਚ ਰਜਵਾੜਾ ਸ਼ਾਹੀ ਅਤੇ ਜਗੀਰਦਾਰੀ ਨੂੰ ਉਭਾਰਿਆ ਗਿਆ ਤਾਂ ਕਿ ਕ੍ਰਾਂਤੀਕਾਰੀ ਪੇਂਡੂ ਜਨਤਾ ਨੂੰ ਪੱਕੇ ਤੌਰ 'ਤੇ ਦਬਾਕੇ ਕੁਚਲਕੇ ਰੱਖਿਆ ਜਾ ਸਕੇ। ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਭਾਰਤੀ ਹਿੰਦੂ ਸਰਕਾਰਾਂ ਨੇ ਖਾਸ ਕਰਕੇ ਕਾਂਗਰਸ ਨੇ ਇਸ ਜ਼ੋਰ-ਜ਼ੁਲਮ ਦੇ ਸਮਾਜਿਕ ਪ੍ਰਬੰਧ ਨੂੰ ਤਕੜਾ ਕੀਤਾ, ਜਿਸ ਕਰਕੇ ਅੱਜ ਵੀ ਭਾਰਤ ਦਾ ਸਭ ਤੋਂ ਵਿਸ਼ਾਲ ਦਬਿਆ-ਕੁਚਲਿਆ ਸਮਾਜ ਇਨ੍ਹਾਂ ਰਾਜਾਂ ਵਿਚ ਨਜ਼ਰ ਆਉਂਦਾ ਹੈ ਅਤੇ ਉਤਲੀਆਂ ਖਾਸ ਕਰਕੇ ਭੂਮੀਹਾਰ, ਜਗੀਰਦਾਰ ਜਾਤੀਆਂ ਪੁਲਸ, ਨਿਆਂ ਪਾਲਿਕਾ, ਸਰਕਾਰਾਂ ਅਤੇ ਦੌਲਤ ਦੇ ਸਹਾਰੇ 'ਤੇ ਇਨ੍ਹਾਂ ਰਾਜਾਂ ਵਿਚ ਬੇਖੌਫ ਜ਼ੋਰ-ਜ਼ੁਲਮ ਜਾਰੀ ਰੱਖ ਰਹੀਆਂ ਹਨ। ਅਜ਼ਾਦੀ ਤੋਂ ਪਹਿਲਾਂ ਹਾਕਮ ਜਾਤੀਆਂ ਦੀ ਸੰਸਥਾ ਕਾਂਗਰਸ ਨਾਲ ਮਿਲਕੇ, ਅਜ਼ਾਦੀ ਲਈ ਵਧੇਰੇ ਕੁਰਬਾਨੀਆਂ ਕੀਤੀਆਂ। ਇਸ ਵਹਿਮ ਵਿਚ ਕਿ ਸ਼ਾਇਦ ਉਨ੍ਹਾਂ ਨੂੰ ਵੀ ਅਜ਼ਾਦੀ ਮਿਲ ਜਾਵੇਗੀ। ਕਿਉਂਕਿ ਅਜ਼ਾਦੀ ਕੇਵਲ ਉੱਚੀਆਂ ਪੂੰਜੀਪਤੀ ਅਤੇ ਮਨੂੰਵਾਦੀ ਜਾਤੀਆਂ ਦੇ ਹੱਥ ਆਈ, ਸਿੱਟੇ ਵਜੋਂ ਦਲਿਤ ਪਛੜੀਆਂ ਜਾਤੀਆਂ ਨਾਲ ਦੁਰ-ਵਿਹਾਰ ਅਤੇ ਜ਼ੋਰ-ਜ਼ੁਲਮ ਅੱਜ ਵੀ ਪਹਿਲਾਂ ਵਾਂਗ ਹੈ। ਇਹ ਨਿਮਨ ਜਾਤੀਆਂ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸਾਥ ਨਾ ਦੇ ਕੇ ਸਵਰਨ ਚੌਧਰੀਆਂ ਦੇ ਹੱਕ ਵਿਚ ਖੜ੍ਹੀਆ ਰਹੀਆਂ।)

ਕੂਕਾ ਲਹਿਰ ਦੇ ਸ਼ਹੀਦ (ਪੰਜਾਬ)

'ਪਟਿਆਲਾ ਰਿਆਸਤ' ਦੇ ਰਜਵਾੜੇ ਨੇ ਅੰਗਰੇਜ਼ ਦਾ ਹੁਕਮ ਮੰਨ ਕੇ 1872 ਈਸਵੀ ਨੂੰ ਕੂਕਾ ਲਹਿਰ ਦੇ ਮਹਾਨ ਦੇਸ਼ ਭਗਤਾਂ ਉੱਤੇ ਮਲੇਰ ਕੋਟਲੇ ਦੇ ਕੱਲਰ ਵਿਚ ਆਪਣੀਆਂ ਸੱਤ ਤੋਪਾਂ ਬੀੜਕੇ ਅਜ਼ਾਦੀ ਮੰਗਦੇ ਕੂਕਾ ਲਹਿਰ ਦੇ ਬਹਾਦਰਾਂ ਨੂੰ ਰੂੰ ਦੇ ਗੋੜ੍ਹਿਆਂ ਵਾਂਗ ਤੋਪਾਂ ਨਾਲ ਉਡਾ ਦਿੱਤਾ ਸੀ। ਆਗੂ ਬਾਬਾ ਰਾਮ ਸਿੰਘ (ਤਰਖਾਣ ਪਛੜੀ ਜਾਤੀ) ਨੂੰ ਕਾਲੇਪਾਣੀ ਰੰਗੂਨ (ਬਰ੍ਹਮਾ) ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਸੀ। ਪੁਸਤਕ 'ਰਿਆਸਤੀ ਪਰਜਾ ਮੰਡਲ ਦੇ ਸੰਘਰਸ਼ ਯੋਧੇ' ਸਫਾ 24, ਸੰਤ ਰਾਮ ਉਦਾਸੀ ਯਾਦਗਾਰੀ ਪ੍ਰਕਾਸ਼ਨ ਸੰਤ ਨਗਰ ਸਰਸਾ ਹਰਿਆਣਾ।

ਦੇਸ਼ ਭਗਤ ਰਿਆਸਤ ਨਾਭਾ ਦੇ ਸ਼ਹੀਦ ਅਤੇ ਕ੍ਰਾਂਤੀਕਾਰੀ ਯੋਧੇ

9 ਜੁਲਾਈ 1923 ਨੂੰ, ਮਹਾਰਾਜਾ ਹੀਰਾ ਸਿੰਘ ਨਾਭਾ ਦੇ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਨੂੰ ਨਾਹਰ ਸਿੰਘ ਰਾਓ ਕਸ਼ਮੀਰੀ ਪੰਡਤ ਦੀ ਗਦਾਰੀ ਕਾਰਨ, ਸੁੱਤੇ ਪਿਆ ਫੜ ਕੇ, ਜਲਾਵਤਨ ਕਰਕੇ, ਕੌਡਾਈ ਕਨਾਲ (ਮਦਰਾਸ) ਟਾਪੂਆਂ ਵਿਚ ਕੈਦ ਕਰ ਦਿੱਤਾ।(28) ਜਿੱਥੇ 13 ਦਸੰਬਰ 1943 ਨੂੰ ਉਹ ਸ਼ਹੀਦ ਹੋ ਗਏ। (ਨਾਭਾ ਦੇ ਰਾਜਾ ਭਾਵੇਂ ਸ਼ੂਦਰ ਉੱਚੀ ਜਾਤੀ ਵਿਚ ਸਨ, ਪਰੰਤੂ ਇਨ੍ਹਾਂ ਦੇ ਦਰਬਾਰ ਵਿਚ ਅਛੂਤ ਜਾਤੀਆਂ ਦੇ ਸਿਆਣੇ ਪੁਰਸ਼ਾਂ ਨੂੰ ਉੱਚੇ ਰੁਤਬੇ ਅਤੇ ਇੱਜ਼ਤ ਮਾਣ ਪ੍ਰਾਪਤ ਸੀ, ਜਿਸ ਕਰਕੇ ਇਸ ਪੁਸਤਕ ਵਿਚ ਉਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਸੀ।) ਪਟਿਆਲੇ ਦੇ ਅੰਗਰੇਜ਼ ਪਿੱਠੂ ਰਾਜਾ ਭੂਪਿੰਦਰ ਸਿੰਘ ਦੇ ਕਹਿਣ 'ਤੇ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਉਤਾਰਿਆ ਗਿਆ ਸੀ। ਮਹਾਰਾਜਾ ਰਵਿੰਦਰ ਸਿੰਘ ਨਾਭਾ ਨੂੰ 1865 ਵਿਚ ਗ੍ਰਿਫਤਾਰ ਕਰਕੇ ਅੰਗਰੇਜ਼ਾਂ ਨੇ ਬਿੰਦਰਾਬਨ ਵਿਚ ਕੈਦ ਕਰ ਦਿੱਤਾ ਸੀ। ਕੈਦ ਵਿਚ ਹੀ ਉਨ੍ਹਾਂ ਦੀ ਮੌਤ ਹੋਈ।

ਮਹਾਰਾਜਾ ਨਾਭਾ ਦੇ ਹਜ਼ੂਰੀ ਰਾਗੀ ਭਾਈ ਨਰਾਇਣ ਸਿੰਘ (ਰਮਦਾਸੀਆ ਸਿੰਘ) ਦੇ 1923 ਵਿਚ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਗਏ ਅਤੇ ਘਰ ਕੁਰਕ ਕਰਨ ਦਾ ਹੁਕਮ ਜਾਰੀ ਕੀਤਾ ਗਿਆ।(46-47) ਬਾਅਦ ਵਿਚ ਅਜ਼ਾਦੀ ਦੀ ਜੰਗ ਲੜਦਿਆਂ ਉਨ੍ਹਾਂ ਦੇ ਪੁੱਤਰ ਗਿਆਨੀ ਭਜਨ ਸਿੰਘ ਦੇ ਵੀ ਗ੍ਰਿਫਤਾਰੀ ਵਰੰਟ ਜਾਰੀ ਹੋਏ।

ਇਹ ਦੋਵੇਂ ਪਿਉ-ਪੁੱਤਰ ਮਾਲਵੇ ਦੀ ਪਰਜਾ ਮੰਡਲ ਲਹਿਰ ਦੇ ਪ੍ਰਮੁੱਖ ਆਗੂ ਸਨ, ਜੋ ਇਕੋ ਸਮੇਂ ਅੰਗਰੇਜ਼ੀ ਅਤੇ ਮਹਾਰਾਜਾ ਪਟਿਆਲਾ ਦੀ ਜ਼ਾਲਮ ਹਕੂਮਤ ਵਿਰੁੱਧ ਲੜ ਰਹੇ ਸਨ, ਜਿੱਥੇ ਕਿਸੇ ਦੀ ਵੀ ਧੀਅ-ਭੈਣ ਦੀ ਇੱਜ਼ਤ ਮਸਫੂਜ਼ ਨਹੀਂ ਸੀ। ਇਸ ਲਹਿਰ ਦੇ ਮੁਖੀ ਤੇ ਸਰਗਰਮ ਮੈਂਬਰਾਂ ਵਿਚ ਹੇਠ ਲਿਖੇ ਅਛੂਤ ਬਹਾਦਰ ਵੀ ਸ਼ਾਮਲ ਸਨ। ਸ. ਸਰਮੁਖ ਸਿਘ ਧਾਰੂ ਮਜ਼੍ਹਬੀ, ਸ. ਭਗਤ ਸਿੰਘ ਧਾਰੂ ਮਜ਼੍ਹਬੀ, ਸ. ਕੇਹਰ ਸਿੰਘ ਰਮਦਾਸੀਆ, ਸ. ਭਾਗ ਸਿੰਘ ਮਿਸਤਰੀ, ਗਿਆਨੀ ਭਜਨ ਸਿੰਘ ਪਤਨੀ ਬੀਬੀ ਰਾਮ ਕੌਰ, ਸ਼ਹੀਦ ਪੂਰਨ ਸਿੰਘ ਮਿਸਤਰੀ, ਸ. ਜਿਉਣ ਸਿੰਘ ਮਜ਼੍ਹਬੀ, ਸ. ਭੰਡਾ ਸਿੰਘ ਮਜ਼੍ਹਬੀ, ਸ. ਥਿਉਣ ਸਿੰਘ ਮਜ਼੍ਹਬੀ, ਸ. ਸੁੰਦਰ ਸਿੰਘ ਮਜ਼੍ਹਬੀ, ਸ. ਹੁਕਮ ਸਿੰਘ ਰਮਦਾਸੀਆ, ਸ. ਭਾਗ ਸਿੰਘ ਮਿਸਤਰੀ, ਸ. ਮੋਧਾ ਸਿੰਘ ਕਵੀਸ਼ਰ ਰਵਦਾਸੀਆ, ਸ. ਕੇਹਰ ਸਿੰਘ ਰਵਦਾਸੀਆ, ਜਖੂਬ ਖਾਂ ਜੁਲਾਹਾ, ਮਾਸਟਰ ਗੁਲਾਬ ਸਿੰਘ ਮੁਹੰਮਦ ਖਾਂ ਜੁਲਾਹਾ, ਸ੍ਰੀ ਬਿਰਜ ਲਾਲ ਸੁਨਿਆਰਾ, ਬਾਬਾ ਪ੍ਰੀਤਮ ਸਿੰਘ ਰਾਗੀ, ਸ. ਮਾਘੀ ਸਿੰਘ ਮਿਸਤਰੀ, ਸ. ਕੇਹਰ ਸਿੰਘ ਮਜ਼੍ਹਬੀ, ਸ. ਛੋਟਾ ਸਿੰਘ ਮਜ਼੍ਹਬੀ, ਸ. ਬਚਨ ਸਿੰਘ ਮਜ਼੍ਹਬੀ, ਸ. ਬਾਗ ਸਿੰਘ ਮਜ਼੍ਹਬੀ। (ਪਰਜਾ ਮੰਡਲ ਲਹਿਰ ਦੇ ਕ੍ਰਾਂਤੀਕਾਰੀ ਵੀਰਾਂ ਯੋਧਿਆਂ ਦੇ ਇਹ ਨਾਮ ਪੁਸਤਕ 'ਰਿਆਸਤੀ ਪਰਜਾ ਮੰਡਲ ਸੰਘਰਸ਼ ਦੇ ਯੋਧੇ' ਵਿਚ ਦਰਜ ਹਨ।)

ਵਿਸ਼ੇਸ਼ ਨੋਟ :-ਅਜ਼ਾਦੀ ਤੋਂ ਬਾਅਦ ਲਿਖੀਆਂ ਗਈਆਂ ਲੱਖਾਂ ਪੁਸਤਕਾਂ ਸਕੂਲੀ-ਕਾਲਜੀ ਪਾਠ-ਪੁਸਤਕਾਂ ਅਤੇ ਇਤਿਹਾਸਕ ਪੁਸਤਕਾਂ ਵਿਚੋਂ ਦਲਿਤ-ਪੱਛੜੀਆਂ ਜਾਤੀਆਂ ਵੱਲੋਂ, ਅਜ਼ਾਦੀ ਸੰਗਰਾਮ ਵਿਚ ਪਾਏ ਗਏ ਵਿਸ਼ਾਲ ਯੋਗਦਾਨ ਨੂੰ ਅਲੋਪ ਕਰਕੇ, ਕੇਵਲ ਸਵਰਨ ਅਤੇ ਉੱਚੀਆਂ ਜਾਤੀਆਂ ਦੇ ਇਤਿਹਾਸ ਨੂੰ ਲਿਖਿਆ ਅਤੇ ਖੂਬ ਉਭਾਰਿਆ ਗਿਆ ਹੈ। ਇਸ ਲਈ ਅਸੀਂ ਜਾਤੀਵਾਦੀ ਇਤਿਹਾਸ ਤੋਂ ਹੱਟਕੇ, ਅਸਲੀ ਇਤਿਹਾਸ ਦੀ ਸਿਰਜਣਾ ਲਈ ਇਕ ਵਿਸ਼ੇਸ਼ ਯਤਨ, ਇਸ ਪੁਸਤਕ ਰਾਹੀਂ ਕਰ ਰਹੇ ਹਾਂ ਤਾਂ ਜੋ ਦਲਿਤ ਪਛੜੇ ਵਰਗ ਦੀ ਆਪਣੇ ਬਜ਼ੁਰਗਾਂ ਦੇ ਸੰਗਰਾਮੀਂ ਇਤਿਹਾਸ ਨੂੰ ਜਾਣ ਸਕਣ ਅਤੇ ਮਾਣ ਨਾਲ ਸਿਰ ਉੱਚਾ ਕਰ ਸਕਣ। ਕੇਵਲ ਉੱਚੀਆਂ ਜਾਤੀਆਂ ਦੇ ਇਤਿਹਾਸ ਨੇ, ਮਾਨਵੀ ਇਤਿਹਾਸ ਨਾਲ ਦੁਵੇਤ ਕੀਤੀ ਹੈ। ਜਿਸ ਨੂੰ ਸਮਾਨਤਾ ਦੇਣਾ ਜ਼ਰੂਰੀ ਹੈ।

ਸਿੱਖ ਲਹਿਰ ਦੇ ਸਿਰਜਕ ਕ੍ਰਾਂਤੀਕਾਰੀ ਯੋਧੇ ਅਤੇ ਸ਼ਹੀਦ

ਸਿੱਖ ਲਹਿਰ ਨੂੰ ਪੜ੍ਹਨ ਅਤੇ ਸਮਝਣ ਉਪਰੰਤ ਇਹ ਗੱਲ ਬੜੀ ਅਸਾਨੀ ਨਾਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਲਹਿਰ ਦੀ ਸਿਰਜਣਾ ਉਸਾਰੀ ਅਤੇ ਉਭਾਰ ਵਿਚ ਅਛੂਤ ਵਰਗ ਦੇ ਮਹਾਂ ਮਾਨਵਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ। ਤੇਰ੍ਹਵੀਂ ਸਦੀ ਤੋਂ ਸਿੱਖ ਮਿਸਲਾਂ ਤੱਕ ਦੇ ਇਤਿਹਾਸ ਵਿਚ ਦਲਿਤ-ਪਛੜੇ ਵਰਗਾਂ ਦਾ ਯੋਗਦਾਨ ਅਤੇ ਕੁਰਬਾਨੀਆਂ ਸਿੱਖ ਲਹਿਰ ਦੀ ਜਿੰਦ-ਜਾਨ ਬਣਕੇ ਰਹੀਆਂ। ਉਨ੍ਹਾਂ ਪੁਰਸ਼ਾਂ ਦਾ, ਜੋ ਨਿਮਨ ਵਰਗ ਵਿਚ ਪੈਦਾ ਹੋ ਕੇ, ਬ੍ਰਾਹਮਣੀ ਮੰਨੂਵਾਦ, ਜਾਤੀਵਾਦ, ਸਵਰਨ ਅਜਾਰਾਦਾਰੀ ਅਤੇ ਮੁਗਲ ਸਾਮਰਾਜ ਤੋਂ ਮੁਕਤੀ ਲਈ ਲੜੇ-ਮਰੇ ਤੇ ਸ਼ਹੀਦ ਤੱਕ ਹੋਏ, ਉਨ੍ਹਾਂ ਦਾ ਜ਼ਿਕਰ ਕਰਾਂਗੇ ਤਾਂ ਕਿ ਇਤਿਹਾਸ ਦੇ ਖਾਲੀ ਰੱਖੇ ਪੰਨਿਆਂ ਨੂੰ ਪੂਰਨਤਾ ਦਿੱਤੀ ਜਾ ਸਕੇ।

ਸਿੱਖ ਲਹਿਰ ਦੇ ਸਿਰਜਕ ਅਛੂਤ ਸੰਤ, ਜਿਨ੍ਹਾਂ ਨੂੰ 'ਢੇਡ' ਕਿਹਾ ਜਾਂਦਾ ਰਿਹਾ;

ਸੰਤ ਗੁਰੂ ਨਾਮਦੇਵ (ਛੀਬਾ) ਮਹਾਂਰਾਸ਼ਟਰ, ਸੰਤ ਗੁਰੂ ਕਬੀਰ (ਜੁਲਾਹਾ) ਉੱਤਰ ਪ੍ਰਦੇਸ਼, ਸੰਤ ਗੁਰੂ ਰਵੀਦਾਸ (ਚੁਮਾਰ) ਉੱਤਰ ਪ੍ਰਦੇਸ਼, ਸੰਤ ਗੁਰੂ ਸੈਣ (ਨਾਈ) ਉੱਤਰ ਪ੍ਰਦੇਸ਼।

ਸਿੱਖ ਲਹਿਰ ਦੇ ਸੰਸਥਾਪਕ ਗੁਰੂ ਨਾਨਕ (ਖੱਤਰੀ) ਦੇ ਉਮਰ ਭਰ ਦੇ ਸਾਥੀ, ਅਛੂਤ ਮਹਾਂ ਪੁਰਖ :-

ਭਾਈ ਮਰਦਾਨਾ (ਮਰਾਸੀ) ਰਾਗੀ, ਭਾਈ ਲਾਲੋ (ਤਰਖਾਣ), ਭਾਈ ਸ਼ੀਹਾਂ (ਛੀਂਬਾ), ਭਾਈ ਕੌਡਾ (ਭੀਲ), ਪੰਜਵੇਂ ਗੁਰੂ ਅਰਜਨ ਦੇ ਵਿਸ਼ੇਸ਼ ਸਿੱਖ ਭਾਈ ਬੁੱਧੂ (ਘੁਮਿਆਰ), ਛੇਵੇਂ ਗੁਰੂ ਦੇ ਵਿਸ਼ੇਸ਼ ਸਿੱਖ ਭਾਈ ਰੂਪ ਚੰਦ (ਤਰਖਾਣ), ਨੌਵੇਂ ਗੁਰੂ ਤੇਗ ਬਹਾਦਰ ਦੇ ਅੰਗ-ਸੰਗੀ ਅਛੂਤ ਸਿੱਖ, ਭਾਈ ਆਗਿਆ ਰਾਮ (ਮਜ਼੍ਹਬੀ), ਮਾਤਾ ਪ੍ਰੇਮੋਂ ਮਜ਼੍ਹਬੀ, ਭਾਈ ਜੀਵਨ ਸਿੰਘ (ਮਜ਼੍ਹਬੀ), ਭਾਈ ਸੰਗਤ ਸਿੰਘ (ਰਮਦਾਸੀਆ), ਮੱਖਣ ਸ਼ਾਹ (ਲੁਬਾਣਾ)।

ਜਿਨ੍ਹਾਂ ਮਹਾਂ ਪੁਰਸ਼ਾਂ ਨੇ ਸਿਰ ਭੇਟ ਕਰਕੇ, ਧਰਮ ਨਾਸ਼, ਕਰਮ ਨਾਸ਼, ਸ਼ਰਮ ਨਾਸ਼, ਭਰਮ ਨਾਸ਼ ਤੇ ਕੁਲ ਨਾਸ਼ ਦਾ ਸੰਕਲਪ ਲਿਆ ਅਤੇ ਬ੍ਰਾਹਮਣਵਾਦ ਤੋਂ ਮੁਕਤੀ ਪਾਈ, ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੇ ਉਹ ਸੂਰਬੀਰ ਤੇ ਕ੍ਰਾਂਤੀਕਾਰੀ ਸ਼ੂਦਰ ਸਿੰਘ :-

ਭਾਈ ਦਇਆ ਸਿੰਘ ਖੱਤਰੀ ਤੋਂ ਇਲਾਵਾ ਪੰਜਾਂ ਵਿਚੋਂ ਚਾਰ ਪਿਆਰੇ (ਖਾਲਸੇ-ਸਿੰਘ)

ਭਾਈ ਮੋਹਕਮ ਸਿੰਘ (ਛੀਂਬਾ), ਭਾਈ ਹਿੰਮਤ ਸਿੰਘ (ਝਿਉਰ), ਭਾਈ ਧਰਮ ਸਿੰਘ (ਜਾਟਵ/ਜਟਵਾੜਾ), ਭਾਈ ਸਾਹਿਬ ਸਿੰਘ (ਨਾਈ) ।(ਭਾਈ ਧਰਮ ਸਿੰਘ ਨੂੰ ਬਹੁਤੇ ਲੋਕ ਜੱਟ/ਜਾਟ ਲਿਖਦੇ ਹਨ, ਪਰੰਤੂ ਸਮਾਜਿਕ ਤੱਥਾਂ ਅਤੇ ਜਾਤੀ ਵਰਤਾਰੇ ਅਨੁਸਾਰ ਉਨ੍ਹਾਂ ਦੀ ਜਾਟਵ ਸ਼ੁਮਾਰ ਹੋਣਾ ਵਧੇਰੇ ਸਹੀ ਲੱਗਦਾ ਹੈ ।)

ਸਿੱਖ ਇਤਿਹਾਸ ਦੇ ਸਿਰਜਕ ਸਿੰਘ :-

ਬਾਬਾ ਬਚਿੱਤਰ ਸਿੰਘ (ਲੁਬਾਣਾ), ਭਾਈ ਆਗਿਆ ਰਾਮ (ਮਜ਼ਬੀ), ਬਾਬਾ ਜੀਵਨ ਸਿੰਘ (ਮਜ਼ਬੀ), ਬਾਬਾ ਸੰਗਤ ਸਿੰਘ (ਰਮਦਾਸੀਆ), ਬਾਬਾ ਬੀਰ ਸਿੰਘ (ਮਜ਼ਬੀ), ਬਾਬਾ ਧੀਰ ਸਿੰਘ (ਮਜ਼ਬੀ), ਭਾਈ ਕੁਸ਼ਲਾ ਸਿੰਘ (ਲੁਬਾਣਾ), ਭਾਈ ਘਨੱਈਆ (ਝਿਉਰ), ਬਾਬਾ ਮੋਤੀ ਮਹਿਰਾ (ਝਿਉਰ), ਭਾਈ ਮਨੀ ਸਿੰਘ (ਲੁਬਾਣਾ), ਭਾਈ ਮਦਨ ਸਿੰਘ (ਅਛੂਤ), ਭਾਈ ਕਾਠਾ ਸਿੰਘ (ਅਛੂਤ), ਭਾਈ ਨਾਨੂੰ (ਛੀਂਬਾ), ਭਾਈ ਘਰਬਾਰਾ ਸਿੰਘ (ਛੀਂਬਾ), ਭਾਈ ਉਦਾ ਸਿੰਘ (ਅਛੂਤ), ਭਾਈ ਦੇਵਾਰਾਮ (ਧੋਬੀ), ਭਾਈ ਰਾਮ ਦੇਵਾ ਸਿੰਘ (ਰਮਦਾਸੀਆ), ਬਾਬਾ ਗਰਜਾ ਸਿੰਘ (ਮਜ਼ਬੀ), ਬਾਬਾ ਬੋਤਾ ਸਿੰਘ (ਮਜ਼ਬੀ), ਬਾਬਾ ਬੂਟਾ ਸਿੰਘ (ਮਜ਼ਬੀ), ਅਕਾਲੀ ਫੂਲਾ ਸਿੰਘ (ਕੰਬੋਜ), ਬਾਬਾ ਜੱਸਾ ਸਿੰਘ ਰਾਮਗੜ੍ਹੀਆ (ਤਰਖਾਣ, ਕਿਲ੍ਹਾ ਰਾਮ ਰੌਣੀ ਤੋਂ ਰਾਮਗੜ੍ਹੀਏ ਬਣੇ), ਬਾਬਾ ਸੁੱਖਾ ਸਿੰਘ ਰਾਮਗੜ੍ਹੀਆ (ਤਰਖਾਣ), ਬਾਬਾ ਮਹਿਤਾਬ ਸਿੰਘ (ਰਮਦਾਸੀਆ), ਤਾਰਾ ਸਿੰਘ ਘੇਬਾ (ਆਜੜੀ), ਜੱਸਾ ਸਿੰਘ ਆਹਲੂਵਾਲੀਆ (ਕਲਾਲ) (ਜੋ ਪਿੰਡ ਆਹਲੂ (ਲਾਹੌਰ) ਤੋਂ ਆਹਲੂਵਾਲੀਏ ਬਣੇ), ਬਾਬਾ ਖੜਕ ਸਿੰਘ (ਕਲਾਲ), ਬਾਬਾ ਚੜਤ ਸਿੰਘ (ਮਾਂਸੀ), ਬਾਬਾ ਧਕੜ ਸਿੰਘ (ਮਜ਼ਬੀ), ਲੱਖੀ ਸ਼ਾਹ (ਬਣਜਾਰਾ), ਬਾਬਾ ਮਾਨ ਸਿੰਘ (ਮਜ਼ਬੀ), ਭਾਈ ਸੰਤ ਸਿੰਘ (ਮਜ਼ਬੀ), ਭਾਈ ਆਲਮ ਸਿੰਘ (ਮਜ਼ਬੀ), ਭਾਈ ਅਮਰ ਸਿੰਘ (ਮਜ਼ਬੀ), ਬਾਬਾ ਨਿਬਾਹੂ ਸਿੰਘ (ਮਜ਼ਬੀ), ਬਾਬਾ ਕੋਠਾ ਸਿੰਘ (ਮਜ਼ਬੀ), ਬਾਬਾ ਨੌਰੰਗ ਸਿੰਘ (ਮਜ਼ਬੀ), ਬਾਬਾ ਬਚਨ ਸਿੰਘ (ਮਜ਼ਬੀ), ਬਾਬਾ ਭੋਮਾ ਸਿੰਘ (ਝਿਉਰ), ਬਾਬਾ ਜੈ ਸਿੰਘ (ਝਿਉਰ), ਬਾਬਾ ਹਕੀਕਤ ਸਿੰਘ (ਝਿਉਰ), ਬਾਬਾ ਮਦਨ ਸਿੰਘ (ਰਾਮਦਾਸੀਆ), ਬਾਬਾ ਅਮਰ ਸਿੰਘ (ਰਮਦਾਸੀਆ), ਬਾਬਾ ਕਰਮ ਸਿੰਘ (ਰਮਦਾਸੀਆ), ਬਾਬਾ ਰਣ ਸਿੰਘ (ਰਾਮਦਾਸੀਆ), ਬਾਬਾ ਗੋਦੜ ਸਿੰਘ (ਮਜ਼ਬੀ) ।

ਉਪਰੋਕਤ ਲੜੀ ਵਿਚ ਅਸੀਂ ਸਿੱਖ ਗੁਰੂਆਂ ਦੇ ਉਨ੍ਹਾਂ ਸਿੱਖਾਂ ਅਤੇ ਸਿੰਘਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਨੇ ਅਛੂਤ ਪੱਛੜੀਆਂ ਜਾਤੀਆਂ ਵਿਚ ਜਨਮ ਲਿਆ ਤੇ ਜਿਨ੍ਹਾਂ ਦੀਆਂ ਲਸਾਨੀ ਕੁਰਬਾਨੀਆਂ ਦੀ ਕਾਰਗੁਜ਼ਾਰੀ ਨੇ ਸਿੱਖ ਲਹਿਰ ਦਾ ਇਤਿਹਾਸ ਸਿਰਜਿਆ । ਜਿਨ੍ਹਾਂ ਦੇ ਜ਼ਿਕਰ ਤੋਂ ਬਿਨਾਂ ਸਿੱਖ ਲਹਿਰ ਦਾ ਇਤਿਹਾਸ ਅਧੂਰਾ ਹੈ । ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਸ਼ੁਰੂ ਤੋਂ ਲੈ ਕੇ ਅੰਤ ਤੀਕ ਇਕ ਵੀ ਨਿਮਨ ਜਾਤੀ ਸਿੱਖ ਅਜਿਹਾ ਨਹੀਂ ਹੋਇਆ, ਜਿਸ ਨੇ ਸਿੱਖ ਲਹਿਰ ਨਾਲ ਰੱਤੀ ਭਰ ਵੀ ਗਦਾਰੀ ਕੀਤੀ ਹੋਵੇ । ਦੁਖਾਂਤ ਇਹ ਹੈ ਕਿ ਮਹਾਨ ਕੁਰਬਾਨੀਆਂ ਕਰਕੇ ਵੀ ਉਨ੍ਹਾਂ ਦਾ ਸਮਾਜ ਸਿੱਖ ਸਮਾਜ ਵਿਚ ਵੀ ਅਛੂਤ ਦਾ ਅਛੂਤ ਹੈ । ਕੰਮੀ ਕਮੀਣ, ਲਾਗੀ ਵਗ੍ਹਾਰੀ ਅਤੇ ਸੀਰੀ ਸੱਪਾ ਹੈ । ਉੱਚੀ ਜਾਤ ਦੇ ਸਿੱਖਾਂ ਨੇ ਇਨ੍ਹਾਂ ਤੋਂ ਬਰਾਬਰੀ ਅਤੇ ਸਨਮਾਨ ਦਾ ਰਤਬਾ ਖੋਹ ਲਿਆ ਹੈ । ਉਤਲੀਆਂ ਜਾਤੀਆਂ ਨੇ ਗੁਰੂ ਘਰ ਨਾਲ ਰੱਜ ਕੇ ਗਦਾਰੀਆਂ ਕੀਤੀਆਂ । ਸਿੱਖ ਲਹਿਰ ਦੇ ਮੋਢੀਆਂ ਨੂੰ ਉਨ੍ਹਾਂ ਦੀਆਂ ਗਦਾਰੀਆਂ ਕਾਰਨ ਕੁਰਬਾਨ ਹੋਣਾ ਪਿਆ । ਬੇਤਹਾਸ਼ਾ ਤਸੀਹੇ ਝੱਲਣੇ ਪਏ ।

ਬਹੁਜਨ ਸਮਾਜ ਦੀ ਲਹਿਰ ਖਾਤਰ ਕੁਰਬਾਨ ਹੋਏ ਸ਼ਹੀਦ-ਸੂਰਮੇ

ਬਾਬਾ ਸਾਹਿਬ ਕਿਹਾ ਕਰਦੇ ਸਨ ਕਿ ਬਲੀਆ ਸ਼ੇਰਾਂ ਦੀਆਂ ਨਹੀਂ ਹੁੰਦੀਆਂ ਭੇਡਾਂ, ਬੱਕਰੀਆਂ ਦੀਆਂ ਹੁੰਦੀਆਂ ਹਨ । ਇਸ ਦਾ ਭਾਵ ਇਹ ਹੈ ਕਿ ਜਿਹੜੇ ਸਮਾਜ ਦੇ ਮਰਦ ਅਤੇ ਔਰਤਾਂ ਸ਼ੇਰ ਬਣ ਜਾਣ, ਜਿਨਾ ਦੀ ਅਣਖ ਇੱਜ਼ਤ ਤੇ ਸਨਮਾਨ ਅੰਦਰ ਸ਼ੇਰਾਂ ਵਰਗੀ ਜੁਰਅਤ ਪੈਦਾ ਹੋ ਜਾਵੇ, ਉਹ ਮਾਣਸ ਖਾਣੇ ਬਘਿਆੜਾਂ ਕੋਲੋਂ ਨਹੀਂ ਮਰਿਆ ਕਰਦੇ । ਬਘਿਆੜਾਂ 'ਚ ਸਤਿਆ ਨਹੀਂ ਹੁੰਦੀ ਕਿ ਉਹ ਸ਼ੇਰਾਂ ਦੇ ਗਲ ਜਾ ਪੈਣ । ਪਰ ਭੇਡਾਂ ਜਾਂ ਬੱਕਰੀਆਂ ਹੋਣ ਜਾਂ ਭੇਡਾਂ, ਬੱਕਰੀਆਂ ਦੀ ਨਿਤਾਣੀ ਜ਼ਮੀਰ ਨਾਲ ਜਿਉਣ ਵਾਲਾ ਸਮਾਜ ਹੋਵੇ, ਉਨ੍ਹਾਂ ਦੀਆਂ ਗਰਦਨਾਂ ਪੁੱਟਣ 'ਤੇ ਬਘਿਆੜਾਂ ਦਾ ਜ਼ੋਰ ਨਹੀਂ ਲੱਗਿਆ ਕਰਦਾ । ਜਦੋਂ ਚਿੜੀਆਂ, ਬਾਜਾਂ ਦੀਆਂ ਗਰਦਨਾਂ ਪੁੱਟਣ ਦਾ ਰੂਪ ਅਖਤਿਆਰ ਕਰ ਲੈਮ, ਤਾਂ ਬਾਜਾਂ ਦੀਆਂ ਲੱਤਾਂ ਭਾਰ ਝੱਲਣੋ ਹੱਟ ਜਾਂਦੀਆਂ ਹਨ ।

ਜੀਵਨ ਦੇ ਇਸ ਸਿਧਾਂਤ ਨੂੰ ਸਾਹਮਣੇ ਰੱਖਦਿਆਂ ਜਦੋਂ ਅਸੀਂ ਜੋਤੀ ਬਾਫੂਲੇ ਅਤੇ ਬਾਬਾ ਸਾਹਿਬ ਦੇ 40-40 ਸਾਲ ਲੰਬੇ ਸੰਘਰਸ਼ ਦਾ ਇਤਿਹਾਸ ਪੜਦੇ ਹਾਂ ਤਾਂ ਪਤਾ ਲਗਦਾ ਹੈ ਏਨੇ ਲੰਬੇ ਸਮੇਂ ਵਿਚ ਇਕੱਤ-ਦੁੱਕਤ

ਮਨੁੱਖਾਂ ਦੀਆਂ ਜਾਨਾਂ ਨਹੀਂ ਗਈਆ। ਕਾਂਸ਼ੀ ਰਾਮ ਨੇ ਇਸ ਸਿਧਾਂਤ ਨੂੰ ਇਸ ਤਰ੍ਹਾਂ ਸਮਝਿਆ ਸੋਚਿਆ ਤੇ ਇਸ ਸਿੱਟੇ 'ਤੇ ਪਹੁੰਚੇ ਕਿ ਵੱਡੀਆਂ ਪ੍ਰਾਪਤੀਆਂ ਵੱਲ ਵਧ ਰਹੇ ਤੇ ਜੂਝ ਰਹੇ ਸਮਾਜ ਨੂੰ ਕੁਰਬਾਨੀਆਂ ਤਾਂ ਕਰਨੀਆਂ ਪੈਂਦੀਆਂ ਹਨ, ਪ੍ਰੰਤੂ ਜੇ ਕੁਝ ਕੁਰਬਾਨੀਆਂ ਦੇਣੀਆਂ ਵੀ ਪੈ ਜਾਣ ਤਾਂ ਉਨ੍ਹਾਂ ਦਾ ਫਾਇਦਾ ਬਹੁਤ ਜਿਆਦਾ ਹੋਣਾ ਚਾਹੀਦਾ ਹੈ। ਫਾਇਦਾ ਤਾਂ ਹੀ ਹੋਵੇਗਾ ਜੇ ਕੁਰਬਾਨੀਆਂ ਕਰਨ ਵਾਲਿਆਂ ਦੇ ਪਿੱਛੇ, ਕੁਰਬਾਨੀਆਂ ਦਾ ਮੁੱਲ ਪਾਉਣ ਵਾਲਾ ਸਮਾਜ ਤਿਆਰ ਹੋਵੇ। ਦੁਸ਼ਮਣ ਵੀ ਸੋਚੇ ਕਿ ਇਕ ਕੁਰਬਾਨੀ ਲਈ ਉਸ ਨੂੰ ਪਤਾ ਨਹੀਂ ਕਿੰਨੇ ਗੁਣਾ ਕੀਮਤ ਤਾਰਨੀ ਪਵੇਗੀ। ਦੂਜੇ ਪਾਸੇ ਕੁਰਬਾਨੀ ਸਿਰਫ ਮਰ ਜਾਣ ਨੂੰ ਹੀ ਨਹੀਂ ਕਹਿੰਦੇ। ਜਿਉਂਦੇ ਰਹਿ ਕੇ ਜੀਵਨ ਦਾ ਕੁਝ ਵੀ ਸਮਾਜ ਅਤੇ ਲਹਿਰ ਤੋਂ ਅਰਪਣ ਕਰੀ ਜਾਣਾ ਭੀ ਕੁਰਬਾਨੀ ਹੁੰਦੀ ਹੈ। ਬਹੁਤੀ ਵਾਰ ਮਰ ਜਾਣ ਤੇ ਲਗਾਤਾਰ ਮਰੀ ਜਾਣਾ, ਕੌਮਾਂ ਦੇ ਸਮਾਜ ਦੇ ਘਾਣ ਤੋਂ ਵੱਧ ਕੁਝ ਨਹੀਂ ਹੁੰਦਾ। ਕਈ ਵਾਰ ਜੂਝ ਰਹੇ ਲੋਕ ਇਸ ਲਈ ਸੁਚੇਤ ਹੁੰਦੇ ਹਨ। ਫਿਰ ਵੀ ਬਿਫਰਿਆ ਤੇ ਹੰਕਾਰਿਆਂ ਦੁਸ਼ਮਣ, ਵਿਰੋਧੀ ਸਮਾਜ ਨੂੰ ਸੁਲਾਈ ਰੱਖਣ ਲੀ ਰਾਜੇ ਸ਼ੀਹ ਮੁਕੱਦਮ ਕੁਤੇ-ਜਾਇ ਜਗਾਇਨ ਬੈਠੇ ਸੁਤੇ, ਵਾਲੀ ਮਾਨਸਿਕਤਾ ਵਿਚ ਆ ਕੇ ਅਣਮਨੁੱਖੀ ਵਤੀਰਾ ਕਰਦਾ ਹੈ।

ਇਹੋ ਕੁਝ ਹੋਇਆ ਹੈ ਪੰਜਾਬ ਦੇ ਨੂਰਮਹਿਲ, ਜਸਪਾਲ ਬਾਂਗਰ, ਛਬਾਲੀ ਅਤੇ ਖਰੜ ਇਲਾਕਿਆਂ ਵਿੱਚ ਜਿਹੜੇ ਸੂਰਬੀਰ, ਜ਼ੁਲਮ ਤੇ ਕਹਿਰ ਦਾ ਸ਼ਿਕਾਰ ਹੋਏ ਉਨ੍ਹਾਂ ਦੀ ਮੁੱਢਲੀ ਜਾਣਕਾਰੀ, ਅਸੀਂ ਸਮਾਜਿਕ ਪਰਿਵਰਤਨ ਦੀ ਲਹਿਰ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਅੰਕਤ ਕਰ ਰਹੇ ਤਾਂ ਕਿ ਸਮਾਜ ਆਪਣੇ ਸ਼ਹੀਦਾਂ ਨੂੰ ਯਾਦ ਰੱਖ ਸਕੇ ਅਤੇ ਆਉਣ ਵਾਲੇ ਸਮਿਆਂ ਵਿਚ ਕੁਰਬਾਨੀਆਂ ਦਾ ਲੇਖਾ ਜੋਖਾ ਕਰ ਸਕੇ ਅਤੇ ਹੋਰ ਅੱਗੇ ਵਧ ਕੇ ਆਪਣੀ ਤਕਦੀਰ ਦਾ ਫੈਸਲਾ ਖੁਦ ਕਰ ਸਕੇ।

ਸਮਾਜਿਕ ਪਰਿਵਰਤਨ ਲਹਿਰ (1965 ਤੋਂ 1999) ਦੇ ਸ਼ਹੀਦ

(ਸ਼ਹਾਦਤ ਦਾ ਦਿਨ 16 ਫਰਵਰੀ 1992)

1. ਰਾਜ ਕੁਮਾਰ ਪੁੱਤਰ ਸ੍ਰੀ ਓਮ ਪ੍ਰਕਾਸ਼ ਸਿੱਧਮ ਪਿੰਡ ਸਿੱਧਮ, ਨੂਰ ਮਹਿਲ (ਜਲੰਧਰ) ਆਦਿਧਰਮੀ।
2. ਡਾ. ਸੁਲੱਖਣ ਪੁੱਤਰ ਸ੍ਰੀ ਹਜਾਰਾ ਰਾਮ ਪਿੰਡ ਤਲਵਣ (ਜਲੰਧਰ) ,, ।
3. ਹਰੀਦੇਵ ਪੁੱਤਰ ਸ੍ਰੀ ਬਾਬੂ ਰਾਮ ਪਿੰਡ ਸਿੱਧਮ (ਜਲੰਧਰ) ,, ।
4. ਸਤਵੰਤ ਰਾਏ ਪੁੱਤਰ ਸ੍ਰੀ ਭਗਵਾਨ ਦਾਸ ਪਿੰਡ ਮੁਆਈ (ਜਲੰਧਰ) ,, ।
5. ਨਰੇਸ਼ ਕੁਮਾਰ ਪੁੱਤਰ ਸ੍ਰੀ ਰੌਣਕੀ ਰਾਮ ਪਿੰਡ ਲੱਧੇ ਵਾਲੀ (ਜਲੰਧਰ) ,, ।
6. ਬੂਹੜ ਰਾਮ ਪੁੱਤਰ ਸ੍ਰੀ ਰਾਮ ਲੋਕ ਪਿੰਡ ਸਿੱਧਮ (ਜਲੰਧਰ) ,, ।
7. ਭਜਨ ਲਾਲ ਪੁੱਤਰ ਸ੍ਰੀ ਧਰਮਾ ਪਿੰਡ ਚੀਮਾਂ ਕਲਾ (ਜਲੰਧਰ) ,, ।
8. ਕਸ਼ਮੀਰੀ ਲਾਲ ਪੁੱਤਰ ਸ੍ਰੀ ਦਰਸ਼ਨ ਰਾਮ ਪਿੰਡ ਚੂਹੇ ਕੀ (ਜਲੰਧਰ) ,, ।
9. ਸੁਖਰਾਮ ਪੁੱਤਰ ਸ੍ਰੀ ਛੁੰਮਣ ਰਾਮ ਪਿੰਡ ਭੰਡਾਲ ਕਲਾਂ (ਜਲੰਧਰ) ,, ।
10. ਜਸਵੰਤ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਪਿੰਡ ਕੋਟ ਕਪੂਰਾ (ਫਰੀਦਕੋਟ) ਜੁਲਾਹਾ ।
11. ਸ਼ਾਮ ਲਾਲ ਪੁੱਤਰ ਸ੍ਰੀ ਰੁਲਦੂ ਰਾਮ ਪਿੰਡ ਕੋਟ ਕਪੂਰਾ (ਫਰੀਦਕੋਟ) ਰਮਦਾਸੀਆ ।
12. ਲੀਲੂ ਰਾਮ ਪੁੱਤਰ ਸ੍ਰੀ ਹਰੀਚੰਦ ਪਿੰਡ ਕੋਟ ਕਪੂਰਾ (ਫਰੀਦਕੋਟ) ਰਮਦਾਸੀਆ ।
13. ਭੀਮ ਸੈਨ ਪੁੱਤਰ ਸ੍ਰੀ ਮਾੜੂ ਰਾਮ ਪਿੰਡ ਕੋਟ ਕਪੂਰਾ (ਫਰੀਦਕੋਟ) ਘੁਮਿਆਰ ।
14. ਮੂਲ ਚੰਦ ਪੁੱਤਰ ਸ੍ਰੀ ਨੇਕੀ ਰਾਮ ਪਿੰਡ ਕੋਟ ਕਪੂਰਾ (ਫਰੀਦਕੋਟ) ਘੁਮਿਆਰ ।
15. ਨਛੱਤਰ ਸਿੰਘ ਪੁੱਤਰ ਸ੍ਰੀ ਜੁਗਿੰਦਰ ਸਿੰਘ ਪਿੰਡ ਜਸਪਾਲ ਬਾਂਗਰ (ਲੁਧਿਆਣਾ) ਘੁਮਿਆਰ ।
16. ਸਵਰਨਜੀਤ ਸਿੰਘ ਪੁੱਤਰ ਸ਼ਹੀਦ ਨਛੱਤਰ ਸਿੰਘ ਪਿੰਡ ਜਸਪਾਲ ਬਾਂਗਰ (ਲੁਧਿਆਣਾ) ਅਛੂਤ ।
17. ਅਮਰ ਸਿੰਘ ਪੁੱਤਰ ਸ੍ਰੀ ਰਾਮ ਧਾਰੀ ਪਿੰਡ ਘੁਲਾਲ (ਲੁਧਿਆਣਾ) ਅਛੂਤ ।
18. ਹਰਜਿੰਦਰ ਸਿੰਘ ਪੁੱਤਰ ਸਰੀ ਰਾਮਧਾਰੀ ਪਿੰਡ ਘੁਲਾਲ (ਲੁਧਿਆਣਾ) ਅਛੂਤ ।
19. ਨਾਜਰ ਸਿੰਘ ਪੁੱਤਰ ਸ੍ਰੀ ਸੁਰਜਨ ਸਿੰਘ ਪਿੰਡ ਜਸਪਾਲ ਬਾਂਗਰ (ਲੁਧਿਆਣਾ)
20. ਰਾਮੋਦੇਵੀ (ਡਡਹੇੜੀ) ਪਿੰਡ ਬਾਡਲਾ ਕੋਟਲਾ, ਖਮਾਣੋਂ (ਫਤਿਹਗੜ੍ਹ ਸਾਹਿਬ)
21. ਵੇਦ ਪ੍ਰਕਾਸ਼ (ਰੀਸਰਚ ਸਕਾਲਰ) ਪੁੱਤਰ ਸ਼ਹੀਦ ਰਾਮੋ ਦੇਵੀ ਪਿੰਡ ਡਡਹੇੜੀ ਖੰਨਾ (ਲੁਧਿਆਣਾ)

22. ਜਗਮੇਲ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ ਪਿੰਡ ਢਬਾਲੀ (ਰੋਪੜ)

23. ਜਗਵੀਰ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ ਪਿੰਡ ਢਬਾਲੀ (ਰੋਪੜ)

24. ਮਾਨ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਪਿੰਡ ਢਬਾਲੀ (ਰੋਪੜ)

25. ਚੰਬਾ ਸਿੰਘ ਪੁੱਤਰ ਸ੍ਰੀ ਨੇਕ ਸਿੰਘ ਪਿੰਡ ਢਬਾਲੀ (ਰੋਪੜ)

26. ਹਰਜਿੰਦਰ ਪੁੱਤਰ ਸ੍ਰੀ ਹਰਮੀਤ ਸਿੰਘ ਪਿੰਡ ਢਬਾਲੀ (ਰੋਪੜ)

ਉਹ ਸਾਥੀ ਜੋ ਸਮਾਜਿਕ ਗਤੀ ਵਿਧੀਆਂ ਦੌਰਾਨ ਵਿੱਛੜ ਗਏ

1. ਸ੍ਰੀ ਸੋਹਣ ਲਾਲ ਰਤਨ, ਜ਼ਿਲ੍ਹਾ ਪ੍ਰਧਾਨ ਜਲੰਧਰ ਪੁੱਤਰ ਸ੍ਰੀ ਲਛਮਣ ਦਾਸ ਪਿੰਡ ਕਾਹਮਾਂ (ਬੰਗਾ) ਮੌਤ 28 ਫਰਵਰੀ 1992 ।

2. ਸ. ਕਰਤਾਰ ਸਿੰਘ ਫੌਜੀ ਪੁੱਤਰ ਸ. ਦਲੀਪ ਸਿੰਘ ਪਿੰਡ ਮੱਲਵਾਲ ਕਦੀਮ (ਫਿਰੋਜ਼ਪੁਰ) ਮੌਤ 2 ਅਕਤੂਬਰ 1989 ।

3. ਮਾਸਟਰ ਨਾਦਾ ਸਿੰਘ ਪੁੱਤਰ ਸ੍ਰੀ ਜੰਗੀਰ ਸਿੰਘ ਪਿੰਡ ਗਿੱਲ (ਫਿਰੋਜ਼ਪੁਰ) ਮੌਤ 3 ਮਾਰਚ 1989 ।

4. ਸ੍ਰੀ ਪ੍ਰਭ ਦਿਆਲ ਮਾਂਡੀਆ ਪੁੱਤਰ ਸ੍ਰੀ ਜੈ ਰਾਮ ਪਿੰਡ ਪ੍ਰੇਮ ਨਗਰ ਕੋਟਕਪੂਰਾ ਦਸ ਸਾਲ ਜਨ ਜਾਗ੍ਰਤੀ ਦਾ ਕੰਮ ਕੀਤਾ ਅਤੇ ਸ. ਗੁਰਨਾਮ ਸਿੰਘ ਮੁਕਤਸਰ ਦੀ ਅਗਵਾਈ ਵਿਚ ਪੀ.ਆਰ.ਟੀ.ਸੀ. ਪੰਜਾਬ ਅਦਾਰੇ ਵਿਚ ਐਸ.ਸੀ., ਬੀ.ਸੀ. ਫੈਡਰੇਸ਼ਨ ਖੜ੍ਹੀ ਕੀਤੀ । ਮੌਤ 28 ਜੁਲਾਈ 1992 ।

5. ਸ. ਜਗਰੂਪ ਸਿੰਘ ਐਲ.ਐਲ.ਬੀ.ਐਲ.ਐਲ.ਐਮ. ਪੁੱਤਰ ਸ੍ਰੀ ਗੁਲਜਾਰ ਸਿੰਘ ਪਿੰਡ ਬੰਬੀਹਾ ਭਾਈ (ਫਰੀਦਕੋਟ) ਮੌਤ 4 ਮਾਰਚ 1994 ।

6. ਸ. ਜੀਤ ਸਿੰਘ ਜ਼ਿਲ੍ਹਾ ਪ੍ਰਧਾਨ (ਬਸਪਾ) ਪੁੱਤਰ ਸ੍ਰੀ ਭਗਤਾ ਸਿੰਘ ਪਿੰਡ ਨੌ ਲੱਖਾ (ਪਟਿਆਲਾ) ਮੌਤ 12 ਦਸੰਬਰ 1994 ।

ਕਾਂਸ਼ੀ ਰਾਮ ਫਿਨਾਮਿਨਾ (ਚਮਤਕਾਰ)
(ਸਮਾਜਿਕ ਪਰਵਰਤਨ ਅਤੇ ਆਰਥਿਕ ਮੁਕਤੀ ਲਈ)

–ਭਾਰਤ ਵਿਚ ਅੰਬੇਡਕਰਵਾਦ ਦੀ ਵਕਤੀ ਰੁਕਾਵਟ ਮਗਰੋਂ ਇਹ ਬਾਬਾ ਸਾਹਿਬ ਦੇ ਕੁਝ ਚੇਲਿਆਂ ਅਤੇ ਪੈਰੋਕਾਰਾਂ ਦਾ ਵਪਾਰ ਬਣ ਕੇ ਰਹਿ ਗਿਆ।

–ਸ਼ੂਦਰਾਂ ਨੂੰ ਅਨਪੜ੍ਹ, ਗਵਾਰ ਅਤੇ ਖਿਲਾਰ ਕੇ ਰੱਖਣਾ ਜਾਤੀ ਵਿਰਾਸਤ ਪੁਣੇ ਦਾ ਸੌੜਾ ਹਿੱਤ ਹੈ।

–ਅਸੀਂ ਮੌਜੂਦਾ ਰਾਜਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਬਣਤਰ ਨੂੰ ਬਦਲਣਾ ਚਾਹੁੰਦੇ ਹਾਂ।

–ਮਨੂੰਵਾਦ ਤੇ ਜ਼ੋਰ ਦੇਣ ਵਾਲਾ ਧਰਮ, ਸਾਡਾ ਧਰਮ ਨਹੀਂ ਹੈ ਕਿਉਂਕਿ ਇਹ ਸਾਨੂੰ ਗੁਲਾਮ ਬਣਾਉਣ 'ਤੇ ਜ਼ੋਰ ਦਿੰਦਾ ਹੈ। ਇਸ ਲਈ ਧਾਰਮਿਕ ਫਰੰਟ 'ਤੇ ਵੀ ਤਬਦੀਲੀ ਦੀ ਲੋੜ ਹੈ। ਇਸ ਲਈ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਹੀ ਰਸਤਾ ਦਿਖਾਇਆ ਹੈ।

–ਤਰਕਹੀਣ ਬ੍ਰਾਹਮਣਵਾਦ ਨੂੰ ਤਰਕਸ਼ੀਲ ਧਰਮ ਵਿਚ ਬਦਲਣ ਦੀ ਲੋੜ ਹੈ ਅਤੇ ਉਸ (ਕਾਂਸ਼ੀ ਰਾਮ) ਦੇ ਵਿਚਾਰ ਅਨੁਸਾਰ ਦੁਨੀਆ ਵਿਚ ਬੁੱਧ ਨਾਲੋਂ ਤਰਕਸ਼ੀਲ ਹੋਰ ਕੋਈ ਧਰਮ ਨਹੀਂ। ਕਿਸੇ ਵੀ ਹਾਲਤ ਵਿਚ ਬਾਬਾ ਸਾਹਿਬ ਦੇ ਬੱਚਿਆਂ ਨੂੰ ਆਪਣੇ ਪਿਤਾਮਾ ਦੇ ਮਿਸ਼ਨ ਨੂੰ ਗਤੀਹੀਣ ਤੇ ਗੰਧਲਾ ਨਹੀਂ ਹੋਣਾ ਦੇਣਾ ਚਾਹੀਦਾ॥

–ਇਹ ਹਿੰਦੂਵਾਦ ਹੀ ਹੈ ਜੋ ਸਾਡੀਆਂ ਮੁਸ਼ਕਲਾਂ ਲਈ ਜ਼ਿੰਮੇਵਾਰ ਹੈ। ਆਓ ਆਪਾਂ ਨਾਬਰਾਬਰੀ ਦੀ ਆਤਮਾ, ਬ੍ਰਾਹਮਣਵਾਦ ਨੂੰ ਜੜੋਂ ਉਖਾੜ ਦੇਈਏ।

–ਅਸੀਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਦੂਸਰੀਆਂ ਧਾਰਮਿਕ ਘੱਟ ਗਿਣਤੀਆਂ ਸੰਗਠਤ ਕਰਕੇ ਏਕਤਾ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹਾਂ। ਇਨ੍ਹਾਂ ਲੋਕਾਂ ਨੂੰ ਇਕੱਠੇ ਕਰਕੇ ਹੀ ਅਸੀਂ ਮੌਜੂਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚੇ ਨੂੰ ਬਦਲ ਸਕਦੇ ਹਾਂ।

–ਜੇ ਅਸੀਂ ਆਪਣੇ ਆਪ ਨੂੰ ਸੁਧਾਰ ਲਈਏ ਤਾਂ ਅਸੀਂ ਆਪਣੇ ਲੋਕਾਂ ਦੀ ਬਹੁ-ਗਿਣਤੀ ਨੂੰ ਸੁਧਾਰ ਲਵਾਂਗੇ।

–ਸਾਡੀ ਪਾਰਟੀ 'ਚ ਕੋਈ ਵੀ ਲੀਡਰ ਨਹੀਂ ਹੈ। ਅਸੀਂ ਸਾਰੇ ਵਰਕਰ ਹਾਂ, ਸਾਡੀ ਲੀਡਰਾਂ ਦੀ ਪਾਰਟੀ ਨਹੀਂ।

–ਅਸੀਂ ਬਹੁਤ ਚਿਰ ਗੁਲਾਮ ਨਹੀਂ ਰਹਿਣਾ ਚਾਹੁੰਦੇ। ਅਸੀਂ ਉਸ ਸਮਾਜ ਦੇ ਮਾਲਕ ਬਣਨਾ ਚਾਹੁੰਦੇ ਹਾਂ ਜਿਸ ਵਿਚ ਸਾਰਿਆਂ ਨੂੰ ਬਰਾਬਰ ਰੁਤਬਾ ਰਕਤੇ ਸਵੈਮਾਨ ਮਿਲੇ। ਅਸੀਂ ਇਸ ਢਾਂਚੇ ਨੂੰ ਬਦਲਣਾ ਚਾਹੁੰਦੇ ਹਾਂ ਜਿਸ ਵਿਚ ਗਰੀਬ ਅਤੇ ਸ਼ੋਸ਼ਤ ਘਟੀਆ ਅਤੇ ਬੇਇੱਜ਼ਤੀ ਭਰਿਆ ਜੀਵਨ ਜਿਉਂਦੇ ਹਨ।

–ਸੰਘਰਸ਼ ਹੀ ਜੀਵਨ ਹੈ। ਜੋ ਚੀਜ਼ ਨਹੀਂ ਮਿਲਦੀ ਉਸ ਲਈ ਰਸਤੇ ਢੂੰਡਣੇ ਪੈਂਦੇ ਹਨ। ਇਸ ਕੰਮ ਲਈ ਸਾਨੂੰ ਦੁਸ਼ਮਣ ਤੋਂ ਜਿਆਦਾ ਲਾਇਕ ਬਣਨਾ ਹੋਵੇਗਾ। ਸਾਡੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਹੋਣੀ ਚਾਹੀਦੀ।

–ਜ਼ਿੰਦਗੀ 'ਚ ਅਸੀਂ ਖੁਦ ਪਿੱਛੇ ਰਹਿ ਗਏ ਹਾਂ। ਇਸ ਲਈ ਅਸੀਂ ਖੁਦ ਦੋਸ਼ੀ ਹਾਂ।

–ਜਥੇਬੰਦੀ ਦੇ ਨਾਲ ਅਨੁਸ਼ਾਸਨ ਦੀ ਜ਼ਰੂਰਤ ਹੈ। ਜਥੇਬੰਦੀ ਦੇ ਸਾਰੇ ਪੱਖ ਮਜ਼ਬੂਤ ਅਤੇ ਕਾਮਯਾਬ ਹੋਣੇ ਚਾਹੀਦੇ ਹਨ।

–ਸਾਡੀ ਮੇਹਨਤ ਦਾ ਸਾਡੇ ਸਮਾਜ ਨੂੰ ਸਾਡੇ ਦੇਸ਼ ਨੂੰ, ਸਾਡੀ ਜਥੇਬੰਦੀ ਨੂੰ ਪੂਰਾ ਫਾਇਦਾ ਹੋਣਾ ਚਾਹੀਦਾ ਹੈ।

–ਸਾਡੀ ਲੜਾਈ ਸੰਵਿਧਾਨਕ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਹੈ।

-ਸਾਨੂੰ ਜਿਸ ਸਮਾਜ ਵਿਚ ਜਾਨਵਰ ਸਮਝਿਆ ਗਿਆ ਹੈ, ਉਥੇ ਅਸੀਂ ਇਨਸਾਨ ਬਣਨ ਦੀ ਕੋਸ਼ਿਸ਼ ਕਰਾਂਗੇ। ਜੇ ਅਸੀਂ ਬੰਦੇ ਬਣ ਜਾਈਏ ਤਾਂ ਅਸੀਂ ਵਿਰੋਧੀ ਨੂੰ ਬੰਦੇ ਦਾ ਪੁੱਤ ਬਣਾ ਸਕਦੇ ਹਾਂ। ਪਰ ਪਹਿਲਾਂ ਸਾਡੇ ਸਾਹਮਣੇ ਖੁਦ ਇਨਸਾਨ ਬਣਨ ਦੀ ਗੱਲ ਹੈ। ਜੇਕਰ ਸਰਕਾਰ ਕੋਈ ਗੱਲ ਨਹੀਂ ਮੰਨਦੀ ਜੋ ਲੋਕ ਚਾਹੁੰਦੇ ਹਨ ਅਤੇ ਜੋ ਲੋਕਾਂ ਦੇ ਹਿੱਤ ਵਿਚ ਹੈ ਤਾਂ ਸਰਕਾਰ ਨੂੰ ਮਨਾਉਣ ਦੀ ਲੋੜ ਨਹੀਂ, ਆਪਣੀ ਸਰਕਾਰ ਬਣਾ ਲਓ।

-ਜਾਤਾਂ ਅਸੀਂ ਨਹੀਂ ਬਣਾਈਆਂ, ਸਾਡੇ 'ਤੇ ਠੋਸੀਆਂ ਗਈਆਂ ਹਨ। ਅਸੀਂ ਤਾਂ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ, ਕਿਉਂਕਿ ਅਸੀਂ ਇਸ ਜਾਤੀ ਵਿਵਸਥਾ ਦੇ ਸ਼ਿਕਾਰ ਲੋਕ ਹਾਂ।

-ਸਾਡੇ ਸਾਹਮਣੇ ਕੋਈ ਠੋਸ ਮੰਤਵ ਅਤੇ ਠੋਸ ਪ੍ਰੋਗਰਾਮ ਹੋਣਾ ਚਾਹੀਦਾ ਹੈ।

-ਬ੍ਰਾਹਮਣਵਾਦ ਦੁਆਰਾ ਬੇਇੱਜ਼ਤ ਕੀਤੇ ਗਏ ਲੋਕਾਂ ਨੂੰ ਬ੍ਰਾਹਮਣਵਾਦ ਦੇ ਸ਼ਿਕਾਰ ਲੋਕਾਂ ਨੂੰ ਬ੍ਰਾਹਮਣਵਾਦ ਦੇ ਸ਼ਿਕਾਰ ਲੋਕਾਂ ਨੂੰ ਬ੍ਰਾਹਮਣਵਾਦ ਦੁਆਰਾ ਨੁਕਸਾਨ ਪਹੁੰਚਾਏ ਗਏ ਲੋਕਾਂ ਨੂੰ, ਇਕ ਮੰਚ 'ਤੇ ਇਕੱਠੇ ਹੋ ਜਾਣਾ ਚਾਹੀਦਾ ਹੈ। ਕਿਉਂਕਿ ਉਹ ਨਾ-ਬਰਾਬਰੀ ਦੇ ਇਸ ਪ੍ਰਬੰਧ ਅੰਦਰ ਵੰਡੇ ਹੋਏ ਹੋਣ ਕਾਰਨ ਹੀ, ਆਪਣੀ ਹਾਲਤ ਨਹੀਂ ਬਦਲ ਸਕੇ। ਇਸ ਲਈ ਜਿਨ੍ਹਾਂ ਨੂੰ ਤੋੜਿਆ ਗਿਆ ਹੈ, ਉਨ੍ਹਾਂ ਨੂੰ ਸੰਗਠਿਤ ਹੋ ਜਾਣਾ ਚਾਹੀਦਾ ਹੈ।

-ਪੱਛੜੀਆਂ ਜਾਤੀਆਂ (ਬੈਕਵਰਡ ਕਲਾਸਜ਼) ਦੇ ਲੋਕ ਬਿਨਾਂ ਕਿਸੇ ਮਾਨਤਾ ਅਤੇ ਬਿਨਾਂ ਕਿਸੇ ਤਰ੍ਹਾਂ ਦੇ ਅਧਿਕਾਰਾਂ ਕਾਰਨ ਹੀ ਬਹੁਤ ਪਿੱਛੇ ਰਹਿ ਗਏ ਹਨ।

-ਸਿੱਖਾਂ ਨਾਲ ਕੁਝ ਸਾਲਾਂ ਤੋਂ ਧੋਖਾ ਹੋ ਰਿਹਾ ਹੈ। ਮੁਸਲਮਾਨਾਂ ਨਾਲ 40 ਸਾਲ ਤੋਂ ਅਤੇ ਦਲਿਤਾਂ ਨਾਲ 4000 ਸਾਲ ਤੋਂ। ਜੇ ਇਹ ਸਾਰੇ ਇਕ ਥਾਂ ਇਕੱਠੇ ਹੋ ਜਾਣ ਤਾਂ ਇਸ ਜ਼ੁਲਮੀਂ ਕਿਸਮ ਦੇ ਪ੍ਰਬੰਧ ਤੋਂ ਮੁਕਤੀ ਪ੍ਰਾਪਤ ਕਰ ਸਕਦੇ ਹਾਂ।

-ਸਾਡਾ ਮਿਸ਼ਨ, ਬਰਾਬਰੀ ਦੇ ਅਧਾਰ 'ਤੇ ਬੁਨਿਆਦੀ ਤਬਦੀਲੀਆਂ ਕਰਨਾ ਹੈ।

-ਸਾਡੀ ਸੰਸਥਾ ਬ੍ਰਾਹਮਣਵਾਦ ਦੇ ਸ਼ਿਕਾਰ ਲੋਕਾਂ ਅਤੇ ਗਰੀਬਾਂ ਦਾ ਇਕ ਸੰਗਠਨ ਹੈ ਨਾ ਕਿ ਅਮੀਰ ਲੋਕਾਂ ਦਾ।

-ਸਾਡਾ ਮੁੱਖ ਸਵਾਲ ਹੈ ਕਿ ਜਿਨ੍ਹਾਂ ਨੂੰ ਸਦੀਆਂ ਤੋਂ ਸੰਗਠਤ ਨਹੀਂ ਕੀਤਾ ਗਿਆ, ਉਨ੍ਹਾਂ ਨੂੰ ਹੁਣ ਇਕੱਠਾ ਕੀਤਾ ਜਾਵੇ। ਇਹ ਇਕੱਠੇ ਹੋ ਸਕਣਗੇ ? ਇਸ ਵੰਗਾਰ ਨੂੰ ਅਸੀਂ ਕਬੂਲ ਕਰ ਲਿਆ ਹੈ ਤਾਂ ਸਾਨੂੰ ਹੁਣ ਇਸ ਮਹੱਤਵਪੂਰਨ ਯਤਨ ਲਈ ਪੂਰੇ ਯੋਗ ਹੋ ਕੇ ਕੰਮ ਕਰਨਾ ਪਵੇਗਾ।

-ਅਸੀਂ ਆਪਣਾ ਅਤੇ ਧਾਰਮਿਕ ਗਿਣਤੀਆਂ ਦਾ ਸ਼ੋਸ਼ਨ ਬੰਦ ਕਰਨ ਲਈ ਯਤਨਸ਼ੀਲ ਹਾਂ। ਘੱਟ ਗਿਣਤੀਆਂ ਸਾਹਮਣੇ ਸਮੱਸਿਆ ਹੈ ਆਪਣੇ ਆਪ ਨੂੰ ਬਰਾਬਰ ਰੱਖਣ ਦੀ, ਆਪਣੀ ਤਰੱਕੀ ਕਰਨ ਦੀ ਦੇਸ਼ ਦੇ ਸ਼ਾਸਨ ਅਤੇ ਪ੍ਰਸ਼ਾਸਨ ਵਿਚ ਭਾਗੀਦਾਰੀ ਦੀ। ਜਿਹੜੀਆਂ ਘੱਟ ਗਿਣਤੀਆਂ ਇਸ ਤਰ੍ਹਾਂ ਦੇ ਸੰਘਰਸ਼ ਵਾਸਤੇ ਤਿਆਰ ਹੋਣਗੀਆਂ। ਉਨ੍ਹਾਂ ਨੂੰ ਅਸੀਂ ਆਪਣੀ ਲਹਿਰ ਵਿਚ ਜੀ ਆਇਆ ਕਹਾਂਗੇ।

-ਹਾਕਮ ਜਮਾਤ ਨਹੀਂ ਚਾਹੁੰਦੀ ਕਿ ਭਾਰਤ ਦੇ ਦਲਿਤ, ਪਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੇਸ਼ ਦੀ ਹਕੂਮਤ ਵਿਚ ਮਾਨ ਅਤੇ ਸਤਿਕਾਰ ਭਰਿਆ ਹਿੱਸਾ, ਬਰਾਬਰੀ ਦੇ ਅਧਾਰ 'ਤੇ ਲੈਣ।

-ਸਾਡੇ ਸਾਹਮਣੇ ਇਹ ਵੀ ਸਮੱਸਿਆ ਹੈ ਕਿ ਜੋ ਦਲਿਤ ਸ਼ੋਸ਼ਤ ਸਮਾਜ ਨੂੰ ਦਬਾਉਂਦੇ ਕੁਚਲਦੇ ਅਤੇ ਨੁਕਸਾਨ ਪਹੁੰਚਾ ਕੇ ਬੇਇੱਜ਼ਤ ਵੀ ਕਰਦੇ ਹਨ, ਉਨ੍ਹਾਂ ਨੂੰ ਹੀ ਮਾਨਤਾ ਦਿੱਤੀ ਜਾਂਦੀ ਹੈ ਤੇ ਉਨ੍ਹਾਂ ਦੀ ਪੂਜਾ ਤੱਕ ਕੀਤੀ ਜਾਂਦੀ ਹੈ।

-ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਕਮਜ਼ੋਰੀ ਹੈ ਕਿ ਉਹ ਆਪਣੇ ਸਵੈਮਾਣ ਅਤੇ ਹੋਂਦ ਲਈ ਜਦੋਂ ਵੀ ਸੰਘਰਸ਼ ਕਰਦੀਆਂ ਹਨ ਤਾਂ ਵੱਖ-ਵੱਖ ਪਲੇਟਫਾਰਮ ਤੋਂ ਵੱਖ-ਵੱਖ ਮੋਰਚੇ ਬਣਾ ਕੇ ਕਰਦੀਆਂ ਹਨ ਤੇ ਅੰਤ ਤਾਕਤ ਗੁਆ ਕੇ ਹੋਰ ਕਮਜ਼ੋਰ ਹੋ ਜਾਂਦੀਆਂ ਹਨ। ਇਸ ਦਾ ਕਾਰਨ ਲੀਡਰਸ਼ਿਪ ਦੀ ਨਾਕਾਬਲੀਅਤ ਅਤੇ ਕਮਜ਼ੋਰੀ ਹੈ।

-ਜਦੋਂ ਸਮਾਜ ਵਿਕਣ ਵਾਲਾ ਹੋਵੇਗਾ ਤਾਂ ਲਾਜ਼ਮੀ ਲੀਡਰ ਵੀ ਵਿਕਣ ਵਾਲੇ ਪੈਦਾ ਹੋਣਗੇ। ਸਾਨੂੰ ਪਹਿਲਾ ਨਾ ਵਿਕਣ ਵਾਲਾ ਸਮਾਜ ਪੈਦਾ ਕਰਨਾ ਹੋਵੇਗਾ ਤਾਂਕਿ ਕੋਈ ਵਿਕਣ ਦੀ ਜੁਰਅਤ ਨਾ ਕਰ ਸਕੇ।

-ਜਦੋਂ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਉਸ ਵਿਚੋਂ ਚਾਹਤ ਪੈਦਾ ਹੁੰਦੀ ਹੈ। ਚਾਹਤ, ਤਾਕਤ ਪੈਦਾ ਕਰਦੀ ਹੈ। ਪ੍ਰੰਤੂ ਸਾਡੇ ਸਾਹਮਣੇ ਸਮੱਸਿਆ ਹੈ ਕਿ ਤਬਦੀਲੀ ਦੀ ਲੋੜ ਬਹੁਤ ਵੱਡੀ ਹੈ, ਪ੍ਰੰਤੂ ਹਰ ਜਗ੍ਹਾ ਚਾਹਤ ਮਰ

ਚੁੱਕੀ ਹੈ ਜਾਂ ਮਾਰ ਦਿੱਤੀ ਗਈ ਹੈ। ਏਸੇ ਲਈ ਤਾਕਤ ਬਣਾਉਣ ਵਿਚ ਮੁਸ਼ਕਲ ਆ ਰਹੀ ਹੈ। ਜਿਨ੍ਹਾਂ ਨੂੰ ਮੁਕਤੀ ਦੀ ਲੋੜ ਹੈ। ਉਨ੍ਹਾਂ ਅੰਦਰ ਪਹਿਲਾਂ ਚਾਹਤ ਪੈਦਾ ਕਰਨੀ ਪਵੇਗੀ ਤਾਂ ਹੀ ਸੰਗਠਨ ਬਣ ਸਕੇਗਾ। ਸੰਗਠਨ ਅਤੇ ਸੰਘਰਸ਼ ਵਿਚੋਂ ਹੀ ਤਾਕਤ ਨਿਕਲਦੀ ਹੈ।

–ਕਿਸੇ ਆਗੂ ਜਾਂ ਕਾਰਜਕਰਤਾ ਨੂੰ ਸਮਾਜਿਕ ਤੌਰ 'ਤੇ ਚੇਤੰਨ ਹੋਣਾ ਅਤੀ ਜ਼ਰੂਰੀ ਹੈ। ਮਿਸ਼ਨ ਦੀਆਂ ਗਤੀਵਿਧੀਆਂ ਦਾ ਸਾਰੇ ਪਖਾ ਤੋਂ ਸੁਮੇਲ ਪੈਦਾ ਕਰਕੇ ਅਤੇ ਉਨ੍ਹਾਂ ਵਿਚਕਾਰ ਤਵਾਜ਼ਨ ਪੈਦਾ ਕਰਕੇ ਅੱਗੇ ਤੋਰਨਾ ਹੁੰਦਾ ਹੈ। ਇਸ ਦੇ ਨਾਲ-ਨਾਲ ਬਾਕੀ ਦੀਆਂ ਤਾਕਤਾਂ (ਬੁੱਧ, ਬਲ, ਤਨ, ਬਲ, ਧਨ ਬਲ ਅਤੇ ਮਨ ਬਲ) ਦਾ ਵੀ ਨਰੀਖਣ ਕਰਨਾ ਹੁੰਦਾ ਹੈ, ਜੋ ਸੰਘਰਸ਼ ਦਾ ਅਧਾਰ ਹਨ।

–ਛੋਟੇ ਸਾਧਨਾਂ ਨੂੰ ਵੱਡੀ ਪੱਧਰ 'ਤੇ ਇਕੱਠੇ ਕਰਕੇ ਉਨ੍ਹਾਂ ਤੋਂ ਵਧੇਰੇ ਲਾਭ ਲੈਣਾ ਸਿਆਣਪ ਹੈ। ਨਜਾਇਜ਼ ਤੌਰ 'ਤੇ ਪੈਦਾ ਕੀਤੇ ਗਏ ਸਾਧਨ, ਬੰਦੇ ਦੀ ਕਮਜ਼ੋਰੀ ਬਣ ਜਾਂਦੇ ਹਨ ਤੇ ਨਜਾਇਜ਼ ਤੌਰ 'ਤੇ ਪੈਦਾ ਕੀਤੇ ਗਏ ਸਾਧਨਾਂ ਦੀ ਬਰਕਰਾਰੀ ਲਈ ਅਜਿਹੇ ਬੰਦੇ ਹਾਕਮਾਂ ਦੇ ਸੰਦ ਬਣਕੇ ਤੁਰਦੇ ਹਨ।

–ਉਨ੍ਹਾਂ ਨੂੰ ਗਿਰਾ ਦਿਓ, ਜੋ ਸਮੱਸਿਆਵਾਂ ਪੈਦਾ ਕਰਦੇ ਹਨ ਅਤੇ ਨੁਕਸਾਨ ਕਰਦੇ ਹਨ। ਇਹ ਉਹ ਲੋਕ ਹਨ, ਜੋ 85 ਪ੍ਰਤੀਸ਼ਤ ਦੁਖੀ ਸਮਾਜ ਨੂੰ ਛੱਡ ਕੇ, ਦੂਜੀ ਕਿਸਮ ਦੇ 15 ਪ੍ਰਤੀਸ਼ਤ ਹਾਕਮ ਦੇ ਹਿੱਤ ਪੂਰਦੇ ਹਨ।

–ਵਿਸ਼ਾਲ ਗਿਣਤੀ ਵਿਚ ਦਲਿਤ ਸ਼ੋਸ਼ਤ ਸਮਾਜ ਦੇ ਉਹ ਲੋਕ, ਜੋ ਹਿੰਦੂ ਨਾ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਹਨ, ਉਹ ਅਸਲੀ ਹਿੰਦੂਆਂ (ਸਵਰਨਾਂ) ਦੇ ਹਥਿਆਰ ਹਨ, ਜਿਨ੍ਹਾਂ ਨੂੰ ਉਹ ਇਕ ਦੂਜੇ ਦੇ ਖਿਲਾਫ ਵਰਤਦੇ ਹਨ। ਇਹੀ ਸਮੱਸਿਆ ਧਾਰਮਿਕ ਘੱਟ ਗਿਣਤੀਆਂ ਦੀ ਹੈ, ਜੋ ਹਿੰਦੂ ਨਹੀਂ ਲਿਖਾਉਂਦੀਆਂ। ਇਕ ਪਾਸੇ ਇਨ੍ਹਾਂ ਨੂੰ ਹਥਿਆਰ ਬਣਾ ਕੇ ਵਰਤਿਆ ਜਾਂਦਾ ਹੈ ਦੂਜੇ ਪਾਸੇ ਇਨ੍ਹਾਂ ਨਾਲ ਹੀ ਹੈਵਾਨਾਂ ਵਾਲਾ ਵਰਤਾਅ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਹਥਿਆਰ ਬਣਾ ਕੇ ਉਨ੍ਹਾਂ ਹੀ ਲੋਕਾਂ ਦੇ ਖਿਲਾਫ ਵਰਤਿਆਂ ਜਾਂਦਾ ਹੈ, ਜਿਨ੍ਹਾਂ ਦੀ ਸਮੱਸਿਆ ਲਗਭਗ ਇਕੋ ਜਿਹੀ ਹੈ। ਇਸ ਦਾ ਹੱਲ ਤਾਂ ਲਾਇਕ ਅਤੇ ਇਨਸਾਨ ਬਣਕੇ ਹੀ ਲੱਭਿਆ ਜਾ ਸਕਦਾ ਹੈ।

–ਜਦੋਂ ਕੋਈ ਇਕ ਧਿਰ ਸਮੱਸਿਆ ਹੋਵੇ, ਭੀੜ ਅੰਦਰ ਫਸੀ ਹੋਵੇ, ਅਜਿਹੇ ਸਮੇਂ ਜੇ ਉਹ ਦੂਜਿਆਂ ਨਾਲ (ਜੋ ਉਸ ਵਰਗੇ ਨਹੀ) ਮਿਲ-ਜੁਲ ਕੇ ਅੱਗੇ ਵਧਣ ਦੀ ਗੱਲ ਕਰਦੀ ਹੈ ਤਾਂ ਕਾਮਯਾਬੀ ਨਹੀਂ ਮਿਲਦੀ। ਮਿਲਣ-ਜੁਲਣ ਅਤੇ ਇਕੱਠੇ ਹੋ ਕੇ ਅੱਗੇ ਵਧਣ ਦੀ ਗੱਲ ਤਾਂ ਉਸ ਸਮੇਂ ਹੀ ਕਾਮਯਾਬ ਹੋ ਸਕਦੀ ਹੈ, ਜਦੋਂ ਕੋਈ ਮੁਸ਼ਕਲ ਜਾਂ ਭੀੜ ਨਾ ਪਈ ਹੋਵੇ। ਪਰ ਸਾਂਝੇ ਸੰਘਠਨ ਦੀ ਗੱਲ ਨੂੰ ਤੋਰਿਆ ਜਾਵੇ। ਮਜ਼ਬੂਤ ਕੀਤਾ ਜਾਵੇ। ਜੇ ਅਜਿਹਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਸਮੇਂ ਲੜਾ ਕੇ, ਕੋਈ ਦੂਜਾ ਨਾ ਨੁਕਸਾਨ ਕਰ ਸਕਦਾ ਹੈ ਅਤੇ ਨਾ ਹੀ ਆਪਣਾ ਫਾਇਦਾ ਕਰ ਸਕਦਾ ਹੈ। ਹਜ਼ਾਰਾਂ ਸਾਲਾਂ ਤੋਂ ਤੋੜੇ ਗਏ ਲੋਕਾਂ ਨੂੰ ਅਸਾਨੀ ਨਾਲ ਥੋੜੇ ਸਮੇਂ ਵਿਚ ਜੋੜਿਆ ਨਹੀਂ ਜਾ ਸਕਦਾ। ਫਿਰ ਵੀ ਆਸਵੰਦ ਹੋ ਕੇ ਇਨ੍ਹਾਂ ਨੂੰ ਲੜਾਈ ਝਗੜੇ ਅਤੇ ਆਪਸੀ ਗੈਰ ਇਨਸਾਨੀ ਵਿਤਕਰਿਆਂ ਤੋਂ ਮੋੜ ਕੇ, ਮਨੁੱਖੀ ਭਾਈਚਾਰਾ ਪੈਦਾ ਕਰਨ ਦਾ ਯਤਨ ਕਰਦੇ ਰਹਿਣਾ ਜ਼ਰੂਰੀ ਹੈ। ਜੇਕਰ ਘੱਟ ਗਿਣਤੀਆਂ (ਸਿੱਖ, ਇਸਾਈ, ਮੁਸਲਮਾਨ, ਬੋਧੀ ਆਦਿ) ਨੂੰ ਜੋੜਨ ਦੀ ਕੋਸ਼ਿਸ ਕੀਤੀ ਜਾਵੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਵੱਡੇ ਪੈਮਾਨੇ 'ਤੇ ਹੱਲ ਹੋ ਸਕਦੀਆਂ ਹਨ।

–ਜਾਤ-ਪਾਤ, ਛੂਆਛਾਤ ਦੀ ਗੈਰ ਇਨਸਾਨੀ ਸਮੱਸਿਆ ਦੇਸ਼ਵਿਆਪੀ ਹੈ। ਜੇਕਰ ਲੋਕਤੰਤਰ ਵਿਚ ਲੋਕਾਂ ਦੁਆਰਾ ਚੁਣੀ ਸੰਸਦ ਇਸ ਦਾ ਚਰਚਾ ਨਹੀਂ ਕਰਦੀ, ਇਸ ਬਾਰੇ ਕੋਈ ਗੱਲ ਨਹੀਂ ਸੁਣਦੀ ਤਾਂ ਸਿਆਣੇ ਬੰਦਿਆਂ ਦਾ ਫਰਜ਼ ਹੈ ਕਿ ਸਭ ਤੋਂ ਗੰਭੀਰ ਮਾਮਲਾ, ਲੋਕਾਂ ਦੀ ਕਚਹਿਰੀ ਵਿਚ ਰੱਖ ਦੇਣ।

–ਜਿਸ ਦੇਸ਼ ਦੀਆਂ ਅਦਾਲਤਾਂ ਵੀ ਇਨਸਾਫ ਦੇਣ ਤੋਂ ਇਨਕਾਰੀ ਹੋ ਜਾਣ ਤਾਂ ਸਮੱਸਿਆਵਾਂ ਨੂੰ ਲੋਕਾਂ ਵਿਚ ਸਥਾ ਵਿਚ ਲੈ ਜਾਵੇ ਇਕ ਦਿਨ ਇਨਸਾਫ ਜ਼ਰੂਰ ਹੋ ਜਾਵੇਗਾ।

–ਸਾਡੇ ਪਾਸ ਸੱਚ ਕਹਿਣ ਲਈ ਏਨਾ ਜਿਆਦਾ ਹੈ ਕਿ ਝੂਠ ਮਾਰਨ ਦੀ ਜ਼ਰੂਰਤ ਹੀ ਨਹੀਂ।

–ਸਾਡੀ ਦਿਮਾਗ ਨਾਲ ਦਿਮਾਗ ਨਾਲ ਲੜਾਈ ਹੈ।

–ਕਿਸੇ ਮਜ਼ਬ ਧਰਮ ਨੂੰ ਛੇੜੇ ਬਗੈਰ, ਦੁਖੀ ਨੂੰ ਸਮਾਜਕ, ਆਰਥਕ, ਰਾਜਨੀਤਕ ਅਤੇ ਸੱਭਿਆਚਾਰਕ ਪੱਧਰ ਉੱਤੇ ਇਕੱਠੇ ਕਰ ਸਕਣਾ, ਬਹੁਤ ਵੱਡੀ ਪ੍ਰਾਪਤੀ ਹੋਵੇਗੀ।

–ਵਰਤਮਾਨ ਪ੍ਰਸਥਿੱਤੀਆਂ ਅੰਦਰ ਵਿਚਰ ਰਹੀਆਂ ਹਾਲਤਾਂ, ਜੋ ਗੈਰ ਇਨਸਾਨੀ ਹਨ, ਨਾਲ ਲੜੋ।

-ਆਪਣੀ ਤਾਕਤ ਨੂੰ ਸਮੇਂ ਦੀ ਸੂਝ ਨਾਲ, ਪਹਿਲ ਦੀ ਸੂਝ ਨਾਲ, ਜਾਣਕਾਰੀ ਦੀ ਸੂਝ ਨਾਲ, ਪਰਖ ਦੀ ਸੂਝ ਨਾਲ-ਇਸ ਤਰ੍ਹਾਂ ਵਰਤੋ ਕਿ ਆਪਣੇ ਮੰਤਵ ਨੂੰ ਅਵੱਸ਼ ਪਾ ਸਕੋ।

-ਜਿਹੜੀਆਂ ਕੌਮਾਂ ਜਾਂ ਫਿਰਕਿਆਂ ਦੀ 50 ਸਾਲ ਤੋਂ ਕਿਸੇ ਦੇਸ਼ ਦੇ ਸ਼ਾਸਨ ਅਤੇ ਪ੍ਰਸ਼ਾਸਨ ਵਿਚ ਭਾਗੀਦਾਰੀ ਨਾ ਰਹੇ, ਉਹ ਗੁਲਾਮ ਹੋ ਜਾਂਦੀਆਂ ਹਨ।

-ਸਾਡੇ ਬਜ਼ੁਰਗਾਂ ਨੇ ਸੰਘਰਸ਼ ਕਰਕੇ ਛੂਆਛਾਤ ਵਿਰੁੱਧ ਕਾਨੂੰਨ ਬਣਾ ਦਿਤਾ। ਇਹ ਇਕ ਕਠਿਨ ਕੰਮ ਸੀ। ਹੁਣ ਅਸੀਂ ਇਸ ਕਾਨੂੰਨ ਨੂੰ ਲਾਗੂ ਕਰਵਾਉਣਾ ਹੈ ਜੋ ਕਿ ਉਤਨਾ ਕਠਿਨ ਨਹੀਂ ਹੈ।

-ਪਾਰਟੀ ਨੂੰ ਸੂਝ ਬੂਝ ਦੇ ਆਧਾਰ 'ਤੇ ਫੈਸਲੇ ਲੈਣੇ ਚਾਹੀਦੇ ਨਾਂ ਕਿ ਜਜਬਾਤ ਜਾਂ ਜੋਸ਼ ਦੇ ਅਧਾਰ 'ਤੇ।

-ਲੋਕਾਂ ਨੂੰ ਉਹੋ ਜਿਹੀ ਲੀਡਰਸ਼ਿਪ ਮਿਲ ਜਾਂਦੀ ਹੈ, ਜਿਹੋ ਜਿਹੀ ਦੇ ਉਹ ਲਾਇਕ ਹੁੰਦੇ ਹਨ।

-ਜੇ ਸੰਗਠਨ ਸਹੀ ਹੋਵੇ ਤਾਂ ਸੈਂਕੜੇ ਆਦਮੀ (ਕਾਰਜਕਰਤਾ) ਲਗਾਤਾਰ ਪੈਦਾ ਕੀਤੇ ਜਾ ਸਕਦੇ ਹਨ।

-ਇਕ ਮੋਹਰੀਆ ਸੰਘਰਸ਼ 'ਚੋਂ ਦੌੜ ਜਾਵੇ ਤਾਂ ਦੂਜਿਆਂ ਦਾ ਫਰਜ਼ ਹੈ ਕਿ ਉਹ ਸੰਘਰਸ਼ ਨੂੰ ਜਾਰੀ ਰੱਖਣ।

-ਅੰਗਰੇਜ਼ਾਂ ਦੇ ਭਾਰਤੀ ਹਾਕਮ ਬਣਨ ਨਾਲ, ਪੱਛਮੀ ਵਿਦਿਆ, ਪੱਛਮੀ ਸਭਿਆਚਾਰ ਆਏ। ਇਸ ਨਾਲ ਦੱਬੀਆ ਕੁਚਲੀਆਂ ਜਮਾਤਾਂ (ਜਾਤਾਂ) ਵਿਚਕਾਰ ਨਵੀਂ ਚੇਤਨਤਾ ਪੈਦਾ ਹੋਈ।

-1919 ਵਿਚ ਮਿਸਟਰ ਗਾਂਧੀ ਨੇ ਭਾਰਤੀ ਰਾਜਨੀਤੀ ਵਿਚ ਕਦਮ ਰੱਖਿਆ। ਇਸ ਸਮੇਂ ਤੱਕ ਹਰ ਪੱਧਰ 'ਤੇ ਕਾਂਗਰਸ ਬ੍ਰਾਹਮਣ ਦੇ ਕਬਜੇ ਵਿਚ ਰਹੀ ਪ੍ਰੰਤੂ ਗਾਂਧੀ ਜੀ ਦੇ ਆ ਜਾਣ ਨਾਲ, ਇਹ ਬ੍ਰਾਹਮਣ ਬਾਣੀਆਂ ਗੱਠਜੋੜ ਦੀ ਖਤਰਨਾਕ ਤਾਕਤ ਬਣ ਗਈ।

-ਯਹੂਦੀ ਅਤੇ ਨੀਗਰੋ ਦੀਆਂ ਔਖਿਆਈਆਂ ਤੇ ਉਹਨਾਂ ਨਾਲ ਭੈੜਾ ਵਰਤਾਅ, ਭਾਰਤ ਦੇ ਅਛੂਤਾਂ ਦੇ ਮੁਕਾਬਲੇ ਕੁੱਝ ਵੀ ਨਹੀਂ ਹੈ। ਜਦੋਂ ਅਸੀਂ ਆਦਮੀ ਵਲੋਂ ਆਦਮੀ ਨਾਲ ਕੀਤੇ ਜਾਂਦੇ ਗੈਰ ਇਨਸਾਨੀ ਵਰਤਾਅ ਬਾਰੇ ਸੋਚਦੇ ਹਾਂ, ਸੰਸਾਰ ਭਰ ਵਿਚ ਅਛੂਤਾਂ ਦੇ ਖਿਲਾਫ ਹਿੰਦੂਆਂ ਦੇ ਸਨਾਤਨਵਾਦ (ਊਚ ਨੀਚ, ਛੂਆ ਛਾਤ, ਜਾਤ ਪਾਤ, ਜ਼ੁਲਮ, ਧਰਮ ਕਰਮ) ਦਾ ਕੋਈ ਮੁਕਾਬਲਾ ਨਹੀਂ ਹੈ। ਬ੍ਰਾਹਮਣਵਾਦ ਅੰਦਰ ਅਜਿਹੇ ਜਹਿਰੀਲੇ ਜਰਮ ਮੌਜੂਦ ਹਨ ਕਿ ਇਹਨਾਂ ਨੇ ਬੁਹਤ ਬੁਰੀ ਤਰ੍ਹਾਂ ਇਸ ਗਿਰੇ ਹੋਏ ਅਨਿਆਂ ਵਿਰੁੱਧ ਬਗਾਵਤ ਕਰਨ ਦੀ ਤਮੰਨਾ ਹੀ ਮਾਰ ਦਿੱਤੀ ਹੈ।

-1920 'ਚ ਡਾਕਟਰ ਅੰਬੇਡਕਰ ਉਨ੍ਹਾਂ (ਅਛੂਤ ਪੱਛੜੀਆਂ ਜਾਤੀਆਂ) ਦਾ ਨੇਤਾ ਤੇ ਰਾਖਾ ਬਣਕੇ ਅੱਗੇ ਆਇਆ।

-ਪੂਨਾ ਪੈਕਟ ਦੇ ਨਤੀਜੇ ਵਜੋਂ ਸਾਡੇ ਕੋਲੋਂ ਵੱਖਰੇ ਚੋਣ ਖੇਤਰ ਖੋਹ ਲਏ ਤੇ ਸਾਡੇ ਉੱਪਰ ਸਾਂਝੇ ਚੋਣ ਖੇਤਰ ਠੋਸੇ ਗਏ। ਇਸ ਤਰ੍ਹਾਂ ਅਸੀਂ ਆਪਣੀ ਅਵਾਜ ਗੁਆ ਦਿੱਤੀ ਤੇ ਹਿਜ਼ ਮਾਸਟਰਜ਼ ਵਾਇਸ' ਬਣਾ ਦਿੱਤੇ ਗਏ।

-ਕਈ ਕਿਸਮ ਦੇ ਖਤਰੇ ਹਨ, ਪਰੰਤੂ ਬਲੈਕਮੇਲ ਦਾ ਖਤਰਾ ਸਭ ਤੋਂ ਖਤਰਨਾਕ ਹੈ। ਬਾਬਾ ਸਾਹਿਬ ਅੰਬੇਡਕਰ ਦੇ ਜੀਵਣ ਅਤੇ ਮਿਸ਼ਨ ਵਿਚੋਂ ਸਾਨੂੰ ਇਹੀ ਸਿੱਖਿਆ ਮਿਲਦੀ ਹੈ।

-ਬਾਮਸੇਫ, ਡੀ.ਐਸ.ਫੋਰ. ਤੇ ਬੀ.ਐਸ.ਪੀ. ਅੱਜ ਦੱਬੇ ਕੁੱਚਲੇ ਅਤੇ ਪਛੜੇ ਲੋਕਾਂ ਲਈ ਰਾਖਵੇਂਕਰਨ ਦੇ ਸਮਰਥਨ ਦੇ ਹੱਕ ਵਿਚ ਲਹਿਰ ਚਲਾ ਰਹੀਆਂ ਹਨ।

-ਭਾਰਤ ਦੇ ਪੱਛੜੇ ਲੋਕਾਂ ਦੀ ਮੁੱਖ ਮੁਸ਼ਕਲ ਸਮਾਜਿਕ ਤੇ ਆਰਥਿਕ ਨਾਬਰਾਬਰੀ ਹੈ।

-ਰਾਖਵਾਂਕਰਨ ਹਿੱਸੇਦਾਰੀ ਦਾ ਮਾਮਲਾ ਹੈ।

-ਰਾਜਨੀਤੀ ਸੱਤਾ ਲਈ ਹੁੰਦੀ ਹੈ ਤੇ ਸੱਤਾ ਸੰਘਰਸ਼ ਬਿਨਾਂ ਨਹੀਂ ਮਿਲਦੀ।

-ਮੈਂ ਜਾਤੀ ਸੰਘਰਸ਼ ਚਾਹੁੰਦਾ ਹਾਂ। ਇਸ ਦੇ ਪਿੱਛੋਂ ਹੀ ਜਾਤੀ ਵਿਵਸਥਾ ਖਤਮ ਹੋਏਗੀ।

-ਮੈਂ ਬੁਨਿਆਦੀ ਤਬਦੀਲੀਆਂ ਚਾਹੁੰਦਾ ਹਾਂ।

-ਸੱਚ ਤਾਂ ਇਹ ਹੈ ਕਿ ਸਾਡਾ ਨਿਸ਼ਾਨਾ ਜਾਤਪਾਤ ਖਤਮ ਹੋ ਗਈ ਤਾਂ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਅਸੀਂ ਤਰਕਵਾਦ ਚਾਹੁੰਦੇ ਹਾਂ। ਮੈਂ ਮਹਿਸੂਸ ਕਰਦਾ ਹਾਂ ਕਿ ਬੁੱਧ ਧਰਮ ਹੀ ਸੱਭ ਤੋਂ ਵੱਧ ਤਰਕਸ਼ੀਲ ਹੈ।

-ਰਾਜਨੀਤਕ, ਆਰਥਿਕ ਅਤੇ ਸਮਾਜਿਕ ਬੇਇਨਸਾਫੀ ਦੇ ਨਾਲ ਨਾਲ ਬਹੁਜਨ ਪਾਰਟੀ ਮਹਿਸੂਸ ਕਰਦੀ ਹੈ ਕਿ ਇਸ ਦੇਸ਼ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਜਾਂ ਪਛੜੀਆਂ ਸ਼੍ਰੇਣੀਆਂ ਜਾਂ ਧਾਰਮਿਕ ਘੱਟ ਗਿਣਤੀਆਂ ਜਿਵੇਂ ਸਿੱਖ ਮੁਸਲਮਾਨ, ਇਸਾਈ ਆਦਿ ਸਭ ਅਸੁੱਰਖਿਅਤ ਮਹਿਸੂਸ ਕਰਦੇ ਹਨ।

-ਜਾਤ ਪਾਤ ਉੱਪਰ ਆਧਾਰਤ ਸਮਾਜ ਵਿਚ ਸ਼ਾਸ਼ਕ ਕੇਵਲ ਸ਼ਾਸ਼ਕ ਹੀ ਨਹੀਂ ਹੁੰਦੇ ਹਨ। ਸ਼ਾਸ਼ਕ ਜਮਾਤ ਘੱਟ ਗਿਣਤੀ ਵਿਚ ਹੋਣ ਕਰਕੇ ਇਸ ਪਾੜੇ ਨੂੰ ਬਣਾਈ ਰੱਖਣਾ ਚਾਹੁੰਦੀ ਹੈ ਕਿਉਂਕਿ ਉਸ ਦੇ ਰਾਜ ਦਾ ਆਧਾਰ ਇਹੀ ਚੀਜ ਬਣਦੀ ਹੈ। ਇਸ ਪਾੜੇ ਤੋਂ ਬਿਨਾਂ ਉਹ ਬਹੁਗਿਣਤੀ ਵਰਗ ਉੱਤੇ ਰਾਜ ਨਹੀਂ ਕਰ ਸਕਦੀ।

-ਭਾਰਤ ਦੀ ਸ਼ਾਸ਼ਕ ਜਮਾਤ ਨੇ ਸਮਾਜਿਕ ਤੇ ਆਰਥਿਕ ਤੌਰ 'ਤੇ ਸ਼ੋਸ਼ਿਤ ਲੋਕਾਂ ਦੀ ਸੁਤੰਤਰ ਲੀਡਰਸ਼ਿਪ ਨੂੰ ਤਬਾਹ ਕਰ ਦਿੱਤਾ ਹੈ। ਇਸ ਦੇ ਬਦਲੇ ਵਿਚ ਉਹਨਾਂ ਨੇ ਜਮੂਰਿਆਂ ਦੀ ਟੋਲੀ ਬਣਾਈ ਹੋਈ ਹੈ, ਜਿਹਨਾਂ ਨੂੰ ਸ਼ੋਸ਼ਿਤ ਵਰਗ ਦੇ ਲੋਕਾਂ ਵਿਚ ਲੀਡਰਾਂ ਦੇ ਤੌਰ 'ਤੇ ਉਭਾਰਿਆ ਜਾਂਦਾ ਹੈ ਤੇ ਸਰਕਾਰ ਇਹਨਾਂ ਨੂੰ ਆਪਣੇ ਹੱਥਾਂ ਵਿਚ ਨਚਾਉਂਦੀ ਹੈ।

-ਹਿੰਦੂ ਧਰਮ ਦਬੇ ਕੁੱਚਲੇ ਪਛੜੇ ਲੋਕਾਂ ਨੂੰ ਆਪਣੀ "ਆਪਣੀ ਕਿਸਮਤ ਆਪ" ਨਹੀਂ ਘੜਨ ਦਿੰਦਾ ਕਿਉਂਕਿ ਇਹ ਧਰਮ ਨਾਬਰਾਬਰੀ ਉੱਤੇ ਅਧਾਰਤ ਹੈ।

-ਦੂਜੇ ਪਾਸੇ ਬੁੱਧ ਧਰਮ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਹੈ। ਮੈਂ ਚਾਹੁੰਦਾ ਹਾਂ ਕਿ ਸਾਰੇ ਭਾਰਤ ਵਾਸੀ ਬੋਧੀ ਹੋ ਜਾਣ। (ਬੋਧੀ ਹੋਣ ਤੋਂ ਅਰਥ ਹੈ ਕਿ ਬੁੱਧੀਵਾਨਾਂ ਅਤੇ ਸੂਝ ਸਮਝ ਵਾਲਿਆਂ ਦਾ ਸਮਾਜ)

ਸੰਗਠਨ ਕਾਰਜਾਂ ਨੂੰ ਤਾਕਤ ਅਤੇ ਸਹਿਯੋਗ ਦਿੱਤੇ ਬਿਨਾਂ ਮਿਸ਼ਨਰੀ ਕੰਮ ਪੂਰੇ ਤੇ ਮਜਬੂਤ ਨਹੀਂ ਹੋ ਸਕਦੇ।

-ਜੇ ਅਸੀਂ ਸਵੈ ਪੜਚੋਲ ਕਰਕੇ ਇਸ ਗਿਰਾਵਟ ਦਾ ਦੋਸ਼ ਆਪਣੇ ਸਿਰ ਧਰੀਏ ਤੇ ਆਪਣੀਆਂ ਘਾਟਾਂ ਇਮਾਨਦਾਰੀ ਨਾਲ ਦੂਰ ਕਰ ਲਈਏ ਤਾਂ ਅਸੀਂ ਲੋੜੀਂਦੇ ਤੇ ਪ੍ਰਭਾਵਸ਼ਾਲੀ ਨਤੀਜੇ ਪ੍ਰਾਪਤ ਕਰ ਸਕਦੇ ਹਾਂ।

-ਇਸ ਰਾਜਨੀਤਕ ਤੇ ਸਮਾਜਿਕ ਖੇਤਰ ਵਿਚ ਯੋਗ ਲੀਡਰਸ਼ਿਪ ਦੀ ਅਗਵਾਈ ਤੇ ਹੌਸਲਾ ਅਫਜਾਈ ਦੀ ਘਾਟ ਸਦਕਾ ਅਸੀਂ ਮਾਯੂਸ ਹੋ ਚੁੱਕੇ ਹਾਂ। ਇਸ ਲਈ ਮੌਜੂਦਾ ਧਾਰਮਿਕ ਤੇ ਸਮਾਜਿਕ ਢਾਂਚੇ ਦੀ ਅਸਲੀਅਤ ਜਾਨਣ ਲਈ ਯਥਾਰਥਵਾਦੀ ਰਵੱਈਏ ਦੀ ਲੋੜ ਹੈ।

-ਇਸ ਦੇਸ਼ ਦੀ ਬਹੁਗਿਣਤੀ ਬ੍ਰਾਹਮਣਾਂ ਦੁਆਰਾ ਪ੍ਰਚੱਲਤ ਕੀਤੇ ਗਏ ਘਟੀਆ ਸਿਸਟਮ ਦੀ ਸ਼ਿਕਾਰ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਡੇ ਲੋਕਾਂ ਨੂੰ ਗੁਲਾਮੀ, ਛੂਤ-ਛਾਤ, ਜਬਰ ਜਨਾਹ, ਜੋ ਕਿ ਬ੍ਰਾਹਮਣਾਂ ਦੁਆਰਾ ਬੜੀ ਚਲਾਕੀ ਨਾਲ ਚਲਾਏ ਜਾ ਰਹੇ ਸਨ, ਨੂੰ ਖਤਮ ਕਰਨ ਦੀ ਬਹਾਦਰੀ ਨਾਲ ਸੰਘਰਸ਼ ਕੀਤਾ ਤੇ ਸਾਡੇ ਲਈ ਬਹੁਤ ਸਾਰੇ ਹੱਲ ਲੱਭੇ ਜਿਵੇਂ ਕਿ ਬੋਲਣ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਰਾਜਨੀਤਕ, ਆਰਥਿਕ, ਤੇ ਸਮਾਜਿਕ ਅਧਿਕਾਰ।

-ਭੇਦਭਾਵ ਦੀ ਸਮਸਿਆ ਭਾਰਤ ਵਿਚ ਹਿੰਦੂ ਧਰਮ ਦੀ ਪੈਦਾਇਸ਼ ਹੈ ਜੋ ਕਿ ਬ੍ਰਾਹਮਣਵਾਦ 'ਤੇ ਆਧਾਰਤ ਹੈ. ਇਹ ਲੋਕਾਂ ਨੂੰ ਨੀਵਾਂ ਦਿਖਾਉਂਦੀ ਹੈ ਭਾਵ ਮਨੁੱਖਤਾ ਨੂੰ ਨੀਵਾਂ ਕਰਦੀ ਹੈ।

-ਭੋਲੇ ਭਾਲੇ ਲੋਕਾਂ ਨੂੰ ਸਦੀਆਂ ਤੋਂ 'ਕਰਮ ਸਿਧਾਂਤ' ਰਾਹੀਂ ਧੋਖਾ ਦਿੱਤਾ ਜਾ ਰਿਹਾ ਹੈ ਕਿ ਉਹ ਪਿਛਲੇ ਜਨਮਾਂ ਦਾ ਫਲ ਭੋਗ ਰਹੇ ਹਨ, ਉਹ ਪਿਛਲੇ ਕੰਮਾਂ ਦੀ ਸਜ਼ਾ ਵਰਤਮਾਨ ਵਿਚ ਭੋਗ ਰਹੇ ਹਨ। ਧਾਰਮਿਕ ਗ੍ਰੰਥਾਂ ਮੁਤਾਬਿਕ ਸਾਨੂੰ ਆਪਣੀਆਂ ਮੌਜੂਦਾ ਮੁਸ਼ਕਲਾਂ ਪ੍ਰਤੀ ਅਵਾਜ ਨਹੀਂ ਕੱਢਣੀ ਚਾਹੀਦੀ, ਜਦੋਂ ਕਿ ਆਤਮਾ ਤੇ ਪ੍ਰਮਾਤਮਾ ਭਾਰਤੀ ਸ਼ਾਸ਼ਕਾਂ ਦਾ ਮੁੱਖ ਹਥਿਆਰ ਸਨ।

-ਭਾਰਤ ਅੰਗਰੇਜਾਂ ਦੀ ਬਸਤੀ ਸੀ। ਜਨਜਮਾਤ ਹਿੰਦੂ ਉਹਨਾਂ ਉੱਪਰ ਆਪਣੇ ਧਾਰਮਿਕ ਕਾਨੂੰਨ ਲਾਗੂ ਨਾ ਕਰ ਸਕੇ। ਉਹ ਸ਼ੂਦਰਾਂ ਨੂੰ ਸਜਾ ਨਹੀਂ ਦੇ ਸਕਦੇ ਸਨ। ਸ਼ੂਦਰਾਂ ਦੀ ਜਬਾਨ ਨਹੀਂ ਸੀ ਕੱਟੀ ਜਾਂਦੀ। ਉਹਨਾਂ ਦੇ ਕੰਨਾਂ ਵਿਚ ਢਾਲਿਆ ਸਿੱਕਾ ਨਹੀਂ ਸੀ ਪਾਇਆ ਜਾਂਦਾ। ਉਸ ਸਮੇਂ ਹੀ ਸਾਨੂੰ ਪਤਾ ਲੱਗਿਆ ਕਿ ਕਾਨੂੰਨ ਦਾ ਰਾਜ (ਰੂਲ ਆਫ ਲਾਅ) ਕੀ ਹੁੰਦਾ ਹੈ।

-ਬੁਨਿਆਦੀ ਤੌਰ 'ਤੇ ਬਾਮਸੇਫ ਸਾਹਮਣੇ ਮੰਤਵ, ਇਹਨਾਂ ਚੀਜਾਂ ਨੂੰ (ਜੋ ਸੰਵਿਧਾਨ ਜਾਂ ਕਾਨੂੰਨ ਵਿਚ ਸਾਰੇ ਭਾਰਤੀਆਂ ਲਈ ਬਰਾਬਰ ਲਾਗੂ ਕਰਨ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ।) ਲਾਗੂ ਕਰਾਉਣ ਲਈ ਲੜਾਈ ਦੇਣੀ ਹੈ ਅਤੇ ਦਬਾਈ ਗਈ ਅਤੇ ਕੁਚਲੀ ਗਈ ਜਮਾਤ ਦੀਆਂ ਗੈਰ ਰਾਜਨੀਤਕ ਜੜਾਂ ਨੂੰ ਮਜਬੂਤ ਕਰਨਾ ਹੈ, ਇਹ ਜਮਾਤ ਜੋ ਕਿ ਭਾਰਤ ਦਾ ਬਹੁਜਨ ਸਮਾਜ ਹੈ।

-ਡੀ. ਐਸ. ਫੋਰ, ਦਲਿਤ ਸ਼ੋਸ਼ਤ ਸਮਾਜ ਸੰਘਰਸ਼ ਸੰਮਤੀ ਦੇ ਹਿੰਦੀ ਨਾਮ ਦਾ ਅੰਗਰੇਜੀ ਵਿਚ ਸੰਕੇਤਕ ਨਾਮ ਹੈ। ਇਹ ਭਾਰਤ ਦੇ ਦੱਬੇ ਕੁਚਲੇ ਤੇ ਸ਼ੋਸ਼ਤ ਲੋਕਾਂ ਦੀ ਸੰਸਥਾ ਹੈ, ਜਿਹੜੇ ਕਿ ਭਾਰਤ ਵਿਚ ਹਨ।

-ਅਸੀਂ ਹੁਣੇ ਹੀ 'ਬੁਧਿਸਟ ਰੀਸਰਚ ਸੈਂਟਰ" ਨਾਂ ਦਾ ਪਹਿਲਾ ਖੋਜ ਕੇਂਦਰ ਸ਼ੁਰੂ ਕੀਤਾ ਹੈ। ਅਸੀਂ ਮਹਿਸੂਸ

ਕਰਦੇ ਹਾਂ ਕਿ ਚਿਰਸਥਾਈ ਨਤੀਜਿਆਂ ਲਈ ਸੱਭਿਆਚਾਰ ਤਬਦੀਲੀ ਅਤੇ ਸੱਭਿਆਚਾਰ ਕੰਟਰੋਲ ਦੀ ਲੋੜ ਹੈ। ਅਸੀਂ ਨਾਬਰਾਬਰੀ ਉੱਤੇ ਅਧਾਰਤ ਸੱਭਿਆਚਾਰ ਦੇ ਸ਼ਿਕਾਰ ਹਾਂ। ਅਸੀਂ ਇਸਨੂੰ ਸਿਰਫ ਬਦਲਣਾ ਹੀ ਨਹੀਂ ਚਾਹੁੰਦੇ ਸਗੋਂ ਕੰਟਰੋਲ ਵੀ ਕਰਨਾ ਚਾਹੁੰਦੇ ਹਾਂ।

-ਅੱਜ ਭਾਰਤ ਵਿਚ ਕੌਮੀ ਪੱਧਰ ਦੀਆਂ ਸੱਤ ਰਾਜਨੀਤਕ ਪਾਰਟੀਆਂ ਹਨ (ਕਾਂਗਰਸ, ਭਾਰਤੀ ਜਨਤਾ ਪਾਰਟੀ, ਜਨਤਾ ਪਾਰਟੀ, ਜਨਤਾ ਦਲ, ਸੀ. ਪੀ. ਆਈ., ਸੀ. ਪੀ. ਐਮ., ਕਾਂਗਰਸ ਐਸ) ਇਹ ਸਾਰੀਆਂ ਪਾਰਟੀਆਂ ਸ਼ੋਸ਼ਕਾ ਨਾਲ ਸਬੰਧਤ ਹਨ। ਅੱਜ ਭਾਰਤ ਦੇ ਸ਼ਾਸ਼ਕ ਕੁਲ ਅਬਾਦੀ ਦੇ 15 ਪ੍ਰਤੀਸ਼ਤ ਹਿੱਸੇ ਨਾਲ ਸਬੰਧਤ ਹਨ ਜੋ ਕਿ ਇਸ ਢਾਂਚੇ ਵਿਚੋਂ ਲਾਭ ਉਠਾ ਰਹੇ ਹਨ।

-ਬਾਕੀ ਰਹਿੰਦੇ 85% ਲੋਕਾਂ ਦੀ ਆਪਣੀ ਕੋਈ ਰਾਜਨੀਤਕ ਪਾਰਟੀ ਨਹੀਂ ਹੈ। ਅਸੀਂ ਆਪਣੀ ਰਾਜਨੀਤਕ ਪਾਰਟੀ ਬਣਾ ਰਹੇ ਹਾਂ। ਅਸੀਂ ਬਹੁਗਿਣਤੀ ਵਿਚ ਹਾਂ। ਅਸੀਂ ਦੇਸ਼ ਦੀ ਕੁੱਲ ਅਬਾਦੀ ਦਾ 85% ਹਾਂ। ਅਸੀਂ ਦੇਸ਼ ਦੀ ਰਾਜਸੱਤਾ 'ਚ ਅਨੁਪਾਤਮਕ ਹਿੱਸਾ ਚਾਹੁੰਦੇ ਹਾਂ।

-ਭਾਰਤ ਦੀ ਸਮੱਸਿਆ ਬਹੁਗਿਣਤੀ ਦੇ ਲੋਕਾਂ ਦੀ ਸਮੱਸਿਆ ਹੈ। ਕੱਲ੍ਹ ਦੇ ਦੱਬੇ ਕੁਚਲੇ ਠੁਕਰਾਏ ਹੋਏ ਹਨ, ਅੱਜ ਭਾਰਤ ਵਿਚ ਸੁਹਲਤਾਂ ਮਾਣ ਰਹੇ ਹਨ। ਕਦੇ ਕਦੇ ਅਜਿਹੇ ਲੋਕਾਂ ਨੂੰ ਨਵੇਂ ਬ੍ਰਾਹਮਣ ਵੀ ਕਿਹਾ ਜਾਂਦਾ ਹੈ। (ਭਾਵ ਜੋ ਲੋਕ ਰਾਖਵਾਂ ਕਰਨ ਲੈ ਕੇ ਅਗੇ ਵਧੇ ਪਰੰਤੂ ਆਪਣੀ ਕੌਮ ਦੀ ਥਾਂ ਉੱਚੀਆਂ ਜਾਤਾਂ ਦੇ ਪਾਛੂ ਬਣ ਕੇ ਰਹਿ ਗਏ) ਇਸ ਲਈ ਮੈਂ ਆਪਣੇ ਪੈਰੋਕਾਰਾਂ ਨੂੰ ਨਸੀਹਤ ਤੇ ਬੇਨਤੀ ਕਰਦਾ ਹਾਂ ਕਿ ਉਹ ਨਾਂ ਤਾਂ ਮਾਯੂਸ ਹੋਣ ਤੇ ਨਾ ਹੀ ਅਜਿਹੇ ਸ਼ੈਤਾਨਾਂ (ਕੌਮ ਘਾਤਕ) ਪ੍ਰਤੀ ਨਰਾਜਗੀ ਜ਼ਾਹਰ ਕਰਨ ਸਗੋਂ ਉਹਨਾਂ ਨਾਲ ਹਮਦਰਦੀ ਭਰਿਆ ਵਤੀਰਾ ਅਪਨਾਉਣ।

-ਭਾਰਤ ਦੀ ਸਮਾਜਿਕ ਕ੍ਰਾਂਤੀ ਦਾ ਪਿਤਾਮਾ ਮਹਾਤਮਾ ਜੋਤੀਬਾ ਫੂਲੇ (ਉ. ਬੀ. ਸੀ.) ਜੀਵਨ ਭਰ ਸ਼ੂਦਰਾਂ ਤੇ ਅਤੀ ਸ਼ੂਦਰਾਂ ਨੂੰ, ਸੇਠ ਜੀ-'ਭੱਟ ਜੀ'(ਬ੍ਰਾਹਮਣ-ਬਾਣੀਆਂ ਜੁੱਟ) ਦੇ ਵਿਰੁੱਧ ਲਾਮਬੰਦ ਕਰਨ ਦਾ ਯਤਨ ਕਰਦਾ ਰਿਹਾ।

-ਇਸ ਦੇਸ਼ ਵਿਚ ਸਾਡੇ ਲੋਕ ਚੌਵੀ ਘੰਟੇ ਉੱਚ ਜਾਤੀ ਦੇ ਲੋਕਾਂ ਦੁਆਰਾ ਕੀਤੇ ਜਾ ਰਹੇ ਜੁਲਮ, ਬਲਾਤਕਾਰ, ਲੁੱਟ, ਖੋਹ, ਕਤਲ ਆਦਿ ਦੇ ਸ਼ਿਕਾਰ ਹਨ। ਗਰੀਬ ਤੇ ਮਜਲੂਮ ਲੋਕਾਂ ਉੱਪਰ ਅਜਿਹੀਆਂ ਜਿਆਦਤੀਆਂ ਕਰਨ ਵਾਲੇ ਇਹ ਲੋਕ ਹੀ, ਗਰੀਬਾਂ ਦੀ ਹਮਦਰਦੀ ਜਿੱਤਣ ਲਈ ਇਸ ਸਾਰੇ ਜ਼ੁਲਮ ਦੇ ਖਿਲਾਫ ਸ਼ੋਰ ਮਚਾਉਣ-ਪਾਉਣ ਦਾ ਡਰਾਮਾ ਕਰਦੇ-ਹਨ। ਸਦੀਆਂ ਤੋਂ ਸਾਨੂੰ ਗੁਲਾਮ ਬਣਾ ਕੇ ਰੱਖਣ ਵਾਲੇ ਹੀ ਸਾਡੀ ਭਲਾਈ ਦੀਆਂ ਗੱਲਾਂ ਕਰਦੇ ਹਨ।

-ਦਲਿਤ ਇਨ੍ਹਾਂ ਜ਼ਿਆਦਤੀਆਂ ਦਾ ਸ਼ਿਕਾਰ ਇਸ ਲਈ ਹੁੰਦੇ ਹਨ ਕਿਉਂਕਿ ਉਹ ਕਮਜ਼ੋਰ ਅਤੇ ਮਜਬੂਰ ਹਨ। ਉੱਚ ਜਾਤੀ ਦੇ ਲੋਕ ਸਾਡੇ ਲੋਕਾਂ ਨੂੰ ਜਿੰਦਗੀ ਦੇ ਸਾਰੇ ਖੇਤਰਾਂ ਸਮਾਜਿਕ, ਆਰਥਿਕ, ਰਾਜਨੀਤਕ, ਤੇ ਵਿੱਦਿਅਕ ਤੌਰ ਤੇ ਕਮਜੋਰ ਰੱਖਣ ਲਈ ਸਦੀਆਂ ਤੋਂ ਵਿਉਂਤਬੰਦ ਢੰਗ ਨਾਲ ਯਤਨਸ਼ੀਲ ਹਨ। ਇਸ ਸਭ ਕਾਸੇ ਨੇ ਦਲਿਤਾਂ ਨੂੰ ਇਥੋਂ ਤੱਕ ਘਟੀਆ ਮਾਨਸਿਕਤਾ ਦਾ ਮਾਲਕ ਬਣਾ ਦਿੱਤਾ ਹੈ ਕਿ ਉਹ ਇਸ ਅਨਿਆਂ ਦੇ ਵਿਰੁੱਧ ਲੜਨ ਲਈ ਸੋਚ ਵੀ ਨਹੀਂ ਸਕਦੇ। ਉਤਨੀ ਦੇਰ ਸਾਡੀ ਸਹਾਇਤਾ ਕਰਨ ਵਾਲਾ ਕੋਈ ਨਹੀਂ ਆਵੇਗਾ ਜਿੰਨੀ ਦੇਰ ਤੱਕ ਅਸੀਂ ਅਸੀਂ ਜੁਲਮ ਦੇ ਸ਼ੋਸ਼ਣ ਦੇ ਵਿਰੁੱਧ ਆਪ ਖੁੱਦ ਆਵਾਜ ਉਠਾਉਣ ਦੇ ਕਾਬਲ ਨਹੀਂ ਹੋ ਜਾਂਦੇ। ਜਿੰਨੇ ਚਿਰ ਤੱਕ ਤੁਸੀਂ ਸ਼ੋਸ਼ਕਾਂ ਨੂੰ ਆਪਣੀ ਬਣਾਈ ਤੇ ਸੰਗਠਤ ਕੀਤੀ ਤਾਕਤ ਦਾ ਅਹਿਸਾਸ ਨਹੀਂ ਕਰਵਾ ਦਿੰਦੇ, ਉਨ੍ਹਾਂ ਚਿਰ ਉਹ ਆਪਣੀਆਂ ਘਟੀਆਂ ਕਰਤੂਤਾਂ ਛੱਡਣ ਨੂੰ ਤਿਆਰ ਨਹੀਂ ਹੋਣਗੇ।

-ਜੇ ਕੋਈ ਆਦਮੀ ਹੌਸਲਾ ਕਰੇ ਤਾਂ ਸਾਨੂੰ ਬਦਲਾ ਚੁਕਾਉਣ ਦੀ ਤਾਕਤ ਵਿਚ ਹੋਣਾ ਚਾਹੀਦਾ ਹੈ। ਸ਼ੋਸ਼ਕਾਂ ਨੂੰ ਸਬਕ ਸਿਖਾਉਣ ਲਈ ਸਾਡੇ ਕੋਲ ਇਹੀ ਇਕੋ ਇਕ ਰਸਤਾ ਹੈ। ਸਾਡੀ ਗਿਣਤੀ ਇਸ ਦੇਸ਼ ਵਿਚ 85% ਹੈ। 85% ਹੁੰਦਿਆਂ ਹੋਇਆਂ ਵੀ ਅਸੀਂ ਉੱਚ ਜਾਤੀਏ 15% ਲੋਕਾਂ ਦੇ ਗੁਲਾਮ ਹਾਂ। ਉਹਨਾਂ ਪਾਸ ਤਾਕਤ ਅਤੇ ਖਾਸ ਕਰਕੇ ਰਾਜਨੀਤਕ ਤਾਕਤ ਹੋਣ ਕਰਕੇ ਹੀ ਉਹ ਸ਼ੋਸ਼ਤ ਤੇ ਦਲਿਤ ਲੋਕਾਂ 'ਤੇ ਹਰ ਕਿਸਮ ਦਾ ਜ਼ੁਲਮ-ਜ਼ਿਆਦਤੀਆਂ ਕਰਦੇ ਹਨ। ਅਸੀਂ ਕਿੰਨਾ ਕੁ ਚਿਰ ਇਹ ਇਹ ਜ਼ਿਆਦਤੀਆਂ ਸਹਿੰਦੇ ਰਹਾਂਗੇ? ਸਾਡੀ ਜਰੂਰਤ ਹੈ ਕਿ ਕਿਸੇ ਪੜਾਅ 'ਤੇ ਇਸ ਸਿਲਸਿਲੇ ਨੂੰ ਠੱਲ੍ਹ ਪਾਈਏ। ਸਾਨੂੰ ਹੁਣ ਬਹੁਤੀ ਦੇਰ ਤੱਕ ਰਾਖਵੇਂਕਰਨ ਦੀ ਲੋੜ ਨਹੀਂ। ਸਗੋਂ ਹੁਣ ਤਾਂ ਅਸੀਂ ਦੂਜਿਆਂ ਲੋਕਾਂ ਨੂੰ ਰਾਖਵਾਂਕਰਨ ਦੇਣ ਵਾਲੀ ਸਥਿਤੀ ਬਣਾ ਲਵਾਂਗੇ। -ਸਾਨੂੰ ਹੁਣ

ਸਮੱਸਿਆ ਵਧੀਆ ਕਾਨੂੰਨਾ ਨੂੰ ਘਟੀਆ ਤਰੀਕੇ ਨਾਲ ਲਾਗੂ ਕਰਨ ਦੀ ਹੈ। ਪਿੰਡਾਂ ਵਿਚ ਇਥੇ ਗਰੀਬ ਤੇ ਭੂਮੀ ਹੀਣ ਮਜਦੂਰਾਂ ਦਾ ਬਾਈਕਾਟ ਕਰਨਾ ਇਕ ਕਾਨੂੰਨੀ ਜੁਰਮ ਹੈ। ਪਰਤੂੰ ਜਗੀਰਦਾਰ ਤੇ ਜ਼ਮੀਨਾਂ ਦੇ ਮਾਲਕ ਬਿਨਾਂ ਕਿਸੇ ਕਾਨੂੰਨੀ ਡਰ ਭੈਅ ਦੇ ਅਜਿਹੇ ਕਾਨੂੰਨਾਂ ਨੂੰ ਤੋੜਨਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ।

–ਅਸੀਂ ਦੇਖਦੇ ਹਾਂ ਕਿ ਵੋਟ ਦਾ ਅਧਿਕਰ ਅਰਥਹੀਣ ਬਣਕੇ ਰਹਿ ਗਿਆ ਹੈ। ਰਾਜਨੀਤੀ ਇਕ ਖੇਡ ਬਣ ਚੁੱਕੀ ਹੈ। ਅਮੀਰਾਂ ਦੇ ਨੋਟ ਗਰੀਬਾਂ ਦੀਆਂ ਵੋਟਾਂ ਖਿੱਚ ਲੈਂਦੇ ਹਨ।

–ਸਾਡਾ ਇਹ ਵਿਸ਼ਵਾਸ ਹੈ ਕਿ ਹਰ ਕਿਸਮ ਦੀ ਬੇਇਨਸਾਫੀ ਸਾਡੇ ਨਾਲ ਕੀਤੀ ਜਾਂਦੀ ਹੈ। ਇਸ ਕਰਕੇ ਕਿ ਅਸੀਂ ਕਮਜੋਰ ਰਹੇ। ਸਾਡੇ ਸਾਹਮਣੇ ਹੱਲ ਇਹ ਹੈ ਕਿ ਅਸੀਂ ਖੁਦ ਆਪਣੀ ਤਾਕਤ ਨੂੰ ਸੰਗਠਤ ਕਰੀਏ।

–ਭਾਰਤ ਦਾ ਪ੍ਰਬੰਧ, ਇਸ ਲੋੜ ਦੇ ਬਾਵਜੂਦ ਕਿ ਲੋਕਤੰਤਰ ਲਾਗੂ ਕੀਤਾ ਜਾਵੇ ਅਤੇ ਬਹੁ ਗਿਣਤੀ ਦਾ ਰਾਜ ਕਾਇਮ ਹੋਵੇ, ਅਸਲੀ ਰੂਪ ਵਿਚ ਘੱਟ ਗਿਣਤੀ ਵਿਚ ਬਦਲ ਚੁੱਕਾ ਹੈ। ਮੁਕਦੀ ਗੱਲ ਇਹ ਹੈ ਕਿ ਘੱਟ ਗਿਣਤੀ ਲੋਕਾਂ ਦੀ ਅਜਾਰਾਦਾਰੀ ਵਾਲੀ ਸੰਸਥਾ ਬਣ ਚੁੱਕੀ ਹੈ। ਇਸ ਦੇਸ਼ ਵਿਚ ਬਹੁਗਿਣਤੀ ਲੋਕ ਆਪਣੀ ਸੁਰੱਖਿਆ ਲਈ ਆਪਣੇ ਬਚਾਅ ਲਈ ਘੱਟ ਗਿਣਤੀ ਲੋਕਾਂ ਨੂੰ ਬੇਨਤੀਆਂ ਕਰਦੇ ਹਨ। ਖਾਸ ਤੌਰ ਤੇ ਬ੍ਰਾਹਮਣ ਕਸ਼ੱਤਰੀ ਅਤੇ ਵੈਸ਼ ਲਾਭ ਉਠਾਉਣ ਵਾਲੇ ਹੋ ਚੁੱਕੇ ਹਨ ਤੇ ਸਾਰੇ ਫਾਇਦੇ ਅਤੇ ਸਹੂਲਤਾਂ ਲੈ ਰਹੇ ਹਨ।

–ਜਦੋਂ ਤੱਕ ਇਸ ਮਨੂੰਵਾਦੀ ਦੇਸ਼ ਵਿਚ, ਟੁੱਟੇ ਦਿਲਾਂ ਨੂੰ ਜੋੜ ਕੇ ਉਨ੍ਹਾਂ ਅੰਦਰ ਇਤਿਹਾਸ ਅਤੇ ਹਿੱਤ-ਗੈਰਹਿੱਤ ਦਾ ਗਿਆਨ ਪੈਦਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਇਹ ਸਮਾਜ ਅਗਿਆਨਤਾ ਵੱਸ ਆਪਸ ਵਿਚ ਟਕਰਾਕੇ ਸਮੱਸਿਆਵਾਂ ਦੇ ਘੇਰੇ ਵਿਚ ਖੜ੍ਹਾ ਸਿਸਕਦਾ ਰਹੇਗਾ।

–ਆਤਮਾ ਅਤੇ ਪਰਮਾਤਮਾ ਦੋ ਅਜਿਹੇ ਹਥਿਆਰ ਹਨ ਜਿਨ੍ਹਾਂ ਰਾਹੀਂ ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਅਜਿਹੀਆਂ ਹਾਲਤਾਂ ਵਿਚ ਲੋਕੀਂ ਅਜਿਹੀ ਸੱਭਿਆਚਾਰਕ ਹੀਣਤਾ ਨਾਲ ਸਮਝੌਤਾ ਕਰਨ ਦੇ ਆਦੀ ਹੋ ਚੁੱਕੇ ਹਨ।

–ਦਿਖਾਵੇ ਦੇ ਤੌਰ 'ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਪ੍ਰਤੀਨਿਧਤਾ ਪਾਰਲੀਮੈਂਟ ਅਤੇ ਸਟੇਟ ਅਸੈਂਬਲੀਆਂ ਵਿਚ ਪੂਰੀ ਦਿਸਦੀ ਹੈ। ਪਰ ਉਹ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਵਾਸਤੇ ਕੁਝ ਵੀ ਕਰਨ ਤੋਂ ਬੇਵੱਸ ਹਨ। ਉਹ ਉੱਚ ਜਾਤੀਏ ਹਿੰਦੂਆਂ ਦੁਆਰਾ ਨਾਮਜ਼ਦ ਕੀਤੇ ਹੋਏ ਹਨ। ਇਹ ਸਾਰੇ ਜਮੂਰੇ ਅਤੇ ਚਮਚੇ ਹੁੰਦੇ ਹਨ।

–ਕੌਮੀ ਸੰਸਦ ਨੂੰ ਬਤੌਰ ਪ੍ਰਤੀਨਿਧ ਸੰਸਦ ਬਣਾਉਣਾ ਅਤੇ ਵਿਕਸਤ ਕਰਨਾ ਹੀ ਅਸਲੀ ਹੱਲ ਹੈ, ਪ੍ਰੰਤੂ ਇਹ ਇਕ ਬਹੁਤ ਔਖਾ ਕਾਰਜ ਹੈ।

–ਅਸੀਂ ਹੁਣ ਬਹੁਤਾ ਚਿਰ ਸ਼ਾਸਤ ਨਹੀਂ ਰਹਿਣਾ ਚਾਹੁੰਦੇ। ਅਸੀਂ ਉਸ ਸਮਾਜ ਦੇ ਸ਼ਾਸਕ ਬਣਨਾ ਚਾਹੁੰਦੇ ਹਾਂ ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਦਰਜਾ ਅਤੇ ਸਵੈਮਾਨ ਮਿਲੇ। ਅਸੀਂ ਉਸ ਸਮਾਜ ਨੂੰ ਬਦਲਣਾ ਚਾਹੁੰਦੇ ਹਾਂ। ਜਿਸ ਵਿਚ ਗਰੀਬ ਅਤੇ ਸ਼ੋਸ਼ਤ, ਘਟੀਆ ਅਤੇ ਬੇਇੱਜ਼ਤੀ ਭਰਿਆ ਜੀਵਨ ਜਿਉਂਦੇ ਹਨ।

–ਜਦੋਂ ਹੀ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਦੂਸਰੇ ਘੱਟ ਗਿਣਤੀ ਵਰਗ ਨੂੰ ਬਗਾਨੇ ਰਾਜ ਅਤੇ ਆਪਣੇ ਰਾਜ ਵਿਚ ਅੰਤਰ ਸਮਝ ਆ ਗਿਆ, ਉਦੋਂ ਹੀ ਅਸੀਂ ਤਾਕਤ ਦੀਆਂ ਸਿਖਰਾਂ ਨੂੰ ਪਾ ਲਵਾਂਗੇ।

–ਜੇ ਸਰਕਾਰ ਰਾਜਸੀ-ਡਕਾਇਤੀ ਨੂੰ ਬੰਦ ਕਰ ਦੇਵੇ, ਇਸ ਦਾ ਸਵਾਗਤ ਕਰਨ ਵਾਲਾ ਮੈਂ ਪਹਿਲਾਂ ਆਦਮੀ ਹੋਵਾਂਗਾ। ਪ੍ਰੰਤੂ ਜੇ ਉਹ ਆਪਣੇ ਫਰਜ਼ ਵਿਚ ਅਸਫਲ ਹੋ ਜਾਂਦੀ ਹੈ ਤਾਂ ਕੋਈ ਸਾਡੇ 'ਤੇ ਦੋਸ਼ ਨਾ ਦੇਵੇ ਅਸੀਂ ਸਰਕਾਰੀ ਆਤੰਕਵਾਦ ਨੂੰ ਬਰਦਾਸ਼ਤ ਨਹੀਂ ਕਰਾਂਗੇ। ਫੌਜ ਵਿਚ 90% ਤੋਂ ਵੱਧ ਆਦਮੀ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਹਨ।

–ਅਸੀਂ ਭਾਰਤ ਦੀ ਸਮਾਜਿਕ ਵਿਵਸਥਾ ਵਿਚ ਬੁਨਿਆਦੀ ਤਬਦੀਲੀਆਂ ਕਰਕੇ ਸਮਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਅਧਾਰਤ ਸਮਾਜਿਕ ਵਿਵਸਥਾ ਦੀ ਸਥਾਪਨਾ ਕਰਨਾ ਚਾਹੁੰਦੇ ਹਾਂ।

–ਸਾਨੂੰ ਕਿਸੇ ਨਾਲ ਜਾਤੀ ਦੁਸ਼ਮਣੀ ਨਹੀਂ। ਸਿਰਫ ਇਸ ਪ੍ਰਬੰਧ ਨਾਲ ਹੈ ਜਿਸਨੇ ਸਾਨੂੰ ਹਜ਼ਾਰਾਂ ਸਾਲਾਂ ਤੋਂ ਪੱਛੜਿਆਂ ਹੋਇਆ ਹੈ। ਜਿਸ ਨੇ ਸਾਨੂੰ ਪੜ੍ਹਾਈ, ਜਾਇਦਾਦ ਅਤੇ ਹਥਿਆਰਾਂ ਤੋਂ ਦੂਰ ਰੱਖਿਆ ਹੋਇਆ ਹੈ ਅਤੇ ਜਿਸ ਕਰਕੇ ਸਾਨੂੰ ਪਸ਼ੂਆਂ ਵਾਲਾ ਜੀਵਨ ਬਤੀਤ ਕਰਨਾ ਪਿਆ ਹੈ। ਜੇ ਮੁਕਾਬਲਾ ਕਰਨਾ ਹੈ ਤਾਂ ਸਾਨੂੰ

ਕਮਜ਼ੋਰ ਨਹੀਂ ਰਹਿਣਾ ਹੋਵੇਗਾ ।

–ਬ੍ਰਾਹਮਣਵਾਦੀ ਸੱਭਿਆਚਾਰ ਦਾ ਸਦੀਆਂ ਤੋਂ ਸ਼ਿਕਾਰ ਹੋਣ ਕਰਕੇ ਸ਼ੂਦਰ ਅਤੇ ਅਤੀ ਸ਼ੂਦਰ ਜਿਨ੍ਹਾਂ ਨੂੰ ਪੱਛੜੀਆਂ ਸ਼੍ਰੇਣੀਆਂ (ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ ਅਤੇ ਓ.ਬੀ.ਸੀ. ਭਾਵ ਅਦਰ ਬੈਕਵਰਡ ਕਲਾਸਜ) ਕਿਹਾ ਜਾਂਦਾ ਹੈ । ਇਕ ਹਨੇਰੇ ਯੁੱਗ ਵਿਚੋਂ ਗੁਜ਼ਰ ਰਹੇ ਹਨ । 1848 ਵਿਚ ਮਹਾਤਮਾ ਜੋਤੀ ਰਾਓ ਨੇ ਬ੍ਰਾਹਮਣਵਾਦੀ ਸੱਭਿਆਚਾਰ ਦੇ ਵਿਰੁੱਧ ਬਗਾਵਤ ਦੀ ਅਗਵਾਈ ਦਿੱਤੀ । ਲੋਕਾਂ ਨੇ ਬ੍ਰਾਹਮਣਵਾਦੀ ਸੱਭਿਆਚਾਰ ਦੇ ਉਲਟ ਬਗਾਵਤ ਦਾ ਬਿਗਲ ਵਜਾ ਦਿੱਤਾ । ਉਹ ਖੁਸ਼ਕਿਸਮਤ ਸਨ ਕਿ ਉਨ੍ਹਾਂ ਨੂੰ ਡਾਕਟਰ ਅੰਬੇਡਕਰ ਵਰਗੇ ਮਹਾਨ ਪੁਰਸ਼ ਦੀ ਅਗਵਾਈ ਮਿਲੀ ।

–ਆਮ ਆਦਮੀ ਦੀ ਭਾਸ਼ਾ ਵਿਚ ਇਕ ਸੰਦ, ਇਕ ਏਜੰਟ ਅਤੇ ਜਮੂਰੇ ਨੂੰ ਚਮਚੇ ਕਿਹਾ ਜਾ ਸਕਦਾ ਹੈ । ਮੈਂ ਆਮ ਆਦਮੀ ਦੀ ਬੋਲੀ ਬੋਲਣ ਦਾ ਫੈਸਲਾ ਕੀਤਾ ਹੈ ਅਤੇ ਮੇਰੇ ਖਿਆਲ ਵਿਚ ਜਦੋਂ ਅਸੀਂ ਉਸ ਦੇ ਹਿੱਤਾਂ ਖਾਤਰ ਲੜਦੇ ਹਾਂ ਤਾਂ ਆਮ ਆਦਮੀ ਦੀ ਬੋਲੀ ਹੀ ਸਹੀ ਹੋ ਸਕਦੀ ਹੈ । ਸਾਨੂੰ ਚਮਚਿਆਂ ਦੇ ਟਾਕਰੇ ਲਈ ਤਿਆਰ ਰਹਿਣਾ ਚਾਹੀਦਾ ਹੈ । ਕਿਸੇ ਵੀ ਹਾਲਤ ਵਿਚ ਚਮਚੇ ਤੋਂ ਨਹੀਂ ਡਰਨਾ ਚਾਹੀਦਾ ਕਿਉਂਕਿ ਚਮਚਾ ਕੋਈ ਤਾਕਤਵਰ ਜਾਂ ਭਿਆਨਕ ਹਥਿਆਰ ਨਹੀਂ ਹੁੰਦਾ । ਸਾਨੂੰ ਚਮਚਾ ਵਰਤਣ ਵਾਲੇ ਹੱਥ 'ਤੇ ਨਜ਼ਰ ਰੱਖਣੀ ਚਾਹੀਦੀ ਹੈ । ਤਾਕਤ ਨਾਲ ਹੱਥ ਨੂੰ ਮਰੋੜ ਦੇਵੋ, ਚਮਚਾ ਆਪਣੇ ਆਪ ਥੱਲੇ ਡਿੱਗ ਪਵੇਗਾ । ਕੁਝ ਲੋਕ ਪ੍ਰਚਾਰਕਾਂ ਦੇ ਵੀ ਚਮਚੇ ਹੋਣ ਦਾ ਭੁਲੇਖਾ ਖਾ ਜਾਂਦੇ ਹਨ ।

–ਇਕ ਮਿਸ਼ਨਰੀ ਸਭ ਤੋਂ ਵੱਧ ਵਫਾਦਾਰ ਹੁੰਦਾ ਹੈ ਜਦੋਂ ਕਿ ਇਕ ਚਮਚਾ ਘਟੀਆ ਕਿਸਮ ਦਾ ਨੌਕਰ ਹੁੰਦਾ ਹੈ । ਜੋ ਵਫਾਦਾਰੀ ਅਤੇ ਘਟੀਆ ਨੌਕਰਦਾਰੀ 'ਚ ਫਰਕ ਨਹੀਂ ਜਾਣ ਸਕਦੇ ਉਹ ਇਕ ਮਿਸ਼ਨਰੀ ਨੂੰ ਵੀ ਚਮਚਾ ਸਮਝਣ ਦੀ ਗਲਤੀ ਕਰ ਬੈਠਦੇ ਹਨ । ਇਕ ਚਮਚੇ ਦੀ ਵਰਤੋਂ ਆਪਣੀ ਹੀ ਕੌਮ ਦੇ ਸਹੀ ਅਤੇ ਯੋਗ ਲੀਡਰ ਨੂੰ ਕਮਜ਼ੋਰ ਕਰਨ ਲਈ ਕੀਤੀ ਜਾਂਦੀ ਹੈ ਜਦੋਂ ਕਿ ਇਕ ਮਿਸ਼ਨਰੀ ਆਪਣੀ ਹੀ ਕੌਮ ਦੇ ਸਹੀ ਅਤੇ ਯੋਗ ਲੀਡਰ ਦੇ ਹੱਥ ਮਜ਼ਬੂਤ ਕਰਦਾ ਹੈ । ਜਿਤਨੀ ਦੇਰ ਸੂਝਵਾਨ ਅਤੇ ਅਸਲੀ ਲੀਡਰ ਰਹਿਣਗੇ ਉਨੀ ਦੇਰ ਚਮਚਿਆਂ ਦੀ ਮੰਗ ਰਹੇਗੀ । ਜਿੰਨੀ ਦੇਰ ਕਿਸੇ ਖਾੜੂਕ ਵੱਲੋਂ ਕਿਸੇ ਸੰਘਰਸ਼ ਜਾਂ ਲੜਾਈ ਆਦਿ ਦਾ ਖਤਰਾ ਨਹੀਂ ਹੁੰਦਾ ਉਨੀ ਦੇਰ ਚਮਚਿਆਂ ਦੀ ਕੋਈ ਲੋੜ ਨਹੀਂ ਹੁੰਦੀ । ਬਾਮਸੇਫ ਅਤੇ ਡੀ ਐਸ–4 ਦੁਆਰਾ ਬਣਾਈ ਸਹੀ ਲੀਡਰਸ਼ਿਪ ਦੀ ਹੋਂਦ ਨਾਲ ਚਮਚੇ ਫਿਰ ਮਹੱਤਵਪੂਰਨ ਬਣ ਜਾਣਗੇ । ਅਜਿਹੀ ਹਾਲਤ ਉਨੀ ਦੇਰ ਬਣੀ ਰਹੇਗੀ ਜਿੰਨੀ ਦੇਰ ਤੱਕ ਸ਼ੋਸ਼ਤ ਅਤੇ ਸ਼ੋਸ਼ਕ ਵਿਚਕਾਰ ਸੰਘਰਸ਼ ਜਾਰੀ ਰਹੇਗਾ । ਚਮਚਾ ਜੁੱਗ ਦੇ ਪੂਰਨ ਖਾਤਮੇ ਲਈ ਘੱਟੋ–ਘੱਟ ਦਸ ਸਾਲ ਲੱਗ ਜਾਣਗੇ । ਜਾਤ ਅਤੇ ਵਿਕਰੇਵਾਰ ਚਮਚਿਆਂ ਦੀ ਵੰਡ ਹੇਠ ਲਿਖਿਆਂ ਅਨੁਸਾਰ ਹੈ :–

1. ਅਨੁਸੂਚਿਤ ਜਾਤੀਆਂ ਦੇ ਨਾਲ ਸੰਬੰਧਤ ਚਮਚੇ ।
2. ਅਨੁਸੂਚਿਤ ਕਬੀਲਿਆਂ ਨਾਲ ਸੰਬੰਧਤ ਚਮਚੇ ।
3. ਦੂਜੀਆਂ ਪਛੜੀਆਂ ਸ਼੍ਰੇਣੀਆਂ ਦੇ ਚਮਚੇ ।
4. ਘੱਟ ਗਿਣਤੀ ਵਰਗ ਦੇ ਬੇ–ਵਸ ਚਮਚੇ ।
5. ਪਾਰਟੀ ਵਾਈਜ਼ ਚਮਚੇ ।
6. ਭੋਲੇ ਭਾਲੇ ਚਮਚੇ ।
7. ਸੂਝਵਾਨ ਜਾਂ ਅੰਬੇਡਕਰਵਾਦੀ ਚਮਚੇ ।
8. ਚਮਚਿਆਂ ਦੇ ਚਮਚੇ ਅਤੇ ਚਮਚੇ ਜੋ ਵਿਦੇਸ਼ ਚਲੇ ਗਏ ਹਨ।

–ਅੰਬੇਡਕਰਵਾਦੀ ਲਹਿਰ ਦਾ ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਬਾਬਾ ਸਾਹਿਬ ਦੇ ਖਾਸ ਪੈਰੋਕਾਰ ਉਨ੍ਹਾਂ ਦੇ ਕਾਰਵਾਂ ਨੂੰ ਅੱਗੇ ਲਿਜਾਣ ਵਿਚ ਅਸਫਲ ਹੀ ਨਹੀਂ ਰਹੇ ਸਗੋਂ ਅੰਬੇਡਕਰਵਾਦੀ ਲਹਿਰ ਦੇ ਅਸਲੀ ਦੁਸ਼ਮਣਾਂ ਦੇ ਹੱਥਾਂ ਵਿਚ ਚਮਚੇ ਹੀ ਬਣ ਗਏ । ਦੱਬੇ–ਕੁਚਲੇ ਲੋਕਾਂ ਦੇ ਰਾਜਨੀਤਕ ਭਾਗ ਵਿਚ ਹਿੱਸੇਦਾਰਾਂ ਨੂੰ ਆਮ ਤੌਰ 'ਤੇ ਚਮਚੇ ਕਿਹਾ ਜਾਂਦਾ ਹੈ । ਪ੍ਰੰਤੂ ਇਸ ਜਨਤਾ ਵਿਚੋਂ ਬਣੀ ਅਫਸਰਸ਼ਾਹੀ (ਸਰਕਾਰੀ ਨੌਕਰੀਆਂ ਵਿਚ ਪੜ੍ਹੇ–ਲਿਖੇ ਕਰਮਚਾਰੀ) ਨੂੰ ਅਸੀਂ ਚਮਚਿਆਂ ਦੇ ਚਮਚੇ ਪੁਕਾਰਿਆ ਹੈ ।

–ਭਾਰਤ ਦੇ ਪੇਂਡੂ ਖੇਤਰਾਂ ਵਿਚ ਦੱਬੇ–ਕੁਚਲੇ ਲੋਕਾਂ ਦੀ ਬਹੁ ਗਿਣਤੀ ਰੋਜ਼ੀ ਰੋਟੀ ਲਈ ਜਗੀਰਦਾਰ ਉਪਰ ਨਿਰਭਰ ਹੁੰਦੀ ਹੈ । ਉਨ੍ਹਾਂ ਵਾਸਤੇ ਸ਼ੋਸ਼ਕਾਂ ਦੇ ਵਿਰੁੱਧ ਸੰਘਰਸ਼ ਕਰਨਾ ਔਖਾ ਕੰਮ ਹੈ, ਕਿਉਂਕਿ ਇਸ ਦੇ ਨਤੀਜੇ

ਵਜੋਂ ਉਹ ਭੁੱਖੇ ਮਰਨਗੇ । ਜਿਥੇ ਵੀ ਮਜ਼ਦੂਰ ਜਥੇਬੰਦ ਹੋਏ ਉਥੇ ਹੀ ਜਗੀਰਦਾਰਾਂ ਨੇ ਉਨ੍ਹਾਂ ਦੀਆਂ ਝੁੱਗੀਆਂ ਜਲਾਉਣ, ਔਰਤਾਂ ਦੀ ਪਤ ਲੁੱਟਣ ਅਤੇ ਕਈ ਵਾਰੀ ਉਨ੍ਹਾਂ ਨੂੰ ਜਿਉਂਦੇ ਸਾੜਨ ਵਰਗੇ ਅਣਹੋਣੇ ਜ਼ੁਲਮ ਜ਼ਿਆਦਾ ਕੀਤੇ । ਸਿਰਫ ਇਸ ਲੋਟੂ ਪੋਡ੍ਰੂ ਅਰਥਚਾਰੇ ਵਿਚ ਤਬਦੀਲੀ ਹੀ ਇਸ ਦਾ ਹੱਲ ਹੈ ।

–17 ਅਗਸਤ 1932 ਈ. ਨੂੰ ਭਾਰਤ ਦੇ ਸਭ ਤੋਂ ਵੱਧ ਦੱਬੇ-ਕੁਚਲੇ ਅਤੇ ਸ਼ੋਸਤ ਲੋਕਾਂ, ਜੋ ਕਿ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਸਨ, ਦੀ ਕੁਝ ਅਧਿਕਾਰਾਂ ਨਾਲ ਆਪਣੀ ਵੱਖਰੀ ਪਹਿਚਾਣ ਕਾਇਮ ਹੋ ਗਈ । ਪ੍ਰੰਤੂ ਓ.ਬੀ.ਸੀ. (ਬੈਕਵਰਡ) ਲੋਕਾਂ ਦੀ ਅਜੇ ਵੀ ਅਧਿਕਾਰਾਂ ਵਾਲੀ ਕੋਈ ਵੱਖਰੀ ਪਹਿਚਾਣ ਨਹੀਂ ਬਣੀ, ਕਿਉਂਕਿ ਉਨ੍ਹਾਂ ਨੇ ਆਪਣੇ ਹਿੱਤ ਉੱਚ ਜਾਤੀਏ ਹਿੰਦੂਆਂ ਦੀ ਇੱਛਾ 'ਤੇ ਛੱਡੇ ਹੋਏ ਹਨ । ਸੰਵਿਧਾਨਕ ਸਹੂਲਤਾਂ, ਕਾਕਾ ਸਾਹਿਬ ਕਾਲੇਲਕਰ ਅਤੇ ਮੰਡਲ ਕਮਿਸ਼ਨ ਦੀਆਂ ਰਿਪੋਰਟਾਂ ਦੇ ਬਾਵਜੂਦ ਵੀ ਓ.ਬੀ.ਸੀ. ਦੇ ਲੋਕ ਅਧਿਕਾਰ ਹੀਣ ਅਤੇ ਪਛਾਣ ਰਹਿਤ ਹਨ । ਕਿੰਨਾ ਵੱਡਾ ਦੁਖਾਂਤ ਹੈ ।

–ਭਾਰਤ ਦਾ ਸਭ ਤੋਂ ਵੱਡਾ ਘੱਟ ਗਿਣਤੀ ਭਾਵ ਮੁਸਲਮਾਨ ਅੱਜ ਲਗਾਤਾਰ ਅਤੇ ਨਾ ਖਤਮ ਹੋਣ ਵਾਲੇ ਫਿਰਕੂ ਦੰਗਿਆਂ ਦਾ ਸ਼ਿਕਾਰ ਹੈ । ਸਿੱਖ ਚਮਚਾ ਯੁੱਗ ਦੀਆਂ ਬੇਇਨਸਾਫੀਆਂ ਵਿਰੁੱਧ ਸੰਘਰਸ਼ ਕਰ ਰਹੇ ਹਨ । ਇਸਾਈ ਤਾਂ ਬੇ-ਪਰਵਾਹ, ਗੈਰ ਦਿਲਚਸਪ ਅਤੇ ਨਿਖੜੇ ਹੋਏ ਜਾਪ ਰਹੇ ਹਨ । ਭਾਰਤ ਦੇ ਦੱਬੇ-ਕੁਚਲੇ ਅਤੇ ਸ਼ੋਸਤ ਲੋਕਾਂ ਨੂੰ ਬਹੁਤ ਸਾਰੀਆਂ ਚੀਜ਼ਾਂ ਦੀ ਲੋੜ ਹੈ । ਪਰ ਉਨ੍ਹਾਂ ਦੀ ਸਭ ਤੋਂ ਅਹਿਮ ਲੋੜ ਯੋਗ ਲੀਡਰਸ਼ਿਪ ਦੀ ਹੈ । ਗੁਣਾਤਮਕ ਅਤੇ ਗਿਣਾਤਮਕ ਲੀਡਰਸ਼ਿਪ ਦੀ ਜ਼ਰੂਰਤ ਹੈ । ਸਹੀ ਲੀਡਰਸ਼ਿਪ ਦੀ ਲੋੜ ਹੈ । ਲੀਡਰਸ਼ਿਪ ਸੁਚੱਜੀ ਅਤੇ ਦੂਰ ਅੰਦੇਸ਼, ਮਿਹਨਤੀ ਅਤੇ ਚਾਹਤ ਵਾਲੀ ਚਾਹੀਦੀ ਹੈ । ਵਿਸ਼ਾਲ ਗਿਆਨ ਦੀ ਮਾਲਕ ਹੋਣ ਦੇ ਨਾਲ-ਨਾਲ ਅੰਬੇਡਕਰੀ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਲੈੱਸ ਹੋਣੀ ਚਾਹੀਦੀ ਹੈ । ਦੂਰ ਅੰਦੇਸ਼ ਅਤੇ ਤੇਜ ਦ੍ਰਿਸ਼ਟੀ ਵਾਲੀ ਸਬਰ ਸੰਤੋਖ ਵਾਲੀ ਅਤੇ ਸਾਹਸੀ ਹੋਣੀ ਚਾਹੀਦੀ ਹੈ । ਲੀਡਰਸ਼ਿਪ ਸਮਝਦਾਰ ਹੋਣੀ ਚਾਹੀਦੀ ਹੈ ਜੋ ਸਮੇਂ ਦੀ ਨਜ਼ਾਕਤ ਸਮਝ ਸਕੇ । ਕਰਨ ਵਾਲੇ ਕੰਮਾਂ ਦੀ ਪਹਿਲ ਦੇ ਅਧਾਰ ਵਾਲੀ ਅਹਿਮੀਅਤ ਜਾਣਦੀ ਹੋਵੇ, ਸਹੀ ਤਰੀਕੇ ਨਾਲ ਕੰਮ ਦੀ ਤੁਲਨਾ ਕਰ ਸਕਦੀ ਹੋਵੇ, ਅਤੇ ਇਸ ਮਹਾਨ ਕੰਮ ਦੇ ਸਾਰੇ ਪਹਿਲੂਆਂ ਦੀ ਜਾਣਕਾਰੀ ਰੱਖਦੀ ਹੋਵੇ । ਭਾਰਤ ਦੇ ਉਚ ਜਾਤੀਏ ਸ਼ਾਸਕ ਇਨ੍ਹਾਂ ਗੁਣਾਂ ਨੂੰ ਵਿਕਸਤ ਨਹੀਂ ਹੋਣ ਦੇਣਾ ਚਾਹੁੰਦੇ ।

–ਦੁਨੀਆ ਵਿਚ ਹਰ ਜਗ੍ਹਾ ਹੀ ਲੋਕਤੰਤਰ ਦਾ ਅਰਥ ਬਹੁਮਤ ਦਾ ਰਾਜ ਹੁੰਦਾ ਹੈ । ਪ੍ਰੰਤੂ ਭਾਰਤ ਵਿਚ 85% ਲੋਕਾਂ ਉੱਤੇ ਉੱਚ ਸ਼੍ਰੇਣੀ ਦੇ 10/15% ਲੋਕਾਂ ਰਾਹੀਂ ਰਾਜ ਕੀਤਾ ਜਾਂਦਾ ਹੈ । ਚਮਚਾ ਯੁੱਗ ਦੇ ਚੈਲਿੰਜ ਨੂੰ ਕਬੂਲ ਕਰਨ ਲਈ ਸਮਾਜਿਕ ਸੰਘਰਸ਼ ਨੂੰ ਜ਼ਰੂਰੀ ਸਮਝਿਆ ਗਿਆ ਹੈ । ਚਮਚਾ ਯੁੱਗ ਨੂੰ ਖਤਮ ਕਰਨ ਲਈ ਰਾਜਨੀਤਕ ਅੰਦੋਲਨ ਸਾਡਾ ਹੱਕ ਹੈ ।

–ਸਾਡੇ ਦੇਸ਼ ਦੁਆਰਾ ਗ੍ਰਹਿਣ ਕੀਤੇ ਗਏ ਲੋਕਤੰਤਰੀ ਢਾਂਚੇ ਵਿਚ ਦਲਿਤ ਸ਼ੋਸਤ ਸਮਾਜ ਦੀ ਮਰਜ਼ੀ ਬਿਨਾਂ ਉਚ ਜਾਤੀਏ ਹਿੰਦੂ ਭਾਰਤ ਵਿਚ ਰਾਜ ਨਹੀਂ ਕਰ ਸਕਦੇ ।

–ਸਾਨੂੰ ਮੌਜੂਦਾ ਰਾਜਨੀਤਕ ਗਤੀਵਿਧੀਆਂ ਨੂੰ ਜੜ੍ਹੋਂ ਪੁੱਟਣ ਲਈ ਰਾਜਨੀਤਕ ਸੰਘਰਸ਼ ਦੀ ਲੋੜ ਹੈ । ਬ੍ਰਾਹਮਣਾਂ ਅਤੇ ਖੱਤਰੀਆਂ ਦੀ ਗਿਣਤੀ 8 ਤੋਂ 9 ਪ੍ਰਤੀਸ਼ਤ ਹੈ । ਪ੍ਰੰਤੂ 52% ਐਮ.ਪੀ. ਇਨ੍ਹਾਂ ਵਿਚੋਂ ਹਨ । ਦੂਜੇ ਪਾਸੇ 52% ਦੂਜਿਆਂ ਪਛੜਿਆਂ ਵਿਚੋਂ 8/9% ਐਮ.ਪੀ. ਹੀ ਹੁੰਦੇ ਹਨ । ਸੰਸਦੀ ਲੋਕਤੰਤਰੀ ਵਿਚ ਅਜਿਹੀ ਪ੍ਰਤੀਨਿਧਤਾ ਸਾਰਾ ਪਾੜਾ ਵਧਾਉਂਦੀ ਹੈ । ਅਜਿਹੇ ਅਸੰਤੁਲਨ ਦੇ ਸਿੱਟੇ ਵਜੋਂ ਸਮੁੱਚੀ ਤਾਕਤ ਦਾ ਢਾਂਚਾ ਦੂਜੀਆਂ ਪੱਛੜੀਆਂ ਸ਼੍ਰੇਣੀਆਂ ਦੇ ਵਿਰੁੱਧ ਖੜੋਤਾ ਹੈ ।

–ਅੱਜ ਭਾਰਤ ਵਿਚ ਕੌਮੀ ਪੱਧਰ ਦੀਆਂ ਸੱਤ ਰਾਜਨੀਤਕ ਪਾਰਟੀਆਂ ਹਨ । ਇਹ ਸਾਰੀਆਂ ਪਾਰਟੀਆਂ ਉੱਚ ਜਾਤੀਏ ਹਿੰਦੂਆਂ ਦੁਆਰਾ ਚਲਾਈਆਂ ਜਾ ਰਹੀਆਂ ਹਨ । ਉਹ ਉੱਚ ਜਾਤੀ ਦੇ ਰਾਜ ਨੂੰ ਬਚਾਉਣ ਲਈ ਵਿਉਂਤਬੰਦ ਤਰੀਕੇ ਨਾਲ ਆਪਣੀਆਂ ਪਾਰਟੀਆਂ ਨੂੰ ਕੰਟਰੋਲ ਕਰਦੇ ਹਨ । ਦਲਿਤ ਸ਼ੋਸਤ ਸਮਾਜਿਕ ਆਪਣੀਆਂ 85% ਵੋਟਾਂ ਦੇ ਬਾਵਜੂਦ ਵੀ ਬੇਵੱਸ ਹੈ ।

–ਇਸ ਗੱਲ ਨੂੰ ਵੱਡੇ ਪੱਧਰ 'ਤੇ ਮਹਿਸੂਸ ਕੀਤਾ ਗਿਆ ਹੈ ਕਿ ਸਾਡੀ ਆਪਣੀ ਇਕ ਵੱਖਰੀ ਰਾਜਨੀਤਕ ਪਾਰਟੀ ਹੋਣੀ ਚਾਹੀਦੀ ਹੈ, ਜੋ ਬਹੁਜਨ ਦੀ ਪ੍ਰਤੀਨਿਧਤਾ ਕਰੇ ।

–ਭਾਰਤ ਵਿਚ ਸਾਡੀ ਅਸਲੀ ਅਤੇ ਮੁੱਢਲੀ ਸਮੱਸਿਆ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਹੈ ।

ਸਾਡਾ ਧਰਮ ਕੁਝ ਖਾਸ ਰਵਾਇਤਾਂ ਉੱਤੇ ਅਧਾਰਤ ਧਾਰਮਿਕ ਸ਼ਾਸਤਰਾਂ ਵਾਲਾ ਧਰਮ ਹੈ ।(ਜਿਵੇਂ ਕਿ ਪੁਸਤਕ ਦੇ ਪਹਿਲੇ ਅਧਿਆਏ ਵਿਚ ਦਰਜ ਹੈ) ਇਹ ਧਾਰਮਿਕ ਹੁਕਮਨਾਮੇ ਕੇਵਲ ਦਬਾਉਂਦੇ ਹੀ ਨਹੀਂ ਸਗੋਂ ਅਜਿਹਾ ਸੱਭਿਆਚਾਰ ਬਣਾਉਂਦੇ ਹਨ, ਜਿਸ ਨੂੰ ਜਾਤਾਂ ਦਾ ਸੱਭਿਆਚਾਰ ਕਿਹਾ ਜਾਂਦਾ ਹੈ ।ਦੂਜੇ ਮੁਲਕਾਂ ਵਿਚ ਧਰਮ ਨਿੱਜੀ ਹੁੰਦਾ ਹੈ, ਜਦਕਿ ਸੱਭਿਆਚਾਰ ਸਾਂਝਾ ਹੁੰਦਾ ਹੈ, ਪ੍ਰੰਤੂ ਭਾਰਤ ਵਿਚ ਦੋਵੇਂ ਇਕੋ ਅਤੇ ਉਹੀ ਚੀਜ਼ ਹਨ ।

–ਜਾਤੀ ਪ੍ਰਬੰਧ, ਇਕ ਸਮਾਜਿਕ ਵਿਵਸਥਾ ਹੈ, ਜੋ ਹਿੰਦੂਆਂ ਦੇ ਇਕ ਹੱਠੀ ਫਿਰਕੇ ਅੰਦਰ ਹੰਕਾਰ ਅਤੇ ਖੁਦਗਰਜ਼ੀ ਪੈਦਾ ਕਰਦੀ ਹੈ ।ਉਹ ਹਿੰਦੂ ਜੋ ਸਮਾਜਿਕ ਰੁਤਬੇ ਵਿਚ ਉੱਚੇ ਸਨ, ਇਸ ਨੂੰ (ਜਾਤੀ ਸੁਭਾਅ) ਇਕ ਆਮ ਵਿਹਾਰ ਬਣਾਉਣ ਲਈ, ਤੇ ਜਿਨ੍ਹਾਂ ਪਾਸ ਇਹ ਅਧਿਕਾਰ ਸੀ, ਆਪਣੇ ਤੋਂ ਨੀਚੇ ਲੋਕਾਂ 'ਤੇ ਇਹ ਵਿਵਸਥਾ ਠੋਸਣ ਲਈ, ਇਸ ਥੱਲੇ ਲਾਊ ਪ੍ਰਬੰਧ ਨੂੰ ਲਾਗੂ ਕਰਨ ਲਈ, ਸਖਤ ਕਿਸਮ ਦੀਆਂ ਧਾਰਾਵਾਂ ਦੀ ਜ਼ਰੂਰਤ ਸੀ, ਜਿਹੜੀਆਂ ਅੰਤ ਮਨੂੰ ਸਿਮਰਤੀ ਨੇ ਘੜੀਆਂ ।

–ਜਾਤੀ ਪ੍ਰਥਾ ਨੇ ਹਿੰਦੂਆਂ ਨੂੰ ਬੀਮਾਰ ਲੋਕ ਬਣਾ ਦਿੱਤਾ ਅਤੇ ਉਨ੍ਹਾਂ ਦੀ ਇਹ ਬਿਮਾਰੀ ਸਾਰੇ ਭਾਰਤੀਆਂ ਦੀ ਸਿਹਤ, ਖੁਸ਼ਹਾਲੀ 'ਤੇ ਅਸਰਅੰਦਾਜ਼ ਹੋ ਗਈ ਤੇ ਇਹ ਸਾਰੇ ਭਾਰਤੀਆਂ ਦਾ ਮੁੱਖ ਮਸਲਾ ਬਣ ਗਈ ਹੈ । ਅੱਜ ਵੀ ਜਾਤ ਪ੍ਰਥਾ ਹੈ, ਪ੍ਰੰਤੂ ਇਹ ਵੱਖਰੇ ਰੂਪ ਵਿਚ ਹੈ ।ਰਾਜ ਕਰਨ ਵਾਲੀਆਂ ਜਾਤਾਂ ਘੱਟ ਗਿਣਤੀ ਵਿਚ ਹੋਣ ਕਰਕੇ ਇਸ ਦੇ ਬਾਰੇ ਬਹੁਤਾ ਜ਼ਿਆਦਾ ਨਹੀਂ ਬੋਲਦੀਆਂ ।ਪ੍ਰੰਤੂ ਗੁਪਤ ਤਰੀਕੇ ਨਾਲ ਇਸ ਦਾ ਕਾਰਜ . ਆਪਣੀਆਂ ਜਾਤਾਂ ਦੇ ਫਾਇਦੇ ਲਈ ਜਾਰੀ ਰੱਖ ਸਕਣ ਦੀ ਹਾਲਤ ਵਿਚ ਹਨ ।ਰਾਜ ਕਰ ਰਹੀਆਂ ਜਾਤਾਂ (ਬ੍ਰਾਹਮਣ, ਠਾਕਰ, ਰਾਜਪੂਤ ਤੇ ਵੱਡਾ ਜ਼ਿਮੀਂਦਾਰ ਆਦਿ) ਵੱਲੋਂ ਇਸ ਪ੍ਰਬੰਧ ਦੇ ਖਿਲਾਫ ਬੋਲਣਾ ਇਕ ਫੈਸ਼ਨ ਬਣ ਗਿਆ ਹੈ ।ਪ੍ਰੰਤੂ ਗੁਪਤ ਰੂਪ ਵਿਚ ਖਾਸ ਤੌਰ 'ਤੇ ਇਨ੍ਹਾਂ ਸ਼ਕਤੀਆਂ (ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ ਅਤੇ ਵਿੱਦਿਅਕ) ਦਾ ਤਵਾਜ਼ਨ—ਆਪਣੇ ਹੱਥਾਂ ਵਿਚ ਰੱਖਣਾ ਹੈ ।ਇਸ ਪ੍ਰਬੰਧ ਤੋਂ ਲਾਭ ਲੈ ਰਹੇ ਲੋਕਾਂ ਨੇ ਸਾਰੀਆਂ ਮੁੱਖ ਪੰਜੇ ਸ਼ਕਤੀਆਂ ਅਤੇ ਇਨ੍ਹਾਂ ਸ਼ਕਤੀਆਂ ਦੇ ਸਰੋਤਾਂ ਨੂੰ ਜਕੜ ਲਿਆ ਹੈ । ਇਹ ਤਾਕਤਾਂ ਹਨ :-1. ਰਾਜਨੀਤਕ 2. ਅਫਸਰਸ਼ਾਹੀ 3. ਜਾਗੀਰਦਾਰੀ 4. ਆਰਥਿਕ ਅਜਾਰਾਦਾਰੀ 5. ਸੱਭਿਆਚਾਰਕ ਜਕੜ ।

–85 % ਲੋਕਾਂ ਵਿਚੋਂ ਅਦੱਰ ਬੈਕਰਵਰਡ ਕਲਾਸਸ ਦੇ 52% ਲੋਕ ਅਧਿਕਾਰ-ਰਹਿਤ ਅਤੇ ਪਛਾਣ-ਰਹਿਤ ਹਨ।ਬਹੁ-ਗਿਣਤੀ ਵਰਗ ਵਿਚੋਂ ਚਮਚੇ ਪੈਦਾ ਕਰਕੇ, ਘੱਟ ਗਿਣਤੀ ਵਰਗ ਨੇ ਬਹੁ-ਗਿਣਤੀ ਉੱਪਰ ਰਾਜ ਥੋਪਿਆ ਹੋਇਆ ਹੈ ।ਇਸ ਤਰ੍ਹਾਂ ਚਮਚਾ ਯੁੱਗ ਨੇ ਭਾਰਤੀ ਲੋਕਤੰਤਰ ਨੂੰ ਅਰਥ-ਹੀਣ ਬਣਾ ਦਿੱਤਾ ਹੈ ।

–ਭਾਰਤ ਇਕ ਵਿਸ਼ਾਲ ਦੇਸ਼ ਹੈ ਜੋ ਉਪਜਾਊ ਧਰਤੀ, ਪਾਣੀ, ਖਣਿਜ ਪਦਾਰਥ, ਮਨੁੱਖੀ ਸੋਮੇ ਵਿਗਿਆਨ ਅਤੇ ਤਕਨਾਲੋਜੀ ਦੇ ਪੱਖੋਂ ਵਿਕਸਤ ਦੇਸ਼ ਹੈ ।ਇਨਾ ਕੁਝ ਹੋਣ ਦੇ ਬਾਵਜੂਦ ਵੀ ਇਹ ਦੁਨੀਆ ਵਿਚ ਸਭ ਤੋਂ ਗਰੀਬ ਅਤੇ ਪਛੜਿਆ ਹੋਇਆ ਹੈ ।ਚਮਚਾ ਯੁੱਗ ਦਾ ਇਹ ਸਭ ਤੋਂ ਬੁਰਾ ਪ੍ਰਭਾਵ ਹੈ ।ਜੇ ਘੱਟ ਗਿਣਤੀ ਨੇ ਬਹੁ ਗਿਣਤੀ 'ਤੇ ਰਾਜ ਕਰਨਾ ਹੈ ਤਾਂ ਬਹੁ ਗਿਣਤੀ ਨੂੰ ਬੇ-ਸਮਝ, ਬੇ-ਵਸ ਗਰੀਬ ਅਤੇ ਪਛੜਿਆ ਰੱਖਣਾ ਜ਼ਰੂਰੀ ਹੈ ।

–ਲੋਕਾਂ ਨੂੰ ਉਨ੍ਹਾਂ ਦੀ ਅਗਿਆਨਤਾ ਸਹਾਰੇ ਬਹੁਤਾ ਚਿਰ ਗੁਲਾਮ ਬਣਾਈ ਰੱਖਿਆ ਜਾ ਸਕਦਾ ਹੈ ।ਇਸ ਦੇ ਇਲਾਜ ਲਈ ਬਾਮਸੇਫ ਵਿਕਸਤ ਕੀਤੀ ਗਈ ਹੈ ।ਬਾਮਸੇਫ ਦਾ ਮੁੱਢਲਾ ਮੰਤਵ ਦੱਬੇ-ਕੁਚਲੇ ਸ਼ੋਸਤ ਸਮਾਜ ਨੂੰ ਉੱਚਾ ਉਠਾਣਾ ਹੈ ।ਆਉਣ ਵਾਲੇ ਸਮੇਂ ਵਿਚ ਬਾਮਸੇਫ ਯੋਗ ਅਤੇ ਸੂਝਵਾਨ ਲੀਡਰਸ਼ਿਪ ਦੇ ਸਧਾਈ ਸੋਮੇ ਵਜੋਂ ਪੱਕਾ ਇਲਾਜ ਬਣਨ ਵਾਲੀ ਸੰਸਥਾ ਹੈ ।

–ਦਲਿਤ ਸ਼ੋਸਤ ਸਮਾਜ ਥੱਲੇ ਲਗਿਆ ਹੋਇਆ ਹੈ ਅਤੇ ਉਸ ਨੇ ਆਪਣੀ ਇਸ ਨਿੱਘਰੀ ਹਾਲਤ ਨਾਲ ਸਮਝੌਤਾ ਕਰ ਲਿਆ ਹੈ ।ਸਾਡੇ ਸਮਾਜ ਦੇ ਬਹੁਤ ਵੱਡੇ ਹਿੱਸੇ ਦਾ ਇਹੀ ਨੀਵਾਂਪਣ ਅਤੇ ਪਛੜਿਆਪਣ ਦੇਸ਼ ਨੂੰ ਨੀਵਾਂ ਅਤੇ ਪਛੜਿਆਂ ਰੱਖ ਰਿਹਾ ਹੈ ।ਇਸ ਬਹੁਤ ਵੱਡੇ ਭਾਗ ਨੂੰ ਚੇਤੰਨ ਕਰਨ ਦੀ ਲੋੜ ਹੈ ।ਇਸ ਸਮਾਜ ਦੇ ਇਸ ਵੱਡੇ ਭਾਗ ਨੂੰ ਜਾਗਰਤ ਅਤੇ ਚੇਤੰਨ ਕਰਨ ਦੇ ਕੰਮ ਨੂੰ ਹੀ ਸਮਾਜਿਕ ਸੰਘਰਸ਼ ਕਿਹਾ ਜਾ ਸਕਦਾ ਹੈ । ਦਲਿਤ ਸ਼ੋਸਤ ਸਮਾਜ ਨੂੰ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਤੌਰ 'ਤੇ ਉਦੋਂ ਤੱਕ ਜਾਗਰਿਤ ਕਰਨ ਦੀ ਲੋੜ ਹੈ ਜਦੋਂ ਉਹ ਜਾਗਰਿਤ ਨਹੀਂ ਹੋ ਜਾਂਦੇ ।ਉਹ ਉਦੋਂ ਤਕ ਜਾਗਰਿਤ ਨਹੀਂ ਹੋਣਗੇ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਜਗਾਇਆ ਨਹੀਂ ਜਾਂਦਾ ।ਉਨ੍ਹਾਂ ਨੂੰ ਆਪਣੇ ਨਾਲ ਕੀਤਾ ਜਾ ਸਕਦਾ ਹੈ ।

ਉਨ੍ਹਾਂ ਦੀ ਸ਼ਮੂਲੀਅਤ ਲਈ ਬਹੁਤ ਵੱਡੀ ਪੱਧਰ 'ਤੇ ਜਾਗਰਤੀ ਦੀ ਜ਼ਰੂਰਤ ਹੈ। ਬਿਨਾਂ ਕਿਸੇ ਰੋਕ ਦੇ ਲਗਾਤਾਰ ਪਰ ਵਿਹਾਰਕ ਸਮਾਜਿਕ ਸੰਘਰਸ਼ ਦੀ ਲੋੜ ਹੈ। ਇਸ ਨੂੰ ਅਰਥ ਭਰਪੂਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਨੂੰ ਵਿਸ਼ਾਲ ਪੱਧਰ 'ਤੇ ਫੈਲਾਈ ਜਾਣਾ ਚਾਹੀਦਾ ਹੈ ਪ੍ਰੰਤੂ ਇਹ ਅਹਿੰਸਕ ਹੋਣਾ ਚਾਹੀਦਾ ਹੈ।

–ਸਾਧਨਾਂ ਦੇ ਪੱਖੋਂ ਦਲਿਤ ਸ਼ੋਸਤ ਸਮਾਜ, ਰਾਜ ਕਰ ਰਹੀਆਂ ਜਾਤਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਪ੍ਰੰਤੂ ਪ੍ਰਾਪਤੀ ਲਈ ਇਨ੍ਹਾਂ ਨੂੰ ਰਾਜ ਕਰ ਰਹੀਆਂ ਉੱਚ ਜਾਤੀਆਂ ਨਾਲ ਸਫਲਤਾ ਪੂਰਵਕ ਮੁਕਾਬਲਾ ਕਰਨ ਦੀ ਹੀ ਲੋੜ ਨਹੀਂ ਸਗੋਂ ਉਨ੍ਹਾਂ ਨੂੰ ਹਰਾਉਣ ਦੀ ਲੋੜ ਹੈ। ਇਸ ਮੰਤਵ ਲਈ ਸਾਧਨਾਂ ਦੀ ਲੋੜ ਪਵੇਗੀ। ਇਸ ਲਈ ਦਲਿਤ ਸ਼ੋਸਤ ਸਮਾਜ ਨੂੰ ਆਪਣੇ ਥੋੜੇ 'ਤੇ ਛੋਟੇ ਸਾਧਨਾਂ ਦੀ ਵੱਡੇ ਪੈਮਾਨੇ 'ਤੇ ਵਰਤੋਂ ਕਰਨ ਦੀ ਜਾਂਚ ਸਿੱਖਣੀ ਪਵੇਗੀ। ਇਸ ਤਰੀਕੇ ਨਾਲ ਇਹ ਵਿਰੋਧੀਆਂ ਦਾ ਮੁਕਾਬਲਾ ਕਰ ਸਕੇਗੀ।

–ਇਹ ਸਮਾਜਿਕ ਸੰਘਰਸ਼ (ਜੋ ਕਿ ਡੀ.ਐਸ.ਫੋਰ ਰਾਹੀਂ ਚਲਾਇਆ ਜਾ ਰਿਹਾ ਹੈ) ਸਮਾਨਤਾ ਲਈ ਹੈ। ਭਵਿੱਖ ਵਿਚ ਸਾਰੇ ਸਮਾਜਿਕ ਅੰਦੋਲਨ ਡੀ.ਐਸ. ਫੋਰ ਰਾਹੀਂ ਸੰਗਠਤ ਕੀਤੇ ਅਤੇ ਚਲਾਏ ਜਾਣਗੇ।

–ਤਾਜ਼ਾ ਬੀਤੇ ਹੋਏ ਸਮਿਆਂ ਵਿਚੋਂ ਬਹੁਤ ਸਾਰੇ ਵਿਦਰੋਹੀਆਂ ਨੇ ਇਸ ਭਾਰਤ ਵਿਚ ਇਸ ਜਾਤਾਂ ਦੇ ਸੱਭਿਆਚਾਰ ਵਿਰੁੱਧ ਆਵਾਜ਼ ਉਠਾਈ ਹੈ। ਮਹਾਤਮਾ ਜੋਤੀਬਾ ਫੂਲੇ, ਪੇਰੀਅਰ ਈ.ਵੀ. ਰਾਮਾਸਵਾਮੀ, ਨਰਾਇਣਾ ਗੁਰੂ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀ ਬਗਾਵਤ ਵਰਨਣ ਯੋਗ ਹੈ। ਮਹਾਤਮਾ ਫੂਲੇ ਦੁਆਰਾ ਚਲਾਇਆ ਗਿਆ ਸਤਿਆ ਸੋਧਕ ਸਮਾਜ, ਪੇਰੀਅਰ ਈ.ਵੀ. ਆਰ ਦੁਆਰਾ ਚਲਾਇਆ ਗਿਆ ਤਰਕਵਾਦ ਅਤੇ ਰੱਬ ਵਿਰੋਧੀ ਸੰਘਰਸ਼, ਬਾਬਾ ਸਾਹਿਬ ਡਾਕਟਰ ਅੰਬੇਡਕਰ ਦੁਆਰਾ ਚਲਾਇਆ ਬੁੱਧਵਾਦ ਅਜਿਹੇ ਸਾਧਨ ਸਨ, ਜੋ ਪ੍ਰਭਾਵਸ਼ਾਲੀ ਤਬਦੀਲੀਆਂ ਲਈ ਚਲਾਏ ਗਏ। ਜਾਪਦਾ ਹੈ ਕਿ ਜਾਤਾਂ ਦੇ ਇਸ ਸੱਭਿਆਚਾਰ ਕੋਲ, ਗੁਆਚੀ ਹੋਈ ਭੂਮਿਕਾ ਨੂੰ ਸੁਰਜੀਤ ਕਰਨ ਦੀ ਤਾਕਤ ਹੈ।

–ਪੂਰਨ ਅਸਮਾਨਤਾ ਦੇ ਇਸ ਸੱਭਿਆਚਾਰ ਨੂੰ ਪੂਰਨ ਸਮਾਨਤਾ 'ਚ ਬਦਲਣ ਲਈ ਸਾਡਾ ਪੱਕਾ ਨਿਸ਼ਾਨਾ ਹੋਣਾ ਚਾਹੀਦਾ ਹੈ। ਮੌਜੂਦਾ ਸੱਭਿਆਚਾਰ ਦਾ ਪ੍ਰਬੰਧ ਇਸ ਤੋਂ ਲਾਭ ਲੈ ਰਹੇ ਲੋਕਾਂ ਹੱਥ ਹੈ। ਪ੍ਰੰਤੂ ਪੂਰਨ ਬਰਾਬਰੀ ਵਾਲਾ ਬਦਲਿਆ ਹੋਇਆ ਸੱਭਿਆਚਾਰ ਮੌਜੂਦਾ ਢਾਂਚੇ ਦੁਆਰਾ ਸਤਾਏ ਗਏ ਲੋਕਾਂ ਤੇ ਹੱਥਾਂ ਵਿਚ ਰਹਿਣਾ ਜ਼ਰੂਰੀ ਹੈ।

–ਪੂਰਨ ਨਾਸ਼ ਅਤੇ ਸਾਬੋਤਾਜ ਕੀਤੇ ਜਾਣ ਤੋਂ ਸੁਚੇਤ ਰਹਿਣ ਦੀ ਲੋੜ ਹੈ। ਮੋਰੀਆ ਸਾਮਰਾਜ ਦੇ ਪਤਨ ਤੋਂ ਇਹੀ ਸਿੱਖਣ ਦੀ ਜ਼ਰੂਰਤ ਹੈ।

–ਹਜ਼ਾਰਾਂ ਸਾਲ ਤੋਂ ਗੂੰਗੇ ਅਤੇ ਬਹਿਰੇ ਲੋਕ ਜੋ ਅੱਜ ਕੁਝ ਬੋਲਣ ਲੱਗੇ ਹਨ, ਬੋਲਣ ਦੇ ਨਾਲ-ਨਾਲ ਉਨ੍ਹਾਂ ਨੂੰ ਕੁਝ ਕੰਮ ਵੀ ਕਰਨਾ ਹੋਵੇਗਾ। ਜਦੋਂ ਬੋਲਣ ਦਾ ਕੁਝ ਕਹਿਣ ਦਾ ਮੌਕਾ ਨਾ ਮਿਲੇ ਤਾਂ ਉਹ ਲਿਖ ਕੇ ਦੱਸਣ 'ਤੇ ਜ਼ੋਰ ਦੇਣ। ਅਜਿਹਾ ਬੋਲੋ ਜਾਂ ਅਜਿਹਾ ਲਿਖੋ ਤਾਂ ਕਿ ਤੁਹਾਡੇ ਨਾਲ ਮੁੜ ਕੋਈ ਝੂਠਾ ਵਾਇਦਾ ਨਾ ਕਰੇ। ਪਰ ਫਿਰ ਵੀ ਤੁਹਾਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰੇ ਤਾਂ ਇਹ ਗੱਲ ਅਗਲੇ ਨੂੰ ਵੀ ਮਹਿੰਗੀ ਪੈਣੀ ਚਾਹੀਦੀ ਹੈ। ਝੂਠੇ ਵਾਅਦਿਆਂ ਅਤੇ ਸ਼ਾਸਕਾਂ ਦੇ ਖਿਲਾਫ ਉਠ ਕੇ ਖੜੇ ਹੋਣਾ ਅਤੇ ਸੱਚ ਦੀ ਆਵਾਜ਼ ਬੁਲੰਦ ਕਰਨਾ ਬਹੁਤ ਵੱਡੀ ਗੱਲ ਹੈ। ਜਦੋਂ ਤੀਕ ਸਾਨੂੰ ਜਾਨਵਰ ਸਮਝਿਆ ਗਿਆ ਜਾਂ ਅਸੀਂ ਖੁਦ ਜਾਨਵਰਾਂ ਦੀ ਤਰ੍ਹਾਂ ਰਹੇ ਉਦੋਂ ਏਹੋ ਜਿਹੇ ਧੋਖੇ ਹੋਣਾ ਅਸਾਨ ਸੀ। ਪ੍ਰੰਤੂ ਹੁਣ ਅਸੀਂ ਇਸਸਾਨ ਬਣਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਾਂ। ਇਹ ਸਭ ਤੋਂ ਵੱਡੀ ਗੱਲ ਹੈ, ਕਿਉਂਕਿ ਬੰਦੇ ਬਣਨਾ ਹੀ ਸਭ ਤੋਂ ਬੁਨਿਆਦੀ ਲੋੜ ਹੈ। ਜਦੋਂ ਅਸੀਂ ਬੰਦੇ ਬਣ ਗਏ ਤਾਂ ਵਿਰੋਧੀ ਨੂੰ ਬੰਦੇ ਦਾ ਪੁੱਤ ਬਣਾ ਦੇਵਾਂਗੇ। ਜੇ ਅਸੀਂ ਮਨੂੰਵਾਦੀ ਦੀ ਤੂੜੀ ਬਨਾਉਣੀ ਹੈ ਤਾਂ ਸਾਨੂੰ ਧੁੱਪਾਂ ਸਹਿਣੀਆਂ ਪੈਣਗੀਆਂ ਅਤੇ ਅਸੀਂ ਪੂਰੇ ਗੌਰ ਨਾਲ ਅੱਗੇ ਵੱਧ ਰਹੇ ਹਾਂ। ਤੁਸੀਂ ਦੁੱਖ-ਤਕਲੀਫਾਂ ਉਠਾਉਣ ਵਾਲੇ ਅਤੇ ਕੁਰਬਾਨੀਆਂ ਕਰਨ ਵਾਲੇ ਆਦਮੀ ਹੋ। ਪ੍ਰੰਤੂ ਸਾਡੀ ਸਮੱਸਿਆ ਇਹ ਹੈ ਕਿ ਇਹ ਕੁਰਬਾਨੀਆਂ ਦੂਜਿਆਂ ਦੀ ਖਾਤਰ ਕੀਤੀਆਂ ਬਾਰੇ ਅਸੀਂ ਹੁਣ ਸੋਚਣ ਲੱਗੇ ਹਾਂ। ਘਾਟ ਤਿਆਰੀ ਦੀ ਹੈ। ਅਸੀਂ ਪੂਰੀ ਤਿਆਰੀ ਕਰਕੇ ਲੋਕਾਂ ਨੂੰ ਕੁਝ ਕਰਕੇ ਵਿਖਾਉਣਾ ਹੈ। ਕੁਝ ਹੀ ਸਮੇਂ ਵਿਚ ਅਸੀਂ ਆਪਣੇ ਸਮਾਜ ਨੂੰ ਲੋਹੇ ਜੜਿਆ ਮਜ਼ਬੂਤ ਬਣਾ ਕੇ ਅੱਗੇ ਲਿਆਉਣਾ ਹੈ। ਇਸ ਲਈ ਅੱਗੇ ਵਧਣਾ ਸਾਡੀ ਜ਼ਰੂਰਤ ਹੈ। ਇਸ ਕੰਮ ਲਈ ਸਾਨੂੰ ਤਿਆਰੀ ਕਰਨੀ ਹੋਵੇਗੀ। ਤਿਆਰੀ ਦੇ ਨਾਲ-ਨਾਲ ਕੁਰਬਾਨੀ ਵੀ ਕਰਨੀ ਹੋਵੇਗੀ। ਪਰ ਕੁਰਬਾਨੀ ਵਿਅਰਥ ਨਹੀਂ ਜਾਣੀ ਚਾਹੀਦੀ। ਕੁਰਬਾਨੀ ਦਾ ਲਾਭ ਅਸੀਂ ਖੁਦ ਲੈਣਾ ਹੈ, ਆਪਣੇ ਸਮਾਜ ਨੂੰ ਦੇਣਾ ਹੈ। ਅਜਿਹਾ ਨਾ ਹੋਵੇ ਕਿ

ਸਾਡੀਆਂ ਕੁਰਬਾਨੀਆਂ ਦਾ ਫਲ ਕੋਈ ਹੋਰ ਖਾਈ ਜਾਵੇ, ਜਿਸ ਤਰ੍ਹਾਂ ਪਹਿਲਾਂ ਹੋਇਆ ਹੈ ।(23 ਅਗਸਤ 1987 ਨੂੰ ਰੋਪੜ ਵਿਖੇ ਦਿੱਤੇ ਗਏ ਭਾਸ਼ਨ ਵਿਚੋਂ ।)

–ਅੰਦੋਲਨ : 'ਜਾਤੀ ਭੇਦ ਦਾ ਬੀਜਨਾਸ ਤੋਂ ਜਾਤੀਆਂ ਦੇ ਅਧਾਰ 'ਤੇ ਜ਼ਬਰਦਸਤ ਧਰੁਵੀਕਰਨ ਹੋਵੇਗਾ ।ਇਸ ਧਰੁਵੀਕਰਨ ਨਾਲ ਉਹ ਲੋਕ ਇਕ ਪਾਸੇ ਹੋ ਜਾਣਗੇ, ਜਿਨ੍ਹਾਂ ਨੂੰ ਮਾਣ ਅਤੇ ਸਨਮਾਨ ਚਾਹੀਦਾ ਹੈ ।ਜੋ ਬਰਾਬਰੀ ਚਾਹੁੰਦੇ ਹਨ ।ਇਨਸਾਨੀਅਤ ਚਾਹੁੰਦੇ ਹਨ, ਤੇ ਜਿਨ੍ਹਾਂ ਨੂੰ ਵਰਤਮਾਨ ਵਿਵਸਥਾ ਕਦੇ ਬਦਲਣ ਨਾਲ ਫਾਇਦਾ ਹੈ, ਦੂਜੀ ਤਰਫ ਉਹ ਲੋਕ ਹੋ ਜਾਣਗੇ ਜਿਨ੍ਹਾਂ ਨੂੰ ਮੌਜੂਦਾ ਹਾਲਤ ਬਣਾਈ ਰੱਖਣ ਵਿਚ ਫਾਇਦਾ ਹੈ, ਜੋ ਦਲਿਤ ਸ਼ੋਸ਼ਤ ਸਮਾਜ ਨੂੰ ਗੁਲਾਮ ਤੇ ਲਾਚਾਰ ਬਣਾਈ ਰੱਖਣਾ ਚਾਹੁੰਦੇ ਹਨ ।ਜੋ ਗੈਰ ਬਰਾਬਰੀ ਪਸੰਦ ਲੋਕ ਹਨ ।......ਸਾਡੇ ਲੋਕਾਂ ਨੇ ਕਦੀ ਆਪਣੀ ਜਾਤੀ ਪੂਛ, ਨਹੀਂ ਵਿਖਾਈ, ਜਦੋਂ ਕਿ ਗਾਂਧੀ, ਨਹਿਰੂ, ਸ਼ੁਕਲਾ, ਦੂਬੇ, ਚੌਬੇ, ਤਿਵਾੜੀ, ਮਿਸ਼ਰਾ, ਸ਼ਰਮਾ, ਵਰਮਾ, ਗੁਪਤਾ, ਦਿਸਾਈ, ਨੰਬੂਦਰੀਪਾਦ, ਜਾਗੇ, ਬਾਜਪਾਈ, ਚੱਢਾ, ਕਹਿ ਕੇ ਇਹ ਲੋਕ ਆਪਣੀ ਪੂਛ ਉਛਾਲਦੇ ਹਨ ।ਇਸ ਤੋਂ ਪਤਾ ਲਗਦਾ ਹੈ ਕਿ ਜਾਤੀਵਾਦੀ ਕੌਣ ਹਨ ਤੇ ਕੌਣ ਨਹੀਂ ।

–ਅਸੀਂ ਅਜਿਹੀ ਵਿਵਸਥਾ ਬਣਾਉਣੀ ਚਾਹੁੰਦੇ ਹਾਂ ਜਿਥੇ ਸਾਰੇ ਸਮਾਨ ਹੋਣ ।

–ਜਾਤੀਆਂ ਅਸੀਂ ਨਹੀਂ ਬਣਾਈਆਂ ।ਇਹ ਸਾਡੇ 'ਤੇ ਠੋਸੀਆਂ ਗਈਆਂ ਹਨ ।ਅਸੀਂ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ।ਅਸੀਂ ਲੋਕ ਜਾਤੀ ਵਿਵਸਥਾ ਦਾ ਸ਼ਿਕਾਰ ਹਾਂ ।

–ਅਸੀਂ ਤਬਦੀਲੀ ਲਿਆ ਸਕਦੇ ਹਾਂ । ਕਿਉਂਕਿ ਤਬਦੀਲੀ ਰੋਕਣ ਵਾਲੇ ਮੁੱਠੀ ਭਰ ਹਨ, ਜੋ ਦੁਨੀਆ ਵਿਚ ਤਾਂ ਪਰਿਵਰਤਨ ਚਾਹੁੰਦੇ ਹਨ, ਪ੍ਰੰਤੂ ਭਾਰਤ ਵਿਚ ਪਰਿਵਰਤਨ ਰੋਕਦੇ ਹਨ ।

–ਦੂਸਰੇ ਸੰਗਠਨਾਂ ਵਿਚ ਰਹਿੰਦੇ ਸਾਡੇ ਲੋਕ ਆਪਣੀ ਭਲਾਈ ਨਹੀਂ ਕਰ ਸਕਦੇ ।

–ਦਲਿਤਾਂ ਅਤੇ ਸ਼ੋਸ਼ਤਾਂ 'ਤੇ ਹੁੰਦੇ ਅੱਤਿਆਚਾਰਾਂ ਨੂੰ ਅਸੀਂ ਕਰਜ਼ ਦੇ ਰੂਪ ਵਿਚ ਗ੍ਰਹਿਣ ਕਰ ਰਹੇ ਹਾਂ ।ਅਸੀਂ ਇਸ ਦਾ ਵਿਆਜ ਸਮੇਤ ਭੁਗਤਾਨ ਕਰਾਂਗੇ ਤੇ ਭੁਗਤਾਨ ਵੀ ਅਵੱਸ਼ ਕਰਾਂਗੇ ।

–ਸਾਡੇ ਪਾਸ ਕਹਿਣ ਲਈ ਸੱਚੀਆਂ ਗੱਲਾਂ ਏਨੀਆਂ ਹਨ ਕਿ ਸਾਨੂੰ ਝੂਠ ਕਹਿਣ ਦੀ ਫੁਰਸਤ ਹੀ ਨਹੀਂ ਮਿਲੇਗੀ ।ਪਰ ਸੱਚੇ ਰਹਿਣ ਲਈ ਸਾਨੂੰ ਸੰਘਰਸ਼ ਕਰਨਾ ਹੋਵੇਗਾ ।

–ਸਾਡੇ ਆਪਣੇ ਕਾਰਨ ਹੀ ਸਾਡੇ 'ਤੇ ਜ਼ੁਲਮ ਹੋ ਰਹੇ ਹਨ ।ਅਸੀਂ ਹੀ ਇਨ੍ਹਾਂ ਕਾਤਲਾਂ ਦੇ ਹੱਥ ਤਲਵਾਰ ਦਿੱਤੀ ਹੋਈ ਹੈ ।(ਤਲਵਾਰ ਤੋਂ ਭਾਵ ਰਾਜਸੀ ਤਾਕਤ)

–ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਬ੍ਰਾਹਮਣਵਾਦ ਹੈ ।ਕੇਵਲ 15% ਠਾਕਰ ਬ੍ਰਾਹਮਣ ਅਤੇ ਬਾਣੀਏ 85% ਅਨੁ : ਜਾਤੀਆਂ ਪੱਛੜੇ ਵਰਗਾਂ ਅਤੇ ਧਾਰਮਿਕ ਘੱਟ ਗਿਣਤੀਆਂ 'ਤੇ ਰਾਜ ਕਰ ਰਹੇ ਹਨ ।

–ਮੈਂ ਬ੍ਰਾਹਮਣਾਂ ਦੇ ਖਿਲਾਫ ਨਹੀਂ ।ਬ੍ਰਾਹਮਣਵਾਦ ਦੇ ਖਿਲਾਫ ਹਾਂ ।ਮੈਂ ਤਾਂ 6000 ਜਾਤੀਆਂ ਨੂੰ ਜੋੜਨ ਦਾ ਕੰਮ ਕਰ ਰਹਿਆ ਹਾਂ ।

–ਮੇਰੇ ਲਈ ਜੋ ਸੰਵਿਧਾਨ ਵਿਚ ਲਿਖਿਆ ਹੈ ਓਹੀ ਧਰਮ ਹੈ, ਮੈਂ ਧਰਮ ਬਾਰੇ ਤਾਂ ਜ਼ਿਆਦਾ ਨਹੀਂ ਜਾਣਦਾ ।ਕੇਵਲ ਇਨ੍ਹਾਂ ਹੀ ਕਹਿਣਾ ਚਾਹਾਂਗਾ ਕਿ ਲੋਕ ਅਗਲੇ ਜਨਮ ਨੂੰ ਸਵਾਰਨ ਦੇ ਚੱਕਰ ਵਿਚ ਹਨ, ਉਹ ਬ੍ਰਾਹਮਣਾਂ ਅਤੇ ਪੰਡਿਆਂ ਪਾਸ ਜਾਣ ।ਪਰੰਤੂ ਜਿਨ੍ਹਾਂ ਨੇ ਇਹ ਜਨਮ ਸਵਾਰਨਾ ਹੈ, ਮੇਰੇ ਪਾਸ ਆ ਜਾਣ ।ਮੈਂ ਉਸ ਧਰਮ ਨੂੰ ਮੰਨਦਾ ਹਾਂ ਜੋ ਬਰਾਬਰੀ ਅਤੇ ਇਨਸਾਨੀਅਤ ਕਾਇਮ ਕਰਦਾ ਹੈ ਅਤੇ ਸ਼ੋਸ਼ਣ ਨੂੰ ਕੋਈ ਥਾਂ ਨਹੀਂ ਦਿੰਦਾ ।

–ਵਰਗ ਸੰਘਰਸ਼ ਦੇ ਛਿੜ ਜਾਣ ਦੇ ਡਰੋਂ ਮੈਂ ਚੁਪ ਨਹੀਂ ਕਰਾਂਗਾ । ਵਰਗ ਸੰਘਰਸ਼ ਦੀ ਚਿੰਤਾ ਉਨ੍ਹਾਂ ਨੂੰ ਕਰਨੀ ਚਾਹੀਦੀ ਹੈ ਜਿਨ੍ਹਾਂ ਦਾ ਵੰਸ਼ ਨਾਸ ਹੋ ਜਾਵੇਗਾ ।

–ਸਾਡੇ ਦਲ ਵਿਚ ਸਾਰੇ ਕਾਰਜਕਰਤਾ ਹਨ ।ਮੈਂ ਵੱਡਾ ਕਾਰਜਕਰਤਾ ਹਾਂ ।ਬਾਕੀ ਲੋਕ ਛੋਟੇ ਕਾਰਜਕਰਤਾ ਹਨ ।ਮੈਂ ਉਨ੍ਹਾਂ ਦਾ ਨੇਤਾ ਨਹੀਂ ਹਾਂ ।

–ਤੁਸੀਂ ਸਵੈਮਾਣ ਦੀ ਲੜਾਈ ਲੜ ਸਕਦੇ ਹੋ ।ਪੰਡਤ ਜੀ ਦੇ ਪੈਰ ਪੂਜਕੇ ਤੁਸੀਂ ਸਵੈਮਾਨ ਦੀ ਲੜਾਈ ਨਹੀਂ ਲੜ ਸਕਦੇ ।ਪੰਡਤ ਜੀ ਦੇ ਪੈਰ ਪੂਜਕੇ ਲਈ ਕੁਰਸੀ ਵੀ ਬਹੁਤੀ ਦੇਰ ਤੱਕ ਬਰਕਰਾਰ ਨਹੀਂ ਰੱਖੀ ਜਾ ਸਕਦੀ ।ਧੋਖਾ ਅਤੇ ਨਰਸੰਹਾਰ ਕੇਵਲ ਸਿੱਖਾਂ ਦੇ ਨਾਲ ਹੀ ਨਹੀਂ ਹੋਇਆ ਬਲਕਿ ਅਨੁ : ਜਾਤੀਆਂ ਜਨ

ਜਾਤੀਆਂ, ਪਛੜੇ ਵਰਗਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਨਾਲ ਵੀ ਹੋਇਆ ਹੈ। ਮਜ਼ਲੂਮਾਂ 'ਤੇ ਹੋਣ ਵਾਲੇ ਜ਼ੁਲਮਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਸਗੋਂ ਉਨ੍ਹਾਂ ਨਾਲ ਰਲ-ਮਿਲਕੇ ਇਕਮਿੱਕ ਹੋ ਕੇ ਇੱਜ਼ਤ ਦੀ ਲੜਾਈ ਲੜੋ। ਇਨਸਾਫ, ਵਰਤਮਾਨ, ਸੰਸਦ ਜਾਂ ਨਿਆਂਕਾਰੀ ਤੋਂ ਨਹੀਂ ਮਿਲੇਗਾ। ਪਰੰਤੂ ਜਦੋਂ 85% ਦੁਖੀ ਲੋਕ ਜਥੇਬੰਦ ਹੋ ਜਾਣਗੇ ਤਾਂ ਉਨ੍ਹਾਂ ਦੀ ਤਾਕਤ ਵੇਖਕੇ ਇਹ ਇਨਸਾਫ ਕਦਮ ਚੁੰਮੇਗਾ। ਜੇ ਤੁਸੀਂ ਖੁਦ ਇਨਸਾਨ ਬਣ ਜਾਓ ਤਾਂ ਅਸੀਂ ਜ਼ਾਲਮ ਨੂੰ ਇਨਸਾਨ ਦਾ ਬੱਚਾ ਬਣ ਦਿਆਂਗੇ। ਬੰਦੇ ਬਣੋ, ਫਤਿਹ ਸਾਡੀ ਹੋਵੇਗੀ। ਮੇਰੀਆ ਗੱਲਾਂ 'ਤੇ ਗੌਰ ਕਰਕੇ ਸਾਂਝੀ ਲੜਾਈ ਲੜੋ ਤਾਂ ਕਿ ਜਲਦੀ ਜ਼ੁਲਮ ਅਤੇ ਜ਼ਾਲਮ ਦਾ ਖਾਤਮਾ ਕੀਤਾ ਜਾ ਸਕੇ।

ਨਾ ਵਿਕਣ ਵਾਲਾ ਸਮਾਜ ਬਣਾਓ

ਜਿਹੋ ਜਿਹੇ ਲੋਕ ਹੁੰਦੇ, ਉਨ੍ਹਾਂ ਨੂੰ ਉਹੋ ਜਿਹਾ ਨੇਤਾ ਮਿਲ ਜਾਂਦਾ ਹੈ। ਜੇ ਬਹੁਜਨ ਸਮਾਜ ਨੂੰ ਨਾ ਵਿਕਣ ਵਾਲਾ ਨੇਤਾ ਚਾਹੀਦਾ ਹੈ ਤਾਂ ਨਾ ਵਿਕਣ ਵਾਲਾ ਸਮਾਜ ਬਣਾਓ। ਜਦ ਤੱਕ ਕੋਈ ਇਕ ਵੀ ਵਿਕਦਾ ਹੈ, ਦਸ ਹੋਰ ਨਵੇਂ ਤਿਆਰ ਕਰ ਦਿਓ ਤਾਂ ਵਿਕੌਣਾ ਛੱਡ ਦੇਣਗੇ।

ਤੋੜਨ ਵਾਲੇ ਨੇ ਤਾਂ ਤੋੜਨਾ ਹੈ

ਮਨੂੰਵਾਦੀ ਘੱਟ ਗਿਣਤੀ ਲੋਕਾਂ ਦਾ ਕੰਮ ਹੈ ਕਿ ਉਹ ਜ਼ਿਆਦਾ ਵੋਟਾਂ (85%) ਵਾਲਿਆਂ ਨੂੰ ਸ਼ਾਸਨ ਪ੍ਰਸ਼ਾਸਨ ਤੋਂ ਦੂਰ ਰੱਖਣਾ ਚਾਹੁੰਦੇ ਹਨ। ਉਹ ਬਹੁਜਨ ਸਮਾਜ ਨੂੰ ਅਗਿਆਨੀ ਅਤੇ ਲੜਦਾ ਝਗੜਦਾ ਹੋਇਆ ਵੇਖਣਾ ਚਾਹੁੰਦਾ ਹਨ ਇਸੇ ਲਈ ਉਹ ਤੋੜੇ ਹੋਏ ਲੋਕਾਂ ਨੂੰ ਜੁੜਦੇ ਹੋਏ ਦੇਖਣਾ ਪਸੰਦ ਨਹੀਂ ਕਰਦੇ

ਸਮੱਸਿਆਵਾਂ ਦਾ ਇਹੀ ਹੱਲ ਹੈ ਕਿ ਸਮੱਸਿਆ ਪੈਦਾ ਕਰਨ ਵਾਲਿਆਂ ਦੀ ਤਾਕਤ (ਭਾਵ ਰਾਜਸੀ ਸ਼ਕਤੀ) ਖਤਮ ਕਰ ਦਿਉ। ਫਿਰ ਸਮੱਸਿਆਵਾਂ ਦਾ ਹੱਲ ਆਪਣੇ ਆਪ ਨਿਕਲ ਆਵੇਗਾ।

ਆਪਣੇ ਦੀਪ ਆਪ ਬਣੋ

ਲੰਬੇ ਅਰਸੇ ਤੱਕ ਇਸ ਦੇਸ਼ ਦੇ ਦਲਿਤ ਸ਼ੋਸਤ ਨੂੰ ਇਨਸਾਨ ਨਹੀਂ ਸਮਝਿਆ ਗਿਆ। ਅਸੀਂ ਆਪਣਾ ਨਿਸ਼ਾਨਾ ਮਿਥਿਆ ਹੈ। ਅਸੀਂ ਜ਼ੁਲਮ ਅਤੇ ਜ਼ਿਆਦਤੀਆਂ ਕਰਨ ਵਾਲੇ ਦੁਸ਼ਮਣ ਨੂੰ ਦੋਸ਼ ਨਹੀਂ ਦਿਆਂਗੇ (ਕਿਉਂਕਿ ਉਸ ਦਾ ਜੋ ਫਰਜ਼ ਬਣਦਾ ਹੈ ਉਹ ਉਹੀ ਕਰ ਰਿਹਾ ਹੈ) ਉਸ ਦਾ ਇਸੇ 'ਚ ਫਾਇਦਾ ਹੈ। ਅਸੀਂ ਆਪਣੇ ਪੈਰਾਂ 'ਤੇ ਖੜੇ ਹੋ ਕੇ ਇਨਸਾਨ ਬਣਨ ਦੀ ਕੋਸ਼ਿਸ਼ ਕਰਾਂਗੇ। (ਕਿਉਂਕਿ ਸਾਡੇ ਮਹਾਨ ਰਹਿਬਰ ਨੇ ਕਿਹਾ ਹੈ ਕਿ ਆਪਣੇ ਦੀਪ ਆਪ ਬਣੋ। ਤੁਹਾਡਾ ਕੋਈ ਹੋਰ ਸਵਾਮੀ ਨਹੀਂ ਹੈ। ਤੁਸੀਂ ਆਪਣੇ ਸਵਾਮੀ ਆਪ ਹੋ।)

ਅਸੀਂ ਆਪਣੇ ਕਾਰਜਕਰਤਾਵਾਂ ਨੂੰ ਕਹਿੰਦੇ ਹਾਂ ਕਿ ਦੂਜਿਆਂ ਨੂੰ ਦੋਸ਼ ਦੇਣ ਨਾਲ ਸਾਡਾ ਕੰਮ ਕਦੇ ਨਾ ਪਹਿਲਾ ਬਣਿਆ ਹੈ ਨਾ ਅੱਗੇ ਬਣੇਗਾ। ਸਾਨੂੰ ਆਪਣੀਆਂ ਕਮਜ਼ੋਰੀਆਂ ਦੂਰ ਕਰਕੇ ਦੁਸ਼ਮਣ ਦੇ ਜ਼ੁਲਮ ਦੀ ਸਮਝ ਪਾ ਕੇ, ਆਪਣੀ ਨਾ ਟੁੱਟਣ ਵਾਲੀ ਸ਼ਕਤੀ ਪੈਦਾ ਕਰਨੀ ਹੋਵੇਗੀ। ਸਮਝੌਤਿਆਂ ਦੀ ਰਾਜਨੀਤੀ ਕਾਮਯਾਬ ਰਾਜਨੀਤੀ ਹੈ, ਕਿਉਂਕਿ ਸਮਝੌਤਾ ਕਰਨ ਵਾਲੇ ਨੇਤਾ ਜਨਤਾ ਤੋਂ ਬੇਮੁੱਖ ਹੋ ਕੇ ਸਵੈ ਹਿਤੂ ਨੇਤਾ ਬਣਕੇ ਰਹਿ ਜਾਂਦੇ ਹਨ। ਜਿਸ ਜਨਤਾ ਦੇ ਨਾਂ 'ਤੇ ਉਹ ਨੇਤਾ ਬਣਦੇ ਹਨ, ਉਸੇ ਨੂੰ ਵੇਚ ਕੇ ਆਪਣਾ ਕੰਮ ਬਣਾ ਲੈਂਦੇ ਹਨ। ਇਸ ਲਈ ਅਜਿਹੀ ਕਮਜ਼ੋਰ ਰਾਜਨੀਤੀ ਦੀ ਥਾਂ ਆਪਣੀ ਮਜ਼ਬੂਤ ਸ਼ਕਤੀ ਪੈਦਾ ਕਰੋ ਕਿ ਦੁਸ਼ਮਣ ਤੁਹਾਡੇ ਨਾਲ ਸਮਝੌਤਾ ਕਰਨ ਵਿਚ ਆਪਣੀ ਭਲਾਈ ਦੀ ਲਾਲਸਾ ਰੱਖਕੇ ਤੁਰੇ। ਸਮਝੌਤਾ ਕਰਨਾ ਇਕ ਸਵੈ ਹਿਤੂ ਕਮਜ਼ੋਰ ਰਾਜਨੀਤੀ ਹੈ।

ਤਾਕਤ ਬਣ ਰਹੀ ਹੈ

ਅੱਜ ਅਸੀਂ ਤਾਕਤ ਨਹੀਂ ਦਿਖਾ ਰਹੇ ਤਾਕਤ ਬਣ ਰਹੇ ਹਾਂ। ਜਦੋਂ ਤਾਕਤ ਬਣ ਜਾਵੇਗੀ ਤਾਂ ਆਪਣੀ ਗੱਲ ਮੰਨਣ ਵਾਲੀ ਸਰਕਾਰ ਆਪ ਬਣਾ ਲਵਾਂਗੇ।

ਵਿਸ਼ਾਲ ਸੰਗਠਨ ਬਣਾਓ

ਜਦੋਂ ਅਛੂਤਾਂ, ਅਛੂਤ ਜਨਾਂ, ਪਛੜੀਆਂ ਜਾਤੀਆਂ ਤੇ ਧਾਰਮਿਕ ਘੱਟ ਗਿਣਤੀਆਂ ਵਿਚਕਾਰ ਭਾਈਚਾਰਾ ਬਣ ਜਾਵੇਗਾ ਤਾਂ ਵਿਰੋਧੀ ਦੰਗੇ ਫਸਾਦਾਂ ਦੇ ਨਾਂ 'ਤੇ ਲੜਾ ਨਹੀਂ ਸਕੇਗਾ। ਜਦੋਂ ਇਹ 85 ਫੀਸਦੀ ਸਮਾਜ ਲੜੇਗਾ ਨਹੀਂ ਤਾਂ ਇਕ ਲੜੀ ਵਿਚ ਪਰੋਤਾ ਸੰਗਠਨ ਬਣ ਜਾਵੇਗਾ। ਵਿਸ਼ਾਲ ਸੰਗਠਨ ਹੀ ਸ਼ਕਤੀ ਦਾ ਪ੍ਰਤੀਕ ਹੁੰਦਾ ਹੈ ਤੇ ਸ਼ਕਤੀ ਹਰ ਸਮੱਸਿਆ ਦਾ ਹੱਲ ਹੁੰਦੀ ਹੈ। ਜਿਉਂ-ਜਿਉਂ ਸਾਡਾ ਇਕੱਠ ਵਧ ਰਿਹਾ ਹੈ ਤਿਉਂ-ਤਿਉਂ

ਭਾਈਚਾਰਾ ਵਧ ਰਿਹਾ ਹੈ । ਭਾਈਚਾਰਾ ਹੀ ਇਨਸਾਨੀਅਤ ਦਾ ਮੂਲ ਅਧਾਰ ਹੈ । ਭਾਈਚਾਰੇ ਵਾਲਾ ਸਮਾਜ ਕਮਜ਼ੋਰ ਸਮਾਜ ਨਹੀਂ ਹੁੰਦਾ । ਕਿਸੇ ਜ਼ੁਲਮ ਦਾ ਸ਼ਿਕਾਰ ਨਹੀਂ ਹੋ ਸਕਦਾ । ਜ਼ਾਲਮ ਜ਼ੁਲਮ ਭਾਈਚਾਰਾ ਤੋੜਕੇ ਕਰ ਸਕਦਾ ਹੈ । ਸਾਨੂੰ ਤਾਂ ਲੋਕ ਸੂਰ ਦਾ ਬੱਚਾ, ਕੁੱਤੇ ਦਾ ਬੱਚਾ, ਗਧੇ ਦਾ ਬੱਚਾ ਕਹਿੰਦੇ ਆਏ ਹਨ । ਇਸ ਦੇਸ਼ ਦੇ 40 ਕਰੋੜ ਵਿਚੋਂ 35 ਕਰੋੜ ਵੋਟ ਇਨ੍ਹਾਂ ਸੂਰ, ਗਧੇ, ਕੁੱਤੇ ਜਾਂ ਚੁਮਾਰ ਦੇ ਬੱਚੇ ਕਹੇ ਜਾਂਦੇ ਲੋਕਾਂ ਦੇ ਹਨ । ਇਨ੍ਹਾਂ ਬੱਚਿਆਂ ਨੂੰ ਬਾਬਾ ਸਾਹਿਬ ਨੇ ਬਹੁਤ ਅਧਿਕਾਰ ਦਿੱਤੇ ਹਨ । ਜੇ ਇਨ੍ਹਾਂ ਵੋਟਾਂ ਦਾ ਸਹਾਰਾ ਲੈਣ ਤਾਂ ਉਹ ਸੂਰ ਦੇ ਬੱਚੇ ਕਹੇ ਜਾਣ ਵਾਲੇ ਲੋਕ ਦੇਸ਼ ਦੇ ਸ਼ਾਸਕ ਬਣ ਸਕਦੇ ਹਨ ।

• • • • •

ਅਸੀਂ ਭਾਈਚਾਰਾ ਪੈਦਾ ਕਰ ਰਹੇ ਹਾਂ । ਇਹ ਜਾਤੀਆਂ ਕਾਂਸ਼ੀ ਰਾਮ ਨੇ ਜਾਂ ਤੁਸੀਂ ਨਹੀਂ ਬਣਾਈਆਂ । ਬਹੁਜਨ ਸਮਾਜ ਨੂੰ ਕਮਜ਼ੋਰ ਕਰਕੇ ਵੰਡੀ ਰੱਖਣ ਅਤੇ ਆਪਸ ਵਿਚ ਵੈਰ ਭਾਵ ਪੈਦਾ ਕਰਨ ਦੇ ਉਦੇਸ਼ ਨਾਲ ਚੰਦ ਚਲਾਕ ਲੋਕਾਂ ਨੇ ਬਣਾਈਆਂ ਹਨ । ਛੋਟਾ ਵੱਡਾ ਅਤੇ ਉਚ ਨੀਚ ਦੀ ਦੀਵਾਰ ਕਰਕੇ ਬ੍ਰਾਹਮਣਵਾਦੀਆਂ ਦੇ ਲੜਨ-ਝਗੜਨ ਦੀ ਆਦਤ ਸਾਡੇ ਸਮਾਜ ਨੂੰ ਸਿਖਾਈ ਹੈ ਤਾਂ ਜੋ ਇਹ ਵਿਸ਼ਾਲ ਬਹੁਜਨ ਸਮਾਜ ਆਪਸ ਵਿਚ ਭਾਈਚਾਰਾ ਪੈਦਾ ਕਰਕੇ ਸੱਤਾ ਵਿਚ ਨਾ ਆ ਸਕੇ । ਬ੍ਰਾਹਮਣਵਾਦੀ ਸਮਝਦੇ ਹਨ ਕਿ ਬਹੁਜਨ ਸਮਾਜ ਆਪਸ ਵਿਚ ਭਾਈਚਾਰਾ ਪੈਦਾ ਕਰਕੇ ਹੀ ਜ਼ੁਲਮ ਦਾ ਮੁਕਾਬਲਾ ਕਰ ਸਕੇਗਾ । ਸਾਡੇ ਬਜ਼ੁਰਗਾਂ ਨੇ ਜਾਤੀ ਛੁਪਾ ਕੇ ਰੱਖੀ ਇਸ ਕਰਕੇ ਉਨ੍ਹਾਂ ਦੀ ਹਾਲਤ ਵਿਗੜਦੀ ਗਈ, ਨਿੱਘਰਦੀ ਗਈ । ਅਸੀਂ ਇਸ ਜਾਤੀ ਦੀ ਹਕੀਕਤ ਨੂੰ ਸਮਝ ਰਹੇ ਹਾਂ ਤੇ ਸਮਝ ਕੇ ਜਾਤੀਆਂ ਤੋੜ ਰਹੇ ਹਾਂ । ਜਾਤ ਤੋੜਨ ਨਾਲ ਹੀ ਭਾਈਚਾਰਾ ਬਣ ਸਕੇਗਾ ਕਿਉਂਕਿ ਜਾਤ ਬਣਨ ਨਾਲ ਭਾਈਚਾਰਾ ਫੱਟਿਆ ਹੈ । ਜਾਤ ਨੂੰ ਤੋੜਨਾ ਤੇ ਭਾਈਚਾਰਾ ਬਣਾਉਣਾ ਹੀ ਬੁਨਿਆਦੀ ਹੱਲ ਹੈ । ਬਾਕੀ ਕੰਮ ਕਰਨੇ ਬਹੁਤ ਅਸਾਨ ਹਨ ਪ੍ਰੰਤੂ ਇਹ ਕੰਮ ਬਹੁਤ ਟੇਢਾ ਅਤੇ ਔਖਾ ਹੈ । ਅਸੀਂ ਇਹ ਕਾਮਯਾਬੀ ਨਾਲ ਕਰ ਰਹੇ ਹਾਂ । ਤਾਕਤ ਬਣਾਉਣ ਲਈ, ਘੱਟ ਗਿਣਤੀਆਂ, ਦਲਿਤਾਂ, ਸ਼ੋਸ਼ਤਾਂ ਅਤੇ ਪਛੜੇ ਵਰਗਾਂ ਨੂੰ ਮਿਲ ਕੇ ਭਾਈਚਾਰਾ ਪੈਦਾ ਕਰਨਾ ਹੋਵੇਗਾ । ਜ਼ਾਲਮ ਸਿੱਖਾਂ, ਇਸਾਈਆਂ, ਮੁਸਲਮਾਨਾਂ ਵਿਚਕਾਰ ਝਗੜੇ ਕਰਵਾ ਕੇ, ਬਹੁਜਨ ਸਮਾਜ ਨੂੰ ਕਮਜ਼ੋਰ ਕਰਦਾ ਹੈ । ਇਹ ਝਗੜੇ ਦਲਿਤਾਂ ਤੇ ਪੱਛੜੇ ਵਰਗਾਂ ਵਿਚਕਾਰ ਵੀ ਕਰਾਏ ਜਾਂਦੇ ਹਨ ਤਾਂ ਕਿ ਉਹ ਵੀ ਰਲ ਮਿਲ ਕੇ ਨਾ ਬੈਠ ਸਕਣ । ਇਨ੍ਹਾਂ ਸਭਨਾਂ ਵਿਚਕਾਰ ਭਾਈਚਾਰਾ ਬਣਾਉਣਾ ਸਾਡੇ ਸਾਹਮਣੇ ਇਨਸਾਨੀਅਤ ਦਾ ਵੱਡਾ ਕਾਰਜ ਹੈ ।

• • • • •

ਸਾਡੇ ਦੇਸ਼ ਦੀ ਸਥਿਤੀ ਹੋਰ ਹੈ । ਭਾਈਚਾਰਾ ਬਣਾਏ ਬਗੈਰ ਸਮਾਜਿਕ ਪਰਿਵਰਤਨ ਨਹੀਂ ਆ ਸਕਦਾ । ਸਾਡੇ ਬਜ਼ੁਰਗਾਂ ਨੇ ਭਾਈਚਾਰਾ ਬਣਾਉਣ ਦਾ ਵੱਡਾ ਸੰਘਰਸ਼ ਕੀਤਾ ਤਾਂ ਹੀ ਉਹ ਕੁਝ ਤਬਦੀਲੀਆਂ ਲਿਆ ਸਕੇ । ਹਾਲਤ ਚਾਹੇ ਕਿਹੋ ਜਿਹੇ ਵੀ ਹੋਣ, ਅਸੀਂ ਕਾਮਯਾਬ ਹੋਣਾ ਹੈ । ਭਾਈਚਾਰੇ ਬਗੈਰ ਨਾ ਤਾਂ ਲੋਕਤੰਤਰ ਕਾਇਮ ਹੋ ਸਕਦਾ ਹੈ ਅਤੇ ਨਾ ਆਮ ਆਦਮੀ ਨੂੰ ਅਜ਼ਾਦੀ ਮਿਲ ਸਕਦੀ ਹੈ, ਕਿਉਂਕਿ ਬਰਾਬਰੀ ਦੇ ਕਾਨੂੰਨ ਹੋਣ ਦੇ ਬਾਵਜੂਦ ਵੀ, ਜਾਤੀ ਪ੍ਰਬੰਧ ਵਿਚ ਹਰ ਚੀਜ਼ ਵੱਡੀਆਂ ਜਾਤੀਆਂ ਦੇ ਕਬਜ਼ੇ ਵਿਚ ਚਲੀ ਗਈ ਹੈ । ਇਸ ਦੇਸ਼ ਦੇ, ਪੱਤਰਕਾਰ ਅਤੇ ਪਰਚਾਰ ਦੇ ਹੋਰ ਸਾਧਨ ਵੀ ਸਮਾਜ ਨੂੰ ਗੁੰਮਰਾਹ ਕਰ ਰਹੇ ਹਨ । ਸਾਡੇ ਸਮਾਜ ਨੂੰ ਬ੍ਰਾਹਮਣਵਾਦੀ ਪ੍ਰੈਸ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ । ਇਸ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ । ਜੇ ਚਾਹੀਦਾ ਹੈ ਤਾਂ ਬਹੁਤ ਸੋਚ ਸਮਝ ਕੇ । ਸਾਡਾ ਸੰਘਰਸ਼ ਕਿਸੇ ਵਿਸ਼ੇਸ਼ ਜਾਤੀ ਜਾਂ ਕਿਸੇ ਵਿਸ਼ੇਸ਼ ਵਰਗ ਦੇ ਵਿਰੁੱਧ ਨਹੀਂ ਹੈ । ਇਕ ਵਿਵਸਥਾ ਦੇ ਵਿਰੁੱਧ ਹੈ ਜਿਸ ਵਿਵਸਥਾ ਨੇ (ਸਿਸਟਮ ਨੇ) ਬਹੁਜਨ ਸਮਾਜ ਨੂੰ ਪਸ਼ੂਆਂ ਤੋਂ ਬਦਤਰ ਬਣਾ ਦਿੱਤਾ । ਪਰ ਇਹ ਸਾਰਾ ਕੁਝ ਈਸ਼ਵਰ ਦੀ ਮਰਜ਼ੀ ਕਹਿ ਕੇ ਸਾਡੇ ਸਮਾਜ ਨੂੰ ਗੁਲਾਮੀ ਕਬੂਲ ਕਰਨ ਦਾ ਹੌਸਲਾ ਕੀਤਾ ਹੈ । ਇਸ ਵਿਵਸਥਾ ਨੂੰ ਖਤਮ ਕਰਨ ਲਈ ਹੀ ਅਸੀਂ ਸੰਘਰਸ਼ ਕਰ ਰਹੇ ਹਾਂ । ਇਥੇ ਅਜਿਹੀ ਵਿਵਸਥਾ ਲਈ ਜਿੱਥੇ ਇਨਸਾਨੀਅਤ ਦਾ ਬੋਲ-ਬਾਲਾ ਹੋਵੇ, ਕਿਸੇ ਵਿਸ਼ੇਸ਼ ਜਾਤ ਜਾਂ ਵਰਗ ਦਾ ਨਹੀਂ ।

• • • • •

ਬਹੁਜਨ ਸਮਾਜ ਨੂੰ ਤੋੜਕੇ ਰੱਖਣ ਵਾਲਿਆਂ ਦਾ ਬੋਲਬਾਲਾ ਹੋਣ ਕਾਰਨ ਬਹੁਜਨ ਸਿੱਖਿਆ ਤੋਂ ਵੰਚਿਤ ਰਿਹਾ । ਮਹਾਤਮਾ ਫੂਲੇ ਨੇ ਸਭ ਤੋਂ ਪਹਿਲਾਂ ਬਹੁਜਨ ਸਮਾਜ ਨੂੰ ਸਿੱਖਿਅਤ ਬਣਾਉਣ ਦਾ ਕਾਰਜ

ਆਰੰਭਿਆ । ਅਸੀਂ ਅਗਿਆਨਤਾ ਕਾਰਨ ਮੁਸ਼ਕਲਾਂ ਵਿਚ ਫਸੇ ਰਹੇ । ਅਣਜਾਣੇ ਵਿਚ ਮੁਸ਼ਕਲ ਕਿਹੜੀ ਹੈ, ਸਮਝ ਨਹੀਂ ਸਕੇ । ਸਾਡੇ ਬਜ਼ੁਰਗ ਫੂਲੇ ਨੇ ਇਸ ਮੁਸ਼ਕਲ ਨੂੰ ਸਮਝਿਆ ਅਤੇ ਉਸ ਦਾ ਕਾਰਨ ਖੋਜ ਕੇ ਮਾਰਗ ਦਰਸ਼ਨ ਕੀਤਾ ।

• • • • •

ਸਟੇਟਮੈਂਟ (ਬਿਆਨ) ਦੇਣ ਨਾਲ ਕੁਝ ਨਹੀਂ ਬਣ ਸਕਦਾ । ਅਸਾਂ ਨੂੰ ਤਾਂ ਦਰੁਸਤ ਕਾਰਜ ਤਿਆਰ ਕਰਨਾ ਹੋਵੇਗਾ, ਤੇ ਇਸ ਨੂੰ ਪੂਰੇ ਦੇਸ਼ ਅੰਦਰ ਚਲਾਉਣਾ ਹੋਵੇਗਾ । ਇਸ ਕੰਮ ਲਈ ਸਾਨੂੰ ਕਸ਼ਟ, ਮੁਸੀਬਤਾਂ ਤੇ ਹਰ ਤਰ੍ਹਾਂ ਦੇ ਦੁੱਖ ਝੱਲਣੇ ਹੋਣਗੇ, ਤਾਂ ਹੀ ਸਾਡੀ ਵਿਗੜੀ ਬਣ ਸਕਦੀ ਹੈ ।

• • • • •

ਪੈਸੇ ਵਾਲੇ ਕਿਸਾਨਾਂ ਲਈ ਸੰਘਰਸ਼ ਹੁੰਦੇ ਰਹਿੰਦੇ ਹਨ ਪ੍ਰੰਤੂ ਜੋ ਖੇਤ ਵਾਹੁੰਦਾ ਹੈ, ਬੀਜਦਾ ਹੈ, ਕੱਟਦਾ ਹੈ, ਕੱਢਦਾ ਹੈ, ਉਸ ਮਜ਼ਦੂਰ ਕਿਸਾਨ ਦੀ ਕੋਈ ਗੱਲ ਨਹੀਂ ਕਰਦਾ । ਜੋ ਪਿਸ ਰਿਹਾ ਹੈ, ਉਸ ਦੀ ਕੋਈ ਗੱਲ ਨਹੀਂ ਹੁੰਦੀ । ਜੋ ਪੀਸ ਰਿਹਾ ਹੈ, ਉਸ ਦੇ ਅੰਦੋਲਨ ਛਿੜਦੇ ਹਨ । ਪਿਸ ਰਹੇ ਕਿਸਾਨਾਂ ਦੀ ਗੱਲ ਅਸੀਂ ਕਰਾਂਗੇ ਕਿਉਂਕਿ ਉਹ ਸਾਡਾ ਸਮਾਜ ਹੈ, ਦੁਖੀਆਂ ਦਾ ਸਮਾਜ ।

• • • • •

ਸਾਡਾ ਸੰਘਰਸ਼ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹੈ । ਕਿਸੇ ਦਾ ਹੱਕ ਮਾਰਨ ਲਈ ਨਹੀਂ ।

• • • • •

ਦੁਸ਼ਮਣ ਦਾ ਕਰਤੱਵ ਹੈ ਕਿ ਉਹ ਸਾਨੂੰ ਗੁੰਮਰਾਹ ਕਰਕੇ ਸਾਡੇ ਵਿਚੋਂ ਹੀ ਕੁਝ ਲੋਕਾਂ ਨੂੰ ਖਰੀਦਕੇ ਅਤੇ ਸਾਡੇ ਕਾਰਜ ਕਰਤਾਵਾਂ ਵਿਚਕਾਰ ਬੇਸਿਰ ਬੇਪੈਰ ਅਫਵਾਹਾਂ ਫੈਲਾ ਕੇ ਆਪਸੀ ਫੁੱਟ ਪੈਦਾ ਕਰ ਦੇਵੇ । ਉਹ ਸਾਡੇ ਦੁੱਖ-ਤਕਲੀਫਾਂ, ਭੁੱਖ, ਪਿਆਸ, ਨਿਰਧਨਤਾ ਅਤੇ ਅੱਤਿਆਚਾਰਾਂ ਨੂੰ ਭਗਵਾਨ ਦੀ ਦੇਣ, ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਦੱਸ ਕੇ ਸਾਨੂੰ ਅੰਧ ਵਿਸ਼ਵਾਸਾਂ ਵਿਚ ਧੱਕਣਾ ਚਾਹੇਗਾ ਅਤੇ ਅੱਤਿਆਚਾਰੀ ਆਪਣਾ ਸਾਰਾ ਦੋਸ਼ ਭਗਵਾਨ ਦੇ ਸਿਰ ਮੜ੍ਹਦਾ ਰਹੇਗਾ । ਪ੍ਰੰਤੂ ਅਸੀਂ ਜ਼ੁਲਮ ਅਤੇ ਜ਼ਾਲਮ ਦੋਹਾਂ ਦਾ ਮੁਕਾਬਲਾ ਕਰਨਾ ਹੈ । ਅਸੀਂ ਦੇਸ਼ ਦੇ ਸਾਰੇ ਮਜ਼ਲੂਮਾਂ ਭਾਵ ਦਲਿਤਾਂ ਪੱਛੜੇ ਵਰਗਾਂ, ਸਿੱਖਾਂ ਮੁਸਲਮਾਨਾਂ, ਇਸਾਈਆਂ ਆਦਿ ਸਭ ਨੂੰ ਇਕ ਸੂਤਰ ਵਿਚ ਬੰਨ੍ਹ ਕੇ ਦਮ ਲਵਾਂਗੇ । ਜਾਤੀਆਂ ਭਗਵਾਨ ਨੇ ਨਹੀਂ, ਆਰੀਆ ਨੇ ਬਣਾਈਆਂ ਹਨ । ਇਨ੍ਹਾਂ ਦੀ ਇਸ ਬਹੁਤ ਵੱਡੀ ਸ਼ਰਾਰਤ ਤੋਂ ਛੁਟਕਾਰਾ ਪਾਉਣ ਦਾ ਅਸੀਂ ਯਤਨ ਕਰ ਰਹੇ ਹਾਂ । ਹੱਕ ਮਾਰਨਾ ਤਾਂ ਬੁਰੀ ਗੱਲ ਹੈ ਪ੍ਰੰਤੂ ਹੱਕ ਹਾਸਲ ਕਰਨਾ ਤਾਂ ਕੋਈ ਜੁਰਮ ਨਹੀਂ ਹੈ । ਕੀ ਪੰਡਤ ਜੀ ਦੱਸਣਗੇ ਕਿ ਇਸ ਵਿਚ ਕੀ ਬੁਰਾਈ ਹੈ ।

• • • • •

ਸਾਡਾ ਨਿਸ਼ਾਨਾ ਬ੍ਰਾਹਮਣ, ਕਸ਼ੱਤਰੀ ਨਹੀਂ ਸਾਡੇ ਭਾਈ ਹਨ । ਅਸੀਂ ਆਪਣੇ ਭਰਾਵਾਂ ਨੂੰ ਤਿਆਰ ਕਰਕੇ ਆਪਣੇ ਹੱਕ ਹਾਸਲ ਕਰਨਾ ਚਾਹੁੰਦੇ ਹਾਂ ।

• • • • •

ਆਰੀਆ ਪੁੱਤਰ ਜਦੋਂ ਦਾਸ ਪੁੱਤਰਾਂ ਨੂੰ ਦੇਖਦੇ ਹਨ ਤਾਂ ਸੋਚਦੇ ਹੋਣਗੇ ਕਿ ਹੁਣ ਦਾਸ ਪੁੱਤਰ ਉਨ੍ਹਾਂ ਦੀ ਮਹਾਂਭਾਰਤ-ਰਮਾਇਣ ਨੂੰ ਮੰਨਣ ਵਾਲੇ ਨਹੀਂ ਹਨ । ਹੁਣ ਚਾਹੇ ਮੁਕਾਬਲਾ ਜਿਸ ਚੀਜ਼ ਦਾ ਵੀ ਹੋਵੇ, ਦਾਸ ਪੁੱਤਰ ਇਸ ਦੇਸ਼ ਦਾ ਸ਼ਾਸਕ ਬਣਕੇ ਹੀ ਰਹੇਗਾ ।

• • • • •

ਸਾਡਾ ਇਹ ਅੰਦੋਲਨ ਭੀਖ ਮੰਗਣ ਜਾਂ ਫਰਿਆਦ ਕਰਨ ਦਾ ਨਹੀਂ । ਅਸੀਂ ਜ਼ੁਲਮ ਕਰਨਾ ਨਹੀਂ ਚਾਹੁੰਦੇ ਬਲਕਿ ਜ਼ੁਲਮ ਖਤਮ ਕਰਨਾ ਚਾਹੁੰਦੇ ਹਾਂ ਸਾਡੇ ਬਜ਼ੁਰਗਾਂ ਨੇ ਜ਼ੁਲਮ ਸਹਿਕੇ ਜ਼ਾਲਮ ਦਾ ਹੌਸਲਾ ਵਧਾਇਆ ਹੈ । ਅਸੀਂ ਜ਼ੁਲਮ ਦਾ ਮੁਕਾਬਲਾ ਕਰਕੇ ਜ਼ਾਲਮ ਦਾ ਹੌਸਲਾ ਪਸਤ ਕਰਨਾ ਹੈ । ਜੇ ਸਾਡੀ ਗੱਲ ਸਹੀ ਹੈ ਤਾਂ ਅਸੀਂ ਹਰ ਸਹੀ ਇਨਸਾਨ ਨੂੰ ਕਹਾਂਗੇ ਕਿ ਉਹ ਸਾਡੇ ਅੰਦੋਲਨਾਂ ਵਿਚ ਸਾਥ ਦੇਵੇ । ਅਸੀਂ ਅਜਿਹੀ ਸਰਕਾਰ ਬਣਾਵਾਂਗੇ ਜਿਸ ਵਿਚ ਗੰਨਾਂ ਦਾ ਮੂੰਹ ਜ਼ਾਲਮ ਵੱਲ ਰਹੇ ।

• • • • •

ਦੌੜਦਾ ਹੋਇਆ ਵਿਸ਼ਾਲ ਹਾਥੀ, ਭੌਂਕਦੇ ਹੋਏ ਕੁੱਤਿਆਂ ਦਾ ਮੂੰਹ ਤੋੜਦਾ ਹੋਇਆ ਨਿਕਲ ਜਾਵੇਗਾ ।

ਅਸੀਂ ਬਹੁਤ ਸਾਰੇ ਮੁਰਦੇ ਲੋਕਾਂ ਦੀਆਂ ਗੱਲਾਂ ਦਾ ਸਪੱਸ਼ਟੀਕਰਨ ਦੇਣ ਦੇ ਆਦੀ ਨਹੀਂ ਹਾਂ ।

• • • • •

ਅੱਜ ਸਾਰੇ ਘੱਟ ਗਿਣਤੀ ਸਮੁਦਾਇ ਗੰਭੀਰ ਤੌ ਪੀੜਨ ਹਨ । ਇਸ ਦਾ ਕਾਰਨ ਸਾਡੀ ਨਾ ਸਮਝੀ ਹੈ । ਹੁਣ ਅਸੀਂ ਇਕ ਹੋ ਰਹੇ ਹਾਂ । ਘੱਟ ਗਿਣਤੀ ਸਮੂਹਾਂ (ਭਾਵ ਸਿੱਖਾਂ, ਮੁਸਲਮਾਨਾਂ, ਇਸਾਈਆਂ ਆਦਿ) ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਦੀ ਵਾਗਡੋਰ, ਅਨਿਆਂ ਅਤੇ ਅੱਤਿਆਚਾਰਾਂ ਦੇ ਸ਼ਿਕਾਰ 85% ਗਿਣਤੀ ਵਾਲੇ ਲੋਕਾਂ ਦੇ ਹੱਥ ਆਉਣ ਵਾਲੀ ਹੈ । ਫਿਰ ਅਸੀਂ ਸਾਰੀਆਂ ਸਮੱਸਿਆਵਾਂ ਖੁਦ ਹੱਲ ਕਰਾਂਗੇ । ਕਿਸੇ ਦੇ ਪਿਛੇ ਲੱਗ ਕੇ ਜਾਂ ਕਿਸੇ ਜ਼ਾਲਮ ਦੀ ਦਇਆ ਨਾਲ ਸਾਡਾ ਦੁੱਖ ਦੂਰ ਹੋਣ ਵਾਲਾ ਨਹੀਂ ਹੈ । ਘੱਟ ਗਿਣਤੀਆਂ ਵਿਚ ਸ਼ਾਮਲ ਸਾਡੇ ਭਰਾ ਹਵਾ ਦਾ ਰੁੱਖ ਪਛਾਣ ਕੇ ਆਪਸ ਵਿਚ ਭਾਈਚਾਰਾ ਸਥਾਪਤ ਕਰਨ ਦੀ ਹਰ ਕੋਸ਼ਿਸ਼ ਕਰਨ । ਬਹੁਜਨ ਸਮਾਜ ਪਾਰਟੀ ਦੇਸ਼ ਦੇ 85% ਮਜ਼ਲੂਮ ਬਣਾ ਦਿੱਤੇ ਗਏ ਲੋਕਾਂ ਦੀ ਪਾਰਟੀ ਹੈ, ਜਿਨ੍ਹਾਂ ਦਾ ਹੱਕ ਮਾਰਿਆ ਜਾ ਰਿਹਾ ਹੈ, ਉਨ੍ਹਾਂ ਨੂੰ ਹੱਕ ਦਿਵਾਉਣਾ ਅਤੇ ਬ੍ਰਾਹਮਣਵਾਦੀ ਵਿਵਸਥਾ ਨੂੰ ਸਮਾਪਤ ਕਰਕੇ, ਮਾਨਵਵਾਦੀ ਵਿਵਸਥਾ ਕਾਇਮ ਕਰਨਾ, ਇਸ ਮੰਚ ਦਾ ਮਨੋਰਥ ਹੈ । ਦੂਜੀਆਂ ਪਾਰਟੀਆਂ, ਦਲਿਤਾਂ, ਮੁਸਲਮਾਨਾਂ, ਸਿੱਖਾਂ ਅਤੇ ਪਛੜੇ ਵਰਗਾਂ ਵਿਚ ਅਜਿਹੇ ਲੋਕਾਂ ਨੂੰ ਟਿਕਟ ਦਿੰਦੀਆਂ ਹਨ ਜੋ ਉਨ੍ਹਾਂ ਦੇ ਅਨੁਸਾਰ ਚਮਚਾ ਬਣਕੇ ਚੱਲੇ । ਕਦੇ ਮੂੰਹ ਨਾ ਖੋਲੇ ।

• • • • •

ਸਾਡੇ ਲੋਕਾਂ ਨੂੰ ਗੁੰਮਰਾਹ ਹੋਣ ਤੋਂ ਬਾਅਦ, ਸਭ ਕੁਝ ਗੁਆਕੇ ਗੋਡਿਆਂ 'ਚ ਸਿਰ ਦੇ ਕੇ ਪਛਤਾਉਣ ਦੀ ਆਦਤ ਬਣ ਗਈ ਹੈ । ਲੜਾਈ ਹੈਵਾਨ ਅਤੇ ਇਨਸਾਨ ਵਿਚਕਾਰ ਹੈ । ਅਸੀਂ ਤਾਂ ਇਨਸਾਨੀਅਤ ਲਿਆਉਣਾ ਚਾਹੁੰਦੇ ਹਾਂ ।

• • • • •

ਸਾਨੂੰ ਅਸੂਲਾਂ 'ਤੇ ਮਰ ਮਿਟਣ ਵਾਲਾ ਸਮਾਜ ਬਣਾਉਣਾ ਹੋਵੇਗਾ, ਜੋ ਨਾ ਵਿਕਣ ਵਾਲਾ ਸਮਾਜ ਬਣਾ ਰਿਹਾ ਹੈ, ਉਹ ਖੁਦ ਕਿਵੇਂ ਵਿਕ ਸਕਦਾ ਹੈ ।

• • • • •

ਜਾਤੀ ਬਣਾਉਣ ਵਾਲੇ ਮੱਧ ਏਸ਼ੀਆ ਤੋਂ ਆਏ ਆਰੀਆ ਲੋਕ ਹਨ । ਅਸੀਂ ਮੱਧ ਏਸ਼ੀਆ ਤੋਂ ਆਏ ਲੋਕ ਨਹੀਂ ਇਸ ਦੇਸ਼ ਦੇ ਮੂਲ ਨਿਵਾਸੀ (ਦਰਾਵੜ, ਦਾਸ, ਦਸਿਊ, ਅਨਾਰੀਆ, ਰਾਖਸ਼, ਦੈਂਤ, ਦਾਨਵ, ਅਸੁਰ, ਬਾਨਰ, ਕਿੰਨਰ) ਹਾਂ । ਸਾਨੂੰ ਸਦਾ ਵਾਸਤੇ ਗੁਲਾਮ ਬਣਾਈ ਰੱਖਣ ਲਈ ਮੱਧ ਏਸ਼ੀਆ ਤੋਂ ਆਏ ਲੋਕਾਂ ਨੇ ਜਾਤੀ ਦਾ ਨਿਰਮਾਣ ਕੀਤਾ ਹੈ । 1947 ਤੋਂ ਬਾਅਦ ਉਨ੍ਹਾਂ ਦੀ ਅਜ਼ਾਦੀ ਨੇ ਬਹੁਜਨ ਸਮਾਜ ਨੂੰ ਬਰਬਾਦੀ ਦਿੱਤੀ ਹੈ ।

• • • • •

ਸਾਡਾ ਕਿਸਾਨ ਮਜ਼ਦੂਰ ਅੰਦੋਲਨ ਦੇਸ਼ ਦੀ 40 ਕਰੋੜ ਦਲਿਤ ਸ਼ੋਸ਼ਤ ਜਨਤਾ ਨਾਲ ਸੰਬੰਧਤ ਹੈ ਅਤੇ ਭਾਰਤੀ ਸਰਨਾਰਥੀ ਅੰਦੋਲਨ 10 ਕਰੋੜ ਲੋਕਾਂ ਨਾਲ ਸੰਬੰਧਤ ਹੈ । ਜਦੋਂ ਤੋਂ ਸਾਡੇ ਦੇਸ਼ ਦੇ ਇਨ੍ਹਾਂ ਬ੍ਰਾਹਮਣਵਾਦੀ ਲੋਕਾਂ ਨੂੰ ਅਜ਼ਾਦੀ ਮਿਲੀ ਹੈ ਤਦੋਂ ਇਨ੍ਹਾਂ 50 ਕਰੋੜ ਲੋਕਾਂ ਦੀ ਬਰਬਾਦੀ ਸ਼ੁਰੂ ਹੋਈ ਹੈ ।

• • • • •

'ਧਨ ਅਤੇ ਧਰਤੀ ਵੰਡ ਕੇ ਰਹੇਗੀ' ਨਾਅਰਾ ਲਗਾਉਣ ਵਾਲੇ ਕਮਿਊਨਿਸਟ ਭੂਮੀ ਅਤੇ ਉਦਯੋਗਾਂ ਦੇ ਰਾਸ਼ਟਰੀਕਰਨ ਦੀ ਮੰਗ ਕਰਦੇ ਸਨ, ਪਰੰਤੂ ਜਦੋਂ ਉਨ੍ਹਾਂ ਦੀ ਸਰਕਾਰ ਬਣ ਗਈ ਹੈ, ਉਨ੍ਹਾਂ ਇਹ ਨਾਅਰਾ ਲਾਉਣਾ ਬੰਦ ਕਰ ਦਿੱਤਾ ਹੈ । ਜਦੋਂ ਕੁਝ ਕਰ ਨਹੀਂ ਸੀ ਸਕਦੇ ਤਾਂ ਕਹਿੰਦੇ ਸਨ । ਹੁਣ ਕਰ ਸਕਦੇ ਹਨ ਪਰ ਕਹਿੰਦੇ ਵੀ ਨਹੀਂ । ਸਾਨੂੰ ਆਪਣਾ ਰਾਜ ਭਾਗ ਵਾਪਸ ਲੈਣ ਵਾਸਤੇ ਜਿੰਨੀ ਕੁਰਬਾਨੀ ਦੀ ਜ਼ਰੂਰਤ ਪਵੇ, ਉਸ ਤੋਂ ਜ਼ਿਆਦਾ ਕੁਰਬਾਨੀ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ।

• • • • •

ਸਾਡੇ ਲੋਕ ਜੋ ਇਹ ਨਾਅਰਾ 'ਵੋਟ ਹਮਾਰਾ ਰਾਜ ਤੁਮਾਰਾ ਨਹੀਂ ਚਲੇਗਾ, ਨਹੀਂ ਚਲੇਗਾ' ਲਗਾ ਰਹੇ ਹਨ, ਇਸ ਵਿਚੋਂ ਤਬਦੀਲੀ ਦੀ ਸੁਗੰਧੀ ਆ ਰਹੀ ਹੈ ।

• • • • •

ਨਾ ਤਾਂ ਡਰਨਾ ਅੱਛਾ ਹੈ ਨਾ ਮਰਨਾ ਅੱਛਾ ਹੈ ਅਤੇ ਕਿਸੇ ਨੂੰ ਮਾਰੇ ਬਗੈਰ ਮਰਨਾ ਤਾਂ ਬਿਲਕੁਲ ਅੱਛਾ ਨਹੀਂ ।(ਇਸ਼ਾਰਾ ਜ਼ਾਲਮਾਂ ਵੱਲ ਹੈ)

• • • • •

ਸਾਨੂੰ ਸਮਝਣਾ ਹੋਵੇਗਾ ਕਿ ਚਿਹਰਾ ਕਿਸਦਾ ਹੈ ਤੇ ਕੌਣ ਬੋਲ ਰਿਹਾ ਹੈ ?

ਸਾਡੇ ਸਮਾਜਿਕ ਪਰਿਵਰਤਨ ਅੰਦੋਲਨ ਦੇ ਪਹਿਲੂ ਹਨ :-

1. ਆਤਮ ਸਨਮਾਨ ਲਈ ਸੰਘਰਸ਼ ।

2. ਸਵਾਧੀਨਤਾ ਲਈ ਸੰਘਰਸ਼ ।

3. ਸਮਾਨਤਾ ਲਈ ਸੰਘਰਸ਼ ।

4. ਬਿਖਰੇ ਸਮਾਜ ਵਿਚ ਭਾਈਚਾਰਾ ਸਥਾਪਤ ਕਰਨ ਅਤੇ ਜਾਤੀਵਾਦ ਖਤਮ ਕਰਨ ਲਈ ਸੰਘਰਸ਼ ।

5. ਅਛੂਤਪਣ, ਅਨਿਆਂ, ਅਤਿਆਚਾਰ ਅਤੇ ਆਤੰਕਵਾਦ ਦਹਿਸ਼ਤ (ਜੋ ਉੱਚੀ ਜਾਤੀ ਵਾਲੇ ਜਾਂ ਸਰਕਾਰਾਂ ਨੀਚ ਜਾਤੀ ਬਹੁਜਨ ਸਮਾਜ 'ਤੇ ਪਾਉਂਦੇ ਹਨ) ਦੇ ਵਿਰੁੱਧ ਸੰਘਰਸ਼ ।

ਇਸ ਦੇਸ਼ ਦੇ ਸਾਰੇ ਸਮਾਚਾਰ ਪੱਤਰ ਬ੍ਰਾਹਮਣਵਾਦੀ ਅਤੇ ਸਰਕਾਰੀ ਹਨ । ਇਨ੍ਹਾਂ ਤੋਂ ਚੰਗੇ ਦੀ ਉਮੀਦ ਕਰਨੀ ਮੂਰਖਤਾ ਹੀ ਕਹੀ ਜਾ ਸਕਦੀ ਹੈ ।

• • • • •

ਅਸੀਂ ਉੱਠ ਕੇ ਆਪਣੇ ਪੈਰਾਂ 'ਤੇ ਖੜੇ ਹੋ ਰਹੇ ਹਾਂ । ਬਸ ਇਹੀ ਸਾਡਾ ਕਸੂਰ ਹੈ ।

• • • • •

ਅਸਲੀ ਅਜ਼ਾਦੀ ਤਾਂ ਬ੍ਰਾਹਮਣਵਾਦੀ ਲੋਕਾਂ ਨੂੰ ਮਿਲੀ ਹੈ । ਜਿਮੀਂਦਾਰਾਂ ਨੂੰ ਅਜ਼ਾਦੀ ਅਤੇ ਸਰਕਾਰ ਦੀ ਖੇਤੀ ਬਾੜੀ ਨੀਤੀ ਦੇ ਕਾਰਨ ਹੀ ਸਾਡੀ ਬਰਬਾਦੀ ਹੋਈ ਹੈ । ਉਨ੍ਹਾਂ ਤੋਂ ਬਚਣ ਲਈ ਸਾਡੇ ਲੋਕ ਵੱਡੀ ਗਿਣਤੀ ਵਿਚ (10 ਕਰੋੜ ਲੋਕ) ਆਪਣੇ ਪਿੰਡ ਛੱਡਣ ਲਈ ਮਜਬੂਰ ਹੋਏ ਹਨ । ਵੱਡੇ ਲੋਕਾਂ ਨੂੰ ਸਾਡੇ ਲੋਕਾਂ 'ਤੇ ਅੱਤਿਆਚਾਰ ਕਰਨ ਦੀ ਆਜ਼ਾਦੀ ਮਿਲੀ ਹੈ । ਇਹੀ ਕਾਰਨ ਹੈ ਕਿ 1947 ਤੋਂ ਬਾਅਦ ਜਿਮੀਂਦਾਰਾਂ ਤੋਂ ਮਾਰ ਖਾ ਕੇ 10 ਕਰੋੜ ਲੋਕ ਸ਼ਰਨਾਰਥੀ ਬਣਕੇ ਵੱਡੇ ਸ਼ਹਿਰਾਂ ਵਿਚ ਆਣ ਵਸੇ ਹਨ । ਕਲਕੱਤੇ ਦੇ ਟੋਏ ਇਨ੍ਹਾਂ ਸ਼ਰਨਾਰਥੀਆਂ ਨਾਲ ਭਰ ਗਏ ਹਨ । ਦੇਸ਼ ਵਿਚ ਜਿੰਨੀਆਂ ਵੀ ਪਾਰਟੀਆਂ ਹਨ, ਸਭ ਸਾਡੇ ਦੁੱਖਾਂ ਦਾ ਕਾਰਨ ਹਨ । ਜਿੱਥੇ ਬ੍ਰਾਹਮਣਵਾਦ ਹੈ, ਉੱਥੇ ਹੋਰ ਕੋਈ ਵਾਦ ਨਹੀਂ ਚਲ ਸਕਦਾ । ਸਾਨੂੰ ਇਨ੍ਹਾਂ ਦੇ ਭਰੋਸੇ ਨਹੀਂ ਬੈਠਣਾ ਚਾਹੀਦਾ । ਅਜਿਹਾ ਕਰਨਾ ਸਾਡੀ ਬੇਵਕੂਫੀ ਹੋਵੇਗੀ ਸਾਨੂੰ ਆਪਣੇ ਆਪ 'ਤੇ ਭਰੋਸਾ ਕਰਕੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ ।

• • • • •

ਬਹੁਜਨ ਸਮਾਜ ਹੀ ਸਭ ਕੁਝ ਪੈਦਾ ਕਰਦਾ ਹੈ । ਇਸੇ ਪੈਦਾਵਾਰ ਤੋਂ ਧਨ ਬਣਦਾ ਹੈ । ਪ੍ਰੰਤੂ ਇਸ ਧਨ 'ਤੇ ਮੁੱਠੀ ਭਰ ਲੋਕਾਂ ਦਾ ਕੰਟਰੋਲ ਹੈ । ਇਸੇ ਸਾਡੇ ਪੈਦਾ ਕੀਤੇ ਧਨ ਨਾਲ ਸਾਨੂੰ ਹੀ ਵੇਚਿਆ ਤੇ ਖਰੀਦਿਆ ਜਾਂਦਾ ਹੈ । ਸਾਡਾ ਹੀ ਧਨ ਸਾਡੇ ਹੀ ਸਮਾਜ ਵਿਚ ਵੰਡਿਆ ਜਾਂਦਾ ਹੈ ਤੇ ਸਾਨੂੰ ਉੱਲੂ ਬਣਾਇਆ ਜਾਂਦਾ ਹੈ । ਇਸ ਪ੍ਰਬੰਧ ਨੂੰ ਬਦਲਣ ਲਈ ਹੀ ਅਸੀਂ ਸਮਾਜਿਕ ਪਰਿਵਰਤਨ ਅਤੇ ਆਰਥਿਕ ਅੰਦੋਲਨ ਚਲਾ ਰਹੇ ਹਾਂ । ਜਿਨ੍ਹਾਂ ਲੋਕਾਂ ਦੀ ਮੰਜ਼ਿਲ ਇਕ ਹੈ, ਉਦੇਸ਼ ਇਕ ਹੈ ਉਨ੍ਹਾਂ ਨੂੰ ਇਕ ਸਾਰ ਹੋ ਕੇ ਅਧਿਕ ਸ਼ਕਤੀ ਨਾਲ ਅੱਗੇ ਵਧਣਾ ਚਾਹੀਦਾ ਹੈ । ਇਸ ਤਰ੍ਹਾਂ ਅਸੀਂ ਸਾਰੇ ਸੁਤੰਤਰਤਾ ਸਵੈਮਾਨ ਅਤੇ ਸਮਤਾ ਪਾ ਸਕਦੇ ਹਾਂ । ਸਾਡਾ ਅੰਦੋਲਨ ਸਮਾਜਿਕ ਪਰਿਵਰਤਨ ਅਤੇ ਬਹੁਜਨ ਦੇ ਭਲੇ ਲਈ ਆਰਥਿਕ ਬਰਾਬਰੀ ਪੈਦਾ ਕਰਨਾ ਹੈ ਅਤੇ ਸ਼ੋਸਨ ਰੋਕਣਾ ਹੈ ।

• • • • •

ਅੱਜ ਭਾਰਤ ਅੰਦਰ ਜੋ ਜਮਹੂਰੀਅਤ ਹੈ, ਉਸ ਦੇ ਦੋ ਮਾਰਗ ਬਣ ਗਏ ਹਨ । ਅਮੀਰ ਦੇ ਨੋਟ ਅਤੇ ਗਰੀਬ ਦੇ ਵੋਟ । ਅਮੀਰ ਆਪਣੇ ਨੋਟਾਂ ਨਾਲ ਗਰੀਬ ਦਾ ਸ਼ੋਸ਼ਣ ਕਰਦਾ ਹੈ ਤੇ ਦੂਜੀ ਤਰਫ ਪੈਸੇ ਦੇ ਬਲ 'ਤੇ ਗੁੰਡਿਆਂ ਦਾ ਸਹਾਰਾ ਲੈ ਕੇ, ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਅਸੀਂ ਇਸ ਬ੍ਰਾਹਮਣਵਾਦੀ ਢੰਗ ਨਾਲ ਚੱਲਣ ਵਾਲੀਆਂ ਸਾਰੀਆਂ ਪਾਰਟੀਆਂ ਨੂੰ ਅਤੇ ਮੌਜੂਦਾ ਸਰਕਾਰ ਨੂੰ ਕਿਹਾ ਹੈ ਕਿ :-

"ਜਮਹੂਰੀਅਤ ਦਾ ਇਹ ਰਸਤਾ ਸਾਨੂੰ ਮਨਜ਼ੂਰ ਨਹੀਂ ਹੈ ।"

ਦੁਸ਼ਮਣ ਨੂੰ ਪੂਰਾ ਅਧਿਕਾਰ ਹੈ ਕਿ ਉਹ ਸਾਡੀ ਜਥੇਬੰਦੀ ਨੂੰ ਤੋੜੇ ਪਰੰਤੂ ਤੋੜੇ ਹੋਏ ਸਮਾਜ ਨੂੰ ਜੋੜ ਕੇ ਜਥੇਬੰਦੀ ਬਣਾਉਣਾ ਤੇ ਇਸ ਨੂੰ ਕਾਇਮ ਰੱਖਣਾ ਸਾਡਾ ਫਰਜ਼ ਹੈ, ਸਾਡਾ ਅਧਿਕਾਰ ਹੈ ।

• • • • •

ਜਿੰਨੀ ਜ਼ਮੀਨ ਵਾਹੀ ਜਾ ਰਹੀ ਹੈ, ਉਸ ਤੋਂ ਦੁੱਗਣੀ ਵਿਹਲੀ ਪਈ ਹੈ । ਇਹ ਜ਼ਮੀਨ ਖੇਤੀਕਰਨ ਵਾਲੇ ਖੇਤ ਮਜ਼ਦੂਰਾਂ ਤੇ ਕਿਸਾਨਾਂ ਨੂੰ ਮਿਲਣੀ ਚਾਹੀਦੀ ਹੈ ਤਾਂ ਕਿ ਦੇਸ਼ ਲਈ ਅਨਾਜ ਪੈਦਾ ਹੋ ਸਕੇ । ਜੋ ਹਲ ਨਹੀਂ ਚਲਾਉਂਦਾ ਉਹ ਕਿਸਾਨ ਨਹੀਂ । ਉਹਦਾ ਜ਼ਮੀਨ 'ਤੇ ਹੱਕ ਨਹੀਂ ਰਹਿਣਾ ਚਾਹੀਦਾ ।

• • • • •

ਛੋਟੇ ਸੰਗਠਨ ਨਾਲ ਅਸੀਂ ਵੱਡਾ ਕੰਮ ਨਹੀਂ ਕਰ ਸਕਦੇ । ਸੋ ਵੱਡੇ ਕੰਮਾਂ ਲਈ ਵਿਸ਼ਾਲ ਅਤੇ ਸ਼ਕਤੀਸ਼ਾਲੀ ਸੰਗਠਨ ਬਹੁਤ ਜ਼ਰੂਰੀ ਹੈ । ਹਾਲਤ ਕਿਸੇ ਵੀ ਸਮੇਂ ਅੱਛੇ ਜਾਂ ਬੁਰੇ ਹੋ ਸਕਦੇ ਹਨ । ਪ੍ਰਸੱਤੀਆਂ ਕਦੇ ਵੀ ਅਨੁਕੂਲ ਜਾਂ ਪ੍ਰਤੀਕੂਲ ਬਣ ਸਕਦੀਆਂ ਹਨ । ਸਾਨੂੰ ਆਪਣਾ ਵਿਸ਼ਾਲ ਅਤੇ ਮਜ਼ਬੂਤ ਸੰਗਠਨ ਬਨਾਣ ਵਿਚ ਲਗਨ ਤੇ ਤਮੰਨਾ ਨਾਲ ਲਾਇਕ ਬਣਕੇ ਰਹਿਣਾ ਚਾਹੀਦਾ ਹੈ । ਇਸ ਤਰ੍ਹਾਂ ਦੇ ਸੰਗਠਨ ਲਈ ਤਨ-ਮਨ ਅਤੇ ਧਨ ਉਦੋਂ ਤੱਕ ਦੇਣਾ ਹੋਵੇਗਾ ਜਦੋਂ ਤੱਕ ਇਹ ਮਹਾਨ ਕਾਰਜ ਮੁਕੰਮਲ ਨਾ ਹੋਵੇ ।

• • • • •

ਅਸੀਂ ਆਪਣੀ ਆਰਥਿਕ ਨੀਤੀ ਦਾ ਅਜੇ ਐਲਾਨ ਨਹੀਂ ਕਰ ਰਹੇ । ਜਦੋਂ ਸਾਡੀ ਨੀਤੀ ਸਾਡੇ ਬਹੁਜਨ ਸਮਾਜ ਦੇ ਲੋਕਾਂ ਦੀ ਨਸ-ਨਸ ਵਿਚ ਸਮਾ ਜਾਵੇਗੀ ਤਾਂ ਫਿਰ ਇਸ ਦੀ ਘੋਸ਼ਣਾ ਕਰਾਂਗੇ, ਜਿਸ ਨੂੰ ਦੁਸ਼ਮਣ ਕੋਈ ਨੁਕਸਾਨ ਨਹੀਂ ਪਹੁੰਚਾ ਸਕੇਗਾ ।

• • • • •

ਅਸੀਂ ਉਨ੍ਹਾਂ ਦੀ ਪ੍ਰਤੀਨਿਧਤਾ ਕਰਦੇ ਹਾਂ, ਜਿਨ੍ਹਾਂ ਦੇ ਪਾਸ ਨਾ ਧਨ ਹੈ ਨਾ ਧਰਤੀ । ਪਰੰਤੂ ਸਾਰਾ ਉਤਪਾਦਨ ਇਹੀ ਲੋਕ ਕਰਦੇ ਹਨ । ਇਨ੍ਹਾਂ ਜ਼ੁਲਮ ਦੇ ਸ਼ਿਕਾਰ ਅਤੇ ਮਜ਼ਲੂਮ ਲੋਕਾਂ ਦਾ ਅਸੀਂ ਇਕ ਅਜਿਹਾ ਸੰਗਠਨ ਬਣਾਉਣਾ ਚਾਹੁੰਦੇ ਹਾਂ ਜੋ ਜਾਤੀ ਪ੍ਰਬੰਧ ਅਨੁਸਾਰ ਬਣੀ ਆਰਥਿਕ ਅਤੇ ਸਮਾਜਿਕ ਵਿਵਸਥਾ ਨੂੰ ਬਦਲ ਸਕੇ । ਬਹੁਜਨ ਸਮਾਜ ਨੂੰ ਵੰਡ ਕੇ ਰੱਖਿਆ ਗਿਆ । ਬਰਾਬਰੀ ਦਾ ਦਰਜਾ ਨਹੀਂ ਦਿੱਤਾ ਗਿਆ । ਅਪਮਾਨ ਕੀਤਾ ਗਿਆ । ਗੁਲਾਮ ਬਣਾਇਆ ਗਿਆ ਤੇ ਇਕ ਅਜਿਹੀ ਵਿਵਸਥਾ ਬਣਾ ਦਿੱਤੀ ਗਈ ਕਿ ਹਰ ਸਮੇਂ ਅੱਗੇ ਨੂੰ ਬਹੁਜਨ ਸਮਾਜ ਵਿਚ ਗੁਲਾਮ ਹੀ ਪੈਦਾ ਹੁੰਦੇ ਰਹੇ ਤੇ ਗੁਲਾਮੀ ਨੂੰ ਰੱਬ ਦੀ ਕਰਨੀ ਕਰਕੇ ਬਰਦਾਸ਼ਤ ਕਰਦੇ ਰਹੇ । ਇਸ ਵਿਵਸਥਾ ਨੂੰ ਪੂਰਨ ਤੌਰ 'ਤੇ ਹਮੇਸ਼ਾ-ਹਮੇਸ਼ਾ ਲਈ ਖਤਮ ਕਰਨ ਲਈ ਅਸੀਂ ਸੰਗਠਨ ਬਣਾ ਰਹੇ ਹਾਂ । ਇਸੇ ਧਰਤੀ 'ਤੇ ਪੈਦਾ ਹੋਏ ਸਾਡੇ ਮਹਾਨ ਕ੍ਰਾਂਤੀਕਾਰੀ ਬਜ਼ੁਰਗਾਂ ਦਾ ਇਹੀ ਨਿਰਨਾ ਹੈ ਕਿ ਸਾਡੇ ਦੁੱਖ ਕੋਈ ਦੂਜਾ ਦੂਰ ਨਹੀਂ ਕਰ ਸਕਦਾ । ਇਸੇ ਕਰਕੇ ਅਸੀਂ ਇਨਸਾਨੀਅਤ ਬਹਾਲ ਕਰਨ ਲਈ ਸਤਾਏ 85% ਲੋਕਾਂ ਨੂੰ ਇਕ ਮੰਚ 'ਤੇ ਇਕੱਠਾ ਕਰ ਰਹੇ ਹਾਂ । ਅਸੀਂ ਤਿੰਨ ਦਹਾਕਿਆਂ ਤੋਂ ਬਹੁਜਨ ਸਮਾਜ ਬਣਾ ਰਹੇ ਹਾਂ ।

• • • • •

ਮੁੱਠੀ ਭਰ ਲੋਕਾਂ ਦਾ ਰਾਜ ਤਾਂ ਹੀ ਚੱਲ ਸਕਦਾ ਹੈ ਕਿ ਕੁਝ ਇਕ ਲੋਕਾਂ ਨੂੰ ਬਹੁਤ ਸ਼੍ਰੇਸ਼ਠ ਅਤੇ ਬਹੁਤ ਸਾਰੇ ਲੋਕਾਂ ਨੂੰ ਨੀਚ ਸਮਝਣ ਦੀ ਵਿਵਸਥਾ ਹੋਵੇ । ਇਸ ਕਰਕੇ ਸਾਰੇ ਰਾਜਨੀਤਕ ਊਚਨੀਚ ਦੀ ਵਿਵਸਥਾ ਨੂੰ ਕਾਇਮ ਰੱਖਣ ਦੇ ਮਨੋਰਥ ਨਾਲ ਸ਼ਾਸਕ ਬਣੇ ਰਹੇ ਹਨ ਜਾਂ ਬਣੇ ਰਹਿਣਾ ਚਾਹੁੰਦੇ ਹਨ ।

• • • • •

ਸਾਡੇ ਦੇਸ਼ ਵਿਚ ਕੁਦਰਤੀ ਸਾਧਨਾਂ ਦੀ ਕੋਈ ਕਮੀ ਨਹੀਂ ਹੈ । ਜ਼ਮੀਨ ਦੀ ਕੋਈ ਕਮੀ ਨਹੀਂ ਹੈ । ਕੰਮ ਕਰਨ ਵਾਲੇ ਸਮਾਜ ਦੀ ਕੋਈ ਕਮੀਂ ਨਹੀਂ ਹੈ । ਜੇ ਕਮੀਂ ਹੈ ਤਾਂ ਸਾਫ ਤੇ ਇਮਾਨਦਾਰ ਨੀਅਤ ਦੀ ਕਮੀ ਹੈ । ਦੇਸ਼ ਦਾ ਸ਼ਾਸਨ 42 ਸਾਲ ਤੋਂ ਬੇਈਮਾਨ ਮੁੱਠੀ ਭਰ ਲੋਕਾਂ ਦੇ ਹੱਥ ਵਿਚ ਆਉਂਦਾ ਰਿਹਾ ਹੈ । ਸਾਡੇ ਸਮਾਜ ਅੰਦਰ ਪੈਦਾ ਹੋਏ ਹਰ ਵਿਅਕਤੀ ਨੂੰ ਵਿਕਾਊ ਸਮਝ ਲਿਆ ਜਾਂਦਾ ਹੈ, ਕਿਉਂ ਕਿ ਜਿਨ੍ਹਾਂ ਦਾ ਸਮਾਜ ਵਿਕਾਊ ਹੋ ਜਾਵੇ ਉਨ੍ਹਾਂ ਦੇ ਨੇਤਾ ਵੀ ਵਿਕ ਜਾਂਦੇ ਹਨ । ਅਸੀਂ ਵਿਕਣਾ ਨਹੀਂ ਚਾਹੁੰਦੇ ਇਸ ਲਈ ਅਸੀਂ ਨਾ ਵਿਕਣ ਵਾਲਾ ਸਮਾਜ ਬਣਾ ਰਹੇ ਹਾਂ । ਜੇ ਬਹੁਜਨ ਸਮਾਜ ਦੇ ਲੋਕ ਇਕ ਵਾਰ ਵੀ ਵਿਕਣਾ ਬੰਦ ਕਰ ਦੇਣ ਤਾਂ ਉਹ ਉਸੇ ਸਮੇਂ ਦੇਸ਼ ਦੇ

ਸ਼ਾਸਕ ਬਣ ਸਕਦੇ ਹਨ ਅਤੇ ਆਪਣੀ ਵਿਗੜੀ ਬਣਾ ਸਕਦੇ ਹਨ ।ਮੈਂ ਤਾਂ ਸੋਚਦਾ ਹਾਂ ਕਿ ਕੇਵਲ ਮੁਸਲਮਾਨ ਹੀ ਨਹੀਂ ਬਲਕਿ ਹੋਰ ਵੀ ਜਿੰਨੇ ਘੱਟ ਗਿਣਤੀ ਭਾਈ ਹਨ (ਜੋ 85% ਦਾ ਸੱਚਾ ਭਾਗ ਹਨ) ਉਨ੍ਹਾਂ ਨੂੰ ਵੀ ਵੱਡੇ ਪੈਮਾਨੇ 'ਤੇ ਇਸ ਸੰਗਠਨ ਵਿਚ ਆਉਣਾ ਚਾਹੀਦਾ ਹੈ, ਕਿਉਂਕਿ ਮੁਸਲਮਾਨ, ਸਿੱਖ, ਇਸਾਈ, ਬੋਧੀ ਆਦਿ ਸਾਰੇ ਇਸ ਬ੍ਰਾਹਮਣਵਾਦੀ ਵਿਵਸਥਾ ਦੇ ਸਤਾਏ ਹੋਏ ਹਨ ।ਸਾਡਾ ਸਤਾਇਆ ਹੋਇਆ ਦਾ ਸੰਗਠਨ ਹੈ, ਜੋ ਆਪਣੇ ਦੁੱਖ ਆਪ ਦੂਰ ਕਰਨ ਲਈ ਬਣਾਇਆ ਗਿਆ ਹੈ ।

• • • • •

ਜਿਨਾ ਜ਼ੁਲਮ 12% ਮੁਸਲਮਾਨ ਭਾਈਆ 'ਤੇ ਢਾਇਆ ਗਿਆ ਹੈ ਤੇ ਜਿੰਨਾ ਹੱਕ ਉਨ੍ਹਾਂ ਦਾ ਮਾਰਿਆ ਗਿਆ ਹੈ, ਕਿਸੇ ਦੂਜੇ ਸਮਾਜ ਦਾ ਨਹੀਂ ।ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮੁਸਲਮਾਨ ਭਰਾਵਾਂ ਨੂੰ ਉਨ੍ਹਾਂ ਦੇ ਹਿੱਸੇ ਤੋਂ ਜ਼ਿਆਦ ਹੱਕ ਵੀ ਮਿਲ ਜਾਵੇ ਤਾਂ ਸਾਨੂੰ ਕੋਈ ਗੁਰੇਜ਼ ਨਹੀਂ ਕਰਨਾ ਚਾਹੀਦਾ ।ਅਜ਼ਾਦੀ ਤੋਂ ਬਾਅਦ ਉਹ 33% ਹਿੱਸੇਦਾਰੀ ਤੋਂ ਪਰਤ ਕੇ 3% ਰਹਿ ਗਏ ਹਨ ।ਤੇ ਉਹ ਹਰ ਰੋਜ਼ ਕਿਧਰੇ ਨਾ ਕਿਧਰੇ, ਦੰਗੇ ਫਸਾਦਾਂ ਦਾ ਸ਼ਿਕਾਰ ਬਣਦੇ ਆਏ ਹਨ ।ਦੂਜੀ ਤਰਫ ਜਿੱਥੇ ਵੀ ਕੋਈ ਸਮਾਜ ਬ੍ਰਾਹਮਣਵਾਦੀਆਂ ਨਾਲੋਂ ਖ਼ੁਸ਼ਹਾਲ ਹੁੰਦਾ ਨਜ਼ਰ ਆਉਂਦਾ ਹੈ ਜਾਂ ਤਾਂ ਉਨ੍ਹਾਂ ਨੂੰ ਦੰਗੇ ਕਰਵਾ ਕੇ ਦਬੋਚ ਲਿਆ ਜਾਂਦਾ ਹੈ ਜਾਂ ਕੋਈ ਹੋਰ ਮਾਰੂ ਢੰਗ ਤਰੀਕੇ ਈਜਾਦ ਕਰਕੇ ਪੰਗੂ ਬਣਾ ਦਿੱਤਾ ਜਾਂਦਾ ਹੈ । ਇਸ ਕਿਸਮ ਦੇ ਅੱਤਿਆਚਾਰਾਂ ਦੇ ਸ਼ਿਕਾਰ ਸਮਾਜ ਲਈ ਬਹੁਜਨ ਸਮਾਜ ਮੰਚ 'ਤੇ ਹੁਣ ਇੱਕਠਾ ਹੋ ਜਾਣਾ ਜ਼ਰੂਰੀ ਹੋ ਗਿਆ ਹੈ ।

• • • • •

ਵੀ.ਪੀ. ਸਿੰਘ ਜਿਸ ਨੂੰ ਭਾਰਤ ਦੇ ਸਮਾਜਵਾਦੀਆਂ ਨੇ ਕਿਹਾ, ਰਾਜਾ ਨਹੀਂ ਫਕੀਰ ਹੈ, ਭਾਰਤ ਦੀ ਤਕਦੀਰ ਹੈ, ਉਸ ਪਾਸ 8000 ਏਕੜ ਭੂਮੀ ਹੈ ।ਕੁਝ ਸਮਾਂ ਪਹਿਲਾਂ ਤੱਕ ਜੋ ਮਹਿਲਾਂ ਵਿਚ ਐਸ਼ ਕਰਦਾ ਸੀ, ਉਹ ਅੱਜ ਫਕੀਰ ਬਣ ਗਿਆ ਹੈ ।ਸਰਵਹਾਰਾ (ਭਾਵ ਮਜ਼ਦੂਰ ਗਰੀਬ) ਵਰਗ ਦਾ ਸਰਵੋਤਮ ਵਰਗ (ਅੱਠ ਹਜ਼ਾਰ ਏਕੜ ਦੇ ਮਾਲਕ) ਵੀ.ਪੀ. ਸਿੰਘ ਫਕੀਰ ਲਈ ਪ੍ਰਚਾਰ ਕਰਦਾ ਹੈ ।

• • • • •

ਇਹ ਸਾਮਵਾਦੀ ਲੋਕ, ਸਮਾਜਵਾਦੀ ਨਾਅਰੇ ਲਗਾ ਕੇ ਦਲਿਤਾਂ ਸ਼ੋਸਤਾਂ ਨੂੰ ਮੂਰਖ ਬਣਾਕੇ ਤੇ ਉਨ੍ਹਾਂ ਨੂੰ ਬ੍ਰਾਹਮਣਵਾਦੀਆਂ ਦੀ ਝੋਲੀ ਵਿਚ ਪਾ ਕੇ, ਬ੍ਰਾਹਮਣਵਾਦ ਨੂੰ ਸ਼ਕਤੀਸ਼ਾਲੀ ਬਣਾਉਣ ਵਿਚ ਲੱਗੇ ਹੋਏ ਹਨ । ਇਸ ਦੇਸ਼ ਦੇ ਮੂਲ ਨਿਵਾਸੀ ਨਿਰਧਨ, ਨਿਰਬਲ, ਗੁਲਾਮ ਅਤੇ ਲਾਚਾਰ ਬਣੇ ਹੋਏ ਹਨ ।ਇਹ ਦੇਸ਼ 'ਤੇ 85 ਫੀਸਦੀ ਹਨ ।ਉਨ੍ਹਾਂ ਪਾਸ ਨਾ ਧਨ ਹੈ, ਨਾ ਸ਼ਾਸਨ ਹੈ, ਨਾ ਪ੍ਰਸ਼ਾਸਨ ਦੀ ਤਾਕਤ ਹੈ ਤੇ ਨਾ ਹੀ ਕੋਈ ਦੂਜੀ ਸ਼ਕਤੀ ਹੈ ।ਤਾਂ ਫਿਰ ਉਨ੍ਹਾਂ ਪਾਸ ਸਭ ਤੋਂ ਤਾਕਤਵਰ ਅਤੇ ਬਹੁਮੁੱਲਾ ਸਾਧਨ ਜਾਂ ਸ਼ਕਤੀ ਉਨ੍ਹਾਂ ਦਾ ਸੰਗਠਨ ਹੈ, ਜੋ ਬਹੁਜਨ ਸਮਾਜ ਦੇ ਰੂਪ ਵਿਚ ਉੱਭਰ ਰਿਹਾ ਹੈ ।

• • • • •

ਜ਼ਿਆਦਾ ਵੋਟਾਂ ਵਾਲੇ ਸਮਾਜ ਬਣਾ ਸਕਦੇ ਹਨ । ਪਰੰਤੂ ਜ਼ਿਆਦਾ ਵੋਟਾਂ ਵਾਲੇ ਬਹੁਜਨ ਸਮਾਜ ਨੂੰ ਲਾਚਾਰ ਤੇ ਮਜਬੂਰ ਕੀਤਾ ਜਾਂਦਾ ਹੈ ।ਚੋਣਾਂ ਮਹਿੰਗੀਆਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਨਿਰਧਨ ਸਮਾਜ ਆਪਣੇ ਵੋਟਾਂ ਨਾਲ ਆਪਣੀ ਤਾਕਤ ਨਾ ਬਣਾ ਸਕੇ ।ਇਸ ਦੇਸ਼ ਦੇ ਮੁੱਖ ਮੰਤਰੀਆਂ ਕੋਲ (ਚਾਹੇ ਪੰਜਾਬ ਹੋਏ, ਹਰਿਆਣਾ, ਰਾਜਸਥਾਨ, ਯੂ.ਪੀ. ਜਾਂ ਕੋਈ ਹੋਰ ਰਾਜ) ਬਹੁਤ ਜ਼ਿਆਦਾ ਜ਼ਮੀਨ ਹੈ (ਪ੍ਰੰਤੂ ਉਨ੍ਹਾਂ ਲਈ ਹੱਲ ਨੂੰ ਹੱਥ ਲਗਾਣਾ ਪਾਪ ਹੈ ।) ਇਸੇ ਲਈ ਉਹ ਚਾਹੁੰਦੇ ਹਨ ਕਿ ਕੋਈ ਬਹੁਤ ਜ਼ਿਆਦਾ ਜ਼ਮੀਨ ਵਾਲਾ ਵਿਅਕਤੀ ਹੀ ਦੇਸ਼ ਦਾ ਰਾਜਾ ਭਾਵ ਪ੍ਰਧਾਨ ਮੰਤਰੀ ਬਣਨਾ ਚਾਹੀਦਾ ਹੈ ।ਸੱਚ ਇਹ ਹੈ ਕਿ ਇਹ ਜ਼ਿਆਦਾ ਜ਼ਮੀਨ ਵਾਲੇ ਲੈਂਡ ਲਾਰਡ ਮੱਠਾਧੀਸ਼ ਹਨ ।ਇਨ੍ਹਾਂ ਦਾ ਦੇਸ਼ ਦੇ 50 ਕਰੋੜ ਥੋੜੀ ਜ਼ਮੀਨ ਵਾਲੇ ਜਾਂ ਖੇਤੀਹੀਣ ਕਿਸਾਨਾਂ ਨਾਲ ਕੋਈ ਰਿਸ਼ਤਾ ਨਹੀਂ, ਕੋਈ ਵਾਸਤਾ ਨਹੀਂ ।ਦੇਸ਼ ਦੀ 40 ਕਰੋੜ ਹੈਕਟੇਅਰ ਜ਼ਮੀਨ 'ਤੇ ਖੇਤੀ ਹੁੰਦੀ ਹੈ ਤੇ 90 ਕਰੋੜ ਹੈਕਟੇਅਰ ਜ਼ਮੀਨ ਵਿਹਲੀ ਪਈ ਹੈ ।ਤੁਸੀਂ (ਬਹੁਜਨ ਸਮਾਜ ਦੇ ਗਰੀਬ ਲੋਕ) ਚਾਹੁੰਦੇ ਹੋ ਕਿ ਇਹ ਜ਼ਮੀਨ ਤੁਹਾਨੂੰ ਮਿਲ ਜਾਵੇ ਪ੍ਰੰਤੂ ਸੰਗਠਨ ਦੀ ਸ਼ਕਤੀ ਦੇ ਬਿਨਾਂ ਇਹ ਜ਼ਮੀਨ ਮਿਲਣ ਵਾਲੀ ਨਹੀਂ ਹੈ ।ਖਾਲੀ ਪਈ ਜ਼ਮੀਨ ਕਿਸਾਨ ਨੂੰ ਮਿਲ ਜਾਣ ਨਾਲ ਵਰਤਮਾਨ ਸਰਕਾਰ ਨੂੰ (ਅਤੇ ਰਾਜ ਸਰਕਾਰਾਂ ਨੂੰ ਵੀ) ਖਤਰਾ ਪੈਦਾ ਹੋ ਸਕਦਾ ਹੈ ।

ਭਾਰਤ ਦੇ ਮੂਲ ਨਿਵਾਸੀ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣ ਗਏ ਹਨ। ਜਿਨ੍ਹਾਂ ਦੀ ਗਿਣਤੀ 1947 ਤੋਂ ਬਾਅਦ 10 ਕਰੋੜ ਹੋ ਗਈ ਹੈ ਤੇ ਜੋ ਵੱਡੇ ਜਿਮੀਂਦਾਰਾਂ (ਫਕੀਰਾਂ) ਦੇ ਆਤੰਕਵਾਦ ਤੋਂ ਤੰਗ ਆ ਕੇ ਪਿੰਡ ਛੱਡ ਕੇ, ਸ਼ਹਿਰ ਦੀਆਂ ਗੰਦੀਆਂ ਬਸਤੀਆਂ 'ਚ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਲਈ ਮਜਬੂਰ ਹੋ ਗਏ ਹਨ। 1988 ਤੱਕ ਪੰਜਾਬ ਤੋਂ ਭੱਜ ਕੇ 5000 ਹਿੰਦੂ ਸਵਰਨ ਦਿੱਲੀ ਪਹੁੰਚੇ ਹਨ। ਇਨ੍ਹਾਂ ਪੰਜ ਹਜ਼ਾਰ ਲੋਕਾਂ ਨੂੰ ਰਾਹਤ ਦੇਣ ਲਈ ਭਾਰਤ ਸਰਕਾਰ ਨੇ 530 ਕਰੋੜ ਰੁਪਏ ਖਰਚ ਕੀਤਾ ਹੈ। ਦੂਜੇ ਪਾਸੇ ਭਾਰਤ ਦੇ 10 ਕਰੋੜ (ਮੂਲ ਨਿਵਾਸੀ) ਸ਼ਰਨਾਰਥੀਆਂ ਵਾਲਾ ਜੀਵਨ ਬਿਤਾਅ ਰਹੇ ਹਨ। ਜਿਨ੍ਹਾਂ ਖਾਤਰ ਅਸੀਂ ਭਾਰਤੀ ਸ਼ਰਨਾਰਥੀ ਅੰਦੋਲਨ 10 ਕਰੋੜ ਦਸਤਕਾਰਾਂ ਲੀ ਦਸਤਕਾਰ ਅੰਦੋਲਨ ਅਤੇ 40 ਕਰੋੜ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਲਈ ਕਿਸਾਨ ਮਜ਼ਦੂਰ ਅੰਦੋਲਨ ਚਲਾ ਰਹੇ ਹਾਂ।

• • • • • •

ਗਰੀਬ ਬਸਤੀਆਂ ਵਿਚ ਕੱਚੀ ਸ਼ਰਾਬ ਵੇਚਣ ਲਈ ਭੱਠੀਆਂ ਲਗਾ ਕੇ, ਜੋ ਆਦਤਾਂ ਵਿਗਾੜੀਆ ਹਨ, ਉਸ ਆਦਤ ਵਿਗਾੜੇ ਪ੍ਰੋਗਰਾਮ ਵਿਰੁੱਦ ਬਰੇਲੀ ਮੋਰਚਾ ਲਗਾਇਆ ਗਿਆ ਹੈ। ਪਰ ਅਸੀਂ ਇਹ ਜਾਣਦੇ ਹਾਂ ਕਿ ਸ਼ਰਾਬ ਦੀਆਂ ਭੱਠੀਆਂ ਬੰਦ ਕਰਨ ਨਾਲ ਸਾਡੇ ਸਮਾਜ ਦਾ ਕੁਝ ਨਹੀਂ ਸੰਵਰੇਗਾ। ਸਾਨੂੰ ਉਹੀ ਭੱਠੀ ਬੰਦ ਕਰਨੀ ਹੋਵੇਗੀ, ਜਿਸ ਵਿਚੋਂ ਅਜਿਹੇ ਆਦਤ ਵਿਗਾੜੇ ਪ੍ਰੋਗਰਾਮ ਈਜਾਦ ਕੀਤੇ ਜਾਂਦੇ ਹਨ।

• • • • •

ਬਹੁਜਨ ਸਮਾਜ ਪਾਰਟੀ ਜਾਤੀਵਾਦੀ ਨਹੀਂ, ਰਾਸ਼ਟਰਵਾਦੀ ਵਿਚਾਰਧਾਰਾ ਦੇ ਪੱਖ ਵਿਚ ਖੜੋਤੀ ਹੈ। ਇਹ ਕਿਸੇ ਵਿਸ਼ੇਸ਼ ਜਾਤੀ ਦੇ ਖਿਲਾਫ ਨਾ ਹੋ ਕੇ, ਇਕ ਮਾਨਵਵਾਦੀ, ਰਾਸ਼ਟਰਵਾਦੀ ਵਿਚਾਰਧਾਰਾ ਨਾਲ ਜੁੜੀ ਹੋਈ ਹੈ।

• • • • •

ਏਥੇ ਅਮੀਰਾਂ ਦੇ ਨੋਟਾਂ ਨਾਲ ਗਰੀਬਾਂ ਦੇ ਵੋਟਾਂ ਨਾਲ ਖੇਡ ਖੇਡੀ ਜਾਂਦੀ ਹੈ। ਅਜੇ ਪਰਜਾਤੰਤਰ ਨਹੀਂ ਆਇਆ ਹੈ। ਅਸੀਂ ਜ਼ਿਆਦਾ ਵੋਟਾਂ ਵਾਲਿਆਂ ਦੀ ਸਰਕਾਰ ਬਣਾ ਕੇ ਪਰਜਾਤੰਤਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਦੂਜੀਆਂ ਪਾਰਟੀਆਂ ਦੇ ਉਲਟ ਸਾਡਾ ਇਰਾਦਾ ਹੈ ਕਿ ਦਬਿਆ ਕੁਚਲਿਆ ਇਨਸਾਨ ਆਪਣੇ ਪੈਰਾਂ 'ਤੇ ਖੜ੍ਹਾ ਹੋ ਕੇ ਇਸ ਗੈਰ ਮਾਨਵੀ ਵਿਵਸਥਾ ਨੂੰ ਬਦਲ ਸਕੇ।

• • • • •

ਦੁਸ਼ਮਣ ਨੂੰ ਮੈਦਾਨੋਂ ਜੰਗ ਵਿਚ ਹਰਾ ਕੇ, ਸੱਤਾ ਵਿਚ ਆਉਣ ਦੇ ਲਾਇਕ ਬਣਾਵਾਂਗੇ। ਬਹੁਜਨ ਸਮਾਜ ਨੂੰ ਕਾਂਗਰਸ ਦੀ ਕੱਠਪੁਤਲੀ ਬਣਿਆ ਨਹੀਂ ਰਹਿਣ ਦੇਵਾਂਗੇ।

• • • • •

ਇਹ ਵਕਤ ਖੂਨ ਦੇਣ ਜਾਂ ਖੂਨ ਬਹਾਉਣ ਦਾ ਨਹੀਂ ਜ਼ਾਲਮਾਂ ਦਾ ਖੂਨ ਪੀਣ ਦਾ ਹੈ। ਹੁਣ ਜ਼ੁਲਮ ਸਹਿਣ ਅਤੇ ਜਾਨ ਦੇਣ ਦਾ ਸਮਾਂ ਨਹੀਂ। ਜ਼ਾਲਮਾਂ ਦੀ ਜਾਨ ਲੈਣ ਅਤੇ ਜ਼ਾਲਮਾਂ ਦਾ ਖੂਨ ਪੀਣ ਦਾ ਸਮਾਂ ਹੈ। ਸਾਡੇ ਬਜ਼ੁਰਗਾਂ ਨੇ ਜ਼ੁਲਮ ਸਹਿ ਕੇ ਜ਼ਾਲਮ ਦਾ ਹੌਸਲਾ ਵਧਾਈਂ ਰੱਖਿਆ ਹੈ।

• • • • •

ਬਾਬਾ ਸਾਹਿਬ ਡਾ. ਅੰਬੇਡਕਰ ਨੇ ਕਾਂਗਰਸ ਅਤੇ ਗਾਂਧੀ ਵੱਲੋਂ ਕੀਤੇ ਗਏ ਘੋਰ ਵਿਰੋਧ ਅਤੇ ਅਪਮਾਨ ਦੇ ਬਾਵਜੂਦ ਵੀ ਦਲਿਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਕੀਤਾ। 'ਵੋਟ' ਦਿੱਲੀ ਦਾ ਤਖਤ ਲੈਣ ਦਾ ਹਥਿਆਰ ਹੈ।

• • • • • •

ਮੈਂ ਕਦੇ ਫਰਿਆਦ ਕਰਨਾ ਨਹੀਂ ਸਿੱਖਿਆ। ਨਾ ਮੈਂ ਕੁਰਸੀ ਲਈ ਆਮ ਸਭਾਵਾਂ ਕਰਦਾ ਹਾਂ। ਮੈਂ ਤਾਂ ਬਸ ਬਹੁਜਨ ਸਮਾਜ ਦੇ ਬਿਖਰੇ ਹੋਏ ਲੋਕਾਂ ਨੂੰ ਜਗਾਉਣ ਲਈ ਘੁੰਮ ਰਿਹਾ ਹਾਂ, ਕਿਉਂਕਿ ਇਨਸਾਨ ਹੋ ਕੇ ਵੀ ਅਤਿਆਚਾਰ ਸਹਿਣਾ ਵੱਡੀ ਬੇਸ਼ਰਮੀ ਦੀ ਗੱਲ ਹੈ।

• • • • • •

ਜ਼ਾਲਮ ਸਰਕਾਰ ਬਹੁਜਨ ਸਮਾਜ ਨੂੰ ਪਸ਼ੂਆਂ ਵਰਗੀ ਜ਼ਿੰਦਗੀ ਜਿਉਣ ਲਈ ਘਟੀਆ ਯੋਜਨਾਵਾਂ ਬਣਾਉਂਦੀ

ਆਈ ਹੈ ।

• • • • • •

ਬ੍ਰਾਹਮਣਵਾਦੀ ਸਰਕਾਰ ਇਕ ਪਾਸੇ ਰਾਖਵੇਂਕਰਨ ਨੂੰ ਭੀਖ ਬਣਾ ਕੇ, ਊਠ ਦੇ ਮੂੰਹ ਵਿਚ ਜ਼ੀਰਾ ਵਾਂਗ ਦਿੰਦੀ ਹੈ । ਪਰ ਜੋ ਲੋਕ ਰਾਖਵਾਂਕਰਨ ਦੇ ਕਾਰਨ ਉਪਰ ਆ ਜਾਂਦੇ ਹਨ, ਉਨ੍ਹਾਂ ਨੂੰ ਦਬਾਈ ਰੱਖਣ, ਗੂੰਗੇ ਬਹਿਰੇ ਬਣਾਈ ਰੱਖਣ ਅਤੇ ਭਿਖਾਰੀ ਬਣੇ ਰਹਿਣ ਲਈ ਘਟੀਆ ਇਲਾਕਿਆਂ ਵਿਚ ਨਿਯੁਕਤ ਕਰਦੀ ਹੈ । ਅਸੀਂ ਜ਼ਾਲਮਾਂ ਨੂੰ ਆਉਣ ਵਾਲੇ ਸਮੇਂ ਵਿਚ ਆਪਣੇ ਸੰਗਠਨ ਦੀ ਸ਼ਕਤੀ ਦੀ ਜਾਣਕਾਰੀ ਕਰਾਵਾਂਗੇ । ਇਹ ਅਣਖ ਦੀ ਗੱਲ ਹੈ ਕਿ ਅਸੀਂ ਆਪਣੀਆਂ ਬੇੜੀਆਂ ਖੁਦ ਤੋੜਨ ਲਈ ਉੱਠ ਖੜੇ ਹੋਏ ਹਾਂ ।

• • • • • •

ਅਸੀਂ (85% ਵੋਟਾਂ ਦੇ ਮਾਲਕ) ਦੇਸ਼ ਦੇ ਨੌਕਰਾਂ (ਭਾਵ ਸਰਕਾਰਾਂ) ਨੂੰ ਚੁਣਦੇ ਹਾਂ । ਇਸ ਦੇਸ਼ ਦੇ ਮੂਲ ਨਿਵਾਸੀ ਅਤੇ ਆਪ ਮਾਲਕ ਹੋ ਕੇ ਵੀ ਨੌਕਰਾਂ ਕੋਲੋਂ ਆਪਣੇ ਹੀ ਘਰ ਭੀਖ ਮੰਗ ਰਹੇ ਹਾਂ । ਜਿਨ੍ਹਾਂ ਲੋਕਾਂ ਨੂੰ ਇਹ ਬ੍ਰਾਹਮਣਵਾਦੀ ਹਾਕਮ ਲੋਕ 'ਲੱਲੂ' ਸਮਝਦੇ ਆਏ ਹਨ, ਉਹ ਤਾਂ ਖੁਦ ਆਪਣੇ ਦੇਸ਼ ਦੇ ਰਾਜਾ ਹਨ । ਉਹੀ ਲੱਲੂ ਹੁਣ ਇਸ ਦੇਸ਼ ਵਿਚ, ਆਪਣੇ ਬਲਬੂਤੇ 'ਤੇ ਆਪਣੇ ਸਮਾਜ ਦੀ ਸ਼ਕਤੀ ਨਾਲ ਇਸ ਦੇਸ਼ ਦੇ ਸ਼ਾਸਕ ਬਣਨਗੇ ।

• • • • • •

ਸਾਰੀਆਂ ਪਾਰਟੀਆਂ ਵਿਚ ਅਛੂਤ ਪਛੜਿਆਂ ਅਤੇ ਘੱਟ ਗਿਣਤੀ ਬੋਲ ਕੇ ਸਾਨੂੰ ਸੀਮਤ ਅਪਮਾਨਤ ਕੀਤਾ ਜਾਂਦਾ ਹੈ । ਅੱਜ ਵੀ ਕੋਈ ਬ੍ਰਾਹਮਣ, ਕਸ਼ੱਤਰੀ ਸਾਡੇ ਬੇਨਤੀ ਕਰਨ 'ਤੇ ਸਾਨੂੰ ਵੋਟ ਨਹੀਂ ਪਾਵੇਗਾ । ਉਹ ਆਪਣੀ ਜਾਤੀ ਦੇ ਨੇਤਾਵਾਂ ਦੇ ਇਸ਼ਾਰੇ 'ਤੇ ਚਲਦਾ ਹੈ । ਸਾਰੀਆਂ ਪਾਰਟੀਆਂ ਵਿਚ ਸਾਨੂੰ ਮੂਰਖ ਮੰਨਿਆ ਜਾਂਦਾ ਹੈ । ਸਾਨੂੰ ਸੰਤੋਖ ਹੈ ਕਿ ਅਸੀਂ ਆਪਣੇ ਸਮਾਜ ਲਈ ਕੰਮ ਕਰ ਰਹੇ ਹਾਂ । ਬਾਬਾ ਸਾਹਿਬ ਨੇ ਸਾਨੂੰ ਸੱਤਾ ਆਪਣੇ ਹੱਥਾਂ ਵਿਚ ਲੈਣ ਲਈ ਸ਼ਕਤੀ ਦਿੱਤੀ ਹੈ, ਅਧਿਕਾਰ ਦਿੱਤਾ ਹੈ । ਇਸ ਅਧਿਕਾਰ ਕਾਰਨ ਅਸੀਂ ਆਪਣਾ ਘਰ ਬਣਾ ਲਿਆ ਹੈ ।

• • • • • •

ਜੇ ਮੇਰਾ ਬਹੁਜਨ ਸਮਾਜ ਮੇਰੀ ਗੱਲ ਨਹੀਂ ਸੁਣੇਗਾ ਤਾਂ ਦੋ ਥੈਲੇ ਲੈ ਕੇ ਕਾਂਸ਼ੀ ਰਾਮ ਕਿਧਰੇ ਵੀ ਘੁੰਮਦਾ ਰਹੇਗਾ, ਪ੍ਰੰਤੂ ਬਹੁਜਨ ਸਮਾਜ ਸੌਦਾ ਨਹੀਂ ਕਰੇਗਾ । ਦਲਿਤਾਂ ਦਾ ਨਾਮ ਲੈ ਕੇ (ਹਰੀਜਨ ਭਲਾਈ ਸਕੀਮਾਂ ਅਧੀਨ) ਜਾਂ ਇਨ੍ਹਾਂ ਦਾ ਨਾਂ ਲੈ ਕੇ ਹੁਣ ਤੱਕ ਰੁਪਇਆ ਅਕਾਸ਼ਬਾਣੀ, ਦੂਰਦਰਸ਼ਨ ਤੇ ਅਖਬਾਰਾਂ ਵਿਚ ਖਰਚ ਕੀਤਾ ਗਿਆ ਹੈ । ਇਨ੍ਹਾਂ ਦੀ ਤਰੱਕੀ ਲਈ ਹੁਣ ਤੱਕ ਅਨੇਕ ਯੋਜਨਾਵਾਂ ਬਣਾਈਆਂ ਗਈਆਂ ਹਨ, ਪ੍ਰੰਤੂ ਇਨ੍ਹਾਂ ਲਈ ਦੋ ਰੋਟੀਆਂ ਅਤੇ ਤਨ ਢੱਕਣ ਲਈ ਕੱਪੜਾ ਨਹੀਂ ਦਿੱਤਾ ਜਾ ਸਕਿਆ । ਅਸੀਂ ਭੁੱਖੇ ਹਾਂ ਹੁਣ ਥੋੜ੍ਹੀ ਦੇਰ ਹੋਰ ਭੁੱਖੇ ਰਹਾਂਗੇ, ਪ੍ਰੰਤੂ ਕਮਰ ਕਸਾਂਗੇ ਅਤੇ ਆਪਣਾ ਆਪ ਉਧਾਰ ਕਰਾਂਗੇ । ਅਸੀਂ ਆਪਣਾ ਦੁੱਖ ਆਪ ਦੂਰ ਕਰਾਂਗੇ । ਆਪ ਜਾਣ ਲਓ ਕਿ ਤੁਸੀਂ ਮਾਲਕ ਅਤੇ ਆਦਿਵਾਸੀ ਹੋ ਅਤੇ ਆਰੀਆ ਵਿਦੇਸ਼ੀ ਹਨ । ਆਉਣ ਵਾਲੇ ਸਮੇਂ ਵਿਚ, ਇਸ ਦੇਸ਼ ਉੱਤੇ ਦੇਸ਼ ਦੇ ਮੂਲ ਨਿਵਾਸੀ ਦਾ ਸ਼ਾਸਨ ਹੋਵੇਗਾ । ਅਸੀਂ ਆਰੀਆ ਨੂੰ ਬਾਹਰ ਨਹੀਂ ਭੇਜਾਂਗੇ । ਉਨ੍ਹਾਂ ਨੂੰ ਇਸੇ ਦੇਸ਼ ਵਿਚ ਰਹਿਣ ਦਾ ਮੌਕਾ ਦਿੱਤਾ ਜਾਵੇਗਾ । ਪ੍ਰੰਤੂ ਉਨ੍ਹਾਂ ਨੂੰ ਹੁਣ ਦੇਸ਼ ਉੱਤੇ ਸ਼ਾਸਕ ਬਣਨ ਦਾ ਮੌਕਾ ਨਹੀਂ ਦਿੱਤਾ ਜਾਵੇਗਾ । ਅਸੀਂ ਆਰੀਆ ਨੂੰ ਆਪਣਾ ਲੀਡਰ ਨਹੀਂ ਬਣਾਵਾਂਗੇ । ਕਿਸੇ ਸਵਰਨ ਵਿਚ ਦਲਿਤਾਂ ਸ਼ੋਸ਼ਤਾਂ ਦਾ ਲੀਡਰ ਬਣਨ ਦੀ ਯੋਗਤਾ ਨਹੀਂ ਹੈ । ਸਾਡਾ ਇਰਾਦਾ ਕਿਸੇ ਦਾ ਸਾਥ ਦੇਣ ਦਾ ਨਹੀਂ, ਉਸ ਨੂੰ ਸਾਫ ਕਰਨ ਦਾ ਹੈ ।

• • • • • •

1. ਨਿਰਧਨਾਂ ਦਾ ਇਕ ਮਾਤਰ ਧਨ ਸੰਗਠਨ ਹੀ ਹੈ ।
2. ਸਮਾਜ ਪਰਿਵਰਤਨ ਵਾਸਤੇ ਸਤ੍ਹਾ 'ਤੇ ਕਬਜ਼ਾ ਜ਼ਰੂਰੀ ਹੈ ।
3. ਬਹੁਜਨਾਂ ਦੀ ਮੁਕਤੀ ਬਸਪਾ ਦੇ ਸਤ੍ਹਾ ਵਿਚ ਆ ਜਾਣ ਨਾਲ ਹੀ ਸੰਭਵ ਹੋਵੇਗੀ ।
4. ਅਸੀਂ ਹਕੂਮਤ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਹੈ ।

ਭਾਰਤੀ ਲੋਕ ਨੀਚ ਕਿਵੇਂ ਬਣੇ

(ਭਾਰਤ ਦੇ ਸਮਾਜਕ, ਧਾਰਮਕ, ਆਰਥਕ, ਰਾਜਨੀਤਕ, ਸਭਿਆਚਾਰਕ ਅਤੇ ਨੈਤਿਕ ਪ੍ਰਬੰਧਾਂ ਦਾ ਇਕ ਤੁਲਨਾਤਮਕ ਅਧਿਐਨ)

ਗੁਰਨਾਮ ਸਿੰਘ ਮੁਕਤਸਰ
M-94178-92333.

ਬਹੁਜਨ ਸਮਾਜ ਪ੍ਰਕਾਸ਼ਨ